# ਕੂਕਾ ਲਹਿਰ ਦੇ ਅਮਰ ਨਾਇਕ

(ਭਾਗ—II)

**ਸੁਵਰਨ ਸਿੰਘ ਵਿਰਕ ਦੀ ਛਪੀਆਂ ਹੋਰ ਪੁਸਤਕਾਂ :**

1. ਕੂਕਾ ਲਹਿਰ ਦਾ ਪੰਜਾਬੀ ਸਾਹਿਤ (2009)
2. ਪਛਮੀ ਪੰਜਾਬ ਵਿਚ ਕੁਝ ਦਿਨ (2012)
3. ਅਖੀਂ ਡਿੱਠਾ ਕਿੱਸਾ ਕੀਤਾ (2013)
4. ਕੂਕਾ ਲਹਿਰ ਦੇ ਅਮਰ ਨਾਇਕ (2017)

# ਕੂਕਾ ਲਹਿਰ ਦੇ ਅਮਰ ਨਾਇਕ

## (ਭਾਗ- II)

ਸੁਵਰਨ ਸਿੰਘ ਵਿਰਕ

*Biographical Writings/Kuka Movement/Punjab History/*
*Indian Freedam Movement*

ISBN : 978-93-82837-93-0

**Kuka Lehar De Amar Naik-2**

***Brief Life sketches***

***by***

**Suwaran Singh Virk**
V.P.O. Kariwala
Distt. Sirsa (Haryana)
Ph. 99963-71716

2019
Published Lokgeet Parkashan
printed & bound by Unistar Books Pvt. Ltd.
301, Industrial Area, Phase-9,
S.A.S. Nagar, Mohali-Chandigarh (India)
email : unistarbooks@gmail.com
website : www.unistarbooks.com
Ph. +91-172-5027427, 5027429, 4027552

© *2019*

*Produced and bound in India*

*All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

# ਸਮਰਪਣ

*ਕੁਰਬਾਨੀਆਂ ਭਰੇ ਕੂਕਾ ਲਹਿਰ*
*ਦੇ ਸੰਗਰਾਮ ਨੂੰ,*
*ਸਰਬ-ਭਾਰਤੀ ਸੁਤੰਤਰਤਾ ਸੰਗਰਾਮ*
*ਨਾਲ ਜੋੜਨ ਵਾਲੇ,*
*ਅਟੱਲ ਪ੍ਰਤਾਪੀ ਸਤਿਗੁਰੂ ਪਰਤਾਪ ਸਿੰਘ ਜੀ ਦੀ*
*ਪਾਵਨ ਯਾਦ ਨੂੰ!*

# ਤਤਕਰਾ


| | | |
|---|---|---|
| * | ਭੂਮਿਕਾ ਕੂਕਾ ਲਹਿਰ ਦਾ ਇਤਿਹਾਸਕ ਬਿਰਤਾਂਤ | (x) |
| * | ਏਨੀ ਮੇਰੀ ਬਾਤ | (xvii) |
| 1. | 'ਰੁੱਖਾਂ ਦੀ ਜਿਰਾਂਦ ਵਾਲੇ', 'ਦਿਆਲ-ਪੁਰਖ', ਗੁਰੂ ਹਰੀ ਸਿਘਾ ਜੀ | 1 |
| 2. | ਲੋਕ ਨਾਇਕ, ਅਟੱਲ ਪਰਤਾਪੀ, ਸਤਿਗੁਰੂ ਪਰਤਾਪ ਸਿੰਘ ਜੀ | 89 |
| 3. | ਸਰਬ ਸੁਖਦਾਤੇ—ਸਤਿਗੁਰੂ ਜਗਜੀਤ ਸਿੰਘ ਜੀ | 120 |
| 4. | ਇਕ ਪਰਉਪਕਾਰੀ ਜੀਵਨ ਮਾਤਾ ਜੀਵਨ ਕੌਰ ਜੀ | 139 |
| 5. | ਕੂਕਾ ਲਹਿਰ ਦੇ ਅਮਰ ਨਾਇਕ : ਸੁਤੰਤਰਤਾ-ਸੰਗਰਾਮੀ, ਰਾਜ-ਜੋਗੀ, ਮਹਾਰਾਜ ਨਿਹਾਲ ਸਿੰਘ | 159 |
| 6. | ਮਸਤਾਂ ਦੀਆਂ ਮਜਲਿਸਾਂ ਦੇ ਸਰਦਾਰ, ਮਹਾਰਾਜ ਗੁਰਦਿਆਲ ਸਿੰਘ | 182 |
| 7. | ਬਾਲ-ਸਖਾ ਭਾਈ ਲਹਿਣਾ ਸਿੰਘ | 204 |
| 8. | ਸ਼ਹੀਦ ਲਹਿਣਾ ਸਿੰਘ ਪੰਨਵ ਅਤੇ ਸ਼ਹੀਦੀ ਸਾਕਾ ਅੰਮ੍ਰਿਤਸਰ | 224 |
| 9. | ਕੂਕਿਆਂ ਦਾ 'ਸੁਮੰਤ'—ਮਹੰਤ ਗੁਰਦਿਤ ਸਿੰਘ 'ਮੋਰੋਂ' | 246 |
| 10. | ਸੰਤ ਖਾਲਸੇ ਦਾ ਮੋਢੀ ਕੀਰਤਨੀਆ—ਭਾਈ ਦਿੱਤੂ ਰਬਾਬੀ ਉਰਫ ਗੁਰਦਿਤ ਸਿੰਘ ਰਾਗੀ | 261 |
| 11. | ਉਦਾਸੀ ਭੇਖ ਵਿਚ ਕੂਕਾ—ਸੰਤ ਹੀਰਾ ਦਾਸ 'ਚਿੱਟੀ' | 276 |
| 12. | ਸਭਰਾਵਾਂ ਦੇ ਮੈਦਾਨ ਤੋਂ ਰੰਗੂਨ ਦੇ ਬੰਗਲੇ ਤੱਕ ਬਾਬਾ ਦਰਬਾਰਾ ਸਿੰਘ ਰਾਇਪੁਰ | 289 |
| 13. | ਭਦੌੜ ਘਰਾਣੇ ਦੇ ਕੂਕੇ ਰਾਗੀ ਭਾਈ ਪ੍ਰੇਮ ਸਿੰਘ ਅਤੇ ਉਹਨਾਂ ਦਾ ਪਰਿਵਾਰ | 301 |
| 14. | ਗੁਰੂ ਕੇ ਲੰਗਰ ਦੇ ਮੋਢੀ ਸੇਵਕ—ਬਾਬਾ ਬਘੇਲ ਸਿੰਘ ਨਾਰਲੀ | 315 |
| 15. | ਸ਼ਿਰੋਮਣੀ ਰਾਮ-ਵਿਓਗੀ, ਸੰਤ ਜਿਊਣ ਸਿੰਘ ਸਰਹਾਲੀ | 331 |
| 16. | ਨਾਮਧਾਰੀ ਪੰਥ ਨੂੰ ਜੀਵਨ ਦਾਨ ਕਰਨ ਵਾਲਾ ਬਾਬਾ ਲਾਲ ਸਿੰਘ 'ਲਤਾਲਾ' | 346 |
| 17. | ਤ੍ਰਿਕਾਲ-ਦਰਸ਼ੀ ਬਾਬਾ ਜੀਊਣ ਸਿੰਘ ਚੂੰਨ੍ਹੀ ਮਛਲੀ | 362 |
| 18. | ਦੁੱਲੇ ਦੀ ਬਾਰ ਦੇ 'ਰਾਮ-ਵਿਯੋਗੀ'—ਸੰਤ ਟਹਿਲ ਸਿੰਘ ਸੇਖਵਾਂ ਵਾਲੇ | 377 |
| 19. | ਇਤਿਹਾਸ ਦਾ ਰੌਸ਼ਨ ਮੀਨਾਰ—ਸ਼ਹੀਦ ਅਤਰ ਸਿੰਘ "ਲੋਹਗੜ੍ਹ" | 389 |

20. ਅੰਮ੍ਰਿਤਸਰ ਨਿਵਾਸੀ, ਭਾਈ ਮਹਿਤਾਬ ਸਿੰਘ ਪਕੌੜੀਆ 404
21. ਸਤਿਲੁਜ ਦੇ ਢਾਹੇ ਦਾ ਕੂਕਾ ਸੂਰਮਾ, ਸੁੱਧ ਸਿੰਘ ਬਗਲੀ ਕਲਾਂ 417
22. ਦਾਨਵੀਰ, ਸੰਗਰਾਮੀਆ, ਸੂਬਾ ਨੱਥਾ ਸਿੰਘ ਗਾਦੜੀਵਾਲਾ 434
23. ਬਾਬਾ ਸੱਦਾ ਸਿੰਘ "ਕਬੀਰ" ਅਤੇ ਕੂਕਿਆਂ ਦੀ 'ਛੂਤੀਆ' ਸ਼ਾਖ 448
24. ਸੇਵਕ ਅਤੇ ਸੂਰਮਾ—ਭਾਈ ਅਤਰ ਸਿੰਘ 'ਹਜ਼ੂਰੀਆ' 462
25. ਬੀਰਬਲੀ ਬਾਬਾ ਉਤਮ ਸਿੰਘ ਰਾਇਸਰੀਆ 475
26. ਸਿਰਲੱਥ ਸੂਰਮਾ—ਭਾਈ ਨਾਰਾਇਣ ਸਿੰਘ ਰੋਡੇ 489
27. ਬ੍ਰਹਮ-ਗਿਆਨੀ ਬਾਬਾ ਬੁੱਢਾ ਸਿੰਘ ਜੀ 'ਵਾਂ' 503
28. ਬਾਬਾ ਸੋਹਣ ਸਿੰਘ 'ਭਕਨਾ' ਦਾ ਪ੍ਰੇਰਨਾ ਸਰੋਤ : ਬਾਬਾ ਕੇਸਰ ਕਿੱਲੀ ਜੀ 516
29. ਰਸਾਂ ਕਸਾਂ ਤੋਂ ਉਪਰਾਮ : ਸੰਤ ਕੇਸਰ ਸਿੰਘ "ਚੁੱਪ" ਸੇਖਵਾਂ ਵਾਲੇ 533
30. ਸੇਵਾ ਸਿਮਰਨ ਦੀ ਮੂਰਤੀ—ਸੰਤ ਕੇਸਰ ਸਿੰਘ ਜੀ ਚਵਿੰਡਾ 545
31. ਭਜਨ ਦੀ ਮੂਰਤ—ਸੰਤ ਜਵਾਹਰ ਸਿੰਘ 'ਮਿਰਜ਼ੇਵਾਲੀ' 561
32. ਜਿੰਦਾ-ਸ਼ਹੀਦ ਬਾਬਾ ਜਵੰਦ ਸਿੰਘ ਜੀ ਖਿਆਲਾ ਵਾਲੇ 575
33. ਰਾਜ ਜੋਗੀ ਬਾਬਾ ਧਿਆਨ ਸਿੰਘ ਪੱਥਰਾਂ ਵਾਲੇ 586
34. ਗੁਰੂ ਹਰੀ ਸਿੰਘ ਜੀ ਦਾ ਗੜਵਈ ਅਤੇ ਕੀਰਤਨੀਆ —ਭਾਈ ਮਸਤਾਨ ਸਿੰਘ ਉਰਫ ਰਾਗਾ ਸਿੰਘ 596
35. ਹਠੀ, ਜਪੀ, ਤਪੀ—ਭਾਈ ਨੱਥਾ ਸਿੰਘ ਸਰਹਾਲੀ 610
36. ਭਾਈ ਦਾਨ ਸਿੰਘ ਜੀ ਗੁਰੂ ਹਰੀ ਸਿੰਘ ਜੀ ਦੇ ਸਮੇਂ ਡੇਰਾ ਪਰਬੰਧਕ 621
37. ਕੂਕਾ ਕਾਰ ਵਿਚ ਰੰਗੀ ਹੋਈ—ਮਾਈ ਗੁਰਦੇਈ ਖੰਨੇ ਵਾਲੀ 635
38. ਮਹਾਂਬਲੀ, ਦੇਸ਼-ਭਗਤ, ਬਾਬਾ ਫਤੇਹ ਸਿੰਘ ਵਲਟੋਹਾ 650
39. ਬਹੁਪੱਖੀ ਪ੍ਰਤਿਭਾ ਦੇ ਸੁਆਮੀ—ਦਰੋਗਾ ਸੁਹੇਲ ਸਿੰਘ ਬਿਲਗਾ 661
40. 'ਗੁਰੂ ਦੀਆਂ ਕਾਰਾਂ' ਅਤੇ ਫ਼ੱਕਰਾਂ ਦੇ ਹੋਲੇ ਵਾਲੇ ਸੰਤ ਸੰਮਾ ਸਿੰਘ ਮਾਂਗਾ 675
41. ਆਸ਼ਕਾਂ ਸਾਦਕਾਂ ਦੇ ਕੀਰਤਨੀਏ-ਸੰਤ ਲਾਲ ਸਿੰਘ ਜੀ 'ਭੂਰੇ ਗਿੱਲ' 690
42. ਸੰਗਰਾਮੀਆ ਇਤਿਹਾਸਕਾਰ-ਭਾਈ ਸੰਤੋਖ ਸਿੰਘ ਬਾਹੋਵਾਲ 706
43. ਨਿਰਬਾਣ ਕੀਰਤਨਕਾਰ, ਸੂਬਾ ਭਗਤ ਸਿੰਘ ਦਾਤੇਵਾਲ 724
44. ਮਨੁੱਖੀ ਗੌਰਵ ਦੇ ਪ੍ਰਤੀਕ—ਸੰਤ ਕਰਮ ਸਿੰਘ ਹਿੰਮਤਪੁਰਾ 741

45. ਉੱਘੇ ਸੁਤੰਤਰਤਾ ਸੰਗਰਾਮੀ, ਸੰਤ ਮੰਗਲ ਸਿੰਘ 'ਅਰਸ਼ੀ ਫਰਿਸ਼ਤਾ' 760
46. ਮੁਰਸ਼ਦ ਨਾਲ ਇਕਸੁਰ, ਕਿਰਤੀ ਸਾਧੂ : ਸੰਤ ਆਲਾ ਸਿੰਘ 'ਵਰਨ' 779
47. ਸੂਰਮੇ ਸੁਭਾਅ ਵਾਲਾ, ਜਥੇਦਾਰ ਬੰਤਾ ਸਿੰਘ ਬੂੜੇ ਡੱਲਾ 806
48. ਹੱਲੇ ਦੇ ਦੀਵਾਨ ਦਾ ਸਿਖਰ—ਜਥੇਦਾਰ ਅਤਰ ਸਿੰਘ ਇੰਦਰ ਮੋਹਣੀਆਂ ਵਾਲੇ 822
49. ਬਹੁ ਆਯਾਮੀ ਪ੍ਰਤਿਭਾ, ਸੰਤ ਨਿਧਾਨ ਸਿੰਘ ਆਲਿਮ 836
50. ਨਾਮਧਾਰੀ ਇਤਿਹਾਸ ਵਿੱਚ ਪਿੰਡ ਸਿਆਹੜ ਅਤੇ ਜਥੇਦਾਰ ਮਿਹਰ ਸਿੰਘ 854
51. ਸੰਘਰਸ਼ਸ਼ੀਲ-ਕਲਮਕਾਰ, ਸੰਤ ਇੰਦਰ ਸਿੰਘ 'ਚੱਕਰਵਰਤੀ' 876
52. ਕੂਕਾ ਪ੍ਰਚਾਰ ਅਤੇ ਪੱਤਰਕਾਰਤਾ ਦੇ ਪਿੜ ਦਾ 'ਜਿੰਦਾ ਸ਼ਹੀਦ' —ਸੰਤ ਮੰਗਲ ਸਿੰਘ ਲਾਇਲਪੁਰੀ 898
53. ਸਮਰਪਿਤ ਸਿੱਖ, ਸਫਲ ਡੇਰਾ ਪ੍ਰਬੰਧਕ, ਜਥੇਦਾਰ ਗੁਰਮੁਖ ਸਿੰਘ ਝੱਬਰ 918

# ਭੂਮਿਕਾ
# ਕੂਕਾ ਲਹਿਰ ਦਾ ਇਤਿਹਾਸਕ ਬਿਰਤਾਂਤ

ਬਰਤਾਨਵੀ ਬਸਤੀਵਾਦ ਦੇ ਦੌਰ ਵਿਚ 1857 ਦਾ ਵਿਦਰੋਹ ਇਤਿਹਾਸਕ ਮਹੱਤਤਾ ਵਾਲਾ ਵਿਦਰੋਹ ਇਸ ਕਰਕੇ ਹੈ ਕਿ ਇਸ ਵਿਚ ਕਿਸੇ ਇਕ ਰਿਆਸਤ ਵਲੋਂ ਵਿਦਰੋਹ ਨਹੀਂ ਸੀ ਸਗੋਂ ਭਾਰਤ ਦੀ ਵੱਡੀ ਲੋਕਾਈ ਦੀ ਇਸ ਵਿਚ ਸ਼ਾਮੂਲੀਅਤ ਸੀ। ਦੂਸਰਾ, ਇਹ ਕਿ ਇਸ ਵਿਦਰੋਹ ਦੀ ਸੁਰਤੀ-ਬਿਰਤੀ ਐਨੀ ਕੁ ਰਾਜਨੀਤਕ ਜ਼ਰੂਰ ਸੀ ਕਿ ਬਸਤੀਕਾਰਾਂ ਦੀ ਸੱਤਾ ਉਖੇੜ ਕੇ ਭਾਰਤੀ ਸੱਤਾ ਸਥਾਪਤ ਕਰਨ ਦਾ ਸੁਪਨਾ ਸੀ। ਤੀਸਰਾ, ਇਹ ਕਿ ਇਸ ਵਿਚ ਵਿਭਿੰਨ ਧਰਮਾਂ, ਜਾਤਾਂ ਅਤੇ ਸੰਪਰਦਾਵਾਂ ਦੇ ਲੋਕਾਂ ਦੀ ਸ਼ਾਮੂਲੀਅਤ ਸੀ। ਚੌਥਾ, ਇਹ ਕਿ ਇਸ ਵਿਦਰੋਹ ਬਾਅਦ ਭਾਰਤ ਵਿਚੋਂ ਈਸਟ ਇੰਡੀਆ ਕੰਪਨੀ ਦਾ ਰਾਜ ਖ਼ਤਮ ਹੋ ਜਾਂਦਾ ਹੈ ਤੇ ਭਾਰਤ ਸਿੱਧੇ ਤੌਰ 'ਤੇ ਵਿਕਟੋਰੀਅਨ ਤਾਜ ਅਧੀਨ ਆ ਕੇ ਬਰਤਾਨੀਆ ਦੀ ਬਸਤੀ ਬਣ ਜਾਂਦਾ ਹੈ। ਇਸ 1857 ਦੇ ਵਿਦਰੋਹ ਦੀ ਵਿਆਖਿਆ ਬਸਤੀਕਾਰ ਆਪਣੇ ਦ੍ਰਿਸ਼ਟੀਕੋਣ ਤੋਂ ਕਰਦੇ ਹੋਏ ਵੱਡੀ ਗਿਣਤੀ ਵਿਚ ਇਸਨੂੰ 'ਸੈਨਿਕ ਵਿਦਰੋਹ' ਤੱਕ ਸੀਮਤ ਕਰਦੇ ਹਨ। ਭਾਰਤੀ ਇਤਿਹਾਸਕਾਰ ਇਸ ਨੂੰ ਵਿਦਰੋਹ ਮੰਨਦੇ ਹੋਏ, ਇਕ ਤੱਥ ਨੂੰ ਬਹੁਤ ਦ੍ਰਿੜਤਾ ਨਾਲ ਚਿਤਾਰਦੇ ਹਨ ਕਿ ਜੇਕਰ ਪੰਜਾਬੀਆਂ ਨੇ ਇਸ ਵਿਦਰੋਹ ਵਿਚ ਬਸਤੀਕਾਰਾਂ ਦਾ ਸਾਥ ਨਾ ਦਿੱਤਾ ਹੁੰਦਾ ਤਾਂ ਭਾਰਤ 1947 ਦੀ ਬਜਾਏ 1857 ਵਿਚ ਹੀ ਆਜ਼ਾਦ ਹੋ ਜਾਂਦਾ। ਇਹ ਤੱਥ ਏਨਾ ਭਰਮੂਲਕ ਹੈ ਕਿ ਇਤਿਹਾਸਕਾਰਾਂ ਨੇ ਪੰਜਾਬ ਦੇ ਇਤਿਹਾਸ ਨੂੰ ਜਾਣੇ ਬਗ਼ੈਰ ਇਹ ਸਥਾਪਤ ਕਰ ਦਿੱਤਾ ਕਿ ਪੰਜਾਬੀਆਂ ਦੀ 1857 ਦੇ ਵਿਦਰੋਹ ਵਿਚ ਨਕਾਰਾਤਮਕ ਭੂਮਿਕਾ ਰਹੀ ਹੈ। ਬਿਨਾਂ ਸ਼ੱਕ ਪੰਜਾਬ ਦੀਆਂ ਕੁਝ ਰਿਆਸਤਾਂ ਨੇ ਬਸਤੀਕਾਰਾਂ ਦੀ ਮੱਦਦ ਕੀਤੀ ਅਤੇ ਬਸਤੀਕਾਰਾਂ ਨੇ ਦਿੱਲੀ ਸਲਤਨਤ ਉੱਤੇ ਮੁੜ ਪੈਰ ਟਿਕਾਏ ਪਰੰਤੂ ਆਮ ਪੰਜਾਬੀਆਂ ਨੇ 1857 ਦੇ ਵਿਦਰੋਹੀਆਂ ਦਾ ਸਾਥ ਦਿੱਤਾ ਸੀ। ਜਾਗੀਰੂ ਸਿੱਖ ਰਿਆਸਤਾਂ ਉਸ ਸਮੇਂ ਬਸਤੀਕਾਰਾਂ ਦੇ ਤਰਸ ਉੱਪਰ ਜਿਊਂਦੀਆਂ ਸਨ। ਇਸ ਲਈ ਬਸਤੀਕਾਰਾਂ ਦੀ ਹਰ ਤਰ੍ਹਾਂ ਦੀ ਮੱਦਦ ਕਰਨਾ ਉਨ੍ਹਾਂ ਦੀ ਰਾਜਸੀ ਲੋੜ ਸੀ। ਪਰੰਤੂ ਜਾਗੀਰੂ ਸਿੱਖ ਰਿਆਸਤਾਂ ਨੂੰ ਪੰਜਾਬੀਆਂ ਦਾ ਬਦਲ ਮੰਨ ਲੈਣਾ ਇਤਿਹਾਸ ਵਿਚ ਪੰਜਾਬੀਆਂ ਨਾਲ ਚਿੱਟਾ ਫਰੇਬ ਅਤੇ ਧੱਕਾ ਹੈ।

ਪੰਜਾਬ 1849 ਵਿਚ ਬਸਤੀਕਾਰਾਂ ਦੀ ਜਕੜ ਵਿਚ ਆਉਂਦਾ ਹੈ। ਇਤਿਹਾਸ ਇਸ ਤੱਥ ਦਾ ਗਵਾਹ ਹੈ ਕਿ ਬਸਤੀਕਾਰਾਂ ਦੀ ਜਕੜ ਉਪਰੰਤ ਹੀ ਪੰਜਾਬ ਵਿਚੋਂ ਵਿਦਰੋਹ ਦੀਆਂ ਆਵਾਜ਼ਾਂ ਉੱਠਣੀਆਂ ਸ਼ੁਰੂ ਹੋ ਜਾਂਦੀਆਂ ਹਨ। ਭਾਈ ਮਹਾਰਾਜ

ਸਿੰਘ ਸਮੁੱਚੇ ਪੰਜਾਬ ਵਿਚ ਬਸਤੀਕਾਰਾਂ ਦੇ ਵਿਰੁੱਧ ਲਾਮਬੰਦੀ ਕਰਦਾ ਹੈ। ਉਹ ਉਨ੍ਹਾਂ ਪਹਿਲੇ ਵਿਦਰੋਹੀਆਂ ਵਿਚੋਂ ਹੈ ਜਿਸ ਨੂੰ ਬਸਤੀਕਾਰ ਦੇਸ਼-ਬਦਰ ਕਰਦੇ ਹਨ ਅਤੇ ਉਹ ਵਿਦਰੋਹੀ ਦੇ ਰੂਪ ਵਿਚ ਹੀ ਬਦੇਸ਼ੀ ਧਰਤੀ ਉੱਪਰ ਸ਼ਹੀਦ ਹੁੰਦਾ ਹੈ। ਇਸੇ ਤਰ੍ਹਾਂ ਬਾਬਾ ਬਿਕਰਮਾ ਸਿੰਘ ਬੇਦੀ ਦਾ ਰਾਜਸੀ ਬਿਰਤਾਂਤ ਹੈ ਜਿਸ ਨੂੰ ਇਤਿਹਾਸ ਦੀ ਧੂੜ ਹੇਠ ਦਬਾ ਦਿੱਤਾ ਗਿਆ ਹੈ। 1857 ਦਾ ਵਿਦਰੋਹ ਮਈ ਵਿਚ ਆਰੰਭ ਹੁੰਦਾ ਹੈ ਪਰੰਤੂ ਕੂਕਾ ਜਥੇਬੰਦੀ ਵਿਸਾਖੀ 1857 ਨੂੰ ਹੋਂਦ ਵਿਚ ਆ ਕੇ ਬਸਤੀਕਾਰਾਂ ਵਿਰੁੱਧ ਵਿਦਰੋਹ ਦਾ ਪੈਗ਼ਾਮ ਦੇ ਦਿੰਦੀ ਹੈ। ਇਨ੍ਹਾਂ ਤੱਥਾਂ ਵੱਲ ਸੰਕੇਤ ਕਰਨ ਦਾ ਮਕਸਦ ਇਹ ਹੈ ਕਿ 1857 ਦੇ ਵਿਦਰੋਹ ਤੋਂ ਪਹਿਲਾਂ ਹੀ ਪੰਜਾਬ ਵਿਦਰੋਹੀ ਅੰਗੜਾਈ ਭਰ ਚੁੱਕਾ ਸੀ। ਇਹ ਠੀਕ ਹੈ ਕਿ ਇਸ ਅੰਗੜਾਈ ਦੇ ਕੇਂਦਰ ਵਿਚ ਪੰਜਾਬ ਸੀ। ਪੰਜਾਬ ਜਿਸਨੂੰ ਬਸਤੀਕਾਰਾਂ ਨੇ ਨਿਹੱਥਾ, ਬੇ-ਹਥਿਆਰਾ ਅਤੇ ਅਪੰਗ ਕਰ ਦਿੱਤਾ ਸੀ ਪਰੰਤੂ ਉਸ ਅੰਦਰੋਂ ਨਾਬਰੀ ਦੀ ਆਵਾਜ਼ ਨੂੰ ਮਾਰ ਨਹੀਂ ਸਕਿਆ ਸੀ। ਮੌਖਿਕ ਲੋਕ ਸਿਮਰਤੀ, ਲੋਕ ਧਾਰਾ ਅਤੇ ਕਿਤੇ ਕਿਤੇ ਲਿਖਤੀ ਇਤਿਹਾਸ ਦੇ ਤੱਥ ਇਸ ਗੱਲ ਦੀ ਸਾਮਰਤੱਖ ਸ਼ਾਹਦੀ ਭਰਦੇ ਹਨ ਕਿ 1857 ਦੇ ਜਨ ਵਿਦਰੋਹ ਵਿਚ ਆਮ ਪੰਜਾਬੀਆਂ ਨੇ ਜਾਤ-ਪਾਤ, ਧਰਮ ਅਤੇ ਸੰਪਰਦਾਇ ਤੋਂ ਉੱਪਰ ਉੱਠ ਕੇ ਹਿੱਸਾ ਹੀ ਨਹੀਂ ਲਿਆ ਸਗੋਂ ਬਸਤੀਕਾਰਾਂ ਦਾ ਹਰ ਜ਼ੁਲਮ ਸਹਿਣ ਕੀਤਾ ਅਤੇ ਸ਼ਹੀਦੀ ਜਾਮ ਪੀਤੇ। ਪੰਜਾਬੀਆਂ ਦੇ ਬਸਤੀਕਾਰਾਂ ਦੇ ਵਿਰੁੱਧ ਕੀਤੇ ਵਿਦਰੋਹੀ ਸੰਘਰਸ਼ ਨੂੰ ਭਾਰਤੀ ਇਤਿਹਾਸ ਵਿਚ ਜੋ ਇਤਿਹਾਸਕ ਮਹੱਤਵ ਅਤੇ ਥਾਂ ਮਿਲਣੀ ਚਾਹੀਦੀ ਸੀ, ਉਹ ਅਜੇ ਤੱਕ ਨਹੀਂ ਮਿਲੀ ਹੈ। ਇਨ੍ਹਾਂ ਵਿਦਰੋਹੀ ਸੰਘਰਸ਼ਾਂ ਦੀ ਲੰਮੀ ਪਰੰਪਰਾ ਵਿਚ ਭਾਈ ਮਹਾਰਾਜ ਸਿੰਘ, ਬਾਬਾ ਬਿਕਰਮਾ ਸਿੰਘ ਬੇਦੀ, ਅਹਿਮਦ ਖਾਂ ਖਰਲ ਦਾ ਕਬੀਲਾ, ਗੁੱਜਰਾਂ ਦਾ ਵਿਦਰੋਹ, ਨਾਮਧਾਰੀ ਲਹਿਰ, ਪਗੜੀ ਸੰਭਾਲ ਜੱਟਾ, ਗ਼ਦਰ ਲਹਿਰ, ਬੱਬਰ ਅਕਾਲੀ ਲਹਿਰ, ਗੁਰੂਦੁਆਰਾ ਸੁਧਾਰ ਲਹਿਰ ਆਦਿ ਸ਼ਾਮਲ ਹੈ।

ਨਾਮਧਾਰੀ ਲਹਿਰ ਸੰਬੰਧੀ ਕੁਝ-ਕੁ ਇਤਿਹਾਸਕਾਰਾਂ ਨੂੰ ਛੱਡਕੇ ਬਹੁਤਾ ਇਤਿਹਾਸਕਾਰੀ ਦਾ ਕੰਮ ਨਾਮਧਾਰੀ ਲਹਿਰ ਨੂੰ ਪ੍ਰਣਾਏ ਇਤਿਹਾਸਕਾਰਾਂ ਨੇ ਕੀਤਾ ਹੈ। ਸੁਵਰਨ ਸਿੰਘ ਵਿਰਕ ਕਿੱਤੇ ਅਤੇ ਦ੍ਰਿਸ਼ਟੀ ਪੱਖੋਂ ਕਸਬੀ ਇਤਿਹਾਸਕਾਰ ਨਹੀਂ ਹੈ। ਉਹ ਸਰਗਰਮੀ ਪੱਖੋਂ ਰਾਜਸੀ ਕਾਰਕੁਨ ਅਤੇ ਸ਼ਬਦ ਦਾ ਯਾਤਰੀ ਹੈ। ਪਰੰਤੂ ਲੰਮੇ ਸਮੇਂ ਤੋਂ ਨਾਮਧਾਰੀ ਸੰਪਰਦਾਇ ਨਾਲ ਸੰਬੰਧਿਤ ਹੋਣ ਕਰਕੇ ਇਸ ਲਹਿਰ ਦੇ ਇਤਿਹਾਸ ਅਤੇ ਸਾਹਿਤ ਨਾਲ ਸੰਬੰਧਿਤ ਜੋ ਪ੍ਰਮਾਣਿਕ ਅਧਿਐਨ ਉਸਨੇ ਪੇਸ਼ ਕੀਤਾ ਹੈ, ਉਹ ਨਿਸ਼ਚੇ ਹੀ ਰਸ਼ਕ ਦੇ ਕਾਬਿਲ ਹੈ।

'ਕੂਕਾ ਲਹਿਰ ਦਾ ਪੰਜਾਬੀ ਸਾਹਿਤ' ਉਸਦਾ ਵਿਸ਼ਾਲ ਗ੍ਰੰਥ ਹੈ ਜਿਸ ਵਿਚ ਉਸਨੇ ਕੂਕਾ ਲਹਿਰ ਨਾਲ ਸੰਬੰਧਿਤ ਸਮੁੱਚੇ ਸਾਹਿਤ ਦਾ ਸਰਵੇਖਣ, ਅਧਿਐਨ, ਮੁਲਾਂਕਣ ਅਤੇ ਉਸਦੇ ਇਤਿਹਾਸਕ ਮਹੱਤਵ ਨੂੰ ਉਜਾਗਰ ਕੀਤਾ ਹੈ। ਪੰਜਾਬੀ ਚਿੰਤਨ ਪਰੰਪਰਾ ਦੀ ਇਹ ਕਮਜ਼ੋਰੀ ਹੈ ਕਿ ਸੰਪਰਦਾਵਾਂ ਨਾਲ ਸੰਬੰਧਿਤ ਸਾਹਿਤ

ਨੂੰ ਮੁੱਖ-ਧਾਰਾ ਦੇ ਸਾਹਿਤ ਦਾ ਪਾਸਾਰ ਮੰਨਣ ਦੀ ਬਜਾਏ ਉਸਨੂੰ ਇਕ ਲਛਮਣ-ਰੇਖਾ ਵਿਚ ਕੈਦ ਕਰ ਦਿੱਤਾ ਜਾਂਦਾ ਹੈ ਤੇ ਉਸ ਸਾਹਿਤ ਨੂੰ ਉਸ ਸੰਪਰਦਾਇ ਦੀ ਵਲਗਣ ਤੋਂ ਬਾਹਰ ਦੇਖੇ-ਸਮਝੇ ਜਾਣ ਦੀ ਲੋੜ ਹੀ ਪੈਦਾ ਨਹੀਂ ਕਰਦੇ। ਨਾਮਧਾਰੀ ਸੰਪਰਦਾਇ ਦੀ ਬਸਤੀਵਾਦੀ ਦੌਰ ਦੀ ਕਵਿਤਾ ਅਤੇ ਸਤਿਗੁਰੂ ਰਾਮ ਸਿੰਘ ਦੇ ਹੁਕਮਨਾਮੇ ਸਿਰਫ਼ ਧਰਮ-ਸਾਹਿਤ ਦੀ ਜੱਦ ਵਿਚ ਹੀ ਨਹੀਂ ਆਉਂਦੇ, ਉਨਾਂ ਦਾ ਬਸਤੀਵਾਦੀ ਨਿਜ਼ਾਮ ਨਾਲ ਅਤੇ ਪੰਜਾਬੀ ਲੋਕ ਵਿਸ਼ੇਸ਼ ਕਰਕੇ ਸਿੱਖਾਂ ਨਾਲ ਬਹੁਤ ਨੇੜੇ ਦਾ ਅਤੇ ਯੁਗਾਂਤਰਕਾਰੀ ਸਰੋਕਾਰ ਹੈ। ਸੁਵਰਨ ਸਿੰਘ ਵਿਰਕ 'ਕੂਕਾ ਲਹਿਰ ਦੇ ਪੰਜਾਬੀ ਸਾਹਿਤ' ਦੇ ਅਧਿਐਨ ਰਾਹੀਂ ਇਹ ਦ੍ਰਿੜ ਕਰਵਾਉਂਦਾ ਹੈ ਕਿ 1850 ਤੋਂ ਬਾਅਦ ਦੇ ਪੰਜਾਬੀ ਸਾਹਿਤ ਦੇ ਸੰਦ੍ਰਿਸ਼ ਵਿਚ ਨਾਮਧਰੀ ਲਹਿਰ ਨਾਲ ਸੰਬੰਧਿਤ ਸਾਹਿਤ ਨਾਲ ਪੰਜਾਬੀ ਸਾਹਿਤ ਵਿਸ਼ਾ-ਵਸਤੂ, ਰੂਪ, ਸ਼ੈਲੀ ਅਤੇ ਵਿਚਾਰ ਪੱਖੋਂ ਵਧੇਰੇ ਆਪਣੇ ਯੁੱਗ ਦੇ ਹਾਣ ਦਾ ਬਣਦਾ ਹੈ। ਇਹ ਪੁਸਤਕ ਨਾਮਧਾਰੀ ਲਹਿਰ, ਨਾਮਧਾਰੀ ਸਾਹਿਤ ਦਾ ਸੱਬਰਕੱਤਾ ਬਿੰਬ ਸਿਰਜਦੀ ਹੈ।

ਸੁਵਰਨ ਸਿੰਘ ਵਿਰਕ ਦਾ 2017 ਵਿਚ ਛਪਿਆ ਵੱਡ ਅਕਾਰੀ ਗ੍ਰੰਥ 'ਕੂਕਾ ਲਹਿਰ ਦੇ ਅਮਰ ਨਾਇਕ' ਇਤਿਹਾਸਕ ਮਹੱਤਵ ਵਾਲਾ ਗ੍ਰੰਥ ਹੈ। ਇਸ ਗ੍ਰੰਥ ਵਿਚ ਕੂਕਾ ਲਹਿਰ ਨਾਲ ਸੰਬੰਧਿਤ 51 ਨਾਇਕਾਂ ਦਾ ਇਤਿਹਾਸਕ ਬਿਰਤਾਂਤ ਹੈ। ਜੀਵਨੀ ਪਰਕ ਮਾਡਲ 'ਤੇ ਉਸਰਿਆ ਇਹ ਬਿਰਤਾਂਤ ਜਿੱਥੇ ਨਾਇਕਾਂ ਦਾ ਬਿਰਤਾਂਤ ਹੈ, ਉਥੇ ਨਾਮਧਾਰੀ ਲਹਿਰ ਦਾ ਦਸਤਾਵੇਜ਼ੀ ਬਿਰਤਾਂਤ ਵੀ ਹੈ ਕਿਉਂਕਿ ਲਹਿਰ ਦੇ ਇਤਿਹਾਸਕ ਬਿਰਤਾਂਤ ਦੀ ਸਿਰਜਣਕਾਰੀ ਸਮੇਂ ਇਤਿਹਾਸਕਾਰ ਲਹਿਰ ਦੇ ਵਿਚਾਰ, ਵਿਚਾਰਧਾਰਾ, ਰਣਨੀਤੀ ਅਤੇ ਇਤਿਹਾਸਕਤਾ ਨੂੰ ਤਾਂ ਅਗਰਭੂਮੀ ਉੱਪਰ ਰੱਖਦਾ ਹੈ ਪਰੰਤੂ ਉਸ ਲਹਿਰ ਨੂੰ 'ਲਹਿਰ' ਬਣਾਉਣ ਵਾਲੇ ਨਾਇਕਾਂ ਦੇ ਸਮਰਪਣੀ ਵੇਰਵੇ ਦਰ ਕਿਨਾਰ ਹੋ ਜਾਂਦੇ ਹਨ। ਲਹਿਰ ਵਿਚ ਰੂਹ ਫੂਕ ਦੇਣ ਵਾਲੇ ਮਰਜੀਵੜੇ ਅਕਸਰ ਇਤਿਹਾਸ ਦੇ ਵਿਚਾਰ ਹੇਠ ਮੌਨ ਹੋ ਜਾਂਦੇ ਹਨ। ਇਤਿਹਾਸ ਦਾ ਇਹ ਆਪਣੀ ਤਰ੍ਹਾਂ ਦਾ ਆਤੰਕ ਹੈ ਜਿਸ ਵੱਲ ਵਿਸ਼ੇਸ਼ ਧਿਆਨ ਦੇਣ ਦੀ ਜ਼ਰੂਰਤ ਹੈ ਕਿਉਂਕਿ ਇਤਿਹਾਸ ਅਤੇ ਵਿਅਕਤੀ ਦਾ ਰਿਸ਼ਤਾ ਵੀ ਦਵੰਦਾਤਮਕ ਹੁੰਦਾ ਹੈ। ਸੁਵਰਨ ਸਿੰਘ ਵਿਰਕ ਦੀ ਇਸ ਪੁਸਤਕ ਦੀ ਖ਼ੂਬਸੂਰਤੀ ਹੀ ਇਹੋ ਹੈ ਕਿ ਇਹ ਇਤਿਹਾਸ ਅਤੇ ਵਿਅਕਤੀ ਦੀ ਦਵੰਦਾਤਮਕ ਏਕਤਾ ਉੱਪਰ ਖੜ੍ਹੀ ਹੈ। ਇਸ ਵਿਚੋਂ ਵਿਅਕਤੀ ਵੀ ਉਭਰਦਾ ਹੈ ਜਿਸਨੇ ਇਤਿਹਾਸ ਦੀ ਸਿਰਜਣਾ ਕੀਤੀ ਹੈ, ਇਤਿਹਾਸ ਵੀ ਉਦੈ ਹੁੰਦਾ ਜੋ ਮਨੁੱਖਾਂ ਨੂੰ ਇਤਿਹਾਸਕ ਪੁਰਸ਼ ਬਣਾਉਂਦਾ ਹੈ। ਸੁਵਰਨ ਸਿੰਘ ਵਿਰਕ ਨੇ ਇਨ੍ਹਾਂ ਨਾਇਕਾਂ ਰਾਹੀਂ ਨਾਇਕਾਂ ਦੇ ਜੀਵਨ ਦੇ ਅਤੇ ਇਤਿਹਾਸ ਦੇ ਨਿੱਕੇ-ਨੰਨ੍ਹੇ ਵੇਰਵਿਆਂ ਨੂੰ ਵੀ ਅੰਕਿਤ ਕੀਤਾ ਹੈ ਜਿਸ ਨਾਲ ਲਹਿਰ ਦਾ ਭਰਪੂਰ ਅਤੇ ਸਮੱਗਰ ਬਿੰਬ ਉੱਭਰ ਕੇ ਸਾਹਮਣੇ ਆ ਜਾਂਦਾ ਹੈ।

"ਕੂਕਾ ਲਹਿਰ ਦੇ ਅਮਰ ਨਾਇਕ ਭਾਗ-ਦੂਜਾ' ਸੁਵਰਨ ਸਿੰਘ ਵਿਰਕ ਦੀ ਉਪਰੋਕਤ ਲੜੀ ਦਾ ਹੀ ਦੂਸਰਾ ਵਿਸ਼ਾਲ ਗ੍ਰੰਥ ਹੈ ਜਿਸ ਵਿਚ 53 ਨਾਇਕਾਂ ਦਾ

ਜੀਵਨ ਬਿਰਤਾਂਤ ਹੈ। ਇਸ ਵਿਚ ਸਤਿਗੁਰੂ ਹਰੀ ਸਿੰਘ, ਸਤਿਗੁਰੂ ਪ੍ਰਤਾਪ ਸਿੰਘ ਅਤੇ ਸਤਿਗੁਰੂ ਜਗਜੀਤ ਸਿੰਘ ਅਤੇ ਮਾਤਾ ਜੀਵਨ ਕੌਰ ਦੇ ਬਿਰਤਾਂਤ ਦੇ ਨਾਲ-ਨਾਲ ਨਾਮਧਾਰੀ ਸਾਧੂ, ਸੰਤ, ਹਠੀ, ਜਪੀ, ਤਪੱਸਵੀ, ਸ਼ਹੀਦ, ਕੀਰਤਨੀਏ, ਲੇਖਕ ਅਤੇ ਇਤਿਹਾਸਕਾਰਾਂ ਦਾ ਜੀਵਨ ਬਿਰਤਾਂਤ ਹੈ। ਇਹ ਪੁਸਤਕ ਇਤਿਹਾਸਕ ਬਿਰਤਾਂਤ ਦੇ ਨਾਲ-ਨਾਲ ਨਾਮਧਾਰੀ ਜੀਵਨ ਸ਼ੈਲੀ ਦੀ ਮੌਲਿਕਤਾ ਅਤੇ ਨਿਵੇਕਲੇਪਣ ਨੂੰ ਵੀ ਉਭਾਰਦੀ ਹੈ। ਨਾਮਧਾਰੀ ਜੀਵਨ ਸ਼ੈਲੀ ਦੀ ਸਾਦਗੀ, ਸ਼ੁੱਧਤਾ ਅਤੇ ਉੱਚੇ ਇਖ਼ਲਾਕ ਦੇ ਦਰਸ਼ਨ ਇਸ ਪੁਸਤਕ ਵਿਚੋਂ ਭਲੀ-ਭਾਂਤ ਹੋ ਜਾਂਦੇ ਹਨ। ਇਨ੍ਹਾਂ ਇਤਿਹਾਸਕ ਬਿਰਤਾਂਤਾਂ ਵਿਚੋਂ ਗੁਜ਼ਰਦਿਆਂ ਕੁਝ ਮਹੱਤਵਪੂਰਨ ਪਹਿਲੂ ਉੱਭਰ ਕੇ ਸਾਹਮਣੇ ਆਉਂਦੇ ਹਨ। ਨੰਬਰ ਇਕ ਹਰ ਸਮਾਜਕ ਅਤੇ ਰਾਜਸੀ ਲਹਿਰ ਸੰਸਥਾਵਾਂ ਨੂੰ ਬਦਲ ਕੇ ਮਨੁੱਖ ਅਵਚੇਤਨ ਵਿਚ ਤ੍ਰੇੜ ਪਾਉਂਦੀ ਹੈ। ਸੰਸਥਾਵਾਂ ਸੱਤਾਮੁਖ ਹੋਣ ਕਰਕੇ ਮਨੁੱਖ ਅਵਚੇਤਨ ਦੀ ਸੰਰਚਨਾਕਾਰੀ ਸੱਤਾ ਅਨੁਕੂਲ ਬਣਾਉਣ ਵਿਚ ਫ਼ੈਸਲਾਕੁੰਨ ਭੂਮਿਕਾ ਨਿਭਾਉਂਦੀਆਂ ਹਨ। ਮਨੁੱਖ ਰਾਜਸੀ, ਆਰਥਿਕ, ਧਾਰਮਿਕ ਜਾਂ ਸਭਿਆਚਾਰਕ ਰੂਪ ਵਿਚ ਹੀ ਗੁਲਾਮ ਨਹੀਂ ਹੁੰਦਾ, ਉਹ ਦੇਹ ਅਤੇ ਮਨ ਦੀ ਪੱਧਰ ਉੱਪਰ ਵੀ ਗੁਲਾਮ ਬਣ ਜਾਂਦਾ ਹੈ। ਮਨੁੱਖੀ ਜਿਊਣ ਸ਼ੈਲੀ ਵਿਚੋਂ ਮਨੁੱਖ ਦੀ ਗੁਲਾਮੀ ਦੇ ਦੀਦਾਰ ਹੋ ਜਾਂਦੇ ਹਨ। ਜਿਹੜੀਆਂ ਲਹਿਰਾਂ ਜਿਊਣ ਸ਼ੈਲੀ ਵਿਚ ਵੱਢ ਮਾਰਦੀਆਂ ਹਨ ਉਹ ਮਨੁੱਖ ਦੀ ਪਰੰਪਰਕ ਜਕੜਬੰਦ ਨੂੰ ਖ਼ਤਮ ਕਰਕੇ ਉਸ ਨੂੰ ਆਜ਼ਾਦ ਆਬੋ-ਹਵਾ ਪ੍ਰਦਾਨ ਕਰਦੀਆਂ ਹਨ। ਨਾਮਧਾਰੀ ਲਹਿਰ ਰਾਜਨੀਤਕ ਚੇਤੰਨਤਾ ਦੇ ਨਾਲ-ਨਾਲ ਮਨੁੱਖ ਦੀ ਮਾਨਸਿਕ ਆਜ਼ਾਦੀ ਲਈ ਸੱਤਾਮੁਖੀ ਸੰਸਥਾਵਾਂ ਦੀ ਥਾਂ ਲੋਕਮੁਖ ਸੰਸਥਾਵਾਂ ਦਾ ਸਿਰਜਣ ਕਰਦੀ ਹੈ। ਇਹ ਭਾਵ-ਬੋਧ ਸੁਵਰਨ ਸਿੰਘ ਵਿਰਕ ਆਪਣੇ ਇਸ ਗ੍ਰੰਥ ਵਿਚ ਵਿਭਿੰਨ ਨਾਇਕਾਂ ਦੇ ਬਿਰਤਾਂਤ ਵਿਚੋਂ ਉਭਾਰਦਾ ਹੈ। ਇਸ ਦਾ ਇਕ ਸੰਕੇਤ ਭਾਈ ਕਾਲ੍ਹਾ ਸਿੰਘ ਨੰਗਲ ਦੇ ਕਾਵਿ ਬੰਦ 'ਚੋਂ ਦੇਖਿਆ ਜਾ ਸਕਦਾ ਹੈ ਜੋ ਵਿਸ਼ੇਸ਼ ਤੌਰ 'ਤੇ ਬੀਬੀਆਂ ਲਈ ਹੈ:—

ਪੂਰੇ ਸਤਿਗੁਰ ਪੰਥ ਨੂੰ ਹੁਕਮ ਦਿੰਦੇ
ਬੁੱਢੇ ਬਾਲੀ ਨੂੰ ਕਹਿਣ ਪੁਕਾਰ ਬੀਬੀ।
ਨਾਮ-ਦਾਨ ਇਸ਼ਨਾਨ ਬਣ ਕੇਸ ਕਰਨਾ,
ਖੋਲ੍ਹ ਗੁੱਤ ਜੂੜਾ ਸਿਰ ਧਾਰ ਬੀਬੀ।
ਡੋਰੀ ਖੰਮਣੀ ਸਿੱਟ ਪਰਾਂਦਿਆਂ ਨੂੰ
ਰੱਖੀ ਪਾਸ ਤੂੰ ਪੰਜ ਕਕਾਰ ਬੀਬੀ।
ਨੱਥ ਚੌਕ ਤੇ ਵਾਲੀਆਂ ਡੰਡੀਆਂ ਜੇ,
ਤੀਲੀ ਲੌਂਗ ਨੂੰ ਦਈਂ ਉਤਾਰ ਬੀਬੀ।
ਛੱਲੇ ਪਹੁੰਚੀਆਂ ਹੱਥ ਨਾ ਭੁੱਲ ਪਾਈਂ
ਸੋਧ ਨਾਲ ਹੈ ਇਨ੍ਹਾਂ ਦੀ ਖਾਰ ਬੀਵੀ।
ਸੋਨਾ ਕੂੜ ਰੁੱਪਾ ਗੁਰਾਂ ਹੁਕਮ ਦਿੱਤਾ

ਕੂੜ ਸਮਝ ਲੈਣਾ ਪਹਿਨਣਹਾਰ ਬੀਬੀ।
ਕਾਲ੍ਹਾ ਸਿੰਘ ਮੈਂ ਦੇਖਿਆ ਹੁਕਮਨਾਮਾ
ਤਾਂ ਹੀ ਲਿਖਿਆ ਕਲਮ ਪਸਾਰ ਬੀਬੀ।

ਇਹ ਜਿਊਣ ਜਾਚ ਵਿਚ ਤਬਦੀਲੀ ਲਿਆਉਣ ਵਾਲਾ ਵਰਤਾਰਾ ਹੈ। ਨੰਬਰ ਦੋ, ਲੋਕ ਜੀਵਨ ਅਤੇ ਲੋਕ ਇਤਿਹਾਸ ਨੂੰ ਸਮੇਂ ਦੀਆਂ ਸੱਤਾਧਾਰੀ ਧਿਰਾਂ ਜਾਂ ਤਾਂ ਦਬਾ ਦਿੰਦੀਆਂ ਹਨ ਜਾਂ ਹਾਸ਼ੀਆਗਤ ਕਰ ਦਿੰਦੀਆਂ ਹਨ ਜਾਂ ਐਨਾ ਵਿਗਾੜ ਦਿੰਦੀਆਂ ਹਨ ਕਿ ਲੋਕ ਉਨ੍ਹਾਂ ਕੋਲੋਂ ਪ੍ਰੇਰਨਾ ਨਾ ਲੈ ਸਕਣ। ਪੰਜਾਬ/ਭਾਰਤ ਦੀਆਂ ਲੋਕ ਮੁਖ ਇਤਿਹਾਸ ਲਹਿਰਾਂ ਨਾਲ ਵੀ ਇਉਂ ਹੀ ਵਾਪਰਿਆ ਹੈ। ਇਨ੍ਹਾਂ ਲਹਿਰਾਂ ਦੇ ਅਸਲੇ ਨੂੰ ਜਗਾਈ ਰੱਖਣ ਲਈ ਨਿਰੰਤਰ ਇਨ੍ਹਾਂ ਦੀ ਚਰਚਾ ਦੀ ਜ਼ਰੂਰਤ ਹੁੰਦੀ ਹੈ ਤਾਂ ਜੋ ਇਹ ਆਪਣੇ ਅੰਤਰੀਵੀ ਤੱਤ-ਸਾਰ ਸਮੇਤ ਲੋਕ ਸਿਮਰਤੀ ਦਾ ਹਿੱਸਾ ਬਣ ਸਕਣ। ਪੰਜਾਬ ਵਿਚ ਸਭ ਤੋਂ ਸ਼ਖਤੀਸ਼ਾਲੀ ਲੋਕ ਮੁੱਖ ਲਹਿਰ ਅਤੇ ਸਿਧਾਂਤ ਜੋ ਪੰਜਾਬ ਦੀ ਧਰਤੀ ਉੱਪਰ ਪੈਦਾ ਹੋਇਆ, ਉਹ ਸਿੱਖ ਲਹਿਰ ਅਤੇ ਗੁਰਮਤਿ ਸਿਧਾਂਤ ਹੈ। ਇਸ ਨੂੰ ਸਮੇਂ ਦੀਆਂ ਜਾਬਰ ਤਾਕਤਾਂ ਨੇ ਲੋਕ ਪ੍ਰੇਰਕ ਵਜੋਂ ਹਥਿਆ ਲਿਆ ਅਤੇ ਇਸਨੂੰ ਮਹਿਜ਼ ਧਰਮ ਦੀ ਅਧਿਆਤਮਕਤਾ ਤੱਕ ਸੁੰਗੇੜ ਦਿੱਤਾ। ਗੁਰਮਤਿ ਸਿਧਾਂਤ ਦੀ ਸਮਾਜਕਤਾ ਦਿੱਖ ਦੀ ਪੱਧਰ ਉੱਪਰ ਧਾਰਮਿਕ ਚਿੰਨ੍ਹਾਂ ਤੱਕ ਸਿਮਟ ਗਈ ਪਰੰਤੂ ਇਸ ਦੀ ਮੂਲ ਫ਼ਿਲਾਸਫ਼ੀ ਦੀ ਗਿਰੀ ਮਨੁੱਖੀ ਸਮਾਜ ਦੀ ਸਿਰਜਣਾ ਤੋਂ ਮੁਕਤ ਹੋ ਗਈ। ਧਾਰਮਕ ਰਹੁ ਰੀਤਾਂ ਅਤੇ ਕਰਮਕਾਂਡਾਂ ਵਿਚ ਐਨੀ ਜਕੜ ਦਿੱਤੀ ਗਈ ਕਿ ਇਹ ਜੀਵਨ ਸ਼ੈਲੀ ਵਿਚ ਪਲਟਣ ਦੀ ਥਾਂ ਇਕ ਸਮੁਦਾਇ ਦੇ ਆਸਥਾ ਦਾ ਕੇਂਦਰ ਬਿੰਦੂ ਬਣ ਕੇ ਰਹਿ ਗਈ। ਸੁਵਰਨ ਸਿੰਘ ਵਿਰਕ ਜਦੋਂ ਨਾਮਧਾਰੀ ਲਹਿਰ ਦੇ ਨਾਇਕਾਂ ਦੇ ਬਿਰਤਾਂਤ ਸਿਰਜਦਾ ਹੈ ਤਾਂ ਉਹ ਸਿਰਫ਼ ਇਨ੍ਹਾਂ ਪ੍ਰਤੀ ਆਸਥਾ ਅਤੇ ਨਤਮਸਤਕ ਭਾਵਨਾ ਤੱਕ ਸੀਮਤ ਨਹੀਂ ਰਹਿੰਦਾ ਸਗੋਂ ਉਹ ਬਾਰ-ਬਾਰ ਇਨ੍ਹਾਂ ਬਿਰਤਾਂਤਾਂ ਰਾਹੀਂ ਉਸ ਸਿਧਾਂਤ ਨੂੰ ਪ੍ਰਜਵਲਿਤ ਕਰਦਾ ਹੈ ਜੋ ਮਨੁੱਖੀ ਜਿਊਣ ਸ਼ੈਲੀ ਦੀ ਸਿਰਜਣਾ ਕਰਨ ਵਾਲੇ ਹਨ। ਉਹ ਇਨ੍ਹਾਂ ਬਿਰਤਾਂਤਾਂ ਰਾਹੀਂ ਇਤਿਹਾਸ ਨੂੰ ਤਾਂ ਜਗਾਉਂਦਾ ਹੀ ਹੈ ਪਰੰਤੂ ਇਤਿਹਾਸ ਦੇ ਧੁਰ ਡੂੰਘ ਵਿਚ ਪਏ ਮਨੁੱਖੀ ਸਿਧਾਂਤਾਂ ਨੂੰ ਮਾਨਵੀ ਸਿਮਰਤੀ ਦਾ ਅੰਗ ਬਣਾਉਣਾ ਚਾਹੁੰਦਾ ਹੈ। ਇਸ ਲਈ ਸੁਵਰਨ ਸਿੰਘ ਵਿਰਕ ਆਪਣੀ ਜ਼ਿੰਮੇਦਾਰੀ ਨੂੰ ਸੁਚੇਤ ਰੂਪ ਵਿਚ ਮਾਨਵਕਾਰੀ ਕਾਰਨ ਵਿਚ ਬਦਲ ਰਿਹਾ ਹੈ।

ਬਰਤਾਨਵੀ ਬਸਤੀਵਾਦ ਦੇ ਦੌਰ ਵਿਚ ਧਾਰਮਿਕ ਪੁਨਰ-ਸੁਰਜੀਤੀ ਦੀਆਂ ਲਹਿਰਾਂ ਬਹੁਤ ਜ਼ੋਰ ਸ਼ੋਰ ਨਾਲ ਉੱਠਦੀਆਂ ਹਨ ਅਤੇ ਤਾਕਤਵਰ ਵੀ ਬਣਦੀਆਂ ਹਨ। ਪੰਜਾਬ ਦੀ ਧਰਤੀ ਉੱਪਰ ਸਿੱਖ ਧਰਮ, ਹਿੰਦੂ ਧਰਮ ਅਤੇ ਇਸਲਾਮ ਨਾਲ ਸੰਬੰਧਿਤ ਲਹਿਰਾਂ ਤਿੱਖੇ ਰੂਪ ਵਿਚ ਉੱਠਦੀਆਂ ਹਨ। ਇਹ ਲਹਿਰਾਂ ਆਪਣੀ ਸੰਵਾਦ ਨਾਲੋਂ ਪੁਰਾਤਨਤਾ ਦੇ ਗੌਰਵ ਰਾਹੀਂ ਆਪਣੇ ਆਪਨੂੰ ਵਧੇਰੇ ਪਵਿੱਤਰ ਅਤੇ ਮੌਲਿਕ ਦਿਖਾਉਣ ਲਈ ਇਕ ਦੂਜੇ ਦੇ ਵਿਰੁੱਧ ਤਣੀਆਂ ਹੋਈਆਂ ਦਿਖਾਈ

ਦਿੰਦੀਆਂ ਹਨ। ਦੂਸਰਾ, ਇਨ੍ਹਾਂ ਲਹਿਰਾਂ ਦਾ ਵੱਡਾ ਭਾਗ ਸਵੈ ਸੁਰੱਖਿਆ (Self Defence) ਦਾ ਵਧੇਰੇ ਹੈ। ਇਨ੍ਹਾਂ ਵਿਚ ਧਾਰਮਿਕਤਾ ਹੀ ਕੇਂਦਰ ਬਿੰਦੂ ਹੈ ਅਤੇ ਧਰਮ ਹੀ ਮਕਸਦ ਹੈ। ਪਰੰਤੂ ਨਾਮਧਾਰੀ ਲਹਿਰ ਇਕੋ ਇਕ ਲਹਿਰ ਹੈ ਜੋ 19ਵੀਂ ਸਦੀ ਦੇ ਅਗਲੇ ਅੱਧ ਵਿਚ ਧਰਮ ਦੇ ਰਸਤਿਓਂ ਰਾਜਨੀਤਕ ਤੌਰ ਤੇ ਬਸਤੀਵਾਦ ਨਾਲ ਦਸਤਪੰਜਾ ਲੈਂਦੀ ਹੈ। ਇਹ ਲਹਿਰ ਪੰਜਾਬ ਦੀ ਨਾਬਰੀ ਦੀ ਤਹਿਰੀਕ ਦਾ ਹਿੱਸਾ ਬਣਦੀ ਹੈ। ਸਿੰਘ ਸਭਾ ਅਤੇ ਚੀਫ਼ ਖ਼ਾਲਸਾ ਦੀਵਾਨ ਨਾਲੋਂ ਇਸਦਾ ਇਹੋ ਬੁਨਿਆਦੀ ਅੰਤਰ ਹੈ। ਇਸੇ ਕਰਕੇ ਇਸ ਵਿਚ ਸੰਪਰਦਾਈ ਤੱਤਾਂ ਨਾਲੋਂ ਵਧੇਰੇ ਲੋਕਮੁਖੀ ਤੱਤ ਹਨ। ਸੁਵਰਨ ਸਿੰਘ ਵਿਰਕ ਭਾਵੇਂ ਇਸ ਪੁਸਤਕ ਵਿਚ ਅਜਿਹਾ ਤੁਲਨਾਤਮਕ ਅਧਿਐਨ ਪ੍ਰਸਤੁਤ ਨਹੀਂ ਕਰਦਾ ਪਰੰਤੂ ਨਾਮਧਾਰੀ ਲਹਿਰ ਦੇ ਰਾਜਸੀ ਪਾਸਾਰ ਨੂੰ ਉਜਾਗਰ ਕਰਕੇ ਇਸ ਲਹਿਰ ਦਾ ਨਿਖੇੜਾ ਜ਼ਰੂਰ ਕਰ ਦਿੰਦਾ ਹੈ।

ਸੁਵਰਨ ਸਿੰਘ ਵਿਰਕ ਦੀ ਇਹ ਵੱਡ ਆਕਾਰੀ ਪੁਸਤਕ ਹੈ ਤਾਂ ਇਤਿਹਾਸਕ ਬਿਰਤਾਂਤਾਂ ਦੀ, ਪਰੰਤੂ ਇਹ ਇਤਿਹਾਸ ਤੱਕ ਸੀਮਤ ਨਹੀਂ ਹੈ। ਇਹ ਇਤਿਹਾਸ ਨੂੰ ਜਿਸ ਵਿਧੀ ਨਾਲ ਉਸਾਰਦੀ ਹੈ, ਉਸ ਨਾਲ ਇਹ ਸਾਹਿਤਕ ਤੱਤਾਂ ਨਾਲ ਲਬੋ ਲਬ ਭਰੀ ਪਈ ਹੈ। ਇਹ ਸਾਰੇ ਬਿਰਤਾਂਤ ਆਪਣੇ ਆਪ ਵਿਚ ਸਫ਼ਲ ਇਤਿਹਾਸਕ ਰੇਖਾ-ਚਿੱਤਰ ਵੀ ਹਨ। ਸੁਵਰਨ ਸਿੰਘ ਵਿਰਕ ਇਨ੍ਹਾਂ ਰੇਖਾ ਚਿੱਤਰਾਂ ਦੀ ਉਸਾਰੀ ਜਿਸ ਕਲਾਤਮਕ ਅਤੇ ਸੁਹਜਾਤਮਕ ਵਿਧੀ ਨਾਲ ਕਰਦਾ ਹੈ, ਉਸ ਨਾਲ ਨਾਇਕ ਦਾ ਬਿੰਬ ਸਾਮਰਤੱਖ ਸਾਕਾਰ ਹੋ ਜਾਂਦਾ ਹੈ। ਇਥੇ ਸਿਰਫ਼ ਸੁਵਰਨ ਸਿੰਘ ਵਿਰਕ ਦੀ ਆਪਣੇ ਪਿਤਾ ਜਥੇਦਾਰ ਗੁਰਮੁਖ ਸਿੰਘ ਝੱਬਰ ਦੀ ਸ਼ਖ਼ਸ਼ੀਅਤ ਉਸਾਰੀ ਦੀ ਸਿਰਫ਼ ਇਕੋ ਉਦਾਹਰਨ ਕਾਫ਼ੀ ਹੈ।

> "ਚੇਤੇ ਦੇ ਘੁਸਮੁਸੇ ਹਨ੍ਹੇਰਿਆਂ ਵਿਚੋਂ ਜਿਹੜਾ ਬਿੰਬ ਉੱਭਰਦਾ ਹੈ ਉਹ ਬਾਪੂਜੀ ਦਾ ਹੈ ਜਦੋਂ ਉਹ ਆਪਣੀ ਉਮਰ ਦੇ ਸੱਠਵਿਆਂ ਦੇ ਤੀਜੇ ਚੌਥੇ ਵਰ੍ਹੇ ਵਿਚ ਸਨ। ਕਰੜਾ-ਬਰੜੀ ਭਰਵੀਂ ਦਾੜ੍ਹੀ, ਗੋਰਾ ਨਿਛੋਹ ਰੰਗ, ਛੇ ਫੁੱਟ ਤੋਂ ਪੋਟਾ ਅੱਧਾ ਉੱਚਾ ਕੱਦ, ਸਰੀਰ ਛਾਂਟਿਆ ਹੋਇਆ ਅਤੇ ਫੁਰਤੀਲਾ। ਅੱਖਾਂ ਛੋਟੀਆਂ ਵੀ ਨਹੀਂ ਅਤੇ ਜ਼ਿਆਦਾ ਵੱਡੀਆਂ ਵੀ ਨਹੀਂ। ਤੱਕਣੀ ਇਹੋ ਜਿਹੀ ਕਿ ਅਗਲੇ ਦੇ ਧੁਰ ਅੰਦਰ ਤੱਕ ਡੂੰਘੀ ਲਹਿ ਜਾਣ ਵਾਲੀ। ਨੱਕ ਦੀ ਘੋੜੀ ਰਤਾ ਕੁ ਸੱਜੇ ਪਾਸੇ ਨੂੰ ਮੁੜੀ ਹੋਈ। ਮੱਥਾ ਚੌੜਾ। ਸਿਰ ਤੇ ਨਾਮਮਾਤਰ ਕੇਸਾਂ ਦਾ ਜੂੜਾ ਜਿਹਨਾਂ ਦਾ ਰੰਗ ਅੰਤ ਸਮੇਂ ਤੱਕ ਵੀ ਅੱਧਿਆਂ ਦਾ ਕਾਲਾ ਹੀ ਰਿਹਾ। ਜਦੋਂ ਉਹ ਚੌਂਕੀ 'ਤੇ ਬੈਠਕੇ ਇਸ਼ਨਾਨ ਕਰਦੇ ਸਨ ਤਾਂ ਉਸ ਸਮੇਂ ਉਹਨਾਂ ਦੀ ਸ਼ਕਲ ਅੰਮ੍ਰਿਤਸਰ ਦੇ ਕੇਂਦਰੀ ਸਿੱਖ ਅਜਾਇਬ ਘਰ ਵਿਚ ਲੱਗੇ ਬੰਦ-ਬੰਦ ਕਟਵਾਉਣ ਵਾਲੇ ਭਾਈ ਮਨੀ ਸਿੰਘ ਦੇ ਚਿੱਤਰ ਨਾਲ ਮਿਲਣ ਦਾ ਭੁਲੇਖਾ ਪਾਉਂਦੀ ਸੀ। ਵਸਤਰਾਂ ਦੇ ਤੌਰ 'ਤੇ ਗਰਮੀਆਂ ਵਿਚ ਨਾਮਧਾਰੀ ਕਾਟ ਦਾ ਕੁੜਤਾ, ਸ਼ੁੱਧ ਖੱਦਰ ਦਾ

> ਅਤੇ ਕਛੈਹਰਾ। ਸਿਆਲ ਵਿਚ ਜਾਂ ਕਿਤੇ ਆਉਣ ਜਾਣ ਸਮੇਂ ਰੇਵਾ ਪਜਾਮਾ। ਦਸਤਾਰ ਸਮੇਤ ਬਾਕੀ ਬਸਤਰ ਸਦਾ ਹੀ ਚਿੱਟੇ ਰੰਗ ਦੇ ਹੁੰਦੇ ਸਿਵਾਏ ਕਿਸੇ ਇਕ ਅੱਧ ਗਰਮ ਸਿਆਲੂ ਪਹਿਰਾਵੇ ਦੇ। ਅੱਤ ਸਾਦਾ ਪਹਿਰਾਵੇ ਵਿਚ ਉਹਨਾਂ ਨੂੰ ਵੇਖਿਆ ਹੈ। ਪੈਰੀਂ ਸਦਾ ਹੀ ਚਮੜੇ ਦੀ ਦੇਸੀ ਜੁੱਤੀ ਹੁੰਦੀ। ਪਹਿਰਾਵੇ ਜਿਉਂ ਉਹਨਾਂ ਦੀ ਖੁਰਾਕ ਵੀ ਅੰਤ ਸਮੇਂ ਤੱਕ ਸ਼ੁੱਧ ਸਾਤਵਿਕ ਅਤੇ ਮੋਟੀ-ਠੁੱਲ੍ਹੀ ਹੀ ਰਹੀ। ਵਿਅਸਨਾਂ ਅਤੇ ਵਿਅੰਜਨਾਂ ਤੋਂ ਉਮਰ ਭਰ ਦੂਰ ਰਹਿਣ ਵਾਲੇ ਸਾਡੇ ਬਾਪੂ ਜੀ ਨੂੰ ਨਾਮਧਾਰੀ ਜਗਤ ਵਿਚ, ਜਥੇਦਾਰ ਗੁਰਮੁਖ ਸਿੰਘ "ਝੱਬਰ" ਦੇ ਨਾਉਂ ਨਾਲ ਜਾਣਿਆ ਜਾਂਦਾ ਹੈ। (ਪੰਨਾ-918)

ਇਸ ਪੈਰੇ ਦੀ ਭਾਸ਼ਾ, ਵਾਕ ਰਚਨਾ, ਸ਼ਬਦ ਜੜਤ, ਸ਼ਬਦਾਂ ਦਾ ਉਚਾਰਨੀ ਪੱਧਰ, ਸ਼ਬਦਾਂ ਦੀ ਰਚਨਾ ਸਾਹਿਤਕਤਾ ਤੇ ਸੁਹਜ ਸਿਰਜਣ ਦੀ ਵਿਧੀ ਨਾਲ ਲਬਰੇਜ਼ ਹੈ। ਇਸ ਪੈਰ੍ਹੇ ਦਾ ਭਾਵ-ਬੋਧ ਤੋਂ ਲੈ ਕੇ ਭਾਸ਼ਾ ਬੋਧ ਤੱਕ ਵਿਸਤ੍ਰਿਤ ਅਧਿਐਨ ਕੀਤਾ ਜਾ ਸਕਦਾ ਹੈ। ਇਹ ਟਕਸਾਲੀ ਜਾਂ ਕੇਂਦਰੀ ਭਾਸ਼ਾਈ ਪਹਿਰਨ ਦਾ ਵਾਰਤਕ ਟੋਟਾ ਨਹੀਂ ਸਗੋਂ ਪੰਜਾਬੀ ਭਾਸ਼ਾ ਦੀ ਉਹ ਸ਼ੈਲੀ ਹੈ ਜਿਸ ਉੱਪਰ ਸੁਵਰਨ ਸਿੰਘ ਵਿਰਕ ਨੂੰ ਆਬੂਰ ਹਾਸਿਲ ਹੈ। ਮੇਰੀ ਨਜ਼ਰ ਵਿਚ ਇਹ 'ਭਾਈ ਸ਼ੈਲੀ' ਦਾ ਉਹ ਨਮੂਨਾ ਹੈ ਜਿਸ ਵਿਚ ਵਿਚਾਰ, ਬੋਧ, ਭਾਵ ਅਤੇ ਸੰਚਾਰ ਦਾ ਅਜ਼ੀਮ ਸੁਮੇਲ ਹੈ। ਅਜਿਹੀ ਸ਼ੈਲੀ ਉਸ ਸਮੇਂ ਹੀ ਨਮੂਦਾਰ ਹੁੰਦੀ ਹੈ ਜਦੋਂ ਲੇਖਕ ਰਚਨਾ ਨਾਲ ਇਕਮਿਕ ਹੋਇਆ ਹੁੰਦਾ ਹੈ। ਜਦੋਂ ਰਚਨਾਕਾਰ ਦੇ ਲੂੰ-ਲੂੰ ਵਿਚੋਂ ਵਿਚਾਰ ਅਤੇ ਸੁਹਜ ਚਸ਼ਮੇ ਵਾਂਗ ਬਿਨ ਮੁਸ਼ੱਕਤ ਉਦੈ ਹੁੰਦਾ ਹੈ।

ਸੁਵਰਨ ਸਿੰਘ ਵਿਰਕ ਦੀ ਇਸ ਵਿਸ਼ਾਲ ਪੁਸਤਕ ਦੀ ਮਹੱਤਤਾ ਵੀ ਵਿਭਿੰਨ ਖੇਤਰਾਂ ਤੱਕ ਫੈਲੀ ਹੋਈ ਹੈ। ਇਹ ਪੁਸਤਕ ਨਾਮਧਾਰੀ ਲਹਿਰ, ਨਾਮਧਾਰੀ ਸਿਧਾਂਤ, ਨਾਮਧਾਰੀ ਵਿਹਾਰ, ਨਾਮਧਾਰੀ ਨਾਇਕ, ਨਾਮਧਾਰੀ ਇਤਿਹਾਸ, ਪੰਜਾਬ ਦਾ ਸਭਿਆਚਾਰ, ਗੁਰਮਤਿ ਦਰਸ਼ਨ, ਪੰਜਾਬ ਦੀ ਨਾਬਰੀ, ਨਾਮਧਾਰੀ ਵਿਵਧਤਾ, ਸੁਚੱਜੀ ਵਾਰਤਕ, ਫ਼ਿਕਰੇ ਦੀ ਉਸਾਰੀ, ਸਾਹਿਤਕਤਾ, ਸੁਹਜ, ਖੋਜ, ਪੰਜਾਬ ਦੇ ਵਿਦਰੋਹੀ ਸਵਰ, ਮਨੁੱਖ ਦੀ ਵਿਜੈ ਤੇ ਮਾਨਵਕਾਰੀ ਸੰਵੇਦਨਾ, ਭਾਸ਼ਾਈ ਸੁਹਜ ਅਤੇ ਇਤਿਹਾਸਕ ਤੱਤਾਂ-ਤੱਥਾਂ ਤੱਕ ਵਿਸਤ੍ਰਿਤ ਰੂਪ ਵਿਚ ਫੈਲੀ ਹੋਈ ਹੈ। ਇਹ ਗ੍ਰੰਥ ਘੱਟ ਗਿਆਨ ਅਤੇ ਸੁਹਜ ਦਾ ਵਿਸ਼ਾਲ ਸਮੁੰਦਰ ਹੈ ਜਿਸ ਅੰਦਰ ਲਹਿੰਦਿਆਂ ਚੇਤਨਾ ਅਤੇ ਅਕਲ ਦੇ ਕਪਾਟ ਖੁੱਲ੍ਹਦੇ ਹਨ।

ਸੁਵਰਨ ਸਿੰਘ ਵਿਰਕ ਦੀ ਮੁਸ਼ੱਕਤ, ਸਾਫ਼-ਸੱਫ਼ਾਫ਼ ਦ੍ਰਿਸ਼ਟੀ ਅਤੇ ਕਲਮ ਨੂੰ ਸਲਾਮ ਹੈ।

ਮਿਤੀ-5 ਨਵੰਬਰ, 2018

ਸਰਬਜੀਤ ਸਿੰਘ (ਡਾ.)
ਪੰਜਾਬੀ ਵਿਭਾਗ,
ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ

# ਏਨੀ ਮੇਰੀ ਬਾਤ

ਅੰਗਰੇਜ਼ ਬਸਤੀਵਾਦੀਆਂ ਵਿਰੁੱਧ ਲੜਨ ਵਾਲੀ ਪੰਜਾਬ ਦੀ ਪਰਮੁੱਖ ਲੋਕ ਲਹਿਰ ਕੂਕਾ ਲਹਿਰ ਸੀ। ਇਸ ਦੇ ਜਨਕ ਸਤਿਗੁਰੂ ਰਾਮ ਸਿੰਘ ਜੀ ਸਨ ਅਤੇ ਉਹਨਾਂ ਵੱਲੋਂ ਅਰੰਭੇ ਮੁਕਤੀ ਸੰਗਰਾਮ ਦਾ ਦੋਹਰਾ ਕਿਰਦਾਰ ਸੀ। ਇਕ ਪਾਸੇ ਇਹ ਸਿੱਖ ਪੁਨਰ ਜਾਗਰਣ ਦਾ ਕਾਰਜ ਸੀ ਅਤੇ ਦੂਜੇ ਬੰਨੇ ਬਸਤੀਵਾਦੀ ਗੁਲਾਮੀ ਦੇ ਵਿਰੁੱਧ, ਕੌਮੀ ਮੁਕਤੀ ਸੰਗਰਾਮ ਦਾ ਹੋਕਾ ਸੀ। ਪੰਜਾਬ ਬੇਸ਼ਕ ਸਾਰੇ ਹਿੰਦੁਸਤਾਨ ਵਿਚ, ਸਭ ਤੋਂ ਬਾਅਦ ਅੰਗਰੇਜ਼ੀ ਅਲਮ-ਬਰਦਾਰੀ ਵਿਚ ਆਉਣ ਵਾਲਾ ਖਿੱਤਾ ਸੀ, ਪਰ ਇੱਥੋਂ ਦੇ ਲੋਕਾਂ ਨੇ ਅੰਗਰੇਜ਼ ਸਰਕਾਰ ਦੇ ਪੰਜਾਬ ਵਿਚ ਪੈਰ ਪਸਾਰਦਿਆਂ ਹੀ ਇਸ ਵਿਦੇਸ਼ੀ ਤਾਕਤ ਦੇ ਵਿਰੁੱਧ, ਲੋਹਾ ਲੈਣ ਦਾ ਮਨ ਬਣਾ ਲਿਆ ਸੀ। ਹਜਰੋਂ ਸਾਹਿਬ ਵਿਚ ਰਹਿਕੇ ਗੁਰੂ ਨਾਨਕ ਦੇਵ, ਗੁਰੂ ਗੋਬਿੰਦ ਸਿੰਘ ਜੀ ਦੀ ਸਿੱਖੀ ਦਾ ਪਰਚਾਰ ਕਰਨ ਵਾਲੇ ਗੁਰੂ ਬਾਲਕ ਸਿੰਘ ਜੀ (1785-1862) ਨੇ ਲਾਹੌਰ ਦੇ ਇਕ ਸੈਨਿਕ ਦੇ ਰੂਪ ਵਿਚ ਉਹਨਾਂ ਪਾਸ ਗਏ, ਗੁਰੂ ਰਾਮ ਸਿੰਘ ਜੀ ਨੂੰ 1841 ਈ: ਵਿਚ ਹੀ ਏਹ ਆਦੇਸ਼ ਦੇ ਦਿਤਾ ਸੀ ਕਿ ਜਿਸ ਤਰ੍ਹਾਂ ਮਹਾਰਾਜਾ ਰਣਜੀਤ ਸਿੰਘ ਤੋਂ ਬਾਅਦ ਲਾਹੌਰ ਦਰਬਾਰ ਵਿਚ ਖਾਨਾ ਜੰਗੀ ਵਾਲੀ ਸਥਿੱਤੀ ਬਣ ਗਈ ਹੈ, ਪੰਜਾਬ ਕਿਸੇ ਸਮੇਂ ਵੀ ਅੰਗਰੇਜ਼ਾਂ ਦੁਆਰਾ ਹੜੱਪਿਆ ਜਾ ਸਕਦਾ ਹੈ। ਇਸ ਲਈ ਆਪ ਆਪਣੇ ਵਡੇਰੇ ਕਾਰਜ, ਪੰਜਾਬ ਦੇ ਮੁਕਤੀ ਸੰਗਰਾਮ ਲਈ ਤਿਆਰੀਆਂ ਵਿਚ ਜੁੱਟ ਜਾਉ। ਇਸੇ ਆਸ਼ੇ ਤਹਿਤ ਗੁਰੂ ਰਾਮ ਸਿੰਘ ਜੀ ਨੇ ਫੌਜ਼ੀ ਨੌਕਰੀ ਅਤੇ ਕੁਝ ਹੋਰ ਕਾਰਜਾਂ ਬਾਅਦ, 12 ਅਪਰੈਲ 1857 ਨੂੰ, ਸ੍ਰੀ ਭੈਣੀ ਸਾਹਿਬ ਵਿਖੇ, ਨਾਮਧਾਰੀ ਸੰਤ ਖਾਲਸਾ ਦੀ ਸਥਾਪਨਾ ਕੀਤੀ। ਸਤਿਗੁਰੂ ਜੀ ਦਾ ਮਨੋਰਥ ਇਕ ਜਾਗ੍ਰਿਤ ਮਨੁੱਖ ਦੀ ਸਿਰਜਣਾ ਸੀ ਜੋ ਗੁਰਮਤਿ ਜੀਵਨ ਜਾਚ ਦਾ ਅਨੁਸਾਰੀ ਹੋਵੇ ਅਤੇ ਵੇਲੇ ਦੀਆਂ ਜਾਬਰ ਤਾਕਤਾਂ ਨੂੰ ਵੰਗਾਰ ਕੇ, ਇਤਿਹਾਸ ਵਿਚ ਮਨੁੱਖਤਾ ਨੂੰ ਸੇਧ ਦੇ ਸੱਕੇ। ਧਾਰਮਿਕ ਆਵਰਣ ਵਿਚ ਲਿਪਟੀ ਹੋਈ ਕੂਕਾ ਲਹਿਰ ਦਾ ਮਨੋਰਥ, ਰਾਜਨੀਤਿਕ ਗ਼ੁਲਾਮੀ ਦਾ ਖਾਤਮਾ ਕਰਕੇ, ਜਮਹੂਰੀ ਢੰਗ ਦੀ, ਸਮਤਾ ਮੂਲਕ ਤਰਜ਼ੇ ਜ਼ਿੰਦਗੀ ਨੂੰ ਬਹਾਲ ਕਰਨਾ ਸੀ। ਇਸੇ ਕਾਰਨ ਸਮੇਂ ਦੀਆਂ ਬਸਤੀਵਾਦੀ, ਜਗੀਰਦਾਰੀ, ਸਾਮੰਤਸ਼ਾਹੀ ਅਤੇ ਵੇਲਾ ਵਿਹਾ ਚੁੱਕੀਆਂ ਪੁਜਾਰੀ, ਪੁਰੋਹਿਤ ਸ਼੍ਰੇਣੀਆਂ ਨਾਲ, ਕੂਕਾ ਲਹਿਰ ਦੀ ਟੱਕਰ ਲਾਜ਼ਮੀ ਸੀ।

ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਇਸ ਲਹਿਰ ਦਾ ਕਾਰਜ ਖੇਤਰ, ਗਿਆਨੀ ਗਿਆਨ ਸਿੰਘ ਹੋਰਾਂ ਅਨੁਸਾਰ, ਅਟਕ ਤੋਂ ਜਮਨਾਂ ਨਦੀ ਤਕ ਫੈਲ ਚੁੱਕਾ ਸੀ। ਅੰਗਰੇਜ਼ਾਂ ਦੁਆਰਾ ਲਾਗੂ ਕੀਤਾ ਬਸਤੀਵਾਦੀ ਪਰਬੰਧ, ਪੰਜਾਬ ਦੇ ਲੋਕਾਂ ਦੇ

ਮਿਜਾਜ਼ ਦੇ ਅਨੁਕੂਲ ਨਹੀਂ ਸੀ। ਪੰਜਾਬ ਵਿਚ ਲਾਹੌਰ ਦਰਬਾਰ ਦੀ ਸੈਨਾ ਤੋੜਨ ਕਾਰਨ, ਸੈਨਿਕ ਬੇਕਾਰ ਸਨ। ਇੰਗਲੈਂਡ ਦੀਆਂ ਮਿੱਲਾਂ ਵਿਚੋਂ ਬਣਿਆ ਮਾਲ, ਪੰਜਾਬ ਦੀਆਂ ਮੰਡੀਆਂ ਵਿਚ ਆਉਣ ਕਾਰਨ, ਰਵਾਇਤੀ ਦਸਤਕਾਰੀ ਖ਼ਤਮ ਹੋਣ ਦੇ ਕੰਢੇ ਸੀ। ਪੇਂਡੂ ਕਿਸਾਨੀ, ਮਾਲੀਆ ਜਿਨਸ ਦੀ ਥਾਂ ਨਕਦੀ ਵਿਚ ਦੇਣ ਕਾਰਨ, ਸ਼ਾਹੂਕਾਰਾਂ ਦੇ ਸ਼ਿਕੰਜੇ ਵਿਚ ਜਕੜੀ ਗਈ। ਜ਼ਮੀਨਾਂ ਦੀ ਵਿੱਕਰੀ ਅਤੇ ਰਹਿਣ ਕਰਨ ਕਾਰਨ, ਜ਼ਮੀਨ ਕਿਸਾਨਾਂ ਤੋਂ ਖੁੱਸ ਰਹੀ ਸੀ। ਵਲਾਇਤੀ ਮਾਲ, ਵਪਾਰ ਦੀਆਂ ਅਸਾਵੀਆਂ ਸ਼ਰਤਾਂ ਕਾਰਨ, ਭਾਰਤੀ ਮੰਡੀਆਂ ਵਿਚ ਭਰਿਆ ਜਾ ਰਿਹਾ ਸੀ। ਦੇਸੀ ਵਣਜ, ਵਿਉਪਾਰ, ਚੌਪਟ ਹੋਣ ਦੇ ਕੰਢੇ ਸੀ। ਇਸ ਲਈ 1849 ਤੋਂ ਬਾਅਦ ਪੰਜਾਬ ਵਿਚ ਜਿਹੜਾ ਸਿਆਸੀ ਖ਼ਲਾਅ ਸਿਰਜਿਆ ਗਿਆ ਉਸ ਨੂੰ ਭਰਨ ਲਈ ਸਤਿਗੁਰੂ ਰਾਮ ਸਿੰਘ ਜੀ ਅਤੇ ਉਹਨਾਂ ਦੀ ਕੂਕਾ ਜਥੇਬੰਦੀ ਨੇ ਇਕ ਮਹੱਤਵਪੂਰਨ ਭੂਮਿਕਾ ਨਿਬਾਹੀ ਸੀ। ਇਸੇ ਕਾਰਨ ਸਰਕਾਰੀ ਰੀਪੋਰਟਾਂ ਅਨੁਸਾਰ, ਪੰਜਾਬ ਵਿਚ ਕੂਕਾ ਸੰਗਠਨ ਤਿੰਨ ਲੱਖ ਦੀ ਗਿਣਤੀ ਤੱਕ ਪੁੱਜ ਗਿਆ। ਕੁਝ ਹੋਰ ਅੰਦਾਜ਼ੇ ਇਸ ਨੂੰ ਸੱਤ ਲੱਖ ਤੋਂ ਲੈ ਕੇ ਦਸ ਲੱਖ ਤੱਕ ਅੰਗਦੇ ਰਹੇ ਹਨ।

ਹਕੀਕਤ ਇਹ ਹੈ ਕਿ ਲਹਿਰ ਦੇ ਸਤਿਗੁਰੂ ਰਾਮ ਸਿੰਘ ਜੀ ਦੀ ਅਗਵਾਈ ਦੇ ਪਹਿਲੇ 14-15 ਸਾਲਾਂ ਵਿਚ, ਇਹ ਇਕ ਵਿਆਪਕ ਅਧਾਰ ਵਾਲੀ ਲੋਕ ਲਹਿਰ ਦਾ ਰੂਪ ਲੈ ਚੁੱਕੀ ਸੀ ਜਿਸ ਵਿਚ ਕਿਸਾਨ, ਖੇਤ ਮਜ਼ਦੂਰ, ਦਸਤਕਾਰ, ਪੂਰਵ ਸੈਨਿਕ, ਛੋਟੇ ਮੋਟੇ ਕਾਰੋਬਾਰੀ ਤਬਕੇ ਅਤੇ ਸਮਾਜ ਵਿਚ ਵਿਚਰਨ ਵਾਲੇ ਭਿੰਨ-ਭਿੰਨ ਮੱਤ ਮਤਾਂਤਰਾਂ ਦੇ ਸਾਧੂ ਸੰਤਾਂ ਦੇ ਦੇਸ਼ ਭਗਤ ਤਬਕੇ ਵੀ ਸ਼ਾਮਲ ਹੋ ਚੁੱਕੇ ਸਨ। ਲਹਿਰ ਦੀ ਅਗਵਾਈ ਕਰਨ ਵਾਲੇ ਸੂਬਾ ਸਾਹਿਬਾਨ, ਉਸ ਸਮੇਂ ਵਿਚ ਵਿਚਰਨ ਵਾਲੀਆਂ, ਨਿਹੰਗ ਸਿੰਘ, ਉਦਾਸੀ, ਨਿਰਮਲੇ, ਬੈਰਾਗੀ ਅਤੇ ਇੱਥੋਂ ਤੱਕ ਕਿ ਗੁਲਾਬ ਦਾਸੀਏ ਆਦਿ ਸੰਪਰਦਾਵਾਂ ਵਿਚੋਂ ਆਏ ਲੋਕ ਸਨ। ਇਸ ਤਰ੍ਹਾਂ ਇਹਨਾਂ ਦੀ ਸੰਗਠਨ ਸ਼ਕਤੀ ਅਤੇ ਪ੍ਰਬੰਧ ਕੁਸ਼ਲਤਾ ਕੂਕਾ ਲਹਿਰ ਦਾ ਅਧਾਰ ਵਿਆਪਕ ਕਰਨ ਦੇ ਲੇਖੇ ਲੱਗੀ। ਇਸ ਸਭ ਤੋਂ ਵੱਧ ਸਤਿਗੁਰੂ ਰਾਮ ਸਿੰਘ ਜੀ ਦੀ ਮਿਕਨਾਤੀਸੀ ਸ਼ਖਸੀਅਤ ਅਤੇ ਉਹਨਾਂ ਦੇ ਪ੍ਰੇਰਣਾ ਮਈ ਬਚਨਾਂ ਦਾ ਸ਼ਰੋਤਿਆਂ, ਦਰਸ਼ਕਾਂ ਤੇ ਕੀਲਣ ਵਾਲਾ ਪ੍ਰਭਾਵ ਪੈਂਦਾ ਸੀ। ਇਕ ਵੇਰ ਉਹਨਾਂ ਦੇ ਸੰਪਰਕ ਵਿਚ ਆਉਣ ਵਾਲਾ ਪੰਜੇ ਐਬ ਸ਼ਰਈ ਵਿਅਕਤੀ ਵੀ ਹਰ ਤਰ੍ਹਾਂ ਦੇ ਐਬਾਂ, ਦਾਰੂ ਮਾਸ ਅਤੇ ਹੋਰ ਨਸ਼ਿਆਂ ਦਾ, ਇੱਥੋਂ ਤੱਕ ਕੇ ਵਿਆਜ ਦੀ ਕਮਾਈ ਦਾ ਤਿਆਗ ਕਰਕੇ ਵੀ ਸਾਤਵਿਕ ਜੀਵਨ ਦਾ ਧਾਰਨੀ ਬਣਕੇ, ਬਾਣੀ, ਬਾਣੇ ਅਤੇ ਬੰਦਗੀ ਨਾਲ ਜੁੜ ਜਾਂਦਾ ਸੀ।

ਅੰਗਰੇਜ਼ ਸਰਕਾਰ 1863 ਈ. ਤੋਂ ਹੀ ਕੂਕਾ ਅੰਦੋਲਨ ਪ੍ਰਤੀ ਸੁਚੇਤ ਹੋ ਗਈ ਸੀ। ਉੱਚ ਅਧਿਕਾਰੀਆਂ ਨੇ ਆਪਣੇ ਮਾਤਹਿਤ ਜ਼ਿਲ੍ਹੇ ਵਾਲਿਆਂ ਨੂੰ ਕਿਹਾ ਕਿ ਉਹ ਕੂਕਿਆਂ ਦੀਆਂ ਗਤੀਵਿਧੀਆਂ ਨੋਟ ਕਰਕੇ, ਬਕਾਇਦਾ ਰੀਪੋਰਟ ਦਿਆ

ਕਰਨ। ਜਦੋਂ ਸਤਿਗੁਰੂ ਜੀ ਦੇ ਦੂਤ ਨੈਪਾਲ, ਅਫਗਾਨਿਸਤਾਨ ਆਦਿ ਗੁਆਂਢੀ ਦੇਸਾਂ ਪਾਸ ਅਤੇ ਭਾਰਤ ਦੀਆਂ ਹੈਦਰਾਬਾਦ, ਗਵਾਲੀਅਰ ਬਨਾਰਸ, ਲਖਨਊ ਆਦਿ ਰਿਆਸਤਾਂ ਵਿਚ ਇਕ ਵਿਸ਼ਾਲ, ਅੰਗਰੇਜ਼ ਸਰਕਾਰ ਵਿਰੋਧੀ ਮੋਰਚਾ ਸਿਰਜਣ ਲਈ ਜਾਣੇ ਸ਼ੁਰੂ ਹੋਏ ਤਾਂ ਸਰਕਾਰ ਨੇ ਨੋਟ ਕੀਤਾ ਕਿ ਲਹਿਰ ਦੇ ਮੁਖੀ ਗੁਰੂ ਰਾਮ ਸਿੰਘ ਹੁਣ ਸਿਆਸੀ ਆਕਾਂਖਾਂਵਾਂ ਪਾਲ ਰਹੇ ਹਨ ਅਤੇ ਉਹ ਇਕ ਧਾਰਮਿਕ ਮੁਖੀ ਦੇ ਸੀਮਿਤ ਦਾਇਰੇ ਵਿਚੋਂ ਚਿਰੋਕਣੇ ਬਾਹਰ ਨਿਕਲ ਚੁੱਕੇ ਹਨ। ਸਤੰਬਰ 1868 ਵਿਚ ਦਿੱਲੀ ਰੇਲਵੇ ਦੇ ਦੋਰਾਹਾ ਸਥਿਤ, ਇਕ ਕਰਮਚਾਰੀ ਡੋਨੋਵਨ ਨੇ ਹਿੰਦ ਦੇ ਵਾਇਸਰਾਏ ਨੂੰ ਗੁਰੂ ਰਾਮ ਸਿੰਘ ਜੀ ਦੀ ਵਧਦੀ ਲੋਕ ਪਰਵਾਨਗੀ ਤੋਂ ਜਾਣੂ ਕਰਵਾਉਂਦਿਆ ਲਿਖਿਆ ਕਿ ਇਸ ਸਮੇਂ ਸਾਰਾ ਦੇਸ਼ ਇਸਾਈਆਂ (ਭਾਵ ਅੰਗਰੇਜ਼ ਸਰਕਾਰੀ ਕਰਮਚਾਰੀਆਂ) ਦੇ ਖ਼ੂਨ ਦਾ ਪਿਆਸਾ ਹੈ ਅਤੇ ਕੂਕਿਆਂ ਦੇ ਪ੍ਰਭਾਵ ਵਾਲੇ ਮਾਲਵਾ ਖਿੱਤੇ ਅਤੇ ਗੁਆਂਢੀ ਰਾਜਪੂਤਾਨੇ ਵਿਚ ਵੀ ਬਗ਼ਾਵਤ ਦੀਆਂ ਤਿਆਰੀਆਂ ਹੋ ਰਹੀਆਂ ਹਨ। ਉਹਨੇ ਉਦੋਂ ਇਹ ਰਾਇ ਦਿਤੀ ਸੀ ਕਿ ਹਰ ਕੂਕੇ ਨੂੰ ਤੋਪ ਨਾਲ ਉਡਾ ਦਿੱਤਾ ਜਾਵੇ। ਤੇ ਓੜਕ ਮਲੇਰ ਕੋਟਲੇ ਦੀਆਂ ਘਟਨਾਵਾਂ ਬਾਅਦ ਡੋਨੋਵਨ ਦਾ ਉਹ ਫੁਰਨਾ ਵੀ ਪੂਰਾ ਹੋ ਗਿਆ। ਸਤਿਗੁਰੂ ਜੀ ਜਲਾਵਤਨ ਕਰ ਦਿੱਤੇ ਗਏ ਮੁਖੀ ਸੂਬਿਆਂ ਸਮੇਤ ਭੈਣੀ ਸਾਹਿਬ ਦੇ ਗੁਰਧਾਮ, ਪਾਣੀ ਹਾਂਡੇ ਤੱਕ, ਧਨ ਅਤੇ ਅਸਲੇ ਦੀ ਖੋਜ ਵਿਚ ਪੁੱਟ ਗਏ।

ਹੁਣ ਨਾਮਧਾਰੀ ਇਤਿਹਾਸ ਦਾ ਦੂਜਾ ਦੌਰ ਸ਼ੁਰੂ ਹੁੰਦਾ ਹੈ। ਬਾਬਾ ਬੁੱਧ ਸਿੰਘ, ਸਤਿਗੁਰੂ ਰਾਮ ਸਿੰਘ ਜੀ ਦੇ ਛੋਟੇ ਭਾਈ, ਆਪ ਦੇ ਆਦੇਸ਼ ਤੇ ਗੁਰੂ ਹਰੀ ਸਿੰਘ ਜੀ ਦੇ ਰੂਪ ਵਿਚ ਕੋਈ ਚੌਂਤੀ ਸਾਲ, (1872-1906) ਨਾਮਧਾਰੀ ਪੰਥ ਦੀ ਅਗੁਆਈ ਕਰਦੇ ਹਨ। ਉਹਨਾਂ ਤੇ ਸਰਕਾਰ ਵੱਲੋਂ ਆਪਣੇ ਡੇਰੇ ਤੋਂ ਜਾਂ ਭੈਣੀ ਸਾਹਿਬ ਦੀ ਜੂਹ ਤੋਂ ਅਧਿਕਾਰੀਆਂ ਦੀ ਪੂਰਵ ਅਨੁਮਤੀ ਬਿਨਾਂ ਕਿਤੇ ਵੀ ਜਾਣ ਆਉਣ ਤੇ ਰੋਕ ਹੈ। ਗੁਰੂ ਧਾਮ ਦੇ ਬੂਹੇ ਅੱਗੇ ਪੁਲੀਸ ਚੌਕੀ ਦਾ ਆਤੰਕ ਹੈ। ਅੱਠਾਂ ਪਹਿਰਾਂ ਵਿਚ ਪਹਿਲਾਂ ਸਿਰਫ ਪੰਜ ਅਤੇ ਫਿਰ ਕੁਝ ਸਾਲਾਂ ਬਾਅਦ, ਦਸ ਕੂਕੇ ਹੀ ਆਪਣੇ ਗੁਰੂ ਜਾਂ ਗੁਰਦੁਆਰੇ ਦੇ ਦਰਸ਼ਨ ਕਰ ਸਕਦੇ ਹਨ। ਬਾਹਰੋਂ ਆਉਣ ਵਾਲੇ ਕੂਕਿਆਂ ਨੂੰ ਮੰਦਾ ਬੋਲਣਾ, ਤਲਾਸ਼ੀ ਲੈ ਕੇ ਉਹਨਾਂ ਦੀਆਂ ਵਸਤਾਂ ਖੋਹ ਲੈਣੀਆਂ ਅਤੇ ਧੌਲ ਧੱਫਾ ਵੀ ਕਰਨਾ, ਪੁਲੀਸ ਦੇ ਦਸਤੂਰ ਵਿਚ ਸ਼ਾਮਲ ਹੈ। ਪਰ ਕੂਕੇ ਪਤਾ ਨਹੀਂ ਕਿਸ ਮਿੱਟੀ ਦੇ ਬਣੇ ਸਨ, ਉਹ ਫਿਰ ਵੀ ਆਪਣੇ ਸਤਿਗੁਰੂ ਦੇ ਉਸ ਦੇ ਧਾਮ ਦੇ ਦਰਸ਼ਨਾਂ ਲਈ ਕੋਈ ਵੀ ਕੁਰਬਾਨੀ ਕਰਨ ਲਈ ਤਿਆਰ ਰਹਿੰਦੇ ਸਨ। ਉਸ ਸਮੇਂ ਦੀ ਸਥਿਤੀ ਦਾ ਚਿਤਰਣ ਇਕ ਗੀਤ ਦੇ ਇਹਨਾਂ ਸ਼ਬਦਾਂ ਵਿਚ ਮਿਲਦਾ ਹੈ—

"ਚੌਕੀਂ ਭੈਣੀ ਸਾਹਿਬ ਵਿਚ ਪਾਈ,
ਸਿੱਖ ਉੱਥੇ ਆਉਣਾ ਮਿਲੇ ਨਾ ਕਾਈ,
ਜੇ ਕੋਈ ਆਵੇ ਪਿਆਰਾ, ਮਗਰ ਸਿਪਾਹੀ ਲਾ ਲਏ ਨੇ।

ਉਹ ਜਾਨ ਕਰਨ ਕੁਰਬਾਨ, ਜਿਨ੍ਹਾਂ ਨੇ ਦਰਸ਼ਨ ਪਾ ਲਏ ਨੇ।
ਉਹ ਮਰਨੋਂ ਮੂਲ ਨਾ ਡਰਦੇ, ਜਿਨ੍ਹਾਂ ਨੇ ਨੈਣ ਲਗਾ ਲਏ ਨੇ।

—'ਸੰਗੀਤ ਅਚਾਰੀਆ' ਭਾਈ ਹਰਨਾਮ ਸਿੰਘ ਜੀ

ਸਾਡਾ ਮਨੋਰਥ, ਕੂਕਾ ਲਹਿਰ ਦੇ ਕੁਝ ਗਿਆਤ ਅਤੇ ਅਗਿਆਤ ਲੋਕ ਨਾਇਕਾਂ ਨੂੰ ਵਕਤ ਦੀ ਧੂੜ ਵਿਚ, ਅਲੋਪ ਹੋਣ ਤੋਂ ਬਚਾਉਣਾ ਹੈ। "ਕੂਕਾ ਲਹਿਰ ਦੇ ਅਮਰ ਨਾਇਕ", ਭਾਗ ਪਹਿਲਾ 2017 ਵਿਚ ਛਪ ਚੁੱਕੀ ਹੈ। ਇਸ ਵਿਚ ਸਤਿਗੁਰੂ ਰਾਮ ਸਿੰਘ ਜੀ ਤੋਂ ਇਲਾਵਾ ਉਹਨਾਂ ਦੇ ਪੰਜਾਹ ਸਿੱਖਾਂ, ਸੇਵਕਾਂ, ਸੂਬਿਆਂ, ਸ਼ਹੀਦਾਂ ਅਤੇ ਰੰਗੂਨ ਮਰਗੋਈ ਦੇ ਯਾਤਰੂਆਂ ਆਦਿ ਬਾਰੇ ਜਾਣਕਾਰੀ ਹੈ। ਲਹਿਰ ਦਾ ਘੇਰਾ ਇਤਨਾ ਵਸੀਹ ਸੀ ਕਿ ਇਕ ਪੁਸਤਕ ਦੇ ਕਲੇਵਰ ਵਿਚ ਉਹ ਸਾਰੇ, ਕੂਕਾ ਇਤਿਹਾਸ ਦੇ ਅਮਰ ਪਾਤਰ ਨਹੀਂ ਸਮਾ ਸਕਦੇ ਸਨ। ਇਸ ਲਈ ਪੁਸਤਕ ਦਾ ਦੂਜਾ ਭਾਗ ਪਾਠਕਾਂ ਦੀ ਸੇਵਾ ਵਿਚ ਪੇਸ਼ ਕੀਤਾ ਜਾ ਰਿਹਾ ਹੈ। ਇਸ ਵਿਚ ਗੁਰੂ ਹਰੀ ਸਿੰਘ ਜੀ, ਸਤਿਗੁਰੂ ਪਰਤਾਪ ਸਿੰਘ ਜੀ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਬਾਰੇ ਸੰਖੇਪ ਜਾਣਕਾਰੀ ਤੋਂ ਅਲਾਵਾ ਮਾਤਾ ਜੀਵਨ ਕੌਰ ਜੀ, ਮਹਾਰਾਜ ਨਿਹਾਲ ਸਿੰਘ ਅਤੇ ਮਹਾਰਾਜ ਗੁਰਦਿਆਲ ਸਿੰਘ ਸਮੇਤ, ਪੰਜਾਹ ਕੂਕਾ ਸ਼ਹੀਦਾਂ, ਸਾਧੂਆਂ, ਆਗੂਆਂ, ਜਥੇਦਾਰਾਂ, ਪਰਚਾਰਕਾਂ ਕੀਰਤਨੀਆਂ, ਸੁਤੰਤਰਤਾ ਸੰਗਰਾਮੀਆਂ, ਪੱਤਰਕਾਰਾਂ, ਗੁਰੂ ਕੇ ਲੰਗਰ ਦੇ ਉਗਰਾਹੀਆਂ, ਡੇਰਾ ਭੈਣੀ ਸਾਹਿਬ ਦੇ ਪਰਬੰਧਕਾਂ, ਇਤਿਹਾਸਕਾਰਾਂ ਆਦਿ ਦੇ ਨਾਲ ਨਾਲ, ਰੰਗੂਨ, ਮਰਗੋਈ ਦਰਸ਼ਨ ਕਰਨ ਜਾਣ ਵਾਲਿਆਂ ਬਾਰੇ ਵੀ ਜਾਣਕਾਰੀ ਸੰਕਲਿਤ ਹੈ। ਇਹਨਾਂ ਵਿਚੋਂ ਬਹੁਗਿਣਤੀ ਕੂਕਾ ਲਹਿਰ ਨੂੰ ਸਮਰਪਿਤ, ਕੁੱਲ ਵਕਤੀ ਕਾਰਕੁੰਨਾਂ ਦੀ ਸੀ। ਇਹਨਾਂ ਵਿਚ ਉਹ ਸੱਜਣ ਵੀ ਹਨ ਜਿਹਨਾਂ ਗੁਰੂ ਰਾਮ ਸਿੰਘ ਜੀ ਦੁਆਰਾ ਸਥਾਪਿਤ ਸਦਾ ਬਰਤ ਲੰਗਰ ਨੂੰ ਚੱਲਦਾ ਰੱਖਣ ਲਈ ਆਪਣੀਆਂ ਜ਼ਮੀਨ, ਜਾਇਦਾਦਾਂ ਵੇਚ ਕੇ ਤਨ, ਮਨ, ਧਨ, ਅਰਪਿਤ ਕਰ ਦਿੱਤਾ ਸੀ। ਇਕ ਇਕ ਪਾਤਰ ਦੁਆਰਾ, ਗੋਰਾਸ਼ਾਹੀ ਹੱਥੋਂ ਉਠਾਏ ਕਸ਼ਟਾਂ ਦੀ ਵਿਥਿਆ, ਲੂੰ ਕੰਡੇ ਖੜੇ ਕਰਨ ਵਾਲੀ ਹੈ। ਲੋਹਗੜ੍ਹ ਦੇ ਭਾਈ ਅਤਰ ਸਿੰਘ ਦੀ ਅਖੰਡ ਪਾਠ ਕਰਾਉਣ ਬਦਲੇ, ਜਿਹਲ ਵਿਚ ਸ਼ਹੀਦੀ, ਇਹਨਾਂ ਜ਼ੁਲਮਾਂ ਦੀ ਮੂੰਹ ਬੋਲਦੀ ਤਸਵੀਰ ਹੈ।

ਕੁਝ ਵੱਡੇ ਨਾਵਾਂ ਵਾਲੇ ਸਾਧੂ ਸੰਤਾਂ ਨੇ ਆਪਣੇ ਘਰਾਂ ਵਿਚ ਰਹਿਕੇ ਜਾਂ ਆਲੇ ਦੁਆਲੇ ਵਿਚਰ ਕੇ, ਗੁਰੂ ਰਾਮ ਸਿੰਘ ਦੇ ਲੋਕ-ਕਲਿਆਣ ਦੇ ਮਿਸ਼ਨ ਦਾ ਪਰਚਾਰ ਕੀਤਾ ਸੀ। ਉਹਨਾਂ ਦੀ ਸਮਤਾ ਮੂਲਕ, ਮਾਨਵਤਾਵਾਦੀ ਅਤੇ ਗ਼ੈਰ ਫਿਰਕੂ, ਸਾਂਝੀਵਾਲਤਾ ਦੇ ਉਪਦੇਸ਼ ਵਾਲੀ ਸਿੱਖਿਆ ਤੋਂ ਪ੍ਰਭਾਵਿਤ ਲੋਕਾਂ ਨੇ, ਪੰਜਾਬ ਦੇ ਸੁਤੰਤਰਤਾ ਸੰਗਰਾਮ ਦੇ ਅਗਲੇਰੇ ਪੜਾਅ ਵਿਚ ਉੱਚੀਆਂ ਲੋਕ ਲਹਿਰਾਂ ਦੀ ਅਗੁਆਈ ਕੀਤੀ ਸੀ। ਗ਼ਦਰ ਪਾਰਟੀ ਦੇ ਬਾਨੀ ਪਰਧਾਨ, ਬਾਬਾ ਸੋਹਣ ਸਿੰਘ ਭਕਨਾ, ਸਤਿਗੁਰੂ ਰਾਮ ਸਿੰਘ ਜੀ ਤੋਂ ਵਰੋਸਾਏ ਬਾਬਾ ਕੇਸਰ ਸਿੰਘ

ਜੀ ਮੁਹਾਵੇ ਵਾਲਿਆਂ ਦੀ ਸੰਗਤ ਤੋਂ ਹੀ ਫੈਜ਼ਯਾਬ ਹੋਕੇ ਲੋਕ ਮੁਕਤੀ ਦੇ ਮਾਰਗ ਤੇ ਉਮਰ ਭਰ ਚੱਲਣ ਵਾਲੇ ਪਾਂਧੀ ਬਣੇ ਸਨ। ਬਾਬਾ ਕੇਸਰ ਕਿੱਲੀ ਜੀ ਤੋਂ ਹੀ ਪ੍ਰਭਾਵਿਤ, ਸੰਤ ਨਿਧਾਨ ਸਿੰਘ ਆਲਿਮ ਵੀ ਕਾਂਗਰਸ ਮੋਰਚੇ ਦੇ ਉੱਘੇ ਆਜ਼ਾਦੀ ਘੁਲਾਟੀਏ ਹੋ ਨਿੱਬੜੇ ਸਨ।

ਲਾਹੌਰ ਵਿਚ ਰਹਿਣ ਵਾਲੇ ਬਾਬਾ ਧਿਆਨ ਸਿੰਘ ਜੀ ਪੱਥਰਾਂ ਵਾਲਿਆਂ ਨੇ ਨਾਮ ਦੀ ਦਾਤ ਤਾਂ ਬਚਪਨ ਵਿਚ ਸਤਿਗੁਰੂ ਰਾਮ ਸਿੰਘ ਜੀ ਤੋਂ ਹਾਸਲ ਕੀਤੀ ਸੀ। ਲਾਹੌਰ ਵਿਚ ਸਤਿਗੁਰੂ ਪਰਤਾਪ ਸਿੰਘ ਜੀ ਦੇ ਸਮੇਂ 1910 ਈ. ਵਿਚ ਹੋਇਆ ਕੂਕਿਆਂ ਦਾ ਸਾਲਾਨਾ ਹੋਲਾ ਮਹੱਲਾ, ਬਾਬਾ ਜੀ ਨੇ ਹੀ ਕਰਵਾਇਆ ਸੀ। ਉਹਨਾਂ ਦਾ ਵੱਡਾ ਕਾਰਨਾਮਾ 1929 ਈ. ਦੇ ਪੂਰਨ ਆਜ਼ਾਦੀ ਦੇ ਮਤੇ ਵਾਲੇ ਲਾਹੌਰ ਕਾਂਗ੍ਰਸ ਇਜਲਾਸ ਸਮੇਂ, ਦੇਸ਼ ਭਰ ਵਿਚੋਂ ਅਤੇ ਪੰਜਾਬ ਵਿਚੋਂ ਆਏ ਹਜ਼ਾਰਾਂ ਕਾਂਗਰਸ ਕਾਰਕੁੰਨਾ ਲਈ, ਅਤੁੱਟ ਲੰਗਰ ਦੀ ਸੇਵਾ ਸੀ। ਉਹ ਸਤਿਗੁਰੂ ਪਰਤਾਪ ਸਿੰਘ ਜੀ ਦੇ ਦੋਹਾਂ ਛੋਟੇ ਭਾਈਆਂ ਮਹਾਰਾਜ ਨਿਹਾਲ ਸਿੰਘ ਅਤੇ ਮਹਾਰਾਜ ਗੁਰਦਿਆਲ ਸਿੰਘ ਦੇ ਸਹੁਰਾ ਸਾਹਿਬ ਵੀ ਸਨ। ਸ੍ਰੀ ਭੈਣੀ ਸਾਹਿਬ ਦਾ ਨਿਵਾਸੀ ਭਾਈ ਲਹਿਣਾ ਸਿੰਘ, ਸਤਿਗੁਰੂ ਰਾਮ ਸਿੰਘ ਦਾ ਬਾਲ ਸਖਾ ਵੀ ਸੀ ਤੇ ਭੈਣੀ ਸਾਹਿਬ ਦਾ ਭੂਮੀ ਦਾਤਾ ਵੀ। ਖੰਨੇ ਦੇ ਅੰਗਰੇਜਾਂ ਵਿਰੁਧ ਲੜਨ ਵਾਲੇ ਰਾਜ ਪਰਿਵਾਰ ਦੀ ਰਾਣੀ ਗੁਰਦੇਈ ਵੀ ਭੈਣੀ ਸਾਹਿਬ ਦੀ ਡੇਰਾ ਪਰਬੰਧਕ ਰਹੀ ਸੀ। ਗੁਰੂ ਹਰੀ ਸਿੰਘ ਜੀ ਦੇ ਸਮੇਂ ਬਾਬਾ ਸੁਹੇਲ ਸਿੰਘ ਬਿਲਗਾ, ਗੁਰੂ ਗਰੰਥ ਸਾਹਿਬ ਦਾ ਆਹਲਾ ਪਾਠੀ ਘੋੜਿਆਂ ਦਾ ਦਰੋਗਾ, ਸਲੋਤਰੀ ਅਤੇ ਖੜਕੇ ਦੜਕੇ ਵਾਲਾ ਸਿੰਘ ਸੀ। ਉਸ ਦੇ ਪਰਿਵਾਰ ਦੀਆਂ ਕੂਕਾ ਲਹਿਰ ਵਿਚ ਘਾਲੀਆਂ ਘਾਲਨਾਵਾਂ ਦਾ ਬਾਬਾ ਭਗਤ ਸਿੰਘ ਬਿਲਗਾ, ਉਸਦਾ ਗਿਰਾਈਂ ਉੱਚ ਮੁਲੰਕਣ ਕਰਦਾ ਹੈ। ਸਾਕਾ ਮਲੇਰ ਕੋਟਲਾ ਵਿਚ ਘਟਨਾ ਵਾਪਰਨ ਬਾਅਦ ਅਤੇ ਸ਼ਹੀਦੀਆਂ ਤੋਂ ਪਹਿਲਾਂ ਜਿਹੜੇ ਸਿੰਘ ਹਰਨ ਹੋ ਗਏ ਸਨ, ਉਹ ਸਾਰੀ ਜ਼ਿੰਦਗੀ ਮਫਰੂਰ ਹੀ ਰਹੇ। ਅਜਿਹੇ ਇਕ ਕੂਕੇ ਉਦਾਸੀ ਭੇਖ ਵਿਚ ਵਿਚਰਨ ਵਾਲੇ, ਸੰਤ ਹੀਰਾ ਦਾਸ ਚਿੱਟੀ ਸਨ, ਜਿਹਨਾਂ ਸਾਰਾ ਜੀਵਨ ਦੀਨ ਦੁਖੀਆਂ ਨੂੰ ਸਮਰਪਿਤ ਕੀਤੀ ਰੱਖਿਆ। ਇਹ ਤੇ ਹੋਰ ਬਹੁਤ ਕੁਝ ਪੁਸਤਕ ਵਿਚ ਹੈ।

ਨਾਮਧਾਰੀ ਇਤਿਹਾਸ ਨਾਲ ਸਬੰਧਿਤ ਸਾਖੀਆਂ ਬਚਨ ਬਿਲਾਸ, ਆਪਣੇ ਪਿਤਾ ਜੀ, ਜਥੇਦਾਰ ਗੁਰਮੁਖ ਸਿੰਘ ਝੱਬਰ ਤੋਂ ਸੁਣ ਸੁਣ ਕੇ, ਇਸ ਸਬੰਧੀ ਕੀਤੇ ਗਏ ਆਪਣੇ ਕੁਝ ਯਤਨਾਂ ਨੂੰ, ਪਿੱਤਰੀ ਰਿਣ ਤੋਂ ਮੁਕਤ ਹੋਣ ਦਾ ਇਕ ਕਾਰਜ ਸਮਝਦਾ ਹਾਂ। ਮੇਰਾ ਨਾਨਕਾ ਪਰਿਵਾਰ ਬਾਬਾ ਸ਼ਾਮ ਸਿੰਘ ਸਰਹਾਲੀ ਦਾ ਪ੍ਰਸਿਧ ਕੂਕਾ ਪਰਿਵਾਰ ਹੈ। ਨਾਨਾ ਆਤਮਾ ਸਿੰਘ ਬੁਰਜ ਰਾਇ ਕੇ ਵੱਡਾ ਸਾਧੂ ਸੀ। ਉਸ ਨੇ ਇਕ ਵੇਰ ਬਾਬਾ ਸੋਹਣ ਸਿੰਘ ਭਕਨੇ ਨੂੰ ਪੁੱਛਿਆ ਕਿ ਬਾਬਾ ਜੀ ਇਹ ਕਮਿਊਨਿਸਟ ਕੀ ਹੁੰਦੇ ਹਨ? ਬਾਬਾ ਜੀ ਦਾ ਜੁਆਬ ਸੀ ਕਿ ਭਾਈ ਜੀ ਦਰਅਸਲ ਕਮਿਊਨਿਸਟ ਜੇ ਕੋਈ ਬਣ ਸੱਕੇ ਤਾਂ ਉਸ ਦੀ ਅਵਸਥਾ 'ਬ੍ਰਹਮ ਗਿਆਨੀ'

ਵਾਲੀ ਹੀ ਹੁੰਦੀ ਹੈ। ਸਤਿਗੁਰੂ ਪਰਤਾਪ ਸਿੰਘ ਜੀ ਤੋਂ ਲੇਖਕ ਬਚਪਨ ਵਿਚ ਸ੍ਰੀ ਭੈਣੀ ਸਾਹਿਬ ਨਿਵਾਸ ਸਮੇਂ ਥਾਪੜਾ ਲੈਂਦਾ ਰਿਹਾ ਹੈ। ਸਤਿਗੁਰੂ ਜਗਜੀਤ ਸਿੰਘ ਜੀ ਨੇ ਲੇਖਕ ਨਾਲ ਅਪਾਰ ਸਨੇਹ ਪ੍ਰਗਟ ਕਰਦਿਆਂ ਅਤੇ ਆਪਣੀ ਵਿਸ਼ਾਲ ਦਿਲੀ ਦਾ ਸਬੂਤ ਦਿੰਦਿਆਂ, ਉਸ ਦੇ ਕਮਿਊਨਿਸਟ ਵਿਸ਼ਵਾਸਾਂ ਸਮੇਤ ਹੀ ਉਸ ਨੂੰ ਪਰਵਾਨ ਕਰ ਲਿਆ ਸੀ। ਹਾਜ਼ਰਾ ਹਜ਼ੂਰ ਸਤਿਗੁਰੂ ਉਦੇ ਸਿੰਘ ਜੀ ਵੀ ਨਾਮਧਾਰੀ ਸਾਹਿਤ, ਇਤਿਹਾਸ ਦੇ ਲੇਖਨ ਕਾਰਜ ਵਿਚ ਹਮੇਸ਼ਾ ਆਪਣਾ ਅਸ਼ੀਰਵਾਦ ਦਿੰਦੇ ਰਹਿੰਦੇ ਹਨ।

ਇਸ ਪੁਸਤਕ ਦੇ ਪਰਕਾਸ਼ਨ ਲਈ ਸਮੇਂ ਸਮੇਂ ਸੰਤ ਜਗਤਾਰ ਸਿੰਘ ਪਨਿਹਾਰੀ ਸੰਤ ਹਰਪਾਲ ਸਿੰਘ ਸੇਵਕ, ਸੰਤ ਨਿਸ਼ਾਨ ਸਿੰਘ ਕਥਾ ਵਾਚਕ ਅਤੇ ਸ੍ਰੀ ਭੈਣੀ ਸਾਹਿਬ ਨਿਵਾਸੀ ਸ੍. ਗੁਰਦਿਆਲ ਸਿੰਘ 'ਰਾਇ' ਆਦਿ ਤੋਂ ਮਿਲੇ ਸਹਿਯੋਗ ਸਦਕਾ ਲੇਖਕ ਉਹਨਾਂ ਦਾ ਆਭਾਰੀ ਹੈ। ਇਤਿਹਾਸਿਕ ਮਸਾਲਾ ਵਰਤਣ ਲਈ ਲੇਖਕ ਨੇ ਜਿਹਨਾਂ ਪੂਰਵ ਵਰਤੀ ਲੇਖਕਾਂ ਦੀਆਂ ਲਿਖਤਾਂ ਦਾ ਉਪਯੋਗ ਕੀਤਾ ਹੈ ਉਹਨਾਂ ਪ੍ਰਤੀ ਵੀ ਵਿਸ਼ੇਸ਼ ਧੰਨਵਾਦੀ ਹੈ। ਬਹੁਤ ਜ਼ਿਆਦਾ ਅਦਬ, ਸਤਿਕਾਰ ਤੇ ਭਰੇ ਮਨ ਨਾਲ ਲੇਖਕ, ਭਾ ਜਗਦੀਸ਼ ਸਿੰਘ 'ਵਰਿਆਮ' ਪ੍ਰਤੀ ਕਿੱਤਗਤਾ ਭਾਵ ਵਿਅਕਤ ਕਰਦਾ ਹੈ। ਜਿਹਨਾਂ ਲੇਖਕ ਤੋਂ ਇਹ ਵੱਡਾ ਕਾਰਜ ਹਰ ਮਹੀਨੇ ਹੱਲਾ ਸ਼ੇਰੀ ਨਾਲ ਕਰਵਾਲਿਆ। 'ਵਰਿਆਮ' ਵਿਚ ਛਪੇ ਲੇਖਾਂ ਦੀ ਪ੍ਰੈਸ ਵਿਚ ਪੀ.ਡੀ. ਐਫ ਕਾਪੀ ਭੇਜਣ ਲਈ ਵਰਿਆਮ-ਭਰਾਤਾ ਨਰਾਇਣ ਸਿੰਘ ਹੋਰਾਂ ਦਾ ਧੰਨਵਾਦੀ ਹਾਂ। ਦੋਹਾ ਪੁਸਤਕਾਂ ਦੀ ਦੂਸਰੀ ਪਰੂਫ ਰੀਡਿੰਗ ਲਈ ਕਰਤਾਰ ਸਿੰਘ ਨੀਲਧਾਰੀ ਜੀ ਦਾ ਸ਼ੁਕਰੀਆ। ਪੁਸਤਕ ਦੀ ਸੁੰਦਰ ਛਪਾਈ ਤੇ ਸੁਹਜਮਈ ਦਿੱਖ ਲਈ, ਲੋਕ ਗੀਤ ਪਰਕਾਸ਼ਨ, ਮੋਹਾਲੀ ਦੇ ਸ੍ਰੀ ਹਰੀਸ਼ ਜੈਨ ਪ੍ਰਤੀ ਆਭਾਰ। ਭੂਮਿਕਾ ਲੇਖਕ ਡਾ. ਸੁਖਦੇਵ ਸਿੰਘ ਸਿਰਸਾ ਹੋਮੇ ਦਾ ਵੀ ਧੰਨਵਾਦੀ ਹਾਂ।

ਆਖਰੀ ਪਰ ਜ਼ਰੂਰੀ ਧੰਨਵਾਦ ਉਹਨਾਂ ਪਾਠਕਾਂ ਦਾ ਜਿਹਨਾਂ ਪਹਿਲੀ ਪੁਸਤਕ ਪੜ੍ਹ ਕੇ ਆਪਣੇ ਵਿਚਾਰਾਂ ਅਤੇ ਸੁਝਾਵਾਂ ਨਾਲ ਅਵਗਤ ਕਰਾਇਆ, ਅਤੇ ਜਿਹੜੇ ਇਸ ਪੁਸਤਕ ਪੜ੍ਹਕੇ ਆਪਣੇ ਵਿਚਾਰਾਂ ਤੋਂ ਲੇਖਕ ਨੂੰ ਜਾਣੂੰ ਕਰਾਉਣਗੇ।

**ਸੁਵਰਨ ਸਿੰਘ ਵਿਰਕ**
ਕਰੀਵਾਲਾ (ਸਿਰਸਾ)

# ਲੇਖਕ ਬਾਰੇ ਜਾਣਕਾਰੀ

ਨਾਮ : ਸੁਵਰਨ ਸਿੰਘ ਵਿਰਕ
ਮਾਤਾ : ਸ੍ਰੀ ਮਤੀ ਪਰੀਤਮ ਕੌਰ
ਪਿਤਾ : ਜਥੇਦਾਰ ਗੁਰਮੁਖ ਸਿੰਘ ਝੱਬਰ, ਧਰਮ
ਪਤਨੀ : ਸ੍ਰੀ ਮਤੀ ਅੰਮਰਿਤ ਕੌਰ
ਜਨਮ ਸਥਾਨ : ਸ੍ਰੀ ਭੈਣੀ ਸਾਹਿਬ (ਲੁਧਿਆਣਾ)
ਜਨਮਮਿਤੀ : 9-12-1948
ਸਿੱਖਿਆ : ਐਮ. ਏ. ਐਲ. ਐਲ. ਬੀ.
ਕਿੱਤਾ : ਖੇਤੀ ਬਾੜੀ। ਵਿਦਿਆਰਥੀ ਜੀਵਨ ਤੋਂ ਖੱਬੇ ਪੱਖੀ ਰਾਜਨੀਤੀ ਵੱਲ ਝੁਕਾਅ। 1972 ਈ. ਤੋਂ ਸੀ.ਪੀ.ਆਈ ਦਾ ਸਰਗਰਮ ਕਾਰਕੁੰਨ। ਕੂਕਾ ਲਹਿਰ ਦੇ ਸਾਹਿਤ ਅਤੇ ਇਤਿਹਾਸ ਬਾਰੇ ਵਿਸ਼ੇਸ਼ ਖੋਜ ਕਾਰਜ। ਕਈ ਸਮਾਜਕ, ਸਾਹਿਤਕ ਅਤੇ ਲੇਖਕ ਸਥੇਬੰਦੀਆਂ ਵਿਚ ਸਰਗਰਮੀ।
ਰਿਹਾਇਸ਼ : ਪਿੰਡ ਕਰੀਵਾਲਾ ਜ਼ਿਲ੍ਹਾ : ਸਿਰਸਾ (ਹਰਿਆਣ)-125075
ਸਪੰਰਕ : 99963-71716

# ਕੂਕਾ ਲਹਿਰ ਦੇ ਮਹਾਂ ਨਾਇਕ
# 'ਰੁੱਖਾਂ ਦੀ ਜਿਰਾਂਦ ਵਾਲੇ', 'ਦਿਆਲ-ਪੁਰਖ',
# ਗੁਰੂ ਹਰੀ ਸਿੰਘ ਜੀ

-ਸੁਵਰਨ ਸਿੰਘ ਵਿਰਕ

ਸਤਿਗੁਰੂ ਰਾਮ ਸਿੰਘ ਜੀ ਦੇ ਪਰਦੇਸ ਗਮਨ ਤੋਂ ਬਾਅਦ ਉਹਨਾਂ ਦੀ ਜਗਾਈ ਦੇਸ਼ ਆਜ਼ਾਦੀ ਦੀ ਜੋਤ ਅਤੇ ਨਾਮਧਾਰੀ ਸੰਤ ਖਾਲਸਾ ਦੀ ਸੁਤੰਤਰ ਹਸਤੀ ਨੂੰ ਉਹਨਾਂ ਵਲੋਂ ਥਾਪੇ ਉੱਤਰਾ ਅਧਿਕਾਰੀ, ਸ੍ਰੀ ਗੁਰੂ ਹਰੀ ਸਿੰਘ ਜੀ ਨੇ ਬਿਪਤ ਕਾਲ ਵਿੱਚ, ਬੜੀ ਸੂਝ ਬੂਝ ਨਾਲ ਸੰਭਾਲੀ ਰੱਖਿਆ। ਉਹਨਾਂ ਨੇ ਪੂਰੇ ੩੪ ਵਰ੍ਹੇ ਨਾਮਧਾਰੀ ਸਮੁਦਾਇ ਦਾ ਪਥ ਪਰਦਰਸ਼ਨ ਕੀਤਾ। ਸ਼ਾਂਤ ਸਮੁੰਦਰ ਵਿੱਚ ਤਾਂ ਹਰ ਕੋਈ ਚੰਗਾ ਮੁਹਾਣਾ ਸਾਬਤ ਹੋ ਸੱਕਦਾ ਹੈ, ਪਰ ਗੁਰੂ ਹਰੀ ਸਿੰਘ ਜੀ ਨੇ ਬਿੱਫਰਦੇ ਤੂਫ਼ਾਨਾਂ ਵਿੱਚ ਤੇ ਖੌਲਦੇ ਪਾਣੀਆਂ ਵਾਲੇ ਸਾਗਰ ਵਿੱਚ ਵੀ ਦਿਲ ਗੁਰਦੇ ਵਾਲੇ ਮੁਹਾਣੇ ਬਣ ਕੇ, ਆਪਣੇ ਬੇੜੇ ਦੇ ਚੱਪੂਆਂ ਨੂੰ ਹੱਥ ਪਾਇਆ ਸੀ। ਇਹ ਸਤਿਗੁਰੂ ਰਾਮ ਸਿੰਘ ਜੀ ਦੀ ਦੂਰ ਦ੍ਰਿਸ਼ਟੀ ਦਾ ਕਮਾਲ ਸੀ ਕਿ ਉਹਨਾਂ ਨੇ ਨਾਮਧਾਰੀ ਪੰਥ ਦੀ ਕੌਮੀ ਮੁਕਤੀ ਸੰਗਰਾਮ ਦੀ ਆਪਣੇ (੧੮੫੭-੭੨) ਸਮੇਂ ਅਗਵਾਈ ਕਰਦਿਆਂ, ਗੁਰੂ ਹਰੀ ਸਿੰਘ ਜੀ ਨੂੰ ਇੱਕ ਅਗਿਆਤ ਵਿਅਕਤੀ ਦੇ ਤੌਰ ਤੇ ਹੀ ਵਿਚਰਨ ਦਿੱਤਾ ਅਤੇ ਸਮਾਂ ਆਉਣ ਤੇ ਉਹਨਾਂ ਨੂੰ ਪ੍ਰਗਟ ਕਰਕੇ, ਪੰਥ ਦੀ ਵਾਗਡੋਰ ਸਉਂਪ ਦਿੱਤੀ। ਸਾਡੇ ਇਤਿਹਾਸ ਵਿੱਚ ਇਸ ਪ੍ਰਥਾਇ ਅਨੇਕ ਮਿਸਾਲਾਂ ਮਿਲਦੀਆਂ ਹਨ। ਆਪ ਦਾ ਨਾਮ (ਗੁਰੂ) ਹਰੀ ਸਿੰਘ ਰੰਗੂਨ ਤੋਂ ਬਾਬਾ ਦਰਬਾਰਾ ਸਿੰਘ ਰਾਇਪੁਰੀਏ ਦੇ ਨਾਮ ਭੇਜੇ ਪਹਿਲੇ ਹੁਕਮਨਾਮੇ ਵਿੱਚ ਕਰਨ ਦਾ ਹੁਕਮ, ਗੁਰੂ ਰਾਮ ਸਿੰਘ ਜੀ ਨੇ ਲਿਖ ਭੇਜਿਆ ਸੀ। ਇਸ ਤੋਂ ਪਹਿਲਾਂ ਆਪ ਬੁੱਧ ਸਿੰਘ ਨਾਮ ਨਾਲ ਜਾਣੇ ਜਾਂਦੇ ਸਨ।

ਮਹਾਰਾਜ ਬੁੱਧ ਸਿੰਘ ਜੀ ਦਾ ਆਗਮਨ ਅੱਸੂ ਦੇ ਤੀਜੇ ਨਰਾਤੇ, ਅੱਸੂ ਸੁਦੀ ਤੀਜ, ਅੱਠ ਅੱਸੂ ਸੰਮਤ ੧੮੭੬ ਬਿਕਰਮੀ ਮੁਤਾਬਿਕ ੨੨ ਸਤੰਬਰ, ੧੮੧੯ ਦਿਨ ਬੁੱਧਵਾਰ ਨੂੰ ਪਿੰਡ ਭੈਣੀ ਆਲਾ (ਸਾਹਿਬ) ਵਿਖੇ, ਪਿਤਾ ਬਾਬਾ ਜੱਸਾ ਸਿੰਘ ਅਤੇ ਮਾਤਾ ਸਦਾ ਕੌਰ ਜੀ ਦੇ ਗ੍ਰਹਿ ਵਿਖੇ ਹੋਇਆ।[1] ਸਤਿਗੁਰੂ ਰਾਮ ਸਿੰਘ ਜੀ ਇਸ ਸਮੇਂ ਉਮਰ ਦੇ ਚੌਥੇ ਵਰ੍ਹੇ ਵਿੱਚ ਚੱਲ ਰਹੇ ਸਨ। ਬਾਬਾ ਜੱਸਾ ਸਿੰਘ ਪਿੰਡ ਦੇ ਕਿਸਾਨਾਂ ਦੀ ਬੇਨਤੀ ਤੇ ਦੋ ਤਿੰਨ ਸਾਲ ਪਹਿਲਾਂ ਹੀ ਰਾਈਆਂ ਤੋਂ ਇੱਥੇ ਆਏ ਸਨ। ਜਿਸ ਰਾਤ ਮਹਾਰਾਜ ਬੁੱਧ ਸਿੰਘ ਜੀ ਪਰਗਟ ਹੋਏ ਉਸੇ ਰਾਤ ਪਿੰਡ ਵਿੱਚ ਇੱਕ ਖੇਮਾ ਨਾਮ ਦਾ ਜੱਟਾਂ ਦਾ ਮੁੰਡਾ ਵੀ ਜਨਮਿਆ ਸੀ। ਖੇਮਾ ਅਤੇ ਬੁੱਗ ਦੋ ਜ਼ਿਮੀਦਾਰ, ਆਪ ਦੇ ਬਾਲ ਸਖਾਈ ਮਿੱਤਰ ਸਨ।

ਪੰਜ ਬਰਸਾਂ ਦੀ ਆਯੂ ਵਿੱਚ ਲੁਧਿਆਣਾ ਜ਼ਿਲ੍ਹੇ ਦੇ ਹੀ ਪਿੰਡ ਮਾਦਪੁਰ ਵਿਖੇ, ਬੁੱਧ ਸਿੰਘ ਜੀ ਦਾ ਮੰਗਣਾ ਕਰ ਦਿੱਤਾ ਗਿਆ। ਦੋ ਸਾਲ ਬਾਅਦ ੧੯੨੬ ਈ. ਵਿੱਚ ਸੱਤਾਂ ਸਾਲਾਂ ਦੀ ਉਮਰ ਵਿੱਚ ਆਪ ਜੀ ਦਾ ਬੀਬੀ ਸਾਹਿਬ ਕੌਰ ਪੁੱਤਰੀ ਸੋਭਾ ਸਿੰਘ ਨਾਲ, ਮਾਦਪੁਰ ਵਿੱਚ ਵੇਦ ਰੀਤੀ ਨਾਲ ਵਿਆਹ ਕਰ ਦਿੱਤਾ ਗਿਆ। ਬਾਬਾ ਜੱਸਾ ਸਿੰਘ ਜੀ ਦੇ ਮਾਦਪੁਰ ਵਾਲੇ ਕੁੜਮਾਂ ਨਾਲ ਵੀ ਧਰੋੜਾਂ ਵਾਲੇ ਕੁੜਮਾਂ ਜਿਉਂ ਚੰਗੀ ਬਣ ਆਈ।[2]

ਵੇਲੇ ਦੇ ਰਿਵਾਜ ਅਨੁਸਾਰ ਲੜਕਾ ਲੜਕੀ ਜਦੋਂ ੧੭-੧੮ ਸਾਲ ਦੇ ਹੋ ਜਾਂਦੇ ਤਾਂ ਮੁਕਲਾਵੇ ਦੀ ਰਸਮ ਹੁੰਦੀ। ਇਸੇ ਤਰ੍ਹਾਂ ਬੀਬੀ ਸਾਹਿਬ ਕੌਰ ਸੰਨ ੧੯੪੦ ਦੇ ਲਾਗੇ ਚਾਗੇ ਭੈਣੀ ਸਾਹਿਬ ਆ ਗਏ। ਸਮਾਂ ਪਾ ਕੇ ਆਪ ਦੇ ਘਰ ਬੀਬੀ ਮਤਾਬ ਕੌਰ ਅਤੇ ਬੀਬੀ ਭਾਗ ਕੌਰ ਦੋ ਪੁੱਤਰੀਆਂ ਨੇ ਜਨਮ ਲਿਆ।[3] ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਬਿਰਤੀ ਤਾਂ ਸ਼ੁਰੂ ਤੋਂ ਹੀ ਭਜਨ ਬਾਣੀ ਵਾਲੀ ਸੀ ਇਸ ਲਈ ਮਹਾਰਾਜ ਬੁੱਧ ਸਿੰਘ ਜੀ ਪਿਤਾ ਬਾਬਾ ਜੱਸਾ ਸਿੰਘ ਹੋਰਾਂ ਨਾਲ, ਲੁਹਾਰਾ ਤਰਖਾਣਾ ਕਿੱਤਾ ਅਤੇ ਹੋਰ ਖੇਤੀਬਾੜੀ ਦੇ ਕੰਮ ਵਿੱਚ ਵੀ ਹੱਥ ਵੰਡਾਉਂਦੇ ਸਨ।[4] ਆਪ ਦਾ ਸਰੀਰ ਮੁੱਢ ਤੋਂ ਹੀ ਫੁਰਤੀਲਾ ਸੀ। ਕੰਮ ਕਾਰ ਕਰਦਿਆਂ ਅਕੇਵਾਂ ਥਕੇਵਾਂ ਕਦੇ ਉਹਨਾਂ ਦੇ ਨੇੜੇ ਨਹੀਂ ਸੀ ਫਟਕਦਾ। ਸ੍ਰੀ ਸਤਿਗੁਰੂ ਜੀ ਨੂੰ ਨਾ ਸਿਰਫ ਵੱਡਾ ਭਾਈ ਕਰਕੇ ਸਗੋਂ ਉਹਨਾਂ ਵਿੱਚ ਇਲਾਹੀ ਜੋਤ ਦੇ ਝਲਕਾਰੇ ਮਹਿਸੂਸ ਕਰਕੇ, ਆਪ ਹਮੇਸ਼ਾਂ ਹਰ ਵੱਡਾ ਭਾਰਾ ਕੰਮ ਖਿੜੇ ਮੱਥੇ ਨਿਬਾਹ ਕੇ, ਸਤਿਗੁਰੂ ਜੀ ਦੇ ਹਮੇਸ਼ਾਂ ਆਪਣੀ ਮੌਜ ਵਿੱਚ ਵਿਚਰਦਿਆਂ ਦੇ ਦਰਸ਼ਨ ਕਰਕੇ, ਖ਼ੁਸ਼ੀ ਅਨੁਭਵ ਕਰਦੇ।

ਆਪਣੇ ਮਗਰਲੇ ਜੀਵਨ ਵਿੱਚ ਸ੍ਰੀ ਭੈਣੀ ਸਾਹਿਬ ਡੇਰੇ ਵਿੱਚ ਰਹਿਣ ਵਾਲੇ ਸਿੰਘਾਂ ਨੂੰ ਟਹਿਲ-ਸੇਵਾ ਦੀ ਮਹੱਤਤਾ ਸਮਝਾਉਂਦਿਆਂ ਗੁਰੂ ਹਰੀ ਸਿੰਘ ਜੀ ਫੁਰਮਾਇਆ ਕਰਦੇ ਸਨ- "ਮੈਂ ਜਦ ਕੰਮ ਕਰਦਾ ਸੀ ਤਾਂ ਪੰਜਾਂ ਸਰੀਰਾਂ ਕਾ ਕੰਮ ਸੀ, ਮੈਂ ਇਕੱਲਾ ਹੀ ਕਰਦਾ ਸੀ। ਥਕੇਵਾਂ ਨਾ ਸੀ ਹੁੰਦਾ। ਸ੍ਰੀ ਸਤਿਗੁਰੂ ਜੀ ਭੀ ਥੋੜਾ ਚਿਰ ਖੇਤੀ ਕੀਤੀ। ਸਤਿਗੁਰਾਂ ਦੇ ਹੱਥਾਂ ਪਰ ਬਿਆਈਆਂ ਪਾਟਣੀਆਂ। ਜੇੜੇ ਕੰਮ ਨੂੰ ਲੱਗਦੇ ਸੇ ਕੰਮ ਅੱਗੇ ਉਡਿਆ ਫਿਰਦਾ ਸੀ। ਹੁਣ ਦੇ ਜੁਆਨ ਲੁਕੇ ਫਿਰਦੇ ਹੈਂ ਟਹਿਲੇ ਥੀ। ਟਹਿਲਾ ਕਿਸੇ ਵੇਲੇ ਹੱਥ ਨਹੀਂ ਔਣਾ ਹੈ। ਟਹਿਲਾ ਕਰਨ ਵਾਲਿਆਂ ਕੋ ਬੇਅੰਤ ਸੁਖ ਹੋਣਗੇ।"[5]

ਇਕ ਹੋਰ ਸਮੇਂ ਗੁਰੂ ਹਰੀ ਸਿੰਘ, ਆਪਣੀ ਪਹਿਲੀ ਉਮਰ ਦੇ ਕਾਰ ਵਿਹਾਰਾਂ ਬਾਰੇ ਇਉਂ ਦੱਸਦੇ ਸਨ- "ਜਾਂ ਅਸੀਂ ਤਕੜੇ ਹੋਏ ਤਾਂ ਬਾਬੇ ਜੱਸਾ ਸਿੰਘ ਜੀ ਨਾਲ ਕੰਮ ਕਾਰ ਦੀ ਮਦਦ ਦੁਆਉਣੀ। ਅਹਿਰਨ ਹਾਲੀ ਭੀ ਤਪੌਣੀ। ਰੰਬਾ ਦਾਤਰੀ ਭੀ ਚੰਡਣੇ। ਨਿਕੇ ਸੰਦ ਬਣਾਇ ਛੱਡਣੇ, ਸੋ ਵਿਕ ਜਾਣੇ। ਫਿਰ ਬਾਬੇ ਕੋ ਕੰਮ ਨਹੀਂ ਕਰਨ ਦਿਤਾ। ਸਾਨੂੰ ਜ਼ਿਮੀਦਾਰ ਦਾਨਾ ਦੇਂਦੇ ਸੀ ਤਾਂ ਨਿਕਾ ਦਾਨਾ ਅਗਲਾ ਜੋ ਹੁੰਦਾ ਸੀ ਕਾਮੇ ਜਾਣਕੇ।"[6]

ਇੱਕ ਹੋਰ ਥਾਂ ਤੇ ਫੁਰਮਾਉਂਦੇ ਹਨ ਕਿ ਉਹਨਾਂ ਨੇ ਸਤਿਗੁਰੂ ਰਾਮ ਸਿੰਘ ਜੀ ਦਾ ਬਚਨ ਕਿਸ ਤਨਦੇਹੀ ਨਾਲ ਮੰਨਿਆ ਸੀ-

"ਮੈਂ ਛੋਟਿਆਂ ਥੀਂ ਲੈ ਕੇ ਬਚਨ ਮੰਨਦਾ ਰਿਹਾ ਹਾਂ। ਜੇੜਾ ਬਚਨ ਕਰਨ ਤਤਕਾਲ ਬਜਾਇ ਲਿਆਵਣਾ, ਕਦੀ ਨਾ ਸੀ ਮੋੜਿਆ। ਸਤਿਗੁਰਾਂ ਵਾਲਾ ਗੱਡਾ ਕਣਕ ਨੂੰ ਗਿਆ ਹੋਇਆ ਸੀ। ਮੈਨੂੰ ਬਚਨ ਕੀਤਾ ਤੂੰ ਲਿਆਉ ਜਾਇਕੇ। ਤਤਕਾਲ ਜਾਇਕੇ ਲਿਆਂਦਾ। ਮੈਂ ਚਰੀ ਦਾ ਗੱਡਾ ਲਿਆਵਣਾ ਸੀ। ਸਤਿਗੁਰੂ ਜੀ ਹੁਕਮ ਦਿੱਤਾ ਸਾਡੇ ਗੱਡੇ ਕੀਆਂ ਲਾਸਾਂ ਲੈ ਜਾਣੀਆਂ। ਗੁਰਦਿੱਤ ਸਿੰਘ ਮਹੰਤ ਗਾਡੀ ਸੀ। ਜਾਂ ਮੈਂ ਜਾਇਕੇ ਮੰਗੀਆਂ ਨਾ ਦਿੱਤੀਆਂ।"[7]

ਗੁਰੂ ਹਰੀ ਸਿੰਘ ਜੀ ਦਾ ਸਤਿਗੁਰੂ ਜੀ ਪ੍ਰਤੀ ਇਹ ਗਹਿਰਾ ਸਮਰਪਣ ਭਾਵ ਹੀ ਸੀ ਜਿਸ ਕਾਰਨ ਆਪ ਉਹਨਾਂ ਦੀ ਹਰ ਪਰਖ-ਕਸਵੱਟੀ ਤੇ ਖ਼ਰੇ ਉੱਤਰੇ ਸਨ। ਉਹਨਾਂ ਨੇ ਸਤਿਗੁਰੂ ਰਾਮ ਸਿੰਘ ਪ੍ਰਤੀ ਕਦੇ ਵੀ ਭਾਈਚਾਰੇ ਦਾ ਨਹੀਂ ਸਗੋਂ ਗੁਰਸਿੱਖੀ ਦਾ ਨਾਤਾ ਹੀ ਮੁੱਖ ਰੱਖਿਆ। ਬਾਹੋਵਾਲ ਜੀ ਦੇ ਪਹਿਲੇ ਭਾਗ ਵਿੱਚ, ਸਤਿਗੁਰੂ ਜੀ ਦੇ ਸੈਨਿਕ ਜੀਵਨ ਸਮੇਂ, ਲਾਹੌਰ ਵਿੱਚ ਅੰਗਰੇਜ਼ ਸਿੱਖ ਜੰਗਾਂ ਸਮੇਂ, ਛੁੱਟੀ ਆਏ ਸਤਿਗੁਰੂ ਜੀ ਜਦੋਂ ਸਰਕਾਰੀ ਬੁਲਾਵੇ ਤੇ ਵਾਪਸ ਲਾਹੌਰ ਚੱਲੇ ਤਾਂ ਬਾਬਾ ਜੱਸਾ ਸਿੰਘ ਜੀ ਦੇ ਕਹਿਣ ਤੇ ੨੬ ਵਰ੍ਹਿਆਂ ਦੇ ਮਹਾਰਾਜ ਬੁੱਧ ਸਿੰਘ ਵੀ ਇਸ ਯਾਤਰਾ ਵਿੱਚ ਸਤਿਗੁਰੂ ਜੀ ਨਾਲ ਰਹੇ। ਸਤਿਲੁਜ ਬਿਆਸ ਦਰਿਆ ਦੇ ਪੱਤਣ ਤੋਂ ਸਤਿਗੁਰੂ ਜੀ ਨੇ ਬੁੱਧ ਸਿੰਘ ਜੀ ਨੂੰ ਵਾਪਸ ਮੋੜ ਦਿੱਤਾ। "ਲਿਖਾਰੀ (ਸੰਤੋਖ ਸਿੰਘ) ਨਾਲ ਗੁਰੂ ਹਰੀ ਸਿੰਘ ਜੀ ਬਚਨ ਕੀਤਾ ਮੈਂ ਕਦੇ ਭੀ ਬਚਨ ਨਾ ਸੀ ਮੋੜਿਆ। ਜੋ ਕਹਿਣ ਸੋ ਕਰਨਾ। ਬਹੁਤ ਪ੍ਰਸੰਨ ਹੋਇਕੇ ਖੁਸ਼ੀਆਂ ਦੇਣੀਆਂ।"[8]

ਆਪਦੇ ਪਹਿਲੇ ਜੀਵਨ ਬਾਰੇ ਸਾਡਾ ਪਹਿਲਾ ਇਤਿਹਾਸਕਾਰ ਲਿਖਦਾ ਹੈ-

"ਦੂਏ ਭਾਈ ਬੁੱਧ ਸਿੰਘ ਬੁੱਧ ਦੇਨੇ ਵਾਲੇ ਹੈਂ। ਨਾਲੇ ਖੇਤੀ ਕਰਨੀ ਨਾਲੇ ਗੱਡਾ ਸੀ। ਜਿਧਰੋਂ ਸਸਤਾ ਹੋਵੇ ਉਧਰੋਂ ਲੈ ਕੇ ਸਮਾਨ ਜਿਧਰ ਮਹਿੰਗਾ ਹੋਵੇ ਓਧਰ ਵੇਚ ਆਉਣਾ। ਇਕ ਸਰੀਰ ਨਾਲ ਰੱਖਣਾ ਜਾਂ ਗੱਡਾ ਮੁਸਾਫਰੀ ਤੁਰਨਾ।.......... ਗਊ ਯਾ ਭੈਂਸ ਭੀ ਰੱਖਣੀ। ਵਿੱਚੋਂ ਹੀ ਘਾਸ ਭੀ ਲੈ ਆਉਣਾ ਖੋਤ ਕੇ। ਦੋ ਬੈਲ ਸੇ, ਤਿੰਨਾ ਕੀ ਬੜੀ ਸੇਵਾ ਕਰਨੀ। ਰਾਜੀ ਰੱਖਣੇ, ਲਿੱਸੇ ਨਾ ਹੋਣ ਦਿੰਦੇ।"

"ਏਕ ਸਮੇਂ ਮਹਾਰਾਜ ਬੁੱਧ ਸਿੰਘ ਜੀ ਫੀਰੋਜ਼ਪੁਰ ਗਏ ਗੱਡਾ ਲੈ ਕੇ। ਇਕ ਸਰੀਰ ਹੋਰ ਨਾਲ ਸੀ। ਅੱਗੇ ਚੋਰ ਆਇ ਪਏ। ਛੁਰਾ ਗੱਡੇ ਕੇ ਬੀਚ ਆਨ ਮਾਰਿਆ। ਮਹਾਰਾਜ ਜੀ ਲਲਕਾਰਾ ਮਾਰਿਆ। ਉਤਰ ਕੇ ਪੱਟ ਤੋਂ ਤਾਂ ਮਗਰ ਭੱਜੇ ਚੋਰਦੇ। ਨੱਸ ਗਿਆ ਚੋਰ। ਫੇਰ ਪੱਟ ਪਰ ਬੈਠੇ। ਬੈਲ ਹਿਕੀ ਜਾਂਦੇ ਹੈਂ। ਨੇਤਰ ਸਮਾਧੀ ਮੈਂ ਹੋਇ ਗਏ ਤੇ ਮਹਾਰਾਜ ਜੀ ਹੇਠਾਂ ਡਿੱਗੇ। ਦੋਵੇਂ ਪਾਸਿਆਂ ਸੇ ਦੋਵੋ ਪਹੀਏ ਲੰਘ ਗਏ। ਵਿਚਾਲੇ ਮਹਾਰਾਜ ਜੀ ਰੱਖੇ ਕਰਤਾਰ ਨੇ ਕਿਰਪਾ ਕਰੀ। ਗੱਡਾ ਅੱਗੇ ਲੰਘ ਗਿਆ।.........."

"ਮਹਾਰਾਜ ਜੀ ਬਚਨ ਕੀਤਾ ਮੇਰਾ ਇਹ ਸੁਭਾਉ ਸੀ ਕਿ ਜੋ ਸਤਿਗੁਰੂ ਰਾਮ ਸਿੰਘ ਜੀ ਬਚਨ ਕਰਨ ਸੋ ਮੰਨਣਾ। ਮੈਂ ਉਹਨਾਂ ਨੂੰ ਕਿਸੇ ਵਿਹਾਰ ਦਾ ਬੋਲਾ ਨਾ ਕਹਿਣਾ, ਆਪ ਕਰ ਲੈਣਾ। ਜੋ ਬਚਨ ਕਹਿਣ ਸਤਿਗੁਰੂ ਜੀ ਸੋਈ ਕਰਨਾ। ਉਲਟਾਉਣਾ ਨਹੀਂ। ਭੈ ਰੱਖਣਾ, ਅਦਬ ਰੱਖਣਾ। ਹਰ ਤਰ੍ਹਾਂ ਸੇ ਡਰਦੇ ਰਹਿਣਾ।"[9]

ਨਾਮ ਦੀ ਦਾਤ–

੧੨ ਅਪਰੈਲ ੧੮੫੭ ਈ, ਨੂੰ ਸਤਿਗੁਰੂ ਰਾਮ ਸਿੰਘ ਜੀ ਨੇ ਸੰਤ ਖਾਲਸੇ ਦੀ ਸਾਜਨਾ ਕੀਤੀ। ਇਸ ਸਮੇਂ ਜਾਂ ਇਸ ਤੋਂ ਥੋਹੜਾ ਸਮਾਂ ਬਾਅਦ, ਮਹਾਰਾਜ ਬੁੱਧ ਸਿੰਘ ਜੀ ਨੇ ਵੀ ਗੁਰ ਮਰਿਆਦਾ ਧਾਰਨ ਕਰ ਲਈ। ਆਪਣਾ ਵਿਹਾਰ ਕਾਰ ਕਰਦਿਆਂ ਹੀ ਆਪ ਨਾਮ ਸਿਮਰਨ ਕਰਦੇ ਰਹਿੰਦੇ। ਗੁਰਮੁਖੀ ਅੱਖਰਾਂ ਦਾ ਗਿਆਨ ਵਡੇਰੀ ਆਯੂ ਵਿੱਚ ਸੂਬਾ ਗੋਪਾਲ ਸਿੰਘ ਮੌੜਾਂ ਵਾਲਿਆਂ ਤੋਂ ਹਾਸਲ ਕਰਕੇ, ਨਿਤਨੇਮ ਦੀਆਂ ਬਾਣੀਆਂ ਅਤੇ ਆਦਿ ਗੁਰੂ ਗਰੰਥ ਸਾਹਿਬ ਜੀ, ਦਾ ਪਾਠ ਸਰਲ ਕਰ ਲਿਆ ਸੀ। ਸੰਤ ਖਾਲਸਾ ਸਾਜਨ ਦੇ ਸਮੇਂ ਤੋਂ ਹੀ ਸੰਗਤ ਦੀ ਆਵਾਜਾਈ ਸ੍ਰੀ ਭੈਣੀ ਸਾਹਿਬ ਬਣੀ ਰਹਿੰਦੀ। ਛੇਤੀ ਹੀ ਲੋਹ ਲੰਗਰ ਵੀ ਸ਼ੁਰੂ ਹੋ ਗਿਆ। ਪਰ ਸਤਿਗੁਰੂ ਜੀ ਦੇ ਪਰਦੇਸ ਗਮਨ ਤੋਂ ਛੇ ਮਹੀਨੇ ਪਹਿਲਾਂ ਤੱਕ, ਆਪ ਆਪਣਾ ਕਾਰ ਵਿਹਾਰ ਕਰਕੇ ਪਰਸ਼ਾਦਾ ਆਪਣੇ ਘਰੋਂ ਹੀ ਛਕਦੇ ਸਨ। ਜਦੋਂ ਆਪ ਨੂੰ ਲੱਜਾਂ ਤੋਂ ਜਵਾਬ ਮਿਲਿਆ ਤਾਂ ਸਤਿਗੁਰੂ ਜੀ ਨੇ ਵਿਹਾਰ ਕਾਰ ਛੁਡਵਾ ਦਿੱਤਾ ਅਤੇ ਹੁਕਮ ਕੀਤਾ ਕਿ ਹੁਣ ਪਰਸ਼ਾਦਾ ਲੰਗਰ ਵਿੱਚੋਂ ਹੀ ਛਕੋ। ਸੰਨ ੧੮੬੧ ਈ. ਦੀ ਹਰਦੁਆਰ ਦੀ ਅਰਧ ਕੁੰਭੀ ਤੇ ਸਤਿਗੁਰੂ ਜੀ ਨਾਲ ਪਰਿਵਾਰ ਦੇ ਸਾਰੇ ਜੀਅ ਸਮੇਤ ਮਹਾਰਾਜ ਬੁੱਧ ਸਿੰਘ ਹਾਜ਼ਰ ਸਨ। ਇੱਥੇ ਗੰਗਾ ਦੇ ਕਿਨਾਰੇ ਮਸਤਾਨੀ ਬਿਰਤੀ ਵਿੱਚ ਕਈ ਕਉਤਕ ਅਤੇ ਭਵਿੱਖਤ ਵਾਕ ਵੀ ਹੋਏ ਜਿਹਨਾਂ ਦਾ ਸੰਬੰਧ, ਮਹਾਰਾਜ ਬੁੱਧ ਸਿੰਘ ਜੀ ਦੀ ਅਜ਼ਮਤ ਨਾਲ ਸੀ।

"ਏਕ ਲੱਠਾ ਦਯਾਰ ਕਾ ਪੜਾ ਸੀ। ਚੁੱਕਕੇ ਉਸਕੋ ਧੂਣੀ ਮੇਂ ਲਾਵਣ ਲੱਗੇ। ਇਕ ਪਾਸਿਓਂ ਆਪ ਚੁੱਕਿਆ ਇੱਕ ਪਾਸੇ ਸਿੰਘ ਚੁੱਕਣ ਲੱਗੇ। ਗੁਰੂ ਜੀ ਆਪਣਾ ਪਾਸਾ ਉਠਾਇ ਲਿਆ। ਸਿੰਘਾਂ ਦਾ ਪਾਸਾ ਨਾ ਉਠਿਆ। ਗੁਰੂ ਜੀ ਬਚਨ ਕੀਤਾ– ਬੁੱਧ ਸਿੰਘ ਆਓ ਭਾਈ ਮੈਂ ਤੇ ਤੂ ਚੁੱਕੀਏ, ਏਨ੍ਹਾਂ ਥੀਂ ਨਹੀਂ ਚੁੱਕਿਆ ਜਾਂਦਾ। ਜੋ ਮੈਂ ਔਰ ਤੈਂ ਕਾਰ ਕਰਨੀ ਹੈ ਸੋ ਏਨਾ ਥੀਂ ਨਹੀਂ ਹੋਣੀ। ਦੋਹਾਂ ਭਾਈਆਂ ਲੱਠਾ ਧੂਣੀ ਪਰ ਧਰਕੇ ਅੱਗ ਲਗਾਇ ਦਿੱਤੀ। ਪੈਹਰੇ ਵਾਲਾ ਸੰਤਰੀ ਆਇਕੇ ਕੈਹਣੇ ਲਗਾ ਜੀ ਮੇਰਾ ਤਾਂ ਰਿਜ਼ਕ ਮਾਰਿਆ ਜਾਏਗਾ। ਉਸ ਕੋ ਦੋ ਰੁਪਏ ਦੇ ਦਿੱਤੇ ਤੇ ਲੱਠਾ ਚੁੱਕਕੇ ਗੰਗਾ ਮੈਂ ਸਿੱਟਿਆ। ਅੱਗ ਬੁਝਾਈ। ਬਚਨ ਕੀਤਾ ਸਿੰਘਾਂ ਕੋ ਟਹਿਲ ਸੇਵਾ ਕਰਿਆ ਕਰੋ।"[10]

ਸਤਿਗੁਰੂ ਜੀ ਆਪਣੇ ਛੋਟੇ ਭਰਾਤਾ ਨੂੰ ਨਾਮਧਾਰੀ ਪੰਥ ਦੀ ਸਥਾਪਨਾ ਤੋਂ ੧੩–੧੪ ਸਾਲ ਤੱਕ ਭਾਵੀ ਰਣਨੀਤੀ ਵਿਚਾਰ ਕੇ ਹੀ ਬਿਲਕੁਲ ਸਧਾਰਨ ਵਿਅਕਤੀ ਜਿਉਂ ਵਿਚਰਨ ਦਾ ਸਬਕ ਦਿੱਤਾ। ਇਸ ਲਈ ਗੁਰੂ ਭਰਾਤਾ ਨਾਤੇ ਕਿਸੇ ਵਿਸ਼ੇਸ਼ ਅਧਿਕਾਰ ਦਾ ਉਹਨਾਂ ਨੂੰ ਧਾਰਨੀ ਨਹੀਂ ਬਣਾਇਆ। ਮਹਾਰਾਜ ਬੁੱਧ ਸਿੰਘ ਜੀ ਇਕ ਸਮੇਂ ਬਰਨਾਲੇ ਪਾਸ ਰਾਇਸਰ ਗਏ। ਸੰਤ ਉੱਤਮ ਸਿੰਘ ਨੂੰ ਪਿੰਡੋਂ ਬਾਹਰ ਗੱਡਾ ਖਲਹਾਰ ਕੇ ਸੁਨੇਹਾ ਭੇਜਿਆ ਕਿ ਭੈਣੀ ਸਾਹਿਬ ਦਾ ਇਕ ਲੋਹਾਰ ਤੁਹਾਨੂੰ ਮਿਲਣਾ ਚਾਹੁੰਦਾ ਹੈ। ਬਾਬਾ ਉੱਤਮ ਸਿੰਘ ਜੀ ਨੇ ਜਾ ਕੇ ਦਰਸ਼ਨ ਕਰਕੇ ਕਿਹਾ ਮਹਾਰਾਜ ਜੀ ਏਨਾ ਹੌਲਾ ਸੁਨੇਹਾ ਕਿਉਂ ਭੇਜਿਆ ? ਤੁਸੀਂ ਤਾਂ ਸਤਿਗੁਰੂ ਜੀ ਦੇ ਭਰਾਤਾ ਹੋ। ਇਸ ਤੇ ਮਹਾਰਾਜ ਜੀ ਜੁਆਬ ਦਿੱਤਾ– "ਸਾਰੀ ਮਹਿਮਾ ਤਾਂ ਸਤਿਗੁਰੂ ਸੱਚੇ ਪਾਤਸ਼ਾਹ ਜੀ ਦੀ

ਹੈ, ਮੈਂ ਤਾਂ ਭਾਈ ਫਾਲੇ ਡੰਗਣ ਵਾਲਾ ਲੋਹਾਰ ਹੀ ਹਾਂ।" ਕਈ ਵੇਰ ਜੇ ਸਤਿਗੁਰੂ ਜੀ ਨੇ ਉਟਾਲਾਂ ਜਾਂ ਕਿਸੇ ਹੋਰ ਪਿੰਡ ਤੋਂ ਆਪ ਨੂੰ ਹੁਕਮ ਕਰਨਾ ਕਿ ਤੁਰ ਕੇ ਨਾ ਆਇਓ ਇਹ ਘੋੜੀ ਲੈ ਲਉ। ਆਪ ਜੀ ਨੇ ਉਸ ਘੋੜੀ ਤੇ ਜੇ ਕੋਈ ਹੋਰ ਸਿੰਘ ਸੁਆਰ ਹੋ ਗਿਆ ਤਾਂ ਰਤਾ ਵੀ ਮਲਾਲ ਵਿੱਚ ਨਹੀਂ ਆਉਣਾ। ਆਪ ਜੀ ਦੇ ਇਤਨੇ ਨਿਰਮਾਣ ਸੁਭਾਉ ਤੋਂ ਕਈ ਸਿਦਕੀ ਸਿੰਘ ਅਚੰਭਿਤ ਵੀ ਹੁੰਦੇ।

"ਜਵੰਦ ਸਿੰਘ ਰਾਮਦਾਸਪੁਰੇ ਸਾਹਿਬ ਮੈ ਆਇਆ। ਦਰਸ਼ਨ ਕੀਤਾ। ਮਹਾਰਾਜ ਬੁੱਧ ਸਿੰਘ ਜੀ ਜੋੜੀ ਕੇ ਸੱਕ ਲੌਂਦੇ, ਸੇ ਬੈਠੇ। ਜਵੰਦ ਸਿੰਘ ਭੀ ਕੋਲ ਆਇ ਬੈਠਾ। ਸੰਕਲਪ ਕੀਤਾ ਸਤਿਗੁਰੂ ਜੀ ਦੀਆਂ ਅਕਾਸ ਪਤਾਲ ਵਿੱਚ ਖ਼ਬਰਾਂ ਹੋਈਆਂ ਹੈਨ ਤੇ ਭਾਈ ਕੀ ਖ਼ਬਰ ਨਹੀਂ ਲਈ। ਅਜੇ ਸੱਕ ਹੀ ਲਾਹੁੰਦਾ ਹੈ। ਐਸੇ ਸੰਕਲਪ ਦੇ ਮਿਟਾਉਣ ਨੂੰ ਅੰਤਰਜਾਮੀ ਸ੍ਰੀ ਸਤਿਗੁਰੂ ਜੀ ਆਇ ਬਚਨ ਕੀਤਾ- ਬੁੱਧ ਸਿੰਘ ਹੁਣ ਕੰਮ ਦਾ ਵੇਲਾ ਨਹੀਂ ਹੈ। ਕੰਮ ਛੱਡ ਦਿਓ ਤੇ ਗੋਪਾਲ ਸਿੰਘ ਕੋਲੋਂ ਪੜ੍ਹਿਆ ਕਰ। ਮਹਾਰਾਜ ਬੁੱਧ ਸਿੰਘ ਜੀ ਕੇ ਮਹਿਲ ਸਾਹਬੋ ਨੂੰ ਬਚਨ ਕੀਤਾ- ਅੱਗੇ ਵਾਲੀ ਗੱਲ ਨਹੀਂ ਕਰਨੀ। ਲੰਗਰੋਂ ਪਰਸ਼ਾਦਾ ਛਕ, ਅਕਾਲ ਬੁੰਗੇ ਬੈਠ ਕੇ ਮਾਲਾ ਫੇਰੀ ਜਾਈਂ। ਜਵੰਦ ਸਿੰਘ ਦਾ ਸੰਕਲਪ ਪੂਰਾ ਹੋਇਆ। ਸਮਝਿਆ ਜੋ ਮੇਰਾ ਸੰਸਾ ਨਵਿਰਤ ਹੋਇਆ ਹੈ।"[11]

**ਦੋਵੇਂ ਭਾਈ ਇੱਕ ਸਮਾਨ-**

ਜੁਲਾਈ ੧੯੭੧ ਈ. ਦਾ ਇਹ ਬਚਨ ਇੱਕ ਹੋਰ ਥਾਂ ਤੇ ਸਾਡਾ ਇਤਿਹਾਸਕਾਰ ਇਉਂ ਬਿਆਨ ਕਰ ਰਿਹਾ ਹੈ- "ਛੇ ਮਹੀਨੇ ਅੱਗੇ ਜਾਣੇ ਥੀਂ ਸਤਿਗੁਰੂ ਜੀ ਅਕਾਲ ਬੁੰਗੇ ਭਜਨ ਕਰਦੇ ਸੇ, ਓਧਰੋਂ ਛੋਟੇ ਭਾਈ ਮਹਾਰਾਜ ਬੁੱਧ ਸਿੰਘ ਜੀ ਹਲ ਮੋਢਿਆਂ ਤੇ ਚੁੱਕੀ ਆਉਂਦੇ ਸੇ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਹਲ ਏਥੇ ਹੀ ਰੱਖ ਦੇਉ ਤੇ ਤੁਸੀਂ ਲੰਗਰੋਂ ਪ੍ਰਸ਼ਾਦਾ ਛਕਿਆ ਕਰੋ ਤੇ ਭਜਨ ਬਾਣੀ ਕਰਿਆ ਕਰੋ। ਏਹ ਹਲ ਕੋਈ ਹੋਰ ਬਾਹੁਣਗੇ। ਮਹਾਰਾਜ ਜੀ ਨੇ ਓਥੇ ਈ ਹਲ ਰੱਖ ਦਿੱਤਾ। ਫੇਰ ਖ਼ਵਰ ਨਹੀਂ ਰੱਖੀ ਕੌਣ ਲੈ ਗਿਆ। ਸਤਿਗੁਰੂ ਜੀ ਓਥੋਂ ਹੀ ਬਾਂਹ ਫੜਕੇ ਲੰਗਰ ਮੇਂ ਲੈ ਆਏ। ਲਾਂਗਰੀਆਂ ਨੇ ਦੋ ਚੌਂਕੀਆਂ ਡਾਹ ਦਿੱਤੀਆਂ। ਦੋਨੋਂ ਭਾਈ ਚਿੱਟੀਆਂ ਪੁਸ਼ਾਕਾਂ ਪਾਇਕੇ ਚੌਂਕੀਆਂ ਪਰ ਬੈਠੇ। ਪਰਸਾਦ ਛਕਣੇ ਲਗੇ। ਦੀਨਾ ਨਾਥ ਜੀ ਸਿੱਖਾਂ ਨੂੰ ਪੁੱਛਿਆ- ਸਾਡੇ ਦੋਹਾਂ ਮੇਂ ਕੋਈ ਫਰਕ ਲਗਦਾ ਹੈ ? ਸਿੱਖਾਂ ਕਿਹਾ ਜੀ ਕੋਈ ਫਰਕ ਨਹੀਂ ਹੈ।

"ਮਹਾਰਾਜ ਜੀ ਉਸੀ ਦਿਨ ਤੇ ਲੰਗਰੋਂ ਪ੍ਰਸਾਦਾ ਛਕਣਾ, ਭਜਨ ਬਾਣੀ ਕਰਨਾ। ਜਿਵੇਂ ਬਚਨ ਸ੍ਰੀ ਸਤਿਗੁਰੂ ਜੀ ਕਰਨ ਤਿਵੇਂ ਹੀ ਮੰਨਣਾ। ਸ੍ਰੀ ਸਤਿਗੁਰੂ ਜੀ ਬਚਨ ਕੀਤਾ- ਬੁੱਧ ਸਿੰਘ ਨਾ ਤੇਰੇ ਪੁਤਰ ਹੈ ਨਾ ਮੇਰੇ ਪੁੱਤਰ ਹੈ। ਮੈਂ ਤਾਂ ਜਾਣਾ ਹੈ ਪਰਦੇਸ ਨੂੰ, ਤੂੰ ਤਾਂ ਬਿਵਾਹ ਕਰਵਾਇ ਲੈ ਹੋਰ। ਮਹਾਰਾਜ ਜੀ ਚੁੱਪ ਕਰ ਰਹੇ ਕੋਈ ਉਤਰ ਨਹੀਂ ਦਿਤਾ ਉਸ ਵਕਤ।"[12]

ਭਵਿੱਖ ਵਕਤਾ ਸਤਿਗੁਰੂ ਰਾਮ ਸਿੰਘ ਜੀ ਜਾਣਦੇ ਸਨ ਕਿ ਬਰਤਾਨਵੀ ਹਕੂਮਤ ਉਹਨਾਂ ਨੂੰ ਅਤੇ ਉਹਨਾਂ ਦੁਆਰਾ ਵਿੱਢੇ ਕੂਕਾ ਸੰਗਰਾਮ ਨੂੰ ਕਿਤਨਾ ਖ਼ਤਰਨਾਕ

ਸਮਝਦੀ ਹੈ, ਇਸ ਲਈ ਹੁਣ ਪੰਜਾਬ ਵਿੱਚ ਉਹਨਾਂ ਦੇ ਦਿਨ ਗਿਣਤੀ ਦੇ ਹੀ ਸਨ। ਕੂਕਿਆਂ ਦਾਰਾਜਸੀ ਨਿਸ਼ਾਨਾ ਆਪਣੇ ਲੋਕਾਂ ਦੀ ਸਾਂਝੀ ਸਰਕਾਰ ਦੀ ਕਾਇਮੀ ਅਤੇ ਸਮਤਾ ਮੂਲਕ ਸਮਾਜਿਕ ਆਰਥਿਕ ਢਾਂਚਾ ਉਸਾਰ ਕੇ, ਉਜੜਿਆਂ ਥੁੜਿਆਂ ਦਾ ਲੋਕ ਕਲਿਆਣ ਕਰਨਾ ਸੀ। ਸਤਿਗੁਰੂ ਰਾਮ ਸਿੰਘ ਜੀ ਅਤੇ ਉਹਨਾਂ ਦੇ ਥਾਪੇ ਸੂਬੇ, ਗੁਰਮਤਿ ਅਨੁਸਾਰ ਜੀਵਨ ਜਾਚ ਦਾ ਉਪਦੇਸ਼ ਦੇ ਕੇ, ਬਸਤੀਵਾਦੀ ਤੇ ਸਾਮੰਤੀ ਚੱਕੀ ਵਿੱਚ ਪਿਸ ਰਹੀ ਆਮ ਲੋਕਾਈ ਨੂੰ ਬੰਧਨ ਮੁਕਤ ਕਰਨਾ ਚਾਹੁੰਦੇ ਸਨ। ਉਹਨਾਂ ਨੇ ਅੰਗਰੇਜ਼ਾਂ ਦੀਆਂ ਮਿੱਲਾਂ ਵਿੱਚ ਬਣੇ ਹਰ ਤਰ੍ਹਾਂ ਦੇ ਮਾਲ ਅਤੇ ਪੰਜਾਬ ਵਿੱਚ ਕਾਇਮ ਬਰਤਾਨਵੀ ਸੰਸਥਾਵਾਂ ਨਾਲ, ਮੁਕੰਮਲ ਬਾਈਕਾਟ, ਅਸਹਿਯੋਗ ਦੀ ਨੀਤੀ ਦਾ ਜ਼ੋਰ ਸ਼ੋਰ ਨਾਲ ਪਰਚਾਰ ਕੀਤਾ ਸੀ। ਪੰਜਾਬ ਵਿੱਚ ਸੂਬਾ ਪ੍ਰਣਾਲੀ ਤੇ ਅਧਾਰਿਤ ਕੂਕਾ ਸੰਗਠਨ ਵਿੱਚੋਂ ਬਸਤੀਵਾਦੀ ਹਾਕਮਾਂ ਨੂੰ ਸਮਾਨੰਤਰ ਸਰਕਾਰ ਦੇ ਝਉਲੇ ਪੈਂਦੇ ਸਨ। ਕੂਕਿਆਂ ਦੇ ਸੁਦੇਸ਼ੀ ਅਤੇ ਸੁਤੰਤਰ ਆਰਥਿਕ ਵਿਕਾਸ ਦੇ ਨਾਹਰੇ ਵਿੱਚੋਂ, ਉਹਨਾਂ ਨੂੰ ਬਗਾਵਤ ਦੀ ਗੰਧ ਆ ਰਹੀ ਸੀ। ਪੰਜਾਬੀਆਂ ਦੀ ਫਿਰਕੂ ਏਕਤਾ ਤੋੜਨ ਵਾਲਿਆਂ ਤੇ ਹਮਲੇ, ਉਹਨਾਂ ਨੂੰ ਆਪਣੀ ਸੱਤਾ ਦੀ ਸਿੱਧੀ ਨਾਬਰੀ ਪਰਤੀਤ ਹੁੰਦੇ ਸਨ। ਰੂਸ, ਅਫਗਾਨਿਸਤਾਨ, ਨੈਪਾਲ, ਭੂਟਾਨ ਆਦਿ ਗੁਆਂਢੀ ਦੇਸ਼ਾਂ ਅਤੇ ਕਸ਼ਮੀਰ, ਲਖਨਊ, ਬਨਾਰਸ, ਗਵਾਲੀਅਰ, ਹੈਦਰਾਬਾਦ ਆਦਿ ਦੇਸੀ ਰਿਆਸਤਾਂ ਨਾਲ ਕੂਕਿਆਂ ਦੇ ਕੂਟਨੀਤਕ ਅਤੇ ਸੈਨਿਕ ਕਾਰਵਾਈ ਲਈ ਸੰਪਰਕਾਂ ਵਿੱਚੋਂ, ਉਹਨਾਂ ਨੂੰ ਗੁਰੂ ਰਾਮ ਸਿੰਘ ਜੀ ਦੀ ਇਹ ਲਹਿਰ ਹੁਣ ਆਪਣੇ ਧਾਰਮਿਕ ਘੇਰੇ ਵਿੱਚੋਂ ਬਾਹਰ ਜਾ ਕੇ ਸਿਆਸੀ ਆਕਾਂਖਾਂਵਾ ਪਾਲਦੀ ਨਜ਼ਰ ਆਉਂਦੀ ਸੀ। ਮਲੇਰਕੋਟਲੇ ਦੇ ਸਾਕੇ ਬਾਦ ਪੰਜਾਬ ਸਰਕਾਰ ਨੇ ਹਿੰਦ ਸਰਕਾਰ ਨੂੰ ਲਿਖਿਆ ਕਿ ਜਦੋਂ ਤੱਕ ਇਸ ਲਹਿਰ ਦੇ ਸਾਰੇ ਆਗੂ ਦੇਸ ਬਦਰ ਨਹੀਂ ਕੀਤੇ ਜਾਂਦੇ, ਇਹ ਮੁਲਕ ਹੁਣ ਸਾਡੇ ਲਈ ਇੱਕ ਸੁਰੱਖਿਅਤ ਦੇਸ਼ ਨਹੀਂ ਰਹੇਗਾ।

ਨਤੀਜੇ ਵਜੋਂ ਸਤਿਗੁਰੂ ਰਾਮ ਸਿੰਘ ਜੀ ਅਤੇ ਹੋਰ ਦਸ ਪਰਮੁੱਖ ਸੂਬਿਆਂ ਨੂੰ ੧੮੧੮ ਦੇ ਬੰਗਾਲ ਰੈਗੂਲੇਸ਼ਨ ਦੀ ਧਾਰਾ ਤਿੰਨ ਤਹਿਤ, ਨਿਰਵਾਸਤ ਕੀਤਾ ਜਾ ਰਿਹਾ ਸੀ। ਸਤਿਗੁਰੂ ਜੀ ਨੂੰ ੧੭ ਜਨਵਰੀ ੧੮੭੨ ਨੂੰ ਵਾਹਵਾ ਸੋਤੇ ਪਏ, ਲੁਧਿਆਣੇ ਕਮਿਸ਼ਨਰ ਪਾਸ ਪਹੁੰਚਣ ਦਾ ਪਰਵਾਨਾ ਲੈ ਕੇ, ਪੂਰੀਆਂ ਸੈਨਿਕ ਤਿਆਰੀਆਂ ਬਾਅਦ, ਪੁਲੀਸ ਕਰਮਚਾਰੀ ਪੁੱਜੇ। ਸੰਗਤ ਇਸ ਸੱਦੇ ਤੇ ਭਾਵ ਵਿਭੋਰ ਹੋ ਉੱਠੀ। ਮਹਾਰਾਜ ਬੁੱਧ ਸਿੰਘ ਜੀ ਲਈ ਵੀ ਪ੍ਰਾਣਾਂ ਸਮਾਨ ਪਿਆਰੇ ਸਤਿਗੁਰੂ-ਭਰਾਤਾ ਦਾ ਵਿਛੋੜਾ, ਡਾਢਾ ਦੁਖਦਾਈ ਸਿੱਧ ਹੋਇਆ। ਉਹ ਡਾਢੇ ਭਾਵ ਬਹਿਬਲ ਹੋ ਗਏ। ਉਹਨਾਂ ਨੇ ਸੋਚਿਆ ਕਿ ਉਹ ਜਿਤਨੇ ਦੋਸ਼ ਸਤਿਗੁਰੂ ਜੀ ਤੇ ਅੰਗਰੇਜ਼ ਸਰਕਾਰ ਲਾ ਰਹੀ ਹੈ, ਆਪਣੇ ਸਿਰ ਤੇ ਲੈ ਲੈਣ ਤਾਂ ਸ਼ਾਇਦ ਸੰਗਤ ਇਸ ਸਤਿਗੁਰੂ-ਵਿਛੋੜੇ ਤੋਂ ਬਚ ਜਾਏ।

"ਮਹਾਰਾਜ ਬੁੱਧ ਸਿੰਘ ਜੀ ਅਰਜ਼ ਕੀਤੀ, "ਦੀਨਾ ਨਾਥ ਜੀ! ਏਹ ਸਭ ਕੁਛ ਮੈਂ ਆਪਣੇ ਸਿਰ ਤੇ ਮੰਨ ਲੈਂਦਾ ਹਾਂ ਕਿ ਮੈਂ ਕਰਾਇਆ ਹੈ। ਆਪ ਦੀ ਥਾਂ ਮੈਂ ਤੁਰ ਜਾਂਦਾ ਹਾਂ ਤੁਸੀਂ ਏਥੇ ਰਹੋ। ਆਪ ਤੋਂ ਬਗੈਰ ਸੰਗਤਾਂ ਨਹੀਂ ਬਚ ਸਕਦੀਆਂ।" ਸਤਿਗੁਰੂ ਜੀ ਬਚਨ

ਕੀਤਾ- ਏਹ ਕੰਮ ਮੇਰੇ ਜਾਣ ਦਾ ਹੀ ਹੈ। ਮੇਰੇ ਗਿਆਂ ਬਗੈਰ ਕੰਮ ਨਹੀਂ ਸਰਨਾ।"[13]

ਇੱਕ ਹੋਰ ਪੁਰਾਤਨ ਨਾਮਧਾਰੀ ਲਿਖਾਰੀ, ਭਾਈ ਧਿਆਨ ਸਿੰਘ ਕਾਦਰਾਬਾਦੀ ਪਰਦੇਸ ਗਮਨ ਸਾਕੇ ਨੂੰ ਬਿਆਨ ਕਰਦਾ ਹੈ ਕਿ ਸਤਿਗੁਰੂ ਜੀ ਦੇ ਇਹ ਕਹਿਣ ਤੇ ਕਿ ਕੋਈ ਇੱਕ ਸਿੰਘ ਸਾਡੇ ਨਾਲ ਚੱਲੇ, ਮਹਾਰਾਜ ਬੁੱਧ ਸਿੰਘ ਜੀ ਤੁਰੰਤ ਤਿਆਰ ਹੋਏ, ਪਰ ਸਤਿਗੁਰੂ ਜੀ ਨੇ ਉਹਨਾਂ ਨੂੰ ਇੱਥੇ ਰਹਿ ਕੇ ਸੰਗਤ ਨੂੰ ਭਜਨ ਬਾਣੀ ਕਰਵਾਉਣ ਦਾ ਹੁਕਮ ਲਾਇਆ-

"ਸ੍ਰੀ ਗੁਰ ਬੋਲੇ ਹੈ ਕੋ ਸਿੰਘ॥ ਚਾਲੇ ਜੋ ਅਬ ਹਮਰੇ ਸੰਗ॥
ਮਹਾਰਾਜ ਛੋਟੇ ਤਬ ਕਹੇ॥ ਦਾਸ ਪ੍ਰਭੁ ਜੀ ਹਾਜਰ ਅਹੇ॥23॥
ਬੋਲੇ ਤੁਮ ਪੀਛੇ ਸਭ ਸਾਰਾ॥ ਈਹਾ ਰਾਖੋ ਭਲੀ ਪ੍ਰਕਾਰਾ॥
ਕਰੀਓ ਭਜਨ ਕਰਾਵੋ ਔਰਨ॥ ਬਿਨਾ ਨਾਮ ਕਹੂੰ ਕੋਊ ਠੌਰ ਨ॥24॥
ਸਾਰ ਸਮਾਲ ਰਖੋ ਸਭ ਸੰਗਤ॥ ਇਤ ਦਰ ਕੀ ਹੋਵੈ ਲਖ ਮੰਗਤ॥
ਤੁਮ ਨਿਰਭੈ ਬੈਠੋ ਨਿਸ ਗਮਾ॥ ਬੀਚ ਭਜਨ ਕਾਟੋ ਕੁਛ ਸਮਾ॥25॥
ਬਾਣੀ ਅਖੰਡ ਕਰਾਵੋ ਪਾਠ॥ ਸਦ ਅਟਲਾ ਸਾਚੇ ਕੋ ਠਾਟ॥"[14]

੧੯ ਜਨਵਰੀ ਦੀ ਸਵੇਰ ਗੋਰਖਾ ਫੌਜ ਅਤੇ ਪੁਲੀਸ ਦੀ ਧਾੜ, ਡੇਰਾ ਭੈਣੀ ਸਾਹਿਬ ਤੇ ਟੁੱਟ ਪਈ। ਸ੍ਰੀ ਭੈਣੀ ਸਾਹਿਬ ਦੀ ਡੀ. ਆਈ. ਜੀ. ਕਰਨਲ ਬੇਲੀ ਦੀ ਅਗੁਵਾਈ ਹੇਠ ਪੂਰੀ ਤਲਾਸ਼ੀ ਲੈ ਕੇ, ਸਭ ਹਾਜ਼ਰ ਵਿਅਕਤੀਆਂ ਦੀਆਂ ਲਿਸਟਾਂ ਬਣਾਈਆਂ ਗਈਆਂ ਜਿਹਨਾਂ ਨੂੰ ਉਸੇ ਦਿਨ ਲੁਧਿਆਣੇ, ਭਰਪੂਰ ਸਰਦੀ ਤੇ ਕਿਣ ਮਿਣ ਵਾਲੇ ਮੌਸਮ ਵਿੱਚ ਨੰਗੀਆਂ ਤਲਵਾਰਾਂ ਦੇ ਪਹਿਰੇ ਹੇਠ ਤੋਰ ਕੇ ਲੈ ਜਾਇਆ ਗਿਆ। ਇੱਥੇ ਡੇਰੇ ਵਿੱਚ ਆਉਂਦਿਆਂ ਕਰਨਲ ਬੇਲੀ ਦਾ ਟਾਕਰਾ ਮਹਾਰਾਜ ਬੁੱਧ ਸਿੰਘ ਜੀ ਨਾਲ ਹੋਇਆ- "ਪੂਛਨੇ ਲਗਾ ਤੁਮ ਕੌਣ ਹੋ ? ਮਹਾਰਾਜ ਜੀ ਬਚਨ ਕੀਤਾ ਕਿ ਮੈਂ ਭਾਈ ਹਾਂ ਸਤਿਗੁਰੂ ਜੀ ਕਾ। ਫਰੰਗੀ ਨੇ ਕਹਾ ਤੁਮ ਭੀ ਨਾਲ ਈ ਜਾਓਗੇ। ਈਹਾਂ ਨਾ ਰਹੋਗੇ। ਸਿੰਘਾਂ ਨੂੰ ਚਾਰ ਚਾਰ ਕਰਕੇ ਬਠਾਈ ਗਏ ਅਕਾਲ ਬੁੰਗੇ ਵਾਲੇ ਰਸਤੇ ਪਰ ਸਿੱਧੇ।"[15]

ਬਾਕੀ ਸਿੰਘਾਂ ਨੂੰ ਥਾਣਿਉਂ ਥਾਣੀ ਪਿੰਡਾਂ ਨੂੰ ਭੇਜ ਦਿੱਤਾ। ਬਿਹੰਗਮਾਂ ਦੀਆਂ ਜ਼ਮਾਨਤਾਂ ਮੰਗ ਲਈਆਂ। ਜਿਹਨਾਂ ਦੀ ਜ਼ਮਾਨਤ ਨਾ ਆਈ, ਜਿਹਲਾਂ ਵਿੱਚ ਡੱਕ ਦਿੱਤੇ। ਸ੍ਰੀ ਭੈਣੀ ਸਾਹਿਬ ਦੇ ਸਿੰਘ ਵੱਖਰੇ ਕਰ ਲਏ। ਜ਼ਮਾਨਤਾਂ ਸਭ ਦੀਆਂ ਮੰਗੀਆਂ। ਮਹਾਰਾਜ ਬੁੱਧ ਸਿੰਘ ਜੀ ਦੀ ਜ਼ਮਾਨਤ ਉਹਨਾਂ ਦੇ ਮਾਮੇ ਦੀ ਨੂੰਹ, ਮਾਈ ਭੋਲੀ ਵਿਧਵਾ ਖਜ਼ਾਨ ਸਿੰਘ ਨੇ ਦਿੱਤੀ।[16]

ਇਸ ਸਮੇਂ ਮਹਾਰਾਜ ਬੁੱਧ ਸਿੰਘ ਜੀ ਨੇ ਸੰਗਤ ਨੂੰ, ਸਤਿਗੁਰੂ ਜੀ ਦੀ ਯਾਦ ਵਿੱਚ ਅਡੋਲ ਰਹਿੰਦਿਆਂ ਇਹ ਕਰੜਾ ਭਾਣਾ, ਸੂਰਮਿਆਂ ਵਾਂਗ ਮੰਨਣ ਦਾ ਉਪਦੇਸ਼ ਦਿੱਤਾ। ਕਿਉਂ ਜੁ ੧੯ ਜਨਵਰੀ ੧੮੭੨ ਤੋਂ ਸ੍ਰੀ ਭੈਣੀ ਸਾਹਿਬ ਦੇ ਬੂਹੇ ਅੱਗੇ ਪੁਲੀਸ ਚੌਂਕੀ ਤਾਇਨਾਤ ਕਰਕੇ, ਪੰਜ ਜਾਂ ਇਸ ਤੋਂ ਵੱਧ ਕੂਕਿਆਂ ਦੇ ਇਕੱਠ ਤੇ ਪਾਬੰਦੀ ਲਾ ਕੇ, ਸਾਰੇ ਹੀ ਨਾਮਧਾਰੀ ਭਾਈਚਾਰੇ ਨੂੰ ਬਾਗੀਆਂ ਦਾ ਫਿਰਕਾ ਘੋਸ਼ਿਤ ਕਰਕੇ, ਸਾਰੇ ਹੀ

ਨਾਮਧਾਰੀਆਂ ਨੂੰ ਉਹਨਾਂ ਦੇ ਪਿੰਡਾਂ ਵਿੱਚ ਜਾਂ ਰਹਿਣ ਵਾਲੀਆਂ ਥਾਂਵਾਂ ਤੇ ਲੰਬੜਦਾਰਾਂ, ਚੌਂਕੀਦਾਰਾਂ ਆਦਿ ਦੀ ਜ਼ੇਰ ਨਿਗਰਾਨੀ, ਸੁਬਹਾ ਸ਼ਾਮ ਉਹਨਾਂ ਦੀ ਜ਼ਰਾਇਮ ਪੇਸ਼ਾ ਕਬੀਲੇ ਦੇ ਲੋਕਾਂ ਜਿਉਂ, ਹਾਜ਼ਰੀ ਲੱਗਣੀ ਯਕੀਨੀ ਬਣਾਈ ਗਈ। ਉਹਨਾਂ ਨੂੰ ਆਪਣੀਆਂ ਧਾਰਮਿਕ ਰਸਮਾਂ ਲਈ ਵੀ ਮਨਜ਼ੂਰੀ ਲੈਣੀ ਪੈਂਦੀ।

ਸਤਿਗੁਰੂ ਜੀ ਵੈਸੇ ਤਾਂ ਕਾਦਰਾਬਾਦੀ ਜੀ ਮੁਤਾਬਿਕ, ਸ੍ਰੀ ਭੈਣੀ ਸਾਹਿਬ ਤੋਂ ਤੁਰਨ ਸਮੇਂ ਹੀ ਸੰਗਤ ਦੀ ਸਾਂਭ ਸੰਭਾਲ ਮਹਾਰਾਜ ਬੁੱਧ ਸਿੰਘ ਜੀ ਦੇ ਜ਼ਿੰਮੇ ਲਾ ਗਏ ਸਨ। ਅਲਾਹਾਬਾਦ ਕਿਲੇ ਵਿੱਚ ਅਧਿਕਾਰੀਆਂ ਨੇ ਸਤਿਗੁਰੂ ਜੀ ਨੂੰ ਪੁੱਛਿਆ ਕਿ ਤੁਹਾਡੇ ਘਰ ਦੀਆਂ ਕੁੰਜੀਆਂ, ਕਿਸ ਨੂੰ ਦਿੱਤੀਆਂ ਜਾਣ ? ਆਪ ਜੀ ਨੇ ਸੂਬਿਆਂ ਨਾਲ ਸਲਾਹ ਮਸ਼ਵਰਾ ਕੀਤਾ। ਸੂਬਾ ਕਾਹਨ ਸਿੰਘ ਚੱਕ ਵਾਲੇ ਦੀ ਠੋਸ ਰਾਇ ਸੀ ਕਿ ਤੁਹਾਡੇ ਭਾਈ ਬਿਨਾਂ ਹੋਰ ਕੋਈ ਇਸ ਕਾਰ ਨੂੰ ਸੰਭਾਲਣ ਵਾਲਾ ਨਜ਼ਰ ਨਹੀਂ ਆਉਂਦਾ। ਸਤਿਗੁਰੂ ਜੀ ਨੇ ਬਾਬਾ ਜੱਸਾ ਸਿੰਘ ਪਿਤਾ ਅਤੇ ਭਾਈ ਬੁੱਧ ਸਿੰਘ ਨੂੰ ਆਪਣੇ ਘਰ ਦਾ ਜ਼ਿੰਮੇਵਾਰ ਦੱਸ ਕੇ ਲਿਖ ਭੇਜਿਆ। ਇਸ ਤੇ ਸਾਹਨੇਵਾਲ ਦਾ ਥਾਣੇਦਾਰ ਸ੍ਰੀ ਭੈਣੀ ਸਾਹਿਬ ਗੁਰਦੁਆਰੇ ਆਇਆ। ਉਸ ਨੇ ਬਾਬਾ ਜੱਸਾ ਸਿੰਘ ਅਤੇ ਮਹਾਰਾਜ ਬੁੱਧ ਸਿੰਘ ਹੋਰਾਂ ਨੂੰ ਕਿਹਾ ਕਿ ਤੁਹਾਡੇ ਦੋਹਾਂ ਦੇ ਨਾਮ ਦਾ ਪਰਵਾਨਾ ਅਲਾਹਾਬਾਦ ਤੋਂ ਆਇਆ ਹੈ। ਦੱਸੋ ਮੈਂ ਕੁੰਜੀਆਂ ਕਿਸ ਨੂੰ ਦਿਆਂ। ਬਾਬਾ ਜੀ ਨੇ ਮਹਾਰਾਜ ਜੀ ਵੱਲ ਇਸ਼ਾਰਾ ਕੀਤਾ। ਬੀਬੀ ਨੰਦਾਂ, ਸਤਿਗੁਰੂ ਰਾਮ ਸਿੰਘ ਜੀ ਦੀ ਪੁੱਤਰੀ ਨੇ ਵੀ ਇਹੋ ਕਿਹਾ ਕਿ ਇਹਨਾਂ ਨੂੰ ਹੀ ਮਿਲਣ ਮੇਰੇ ਚਾਚਾ ਜੀ ਹਨ। ਇਸ ਤਰ੍ਹਾਂ ਪੂਰੇ ਅਠਾਰਾਂ ਦਿਨਾਂ ਬਾਅਦ, ਭਾਵ ੪ ਫਰਵਰੀ ੧੮੭੨ ਈ. ਨੂੰ ਗੁਰਦੁਆਰਾ ਸ੍ਰੀ ਭੈਣੀ ਸਾਹਿਬ ਦੀਆਂ ਚਾਬੀਆਂ, ਮਹਾਰਾਜ ਬੁੱਧ ਸਿੰਘ ਜੀ ਨੂੰ ਮਿਲ ਗਈਆਂ।[17]

ਪਹਿਲੋਂ ਪਹਿਲ ਡਿਪਟੀ ਇੰਸਪੈਕਟਰ ਅਮਰੋਆ ਅਲੀ ਸ਼ਾਹ ਦੀ ਨਿਗਰਾਨੀ ਹੇਠ, ੨੦ ਪੁਲੀਸ ਸਿਪਾਹੀ ਭੈਣੀ ਸਾਹਿਬ ਡੇਰੇ ਦੇ ਬੂਹੇ ਅੱਗੇ ਸਥਾਪਿਤ, ਪੁਲਿਸ ਚੌਂਕੀ ਵਿੱਚ ਤਾਇਨਾਤ ਕੀਤੇ ਸਨ। ਇਹਨਾਂ ਦਾ ਮਨੋਰਥ ਡੇਰੇ ਭੈਣੀ ਸਾਹਿਬ ਦੇ ਦਰਸ਼ਨਾਂ ਲਈ ਦੂਰੋਂ ਨੇੜਿਓਂ ਆਉਣ ਵਾਲੇ ਕੂਕਿਆਂ ਨੂੰ ਵਰਜਣਾ ਅਤੇ ਤਰਾਹੁਣਾ ਸੀ। ਲੈਂਫਟੀਨੈਂਟ ਕਰਨਲ ਬੇਲੀ ਨੇ ਸਤਿਗੁਰੂ ਜੀ ਦੇ ਪਿਤਾ ਬਾਬਾ ਜੱਸਾ ਸਿੰਘ, ਭਰਾਤਾ ਬੁੱਧ ਸਿੰਘ ਅਤੇ ਪੁੱਤਰੀ ਬੀਬੀ ਨੰਦਾਂ ਤਿੰਨਾਂ ਨਾਬਾਲਿਗ ਪੁੱਤਰਾਂ ਸਮੇਤ ਦੀ ਦੇਖ ਭਾਲ ਲਈ ਤਿੰਨ ਪੁਰਖ ਅਤੇ ਦੋ ਔਰਤ ਸੇਵਾਦਾਰਾਂ, ਦੁਕਾਨ ਦੇ ਇੰਚਾਰਜ ਵਰਿਆਮ ਸਿੰਘ ਅਤੇ ਸਤਿਗੁਰੂ ਜੀ ਦੇ ਨਿਜੀ ਸੇਵਾਦਾਰ ਮੱਖਣ ਸਿੰਘ ਨੂੰ ਹੀ ਡੇਰੇ ਵਿੱਚ ਰਹਿਣ ਦੀ ਇਜ਼ਾਜ਼ਤ ਦਿੱਤੀ।[18]

ਡੀ. ਆਈ. ਜੀ. ਕਰਨਲ ਬੇਲੀ, ਕਮਿਸ਼ਨਰ ਅੰਬਾਲਾ ਟੀ. ਡੀ. ਫੋਰਸਿਥ ਨੂੰ, ੨੦ ਜਨਵਰੀ ੧੮੭੨ ਦੀ ਭੇਜੀ ਆਪਣੀ ਰੀਪੋਰਟ ਵਿੱਚ, ਕੂਕਿਆਂ ਦੀ ਸੱਜਰੀ ਬਗਾਵਤ ਬਾਰੇ ਜੋ ਉਹ ਸੁਣ ਰਿਹਾ ਹੈ, ਉਸ ਵਿੱਚ ਸਾਹਿਬ ਸਿੰਘ, ਲੱਖਾ ਸਿੰਘ, ਗੋਪਾਲ ਸਿੰਘ, ਕਾਹਨ ਸਿੰਘ ਨਿਹੰਗ ਆਦਿ ਸਾਰੇ ਸੂਬਿਆਂ ਦੇ ਨਾਲ ਨਾਲ ਉਹ (ਮਹਾਰਾਜ) ਬੁੱਧ ਸਿੰਘ ਅਤੇ ਲਹਿਣਾ ਸਿੰਘ ਬਾਰੇ ਵੀ ਉਹਨਾਂ ਦਾ ਸ਼ਾਮਲ ਹੋਣਾ

ਸੁਣਦਾ ਹੈ। ਫਿਰ ਉਹ ਬਰੈਕਟ ਵਿੱਚ ਲਿਖਦਾ ਹੈ ਕਿ ਬੁੱਧ ਸਿੰਘ ਗੁਰੂ ਰਾਮ ਸਿੰਘ ਦੇ ਭਾਈ ਬਾਰੇ ਇਹ ਸੂਚਨਾ ਸ਼ੱਕੀ ਹੈ ਜਿਸਨੂੰ ਕੂਕਾ ਮੱਤ ਧਾਰਨ ਕੀਤਿਆਂ ਬਹੁਤ ਚਿਰ ਨਹੀਂ ਹੋਇਆ ਸੀ।[19] ਲੱਗਦਾ ਹੈ ਕਿ ਜੁਲਾਈ ੧੮੭੧ ਵਿੱਚ ਲੰਗਰ ਵਿੱਚੋਂ ਪਰਸ਼ਾਦਾ ਛਕਣਾ ਸ਼ੁਰੂ ਕਰਨ ਨੂੰ ਹੀ ਬੇਲੀ ਮਹਾਰਾਜ ਬੁੱਧ ਸਿੰਘ ਹੋਰਾਂ ਦਾ ਕੂਕਿਆਂ ਵਿੱਚ ਸ਼ਾਮਲ ਹੋਣਾ ਸਮਝਦਾ ਹੈ। ਹਾਲਾਂਕਿ ਉਹ ਅਪ੍ਰਗਟ ਰੂਪ ਵਿੱਚ ਤਾਂ ਪੰਥ ਵਿੱਚ ਇਸ ਦੀ ਸਥਾਪਨਾ ਦੇ ਸਮੇਂ ਤੋਂ ਹੀ ਸ਼ਾਮਲ ਸਨ ਪਰ ਭਾਵੀ ਰਣਨੀਤੀ ਵਿਚਾਰ ਕੇ, ਸਤਿਗੁਰੂ ਜੀ ਉਹਨਾਂ ਨੂੰ ਆਪਣੇ ਪੰਥ ਵਿੱਚ ਕੋਈ ਆਗੂ ਰੋਲ ਦੇਣ ਦੀ ਬਜਾਏ, ਉਹਨਾਂ ਨੂੰ ਆਪਣੇ ਧੰਧੇ ਦੇ ਆਵਰਣ ਵਿੱਚ ਕੱਜ ਕੇ, ਇੱਕ ਤਰ੍ਹਾਂ ਲੁਕਾ ਕੇ ਰੱਖ ਰਹੇ ਸਨ। ਇਹੋ ਉਹਨਾਂ ਦੀ ਬੁੱਧ ਸਿੰਘ ਜੀ ਬਾਰੇ ਦੂਰ-ਦ੍ਰਿਸ਼ਟਤਾ ਸੀ, ਜਿਸ ਦਾ ਜ਼ਿਕਰ ਮਹਾਰਾਜ ਬੁੱਧ ਸਿੰਘ ਕਈ ਥਾਵਾਂ ਤੇ ਕਰਦੇ ਹਨ।

"ਅਸੀਂ ਦੋਨੋਂ ਜੇਕਰ ਅਕੱਠੇ ਹੁੰਦੇ ਤਾਂ ਨਾਲ ਹੀ (੧੮੭੨ ਵਿੱਚ) ਲੈ ਜਾਂਦੇ। ਧੰਨ ਸਤਿਗੁਰੂ ਅੰਤਰਜਾਮੀ ਹੈ। ਏਸ ਸਮੇਂ ਨੂੰ ਏਸ ਬਾਰਤਾ ਕੋ ਜਾਣ ਰਹੇ ਹੈਂ ਕਿ ਅਸਾਂ ਜਾਣਾ ਹੈ। ਲੁਕਾਇਕੇ ਰੱਖੇ ਹੋਏ ਸੇ ਏਸ ਵੇਲੇ ਕੇ ਵਾਸਤੇ।

"ਸਤਿਗੁਰੂ ਜੀ ਦੇ ਜਾਣ ਤੋਂ ਅਗਲੇ ਦਿਨ ਜੇੜਾ ਫਰੰਗੀ (ਕਰਨਲ ਬੇਲੀ) ਆਇਆ ਉਸਨੇ ਲੰਬਰਦਾਰਾਂ ਸੇ ਮੇਰੇ ਬਾਰੇ ਪੁੱਛਿਆ। ਲੰਬਰਦਾਰਾਂ ਨੇ ਕਿਹਾ ਜੀ ਏਹ ਜੁਦਾ ਹੈ, ਪਿੰਡ ਮੇਂ ਰਹਿੰਦਾ ਹੈ, ਸਾਡੀ ਕਾਰ ਕਰਦਾ ਹੈ। ਫੇਰ ਮੈਨੂੰ ਲੰਬਰਦਾਰ ਆਖਿਆ ਕਰੇ ਜੇਕਰ ਮੈਨੂੰ ਖ਼ਬਰ ਹੁੰਦੀ ਤੂੰ ਏਉਂ ਕਰਨੀ ਸੀ (ਭਾਵ ਪੰਥ ਤੋਰੀ ਰੱਖਣਾ ਸੀ) ਤਾਂ ਤੈਨੂੰ ਓਥੋਂ ਨਾਲ ਹੀ ਭੇਜ ਦਿੰਦੇ। ਰੋਜ਼ ਦੀ ਸਰਕਾਰ ਕੋ ਖੇਚਲ ਨਾ ਹੁੰਦੀ। ਨਿੰਦਕਾਂ ਦੁਸ਼ਟਾਂ ਨੇ ਸਾਡੇ ਨਾਲ ਬਡੀ ਕਰੀ।"[20]

ਜਦੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਘਰ ਪਰਿਵਾਰ ਸੰਗਤ ਅਤੇ ਦੇਸ ਤੋਂ ਜੁਦਾ ਹੋਇਆਂ ਇੱਕ ਛਿਮਾਹੀ ਬੀਤ ਗਈ ਤਾਂ ੨੪ ਜੂਨ ੧੮੭੨ ਈ. ਨੂੰ ਉਹਨਾਂ ਆਪਣੇ ਅਤੇ ਭਾਈ ਨਾਨੂੰ ਸਿੰਘ ਵਲੋਂ ਇੱਕ ਖ਼ਤ ਲਿਖ ਕੇ ਬਾਬਾ ਗੋਪਾਲ ਸਿੰਘ ਅਤੇ (ਮਹਾਰਾਜ) ਬੁੱਧ ਸਿੰਘ ਦੇ ਪਤੇ ਤੇ ਭੈਣੀ ਸਾਹਿਬ ਪੁਚਾਉਣ ਲਈ ਜਿਹਲ ਅਧਿਕਾਰੀ ਰੰਗੂਨ ਨੂੰ ਦਿੱਤਾ। ਇਹ ਖ਼ਤ ਅੰਗਰੇਜ਼ੀ ਵਿੱਚ ਅਨੁਵਾਦ ਕੀਤਾ ਗਿਆ ਅਤੇ ਉੱਚ ਅਧਿਕਾਰੀ ਇਹ ਵੀ ਮੰਨਦੇ ਹਨ ਕਿ ਇਹ ਬੜਾ ਸਧਾਰਨ ਜਿਹਾ ਪੱਤਰ ਹੈ ਜਿਸ ਵਿੱਚ ਰਾਜਨੀਤਿਕ ਮਸਲੇ ਨਹੀਂ ਛੋਹੇ ਗਏ ਪਰ ਜਦੋਂ ਹਿੰਦ ਸਰਕਾਰ ਨੇ ਪੰਜਾਬ ਸਰਕਾਰ ਦੀ ਇਸ ਪ੍ਰਥਾਇ ਰਾਇ ਜਾਣਦਿਆਂ ਇਹ ਪੱਤਰ ਉਹਨਾਂ ਤੱਕ ਭੇਜਿਆ ਕਿ ਮੁਨਾਸਬ ਸਮਝਣ ਤਾਂ ਪੰਜਾਬ ਵਿੱਚ ਇਸ ਦੇ ਵਾਰਿਸਾਂ ਨੂੰ ਪੁਚਾ ਦਿੱਤਾ ਜਾਏ ਤਾਂ ਲਾਟ ਪੰਜਾਬ ਨੇ, ੪ ਸਿਤੰਬਰ ੧੮੭੨ ਈ. ਨੂੰ ਆਪਣੇ ਸਕੱਤਰ ਰਾਹੀਂ, ਇਹ ਰਾਇ ਉਪਰਲਿਆਂ ਨੂੰ ਭਿਜਵਾ ਦਿੱਤੀ ਕਿ ਇਸ ਸਮੇਂ ਉਹ ਕੂਕਾ ਆਗੂ ਅਤੇ ਪੰਜਾਬ ਵਿਚਲੇ ਉਸਦੇ ਸੱਜਣਾਂ ਵਿਚਾਲੇ, ਕਿਸੇ ਕਿਸਮ ਦੇ ਵੀ ਪੱਤਰ ਵਿਹਾਰ ਦੀ ਆਗਿਆ ਦੇਣੀ ਉਚਿਤ ਨਹੀਂ ਸਮਝਦਾ।[21]

ਇਸ ਪੱਤਰ ਵਿੱਚ ਸਤਿਗੁਰੂ ਜੀ ਨੇ ਆਪਣੇ ਨਮਿਤ ਵੱਧ ਤੋਂ ਵੱਧ ਗੁਰੂ ਗਰੰਥ

ਸਾਹਿਬ ਦੇ ਪਾਠ ਅਤੇ ਦਾਨ ਪੁੰਨ ਕਰਨ ਬਾਰੇ ਲਿਖਦਿਆਂ, ਵੱਡੇ ਬਾਬਾ ਜੱਸਾ ਸਿੰਘ ਜੀ ਦੀ ਖ਼ਬਰ ਸਾਰ ਵੀ ਪੁੱਛੀ ਸੀ। ਉਹਨਾਂ ਨੇ ਆਪਣੀ ਜ਼ਬਤ ਕੀਤੀ ਸੰਪਤੀ ਬਾਰੇ ਵੀ ਪੁੱਛਿਆ ਸੀ ਜਿਹੜੀ ਮਹਾਰਾਜ ਬੁੱਧ ਸਿੰਘ ਹੋਰਾਂ ਨੂੰ ਮੋੜ ਦਿੱਤੀ ਗਈ ਸੀ। ਦੁਨਿਆਵੀ ਜੀਵਾਂ ਦੇ ਮਿਲਣ ਅਤੇ ਵਿੱਛੜਣ ਨੂੰ ਆਪ ਨੇ ਉਹਨਾਂ ਦੀ ਹੋਣੀ ਲਿਖਿਆ ਸੀ।

ਜਦੋਂ ਗੁਰੂ ਰਾਮ ਸਿੰਘ ਜੀ ਅਤੇ ਗਰਿਫਤਾਰ ਸੂਬਿਆਂ ਬਾਰੇ ਪੰਜਾਬ ਸਰਕਾਰ ਮਿਸਲਾਂ ਦਾ ਪੇਟਾ ਭਰ ਰਹੀ ਸੀ, ਜਦੋਂ ਜਿਹੇ ਤਿੰਨਾਂ ਚਹੁੰਆਂ ਸ੍ਰੇਸ਼ਟ ਪੁਰਖਾਂ ਨੂੰ ਛੱਡ ਕੇ ਪੰਜਾਬ ਦੇ ਸਾਰੇ ਤੁਰਨੇ ਸਿਰ, ਸਰਕਾਰ ਪੱਖੀ ਲੋਕਾਂ ਨੇ ਇੱਕ ਸੁਰ ਹੋ ਕੇ ਕਿਹਾ, ਜੇ ਗੁਰੂ ਰਾਮ ਸਿੰਘ ਵਾਪਸ ਆ ਗਏ ਤਾਂ ਨਾ ਸਾਨੂੰ ਛੱਡੇ ਨਾ ਤੁਹਾਨੂੰ (ਭਾਵ ਫਰੰਗੀ ਸਰਕਾਰ)। ਉਦੋਂ ਕੁ ਜਿਹੇ ਪੀੜਿਤ ਪੱਖ ਦਾ ਬਿਆਨ ਲੈਣ, "ਮਹਾਰਾਜ ਬੁੱਧ ਸਿੰਘ ਜੀ ਸੇ ਭੀ ਆਇ ਪੁੱਛਿਆ, ਗੁਰੂ ਰਾਮ ਸਿੰਘ ਏਸ ਦੇਸ ਜਾਂ ਮੁਲਖ ਵਿਖੇ ਆਇ ਜਾਏ ਤਾਂ ਦੰਗਾ ਤਾਂ ਨਾ ਹੋਵੇਗਾ ? ਮਹਾਰਾਜ ਜੀ ਬਚਨ ਕੀਤਾ ਸੰਗਤ ਉਹਨਾਂ ਕੀ ਹੈ, ਉਹ ਗੁਰੂ ਹਨ। ਦੰਗਾ ਨਾ ਆਗੇ ਕੀਤਾ ਨਾ ਹੋਵੇਗਾ। ਜਿਨ੍ਹਾਂ ਸਿੰਘਾਂ ਨੇ ਕੀਤਾ ਹੈ ਦੰਗਾ ਸੋ ਕੁਛ ਤਾਂ ਫਾਂਸੀ ਦੀਏ ਗਏ ਕੁਝ ਤੋਪਾਂ ਅੱਗੇ ਉਡਾਏ ਗਏ, ਕੁਝ ਕਾਲੇ ਪਾਨੀ ਨੂੰ ਲੈ ਗਏ ਹੈਂ।[22]

ਇਸ ਸਮੇਂ ਭੈਣੀ ਸਾਹਿਬ ਦੀ ਜੂਹ ਵਿੱਚ ਕਿਸੇ ਕੂਕੇ ਨੂੰ ਨਹੀਂ ਆਉਣ ਦਿੰਦੇ। ਜੋ ਆਏ ਉਸਦਾ ਚਲਾਨ ਕਰਕੇ ਲੁਧਿਆਣੇ ਭੇਜ ਦਿੰਦੇ ਹਨ। "ਇਸ ਕਰਕੇ ਸਿੰਘ ਆਉਣੋਂ ਬੰਦ ਹੋ ਗਏ ਹੈਂ। ਦੀਵਾਨ ਲਾਵਨਾ ਤੇ ਭੋਗ ਪਾਵਨਾ ਭੀ ਬੰਦ ਹੋਇ ਗਿਆ। ਫਰੰਗੀ ਕੇ ਹੁਕਮ ਨਾਲ। ਸੁੰਨ ਸਮਾਧ ਵਾਗੂੰ ਬਰਤੀ। ਜਿਤਨੇ ਜੀਵ ਹੈਂ ਸੋ ਸਭ ਸੰਸੇ ਮੇਂ ਹੈਂ ਖਵਰੇ ਕਿਧਰ ਲੈ ਗਏ ਹੈਂ ਸ੍ਰੀ ਸਤਿਗੁਰੂ ਜੀ ਕੋ। ਪਤਾ ਨਾ ਲੱਗੇ ਕਿ ਪਰਾਗ ਰਾਜ (ਅਲਾਹਾਬਾਦ) ਸੇ ਕਿੱਥੇ ਲੈ ਗਏ ਹੈਂ। ਸਿੰਘ ਸਭ ਸੋਚਾਂ ਕਰਦੇ ਹੈਂ।"੨੩

## ਪਹਿਲੇ ਅਖੰਡ ਪਾਠ-

ਬਾਹੋਵਾਲ ਜੀ ਲਿਖਦੇ ਹਨ- "ਚਾਰ ਮਹੀਨੇ ਬੜੀ ਕਰੜਾਈ ਰਹੀ ਫੇਰ ਕੁਝ ਨਰਮਾਈ ਹੋਈ।" ਸੰਮਤ ੧੯੨੯ ਮੁਤਾਬਿਕ ੧੮੭੨ ਈ. ਦੇ ਦੁਸਹਿਰੇ ਤੇ ਕੁਝ ਸਿੰਘ ਮਹਾਰਾਜ ਬੁੱਧ ਸਿੰਘ ਦੇ ਦਰਸ਼ਨ ਕਰਨ ਆਏ। ਹੋਰ ਭੀ ਸੰਗਤਾਂ ਚੋਰੀ ਛਿਪੀ ਆਉਣ ਲੱਗੀਆਂ। ਇਸੇ ਸਮੇਂ ਸਤਿਗੁਰੂ ਰਾਮ ਸਿੰਘ ਜੀ ਨਮਿਤ ਥੜੇ ਸਾਹਿਬ ਵਾਲੇ ਕਮਰੇ (ਹੁਣ ਸ੍ਰੀ ਰਾਮ ਮੰਦਰ) ਵਿਖੇ ਪੰਜ ਅਖੰਡ ਪਾਠਾਂ ਦੇ ਭੋਗ ਪਾਏ। ਉਸ ਸਮੇਂ ਲੁਧਿਆਣਾ ਪੁਲੀਸ ਦਾ ਡੀ. ਐਸ. ਪੀ. ਜੇ. ਪੀ. ਬਾਰਬਟਨ ਸੀ। ਉਸ ਕੋਲ ਮੁਖਬਰੀ ਹੋਈ ਭੋਗਾਂ ਬਾਰੇ। ਪਰ ਉਸਦੇ ਆਉਣ ਤੋਂ ਪਹਿਲਾਂ ਭੋਗ ਪੈ ਚੁੱਕੇ ਸਨ। "ਬਟਨ ਨੇ ਦੇਖਿਆ ਪਾਠ ਤਾਂ ਕੋਈ ਨਹੀਂ ਹੈ। ਕੈਹਣੇ ਲਗਾ ਮਹਾਰਾਜ ਜੀ ਕੋ ਕੇ ਜੇਕਰ ਭਾਈ ਮਾਂਗੂ ਕਰੇਂਗਾ ਤਾਂ ਤੈਨੂੰ ਬੀ ਓਥੇ ਈ ਪਾਸ ਭੇਜਾਂਗੇ। ਭੋਗ ਨਾ ਪਾਵੋ। ਦੀਵਾਨ ਲਾਇਕੇ ਸ਼ਬਦ ਭੀ ਨਾ ਪੜੋ ਅਰ ਇਥੇ ਸਿੰਘ ਭੀ ਨਾ ਔਣੇ ਦਿਉ।"[24] ਉਹ ਜਾਂਦਾ ਜਾਂਦਾ ਕਹਿ ਗਿਆ ਕਿ ਹੁਣ ਜਿੱਥੇ ਵੀ ਭੋਗ ਪਾਉਗੇ ਜਾਂ ਜਿੱਥੇ ਵੀ ਪੰਜ ਕੂਕੇ ਇਕੱਠੇ ਹੋਏ, ਛੇ ਮਹੀਨੇ ਕੈਦ ਕਰਾਂਗੇ।

## ਤੁਹਾਡਾ ਰਾਜ ਲੈਣਗੇ-

ਪਹਿਲੀ ਦੀਵਾਲੀ ਤੇ ਵੀ ਕੁਝ ਸਿੰਘਾਂ ਦਾ ਡੇਰੇ ਆਉਣ ਦਾ ਜ਼ਿਕਰ ਹੈ। ਇਸ ਤੇ ਪਿੰਡ ਦਾ ਸੁੱਖੂ ਲੰਬੜਦਾਰ ਲੁਧਿਆਣੇ ਪੁੱਜਾ ਤੇ ਕਿਹਾ ਕਿ ਦੁਸਹਿਰੇ ਤੇ ਪੰਜ ਸੌ ਕੂਕਾ ਆਇਆ ਦੀਵਾਲੀ ਤੇ ਇੱਕ ਹਜ਼ਾਰ। ਅੱਗੇ ਮਾਘੀ ਤੇ ਪਤਾ ਨਹੀਂ ਕਿਤਨੇ ਹਜ਼ਾਰ ਆ ਜਾਣ। ਜਿਸ ਤਰ੍ਹਾਂ ਗੁਰੂ ਰਾਮ ਸਿੰਘ ਪਾਸ ਕੂਕੇ ਆਉਂਦੇ ਸੀ ਇਸੇ ਤਰ੍ਹਾਂ ਇਹਨਾਂ ਪਾਸ ਆਉਣ ਲੱਗ ਪਏ ਹਨ। ਬਹੁਤੇ ਕੂਕੇ ਇਕੱਠੇ ਹੋ ਕੇ ਗਲਬਾ ਕਰਨਗੇ। "ਤੁਹਾਡਾ ਈ ਰਾਜ ਲੈਨਗੇ ਫੇਰ ਕੋਈ ਜਤਨ ਨਈਂ ਬਨੇਗਾ।"[25]

ਇਸ ਸਮੇਂ ਦਰਸ਼ਨ ਅਭਿਲਾਖੀ ਸਿੰਘ, ਭੈਣੀ ਸਾਹਿਬ ਦੀ ਜੂਹ ਵਿੱਚ ਡੇਰੇ ਬਾਹਰ ਹੀ ਕਿਸੇ ਰੁੱਖ ਬਿਰਖ ਹੇਠ ਬੰਦਗੀ ਕਰਦਿਆਂ, ਗੁਰੂ ਮਹਾਰਾਜ ਜੀ ਦੇ ਦਰਸ਼ਨ ਕਰ ਲੈਂਦੇ ਸੀ। ਮਹਾਰਾਜ ਜੀ ਉਹਨਾਂ ਲਈ ਛਿਪਾ ਕੇ ਜਲ ਪਰਸ਼ਾਦੇ ਵੀ ਲੈ ਜਾਂਦੇ। ਆਇਆਂ ਸਿੰਘਾਂ ਨੂੰ ਹਿੰਮਤ ਹੌਸਲਾ ਵੀ ਦੇਣਾ ਕਿ ਇਹ ਬਿਪਤਾ ਦਾ ਸਮਾਂ ਲੰਘ ਜਾਏਗਾ। ਆਲੇ-ਦੁਆਲੇ ਦੇ ਪਿੰਡਾਂ ਵਿੱਚ ਸਿੰਘ ਰਾਤ ਕੱਟ ਜਾਂਦੇ। ਜਿਹਨਾਂ ਪਿੰਡਾਂ ਵਿੱਚ ਸਿੰਘਾਂ ਦੇ ਠਹਿਰਨ ਦਾ ਪਤਾ ਲੱਗਦਾ, ਗੋਰਾ ਸ਼ਾਹੀ ਦੀ ਪੁਲੀਸ ਉਹਨਾਂ ਦੇ ਲੰਬੜਦਾਰਾਂ, ਚੌਕੀਦਾਰਾਂ ਨੂੰ ਕੁੱਟਦੀ। ਕਈਆਂ ਦੇ ਔਹਦੇ ਖੋਹ ਲਏ ਇਸੇ ਦੋਸ਼ ਵਿੱਚ।

ਸਤਿਗੁਰੂ ਜੀ ਦੇ ਪਰਦੇਸ ਗਮਨ ਦੇ ਦੋ ਸਾਲ ਬਾਅਦ ੧੮੭੨ ਈ, ਵਿੱਚ ੯੦ ਕੁ ਸਾਲ ਦੀ ਆਰਜਾ ਵਿੱਚ, ਬਾਬਾ ਜੱਸਾ ਸਿੰਘ ਜੀ ਇੱਕ ਰਾਤ ਸਵਾ ਪਹਿਰ ਰਹਿੰਦੀ ਤੋਂ ਅਕਾਲ ਚਲਾਣਾ ਕਰ ਗਏ। ਦਿਨ ਚੜ੍ਹੇ ਰਾਮ ਸਰ ਕੋਲ ਚਿਖਾ ਚਿਣੀ। ਪਿੰਡ ਦੇ ਸੁੱਖੂ, ਸ਼ੀਹੇਂ ਜੱਟਾਂ ਨੇ ਡੱਕ ਦਿੱਤਾ ਕਿ ਸਾਡੇ ਪਿੜ ਲੱਗਦੇ ਹਨ ਇੱਥੇ, ਦਾਣਿਆਂ ਵਿੱਚ ਹੱਡੀਆਂ ਰਲਣਗੀਆਂ। ਬਾਬਾ ਮਨਸਾ ਰਾਮ ਉਦਾਸੀ ਸਾਧੂ ਰਾਈਆਂ ਦਾ ਮਹੰਤ ਸੀ ਉਹ ਬਾਬਾ ਜੱਸਾ ਸਿੰਘ ਦਾ ਵੀ ਮਿੱਤਰ ਸੀ। ਉਸ ਦੀ ਸਮਾਧ ਪਾਸ ਰਾਈਆਂ ਉਦਾਸੀਆਂ ਦੇ ਡੇਰੇ ਵਿੱਚ, ਬਾਬਾ ਜੀ ਦਾ ਸਸਕਾਰ ਹੋਇਆ ਕਿਉਂਕਿ ਡੇਰੇਦਾਰ ਸਾਧ ਨੇ ਸੁਨੇਹਾ ਭੇਜਿਆ ਸੀ ਕਿ ਇੱਥੇ ਲੈ ਆਉ।

ਮਹਾਰਾਜ ਬੁੱਧ ਸਿੰਘ ਜੀ ਨੇ ਲੁਧਿਆਣੇ ਪਿਤਾ ਦੇ ਮੇਲੇ-ਪਾਠ ਭੋਗਾਂ ਨਮਿਤ ਅਰਜ਼ੀ ਦੇ ਕੇ ਮਨਜ਼ੂਰੀ ਲਈ। ਪਾਠ ਟਿਕ ਗਏ। ਦੁਆਬੇ ਵਿੱਚੋਂ ਰਾਗੀ ਸਿੰਘਾਂ ਨੇ ਆ ਕੇ ਤੀਜੇ ਦਿਨ ਬਾਅਦ ਪਹਿਲੇ ਪਹਿਰ ਆਸਾ ਦੀ ਵਾਰ ਅਤੇ ਪਿਛਲੇ ਪਹਿਰ ਦੀਵਾਨ ਸਜਾਉਣੇ ਸ਼ੁਰੂ ਕੀਤੇ। ਬਾਬਾ ਜੀ ਦੇ ਭੋਗ ਮੇਲੇ ਨਾਲ ਸੁਬਹਾ ਸ਼ਾਮ ਰੁਕੇ ਹੋਏ ਦੀਵਾਨਾਂ ਦੀ ਮਰਿਆਦਾ ਫਿਰ ਬਹਾਲ ਹੋ ਗਈ।[26] ਇਸ ਤੇ ਫਿਰ ਮੁਖਬਰਾਂ, ਨਿੰਦਕਾਂ ਤੇ ਹਾਕਮਾਂ ਨੂੰ ਪਰੇਸ਼ਾਨੀ ਹੋਈ। ਉਹ ਕੋਈ ਹੋਰ ਸਕੀਮਾਂ ਸੋਚਣ ਲੱਗੇ। ਇਸੇ ਸਮੇਂ ਰਾਈਆਂ ਦੇ ਉਦਾਸੀ ਡੇਰੇ ਵਿੱਚ ਥਾਣੇਦਾਰ ਨੂੰ ਤੋਪ ਦੇ ਦੱਬੇ ਹੋਏ ਗੋਲੇ ਮਿਲੇ। ਯੋਜਨਾ ਘੜ ਕੇ ਇਹ ਪਰਚਾਰਿਆ ਗਿਆ ਕਿ ਇਹ ਗੋਲੇ ਭੈਣੀ (ਸਾਹਿਬ) ਵਾਲੇ ਕੂਕੇ ਨੱਪ ਗਏ ਸਨ। ਡੇਰੇ ਵਾਲੇ ਸਾਧ ਨਿਹਾਲ ਦਾਸ ਨੇ ਤਾਂ ਝੂਠ ਨਾ ਬੋਲਿਆ। ਲੰਬੜਦਾਰ ਨੇ ਝੂਠੇ ਅਗਵਾਹ ਬਣਾ ਲਏ। ਮਸਤਾਨ ਸਿੰਘ ਪੁੱਤਰ ਲੱਖਾ ਸਿੰਘ ਰਾਈਆਂ ਦੇ ਇੱਕ ਕੂਕੇ ਤੇ ਇਕਬਾਲ ਕਰਵਾਉਣ ਲਈ ਤਸ਼ੱਦਦ ਵੀ ਕੀਤਾ ਪਰ ਉਹ ਕਾਇਮ ਰਿਹਾ। ਪਰ ਭਾਗਪੁਰੇ

ਦੇ ਲੰਬੜਦਾਰ ਦੇ ਕਹਿਣ ਤੇ ਰਾਈਆਂ ਡੇਰੇ ਵਿੱਚ ਰਹਿਣ ਵਾਲੇ ਸਾਧੂ ਸਿੰਘ ਨੇ ਕੁੱਟ ਤੋਂ ਡਰਦਿਆਂ ਕਹਿ ਦਿੱਤਾ– "ਗੋਲੇ ਭੈਣੀ ਸਾਹਿਬੋਂ ਆਏ ਸਨ।" ਪਰ ਛੇਤੀ ਹੀ ਉਸ ਦੇ ਮਨ ਵਿੱਚ ਗਲਾਨੀ ਉਪਜੀ। ਉਹ ਖੂਹ ਵਿੱਚ ਛਾਲ ਮਾਰ ਕੇ ਮਰ ਗਿਆ। ਇਸੇ ਸਮੇਂ ਕੁਝ ਪੁਲੀਸ ਕਰਮਚਾਰੀਆਂ ਨੇ ਗੋਲਿਆਂ ਵਾਸਤੇ ਡੇਰੇ ਭੈਣੀ ਸਾਹਿਬ ਦੀਆਂ ਕੁਝ ਥਾਵਾਂ ਦੀ ਪੁਟਾਈ ਵੀ ਕੀਤੀ ਪਰ ਕੁਝ ਹੱਥ ਨਾ ਲੱਗਾ। ਓੜਕ ਰਾਮਗੜ੍ਹ ਦੇ ਮੁਸਲਮਾਨ ਲੰਬੜਦਾਰ ਦੇ ਇਹਨਾਂ ਦੇ ਨਾਲ ਦਾ ਇੱਕ ਗੋਲਾ ਵਿਖਾਉਣ ਤੇ ਅਤੇ ਇਹ ਦੱਸਣ ਤੇ ਕਿ ਇਹ ਬਾਬਾ ਸਾਹਿਬ ਸਿੰਘ ਬੇਦੀ ਊਨਾ ਵਾਲਿਆਂ ਹੀ ਰਾਈਆਂ ਅਤੇ ਮੇਰੇ ਪਾਸ ਪੁਚਾਏ ਸਨ, ਇਸ ਤੇ ਮਹਾਰਾਜ ਜੀ ਅਤੇ ਹੋਰ ਕੂਕਿਆਂ ਦੀ ਪੁੱਛਗਿੱਛ ਮੁੱਕੀ।[27]

**ਬੁੱਧ ਸਿੰਘ ਤੋਂ ਗੁਰੂ ਹਰੀ ਸਿੰਘ-**

ਜਨਵਰੀ ੧੯੭੫ ਈ. ਵਿੱਚ ਬਾਬਾ ਦਰਬਾਰਾ ਸਿੰਘ ਰਾਇਪੁਰੀਆ, ਬਾਰਬਟਨ ਦੀ ਮੇਮ ਤੋਂ ਸਤਿਗੁਰੂ ਜੀ ਦਾ ਰੰਗੂਨ ਹੋਣਾ ਸੁਣਕੇ, ਮਹਾਰਾਜ ਬੁੱਧ ਸਿੰਘ ਜੀ ਤੋਂ ਆਗਿਆ ਲੈ ਕੇ ਭੇਸ ਬਦਲ ਕੇ ਰੰਗੂਨ ਪੁੱਜਿਆ। ਕਈ ਦਿਨ ਸਤਿਗੁਰੂ ਜੀ ਦੇ ਦਰਸ਼ਨ ਦੀਦਾਰ, ਬਚਨ ਬਿਲਾਸ ਉਹਨਾਂ ਦੇ ਬੱਘੀ ਤੇ ਸੈਰ ਕਰਦਿਆਂ ਨਾਲ ਕੀਤੇ। ਸ੍ਰੀ ਭੈਣੀ ਸਾਹਿਬ ਦੇ, ਮਹਾਰਾਜ ਬੁੱਧ ਸਿੰਘ ਜੀ ਦੇ, ਸਾਰੇ ਨਾਮਧਾਰੀ ਪੰਥ ਦੇ ਸਮਾਚਾਰ, ਸਖਤੀਆਂ ਪਾਬੰਦੀਆਂ ਬਾਰੇ ਦੱਸੇ। ਉਹ ਆਉਂਦਾ ਹੋਇਆ, ਸਤਿਗੁਰੂ ਜੀ ਤੋਂ ਇੱਕ ਹੁਕਮਨਾਮਾ ਆਪ ਜੀ ਦਾ ਹਸਤ ਲਿਖਤ ਲੈ ਕੇ ਆਇਆ, ਜਿਸ ਨੂੰ ਭੈਣੀ ਸਾਹਿਬ ਪੜ੍ਹਨ ਪਿੱਛੋਂ ਜਲ ਜਾਂ ਅਗਨੀ ਵਿੱਚ ਨਸ਼ਟ ਕਰ ਦੇਣ ਦਾ ਹੁਕਮ ਸੀ। ਇਸ ਹੁਕਮਨਾਮੇ ਨੇ ਮਹਾਰਾਜ ਬੁੱਧ ਸਿੰਘ ਜੀ ਨੂੰ ਗੁਰੂ ਹਰੀ ਸਿੰਘ ਜੀ ਦੇ ਰੂਪ ਵਿੱਚ ਨਾਮਧਾਰੀ ਪੰਥ ਦੀ ਅਧਿਆਤਮਿਕ ਗੱਦੀ ਤੇ ਸਥਾਪਿਤ ਕਰ ਦਿੱਤਾ।

ਬਾਬਾ ਦਰਬਾਰਾ ਸਿੰਘ ਜੀ ਨੇ ਭੈਣੀ ਸਾਹਿਬ ਪੁੱਜ ਕੇ ਹੁਕਮਨਾਮਾ ਦਿੱਤਾ ਅਤੇ ਜ਼ੁਬਾਨੀ ਭੀ ਮਹਾਰਾਜ ਅਤੇ ਸੰਗਤਾਂ ਨੂੰ, ਰੰਗੂਨ ਦੇ ਹਾਲਾਤ ਦੱਸੇ। ਉਹਨਾਂ ਨੇ ਦੱਸਿਆ ਕਿ ਸਤਿਗੁਰੂ ਜੀ ਦਾ ਉਹਨਾਂ ਨਮਿੱਤ, ਵੱਧ ਤੋਂ ਵੱਧ ਅਖੰਡ ਪਾਠ ਕਰਵਾਉਣ, ਲੰਗਰ ਵਿੱਚ ਮੋਟਾ ਪਰਸ਼ਾਦਾ ਅਤੇ ਕਰੜਾ ਦਾਲਾ ਵਰਤਾਉਣ ਦਾ ਹੁਕਮ ਹੈ। "ਅਰਦਾਸ ਭੀ ਲਿਖ ਦਿੱਤੀ ਸੀ ਸੋ ਭੀ ਪੜ੍ਹੀ ਜਿਸ ਵਿੱਚ ਸ੍ਰੀ ਸਤਿਗੁਰੂ ਜੀ ਸੰਗਤ ਵੱਲ ਲਿਖ ਭੇਜਿਆ ਸੀ– ਜੋ ਏਸ ਮੂਰਤੀ ਕੋ ਮੇਰੇ ਸਮਾਨ ਜਾਨੇਗਾ ਸੋ ਮੈਨੂੰ ਭੀ ਜਾਨੇਗਾ।.......... ਅੱਜ ਤੋਂ ਏਨਾ ਦਾ ਨਾਮ ਹਰੀ ਸਿੰਘ ਹੋਇਆ। ਸੰਗਤ ਨੂੰ ਹਰੀ ਰੱਖੇਗਾ। ਏਸ ਨੂੰ ਸਿਰ ਕਰਤਾ ਜਾਨਣਾ। ਏਸ ਦੇ ਧੱਕੇ ਨੂੰ ਮੈਂ ਨਹੀਂ ਬਖਸ਼ਾਂਗਾ ਮੇਰੇ ਧੱਕੇ ਨੂੰ ਇਹ ਬਖਸ਼ ਲਵੇਗਾ। ਭੁੱਖੇ ਨੂੰ ਪ੍ਰਸ਼ਾਦਾ ਨੰਗੇ ਨੂੰ ਕੱਪੜਾ ਦੇਣਾ ਮੇਰੇ ਨਮਿਤ। ਇਹ ਭੀ ਲਿਖ ਭੇਜਿਆ ਕਿ ਜਿਸ ਕਿਸੇ ਦੀ ਅਮਾਨਤ ਰੱਖੀ ਹੋਈ ਸੋ ਦੇ ਦਿਓ।"[28]

ਹੁਕਮ ਅਨੁਸਾਰ ਗੁਰੂ ਹਰੀ ਸਿੰਘ ਜੀ ਨੇ ਸਭ ਦੇ ਗਹਿਣੇ, ਨਕਦ ਨਾਵਾਂ ਆਦਿ ਬੁਲਾ ਬੁਲਾ ਕੇ ਦੇ ਦਿੱਤਾ। ਸੰਨ ੧੯੭੫ ਈ. ਵਿੱਚ ਹੀ ਗੁਰੂ ਹਰੀ ਸਿੰਘ ਜੀ ਨੇ ਪੰਜ ਅਖੰਡ ਪਾਠ ਜਿਵੇਂ ਕਰਵਾਏ ਉਹ ਮਰਿਆਦਾ, ਹਰਨਾਮ ਸਿੰਘ ਭਾਣੇ ਹੱਥੀਂ ਭੇਜੇ ਪੱਤਰ

ਵਿੱਚ ਰੰਗੂਨ ਲਿਖ ਭੇਜੀ। ਜਦੋਂ ਹਰਨਾਮ ਸਿੰਘ ਵਾਪਸ ਆਇਆ ਤਾਂ ਉਸ ਹੱਥ ਸਤਿਗੁਰੂ ਜੀ ਨੇ ਅਖੰਡ ਪਾਠ ਦੀ ਮਰਿਆਦਾ ਵਿਸਥਾਰ ਸਹਿਤ ਲਿਖ ਭੇਜੀ। ਅੱਗੇ ਤੋਂ ਡੇਰੇ ਵਿੱਚ ਉਸੇ ਮਰਿਆਦਾ ਅਨੁਸਾਰ ਪਾਠ ਹੋਣ ਲੱਗੇ। ਹੋਰ ਵੱਖ ਵੱਖ ਕਾਰਜਾਂ ਦੀ ਮਰਿਆਦਾ ਵੀ ਸਤਿਗੁਰੂ ਜੀ ਨੇ ਲਿਖ ਭੇਜੀ ਸੀ, ਉਸ ਦਾ ਪਾਲਣ ਹੋਇਆ।[29]

**ਲੰਗਰ ਦੀ ਉਗਰਾਹੀ ਦਾ ਮੁੱਢ ਬੱਝਣਾ-**

ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਛੇ ਹਜ਼ਾਰ ਰੁਪੈ, ਕੁਝ ਸਿੱਖਾਂ ਦੇ ਸਾਹਵੇਂ ਔਖੇ ਸੌਖੇ ਸਮੇਂ ਲਈ, ਆਪ ਨੇ ਤਬੇਲੇ ਵਿੱਚ ਦਬਾਏ ਸਨ। ਹੁਣ ਪਾਠ ਹੋਣ ਲੱਗੇ, ਲੰਗਰ ਚੱਲਦਾ ਹੈ, ਸਿੰਘ ਪ੍ਰਗਟ ਥੋਹੜੇ ਤੇ ਚੋਰੀ ਬਹੁਤੇ, ਆ ਆ ਕੇ ਛਕਦੇ ਹਨ। ਗੁਰੂ ਹਰੀ ਸਿੰਘ ਜੀ ਉਹ ਮਾਇਆ ਤਬੇਲੇ ਵਾਲੀ ਵੀ ਕੱਢ ਲਈ। ਸਿਆਣੇ ਸਿੱਖਾਂ ਨੇ ਸੋਚਿਆ ਕਿ ਖਾਂਦਿਆਂ ਤਾਂ ਖੂਹ ਵੀ ਮੁੱਕ ਜਾਂਦੇ ਹਨ। ਸਤਿਗੁਰੂ ਰਾਮ ਸਿੰਘ ਜੀ ਦੀ ਮਹਿਮਾ ਵੱਡੀ ਸੀ। ਲੱਖਾਂ ਸੰਗਤ ਆਉਂਦੀ ਬੇਅੰਤ ਚੜ੍ਹਾਵਾ ਚੜਦਾ। ਹੁਣ ਲੁਕੇ ਛਿਪੇ ਦਸ ਵੀਹ ਆਉਂਦੇ ਹਨ। ਉਂਜ ਅੰਗਰੇਜ਼ ਸਰਕਾਰ, ਗੁਰੂ ਹਰੀ ਸਿੰਘ ਜੀ ਨੂੰ ਕਿਸ ਹਫਤੇ ਕਿਤਨੀ ਭੇਟਾ ਚੜ੍ਹਦੀ ਸੀ, ਇਸ ਤੇ ਵੀ ਆਪਣੀ ਬਾਜ ਅੱਖ ਰੱਖਦੀ ਸੀ।

"੧੯ ਮਾਰਚ ੧੮੮੧ ਨੂੰ ਮੁੱਕਣ ਵਾਲੇ ਹਫਤੇ ਵਿੱਚ ੬੩ ਕੂਕਿਆਂ ਨੇ ੧੨੨ ਰੁਪੈ ੮ ਆਨੇ। ੨੬ ਮਾਰਚ ਤੱਕ ੫੫ ਜਣਿਆਂ ਨੇ ੧੦੩ ਰੁਪੈ ੬ ਆਨੇ, ੨ ਅਪਰੈਲ ਤੱਕ ਉਤਨੇ ਹੀ ਸਿੰਘਾਂ ਨੇ ੯੪ ਰੁਪੈ, ਇਸ ਤਰ੍ਹਾਂ ਕੁੱਲ ਤਿੰਨ ਸਾਤਿਆਂ ਵਿੱਚ ੩੧੯ ਰੁਪੈ ੧੪ ਆਨੇ ਹੋਏ। ਅਧਿਕਾਰੀ ਇਸ ਰਕਮ ਨੂੰ ਗੁਰੂ ਹਰੀ ਸਿੰਘ ਦਾ ਸਾਰਾ ਚੜ੍ਹਾਵਾ ਨਹੀਂ ਮੰਨਦੇ। ਉਹਨਾਂ ਮੁਤਾਬਿਕ ਗੁਰੂ ਜੀ ਨੂੰ ਰੋਜ਼ਾਨਾ ੨੦੦ ਤੋਂ ੩੦੦ ਰੁਪੈ ਤੱਕ ਭੇਟਾ ਹੁੰਦੇ ਹਨ। ਇਸ ਤੋਂ ਇਲਾਵਾ ਹਰ ਛਿਮਾਹੀ ਕੂਕੇ ਉਹਨਾਂ ਨੂੰ ਆਪਣੀ ਆਮਦਨੀ ਵਿੱਚੋਂ ਦਾਣਿਆਂ ਜਾਂ ਨਕਦੀ ਦੇ ਰੂਪ ਵਿੱਚ ਦਸਵੰਧ ਵੀ ਦਿੰਦੇ ਹਨ। ਇਸ ਤੋਂ ਇਲਾਵਾ ਗੁਰੂ ਕੇ ਲੰਗਰ ਨੂੰ ਚੱਲਦਾ ਰੱਖਣ ਲਈ ਬਹੁਤ ਸਾਰੇ ਕੂਕੇ, ਆਪਣੀਆਂ ਜ਼ਮੀਨਾਂ ਜਾਇਦਾਦਾਂ ਵੀ ਵੇਚ ਕੇ, ਡੇਰੇ ਭੈਣੀ ਸਾਹਿਬ ਆਪ ਪਾਸ ਪੁਚਾ ਦਿੰਦੇ ਹਨ।"[30]

ਉਗਰਾਹੀ ਦਾ ਮੁੱਢ ਇਸ ਤੋਂ ਪੰਜ ਕੁ ਸਾਲ ਪਹਿਲਾਂ ੧੮੭੫-੭੬ ਈ, ਵਿੱਚ ਹੀ ਬੱਝਿਆ ਸੀ। ਸਭ ਤੋਂ ਪਹਿਲਾਂ ਕਾਹਨ ਸਿੰਘ ਬੁਰਜ ਰਾਇਕੇ (ਅੰਮ੍ਰਿਤਸਰ), ਉਸਦਾ ਮਾਸੜ ਨੱਥਾ ਸਿੰਘ ਗਾਦੜੀ ਵਾਲਾ (ਫੀਰੋਜ਼ਪੁਰ) ਅਤੇ ਭਾਈ ਬਘੇਲ ਸਿੰਘ ਨਾਰਲੀ (ਪਹਿਲੋਂ ਲਾਹੌਰ ਹੁਣ ਅੰਮ੍ਰਿਤਸਰ), ਤਿੰਨੇ ਇੱਕ ਇੱਕ ਹਜ਼ਾਰ ਰੁਪੈ ਅਤੇ ਸੁਬੇਗ ਸਿੰਘ ਮਰਹਾਣਾ (ਅੰਮ੍ਰਿਤਸਰ) ਨੇ ਪੰਜ ਸੌ ਰੁਪੈ ਗੁਰੂ ਹਰੀ ਸਿੰਘ ਜੀ ਅੱਗੇ ਲੰਗਰ ਨਮਿਤ ਭੇਟਾ ਧਰੀ। ਲਾਖਣਾ (ਲਾਹੌਰ) ਦੇ ਬਾਬਾ ਬੂਟਾ ਸਿੰਘ ਹੋਰਾਂ ਕਿਹਾ ਕਿ ਮੇਰੇ ਪਾਸ ਤਾਂ ਆਪਣਾ ਸਰੀਰ ਹੀ ਹੈ, ਮੈਂ ਇਸ ਨੂੰ ਅੱਜ ਤੋਂ ਗੁਰੂ ਕੇ ਲੰਗਰ ਦੀ ਉਗਰਾਹੀ ਨਮਿੱਤ ਅਰਪਣ ਕਰਦਾ ਹਾਂ। ਬਾਬਾ ਜੀ ਨੇ ਬੜੀ ਤਨਦੇਹੀ ਨਾਲ ਲੱਕ ਬੰਨ੍ਹ ਕੇ ਲੰਗਰ ਨਮਿਤ ਉਗਰਾਹੀ ਕੀਤੀ ਸੀ। ਉਹ ਬੜੇ ਸਿਦਕੀ ਸਿੱਖ ਸਨ।[31]

੧੮੭੬-੭੭ ਈ. ਵਿੱਚ ਗੁਰੂ ਹਰੀ ਸਿੰਘ ਜੀ ਨੇ ਆਪਣਾ ਨਿਵਾਸ, ਲੰਗਰ

ਨਾਲ ਦੇ ਮੰਦਰਾਂ ਵਿੱਚ ਕਰ ਲਿਆ। ਫਿਰ ਉੱਪਰ ਚੁਬਾਰਾ ਪਾ ਕੇ, ਉਸ ਵਿੱਚ ਰਹਿਣ ਲੱਗ ਪਏ, ਜਿਸ ਨੂੰ ਗੱਦੀ ਸਾਹਿਬ ਵਾਲਾ ਚੁਬਾਰਾ ਕਿਹਾ ਜਾਣ ਲੱਗਾ। ਆਖਰੀ ਸਮੇਂ ਆਪ ਦੀ ਰਹਾਇਸ਼, ਕੋਈ ਦਸ ਕੁ ਸਾਲ, ਬਾਗ ਵਾਲੀ ਕੋਠੀ ਵਿੱਚ ਰਹੀ ਜੋ ੧੯੯੬ ਈ. ਵਿੱਚ ਬਣਾਈ ਗਈ ਸੀ।

ਗੁਰੂ ਹਰੀ ਸਿੰਘ ਦੇ ਗ੍ਰਹਿ ਵਿਖੇ ਮਾਤਾ ਸਾਹਿਬ ਕੌਰ ਦੇ ਉਦਰ ਥੀਂ ਦੋ ਪੁੱਤਰੀਆਂ ਹੋਈਆਂ ਸਨ, ਜਿਹਨਾਂ ਦੇ ਨਾਂ ਮਤਾਬ ਕੌਰ ਤੇ ਭਾਗ ਕੌਰ ਸਨ। ਬੀਬੀ ਮਤਾਬ ਕੌਰ ਦਾ ਅਨੰਦ ਕਿਲਾ ਰਾਇਪੁਰ ਦੇ ਬਿਸ਼ਨ ਸਿੰਘ ਠੇਕੇਦਾਰ ਨਾਲ ਹੋਇਆ। ਬੀਬੀ ਭਾਗ ਕੌਰ ਦੀ ਸ਼ਾਦੀ ਪਿੰਡ ਕੰਗਣਵਾਲ ਦੇ ਮਿਸਤਰੀ ਕਰਮ ਸਿੰਘ ਨਾਲ ਹੋਈ। ਮਾਤਾ ਸਾਹਿਬ ਕੌਰ ੧੯੭੯ ਈ. ਵਿੱਚ ਮਾਦਪੁਰ ਪਿਤਾ ਦੇ ਭੋਗ ਤੇ ਗਏ ਪੂਰੇ ਹੋ ਗਏ ਸਨ। ਗੁਰੂ ਹਰੀ ਸਿੰਘ ਜੀ ਨੇ ਭੈਣੀ ਸਾਹਿਬ ਵਿਖੇ ਪੰਜ ਪਾਠਾਂ ਦੇ ਭੋਗ ਆਪ ਨਮਿਤ ਪੁਆਏ।[32]

ਕਠਿਨਾਈ ਦੇ ਇਸ ਦੌਰ ਵਿੱਚ ਜਿਹੜੇ ਸਿੰਘ ਗੁਪਤ ਅਖੰਡ ਪਾਠ ਕਰਦੇ ਸਨ ਉਹਨਾਂ ਦੇ ਨਾਮ ਸਨ– (੧) ਬਸੰਤ ਸਿੰਘ ਪੁੱਤਰ ਬੀਬੀ ਨੰਦਾਂ (ਦੋਹਤਾ ਸਤਿਗੁਰੂ ਰਾਮ ਸਿੰਘ ਜੀ) (੨) ਬੀਰ ਸਿੰਘ ਸਿਆਹੜੀਆ (੩) ਨਰਾਇਣ ਸਿੰਘ (ਦੋਹਤਾ ਗੁਰੂ ਹਰੀ ਸਿੰਘ ਜੀ) (੪) ਧੰਨਾ ਸਿੰਘ ਗੁਮਟੀ ਵਾਲਾ (੫) ਹਰਨਾਮ ਸਿੰਘ ਭੰਮਾ ਬੱਧੀ (੬) ਹੀਰਾ ਸਿੰਘ ਮੂੰਡੀਆਂ (੭) ਘਨੱਈਆ ਸਿੰਘ ਬਿਲਗਾ (ਸਹੇਲ ਸਿੰਘ ਦਰੋਗੇ ਦਾ ਭਰਾ) (੮) ਗੁਰਦਿੱਤ ਸਿੰਘ ਮਹੰਤ ਮੋਰੋਂ। ਇਤਨੇ ਹੀ ਧੂਪੀਏ ਸਨ।[33]

ਸਤਿਗੁਰੂ ਜੀ ਦਾ ਦੋਹਤਾ ਬਸੰਤ ਸਿੰਘ ਦੁਰਗਾਪੁਰ ਵਿਖੇ ਮੰਗਿਆ ਸੀ। ੧੯੭੫ ਈ. ਵਿੱਚ ਉਸ ਦੇ ਅਨੰਦ ਕਾਰਜ ਲਈ ਗੁਰੂ ਹਰੀ ਸਿੰਘ ਜੀ, ੧੦੦ ਸਿੰਘਾਂ ਸਮੇਤ ਇਜ਼ਾਜ਼ਤ ਲੈ ਕੇ ਉੱਥੇ ਗਏ। ਦੁਆਬੇ ਦੀ ਬੇਅੰਤ ਸੰਗਤ ਆਪ ਦੇ ਦਰਸ਼ਨਾਂ ਨੂੰ ਆਈ।[34] ਇਸੇ ਤਰ੍ਹਾਂ ਗਰੇਵਾਲ ਤਪੇ ਵਿੱਚ ਆਪ ਨੇ ਪੰਜਾਬ ਸਿੰਘ ਦੀ ਪੁੱਤਰੀ ਦੀ ਸ਼ਾਦੀ ਤੇ ਲੋਹਗੜ੍ਹ ਮਨਜ਼ੂਰੀ ਲੈ ਕੇ ਦੌਰਾ ਕੀਤਾ। ਇੱਥੇ ਚਾਰ ਕੁ ਸੌ ਨਾਮਧਾਰੀ ਸਿੰਘ ਜੁੜਿਆ। ਇਸੇ ਤਰ੍ਹਾਂ ਮੂੰਡੀਆਂ ਵਿਖੇ ਬਚਿੱਤਰ ਸਿੰਘ ਦੇ ਲੜਕੇ ਹੀਰਾ ਸਿੰਘ ਦੇ ਅਨੰਦ ਕਾਰਜ ਤੇ ਦਰਸ਼ਨ ਦਿੱਤੇ। ਗਹਿਲਾਂ ਦੇ ਪਾਸ ਲੱਖਾ (ਲੁਧਿਆਣਾ), ਗੁਰੂ ਰਾਮ ਸਿੰਘ ਜੀ ਦੇ ਮਾਮੇ ਦੀ ਨੂੰਹ ਭੋਲੀ ਦੇ ਦੋਹਤੇ ਬੀਰ ਸਿੰਘ ਮੋਹੀ ਦੇ ਅਨੰਦ ਸਮੇਂ ਗੁਰੂ ਜੀ ਪਹੁੰਚੇ ਮਨਜ਼ੂਰੀ ਨਾਲ। ਇੱਥੇ ਮਾਲਵੇ ਦੀ ਸੰਗਤ ਦਾ ਵਿਸ਼ਾਲ ਇਕੱਠ ਹੋਇਆ। ਲੁਧਿਆਣੇ ਰੀਪੋਰਟ ਪੁੱਜੀ। ਉਦੋਂ ਹੀ ਲੁਧਿਆਣੇ ਤੋਂ ਥਾਣੇਦਾਰ ਭੇਜਿਆ ਕਿ ਸਭ ਨੂੰ ਖਿੰਡਾ ਦਿਉ। ਗੁਰੂ ਹਰੀ ਸਿੰਘ ਜੀ ਉੱਪਰ ਨੰਗੀਆਂ ਤਲਵਾਰਾਂ ਦਾ ਪਹਿਰਾ ਕਰ ਦਿੱਤਾ ਗਿਆ। ਰਸਤੇ ਵਿੱਚ ਝੋਰੜ ਪਿੰਡ ਵਿਖੇ ਇੱਕ ਲੰਗਰ ਕਰਕੇ ਭੈਣੀ ਸਾਹਿਬ ਮੁੜ ਆਏ।

ਹੀਰਾ ਸਿੰਘ ਲੰਮੂ ਸਢੌਰੇ ਦੇ ਪੁੱਤਰ ਦੀ ਸ਼ਾਦੀ ਤੇ ਆਪਨੇ ਮੈਨ ਦੁਆਬ ਦਾ ਦੌਰਾ ਛੁੱਟੀ ਲੈ ਕੇ ਕੀਤਾ। ਇਸ ਜੰਞ ਨਾਲ ਗੁਰੂ ਜੀ ਅੰਬਾਲਾ ਜ਼ਿਲ੍ਹਾ ਦੇ ਲੇਦਾ ਨਾਮੇ ਪਿੰਡ ਵਿਖੇ ਗਏ। ਇੱਥੇ ਫਿਰ ਸਿੰਘਾਂ ਦਾ ਇਕੱਠ ਵੇਖ ਕੇ ਹਾਕਮਾਂ ਦੇ ਹੱਥਾਂ ਦੇ ਤੋਤੇ ਉਡ ਗਏ। ਸਤਿਗੁਰੂ ਜੀ ਨੂੰ ਫਿਰ ਜਬਰਨ ਦੌਰਾ ਵਿੱਚੇ ਛੁਡਾ ਕੇ ਭੈਣੀ ਸਾਹਿਬ ਨੂੰ ਮੋੜ ਦਿੱਤਾ। ਇਸ ਸਮੇਂ ਬਾਬਾ ਦਰਬਾਰਾ ਸਿੰਘ ਵਾਲੇ ਹੁਕਮਨਾਮੇ ਅਤੇ ਅਖੰਡ ਪਾਠਾਂ ਦੀ

ਮਰਿਆਦਾ ਵਾਲੇ ਹੁਕਮਨਾਮੇ ਲੱਭਣ ਲਈ, ਡੇਰੇ ਅਤੇ ਲੰਗਰ ਦੀਆਂ ਕਈ ਥਾਵਾਂ ਦੀ ਪੁਟਾਈ ਵੀ ਪੁਲੀਸ ਨੇ ਕੀਤੀ ਪਰ ਉਹਨਾਂ ਦੇ ਪੱਲੇ ਨਿਰਾਸ਼ਾ ਹੀ ਪਈ। ਬਾਅਦ ਵਿੱਚ ਰਾਘੋ ਸਿੰਘ ਲਾਂਗਰੀ ਪਾਸੋਂ ਇਹ ਹੁਕਮਨਾਮੇ ਮੰਗਵਾ ਕੇ ਗੁਰੂ ਜੀ ਨੇ ਉਹਨਾਂ ਨੂੰ ਅਗਨ ਭੇਟ ਕਰਵਾ ਦਿੱਤਾ।[35]

ਮਨੀ ਸਿੰਘ ਮਾਈਸਰ ਖਾਨੇ ਵਾਲਾ, ਲੋਹਗੜ੍ਹ ਹੀਰਾ ਸਿੰਘ ਮੂੰਡੀਆਂ ਦੇ ਅਨੰਦ ਸਮੇਂ, ਗੁਰੂ ਹਰੀ ਸਿੰਘ ਜੀ ਨੂੰ ਮਿਲਿਆ ਸੀ। ਉਹ ਰੰਗੂਨ ਗੁਰੂ ਦਰਸ਼ਨ ਕਰਕੇ ਪਰਤਿਆ ਸੀ। ਉਸ ਨੇ ਸਤਿਗੁਰੂ ਜੀ ਦੀ ਖ਼ਬਰਸਾਰ ਗੁਰੂ ਹਰੀ ਸਿੰਘ ਨੂੰ ਦਿੱਤੀ। "ਹੁਕਮ ਭੇਜਿਆ ਸੀ ਭਾਈ ਤੂੰ ਮਰਿਆਦਾ ਨਾਲ ਰਹੀਂ, ਦੌਰੇ ਜਾਈਂ। ਏਨ੍ਹਾਂ ਨੇ ਚੌਧੇ (੧੯੫੭ ਈ.) ਮੇਂ ਮੇਖਾ ਗੱਡ ਗੱਡ ਲੋਗ ਮਾਰੇ। ਮੈਨੂੰ ਤਾਂ ਏਥੇ ਭੇਜਿਆ ਹੈ ਤੈਨੂੰ ਖਵਰੇ ਕਿੱਥੇ ਲੈ ਜਾਣਗੇ। ਤੂੰ ਮਰਿਆਦਾ ਨਾਲ ਰਹੀਂ! ਤੇਰੇ ਕਰਕੇ ਤੁੰਡ ਮੁੰਡ ਬਣਿਆ ਹੋਇਆ ਹੈ।" ਮਨੀ ਸਿੰਘ ਅਤਰੀ ਦਾ ਚਾਚਾ ਸੀ। ਇਸਨੂੰ ਅਖੰਡ ਪਾਠਾਂ ਲਈ ਸਤਿਗੁਰੂ ਰਾਮ ਸਿੰਘ ਜੀ ਨੇ ਪੰਜ ਸੌ ਰੁਪੈ ਭੈਣੀ ਸਾਹਿਬ ਪੁਚਾਉਣ ਲਈ ਦਿੱਤੇ ਸਨ। ਉਂਜ ਵੱਡਾ ਗਿਆਨੀ ਸੀ ਪਰ ਗੁਰੂ ਹਰੀ ਸਿੰਘ ਜੀ ਦੇ ਸਿੰਘ ਭੇਜਣ ਤੇ ਵੀ ਮਾਇਆ ਨਾ ਦਿੱਤੀ। ਸਤਿਗੁਰੂ ਰਾਮ ਸਿੰਘ ਜੀ ਵੀ ਇਸ ਧਨ ਬਾਰੇ ਆਪਣੇ ਹੁਕਮਨਾਮਿਆਂ ਵਿੱਚ ਪੁੱਛਗਿੱਛ ਕਰਦੇ ਰਹੇ ਸਨ।[36]

### ਗ਼ਦਰ ਮਚਾ ਦੇਣਗੇ-

ਸਤਿਗੁਰੂ ਰਾਮ ਸਿੰਘ ਜੀ ਨੇ ਗੁਰੂ ਹਰੀ ਸਿੰਘ ਜੀ ਨੂੰ, ਮੁਕਤਸਰ, ਦਮਦਮਾ ਸਾਹਿਬ ਆਦਿ ਸਥਾਨਾਂ ਤੇ, ਉਹਨਾਂ ਨਮਿੱਤ ਅਖੰਡ ਪਾਠ ਕਰਵਾਉਣ ਦਾ ਹੁਕਮ ਵੀ ਭੇਜਿਆ ਸੀ। ਇਸ ਤੇ ਫੁੱਲ ਚੜ੍ਹਾਉਣ ਲਈ ਗੁਰੂ ਜੀ ਜਨਵਰੀ ੧੯੭੮ ਈ. ਵਿੱਚ ਮਾਘੀ ਸਮੇਂ ਛੁੱਟੀ ਲੈ ਕੇ ਮੁਕਤਸਰ ਪੁੱਜੇ। ਗੁੜ ਦਾ ਗੱਡਾ ਭਰਿਆ ਸੀ। ਠੰਢ ਬਹੁਤ ਸੀ। ਬੀਬੀ ਨੰਦਾਂ ਨਾਲ ਸੀ। ਗੁਰੂ ਜੀ ਕਿਹਾ ਸਾਰੀ ਸੰਗਤ ਨੂੰ ਪਾਈਆ ਪਾਈਆ ਗੁੜ ਵਰਤਾਉ। ਬੀਬੀ ਨੰਦਾਂ ਨੇ ਹੁਕਮ ਨਾ ਮੰਨਣ ਦਿੱਤਾ। ਗੁਰੂ ਜੀ ਨੇ ਕਿਹਾ ਲੁੱਟ ਲਵੋ। ਸੰਗਤ ਅਤੇ ਹੋਰ ਲੋਕ ਵੀ ਗੁੜ ਲੈ ਗਏ। ਇੱਕੋ ਗੱਡਾ ਨਾ ਮੁੱਕਿਆ। ਪੰਜ ਅਖੰਡ ਪਾਠ ਕਰਵਾਇਕੇ ਮੁੜੇ। ਇਸੇ ਤਰ੍ਹਾਂ ਇਸ ਵੈਸਾਖੀ ਤੇ ਪੰਜ ਪਾਠ ਦਮਦਮੇ ਸਾਹਿਬ ਜਾ ਕੇ ਕੀਤੇ। ਮੁਖਬਰਾਂ ਨੇ ਫਿਰ ਮੁਖਬਰੀ ਕੀਤੀ ਕਿ ਗੁਰੂ ਰਾਮ ਸਿੰਘ ਦਾ ਭਾਈ ਦੌਰੇ ਕਰ ਰਿਹਾ ਹੈ। ਬਹੁਤ ਸਿੰਘ ਨਾਲ ਹਨ। ਜਿੱਧਰ ਜਾਂਦਾ ਹੈ ਓਧਰੇ ਲੋਕਾਂ ਨੂੰ ਵਿਗਾੜਦਾ ਹੈ। ਹੋਰ ਸਿੰਘ ਸਜ ਰਹੇ ਸਨ। ਜੇ ਏਸਨੇ ਸਿੰਘਾਂ ਨੂੰ ਕਹਿ ਦਿੱਤਾ ਤਾਂ ਫਿਰ ਸ਼ੋਰ ਮਚ ਜਾਏਗਾ। ਫਿਰ ਕੋਈ ਬੰਦੋਬਸਤ ਨਹੀਂ ਹੋਣਾ। ਇਹ ਵੀ (ਗੁਰੂ) ਰਾਮ ਸਿੰਘ ਵਰਗਾ ਹੈ। ਇੱਕ ਗਿਆ ਤਾਂ ਦੂਜਾ ਜਾਗ ਪਿਆ ਹੈ। "ਸਿੰਘ ਇਨਕਾ ਹੁਕਮ ਮੰਨਦੇ ਹੈਂ। ਜੇ ਹੁਕਮ ਦੇ ਦੀਆ ਤਾਂ ਗ਼ਦਰ ਮਚਾਇ ਦੇਣਗੇ।"[37] ਜਦੋਂ ਮੁੜਦੇ ਹੋਏ ਗੁਰੂ ਜੀ ਲੱਖਾ (ਲੁਧਿਆਣਾ) ਵਿੱਚ ਸਨ ਤਾਂ ਜ਼ਿਲ੍ਹੇ ਦਾ ਡੀ. ਸੀ., ਐਸ. ਪੀ. ਵਾਰਬਟਨ ਤੇ ਇਲਾਕੇ ਦਾ ਥਾਣੇਦਾਰ ਤਿੰਨਾਂ ਨੇ ਜਾ ਕੇ, ਗੁਰੂ ਜੀ ਨੂੰ ਤੁਰੰਤ ਭੈਣੀ ਸਾਹਿਬ ਪੁੱਜਣ ਦਾ ਆਦੇਸ਼ ਦੇ ਦਿੱਤਾ। ਦਾਖਾ, ਮੰਡਿਆਲੀ, ਧਰੌੜ ਹੁੰਦੇ ਹੋਏ ਵਾਪਸ ਗੁਰਦੁਆਰਾ ਭੈਣੀ ਸਾਹਿਬ ਪੁੱਜ ਗਏ।

**ਪੁਲੀਸ ਨਾਲ ਲੁਕਣਮੀਟੀ-**

ਗੁਰੂ ਹਰੀ ਸਿੰਘ ਜੀ ਭੈਣੀ ਸਾਹਿਬ ਪੁਲੀਸ ਚੌਕੀ ਦੇ ਕਰਮਚਾਰੀਆਂ ਨਾਲ ਕਈ ਵੇਰ, ਇੱਕ ਕਿਸਮ ਦੀ ਲੁਕਣਮੀਟੀ ਖੇਡਦੇ ਰਹਿੰਦੇ। ਇੱਕ ਵੇਰ ਮਾਛੀਵਾੜਾ ਸਾਹਿਬ ਦੇ ਮੇਲੇ ਤੇ ਸਿੰਘਾਂ ਨੂੰ ਨਾਲ ਲੈ ਕੇ ਤੇ ਹੋਰਨਾਂ ਨੂੰ ਦਰਸ਼ਨ ਦੇਣ, ਪੁਲੀਸ ਚੌਕੀ ਨੂੰ ਝਕਾਨੀ ਦੇ ਕੇ ਚਲੇ ਗਏ। ਕਾਫੀ ਸਿੰਘ ਉੱਥੇ ਜੁੜ ਗਏ ਸਤਿਲੁਜ ਦੇ ਕਿਨਾਰੇ। ਗੁਰੂ ਜੀ ਨੂੰ ਡੇਰੇ ਵਿੱਚ ਨਾ ਵੇਖ ਕੇ ਪੁੱਛਦਾ ਪੁਛਾਉਂਦਾ, ਮਗਰੇ ਹੀ ਥਾਣੇਦਾਰ ਚੌਕੀ ਵਾਲਾ ਪੁੱਜ ਗਿਆ। ਗੁਰੂ ਜੀ ਉਸਨੂੰ ਦੂਰੋਂ ਦੇਖ ਕੇ ਸਿੰਘਾਂ ਨੂੰ ਕਿਹਾ ਕਿ ਉਹ ਦਵਾ ਦਵ ਮੇਲੇ ਵਿੱਚ ਵੜ ਜਾਣ ਅਤੇ ਆਪ ਥਾਣੇਦਾਰ ਦੀ ਨਜ਼ਰ ਤੋਂ ਅਛੋਪਲੇ ਹੀ ਭੈਣੀ ਸਾਹਿਬ ਆ ਗਏ। ਮਗਰੇ ਥਾਣੇਦਾਰ ਆਇਆ ਤੇ ਕਹਿਣ ਲੱਗਾ ਤੁਸਾਂ ਜੁੜੇ ਹੋਏ ਗ਼ੈਰ ਕਾਨੂੰਨੀ ਤੌਰ ਤੇ, ਜ਼ਿਆਦਾ ਸਿੰਘ ਭਜਾ ਦਿੱਤੇ ਹਨ। ਮੈਂ ਉਹਨਾਂ ਦਾ ਚਲਾਣ ਕਰਨਾ ਸੀ। ਉਸ ਦੀ ਰੀਪੋਰਟ ਤੇ ਗੁਰੂ ਜੀ ਨੂੰ ਲੁਧਿਆਣੇ ਜਾਣਾ ਪਿਆ। ਇਹੋ ਜਿਹੀਆਂ ਸਖਤੀਆਂ ਆਮ ਵਰਤਾਰਾ ਸਨ ਜਿਹਨਾਂ ਵਿੱਚੋਂ ਉਸ ਸਮੇਂ ਗੁਰੂ ਹਰੀ ਸਿੰਘ ਜੀ ਅਤੇ ਸਾਰਾ ਕੂਕਾ ਭਾਈਚਾਰਾ ਲੰਘ ਰਿਹਾ ਸੀ।[38]

ਇੱਕ ਹੁਕਮਨਾਮੇ ਵਿੱਚ ਸਤਿਗੁਰੂ ਰਾਮ ਸਿੰਘ ਜੀ ਦਾ ਇਹ ਆਦੇਸ਼ ਆਇਆ ਕਿ ਸਾਰਿਆਂ ਤੀਰਥਾਂ ਦਾ ਮਹਾਤਮ ਰਾਮ ਸਰ ਵਿੱਚ ਪਾਇਆ ਹੈ। ਇਸ ਲਈ ਕਿਸੇ ਨੂੰ ਹੋਰ ਕਿਧਰੇ ਜਾਣ ਦੀ ਲੋੜ ਨਹੀਂ। ਭਜਨ ਬਾਣੀ ਵਰਨੀਆਂ ਸਾਰੇ ਤਕੜੇ ਹੋ ਕੇ ਕਰੋ। ਜੋ ਜੋ ਹੁਕਮ ਪਾਤਸ਼ਾਹ ਜੀ ਲਿਖ ਭੇਜਦੇ, ਗੁਰੂ ਹਰੀ ਸਿੰਘ ਜੀ ਬੜੀ ਤਨਦੇਹੀ ਨਾਲ ਉਹਨਾਂ ਤੇ ਅਮਲ ਕਰਵਾਉਂਦੇ।

ਨਵੀਂ ਬਣੀ ਸਰਹਿੰਦ ਨਹਿਰ ਦੀ ਪਟੜੀ ਦਾ ਕੁਝ ਖੇਤਰ, ਨਾਮਧਾਰੀ ਸਿੰਘ ਘਾਹ ਕੱਟਣ ਲਈ ਠੇਕੇ ਤੇ ਲੈ ਲੈਂਦੇ ਸਨ। ਇਸ ਤੇ ਵੀ ਥਾਣੇਦਾਰ ਨੇ ਕੌੜਨਾ ਕਿ ਘਾਹ ਲੈਣ ਬਹਾਨੇ ਉੱਥੇ ਜ਼ਿਆਦਾ ਸਿੰਘ ਇਕੱਠੇ ਹੁੰਦੇ ਹਨ। ਉੱਥੋਂ ਆਏ ਸਿੰਘਾਂ ਦਾ ਵੀ ਡੇਰੇ ਵਿੱਚੋਂ ਚੋਰੀ ਪਰਸ਼ਾਦਾ ਪੁਚਾਉਣਾ। ਵਾਰਬਟਨ ਐਸ. ਪੀ. ਕਈ ਵੇਰ ਗੁਰੂ ਕੀ ਉਗਰਾਹੀ ਲਈ ਜਾਣ ਵਾਲੇ ਗੱਡੇ ਵੀ ਡੱਕ ਦਿੰਦਾ ਸੀ, ਚੌਕੀ ਵਾਲੇ ਮੁੰਨਸ਼ੀ ਦੇ ਕਹਿਣ ਤੇ ਕਿ ਅਜੇ ਡੇਰੇ ਵਿੱਚ ਬਹੁਤ ਕਣਕ ਪਈ ਹੈ। ਉਹਨਾਂ ਦਾ ਮਤਲਬ ਸੀ ਨਾ ਉਗਰਾਹੀ ਆਵੇ ਨਾ ਲੰਗਰ ਚੱਲੇ ਤੇ ਨਾ ਕੂਕੇ ਸਿੰਘ ਇੱਥੇ ਇਕੱਠੇ ਹੋ ਸੱਕਣ। ਗੁਰੂ ਸਰ ਪਿੰਡ ਲੱਲਾਂ ਦੇ ਗੁਰਦੁਆਰੇ ਅੱਗੇ ਵੀ ਪੁਲੀਸ ਦਾ ਪਹਿਰਾ ਰਹਿੰਦਾ ਸੀ ਕਿ ਇੱਥੇ ਕੂਕੇ ਨਾ ਆਉਣ। ਭੈਣੀ ਸਾਹਿਬ ਦਾ ਗੁਆਂਢੀ ਪਿੰਡ ਸੀ ਇੱਥੋਂ ਦੇ ਮਹੰਤ ਮਾਘਾ ਸਿੰਘ ਨੂੰ ਸਿੰਘਾਂ ਨੂੰ ਲੰਗਰ ਪਾਣੀ ਛਕਾਇਆਂ ਬਹੁਤ ਅਨੰਦ ਆਉਂਦਾ ਸੀ।[39]

ਲੱਲਾਂ ਪਿੰਡਾਂ ਦੇ ਹੀ ਮੋਦਨ ਸਿੰਘ ਕੂਕੇ (ਪਿਤਾ ਉੱਘਾ ਲੇਖਕ ਸੰਤ ਇੰਦਰ ਸਿੰਘ ਚੱਕਰਵਰਤੀ) ਨੂੰ ਗੁਰੂ ਕੇ ਪਸ਼ੂਆਂ ਲਈ ਹਰਾ ਘਾਹ ਕੱਟ ਕੇ, ਪੰਡਾਂ ਬੰਨ੍ਹ ਕੇ, ਭੈਣੀ ਸਾਹਿਬ ਪੁਚਾਉਣ ਦੇ ਦੋਸ਼ ਵਿੱਚ, ਪਟਿਆਲਾ ਰਾਜ ਵਿੱਚ ਜਿਹਲ ਕੱਟਣੀ ਪਈ ਸੀ। ਗੁਰੂ ਹਰੀ ਸਿੰਘ ਕਾਲ ਦੇ ਕੂਕਿਆਂ ਦੀ ਦਰਦ ਗਾਥਾ ਕਿੱਥੋਂ ਸ਼ੁਰੂ ਕਰੀਏ ਕਿੱਥੇ ਛੱਡੀਏ, ਸਮਝ ਤੋਂ ਬਾਹਰ ਦਾ ਵਿਸ਼ਾ ਹੋ ਨਿੱਬੜਦੀ ਹੈ।

**ਬੀਬੀ ਨੰਦਾਂ ਦਾ ਬੋਲ ਕੁਬੋਲ-**

ਕਈ ਵੇਰ ਸਤਿਗੁਰੂ ਜੀ ਦੀ ਪੁੱਤਰੀ ਬੀਬੀ ਨੰਦਾਂ ਵੀ ਗੁਰੂ ਹਰੀ ਸਿੰਘ ਜੀ ਲਈ ਅਣ-ਸੁਖਾਵਾਂ ਮਾਹੌਲ ਸਿਰਜ ਦਿੰਦੀ। ਗੁਰੂ ਹਰੀ ਸਿੰਘ ਦਾ ਸਭ ਤੋਂ ਵੱਡਾ ਫ਼ਿਕਰ ਗੁਰੂ ਕਾ ਲੰਗਰ ਚੱਲਦਾ ਰੱਖਣਾ ਸੀ। ਲੰਗਰ ਅਤੇ ਪਾਠਾਂ ਵਾਸਤੇ ਉਹ ਜੋ ਭੇਟਾ ਆਉਂਦੀ, ਉਸੇ ਵੇਲੇ ਵਰਤ ਲੈਂਦੇ। ਅਨੇਕ ਵਾਰ ਲੋੜਵੰਦ ਸਿੱਖਾਂ ਦੀ ਮੱਦਦ ਵੀ ਗੁਰੂ ਘਰੋਂ ਹੁੰਦੀ। ਕਈ ਵੇਰ ਰੰਗੂਨ ਸਤਿਗੁਰੂ ਦਰਸ਼ਨਾਂ ਨੂੰ ਜਾਣ ਵਾਲੇ ਲੋੜਵੰਦਾਂ ਨੂੰ, ਕਿਰਾਇਆ ਭਾੜਾ ਵੀ ਇੱਥੋਂ ਦੇ ਕੇ ਤੋਰਨਾ ਪੈਂਦਾ ਸੀ। ੯੬ ਸਿੰਘ ਸਿੰਘਣੀਆਂ ਬਰਹਮਾਂ ਗੁਰੂ ਦਰਸ਼ਨਾਂ ਨੂੰ ਗਏ ਸਨ। ਉਹ ਜਾਣ ਲੱਗੇ ਵੀ ਗੁਰੂ ਹਰੀ ਸਿੰਘ ਨਾਲ ਵਿਚਾਰ ਵਿਮਰਸ਼ ਕਰਕੇ ਜਾਂਦੇ ਅਤੇ ਆਉਣ ਬਾਅਦ ਵੀ ਉਧਰ ਦੇ ਸਮਾਚਾਰ ਇਥੇ ਪੁਚਾਉਂਦੇ। ਗੁਰੂ ਹਰੀ ਸਿੰਘ ਜੀ ਦਾ ਇਹ ਉਦਾਰ ਸੁਭਾਉ ਬੀਬੀ ਨੰਦਾਂ ਨੂੰ ਖਟਕਦਾ ਸੀ। ਉਸਨੇ ਵੱਧ ਘੱਟ ਬਚਨ ਕਰਨੇ। ਕਹਿਣਾ- "ਜੋ ਪਦਾਰਥ ਆਉਂਦਾ ਹੈ ਲੁਟਾਈ ਜਾਂਦਾ ਹੈ।" ਹਮੇਸ਼ਾ ਲੜਾਈ ਰੱਖਣੀ, ਗੁਰੂ ਮਹਾਰਾਜ ਜੀ ਸਾਂਤਕੀ ਰੱਖੀ, ਕਦੇ ਕੁਛ ਨਹੀਂ ਕਿਹਾ।

"ਇਕ ਦਿਨ ਬੀਬੀ ਕੇ ਰੋਜ ਬੋਲਨੇ ਸੇ ਗੁਰੂ ਜੀ ਦੂਰ ਜਾਇ ਬੈਠੇ। ਸੋਚਾਂ ਕਰਦੇ ਹੈਂ ਹੇ ਅਕਾਲ ਪੁਰਖ ਓਧਰੋਂ ਤਾਂ ਅੰਗ੍ਰੇਜ਼ਾਂ ਨੇ ਕਰੜਾਈ ਕਰ ਛੱਡੀ, ਗਾਰਦ ਦਰਵੱਜੇ ਪਰ ਬੈਠੀ ਹੈ, ਕਿਧਰੇ ਜਾਣਾ ਨਹੀਂ ਮਿਲਦਾ ਹੈ। ਏਧਰੋਂ ਏਸ ਕੁੜੀ ਨੇ ਅੱਤ ਚੁੱਕੀ ਹੈ, ਭਜਨ ਨਹੀਂ ਕਰਨ ਦੇਂਦੀ ਹੈ। ਹਰ ਵਕਤ ਕਲਹ ਛੇੜੀ ਰਖਦੀ ਹੈ। ਘਰ ਏਹ ਨਹੀਂ ਬੈਠਣ ਦੇਂਦੀ, ਅੰਗ੍ਰੇਜ਼ਾਂ ਨੇ ਪਹਿਰਾ ਕਰ ਦੀਆ ਹੈ ਨਹੀਂ ਤੇ ਕਿਧਰੇ ਚਲੇ ਬੀ ਜਾਈਏ ਜਿਵੇਂ ਕੁੜੀ ਬੋਲਦੀ ਹੈ।" ਡੇਰੇ ਵਿੱਚ ਗੁਰੂ ਜੀ ਦੇ ਨਾ ਨਜ਼ਰ ਆਉਣ ਤੇ ਸਿੰਘਾਂ ਅਤੇ ਥਾਣੇਦਾਰ ਨੇ ਵੀ ਗਾਰਦ ਸਣੇ ਢੂੰਡਿਆ। ਬਾਹਰ ਉਜਾੜ ਵਿੱਚ ਭਜਨ ਕਰਦੇ ਸਨ। ਸਿੰਘ ਅਰਜ਼ ਕਰਕੇ ਲਿਆਏ। ਗਾਰਦ ਦੀ ਪ੍ਰੇਸ਼ਾਨੀ ਵੀ ਮਿਟੀ। ਗੁਰੂ ਹਰੀ ਸਿੰਘ ਜੀ ਕਈ ਕਈ ਦਿਨ ਲੰਗਰ ਵਿੱਚ ਪਰਸ਼ਾਦਾ ਛਕਣ ਲਈ ਚੁਬਾਰੇ ਵਿੱਚੋਂ ਨਹੀਂ ਉਤਰਦੇ ਸੀ। ਉਹ ਕਹਿੰਦੇ ਸਨ, ਕਿ ਮੈਨੂੰ ਵੇਖ ਕੇ ਕੁੜੀ ਔਖੀ ਹੋ ਜਾਂਦੀ ਹੈ। ਜਿੰਨਾਂ ਚਿਰ ਆਪ ਲੰਗਰ ਵਿੱਚ ਪਰਸ਼ਾਦਾ ਛਕਦੇ, ਬੀਬੀ ਨੰਦਾਂ ਬੂਹੇ ਅੱਗੇ ਖੜ੍ਹੀ ਛਿੱਬੀਆਂ ਦਿੰਦੀ ਤੇ ਬੋਲਦੀ ਰਹਿੰਦੀ। ਧਰਤੀ ਜਿਤਨੀ ਧੀਰਜ ਧਾਰਨ ਕਰਕੇ ਹੀ ਗੁਰੂ ਜੀ ਨੇ ਆਪਣਿਆਂ ਅਤੇ ਬੇਗਾਨਿਆਂ ਦੀਆਂ ਇਹ ਵਧੀਕੀਆਂ, ਬਿਨਾਂ ਮੱਥੇ ਵੱਟ ਪਾਇਆਂ, ਬਰਦਾਸ਼ਤ ਕੀਤੀਆਂ।[40]

**ਸਿਰੜੀ ਸਿੱਖ-**

ਗੁਰੂ ਹਰੀ ਸਿੰਘ ਜੀ ਦੇ ਸਮੇਂ ਚੋਰੀ ਛਿਪੇ ਲੰਗਰ ਵਿੱਚ ਰਹਿਣ ਵਾਲੇ ਹਜਾਰਾ ਸਿੰਘ ਲਾਂਗਰੀ ਨੂੰ ਪੁਲੀਸ ਗਾਰਦ ਨੇ ਅਨੇਕ ਵਾਰ ਕੁੱਟ ਮਾਰ ਕੇ ਡੇਰੇ ਵਿੱਚੋਂ ਕੱਢਿਆ। ਇਕ ਵੇਰ ਉਸਨੂੰ ਤਿੰਨ ਮਹੀਨੇ ਲੁਧਿਆਣੇ ਹਵਾਲਾਤ ਵਿੱਚ ਵੀ ਰੱਖਿਆ। ਅਨੇਕ

ਵਾਰ ਲੁਧਿਆਣੇ ਪੇਸ਼ੀਆਂ ਭੁਗਤੀਆਂ। ਜਦੋਂ ਵੱਡੇ ਅਫਸਰ ਇਹ ਕਹਿ ਕੇ ਛਡ ਦਿੰਦੇ ਕਿ ਹੁਣ ਭੈਣੀ ਸਾਹਿਬ ਗਿਆ ਤਾਂ ਤੇਰੀ ਖੈਰ ਨਹੀਂ ਪਰ ਉਹ ਗੁਰੂ ਪਿਆਰਾ ਫਿਰ ਵੀ ਰਾਤੋ ਰਾਤ ਤੁਰਦਾ ਲੁਧਿਆਣੇ ਤੋਂ, ਲੋ ਲੱਗਣ ਤੋਂ ਪਹਿਲਾਂ ਹੀ ਕਿਸੇ ਤਰ੍ਹਾਂ ਡੇਰੇ ਵਿੱਚ ਦਾਖਲ ਹੋ ਜਾਂਦਾ ਸੀ।[41]

## ਦਸਾਂ ਨੂੰ ਦਰਸ਼ਨ ਦੀ ਆਗਿਆ-

ਲੱਲੀਆਂ ਜ਼ਿਲ੍ਹਾ ਹੁਸ਼ਿਆਰਪੁਰ ਦੇ ਹੀਰਾ ਸਿੰਘ ਨੂੰ ਗਾਰਦ ਨੇ ਦਰਸ਼ਨ ਨਾ ਕਰਨ ਦਿੱਤਾ। ਉਸ ਗੁਰੂ ਹਰੀ ਸਿੰਘ ਜੀ ਤੋਂ ਆਗਿਆ ਲੈ ਕੇ ਲਾਹੌਰ ਅਰਜੀ ਪਾਈ ਕਿ ਸਾਡਾ ਗੁਰਦੁਆਰਾ ਹੈ, ਦਰਸ਼ਨਾਂ ਦੀ ਖੁੱਲ੍ਹ ਮਿਲੇ। ਜਿਵੇਂ ਹੋਰ ਗੁਰਦੁਆਰਿਆਂ ਵਿੱਚ ਰੁਕਾਵਟ ਨਹੀਂ, ਸਾਨੂੰ ਵੀ ਮੱਥਾ ਟੇਕਣਾ ਮਿਲੇ। ਲਾਹੌਰ ਤੋਂ ਉਹ ਅਰਜ਼ੀ ਅੱਠ ਕੌਂਸਲ ਪਾਸ ਪਹੁੰਚੀ। ਉਹਨਾਂ ਹੁਕਮ ਦੇ ਦਿੱਤਾ ਕਿ ਅੱਠਾਂ ਪਹਿਰਾਂ ਵਿੱਚ ਹੁਣ ਪੰਜ ਦੀ ਥਾਂ ਦਸ ਸਿੰਘ ਦਰਸ਼ਨ ਕਰ ਸੱਕਦੇ ਹਨ। ਇਹ ਦਸ ਅੱਠ ਪਹਿਰ ਗੁਰਦੁਆਰੇ ਵਿੱਚ ਰਹਿਣ। ਅਗਲੀ ਸਵੇਰ ਇਹਨਾਂ ਨੂੰ ਬਾਹਰ ਕਰਕੇ, ਨਵੇਂ ਦਸ ਅੰਦਰ ਜਾ ਸੱਕਦੇ ਹਨ। ਦਸਾਂ ਵਾਲਾ ਹੁਕਮ ਸਾਢੇ ਪੰਜ ਸਾਲ ਬਾਅਦ ਹੋਇਆ, ਜੂਨ ੧੯੭੭ ਈ, ਵਿੱਚ ਪਰ ਗੁਰਦੁਆਰੇ ਵਿੱਚ ਇਸ ਦੀ ਜਾਣਕਾਰੀ ਕੁਛ ਚਿਰ ਬਾਅਦ ਪੁੱਜੀ।[42]

## ਤਿਉਹਾਰਾਂ ਤੋਂ ਬਾਅਦ ਛੁੱਟੀ-

ਸੰਨ ੧੯੭੮ ਈ. ਵਿੱਚ ਗੁਰੂ ਹਰੀ ਸਿੰਘ ਜੀ ਦੋ ਮਹੀਨੇ ਦੀ ਛੁੱਟੀ ਲੈ ਕੇ ਅੰਮ੍ਰਿਤਸਰ ਜੀ ਦੇ ਦਰਸ਼ਨਾਂ ਨੂੰ ਗਏ ਸਨ। ਫਲੌਰ ਵਿੱਚ ਲਹਿਣਾ ਸਿੰਘ ਦੇ ਭਰਾ ਰਾਮ ਸਿੰਘ ਦੇ ਘਰ ਡੇਰਾ ਕੀਤਾ। ਮੁਠੱਡੇ ਦੇ ਸਿੰਘਾਂ ਬੜੇ ਪ੍ਰੇਮ ਨਾਲ ਸੇਵਾ ਕੀਤੀ। ਫਿਰ ਸ੍ਰੀ ਅੰਮ੍ਰਿਤਸਰ ਵਿੱਚ ਮਾਝੇ, ਦੜਪ ਅਤੇ ਬਾਰ ਦੀਆਂ ਸੰਗਤਾਂ ਨੂੰ ਨਿਹਾਲ ਕੀਤਾ। ਨਾਮਧਾਰੀ ਸੰਗਤ ਵਿੱਚ ਨਵੇਂ ਪ੍ਰਾਣਾਂ ਦਾ ਸੰਚਾਰ ਹੋਇਆ। ਅੰਮ੍ਰਿਤਸਰ, ਮੁਕਤਸਰ ਜਾਂ ਦਮਦਮਾ ਸਾਹਿਬ ਵਿਖੇ ਸਰਕਾਰ ਗੁਰੂ ਹਰੀ ਸਿੰਘ ਜੀ ਨੂੰ ਦੀਵਾਲੀ, ਮਾਘੀ ਜਾਂ ਵੈਸਾਖੀ ਲੰਘੇ ਬਾਅਦ ਉੱਥੇ ਜਾਣ ਦੀ ਛੁੱਟੀ ਦਿੰਦੀ ਸੀ। ਮਕਸਦ ਇਹੋ ਹੁੰਦਾ ਸੀ ਕਿ ਵਿਸ਼ਾਲ ਸਿੱਖ ਸਮੂਹ ਨੂੰ ਉਹ ਆਪਣੇ ਸਰਕਾਰ ਵਿਰੋਧੀ ਪਰਚਾਰ ਦੀ ਜੱਦ ਵਿੱਚ ਨਾ ਲਿਆਉਣ।

ਸਾਢੇ ਅੱਠ ਸਾਲ ਰੰਗੂਨ ਰੱਖਣ ਬਾਅਦ ੨੧ ਸਤੰਬਰ ੧੮੮੦ ਈ. ਨੂੰ, ਗੁਰੂ ਰਾਮ ਸਿੰਘ ਜੀ ਨੂੰ ਮਰਗੋਈ ਟਾਪੂ ਵਿੱਚ ਭੇਜ ਦਿੱਤਾ ਤਾਂ ਕਿ ਪੰਜਾਬ ਵਿੱਚੋਂ ਆਉਣ ਵਾਲੇ ਕੂਕਿਆਂ ਨਾਲੋਂ ਆਪ ਦਾ ਸੰਪਰਕ ਤੋੜਿਆ ਜਾ ਸੱਕੇ। ਇਹ ਜਾਣਕੇ ਕਿ ਗੁਰੂ ਜੀ ਨੂੰ ਰੰਗੂਨ ਤੋਂ ਅੱਗੇ ਕਿਤੇ ਲੈ ਗਏ ਹਨ, ਗੁਰੂ ਹਰੀ ਸਿੰਘ ਜੀ ਨੂੰ ਆਪ ਦੀ ਚਿੰਤਾ ਹੋਈ। ਇਕ ਵਿਸ਼ੇਸ਼ ਕਾਰਨ ਇਹ ਵੀ ਸੀ ਕਿ ਮੱਧ ਏਸ਼ੀਆਂ ਦੇ ਰੂਸੀ ਹਾਕਮਾਂ ਦਾ ਗੁਰੂ ਰਾਮ ਸਿੰਘ ਜੀ ਨਾਲ ਖ਼ਤੋ ਕਤਾਬਤ ਦਾ ਸਿਲਸਿਲਾ, ਸੂਬਾ, ਬਿਸ਼ਨ ਸਿੰਘ ਕਾਬਲ ਵਾਲਾ ਅਤੇ ਬਾਬਾ ਗੁਰਚਰਨ ਸਿੰਘ ਚੱਕ ਰਾਮਦਾਸ ਦੀ ਮਾਰਫਤ ਚੱਲਦਾ ਸੀ। ਬਾਬਾ ਗੁਰਚਰਨ ਸਿੰਘ ਨੂੰ ਮਹੰਤ ਤਾਂ ਗੁਰੂ ਰਾਮ ਸਿੰਘ ਜੀ ਨੇ ਹੀ ਬਣਾ ਦਿੱਤਾ ਸੀ ਪਰੰਤੂ

ਸੂਬਾ ਗੁਰੂ ਹਰੀ ਸਿੰਘ ਜੀ ਨੇ ਥਾਪਿਆ ਸੀ। ਰੂਸੀ ਹਾਕਮਾਂ ਦੇ ਉਹ ਪੱਤਰ ਗੁਰੂ ਹਰੀ ਸਿੰਘ ਪਾਸ ਭੈਣੀ ਸਾਹਿਬ ਪੁੱਜ ਗਏ ਸਨ। ਇੱਥੋਂ ਆਪ ਨੇ ਜਨਵਰੀ ੧੯੯੧ ਈ. ਵਿੱਚ ਭਾਈ ਨਰਾਇਣ ਸਿੰਘ ਰੋਡਿਆਂ ਵਾਲੇ ਅਤੇ ਭਾਈ ਮੀਹਾਂ ਸਿੰਘ ਸਰਹਾਲੀ ਦੀ ਮਾਰਫਤ ਇਹ ਪੱਤਰ ਸਤਿਗੁਰੂ ਜੀ ਤੱਕ ਮਰਗੋਈ ਪੁਚਾਏ।[43]

ਨਾਮਧਾਰੀ ਦਰਬਾਰ ਵਲੋਂ ਪਰਕਾਸ਼ਿਤ, ਜਸਵਿੰਦਰ ਸਿੰਘ ਦੁਆਰਾ ਸੰਪਾਦਿਤ, ਸਤਿਗੁਰੂ ਰਾਮ ਸਿੰਘ ਜੀ ਦੇ ੬੫ ਹੁਕਮਨਾਮੇ ਹਨ। ਇਹਨਾਂ ਵਿੱਚੋਂ ਪਹਿਲੇ ਦੋ ਤਾਂ ਸ੍ਰੀ ਭੈਣੀ ਸਾਹਿਬ ਤੋਂ ਹੀ ਆਪ ਜੀ ਨੇ ਸੰਗਤ ਨੂੰ ਸਾਦਰ ਕੀਤੇ ਸਨ। ਬਾਕੀ ੬੩ ਹੁਕਮਨਾਮਿਆਂ ਵਿੱਚੋਂ, ੧੨ ਗੁਰੂ ਹਰੀ ਸਿੰਘ ਜੀ ਨੂੰ ਸੰਬੋਧਿਤ ਹਨ। ਇਹ ਹਨ ਹੁਕਮਨਾਮਾ ਨੰਬਰ ੫, ੧੧, ੧੨, ੧੫, ੧੭, ੨੪, ੩੬, ੪੦, ੫੨, ੫੬, ੬੩ ਅਤੇ ੬੫। ਹੁਕਮਨਾਮਾ ਨੰਬਰ ੫, ਗੁਰੂ ਹਰੀ ਸਿੰਘ ਜੀ ਤੋਂ ਇਲਾਵਾ ਮਾਲਵੇ ਦੇ ਮੁਖੀ ਕੂਕਿਆਂ ਨੂੰ ਸੰਬੋਧਿਤ ਹੈ। ਇਸ ਵਿੱਚ ਰੂਸ ਵਿੱਚ ਵੱਡੀ ਉੱਥਲ-ਪੁੱਥਲ ਹੋਣ ਦੀ ਘਟਨਾ ਦਾ ਜ਼ਿਕਰ ਹੈ। ਆਪ ਸਿੰਘਾਂ ਨੂੰ ਵੱਧ ਤੋਂ ਵੱਧ ਭਜਨ, ਬਾਣੀ, ਪਾਠ ਕਰਨ ਅਤੇ ਭੁੱਖਿਆਂ, ਲੋੜਵੰਦਾਂ ਦੀ ਅੰਨ ਪਾਣੀ ਨਾਲ, ਸੇਵਾ ਦਾ ਹੁਕਮ ਦਿੰਦੇ ਹਨ। ੧੧ ਨੰਬਰ ਹੁਕਮਨਾਮੇ ਵਿੱਚ ਲਿਖਦੇ ਹਨ ਕਿ ਆਪ ਹੁਣ ਉਸ ਬੰਗਲੇ ਵਿੱਚ ਰਹਿੰਦੇ ਹਨ, ਜਿੱਥੇ ਪਹਿਲਾਂ ਦਿੱਲੀ ਵਾਲਾ ਮੁਗਲ ਬਾਦਸ਼ਾਹ, ਬਹਾਦਰ ਸ਼ਾਹ ਜ਼ੱਫਰ ਕੈਦ ਦੌਰਾਨ ਰਹਿੰਦਾ ਰਿਹਾ। ਗੁਰੂ ਹਰੀ ਸਿੰਘ ਜੀ ਨੂੰ ਤਾਕੀਦ ਕਰਦੇ ਹਨ- "ਮੇਰੀਆਂ ਚਿੱਠੀਆਂ ਨੂ ਦਸੀ ਬੀਹੀ ਦਿਨੀ ਦੇਖ ਲਿਆ ਕਰ।" ਮਾਤਾ ਸਦਾ ਕੌਰ ਜੀ ਦੇ ਨਮਿਤ ਗੁਰਬਾਣੀ ਪਾਠਾਂ ਦੇ ਪੰਜ ਭੋਗ ਪੁਆਉਣ ਅਤੇ ਲੀੜਾ ਕੱਪੜਾ ਲੋੜਵੰਦਾਂ ਨੂੰ ਦੇਣ ਦਾ ਹੁਕਮ ਵੀ ਕਰਦੇ ਹਨ। ਬਾਰਾਂ ਨੰਬਰ ਹੁਕਮਨਾਮੇ ਵਿੱਚ, ਕਈ ਵਿਹਾਰਕ ਬਚਨ ਵੀ ਲਿਖਦੇ ਹਨ ਅਤੇ ਕੁੜੀਆਂ ਮੁੰਡਿਆਂ ਨੂੰ ਗੁਰਮੁਖੀ ਅੱਖਰ ਪੜ੍ਹਾਉਣ ਬਾਰੇ ਵੀ ਆਦੇਸ਼ ਦਿੰਦੇ ਹਨ। ਇਹ ਵੀ ਹਿਦਾਇਤ ਕਰਦੇ ਹਨ ਕਿ ਸ਼ਰਧਾ ਭਾਵਨਾ ਨਾਲ ਕੋਈ ਕਿਸੇ ਨੂੰ ਜੂਠਾ ਭੋਜਨ ਨਾ ਦੇਵੇ ਅਤੇ ਨਾ ਹੀ ਕੋਈ ਸੀਤ ਪ੍ਰਸਾਦਿ ਦੇ ਨਾਂ ਤੇ ਜੂਠਾ ਛਕੇ। "ਮੈ ਤਾ ਜੂਠਾ ਟੁਕ ਖਾ ਕੇ ਕੋਈ ਨਹੀਂ ਡਿਠਾ ਬਬਾਨਾ ਉਤੇ ਚੜਾ ਜਾਦਾ। ਬਚਨ ਮੰਨ ਕੇ ਤਾਂ ਅਨੇਕ ਉਧਰੇ ਹੈ।" ਸਭ ਨੂੰ ਲੰਗਰ ਵਿੱਚ ਹਿੱਸਾ ਪਾਉਣ ਤੇ ਵੀ ਜ਼ੋਰ ਦਿੰਦੇ ਹਨ। ਹੁਕਮਨਾਮਾ ੧੫ ਵਿੱਚ ਫੁਰਮਾਉਂਦੇ ਹਨ- "ਹੋਰੁ ਜਦਿ ਹਰਿਦਾਸ ਲਿਖੋ ਤਾ ਬਹੁਤਾ ਸਿਰੀ ਸਿਰੀ ਅਰ ਮਹਾਰਾਜ ਸਬਦ ਨਾ ਲਿਖਿਆ ਕਰੋ। ਖਬਰ ਸਾਰ ਲਿਖਿਆ ਕਰੋ ਬਹੁਤ ਤਰਾ ਦੀ।" ਗੁਰੂ ਹਰੀ ਸਿੰਘ ਜੀ ਦੇ ਮਹਿਲ ਮਾਤਾ ਸਾਹਿਬ ਕੌਰ ਨੇ ਖਾਂਸੀ ਦੀ ਦੁਆਈ ਪੁੱਛੀ ਤਾਂ ਉਸਨੂੰ ਹੋਰ ਵਿਹਾਰ ਛੱਡ ਕੇ, ਨਾਮ ਬਾਣੀ ਤਕੜੇ ਹੋ ਕੇ ਕਰਨ ਦਾ ਹੁਕਮ ਕੀਤਾ। ਗ਼ੈਰ ਨਾਮਧਾਰੀ ਨੂੰ ਵੀ ਰੋਟੀ ਕੱਪੜੇ ਦੀ ਮੱਦਦ ਕਰਨ ਲਈ ਕਹਿੰਦੇ ਹਨ। ਰੂਸ ਦੇ ਹਾਲਾਤ ਜਾਨਣੇ ਚਾਹੁੰਦੇ ਹਨ। ਸਤਾਰਾਂ ਨੰਬਰ ਵਿੱਚ ਗੁਰੂ ਹਰੀ ਸਿੰਘ, ਗੁਰੂ ਪਰਿਵਾਰ ਅਤੇ ਭੈਣੀ ਸਾਹਿਬ ਅਤੇ ਆਸ ਪਾਸ ਦੀ ਸੰਗਤ ਨੂੰ ਲਿਖਦੇ ਹਨ- "ਹੋਰ ਅਸੀ ਅਨੰਦ ਹਾ ਸਰਬਤ ਸੰਗਤਿ ਕੀ ਸੁਖ ਅਨੰਦ ਸਿਰੀ ਗੁਰੂ ਸਾਹਿਬ ਪਾਸੋ ਹਮੇਸਾ ਮੰਗਦੇ ਹਾ। ਹੋਰ ਸਾਨੂ ਕੋਈ ਦੁਖ ਨਹੀਂ ਇਕ ਸੰਗਤਿ ਦੇ ਵਿਛੋੜੇ ਦਾ ਦੁਖ ਹੈ,

ਸੰਗਤਿ ਨੂ ਬੀ। ਸੋ ਜੀ ਸਾਰੇ ਗੁਰੂ ਜੀ ਅਗੇ ਬੇਨਤੀ ਕਰੋ ਤਾ ਏਹ ਦੁਖ ਕਟਿਆ ਜਾਊਗਾ। ਗੁਰੂ ਦਾ ਬਿਰਦੁ ਪਤਿਤ ਪਾਵਨ ਹੈ।" ਰੂਸ ਬਾਰੇ ਪੁਛਗਿਛ ੨੪ ਨੰਬਰ ਵਿੱਚ ਵੀ ਕੀਤੀ ਹੈ।

ਹੁਕਮਨਾਮਾ ਨੰਬਰ ੩੬, ੪੦, ੫੨ ਅਤੇ ੬੩ ਵਿੱਚ ਆਉਣ ਵਾਲੇ ਸਿੰਘਾਂ ਦੀਆਂ ਤਕਲੀਫਾਂ ਨੂੰ ਧਿਆਨ ਵਿੱਚ ਰੱਖਦਿਆਂ, ਗੁਰੂ ਹਰੀ ਸਿੰਘ ਜੀ ਨੂੰ ੮-੧੦ ਮਹੀਨਿਆਂ ਬਾਅਦ ਹੀ ਇੱਕ ਅੱਧ ਸਿੰਘ ਭੇਜਣ ਬਾਰੇ ਲਿਖਦੇ ਹਨ। ਗੁਰੂ ਹਰੀ ਸਿੰਘ ਜੀ ਨੂੰ ਮੁਖਾਤਿਬ ਹੁੰਦੇ ਹਨ- "ਹੋਰ ਤੁਸੀ ਨਹੀ ਕਿਸੇ ਨਾਲ ਵੈਰ ਭਾਉ ਰਖਣਾ। ਜੇ ਕੋਈ ਤੁਸਾ ਦੇ ਨਾਲ ਰਖੇ ਤਾਂ ਪਿਆ ਝਖ ਮਾਰੇ। ਕਿਸੇ ਭੇਖ ਦਾ ਆਵੇ ਕੋਈ ਸਭ ਦੀ ਸੇਵਾ ਟਹਿਲ ਕਰਨੀ ਆਦਰੁ ਨਾਲ, ਭਾਮੇ ਨਿੰਦਾ ਬੀ ਕਰਦਾ ਹੋਵੇ।" (ਨੰ. ੫੬)

ਗੁਰੂ ਹਰੀ ਸਿੰਘ ਜੀ ਸਾਹਨੇਵਾਲ ਤੋਂ ਮਨੀ ਆਰਡਰ ਕਰਵਾ ਕੇ ਕਈ ਵੇਰ ਸਤਿਗੁਰੂ ਜੀ ਪਾਸ, ਨਜ਼ਰਬੰਦੀ ਸਮੇਂ, ਮਾਇਆ ਪੁਚਾਇਆ ਕਰਦੇ ਸਨ। ਇਸ ਦਾ ਜ਼ਿਕਰ ੧੮੮੨ ਈ. ਵਾਲੇ ਅੰਤਿਮ ਹੁਕਮਨਾਮੇ ਵਿੱਚ ਹੈ ਕਿ ਹੁਣ ਤੁਸੀਂ ਸਾਨੂੰ ਕਦੇ ਵੀ ਮਾਇਆ ਨਾ ਭੇਜੋ। ਨਾ ਹੀ ਕੋਈ ਸਿੰਘ ਏਧਰ ਆਵੇ। ਇਧਰ ਆਉਣ ਤੇ ਲੱਗਣ ਵਾਲੀ ਮਾਇਆ ਨਾਲ ਪਾਠ ਕਰੋ, ਕਰਵਾਉ ਅਤੇ ਲੋਹ ਲੰਗਰ ਚੱਲਦਾ ਰੱਖੋ। ਇਹ ਹੁਕਮਨਾਮੇ ਨਾਮਧਾਰੀ ਜੀਵਨ ਜਾਚ ਦੇ ਕੋਣਵੀਂ ਪੱਥਰ ਹਨ। ਗੁਰੂ ਹਰੀ ਸਿੰਘ ਜੀ ਨੇ ਆਪਣਾ ਸਾਰਾ ਜੀਵਨ ਇਹਨਾਂ ਦੇ ਅਨੁਰੂਪ ਹੀ ਢਾਲ ਲਿਆ ਸੀ।

**ਚਲਾਣੇ ਦੀ ਖ਼ਬਰ ਝੁਠਲਾਈ-**

ਇਸ ਤੋਂ ਛੇਤੀ ਬਾਅਦ ਹਜ਼ੂਰੀ ਸੇਵਕ ਭਾਈ ਨਾਨੂੰ ਸਿੰਘ ੧੪ ਨਵੰਬਰ ੧੮੮੧ ਈ. ਨੂੰ ਮਰਗੋਈ ਤੋਂ ਚੱਲ ਕੇ, ਪੰਜਾਬ ਪਰਤ ਆਏ ਸਨ। ਸਤਿਗੁਰੂ ਰਾਮ ਸਿੰਘ ਜੀ ਬਾਰੇ ਅੰਗਰੇਜ਼ ਸਰਕਾਰ ਨੇ ਇੱਕ ਐਲਾਨ ਇਸ ਤਰ੍ਹਾਂ ਦਾ ਜਾਰੀ ਕੀਤਾ ਕਿ ਉਹ ੨੯ ਨਵੰਬਰ ੧੮੮੫ ਈ. ਨੂੰ ਮਰਗੋਈ ਵਿਖੇ ਅਕਾਲ ਚਲਾਣਾ ਕਰ ਗਏ ਹਨ। ਪਰ ਜਦੋਂ ਗੁਰੂ ਹਰੀ ਸਿੰਘ ਜੀ ਨੇ ਸਤਿਗੁਰੂ ਜੀ ਦੇ ਬਸਤਰ, ਗੜਵਾ, ਪਊਏ, ਮਾਲਾ ਅਤੇ ਨਿਤਨੇਮ ਦੀਆਂ ਪੋਥੀਆਂ ਉਹਨਾਂ ਪਾਸ ਭੈਣੀ ਸਾਹਿਬ ਪੁਚਾਏ ਜਾਣ ਦੀ ਸਰਕਾਰ ਤੋਂ ਮੰਗ ਕੀਤੀ ਤਾਂ ਉਹਨਾਂ ਨੇ ਸਿਰਫ ਬਸਤਰ ਹੀ ਭੇਜੇ, ਪੋਥੀਆਂ ਅਤੇ ਹੋਰ ਵਸਤਾਂ ਨਾ ਆਈਆਂ। ਇਹਨਾਂ ਬਸਤਰਾਂ ਨੂੰ ਵੇਖ ਪਰਖ ਕੇ ਗੁਰੂ ਹਰੀ ਸਿੰਘ ਜੀ ਨੇ ਕਿਹਾ ਕਿ ਸਤਿਗੁਰੂ ਜੀ ਦਾ ਸਰੀਰ ਮੈਥੋਂ ਵੀ ਉੱਚਾ ਲੰਮਾਂ ਤੇ ਭਰਵਾਂ ਸੀ ਪਰ ਇਹ ਬਸਤਰ ਤਾਂ ਮੇਰੇ ਵੀ ਮੇਚ ਨਹੀਂ ਆਉਂਦੇ। ਫਿਰ ਉਹਨਾਂ ਗੜਵਾ ਅਤੇ ਨਿਤਨੇਮ ਦੇ ਗੁਟਕੇ ਆਦਿ ਦੀ ਮੰਗ ਕੀਤੀ। ਇਹ ਵਸਤਾਂ ਕਦੇ ਵੀ ਨਾ ਮਿਲੀਆਂ। ਇਸ ਤੇ ਗੁਰੂ ਹਰੀ ਸਿੰਘ ਜੀ ਨੇ ਸਤਿਗੁਰੂ ਜੀ ਦੇ ਸਮਾਉਣ ਦੀ ਖ਼ਬਰ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ। ਉਹਨਾਂ ਕਿਹਾ ਕਿ ਸਤਿਗੁਰੂ ਜੀ ਆਪਣੀ ਮਰਜ਼ੀ ਨਾਲ ਗਏ ਹਨ ਤੇ ਆਪਣੀ ਖ਼ੁਸ਼ੀ ਨਾਲ ਜਦੋਂ ਚਾਹੁਣਗੇ ਦੇਸ਼ ਪਰਤ ਆਉਣਗੇ। ਇਸ ਤਰ੍ਹਾਂ ਨਾਮਧਾਰੀਆਂ ਵਿੱਚ, ਸਤਿਗੁਰੂ

ਦਰਸ਼ਨਾਂ ਦੀ ਰੀਝ ਵਾਲਾ ਦੀਪ ਜਗਾਈ ਰੱਖਣ ਦਾ ਵੱਡਾ ਕਾਰਜ, ਸਤਿਗੁਰੂ ਹਰੀ ਸਿੰਘ ਜੀ ਨੇ ਉਮਰ ਭਰ ਜਾਰੀ ਰੱਖਿਆ।[44]

ਬਾਬਾ ਗੋਪਾਲ ਸਿੰਘ ਮੌੜਾਂ ਵਾਲੇ (ਰੱਖੜ ਮਰੌੜ) ਤੋਂ ਸੰਥਾ ਲੈ ਕੇ ਗੁਰੂ ਹਰੀ ਸਿੰਘ ਜੀ ਨੇ ਆਦਿ ਗਰੰਥ ਸਾਹਿਬ ਦਾ ਪਾਠ ਸਰਲ ਕਰਕੇ ਕਈ ਭੋਗ ਪਾਏ। ਗੱਦੀ ਸਾਹਿਬ ਵਾਲੇ ਚੁਬਾਰੇ ਵਿੱਚ ਆਪ ਅਕਸਰ ਪਾਠ ਕਰਦੇ ਰਹਿੰਦੇ।

ਚੇਤ ਚੌਦੇ ਸੰਮਤ ੧੯੩੯ ਬਿਕਰਮੀ ਮੁਤਾਬਿਕ ੧੮੮੨ ਈ. ਨੂੰ, ਸਤਿਗੁਰੂ ਬਿਲਾਸ ਦੇ ਲੇਖਕ, ਭਾਈ ਸੰਤੋਖ ਸਿੰਘ ਬਾਹੋਵਾਲ ਨੇ ਗੁਰੂ ਹਰੀ ਸਿੰਘ ਜੀ ਦੀ ਹਜ਼ੂਰੀ ਵਿੱਚ, ਸ੍ਰੀ ਭੈਣੀ ਸਾਹਿਬ ਆ ਨਿਵਾਸ ਕੀਤਾ।[45] ਲੇਖਕ ਦਾ ਸ੍ਰੀ ਭੈਣੀ ਸਾਹਿਬ ਆਉਣਾ ਅਤੇ ਇੱਥੇ ਟਿਕ ਜਾਣਾ ਇੱਕ ਵੱਡੀ ਘਟਨਾ ਸੀ। ਗੁਰੂ ਹਰੀ ਸਿੰਘ ਜੀ ਦੇ ਨੂਰਾਨੀ ਦਰਸ਼ਨ, ਮਿੱਠੀ ਬੋਲ ਬਾਣੀ ਅਤੇ ਨਿੱਘੇ ਸੁਭਾਉ ਨੇ ਕਈ ਪਾਸਿਆਂ ਤੋਂ ਨਿਰਾਸ਼ ਹੋ ਕੇ ਆਏ ਲੇਖਕ ਸੰਤੋਖ ਸਿੰਘ ਨੂੰ ਯਕੀਨ ਕਰਵਾ ਦਿੱਤਾ ਕਿ ਇਹੀ ਉਸਦਾ ਅਸਲੀ ਟਿਕਾਣਾ ਹੈ। ਇੱਥੇ ਹੀ ਆਯੂ ਪ੍ਰਯੰਤ ਉਹ ੧੯੦੯ ਈ. ਤੱਕ ਟਿਕਿਆ। ਪਹਿਲੇ ਦੌਰ ਵਿੱਚ ਉਸਨੇ ਬਹੁਤ ਸਖਤੀਆਂ ਵੀ ਬਰਦਾਸ਼ਤ ਕੀਤੀਆਂ ਪਰ ਉਹਨੇ ਇਸ ਸਥਾਨ ਨਾਲ ਪੀਡਾ ਨਾਤਾ ਗੰਢ ਲਿਆ। ਗੁਰੂ ਹਰੀ ਸਿੰਘ ਜੀ ਦੀ ਹੱਲਾਸ਼ੇਰੀ ਨਾਲ ਉਸਨੇ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਦਾ ਨਾਮਧਾਰੀ ਇਤਿਹਾਸ ਵੀ ਲਿਖਣਾ ਅਰੰਭਿਆ ਅਤੇ ਬਾਅਦ ਵਿੱਚ ਇਸਨੂੰ ਗੁਰੂ ਹਰੀ ਸਿੰਘ ਕਾਲ ਤੱਕ ਵਿਸਥਾਰ ਦੇ ਦਿੱਤਾ। ਲੇਖਕ ਦੇ ਰੂਪ ਵਿੱਚ ਭਾਈ ਸੰਤੋਖ ਸਿੰਘ ਨੂੰ ਪਹਿਚਾਨਣਾ ਅਤੇ ਸੰਭਾਲਣਾ ਗੁਰੂ ਹਰੀ ਸਿੰਘ ਜੀ ਦਾ ਵੱਡਾ ਉਪਕਾਰ ਸੀ। ਇਸੇ ਵਜ੍ਹਾ ਕਰਕੇ ਅਸੀਂ ਕੁਰਬਾਨੀਆਂ ਵਾਲੇ ਨਾਮਧਾਰੀ ਸਮੁਦਾਇ, ਗੁਰੂ ਸਾਹਿਬਾਨ ਅਤੇ ਅਨੇਕ ਮਰਜੀਵੜਿਆਂ ਦੀ ਕਰੁਣ-ਕਹਾਣੀ ਤੋਂ ਅੱਜ ਵੀ ਜਾਣੂ ਹੋ ਸੱਕਦੇ ਹਾਂ।

ਪੁਲੀਸ ਚੌਕੀ ਭੈਣੀ ਸਾਹਿਬ ਦਾ ਇੱਕ ਹੌਲਦਾਰ ਸਿੰਘਾਂ ਦੀ ਬਹੁਤ ਦੁਰਗਤੀ ਕਰਦਾ ਸੀ। ਗੁਰੂ ਹਰੀ ਸਿੰਘ ਜੀ ਨੇ ਗੁਲਾਬ ਸਿੰਘ ਖਮਾਣੋਂ ਪਾਸੋਂ ਉਸ ਹੌਲਦਾਰ ਦੇ ਖਿਲਾਫ਼ ਲੁਧਿਆਣੇ ਅਰਜੀ ਦੁਆਈ। ਭੈਣੀ ਸਾਹਿਬ ਦਾ ਲੰਬੜਦਾਰ ਸੁੱਖੂ ਹੌਲਦਾਰ ਦੇ ਹੱਕ ਵਿੱਚ ਭੁਗਤਿਆ। ਤਿੰਨ ਮਹੀਨੇ ਤੱਕ ਹੌਲਦਾਰ ਅਤੇ ਗੁਲਾਬ ਸਿੰਘ ਨੂੰ ਛੇਤੀ ਛੇਤੀ ਤਰੀਕਾਂ ਪਈਆਂ। ਲੁਧਿਆਣੇ ਅਰਜ਼ੀ ਖਾਰਜ ਹੋਣ ਤੇ ਗੁਲਾਬ ਸਿੰਘ ਨੇ ਲਾਹੌਰ ਅਪੀਲ ਕੀਤੀ। ਫਿਰ ਉਹ ਹੌਲਦਾਰ ਸਿੰਘਾਂ ਦੇ ਗਲੋਂ ਲਹਿ ਗਿਆ।[46]

ਦੁਰਗਾਪੁਰ (ਜਲੰਧਰ) ਮਾਈ ਸੱਦਾਂ ਮਸਤਾਨੀ ਰਹਿੰਦੀ ਸੀ। ਸਤਿਗੁਰੂ ਰਾਮ ਸਿੰਘ ਜੀ ਤੋਂ ਬਾਅਦ ਭੈਣੀ ਸਾਹਿਬ ਆਉਣੋਂ ਹਟ ਗਈ। ਬੀਮਾਰ ਹੋ ਗਈ ਤਾਂ ਡੋਲੀ ਵਿੱਚ ਪਾ ਕੇ ਲਿਆਏ। ਗੁਰੂ ਹਰੀ ਸਿੰਘ ਜੀ ਪੁੱਛਿਆ, "ਮਸਤਾਨੀਏ ਹੁਣ ਕਿਵੇਂ ਆਈ ਹੈਂ ?" ਆਖਣ ਲੱਗੀ "ਡੰਡੇ ਨਾਲ ਆਈ ਹਾਂ ਐਵੇਂ ਨਹੀਂ ਆਈ।"[47]

ਇਸ ਸਮੇਂ ਮਾਛੂਵਾੜੇ ਧੰਨਾ ਸਿੰਘ ਨਾਮਧਾਰੀ ਰਹਿੰਦਾ ਸੀ। ਉਸ ਦੇ ਘਰ ਜੇ ਭੈਣੀ ਸਾਹਿਬ ਦਰਸ਼ਨ ਕਰਨ ਵਾਲੇ ਸਿੰਘ ਆਉਣ ਤਾਂ ਥਾਣੇ ਵਿੱਚ ਰਪਟ ਲਿਖਾ ਕੇ ਹੀ ਉਹ ਉਹਨਾਂ ਸਿੰਘਾਂ ਨੂੰ ਆਪਣੇ ਘਰ ਰੱਖ ਸੱਕਦਾ ਸੀ। ਡੇਰੇ ਦੇ ਅੰਦਰ ਬਾਰਬਟਨ ਦੇ

ਛੱਡੇ ਹੋਏ ਮੁਖਬਰ ਰਹਿੰਦੇ ਸਨ। ਉਹ ਬਾਹਰੋਂ ਗਿਣਤੀ ਤੋਂ ਵੱਧ ਆਉਣ ਵਾਲਿਆਂ ਬਾਰੇ, ਪੁਲੀਸ ਨੂੰ ਦੱਸ ਦਿੰਦੇ। ਉਹ ਸਿੰਘਾਂ ਨੂੰ ਉਦੋਂ ਹੀ ਧੱਕੇ ਮਾਰ ਕੇ ਕੱਢ ਦਿੰਦੇ। ਗੁਰੂ ਹਰੀ ਸਿੰਘ ਜੀ ਨੂੰ ਮੁਖਬਰਾਂ ਦਾ ਸਾਰਾ ਪਤਾ ਸੀ। ਪਰ ਉਹ ਸੋਚਦੇ ਇਹਨਾਂ ਦਾ ਰੁਜ਼ਗਾਰ ਬਣਿਆ ਹੈ, ਬਣਿਆ ਰਹੇ।

ਗੁਰੂ ਹਰੀ ਸਿੰਘ ਕਾਲ ਦੀ ਇੱਕ ਹੋਰ ਵੱਡੀ ਘਟਨਾ ਜਨਵਰੀ ੧੯੪੩ ਈ, ਵਿੱਚ ਭੈਣੀ ਸਾਹਿਬ ਪੁਲੀਸ ਚੌਕੀ ਦੇ ਗੇਂਦੇ ਸਿਪਾਹੀ ਦਾ ਕਤਲ ਸੀ।[48] ਗੇਂਦਾ ਬਹੁਤ ਹੰਕਾਰੀ ਪੁਲਸੀਆ ਸੀ। ਉਸ ਦੇ ਅੱਤਿਆਚਾਰਾਂ ਦੀ ਸੂਚੀ ਦਿਨੋ ਦਿਨ ਲੰਮੀ ਹੁੰਦੀ ਜਾਂਦੀ ਸੀ। ਗੁਰੂ ਦਰਸ਼ਨਾਂ ਲਈ ਆਏ ਸੰਤ ਭਗਵਾਨ ਸਿੰਘ ਅੜਬੰਗੀ ਨਾਲ ਉਸਦਾ ਟਾਕਰਾ ਹੋ ਗਿਆ ਅਤੇ ਅਖੀਰ ਅੜਬੰਗੀ ਜੀ ਦੇ ਖੂੰਡੇ ਨੇ ਉਸਦਾ ਕੰਮ ਤਮਾਮ ਕਰ ਦਿੱਤਾ। ਅੜਬੰਗੀ ਜੀ ਨੇ ਬੜੀ ਸੂਝ ਬੂਝ ਨਾਲ ਇਹ ਵਾਰਦਾਤ ਭੈਣੀ ਸਾਹਿਬ ਦੀ ਜੂਹ ਤੋਂ ਕਾਫੀ ਅੱਗੇ ਜਾ ਕੇ ਕੀਤੀ ਤਾਂ ਜੁ ਗੁਰੂ ਹਰੀ ਸਿੰਘ ਜੀ ਤੇ ਇਸ ਦਾ ਅਸਰ ਨਾ ਪਏ। ਪੁਲੀਸ ਨੇ ਗੁਰੂ ਹਰੀ ਸਿੰਘ ਜੀ ਅਤੇ ਡੇਰੇ ਦੇ ਸਾਰੇ ਸਿੰਘਾਂ ਨੂੰ ਤਬੇਲੇ ਵਿੱਚ ਡੱਕ ਕੇ, ਬਾਹਰੋਂ ਜਿੰਦਰੇ ਮਾਰ ਦਿੱਤੇ। ਵਲਾਇਤ ਤੱਕ ਖਬਰਾਂ ਪੁੱਜ ਗਈਆਂ ਕਿ ਕੂਕਿਆਂ ਨੇ ਪੁਲੀਸ ਗਾਰਦ ਵੱਢ ਦਿੱਤੀ ਹੈ। ਜ਼ਿਲ੍ਹਾ ਪੁਲੀਸ ਮੁਖੀ ਤੇ ਡੀ. ਸੀ. ਭੈਣੀ ਸਾਹਿਬ ਆਏ। ਇਸ ਸਮੇਂ ਵੀ ਉਹਨਾਂ ਨੇ ਕੁਹਾੜੇ ਦੇ ਪੜਾਅ ਤੇ ਤੋਪਾਂ ਬੀੜ ਦਿੱਤੀਆਂ ਸਨ ਕਿ ਜੇ ਲੋੜ ਪਵੇ ਤਾਂ ਕੂਕਿਆਂ ਦਾ ਡੇਰਾ ਹੀ ਉਡਾ ਦਿੱਤਾ ਜਾਵੇ। ਪੁਲੀਸ ਮੁਖੀ ਬਾਰਬਟਨ ਨੇ ਗੁਰੂ ਹਰੀ ਸਿੰਘ ਜੀ ਨੂੰ ਕਤਲ ਬਾਰੇ ਪੁੱਛਿਆ ਤਾਂ ਉਹਨਾਂ ਕਿਹਾ ਕਿ ਅਸੀਂ ਤਾਂ ਅੰਦਰ ਬੰਦ ਸਾਂ, ਜੇ ਖੁੱਲ੍ਹੇ ਹੁੰਦੇ ਤਾਂ ਸਿੰਘਾਂ ਨੂੰ ਘੋੜਿਆਂ ਤੇ ਕਾਤਲ ਦੇ ਮਗਰ ਦੁੜਾਉਂਦੇ। ਦੂਜਾ ਖੂਨ ਭੈਣੀ ਸਾਹਿਬ ਦੀ ਜੂਹ ਤੋਂ ਬਾਹਰ ਹੋਇਆ ਸੀ। ਖੂਨ, ਕੋਟ ਗੰਗੂ ਰਾਇ ਗੁਆਂਢੀ ਪਿੰਡ ਦੀ ਹੱਦ ਤੋਂ ਵੀ ਅੱਗੇ ਸੀ। ਤਿੰਨ ਦਿਨ ਜ਼ਿਲ੍ਹਾ ਅਧਿਕਾਰੀ, ਪੁਲੀਸ, ਫੌਜ, ਭੈਣੀ ਸਾਹਿਬ ਤਫਤੀਸ਼ ਕਰਦੇ ਰਹੇ। ਗੁਰੂ ਜੀ ਦੇ ਹੁਕਮ ਤੇ ਸਭ ਨੂੰ ਲੰਗਰ ਵਿੱਚੋਂ ਪਰਸ਼ਾਦਾ ਪਾਨੀ ਮਿਲਦਾ। ਭਾਈ ਬਾਹੋਵਾਲ ਮੁਤਾਬਿਕ ਬਾਰਬਟਨ ਤਾਂ ਕਹੇ ਕਿ ਡੇਰਾ ਉਡਾ ਦਈਏ ਪਰ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਮਲੇਰਕੋਟਲੇ ਕੂਕਿਆਂ ਨੂੰ ਉਡਾਉਣ ਵਾਲਾ ਡੀ. ਸੀ ਕਾਵਨ, ਅਹੁਦੇ ਤੋਂ ਸਰਕਾਰ ਨੇ ਬਰਤਰਫ ਕਰ ਦਿੱਤਾ ਸੀ। ਜ਼ਿਆਦਾ ਕਸੂਰ ਗੇਂਦੇ ਸਿਪਾਹੀ ਦਾ ਵੀ ਸੀ, ਜਿਸ ਦੀ ਡਿਊਟੀ ਗੁਰਦੁਆਰੇ ਦੇ ਬੂਹੇ ਅੱਗੇ ਸੀ, ਉਹ ਤੀਜੇ ਪਿੰਡ ਦੀ ਜੂਹ ਵਿੱਚ ਕਿਉਂ ਗਿਆ ? ਇਕ ਵੇਰ ਆਲੇ ਦੁਆਲੇ ਚਰਚਾ ਜੋਰ ਫੜ ਗਈ ਕਿ ਹੁਣ ਗੁਰੂ ਹਰੀ ਸਿੰਘ ਜੀ ਨੂੰ ਵੀ ਦੇਸ ਨਿਕਾਲਾ ਦੇ ਦਿੱਤਾ ਜਾਏਗਾ। ਉਹਨਾਂ ਦੇ ਜਾਣ ਨਾਲ ਡੇਰਾ ਬੰਦ ਹੋ ਜਾਏਗਾ। ਪਰ ਪੁਲੀਸ ਦੇ ਤੁਰ ਜਾਣ ਬਾਅਦ, ਸਾਰੇ ਡੇਰੇ ਦੀ ਸੰਗਤ ਨੇ ਸੁਖ ਦਾ ਸਾਹ ਲਿਆ ਕਿ ਗੁਰੂ ਹਰੀ ਸਿੰਘ ਜੀ ਦਾ ਵਰਦ ਹਸਤ, ਉਹਨਾਂ ਦੀ ਕੰਡ ਤੇ ਹੈ।[49]

ਇਸ ਘਟਨਾ ਤੋਂ ਕਈ ਸਾਲ ਬਾਅਦ ਅੜਬੰਗੀ ਜੀ ਲੁਧਿਆਣੇ ਸ਼ਹਿਰ ਵਿੱਚ ਪਕੜੇ ਗਏ। ਉਹਨਾਂ ਤੇ ਗੇਂਦਾ ਸਿਪਾਹੀ ਕਤਲ ਕਰਨ ਦਾ ਮੁਕੱਦਮਾ ਚੱਲਿਆ ਸੀ। ਪਰ ਉਹਨਾਂ ਨੇ ਇਹ ਸਾਬਤ ਹੀ ਨਹੀਂ ਹੋਣ ਦਿੱਤਾ ਕਿ ਉਹ ਮਰਹਾਣਾ (ਅੰਮ੍ਰਿਤਸਰ) ਦੇ

ਭਗਵਾਨ ਸਿੰਘ ਹਨ। ਉਹ ਉਦਾਸੀ ਸਾਧੂ ਦੇ ਭੇਸ ਵਿੱਚ ਭਗਵੇ ਬਾਣੇ ਵਿੱਚ ਵਿਚਰਦੇ ਤੇ ਆਪਣਾ ਨਾਮ ਅੜਬੰਗੀ ਦਾਸ ਦੱਸਦੇ ਸਨ। ਅਦਾਲਤ ਵਿੱਚੋਂ ਬਰੀ ਹੋਏ। ਅੰਮ੍ਰਿਤਸਰ ਬੁੱਚੜ ਬੱਧ ਤੇ ਰਾਇਕੋਟ ਬੁੱਚੜ ਬੱਧ ਸਾਕੇ ਵਿੱਚ ਵੀ ਉਹਨਾਂ ਦਾ ਨਾਮ ਬੋਲਦਾ ਸੀ। ਇਸ ਲਈ ਉਹਨਾਂ ਨੇ ਆਪਣੀ ਪਛਾਣ ਬਦਲ ਲਈ ਸੀ। ਗੁਰੂ ਹਰੀ ਸਿੰਘ ਜੀ ਦੇ ਸਮੇਂ ਵਿੱਚ ਉਹ ਫਿਰ ਡੇਰਾ ਸ੍ਰੀ ਭੈਣੀ ਸਾਹਿਬ ਵਿੱਚ ਹੀ ਰਹਿੰਦੇ ਰਹੇ। ਸਤਿਗੁਰੂ ਪਰਤਾਪ ਸਿੰਘ ਜੀ ਦੇ ਮੁੱਢਲੇ ਸਮੇਂ ਉਹਨਾਂ ਇੱਥੇ ਹੀ ਚੜ੍ਹਾਈ ਕੀਤੀ। 'ਕੂਕਾ ਲਹਿਰ ਦੇ ਅਮਰ ਨਾਇਕ' ਭਾਗ ਪਹਿਲਾ ਵਿੱਚ, ਅੜਬੰਗੀ ਜੀ ਵਾਲੇ ਲੇਖ ਵਿੱਚ ਵਿਸਥਾਰ ਦਰਜ ਹੈ।

**ਅਖੰਡ ਪਾਠ ਕਰਾਉਣੇ-**

ਸਤਿਗੁਰੂ ਜੀ ਦੇ ਹੁਕਮ ਮੁਤਾਬਿਕ ਭੈਣੀ ਸਾਹਿਬ ਤੋਂ ਬਾਹਰ ਵੀ ਅਖੰਡ ਪਾਠਾਂ ਦੇ ਭੋਗ ਨਾਮਧਾਰੀ ਸੰਗਤ ਨੇ ਪੁਆਏ। ਅੰਗਰੇਜ਼ ਸਰਕਾਰ ਭੋਗਾਂ ਪਾਠਾਂ ਦੇ ਬਹਾਨੇ ਨਾਮਧਾਰੀਆਂ ਦੇ ਇਕੱਠ ਨੂੰ ਵੀ ਆਪਣੇ ਰਾਜ ਦੀ ਸਲਾਮਤੀ ਲਈ, ਸ਼ੁਭ ਸ਼ਗਨ ਨਹੀਂ ਸਮਝਦੀ ਸੀ। ਇਸ ਲਈ ਮਨਜ਼ੂਰੀ ਮੁਸ਼ਕਿਲ ਮਿਲਦੀ। ਮਨਜ਼ੂਰੀ ਮਿਲੀ ਤੇ ਵੀ ਬਹਾਨੇ ਘੜ ਕੇ ਸਿੰਘਾਂ ਨੂੰ ਕਸ਼ਟ ਦਿੱਤੇ। ਇਹਨਾਂ ਕਸ਼ਟਾਂ ਦੇ ਸਿੱਟੇ ਵਜੋਂ ਹੀ ੧੯੭੫ ਈ. ਵਿੱਚ, ਭਾਈ ਅਤਰ ਸਿੰਘ ਲੋਹਗੜ੍ਹ ਲੁਧਿਆਣੇ ਜਿਹਲ ਵਿੱਚ ਸ਼ਹੀਦ ਹੋ ਗਏ ਸਨ, ਸੂਬਾ ਸਮੁੰਦ ਸਿੰਘ ਖੋਟਿਆਂ ਵਾਲੇ ਨੇ ਤਖਤੂਪੁਰੇ ਦੇ ਇਤਿਹਾਸਿਕ ਤੀਰਥ ਵਿਖੇ ਇਕੋਤਰ ਸੌ ਅਖੰਡ ਪਾਠ ਕਰਵਾਏ। ਮੁਕਤਸਰ ਨਥਾਣੇ ਵੀ ਭੋਗ ਪਾਏ। ਮਾਝੇ ਵਿੱਚ ਖਿਆਲ੍ਹਾ (ਅੰਮ੍ਰਿਤਸਰ) ਵਿਖੇ ਬਾਬਾ ਗੰਡਾ ਸਿੰਘ ਨੇ ਇੱਕ ਸੌ ਇੱਕ ਸਧਾਰਨ ਪਾਠ ਕਰਵਾਏ। ਉਸ ਨੂੰ ਪੰਜ ਸਾਲ ਕੈਦ ਕੱਟਣੀ ਪਈ। ਮਾਝੇ ਦੇ ਸਿੰਘਾਂ ਨੇ ਇਸ ਤੋਂ ਅਗਲੇ ਸਾਲ ਗੁਰੂ ਕੇ ਬਾਗ, ਘੁੱਕੇ ਵਾਲੀ (ਅੰਮ੍ਰਿਤਸਰ) ਇਕੋਤਰ ਸੌ ਅਖੰਡ ਪਾਠ ਕਰਵਾਏ। ਵਰਨੀਆਂ ਵੀ ਹੁੰਦੀਆਂ ਸਨ ਅਤੇ ਚੰਡੀ ਦੀ ਵਾਰ ਦੇ ਪਾਠਾਂ ਦੇ ਭੋਗ ਵੀ ਨਾਮਧਾਰੀ ਆਮ ਪਾਉਂਦੇ ਸਨ।[50]

੧੯੯੩ ਈ. ਵਿੱਚ ਹੀ ਗੁਰੂ ਰਾਮ ਸਿੰਘ ਜੀ ਅਤੇ ਜਲਾਵਤਨ ਸੂਬਿਆਂ ਦੀ ਰਿਹਾਈ ਦੇ ਮਕਸਦ ਲਈ, ਗੁਰੂ ਹਰੀ ਸਿੰਘ ਜੀ ਨੇ ਭਾਈ ਸੰਤੋਖ ਸਿੰਘ ਬਾਹੋਵਾਲ ਨੂੰ ਲਾਹੌਰ ਕਮਿਸ਼ਨਰ ਦੀ ਕਚਹਿਰੀ ਵਿੱਚ ਦਿਨੇ ਮਸ਼ਾਲ ਬਾਲਣ ਦਾ ਹੁਕਮ ਦਿੱਤਾ। ਉਹ ਸਾਰੇ ਸ਼ਹਿਰ ਵਿੱਚ ਦਿਨੇ ਮਸ਼ਾਲ ਬਾਲ ਕੇ ਫਿਰਿਆ। ਫਿਰ ਦਰਬਾਰ ਸਾਹਿਬ ਅੰਮ੍ਰਿਤਸਰ ਮਸ਼ਾਲ ਬਾਲੀ। ਉਸ ਘੁੱਕੇ ਵਾਲੀ ਗੁਰੂ ਕੇ ਬਾਗ ਵੀ ਅਖੰਡ ਪਾਠਾਂ ਦੇ ਭੋਗ ਵਾਲੇ ਦਿਨ ਮਸ਼ਾਲ ਬਾਲੀ। ਫਿਰ ਉਸਨੇ ਲੁਧਿਆਣੇ ਵੀ ਜ਼ਿਲ੍ਹਾ ਕਚਹਿਰੀ ਵਿੱਚ ਮਸ਼ਾਲ ਬਾਲੀ। ਗੁਰੂ ਹਰੀ ਸਿੰਘ ਜੀ ਦਾ ਨਾਮ ਸਭ ਜਗ੍ਹਾ ਰੋਸ਼ਨ ਕੀਤਾ।[51]

**ਸਦਾ ਵਰਤ-**

ਗੁਰੂ ਹਰੀ ਸਿੰਘ ਜੀ ਦੇ ਸਮੇਂ ਡੇਰੇ ਦੇ ਦਰਵਾਜੇ ਉੱਤੇ ਅੱਠੇ ਪਹਿਰ ਲੰਗਰ ਵਰਤਦਾ ਰਿਹਾ। ਬਿਨਾਂ ਨਸਲ, ਮਜ਼ਬ, ਜਾਤ ਪਾਤ, ਰੰਗ ਦੇ ਵਿਤਕਰੇ ਦੇ ਜੋ ਆਵੇ, ਛਕੇ। ਸੂਰਜ ਚੜ੍ਹਦੇ ਨਾਲ ਲੰਗਰ ਵਰਤਣ ਦੀ ਅਰਦਾਸ ਹੋ ਜਾਂਦੀ ਅਤੇ ਸਵਾ ਪਹਿਰ

ਰਾਤ ਗਈ ਤੱਕ ਵਰਤਦਾ। ਡਿਓਢੀ ਦੇ ਬੂਹੇ ਵਿੱਚ, ਅਲਮਾਰੀ ਵਿੱਚ ਦਾਲਾ ਪਰਸ਼ਾਦਾ ਤਿਆਰ ਪਿਆ ਹੁੰਦਾ। ਜਦੋਂ ਵੀ ਕੋਈ ਰਾਤ ਬਰਾਤੇ ਆਉਂਦਾ, ਉਸਦੀ ਤਰਿਪਤੀ ਹੁੰਦੀ।

**ਕੂਕੇ, ਰੂਸ ਅਤੇ ਮਹਾਰਾਜਾ ਦਲੀਪ ਸਿੰਘ-**

੧੮੮੭ ਈ. ਦੇ ਜਿਹਨਾਂ ਦਿਨਾਂ ਵਿੱਚ ਮਹਾਰਾਜਾ ਦਲੀਪ ਸਿੰਘ ਰੂਸ ਸਰਕਾਰ ਦੀ ਮੱਦਦ ਨਾਲ ਭਾਰਤ ਤੇ ਸੈਨਿਕ ਹਮਲੇ ਦੀਆਂ ਯੋਜਨਾਵਾਂ ਦੇ ਖਾਕੇ ਮਨ ਵਿੱਚ ਉਲੀਕ ਰਿਹਾ ਸੀ, ਉਸ ਨੂੰ ਗੁਰੂ ਹਰੀ ਸਿੰਘ ਜੀ ਵਲੋਂ ਇਹ ਸੰਦੇਸ਼ ਪੁਚਾਇਆ ਗਿਆ ਸੀ ਕਿ ਪੰਦਰਾਂ ਹਜ਼ਾਰ ਤਿਆਰ ਬਰ ਤਿਆਰ ਕੂਕੇ ਸਿੰਘ ਪੰਜਾਬ ਆਉਣ ਤੇ ਉਸਦੇ ਮਿਸ਼ਨ ਦੀ ਸਫਲਤਾ ਵਿੱਚ ਸਹਿਯੋਗੀ ਹੋਣਗੇ। ਸਿੰਘ ਸਭਾ ਲਹਿਰ ਵਾਲੇ ਸਰਕਾਰ ਪ੍ਰਸਤ ਸਿੱਖ ਉਸਦਾ ਵਿਰੋਧ ਕਰ ਰਹੇ ਸਨ। ਸਿਰਫ ਕੂਕੇ ਹੀ ਸਨ ਜੋ ਉਸ ਦੇ ਲਈ ਸਹਿਯੋਗੀ ਹੋਣ ਦੇ ਐਲਾਨ ਕਰ ਰਹੇ ਸਨ।[52] "੧੮੮੨ ਤੋਂ ੧੮੮੮ ਤੱਕ ਕੂਕੇ ਬੜੇ ਉਤਸ਼ਾਹੀ ਰਉਂ ਵਿੱਚ ਸਨ। ਉਹਨਾਂ ਦੀਆਂ ਨਜ਼ਰਾਂ ਰੂਸ, (ਸੂਬਾ) ਬਿਸ਼ਨ ਸਿੰਘ ਅਤੇ ਮਹਾਰਾਜਾ ਦਲੀਪ ਸਿੰਘ ਉੱਪਰ ਵੀ ਲੱਗੀਆਂ ਹੋਈਆਂ ਸਨ। ਫਰਵਰੀ ੧੮੮੨ ਵਿੱਚ ਲੁਧਿਆਣਾ ਪੁਲੀਸ ਕਪਤਾਨ ਦਾ ਲਿਖਣਾ ਸੀ ਕਿ ਬਾਬਾ ਰਾਮ ਸਿੰਘ, ਬਿਸ਼ਨ ਸਿੰਘ ਪਾਸ ਪੁੱਜ ਗਏ ਹਨ ਰੂਸੀਆਂ ਨੂੰ ਪਰੇਰ ਕੇ ਭਾਰਤ ਤੇ ਫੌਜੀ ਹਮਲਾ ਕਰਾਉਣ, ਜਿਵੇਂ ਸਾਖੀਆਂ (ਭਵਿੱਖਤ ਬਚਨਾਂ) ਵਿੱਚ ਆਇਆ ਹੈ- ਇਹ ਅਫਵਾਹ ਜ਼ਿਲ੍ਹੇ ਵਿੱਚ ਬਹੁਤ ਜ਼ੋਰਾਂ ਤੇ ਹੈ। ਹੋਰ ਸੂਚਨਾਵਾਂ ਉਸੇ ਸਾਲ ਦੀਆਂ ਹਨ ਕਿ ਚਾਰ ਕੂਕੇ ਜੰਮੂ ਵੱਲ ਗਏ ਹਨ ਬਿਸ਼ਨ ਸਿੰਘ ਨੂੰ ਰੂਸੀ ਖਿੱਤੇ ਵਿੱਚ ਮਿਲਣ ਲਈ। ਇਸੇ ਤਰ੍ਹਾਂ ਦੀਆਂ ਹੋਰ ਸੂਚਨਾਵਾਂ ਵੀ ਹਨ......... ਗੁਰਦਾਸਪੁਰ ਜ਼ਿਲ੍ਹੇ ਦੀ ਰੀਪੋਰਟ ਦੱਸਦੀ ਹੈ ਕਿ ਕੂਕੇ ਬਹੁਤ ਸਕਿਰਆ ਹੋ ਗਏ ਹਨ ਅਤੇ ਇਹ ਮਹਿਸੂਸ ਕੀਤਾ ਜਾ ਰਿਹਾ ਹੈ ਕਿ ਰੂਸ ਉਹਨਾਂ ਦੀ ਮਦਦ ਲਈ ਆਏਗਾ। ਗੁਰੂ ਹਰੀ ਸਿੰਘ ਜੀ ਦੀਆਂ ਹਦਾਇਤਾਂ ਤੇ, ਇਸ ਸਮੇਂ ਬਹੁਤ ਸਾਰੇ ਕੂਕਿਆਂ ਦੇ ਜੰਮੂ ਕਸ਼ਮੀਰ ਜਾਂ ਕਾਬਲ ਵਲੋਂ ਰੂਸੀ ਇਲਾਕੇ ਵੱਲ ਵਧਣ ਦੀਆਂ ਸੂਚਨਾਵਾਂ ਨਾਲ ਸਰਕਾਰੀ ਦਸਤਾਵੇਜ਼ ਭਰੇ ਮਿਲਦੇ ਹਨ।[53]

"ਜਦੋਂ ਕੂਕਿਆਂ ਨੂੰ ੧੮੮੬ ਵਿੱਚ ਦਲੀਪ ਸਿੰਘ ਦੇ ਦੇਸ਼ ਪਰਤਣ ਦੀ ਸੂਚਨਾ ਮਿਲੀ ਤਾਂ ਉਹ ਅਨੰਦਿਤ ਹੋ ਗਏ। ਚਾਰ ਕੂਕੇ ਮਹਾਰਾਜਾ ਨੂੰ ਮਿਲਣ ਬੰਬਈ ਵੱਲ ਵੀ ਚੱਲ ਪਏ। ਪੰਜਾਬ ਸਰਕਾਰ ਦੇ ੧੫ ਮਈ ੧੮੮੬ ਦੇ ਪੱਤਰ ਦੁਆਰਾ ਕੂਕਿਆਂ ਦੇ ਇਸ ਵਿਸ਼ਵਾਸ ਦਾ ਉਲੇਖ ਮਿਲਦਾ ਹੈ ਕਿ ਗੁਰੂ ਰਾਮ ਸਿੰਘ ਜੀ ਦੀ ਆਤਮਾ ਦਲੀਪ ਸਿੰਘ ਵਿੱਚ ਪਰਵੇਸ਼ ਕਰ ਗਈ ਹੈ।[54] ਇਹ ਰੂਹ ਦਾ ਪਰਵੇਸ਼ ਹੀ ਸਮਝੋ ਕਿ ਪੱਕਾ ਸਰਕਾਰ ਪ੍ਰਸਤ ਮਹਾਰਾਜ, ਹੁਣ ਪੱਕਾ ਬਰਤਾਨਵੀ ਹਕੂਮਤ ਵਿਰੋਧੀ ਬਣ ਚੁੱਕਾ ਸੀ। ਇਸੇ ਸਮੇਂ ਖੁਰਸ਼ੀਦ ਖਾਲਸਾ ਕਿਤਾਬ ਉਰਦੂ ਵਿੱਚ ਬਾਵਾ ਨਿਹਾਲ ਸਿੰਘ ਕਲਸੀਆਂ ਨੇ ਲਿਖੀ ਜਿਸ ਵਿੱਚ ਕੂਕਾ ਮੁਖੀ ਨੂੰ ਗੁਰੂ ਰਾਮ ਸਿੰਘ ਕਰਕੇ ਲਿਖਿਆ ਸੀ, ਉਹਨਾਂ ਦੇ ਕੰਮਾਂ ਦੀ ਸ਼ਲਾਘਾ ਕੀਤੀ ਸੀ। ਕਿਤਾਬ ਪੰਜਾਬ ਵਿੱਚ ਦਲੀਪ ਸਿੰਘ ਦੇ ਰਾਜ ਦੀ ਮੁੜ ਬਹਾਲੀ

ਦੀ ਘੋਸ਼ਣਾ ਵੀ ਕਰਦੀ ਸੀ। ਇਸ ਕਿਤਾਬ ਦਾ ਛਾਪਕ ਲਾਹੌਰ ਦੇ ਇੱਕ ਛਾਪੇਖਾਨੇ ਦਾ ਮਾਲਕ, ਦੀਵਾਨ ਬੂਟਾ ਸਿੰਘ ਵੀ ਇੱਕ ਕੂਕਾ ਸੀ।[55] ਉਤਰੀ ਭਾਰਤ ਦੇ ਸ਼ਹਿਰਾਂ ਵਿੱਚ ਬਹੁਤ ਮਸ਼ਹੂਰ, ਇੱਕ ਕੂਕਾ, ਬਾਬੂ ਬਨਾਰਸੀ ਦਾਸ ਵੀ ੧੮੮੬ ਵਿੱਚ ਦਲੀਪ ਸਿੰਘ ਪਾਸ ਇੰਗਲੈਂਡ ਪੁੱਜਿਆ ਸੀ। ਮਹਾਰਾਜੇ ਉਪਰ ਇਸ ਸਮੇਂ ਸ੍ਰ. ਠਾਕਰ ਸਿੰਘ ਸੰਧਾਵਾਲੀਏ ਦਾ ਬਹੁਤ ਪ੍ਰਭਾਵ ਸੀ। ਇਹ ਸਰਦਾਰ ਗੁਰੂ ਰਾਮ ਸਿੰਘ ਜੀ ਤੋਂ ਪ੍ਰਭਾਵਿਤ ਸੀ ਅਤੇ ਇਸੇ ਨੇ ਮਹਾਰਾਜਾ ਨੂੰ ਇਹ ਗੱਲ ਦੱਸੀ ਸੀ ਕਿ ਗੁਰੂ ਹਰੀ ਸਿੰਘ ਜੀ ਦੀ ਅਗੁਆਈ ਹੇਠ ਪੰਜਾਬ ਵਿਚਲੇ ਕੂਕਿਆਂ ਦਾ ਸਾਰਾ ਫਿਰਕਾ ਤੇਰਾ ਰਾਹ ਵੇਖ ਰਿਹਾ ਹੈ। ਤੁਸਾਂ ਆਪਣਾ ਗੁਆਚਿਆ ਰਾਜ ਹਾਸਲ ਕਰਨਾ ਹੈ ਅਤੇ ਕੂਕਿਆਂ ਨੇ ਆਪਣਾ ਵਿਛੋੜਿਆ ਸਤਿਗੁਰੂ ਤੇ ਹੋਰ ਸਿਆਸੀ ਕੈਦੀ। ਦਲੀਪ ਸਿੰਘ ਨੇ ਜਿਹੜਾ ਐਲਾਨ ਨਾਮਾ ਛਾਪਿਆ ਸੀ ਉਸ ਵਿੱਚ ਗਊ ਬੱਧ ਤੇ ਰੋਕ ਤੇ ਸਾਰੇ ਕੈਦੀਆਂ ਦੀ ਰਿਹਾਈ ਦੇ ਵਾਅਦੇ ਕੂਕਿਆਂ ਨਾਲ ਹੀ ਸੰਬੰਧਿਤ ਸਨ।

ਕੌਣ ਕਿਸੇ ਦੀ ਬੇਗਾਨੀ ਅੱਗ ਵਿੱਚ ਸੜਦਾ ਹੈ, ਖ਼ਾਸ ਕਰਕੇ ਜਦੋਂ ਪੰਜਾਬ ਦੇ ਜ਼ਿਆਦਾ ਸਿੱਖ ਸਰਦਾਰ, ਅੰਗਰੇਜ਼ਾਂ ਦੇ ਵਫਾਦਾਰ ਹੋ ਚੁੱਕੇ ਸਨ। ਰੂਸੀਆਂ ਨੇ ਦਲੀਪ ਸਿੰਘ ਦੀ ਫੌਜੀ ਮੱਦਦ ਨਾ ਕਰਨੀ ਸੀ ਨਾ ਕੀਤੀ। ਬੇਸ਼ੱਕ ਕੂਕਿਆਂ ਤੋਂ ਪਹਿਲਾਂ ੧੮੫੭ ਦੇ ਸੂਰਬੀਰਾਂ ਨੇ ਵੀ ਇਸ ਪਰਥਾਇ, ਰੂਸੀ ਹਾਕਮਾਂ ਤੱਕ ਪਹੁੰਚ ਕੀਤੀ ਸੀ। ਪਰ ਕੂਕਿਆਂ ਦੇ ਇਹ ਯਤਨ, ਕੌਮੀ ਸੁਤੰਤਰਤਾ ਸੰਗਰਾਮ ਦੇ ਇੱਕ ਅਧਿਆਇ ਵਜੋਂ ਹਮੇਸ਼ਾਂ ਮਾਣ ਨਾਲ ਯਾਦ ਕੀਤੇ ਜਾਂਦੇ ਰਹਿਣਗੇ।

ਮਹਾਰਾਜਾ ਦਲੀਪ ਸਿੰਘ ਬਾਰੇ ਗੁਰੂ ਹਰੀ ਸਿੰਘ ਜੀ ਪਾਸੋਂ ਉਸ ਦੇ ਅਤੇ ਕੂਕਿਆਂ ਵਿਚਾਲੇ ਕੀ ਖਿਚੜੀ ਪੱਕ ਰਹੀ ਸੀ ਇਸ ਦੀ ਸੂਹ ਕੱਢਣ ਲਈ ਇੱਕ ਦਿਨ ਪੰਜਾਬ ਸਰਕਾਰ ਦੇ ਸਕੱਤਰ ਨੇ ਗੁਰੂ ਹਰੀ ਸਿੰਘ ਜੀ ਨੂੰ ਲੁਧਿਆਣੇ ਸੱਦ ਭੇਜਿਆ। ਫਿਰ ਉਸਨੇ ਸ੍ਰੀ ਭੈਣੀ ਸਾਹਿਬ ਡੇਰੇ ਵਿੱਚ ਵੀ ਫੇਰਾ ਪਾਇਆ ਸੀ।[56]

**ਮਾਤਾਵਾਂ ਦਾ ਆਉਣਾ-**

13 ਅਪਰੈਲ 1887 ਈ. ਨੂੰ ਸੂਬਾ ਖੁਸ਼ਹਾਲ ਸਿੰਘ ਥਰਾਜ ਆਪਣੀਆਂ ਦੋਵੇਂ ਪੁੱਤਰੀਆਂ ਬੀਬੀ ਜੀਵਨ ਕੌਰ ਅਤੇ ਫਤੇਹ ਕੌਰ ਸਮੇਤ ਸ੍ਰੀ ਭੈਣੀ ਸਾਹਿਬ ਆਇਆ। ਉਸ ਨੇ ਡੇਰੇ ਵਿੱਚ ਰਹਿਣ ਵਾਲੇ ਮੁਖੀ ਸਿੰਘਾਂ ਨਾਲ ਰਾਇ ਕਰਕੇ ਗੁਰੂ ਹਰੀ ਸਿੰਘ ਜੀ ਨੂੰ ਆਪਣੀ ਬੇਨਤੀ ਪਰਵਾਨ ਕਰਨ ਲਈ ਕਿਹਾ। ਇਸ ਤੇ ਦੋਹਾਂ ਬੀਬੀਆਂ ਦਾ ਅਰਦਾਸਾ ਗੁਰੂ ਹਰੀ ਸਿੰਘ ਜੀ ਨਾਲ ਕਰ ਦਿੱਤਾ ਗਿਆ।[(56)ਏ]

**ਸਾਹਿਬਜ਼ਾਦੇ ਦਾ ਆਗਮਨ-**

ਮਾਤਾ ਜੀਵਨ ਕੌਰ ਜੀ ਦੇ ਗ੍ਰਹਿ ਵਿਖੇ ੯ ਮਾਰਚ ੧੮੯੦ ਈ. (ਸੰਮਤ ੧੯੪੬, ਚੇਤ ਵਦੀ ਤੀਜ) ਨੂੰ ਐਤਵਾਰ ਵਾਲੇ ਦਿਨ ਦੇ ਛਪਾ ਨਾਲ ਸਾਹਿਬਜ਼ਾਦਾ ਪਰਤਾਪ ਸਿੰਘ ਜੀ ਦਾ ਪਰਕਾਸ਼ ਹੋਇਆ। "ਗੁਰੂ ਮਹਾਰਾਜ ਜੀ ਬੀਮਾਰ ਥੇ। ਉਠਕੇ ਕੁਰਸੀ ਪਰ

ਬੈਠ ਗਏ। ਗੁੜ ਪ੍ਰਸ਼ਾਦ ਵਰਤਣ ਲਗਾ ਅਤੇ ਗਰੀਬ ਲੋਕ ਹਰਾ ਘਾਉ ਲਿਆਇਕੇ ਅੱਗੇ ਧਰਨ ਅਤੇ ਮੱਥਾ ਟੇਕਣ ਤੇ ਵਧਾਈਆਂ ਦੇਣ। ਪੰਜ ਰੁਪਏ ਕਾ ਕੜਾਹ ਪ੍ਰਸ਼ਾਦ ਕਰਵਾਇਆ ਖਾਲਸੇ ਕੇ ਵਾਸਤੇ।........ ਗੁਰੂ ਹਰੀ ਸਿੰਘ ਜੀ ਬਚਨ ਕੀਤਾ ਬੜੇ ਬਲੀ ਤੇ ਪਰਤਾਪ ਵਾਲੇ ਹਨ। ੧੩ਵੇਂ ਦਿਨ ਅੰਮ੍ਰਿਤ ਛਕਾਇਆ ਮਾਤਾ ਜਿਊਣ ਕੌਰ ਤੇ ਸਾਹਿਬਜਾਦੇ ਕੋ। ਪਰਤਾਪ ਸਿੰਘ ਨਾਮ ਧਰਿਆ॥"[47] ਇਸ ਦਿਨ ਤੋਂ ਬਾਅਦ ਗਾਰਦ ਦੀ ਕਰੜਾਈ ਵੀ ਪਹਿਲਾਂ ਤੋਂ ਘੱਟ ਹੋਈ।

ਗੁਰੂ ਹਰੀ ਸਿੰਘ ਜੀ ਦੀ ਪੁੱਤਰੀ ਮਤਾਬ ਕੌਰ ਇੱਕ ਲੜਕੇ ਨੂੰ ਜਨਮ ਦੇ ਕੇ, ਸਾਲ ਬਾਦ ਗੁਜਰ ਗਈ। ਲੜਕਾ ਉਸਦੀ ਮਾਸੀ ਬੀਬੀ ਭਾਗੋ ਨੇ ਪਾਲਿਆ। ਵੇਲੇ ਦੇ ਰਿਵਾਜ ਅਨੁਸਾਰ ਸੱਤ ਸਾਲ ਦੇ ਉਸ ਲੜਕੇ ਜੀਵਨ ਸਿੰਘ ਦਾ ਵਿਆਹ ਖਟੜੇ (ਲੁਧਿਆਣਾ) ਹੋਇਆ। ਉਹ ਬੀਬੀ ਗੁਜ਼ਰ ਗਈ। ਦੁਬਾਰਾ ਇਸ ਲੜਕੇ ਨੂੰ ਤਰਨਤਾਰਨ ਦੇ ਨਾਮਧਾਰੀ ਨਿਹਾਲ ਸਿੰਘ ਦੀ ਪੁੱਤਰੀ ਧੰਨ ਕੌਰ ਨਾਲ ਗੁਰੂ ਹਰੀ ਸਿੰਘ ਜੀ ਦੀ ਹਜ਼ੂਰੀ ਵਿੱਚ ਅਨੰਦ ਕਾਰਜ ਦੁਆਰਾ ਪ੍ਰਣਾਇਆ। ਇਸ ਕਾਰਜ ਲਈ ਸ੍ਰੀ ਗੁਰੂ ਜੀ ਨੇ ੧੫ ਦਿਨਾਂ ਦੀ ਛੁੱਟੀ ਲਈ ਸੀ ੧੯੯੨ ਈ. ਸੰਮਤ ੧੯੪੯ ਦੇ ਕੱਤਕ ਮਹੀਨੇ।

**ਜ਼ਿਲ੍ਹਾ ਅੰਮ੍ਰਿਤਸਰ ਦਾ ਦੌਰਾ-**

ਇਸ ਦੌਰੇ ਲਈ ਪਹਿਲਾ ਪੜਾਅ ਮੁਠੱਡੇ ਕੀਤਾ। ਅਨੇਕ ਘਰਾਂ ਵਿੱਚ ਚਰਨ ਪਾਏ। ਸ਼ਹਿਰ ਅੰਮ੍ਰਿਤਸਰ ਨਾਮਧਾਰੀ ਧਰਮਸ਼ਾਲਾ ਵਿੱਚ ਸ਼ਬਦ ਕੀਰਤਨ ਕਰਦੇ ਆਏ। ਸਭ ਸਿੰਘ ਸੁਣ ਸੁਣ ਕੇ ਆਏ। ਗੁਰੂ ਜੀ ਕਾ ਦਰਸ਼ਨ ਮਾਨੋ ਔੜ ਮੇਂ ਬਾਰਸ਼ ਹੋਈ ਹੈ। ਦੀਵਾਨ ਦੇ ਭੋਗ ਬਾਅਦ ਢੋਲਕੀਆਂ ਛੈਣਿਆਂ ਨਾਲ ਸ਼ਬਦ ਪੜ੍ਹਦਿਆਂ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨ ਗਏ। ਅਰਦਾਸ ਕਰਾਈ। ਭੇਟਾ ਗੋਲਕ ਪਾਈ। ਅਕਾਲ ਬੁੰਗੇ ਗਏ ਪਰ ਮੱਥਾ ਕਾਲੀ ਲੀਕ ਤੇ ਖੜੋ ਕੇ ਟੇਕਿਆ ਜਿੱਥੇ ਰੁਕਣ ਦਾ ਗੁਰੂ ਰਾਮ ਸਿੰਘ ਜੀ ਦਾ ਹੁਕਮ ਸੀ। ਗੁਰਦੁਆਰਾ ਸੁਧਾਰ ਲਹਿਰ ਬਾਅਦ ਸਤਿਗੁਰੂ ਪਰਤਾਪ ਸਿੰਘ ਜੀ ਦੇ ਸਮੇਂ ਨਾਮਧਾਰੀ ਸੰਗਤ ਇਸ ਲੀਕ ਤੋਂ ਅੱਗੇ ਜਾਣ ਲੱਗ ਪਈ। ਸ਼ਹਿਰ ਵਿੱਚ ਛੇ ਦਿਨ ਡੇਰਾ ਮਿਸਤਰੀ ਨਾਹਰ ਸਿੰਘ ਦੇ ਘਰ ਕੀਤਾ। ਅੰਮ੍ਰਿਤਸਰ ਦੀ ਨਾਮਧਾਰੀ ਧਰਮਸ਼ਾਲਾ ਸੁਲਤਾਨਵਿੰਡ ਵਾਲੀ ਲਈ ਥਾਂ ਇਹਨਾਂ ਦਿੱਤੀ ਸੀ।

ਤਰਨਤਾਰਨ ਵੀ ਇਤਿਹਾਸਿਕ ਗੁਰਧਾਮਾਂ ਦੇ ਦਰਸ਼ਨ ਕੀਤੇ। ਸਵੇਰੇ ਆਸਾ ਦੀ ਵਾਰ ਤੋਂ ਬਾਅਦ ਜੀਵਨ ਸਿੰਘ ਦਾ ਅਨੰਦ ਕਾਰਜ ਕੀਤਾ। ਤਹਿਸੀਲਦਾਰ, ਨਾਮਧਾਰੀ ਅਨੰਦ ਮਰਿਆਦਾ ਦੇਖਣ ਆਇਆ ਸੀ। ਜੀਵਨ ਸਿੰਘ ਤੋਂ ਬਿਨਾਂ ਦੋ ਅਨੰਦ ਕਾਰਜ ਹੋਰ ਹੋਏ।

**ਬਾਬਾ ਗੰਡਾ ਸਿੰਘ ਦਾ ਗੁਮਾਨ ਤੋੜਣਾ-**

ਇੱਬਣ ਬਾਬਾ ਗੰਡਾ ਸਿੰਘ ਪ੍ਰਤਿਭਾਸ਼ਾਲੀ ਸੀ। ਉਹ ਤੇ ਸਾਉਣ ਸਿੰਘ ਮੰਜਿਆਂ ਤੇ ਬੈਠੇ ਸਨ। ਗੁਰੂ ਜੀ ਦੇ ਗਿਆਂ ਸਾਉਣ ਸਿੰਘ ਉੱਠ ਖਲੋਤਾ, ਗੰਡਾ ਸਿੰਘ ਨਾ

ਉੱਠਿਆ। ਗੁਰੂ ਜੀ ਉਸਦੇ ਚਰਨੀਂ ਲੱਗ ਕੇ, ਸਾਰੀ ਕਲਾ ਖਿੱਚ ਲਿਆਏ। ਛੇਤੀ ਹੀ ਸੰਗਤ ਵਿੱਚ ਉਸ ਦੀ ਮਾਨਤਾ ਨਾ ਰਹੀ। ਗੰਡਾ ਸਿੰਘ ਜਿਉਂ ਰਿੱਧੀਆਂ ਸਿੱਧੀਆਂ ਦੇ ਸਹਾਰੇ, ਆਪਣੀ ਪ੍ਰਤਿਭਾ ਫੈਲਾਉਣ ਵਾਲੇ ਅਨੇਕ ਸਾਧੂ ਸੰਤ, ਨਾਮਧਾਰੀਆਂ ਵਿੱਚ ਗੁਰੂ ਰਾਮ ਸਿੰਘ ਜੀ ਦੇ ਜਾਣ ਤੋਂ ਬਾਅਦ ਪ੍ਰਗਟ ਹੋ ਗਏ। ਹੁਣ ਜਿਵੇਂ ਜਿਵੇਂ ਗੁਰੂ ਹਰੀ ਸਿੰਘ ਜੀ ਦੇ ਪਰਚਾਰ ਦੌਰੇ ਅਰੰਭ ਹੋਏ, ਬੇਸ਼ੱਕ ਸੀਮਿਤ ਸਮੇਂ ਲਈ, ਉਹ ਸਾਧੂ ਸੰਤ ਕੁਝ ਅਪਵਾਦਾਂ ਨੂੰ ਛੱਡ ਕੇ ਕੂਕਾ ਮੁੱਖ ਧਾਰਾ ਵਿੱਚ ਆ ਮਿਲੇ। ਇਸੇ ਦੌਰੇ ਸਮੇਂ ਭਾਈ ਗੁਰਦਿੱਤਾ ਰਬਾਬੀ ਦੇ ਕਹਿਣ ਤੇ ਗੁਰੂ ਹਰੀ ਸਿੰਘ ਜੀ ਤਰਨਤਾਰਨ ਵਿਖੇ, ਨਾਮਧਾਰੀ ਬੁੰਗੇ ਦੀ ਨੀਂਹ ਰੱਖ ਆਏ। ਛੁੱਟੀ ਮੁੱਕਣ ਤੇ ਭੈਣੀ ਸਾਹਿਬ ਆ ਗਏ।

ਮਹਾਰਾਜ ਨਿਹਾਲ ਸਿੰਘ ਜੀ ਦਾ ਜਨਮ ਮਾਤਾ ਜੀਵਨ ਕੌਰ ਜੀ ਦੇ ਉਦਰ ਥੀਂ ਕੱਤਕ ਵਦੀ ਦਸਮੀ ੧੯੪੯ ਬਿ. ਮੁਤਾਬਕ ੧੫ ਅਕਤੂਬਰ ੧੮੯੨ ਈ. ਦਿਨ ਸ਼ਨੀਵਾਰ ਨੂੰ ਸ੍ਰੀ ਭੈਣੀ ਸਾਹਿਬ ਵਿਖੇ ਹੋਇਆ। ਇਸ ਸਾਲ ਦੀਪਮਾਲਾ ੨੦ ਅਕਤੂਬਰ ਨੂੰ ਸੀ। ਦੀਵਾਲੀ ਦਾ ਪੁਰਬ ਬੀਤਣ ਤੇ ਹੀ ਗੁਰੂ ਜੀ ਨੂੰ ਅੰਮ੍ਰਿਤਸਰ ਦੋਬਾਰਾ ਜਾਣ ਦੀ ਛੁੱਟੀ ਮਿਲੀ। ਅੰਮ੍ਰਿਤਸਰ ਵਿੱਚ ਦਰਸ਼ਨ ਦੇ ਕੇ ਮਾਝੇ ਦਾ ਦੌਰਾ ਕਰਦੇ ਹੋਏ, ਭੋਮਾ ਵਡਾਲਾ, ਗੌਰੇ ਨੰਗਲ, ਫੱਤੇਵਾਲ ਆਦਿ ਪਿੰਡਾਂ ਵਿੱਚ ਪੁੱਜੇ। ਫੱਤੇਵਾਲ (ਅੰਮ੍ਰਿਤਸਰ) ਵਿਖੇ ਬਾਠਾਂ ਵਾਲਾ (ਸਿਆਲਕੋਟ) ਦੇ ਸਿੰਘਾਂ ਚਰਨ ਪਾਉਣ ਦੀ ਅਰਜ਼ ਕੀਤੀ। ਗੁਰੂ ਜੀ ਨੇ ਦੱਸਿਆ ਕਿ ਦੂਜੇ ਜ਼ਿਲ੍ਹੇ ਦੀ ਮਨਜ਼ੂਰੀ ਨਹੀਂ। ਬਾਠਾਂ ਵਾਲੇ ਵਾਲਿਆਂ ਰਸਤ ਲਿਆ ਕੇ ਲੰਗਰ ਫੱਤੇਵਾਲ ਹੀ ਕਰ ਦਿੱਤਾ ਪਰ ਫਿਰ ਵੀ, ਘਰਾਂ ਵਿੱਚ ਚਰਨ ਪੁਆਉਣ ਲਈ ਅਰਜ਼ ਕਰਕੇ ਲੈ ਹੀ ਗਏ। ਰਾਵੀ ਤੋਂ ਪਾਰੋਂ ਮੁੜਦਿਆਂ ਨੂੰ ਇੱਕ ਥਾਣੇਦਾਰ ਤੇ ਅੰਗ੍ਰੇਜ਼ ਅਧਿਕਾਰੀ, ਚੌਕਸੀ ਲਈ ਖੜ੍ਹੇ ਸੀ। ਅੰਗ੍ਰੇਜ਼ ਅਫਸਰ ਦੇ ਪੁੱਛਣ ਤੇ ਕਿ ਕਿੱਧਰ ਗਏ ਸਉ, ਗੁਰੂ ਜੀ ਨੇ ਦੱਸਿਆ ਕਿ ਸਿੰਘਾਂ ਨਾਲ ਦਰਸ਼ਨ ਮੇਲਾ ਕਰਨ ਗਏ ਸਾਂ। ਉਹ ਚੁੱਪ ਕਰ ਰਹਿਆ। ਮੌੜੇ, ਲੋਪੋਕੀ ਹੁੰਦੇ ਕੱਕੜੀਂ ਆ ਗਏ। ਇੱਥੇ ਬਹੁਤ ਸੰਗਤ ਜੁੜੀ। ਗੁਰੂ ਜੀ ਦੇ ਦਰਸ਼ਨਾਂ ਨਾਲ ਦੁਖੀਆਂ ਦੇ ਦੁੱਖ ਦੂਰ ਹੋਏ। ਸੰਗਤ ਵਿੱਚ ਨਵੀਂ ਊਰਜਾ ਦਾ ਸੰਚਾਰ ਹੋਇਆ। ਫਿਰ ਮੁਹਾਵਾ ਤੋਂ ਹੁਸ਼ਿਆਰ ਨਗਰ, ਕੂੰਮਾ ਸਿੰਘ ਦੀ ਸਮਾਧ ਪਾਸ ਲੰਗਰ ਕੀਤਾ। ਬੇਅੰਤ ਸੰਗਤ ਸੀ। ਸਤਲਾਣੀ ਸਾਹਿਬ ਦੇ ਦੀਵਾਨ ਵਿੱਚ ਵੀ ਵਿਸ਼ਾਲ ਨਾਮਧਾਰੀ ਇਕੱਠ ਵੇਖ ਕੇ, ਸਿੰਘਾਂ ਨੂੰ ਸਤਿਗੁਰੂ ਰਾਮ ਸਿੰਘ ਦੇ ਸਮੇਂ ਦੀ ਯਾਦ ਆ ਗਈ। ਠਰੂ ਵਿੱਚ ਜਿਊਣ ਸਿੰਘ ਮਸਤਾਨੇ ਦੇ ਘਰ ਦਰਸ਼ਨ ਦਿੱਤੇ। ਇੱਥੇ ਦੋ ਦਿਨ ਰਹੇ। ਉੱਥੋਕੀ ਵਿੱਚ ਬਹਾਲ ਸਿੰਘ ਦੇ ਘਰ ਡੇਰਾ ਕੀਤਾ। ਇੱਕ ਸਿੰਘ ਨੇ ਗੁਰੂ ਜੀ ਨੂੰ ਜੋੜਾ ਮੱਥਾ ਟੇਕਿਆ। ਪਿਛਲੇ ਕਿਸੇ ਪੜਾਅ ਤੇ ਲਿਖਾਰੀ ਸੰਤੋਖ ਸਿੰਘ ਦਾ ਜੋੜਾ ਚੁੱਕਿਆ ਗਿਆ ਸੀ। ਗੁਰੂ ਜੀ ਨੇ ਉਹਨੂੰ ਪਹਿਰਾ ਦਿੱਤਾ। ਦੀਵਾਨ ਲੱਗਾ ਲਗਾਇਆ, ਪੱਟੀ ਸ਼ਹਿਰ ਵਿੱਚੋਂ ਲੰਘੇ। ਸੰਤ ਖਾਲਸੇ ਦੀ ਨਿਰਾਲੀ ਛਬ ਵੇਖ ਕੇ ਸਾਰਾ ਸ਼ਹਿਰ, ਰਸਤਿਆਂ, ਛੱਤਾਂ ਤੇ ਆ ਗਿਆ। ਇੱਥੋਂ ਸਰਦਾਰਾਂ ਦੇ ਪਿੰਡ ਰਾਇ ਕੇ ਬੁਰਜ ਪਹੁੰਚੇ। ਇੱਥੇ ਵੀ ਬਹੁਤ ਸੰਗਤ ਆਈ। ਸਰਹਾਲੀ ਵਿੱਚ ਵੀ ਸਿੰਘਾਂ ਨੇ ਘਰੋ ਘਰੀ ਚਰਨ ਪੁਆਏ।

**ਮੱਖਣ ਸਿੰਘ ਮਹੰਤ-**

ਸੰਘੇ ਪਿੰਡ ਦੇ ਖ਼ੂਹ ਉੱਤੇ ਡੇਰਾ ਕੀਤਾ। ਇਸ ਖ਼ੂਹ ਤੇ ਵੇਦੀ ਗੱਡ ਕੇ, ਹਵਨ ਕਰਕੇ ਲਾਹੌਰ ਦੀ ਧਰਮਸ਼ਾਲਾ ਵਿੱਚ ਬਾਅਦ ਵਿੱਚ ਰਹਿਣ ਵਾਲੇ ਮੱਖਣ ਸਿੰਘ ਤੇ ਬੀਬੀ ਮੂਲੋ ਦਾ ਅਨੰਦ ਪੜ੍ਹਿਆ। ਮੱਖਣ ਸਿੰਘ ਲਈ  ਗੁਰੂ ਹਰੀ ਸਿੰਘ ਜੀ ਨੇ ਇੱਕ ਹੁਕਮਨਾਮਾ ਉਸ ਦੀ ਜਥਾ ਸ਼ਕਤ ਇਮਦਾਦ ਲਈ ਸੰਗਤ ਨੂੰ ਲਿਖਿਆ। 58 ਮੱਖਣ ਸਿੰਘ ਮੁਸੱਦਾ ਸਿੰਘ ਦਾ ਪੁੱਤਰ ਸੀ। ਉਹ ਲਾਹੌਰ ਨਾਮਧਾਰੀ ਧਰਮਸ਼ਾਲਾ ਦਾ ਗਰੰਥੀ ਸੀ। ਉਸਨੂੰ ਸੂਬਾ ਬ੍ਰਹਮਾ ਸਿੰਘ ਨੇ ਕੂਕਾ ਬਣਾਇਆ ਸੀ। ਉਹ ਪਿੰਡੋ ਪਿੰਡ ਘੁੰਮ ਕੇ ਕੂਕਾ ਪਰਚਾਰ ਕਰਦਾ ਸੀ। ਉਹ ਅਕਸਰ ਭੈਣੀ ਸਾਹਿਬ ਜਾਂਦਾ ਰਹਿੰਦਾ ਸੀ। ਮਈ ੧੮੭੨ ਵਿੱਚ ਉਹਨੂੰ ਲਾਹੌਰ ਦੇ ਸੂਬਾ ਦੇਵਾ ਸਿੰਘ ਅਤੇ ਇਸੇ ਸ਼ਹਿਰ ਦੇ ਕੂਕੇ ਹਰਨਾਮ ਸਿੰਘ ਨਾਲ ਕੂਕਿਆਂ ਦੀ ਗੈਰ ਕਾਨੂੰਨੀ ਸਭਾ ਵਿੱਚ ਸ਼ਾਮਲ ਹੋਣ ਤੇ ਦੋ ਮਹੀਨੇ ਕੈਦ ਹੋਈ ਸੀ। ਉਹ ਖਾਲਸਾ ਰਾਜ ਦੀ ਮੁੜ ਸਥਾਪਨਾ ਦੀ ਭਵਿੱਖਬਾਣੀ ਕਰਿਆ ਕਰਦਾ ਸੀ। ਦਸੰਬਰ ੧੮੮੦ ਵਿੱਚ ਜਦੋਂ ਉਹ ਗੁਪਤ ਰੂਪ ਵਿੱਚ ਭੈਣੀ ਸਾਹਿਬ ਗਿਆ ਗੁਰੂ ਹਰੀ ਸਿੰਘ ਜੀ ਨੇ ਉਸਨੂੰ ਮਹੰਤ ਥਾਪ ਦਿੱਤਾ। 59 ਇਸ ਤਰ੍ਹਾਂ ਦੇ ਦੇਸ਼ ਭਗਤ ਕੂਕਿਆਂ ਦੀ ਪੁਸ਼ਤ ਪਨਾਹੀ, ਅਕਸਰ ਗੁਰੂ ਹਰੀ ਸਿੰਘ ਜੀ ਕਰਦੇ ਰਹੇ। ਸੰਘੇ ਤੋਂ ਉਹ ਭੈਣੀ ਸਾਹਿਬ ਆ ਗਏ।

**ਜ਼ਿਲ੍ਹਾ ਫੀਰੋਜ਼ਪੁਰ ਦਾ ਦੌਰਾ-੧੮੯੩ ਈ.-**

"ਫੇਰ ਅਰਜ਼ੀ ਦਿਤੀ ਅਸੀਂ ਮਾਘੀ ਜਾਵਾਂਗੇ ਮੁਕਤਸਰ। ਫਰੰਗੀ ਨੇ ਸਮਝਿਆ ਏਸ ਮੂਰਤੀ ਕੇ ਗਿਆਂ ਜਾਦਾ ਕੂਕੇ ਕੱਠੇ ਹੋਇਕੇ ਗਦਰ ਨਾ ਮਚਾਇ ਦੇਣ। ਮਾਘੀ ਕੇ ਬਾਦ ਛੁੱਟੀ ਦਿੱਤੀ।" ਇਹ ਮਾਲਵੇ ਦਾ ਦੌਰਾ ਸੀ। ਕੂਕਿਆਂ ਦੇ ਵੱਡੇ ਪਿੰਡ ਲੋਹਗੜ੍ਹ ਕਈ ਸਾਲਾਂ ਬਾਦ ਦਰਸ਼ਨ ਦਿੱਤੇ। ਉੱਥੇ ਅਤੇ ਰਾਇਸਰ ਇੱਕ ਇੱਕ ਜੋੜੇ ਦਾ ਅਨੰਦ ਕਾਰਜ ਵੀ ਕੀਤਾ। ਧਰਮ ਰੀਤੀ ਵੇਖ ਕੇ ਲੋਕ ਨਿਹਾਲ ਹੋਏ।

**ਦੇਵਾ ਸਿੰਘ ਧੂੜਕੋਟ ਵੀ ਗਿਆ-**

ਧੂੜਕੋਟ (ਮੋਗਾ) ਵਿੱਚ ਝਾਬਾ ਸਿੰਘ ਦਾ ਪੁੱਤਰ ਦੇਵਾ ਸਿੰਘ ਪਰਸਿੱਧ ਸੰਤ ਸੀ ਪਰ ਗੰਡਾ ਸਿੰਘ ਇੱਬਣ ਜਿਉਂ ਜ਼ਿਆਦਾ ਮਾਨਤਾ ਸਦਕਾ, ਹਉਮੈਂ ਗ੍ਰਸਤ ਹੋ ਗਿਆ ਸੀ। ਗੁਰੂ ਜੀ ਨੂੰ ਘਰ ਆਇਆਂ ਨੂੰ ਉੱਠ ਕੇ ਮਿਲਣਾ ਤਾਂ ਕੀ ਸੀ ਕਹਿੰਦਾ "ਅਸਾਂ ਕੋਈ ਚੀਜ਼ ਦੇਣੀ ਸੀ ਪਰ ਤੁਸਾਂ ਤੇ ਸਾਂਭੀ ਨਹੀਂ ਜਾਣੀ।" ਗੁਰੂ ਜੀ ਨੇ ਕਿਹਾ– "ਸਾਂਭ ਲਵਾਂਗੇ।" ਗੁਰੂ ਜੀ ਨਿਮਰਤਾ ਨਾਲ ਬਚਨ ਕਰਕੇ ਉਸਦੀ ਸ਼ਕਤੀ ਹਰ ਲਈ। ਮੁੜਦਿਆਂ ਨੂੰ ਸੱਤ ਕੁਸੱਤ ਵੀ ਨਾ ਕਰ ਸੱਕਿਆ।

**ਸੂਬਾ ਸਮੁੰਦ ਸਿੰਘ ਖੋਟੇ-**

ਖੋਟੇ (ਮੋਗਾ) ਵਿਖੇ ਸੂਬਾ ਸਮੁੰਦ ਸਿੰਘ ਪੁਰਾਤਨ ਸਿੱਖ ਅਤੇ ਆਗੂ ਸਨ। ਉਸ ਨੂੰ ਵੀ ਗੁਰੂ ਹਰੀ ਸਿੰਘ ਜੀ ਦਾ ਸ਼ਾਂਤ ਸੁਭਾਅ ਅਤੇ ਪਾਪੀ ਨਿੰਦਕ ਨੂੰ ਵੀ ਕੁਝ ਨਾ

ਕਹਿਣਾ, ਕੁਝ ਅੱਖਰਿਆ। ਸ਼ਾਇਦ ਸੂਬਾ ਜੀ ਇਸ ਗੱਲ ਤੋਂ ਅਨਜਾਣ ਸਨ ਕਿ ਹਰ ਗੁਰੂ-ਹਸਤੀ ਆਪਣੇ ਸਮੇਂ ਅਨੁਕੂਲ ਰਣਨੀਤੀ ਸਿਰਜਣ ਦੇ ਸਮਰੱਥ ਹੁੰਦੀ ਹੈ।

ਹਰਿਮੰਦਰ ਸਾਹਿਬ ਮੁਕਤਸਰ ਵਿੱਚ ਘਾਲਾ ਸਿੰਘ ਪੁਜਾਰੀ ਦੀ ਬੇਨਤੀ ਤੇ ਦੀਵਾਨ ਸਜਿਆ। ਇੱਥੇ ਗੁਰੂ ਜੀ ਨੇ ਸੰਗਤ ਨੂੰ ਮਸਤਾਨੀ ਬਿਰਤੀ ਧਾਰਨ ਕਰਨ ਤੋਂ ਸੁਚੇਤ ਕਰ ਦਿੱਤਾ ਸੀ। ਇੱਕ ਮੁਸਲਮਾਨ ਫਕੀਰ ਇਸ ਦੀਵਾਨ ਸਮੇਂ ਗੁਰੂ ਜੀ ਤੋਂ ਬਖਸ਼ਿਸ਼ ਮੰਗ ਕੇ ਮੁੜ ਗਿਆ।

**ਗੱਦਾਂ ਡੋਬ, ਸ੍ਰ. ਸੁੰਦਰ ਸਿੰਘ ਸੋਹੂ ਪਾਸ-**

ਮੁਕਤਸਰ ਤੋਂ ਰੁਪਾਣਾ ਹੁੰਦੇ ਹੋਏ ਸੂਬਾ ਮਲੂਕ ਸਿੰਘ ਜੀ ਦੇ ਪਿੰਡ ਫੂਲੇਵਾਲ ਪੁੱਜੇ। ਅਗਲਾ ਪੜਾ ਗੱਦਾਂ ਡੋਬ ਦੇ ਸ੍ਰ. ਸੱਦਾ ਸਿੰਘ ਅਤੇ ਸੁੰਦਰ ਸਿੰਘ ਸੋਹੂ ਭਰਾਵਾਂ ਵੱਲ ਸੀ। ਇਸ ਪਿੰਡ ਦੇ ਨੇੜੇ ਸਰਹਿੰਦ ਨਹਿਰ ਦੀ ਨਵੀਂ ਨਿਕਲੀ, ਅਬੋਹਰ ਬ੍ਰਾਂਚ ਦੀ ਇੱਕ ਸ਼ਾਖ ਸੀ। ਉਸ ਵਿੱਚ ਥੋਹੜਾ ਜਲ ਖਲੋਤਾ ਸੀ ਨਹਿਰ ਦੀ ਬੰਦੀ ਸੀ। ਇਸ ਇਲਾਕੇ ਵਿੱਚ ਪਾਣੀ ਦੀ ਬਹੁਤ ਦਿੱਕਤ ਸੀ। ਖੂਹ ਬਹੁਤ ਦੂਰ ਦੂਰ ਸਨ, ਮਿੱਠੇ ਪਾਣੀ ਵਾਲੇ। ਨਹਿਰ ਦੇ ਇਸ ਡੁੰਮ੍ਹ ਤੇ ਗੁਰੂ ਜੀ ਨੇ ਇੱਕ ਸਿੰਘ ਦਾ ਪਹਿਰਾ ਬਹਾ ਦਿੱਤਾ। ਸਾਰਾ ਮੇਲਾ ਗੁਰੂ ਜੀ ਦਾ ਇਸ਼ਨਾਨ, ਸੰਗਤ ਦਾ ਲੰਗਰ ਇਸੇ ਜਲ ਨਾਲ ਸੰਪੂਰਨ ਹੋ ਗਿਆ। ਗੁਰੂ ਹਰੀ ਸਿੰਘ ਜੀ ਨੇ ਪਿੰਡ ਦਾ ਨਾਮ ਗੱਦਾਂ ਡੋਬ ਤੋਂ 'ਗੁਰੂਸਰ' ਕਰ ਦਿੱਤਾ। ਸਮਾਂ ਪਾ ਕੇ ਇਸੇ ਸ੍ਰ. ਸੁੰਦਰ ਸਿੰਘ ਦੀ ਇੱਕ ਪੁੱਤਰੀ ਨੂੰ ਗੁਰੂ ਹਰੀ ਸਿੰਘ ਜੀ ਦੀ ਵੱਡੀ ਨੂੰਹ ਹੋਣ ਦਾ ਮਾਣ ਮਿਲਿਆ ਜੋ ਨਾਮਧਾਰੀ ਜਗਤ ਵਿੱਚ ਸਤਿਗੁਰੂ ਪਰਤਾਪ ਸਿੰਘ ਜੀ ਦੇ ਮਹਿਲ ਹੋਣ ਸਦਕਾ, ਮਾਤਾ ਭੁਪਿੰਦਰ ਕੌਰ ਜੀ ਦੇ ਨਾਮ ਨਾਲ ਵਖਿਆਤ ਹੋਏ।

ਮਲੋਟ ਵਿੱਚ ਵੀ ਇੱਕ ਅਨੰਦ ਕਾਰਜ ਕੀਤਾ। ਕੁਰਾਈ ਵਾਲੇ ਵਿੱਚ ਗੁਰੂ ਰਾਮ ਸਿੰਘ ਜੀ ਦੇ ਸਮੇਂ ਦੇ ਸਿੱਖ, ਚਾਂਦੀ ਰਾਮ ਬਾਣੀਏ ਦੇ ਘਰ ਲੰਗਰ ਕੀਤਾ। ਰੇਤੇ ਦੇ ਟਿੱਬਿਆਂ ਵਿੱਚ ਜਿੱਥੇ ਢਾਬ, ਡਿੱਘੀ ਜਾਂ ਨਹਿਰ ਦਾ ਪਾਣੀ ਮਿਲੇ ਉਹਦੇ ਆਸਰੇ, ਰੋਹੀਆਂ, ਜੰਗਲਾਂ, ਬੇਲਿਆਂ ਵਿੱਚ ਹੀ ਦਿਨ ਕੱਟਣਾ ਅਤੇ ਰੁੱਖਾਂ ਵਣਾਂ ਆਦਿ ਦੇ ਝੁੰਡ ਹੇਠਾਂ, ਗੁਰੂ ਹਰੀ ਸਿੰਘ ਜੀ ਦਾ ਦੀਵਾਨ ਸਜ ਜਾਂਦਾ। ਰਾਤ ਨੂੰ ਢੋਲਕੀ ਨਾਲ ਸ਼ਬਦ ਪੜ੍ਹਕੇ ਟਿੱਬਿਆਂ ਤੇ ਰੁੱਖਾਂ ਹੇਠ ਹੀ ਬਿਰਾਜ ਜਾਂਦੇ ਸਨ।

ਬਿਰਕ ਪਿੰਡ ਵਿੱਚ ਵੀ ਇੱਕ ਅਨੰਦ ਕਾਰਜ ਕੀਤਾ ਆਸਾ ਦੀ ਵਾਰ ਦੇ ਬਾਅਦ। ਬਾਜੇਖਾਨੇ ਤੋਂ ਹੁੰਦੇ ਹੋਏ ਗੁਮਟੀ ਆਏ। ਸਿੰਘਣੀ ਪਰਤਾਪ ਕੌਰ ਸਮੇਤ, ਰੰਗੂਨ ਸਤਿਗੁਰੂ ਜੀ ਦਾ ਦਰਸ਼ਨ ਕਰਨ ਵਾਲਾ, ਬਾਬਾ ਲਾਲ ਸਿੰਘ ਗੁਮਟੀ ਗੁਜ਼ਰ ਗਿਆ ਸੀ। ਉਸਦੇ ਵੱਡੇ ਪੁੱਤਰ ਧੰਨਾ ਸਿੰਘ ਨੂੰ ਗੁਰੂ ਜੀ ਨੇ ਪੱਗ ਬੰਨ੍ਹਾਈ। ਇੱਥੋਂ ਕੂਕਿਆਂ ਦੇ ਪਰਸਿੱਧ ਪਿੰਡ ਨਥਾਣੇ ਆਏ। ਉੱਥੇ ਧੰਨਾ ਸਿੰਘ ਨੇ ਦੀਵਾਨ ਵਿੱਚ ਬੇਨਤੀ ਕੀਤੀ ਕਿ ਮੈਨੂੰ ਦੋਹਾਂ ਮੂਰਤੀਆਂ (ਗੁਰੂ ਰਾਮ ਸਿੰਘ ਅਤੇ ਗੁਰੂ ਹਰੀ ਸਿੰਘ ਜੀ) ਦੇ ਦਰਸ਼ਨ ਹੋਏ। ਮੈਂ ਬਖਸ਼ਿਸ਼ ਮੰਗੀ ਤਾਂ ਸਤਿਗੁਰੂ ਰਾਮ ਸਿੰਘ ਜੀ ਨੇ ਕਿਹਾ ਕਿ ਇਹ ਜੋ ਸਾਹਮਣੇ ਬੈਠੇ ਹਨ ਇਹੀ ਸਾਰੀ ਸੰਗਤ ਨੂੰ ਹੁਣ ਬਖਸ਼ਣਗੇ। ਗੁਰੂ ਹਰੀ ਸਿੰਘ ਜੀ ਵੀ ਇਹੋ ਬਚਨ ਕੀਤਾ

ਤਿੰਨ ਵੇਰ– ਭਾਈ ਸਾਰੀ ਸੰਗਤ ਨੂੰ ਸਤਿਗੁਰੂ ਜੀ ਪਾਸੋਂ ਬਖਸ਼ਾਵਾਂਗੇ। ਗਿੱਲ ਪਿੰਡ ਵਿੱਚ, ਭਗਵਾਨ ਸਿੰਘ ਅੜਬੰਗੀ ਨੇ ਇੱਕ ਘੋੜੀ ਮੱਥਾ ਟੇਕੀ। ਗੁਰੂ ਜੀ ਨੇ ਇਹ ਘੋੜੀ ਦਸੌਂਧਾ ਸਿੰਘ ਨਾਮੇ ਸਿੱਖ ਨੂੰ ਦੇ ਦਿੱਤੀ। ਇੱਥੋਂ ਵਾਪਸ ਭੈਣੀ ਸਾਹਿਬ ਆ ਗਏ।[60]

### ਸ਼ੇਰ, ਚੂਹੇ ਦੇ ਵਰਗ-

ਗੁਰੂ ਹਰੀ ਸਿੰਘ ਜੀ, ਸਤਿਗੁਰੂ ਰਾਮ ਸਿੰਘ ਜੀ ਦਾ ਇਹ ਬਚਨ ਸੁਣਾਇਆ ਕਰਦੇ ਸਨ ਕਿ ਆਪ ਫੁਰਮਾਉਂਦੇ ਸਨ– "ਭਾਈ ਮੇਰਾ ਵਰਗ ਮਿਰਗ ਦਾ ਹੈ, ਤੁਰਨਾ ਫਿਰਨਾ ਤੇਰਾ ਵਰਗ ਚੂਹੇ ਦਾ ਹੈ। ਤੂੰ ਬੈਠਾ ਹੀ ਪਾਪੀਆਂ ਦੁਸ਼ਟਾਂ ਦੀਆਂ ਹੇਠੋਂ ਜੜ੍ਹਾਂ ਕੁਤਰੀ ਜਾਏਂਗਾ। ਉਹ ਬਚਨ ਹੁਣ ਵਰਤ ਰਿਹਾ ਹੈ। ਸਤਿਗੁਰੂ ਜੀ ਬਾਹਰ ਗਏ ਹਨ ਅਸੀਂ ਇੱਕ ਥਾਂ ਬੈਠੇ ਹਾਂ। ਅਸੀਂ ਜ਼ਿਲ੍ਹੇ ਨੂੰ ਇਤਲਾਹ ਦਿੱਤੇ ਬਿਨਾ ਕੋਹ ਤੇ ਵੀ ਨਹੀਂ ਜਾ ਸੱਕਦੇ। ਗਾਰਦ ਸਾਨੂੰ ਪਿੰਡ ਦੀ ਜੂਹ ਤੋਂ ਬਾਹਰ ਨਹੀਂ ਜਾਣ ਦਿੰਦੀ। ਜਿੱਥੇ ਜਾਣਾ ਹੋਵੇ ਲੁਧਿਆਣੇ ਅਰਜ਼ੀ ਦੇ ਕੇ, ਮਨਜ਼ੂਰੀ ਲੈ ਕੇ ਫਿਰ ਜਾਣਾ ਮਿਲਦਾ ਹੈ।[61]

੧੮੯੩ ਈ. ਵਿੱਚ ਹੀ ਰਾਮ ਸਰ ਅਤੇ ਅਕਾਲ ਬੁੰਗੇ ਵਸੋਂ ਹੋਣੀ ਸ਼ੁਰੂ ਹੋਈ। ਰਾਮਸਰ ਸਰੋਵਰ ਤੋਂ ਪਿੰਡ ਵੱਲ ਖੂਹੀ ਲੱਗੀ। ਪਹਿਲਾਂ ਝੁੱਗੀਆਂ ਸੀ ਫਿਰ ਹੋਰ ਕੋਠੇ ਪੈ ਕੇ ਤੀਹ ਚਾਲੀ ਘਰ ਹੋ ਗਏ। ਰਾਮ ਸਰ ਵਿੱਚ ਬਾਗ ਵੀ ਲੱਗ ਗਿਆ। ਰਾਮ ਸਰ ਵਾਲੀ ਖੂਹੀ ਸਿੰਘਾਂ ਨੇ ਇੱਕ ਦਿਨ ਵਿੱਚ ਹੀ ਲਾ ਕੇ ਜਲ ਛਕ ਲਿਆ। ਪਿੰਡ ਦਾ ਲੰਬੜਦਾਰ ਗੁਰਦਿੱਤਾ ਵਿਰੋਧ ਕਰਦਾ ਰਿਹਾ ਪਰ ਗੁਰੂ ਜੀ ਦੇ ਪਰਤਾਪ ਅੱਗੇ ਪੇਸ਼ ਨਾ ਗਈ। ਇਸ ਸਾਲ ੮ ਨਵੰਬਰ ਨੂੰ ਦੀਵਾਲੀ ਸੀ। ਦੀਵਾਲੀ ਲੰਘਣ ਬਾਅਦ ਦੋ ਮਹੀਨੇ ਦੀ ਛੁੱਟੀ ਮਿਲੀ। ਗੁਰੂ ਜੀ ਅੰਮ੍ਰਿਤਸਰ ਧਰਮਸ਼ਾਲਾ ਵਿੱਚ ਦਰਸ਼ਨ ਦਿੱਤੇ। ਇੱਥੋਂ ਗੁਰੂ ਜੀ ਸਿਆਲਕੋਟ ਦੇ ਪਿੰਡਾਂ ਵਿੱਚ ਗਏ। ਅੱਜ ਕੱਲ੍ਹ ਇਸ ਜ਼ਿਲ੍ਹੇ ਦਾ ਪੁਲੀਸ ਕਪਤਾਨ ਬਾਰਬਟਨ ਸੀ। ਉਹਨੇ ਇਹ ਦੋਸ਼ ਲਾ ਕੇ ਕਿ ਮੇਰੇ ਜ਼ਿਲ੍ਹੇ ਵਿੱਚ, ਬਾਅਦ ਵਿੱਚ ਆਉਣ ਦਾ ਹੁਕਮ ਸੀ, ਤੁਸੀਂ ਪਹਿਲਾਂ ਆ ਗਏ, ਦੌਰਾ ਰੱਦ ਕਰ ਦਿੱਤਾ ਅਤੇ ਗੁਰੂ ਜੀ ਇੱਥੋਂ ਹੀ ਭੈਣੀ ਸਾਹਿਬ ਪਰਤ ਆਏ।[62]

### ਮੁਕਤਸਰ ਮਾਘੀ - ੧੮੯੪ ਈ.-

ਛੁੱਟੀ ਲੈ ਕੇ ਭੈਣੀ ਸਾਹਿਬ ਤੋਂ ਲੋਹਗੜ੍ਹ, ਗੁੱਜਰਵਾਲ, ਖੰਜਰਵਾਲ, ਛੱਜਾਵਾਲ, ਰੂਮੀ, ਬੋਪਾਰਾਇ, ਗਹਿਲ, ਬਿਲਾਸਪੁਰ, ਤਖਤੂਪੁਰਾ, ਖੋਟੇ, ਰੋਡੇ ਆਦਿ ਪਿੰਡਾਂ ਵਿੱਚੋਂ ਹੁੰਦੇ ਗੁਰੂ ਜੀ ਸੰਗਤ ਸਮੇਤ ਮੁਕਤਸਰ ਪੁੱਜੇ। ਬਾਵੇ ਦੇ ਬੁਰਜ ਵਿੱਚ ਡੇਰਾ ਲਾਇਆ। ਬਾਬਾ ਦਰਬਾਰਾ ਸਿੰਘ ਨੇ ਸੰਗਤ ਨੂੰ ਖੁੱਲ੍ਹਾ ਗੁੜ ਵਰਤਾਇਆ। ਇੱਥੋਂ ਵਾਪਸੀ ਤੇ ਰੁਪਾਣਾ, ਤਾਮਕੋਟ, ਫੂਲੇਵਾਲ, ਡਬਲੇ, ਲੱਕੜਵਾਲੀ, ਗੁਰੂਸਰ, ਮਾਈਸਰ ਖਾਨਾ, ਭਾਈ ਬਖਤੌਰ, ਥਰਾਜ, ਨੰਗਲੇ, ਫਤੇਹਗੜ੍ਹ, ਲੱਲੂਵਾਲਾ, ਭਿੱਖੀ, ਉੱਭੇ, ਰਾਇਸਰ, ਲੋਹਟਬੱਦੀ, ਸਿਆਹੜ, ਖਟੜੇ ਆਦਿ ਥਾਵਾਂ ਵਿੱਚ ਸੰਗਤਾਂ ਨੂੰ ਨਿਹਾਲ ਕਰਦੇ ਅਤੇ ਗੁਰੂ ਰਾਮ ਸਿੰਘ ਜੀ ਦੇ ਮਿਸ਼ਨ ਦਾ ਹੋਕਾ ਦਿੰਦੇ ਹੋਏ ਗੁਰੂ ਹਰੀ ਸਿੰਘ ਜੀ ਭੈਣੀ ਸਾਹਿਬ ਆ ਗਏ।[63]

੧੯੯੫ ਈ. ਦੀ ਮਾਘੀ ਲੰਘੇ ਤੋਂ ਬਾਅਦ ਫਿਰ ਉਸੇ ਤਰ੍ਹਾਂ ਮੁਕਤਸਰ ਦੀ ਮਾਘੀ ਤੇ ਗਏ। ਪਹਿਲਾਂ ਰੋਡੇ ਪਿੰਡ ਵਿੱਚ ਦਰਸ਼ਨ ਦਿੱਤੇ। ਮੀਂਹ ਦੀ ਔੜ ਸੀ। ਉਸੇ ਦਿਨ ਭਰਪੂਰ ਵਰਖਾ ਹੋਣ ਨਾਲ ਸੰਗਤ ਹੁਲਾਸ ਵਿੱਚ ਆ ਗਈ। ਮਾਲਵੇ ਦੀਆਂ ਸੰਗਤਾਂ ਨੇ ਖੀਰ ਅਤੇ ਕੜਾਹ ਪਰਸ਼ਾਦ, ਕੜਾਹੇ ਭਰ ਭਰ ਕੇ ਵਰਤਾਏ। ਮੁਕਤਸਰ ਨਾਮਧਾਰੀ ਡੇਰੇ ਵਿੱਚ ਚਾਨਣੀਆਂ ਕਨਾਤਾਂ ਲੱਗ ਗਈਆਂ। ਤਿੰਨ ਸੌ ਬਾਈ ਆਦਿ ਗੁਰੂ ਗਰੰਥ ਸਾਹਿਬ ਦੇ ਪਾਠਾਂ ਦੇ ਭੋਗ ਪਾਏ ਗਏ। ਬਹੁਤ ਸਾਰੀ ਨਵੀਂ ਸੰਗਤ ਅੰਮ੍ਰਿਤ ਛਕ ਕੇ ਨਾਮਧਾਰੀ ਰਹਿਤ ਮਰਿਆਦਾ ਵਿੱਚ ਸ਼ਾਮਲ ਹੋਈ। ਗੁਰੂ ਹਰੀ ਸਿੰਘ ਜੀ ਨੇ ਮੇਲੇ ਦੇ ਭੋਗ ਬਾਅਦ ਨਿਹੰਗ ਸਿੰਘਾਂ ਨਾਲ ਮਹੱਲਾ ਖੇਡਣ ਦੀ ਪੇਸ਼ਕਸ਼ ਨੂੰ ਨਿਮਰਤਾ ਸਹਿਤ ਟਾਲ ਦਿੱਤਾ ਕਿਉਂਕਿ ਅਜਿਹੇ ਮੌਕਿਆਂ ਤੇ ਬੇਲੋੜੇ ਵਿਵਾਦ ਜਨਮ ਲੈ ਲੈਂਦੇ ਹਨ।

ਵਾਪਸੀ ਤੇ ਰੁਪਾਣੇ ਤੋਂ ਸੋਥੇ, ਸੋਥੇ ਤੋਂ ਫੂਲੇਵਾਲ, ਫੂਲੇਵਾਲ ਤੋਂ ਡਬੜਿਆਂ ਨੂੰ ਜਾਂਦਿਆਂ ਰਾਹ ਵਿੱਚ ਨਹਿਰੀ ਪਾਣੀ ਲੱਗਣ ਕਾਰਨ ਖੁੱਭਣ ਸੀ ਘੋੜੀਆਂ ਖੁਭ ਗਈਆਂ। ਸਤਿਗੁਰੂ ਪਰਤਾਪ ਸਿੰਘ ਜੀ ਵੀ ਹਾਜ਼ਰ ਸਨ। ਉਹ ਇਸ ਦੌਰੇ ਦਾ ਵਰਣਨ ਆਪਣੇ ਪਵਿੱਤਰ ਉਪਦੇਸ਼ ਵਿੱਚ ਕਰਦੇ ਹਨ ਕਿ ਜਦੋਂ ਉਹ ਭੈਣੀ ਸਾਹਿਬੋਂ ਤੁਰੇ ਤਾਂ ਪੌਣੇ ਪੰਜ ਸਾਲ ਦੀ ਆਪ ਦੀ ਉਮਰ ਸੀ। ਮੁਕਤਸਰ ਪਾਠਾਂ ਦੇ ਭੋਗ ਸਮੇਂ, ਗੁਰੂ ਹਰੀ ਸਿੰਘ ਜੀ ਨੂੰ ਪਰਸ਼ਾਦਾ ਪਰਾਤ ਵਿੱਚ ਛਕਣਾ ਪਿਆ ਸੀ ਕਿਉਂ ਜੁ ਉੱਥੇ ਮਾਈ ਅਤਰੀ ਖਾਨੇ ਵਾਲੀ ਦਾ ਜ਼ੋਰ ਸੀ। ਗੁਰੂ ਹਰੀ ਸਿੰਘ ਜੀ ਅਤਿ ਦੀ ਨਿਮਰਤਾ ਧਾਰੀ ਰੱਖੀ ਸੀ। ਉਹ ਕਦੇ ਕਿਸੇ ਨੂੰ ਘੱਟ ਹੀ ਸਿੱਧੇ ਹੁੰਦੇ ਸਨ ਹਾਲਾਂਕਿ ਉਹ ਸਮਰੱਥ ਸਨ।[64]

ਡਬੜਿਆਂ ਤੋਂ ਗੱਦਾਂ ਡੋਬ (ਗੁਰੂ ਸਰ), ਲੱਕੜਵਾਲੀ, ਭਾਈ ਬਖਤੌਰ ਹੁੰਦੇ ਹੋਏ ਦੋ ਦਿਨ ਥਰਾਜ (ਉਦੋਂ ਜ਼ਿਲ੍ਹਾ ਹਿਸਾਰ, ਹੁਣ ਸਿਰਸਾ-ਹਰਿਆਣਾ) ਆ ਰਹੇ। ਇੱਥੇ ਮਾਤਾ ਜੀਊਣ ਕੌਰ ਜੀ ਦੇ ਭਾਈ ਸ੍. ਚੂਹੜ ਸਿੰਘ ਦੀਆਂ ਦੋ ਪੁੱਤਰੀਆਂ ਦੇ ਅਨੰਦ ਕਾਰਜ ਗੁਰੂ ਜੀ ਦੀ ਹਜ਼ੂਰੀ ਵਿੱਚ ਹੋਏ। ਇੱਥੋਂ ਨੰਗਲੇ, ਲੱਲੂਵਾਲੇ, ਭਿਖੀ, ਫਤੇਹਗੜ੍ਹ, ਮੰਡੀ, ਪਿੱਥੋ, ਗਿੱਲ, ਢਿੱਲਮਾਂ, ਮੌੜ, ਮੰਡਿਆਏ, ਕਰਮਗੜ੍ਹ, ਖਟੜੇ ਹੁੰਦੇ ਵਾਪਸ ਡੇਰੇ ਪਹੁੰਚ ਗਏ।[65]

## ਨਿਮਾਣੀ ੧੯੯੬ ਈ. - ਕੂਕਿਆਂ ਦਾ ਹਾਕਮਾਂ ਨੂੰ ਭੈਅ-

੧੯੯੬ ਈ. ਦੀਆਂ ਗਰਮੀਆਂ ਵਿੱਚ ਨਿਮਾਣੀ ਇਕਾਦਸ਼ੀ ਸਮੇਂ ਗੁਰੂ ਹਰੀ ਸਿੰਘ ਜੀ ਨੇ ਭੈਣੀ ਸਾਹਿਬ ਵਿਖੇ ਨਾਮਧਾਰੀ ਸੰਗਤ ਦਾ ਮੇਲਾ ਕਰਨ ਦੀ ਅਰਜ਼ੀ ਲੁਧਿਆਣੇ ਪੁਚਾਈ। ਇਹ ਵੀ ਕਿਹਾ ਕਿ ਇਸ ਦੌਰਾਨ ਸਾਡੇ ਬੂਹੇ ਅੱਗੋਂ ਪੁਲੀਸ ਗਾਰਦ ਹਟਾ ਲਵੋ। ਉਹ ਤੇ ਨਾ ਹਟਣੀ ਸੀ ਨਾ ਹਟਾਈ। ਪਰ ਮੇਲਾ ਸ੍ਰੀ ਭੈਣੀ ਸਾਹਿਬ ਮਨਾਉਣਾ ਸੁਣ ਕੇ, ਕੂਕੇ ਸਿੰਘਾਂ ਵਿੱਚ ਨਵੇਂ ਉਤਸ਼ਾਹ ਦਾ ਸੰਚਾਰ ਹੋਇਆ। ਉਹਨਾਂ ਨੂੰ ਸਤਿਗੁਰੂ ਰਾਮ ਸਿੰਘ ਜੀ ਦਾ ਸਮਾਂ ਯਾਦ ਆ ਗਿਆ, ਜਦੋਂ ਸ੍ਰੀ ਭੈਣੀ ਸਾਹਿਬ ਵਿੱਚ ਹੋਲੇ ਮੇਲੇ ਮਨਾਏ ਜਾਂਦੇ ਅਤੇ ਹਜ਼ਾਰਾਂ ਸੰਗਤਾਂ ਜੁੜਦੀਆਂ ਸਨ। ਇਸ ਮੇਲੇ ਤੇ ਬੇਅੰਤ ਸੰਗਤ ਪੁੱਜੀ। "ਨਿਮਾਣੀ ਪਰ ਸਿੰਘ ਆਏ ਤਾਂ ਦੇਖ ਕੇ ਫਰੰਗੀ (ਡੀ. ਸੀ. ਲੁਧਿਆਣਾ)

ਘਬਰਾਇਆ। ਕਹਿਣ ਲਗਾ ਏਤਨਾ ਕੂਕਾ ਕਿਉਂ ਇਕੱਠਾ ਕੀਤਾ ਹੈ, (ਮੁਲਕ) ਬਿਗੜ ਜਾਵੇਗਾ। ਬਹੁਤ ਇਕੱਠ ਹੋਇਆ ਹੈ। ਏਕ ਨੇ ਕੋਲੋਂ ਕਿਹਾ, ਜੀ ਏਹ ਤਾਂ ਬਾਲ ਬੱਚੇ ਵਾਲੇ ਹੈਂ, ਲੜਾਈ ਨਹੀਂ ਕਰਦੇ ਤੁਸੀਂ ਘਬਰਾਓ ਨਾ। ਫਰੰਗੀ ਨੇ ਉਸੀ ਵਕਤ ਸੱਦਕੇ ਤਸੀਲਦਾਰ ਨੂੰ ਕਹਿਆ ਮੇਲੇ ਕਾ ਭੋਗ ਪਏ ਸੇ ਬਾਦ ਉਸੀ ਵਕਤ ਸਭ ਤੋਰਨੇ, ਡੇਰ ਨਹੀਂ ਕਰਨੀ। ਤਸੀਲਦਾਰ ਥਾਨੇਦਾਰ ਵਿੱਚ ਆਇ ਗਏ। ਜਾਂ ਭੋਗ ਪਏ ਤਾਂ ਉਸੀ ਵਕਤ ਸਭ ਤੋਰ ਦੀਏ ਸਿੰਘ। ਗੁਰੂ ਮਹਾਰਾਜ ਜੀ ਸੱਦ ਭੇਜੇ (ਲੁਧਿਆਣੇ)। ਫਰੰਗੀ ਨੇ ਕਹਾ ਕਿ ਏਤਨਾ ਇਕੱਠ ਕਿਉਂ ਕੀਤਾ। ਬਚਨ ਕੀਤਾ ਅਸੀਂ ਸੱਦਣ ਨਹੀਂ ਗਏ, ਆਪੇ ਈ ਆਏ ਹੈਂ ਸਿੰਘ। ਕੁਰਸੀ ਉਤੋਂ ਉੱਛਲ ਉੱਛਲ ਪਵੇ ਕਿ ਤੁਮਨੇ ਏਤਨਾ ਇਕੱਠ ਕਿਉਂ ਕੀਤਾ ਹੈ।"[66]

ਨਵੇਂ ਤਬੇਲੇ ਵਾਲੀ ਜਗਹਾ ਤੇ ਹੱਕ ਸ਼ੁਫੇ ਦੀ ਅਰਜ਼ੀ ਗਈ ਸੀ ਕਿ ਜਗਹਾ ਨਾ ਪਵੇ। ਗੁਰੂ ਹਰੀ ਸਿੰਘ ਜੀ ਦੇ ਹੁਕਮ ਤੇ ਸਿੰਘਾਂ ਨੇ ਰਾਤੋ ਰਾਤ ਤਬੇਲਾ ਛੱਤ ਦਿੱਤਾ। ਇਸ ਦਾ ਦਰਵਾਜਾ ਦੂਸਰਾ ਕੱਢ ਲਿਆ। ਗੁਰੂ ਜੀ ਨੂੰ ਡੀ. ਸੀ. ਨੇ ਸਮਰਾਲੇ ਸੱਦਿਆ। ਗੁਰੂ ਜੀ ਨੂੰ ਪਹਿਲਾਂ ਤਾਂ ਉਹ ਦੌਰੇ ਦੀ ਛੁੱਟੀ ਦੇਣ ਲੱਗਾ ਕੋਲੋਂ ਮੁਨਸ਼ੀ ਨੇ ਕਿਹਾ ਕਿ ਲਾਟ ਸਾਹਿਬ ਨੇ ਛੁੱਟੀ ਰੋਕੀ ਹੈ, ਫਿਰ ਰੁਕ ਗਿਆ। ਅਗਲੇ ਦਿਨ ਭੈਣੀ ਸਾਹਿਬ ਦਰਵਾਜਾ ਵੇਖਣ ਆਇਆ। ਪੁਲੀਸ ਗਾਰਦ ਨੇ ਕਿਹਾ ਕਿ ਇੱਧਰੋਂ ਸਿੰਘ ਚੋਰੀ ਕੱਢਣਗੇ। ਡੀ. ਸੀ. ਨੇ ਨਵਾਂ ਦਰਵਾਜਾ (ਡਿਓੜੀ) ਤਾਂ ਨਾ ਰੋਕੀ ਪਰ ਇਸਦੀ ਚਾਬੀ ਪੁਲੀਸ ਗਾਰਦ ਪਾਸ ਰਹਿਣ ਦਾ ਹੁਕਮ ਦੇ ਗਿਆ।

ਬਾਠਾਂਵਾਲੇ ਦੇ ਭਾਈ ਠਾਕਰ ਸਿੰਘ ਮਿਸਤਰੀ ਦੇ ਉੱਦਮ ਨਾਲ ੨੮ ਸਤੰਬਰ ੧੯੯੫ ਈ. ਨੂੰ ਲੰਗਰ ਦਾ ਆਟਾ ਪੀਹਣ ਲਈ ਖਰਾਸ ਪਿੰਡ ਦੀ ਸਾਂਝੀ ਜਗ੍ਹਾ ਵਿੱਚ ਲੱਗ ਗਿਆ। ਘਮੰਡੇ ਲੰਬੜਦਾਰ ਤੋਂ ਬਿਨਾਂ ਬਾਕੀ ਪਿੰਡ ਵਾਲਿਆਂ ਨੇ ਲੰਗਰ ਦਾ ਕੰਮ ਸਮਝ ਕੇ ਪੁਆ ਦਿੱਤਾ। ਘਮੰਡੇ ਨੇ ਜ਼ਿਲ੍ਹੇ ਵਿੱਚ ਅਰਜ਼ੀ ਪਾਈ। ਕਈ ਦਿਨ ਪੇਸ਼ੀਆਂ ਪੈਂਦੀਆਂ ਰਹੀਆਂ ਅਖੀਰ ਅਰਜ਼ੀ ਖਾਰਜ ਹੋਈ। ਇਸ ਤੋਂ ਬਾਅਦ ਉਹਨੇ ਰਾਮਸਰ ਵਾਲੀ ਖੂਹੀ ਲਾਉਣ ਬਾਰੇ ਵੀ ਅਰਜ਼ੀ ਪਾਈ ਸੀ। ਜਿਸ ਕਾਰਨ ੧੯੯੬ ਈ. ਵਿੱਚ ਇੱਕ ਵੇਰ ਫਿਰ ਡਿਪਟੀ ਕਮਿਸ਼ਨਰ, ਡੇਰੇ ਵਿੱਚ ਆਇਆ। ਨਵੇਂ ਤਬੇਲੇ ਵਿੱਚ ਬੈਠਾ। ਗੁਰੂ ਹਰੀ ਸਿੰਘ ਜੀ ਨੂੰ ਕਹਿਣ ਲੱਗਾ ਕਿ ਅਰਜ਼ੀ ਦੇ ਦਿਉ ਭੂਮੀ ਲਈ, ਸਰਕਾਰ ਨਵੀਆਂ ਬਾਰਾਂ ਆਬਾਦ ਕਰ ਰਹੀ ਹੈ ਪੱਛਮੀ ਪੰਜਾਬ ਵਿੱਚ। ਡੇਰੇ ਵਾਸਤੇ ਮੁਰੱਬੇ ਲੈ ਲਵੋ। ਗੁਰੂ ਹਰੀ ਸਿੰਘ ਜੀ ਨੇ ਕਿਹਾ ਕਿ ਇਹ ਮੁਰੱਬੇ ਤਾਂ ਸਾਡੇ ਦੇਸ਼ ਦੇ ਹੀ ਹਨ। ਅਸੀਂ ਤੁਹਾਥੋਂ ਕਿਉਂ ਲਈਏ।[67]

## ਅੰਮ੍ਰਿਤਸਰ ਗੁਰਦਾਸਪੁਰ ਪਰਚਾਰ ਦੌਰਾ - ੧੯੯੬ ਈ.-

ਦੀਵਾਲੀ ਸਮੇਂ ਇੱਕ ਮਹੀਨੇ ਦੀ ਛੁੱਟੀ ਮਿਲੀ। ਜਦੋਂ ਮੁਠੱਡੇ ਪੁੱਜੇ ਤਾਂ ਔੜ ਬਹੁਤ ਸੀ। ਗੁਰੂ ਜੀ ਦੀ ਵਿਦਾਇਗੀ ਸਮੇਂ ਮੀਂਹ ਸ਼ੁਰੂ ਹੋ ਗਿਆ। ਕਿਸਾਨ ਖੁਸ਼ ਹੋ ਗਏ। ਅੰਮ੍ਰਿਤਸਰ ਵਿੱਚ ਪੰਜ ਵੱਖ ਵੱਖ ਥਾਵਾਂ ਤੇ ਲੰਗਰ ਹੋਏ। ਇੱਥੋਂ ਚੁਗਾਵੇਂ ਆ ਗਏ। ਡੇਰਾ

ਬਾਬਾ ਨਾਨਕ ਵੀ ਗਏ। ਗੁਰਧਾਮਾਂ ਦੀ ਯਾਤਰਾ ਕੀਤੀ। ਭੇਟਾ ਚੜ੍ਹਾਈ। ਘੁਮਾਣਾਂ ਵਿੱਚੋਂ ਹੁੰਦੇ ਹੋਏ ਗਿੱਲ ਜ਼ਿਲ੍ਹਾ ਸਿਆਲਕੋਟ ਵਿਖੇ ਬਾਬਾ ਜਮੀਅਤ ਸਿੰਘ ਜੀ ਨੂੰ ਦਰਸ਼ਨ ਦੇ ਕੇ ਮੁੜ ਆਏ। ਇਸ ਦੌਰੇ ਵਿੱਚ ਲਾਲ ਸਿਘ ਭੂਰੇ ਗਿੱਲੀਆ ਵੀ ਸ਼ਾਮਲ ਹੋਇਆ। ਇਹ ਬਾਅਦ ਵਿੱਚ ਪ੍ਰਸਿੱਧ ਕੀਰਤਨੀਆਂ ਹੋਇਆ ਹੈ।[68]

## ਜ਼ੋਰਦਾਰ ਨਿਮਾਣੀ - ੧੯੬੭ ਈ.-

੧੯੬੭ ਈ. ਦੀ ਨਿਮਾਣੀ ਤੇ ਪੰਜ ਸੌ ਪਾਠਾਂ ਦੇ ਭੋਗ ਪਾਉਣੇ ਸਨ। ਇਹ ਭੋਗ ਇੱਕੋ ਦਿਨ ਪਾਉਣ ਦੀ ਬਜਾਏ ਕਈ ਦਿਨ ਪੈਂਦੇ ਰਹੇ। ਸੰਗਤ ਦੀਆਂ ਪੰਗਤਾਂ ਨਵੇਂ ਤਬੇਲੇ ਵਿੱਚ ਲੱਗੀਆਂ। ਦਰਵਾਜੇ ਅੱਗੇ ਵੀ ਸਿੰਘ ਈ ਸਿੰਘ ਦਿਸਣ। ਜਾਣਕਾਰ ਕਹਿੰਦੇ ਸਨ ਜਦੋਂ ਦੇ ਸਤਿਗੁਰੂ ਜੀ ਗਏ ਹਨ ਅੱਜ ਇਤਨੀ ਸੰਗਤ ਦੇ ਸ੍ਰੀ ਭੈਣੀ ਸਾਹਿਬ ਦਰਸ਼ਨ ਹੋਏ ਹਨ, ੨੫-੨੬ ਸਾਲਾਂ ਬਾਅਦ। ਇਸ ਮੇਲੇ ਤੇ ਸਾਰਿਆਂ ਦੇਸ਼ਾਂ, ਇਲਾਕਿਆਂ ਦੇ ਕੂਕੇ ਆਏ ਸਨ।

"ਸਿੰਘਾਂ ਗੁਰੂ ਹਰੀ ਸਿੰਘ ਮਹਾਰਾਜ ਜੀ ਕੋ ਅਰਜ਼ ਕੀਤੀ ਕਿ ਅੱਜ ਕੱਲ੍ਹ ਸਤਿਗੁਰੂ ਜੀ ਕਿੱਥੇ ਹਨ? ਬਚਨ ਹੋਇਆ ਕਿ ਪਹਿਲੇ ਰੰਗੂਨ ਰਹੇ, ਫੇਰ ਮਰਗੋਈ ਕੇ ਟਾਪੂ ਮੇਂ ਲੈ ਗਏ। ਪੰਜ ਬਰਸ ਪਾਛੇ ਓਥੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਅਲੋਪ ਹੋਇ ਗਏ। ਏਨਾਂ ਫਰੰਗੀਆਂ ਨੂੰ ਭੀ ਕੋਈ ਖ਼ਬਰ ਨਹੀਂ ਕਿ ਕਿਧਰ ਗਏ ਹੈਂ। ਹੋਰ ਕਈ ਤਰ੍ਹਾਂ ਕੇ ਬਚਨ ਕੀਤੇ। ਜੇੜ੍ਹੇ ਪੁਰਾਣੇ ਸਿੰਘ ਕਦੇ ਨਹੀਂ ਸੇ ਆਏ, ਉਹ ਭੀ ਉਸ ਦਿਨ ਆਏ।"[69]

ਜਦੋਂ ਭੋਗ ਤੋਂ ਬਾਅਦ ਵੀ ਸੰਤ ਖਾਲਸਾ ਦਲ ਭੈਣੀ ਸਾਹਿਬ ਵਿੱਚੋਂ ਤੁਰਨ ਦਾ ਨਾਂ ਨਾ ਲਵੇ ਤਾਂ ਤਸੀਲਦਾਰ, ਥਾਣੇਦਾਰ ਨੇ ਗੁਰੂ ਹਰੀ ਸਿੰਘ ਨੂੰ ਇਸ ਪ੍ਰਥਾਇ ਬੇਨਤੀ ਕੀਤੀ। ਗੁਰੂ ਜੀ ਨੇ ਦੋ ਤਿੰਨ ਫੇਰੇ ਸੰਗਤ ਵਿੱਚ ਦਰਸ਼ਨ ਦੇ ਕੇ ਕਿਹਾ- ਖਾਲਸਾ ਜੀ ਤੁਰ ਜਾਉ। ਹਾਕਮ ਘਬਰਾਏ ਹੋਏ ਹਨ। ਫਿਰ ਦਰਸ਼ਨ ਦੇਣੇ। ਹੁਣ ਐਸਾ ਹੀ ਵੇਲਾ ਹੈ। ਸੰਗਤ ਗੁਰੂ ਜੀ ਨੂੰ ਮੱਥਾ ਟੇਕ ਟੇਕ ਕੇ ਚੱਲ ਪਈ। ਸ਼ਾਮ ਤੱਕ ਮਸਾਂ ਡੇਰਾ ਮੇਲੇ ਦੀ ਸੰਗਤ ਤੋਂ ਖਾਲੀ ਹੋਇਆ। ਗੁਰੂ ਹਰੀ ਸਿੰਘ ਜੀ ਦੇ ਦਰਸ਼ਨਾਂ ਨਾਲ ਸਰਬ ਸੰਗਤ ਨਿਹਾਲ ਹੋ ਕੇ ਮੁੜੀ। ਸੁੱਕੇ ਦਿਲ ਹਰੇ ਹੋਏ। ਸਭ ਦੇ ਸੰਸੇ ਨਵਿਰਤ ਹੋਏ। ਸਭ ਨੂੰ ਸਿੱਖੀ-ਸਿਦਕ, ਨਾਮ-ਦਾਨ ਦੇ ਖੁੱਲ੍ਹੇ ਗੱਫੇ ਮਿਲੇ। ਨਿਮਾਣੀ ਤੋਂ ਅਗਲੇ ਦਿਨ ਮਾਲਵੇ ਦੀ ਕੁਝ ਸੰਗਤ ਆਈ ਸੀ ਇਸ ਦਿਨ ਵੀ ਪੰਦਰਾਂ ਪਾਠਾਂ ਦੇ ਭੋਗ ਪਾਏ। ਦੂਰੋਂ ਦੂਰੋਂ ਸਿੰਘ ਭੈਣੀ ਸਾਹਿਬ ਆ ਕੇ ਸਧਾਰਨ ਤੇ ਅਖੰਡ ਪਾਠਾਂ ਦੇ ਭੋਗ, ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿੱਤ ਪੁਆਉਣ ਆਉਂਦੇ।

ਗੁਰੂ ਹਰੀ ਸਿੰਘ ਜੀ ਦੇ ਸਮੇਂ ਪਹਿਲਾਂ ਲੰਗਰ ਵਿੱਚ ਸ਼ੱਕਰ ਘਿਉ ਵਰਤਦਾ ਰਿਹਾ। ਫਿਰ ਰੋਜ਼ਾਨਾ ਕੜਾਹ ਪਰਸ਼ਾਦ ਬਣਦਾ। ਜੇ ਕੋਈ ਅੱਗੇ ਪਿੱਛੇ ਆਵੇ ਖੰਡ ਘਿਉ ਛਕਦਾ। ਇਸ ਲੰਗਰ ਦੀ ਮਹਿਮਾ ਦੇਸਾਂ ਦੇਸਾਂਤਰਾਂ ਵਿੱਚ ਫੈਲ ਗਈ। ਛੇ ਪਹਿਰ ਲੰਗਰ ਦਾ ਬੂਹਾ ਖੁੱਲ੍ਹਾ ਰਹਿੰਦਾ ਹੈ, ਦੋ ਪਹਿਰ ਰਾਤ ਦੇ ਛੱਡ ਕੇ। ਪਰਸ਼ਾਦਾ ਆਏ ਨੂੰ ਉਦੋਂ ਵੀ

ਮਿਲਦਾ ਹੈ। ਇੱਕ ਵੇਰ ਗੁਰੂ ਹਰੀ ਸਿੰਘ ਜੀ ਦੇ ਸਮੇਂ ਗੁਰੂ ਕੇ ਉਗਰਾਹੀਏ ਸਿੰਘ ਗੱਡਿਆਂ ਵਾਲੇ ਕੁਵੇਲੇ ਆਏ। ਉਹ ਰਾਤ ਉਸੇ ਤਰ੍ਹਾਂ ਭੁੱਖੇ ਹੀ ਬਿਰਾਜ ਗਏ। ਸਵੇਰੇ ਗੁਰੂ ਹਰੀ ਸਿੰਘ ਜੀ ਨੇ ਪੁੱਛਿਆ ਤਾਂ ਉਹਨਾਂ ਕਿਹਾ ਕਿ ਅਸੀਂ ਸਮਝਿਆ ਹੁਣ ਤਾਂ ਲਾਂਗਰੀ ਸਿੰਘ ਵੀ ਖੁੱਲ੍ਹੇ ਹੋ ਗਏ ਹੋਣਗੇ। ਗੁਰੂ ਜੀ ਨੇ ਕਿਹਾ, "ਮੈਂ ਤੇ ਰਾਤ ਭਜਨ ਕਰਦਾ ਹੁੰਦਾ ਹਾਂ ਸੋਧੀ ਹੀ ਹੁੰਦਾ ਹਾਂ। ਤੁਸੀਂ ਮੇਰੇ ਪਾਸ ਆਉਂਦੇ ਮੈਂ ਤੁਹਾਨੂੰ ਪਰਸ਼ਾਦੇ ਛਕਾਉਂਦਾ। ਫਿਰ ਇਸ ਤਰ੍ਹਾਂ ਭੁੱਖੇ ਨਹੀਂ ਸੌਣਾ, ਆਪਣੇ ਘਰ ਆ ਕੇ ਵੀ।"

ਖਰਾਸ ਦਾ ਮੁਕੱਦਮਾ ਡੇਰੇ ਦੇ ਹੱਕ ਵਿੱਚ ਹੋ ਗਿਆ। ਘੁਮੰਡੇ ਦੇ ਖਿਲਾਫ ਸੱਤ ਸੌ ਰੁਪੈ ਦੇ ਹਰਜਾਨੇ ਦੀ ਡਿਗਰੀ ਹੋ ਗਈ। ਉਸ ਗੁਰੂ ਹਰੀ ਸਿੰਘ ਜੀ ਦੇ ਚਰਨ ਫੜ ਲਏ, ਗੁਰੂ ਜੀ ਨੇ ਬਖਸ਼ ਦਿੱਤਾ। ਸੰਤ ੧੯੯੬ ਈ. ਵਿੱਚ ਸ਼ੇਖੂਪੁਰਾ (ਬੇਦਾਦ) ਦੇ ਮੂਲਾ ਸਿੰਘ ਦੀ ਭੈਣ ਦਾ ਅਨੰਦ ਕਾਰਜ ਕਰਨ, ਗੁਰੂ ਜੀ ਪੰਦਰਾਂ ਦਿਨ ਦੀ ਛੁੱਟੀ ਤੇ ਗੁਜਰਾਂਵਾਲਾ ਜ਼ਿਲ੍ਹਾ ਵਿੱਚ ਗਏ। ਉੱਥੇ ਸਾਰੇ ਪੱਛਮੀ ਪੰਜਾਬ ਦੇ ਕੂਕੇ ਜੁੜੇ ਸਨ। ਚਾਰ ਦਿਨ ਉੱਥੇ ਰਹੇ। ਦੋ ਦਿਨ ਲਾਹੌਰ, ਇੱਕ ਦਿਨ ਅੰਮ੍ਰਿਤਸਰ, ਇੱਕ ਦਿਨ ਜਲੰਧਰ ਸ਼ਹਿਰ ਵਿੱਚ ਦਰਸ਼ਨ ਦਿੱਤੇ। ਫਿਰ ਪਿੰਡਾਂ ਵਿੱਚੋਂ ਹੁੰਦੇ ਭੈਣੀ ਸਾਹਿਬ ਆ ਗਏ।

ਭਾਈ ਸੰਤੋਖ ਸਿੰਘ ਦੀ ਛਪਰੀ ਨੂੰ ਅੱਗ ਲੱਗ ਗਈ ੧੯੯੭ ਈ. ਵਿੱਚ। ਉਸੇ ਵਿੱਚ ਭਾਈ ਸੰਤੋਖ ਸਿੰਘ ਦੇ ਗਰੰਥ ਸਤਿਗੁਰੂ ਬਿਲਾਸ ਦਾ ਖਰੜਾ ਸੀ। ਸੰਤੋਖ ਸਿੰਘ ਬਹੁਤ ਪਰੇਸ਼ਾਨ ਹੋਏ ਕਿ ਵਰ੍ਹਿਆਂ ਦੀ ਮਿਹਨਤ ਤੇ ਪਾਣੀ ਫਿਰ ਗਿਆ। ਸੰਤੋਖ ਸਿੰਘ ਦੀ ਹੈਰਾਨੀ ਦੀ ਹੱਦ ਨਾ ਰਹੀ ਜਦੋਂ ਗਰੰਥ ਦਾ ਹਾਸ਼ੀਆ ਜਲ ਗਿਆ ਸੀ ਪਰ ਅੱਖਰ ਇੱਕ ਵੀ ਨਾ ਸੜਿਆ। "ਸੰਤੋਖ ਸਿੰਘ ਨੇ ਗ੍ਰੰਥ ਗੁਰੂ ਜੀ ਕੇ ਸਾਮਣੇ ਜਾਇ ਧਰਿਆ। ਗੁਰੂ ਜੀ ਬਚਨ ਕੀਤਾ- ਭਾਈ ਇਹ ਸਤਿਗੁਰਾਂ ਦੇ ਬਚਨ ਹੈਨ, ਜੇਹੜੇ ਅਗਨੀ ਮੇਂ ਬਚ ਰਹੇ ਹੈਂ।"

**ਬਾਬਾ ਜਮੀਅਤ ਸਿੰਘ ਦਾ ਭੋਗ ਮੇਲਾ - ਗਿੱਲ ਵਿਖੇ-**

ਸਤਿਗੁਰੂ ਰਾਮ ਸਿੰਘ ਜੀ ਦੇ ਸੈਨਿਕ ਜੀਵਨ ਦੇ ਸਾਥੀ, ਗੁਰੂ ਬਾਲਕ ਸਿੰਘ ਪਾਸੋਂ ਨਾਮ ਦੀ ਦਾਤ ਲੈਣ ਵਾਲੇ, ਗੁਰੂ-ਭਾਈ, ਸੂਬੇ ਅਤੇ ਪ੍ਰੀਤਵਾਨ ਸਿੱਖ, ਬਾਬਾ ਜਮੀਅਤ ਸਿੰਘ ਗਿੱਲ ਚਲਾਣਾ ਕਰ ਗਏ ਸਨ। ਉਹਨਾਂ ਨਮਿਤ ਭੋਗ ਮੇਲਾ ੧੯੫੪ ਬਿ. ਭਾਦਰੋਂ ਦੀ ਪੁੰਨਿਆਂ ਦਾ ਮਿਥਿਆ ਗਿਆ, ਮੁਤਾਬਿਕ ੧੧ ਸਤੰਬਰ ੧੯੯੭ ਈ. ਨੂੰ। ਗੁਰੂ ਹਰੀ ਸਿੰਘ ਜੀ ਨੂੰ ਇਸ ਮੇਲੇ ਲਈ ਦੋ ਮਹੀਨੇ ਦੀ ਛੁੱਟੀ ਮਿਲੀ। ਇਸ ਛੁੱਟੀ ਦੀਆਂ ਸ਼ਰਤਾਂ ਇਹ ਹੁੰਦੀਆਂ ਸਨ ਕਿ ਗੁਰੂ ਜੀ ਦਾ ਜਿਸ ਜ਼ਿਲ੍ਹੇ ਵਿੱਚ ਜਾਣਾ ਹੁੰਦਾ ਸੀ ਉਥੋਂ ਦਾ ਹਰ ਦਿਨ ਦਾ ਪ੍ਰੋਗਰਾਮ ਉੱਥੋਂ ਦੇ ਸਿੱਖਾਂ ਨਾਲ ਮਿਲ ਕੇ ਤਹਿ ਕਰ ਲਿਆ ਜਾਂਦਾ ਸੀ। ਇੱਕ ਥਾਣੇਦਾਰ ਹਮੇਸ਼ਾ ਗੁਰੂ ਹਰੀ ਸਿੰਘ ਜੀ ਦੇ ਦੌਰੇ ਨਾਲ ਹਾਜ਼ਰ ਰਹਿੰਦਾ ਸੀ, ਇਹ ਵੇਖਣ ਲਈ ਕਿ ਉਹ ਮਿਥੇ ਪ੍ਰੋਗਰਾਮ ਮੁਤਾਬਿਕ ਹੀ ਚੱਲ ਰਹੇ ਹਨ। ਜੇ ਕਿਤੇ ਅਦਲਾ ਬਦਲੀ ਹੁੰਦੀ ਸੀ ਪ੍ਰੋਗਰਾਮ ਵਿੱਚ ਤਾਂ ਗੁਰੂ ਜੀ ਨੂੰ, ਦੌਰਾ ਰੱਦ ਕਰਕੇ, ਤੁਰੰਤ ਭੈਣੀ ਸਾਹਿਬ ਵਾਪਿਸ ਭੇਜ ਦਿੰਦੇ ਸਨ। ਗੁਰੂ ਹਰੀ ਸਿੰਘ ਜੀ ਨੇ ਰਾਗੀਆਂ ਢਾਡੀਆਂ

ਦੀਆਂ ਨੌਂ ਜੋੜੀਆਂ, ਬੀਬੀ ਨੰਦਾਂ, ਸਾਹਿਬਜ਼ਾਦਾ ਪਰਤਾਪ ਸਿੰਘ ਸਮੇਤ ਮੇਲੇ ਤੇ ਦਰਸ਼ਨ ਦਿੱਤੇ। ਦੜਪ ਦੀ ਬੇਅੰਤ ਸੰਗਤ ਆਈ। ਡੇਢ ਪਹਿਰ ਤੱਕ ਮਸਾਂ ਸੰਗਤ ਆਪਦੇ ਚਰਨ ਪਰਸ ਸੱਕੀ। ਮੰਗਲ ਸਿੰਘ ਖੱਤਰੀ ਸਿੰਘ ਨੂੰ ਬਾਬੇ ਜਮੀਅਤ ਸਿੰਘ ਦੇ ਅਸਥਾਨ ਤੇ ਮਹੰਤ ਥਾਪਿਆ।[70]

### ਦੀਵਾਲੀ ਅੰਮ੍ਰਿਤਸਰ - ੧੮੯੭ ਈ.-

ਗਿੱਲਾਂ ਤੋਂ ਚੱਲ ਕੇ ਗੁਰੂ ਜੀ ਸੰਗਤ ਨੂੰ ਨਿਹਾਲ ਕਰਦੇ ਹੋਏ, ਸਤਿਗੁਰੂ ਰਾਮ ਸਿੰਘ ਜੀ ਦੇ ਪਾਏ ਪੂਰਨਿਆਂ ਤੇ ਚੱਲਣ ਦਾ ਉਪਦੇਸ਼ ਦਿੰਦੇ ਹੋਏ, ਕੱਕੇ ਕੇ, ਮਲੇਕੇ, ਕਿਲਾ ਸੂਬਾ ਸਿੰਘ, ਗੁਰੂ ਚੱਕ, ਸਖਾਣੇ, ਜਿਊਣ ਭਿੰਡਰ, ਸ਼ੇਰ ਕੋਟ, ਦਾਤੇਵਾਲ, ਹੱਲੇਵਾਲ, ਬਾਠਾਂਵਾਲਾ, ਚਕਰਾਲੀ, ਲੱਧੜ, ਮਢਿਆਲੀ, ਬੜੀ ਛੋਟੀ ਤਰਾਂਡੀ, ਕਾਲਾ ਖਤਾਈ ਹੁੰਦੇ ਹੋਏ, ਮਾਝੇ ਵਿੱਚ ਪਰਵੇਸ਼ ਕਰਕੇ, ਕੱਕੜ ਪੁੱਜ ਗਏ। ਲੋਪੋਕੇ, ਚੇਲੇਕੇ, ਮੁਹਾਵੇ, ਨਾਰਲੀ, ਉੱਬੋਕੇ ਪਿੰਡਾਂ ਵਿੱਚ ਦੌਰਾ ਗਿਆ। ਮੁਹਾਵੇ ਵਿੱਚ ਬਾਬਾ ਕੇਸਰ ਸਿੰਘ ਜੀ ਮਸਤਾਨੀ ਬਿਰਤੀ ਵਿੱਚ ਸਨ। ਰਾਏ ਕੇ ਬੁਰਜ ਤੋਂ ਵਰਿਆਂਹਾਂ ਵਿੱਚ ਆ ਕੇ ਛੇ ਜੋੜਿਆਂ ਦੇ ਅਨੰਦ ਕਾਰਜ ਕੀਤੇ। ਵਰਿਆਂਹ ਤੋਂ ਸੰਘੇ, ਤਰਨਤਾਰਨ ਤੋਂ ਇੱਬਣ ਹੁੰਦੇ ਹੋਏ ਦੀਵਾਲੀ ਤੇ ਅੰਮ੍ਰਿਤਸਰ ਪੁੱਜੇ। ਦੀਵਾਲੀ ੨੫ ਅਕਤੂਬਰ ੧੮੯੭ ਈ. ਨੂੰ ਸੀ। ਅੰਮ੍ਰਿਤਸਰੋਂ ਸਕਤੂ ਨੰਗਲ, ਭੰਗਵਾਂ ਹੁੰਦੇ ਹੋਏ ਖਤਰਾਵਾਂ ਵਿੱਚ ਦਰਸ਼ਨ ਦਿੱਤੇ। ਭੰਗਵਾਂ ਵਿੱਚ ਚੋਰਾਂ ਨੇ ਇੱਕ ਘੋੜੀ ਦੌਰੇ ਵਿੱਚੋਂ ਖੋਹਲ ਲਈ ਰਾਤ ਨੂੰ। ਭਗਵਾਨ ਸਿੰਘ ਅੜਬੰਗੀ ਵੀ ਨਾਲ ਹੀ ਸੀ ਦੌਰੇ ਦੇ। ਉਹਨਾਂ ਨੇ ਚੋਰ ਨੂੰ ਥੋਹੜਾ ਜਿਹਾ ਆਪਣਾ ਸਰੂਪ ਵਿਖਾਇਆ ਤਾਂ ਉਹ ਘੋੜੀ ਵਾਪਸ ਮੋੜ ਕੇ, ਗੁਰੂ ਹਰੀ ਸਿੰਘ ਜੀ ਦੇ ਚਰਨਾਂ ਤੇ ਢਹਿ ਪਿਆ।

ਇਸੇ ਦੌਰੇ ਸਮੇਂ ੧੦ ਅੱਸੂ ੧੯੫੪ ਬਿ. ਮੁਤਾਬਿਕ ੧੮੯੭ ਈ. ਨੂੰ ਸੋਮਵਾਰ ਪਹਿਰ ਰਾਤ ਰਹਿੰਦੀ ਮਾਤਾ ਜੀਵਨ ਕੌਰ ਜੀ ਦੇ ਗ੍ਰਹਿ ਵਿਖੇ ਤੀਜੇ ਸਾਹਿਬਜ਼ਾਦੇ ਗੁਰਦਿਆਲ ਸਿੰਘ ਜੀ ਦਾ ਜਨਮ ਹੋਇਆ। ਚੁਗਾਵੇਂ ਗੁਰੂ ਹਰੀ ਸਿੰਘ ਜੀ ਨੂੰ ਸਰੀਰਕ ਦਿੱਕਤ ਆਈ। ਸਵੇਰ ਦੇ ਇਸ਼ਨਾਨ ਬਾਅਦ ਠੀਕ ਹੋ ਗਏ। ਦੋ ਮਹੀਨੇ ਪੂਰੇ ਹੋ ਚੱਲੇ ਸਨ। ਅੰਮ੍ਰਿਤਸਰ ਤੋਂ ਵਾਪਸ ਡੇਰੇ ਆ ਗਏ। ਬਾਲ ਗੁਰਦਿਆਲ ਸਿੰਘ ਜੀ ਦਾ ਗੁਰੂ ਚਰਨਾਂ ਤੇ ਸੀਸ ਨਿਵਾਇਆ। ਇਸੇ ਸਮੇਂ ਹਜਰੋਂ ਦੇ ਮਹੰਤ ਕਾਹਨ ਸਿੰਘ ਜੀ ਜੋ ਗੁਰੂ ਬਾਲਕ ਸਿੰਘ ਜੀ ਦੇ ਭਾਈ ਮੰਨਾ ਸਿੰਘ ਦੇ ਪੁੱਤਰ ਸਨ, ਭੈਣੀ ਸਾਹਿਬ ਆਏ। ਗੁਰੂ ਹਰੀ ਸਿੰਘ ਨੂੰ ਸੀਸ ਨਿਵਾਇਆ। ਗੁਰੂ ਜੀ ਨੇ ਵੀ ਆਦਰ ਮਾਣ ਦੇ ਕੇ ਡੇਰੇ ਵਿੱਚ ਰੱਖਿਆ ਅਤੇ ਮਾਇਆ ਭੇਟ ਕਰਕੇ, ਵਿਦਾਅ ਕੀਤਾ।[71]

### ਰਾਮ ਸਰ ਦੀ ਕਾਰ ਸੇਵਾ - ੧੮੯੮ ਈ.-

ਬਿ. ੧੯੫੪ ਦੇ ਫੱਗਣ ਮਹੀਨੇ (ਮੁਤਾ. ੧੮੯੮ ਈ.) ਰਾਮ ਸਰ ਦੀ ਕਾਰ ਸੇਵਾ ਦਾ ਗੁਰੂ ਜੀ ਨੇ ਹੁਕਮ ਕੀਤਾ। ਪਹਿਲਾ ਟੋਕਰਾ ਆਪ ਜੀ ਨੇ ਭਰਿਆ ਅਤੇ ਚੁੱਕ ਕੇ

ਦੂਰ ਸੁੱਟਿਆ। ਸੰਗਤ ਵੀ ਉੱਥੇ ਸੁੱਟਣ ਲੱਗੀ। ਮਾਈ ਜਿਉਣ ਕੌਰ, ਫਤੇਹ ਕੌਰ, ਸਾਹਿਬਜ਼ਾਦੇ ਵੱਡੇ ਦੋਵੇਂ ਅਤੇ ਬੀਬੀ ਨੰਦਾਂ ਦੀਆਂ ਨੂੰਹਾਂ ਸਮੇਤ, ਸਾਰਾ ਗੁਰੂ ਪਰਿਵਾਰ ਵੀ ਸੰਗਤ ਨਾਲ, ਕਾਰ ਸੇਵਾ ਵਿੱਚ ਸ਼ਾਮਲ ਹੋਇਆ। ਇੱਕ ਟੋਕਰਾ ਜ਼ਿਆਦਾ ਭਰਿਆ ਗਿਆ, ਕਿਸੇ ਤੋਂ ਚੁੱਕਿਆ ਨਾ ਗਿਆ। ਗੁਰੂ ਜੀ ਦੇ ਕਹਿਣ ਤੇ ਦੋ ਸਿੰਘਾਂ ਨੇ ਆਪ ਨੂੰ ਚੁਕਾਇਆ। ਆਪ ਨੇ ਬੰਨੇ ਉੱਤੇ ਜਾ ਸੁੱਟਿਆ। ਇੱਥੋਂ ਆਪ ਦੀ ੯੦ਵੇਂ ਵਰ੍ਹੇ ਵਿੱਚ ਵੀ ਸਰੀਰਕ ਸਮਰੱਥਾ ਦਾ ਗਿਆਨ ਹੁੰਦਾ ਹੈ। ਸੰਗਤ ਕਾਰ ਕੱਢਦੀ, ਸਤਿਗੁਰੂ ਜੀ ਕੁਰਸੀ ਤੇ ਬੈਠੇ ਨਿਹਾਰਦੇ। ਸਤਿਗੁਰੂ ਜੀ ਫਲਾਹੀ ਦੇ ਰੁੱਖ ਹੇਠਾਂ ਬੈਠਦੇ। ਇੱਥੋਂ ਪੁਟਾਈ ਸਮੇਂ ਇੱਕ ਤਿਕੋਨਾ ਹਵਨ ਕੁੰਡ ਅਤੇ ਥਿੰਦੇ ਕੋਲੇ ਨਿਕਲੇ ਸਨ, ਜਿੱਥੋਂ ਇਸ ਧਾਰਨਾ ਨੂੰ ਵੀ ਬਲ ਮਿਲਿਆ ਕਿ ਸ੍ਰੀ ਭੈਣੀ ਸਾਹਿਬ ਪੁਰਾਤਨ ਸਮੇਂ ਵਿੱਚ, ਵੈਦਿਕ ਰਿਸ਼ੀਆਂ ਦਾ ਤਪ ਅਸਥਾਨ ਸੀ।

ਇਸੇ ਸਾਲ ਰਾਮ ਸਰ ਬਾਗ ਵਾਲੇ ਖੇਤ ਲਈ ਖਾਲ ਬੰਨ੍ਹਿਆ ਗਿਆ ਨਵੇਂ ਲੱਗੇ ਖੂਹ ਦਾ ਪਾਣੀ ਲਾਉਣ ਲਈ। ਨਗਾਹੀਆ ਜੱਟ ਸੀ, ਜਿਸ ਦੀ ਪੈਲੀ ਵਿੱਚੋਂ ਖਾਲ ਕੱਢਣਾ ਸੀ। ਗੁਰੂ ਹਰੀ ਸਿੰਘ ਜੀ ਉਸਨੂੰ ਉਤਨੀ ਜ਼ਮੀਨ ਦਾ ਹੱਕ ਅਦਾ ਕਰਨ ਦਾ ਬਚਨ ਕੀਤਾ, ਨਾ ਮੰਨਿਆ। ਉਸ ਦੀ ਵੱਟ ਦੇ ਨਾਲ ਖਾਲ ਪਾ ਲਿਆ ਗਿਆ। ਇਹਨਾਂ ਦਿਨਾਂ ਵਿੱਚ ਹੀ ਰਾਮ ਸਰ ਸੂਰਤ ਸਿੰਘ ਦੇ ਡੇਰੇ ਅੱਗੇ, ਰਾਮਦਾਸੀਏ ਸੰਗਤ ਸਿੰਘ ਵਾਲੀ ਖੂਹੀ ਕੋਲ, ਪ੍ਰੇਮ ਸਿੰਘ ਸੁਖਈ ਨੇ ਸਰਕੜੇ ਦਾ ਛੱਪਰ ਬੰਨ੍ਹ ਕੇ ਸ਼ਹੀਦੀ ਬੁੰਗਾ ਬਣਾਇਆ ਸੀ ਉੱਥੇ ਤਿੰਨ ਖੂਹੀਆਂ ਲੱਗ ਗਈਆਂ। ਚੌਥਾ ਖੂਹ ਬਾਗ ਵਾਲਾ ਅਤੇ ਪੰਜਵਾਂ ਰਾਮ ਸਰ ਸਰੋਵਰ ਹੈ। ਇਸ ਤਰ੍ਹਾਂ ਡੇਰੇ ਦੀ ਨਵੀਂ ਅਬਾਦੀ ਹੋਣ ਦਾ ਮੁੱਢ ਬੱਝ ਗਿਆ।[72] ਰਾਮ ਸਰ ਬਾਰੇ ਗੁਰੂ ਹਰੀ ਸਿੰਘ ਜੀ ਕਿਹਾ ਕਰਦੇ ਸਨ ਕਿ ਇਹ ਸਤਿਜੁਗ ਦੇ ਵੇਲੇ ਦਾ ਤੀਰਥ ਹੈ। ਆਪ ਨੇ ਰਾਮ ਸਰ ਦੀ ਪਵਿੱਤਰਤਾ ਮਰਿਆਦਾ ਬਹਾਲ ਕਰਨ ਲਈ ਇਸ ਪ੍ਰਥਾਇ ਸਿੰਘਾਂ ਨੂੰ ਕਈ ਹਦਾਇਤਾਂ ਦਿੱਤੀਆਂ। ਗੁਰੂ ਘਰ ਪ੍ਰਤੀ ਆਪ ਦਾ ਫੁਰਮਾਨ ਸੀ ਕਿ ਜੋ ਇੱਥੋਂ ਸੂਈ ਚੁਰਾਏਗਾ ਉਹ ਅਹਿਰਨ ਦੇ ਕੇ ਛੁੱਟੇਗਾ। ਇਸੇ ਸਾਲ ਸਾਉਣ ਦੇ ਮਹੀਨੇ ਇੱਕ ਅੜਬ ਹੌਲਦਾਰ ਚੌਕੀ ਵਿੱਚ ਆਇਆ। ਉਸਨੇ ਸੂਚੀ ਤੋਂ ਵੱਧ ਸਾਰੇ ਸਿੰਘ, ਡੇਰੇ ਵਿੱਚੋਂ ਕੱਢ ਦਿੱਤੇ। ਗੁਰੂ ਹਰੀ ਸਿੰਘ ਜੀ ਨੇ ਉਹਨਾਂ ਨੂੰ ਰਾਮ ਸਰ ਵਿਖੇ ਟਿਕਾ ਦਿੱਤਾ ਅਤੇ ਉੱਥੇ ਹੀ ਉਹਨਾਂ ਦਾ ਪਰਸ਼ਾਦਾ ਪੁਚਾ ਦੇਣਾ।

੧੯੧੮ ਵਿੱਚ ਹੀ ਸ੍ਰ. ਗੁਰਬਖਸ਼ ਸਿੰਘ ਅਤੇ ਸ੍ਰ. ਸੁੰਦਰ ਸਿੰਘ ਮਜੀਠੀਆ, ਗੁਰੂ ਹਰੀ ਸਿੰਘ ਪਾਸ ਭੈਣੀ ਸਾਹਿਬ ਆ ਕੇ ਕਹਿਣ ਲੱਗੇ ਕਿ ਤੁਸੀਂ ਸਰਬੱਤ ਖਾਲਸਾ ਆਪਣੀ ਹਜ਼ੂਰੀ ਵਿੱਚ ਬੁਲਾਉ। ਸ੍ਰ. ਸੁੰਦਰ ਸਿੰਘ ਅੰਗਰੇਜ਼ ਸਰਕਾਰ-ਪ੍ਰਸਤ ਸਿੱਖ ਆਗੂ ਸਨ। ਇਸ ਲਈ ਗੁਰੂ ਹਰੀ ਸਿੰਘ ਜੀ ਨੇ ਉਹਨਾਂ ਦੀ ਇਸ ਤਜ਼ਵੀਜ਼ ਪ੍ਰਤੀ ਜ਼ਿਆਦਾ ਦਿਲਚਸਪੀ ਨਾ ਵਿਖਾਈ। ਗੁਰੂ ਹਰੀ ਸਿੰਘ ਜੀ ਸੰਗਤ ਨੂੰ ਇਹ ਵੀ ਕਹਿੰਦੇ ਕਿ ਮਾਲਕ ਤਾਂ ਸਤਿਗੁਰੂ ਰਾਮ ਸਿੰਘ ਜੀ ਹਨ। ਮੈਂ ਤਾਂ ਰਾਖੇ ਦੀ ਨਿਆਈ ਹਾਂ।[73]

ਅੰਮ੍ਰਿਤਸਰ, ਲਾਹੌਰ, ਗੁਜਰਾਂਵਾਲਾ, ਸਿਆਲਕੋਟ ਦਾ ਦੌਰਾ - ੧੯੧੮ ਈ.-

ਪਹਿਲਾਂ ਤਾਂ ਲੁਧਿਆਣੇ ਦਾ ਡਿਪਟੀ ਕਮਿਸ਼ਨਰ, ਇਸ ਬਿਨਾ ਤੇ ਛੁੱਟੀ ਨਾ ਦੇਵੇ ਕਿ ਤੁਸਾਂ ਮੇਰੇ ਛੁੱਟੀ ਤੇ ਗਿਆਂ ਬਾਦ, ਭੈਣੀ ਸਾਹਿਬ ਨਿਮਾਣੀ ਦਾ ਮੇਲਾ ਕਿਉਂ ਕੀਤਾ ਹੈ। ਗੁਰੂ ਜੀ ਨੇ ਖਟੜੇ (ਲੁਧਿਆਣਾ) ਜਾਣ ਲਈ, ਦਸ ਦਿਨ ਦੀ ਛੁੱਟੀ ਮੰਗੀ ਉਹ ਵੀ ਨਾ ਦਿੱਤੀ। ਫਿਰ ਇਸ ਲਈ ਬਾਬਾ ਦਰਬਾਰਾ ਸਿੰਘ ਰਾਇਪੁਰੀਆ ਜਾਂਦਾ ਰਿਹਾ। ਅੰਮ੍ਰਿਤਸਰ, ਲਾਹੌਰ, ਗੁਜਰਾਂਵਾਲਾ, ਸਿਆਲਕੋਟ ਅਤੇ ਝੰਗ, ਪੰਜਾਂ ਜ਼ਿਲ੍ਹਿਆਂ ਦਾ ਨਾਮ ਬਾਬੇ ਹੋਰਾਂ ਲਿਖਾਇਆ ਸੀ। ਜਦੋਂ ਇਹਨਾਂ ਪੰਜਾਂ ਜ਼ਿਲ੍ਹਿਆਂ ਦੇ ਜ਼ਿੰਮੇਵਾਰ ਕੂਕਿਆਂ ਨਾਲ ਉੱਥੋਂ ਦੇ ਡਿਪਟੀ ਕਮਿਸ਼ਨਰਾਂ ਦੀ ਲਿਖਾ ਪੜ੍ਹੀ ਹੋ ਗਈ ਤਾਂ ਤਿੰਨ ਮਹੀਨਿਆਂ ਦੀ ਛੁੱਟੀ ਮਨਜ਼ੂਰ ਹੋਈ।

ਭੈਣੀ ਸਾਹਿਬ ਤੋਂ ਚੱਲ ਕੇ ਲੁਧਿਆਣੇ ਆਏ ਤਾਂ ਇੱਥੇ ਮੌਕੇ ਤੇ ਤਾਇਨਾਤ ਪੁਲੀਸ ਵਾਲਿਆਂ ਨਾਲ. ਕੂਕੇ ਸਿੰਘਾਂ ਦੀ ਝੜਪ ਹੋ ਗਈ। ਗੱਲ ਗੁਰੂ ਜੀ ਨੇ ਰਫਾ ਦਫਾ ਕੀਤੀ। ਲਾਹੌਰ ਅਨਾਰਕਲੀ ਬਾਬਾ ਦੇਵਾ ਸਿੰਘ ਪੁੱਤਰ ਸੋਭਾ ਸਿੰਘ ਤਰਖਾਣ, ਮੁਖੀ ਨਾਮਧਾਰੀ ਸੰਗਤ ਲਾਹੌਰ, ਦੇ ਰੂੰ ਵੇਲਣ ਦੇ ਕਾਰਖਾਨੇ ਵਿੱਚ ਉਤਾਰਾ ਹੋਇਆ। ਸ਼ਹਿਰ ਅਤੇ ਆਸ ਪਾਸ ਪਿੰਡਾਂ ਦੀ ਬਹੁਤ ਸੰਗਤ ਆਈ, ਬਾਰਾਂ ਲੰਗਰ ਹੋਏ। ਸਿੰਘ ਸਭਾ ਲਹਿਰ ਦੇ ਬਾਨੀਆਂ ਵਿੱਚੋਂ ਇਕ ਗਿਆਨੀ ਦਿੱਤ ਸਿੰਘ ਵੀ ਕੂਕਿਆਂ ਦੀ ਸੰਗਤ ਵਿੱਚ ਲਾਹੌਰ ਆਏ। ਗਰੰਥ ਲੇਖਕ ਭਾਈ ਸੰਤੋਖ ਸਿੰਘ ਨਾਲ ਕੁਝ ਬਚਨ ਬਿਲਾਸ ਕਰਕੇ ਮੁੜ ਗਏ। ਕੰਗਣਪੁਰ (ਲਾਹੌਰ) ਦੇ ਵਸਾਖਾ ਸਿੰਘ ਨੇ ਕਾਰਜ ਫਤੇਹ ਹੋਣ ਤੇ ਅਖੰਡ ਪਾਠ ਆ ਕਰਵਾਇਆ। ਲਾਹੌਰ ਤੋਂ ਸ਼ੇਖੂਪੁਰੇ ਸ਼ਹਿਰ ਗਏ। ਇੱਥੇ ਸਖਾਨਿਆਂ ਦਾ ਹੁਕਮ ਸਿੰਘ ਸ਼ਾਹ ਦਰਸ਼ਨਾਂ ਨੂੰ ਆਇਆ। ਫਿਰ ਸੇਖਵਾਂ ਵਿੱਚ ਆ ਕੇ ਵੀ ਉਸ ਗੁਰੂ ਜੀ ਪ੍ਰਥਾਇ ਆਖੇ ਕੁਝ ਕਰੜੇ ਬਚਨਾਂ ਲਈ ਬਖਸ਼ਿਸ਼ ਮੰਗੀ। ਸੇਖਵਾਂ ਵਿੱਚ ਚਾਰ ਲੰਗਰ ਹੋਏ।

**ਕੂਕਾ ਚਲਣ-**

ਪਿੰਡੀ ਦਾਸ, ਬੌਰਿਆਂ ਤੋਂ ਹੋ ਕੇ, ਸੰਗਤ ਤਾਂ ਵਰਨਾਂ ਨੂੰ ਚਲੀ ਗਈ। ਗੁਰੂ ਜੀ ਕੁੱਲੀ ਘੋੜੀ ਤੇ ਅਸਵਾਰ ਹੋ ਕੇ, ਆਪਣੇ ਦੌਰੇ ਦੀ ਰੀਪੋਰਟ ਦੇਣ ਗੁਜ਼ਰਾਂਵਾਲੇ ਸ਼ਹਿਰ ਪੁੱਜੇ। ਜ਼ਿਲ੍ਹੇ ਦੇ ਹਾਕਮ ਨੇ ਅਗਲੇ ਦਿਨ ਦੋ ਵਜੇ ਬੁਲਾਏ। ਅਗਲੇ ਦਿਨ ਡਿਪਟੀ ਸੁਪਰਡੈਂਟ ਅਤੇ ਪੁਲੀਸ ਕਪਤਾਨ ਗੁਰੂ ਜੀ ਨੂੰ ਲੈ ਕੇ ਡੀ. ਸੀ. ਦੇ ਦਫਤਰ ਗਏ। ਰਸਤੇ ਵਿੱਚ ਐਸ. ਪੀ. ਦੇ ਪੁੱਛਣ ਤੇ ਗੁਰੂ ਜੀ ਨੇ ਉਸਨੂੰ ਦੱਸਿਆ ਕਿ ਉਹ ਅੱਠੀ ਪਹਿਰੀਂ ਪਰਸ਼ਾਦਾ ਛਕਦੇ ਹਨ, ਇਕ ਵੇਰ ਤੜਕੇ ਦੋ ਵਜੇ, ਫਿਰ ਦਿਨੇ ਅਤੇ ਤੀਸਰਾ ਇਸ਼ਨਾਮ ਸ਼ਾਮ ਨੂੰ, ਕੁੱਲ ਤਿੰਨ ਇਸ਼ਨਾਨ ਕਰਦੇ ਹਨ। ਅਸਵਾਰੀ ਘੋੜੀ ਦੀ ਕਰਦੇ ਹਨ ਅਤੇ ਉਸਦੇ ਪੁੱਛਣ ਤੇ ਕਿ ਰੋਜ਼ਾਨਾ ਪੰਦਰਾਂ ਕੁ ਮੀਲ ਅਸਵਾਰੀ ਕਰ ਲੈਂਦੇ ਹੋ ਕਿਹਾ ਕਿ ਕਦੇ ਕਦੇ ਸੌ ਮੀਲ ਵੀ ਚਲੇ ਜਾਂਦੇ ਹਾਂ, ਇੱਕ ਦਿਨ ਵਿੱਚ। ਦੂਜੇ ਸਿੱਖਾਂ ਦਾ ਅਤੇ ਉਹਨਾਂ ਦਾ ਅੰਤਰ ਇਹ ਹੈ ਕਿ ਉਹਨਾਂ ਵਿੱਚੋਂ ਜ਼ਿਆਦਾਤਰ ਮਾਸ ਸ਼ਰਾਬ ਵਰਤਦੇ ਹਨ, ਉਹ ਨਹੀਂ ਵਰਤਦੇ ਅਤੇ ਗੁਰੂ ਜੀ ਦੀ ਸਾਰੀ ਮਰਿਆਦਾ ਦਾ ਪਾਲਣ ਕਰਦੇ ਹਨ। ਜੇ.

ਆਰ. ਡਰੂਮੈਂਡਾ ਡੀ. ਸੀ. ਗੁਜਰਾਂਵਾਲੇ ਨੇ ਗੁਰੂ ਜੀ ਨੂੰ ਉਹਨਾਂ ਦਾ ਦੈਨਿਕ ਕਾਰਜ ਕਰਮ ਪੁੱਛਿਆ। ਗੁਰੂ ਜੀ ਨੇ ਦੱਸਿਆ ਕਿ ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਆਸਾ ਦੀ ਵਾਰ ਵਿੱਚ ਬੈਠਦੇ ਹਾਂ। ਰਾਗੀ ਸਿੰਘ ਕੀਰਤਨ ਕਰਦੇ ਹਨ। ਸਾਰੀ ਸੰਗਤ ਸੁਣਦੀ ਹੈ। ਫਿਰ ਸ਼ਾਮ ਦਾ ਦੀਵਾਨ ਹੁੰਦਾ ਹੈ। ਰਾਤ ਨੂੰ ਢੋਲਕੀ ਨਾਲ ਸ਼ਬਦ ਪੜ੍ਹਦੇ ਹਨ। ਕੀਰਤਨ ਸੋਹਿਲਾ ਪੜ੍ਹਕੇ ਬਿਰਾਜ ਜਾਈਦਾ ਹੈ। ਕਿਸੇ ਜੀਅ ਨੂੰ ਦੁਖ ਨਹੀਂ ਦੇਣਾ, ਸਗੋਂ ਗਰੀਬ ਦੀ ਰਾਖੀ ਕਰਨੀ। ਗਊ ਗਰੀਬ ਤੇ ਤਰਸ ਖਾਣਾ। ਲੋਕਾਂ ਨੂੰ ਮਾੜੇ ਕੰਮਾਂ ਤੋਂ ਛੁਡਾ ਕੇ ਨਾਮ ਬਾਣੀ ਨਾਲ ਜੋੜਦੇ ਹਾਂ। ਬਾਣੀ ਗੁਰੂ ਗਰੰਥ ਸਾਹਿਬ ਦੀ ਪੜ੍ਹਨ ਲਈ ਅਤੇ ਆਪੋ ਵਿੱਚ ਮਿਲ ਜੁਲ ਕੇ ਰਹਿਣ ਲਈ ਆਖਦੇ ਹਾਂ। ਬਿਗਾਨੇ ਹੱਕ ਤੋਂ ਸੁਚੇਤ ਕਰਦੇ ਹਾਂ। ਦਸਾਂ ਨਹੁੰਆਂ ਦੀ ਕਿਰਤ ਕਮਾਈ ਕਰਕੇ ਆਪ ਛਕਣ ਤੇ ਲੋੜਵੰਦ ਨੂੰ ਛਕਾਉਣ ਲਈ ਕਹਿੰਦੇ ਹਾਂ। ਡੀ. ਸੀ. ਦੇ ਕਹਿਣ ਤੇ ਕਿ ਮੇਰੇ ਜ਼ਿਲ੍ਹੇ ਵਿੱਚ ਦੰਗਾ ਨਾ ਕਰਿਉ- ਗੁਰੂ ਜੀ ਨੇ ਕਿਹਾ ਕਿ ਉਹ ਤਾਂ ਦੰਗਾ ਹਟਾਉਣ ਵਾਲੇ ਹਨ। 74 ਬੱਘੀ ਤੇ ਸੁਆਰ ਹੋ ਕੇ ਗੁਰੂ ਜੀ ਡੇਰੇ ਆਏ। ਸ਼ਹਿਰ ਦੇ ਸਿੰਘਾਂ ਦੇ ਘਰਾਂ ਵਿੱਚ ਦਰਸ਼ਨ ਦੇਣ ਗਏ।

ਇੱਥੋਂ ਗੁਰੂ ਜੀ ਦੁੱਲੇ ਦੀ ਬਾਰ ਵਿੱਚ, ਕੂਕਿਆਂ ਦੇ ਮਸ਼ਹੂਰ ਪਿੰਡ ਵਰਨ ਵਿੱਚ, ਲੱਗੇ ਹੋਏ ਦੀਵਾਨ ਵਿੱਚ ਆ ਗਏ। ਇੱਥੋਂ ਚੂਹੜਕਾਣਾ ਆਏ। ਦੋ ਅਨੰਦ ਕਾਰਜ ਕੀਤੇ। ਮਾਨਾਂਵਾਲੇ ਦੇ ਚਾਰ ਸਰਦਾਰ ਦਰਸ਼ਨ ਕਰਨ ਆਏ, ਗੁਰੂ ਜੀ ਦਾ ਆਉਣਾ ਸੁਣਕੇ। ਇੱਥੋਂ ਖਾਨਗਾਹ ਡੋਗਰਾਂ ਦੇ ਸੁਨਿਆਰੇ ਸਿੱਖ, ਸ਼ੰਕਰ ਸਿੰਘ ਦੀ ਬਖਸ਼ਬੰਦੀ ਕੀਤੀ। ਗਦਾਂ ਵਾਲੇ ਆ ਕੇ ਗੁਰੂ ਹਰੀ ਸਿੰਘ ਜੀ ਨੇ ਸਿੰਘਾਂ ਨੂੰ ਕਿਹਾ ਕਿ ਭੈਣੀ ਸਾਹਿਬ ਨੂੰ 'ਰਾਮਦਾਸ ਪੁਰਾ ਸਾਹਿਬ' ਸੱਦਿਆ ਕਰੋ। ਬਾਰ ਦੇ ਇਸ ਇਲਾਕੇ ਵਿੱਚ, ਗੁਰੂ ਹਰੀ ਸਿੰਘ ਜੀ ਦੀ ਹਜ਼ੂਰੀ ਵਿੱਚ, ਸ਼ਬਦ ਕੀਰਤਨ ਅਤੇ ਕੂਕਿਆਂ ਦਾ ਮੁੜ ਵੱਡੀ ਗਿਣਤੀ ਵਿੱਚ ਜੁੜਨਾ, ਅੰਗਰੇਜ਼ ਸਰਕਾਰ ਤੋਂ ਸਹਾਰਿਆ ਨਾ ਗਿਆ। ਲੁਧਿਆਣੇ ਤੋਂ ਪਰਵਾਨਾ ਆਇਆ ਕਿ ਦੇਖਦੇ ਹੀ ਵਾਪਸ ਤੁਰ ਪਵੋ। ਗੁਰੂ ਜੀ ਨੇ ਕਿਹਾ ਕਿ ਕੱਲ੍ਹ ਫਿੱਲੌਕੇ ਤੇ ਪਰਸੋਂ ਗੁਜਰਾਂਵਾਲੇ ਆ ਜਾਵਾਂਗੇ। ਤੀਜੇ ਦਿਨ ਗੁਜਰਾਂਵਾਲੇ ਆ ਗਏ। ਇੱਥੇ ਫਿਰ ਪੁਲੀਸ ਕਪਤਾਨ ਦਾ ਮੁਲਾਜ਼ਮ ਆਪ ਨੂੰ ਜਲਦੀ ਮੁੜਨ ਲਈ ਕਹਿਣ ਆਇਆ। ਇੱਥੋਂ ਗੁਰੂ ਜੀ ਗਿਆਰਾਂ ਵਜੇ ਚੱਲ ਕੇ ਚਾਰ ਵਜੇ ਤੜਕੇ ਅੰਮ੍ਰਿਤਸਰ ਆ ਇਸ਼ਨਾਨ ਕੀਤਾ। ਇੱਥੋਂ ਲੰਗਰ ਪਾਣੀ ਛਕਕੇ ਦਸ ਵਜੇ ਚੱਲ ਕੇ ਲੁਧਿਆਣੇ ਪੁੱਜ ਗਏ। ਦਰਬਾਰਾ ਸਿੰਘ, ਦਾਨ ਸਿੰਘ, ਨਰਾਇਣ ਸਿੰਘ ਤਿੰਨਾਂ ਕੂਕਾ ਆਗੂਆਂ ਨੂੰ ਡੀ. ਸੀ. ਲੁਧਿਆਣੇ ਨੇ ਕਿਹਾ ਕਿ ਗੁਜਰਾਂਵਾਲੇ ਬਾਅਦ ਵਿੱਚ ਜਾਣਾ ਸੀ। ਸਿੰਘਾਂ ਨੇ ਕਿਹਾ ਅਫਸਰਾਂ ਦੇ ਸੱਦੇ ਤੇ ਗਏ ਸਾਂ। ਪਰਵਾਨਾ ਵਿਖਾਇਆ ਤਾਂ ਸ਼ਰਮਿੰਦਾ ਹੋਇਆ। ਗੁਰੂ ਜੀ ਦੀ ਵੀਹ ਦਿਨ ਦੀ ਦੌਰੇ ਦੀ ਛੁੱਟੀ ਬਕਾਇਆ ਸੀ ਜਦੋਂ ਵਾਪਸ ਬੁਲਾ ਭੇਜੇ। ਅਖੀਰ ਉਸ ਤੋੜਾ ਨਿਮਾਣੀ ਤੇ ਝਾੜਿਆ ਕਿ ਜੇ ਐਤਕੀ ਪੰਜ ਬੰਦੇ ਵੀ ਨਿਮਾਣੀ ਤੇ ਆਏ ਸੁਣੇ, ਤਾਂ ਫਿਰ ਕਦੇ ਛੁੱਟੀ ਨਹੀਂ ਦੇਵਾਂਗਾ।[75]

## ਜੋਤ ਕਾ ਜਾਮਾ - ਗੁਰੂ ਜੀ ਦੀ ਨਿਮਰਤਾ-

ਇੱਕ ਮਸਤਾਨਾ ਸਿੰਘ ਗੁਰੂ ਜੀ ਨੂੰ ਕਹਿੰਦਾ ਕਿ ਤੁਹਾਡੇ ਵਿੱਚ ਕਲਾ ਧਾਰ ਕੇ, ਧਰਮ ਦੀ ਕਾਰ ਤੋਰੀ ਹੈ। "ਸੋ ਤੁਸੀਂ ਜੋਤ ਕਾ ਜਾਮਾ ਹੋ। ਗੁਰੂ ਜੀ ਬਚਨ ਕੀਤਾ ਜੋਤ ਕਾ ਜਾਮਾ ਤਾਂ ਨਹੀਂ ਹਾਂ ਫਾਲੇ ਡੰਗਣ ਵਾਲਾ ਲੁਹਾਰ ਹਾਂ। ਮਸਤਾਨੇ ਨੇ ਕਿਹਾ, ਆਪ ਨੇ ਚੰਗਾ ਬਚਨ ਕੀਤਾ ਹੈ। ਸਾਡੇ ਮਨ ਜੋ ਫਾਲੇ ਕੀ ਤਰਾਂ ਵਿੰਗੇ ਹੋਏ ਹੈਂ, ਤਿਨਾਂ ਕੋ ਚੰਡ ਕੇ ਸਿੱਧੇ ਕਰਦੇ ਹੋ। ਬਚਨ ਹੋਇਆ ਕੁਝ ਤਾਂ ਡੰਗੇ ਹੈਂ, ਹੌਲੀ ਹੌਲੀ ਸਭ ਡੰਗੇ ਜਾਣਗੇ। ਤੂੰ ਤਾਂ ਆਖਦਾ ਹੈਂ ਇਕੋ ਸੱਟ ਨਾਲ ਸਿੱਧੇ ਹੋਇ ਜਾਣ।"[76]

"ਏਕ ਦਿਨ ਗੁਰੂ ਜੀ ਬਚਨ ਕੀਤਾ ਧੰਨ ਸਤਿਗੁਰੂ ਰਾਮ ਸਿੰਘ ਜੀ ਹੈਂ। ਓਨਾ ਕੇ ਪਰਤਾਪ ਨਾਲ ਹੱਥੀਂ ਛਾਵਾਂ ਕਰਦੇ ਹੈਂ ਸਿੰਘ। ਸਤਿਗੁਰਾਂ ਦਾ ਛੱਟਾ ਦਿਤਾ ਹੋਇਆ ਲਿਆਇਕੇ ਛਕਦੇ ਛਕਾਉਂਦੇ ਹਾਂ।"[77]

ਗੁਰੂ ਹਰੀ ਸਿੰਘ ਜੀ ਨੇ ਰਾਮ ਸਰ ਸਰੋਵਰ ਦੀ ਇੱਕ ਵਿੱਗ ਡਿਗਣ ਬਾਰੇ ਸਿੰਘਾਂ ਨੂੰ ਸੁਚੇਤ ਕੀਤਾ ਕਿ ਇਧਰ ਨਹੀਂ ਜਾਣਾ। ਬੂਟਾ ਸਿੰਘ ਸਲੇਮਪੁਰਾ (ਅੰਬਾਲਾ) ਕਾਰ ਕੱਢਣ ਗਿਆ ਹੇਠਾਂ ਆ ਗਿਆ। ਖੱਬੀ ਲੱਤ ਪੱਟ ਕੋਲੋਂ ਟੁੱਟ ਗਈ। ਛੇਤੀ ਹੀ ਜੁੜ ਗਈ ਫਿਰ ਲੰਗਰ ਵਿੱਚ ਦਾਲਾ ਬਣਾਉਂਦਾ ਰਿਹਾ। ਇੱਕ ਸਿੰਘ ਨੇ ਗੁਰੂ ਜੀ ਵਲੋਂ ਕੂਕਿਆਂ ਦੇ ਘਰ ਕੀਤਾ ਪੁੱਤਰੀ ਦਾ ਰਿਸ਼ਤਾ ਛੱਡ ਕੇ, ਪਤਿਤ ਨਾਲ ਲੜਕੀ ਵਿਆਹ ਦਿੱਤੀ। ਫਿਰ ਸਿੰਘਣੀ ਨੂੰ ਭੈਣੀ ਸਾਹਿਬ ਬਖਸ਼ਾਉਣ ਲਈ ਭੇਜਿਆ। ਗੁਰੂ ਜੀ ਨੇ ਫੁਰਮਾਇਆ– "ਜੋ ਨਾਈ ਕਰ ਔਂਦਾ ਹੈ ਉਹ ਨਹੀਂ ਮੁੜਦਾ ਸਾਡਾ ਕੀਤਾ ਹੋਇਆ ਮੋੜ ਦਿਤਾ ਹੈ।"[78]

## ਮੈਣ ਦੁਆਬ ਦਾ ਪਰਚਾਰ ਦੌਰਾ - ਜੂਨ ੧੯੯੯ ਈ.-

ਇਸ ਦੌਰੇ ਲਈ ਇਕ ਮਹੀਨੇ ਦੀ ਛੁੱਟੀ ਮਿਲੀ। ਪਹਿਲੀ ਹਾੜ੍ਹ ੧੯੫੬ ਬਿ. ਮੁਤਾਬਿਕ ਜੂਨ ੧੯੯੯ ਨੂੰ ਦੌਰਾ ਸ਼ੁਰੂ ਹੋਇਆ ਜ਼ਿਲ੍ਹਾ ਲੁਧਿਆਣਾ ਅਤੇ ਅੰਬਾਲਾ ਦੇ ਮੈਣ ਦੁਆਬ ਇਲਾਕੇ ਦਾ। ਉਟਾਲਾਂ ਤੋਂ ਹੁੰਦੇ ਹੋਏ ਦਿਆਲਪੁਰੇ ਗਏ। ਦਿਆਲਪੁਰੇ ਦੇ ਸਿੰਘਾਂ ਨੇ ਕੁਝ ਘੁਮੰਡ ਵਿੱਚ ਹੋ ਕੇ ਕਿਹਾ ਕਿ ਅਸਾਂ ਤਾਂ ਦੌਰੇ ਦੀ ਸੇਵਾ ਦਾ ਕੰਮ ਸਾਰ ਦਿੱਤਾ ਹੈ ਅਗਲੇ ਪੜਾਅ ਤੇ ਸਿੰਘ ਗਰੀਬ ਹੈ। ਗਰੀਬ ਨਿਵਾਜ਼ ਗੁਰੂ ਹਰੀ ਸਿੰਘ ਜੀ ਨੇ ਬਚਨ ਕੀਤਾ– ਉੱਥੇ ਇੱਥੋਂ ਨਾਲੋਂ ਵੀ ਵਧੀਆ ਸਰੇਗਾ। ਇਹ ਪੜਾਅ ਘੁੰਗਰਾਲੀ ਸੀ। ਬੜੀ ਸੇਵਾ ਹੋਈ। ਢਾਈ ਮਣ ਪੱਕੀ ਖੰਡ ਲੱਗੀ। ਗੁਰੂ ਜੀ ਨੇ ਦਿਆਲਪੁਰੀਏ ਨੂੰ ਚੇਤੇ ਕਰਕੇ, ਸੰਗਤ ਨੂੰ ਕਿਹਾ ਕਿ ਗੁਰੂ ਜੀ ਸਭ ਦੇ ਪੜਦੇ ਕੱਜਦੇ ਹਨ। ਕਕਰਾਲੇ ਹੋ ਕੇ ਸੰਧਵਾਂ ਗਏ। ਇੱਥੋਂ ਮਾਈ ਠਾਕਰੀ ਚਮਕੌਰ ਸਾਹਿਬ ਆਪਣੇ ਪਿੰਡ ਲੈ ਗਈ। ਗੁਰੂ ਜੀ ਨੇ ਗੁਰਧਾਮਾਂ ਵਿੱਚ ਸੀਸ ਨਿਵਾਇਆ। ਭੇਟਾ ਚੜ੍ਹਾਈ। ਅਨੋਖ ਸਿੰਘ ਨਿਹੰਗ ਪੁਜਾਰੀ ਸੀ, ਉਸ ਭੇਟਾ ਪਰਵਾਨ ਕੀਤੀ। ਦੂਜੇ ਗੁਰਦੁਆਰੇ ਵੀ ਭੇਟਾ ਧਰੀ। ਉਹਨਾਂ ਗੁਰੂ ਜੀ ਨੂੰ ਦਸਤਾਰ ਦਿੱਤੀ। ਇੱਥੋਂ ਲਖਨਪੁਰ ਮੇਹਰ ਸਿੰਘ ਨਾਮਧਾਰੀ ਪਾਸ ਪੜਾਅ ਕੀਤਾ। ਫਿਰ

ਖਮਾਣੋਂ ਸਤਿਗੁਰੂ ਰਾਮ ਸਿੰਘ ਜੀ ਦੇ ਸਿੱਖ, ਸ੍ਰ. ਪਰਤਾਪ ਸਿੰਘ ਦੇ ਪੋਤਰੇ ਨੇ ਲੰਗਰ ਕੀਤਾ। ਉਸ ਨਾਲ ਹੋਰ ਸਿੰਘ ਵੀ ਸਨ।

ਡੂਮਛੇੜੀ, ਲੂਲੋਂ ਹੁੰਦੇ ਹੋਏ ਰੁਪਾਲ ਹੇੜੀ, ਸੰਤ ਰੰਗੀ ਰਾਮ ਦੀ ਲੰਗਰ ਦੀ ਅਰਜ਼ ਪ੍ਰਵਾਨ ਕੀਤੀ। ਇਸ ਤੋਂ ਪਹਿਲਾਂ ਖਮਾਣੋਂ ਤੋਂ ਹਰਗਨੀ ਆ ਕੇ ਤਿੰਨ ਜੋੜਿਆਂ ਦੇ ਅਨੰਦ ਕਾਰਜ ਕੀਤੇ। ਰੰਗੀ ਰਾਮ ਪਾਸੋਂ ਚੁੰਨ੍ਹੀ ਨੂੰ ਤੁਰੇ। ਵੱਡੀ ਚੁੰਨ੍ਹੀ ਦੀ ਸੰਗਤ ਸੁਆਗਤ ਲਈ ਨਦੀ ਵਿੱਚ ਆ ਕੇ ਮਿਲੀ। ਇੱਥੇ ਮਹੰਤ ਗੰਗਾ ਸਿੰਘ, ਅਤਰ ਸਿੰਘ, ਹੀਰਾ ਸਿੰਘ ਆਦਿਕ ਸਿੰਘ ਆਏ। ਸਿੰਘਾਂ ਨੇ ਕਿਹਾ ਜੀ ਪੂਰੇ ਬਾਈ ਸਾਲਾਂ ਬਾਅਦ ਦਰਸ਼ਨ ਦਿੱਤੇ ਹਨ। ਇੱਥੇ ਅਤਰ ਸਿੰਘ ਦੀ ਲੜਕੀ ਦਾ ਅਨੰਦ ਪੜ੍ਹਾਇਆ। ਇੱਥੋਂ ਤੀਜੇ ਦਿਨ ਛੋਟੀ ਚੁੰਨ੍ਹੀ  ਗਏ। ਫਿਰ ਰਾਇਪੁਰ ਵਿਖੇ ਗੁਰੂ ਰਾਮ ਸਿੰਘ ਜੀ ਦੇ ਸਮੇਂ ਦੇ ਲਾਂਗਰੀ ਭਾਈ ਸਰੂਪ ਸਿੰਘ ਹੋਰਾਂ ਲੰਗਰ ਕੀਤਾ। ਫਿਰ ਮਹੰਤ ਕੌਲਾ ਸਿੰਘ, ਜੋ ਗੁਰੂ ਕੇ ਗੱਡਿਆਂ ਦਾ ਮਹੰਤ ਸੀ, ਉਸ ਦੇ ਪਿੰਡ ਮੌਲੀ ਪੁੱਜੇ। ਇੱਥੋਂ ਦੁਰਾਲੀ ਗਏ। ਅਗਲਾ ਪੜਾਅ ਬਨੂੜ ਸੀ। ਉੱਥੋਂ ਦੀ ਪੰਚਾਇਤ ਨੇ ਲੰਗਰ ਦੀ ਅਰਜ਼ ਕੀਤੀ। ਜਿਹਨਾਂ ਨੇ ਭਜਨ ਨਹੀਂ ਸੀ ਲਿਆ ਉਹਨਾਂ ਨੂੰ ਨਾਮ ਦਾਨ ਦੇ ਕੇ, ਫਿਰ ਲੰਗਰ ਕੀਤਾ। ਬਨੂੜ ਤੋਂ ਅੰਬਾਲੇ ਪੁੱਜੇ। ਉੱਥੇ ਆਏ ਮਾਤਾ ਫਤੇਹ ਕੌਰ ਜੀ ਉਰਫ ਮਾਈ ਜੋ ਬੋਲਿਆਂ ਨੇ ਦੱਸਿਆ ਕਿ ਸ੍ਰ. ਭਗਵਾਨ ਸਿੰਘ ਮਾਨਾਂ ਵਾਲੀਆ ਚੜ੍ਹਾਈ ਕਰ ਗਿਆ ਹੈ। ਬਨੂੜ ਦੇ ਵਧਾਵਾ ਸਿੰਘ ਲੰਬੜਦਾਰ ਨੇ ਵੀ ਮੁੜਦਿਆਂ ਲੰਗਰ ਕੀਤਾ। ਸੌਂਢੇ, ਭਾਨਖੇੜੀ, ਮਢੌਰ, ਝਾੜਮੜੀ ਹੁੰਦੇ ਬੂਹੇ ਪਹੁੰਚੇ। ਉਸ ਦਿਨ ਗਰਮੀ ਵੀ ਬਹੁਤ ਸੀ ਤੇ ਉੱਥੋਂ ਦੇ ਗਰੰਥੀ ਸੇਵਾ ਸਿੰਘ ਨੇ ਸਾਢੇ ਅੱਠ ਪਹਿਰਾਂ (ਸਾਢੇ ਪੱਚੀ ਘੰਟੇ) ਵਿੱਚ ਅਖੰਡ ਪਾਠ ਕੀਤਾ। ਬਲਾੜੀ ਜਿਊਣ ਸਿੰਘ ਤੇ ਦੇਵਾ ਸਿੰਘ ਦਾ ਲੰਗਰ ਸੀ। ਮਹਿਮਦਪੁਰ, ਭੈਰਉਂਪੁਰ ਤੋਂ ਚਨਾਰਥਲ ਛੋਟੇ। ਮੰਗਲ ਸਿੰਘ ਲੰਬੜਦਾਰ ਨੇ ਬ੍ਰਾਹਮਣ ਮਾਜਰੇ ਲੰਗਰ ਕੀਤਾ। ਫਿਰ ਸੇਹ ਪਿੰਡ ਵਿੱਚ ਇੱਕ ਅਨੰਦ ਕਾਰਜ ਕੀਤਾ। ਵਾਪਸੀ ਤੇ ਗੁਰੂਸਰ (ਲੱਲਾਂ) ਦੇ ਗੁਰਦੁਆਰੇ ਵਿੱਚ ਲੰਗਰ ਕਰਕੇ, ਡੇਰੇ ਭੈਣੀ ਸਾਹਿਬ ਹਾੜ੍ਹ ਦਾ ਸਾਰਾ ਮਹੀਨਾ ਪੂਰਾ ਕਰਕੇ, ਆ ਦਰਸ਼ਨ ਦਿੱਤੇ। ਉੱਪਰ ਵਰਣਿਤ ਸਾਰੇ ਪਿੰਡਾਂ ਵਿੱਚ ਸਤਿਗੁਰੂ ਰਾਮ ਸਿੰਘ ਜੀ ਸਮੇਂ ਕੂਕਿਆਂ ਦੀ ਚੰਗੀ ਵੱਸੋਂ ਸੀ। ਗੁਰੂ ਹਰੀ ਸਿੰਘ ਜੀ ਦੇ ਦਰਸ਼ਨਾਂ ਨਾਲ ਮੁਰਝਾਈ ਹੋਈ ਸੰਗਤ ਫਿਰ ਸੁਰਜੀਤ ਹੋ ਕੇ ਕੂਕਾ ਕੇਂਦਰ ਸ੍ਰੀ ਭੈਣੀ ਸਾਹਿਬ ਨਾਲ ਜੁੜ ਗਈ।

ਲੱਲਾਂ ਗੁਰਦੁਆਰੇ ਮੇਲੇ ਵਿੱਚ, ਕੂਕਿਆਂ ਦੀ ਵੱਡੀ ਗਿਣਤੀ ਦੇ ਜੁੜਨ ਤੋਂ, ਜ਼ਿਲ੍ਹਾ ਅਧਿਕਾਰੀਆਂ ਨੇ ਗੁਰੂ ਹਰੀ ਸਿੰਘ ਜੀ ਨੂੰ ਫਿਰ ਪਰਵਾਨਾ ਭੇਜ ਕੇ, ਲੁਧਿਆਣੇ ਸੱਦ ਭੇਜਿਆ ਕਿ ਇਤਨੇ ਸਿੰਘ ਨਾਲ ਲੈ ਕੇ ਮੇਲੇ ਵਿੱਚ ਕਿਉਂ ਗਏ? ਲੋਹਗੜ੍ਹ ਪਹਿਲਾਂ ਇਕ ਤਸੀਲਦਾਰ ਮਿਲਿਆ। ਉਸ ਦੱਸਿਆ ਕਿ ਮੁਖਬਰਾਂ ਨੇ ਕਿਹਾ ਸੀ ਕਿ ਲੱਲਾਂ ਵਿੱਚ ਬਹੁਤ ਵੱਡਾ ਇਕੱਠ ਸੀ ਤਾਂ ਤੁਹਾਨੂੰ ਸੱਦਿਆ ਹੈ। ਡੀ. ਸੀ. ਜ਼ਿਲ੍ਹਾ ਨੌਜੁਆਨ ਹੀ ਸੀ। ਉਹ ਗੁਰੂ ਜੀ ਨੂੰ ਪੂਰੇ ਅਦਬ ਸਤਕਾਰ ਨਾਲ ਮਿਲਿਆ। ਜਦੋਂ ਅਗਲੇ ਦੌਰੇ ਦੀ ਛੁੱਟੀ ਬਾਰੇ ਗੱਲ ਕੀਤੀ ਤਾਂ ਕਹਿੰਦਾ ਕਿ ਲੱਲਾਂ ਵਿੱਚ ਸਿੰਘ ਬਹੁਤ

ਜ਼ਿਆਦਾ ਸਨ। ਹੁਣ ਜਦੋਂ ਅੰਬਾਲੇ ਦਾ ਕਮਿਸ਼ਨਰ ਮਨਜ਼ੂਰੀ ਭੇਜੇਗਾ, ਫਿਰ ਆਪ ਨੂੰ ਛੁੱਟੀ ਮਿਲੇਗੀ।[79]

ਸੁੱਧ ਸਿੰਘ ਬਗਲੀ ਨੇ ਗੁਰੂ ਕੇ ਡੇਰੇ ਦੀਆਂ ਕੁੰਜੀਆਂ, ਮਾਤਾ ਜਿਊਣ ਕੌਰ ਜੀ ਨੂੰ ਸਉਂਪੇ ਜਾਣ ਦੀ ਮੰਗ, ਗੁਰੂ ਜੀ ਪਾਸ ਪੁਚਾਈ। ੧ ਅਗਸਤ ੧੮੯੯ ਨੂੰ ਕੁੰਜੀਆਂ ਮਾਤਾ ਜੀ ਨੂੰ ਮਿਲਣ ਤੇ ਸਾਰੀ ਸੰਗਤ ਵਿੱਚ ਖੁਸ਼ੀ ਦੀ ਲਹਿਰ ਫੈਲ ਗਈ। ਕੰਮ ਦੀ ਬਹੁਤਾਤ ਕਾਰਨ ਬਿਸ਼ਨ ਸਿੰਘ ਖਰਾਸੀਆ ਸੇਵਾ ਮੁਕਤ ਹੋਣਾ ਚਾਹੁੰਦਾ ਸੀ ਪਰ ਗੁਰੂ ਜੀ ਦੇ ਸਮਝਾਉਣ ਤੇ ਟਿਕ ਗਿਆ। ਇਕ ਦਿਨ ਭਾਈ ਸੱਦਾ ਸਿੰਘ ਛੂਤੀਏ ਨੇ ਕਿਹਾ ਕਿ ਡੇਰੇ ਵਿੱਚ ਦੈਂਤ ਰਹਿੰਦੇ ਹਨ। "ਗੁਰੂ ਜੀ ਨੇ ਬਚਨ ਕੀਤਾ ਸਾਨੂੰ ਦੈਂਤ ਹੀ ਚੰਗੇ ਹੈਂ ਤੇਰੇ ਜੇਹੇ ਸਾਧ ਨਾਲੋਂ।"[80]

### ਛਿਪੰਜੇ ਦਾ ਕਾਲ ਜਿੱਤਣਾ-

ਕਿਸਾਨ ਵਿਰੋਧੀ ਅੰਗਰੇਜ਼ ਰਾਜ ਦੇ ਨਤੀਜੇ ਵਜੋਂ, ਮਹਾਂ ਮਾਰੀਆਂ ਅਤੇ ਅਕਾਲ ਫੈਲਦੇ ਰਹੇ ਦੇਸ਼ ਵਿੱਚ। ਸੰਬਤ ੧੯੫੬ ਬਿ. ਮੁਤਾਬਿਕ ੧੮੯੯ ਈ. ਦਾ ਕਾਲ ਬਹੁਤ ਭਿਆਨਕ ਸੀ। ਅਕਾਲ ਪੀੜਤ ਬਾਰਾਂ ਹਜ਼ਾਰ ਬਾਗੜੀਆਂ ਨੇ ਸੰਗਰੂਰ ਵਿੱਚ ਦਾਣੇ ਲੁੱਟ ਲਏ ਸਨ। ਇੱਕ ਬਾਣੀਆ ਦੋ ਸੌ ਮਣ ਕਣਕ ਸਾਫ ਕਰਵਾ ਰਿਹਾ ਸੀ। ਹੱਥੋ ਹੱਥ ਲੈ ਗਏ। ਇਸ ਸਮੇਂ ਗੁਰੂ ਹਰੀ ਸਿੰਘ ਜੀ ਨੇ ਇਹਨਾਂ ਕਾਲ ਪੀੜਤਾਂ ਦੀ ਬਾਂਹ ਫੜੀ। ਭੈਣੀ ਸਾਹਿਬ ਆਏ ਹਜ਼ਾਰਾਂ ਕਾਲ ਪੀੜਤਾਂ ਨੂੰ ਪਰਸ਼ਾਦਾ ਅਤੇ ਉਹਨਾਂ ਦੇ ਪਸ਼ੂਆਂ ਨੂੰ ਵੀ ਨੀਰਾ ਪੱਠਾ ਦਿੱਤਾ। ਗੁਰੂ ਜੀ ਨੇ ਲੁਧਿਆਣੇ ਦੇ ਡੀ. ਸੀ. ਨੂੰ ਕਿਹਾ ਕਿ ਅਸੀਂ ਪੰਜਾਬ ਵਿੱਚੋਂ ਉਗਰਾਹੀ ਕਰ ਲਿਆਈਏ ਕਾਲ ਪੀੜਤਾਂ ਲਈ। ਛੁੱਟੀ ਚਾਰ ਮਹੀਨੇ ਦੀ ਮਿਲੇ। ਡੀ. ਸੀ ਨੇ ਛੁੱਟੀ ਤਾਂ ਕੀ ਦੇਣੀ ਸੀ ਸਗੋਂ ਆਖੇ ਕਿ ਇਹ ਭੁੱਖੇ ਲੋਕ, ਤੁਹਾਡਾ ਸਭ ਕੁਝ ਚੱਟਮ ਕਰ ਜਾਣਗੇ। ਸਾਰੀ ਬਾਗੜ ਉਲਟ ਕੇ ਇੱਧਰ ਨੂੰ ਆ ਰਹੀ ਹੈ। ਮੈਨੂੰ ਹਿਸਾਰ ਜ਼ਿਲ੍ਹੇ ਦੇ ਡੀ. ਸੀ. ਨੇ ਲਿਖਿਆ ਹੈ ਕਿ ਤੁਹਾਡੇ ਜ਼ਿਲ੍ਹੇ ਵਿੱਚ, ਕੋਈ ਭੈਣੀ ਸਾਹਿਬ ਹੈ, ਜਿੱਥੋਂ ਕਾਲ ਪੀੜਤਾਂ ਨੂੰ ਹਮੇਸ਼ਾ ਲੰਗਰ ਮਿਲਦਾ ਹੈ। ਉਸ ਨੇ ਲਿਖਿਆ ਹੈ ਕਿ ਸਾਰਾ ਬਾਗੜ ਦੇਸ਼ ਉਲਟ ਕੇ ਇਧਰ ਹੀ ਤੁਰਿਆ ਆ ਰਿਹਾ ਹੈ। ਮੈਂ ਤੁਹਾਨੂੰ ਸੂਚਿਤ ਕਰਾਂ ਕਿ ਹੱਥ ਘੁੱਟ ਕੇ ਵਰਤੋ। "ਬਚਨ ਹੋਇਆ ਸੱਦਣ ਕਿਸੇ ਨੂੰ ਜਾਂਦੇ ਨਹੀਂ, ਆਏ ਨੂੰ ਪ੍ਰਸ਼ਾਦਾ ਦੇਂਦੇ ਹਾਂ। ਭੁੱਖੇ ਨੂੰ ਜਾਣ ਨਹੀਂ ਦੇਂਦੇ। ਜਿਤਨਾ ਚਿਰ ਅੰਦਰ ਦਾਣੇ ਹੈਂ ਉਤਨਾ ਚਿਰ ਲੰਗਰ ਬੰਦ ਨਹੀਂ ਹੁੰਦਾ ਹੈ। ਦੇਈ ਜਾਣਾ ਹੈ। ਸੱਚੇ ਪਾਤਸ਼ਾਹ (ਗੁਰੂ ਰਾਮ ਸਿੰਘ ਜੀ) ਕਾ ਲੰਗਰ ਚਲਾਇਆ ਹੋਇਆ ਹੈ, ਤੋਟ ਨਹੀਂ ਆਉਂਦੀ। ਫਰੰਗੀ ਨੇ ਕਹਾ ਜਬ ਦਾਣੇ ਬੀ ਮੁੱਕ ਗਏ ਫੇਰ ਕਿਆ ਕਰੋਗੇ। ਬਚਨ ਕੀਤਾ ਡੇਰੇ ਕੀਆਂ ਕੜੀਆਂ ਬੇਚਕੇ ਬੀ ਲੰਗਰ ਮੈਂ ਪਾਇ ਦੇਵਾਂਗੇ, ਪਰ ਲੰਗਰ ਬੰਦ ਨਹੀਂ ਹੋਵੇਗਾ। ਫਰੰਗੀ ਬੋਲਿਆ ਯੇਹ ਤੋਂ ਅੱਛੀ ਬਾਤ ਹੈ, ਅਗਰ ਕੋਈ ਐਸੀ ਬਾਤ ਹੋ ਗਈ ਫਿਰ ਕਿਆ ਕਰੋਗੇ। ਬਚਨ ਹੋਇਆ ਅਸੀਂ ਬੀ ਇਹਨਾਂ ਕੇ ਸਾਥ ਹੀ ਤੁਰ ਪਵਾਂਗੇ।"

**ਜਗੀਰ ਠੁਕਰਾਈ-**

ਇਹ ਜਾਣਕੇ ਕਿ ਇਸ ਬਿਪਤ ਕਾਲ ਵਿੱਚ ਐਸਾ ਲੰਗਰ ਸਿਰਫ ਇੱਥੇ ਹੀ ਚੱਲ ਰਿਹਾ ਹੈ, ਉਸਦੇ ਜ਼ਿਲ੍ਹੇ ਵਿੱਚ ਡੀ. ਸੀ. ਨੇ ਖੁਸ਼ ਹੋ ਕੇ, ਗੁਰੂ ਹਰੀ ਸਿੰਘ ਜੀ ਨੂੰ ਕਿਸੇ ਨਹਿਰੀ ਬਾਰ ਵਿੱਚ ੫੨ ਮੁਰੱਬੇ ਜ਼ਮੀਨ ਲੈਣ ਦੀ ਪੇਸ਼ਕਸ਼ ਕੀਤੀ। "ਗੁਰੂ ਹਰੀ ਸਿੰਘ ਜੀ ਬਚਨ ਕੀਤਾ ਇਹ ਜ਼ਮੀਨਾਂ ਤਾਂ ਸਾਡੀਆਂ ਹੀ ਹੈਂ ਅਸਾਂ ਲੈ ਹੀ ਲੈਣੀਆਂ ਹਨ, ਦੇਨਾਂ ਹੈ ਤਾਂ ਬਲੈਤ ਬਿਚੋਂ ਦੇ। ਸੁਣ ਕੇ ਫਰੰਗੀ ਫੇਰ ਨਹੀਂ ਬੋਲਿਆ।"[81]

ਗੁਰੂ ਕਾ ਲੰਗਰ ਅਤੁੱਟ ਵਰਤਿਆ। ਜਦੋਂ ਕੋਈ ਆਵੇ ਉਦੋਂ ਹੀ ਪੰਗਤ ਲੱਗ ਜਾਵੇ। ੪੦੦-੬੦੦ ਦੀ ਹਰ ਪੰਗਤ ਲੱਗਦੀ। ਹਰ ਜਾਤ ਬਰਾਦਰੀ ਨੂੰ ਬਿਨਾਂ ਕਿਸੇ ਵਿਤਕਰੇ ਲੰਗਰ ਵਰਤਿਆ। ਕਣਕ ਦੇ ਪਰਸ਼ਾਦੇ, ਮੱਕੀ ਦਾ ਦਲੀਆ, ਖਿਚੜੀ, ਪਰਸ਼ਾਦ, ਅੰਮ੍ਰਿਤ ਸਮਾਨ ਵਰਤਿਆ। ਅੱਧੀ ਰਾਤ ਆਇਆਂ ਨੂੰ ਵੀ ਤੁਰਤ ਲੰਗਰ। ਛੇ ਕੁ ਮਹੀਨੇ ਬਾਅਦ ਚਾਰ ਚੁਫੇਰੇ ਵਰਖਾ ਹੋਈ। ਆਏ ਹੋਏ ਕਾਲ ਪੀੜਤ ਵਾਪਸ ਮੁੜਨੇ ਸ਼ੁਰੂ ਹੋ ਗਏ। ਛਿਪੰਜੇ ਦਾ ਕਾਲ ਕੂਕਿਆਂ ਨੇ ਗੁਰੂ ਹਰੀ ਸਿੰਘ ਦੀ ਕਿਰਪਾ ਨਾਲ ਜਿੱਤ ਲਿਆ। ਸ੍ਰੀ ਭੈਣੀ ਸਾਹਿਬ ਦੇ ਸਦਾ ਵਰਤ ਦੇ ਇਤਿਹਾਸ ਵਿੱਚ, ਇਹ ਇੱਕ ਯਾਦਗਾਰੀ ਘਟਨਾ ਦਰਜ ਹੋ ਗਈ ਜੋ ਚਿਰ ਕਾਲ ਤਕ ਗੁਰੂ ਜੀ ਦੀ ਸਖਾਵਤ ਦੀ ਇਕ ਠੋਸ ਮਿਸਾਲ ਬਣ ਕੇ ਪੇਸ਼ ਹੁੰਦੀ ਰਹੇਗੀ।

੧੯੯੯ ਵਿੱਚ ਹੀ ਪਿਸ਼ਾਵਰ ਵਾਲੇ ਪਾਸੇ ਲਾਮ ਲੱਗਣ ਦੀ ਅਫਵਾਹ ਸੀ। ਕਈਆਂ ਸਿੰਘਾਂ ਨੇ ਗੁਰੂ ਹਰੀ ਸਿੰਘ ਜੀ ਨੂੰ ਪੁੱਛਿਆ ਕਿ ਜੇ ਭਾਣੇ ਦੇ ਅਸਾਰ ਹਨ ਤਾਂ ਅਸੀਂ ਤੁਰ ਪਈਏ। ਗੁਰੂ ਜੀ ਕਿਹਾ ਅਜੇ ਛੇੜ ਨਹੀਂ ਛਿੜੀ ਜੇ ਪਿਸ਼ਾਵਰ ਤੋਪ ਚੱਲਣ ਲੱਗ ਪਵੇ ਤਾਂ ਫਿਰ ਤੁਰਨਾ ਹੈ। ਇਸ ਸਮੇਂ ਅਫਗਾਨਿਸਤਾਨ ਅਤੇ ਅੰਗਰੇਜ਼ਾਂ ਦੇ ਸੰਬੰਧ ਵਿਗੜੇ ਹੋਏ ਸਨ। ਨਾਮਧਾਰੀ ਸਿੰਘ ਵੀ ਕੌਮਾਂਤਰੀ ਸਥਿਤੀ ਵਿੱਚ ਕਿਸੇ ਪਰਿਵਰਤਨ ਦੀ ਉਡੀਕ ਵਿੱਚ ਸਨ ਤਾਂ ਕਿ ਅੰਗਰੇਜ਼ ਨੂੰ ਕੱਢ ਕੇ ਆਪਣਾ ਰਾਜ ਕਾਇਮ ਕੀਤਾ ਜਾਏ। ਇਸ ਸਮੇਂ ਪ੍ਰਹਿਲਾਦ ਸਰ ਤੋਂ ਮਿਲੀ ਪੋਥੀ ਦੀਆਂ ਬਹੁਤ ਸਾਰੀਆਂ ਭਵਿੱਖਤ ਵਾਕਾਂ ਵਾਲੀਆਂ ਸਾਖੀਆਂ ਵੀ ਚਰਚਾ ਵਿੱਚ ਸਨ। ਗੁਰੂ ਹਰੀ ਸਿੰਘ ਜੀ ਨੂੰ ਵੀ ਪੰਜਾਬ ਵਿੱਚ ਰੂਸੀ ਸੈਨਾ ਆਉਣ ਦੀ ਉਡੀਕ ਰਹਿੰਦੀ ਸੀ ਕਿਉਂਕਿ ਗੁਰੂ ਰਾਮ ਸਿੰਘ ਜੀ ਦਾ ਵੀ ਇਹ ਕਥਨ ਕੂਕੇ ਦੁਹਰਾਇਆ ਕਰਦੇ ਸਨ ਕਿ ਰੂਸਾਂ ਕੇ ਆਇਆਂ ਤੇ ਆਵਾਂਗੇ। ਗੁਰੂ ਹਰੀ ਸਿੰਘ ਜੀ ਸੰਗਤ ਨੂੰ ਹਾਲੇ ਮਾਲਾ ਫੇਰਨ ਅਤੇ ਇਕ ਮਨ ਹੋ ਕੇ ਨਾਮ ਜਪਣ ਦਾ ਉਪਦੇਸ਼ ਦਿੰਦੇ।[82]

ਇਸ ਸਮੇਂ ਲੁਧਿਆਣੇ ਤੋਂ ਸਰਕਾਰੀ ਹੁਕਮ ਆਇਆ ਕਿ ਭੈਣੀ ਸਾਹਿਬ ਡੇਰੇ ਵਿੱਚ ਜੋ ਛਵੀ, ਗੰਡਾਸਾ, ਹਥਿਆਰ ਹੋਵੇ ਜ਼ਿਲ੍ਹੇ ਵਿੱਚ ਭੇਜੋ। "ਸੁਣਕੇ ਗੁਰੂ ਜੀ ਬਚਨ ਕੀਤਾ- ਜਦ ਫਰੰਗੀਆਂ ਕੀ ਮੌਤ ਆਉਣੀ ਹੈ ਤਾਂ ਛਵੀਆਂ ਗੰਡਾਸਿਆਂ ਨਾਲ ਨਹੀਂ ਬੱਢਣੇ। ਕੋਹੜੀ ਕੀ ਭੈ ਕੀਆਂ ਗੱਲਾਂ ਕਰਦੇ ਹੈਂ। ਕਹੋ ਕਿ ਚਰ੍ਹੀ ਕੁਤਰਨ ਨੂੰ ਪਾਂਚ ਗੰਡਾਸੇ ਹੈਂ ਹੋਰ ਨਾ ਕੋਈ ਛਵੀ ਹੈ ਨਾ ਗੰਡਾਸਾ ਹੈ।"[83]

ਇਕ ਸਮੇਂ ਇਕ ਜੰਞ ਆ ਰਹੀ ਸੀ। ਗੁਰੂ ਜੀ ਦੇ ਦਰਸ਼ਨਾਂ ਨੂੰ ਰੁਕੀ। ਗੁਰੂ ਜੀ ਨੇ

ਉਪਦੇਸ਼ ਦਿੱਤਾ ਕਿ ਨਾ ਤਾਂ ਦਾੜ੍ਹੀਆਂ ਉੱਪਰ ਨੂੰ ਚੜ੍ਹਾਕੇ ਬੰਨੋ ਅਤੇ ਨਾ ਹੀ ਹੋਰ ਕਿਸੇ ਤਰ੍ਹਾਂ ਰੋਮਾਂ ਦੀ ਬੇਅਦਬੀ ਕਰੋ। ਜੋ ਸਰੂਪ ਕੁਦਰਤ ਵਲੋਂ ਮਿਲਿਆ ਹੈ ਕਾਇਮ ਰੱਖੋ।

ਇਕ ਦਿਨ ਕੁਝ ਸਿੰਘ ਦਰਸ਼ਨ ਕਰਨ ਆਏ। ਉਹਨਾਂ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਸਰਕਾਰੀ ਨੌਕਰੀ ਤੁਸੀਂ ਕਰਨ ਨਹੀਂ ਦਿੰਦੇ। ਮੀਂਹ ਪੈ ਨਹੀਂ ਰਿਹਾ। ਖਾਵਾਂਗੇ ਕੀ ? ਗੁਰੂ ਜੀ ਨੇ ਫੁਰਮਾਇਆ ਕਿ ਦਸ ਦਿਨ ਇੱਥੇ ਹੀ ਰੁਕੋ। ਉਹ ਜਦੋਂ ਵਾਪਸ ਗਏ ਜਾਂਦਿਆਂ ਨੂੰ ਬੜੀ ਵਰਖਾ ਹੋਈ। ਫਸਲ ਦੇ ਢੇਰ ਲੱਗ ਗਏ।

**ਗੁਰਮੁਖੀ ਲਿੱਪੀ ਨੂੰ ਪਹਿਲ-**

ਸਿੰਘਾਂ ਤੋਂ ਗੁਰਮੁਖੀ ਵਿੱਚ ਲਿਖਾ ਕੇ ਗੁਰੂ ਹਰੀ ਸਿੰਘ ਜੀ ਨੇ ਇਕ ਅਰਜ਼ੀ ਕਲਕੱਤੇ ਵਾਇਸਰਾਇ ਦੀ ਮਾਰਫਤ, ਪ੍ਰਿਵੀ ਕੌਂਸਲ, ਲੰਦਨ ਨੂੰ ਦੇਣ ਲਈ ਭੇਜੀ। ਉਸ ਦਾ ਮਨੋਰਥ ਸੀ ਕਿ ਸਾਨੂੰ ਬਿਨਾਂ ਗੁਨਾਹ ਤੋਂ ਡੇਰੇ ਵਿੱਚ, ਕੈਦ ਵਾਂਗੂੰ ਕਿਉਂ ਰੱਖਿਆ ਜਾ ਰਿਹਾ ਹੈ ? ਸਾਨੂੰ ਤੁਰਨ ਫਿਰਨ ਦੀ ਖੁੱਲ੍ਹੀ ਛੁੱਟੀ ਕਿਉਂ ਨਹੀਂ ਮਿਲਦੀ। ਡੀ. ਸੀ. ਨੇ ਅਰਜ਼ੀ ਵੇਖ ਕੇ, ਗੁਰੂ ਜੀ ਨੂੰ ਲੁਧਿਆਣੇ ਸੱਦਿਆ। ਪਹਿਲਾਂ ਕਹਿੰਦਾ ਨਾ ਅੰਗਰੇਜ਼ੀ, ਨਾ ਫਾਰਸੀ, ਨਾ ਉਰਦੂ ਇਹ ਕੀ ਲਿਖਿਆ ਹੈ ? ਗੁਰੂ ਜੀ ਕਿਹਾ ਕਿ ਸਾਡੀ ਪੰਜਾਬੀ ਬੋਲੀ ਗੁਰਮੁਖੀ ਅੱਖਰਾਂ ਵਿੱਚ ਲਿਖੀ ਹੈ। ਫਿਰ ਕਹਿੰਦਾ- ਉੜਦੂ ਵਿੱਚ ਲਿਖੋ। ਅਰਜ਼ੀ ਉੜਦੂ ਵਿੱਚ ਲਿਖ ਕੇ ਦਿੱਤੀ ਜੋ ਉਸ ਰੱਖ ਲਈ। ਪਰ ਹੋਰ ਹੋਰ ਗੱਲਾਂ ਹੀ ਗੁਰੂ ਜੀ ਨਾਲ ਕਰੀ ਗਿਆ, ਛੁੱਟੀ ਦੇਣ ਬਾਰੇ ਕੋਈ ਗੱਲ ਨਾ ਕੀਤੀ।

**ਨਾਨੂੰ ਸਿੰਘ ਆਇਆ-**

ਫੱਗਣ ੧੯੦੧ ਈ. ਨੂੰ ਸੁੱਧ ਸਿੰਘ ਬਗਲੀ ਵਾਲੇ ਨੂੰ ਰੁੜਕੀ, ਬਹਾਦਰਗੜ੍ਹ ਕੋਲ, ਹਜ਼ੂਰੀ ਸੇਵਕ, ਨਾਨੂੰ ਸਿੰਘ ਪਾਸ ਭੇਜਿਆ। ਉਸਨੇ ਪੰਜਾਹ ਰੁਪੈ, ਬਸਤਰ ਆਦਿ ਦੇ ਕੇ ਕਿਹਾ ਕਿ ਭੈਣੀ ਸਾਹਿਬ ਦਰਸ਼ਨ ਦੇ ਜਾਉ। ਨਾਨੂੰ ਸਿੰਘ ਪ੍ਰਗਟ ਰੂਪ ਵਿੱਚ ਆ ਨਹੀਂ ਸੀ ਸੱਕਦਾ। ਘੋੜਿਆਂ ਦਾ ਵਪਾਰੀ ਬਣਕੇ ਚੋਰੀ ਆਇਆ, ਤਹਿਮਤ ਬੰਨ੍ਹੀ ਹੋਈ ਸੀ। ਗੁਰੂ ਜੀ ਉਸਨੂੰ ਹੋਰ ਮਾਇਆ ਦੇ ਕੇ, ਕੁਝ ਚਿਰ ਬਚਨ ਬਿਲਾਸ ਕਰਕੇ, ਪਰਸ਼ਾਦਾ ਛਕਾ ਕੇ ਤੁਰਤ ਵਿਦਾਅ ਕੀਤਾ।

**ਬੇਗਾਨਾ ਮਾਲ ਵਾਪਸ-**

ਸਾਹਨੇਵਾਲ ਰੇਲ ਤੇ ਡੇਰੇ ਦਾ ਗੁੜ ਆਇਆ। ਗੁੜ ਦੀਆਂ ਬੋਰੀਆਂ ਵਿੱਚ ਤਿੰਨ ਬੋਰੀਆਂ ਹੋਰ ਕਿਸੇ ਦੀਆਂ ਵਾਧੂ ਆ ਗਈਆਂ। ਦੋ ਬੋਰੀਆਂ ਮਗਜ਼ਾਂ ਦੀਆਂ, ਇੱਕ ਸਉਗੀ ਦੀ। ਗੁਰੂ ਜੀ ਦੇ ਹੁਕਮ ਅਨੁਸਾਰ ਉਹ ਤਿੰਨੇ ਬੋਰੀਆਂ ਗੱਡੇ ਤੇ ਲੱਦ ਕੇ, ਸਟੇਸ਼ਨ ਮਾਸਟਰ ਨੂੰ ਪੁਚਾਈਆਂ। ਉਹ ਬੜਾ ਖੁਸ਼ ਹੋਇਆ ਕਿ ਤੁਸਾਂ ਮੈਨੂੰ ਹਰਜਾਨੇ ਤੋਂ ਬਚਾ ਦਿੱਤਾ ਹੈ।[87]

੧੦੭ ਸਾਲ ਦੀ ਉਮਰ ਵਿੱਚ ਸਬਾਜ਼ਪੁਰ (ਅੰਮ੍ਰਿਤਸਰ) ਦੀ ਜੰਮਪਲ ਮਾਈ ਭਾਗਣ, ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਤੋਂ ਹੀ ਡੇਰੇ ਵਿੱਚ ਰਹਿੰਦੀ ਸੀ। ਇਸ

ਮਾਤਾ ਨੂੰ ਸੰਗਤ ਵਿੱਚ ਸ਼ੱਕਰ ਘਿਉ ਵਰਤਾਉਣ ਦਾ ਬਹੁਤ ਸ਼ੌਕ ਸੀ। ਤੜਕੇ ਅੰਮ੍ਰਿਤ ਵੇਲੇ ਇਸ਼ਨਾਨ ਕਰਦੀ ਤੇ ਫਿਰ ਆਸਾ ਦੀ ਵਾਰ ਸੁਣਦੀ। ਜਦੋਂ ਨੇਤਰ ਬੰਦ ਹੋਏ ਤਾਂ ਲੰਗਰ ਦੇ ਭਾਂਡੇ ਮਾਂਜਣ ਲੱਗ ਪਈ। ਦੰਦ ਦੁਬਾਰਾ ਉੱਗ ਆਏ। ਮਾਤਾ ਦਾ ਜੀਵਨ ਸੇਵਾ ਵਿੱਚ ਬਤੀਤ ਹੋਇਆ, ਉੱਚਾ ਸੁੱਚਾ ਸੀ। ਇਕ ਦਿਨ ਬੀਬੀ ਨੰਦਾਂ ਨੇ ਇਸ ਮਾਤਾ ਨਾਲ ਕੁਝ ਧੌਲ ਧੱਫਾ ਕੀਤਾ। ਗੁਰੂ ਹਰੀ ਸਿੰਘ ਜੀ ਨੇ ਦਿਲਾਸਾ ਦਿੱਤਾ ਕਿ ਨੰਦਾ ਤਾਂ ਮੈਨੂੰ ਵੀ ਵਾਧੇ ਘਾਟੇ ਦੇ ਬਥੇਰੇ ਬਚਨ ਬੋਲਦੀ ਰਹੀ ਪਰ ਮੈਂ ਤਾਂ ਚੁੱਪ ਹੀ ਰਿਹਾ। ਤੁਸੀਂ ਵੀ ਧੀਰਜ ਰੱਖੋ।[88]

**ਲੰਗਰ ਨਾ ਰੁਕੇ-**

ਇਕ ਦਿਨ ਚੌਕੀ ਦਾ ਥਾਣੇਦਾਰ ਗੁਰੂ ਜੀ ਨੂੰ ਕਹਿੰਦਾ ਕਿ ਆਇਆਂ ਗਿਆਂ ਦੇ ਵਿਸ਼ਰਾਮ ਲਈ, ਇੱਕ ਵੱਡਾ ਮਕਾਨ ਪਾ ਦਿਉ। ਗੁਰੂ ਜੀ ਨੇ ਕਿਹਾ– "ਅਸੀਂ ਤਾਂ ਅਗਲੇ ਵੀ ਢਾਹੁਣ ਨੂੰ ਫਿਰਦੇ ਹਾਂ।" ਫਿਰ ਦੱਸਿਆ ਕਿ ਕਾਲ ਪੀੜਿਤਾਂ ਦੀ ਮੱਦਦ ਲਈ ਉਗਰਾਹੀ ਕਰਨ ਦੀ ਛੁੱਟੀ ਮੰਗੀ ਸੀ, ਪਰ ਤੁਹਾਡੇ ਹਾਕਮਾਂ ਦਿੱਤੀ ਨਹੀਂ। ਅਸੀਂ ਕਹਿ ਆਏ– ਲੰਗਰ ਸਤਿਗੁਰਾਂ ਦਾ ਚੱਲਦਾ ਰਹੇਗਾ ਭਾਵੇਂ ਸਾਨੂੰ ਕੋਠਿਆਂ ਦੀਆਂ ਕੜੀਆਂ ਲਾਹ ਕੇ ਵੀ ਵੇਚਣੀਆਂ ਪੈਣ। ਸੋ ਸਾਡਾ ਮੁੱਖ ਮਸਲਾ ਲੰਗਰ ਚੱਲਦਾ ਰੱਖਣਾ ਹੈ। ਥਾਣੇਦਾਰ ਨੇ ਕਿਹਾ ਕਿ ਆਪ ਜੀ ਦੇ ਲੰਗਰ ਦੀ ਤਾਂ ਚਾਰੋਂ ਤਰਫ ਮਹਿਮਾ ਹੋ ਰਹੀ ਹੈ। ਲੰਡਨ ਤੱਕ ਲਿਖਿਆ ਗਿਆ ਹੈ ਕਿ ਪੰਜਾਬ ਦੇਸ਼ ਵਿੱਚ ਇਕ ਭੈਣੀ ਸਾਹਿਬ ਹੈ ਜਿੱਥੇ ਕਾਲ ਪੀੜਿਤਾਂ ਨੂੰ ਅੱਠੇ ਪਹਿਰ ਇਕ ਰਸ ਲੰਗਰ ਵਰਤਦਾ ਹੈ। ਗੁਰੂ ਜੀ ਨੇ ਕਿਹਾ ਕਿ ਜਿਹੋ ਜਿਹਾ ਆਪ ਛਕਦੇ ਹਾਂ, ਸਤਿਗੁਰੂ ਰਾਮ ਸਿੰਘ ਜੀ ਦੀ ਕਿਰਪਾ ਨਾਲ ਉਹੋ ਜਿਹਾ ਹੀ ਆਉਣ ਵਾਲਿਆਂ ਨੂੰ ਛਕਾਉਂਦੇ ਹਾਂ।[89]

ਹੋਰ ਭੇਖਾਂ ਦੇ ਦੇਸ਼ ਦੇਸਾਂਤਰਾਂ ਵਿੱਚ ਭਰਮਣ ਕਰਦੇ ਸਾਧੂ ਜਨ ਵੀ ਸਤਿਗੁਰੂ ਰਾਮ ਸਿੰਘ ਜੀ ਦੇ ਅਸਥਾਨ ਤੇ ਬਿਰਾਜਮਾਨ, ਗੁਰੂ ਹਰੀ ਸਿੰਘ ਜੀ ਦੇ ਦਰਸ਼ਨਾਂ ਨੂੰ ਆਉਂਦੇ। ਠੰਢੀ ਮੂਰਤੀ ਗੁਰੂ ਹਰੀ ਸਿੰਘ ਜੀ, ਬੜੀ ਨਿਮਰਤਾ ਨਾਲ, ਆਇਆਂ ਦਾ ਆਦਰ ਸਤਿਕਾਰ ਕਰਕੇ ਤੋਰਦੇ ਅਤੇ ਇਹ ਵੀ ਕਹਿੰਦੇ ਕਿ ਇਹ ਸਾਰੀ ਮਹਿਮਾ, ਸਤਿਗੁਰੂ ਰਾਮ ਸਿੰਘ ਜੀ ਦੀ ਹੈ, ਅਸੀਂ ਤਾਂ ਉਹਨਾਂ ਦੇ ਖਲਹਾਰੇ ਖਲੋਤੇ ਹਾਂ।

**ਪਲੇਗ ਆਈ-**

੧੮੯੬ ਈ. ਵਿਚ ਬੰਬਈ ਤੋਂ ਪਲੇਗ ਸ਼ੁਰੂ ਹੋਈ। ਵੇਖਦੇ ਵੇਖਦੇ ਪੰਜਾਬ ਤੱਕ ਵੀ ਅੱਪੜ ਗਈ। ੧੯੧੧ ਤੱਕ ਲੱਖਾਂ ਲੋਕ ਇਸ ਬੀਮਾਰੀ ਨਾਲ ਮਰ ਚੁੱਕੇ ਸਨ। ਘਰਾਂ ਦੇ ਘਰ ਖਾਲੀ ਹੋ ਗਏ ਸਨ। ਗੁਰੂ ਹਰੀ ਸਿੰਘ ਜੀ ਪਾਸ ਵੀ ਪਲੇਗ ਪੀੜਿਤਾਂ ਦੀਆਂ ਖਬਰਾਂ ਆਉਂਦੀਆਂ। ਆਪ ਫੁਰਮਾਉਂਦੇ ਕਿ ਵੱਡੇ ਤੜਕੇ ਕੇਸੀਂ ਇਸ਼ਨਾਨ ਕਰਕੇ, ਭਜਨ ਬਾਣੀ ਕਰੋ। ਸਤਿਗੁਰੂ ਜੀ ਰੱਛਿਆ ਕਰਨਗੇ। ਭੈਣੀ ਸਾਹਿਬ ਦੇ ਆਸ ਪਾਸ ਕਈ ਪਿੰਡਾਂ ਵਿੱਚ, ਲੋਕਾਂ ਨੇ ਗੁਰੂ ਜੀ ਦੀ ਹਜ਼ੂਰੀ ਵਿੱਚ, ਅਖੰਡ ਪਾਠਾਂ ਦੇ ਕਾਫੀ ਭੋਗ ਵੀ ਪੁਆਏ। ਚੱਕ ਦਾ ਇੱਕ ਮੈਂਗਲ ਸਿੰਘ ਪਹਿਲਵਾਨ ਸੀ, ਉਸ ਦੇ ਪਰਿਵਾਰ ਵਿਚੋਂ

ਸੱਤ ਜੀਅ ਇਸ ਸਮੇਂ ਚਲਾਣਾ ਕਰ ਗਏ। ਉਸ ਦੀਆਂ ਦੋ ਸਿੰਘਣੀਆਂ ਸਨ, ਜਿਹਨਾਂ ਨੇ ਇਹ ਸੋਚ ਕੇ ਕਿ ਕੂਕੇ ਦਾ ਪੁੱਤ ਹੋ ਕੇ, ਪਹਿਲਵਾਨੀ ਕਾਰਨ ਦਾੜ੍ਹੀ ਕੇਸ ਮੁੰਨ ਬੈਠਾ ਹੈ, ਭੈਣੀ ਸਾਹਿਬ ਲਿਆਕੇ, ਗੁਰੂ ਹਰੀ ਸਿੰਘ ਜੀ ਪਾਸ, ਫਿਰ ਮਰਿਆਦਾ ਧਾਰਨ ਕਰਵਾਈ ੧੯੦੦ ਈ. ਵਿੱਚ। ਮੈਂਗਲ ਸਿੰਘ ਨੇ ਗੁਰੂ ਜੀ ਦੀ ਹਜ਼ੂਰੀ ਵਿੱਚ, ਭੈਣੀ ਸਾਹਿਬ ਦੋਹਾਂ ਸਿੰਘਣੀਆਂ ਤੇ ਹੋਰ ਜੀਆਂ ਨਮਿਤ, ਪਾਠਾਂ ਦੇ ਭੋਗ ਪੁਆਏ। ਗੁਰੂ ਜੀ ਨੇ ਉਸ ਨੂੰ ਧੀਰਜ ਬਖਸ਼ੀ।[90]

**ਵਿਧਵਾ ਬੀਬੀਆਂ ਦੇ ਦੋਬਾਰਾ ਵਿਆਹ-**

ਗੁਰੂ ਹਰੀ ਸਿੰਘ ਜੀ ਦੇ ਸਮੇਂ ਇੱਕ ਵੇਰ ਬਹੁਤ ਸਾਰੀਆਂ ਵਿਧਵਾ ਬੀਬੀਆਂ ਡੇਰੇ ਵਿੱਚ ਇਕੱਤਰ ਹੋ ਗਈਆਂ। ਗੁਰੂ ਜੀ ਨੇ ਹੁਕਮ ਦਿੱਤਾ ਕਿ ਆਪੋ ਆਪਣੀ ਮਰਜ਼ੀ ਦਾ ਸਿੰਘ ਵੇਖ ਕੇ ਅਨੰਦ ਪੜ੍ਹਾ ਲਵੋ। ਗੁਰੂ ਕੇ ਸਿੱਖ ਸਿੱਖਣੀਆਂ ਮਰਿਆਦਾ ਵਿੱਚ ਵਿਚਰਦੇ ਸੋਭਦੇ ਹਨ। ਜਿਹਨਾਂ ਅਨੰਦ ਨਹੀਂ ਕਰਾਉਣੇ, ਉਹ ਆਪੋ ਆਪਣੇ ਘਰਾਂ ਨੂੰ ਤੁਰ ਜਾਣ। ਸਭ ਨੇ ਹੁਕਮ ਤੇ ਫੁੱਲ ਚੜ੍ਹਾਏ।[91]

**ਪੁਲੀਸ ਗਾਰਦ ਦਾ ਸੁਭਾਉ-**

ਗਾਰਦ ਵਾਲੇ, ਜੇ ਤਾਂ ਡੇਰੇ ਵਾਲੇ ਉਹਨਾਂ ਨੂੰ ਰੋਜ਼ ਕੜਾਹ ਪ੍ਰਸ਼ਾਦ ਰੱਜਵਾਂ ਦੇਣ, ਤਾਂ ਇੱਕ ਅੱਧ ਵਾਧੂ ਸਿੰਘ ਨੂੰ ਵੀ ਲੰਘਾ ਦੇਣ, ਜੇ ਨਾ ਦੇਣ ਤਾਂ ਰੋਜ਼ ਰਹਿਣ ਵਾਲਿਆਂ ਨੂੰ ਵੀ ਡੇਰੇ ਵਿੱਚੋਂ ਕੱਢ ਦਿੰਦੇ। ਭਾਈ ਸੰਤੋਖ ਸਿੰਘ ਗਰੰਥ ਲੇਖਕ, ਗੁਰੂ ਕੇ ਤਬੇਲੇ ਵਿੱਚ ਗੋਹਾ ਕੂੜਾ ਕਰਦਾ ਸੀ। ਉਸਨੂੰ ਕੱਢ ਦਿੱਤਾ। ਗੁਰੂ ਹਰੀ ਸਿੰਘ ਜੀ ਨੇ ਕਿਹਾ ਕਿ ਇਹਨਾਂ ਨੂੰ ਹਲਕੇ ਕੁੱਤੇ ਵਾਂਗੂੰ ਲਹਿਰ ਉੱਠਦੀ ਹੈ, ਤੁਸੀਂ ਚਾਰ ਦਿਨ ਰਾਮ ਸਰ ਕੱਟ ਲਵੋ। ਇਹ ਹੌਲਦਾਰ, ਥਾਣੇਦਾਰ ਸਦਾ ਨਹੀਂ ਇੱਥੇ ਰਹਿਣਾ। ਜਦੋਂ ਕੋਈ ਭਲਾ ਆ ਗਿਆ ਫਿਰ ਆ ਜਾਣਾ। ਮੂੰਹ ਤੇ ਗੁਰੂ ਹਰੀ ਸਿੰਘ ਜੀ ਦੀ ਪਰਸੰਸਾ ਕਰਨ, ਜਿਸ ਤੇ ਗੁਰੂ ਜੀ ਨੇ ਕਿਹਾ ਕਿ ਕਹਿੰਦੇ ਕੁਝ ਹੋ, ਕਰਦੇ ਕੁਝ ਹੋ। ਸਾਹਿਬਜ਼ਾਦਾ ਪਰਤਾਪ ਸਿੰਘ ਤੇ ਨਿਹਾਲ ਸਿੰਘ, ਆਪਣੇ ਨਾਲ ਖੇਡਣ ਲਈ ਭੈਣੀ ਸਾਹਿਬ ਦੇ ਬ੍ਰਾਹਮਣਾਂ ਦੇ ਲੜਕੇ ਦੇਵਾ ਸਿੰਘ ਨੂੰ ਵਿਚਾਲੇ ਲੈ ਕੇ, ਡੇਰੇ ਦੀ ਡਿਉਢੀ ਲੰਘਣ ਲੱਗੇ। ਇਸ ਲੜਕੇ ਨਾਲ ਉਹ ਖੇਡਿਆ ਕਰਦੇ ਸਨ। ਦੇਵਾ ਸਿੰਘ ਨੂੰ ਨਾ ਲੰਘਣ ਦਿੱਤਾ। ਗੁਰੂ ਜੀ ਨੂੰ ਇਹ ਪੁੱਛਣ ਤੇ ਕਿ ਤੁਸੀਂ ਕਹਿੰਦੇ ਨਹੀਂ ਕੁਝ ਇਹਨਾਂ ਦੁਸ਼ਟਾਂ ਨੂੰ, ਉਹ ਜੁਆਬ ਦਿੰਦੇ- "ਜੇਕਰ ਚੁੱਪ ਕਰ ਰਹੀਏ ਤਾਂ ਹੇਠੋਂ ਜੜ੍ਹਾਂ ਪੁੱਟੀਆਂ ਜਾਣਗੀਆਂ। ਜੇਕਰ ਬੋਲੀਏ ਤਾਂ ਉਪਰੋਂ ਕੱਟ ਹੋਣਗੀਆਂ। ਤਾਂ ਤੇ ਚੁੱਪ ਕਰਕੇ ਦਿਨ ਕੱਟੋ। ਭਜਨ ਬਾਣੀ ਕਰੋ ਗੁਰੂ ਭਲੀ ਕਰੇਗਾ।"[92] ਗੋਰਾ ਸ਼ਾਹੀ ਦੀਆਂ ਜੜ੍ਹਾਂ ਕੱਟਣ ਲਈ ਗੁਰੂ ਜੀ ਨੇ ਖਿਮਾਂ ਦੀ ਤਲਵਾਰ ਧਾਰਨ ਕੀਤੀ ਹੋਈ ਸੀ। "ਸ੍ਰੀ ਸਤਿਗੁਰੂ ਜੀ ਬਚਨ ਕੀਤਾ ਕਿ ਦੋ ਤਲਵਾਰਾਂ ਹੈਂ। ਇਕ ਤਾਂ ਜਿਸ ਸੇ ਸ਼ੱਤਰੂ ਹੱਤ ਕਰੀਦਾ ਹੈ, ਦੂਜੀ ਖਿਮਾ ਕੀ ਤਲਵਾਰ ਹੈ ਜਿਸ ਸੇ ਪਾਂਚ ਸ਼ੱਤਰੂ ਵੱਸ ਕਰੀਦੇ ਹਨ। ਪਾਂਚ ਭੂਤ ਜੀਤੇ ਤਾਂ ਮਨ ਵੱਸ ਆਉਂਦਾ ਹੈ।"[93] ਗੁਰੂ ਜੀ ਦੀ ਧੀਰਜ ਦਾ ਇਹ ਅਸਰ ਹੋਇਆ ਕਿ ਕੁਝ ਦਿਨਾਂ

ਬਾਅਦ ਮੁੰਨਸ਼ੀ ਅਤੇ ਹੌਲਦਾਰ, ਦੋਹਾਂ ਨੇ ਗੁਰੂ ਜੀ ਤੋਂ ਭੁੱਲ ਮੰਗ ਕੇ ਕਿਹਾ ਕਿ ਸਾਨੂੰ ਪਰਸ਼ਾਦਾ ਦਾਲਾ ਦੇਈ ਜਾਵੋ ਤੇ ਜਿਤਨੇ ਸਿੰਘ ਮਰਜ਼ੀ ਹੋਵੇ, ਲੰਘਾ ਲਿਆ ਕਰੋ। ਦੁਆਬੇ ਦੇ ਸਿੰਘ, ਰਾਮਸਰ ਰੋਕੇ ਹੋਏ ਸਨ, ਉਸੇ ਵੇਲੇ ਉਹਨਾਂ ਨੂੰ ਡੇਰੇ ਵਿੱਚ ਦਾਖਲਾ ਮਿਲ ਗਿਆ। ਜਿਸ ਕਿਸੇ ਸਿੰਘ ਨਾਲ ਪੁਲੀਸ ਮਾੜਾ ਵਿਹਾਰ ਕਰਦੀ, ਗੁਰੂ ਜੀ ਉਸਨੂੰ ਵੀ ਸ਼ਾਂਤ ਰਹਿਣਾ ਕਹਿ ਕੇ, ਧੀਰਜ ਬੰਨ੍ਹਾਉਂਦੇ। ਨਾਲ ਇਹ ਬਚਨ ਵੀ ਕਰਦੇ ਸਾਡੀ ਸ਼ਾਂਤਗੀ ਸਭ ਨੂੰ ਮਾਰ ਲਵੇਗੀ। ਗੁਰੂ ਜੀ ਨੇ ਬਚਨ ਸੁਣਾਇਆ ਕਿ ਗੇਂਦਾ ਮਰਨ ਵੇਲੇ ਨਿੰਦਕ ਕਹਿੰਦੇ ਸਨ, ਦਰਸ਼ਨ ਕਰ ਆਈਏ, ਹੁਣ ਇਹਨਾਂ ਨੂੰ ਵੀ ਭਾਈ ਪਾਸ ਲੈ ਜਾਣਗੇ। ਪਰ ਜਦੋਂ ਨਿੰਦਕ ਸੁੱਖੂ ਲੰਬੜਦਾਰ ਬੀਮਾਰ ਹੋਇਆ ਤਾਂ ਅਸੀਂ ਰੋਜ਼ ਉਸ ਦੀ ਖਬਰ ਲੈਣ ਜਾਇਆ ਕਰਦੇ ਸਾਂ। ਜਦੋਂ ਉਹ ਚਲਾਣਾ ਕਰ ਗਿਆ ਤਾਂ ਗੁਰੂ ਜੀ ਉਸ ਦੇ ਸਸਕਾਰ ਸਮੇਂ ਵੀ ਨਾਲ ਗਏ। ਐਸੇ ਵੱਡੇ ਹਿਰਦੇ ਦੇ ਸੁਆਮੀ ਸਨ, ਗੁਰੂ ਹਰੀ ਸਿੰਘ ਜੀ।[94]

ਗੁਰੂ ਜੀ ਆਪਣੇ ਦੋਹਤੇ ਨਰਾਇਣ ਸਿੰਘ ਨੂੰ ਵੀ ਡੇਰੇ ਵਿੱਚ ਟਿਕ ਕੇ, ਗੁਰੂ ਗਰੰਥ ਸਾਹਿਬ ਦੇ ਪਾਠ ਕਰਦੇ ਰਹਿਣ ਦੀ ਸਿੱਖਿਆ ਦਿਆ ਕਰਦੇ ਸਨ। ਉਸ ਨੂੰ ਮਾੜੇ ਮਨੁੱਖਾਂ ਦੀ ਸੰਗਤ ਅਤੇ ਆਵਾਗੌਣ ਫਿਰਨ ਤੁਰਨ ਤੋਂ ਸੁਚੇਤ ਕਰਦੇ ਸਨ।

੧੯੦੦ ਈ. ਦੇ ਦੌਰੇ ਦੀ ਛੁੱਟੀ ਬਾਰੇ, ਫੀਰੋਜ਼ਪੁਰ ਦੇ ਜ਼ਿਲ੍ਹੇ ਨੇ ਕਿਹਾ ਕਿ ਆ ਜਾਣ ਪਰ ਲੁਧਿਆਣਾ ਦੇ ਡੀ. ਸੀ. ਨੇ ਨਾ ਮਨਜ਼ੂਰੀ ਦਿੱਤੀ। ਗੁਰੂ ਜੀ ਨੇ ਦਰਬਾਰਾ ਸਿੰਘ ਹੋਰਾਂ ਨੂੰ ਕਿਹਾ ਕਿ ਲਾਹੌਰ ਅਰਜ਼ੀ ਪਾਉ ਕਿ ਬਾਕੀ ਲੋਕ ਦਿਨ ਦਿਹਾਰ, ਗੁਰਦੁਆਰਿਆਂ ਵਿੱਚ ਮੱਥਾ ਟੇਕਦੇ ਹਨ, ਸਾਨੂੰ ਮਨਜ਼ੂਰੀ ਕਿਉਂ ਨਹੀਂ ਮਿਲਦੀ ? ਲਾਹੌਰ ਤੋਂ ਛੁੱਟੀ ਮਿਲ ਗਈ।

### "ਸਾਹਨਾ, ਲੁਧਿਆਣਾ ਤੇ ਫਲੌਰ ਮਾਰ ਲਵੋਗੇ"

"ਫੇਰ ਬਚਨ ਕੀਤਾ ਗੁਰੂ ਜੀ ਕਿ ਪਹਿਲੇ ਇਕ ਫਰੰਗੀ ਥੀਂ ਛੁੱਟੀ ਮੰਗੀ ਸੀ ਤਾਂ ਸਾਨੂੰ ਕਹਿਣੇ ਲਗਾ– "ਤੁਮਾਰੇ ਭਾਈ ਨੇ ਮਲੌਦ ਤੇ ਮਲੇਰਕੋਟਲਾ ਮਾਰਿਆ ਹੈ। ਤੁਮ ਸਾਹਨਾ (ਸਾਹਨੇਵਾਲ) ਤੇ ਲੁਦਿਆਣਾ ਤੇ ਫਲੌਰ ਮਾਰ ਲਵੋਗੇ।" ਗੁਰੂ ਜੀ ਬਚਨ ਕੀਤਾ– "ਸਤਿਗੁਰੂ ਜੀ ਨੇ ਤਾਂ ਪਹਿਲਾਂ ਇਤਲਾਹ ਨੂੰ ਭੇਜਿਆ ਸੀ ਸਿੰਘ ਕਿ ਮੇਰੇ ਤੇ ਬੇਬੱਸ ਹੈਂ ਸਿੰਘ, ਸਰਕਾਰ ਬੰਦੋਬਸਤ ਕਰੇ। ਬੰਦੋਬਸਤ ਤਾਂ ਨਾ ਕੀਤਾ ਸਗੋਂ ਇਤਲਾਹ ਕਰਨੇ ਵਾਲੇ (ਸੂਬਾ ਲੱਖਾ ਸਿੰਘ) ਕੋ ਕੈਦ ਕਰ ਦਿਤਾ।" ਸੁਣਕੇ ਢਿੱਲਾ ਜੇਹਾ ਹੋਇ ਗਿਆ, ਛੁੱਟੀ ਨਾ ਦਿੱਤੀ ਸੀ।"[95]

ਗੁਰੂ ਹਰੀ ਸਿੰਘ, ਸਾਰੇ ਸਿੰਘਾਂ ਨੂੰ ਆਸਾ ਦੀ ਵਾਰ ਵਿੱਚ ਅਵੱਸ਼ ਹੀ ਆਉਣ ਦਾ ਬਚਨ ਕਰਦੇ ਸਨ ਕਿ ਇਹੀ ਸੱਚਖੰਡ ਹੈ ਕਲਿਜੁਗ ਵਿੱਚ। ਇਕ ਸਮੇਂ ਜੋਗਾ ਸਿੰਘ ਧੂੜਕੋਟ ਨੇ ਅਰਜ਼ ਕੀਤੀ ਕਿ ਪਹਿਲੇ ਸਮਿਆਂ ਵਿੱਚ ਤਾਂ ਬਾਈ ਮੰਜੀਆਂ ਸਨ, ਹੁਣ ਚੌਵੀ ਹਨ। ਭਾਵ ਨਾਮਧਾਰੀਆਂ ਵਿੱਚ ਇਹੋ ਜਿਹੇ ਚੌਵੀ ਸੰਤ ਸਨ, ਜੋ ਸਤਿਗੁਰੂ ਰਾਮ ਸਿੰਘ ਜੀ ਦੇ ਜਾਣ ਬਾਅਦ, ਆਪਣੇ ਆਪ ਨੂੰ ਕੂਕਾ ਕੇਂਦਰ ਭੈਣੀ ਸਾਹਿਬ ਦੇ ਸਮਾਨੰਤਰ

ਸਮਝਦੇ ਸਨ। 96 ਗੁਰੂ ਹਰੀ ਸਿੰਘ ਜੀ ਦੀ ਧੀਰਜ ਅੱਗੇ, ਹੌਲੇ ਹੌਲੇ ਇਹਨਾਂ ਸਾਰਿਆਂ ਦੀਆਂ ਮੰਜੀਆਂ ਖੜ੍ਹੀਆਂ ਹੋ ਗਈਆਂ।

"ਪੰਚ ਖਾਲਸਾ ਦੀਵਾਨ-ਭਸੌੜ" ਦਾ ਬਾਬੂ ਤੇਜਾ ਸਿੰਘ ਭਸੌੜੀਆ ਵੀ ਇਕ ਦਿਨ ਇਹਨਾਂ ਸਮਿਆਂ ਵਿੱਚ, ਸ੍ਰੀ ਭੈਣੀ ਸਾਹਿਬ ਆਇਆ। ਉਹ ਕੂਕਾ ਕੇਂਦਰ ਦੀਆਂ ਗਤੀਵਿਧੀਆਂ ਦੀ ਨੇੜਿਉਂ ਜਾਣਕਾਰੀ ਲੈ ਕੇ, ਅਤਰ ਸਿੰਘ ਭਦੌੜ ਜਿਉਂ, ਸਰਕਾਰ ਅੰਗਰੇਜ਼ੀ ਤੱਕ ਪਹੁੰਚਾ ਕੇ, ਉਹਨਾਂ ਦੀ ਖੁਸ਼ਨੂਦੀ ਹਾਸਲ ਕਰਨਾ ਚਾਹੁੰਦਾ ਸੀ। ਉਸ ਨੇ ਸਿੰਘਣੀਆਂ -ਨੂੰ ਕੂਕਿਆਂ ਦੁਆਰਾ ਅੰਮਰਿਤ ਛਕਾਏ ਜਾਣ ਤੇ ਇਤਰਾਜ਼ ਕੀਤਾ। ਨਾਮਧਾਰੀ ਅਰਦਾਸ ਬਾਰੇ ਵੀ ਉਸਨੇ ਕੁਝ ਨੁਕਤੇ ਉਠਾਏ ਅਤੇ ਕੂਕਿਆਂ ਦੁਆਰਾ ਹਵਨ ਕੀਤੇ ਜਾਣ ਤੇ ਵੀ। ਇਹਨਾਂ ਗੱਲਾਂ ਦਾ ਯੁਕਤੀ-ਸੰਗਤ ਉੱਤਰ, ਨਰਾਇਣ ਸਿੰਘ ਗਿਆਨੀ (ਰੋਡਿਆਂ ਵਾਲੇ) ਨੇ ਦਿੱਤਾ। ਉਸ ਨੂੰ ਵੀ ਇਹ ਦੱਸਿਆ ਕਿ ਨਾਮਧਾਰੀ ਸਿੰਘ ਪੰਜਾਂ ਕਕਾਰਾਂ ਦੀ ਰਹਿਤ ਰੱਖਦੇ ਹਨ।

**ਕੂਕੇ ਹੀ ਸਰਕਾਰ ਵਿਰੁੱਧ-**

ਇਸੇ ਸਮੇਂ ਗੁਰੂ ਹਰੀ ਸਿੰਘ ਜੀ ਪਾਸ ਇੱਕ ਸਿੰਘ ਨੇ ਆ ਕੇ ਖਬਰ ਦਿੱਤੀ ਕਿ ਲਾਟ ਪੰਜਾਬ ਨੇ, ਕਾਜ਼ੀ, ਮੁੱਲਾਂ, ਪੰਡਿਤ, ਨਿਹੰਗ, ਪੁਜਾਰੀ ਸਭ ਸੱਦੇ। ਸਾਰਿਆਂ ਤੋਂ ਆਪੋ ਆਪਣੇ ਧਾਰਮਿਕ ਅਕੀਦੇ ਮੁਤਾਬਿਕ, ਦੁਸ਼ਮਣਾਂ ਨਾਲ ਜੰਗ ਦੀ ਸੂਰਤ ਵਿੱਚ, ਮਲਕਾ ਵਿਕਟੋਰੀਆ ਲਈ ਫਤੇਹ ਦੀ ਅਰਦਾਸ ਕਰਾਈ। ਕੂਕੇ ਸਿੰਘ ਨੇ ਕਿਹਾ ਕਿ ਪੁਜਾਰੀਆਂ ਨੇ ਅਖੰਡ ਪਾਠ ਕਰਕੇ, ਮਲਕਾ ਦੀ ਫਤੇਹ ਦਾ ਅਰਦਾਸਾ ਕੀਤਾ ਹੈ। ਕੂਕਿਆਂ ਤੋਂ ਬਿਨਾਂ ਇਸ ਆਯੋਜਨ ਵਿੱਚ ਹੋਰ ਹਿੰਦੂ, ਮੁਸਲਿਮ, ਸਿੱਖ ਧਾਰਮਿਕ ਆਗੂ ਸ਼ਾਮਲ ਹੋਏ ਹਨ। "ਗੁਰੂ ਜੀ ਬਚਨ ਕੀਤਾ ਧਿਕਾਰ ਹੈ ਜਿਨਾਂ ਨੇ ਗਊ ਖਾਣੇ ਵਾਲਿਆਂ ਕਾ ਅਰਦਾਸਾ ਕੀਤਾ ਹੈ ਕਸਾਈਆਂ ਦਾ। ਬਚਨ ਹੋਇਆ ਝੂਠੇ ਹੈਨ।"[97] ਪੁਜਾਰੀ ਬਾਦ ਵਿੱਚ ਮੰਨੇ ਕਿ ਉਹ ਤਾਂ ਧਨ ਦੇ ਸਿੱਖ ਹਨ।

ਇੱਕ ਗਰੀਬ ਸਿੱਖ ਆਇਆ ਦੋ ਲੜਕੀਆਂ ਵਿਆਹੁਣ ਵਾਲੀਆਂ ਸਣੇ। ਗੁਰੂ ਜੀ ਨੇ ਦੋਹਾਂ ਦਾ ਸਿੰਘਾਂ ਦੇ ਲੜਕਿਆਂ ਨਾਲ, ਬਿਨਾਂ ਕਉਡੀ ਲੱਗਿਆਂ, ਅਨੰਦ ਕਰਕੇ, ਉਸਨੂੰ ਚਿੰਤਾ ਮੁਕਤ ਕਰ ਦਿੱਤਾ। ਇਕ ਥਾਣੇਦਾਰ ਡਿਓਢੀ ਵਿੱਚ ਰਾਹ ਉੱਤੇ, ਮੰਜਾ ਡਾਹ ਕੇ ਬੈਠਾ ਸੀ। ਬਿਸ਼ਨ ਸਿੰਘ ਜੰਮੂ ਤੂੜੀ ਦੀ ਪੰਡ ਲੈ ਕੇ ਲੰਘਿਆ। ਤੂੜੀ ਦੇ ਕੁਝ ਕੱਖ ਮੰਜੇ ਤੇ ਡਿੱਗ ਪਏ। ਹੌਲਦਾਰ ਭੇਜ ਕੇ ਸਿੰਘ ਨੂੰ ਮਗਰੇ ਹੀ ਬੁਲਵਾਇਆ ਤੇ ਅਕਾਰਨ ਮਾਰ ਕੁੱਟ ਕੀਤੀ। ਗੁਰੂ ਹਰੀ ਸਿੰਘ ਜੀ ਨੇ ਸਿੰਘ ਨੂੰ ਧੀਰਜ ਬਖਸ਼ੀ ਨਹੀਂ ਤਾਂ ਉਹ, ਬਲਵਾ ਵੀ ਕਰ ਸੱਕਦਾ ਸੀ।

੧੯੦੦ ਈ. ਵਿੱਚ ਦਸ ਦਿਨ ਦੀ ਛੁੱਟੀ ਤੇ ਉਟਾਲਾਂ ਦੇ ਰਿਖੀ ਸਿੰਘ ਦਾ ਅਨੰਦ ਪੜ੍ਹਾਉਣ ਗੁਰੂ ਜੀ ਗਏ। ਅਗਲੇ ਦਿਨ ਦਿਆਲਪੁਰੇ ਅਤੇ ਫਿਰ ਖੰਨੇ ਗਏ। ਖੰਨੇ ਦਾ ਲਿਖਿਆ ਨਹੀਂ ਸੀ ਸੋ ਥਾਣੇ ਵਿੱਚ ਜਾ ਕੇ ਜੁਆਬ ਦੇਣਾ ਪਿਆ। ਖੰਨੇ ਤੋਂ ਦੀਵੇ ਗਏ। ਜਰਗੜੀ (ਪਟਿਆਲਾ ਰਿਆਸਤ) ਦੇ ਸਮੁੰਦ ਸਿੰਘ ਦਾ ਲੰਗਰ ਦੀਵੇ ਹੀ ਕੀਤਾ। ਇੱਥੇ

ਰਾਤ ਬਹੁਤ ਹਨੇਰੀ ਆਈ। ਸਿਆਹੜ ਦੋ ਅਨੰਦ ਪੜ੍ਹਾਏ। ਖਟੜਿਆਂ ਤੋਂ ਰਾਮਪੁਰ ਭਾਈ ਵੀਰ ਸਿੰਘ ਲੈ ਗਿਆ ਸੀ। ਇਹ ਡੇਰੇ ਭੈਣੀ ਸਾਹਿਬ ਰਹਿੰਦਾ ਰਿਹਾ ਸੀ। ਇਹ ਪਟਿਆਲਾ ਦਾ ਇਲਾਕਾ ਸੀ। ਜ਼ਿਆਦਾ ਨਾ ਠਹਿਰੇ। ਫਿਰ ਡੇਰੇ ਪੁੱਜ ਗਏ। ਇਸੇ ਰਾਤ ਨੂੰ ਲੰਗਰ ਵਿੱਚ ਅੱਗ ਲੱਗ ਗਈ। ਕੁਦਰਤ ਨੇ ਦੇਵਾ ਸਿੰਘ ਨੂੰ ਜਗਾ ਦਿੱਤਾ। ਅੱਗ ਤੇ ਛੇਤੀ ਕਾਬੂ ਪਾ ਲਿਆ। ਸਾਰੇ ਲੰਗਰ ਵਿੱਚ ਬੇਅੰਤ ਰਸਤ ਬਸਤ ਪਈ ਸੀ। ਬਚ ਗਈ।

**ਸ਼ੇਖੂਪੁਰਾ ਅਤੇ ਅੰਮ੍ਰਿਤਸਰ ਦਾ ਦੌਰਾ - ੧੯੦੦ ਈ.-**

ਇਕ ਮਹੀਨੇ ਦੀ ਛੁੱਟੀ ਮਿਲੀ। ਗੁਰੂ ਹਰੀ ਸਿੰਘ ਜੀ ਸ਼ੇਖੂਪੁਰੇ ਪੁੱਜੇ। ਬੌਰਿਆਂ ਤੋਂ ਸਿੰਘ ਸ਼ਬਦ ਪੜ੍ਹਦੇ ਆਏ। ਵਿਆਹ ਵਾਲੇ ਲੜਕੇ ਭਗਤ ਸਿੰਘ ਨੇ ਸਿਹਰੇ ਬੱਧੇ ਹੋਏ ਸੀ। ਸਿੰਘਾਂ ਨੇ ਬੁਰਾ ਮਨਾਇਆ। ਸਵੇਰੇ ਆਸਾ ਦੀ ਵਾਰ ਤੋਂ ਬਾਅਦ ਉਹ ਲੜਕਾ ਫਿਰ ਦੀਵਾਨ ਵਿੱਚ ਅਨੰਦ ਕਰਾਉਣ ਆਇਆ, ਮੁਕਟ ਸਣੇ ਬੈਠ ਗਿਆ। ਕਿਸ਼ਨ ਸਿੰਘ ਵਰਨ ਨੇ ਉਸਦਾ ਮੁਕਟ ਲਾਹ ਕੇ ਗੁਰੂ ਹਰੀ ਸਿੰਘ ਅੱਗੇ ਰੱਖ ਦਿੱਤਾ। ਪਰਤਾਪ ਸਿੰਘ ਹਰਚੰਦੀਏ ਨੇ ਬੇਦੀ ਪੁੱਟ ਸੁੱਟੀ। ਬੇਦੀ ਦੁਬਾਰਾ ਗਡਾ ਕੇ ਬਿਨਾਂ ਮੁਕਟ ਤੋਂ ਅਨੰਦ ਕਾਰਜ ਕੀਤਾ।

ਗੁਰੂ ਜੀ ਦਾ ਸਰੀਰ ਢਿੱਲਾ ਹੋਇਆ। ਹੈਜ਼ਾ ਫੈਲਿਆ ਹੋਇਆ ਸੀ। ਕਿਸੇ ਸਿੰਘ ਨੇ ਕਿਹਾ ਕਿ ਥੋੜ੍ਹੀ ਅਫੀਮ ਛਕ ਲਉ। ਗੁਰੂ ਜੀ ਨੇ ਇਨਕਾਰ ਕੀਤਾ। ਕੁਝ ਠੀਕ ਹੋ ਕੇ ਲਾਹੌਰ ਆ ਗਏ। ਉੱਥੋਂ ਭੰਬਿਆਂ ਦਾ ਲਹਿਣਾ ਸਿੰਘ ਲੈ ਗਿਆ। ਫਿਰ ਰਾਜੇ ਜੰਗੀਂ ਆਏ। ਹੈਜੇ ਦਾ ਇੱਥੇ ਵੀ ਜ਼ੋਰ ਸੀ। ਆਸਲ ਪਿੰਡ ਵਿੱਚ ਆ ਕੇ ਬਾਲਕ ਮਹਾਰਾਜ ਨਿਹਾਲ ਸਿੰਘ ਵੀ ਢਿੱਲੇ ਹੋਏ। ਚੀਮੇ, ਵਲਟੋਹੇ, ਮੱਖੀ ਹੁੰਦੇ ਹੋਏ ਤਰਨਤਾਰਨ ਆਏ। ਇੱਥੋਂ ਅੰਮ੍ਰਿਤਸਰ ਪੁੱਜੇ। ਮਹੰਤ ਗੁਰਦਿੱਤ ਸਿੰਘ ਮੋਰੋਂ, ਨਿਹਾਲ ਸਿੰਘ ਹੋਰਾਂ ਨੂੰ ਲੈ ਕੇ, ਭੈਣੀ ਸਾਹਿਬ ਚਲਾ ਗਿਆ। ਅੰਮ੍ਰਿਤਸਰ ਆਸਾ ਦੀ ਵਾਰ ਦੀਆਂ ਬਾਈ ਪਉੜੀਆਂ ਲਾਉਣ ਬਾਅਦ ਰਾਗੀ ਭਾਈ ਦਿਤੂ ਉਰਫ ਗੁਰਦਿੱਤ ਸਿੰਘ ਵੀ ਹੈਜੇ ਦੀ ਪਕੜ ਵਿੱਚ ਆ ਕੇ, ਚਲਾਣਾ ਕਰ ਗਿਆ। ਉਸ ਦਾ ਗੁਰਮਤਿ ਅਨੁਸਾਰ ਸਸਕਾਰ ਕਰਨ ਤੇ ਸਾਰੇ ਸ਼ਹਿਰ ਵਿੱਚ ਨਾਮਧਾਰੀ ਸਿੰਘਾਂ ਦੀ ਧੰਨ ਧੰਨ ਹੋਈ। ਗੁਰਦਿੱਤ ਸਿੰਘ ਜੀ ਦਾ ਸਸਕਾਰ ਕਰਵਾ ਕੇ ਗੁਰੂ ਜੀ ਅਗਲੇ ਦਿਨ ਭੈਣੀ ਸਾਹਿਬ ਪੁੱਜ ਗਏ। ਭਾਈ ਗੁਰਦਿੱਤ ਸਿੰਘ ਦਾ ਜਨਮ, ਮੁਸਲਮਾਨ ਮਰਾਸੀਆਂ ਦੇ ਘਰ ਦਾ ਸੀ।

**ਸਿੰਘਾਂ ਸਭੀਆਂ ਵਲੋਂ ਟਿੱਪਣੀ-**

"ਸਿੰਘ ਸਭਾ ਵਾਲਿਆਂ ਨੇ ਅਖਬਾਰ ਮੇਂ ਛਾਪਿਆ ਕਿ ਸੋ ਰਬਾਬੀ ਰਾਗੀ ਖਾਲਸੇ ਕੇ ਅੱਗੇ ਸ਼ਬਦ ਕਰੇ ਜੋ ਨਾਮਧਾਰੀਆਂ ਕੀ ਤਰਾਂ ਰੀਤੀ ਮਨਜ਼ੂਰ ਕਰੇ। ਜਿਸਨੇ ਨਹੀਂ ਮਨਜ਼ੂਰ ਕਰਨਾ ਸੋ ਖਾਲਸੇ ਕੇ ਅਗੇ ਆਇਕੇ ਸ਼ਬਦ ਨਾ ਪੜੇ।"[98]

ਗੁਰੂ ਜੀ ਨੇ ਇਸ ਦੌਰੇ ਸਮੇਂ, ਉਹਨਾਂ ਦੇ ਅਤੇ ਹੋਰ ਸਿੱਖਾਂ ਸਾਧਾਂ ਦੇ ਸਰੀਰਾਂ ਨੂੰ, ਰੋਗ ਕਾਰਨ ਆਈ ਤਕਲੀਫ ਤੋਂ ਬਚਾਅ ਹੋਣ ਬਾਅਦ, ਭੈਣੀ ਸਾਹਿਬ ਆ ਕੇ ਸਤਿਗੁਰੂ ਰਾਮ ਸਿੰਘ ਜੀ ਦਾ ਸ਼ੁਕਰਾਨਾ ਕੀਤਾ। ਦੋ ਅਖੰਡ ਪਾਠਾਂ ਦੇ ਭੋਗ ਆਉਂਦਿਆਂ ਹੀ

ਪਾਏ। ਅੰਮ੍ਰਿਤਸਰ ਦੇ ਦੀਵਾਨ ਵਿੱਚ ਮਾਝੇ ਦੀ ਸੰਗਤ ਨੇ ਗੁਰੂ ਜੀ ਨੂੰ ਅਰਜ਼ ਕੀਤੀ ਕਿ ਸਰਕਾਰ ਨੂੰ ਪੁੱਛਿਆ ਜਾਵੇ ਕਿ ਉਹ ੨੯ ਸਾਲ ਬਾਅਦ ਵੀ ਸਾ-ਨੂੰ ਸਤਿਗੁਰੂ ਜੀ ਦੇ ਦਰਸ਼ਨ ਕਿਉਂ ਨਹੀਂ ਹੋਣ ਦਿੰਦੇ? ਹੁਣ ਤਾਂ ਉਹਨਾਂ ਨੂੰ ਦੇਸ਼ ਵਿੱਚੋਂ ਗਿਆਂ ੨੯ ਸਾਲ ਹੋ ਗਏ ਹਨ। ਵੀਹ ਸਾਲ ਬਾਅਦ ਉਮਰ ਕੈਦੀ ਵੀ ਛੱਡ ਦਿੰਦੇ ਹਨ। ਸੁਚੇਤ ਸਿੰਘ ਬੈਂਕਿਆਂ ਦੇ ਤੋਂ ਪਹਿਲਾਂ ਅਰਜ਼ੀ ਉਰਦੂ ਵਿੱਚ ਲਿਖਾਈ। ਫਿਰ ਗੁਰੂ ਜੀ ਨੂੰ ਸਾਰੀ ਸੁਣਾ ਕੇ ਅੰਗਰੇਜ਼ੀ ਵਿੱਚ ਲਿਖਾ ਕੇ ਸ਼ਿਮਲੇ ਭੇਜੀ। ਕੋਈ ਉੱਤਰ ਨਹੀਂ ਆਇਆ।

ਮਸਤਾਨੀ ਬਿਰਤੀ ਵਿੱਚ ਸੰਤ ਕੇਸਰ ਸਿੰਘ ਮੁਹਾਵਾ ਤੇ ਉਹਨਾਂ ਦੇ ਸੰਗੀ ੧੯੦੧ ਈ. ਵਿੱਚ ਭੈਣੀ ਸਾਹਿਬ ਆਏ। ਮਨ ਆਈ ਬਾਣੀ ਬੋਲਦੇ। ਆਪਣੇ ਨਾਲਦਿਆਂ ਸਣੇ ਅਕਾਲ ਬੁੰਗੇ ਜਾ ਡੇਰਾ ਲਾਇਆ। ਅੱਲਾ ਅੱਲਾ ਕਰਦੇ ਹਨ। ਪਹਿਲਾਂ ਗੁਰੂ ਗਰੰਥ ਸਾਹਿਬ ਦੇ ਬਹੁਤ ਪਾਠ ਕੀਤੇ। ਹੁਣ ਮਰਿਆਦਾ ਵਿੱਚ ਨਹੀਂ ਰਹਿੰਦੇ। ਗੁਰੂ ਹਰੀ ਸਿੰਘ ਜੀ ਆਪ ਉਹਨਾਂ ਨੂੰ ਰਾਜ਼ੀ ਕਰਕੇ ਡੇਰੇ ਵਿੱਚ ਲੈ ਆਏ।[99]

ਬਹੁਤ ਸਾਰੇ ਗੁਨਾਹੀ ਸਿੰਘ ਭੀ ਗੁਰੂ ਹਰੀ ਸਿੰਘ ਜੀ ਪਾਸ ਆਉਂਦੇ। ਪਿਛਲੇ ਗੁਨਾਹ ਦੀ ਬਖਸ਼ਬੰਦੀ ਕਰਵਾਉਂਦੇ। ਅੱਗੇ ਤੋਂ ਸ਼ੁੱਧ ਆਚਰਣ ਕਰਦੇ। ਭੈਣੀ ਸਾਹਿਬ ਦੇ ਆਲੇ ਦੁਆਲੇ ਦੇ ਵੱਡੇ ਵੱਡੇ ਸਰਦਾਰ ਵੀ ਕਈ ਵੇਰ ਕਾਲ ਦੇ ਸਮੇਂ, ਦਾਣੇ ਦਾਣੇ ਦੇ ਮੁਹਤਾਜ ਹੋ ਜਾਂਦੇ। ਉਹ ਦਸ ਦਸ ਮਣ ਤੱਕ ਕਣਕ, ਗੁਰੂ ਕੇ ਭੰਡਾਰ ਵਿੱਚੋਂ ਲੈ ਜਾਂਦੇ। ਫਸਲ ਲੱਗਣ ਤੇ ਮੋੜ ਜਾਂਦੇ। ਇਕ ਸਿੰਘ ਨੇ ਖੂਹ ਤੇ ਖਲੋਤਿਆਂ ਵੀ ਤਿਹਾਏ ਸਿੰਘ ਨੂੰ ਜਲ ਨਾ ਛਕਾਇਆ। ਗੁਰੂ ਜੀ ਨੇ ਉਸ ਨੂੰ ਤਾੜਿਆ ਕਿ ਜਲ ਤਾਂ ਕੋਈ ਗ਼ੈਰ ਨਾਮਧਾਰੀ ਵੀ ਮੰਗੇ ਤਾਂ ਪਿਆਉਣਾ ਚਾਹੀਦਾ ਹੈ। ਆਲਸ ਨਾ ਕਰੋ।

ਬੀਬੀ ਨੰਦਾਂ ਜਦੋਂ ਗੁਰੂ ਜੀ ਨੂੰ ਛਿੱਬੀਆਂ ਦੇਵੇ ਤਾਂ ਬੋਲੇ- "ਬਾਗਾਂ ਦੇ ਮਾਲੀ ਤੁਰ ਗਏ ਤੋਤੇ ਕਰਨ ਬਹਾਰਾਂ।" ਗੁਰੂ ਹਰੀ ਸਿੰਘ ਜੀ ਨੇ ਸਤਿਗੁਰੂ ਜੀ ਨੂੰ ਰੰਗੂਨ ਪੱਤਰਿਕਾ ਭੇਜੀ ਕਿ ਬੀਬੀ ਇਉਂ ਆਖਦੀ ਹੈ। ਸਤਿਗੁਰੂ ਜੀ ਨੇ ਇਸ ਦੇ ਜੁਆਬ ਵਿੱਚ ਬੀਬੀ ਨੂੰ ਲਿਖ ਕੇ ਹੁਕਮਨਾਮਾ ਭੇਜਿਆ-

"ਕਿ ਬੀਬੀ ਬਾਗ ਹੀ ਨਹੀਂ ਸੀ ਰਹਿਣਾ। ਭਾਈ ਹਰੀ ਸਿੰਘ ਕੀ ਮੂਰਤੀ ਕਰਕੇ ਟੁੰਡ ਮੁੰਡ ਰਹਿ ਗਿਆ ਹੈ ਨਹੀਂ ਤੇ ਬਾਗ ਹੀ ਸੁਕ ਜਾਣਾ ਸੀ। ਬੀਬੀ ਤੂੰ ਲੜਿਆ ਨਾ ਕਰ। ਤੈਨੂੰ ਚੰਗਾ ਸੁਖ ਬਣਿਆ ਹੋਇਆ ਹੈ। ਨਹੀਂ ਤੂੰ ਆਪਣੇ ਪਿੰਡ ਵੱਲ ਵੇਖ ਲੈ ਤੁਹਾਡੇ ਸ਼ਰੀਕੇ ਕਾ ਕੀ ਹਾਲ ਹੈ। ਸਤਿਗੁਰਾਂ ਏਹ ਭੀ ਲਿਖ ਕੇ ਭੇਜਿਆ ਕਿ ਪਾਣੀ ਪੁਲਾਂ ਹੇਠ ਦੀ ਲੰਘਣਾ ਹੈ। ਪ੍ਰਸ਼ਾਦਾ ਛਕੀ ਜਾ ਨਹੀਂ ਤਾਂ ਚਲੀ ਜਾ ਆਪਣੇ ਪਿੰਡ।"[100]

**ਵਿੱਦਿਆ ਪੜੋ-**

ਸਾਹਿਬਜ਼ਾਦਾ ਗੁਰਦਿਆਲ ਸਿੰਘ ਜੀ ਚਾਰ ਸਾਲ ਦੀ ਉਮਰ ਵਿੱਚ ਮਿੱਟੀ ਦੇ ਖਿਡਾਉਣਿਆਂ ਨਾਲ ਖੇਡਦੇ। ਕਦੇ ਕਦੇ ਮੂੰਹ ਵਿੱਚ ਵੀ ਪਾ ਲੈਂਦੇ। ਗੁਰੂ ਜੀ ਨੇ ਕਿਹਾ ਇਹ ਖਿਡਾਉਣੇ ਸੁੱਟ ਦਿਉ ਅਤੇ ਅੱਖਰ ਪੜ੍ਹੋ। ਤਤਕਾਲ ਬਚਨ ਮੰਨਿਆ। ਖਿਡਾਉਣੇ ਸੁੱਟ ਦਿੱਤੇ। ਵਿੱਦਿਆ ਪੜ੍ਹਨ ਲੱਗੇ। ਮਹਾਰਾਜ ਗੁਰਦਿਆਲ ਸਿੰਘ ਜੀ ਵੱਡੇ ਹੋ ਕੇ

ਪੰਜਾਬੀ ਤੋਂ ਇਲਾਵਾ ਅੰਗਰੇਜ਼ੀ, ਉਰਦੂ, ਫਾਰਸੀ, ਹਿੰਦੀ ਆਦਿ ਭਾਸ਼ਾਵਾਂ ਦੇ ਵੱਡੇ ਗਿਆਤਾ ਹੋਏ ਹਨ। ਉਹਨਾਂ ਦੀ ਵਿੱਦਿਆ ਪਰਾਪਤੀ ਦੀ ਲਗਨ ਪਿੱਛੇ ਪਿਤਾ-ਗੁਰੂ ਜੀ ਦੀ ਪ੍ਰੇਰਣਾ ਝਲਕਦੀ ਹੈ।

ਭਾਈ ਨਿਧਾਨ ਸਿੰਘ ਮਜ਼ਬੀ ਸਿੰਘ ਕਿਸੇ ਇਲਾਕੇ ਵਿੱਚੋਂ ਉੱਜੜ ਕੇ ਆਏ। ਗੁਰੂ ਜੀ ਨੇ ਆਦਰ ਸਤਿਕਾਰ ਕਰਕੇ ਭੈਣੀ ਸਾਹਿਬ ਵਿੱਚ ਟਿਕਾਏ ਤੇ ਫੁਰਮਾਇਆ- "ਸਤਿਗੁਰੂ ਜੀ ਦਾ ਇਹ ਘਰ, ਨਿਆਸਰਿਆਂ ਦਾ ਆਸਰਾ ਹੈ।"

## ਗੁਰੂ ਹਰੀ ਸਿੰਘ ਜੀ ਦਾ ਨਿੱਤ ਕਰਮ-

"ਗੁਰੂ ਹਰੀ ਸਿੰਘ ਜੀ ਜਪੁ, ਜਾਪ ਕਾ ਪਾਠ ਸੰਚੀ ਉਤੋਂ ਕਰਨਾ। ਆਸਾ ਕੀ ਵਾਰ ਕਾ ਭੀ ਕਰਨਾ। ਸਵੇਰੇ ਦੋ ਬਜੇ ਇਸ਼ਨਾਨ ਕਰਨਾ ਤੇ ਰਾਗੀ ਸਿੰਘ ਆਸਾ ਦੀ ਵਾਰ ਲੌਂਦੇ ਹੈਂ ਰੋਜ ਨੇਮ ਨਾਲ। ਧਰਮ ਰੀਤੀ ਸਾਰੀ ਪੂਰੀ ਹੈ। ਅੱਠੇ ਪਹਿਰ ਨਾਮ ਕੀ ਧੁਨ ਲਗੀ ਰਹਿੰਦੀ ਹੈ। ਹਰੀ ਜੱਸ ਹੁੰਦਾ ਰਹਿੰਦਾ ਹੈ। ਪਿਛਲੇ ਪੈਹਰ ਭਾਈ ਨਰੈਣ ਸਿੰਘ ਜੀ ਸੂਰਜ ਪ੍ਰਕਾਸ਼ ਕੀ ਕਥਾ ਕਰਦੇ ਹੈਂ। ਰਾਤ ਕੋ ਫਿਰ ਦੀਵਾਨ ਲੱਗਦਾ ਹੈ। ਸਿੰਘ ਹੱਲੇ ਕੇ ਸ਼ਬਦ ਪੜ੍ਹਦੇ ਹੈਂ। ਸਵਾ ਪਹਿਰ ਸੇ ਫਿਰ ਮਸਤਾਨ ਸਿੰਘ ਮਸਤਾਨਾ ਹੋਇਕੇ ਆਸਾ ਦੀ ਵਾਰ ਲਾਮਦਾ ਹੈ।"[101]

## ਪਰਚਾਰ ਦੌਰਾ ਅੰਮ੍ਰਿਤਸਰ ਦੀਵਾਲੀ ਬਾਦ - ੧੯੦੧ ਈ.-

ਗੁਰੂ ਜੀ ਨੂੰ ਚਾਰ ਮਹੀਨੇ ਦੀ ਛੁੱਟੀ ਦੌਰਾ ਕਰਨ ਲਈ ਮਿਲੀ। ਦੀਵਾਲੀ ਲੰਘੀ ਤੋਂ ਬਾਅਦ ਅੰਮ੍ਰਿਤਸਰ ਜਾ ਉੱਤਰੇ। ਬਹੁਤ ਸੰਗਤ ਆਈ। ਦੀਵਾਨ ਲੱਗੇ। ਘਰ ਘਰ ਚਰਨ ਪਾਏ।

## ਕੂਕਾ ਝੂਠ ਨਹੀਂ ਬੋਲਦਾ-

ਚੁਗਾਵੇਂ ਦੇ ਨਿਹਾਲ ਸਿੰਘ ਨੇ ਕਿਸੇ ਦੀ ਮਾਇਆ ਦੇਣੀ ਸੀ। ਕਚਹਿਰੀ ਵਿੱਚ ਲਹਿਣੇਦਾਰ ਨੇ ਮੁਕੱਦਮਾ ਕੀਤਾ। ਨਿਹਾਲ ਸਿੰਘ ਮੁੱਕਰ ਗਿਆ ਕਿ ਮੈਂ ਨਹੀਂ ਲਈ ਰਕਮ। ਅਰਜ਼ੀ ਖਾਰਜ ਹੋਈ। ਗੁਰੂ ਹਰੀ ਸਿੰਘ ਜੀ ਦੇ ਪਾਸ ਕਹਿਣ ਲੱਗਾ- ਜੀ ਮੈਥੋਂ ਝੂਠ ਬੋਲਿਆ ਗਿਆ ਹੈ। ਗੁਰੂ ਜੀ ਬਚਨ ਕੀਤਾ- ਕਾਲਾ ਮੂੰਹ ਕਰਕੇ ਉਸੇ ਕਚਹਿਰੀ ਵਿੱਚ ਜਾ ਕੇ ਕਹੁ ਕਿ ਮੈਥੋਂ ਝੂਠ ਆਖਿਆ ਗਿਆ ਹੈ। ਰਕਮ ਮੈਂ ਦੇਣੀ ਹੈ। ਸਤਿਗੁਰੂ ਰਾਮ ਸਿੰਘ ਜੀ ਦਾ ਹੁਕਮ ਯਾਦ ਕਰਾਇਆ- "ਲੈਣਾ ਲੈ ਕੇ ਨਾ ਦੇਣਾ ਚੋਰੀ ਧਾੜੇ ਸੇ ਭੀ ਬਡਾ ਪਾਪ ਹੈ।" ਨਿਹਾਲ ਸਿੰਘ ਨੇ ਉਵੇਂ ਹੀ ਕੀਤਾ। ਹਾਕਮ ਨੇ ਆਖਿਆ ਕਿ ਹੁਣ ਕਿਉਂ ਮੰਨਦਾ ਹੈਂ। ਉਸ ਕਿਹਾ- ਮੇਰੇ ਗੁਰੂ ਦਾ ਹੁਕਮ ਹੈ। ਹਾਕਮ ਨੂੰ ਵੀ ਕਹਿਣਾ ਪਿਆ ਧੰਨ ਹਨ ਗੁਰੂ ਹਰੀ ਸਿੰਘ।[102] ਅੰਗਰੇਜ਼ ਨੇ ਲਿਖਿਆ- "ਕੂਕਾ ਝੂਠ ਨਹੀਂ ਬੋਲਦਾ।"

ਮੀਰਾਂਕੋਟ, ਲੋਪੋਕੇ, ਮੁਹਾਵਾ, ਚੇਲੇਕੇ ਹੁੰਦੇ ਹੋਏ ਨਾਰਲੀ ਗਏ। ਬਾਬਾ ਬਘੇਲ ਸਿੰਘ ਬੀਮਾਰ ਸੀ, ਸਤਿਗੁਰੂ ਜੀ ਦੇ ਦਰਸ਼ਨ ਕਰਕੇ ਰਾਜੀ ਹੋਇਆ। ਇੱਥੋਂ ਭਿੱਖੀਵਿੰਡ

ਹੁੰਦੇ ਵਲਟੋਹੇ ਗਏ। ਇੱਥੇ ਬਾਬਾ ਮੇਵਾ ਸਿੰਘ ਪਾਸ ਇਕ ਸੋਟੀ ਨੂੰ ਚਾਰ ਕੁ ਉਂਗਲ ਪੱਤਰੀ ਲੱਗੀ ਸੀ, ਛਵੀ ਵਰਗੀ। ਇਤਨੇ ਤੇ ਹੀ ਉਸ ਸਿੰਘ ਨੂੰ ਥਾਣੇ ਲੈ ਜਾ ਕੇ ਨਜਾਇਜ਼ ਛਵੀ ਰੱਖਣ ਦਾ ਮੁਕੱਦਮਾ ਬਣਾ ਦਿੱਤਾ। ਪਿੰਡ ਦੇ ਸਿੰਘਾਂ ਨੇ ਜ਼ਮਾਨਤ ਤੇ ਛੁਡਾਇਆ। ਬਾਅਦ ਵਿੱਚ ਮੁਕੱਦਮਾ ਚਲਾ ਕੇ, ਤਿੰਨ ਮਹੀਨੇ ਦੀ ਕੈਦ ਤੇ ਪੱਚੀ ਰੁਪੈ ਜੁਰਮਾਨਾ ਕੀਤਾ। ਗੁਰੂ ਹਰੀ ਸਿੰਘ ਜੀ ਸੁਣਕੇ ਬਚਨ ਕੀਤਾ– "ਬੇਗੁਨਾਹ ਸਿੰਘ ਨੂੰ ਕੈਦ ਕੀਤਾ ਹੈ, ਬੇ ਅਦਾਲਤੀਆਂ ਕਰਦੇ ਹੈਂ। ਗੁਰੂ ਏਨਾਂ ਕੀਆਂ ਜੜ੍ਹਾਂ ਪੁੱਟੇਗਾ।"[103]

ਮਰਹਾਣੇ ਪਿੰਡ ਵਿੱਚ ਸੰਤ ਭਗਵਾਨ ਸਿੰਘ ਅੜਬੰਗੀ ਦਾ ਪੁੱਤਰ ਚੜ੍ਹਾਈ ਕਰ ਗਿਆ। ਉਸੇ ਹਾਲਤ ਵਿੱਚ ਲੰਗਰ ਕੀਤਾ। ਫਿਰ ਹਰੀਕੇ ਪੱਤਣ ਤੋਂ ਛੇ ਘੋੜੀਆਂ, ਦੋ ਘੋੜੇ ਅਤੇ ਇਕ ਗੱਡੇ ਸਣੇ ਗੁਰੂ ਜੀ ਅਤੇ ਸੰਗਤ ਤਿੰਨ ਬੇੜੀਆਂ ਦੁਆਰਾ ਦਰਿਆ ਪਾਰ ਕਰਕੇ, ਲਹੁਕੇ ਵਿਖੇ ਗਏ।

## ਫੀਰੋਜ਼ਪੁਰ ਦਾ ਦੌਰਾ-

ਪੋਹ ਦੇ ਮਹੀਨੇ ਗਾਦੜੀ ਵਾਲਾ ਵਿਖੇ ਨੱਥਾ ਸਿੰਘ ਨੂੰ ਦਰਸ਼ਨ ਦਿੱਤੇ, ਉਹ ਵੀ ਬੀਮਾਰ ਸੀ। ਇੱਥੋਂ ਮਸੂਰਵਾਲ ਗਏ। ਦੋ ਦਿਨ ਰੋਡੇ ਰਹੇ। ਭਾਣੇ ਹੋ ਕੇ, ਦੋ ਦਿਨ ਫੀਰੋਜ਼ਪੁਰ ਸ਼ਹਿਰ ਵਿਖੇ ਰੁਕੇ। ਇਕ ਦਿਨ ਝੋਕ (ਹਰੀ ਹਰ), ਫਿਰ ਝਾੜੀ ਵਾਲੇ ਹੁੰਦੇ ਹੋਏ, ਮੁਕਤਸਰ। ਮਹੰਤ ਖਜ਼ਾਨ ਸਿੰਘ ਧਰਮਸ਼ਾਲਾ ਵਿੱਚ ਸੀ। ਸ਼ਰਧਾ ਸਤਕਾਰ ਨਾਲ ਨਾ ਮਿਲ ਸਕਿਆ। ਗੁਰੂ ਜੀ ਤੁਰਤ ਕੂਚ ਦਾ ਹੁਕਮ ਦਿੱਤਾ। ਬਾੜਿਆਂ ਵਾਲੀ ਤੋਂ ਸੋਥੇ ਹੁੰਦੇ, ਰੁਪਾਣੇ ਆਏ। ਇੱਥੇ ਬਾਬਾ ਦਰਬਾਰਾ ਸਿੰਘ ਰਾਇਪੁਰੀਆ ਥੋੜ੍ਹਾ ਕੁ ਢਿੱਲਾ ਹੋ ਕੇ ਚੜ੍ਹਾਈ ਕਰ ਗਿਆ, ੧੯੦੧ ਈ, ਦੇ ਜਨਵਰੀ ਮਹੀਨੇ। ਬਾਬਾ ਜੀ ਦਾ ਮਰਿਆਦਾ ਪੂਰਵਕ ਸਸਕਾਰ ਕਰਕੇ, ਰੁਪਾਣੇ ਤੋਂ ਮੁਕਤਸਰ ਆ ਗਏ।

ਜਨਵਰੀ ੧੯੦੧ ਨੂੰ ਮਾਘੀ ਤੇ ਮੁਕਤਸਰ ਵਿਖੇ, ੧੮੦ ਗੁਰੂ ਗਰੰਥ ਸਾਹਿਬ ਦੇ ਸਹਿਜ ਪਾਠਾਂ ਦੇ ਭੋਗ ਪਾਏ। ਇਕ ਸਿੰਘ ਨੇ ਰੁਪੈਆ ਮੱਥਾ ਟੇਕਿਆ, ਜਗੀਰ ਸਿੰਘ ਮਲਕਾਣਾ ਧਨ ਵਾਲੇ। ਗੁਰੂ ਜੀ ਕਿਹਾ ਭਜਨ ਪੁੱਛ ਲੈ। ਉਸ ਭਜਨ ਨਾ ਪੁੱਛਿਆ। ਆਪ ਜੀ ਨੇ ਭੇਟਾ ਮੋੜ ਦਿੱਤੀ। ਦੋ ਦਿਨ (ਗੱਦਾਂ ਡੋਬ) ਗੁਰੂ ਸਰ, ਜੰਡ ਵਾਲਾ, ਫੱਕਰਸਰ, ਖਾਨੇਵਾਲਾ ਹੁੰਦੇ ਸੇਖੀਂ ਗਏ। ਇੱਥੇ ਜਗਦੀਸ਼ ਸਿੰਘ ਨੂੰ ਗੁਰੂ ਜੀ ਕਿਹਾ– "ਜੰਗੀ ਭਜਨ ਜਿਹੜਾ ਕਹਿੰਦੇ ਸਉ ਸਾਨੂੰ ਦੱਸੋ ?" ਉਸ ਕਿਹਾ– "ਜੀ ਮੈਨੂੰ ਤਾਂ ਤੁਹਾਡੇ ਹੀ ਘਰੋਂ ਖ਼ੈਰ ਪਿਆ ਹੈ। ਉਹੀ ਮੈਂ ਅੱਗੇ ਵਰਤਾਈ ਜਾਂਦਾ ਹਾਂ।"

## ਹਰਨਾਮ ਸਿੰਘ ਬੁੱਟਰ ਦਾ ਮਾਨ ਤੋੜਨਾ-

ਬੁੱਟਰ ਪਿੰਡ ਵਿੱਚ ਸੰਤ ਹਰਨਾਮ ਸਿੰਘ ਨਾਂ ਦਾ ਨਾਮਧਾਰੀ ਸਿੱਖ ਵੀ ਇੱਕ ਮੰਜੀ ਮੱਲ ਕੇ ਆਪਣੀ ਪ੍ਰਤਿਭਾ ਦਾ ਮੁੱਲ ਵੱਟ ਰਿਹਾ ਸੀ। ਉਸ ਦਾ ਚੇਲਾ ਬਹਾਦਰ ਸਿੰਘ ਸੀ। ਗੁਰੂ ਹਰੀ ਸਿੰਘ ਜੀ ਦੇ ਦਰਸ਼ਨ ਕਰਕੇ ਬਹਾਦਰ ਸਿੰਘ ਤਾਂ ਸੋਝੀਵਾਨ ਹੋ ਗਿਆ। ਉਸ ਮੱਝ ਸਮੇਤ ਕੁਝ ਪਸ਼ੂ, ਗੁਰੂ ਹਰੀ ਸਿੰਘ ਜੀ ਨੂੰ ਮੱਥਾ ਟੇਕ ਦਿੱਤੇ। ਗੁਰੂ ਜੀ ਪਸ਼ੂ ਉਸ ਦੇ ਕੋਲ ਰੱਖਣ ਦਾ ਹੁਕਮ ਦਿੱਤਾ। ਹਰਨਾਮ ਸਿੰਘ ਦਾ ਆਭਾ ਮੰਡਲ ਵੀ ਜਲਦੀ ਅਲੋਪ

ਹੋ ਗਿਆ। ਕੋਠੇ ਹੁੰਦੇ ਹੋਏ ਆਪ ਖੇਮੋਆਣੇ ਆਏ। ਇੱਥੋਂ ਮਾਈਸਰ ਖਾਨੇ (ਰਿਆਸਤ ਪਟਿਆਲਾ) ਵਿੱਚ ਗਏ, ਸਿੰਘ ਤਾਂ ਵਰਜਦੇ ਸਨ ਕਿ ਦੂਜੇ ਇਲਾਕੇ ਵਿੱਚ ਨਾ ਜਾਈਏ। ਸੰਤ ਸਿੰਘ ਨਾਮਧਾਰੀ ਦੇ ਘਰ ਪਹਿਲਾਂ ਗਏ। ਫਿਰ ਮਾਈ ਅਤਰੀ ਦੇ ਡੇਰੇ ਤੇ ਵੀ ਗਏ ਪਰ ਉਹ ਸੇਵਾ ਭਾਵ ਤੋਂ ਖਾਲੀ ਮਿਲੀ।

ਮੌੜਿਆਂ ਵਾਲੀ (ਹਲਕਿਆਂ ਵਾਲੀ) ਭੂਪ ਸਿੰਘ ਦਰਜ਼ੀ ਪ੍ਰੇਮੀ ਸਿੱਖ ਸੀ, ਇਸਨੇ ਸਾਰੀ ਜ਼ਮੀਨ ਗੁਰਦੁਆਰੇ ਨੂੰ ਅਰਦਾਸ ਕਰਵਾ ਦਿੱਤੀ ਸੀ। ਸਿੰਘ ਨੇ ਪ੍ਰੇਮ ਨਾਲ ਟਹਿਲ ਕੀਤੀ। ਅਤਰੀ ਦੇ ਵਿਹਾਰ ਤੋਂ ਮਾਈਸਰ ਖਾਨੇ ਦੇ ਦੋ ਸਿੰਘਾਂ ਨੇ ਅਫਸੋਸ ਕੀਤਾ। ਉਹਨਾਂ ਗੁਰੂ ਜੀ ਨੂੰ ਦੱਸਿਆ ਕਿ ਜਿਸ ਖਾਨੇ ਜੱਟ ਨੇ ਪਿੰਡ ਬੱਧਾ ਸੀ, ਉਹਦੇ ਕੋਲ ਜਲ ਦਾ ਕੁੰਡ ਸੀ। ਜਦੋਂ ਗੁਰੂ ਤੇਗ ਬਹਾਦਰ ਜੀ ਇਧਰ ਆਏ ਤਾਂ ਉਹਨਾਂ ਦੇ ਘੋੜੇ ਤੇ ਸਿੱਖਾਂ ਨੂੰ ਪਾਣੀ ਦੇਣ ਤੋਂ ਮੁੱਕਰ ਗਿਆ। ਉਹਨਾਂ ਸਰਾਫ ਦਿੱਤਾ– "ਜਾ ਉਏ ਖਾਨਿਆ ਪਾਣੀਉਂ ਪਤਲਿਆ।" ਤੇ ਹੁਣ ਅਤਰੀ ਨੇ ਆਪ ਦੀ ਸੰਗਤ ਦਾ ਨਿਰਾਦਰ ਕੀਤਾ ਹੈ, ਕਿਤੇ ਫਿਰ ਪਿੰਡ ਸਰਾਫਿਆ ਨਾ ਜਾਏ, ਵਾਪਸ ਚੱਲੋ। ਗੁਰੂ ਜੀ ਨੇ ਕਿਹਾ ਹੁਣ ਜਾਇਆ ਨਹੀਂ ਜਾਂਦਾ ਪਰ ਅਸੀਂ ਪਿੰਡ ਤੇ ਰਾਜੀ ਹਾਂ। ਭੂਪ ਸਿੰਘ ਪਾਸ ਰਾਤ ਕੱਟ ਕੇ, ਮੰਡੀ ਕਲਾਂ, ਗਿੱਲ ਆਦਿ ਪਿੰਡਾਂ ਵਿੱਚੋਂ ਹੁੰਦੇ ਹੋਏ ਵਾਪਸ ਭੈਣੀ ਸਾਹਿਬ ਜਾ ਟਿਕੇ।[104]

**ਸਤਿਗੁਰ ਮੇਰਾ ਲੋੜੀਦਾ-**

"ਏਕ ਸਿੰਘ ਨੇ ਅਰਜ਼ ਕੀਤੀ ਜੀ ਮੇਰੇ ਸੰਬੰਧੀਆਂ ਦੇ ਬਿਆਹ ਹੈ। ਮੈਂ ਜਾਮਾਂ ਕਿ ਨਾ ਜਾਮਾਂ। ਬਚਨ ਕੀਤਾ– ਧੁਆਡੀ ਨਹੀਂ ਕਿਸੇ ਨਾਲ ਬਨਦੀ। ਨਾਲੇ ਤੁਸੀਂ ਪੜਦੇ ਹੁੰਦੇ ਹੋ– "ਸਤਿਗੁਰ ਮੇਰਾ ਲੋੜੀਦਾ। ਸਭ ਕੁੜਮ ਕਬੀਲਾ ਤੋੜੀਦਾ।"

ਗੁਰੂ ਜੀ ਦੇ ਦੌਰੇ ਪਿੱਛੋਂ ਹਵਾਲਦਾਰ ਨੇ ਡੇਰੇ ਦੇ ਬੂਹੇ ਅੱਗੇ, ਸਾਰੰਗੀ ਵਾਲੇ ਨੂੰ ਸੱਦ ਕੇ ਅਖਾੜਾ ਲੁਆਇਆ। ਸਿੰਘਾਂ ਨੇ ਇਤਰਾਜ਼ ਕੀਤਾ ਤਾਂ ਉਸ ਡੇਰੇ ਵਿੱਚੋਂ ਮਨਜ਼ੂਰੀ ਤੋਂ ਵੱਧ ਰਹਿਣ ਵਾਲੇ ਸਿੰਘ ਕੱਢਣੇ ਸ਼ੁਰੂ ਕੀਤੇ। ੧੪ ਫਰਵਰੀ ੧੯੦੧ ਨੂੰ ਗੁਰੂ ਜੀ ਦੀ ਪੁੱਤਰੀ ਬੀਬੀ ਭਾਗੋ ਦੇ ਘਰ ਨੂੰ ਜਿੰਦਰਾ ਲਾ ਕੇ, ਪਹਿਰਾ ਬੈਠਾ ਦਿੱਤਾ। ਦਿਨ ਚੜ੍ਹੇ ਤਲਾਸ਼ੀ ਲਈ ਤਾਂ ਕੁਝ ਨਾ ਨਿਕਲਣ ਤੇ ਸਣੇ ਮੁਖਬਰ ਸ਼ਰਮਿੰਦੇ ਹੋਏ।

**ਗੁਰੂ ਹਰੀ ਸਿੰਘ ਜੀ ਦਾ ਪਹਿਲਾ ਹੋਲਾ ਮਹੱਲਾ - ਸੱਦੋਵਾਲ ੧੯੦੧ ਈ.-**

ਨਾਮਧਾਰੀ ਸੰਗਤ ਵਿੱਚ ਹੋਲੇ ਮਹੱਲੇ ਦੀ ਪਰੰਪਰਾ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਤੋਂ ਚਲੀ ਆਉਂਦੀ ਹੈ। ਮੌਖਿਕ ਪਰੰਪਰਾ ਅਨੁਸਾਰ ਸਤਿਗੁਰੂ ਰਾਮ ਸਿੰਘ ਜੀ ਨੇ ਪਹਿਲਾ ਹੋਲਾ ਮਹੱਲਾ, ੧੮੬੬ ਈ. ਵਿੱਚ ਸ੍ਰੀ ਭੈਣੀ ਸਾਹਿਬ ਮਨਾਇਆ ਸੀ। ਫਿਰ ੧੮੬੭ ਤੋਂ ੧੮੭੧ ਈ. ਤੱਕ ਪੰਜ ਹੋਲੇ ਕ੍ਰਮਵਾਰ ਅਨੰਦਪੁਰ ਸਾਹਿਬ, ਭੈਣੀ ਸਾਹਿਬ, ਮਾਨਾਂਵਾਲਾ, ਫਿਰ ਅਨੰਦਪੁਰ ਸਾਹਿਬ ਅਤੇ ਖੋਟੇ (ਫ਼ੀਰੋਜ਼ਪੁਰ) ਵਿਖੇ ਹੋਏ ਸਨ। ਇਹ ਹੋਲੇ ਮਹੱਲੇ ਨਾਮਧਾਰੀ ਪੰਥ ਦਾ ਸਾਲਾਨਾ ਇਕੱਠ ਹੁੰਦੇ ਸਨ। ਜਿਸ ਵਿੱਚ ਬੀਤੇ ਵਰ੍ਹੇ ਦੀਆਂ ਸਰਗਰਮੀਆਂ ਦਾ ਜਾਇਜ਼ਾ ਲੈ ਕੇ, ਭਵਿੱਖੀ ਕਾਰਜ ਕਰਮ ਤਹਿ ਕੀਤੇ ਜਾਂਦੇ

ਸਨ। ਇਹ ਸਮੁੱਚੇ ਪੰਥ ਦਾ ਇੱਕ ਤਰ੍ਹਾਂ ਦਾ ਜਨਰਲ ਇਜਲਾਸ ਹੁੰਦਾ ਸੀ ਜਿਸ ਵਿੱਚ, ਹਰ ਸ਼ਹਿਰ, ਪਿੰਡ, ਪਰਿਵਾਰ ਵਿੱਚੋਂ, ਕੂਕਿਆਂ ਦੀ ਵੱਸੋਂ ਦੇ ਪ੍ਰਤੀਨਿਧ ਹਿੱਸੇ ਸ਼ਾਮਲ ਹੁੰਦੇ ਸਨ। ਗੁਰੂ ਹਰੀ ਸਿੰਘ ਜੀ ਦੇ ਸਮੇਂ ਵਿੱਚ ਵੀ ਛੇ ਹੋਲੇ ਮਹੱਲੇ ਮਨਾਏ ਜਾਣ ਦਾ ਜ਼ਿਕਰ ਹੈ। ਜਿਹੜੇ ੧੯੦੧ ਈ. ਤੋਂ ੧੯੦੬ ਈ. ਤੱਕ ਹੋਏ। ਇਸ ਤੋਂ ਪਹਿਲਾਂ ਹੋਲੇ ਮਹੱਲੇ ਦੇ ਰੂਪ ਵਿੱਚ ਛੋਟੇ ਛੋਟੇ ਸਥਾਨਕ ਪੱਧਰ ਤੇ ਇਕੱਠ, ਨਾਮਧਾਰੀ ਸੰਗਤ ਵੱਖ ਵੱਖ ਇਲਾਕਿਆਂ ਵਿੱਚ ਕਰਦੀ ਰਹੀ ਸੀ ਪਰ ਗੁਰੂ ਹਰੀ ਸਿੰਘ ਜੀ ਨੂੰ ਇਸ ਵੱਡੇ ਉਤਸਵ ਲਈ ਮਨਜ਼ੂਰੀ ਨਾ ਮਿਲਣ ਸਦਕਾ, ਉਹ ਇਸ ਤਰ੍ਹਾਂ ਦੇ ਕਿਸੇ ਹੋਲੇ ਮੇਲੇ ਵਿੱਚ ਸ਼ਾਮਲ ਨਹੀਂ ਹੋ ਸੱਕੇ। ਵੀਹਵੀਂ ਸਦੀ ਦੇ ਪਹਿਲੇ ਵਰ੍ਹੇ ਵਿੱਚ ਹੀ ਬ੍ਰਿਟਿਸ਼ ਸਰਕਾਰ ਨੇ ਆਪ ਜੀ ਨੂੰ ਦੋ ਮਹੀਨੇ ਦੀ ਛੁੱਟੀ ਦੇ ਕੇ, ਸੱਦੋਵਾਲ ਦੇ ਹੋਲੇ ਤੇ ਆਪ ਜੀ ਦੇ ਦਰਸ਼ਨ, ਸੰਗਤ ਨੂੰ ਕਰਵਾਉਣ ਦੀ ਸੁਵਿਧਾ ਦਿੱਤੀ।

ਪਿੰਡ ਸੱਦੋਵਾਲ ਪਿਛਲੇ ਜ਼ਿਲ੍ਹਾ ਸਿਆਲਕੋਟ ਵਿੱਚੋਂ ਉੱਠਕੇ, ਲਾਇਲਪੁਰ ਜ਼ਿਲ੍ਹੇ ਦੀ ਨਵੀਂ ਅਬਾਦ ਬਾਰ ਵਿੱਚ ਵੱਸਿਆ ਸੀ। ਹੋਲਾ ਸਾਉਣ ਸਿੰਘ ਤੇ ਮਿੱਤ ਸਿੰਘ ਸੱਦੋਵਾਲੀਏ ਨੇ ਕਰਵਾਇਆ ਸੀ। ਗੁਰੂ ਹਰੀ ਸਿੰਘ ਜੀ ਪਾਸ ਹੋਲੇ ਤੇ ਦਰਸ਼ਨ ਦੇਣ ਦੀ ਅਰਜ਼ ਦੀ ਚਿੱਠੀ ਬਾਬਾ ਮਿੱਤ ਸਿੰਘ ਜਿਊਣ ਭਿੰਡਰ ਨੇ ਭੇਜੀ ਸੀ। ਕੇਂਦਰੀ ਤੇ ਪੱਛਮੀ ਪੰਜਾਬ ਦੀ ਬਹੁਤ ਸਾਰੀ ਨਾਮਧਾਰੀ ਸੰਗਤ ਇਸ ਹੋਲੇ ਮਹੱਲੇ ਵਿੱਚ ਗੁਰੂ ਹਰੀ ਸਿੰਘ ਜੀ ਦੇ ਦਰਸ਼ਨ ਕਰਕੇ ਫੈਜ਼ਯਾਬ ਹੋਈ। ਬਾਬਾ ਸਾਉਣ ਸਿੰਘ ਬਾਰੇ ਸਤਿਗੁਰੂ ਪਰਤਾਪ ਸਿੰਘ ਜੀ ਦੇ ਉਪਦੇਸ਼ ਵਿੱਚ ਆਉਂਦਾ ਹੈ–

"ਭਾਈ ਸਾਉਣ ਸਿੰਘ ਜੀ ਸੱਦੋਵਾਲ ਬੜੇ ਮਹਾਂਪੁਰਸ਼ ਸਾਧੂ ਸੇ। ਸਾਰੇ ਲਾਇਲਪੁਰ ਦੇ ਜ਼ਿਲ੍ਹੇ 'ਚ ਇਕੋ ਹੀ ਬੰਦਾ ਜੰਮਿਆ ਸੀ, ਜਿਨ੍ਹੇ ਆਪਣੇ ਭਰਾਵਾਂ ਨੂੰ ਜ਼ਮੀਨ ਆਪਣੇ ਨਾਂ ਲੱਗੀ ਹੋਈ ਵੰਡ ਕੇ ਦਿੱਤੀ ਸੀ। ਨਹੀਂ ਲੋਕਾਂ ਨੇ, ਨਾਲ ਭਰਾ ਲਿਜਾ ਕੇ, ਜ਼ਮੀਨਾਂ ਆਬਾਦ ਕਰਾ ਕੇ, ਮਗਰੋਂ ਘਰਾਂ 'ਚੋਂ ਕੱਢ ਦਿੱਤੇ।"[105]

ਇਸ ਹੋਲੇ ਤੇ ਬਾਬਾ ਬੁੱਢਾ ਸਿੰਘ ਸਿੰਘ ਖਾਨਪੁਰੀਏ ਦੇ ਲੜਕੇ ਕਿਰਪਾਲ ਸਿੰਘ ਦਾ, ਪਾਲਾ ਸਿੰਘ ਕਿਆਮਪੁਰੀਏ ਦੀ ਲੜਕੀ ਨਾਲ, ਅਨੰਦ ਕਾਰਜ ਹੋਇਆ। ਸੱਦੋਵਾਲ ਤੋਂ ਬਾਬੇ ਦੇ ਪਿੰਡ ਖਾਨਪੁਰ ਲੰਗਰ ਕੀਤਾ। ੭੧ ਚੱਕ, ਰੁੜਕਾ ੬੬ ਚੱਕ ਹੋ ਕੇ, ਫਿਰ ਮੱਲੂਵਾਲ ਆਏ। ਮੱਲੂਵਾਲ ਦੀਵਾਨ ਦੇ ਵਿੱਚ ਕੁਝ ਸਿੰਘ ਸਭੀਏ ਆਏ। ਜਦੋਂ ਉਹਨਾਂ ਗੁਰੂ ਕੇ ਲੰਗਰ ਵਿੱਚੋਂ ਪਰਸ਼ਾਦਾ ਨਾ ਛਕਿਆ ਤਾਂ ਘਰ ਵਾਲੇ ਸਿੰਘ ਨੇ ਰਸਦ ਦੇ ਦਿੱਤੀ। ਉਹਨਾਂ ਨੇ ਆਪਣਾ ਬਣਾ ਕੇ ਛਕ ਲਿਆ। ਦਿਆਲ ਸਿੰਘ ਵਾਲੇ ਵਿੱਚ ਇੱਕ ਅਨਦਾੜ੍ਹੀਆ ਚੋਰ, ਪਾਹੁਲ ਲੈਣ ਦੇ ਬਹਾਨੇ ਆਇਆ। ਉਹਦੀ ਅੱਖ ਘੋੜੇ ਘੋੜੀਆਂ ਤੇ ਸੀ। ਸਿੰਘਾਂ ਨੇ ਤਾੜ ਕੇ ਉਸਨੂੰ ਭਜਾ ਦਿੱਤੀ। ਇਸ ਤੋਂ ਬਾਅਦ ਲਾਇਲਪੁਰ ਸ਼ਹਿਰ ਪੁੱਜੇ। ਬਾਜ਼ਾਰ ਵਿੱਚੋਂ ਘੋੜੀ ਕੁੱਲੀ ਜਿਸ ਤੇ ਗੁਰੂ ਜੀ ਸਵਾਰ ਸਨ ਸਿਰ ਤੋੜ ਘੋੜੀ ਛੱਡੀ। ਸੰਗਤ ਨਾਲ ਹੀ। ਲੋਕ ਪੁੱਛਣ ਕਿਸ ਜਗ੍ਹਾ ਦਾ ਰਾਜਾ ਹੈ। ਸਿੰਘਾਂ ਨੇ ਦੱਸਿਆ ਕਿ ਸ੍ਰੀ ਭੈਣੀ ਸਾਹਿਬ ਤੋਂ ਸਤਿਗੁਰੂ ਰਾਮ ਸਿੰਘ ਜੀ ਦੇ ਛੋਟੇ ਭਾਈ ਹਨ–ਗੁਰੂ ਹਰੀ ਸਿੰਘ ਜੀ। ਦਰਸ਼ਨ ਕਰਕੇ ਲੋਕ ਨਿਹਾਲ ਹੋਏ। ਲਾਇਲਪੁਰੋਂ ਹੋ ਕੇ ਬੱਲ ਪਿੰਡ ਪੁੱਜੇ,

ਈਸ਼ਰ ਸਿੰਘ ਦੇ ਘਰ। ਇੱਥੇ ਭਗਵਾਨ ਸਿੰਘ ਸੱਦੋਵਾਲ ਅਤੇ ਲੱਖਾ ਸਿੰਘ ਟਪਿਆਲੇ ਦਾ, ਦੋ ਅਨੰਦ ਕਾਰਜ ਕੀਤੇ। ਖਿਆਲਾ, ਚੰਚਲ ਸਿੰਘ ਵਾਲਾ, ਢੋਟੀਆਂ, ਮਸੂਰੀ ਹੁੰਦੇ ਧਾਂਦਰੇ, ਜਿਊਣ ਸਿੰਘ ਪਾਸ ਆਏ। ਫਿਰ ਭੂਪਾਲ ਵਾਲਾ, ਗਿੱਲ (ਬਾਰ ਵਾਲੇ), ਮਹਿਮਦ ਵਾਲੀ, ਸਰਹਾਲੀ, ਰੱਤਾ ਚੋਆ ਅਤੇ ਮਾਨਾਂਵਾਲੇ ਦਰਸ਼ਨ ਦਿੱਤੇ। ਕਈ ਥਾਈਂ ਪੜਾਅ ਕੀਤੇ। ਗੋਬਿੰਦਗੜ੍ਹ ਮਜ਼੍ਹਬੀ ਸਿੰਘਾਂ ਦੇ ਪਿੰਡ ਆਏ। ਨਹਿਰ ਤੇ ਲੰਗਰ ਹੋਇਆ। ਦੀਵਾਨ ਪਿੰਡ ਦੀ ਧਰਮਸ਼ਾਲਾ ਵਿੱਚ ਲਾਇਆ। ਦੋ ਜੋੜਿਆਂ ਦੇ ਇੱਥੇ ਅਨੰਦ ਕਾਰਜ ਕੀਤੇ।

ਮਾਣੀਆਂ ਵਾਲਾ, ਬਹਾਲੀ ਕੇ ਨਿਹਾਲ ਸਿੰਘ ਪਾਸ, ਸੋਰੇ ਕਾ, ਬਲੱਗਣ, ਸ਼ੇਰ ਸਿੰਘ ਵਾਲਾ, ਸੰਤਾਂ ਵਾਲੀ ਸ੍ਰ. ਭਗਵਾਨ ਸਿੰਘ ਪਾਸ, ਵਰਨਾਂ ਵਿੱਚ ਬਾਬਾ ਬਲਾਕਾ ਸਿੰਘ ਮਹੰਤ ਦੇ ਪਾਸ, ਹਰਚੰਦ ਪਰਤਾਪ ਸਿੰਘ ਕੋਲ, ਉਗੰਦ ਮਹਾਂ ਸਿੰਘ ਪਾਸ, ਗਦਾਂ ਵਾਲਾ ਜਿਊਣ ਸਿੰਘ ਪਾਸ, ਫਿੱਲੋਕੇ ਬਾਬਾ ਭਗਵਾਨ ਸਿੰਘ ਪਾਸ, ਬੈਂਕਾ ਚੀਮਾ ਹੋ ਕੇ, ਗੁਜਰਾਂਵਾਲਾ ਸ੍ਰ. ਮਹਾਂ ਸਿੰਘ (ਪਿਤਾ ਮਹਾਰਾਜਾ ਰਣਜੀਤ ਸਿੰਘ) ਦੀ ਸਮਾਧ ਵਿੱਚ ਡੇਰਾ ਲਾਇਆ। 'ਜੱਸ-ਜੀਵਨ' ਕਰਤਾ ਸੰਤ ਤਰਨ ਸਿੰਘ ਵਹਿਮੀ ਦੇ ਦਾਦਾ, ਦਿਆਲ ਸਿੰਘ ਪਾਸ ਹਿੰਦੂ ਚੱਕ ਪੜਾਅ ਕੀਤਾ। ਸ਼ੇਰ ਸਿੰਘ ਲੰਬੜਦਾਰ ਕੋਲ ਸਹਿੰਸਰੇ ਟਿਕੇ। ਸ਼ੇਖੂਪੁਰਾ ਬੇਦਾਦ, ਕੁਠਾਲਾ, ਕਿਆਮਪੁਰ ਹੋ ਕੇ ਗੁਰੂ ਰਾਮ ਸਿੰਘ ਜੀ ਦੇ ਰੰਗੂਨ ਦਰਸ਼ਨ ਕਰਨ ਵਾਲੇ ਟਹਿਲ ਸਿੰਘ ਪਾਸ ਸੇਖਮ ਗਏ। ਮਤਾਬ ਸਿੰਘ ਪਾਸ ਸ਼ਾਹਦਰੇ ਰੁਕੇ। ਇੱਥੋਂ ਭੈਣੀ ਸਾਹਿਬੋਂ ਆਏ ਮਾਤਾ ਜਿਊਣ ਕੌਰ ਜੀ ਆ ਮਿਲੇ। ਮਾਨਾਂਵਾਲੇ ਵਿੱਚ ਸੰਗਤਾਂ ਨੂੰ ਨਿਹਾਲ ਕਰਕੇ ਅੱਗੇ ਤੁਰੇ। ਕਈਆਂ ਨੇ ਭਜਨ ਪੁੱਛਿਆ। ਗੁਜਰਾਂਵਾਲੇ ਅਮਰ ਸਿੰਘ, ਮਾਈ ਕੇਸਰੋ, ਮਾਈ ਧਨ ਦੇਈ ਦਾ ਲੰਗਰ ਸੀ, ਜਦੋਂ ਸਮਾਧ ਮਹਾਂ ਸਿੰਘ ਵਿੱਚ ਰਹੇ। ਅਮਰ ਸਿੰਘ ਕਹੇ ਕਿ ਇਕ ਦਿਨ ਹੋਰ ਰੁਕੋ। ਗੁਰੂ ਜੀ ਕਿਹਾ- ਤੁਸੀਂ ਗਰੀਬ ਸਿੱਖ ਹੋ। ਬੋਲਿਆ ਜੀ ਪਦਾਰਥ ਮਰਿਆਂ ਪਿੱਛੋਂ ਵੀ ਛੱਡ ਹੀ ਜਾਣਾ ਹੈ। ਸੰਤ ਖਾਲਸੇ ਦੇ ਮੂੰਹ ਪਏ ਦਾ ਬੜਾ ਪਰਤਾਪ ਹੈ। ਕੁਝ ਸੰਗਤ ਨੇ ਭਜਨ ਵੀ ਪੁੱਛਿਆ।

**ਦੁਨੀਆਂ ਦੇ ਮੇਲੇ ਨਾ ਵੇਖੋ-**

ਏਮਨਾਬਾਦ ਵੈਸਾਖੀ ਦਾ ਮੇਲਾ ਸੀ। ਸਾਹਿਬਜ਼ਾਦਿਆਂ ਨੇ ਵੀ ਜਾਣ ਦੀ ਛੁੱਟੀ ਮੰਗੀ। ਗੁਰੂ ਜੀ ਕਿਹਾ- ਪੈਰੀਂ ਤੁਰ ਕੇ ਜਾਉ ਤੇ ਮੇਲਾ ਵੇਖ ਕੇ ਵਾਪਸ ਦੌਰੇ ਵਿੱਚ ਨਾ ਆਉ। ਚਲੇ ਜਾਉ ਭੈਣੀ ਸਾਹਿਬ ਨੂੰ। ਸਾਹਿਬਜ਼ਾਦਾ ਪਰਤਾਪ ਸਿੰਘ ਨਿਹਾਲ ਸਿੰਘ ਨਾਂ ਗਏ। ਬਚਨ ਮੰਨ ਲਿਆ। ਜਿਹੜੇ ਗਏ ਉਹਨਾਂ ਨੂੰ ਸੌ ਮਾਲਾ ਭਜਨ ਦੀ ਲਾਈ ਕਿ ਦੁਨਿਆਵੀ ਰੰਗ ਤਮਾਸ਼ੇ ਨਾ ਵੇਖੋ। ਦੀਵਾਨ ਵਿੱਚ ਗੁਰੂ ਗਰੰਥ ਸਾਹਿਬ ਦੀ ਬਾਣੀ ਪੜ੍ਹੋ ਤੇ ਸੁਣੋ।

**ਭੋਗ ਬਾਬਾ ਦੇਵਾ ਸਿੰਘ ਲਾਹੌਰ-**

ਲਾਹੌਰ ਦੀ ਸੰਗਤ ਨਾਮਧਾਰੀ ਦਾ ਮੁਖੀ ਬਾਬਾ ਦੇਵਾ ਸਿੰਘ ੧੯੦੧ ਈ. ਅਪਰੈਲ ਵਿੱਚ ਚੜ੍ਹਾਈ ਕਰ ਗਿਆ ਸੀ। ਉਸ ਦੇ ਭੋਗ ਤੇ ਗੁਰੂ ਜੀ ਨੇ ਦਰਸ਼ਨ ਦਿੱਤੇ। ਉਸਦੀ ਜਗ੍ਹਾ ਉਸਦੇ ਵੱਡੇ ਪੁੱਤਰ ਸੰਤ ਸਿੰਘ ਨੂੰ ਮਹੰਤ ਥਾਪਿਆ। ਸਿੰਘਾਂ ਨੇ ਕਹਿਆ ਕਿ ਇਹ

ਝਾਂਸੀ ਵਿਹਾਰ ਕਰ ਕੇ ਚਲਾ ਜਾਂਦਾ ਹੈ। ਬਾਬੇ ਦੇ ਦੂਜੇ ਲੜਕੇ ਨੂੰ ਵੀ ਭਜਨ ਦੇਣ ਦਾ ਹੁਕਮ ਹੋਵੇ। ਗੁਰੂ ਜੀ ਨੇ ਭਗਤ ਸਿੰਘ ਨੂੰ ਵੀ ਨਾਮ ਦਾਨ ਦੇਣ ਦਾ ਅਧਿਕਾਰੀ ਥਾਪਿਆ। ਇਹ ਵੀ ਕਿਹਾ ਕਿ ਦੋਵੇਂ ਭਾਈ ਮਿਲਜੁਲ ਕੇ ਰਹਿਣਾ। ਬਹੁਤ ਸੰਗਤ ਆਈ। ਲੰਗਰ ਦਾ ਪਰਬੰਧ ਧਿਆਨ ਸਿੰਘ ਪੱਥਰਾਂ ਵਾਲਿਆਂ ਵੱਲੋਂ ਸੀ। ਅਨੇਕ ਲੋਕ ਭਜਨ ਪੁੱਛ ਕੇ ਕੂਕੇ ਬਣੇ। ਲਾਹੌਰ ਤੋਂ ਅੰਮ੍ਰਿਤਸਰ ਆਏ। ਨਾਮਧਾਰੀ ਧਰਮਸ਼ਾਲਾ ਵਿੱਚ ਦੀਵਾਨ ਲੱਗਾ। ਇੱਥੇ ਹੀ ਖਬਰ ਆਈ ਕਿ ਭੈਣੀ ਸਾਹਿਬ ਦੇ ਤਬੇਲੇ ਵਿੱਚ ਅੱਗ ਲੱਗ ਕੇ ਸਾਰਾ ਸੜ ਗਿਆ, ਸਮੇਤ ਤਿੰਨ ਬੱਝੇ ਬੈਲਾਂ ਦੇ। ਗੁਰੂ ਜੀ ਨੇ ਕਿਹਾ ਕਿ ਅਸਬਾਬ ਦਾ ਤਾਂ ਕੋਈ ਨਹੀਂ ਬੈਲਾਂ ਦਾ ਸੜਨਾ ਵੱਡਾ ਤਰਾਸ ਹੈ। ਜਿਸ ਸਿੰਘ ਤੋਂ ਅੱਗ ਲੱਗੀ ਉਸ ਨੇ ਅਖੰਡ ਪਾਠ ਕਰਵਾਇਆ ਬੈਲਾਂ ਨਮਿਤ। ਅੰਮ੍ਰਿਤਸਰੋਂ ਸਿੱਧੇ ਭੈਣੀ ਸਾਹਿਬ ਆਏ। ਜਿਸ ਦਿਨ ਦੌਰੇ ਤੋਂ ਮੁੜੇ ਤਾਂ ਗਰੰਥ ਕਰਤਾ ਸੰਤੋਖ ਸਿੰਘ ਨੇ ਅਰਦਾਸਾ ਕੀਤਾ– ਗੁਰੂ ਹਰੀ ਸਿੰਘ ਜੀ ਦਾ ਨਾਮ ਲੈ ਕੇ। "ਗੁਰੂ ਜੀ ਨੇ ਕਹਿਆ– ਅੱਜ ਤੈਨੂੰ ਕੁਝ ਨਹੀਂ ਕੈਂਹਦੇ ਹੈਂ ਫੇਰ ਨਾ ਮੈਨੂੰ ਗੁਰੂ ਕਹੀਂ, ਗੁਰੂ ਸਤਿਗੁਰੂ ਰਾਮ ਸਿੰਘ ਜੀ ਹੈਂ। ਉਨ੍ਹਾਂ ਨੂੰ ਗੁਰੂ ਕਹੋ। ਸਤਿਗੁਰੂ ਜੀ ਆਵਨਗੇ, ਸ਼ਰਮਿੰਦੇ ਹੋਵੋਗੇ। ਜੇੜਾ ਫੇਰ ਮੈਨੂੰ ਗੁਰੂ ਕਹੇਗਾ ਮੈਂ ਕਾਮੜਾ ਫੇਰੂੰਗਾ।"[106]

**ਚੇਤਾ ਸਿੰਘ ਮੁਹਾਵਾ ਆਇਆ-**

ਇਸ ਸਿੰਘ ਨੇ ਗੁਰੂ ਰਾਮ ਸਿੰਘ ਪਾਸੋਂ ਭਜਨ ਲਿਆ ਸੀ ਜਦੋਂ ਉਹ ਮੁਹਾਵਾ (ਅੰਮ੍ਰਿਤਸਰ) ਵਿਖੇ ਆਏ ਸਨ। ਬਾਅਦ ਵਿੱਚ ਇਹ ਪੁਲੀਸ ਵਿੱਚ ਭਰਤੀ ਹੋ ਕੇ ਅੰਡੇਮਾਨ ਚਲਾ ਗਿਆ ਸੀ। ਜਦੋਂ ਇਹ ਅੰਡੇਮਾਨ ਤੋਂ ਕੈਦੀ ਲੈ ਕੇ ਰੰਗੂਨ ਆਇਆ ਤਾਂ ਇਸਨੇ ਸਤਿਗੁਰੂ ਰਾਮ ਸਿੰਘ ਜੀ ਦਾ ਦਰਸ਼ਨ, ਅਧਿਕਾਰੀਆਂ ਤੋਂ ਆਗਿਆ ਲੈ ਕੇ ਕੀਤਾ। ਉਸਨੇ ਸਤਿਗੁਰੂ ਜੀ ਨੂੰ ਕਿਹਾ ਤੁਸੀਂ ਜੁੱਧ ਵੇਲੇ ਮੈਨੂੰ ਯਾਦ ਨਹੀਂ ਕੀਤਾ, ਹੁਣ ਕੀ ਭਾਣਾ ਵਰਤਾਇਆ ਹੈ। ਸਤਿਗੁਰੂ ਜੀ ਨੇ ਕਿਹਾ– ਇਹ ਕਾਰ ਇਵੇਂ ਹੀ ਹੋਣੀ ਸੀ। ਫਿਰ ਉਹ ਅੰਡੇਮਾਨ ਚਲਾ ਗਿਆ। ਸਤਿਗੁਰੂ ਜੀ ਦੇ ਮਸਤਾਨੇ ਹੋਣ ਬਾਰੇ ਵੀ ਸੁਣਦਾ ਰਿਹਾ। ਜੇ ਫਰੰਗੀ ਸਾਹਮਣੇ ਆਵੇ ਮਾਰਦੇ ਸਨ। ਉਸ ਸਿੰਘ ਨੇ ੧੯੦੨ ਈ. ਵਿੱਚ ਗੁਰੂ ਹਰੀ ਸਿੰਘ ਜੀ ਦਾ ਭੈਣੀ ਸਾਹਿਬ ਆ ਕੇ ਦਰਸ਼ਨ ਕੀਤਾ। ਹੁਣ ਉਹ ਉਦਾਸੀ ਸਾਧੂ ਦੇ ਭੇਖ ਵਿੱਚ ਸੀ। ਲਿਖਾਰੀ ਸੰਤੋਖ ਸਿੰਘ ਨੇ ਉਸਦੇ ਬਚਨ ਕਲਮਬੰਦ ਕੀਤੇ।[107]

ਚੌਂਕੀ ਵਿੱਚ ਨਵਾਂ ਹੌਲਦਾਰ ਆਇਆ। ਪੱਕੀ ਰਸਦ ਮੰਗਣ ਤੇ ਨਾ ਦਿੱਤੀ ਤਾਂ ਸਿੰਘਾਂ ਨੂੰ ਮੰਦਾ ਬੋਲੇ। ਗੁਰੂ ਹਰੀ ਸਿੰਘ ਜੀ ਸੁਣ ਕੇ ਕਿਹਾ ਸਾਨੂੰ ਨਹੀਂ ਹੈ ਡਰ ਟੌਂਡਿਆਂ ਕਾ। ਉਸ ਹੌਲਦਾਰ ਨੂੰ ਵੀ ਕਿਹਾ ਕਿ ਠੀਕ ਬੋਲ, ਜੇ ਕਿਸੇ ਸਿੰਘ ਨੂੰ ਗੁੱਸਾ ਆ ਗਿਆ ਤਾਂ ਤੇਰਾ ਪੁਲਸੀ ਰੋਅਬ ਮਿੱਟੀ ਵਿੱਚ ਮਿਲ ਜਾਏਗਾ। ਫਿਰ ਪੁਲੀਸ ਚੌਂਕੀ ਵਾਲੇ ਝੂਠੀਆਂ ਰੀਪੋਰਟਾਂ ਜ਼ਿਲ੍ਹੇ ਵਿੱਚ ਭੇਜਣ ਕਿ ਲਿਖਿਆਂ ਤੋਂ ਵੱਧ ਸਿੰਘ, ਡੇਰੇ ਵਿੱਚ ਰੱਖਦੇ ਹਨ। ਡਿਪਟੀ ਕਮਿਸ਼ਨਰ ਟੇਕ ਚੰਦ ਅਰੋੜਾ ਸੀ। ਉਸ ਦੇ ਸੱਦੇ ਤੇ ਗੁਰੂ ਜੀ

ਲੁਧਿਆਣੇ ਗਏ। ਅਦਬ ਨਾਲ ਮਿਲਿਆ। ਗੁਰੂ ਜੀ ਨੇ ਦੱਸਿਆ ਕਿ ਜਦੋਂ ਇਹਨਾਂ ਦੀਆਂ ਅਸੀਂ ਲੋੜਾਂ ਪੂਰੀਆਂ ਨਹੀਂ ਕਰ ਸੱਕਦੇ ਤਾਂ ਤੁਹਾਡੀ ਪੁਲੀਸ ਗਾਰਦ ਝੂਠੇ ਦੋਸ਼ ਲਾਉਂਦੀ ਹੈ। ਉਸ ਦੀ ਗੁਰੂ ਜੀ ਦੇ ਬਚਨਾਂ ਨਾਲ ਤਸੱਲੀ ਹੋ ਗਈ। ਜ਼ਿਲ੍ਹਾ ਅਧਿਕਾਰੀ ਤੇ ਚੁੰਨੀ ਲਾਲ ਡਿਪਟੀ ਵੀ ਭੈਣੀ ਸਾਹਿਬ ਆਏ। ਥੜੇ ਸਾਹਿਬ ਵਾਲੇ ਮੰਦਰ ਬੂਟ ਲਾਹ ਕੇ ਨਮਸਕਾਰ ਕੀਤੀ। ਸਤਿਗੁਰੂ ਰਾਮ ਸਿੰਘ ਜੀ ਦੀ ਦਿਨ ਚਰਿਆ ਦੇ ਬਚਨ ਸਿੰਘਾਂ ਤੋਂ ਪੁੱਛਦੇ ਰਹੇ।

ਗੁਰੂ ਹਰੀ ਸਿੰਘ ਜੀ ਦਾ ਸੁਭਾਉ ਸੀ ਕਿ ਕਿਸੇ ਫੰਦਕ ਨੇ ਪੰਛੀ ਫੜੇ ਹੁੰਦੇ, ਤਾਂ ਉਸ ਨੂੰ ਮੂੰਹ ਮੰਗੀ ਮਾਇਆ, ਹਜ਼ੂਰੀ ਸਿੰਘ ਤੋਂ ਦੁਆ ਕੇ, ਪੰਛੀ ਛੁਡਾ ਦਿੰਦੇ।

ਦਾਨ ਸਿੰਘ ਨੂੰ ਲੁਧਿਆਣੇ ਦੌਰੇ ਦੀ ਛੁੱਟੀ ਲਈ ਭੇਜਿਆ ਡੀ. ਸੀ. ਨੇ ਦੋ ਮਹੀਨੇ ਦੀ ਛੁੱਟੀ ਦਿੱਤੀ ਪਰ ਸ਼ਰਤ ਰੱਖੀ ਕਿ ਦੀਵਾਲੀ ਲੰਘੇ ਤੋਂ ਪੰਜ ਛੇ ਦਿਨ ਬਾਅਦ ਅੰਮ੍ਰਿਤਸਰ ਜਾਣਾ। ਗੁਰੂ ਜੀ ਕਿਹਾ ਜੇ ਸਾਨੂੰ ਸੰਗਤ ਦੇ ਦਰਸ਼ਨ ਹੀ ਨਹੀਂ ਕਰਨ ਦੇਣੇ ਪੁਰਬ ਤੇ ਤਾਂ ਪਿੱਛੋਂ ਕਾਹਨੂੰ ਜਾਣਾ ਹੈ। ਲੰਗਰ ਤਾਂ ਅਕਾਲ ਪੁਰਖ ਦਾ ਹੈ। ਕਿਸੇ ਤਰ੍ਹਾਂ ਦੀ ਆਮਦਨੀ ਨਾਲ ਇਹ ਨਹੀਂ ਚੱਲਣਾ ਹੈ। ਸੰਗਤ ਦੇ ਬਾਰ ਬਾਰ ਅਰਜ਼ ਕਰਨ ਤੇ ੧੯੦੨ ਈ. ਦੀ ਦੀਵਾਲੀ ਲੰਘੇ ਬਾਦ ਮੁਠੱਡੇ ਹੋ ਕੇ, ਅੰਮ੍ਰਿਤਸਰ ਗਏ। ਹਰਿਮੰਦਰ ਦਰਬਾਰ ਸਾਹਿਬ ਦਾ ਦਰਸ਼ਨ ਕੀਤਾ। ਅਕਾਲ ਬੁੰਗੇ ਨੂੰ ਦੂਰੋਂ ਮੱਥਾ ਟੇਕਿਆ। ਥਾਂ ਪਰ ਥਾਂ ਭੇਟਾ ਦਿੱਤੀ। ਅਰਦਾਸ ਕਰਾਈ। ਅੰਮ੍ਰਿਤਸਰ ਵਿੱਚ ਸਿੰਘਾਂ ਦੇ ਘਰ ਚਰਨ ਪਾਏ ਤੇ ਫਿਰ ਵਾਪਸ ਪਰਤ ਆਏ।

**ਮਾਮੇ ਦੀ ਨੂੰਹ ਭੋਲੀ-**

ਗੁਰੂ ਹਰੀ ਸਿੰਘ ਜੀ ਦੇ ਮਾਮੇ ਹਰੀ ਸਿੰਘ ਦੇ ਪੁੱਤਰ ਖਜ਼ਾਨ ਸਿੰਘ ਦੀ ਵਿਧਵਾ ਬੀਬੀ ਭੋਲੀ ਸੀ। ਮਾਮੀ ਰਾਮ ਕੌਰ ਦੀ ਨੂੰਹ ਸੀ। ਮਾਈ ਭੋਲੀ ਦਾ ਘਰ ਲੁਧਿਆਣੇ ਵਿੱਚ ਬਹੁਤ ਸਮਾਂ ਨਾਮਧਾਰੀਆਂ ਲਈ ਧਰਮਸ਼ਾਲਾ ਵਰਗਾ ਹੀ ਸੀ। ਮਾਈ ਹੱਥ ਨਾਲ ਚੱਕੀ ਪੀਂਹਦੀ ਅਤੇ ਆਏ ਸਿੰਘਾਂ ਨੂੰ ਪਰਸ਼ਾਦ ਪਾਣੀ ਪਕਾ ਕੇ ਛਕਾਉਂਦੀ। ਇਕ ਵੇਰ ਉਸਨੂੰ ਡੇਰੇ ਦਰਸ਼ਨ ਕਰਨ ਲਈ ਪੁਲੀਸ ਲੰਘਣ ਨਾ ਦੇਵੇ। ਮੰਗਤੀ ਦਾ ਵੇਸ ਬਣਾ ਕੇ ਪਰਸ਼ਾਦਾ ਲੈਣ ਬਹਾਨੇ ਲੰਘ ਗਈ ਸੀ। ਜਦੋਂ ਉਸਨੂੰ ਦਮਾ ਛਿੜਿਆ ਤਾਂ ਗੱਡੇ ਤੇ ਭੈਣੀ ਸਾਹਿਬ ਲਿਆਂਦੀ। ਲਿਖਾਰੀ ਸੰਤੋਖ ਸਿੰਘ ਨੇ ਦਰਸ਼ਨ ਕੀਤਾ। ਘਰ ਵਾਲੀ ਥਾਂ ਵੇਚ ਕੇ ਸ਼ਹਿਰ ਵਾਲੀ, ਗੁਰੂ ਕੇ ਖਜ਼ਾਨੇ ਵਿੱਚ ਪਾ ਕੇ, ਭੈਣੀ ਸਾਹਿਬ ਆ ਕੇ, 1896 ਈ. ਵਿੱਚ ਚੜ੍ਹਾਈ ਕੀਤੀ।

ਇਸੇ ਸਾਲ ਮੱਘਰ ਸੁਦੀ ਨੂੰ ਹਜ਼ਰੋਂ ਸਾਹਿਬ ਦਾ ਮਹੰਤ ਬਾਬਾ ਕਾਹਨ ਸਿੰਘ ਤੀਜੀ ਵੇਰ, ਸ੍ਰੀ ਭੈਣੀ ਸਾਹਿਬ ਆਇਆ। ਉਸ ਦੇ ਲਿਖਾਰੀ ਸੰਤੋਖ ਸਿੰਘ ਨਾਲ ਹੋਏ ਕੁਝ ਬਚਨ ਸੁਣਕੇ, ਗੁਰੂ ਹਰੀ ਸਿੰਘ ਜੀ ਕਿਹਾ ਕਿ ਗੁਰੂ ਬਾਲਕ ਸਿੰਘ ਜੀ ਦੀ ਅੰਸ ਹੈ। ਅਸਾਂ ਕੁਝ ਨਹੀਂ ਕਹਿਣਾ। ਸਾਨੂੰ ਨਿਮਖੀ ਰੱਖਣੀ ਜੋਗ ਹੈ।[108]

ਗੁਰੂ ਹਰੀ ਸਿੰਘ ਜੀ ਬਚਨ ਕੀਤਾ ਕਿ ਸਤਿਗੁਰਾਂ ਦੇ ਸਮੇਂ ਮੈਂ ਇੱਕ ਸਿੰਘ ਤੋਂ

ਕਿਤੇ ਜਾਣ ਲਈ ਘੋੜੀ ਮੰਗੀ। ਉਸ ਨੇ ਨਾ ਦਿੱਤੀ। ਪਰ ਮੈਂ ਸਤਿਗੁਰੂ ਜੀ ਪਾਸ ਗੱਲ ਨਹੀਂ ਪੁਚਾਈ। "ਅਸੀਂ ਤਾਂ ਕਿਸੇ ਦਾ ਕੋਈ ਬੋਲਾ ਹੋਵੇ ਸੁਣਕੇ ਚੁੱਪ ਹੋਇ ਰਹਿੰਦੇ। ਕਿਸੇ ਨੂੰ ਕੁਝ ਨਹੀਂ ਕਹਿੰਦੇ।"

"ਨਾਨਕਿਆਂ ਦੇ ਚਾਲੀ ਰੁਪਏ ਦੇਣੇ ਸੀ ਸਾਂਝੇ। ਅਸੀਂ ਆਪਣੀ ਮਹਿੰ ਖੋਲ੍ਹਕੇ ਦੇ ਆਏ ਸੀ। ਸੁਣਕੇ ਸਤਿਗੁਰੂ ਜੀ ਬਚਨ ਕੀਤਾ- ਨਾਨਕਿਆਂ ਕੇ ਤਾਂ ਧਨ ਬਹੁਤ ਹੈ ਸੀ, ਕਿਉਂ ਭੈਂਸ ਉਨ੍ਹਾਂ ਨੇ ਲੈਣੀ ਸੀ। ਸਾਡਾ ਤੇ ਸਤਿਗੁਰਾਂ ਕਾ ਕੋਈ ਦੋ ਨਾਂ ਸੀ। ਜਗਤ ਬਿਵਹਾਰ ਕਰਕੇ ਮਾਲੂਮ ਹੁੰਦਾ ਸੀ ਕਿ ਜੁਦੇ ਹੈਂ ਕਿਉਂਕਿ ਭਾਣਾ ਬਰਤਣਾ ਸੀ। ਸਾਡਾ ਸਤਿਗੁਰਾਂ ਕਾ ਕੁਛ ਵੰਡਿਆ ਹੋਇਆ ਨਾ ਸੀ। ਸਾਡੇ ਉਤੇ ਬੜੇ ਪ੍ਰਸੰਨ ਰਹਿੰਦੇ ਸੇ। ਅਸੀਂ ਤਾਂ ਹੁਣ ਏਹ ਮੰਗਦੇ ਹਾਂ ਕਿ ਜੀਉਂਦੇ ਜੀਉਂਦੇ ਇਕ ਫੇਰੀਂ ਦਰਸ਼ਨ ਹੋਵੇ। ਅਸੀਂ ਤਾਂ ਕਾਲ ਕਾ ਬਡਾ ਭੈ ਰੱਖਦੇ ਹੈਂ।"[109]

ਮੁਕਤਸਰ ਤੋਂ ਘਾਲੀ ਵਾਲੇ, ਸਾਉਣ ਸਿੰਘ ਨੇ ਦੱਸਿਆ ਕਿ ੧੯੦੨ ਈ. ਦੀ ਮਾਘੀ ਤੇ ਨਾਮਧਾਰੀ ਧਰਮਸ਼ਾਲਾ ਵਿੱਚ ਅੱਸੀ ਪਾਠਾਂ ਦੇ ਭੋਗ ਪਾਏ। ਦੀਵਾਨ ਵੇਖਣ ਇਕ ਅੰਗਰੇਜ਼ ਅਧਿਕਾਰੀ ਆਪਣੀ ਮੇਮ ਸਣੇ ਆਇਆ ਸੀ। ਸੌਣ ਸਿੰਘ ਬਿਹੰਗਮ ਸਾਧ ਸੀ। ਉਸਨੇ ਦੱਸਿਆ ਕਿ ਉਹ ਅਬਚਲ ਨਗਰ, ਹਜ਼ੂਰ ਸਾਹਿਬ ਤੋਂ ਹੋ ਕੇ ਆਇਆ ਹੈ। ਉੱਥੇ ਰਾਮਗੜ੍ਹੀਆਂ ਦਾ ਬੁੰਗਾ ਹੈ, ਉਹ ਗਏ ਹੋਏ ਨਾਮਧਾਰੀ ਸਿੰਘਾਂ ਦਾ ਬਹੁਤ ਆਦਰ ਕਰਦੇ ਹਨ। ਇਸ ਮਾਘੀ ਤੇ ਬੀਮਾਰੀ ਦਾ ਜ਼ੋਰ ਹੋਣ ਕਾਰਨ ਗੁਰੂ ਜੀ ਨੂੰ ਛੁੱਟੀ ਨਹੀਂ ਸੀ ਮਿਲੀ। ਫੌਜ ਦਾ ਰਸਾਲਾ ਕਾਨਪੁਰ ਨੂੰ ਜਾ ਰਿਹਾ ਸੀ। ਫੌਜੀ ਸਿੰਘ ਗੁਰਦੁਆਰੇ ਦਾ ਦਰਸ਼ਨ ਕਰਨ ਆਏ, ਗੁਰੂ ਹਰੀ ਸਿੰਘ ਜੀ ਨੂੰ ਵੀ ਸੀਸ ਨਿਵਾਉਂਦੇ ਸਨ।

"ਗੁਰੂ ਹਰੀ ਸਿੰਘ ਜੀ ਕਿਹਾ ਲਹਿਣਾ ਸਿੰਘ ਤੇ ਖੇਮੇ ਕੇ ਏਨਾਂ ਦੋ ਘਰਾਂ ਨੇ ਨੁਕਸਾਨ ਗੁਰਦੁਆਰੇ ਕਾ ਨਹੀਂ ਕੀਤਾ, ਨਾ ਬੁਰੀ ਕੀਤੀ ਹੈ। ਅੱਗੇ ਉਲਾਦ ਭੀ ਅੱਛੀ ਹੈ। ਹੋਰ ਜਿਤਨੇ ਹੈਂ ਸਭਨਾਂ ਨੇ ਗੁਰੂ ਜੀ ਕੇ ਘਰ ਪਰ ਫਰਕ ਨਹੀਂ ਕੀਤਾ ਬੁਰੀ ਕਰਨ ਦਾ ਪਰ ਹਾਰ ਕੇ ਹਟੇ ਹੈਂ।"[110]

ਪਿੰਡ ਦੇ ਲੋਕ, ਜਦੋਂ ਪੁਲੀਸ ਸਖਤੀ ਕਰਦੀ ਕਹਿੰਦੇ- ਹੋਰ ਬਣੋ ਨਾਮਧਾਰੀਏ। ਫਿਰ ਕਹਿੰਦੇ ਕਿ ਇਹ ਡੇਰਾ ਨਾ ਹੋਵੇ, ਨਾ ਸਿੰਘ ਆਉਣ ਤੇ ਗਾਰਦ ਵੀ ਉੱਠ ਜਾਏ। ਰੋਜ਼ ਹਾਕਮ ਜ਼ਿਲ੍ਹੇ ਵਿੱਚੋਂ ਇਹਨਾਂ ਤੇ ਨਿਗਰਾਨੀ ਰੱਖਣ ਲਈ ਆਏ ਰਹਿੰਦੇ ਹਨ। ਸਾਨੂੰ ਵੀ ਰਹਿਣਾ ਪੈਂਦਾ ਹੈ ਹਾਜ਼ਰ। ਕਿਸੇ ਤਰ੍ਹਾਂ ਡੇਰਾ ਉੱਠ ਜਾਵੇ। ਉਹ ਤਾਂ ਇਹ ਸੋਚਦੇ ਹਨ ਪਰ ਗੁਰੂ ਦੀ ਕਿਰਪਾ ਨਾਲ ਦਿਨੋ ਦਿਨ ਵਧਦਾ ਜਾਂਦਾ ਹੈ ਸੰਗਤ ਵੀ ਪਹਿਲਾਂ ਨਾਲੋਂ ਦੂਣ ਸਵਾਈ, ਗੁਰੂ ਹਰੀ ਸਿੰਘ ਜੀ ਦੀ ਸ਼ਾਂਤ ਮੂਰਤੀ ਦੇ ਦਰਸ਼ਨਾਂ ਦੀ ਖਿੱਚੀ, ਆ ਰਹੀ ਹੈ।

ਗੁਰੂ ਜੀ ਬਚਨ ਕੀਤਾ ਜੋ ਰਾਮਸਰ ਦੀ ਕਾਰ ਕੱਢੇਗਾ ਉਸਨੂੰ ਬੀਮਾਰੀ (ਪਲੇਗ) ਕੁਝ ਨਹੀਂ ਕਹੇਗੀ। ਸਿੰਘ ਸਿੰਘਣੀਆਂ ਤੇ ਪਿੰਡ ਦੇ ਜ਼ਿਮੀਦਾਰ ਵੀ ਸਣ-ਟੱਬਰੇ ਕਾਰ ਕੱਢਣ ਆਏ। ਗੁਰੂ ਹਰੀ ਸਿੰਘ ਜੀ ਹਰ ਸਮੇਂ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਦੀ

ਯਾਚਨਾ ਕਰਦੇ। ਉਹ ਕਹਿੰਦੇ– "ਜਦ ਦਰਸ਼ਨ ਹੋਏਗਾ ਤਾਂ ਤਤਕਾਲ ਏਕ ਦਮ ਧਰਮ ਤੁਰ ਪਵੇਗਾ। ਗੋਡਿਆਂ ਭਾਰ ਤਾਂ ਤੁਰਨ ਲੱਗ ਪਿਆ ਹੈ, ਦਰਸ਼ਨ ਹੋਏ ਤਾਂ ਇਕ ਦਮ ਸੂਰਜ ਵਾਂਗੂੰ ਚਾਨਣਾ ਹੋਵੇਗਾ, ਹਨੇਰਾ ਚੁਕਿਆ ਜਾਏਗਾ। ਮਾਨ ਸਿੰਘ (ਸੂਬਾ ਸੈਦੋਕੇ) ਗਰੀਬ ਨੂੰ ਤਾਂ ਲੈ ਗਏ ਤੇ ਸਾਨੂੰ ਕਦ ਛੱਡਦੇ ਸੇ।"[111]

ਗੁਰੂ ਹਰੀ ਸਿੰਘ ਜੀ ਇਹ ਵੀ ਦੱਸਦੇ ਸਨ ਕਿ ਤੁਰਨ ਤੋਂ ਵੀਹ ਦਿਨ ਪਹਿਲਾਂ (ਭਾਵ ਦਸੰਬਰ ੧੯੭੧ ਦੇ ਆਖਰੀ ਹਫਤੇ) ਸਤਿਗੁਰੂ ਜੀ ਨੇ ਮੈਨੂੰ ਆਪਣੇ ਪਾਸ ਬੈਠਾ ਕੇ ਬਹੁਤ ਬਚਨ ਕੀਤੇ। ਕੋਲੋਂ ਬਾਕੀ ਸਿੰਘ ਉਠਾ ਦਿੱਤੇ ਸਨ। ਦੱਸਿਆ ਕਿ ਕੁਝ ਬਚਨ ਤਾਂ ਵਰਤ ਚੁੱਕੇ ਹਨ ਜਿਵੇਂ ਉਹ ਫੁਰਮਾਉਂਦੇ ਸਨ, ਹੋਰ ਬਚਨ ਅਜੇ ਦੱਸਣ ਦਾ ਸਮਾਂ ਨਹੀਂ।

ਜੰਮੂ ਅਤੇ ਕਾਂਗੜੇ ਤੋਂ ਦੋ ਵੱਖ ਵੱਖ ਸਾਧੂ ਆਏ। ਦੋਹਾਂ ਨੂੰ ਗੁਰੂ ਜੀ ਨੇ ਭਜਨ ਦੁਆਇਆ ਅਤੇ ਦੋਹਾਂ ਨੂੰ ਭਜਨ ਦੇਣ ਦਾ ਅਧਿਕਾਰ ਦੇ ਕੇ, ਆਪੋ ਆਪਣੇ ਇਲਾਕੇ ਦਾ ਮਹੰਤ ਬਣਾ ਕੇ ਤੋਰਿਆ।

ਸਾਹਿਬਜ਼ਾਦੇ ਪਰਤਾਪ ਸਿੰਘ ਜੀ ਦੇ ਤਬੇਲੇ ਵਾਲੇ ਚੁਬਾਰੇ ਵਿੱਚੋਂ ਮੰਦਰਾਂ ਵਾਲੇ ਪਾਸੇ ਜਾਣ ਲਈ ਗਲੀ ਉਪਰ ਦੋਹਾਂ ਦਰਵਾਜਿਆਂ ਦੇ ਵਿਚਾਲੇ ਮਜ਼ਬੂਤ ਲਟੈਣ ਪਾਈ। ਇਸ ਦੀ ਰੀਪੋਰਟ ਪੁਲੀਸ ਗਾਰਦ ਨੇ ਕੀਤੀ ਕਿ ਚੋਰੀ ਸਿੰਘ ਡੇਰੇ ਵਿੱਚ ਭੇਜਣ ਲਈ ਪੁਲ ਬਣਾਇਆ ਹੈ। ਤਹਿਕੀਕਾਤ ਕਰਨ ਪੁਲੀਸ ਦਾ ਵੱਡਾ ਅੰਗਰੇਜ਼ ਅਫਸਰ (ਸ਼ਾਇਦ ਐਸ. ਪੀ.) ੨੧ ਮਾਰਚ ੧੯੦੨ ਈ. ਨੂੰ ਗੁਰਦੁਆਰੇ ਆਇਆ। ਉਸਦੇ ਪੁੱਛਣ ਤੇ ਭਾਈ ਦਾਨ ਸਿੰਘ ਨੇ ਕਿਹਾ ਕਿ ਪੁਰਾਣਾ ਸ਼ਹਿਤੀਰ ਟੁੱਟ ਗਿਆ ਗਿਆ ਹੈ, ਸੋ ਨਵਾਂ ਪਾਇਆ ਹੈ। ਸਾਡੇ ਤਾਂ ਰੋਜ਼ਾਨਾ ਦੇ ਕੋਟੇ ਵਾਲੇ ਦਸ ਸਿੰਘ ਵੀ ਪੂਰੇ ਨਹੀਂ ਹੁੰਦੇ। ਅਸੀਂ ਚੋਰੀ ਕਿਉਂ ਲੰਘਾਉਣੇ ਹਨ ? ਚਲਾ ਗਿਆ ਤੁਰ ਫਿਰ ਕੇ।

**ਮੱਟਵਾਂ ਦਾ ਹੋਲਾ (ਜ਼ਿਲ੍ਹਾ ਗੁਜਰਾਂਵਾਲਾ) - ੧੯੦੨ ਈ.-**

੧੯੫੯ ਬਿ. ਮੁਤਾਬਿਕ ੧੯੦੨ ਈ. ਦਾ ਹੋਲਾ ਮਹੱਲਾ ਗੁਰੂ ਹਰੀ ਸਿੰਘ ਜੀ ਨੇ ਸੰਗਤ ਨਾਲ ਪਿੰਡ ਭਾਈ ਕੇ ਮੱਟੂ (ਗੁਜਰਾਂਵਾਲਾ) ਵਿਖੇ ਮਨਾਇਆ। ਇਥੇ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਦਾ ਗੁਰਦੁਆਰਾ ਸੀ। ਗੁਰੂ ਜੀ ਸੰਗਤ ਸਮੇਤ ਕਾਮੋਕੇ ਸਟੇਸ਼ਨ ਤੋਂ ਗੱਡੀ ਤੋਂ ਉਤਰੇ। ਸੰਗਤ ਸੁਆਗਤ ਵਾਸਤੇ ਆਈ ਸੀ। ਨਰਾਇਣ ਸਿੰਘ ਨੇ ਕਿਹਾ ਕਿ ਘੋੜਿਆਂ ਦੀਆਂ ਵਾਗਾਂ ਚੁੱਕ ਲਵੋ ਤੇ ਸਿੱਧੇ ਟਿਕਾਣੇ ਤੇ ਪੁੱਜੀਏ। ਧਰਮਸ਼ਾਲਾ ਦੇ ਦਰਵਾਜੇ ਤੇ ਉੱਤਰੇ। ਘੋੜੀ ਤੋਂ ਮੁਸ਼ਕਲ ਨਾਲ ਉੱਤਰੇ। ਸਿੰਘਾਂ ਦੀ ਬੇਅੰਤ ਭੀੜ ਸੀ। ਮਸਾਂ ਉਹਨਾਂ ਨੂੰ ਪਰ੍ਹਾਂ ਕਰਕੇ ਗੁਰੂ ਜੀ ਲਈ ਮੰਜੇ ਤੇ ਜਾਣ ਵਾਸਤੇ ਰਾਹ ਬਣਾਇਆ। ਬਾਹੋਵਾਲ ਜੀ ਲਿਖਦੇ ਹਨ– ਸਮੁੰਦਰ ਕੀ ਉਛਾਲੀ ਕੀ ਤਰਾਂ ਖਾਲਸੇ ਕਾ ਪਰਾ ਬੱਝ ਗਿਆ। ਧਰਮਸ਼ਾਲਾ ਵਿਚ ਗੁਰੂ ਜੀ ਨੇ ਨਿਤਨੇਮ ਕੀਤਾ ਫਿਰ ਦੀਵਾਨ ਲੱਗਾ, ਬਹੁਤ ਸਿੰਘ ਮਸਤਾਨੇ ਹੋਏ। ਮਸਤਾਨਿਆਂ ਨਾਲ ਦੀਵਾਨ ਭਰ ਗਿਆ।

ਗੁਰੂ ਹਰੀ ਸਿੰਘ ਜੀ ਦੀ ਗਰਦਨ ਵਿੱਚ ਤਕਲੀਫ ਹੋਈ। ਲਾਹੌਰ ਤੋਂ ਬੱਘੀ ਮੰਗਵਾ ਕੇ ਮਿਰਜ਼ੇ ਤੋਂ ਅਗਲਾ ਦੌਰਾ ਬੱਘੀ ਤੇ ਕੀਤਾ। ਮੱਟਵਾਂ ਤੋਂ ਗਦਾਂਵਾਲਾ, ਮਦਾਰ ਫਿਰ ਮਿਰਜ਼ੇ ਗਏ। ਫਿਰ ਵਰਨ, ਮਾਨਾਂਵਾਲਾ, ਦੁਗੈਚ, ਸੱਦੋਵਾਲ, ਖਾਨਪੁਰ, ਬੱਲ, ਢੋਟੀਆਂ, ਖਿਹਾਲਾ, ਮਸੂਰ, ਧਾਂਦਰਾਂ, ਭੂਪਾਲ ਵਾਲਾ, ਗਿੱਲ, ਸਰਹਾਲੀ, ਰੱਤਾ ਚੋਆ, ਮਹਿਮਦ ਵਾਲੀ, ਗੋਬਿੰਦਗੜ੍ਹ, ਮਾਣ੍ਹੀਆਂ ਵਾਲਾ, ਵਲਗਣ, ਸ਼ੇਰੋਕਾ, ਸ਼ੇਰ ਸਿੰਘ ਵਾਲੀ, ਬਹਾਲੀਕੇ ਹੁੰਦੇ ਫਿਰ ਵਰਨਾਂ ਵਿੱਚ ਆਏ। ਲਾਇਲਪੁਰ ਜ਼ਿਲ੍ਹੇ ਦੇ ਪਿੰਡਾ ਵਿੱਚ ਬੇਅੰਤ ਸੰਗਤਾਂ ਦਾ ਉਧਾਰ ਕਰਕੇ, ਫਿਰ ਸ਼ੇਖੂਪੁਰਾ ਇਲਾਕੇ ਦੇ ਪਿੰਡਾਂ ਵਿੱਚ ਆ ਗਏ। ਸਿੰਘਾਂ ਦੇ ਸੁੱਕੇ ਦਿਲ ਦਰਸ਼ਨ ਕਰਕੇ ਹਰੇ ਹੁੰਦੇ ਹਨ। ਸਿੰਘਾਂ ਦਾ ਸੇਵਾ ਭਾਵ ਮਿਸਾਲੀ ਸੀ। ਅਨੇਕ ਥਾਵਾਂ ਤੇ ਅਣਗਿਣਤ ਪ੍ਰਾਣੀਆਂ ਨੇ ਭਜਨ ਪੁੱਛ ਕੇ ਸਤਿਗੁਰੂ ਰਾਮ ਸਿੰਘ ਜੀ ਦੇ ਪੰਥ ਵਿੱਚ ਪਰਵੇਸ਼ ਕੀਤਾ। ਸਵੇਰੇ ਆਸਾ ਦੀ ਵਾਰ, ਦੋਪਹਿਰ ਨੂੰ ਢਾਡੀਆਂ ਦੀਆਂ ਵਾਰਾਂ, ਪਿਛਲੇ ਪਹਿਰ ਦੇ ਰਾਗੀਆਂ ਦੇ ਦੀਵਾਨ, ਫਿਰ ਸ਼ਾਮ ਨੂੰ ਸ਼ਬਦ ਢੋਲਕੀ ਨਾਲ ਹੁੰਦਾ ਹੈ। ਅੱਠੇ ਪਹਿਰ ਨਾਮ ਦੀ ਧੁਨ ਲੱਗੀ ਰਹਿੰਦੀ ਹੈ। ਸਿੰਘਾਂ ਦੇ ਹਿਰਦੇ ਸ਼ਾਂਤ ਹੋ ਕੇ ਨਾਮ ਬਾਣੀ ਅਤੇ ਸੇਵਾ ਵੱਲ ਪ੍ਰੇਰਿਤ ਹੁੰਦੇ ਹਨ।

ਅੰਮ੍ਰਿਤਸਰ ਆਏ ਤਾਂ ਇਕ ਸਰੀਰ ਨੇ ਗੁਰੂ ਹਰੀ ਸਿੰਘ ਜੀ ਦੀ ਫੋਟੋ ਲਾਹੁਣ ਲਈ ਕੈਮਰਾ ਲਿਆਂਦਾ। ਦੋ ਤਿੰਨ ਵਾਰ ਕੋਸ਼ਿਸ਼ ਕੀਤੀ। ਫੋਟੋ ਨਾ ਉਤਰੀ। ਗੁਰੂ ਜੀ ਦਾ ਬਚਨ ਵੀ ਇਹੋ ਸੀ ਕਿ ਮੂਰਤੀ ਨਹੀਂ ਉੱਤਰੇਗੀ।

ਬਾਰਾਂ ਮਾਂਹ ਦੇ ਲੇਖਕ ਗਿਆਨੀ ਕਾਲਾ ਸਿੰਘ ਨੰਗਲ ਨੇ ਆਪਣੀ ਲੜਕੀ ਦਾ ਰਿਸ਼ਤਾ ਦੇ ਕੇ, ਵੱਟੇ ਤੇ ਭਰਾ ਵਿਆਹ ਲਿਆ। ਗੁਰੂ ਜੀ ਨੇ ਕੁਸੰਗੀਆਂ ਵੱਲ ਲੜਕੀ ਦੇਣ ਤੇ ਮਨਮੱਤ ਕਰਨ ਤੇ ਪੰਜ ਰੁਪੈ ਅਤੇ ਗਰੰਥ ਸਾਹਿਬ ਜੀ ਦੇ ਇਕ ਪਾਠ ਦੀ ਤਨਖਾਹ ਲਾਈ। ਗੁਰੂ ਜੀ ਆਪਣੇ ਪਾਸ ਆਉਣ ਵਾਲੇ, ਹੋਰ ਭੇਖਾਂ ਦਾ ਵੀ ਆਦਰ ਕਰਦੇ। ਜਵੰਦ ਸਿੰਘ ਠੱਟੇ ਦਾ ਨਿਹੰਗ ਸਿੰਘ, ਜਥੇ ਸਮੇਤ ਅਕਾਲ ਬੁੰਗੇ ਉੱਤਰਿਆ। ਗੁਰੂ ਜੀ ਰਸਦ ਬਸਤ ਭੇਜੀ। ਲੰਗਰ ਵਿਚੋਂ ਕੜਾਹ ਪਰਸ਼ਾਦ ਵੀ ਭੇਜਿਆ।

"ਇਕ ਸਿੰਘ ਨੇ ਅਰਜ਼ ਕੀਤੀ ਕਿ ਜ਼ਮੀਨ ਲੈ ਲਵੋ। ਗੁਰੂ ਜੀ ਬਚਨ ਕੀਤਾ ਮਾਰੋ ਟੱਕਰਾਂ, ਹੁਣ ਕੀ ਕਰਨੀਆਂ ਹੈਂ ਜ਼ਮੀਨਾਂ। ਸਾਨੂੰ ਪਹਿਲੇ ਫਰੰਗੀ ਕਹਿ ਰਿਹਾ ਸੀ ਅਸੀਂ ਤਦ ਨਾ ਲਈ ਹੁਣ ਕੀ ਕਰਨੀ ਹੈ।"112 ਗੁਰੂ ਹਰੀ ਸਿੰਘ ਸ਼ਾਂਤ-ਮੂਰਤੀ ਵੀ ਸਨ ਤੇ ਤਿਆਗ-ਮੂਰਤੀ ਵੀ। ਉਹਨਾਂ ਦੇ ਸਿੰਘ ਵੀ ਐਸੇ ਹੀ ਸਨ ਜੋ ਪਰਾਈ ਵਸਤ ਸਵੀਕਾਰ ਨਹੀਂ ਕਰਦੇ ਸਨ। ਇਕ ਦੌਰੇ ਗਿਆਂ ਫਤੇਹ ਸਿੰਘ ਚੀਮਾ ਪਿੰਡ ਨੇ ਪੰਜਾਹ ਰੁਪੈ ਦਾ ਸੋਨਾ ਗੁਰੂ ਜੀ ਅੱਗੇ ਲਿਆ ਧਰਿਆ, ਜੀ ਮੈਨੂੰ ਲੱਭਾ ਹੈ। ਕਾਲੂਵਾਲੀਏ ਸ੍ਰ. ਹਰੀ ਸਿੰਘ ਦਾ ਸੀ। ਨਿਸ਼ਾਨੀ ਦੱਸ ਕੇ ਲੈ ਗਿਆ। ੧੯੦੨ ਈ. ਵਿੱਚ ਹੀ ਗੁਰੂ ਹਰੀ ਸਿੰਘ ਜੀ ਦਾ ਦੋਹਤਾ ਨਰਾਇਣ ਸਿੰਘ ਬੀਮਾਰ ਹੋ ਗਿਆ। ਉਸ ਨਮਿਤ ਅਖੰਡ ਪਾਠ ਤੋਰੇ। ਪਹਿਲਾਂ ਕੁਝ ਠੀਕ ਹੋ ਗਿਆ। ਪਰ ਤੀਜੇ ਅਖੰਡ ਪਾਠ ਦੇ ਦੌਰਾਨ ਚੜ੍ਹਾਈ ਕਰ ਗਿਆ। ਗੁਰੂ ਜੀ ਨੇ ਉਸਦੀ ਸਿੰਘਣੀ ਨੂੰ ਦਿਲਾਸਾ ਦਿੱਤਾ। ਲੜਕੀ ਉਸਦੀ ਕੁਝ ਸਮਾਂ ਪਹਿਲਾਂ ਗੁਰੂ ਜੀ ਨੇ ਵਿਆਹ ਦਿੱਤੀ ਸੀ। ਰਾਮ ਸਰ ਤੇ ਜੇ ਕੋਈ ਸਿੰਘ ਛੱਪਰ ਵੀ

ਬੰਨ੍ਹ ਲੈਂਦਾ ਹੈ ਆਪਣੇ ਰਹਿਣ ਲਈ, ਮੀਂਹ ਕਣੀ ਤੋਂ ਬਚਾ ਲਈ ਤਾਂ ਉਸਦੀ ਵੀ ਮੁਖਬਰੀ ਹੋਣ ਤੇ ਤਸੀਲਦਾਰ, ਥਾਣੇਦਾਰ ਆਦਿ ਅਧਿਕਾਰੀ ਪੁੱਛ ਗਿੱਛ ਕਰਨ ਲਈ ਆ ਧਕਮਦੇ ਹਨ। ਡੇਰੇ ਦੇ ਮੁਖਬਰਾਂ ਦਾ ਇਹ ਚਾਲਾ ਸੀ ਕਿ ਗੁਰਦੁਆਰੇ ਦੇ ਲੰਗਰ ਲਈ ਸਾਹਨੇਵਾਲ ਸਟੇਸ਼ਨ ਤੋਂ ਤੀਹ ਬੋਰੀਆਂ ਚਾਵਲ ਲਿਆਂਦੇ। ਉਹਨਾਂ ਰਪਟ ਭੇਜੀ ਡੇਰੇ ਵਿੱਚ ੧੫੦ ਬੋਰੀਆਂ ਚਾਵਲ ਆਏ ਹਨ। ਗੁਰੂ ਹਰੀ ਸਿੰਘ ਜੀ ਉਹਨਾਂ ਨੂੰ, ਮੰਦਾ ਫਿੱਕਾ ਬੋਲਣ ਵਾਲੇ ਪਿੰਡ ਦੇ ਲੋਕਾਂ ਨੂੰ ਵੀ, ਪੰਚਾਇਤ ਦੇ ਕਹੇ ਤੇ ਬਖਸ਼ ਦਿੰਦੇ ਸਨ।

**ਲੇਖਾਂ ਮੁਖਬਰਾਂ ਦਾ-**

ਡੇਰੇ ਵਿੱਚ ਰਹਿਣ ਵਾਲੇ ਮੁਖਬਰ ਸਨ ਮਾਈ ਕਰਮ ਕੌਰ ਜੱਟੀ ਲੋਹਗੜ੍ਹ ਦੀ। ਲੋਹ ਹੇਠ ਝੋਕਾ ਡਾਹੁੰਦੀ ਸੀ। ਈਸ਼ਰ ਸਿੰਘ ਰਾਮਦਾਸੀਆ ਅੰਮ੍ਰਿਤਸਰ ਦਾ। ਠਾਕੁਰ ਸਿੰਘ ਛੀਂਬਾ ਸਢੌਰੇ ਦਾ। ਤਿੰਨਾਂ ਨੂੰ ਅੰਗਰੇਜ਼ ਸਰਕਾਰ ਕੂਕਾ ਗਤੀਵਿਧੀਆਂ ਦੇ ਸਮਾਚਾਰਾਂ ਬਦਲੇ ਸੱਤ ਸੱਤ ਰੁਪੈ ਮਹੀਨਾ ਦਿੰਦੀ ਸੀ। ਸਤ ਰੁਪੈ ਹੀ ਕਟਾਣੀ ਪਿੰਡ ਦੇ ਲੰਬੜਦਾਰ ਨੂੰ ਮਿਲਦੇ ਸਨ। ਉਸ ਦਾ ਪੁੱਤਰ ਟਕੂਆ ਲਿਸ਼ਕਾ ਕੇ ਰੋਜ਼ ਡੇਰੇ ਅੱਗੇ ਖੁੰਢ ਤੇ ਆ ਬਹਿੰਦਾ। ਇਕ ਦਿਨ ਸਿੰਘਾਂ ਨੇ ਉਹਦਾ ਟਕੂਆ ਖੋਹ ਕੇ ਝਾੜ ਝੰਬ ਕਰਕੇ ਤੋਰ ਦਿੱਤਾ। ਫਿਰ ਨਹੀਂ ਆਇਆ।

ਬਹੁਤ ਸਾਰੇ ਸਰੀਰਕ ਰੋਗਾਂ ਤੋਂ ਪੀੜਿਤ ਲੋਕ ਵੀ ਸ੍ਰੀ ਭੈਣੀ ਸਾਹਿਬ ਆ ਕੇ ਗੁਰੂ ਜੀ ਦੇ ਦਰਸ਼ਨ ਕਰਕੇ, ਸਹਿਜ ਜਾਂ ਅਖੰਡ ਪਾਠਾਂ ਦੇ ਭੋਗ ਪੁਆਉਂਦੇ ਅਤੇ ਸਿਹਤਯਾਬ ਹੋ ਕੇ ਵਾਪਿਸ ਪਰਤਦੇ। ਸੰਤ ਕਰਮ ਸਿੰਘ ਹੋਤੀ ਮਰਦਾਨ ਵਾਲੇ ਪਰਸਿੱਧ ਗੁਰਸਿੱਖ ਸਾਧੂ ੧੯੦੨ ਈ. ਵਿੱਚ ਅਕਾਲ ਚਲਾਣਾ ਕਰ ਗਏ। ਉਹਨਾਂ ਦੇ ਡੇਰੇ ਦੇ ਇਕ ਸਿੰਘ ਨੇ ਭੈਣੀ ਸਾਹਿਬ ਆ ਕੇ ਗੁਰੂ ਜੀ ਦੇ ਦਰਸ਼ਨ ਕਰਕੇ ਭਜਨ ਪੁੱਛਿਆ। ਉਸਨੇ ਕਿਹਾ ਕਿ ਸੰਤ ਕਰਮ ਸਿੰਘ ਜੀ ਵੀ ਇਹੋ ਚੌਅੱਖਰਾ ਭਜਨ ਜਪਦੇ ਸਨ।

**ਮੁਕਤਸਰ ਨਾਮਧਾਰੀ ਧਰਮਸ਼ਾਲਾ ੧੯੦੨-੦੩ ਈ. ਵਿੱਚ-**

ਮੁਕਤਸਰ ਵਿੱਚ ਪਹਿਲਾਂ ਸਤਿਗੁਰੂ ਰਾਮ ਸਿੰਘ ਜੀ ਦੇ ਵੇਲੇ ਤੋਂ ਮਿਸਤਰੀ ਨਿਹਾਲ ਸਿੰਘ ਹੋਰਾਂ ਨੇ ਕੂਕਿਆਂ ਲਈ ਇਕ ਬੁੰਗਾ ਛੱਤਿਆ ਸੀ। ਇਹ ਨਿਹਾਲ ਸਿੰਘ ਮਹਿਤਪੁਰ (ਜਲੰਧਰ) ਦਾ ਸੀ, ਫੀਰੋਜ਼ਪੁਰ ਠੇਕੇਦਾਰੀ ਕਰਦਾ ਰਿਹਾ। ਗਰੂ ਰਾਮ ਸਿੰਘ ਜੀ ਨੇ ਇਸਨੂੰ ਵਰ ਦੇ ਕੇ ਵੱਡਾ ਠੇਕੇਦਾਰ ਬਣਾਇਆ ਨਾਲ ਹੀ ਇਹ ਵੀ ਕਿਹਾ ਸੀ– "ਭੂਰਿਆਂ ਵਾਲਿਆਂ ਨਾਲ ਵਿਗਾੜੀ ਨਾ।" ਭਾਵ ਮਾਲਵੇ ਦੇ ਕੂਕੇ ਸਿੰਘ ਜੋ ਭੂਰਿਆਂ ਨਾਲ ਸੋਧ ਮਰਿਆਦਾ ਰੱਖਦੇ। ਇਹ ਨਿਹਾਲ ਸਿੰਘ ਬਹੁਤ ਮਾਲਦਾਰ ਹੋ ਗਿਆ। ਇੱਕ ਵੇਰ ਗੁਰੂ ਹਰੀ ਸਿੰਘ ਜੀ ਦਾ ਮੁਕਤਸਰ ਦੌਰਾ ਸੀ। ਨਿਹਾਲ ਸਿੰਘ ਦੇ ਸਾਲੇ ਨੇ ਲੰਗਰ ਦੀ ਮਰਿਆਦਾ ਬਾਰੇ ਸਿੰਘਾਂ ਦੇ ਸੁਚੇਤ ਕਰਨ ਤੇ ਬਦਕਲਾਮੀ ਕੀਤੀ। ਨਿਹਾਲ ਸਿੰਘ ਨੇ ਵੀ ਸਾਲੇ ਦਾ ਪੱਖ ਪੂਰਿਆ। ਗੁਰੂ ਹਰੀ ਸਿੰਘ ਜੀ ਨੇ ਉਦੋਂ ਹੀ ਸੰਗਤ ਨੂੰ ਹੁਕਮ ਕਰਕੇ ਲੰਗਰ ਬੁੰਗੇ ਤੋਂ ਬਾਹਰ ਹੋਰ ਥਾਂ ਕਰ ਲਿਆ। ਸ਼ਹਿਰ ਦੇ ਖੱਤਰੀਆਂ ਨੇ ਜਗਾਹ ਮੱਥਾ ਟੇਕ ਦਿੱਤੀ। ਉਸ ਵਿੱਚ ਨਾਮਧਾਰੀ ਧਰਮਸ਼ਾਲਾ ਇਲਾਕੇ ਦੀ ਸੰਗਤ ਨੇ ਬਣਾ

ਲਈ ੧੯੦੨-੦੩ ਈ. ਵਿੱਚ। ਸਾਹਿਬ ਸਿੰਘ ਦੋਦੇਵਾਲਾ, ਕਾਹਨ ਸਿੰਘ ਵਾੜਿਆਂ ਵਾਲੀ ਤੇ ਹਰਨਾਮ ਸਿੰਘ ਝਾੜੀ ਵਾਲੇ ਨੇ, ਧਨ ਪਦਾਰਥ ਪੱਲਿਓਂ ਪਾ ਕੇ, ਉਗਰਾਹ ਕੇ ਵੀ, ਪਹਿਲਾਂ ਖੂਹ ਲਾਇਆ ਫਿਰ ਧਰਮਸ਼ਾਲਾ ਦੀ ਇਮਾਰਤ ਚਾਰ ਦੀਵਾਰੀ ਬਣਾਈ। ਇਲਾਕੇ ਦੇ ਸਿੰਘਾਂ ਵੀ ਖੁੱਲ੍ਹੇ ਗੱਫੇ ਦਿੱਤੇ।[113]

## ਗਿੱਲਾਂ (ਬਾਰ ਵਾਲੇ) ਦਾ ਹੋਲਾ - ੧੯੦੩ ਈ.-

ਇਹ ਗਿੱਲ ਬਾਬਾ ਜਮੀਅਤ ਸਿੰਘ ਜੀ ਵਾਲੇ ਗਿੱਲ (ਸਿਆਲਕੋਟ) ਤੋਂ ਲਾਇਲਪੁਰ ਬਾਰ ਵਿੱਚ ਆ ਕੇ ਅਬਾਦ ਹੋਏ ਸਨ। ੧੯੦੩ ਈ. ਦਾ ਹੋਲਾ ਮਹੱਲਾ ਇਸ ਨਗਰ ਵਿੱਚ ਗੁਰੂ ਹਰੀ ਸਿੰਘ ਜੀ ਦੀ ਹਜ਼ੂਰੀ ਵਿੱਚ ਮਨਾਇਆ ਗਿਆ। ਰਸਤੇ ਵਿੱਚ ਰਾਜੇ ਜੰਗ (ਲਾਹੌਰ) ਵਿਖੇ ਗੁਰੂ ਜੀ ਨੇ ਪੜਾਅ ਕੀਤੇ ਸਨ। ਇਹ ਕੂਕਿਆਂ ਦਾ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਦਾ ਪੁਰਾਣਾ ਪਿੰਡ ਸੀ। ਇਸ ਹੋਲੇ ਵਿੱਚ ਗੁਰੂ ਹਰੀ ਸਿੰਘ ਜੀ ਨੇ ਮਸਤਾਨਿਆਂ ਦੀ ਗਿਣਤੀ ਵਧਣ ਤੇ ਦੀਵਾਨ ਵਿੱਚੋਂ ਰੁਖਸਤ ਲੈ ਲਈ। ਅਗਲੇ ਦਿਨ ਰਾਗੀਆਂ ਨੂੰ ਗੁਰੂ ਹਰੀ ਸਿੰਘ ਜੀ ਨੇ ਕਿਹਾ ਕਿ ਮਾਸ ਸ਼ਰਾਬ ਨਾ ਵਰਤਣ ਵਾਲੇ ਹੀ ਦੀਵਾਨ ਲਾਉਣ, ਦੂਜੇ ਜਾ ਸੱਕਦੇ ਹਨ। ਜੈ ਸਿੰਘ ਮੌਲੀ ਪਹਿਲਾਂ ਤਾਂ ਮੁੱਕਰ ਗਿਆ ਫਿਰ ਮੰਨ ਗਿਆ। ਭਾਈ ਕਾਲੂ ਨੇ ਵੀ ਕਿਹਾ ਕਿ ਮੈਨੂੰ ਵੀ ਗੁਜਰਾਂਵਾਲੇ, ਰਾਗੀਆਂ ਨੇ ਬਦੋ ਬਦੀ ਸ਼ਰਾਬ ਪਿਆ ਦਿੱਤੀ ਸੀ। ਇਸੇ ਤਰ੍ਹਾਂ ਚੰਦੇ ਰਾਗੀ ਨੇ ਵੀ ਅਵੱਗਿਆ ਕਰਨੀ ਮੰਨ ਲਈ, ਤਿੰਨਾਂ ਨੂੰ ਅੰਮ੍ਰਿਤ ਛਕਵਾ ਕੇ, ਮਰਿਆਦਾ ਵਿੱਚ ਕਰਕੇ, ਅੱਗੋ ਤੋਂ ਪ੍ਰਣ ਨਾ ਪੀਣ ਦਾ ਕਰਵਾ ਕੇ ਫਿਰ ਉਹਨਾਂ ਦਾ ਦੀਵਾਨ ਸੰਗਤ ਵਿੱਚ ਲੱਗਿਆ। ਅਗਲੇ ਦਿਨ ਫਿਰ ਮਸਤਾਨਿਆਂ ਨੂੰ ਸੂਤਰ ਦੀਵਾਨ ਵਿੱਚ ਕੱਢਣ ਦੀ ਮਨਾਹੀ ਸੀ। ਸੰਤ ਕੇਸਰ ਕਿੱਲੀ ਹੋਰਾਂ ਨੱਥੂ ਕੱਥੂ ਰਾਗੀ ਨਾਲ ਲੈ ਕੇ, ਆਪਣਾ ਮਸਤਾਂ ਦਾ ਦੀਵਾਨ, ਵੱਖਰਾ ਜਾ ਲਾਇਆ। ਬਾਬਾ ਸਾਉਣ ਸਿੰਘ ਸੱਦੋਵਾਲੀਏ ਨੇ ਇਹ ਕਹਿ ਕੇ ਦੀਵਾਨ ਬੰਦ ਕਰਵਾ ਦਿੱਤਾ ਕਿ ਗੁਰੂ ਜੀ ਦੇ ਦੀਵਾਨ ਦੇ ਸਾਹਵੇਂ, ਵੱਖਰਾ ਦੀਵਾਨ ਸੋਭਦਾ ਨਹੀਂ।

ਗੁਰੂ ਜੀ ਇੱਥੋਂ ਮਹਿਮਦਵਾਲੀ ਚਲੇ ਗਏ। ਸਾਧ ਸੰਗਤ ਮਗਰ ਗਈ। ਉਹ ਸੋਚਦੇ ਸਨ ਕਿ ਨਾਲੇ ਤਾਂ ਗੁਰੂ ਜੀ ਨਰਾਜ਼ ਹੋ ਗਏ ਨਾਲੇ ਮਸਤਾਨਿਆਂ ਨੂੰ ਦੀਵਾਨ ਵਿੱਚ ਨਾ ਆਉਣ ਦਾ ਹੁਕਮ ਲੱਗ ਗਿਆ। ਗੱਲ ਬੜੀ ਮਾੜੀ ਹੋਈ ਹੈ। ਮਹਿਮਦਵਾਲੀ ਜਦ ਦੀਵਾਨ ਲੱਗਾ, ਤਾਂ ਸਿੰਧ ਤੋਂ ਜਿਹੜੀ ਸੰਗਤ ਆਈ ਸੀ, ਉਹਨਾਂ ਪਾਸ ਵਾਪਸੀ ਸਫਰ ਦਾ ਕਿਰਾਇਆ ਨਹੀਂ ਸੀ। ਹਰਨਾਮ ਸਿੰਘ ਰਣੀਖਾਨ ਨੇ ਸੰਗਤ ਨਾਲ ਮਤਾ ਮੇਲ ਕੇ, ਗੁਰੂ ਜੀ ਨੂੰ ਅਰਜ਼ ਕੀਤੀ- ਜੇ ਕਿਰਪਾ ਕਰੋ ਤਾਂ ਜਿਹੜਾ ਸਿੰਘ ਇਕ ਰੁਪੈਆ ਦੇਵੇ ਉਹ ਸੂਤਰ ਕੱਢ ਲਵੇ (ਭਾਵ ਮਸਤਾਨਾ ਹੋ ਜਾਏ)। ਇਸ ਤਰ੍ਹਾਂ ਇਕੱਠੀ ਹੋਈ ਮਾਇਆ ਸਿੰਧ ਦੀ ਸੰਗਤ ਦੇ ਕਿਰਾਏ ਲੇਖੇ ਲੱਗ ਜਾਵੇ। ਗੁਰੂ ਜੀ ਨੇ ਸੂਤਰ ਕੱਢਣ ਦਾ ਹੁਕਮ ਦੇ ਦਿੱਤਾ। ਪਹਿਲਾਂ ਗੁਰੂ ਜੀ ਨੇ ਇਸ ਪ੍ਰਥਾਇ, ਪੰਜ ਰੁਪੈ ਗੁਰੂ ਕੇ ਖਜ਼ਾਨੇ ਵਿੱਚੋਂ ਪੁਆਏ। ਫਿਰ ਹਰਨਾਮ ਸਿੰਘ ਨੇ ਇਕ ਰੁਪਈਆ ਰੱਖ ਕੇ ਹੁਕਮ ਸੁਣਾ ਦਿੱਤਾ, ਗੁਰੂ ਜੀ

ਵੱਲੋਂ ਕਿ ਜਿਹਨੇ ਮਸਤਾਨੇ ਹੋਣਾ ਹੈ ਜਾਂ ਸੂਤਰ ਕੱਢਣਾ ਹੈ (ਪਾਉਣਾ ਹੈ) ਉਹ ਇੱਕ ਇੱਕ ਦਮੜਾ ਰੱਖ ਦੇਣ। ਮਸਤਾਨੇ ਸਿੰਘ ਦਮੜੇ ਰੱਖੀ ਜਾਣ ਤੇ ਸੂਤਰ ਪਾਈ ਜਾਣ।

**ਸੂਤਰੀਆਂ ਦਾ ਦੀਵਾਨ-**

"ਲਾਲ ਸਿੰਘ (ਭੂਰੇ ਗਿੱਲੀਏ) ਨੂੰ ਬਚਨ ਹੋਇਆ ਕੱਢੋ ਸੂਤਰ। ਕਹਿਣ ਲੱਗਾ ਸੂਤਰ ਕਾਧੇ ਨਾਲ ਕੱਢੀਏ, ਸਤਿਆ ਤਾਂ ਤੁਸਾਂ ਕੱਢ ਲਈ ਹੈ। ਫੇਰ ਬਚਨ ਹੋਇਆ ਕੱਢੋ ਸੂਤਰ। ਜੀਊਣ ਸਿੰਘ (ਸਰਹਾਲੀ) ਦੋ ਰੁਪਈਏ ਧਰੇ, ਏਕ ਰੁਪਈਆ ਪਹਿਲੇ ਸੂਤਰ ਕਾ ਤੇ ਦੂਆ ਰੁਪਈਆ ਦੂਏ ਸੂਤਰ ਕਾ। ਸੂਤਰ ਕੱਢਣ ਲੱਗ ਪਿਆ। ਕਹੇ ਕਿ ਥੋੜਾ ਲਾਇਆ ਹੈ। ਜੇ ਸੌ ਸੌ ਲੌਂਦੇ ਤਾਂ ਭੀ ਦੇ ਦਿੰਦੇ। ਸਿੰਘ ਸਿੰਘਣੀ ਨੇ ਅਠਿਆਨੀ ਰੱਖ ਕੇ ਕਿਹਾ- ਜੀ ਸਾਨੂੰ ਚੁਆਨੀ ਕਾ ਸੂਤਰ ਮਿਲੇ ਦੋਹਾਂ ਨੂੰ। ਇਕ ਨੇ ਮਹਿੰ ਦਿਤੀ ਇਕ ਨੇ ਘੋੜੀ ਦਿਤੀ ਸੂਤਰ ਮੈਂ। (ਮੱਝ ਜਵੰਦ ਸਿੰਘ ਖਿਹਾਲਾ ਅਤੇ ਘੋੜੀ ਕਿਸ਼ਨ ਸਿੰਘ ਵਰਨ ਨੇ ਦਿਤੀ)। ਇਕ ਬਾਲਕ ਆਇਆ ਛੋਟਾ ਭੁਜੰਗੀ, ਕਹਿਣੇ ਲਗਾ ਮੇਰੇ ਕੜੇ (ਸੋਨੇ ਦੇ) ਲਾਹ ਲਵੋ ਤੇ ਮੈਂ ਭੀ ਸੂਤਰ ਕੱਢ ਲਵਾਂ। ਬਚਨ ਹੋਇਆ- ਤੂੰ ਸੂਤਰ ਕੱਢ ਲੈ ਕੜੇ ਨਹੀਂ ਲੈਂਦੇ ਹੈਂ। ਕੁੱਦ ਪਿਆ ਸੂਤਰੀਆਂ ਮੈਂ ਜਾਇ ਕੇ। ਵਿਚ ਫਿਰੀ ਜਾਵੇ। ਦੋ ਸਿੰਘ ਸੂਤਰ ਕੱਢਦੇ ਹੁੰਦੇ ਸੇ ਸੋ ਦੇਖੀ ਜਾਵਣ। ਸੂਤਰੀਆਂ ਨੇ ਕਹਾ ਹੁਣ ਕਿਉਂ ਨਹੀਂ ਸੂਤਰ ਕੱਢਦੇ ਹੋ। ਜੇੜਾ ਹੁਣ ਨਾ ਕਢੇ ਸੂਤਰ ਉਸਕਾ ਸੂਤਰ ਨਾ ਮਨਜ਼ੂਰ ਹੈ। ਦੋ ਰੁਪਈਏ ਦੇ ਕਰ ਦੋਨੋਂ ਕੁੱਦ ਪਏ। ਦੀਵਾਨ ਭਰ ਗਿਆ ਸੂਤਰੀਆਂ ਨਾਲ। ਥਾਉਂ ਨਹੀਂ ਖੜੇ ਹੋਣ ਨੂੰ। ਸਿੰਘ ਸੂਤਰੀ ਕਹਿਣ ਸਾਡੇ ਦਿਲ ਦੀ ਕੀਤੀ ਹੈ ਗੁਰੂ ਜੀ ਨੇ। ਮੋਰਾਂ ਵਾਂਗੂੰ ਪੈਲਾਂ ਪਾਂਵਦੇ ਹੈਨ। ਚਕੋਰਾਂ ਵਾਂਗੂੰ ਨਿਰਤਕਾਰੀ ਕਰਦੇ ਹਨ, ਸੱਤ ਵੀਹਾਂ ਰੁਪਈਆ ਹੋਇਆ ਗੁਰੂ ਜੀ ਕੇ ਪਰਤਾਪ ਨਾਲ। ਉਹ ਰੁਪਏ ਸਿੰਧ ਵਾਲੇ ਸਿੰਘ ਬੇਖਰਚੋਂ ਕੋ ਦੇ ਦਿਤੇ। ਬੜਾ ਕੁਲਾਹਲ ਹੋਇਆ। ਸਿੰਘ ਸਾਰੇ ਕਹਿਣ- "ਮੇਰੇ ਚਲੋ, ਮੇਰੇ ਚਲੋ।" ਦੀਨ ਦਿਆਲ ਜੀ ਬਚਨ ਕੀਤਾ ਅਸਾਂ ਤਾਂ ਘਰ ਨੂੰ ਹੀ ਚਲੇ ਜਾਣਾ ਹੈ।[114]

ਇਉਂ ਗਿੱਲਾਂ ਦਾ ਇਹ ਹੋਲਾ ਮਹੱਲਾ ਨਾਮਧਾਰੀ ਹੋਲਿਆਂ ਮਹੱਲਿਆਂ ਦੇ ਇਤਿਹਾਸ ਵਿੱਚ ਮਸਤੀ ਦਾ ਇੱਕ ਸਿਖਰ ਸਿਰਜ ਗਿਆ। ਰੇਲ ਤੇ ਚੜ੍ਹਕੇ ਸ੍ਰੀ ਭੈਣੀ ਸਾਹਿਬ ਪੁੱਜ ਗਏ। ਉਦਰੀ ਹੋਈ ਸੰਗਤ ਨੇ ਦਰਸ਼ਨ ਕਰਕੇ, ਖੁਸ਼ੀਆਂ ਹਾਸਲ ਕੀਤੀਆਂ। ਮਾਈ ਭਾਗਣ, ਸੋਭੀ, ਹਰਨਾਮ ਸਿੰਘ ਆਦਿਕ ਚਰਨੀਂ ਲੱਗੇ।

"ਗੁਰੂ ਜੀ ਬਚਨ ਕੀਤਾ- ਸਤਿਗੁਰੂ ਜੀ ਕਾ ਬਚਨ ਹੈ, ਜੇਕਰ ਅੰਨ ਪਾਣੀ ਅੰਦਰ ਨਾ ਲੰਘੇ ਤਾਂ ਭੀ ਇਸ਼ਨਾਨ ਕਰ ਲਵੇ। ਇਸ਼ਨਾਨ ਕਰਨੇ ਸੇ ਭਜਨ ਬਾਣੀ ਅਛਾ ਹੁੰਦਾ ਹੈ। ਬਿਨਾਂ ਇਸ਼ਨਾਨ ਭੂਤ ਬਿਰਤੀ ਰਹਿੰਦੀ ਹੈ।"

ਗੁਰੂ ਜੀ ਜਾਨਵਰਾਂ ਵਾਸਤੇ ਵੀ ਜਵਾਰ ਬਾਜਰਾ ਦਾਨਾ ਖਲਾਰ ਦਿੰਦੇ। ਆਪ ਪਾਸ ਬੈਠਦੇ ਕਿ ਚੋਗਾ ਚੁਗਦਿਆਂ ਨੂੰ ਬਿੱਲੀ ਨਾ ਪੈ ਜਾਵੇ। ਰਾਮਸਰੋਂ ਆਉਂਦਿਆਂ ਇਕ ਦਿਨ ਮੋਰ ਵੇਖ ਕੇ ਬਚਨ ਕੀਤਾ ਅੱਗੇ ਤਾਂ ਇਸ ਧਰਤੀ ਤੇ ਨਹੀਂ ਸਨ ਹੁਣ ਆ ਗਏ ਹਨ। ਉਹਨਾਂ ਨੂੰ ਮੱਕੀ ਪਾਉਣ ਦਾ ਹੁਕਮ ਦਿੱਤਾ। ਇਸੇ ਤਰ੍ਹਾਂ ਜਿਹੜੇ ਸਿੰਘ ਕੋਈ

ਕੁਰਿਹਤ ਕਰਦੇ, ਰੋਮਾਂ ਦੀ ਬੇਅਦਬੀ ਕਰਦੇ ਜਾਂ ਅਨਮਤੀਆਂ ਨਾਲ ਵਰਤੋਂ ਵਿਹਾਰ ਰੱਖ ਕੇ ਆਪਣੀ ਮਰਿਆਦਾ ਅਰਦਾਸੇ ਦੀ ਭੁੱਲਦੇ, ਗੁਰੂ ਜੀ ਉਹਨਾਂ ਨੂੰ ਤਾੜਨਾ ਕਰਕੇ ਸੁਮਾਰਗ ਤੇ ਲਿਆਉਂਦੇ ਸਨ।

ਇਸੇ ਸਮੇਂ ਸਿੰਘ ਸਭਾ ਦਾ ਉੱਘਾ ਆਗੂ ਗਿਆਨੀ ਠਾਕੁਰ ਸਿੰਘ ਵੀ ਗੁਰੂ ਹਰੀ ਸਿੰਘ ਜੀ ਪਾਸ ਦਰਸ਼ਨ ਮੇਲਾ ਅਤੇ ਵਿਚਾਰ ਵਟਾਂਦਰਾ ਕਰਨ ਆਇਆ। ਉਹ ਮੰਨਿਆ ਕਿ ਅਸਲ ਸੰਤ ਖਾਲਸਾ ਇਹੋ ਹੈ। ਨਾਮਧਾਰੀਏ ਅਸਲ ਰੀਤੀ ਰੱਖਦੇ ਹਨ।

੧੮੯੬ ਈ. ਤੋਂ ੧੯੦੩ ਈ. ਤੱਕ ਪਲੇਗ ਦਾ ਬਹੁਤ ਜ਼ੋਰ ਰਿਹਾ। ਜਿਸ ਕਾਰਨ ਕਈ ਵੇਰ ਗੁਰੂ ਹਰੀ ਸਿੰਘ ਜੀ ਨੂੰ ਦੌਰਿਆਂ ਦੀ ਛੁੱਟੀ  ਨਹੀਂ ਮਿਲਦੀ ਸੀ।

**ਹੋਲਾ ਗੁਰੂ ਚੱਕ ਦਾ - ੧੯੦੪ ਈ.-**

ਅੰਮ੍ਰਿਤਸਰ, ਲਾਹੌਰ ਤੇ ਸਿਆਲਕੋਟ ਤਿੰਨਾਂ ਜ਼ਿਲ੍ਹਿਆਂ ਦੀ ਛੁੱਟੀ ਮਿਲੀ। ਗੁਰੂ ਚੱਕ ਜਿੱਥੇ ਹੋਲਾ ਹੋਣਾ ਸੀ ਸਿਆਲਕੋਟ ਜ਼ਿਲ੍ਹੇ ਦੇ ਪਿੰਡ ਵਿੱਚ, ਉੱਥੋਂ ਦੇ ਸਿੰਘ ਦੀ ਗੁਰੂ ਜੀ ਪਾਸ ਬੇਨਤੀ ਪੁੱਜੀ ਕਿ ਸਾਡੇ ਵਿੱਚ ਇਤਫਾਕ ਨਹੀਂ ਰਿਹਾ, ਤੁਸੀਂ ਨਾਲੇ ਹੋਲੇ ਤੇ ਦਰਸ਼ਨ ਦਿਉ ਨਾਲੇ ਸਾਨੂੰ ਇੱਕਜੁੱਟ ਕਰ ਜਾਉ। ਪਹਿਲਾ ਪੜਾਅ ਸਦਾ ਜਿਉਂ ਮੁਠੱਡੇ ਕੀਤਾ। ਅੰਮ੍ਰਿਤਸਰ ਸ਼ਹਿਰ ਵਿੱਚੋਂ ਹੋ ਕੇ ਭੋਇਵਾਲੀ ਤੇ ਫੱਤੇਵਾਲ ਪਿੰਡਾਂ ਦੇ ਘਰਾਂ ਵਿੱਚ ਚਰਨ ਪਾ ਕੇ, ਬਾਠਾਂਵਾਲਾ (ਸਿਆਲਕੋਟ) ਪੁੱਜ ਗਏ, ਰਾਵੀ ਪਾਰ ਕਰਕੇ। ਬਾਠਾਂਵਾਲੇ ਤੋਂ ਅਗਲੇ ਦਿਨ ਦਾਤੇਵਾਲ। ਔੜ ਬੜੀ ਲੱਗੀ ਸੀ। ਗੁਰੂ ਜੀ ਨੇ ਸੰਤ ਭਗਤ ਸਿੰਘ ਦਾਤੇਵਾਲੀਏ ਪਾਸੋਂ ਮੀਂਹ ਦੀ ਅਰਦਾਸ ਕਰਵਾਈ। ਰਾਤ ਨੂੰ ਹੀ ਚੰਗੀ ਵਰਖਾ ਹੋ ਗਈ। ਅਗਲਾ ਦਿਨ ਕਿਲਾ ਸੂਬਾ ਸਿੰਘ ਵਿਖੇ ਬਿਤਾ ਕੇ, ਗੁਰੂ ਚੱਕ ਪੁੱਜੇ।

ਗੁਰੂ ਚੱਕ ਦੇ ਸਿੰਘਾਂ ਦੇ ਮਨੋਰਥ ਪੂਰੇ ਕੀਤੇ। ਤਿੰਨ ਦਿਨ ਹੋਲਾ ਬੜੀ ਧੂਮਧਾਮ ਨਾਲ ਹੋਇਆ। ਇਸ ਨਗਰ ਵਿੱਚ ਸਤਿਗੁਰੂ ਰਾਮ ਸਿੰਘ ਜੀ ਵੀ ਚਰਨ ਪੌਂਦੇ ਰਹੇ ਸਨ। ਹੋਲੇ ਤੋਂ ਅਗਲੇ ਦਿਨ ਮੀਂਹ ਉਤਰ ਪਿਆ। ਵਰ੍ਹਦੇ ਮੀਂਹ ਵਿੱਚ ਹੀ ਗੁਰੂ ਜੀ ਸੰਗਤ ਸਮੇਤ ਸ਼ਾਹ ਹੁਕਮ ਸਿੰਘ ਪਾਸ ਸਖਾਣੀਂ ਦੋ ਦਿਨ ਰਹੇ। ਸ਼ਾਹ ਜੀ ਦੇ ਪਿਤਾ ਦਾ ਨਾਮ ਝੰਡਾ ਸਿੰਘ ਸੀ ਅਤੇ ਇਹ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਤੋਂ ਹੀ ਸਿੱਖੀ ਨਾਲ ਜੁੜਿਆ ਘਰ ਸੀ ਸੇਵਾ ਭਾਵ ਵਾਲਾ। ਅਸਾ ਦੀ ਵਾਰ ਦੇ ਭੋਗ ਸਮੇਂ ਸੰਤ ਲਾਲ ਸਿੰਘ ਰਾਗੀਆਂ ਪਾਸ ਬੈਠੇ ਸਨ।ਸੰਤ ਹਰਨਾਮ ਸਿੰਘ ਕਿਲੇ ਵਾਲਿਆਂ ਦੀ ਭੈਣ ਨੇ ਸੰਤ ਲਾਲ ਸਿੰਘ (ਭੂਰੇ ਗਿੱਲੀਏ) ਦੇ ਸਿਰ ਤੇ ਪੈਰ ਧਰ ਦਿੱਤਾ। ਸੰਤਾਂ ਦੇ ਸੇਵਕ ਗੰਗੀ ਨੂੰ ਮਾਰਨ ਪਏ ਤਾਂ ਗੁਰੂ ਜੀ ਨੇ ਰੋਕ ਦਿੱਤਾ। ਇੱਥੋਂ ਗੁਜਰਾਂਵਾਲੇ ਹੋ ਕੇ ਸ਼ਾਹਦਰੇ ਬਾਬਾ ਮਤਾਬ ਸਿੰਘ ਪਾਸ ਰੁਕੇ। ਇੱਥੋਂ ਧਿਆਨ ਸਿੰਘ ਪੱਥਰਾਂ ਵਾਲਿਆਂ ਦੇ ਘਰ ਲਾਹੌਰ ਕਿਆਮ ਕੀਤਾ।

ਭੰਬੇ (ਲਾਹੌਰ) ਦਾ ਲਹਿਣਾ ਸਿੰਘ ਨਾਮਧਾਰੀ ਚੜ੍ਹਾਈ ਕਰ ਗਿਆ ਸੀ। ਉਸਦੇ ਪੁੱਤਰ ਮਰਿਆਦਾ ਵਿੱਚ ਨਹੀਂ ਸਨ। ਇਸ ਤੇ ਅੰਤ ਸਮੇਂ ਲਹਿਣਾ ਸਿੰਘ ਉਹਨਾਂ ਨੂੰ ਕਹਿ ਗਿਆ ਕਿ  ਮੇਰੀ ਦੇਹ ਨੂੰ ਨਾਮਧਾਰੀ ਸਿੰਘ ਹੀ ਸਾਂਭਣ। ਗੁਰੂ ਹਰੀ ਸਿੰਘ ਜੀ ਪਹਿਲਾਂ ਤਾਂ ਭੰਬੇ ਜਾਣ ਤੋਂ ਇਨਕਾਰ ਕੀਤਾ ਪਰ ਜਦੋਂ ਲਹਿਣਾ ਸਿੰਘ ਦੇ ਪੁੱਤਰਾਂ ਨੇ

ਮਰਿਆਦਾ ਵਿੱਚ ਰਹਿਣਾ ਮੰਨ ਕੇ, ਦਰਸ਼ਨਾਂ ਦੀ ਅਰਜ਼ ਕੀਤੀ, ਗੁਰੂ ਜੀ ਨੇ ਭੰਬੇ ਦਰਸ਼ਨ ਦਿੱਤੇ। ਬਾਬੇ ਦੇ ਪੁੱਤਰਾਂ ਅੰਮ੍ਰਿਤ ਛਕ ਕੇ ਕਛਹਿਰੇ ਧਾਰਨ ਕੀਤੇ।

ਇੱਥੋਂ ਕੱਕੜ ਪਿੰਡ ਗਏ ਰਾਵੀ ਦੇ ਕੰਢੇ। ਇੱਥੋਂ ਦਾ ਡਿਪਟੀ ਪਰਤਾਪ ਸਿੰਘ ਬੜਾ ਹੰਕਾਰੀ ਸੀ, ਉਸਨੇ ਪਹਿਲਾਂ ਗੁਰੂ ਜੀ ਦੀ ਛੁੱਟੀ ਬੰਦ ਕਰਾਈ ਸੀ। ਹੁਣ ਪਰੇਸ਼ਾਨ ਹੋਇਆ ਕਿ ਸਿੰਘ ਇਹਨਾਂ ਨੂੰ ਇੱਥੇ ਲੈ ਕੇ ਆਏ ਹਨ। ਉਸ ਦੀ ਪੁੱਤਰੀ ਦਾ ਗੁਰੂ ਜੀ ਤੇ ਬੜਾ ਭਰੋਸਾ ਸੀ। ਉਸ ਦਾ ਪਰੇਰਿਆ ਆਸਾ ਦੀ ਵਾਰ ਦੇ ਦੀਵਾਨ ਵਿੱਚ, ਭੁੱਲ ਬਖਸ਼ਾਉਣ ਲਈ ਹਾਜ਼ਰ ਹੋ ਗਿਆ ਹੱਥ ਬੰਨ੍ਹ ਕੇ। ਪਿੰਡ ਦੇ ਸਿੰਘ ਤਾਂ ਕਹਿਣ ਕਿ ਬਖਸ਼ਿਸ਼ ਦੇ ਜੋਗ ਨਹੀਂ, ਪਰ ਗੁਰੂ ਜੀ ਨੇ ਬਖਸ਼ਿਸ਼ ਵੀ ਦਿੱਤੀ ਤੇ ਸਿੰਘਾਂ ਨਾਲ ਸੁਰ ਵੀ ਕਰ ਦਿੱਤਾ।

ਮੁਹਾਵੇ ਵਿੱਚ ਸੰਤ ਕੇਸਰ ਸਿੰਘ ਜੀ ਨੂੰ ਮਿਲੇ। ਪਰਸਪਰ ਅਦਬ ਅਦਾਬ ਹੋਇਆ। ਬਾਬਾ ਜੀ ਮਸਤਾਨੇ ਸੁਭਾਉ ਵਿੱਚ ਹੀ ਵਿਚਰਦੇ ਸਨ। ੧੯੦੪ ਈ. ਦੀ ਵੈਸਾਖੀ ਅੰਮ੍ਰਿਤਸਰ ਮਨਾਈ।

## (ਬਾਬਾ) ਸੋਹਣ ਸਿੰਘ ਭਕਨਾ ਪਿੰਡ ਲੈ ਗਿਆ-

ਕੁਝ ਵਰ੍ਹੇ ਬਾਅਦ ਅਮਰੀਕਾ ਵਿੱਚ ਦੇਸ਼ ਆਜ਼ਾਦੀ ਲਈ ਬਣਨ ਵਾਲੀ ਗ਼ਦਰ ਪਾਰਟੀ ਦਾ ਬਾਨੀ ਪਰਧਾਨ ਬਾਬਾ ਸੋਹਣ ਸਿੰਘ ਭਕਨਾ (ਅੰਮ੍ਰਿਤਸਰ) ਸੀ। ਇਸ ਸਮੇਂ ਉਹ ਸੰਤ ਕੇਸਰ ਸਿੰਘ ਮੁਹਾਵੇ ਵਾਲਿਆਂ ਦੀ ਸੰਗਤ ਕਰਕੇ, ਨਾਮਧਾਰੀ ਰੰਗ ਵਿੱਚ ਰੰਗੇ ਹੋਏ ਸਨ। ਉਹ ਬਾਬਾ ਕੇਸਰ ਕਿੱਲੀ ਦੇ ਸੇਵਕ ਦੇ ਤੌਰ ਤੇ ਜਾਣੇ ਜਾਂਦੇ ਸਨ। ਉਹਨਾਂ ਨੇ ਅੰਮ੍ਰਿਤਸਰ ਵਿਖੇ ਗੁਰੂ ਜੀ ਨੂੰ ਭਕਨੇ ਚੱਲਣ ਦੀ ਬੇਨਤੀ ਕੀਤੀ। ਭਕਨੇ ਵਿੱਚ ਤਕੜਾ ਮੇਲਾ ਹੋਇਆ, ਗੁਰੂ ਜੀ ਦੇ ਹਜ਼ੂਰ ਰਾਗੀਆਂਦੇ ਦੀਵਾਨ ਲੱਗੇ। ਇੱਥੋਂ ਚਤਰ ਸਿੰਘ ਪਾਸ ਬੇਦਾਦਪੁਰੇ ਗਏ। ਇਹ ਸਾਰੀ ਛੁੱਟੀ ਅੰਮ੍ਰਿਤਸਰ ਜ਼ਿਲ੍ਹੇ ਵਿੱਚ ਪੂਰੀ ਕੀਤੀ। ਅਨੇਕ ਲੋਕਾਂ ਨੂੰ ਭਜਨ ਦੱਸ ਕੇ ਇਸ ਦੌਰੇ ਵਿੱਚ ਕੂਕੇ ਬਣਾਇਆ। ਇਸ ਦੌਰੇ ਵਿੱਚ ਗੁਰੂ ਜੀ ਨੇ ਚਾਰ ਫੇਰੇ ਅੰਮ੍ਰਿਤਸਰ ਸ਼ਹਿਰ ਦੇ ਲਾ ਕੇ ਉੱਥੋਂ ਦੀ ਸੰਗਤ ਨੂੰ ਨਿਵਾਜਿਆ। ਵਾਪਸ ਡੇਰੇ ਪੁੱਜੇ। ਗੁਰੂ ਜੀ ਦੀ ਗ਼ੈਰ ਹਾਜ਼ਰੀ ਵਿੱਚ ਭੈਣੀ ਸਾਹਿਬ ਪਿੰਡ ਵਿਚ ਬੀਮਾਰੀ ਦਾ ਜ਼ੋਰ ਰਿਹਾ। ਜਿਸ ਦਿਨ ਆਏ ਉਸ ਦਿਨ ਪਿੰਡ ਦਾ ਇੱਕ ਸਰੀਰ ਚੜ੍ਹਿਆ ਸੀ ਫਿਰ ਸੁੱਖ ਸਾਂਦ ਰਹੀ। ਲੋਕਾਂ ਨੂੰ ਮਾਲੂਮ ਹੋਇਆ ਜੋ ਗੁਰੂ ਜੀ ਦਾ ਬੜਾ ਪਰਤਾਪ ਹੈ।[115]

## ਕੂਕੇ ਅੰਗਰੇਜ਼ਾਂ ਦੀ ਪਰਜਾ ਨਹੀਂ-

ਸੰਤ ਜਵੰਦ ਸਿੰਘ ਖਿਹਾਲੇ ਵਾਲੇ ਅਤੇ ਸੁਚੇਤ ਸਿੰਘ ਬੈਂਕਿਆਂ ਵਾਲਿਆਂ ਨੇ ਗੁਰੂ ਹਰੀ ਸਿੰਘ ਜੀ ਦੇ ਹੁਕਮ ਅਨੁਸਾਰ ਉਚ ਅਧਿਕਾਰੀਆਂ ਨੂੰ, ਨਾਮਧਾਰੀ ਸੰਗਤ ਤੋਂ ਅਤੇ ਗੁਰਦੁਆਰਾ ਸ੍ਰੀ ਭੈਣੀ ਸਾਹਿਬ ਤੇ ਲਾਈਆਂ ਪਾਬੰਦੀਆਂ ਹਟਾਉਣ ਲਈ, ਦਰਖਾਸਤਾਂ ਦੁਆਈਆਂ ਸਨ ੧੯੦੪ ਈ. ਵਿੱਚ। ਇਹਨਾਂ ਦਾ ਉਤਰ ਨਾ ਆਉਣ ਤੇ ਹੋਰ ਅਰਜ਼ੀਆਂ ਪਾਈਆਂ ਸਨ। ਇਹ ਦੋਵੇਂ ਸਿੰਘ ਡੀ. ਸੀ. ਨੂੰ ਮਿਲਣ ਲਈ ਲੁਧਿਆਣੇ

ਰੁਕੇ, ਜੋ ਅੱਠੀਂ ਦਿਨੀਂ ਮਿਲ ਕੇ ਜ਼ੁਬਾਨੀ ਸੁਣਦਾ ਸੀ, "ਪੁੱਛਿਆ ਕਿਆ ਅਰਜ਼ ਹੈ। ਸਿੰਘਾਂ ਕਹਾ ਕਿ ਹੋਰ ਰੱਯਤ ਸਭ ਸੁਖ ਨਾਲ ਵਸਦੀ ਹੈ, ਅਸਾਂ ਲੋਕਾਂ ਨੂੰ ਬਡੀ ਤਕਲੀਫ ਹੁੰਦੀ ਹੈ। ਜਿਲਾ (ਡੀ. ਸੀ.) ਬੋਲਿਆ- ਤੁਮ ਸਾਡੀ ਰੱਯਤ (ਪਰਜਾ) ਨਹੀਂ ਹੋ। ਤੁਮ ਖ਼ੁਦ ਪਾਤਸ਼ਾਹ ਹੋ, ਤੁਮ ਹਮਾਰੇ ਮੁਦਈ ਹੋ, ਚਲੇ ਜਾਓ। ਦੋਨੋਂ ਸਿੰਘ ਮੁੜ ਆਏ। ਗੁਰੂ ਜੀ ਪਾਸ ਸਾਰਾ ਹਾਲ ਕਹਿ ਸੁਣਾਇਆ। ਗੁਰੂ ਜੀ ਬਚਨ ਕੀਤਾ ਅਸੀਂ ਏਹ ਗੱਲ ਅੱਗੇ ਹੀ ਚਾਹੁੰਦੇ ਸਾਂ।"[116]

ਇਸੇ ਸਾਲ ਨਵੇਂ ਤਬੇਲੇ ਵਿੱਚ ਬੱਘੀ ਖਲ੍ਹਾਰਨ ਲਈ ਬੱਘੀਖਾਨਾ ਬਣਿਆ। ਪੁਲੀਸ ਗਾਰਦ ਨੇ ਰੀਪੋਰਟ ਕਰ ਦਿੱਤੀ। ਲੁਧਿਆਣੇ ਇਸ ਦੀ ਪੇਸ਼ੀ ਭੁਗਤਣ, ਗੁਰੂ ਜੀ ਸੁਹੇਲ ਸਿੰਘ ਦਰੋਗੇ ਨੂੰ ਭੇਜਿਆ। ਉਸ ਕਿਹਾ, ਜਦੋਂ ਬੱਘੀਖਾਨਾ ਬਣਦਾ ਸੀ ਗਾਰਦ ਸਾਹਮਣੇ ਹੀ ਸੀ। ਉਦੋਂ ਸਾਨੂੰ ਰੋਕਿਆ ਨਹੀਂ, ਲੋੜ ਲਈ ਛੱਤਿਆ ਹੈ, ਹੁਣ ਸ਼ਿਕਾਇਤਾਂ ਕਰਦੇ ਹਨ। ਜਾਂ ਤਾਂ ਪਹਿਲਾਂ ਕਹਿੰਦੇ-ਹੁਕਮ ਲਿਆ ਕੇ ਬਣਾਉ। ਕੋਈ ਜੁਆਬ ਨਾ ਆਇਆ।

**ਅਸਹਿਯੋਗ ਜਾਰੀ-**

ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਦਾ ਬ੍ਰਿਟਿਸ਼ ਮਾਲ ਤੇ ਸੰਸਥਾਵਾਂ ਦਾ ਕੂਕਿਆਂ ਵਲੋਂ ਅਸਹਿਯੋਗ, ਗੁਰੂ ਹਰੀ ਸਿੰਘ ਜੀ ਦੇ ਸਮੇਂ ਵੀ ਜਾਰੀ ਰਿਹਾ। ਭਾਈ ਨੱਥਾ ਸਿੰਘ ਗਾਦੜੀ ਵਾਲਾ ਨੇ ਉੱਨੀ ਸੌ ਚੌਂਤੀ ਬਿਕਰਮੀ ਮੁਤਾਬਿਕ ੧੮੭੮ ਈ. ਦੀ ਲਾਮ ਦੇ ਸਮੇਂ, ਘੋੜੇ ਖਰੀਦੇ ਜੰਗ ਵਿੱਚ ਅੰਗਰੇਜ਼ ਨੂੰ ਵੇਚਣ ਲਈ। ਇਹ ਜੰਗ ਅਫਗਾਨਿਸਤਾਨ ਨਾਲ ਸੀ। ਗੁਰੂ ਹਰੀ ਸਿੰਘ ਜੀ ਨੇ ਉਸ ਨੂੰ ਹੁਕਮ ਭੇਜਿਆ ਕਿ ਫਰੰਗੀਆਂ ਦੀ ਮੱਦਦ ਕਰਨਾ ਸੋਚਣ ਸਦਕਾ ਤੂੰ ਤਨਖਾਹੀਆ ਹੋ ਗਿਆ ਹੈਂ। ਉਸ ਉਹ ਘੋੜੇ ਜੋ ਖਰੀਦੇ ਸੀ ਡੇਰੇ ਭੈਣੀ ਸਾਹਿਬ ਆ ਕੇ ਮੱਥਾ ਟੇਕ ਦਿੱਤੇ ਅਤੇ ਗੁਰੂ ਜੀ ਦੇ ਹੁਕਮ ਅਨੁਸਾਰ, ਪੰਦਰਾਂ ਸੌ ਰੁਪੈ ਦੀ ਤਨਖਾਹ ਵੀ ਲੁਆਈ।[117] ਗੁਰੂ ਜੀ ਇਹ ਵੀ ਕਿਹਾ ਕਰਦੇ ਸਨ ਕਿ ਜਿਹੜਾ ਬਚਨ ਮੰਨਦਾ ਹੈ, ਮੈਂ ਉਸ ਤੇ ਸਦਾ ਹੀ ਰਾਜ਼ੀ ਹਾਂ।

ਇੱਕ ਸਿੰਘ ਖਰਾਸ ਤੋਂ ਆਟਾ ਪੀਹ ਕੇ ਲੰਗਰ ਵਿੱਚ ਪਾਉਣ ਗਿਆ। ਪੁਲੀਸ ਵਾਲਿਆਂ ਨੇ ਉਸ ਦੀ ਗਰਦਨ ਵਿੱਚ ਮੁੱਕੇ ਮਾਰੇ। ਗੁਰੂ ਜੀ ਨੇ ਇਤਲਾਹ ਲਈ ਇੱਕ ਸਿੰਘ ਥਾਣੇ ਭੇਜਿਆ ਕਿ ਇਸ ਤਰ੍ਹਾਂ ਬੇਕਸੂਰਾਂ ਨੂੰ ਕੁੱਟਦੇ ਹਨ। ਥਾਣੇਦਾਰ ਆਇਆ। ਤੁਰ ਫਿਰ ਕੇ ਗੁਰੂ ਜੀ ਨੂੰ ਕਹਿੰਦਾ ਅਰਜ਼ੀ ਭਾਵੇਂ ਕਲਕੱਤੇ, ਨੰਦਨ ਤੱਕ ਪਾਉ, ਉਹ ਉਤੋਂ ਤੁਰ ਫਿਰ ਕੇ ਮੇਰੇ ਕੋਲ ਹੀ ਆਏਗੀ। ਮੈਂ ਫਿਰ ਹੌਲਦਾਰ ਨੂੰ ਹੀ ਲਿਖਾਂਗਾ। ਤਾਂ ਤੇ ਤੁਸੀਂ ਹੌਲਦਾਰ ਨਾਲ ਹੀ ਮਿਲ ਗਿਲ ਕੇ ਰਹੋ। ਸਿੰਘਾਂ ਵਿੱਚ ਵੀ ਕੁਝ ਸਿੰਘ ਆਪੋ ਆਪਣਾ ਸੁਭਾਉ ਵਰਤਦੇ ਸਨ। ਸਿਆਣੇ ਸਿੰਘਾਂ ਨੇ ਸੰਗਤ ਨੂੰ ਇਕ ਸੁਰ ਕੀਤਾ ਕਿ ਗੁਰੂ ਮਹਾਰਾਜ ਲਈ ਫਰੰਗੀ ਵੀ ਮੁਸ਼ਕਿਲਾਂ ਪੈਦਾ ਕਰਦੇ ਹਨ ਅਤੇ ਬਚਨ ਨਾ ਮੰਨਣ ਵਾਲੇ ਸਿੰਘ ਵੀ। ਆਪਣਾ ਘਰ ਠੀਕ ਕਰੀਏ। ਫਰੰਗੀ ਦੀ ਪੁਲੀਸ ਨਾਲ ਵੇਖੀ ਜਾਏਗੀ। ਸਿੰਘਾਂ ਨੇ ਮਤਾ ਮੇਲਿਆ ਕਿ ਗੁਰੂ ਜੀ ਦਾ ਬਚਨ ਨਾ ਮੰਨਣ ਵਾਲੇ, ਕਿਨਾਰਾ ਕਰਨ। ਸਾਰੇ ਠੀਕ ਹੋ ਗਏ।

**ਸੱਚਾ ਗਹਿਣਾ ਨਾਮ ਦਾ-**

ਚੁੰਨ੍ਹੀ ਦਾ ਨਰਾਇਣ ਸਿੰਘ ਨਾਮੇ ਸਿੰਘ, ਸਣੇ ਸਿੰਘਣੀ ਦਰਸ਼ਨ ਕਰਨ ਆਇਆ। ਗੁਰੂ ਜੀ ਨੇ ਰਾਗਾ ਸਿੰਘ ਨੂੰ ਕਿਹਾ ਕਿ ਸਰੀਰ ਤੇ ਇਕ ਪਰਨਾ ਨਹੀਂ ਸਹਾਰਿਆ ਜਾਂਦਾ ਇਸ ਬੀਬੀ ਵੱਲ ਵੇਖ, ਕਿਵੇਂ ਗਹਿਣਿਆਂ ਨਾਲ ਲੱਦੀ ਆਈ ਹੈ। ਚਾਰ ਦਿਨ ਤਾਂ ਉਮਰ ਹੈ ਬਾਕੀ। ਸੱਚਾ ਗਹਿਣਾ ਨਾਮ ਦਾ ਪਾਉ। ਚੁੰਨ੍ਹੀ ਜਾ ਕੇ ਬੀਬੀ ਮਹੀਨੇ ਮਗਰੋਂ ਹੀ ਚੜ੍ਹਾਈ ਕਰ ਗਈ। ਨਰਾਇਣ ਸਿੰਘ ਨੇ ਸਿੰਘਾਂ ਨੂੰ ਦੱਸਿਆ ਕਿ ਅੰਤਰਜਾਮੀ ਗੁਰੂ ਜੀ ਨੇ ਇਹ ਬਚਨ ਕੀਤਾ ਸੀ।

ਤਖਤੂਪੁਰੇ ਤੋਂ ਵਸਾਵਾ ਸਿੰਘ ਦਾ ਪੁੱਤਰ ਹਰਦਿੱਤ ਸਿੰਘ ਆਇਆ। ਗਾਰਦ ਨੇ ਕਿਹਾ ਅੱਜ ਤਾਂ ਦਸ ਪੂਰੇ ਹੋ ਗਏ ਹਨ, ਕੱਲ੍ਹ ਆਵੀਂ ਫਿਰ ਲਿਖਾਂਗੇ। ਮੁੜਦਿਆਂ ਨੂੰ ਗੁਰੂ ਹਰੀ ਸਿੰਘ ਜੀ ਨੇ ਦਰਸ਼ਨ ਦਿੱਤੇ ਕਿ ਜਾਣਾ ਨਹੀਂ ਲਿਖਾਏ ਬਿਨਾਂ। ਅਗਲੇ ਦਿਨ ਲਿਖਾ ਕੇ ਅੰਦਰ ਲੰਘਿਆ। ਗੁਰੂ ਜੀ ਨੂੰ ਕਹਿੰਦਾ ਮੇਰਾ ਪਿਉ ਤਾਂ ਸਿੰਘ ਹੈ, ਮੈਂ ਨਹੀਂ। ਗੁਰੂ ਜੀ ਨੇ ਬਚਨ ਕੀਤਾ ਕੋਈ ਡਰ ਨਹੀਂ ਜਿੱਥੇ ਆਉਣਾ ਸੀ ਆ ਗਿਆ ਹੈ। ਅੱਜ ਵੀ ਭਜਨ ਲਵੇਂਗਾ ਤਾਂ ਤੂੰ ਵੀ ਪੁਰਾਣੇ ਸਿੰਘਾਂ ਜੈਸਾ ਹੋ ਜਾਏਂਗਾ। ਭਜਨ ਲੈ ਕੇ ਸਿੰਘ ਸਜ ਕੇ ਘਰ ਮੁੜਿਆ।

"ਗੁਰੂ ਹਰੀ ਸਿੰਘ ਜੀ ਬਚਨ ਕੀਤਾ ਸਾਨੂੰ ਸਤਿਗੁਰੂ ਜੀ ਖਵਰੇ ਕੀ ਕਹਿਣਗੇ। ਭਾਈ ਮੈਂ ਗਲ ਵਿੱਚ ਪੱਲਾ ਪਾਇਕੇ ਖੜੋਇ ਜਾਵਾਂਗਾ। ਮੈਂ ਸੰਗਤ ਨੂੰ ਬਖਸ਼ਾਇ ਲਵਾਂਗਾ, ਸੰਗਤ ਮੈਨੂੰ ਬਖਸ਼ਾਇ ਲਵੇਗੀ। ਕੋਲੋਂ ਸੰਗਤ ਨੇ ਕਹਿਆ ਜੀ ਤੁਸੀਂ ਤਾਂ ਸੰਗਤ ਬਡੀ ਸੁਖੀ ਰੱਖੀ ਹੈ। ਕਿਸੇ ਨੂੰ ਕੋਈ ਕਿਸੇ ਤਰ੍ਹਾਂ ਦਾ ਦੁਖ ਨਹੀਂ ਦਿਤਾ ਹੈ। ਸਗੋਂ ਧੁਆਡੇ ਦਰਸ਼ਨ ਨਾਲ ਸੰਗਤ ਹਰੀ ਰਹੀ ਹੈ। ਕੋਈ ਭਲੀ ਕਰੇ ਕੋਈ ਬੁਰੀ ਕਰੇ ਤੁਸੀਂ ਸਭ ਨਾਲ ਇਕੋ ਜੇਹੇ ਰਹੇ ਹੋ। ਐਸ ਵਕਤ ਸਾਰੀ ਸੰਗਤ ਸੁਖੀ ਹੈ। ਧਰਮ ਵੰਨੇ ਜੀਵ ਲਗੇ ਹੋਏ ਹੈਂ। ਜੋ ਜੀਵ ਦਰਸ਼ਨ ਕਰਦਾ ਹੈ ਸੋ ਹਰਿਆ ਹੁੰਦਾ ਹੈ।"[118]

ਗੁਰੂ ਹਰੀ ਸਿੰਘ ਜੀ ਗੁਰੂ ਕੇ ਖਜ਼ਾਨੇ ਵਿੱਚੋਂ, ਅਨੇਕ ਸਿੰਘਾਂ ਦੀ ਵੇਲੇ ਕੁਵੇਲੇ ਮੱਦਦ ਕਰਦੇ ਰਹੇ। ਭੈਣੀ ਸਾਹਿਬ ਅਤੇ ਆਸ ਪਾਸ ਦੇ ਪਿੰਡਾਂ ਦੇ ਲੋਕ ਵੀ ਵੇਲੇ ਕੁਵੇਲੇ, ਆਪਣੀਆਂ ਗ਼ਰਜ਼ਾਂ ਆਪ ਤੋਂ ਸਾਰਦੇ। ਭਾਈ ਲਾਲ ਸਿੰਘ ਗੁਮਟੀ ਵਾਲੇ ਨੇ ਮਸਤਾਨੇ ਹੋ ਕੇ ਜ਼ਮੀਨ ਗਹਿਣੇ ਪਾ ਕੇ, ਮਾਇਆ ਨਾਲ ਗੁਰੂ ਕੇ ਸਿੰਘਾਂ ਦੇ ਅਨੇਕ ਲੰਗਰ ਚਲਾਏ। ਉਸ ਦੀ ਭੂਮੀ ਛੁਡਾਉਣ ਲਈ, ਗੁਰੂ ਜੀ ਨੇ ਦੋ ਹਜ਼ਾਰ ਰੁਪੈ ਭੇਜ ਕੇ, ਫਿਰ ਲਾਲ ਸਿੰਘ ਹੋਰਾਂ ਦੇ ਪੁੱਤਰਾਂ ਨੂੰ ਜ਼ਮੀਨ ਦਾ ਮਾਲਕ ਬਣਾਇਆ।

ਗੁਰੂ ਹਰੀ ਸਿੰਘ ਜੀ ਇਹ ਵੀ ਫਰਮਾਇਆ ਕਰਦੇ ਸਨ ਕਿ ਜੋ ਕੁਝ ਹੈ, ਇਸ ਮਾਲਾ ਵਿੱਚ ਹੈ। ਅਸਾਂ ਤੇ ਇਹ ਮਾਲਾ ਚੁਕਾਇਆਂ ਚੁੱਕੀ ਹੈ। ਜਿਸਨੇ ਚੁੱਕਣੀ ਹੈ ਸੋ ਚੁੱਕ ਲਵੇ। ਸੋਟੇ ਵਾਲੇ ਚੁਕਾਈ ਹੈ ਤਾਂ ਚੁੱਕੀ ਹੈ।[119]

**ਦੀਪਮਾਲਾ ਸ੍ਰੀ ਅੰਮ੍ਰਿਤਸਰ - ੧੯੦੪ ਈ.-**

ਦੀਪਮਾਲਾ ਲਈ ਅੰਮ੍ਰਿਤਸਰ ਦੇ ਭਾਈ ਮਤਾਬ ਸਿੰਘ ਪਕੌੜੀਏ ਨੇ ਦਸ ਦਿਨ

ਦੀ ਛੁੱਟੀ ਮਨਜ਼ੂਰ ਕਰਵਾਈ। ਇਸ ਦਾ ਛੋਟਾ ਭਾਈ ਖੁਸ਼ਹਾਲ ਸਿੰਘ ਕਲਕੱਤੇ ਰਹਿੰਦਾ ਸੀ ਅਤੇ ਗੁਰੂ ਦਰਸ਼ਨ ਲਈ, ਰੰਗੂਨ ਜਾਣ ਆਉਣ ਵਾਲੇ ਸਿੰਘਾਂ ਦੀ ਵੱਡੀ ਠਾਹਰ ਸੀ। ਅੰਮ੍ਰਿਤਸਰ ਦੀਆਂ ਸੰਗਤਾਂ ਅਗਵਾਨੀ ਲਈ ਅੱਗੇ ਆਈਆਂ। ਰੋਡਿਆਂ ਵਾਲੇ ਸੰਤ ਸੂਰਜ ਸਿੰਘ ਵੀ ਢੋਲਕੀ ਗਲ ਵਿੱਚ ਪਾਈ ਗੁਰੂ ਜੀ ਨਾਲ ਸ਼ਬਦ ਪੜ੍ਹਦੇ ਜਾਂਦੇ ਹਨ। ਇਹ ਸੰਤ ਸੂਰਜ ਸਿੰਘ ਜੀ ਇਸ ਤੋਂ ਛੇਤੀ ਬਾਅਦ ਕੈਨੇਡਾ ਚਲੇ ਗਏ ਸਨ। ਕੈਨੇਡਾ ਵਿੱਚ ਬਣੇ ਪਹਿਲੇ ਗੁਰਦੁਆਰੇ ਵਿੱਚ ਜਿਹੜੀ ਗੁਰੂ ਗਰੰਥ ਸਾਹਿਬ ਦੀ ਬੀੜ ਸਥਾਪਿਤ ਕੀਤੀ ਗਈ ਸੀ, ਉਹ ਸੰਤ ਸੂਰਜ ਸਿੰਘ ਜੀ ਹੀ ਦੇਸ ਵਿੱਚੋਂ ਨਾਲ ਲੈ ਕੇ ਗਏ ਸਨ। ਗੁਰੂ ਜੀ ਦਾ ਡੇਰਾ ਅੰਮ੍ਰਿਤਸਰ ਦੀ ਧਰਮਸ਼ਾਲਾ ਵਿੱਚ ਲੱਗਾ।

ਲਹਿੰਦੇ ਤੇ ਕੇਂਦਰੀ ਪੰਜਾਬ ਦੇ ਵੱਖ ਵੱਖ ਖਿੱਤਿਆਂ ਤੋਂ ਸੰਗਤਾਂ ਗੁਰੂ ਜੀ ਦਾ ਆਉਣਾ ਸੁਣਕੇ ਆਈਆਂ। ਬੂਟਾ ਸਿੰਘ ਨਾਮੇ ਸਿੰਘ ਦੀ ਰੋਗ ਨਵਿਰਤੀ ਕੀਤੀ। ਗੁਰੂ ਜੀ ਦੇ ਦੀਵਾਨ ਵਿੱਚ ਮੀਂਹ ਵਾਂਗੂੰ ਲੱਛਮੀ ਬਰਸੀ। ਦਸ ਦਿਨ ਬੜਾ ਰੰਗ ਬਣਿਆ। ਜਿਹਨਾਂ ਨੇ ਅੱਗੇ ਕਦੇ ਦਰਸ਼ਨ ਨਹੀਂ ਸੀ ਕੀਤੇ ਉਹ ਵੀ ਆਏ। ਸਾਰੀ ਸੰਗਤ ਨੂੰ ਕੜਾਹ ਪਰਸ਼ਾਦ ਦੇ ਭਰਪੂਰ ਗੱਫਿਆਂ ਵਾਲਾ, ਇੱਕ ਲੰਗਰ ਗੁਰੂ ਜੀ ਨੇ ਦਿੱਤਾ। ਸੰਗਤਾਂ ਨੂੰ ਨਿਹਾਲ ਕਰਦੇ ਦਸੀਂ ਦਿਨੀਂ ਮੁੜ ਆਏ।[120]

### ਉਹ ਮਾਲਕ-ਮੈਂ ਸੇਵਕ-

ਅਤਰ ਸਿੰਘ ਦੇ ਪਾਸ ਬੈਠਿਆਂ, ਇੱਕ ਸਿੰਘ ਨੇ ਨੌਂ ਸੌ ਰੁਪੈ ਮੱਥਾ ਟੇਕਿਆ। ਗੁਰੂ ਜੀ ਨੇ ਗਿਣ ਕੇ ਰੱਖ ਲਏ। ਅਤਰ ਸਿੰਘ ਨੇ ਕਿਹਾ– ਜੀ ਸਤਿਗੁਰੂ ਰਾਮ ਸਿੰਘ ਜੀ ਤਾਂ ਕੋਈ ਕਿਤਨੀ ਰਕਮ ਮੱਥਾ ਟੇਕਦਾ, ਕੇਵਲ ਇਕ ਰੁਪੈਆ ਹੀ ਰੱਖਦੇ ਸਨ। ਤੁਸਾਂ ਸਾਰੇ ਰੱਖ ਲਏ ਹਨ। ਗੁਰੂ ਜੀ ਨੇ ਕਿਹਾ ਉਹ ਤਾਂ ਸਨ ਘਰ ਦੇ ਮਾਲਕ, ਮੈਂ ਹਾਂ ਇਸ ਘਰ ਦਾ ਸੇਵਕ। ਸੇਵਕ ਜੇ ਘਰ ਦੇ ਪੈਸੇ ਮੋੜੇ ਤਾਂ ਉਹ ਦੇਣਦਾਰ ਹੁੰਦਾ ਹੈ।

### ਗੁਰੂ ਬੱਡਾ ਜੋਰਾਵਰ-

ਇਕ ਰੰਗੀਲਾ ਸਿੰਘ ਨਾਮੇ ਜੰਮੂ ਦੇ ਇਲਾਕੇ ਵਿੱਚ ਨਾਮਧਾਰੀ ਸਿੰਘ ਸੀ। ਉਸ ਨੇ ਲੰਬੜਦਾਰ, ਪਟਵਾਰੀ, ਤਹਿਸੀਲਦਾਰ, ਬ੍ਰਾਹਮਣਾਂ ਅਤੇ ਉਦਾਸੀਆਂ ਦੇ ਵਿਰੋਧ ਦੇ ਬਾਵਜੂਦ, ਦੋ ਪਿੰਡਾਂ ਦੀ ਸਾਂਝੀ ਜੂਹ ਤੇ ਧਰਮਸ਼ਾਲਾ ਬਣਾ ਕੇ, ਵਿੱਚ ਗੁਰੂ ਗਰੰਥ ਸਾਹਿਬ ਦਾ ਪ੍ਰਕਾਸ਼ ਕੀਤਾ। ਬੇਖੌਫ਼ ਕੂਕਾ ਸਿੰਘ ਸੀ। ੧੮੯੮–੯੯ ਈ. ਵਿੱਚ ਉਸ ਨੂੰ ਭੈਣੀ ਸਾਹਿਬ ਜਾ ਕੇ, ਦਰਸ਼ਨ ਕਰਨ ਦੀ ਛੁੱਟੀ ਨਾ ਮਿਲੀ। ਹੁਣ ੧੯੦੪–੦੫ ਈ. ਵਿੱਚ ਉਸਨੂੰ ਸਰਕਾਰ ਨੇ ਮਨਜ਼ੂਰੀ ਦਿੱਤੀ। ਉਸ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕੀਤੇ ਸਨ। ਕਹਿਣ ਲੱਗਾ ਕਿ ਸਤਿਗੁਰੂ ਜੀ ਦੇ ਪਰਦੇਸ ਗਿਆਂ ਤੋਂ ਤੇਤੀ ਸਾਲ ਬਾਅਦ ਉਹਨਾਂ ਦੇ ਅਸਥਾਨ ਦੀ ਯਾਤਰਾ ਦੀ ਛੁੱਟੀ ਮਿਲੀ ਹੈ। ਉਸਨੇ ਗੁਰੂ ਹਰੀ ਸਿੰਘ ਜੀ ਦੇ ਦਰਸ਼ਨ ਕੀਤੇ, ਭੈਣੀ ਸਾਹਿਬ ਆ ਕੇ। ਗੁਰੂ ਜੀ ਕਿਹਾ– ਕੁਝ ਦਿਨ ਹੋਰ ਰੁਕ ਜਾ। ਆਖਣ ਲੱਗਾ ਜੀ ਜੇ ਮੈਂ ਮਿਥੇ ਦਿਨ ਤੇ ਵਾਪਸ ਨਾ ਪੁੱਜਾ ਤਾਂ ਫਿਰ ਮੈਨੂੰ

ਹਾਕਮਾਂ ਨੇ ਕਦੇ ਭੈਣੀ ਸਾਹਿਬ ਦੇ ਦਰਸ਼ਨਾਂ ਦੀ ਛੁੱਟੀ ਨਹੀਂ ਦੇਣੀ। "ਦੁਨੀਆਂ ਕੇ ਲੋਕ ਕਹਿੰਦੇ ਹੈਂ ਨਾਮਧਾਰੀਆਂ ਕਾ ਗੁਰੂ ਬਡਾ ਜੋਰਾਵਰ ਹੈ। ਉਸਦੇ ਸਿੰਘ ਨੇ ਸ਼ੇਰ ਵਾਂਗੂੰ ਜੋਰ ਨਾਲ ਜਗਾ ਪਾਈ ਹੈ। ਰਾਜਾ ਭੀ ਆਦਰ ਰੱਖਦਾ ਹੈ।"[121]

**ਅੱਛੀ ਮੰਗ ਮੰਗਦੇ ਹੋ-**

"ਗੁਜਰਾਂਵਾਲੇ ਫਰੰਗੀ ਨੇ ਗੁਰੂ ਹਰੀ ਸਿੰਘ ਜੀ ਨੂੰ ਪੁੱਛਿਆ- ਤੁਸੀਂ ਕੀ ਕੰਮ ਕਰਦੇ ਹੋ ? ਬਚਨ ਹੋਇਆ ਡੇਢ ਪਹਿਰ ਰਾਤ ਰਹਿੰਦੀ ਤੇ ਇਸ਼ਨਾਨ ਕਰਕੇ ਆਸਾ ਦੀ ਵਾਰ ਲੱਗਦੀ ਹੈ। ਅਰਦਾਸਾ ਕਰਦੇ ਹੈਂ। ਪੁੱਛਿਆ ਕਿ ਤੁਮ ਕਿਆ ਮੰਗ ਮੰਗਦੇ ਹੋ ਖ਼ੁਦਾਇ ਕੋਲੋਂ ? ਬਚਨ ਹੋਇਆ- ਅਸੀਂ ਏਹ ਮੰਗ ਮੰਗਦੇ ਹਾਂ-ਗਊ ਗਰੀਬ ਦਾ ਕਸ਼ਟ ਦੂਰ ਕਰੋ, ਮਲੇਛਾਂ ਦਾ ਨਾਸ ਕਰੋ ਤੇ ਧਰਮ ਵਰਤਾਵੋ। ਫਰੰਗੀ ਬੋਲਿਆ- 'ਅੱਛੀ ਮੰਗ ਮੰਗਦੇ ਹੋ। ਸਾਡੀਆਂ ਹੀ ਜੜ੍ਹਾਂ ਪੱਟਦੇ ਹੋ।' ਗੁਰੂ ਜੀ ਬਚਨ ਕੀਤਾ- ਜਿਸ ਦੀਆਂ ਖ਼ੁਦਾਇ ਪੱਟ ਦੇਵੇ, ਉਸ ਦੀਆਂ ਕੌਣ ਲਾਵੇ ? ਫਰੰਗੀ ਨੇ ਕਹਾ- ਬਾਬਾ ਸਾਹਿਬ ਹਮ ਫਸਾਦ ਸੇ ਡਰਤੇ ਹੈਂ। ਗੁਰੂ ਜੀ ਮੁੱਠੀ ਮੀਚ ਕੇ ਅੱਗੇ ਕੀਤੀ ਤੇ ਬਚਨ ਕੀਤਾ ਜਿਤਨਾ ਫਸਾਦ ਹੈ ਸੋ ਸਾਰਾ ਹੀ ਇਸ ਮੁੱਠੀ ਵਿੱਚ ਫੜਿਆ ਹੋਇਆ ਹੈ। ਜਿਨਾਂ ਚਿਰ ਨਹੀਂ ਕਹਿੰਦੇ ਉਤਨਾ ਚਿਰ ਨਹੀਂ ਹੁੰਦਾ। ਜਦ ਕਹਾਂਗੇ ਤਦ ਹੋਊਗਾ। ਫਰੰਗੀ ਸੁਣ ਕੇ ਸੁੰਨ ਹੋਇਆ।"[122]

**ਏਹੀ ਪੁੱਛਣਗੇ-**

ਸਾਹਿਬਜ਼ਾਦਾ ਪਰਤਾਪ ਸਿੰਘ ਜੀ ਖੇਡ ਰਹੇ ਸਨ। "ਦੇਖ ਕੇ ਬਚਨ ਕੀਤਾ- ਸ਼ਤਾਬੀ ਸ਼ਤਾਬੀ (ਛੇਤੀ ਛੇਤੀ) ਬਡਾ ਹੋ। ਫੇਰ ਬਚਨ ਕੀਤਾ ਏਹੀ ਪੁੱਛਣਗੇ-ਜਿਸਨੂੰ ਪੁੱਛਣਾ ਹੈ।"

ਗੁਰੂ ਹਰੀ ਸਿੰਘ ਜੀ ਹੱਥੀਂ ਕਾਰ ਵਿਹਾਰ ਕਰਨ ਵਾਲੇ ਸਿੰਘਾਂ ਦਾ ਬੜਾ ਆਦਰ ਕਰਦੇ ਸਨ। ਉਹ ਆਪਣੇ ਸਿੰਘਾਂ ਨੂੰ ਹਮੇਸ਼ਾਂ, ਵਿਹਾਰ ਕਰਦੇ ਰਹਿਣ ਲਈ ਪਰੇਰਿਆ ਕਰਦੇ ਸਨ।

**ਗਰੀਬਾਂ ਵਾਸਤੇ ਆਏ ਹਾਂ-**

ਕਿਸ਼ਨ ਸਿੰਘ ਨਾਮੇ ਇੱਕ ਸਿੰਘ ਨੇ ਗੁਰੂ ਜੀ ਨੂੰ ਕਿਹਾ ਕਿ ਤੁਸੀਂ ਪਹਿਲਾਂ ਧਨ ਵਾਲਿਆਂ ਦੇ ਜਾਂਦੇ ਹੋ, ਗਰੀਬਾਂ ਦੇ ਨਹੀਂ ਜਾਂਦੇ। "ਗੁਰੂ ਜੀ ਬਚਨ ਕੀਤਾ- ਗਰੀਬਾਂ ਕੇ ਪਹਿਲੇ ਜਾਂਦੇ ਹੈਂ, ਤੈਨੂੰ ਏਹ ਕੀ ਫੁਰੀ ਹੈ ? ਅਸੀਂ ਤਾਂ ਗਰੀਬਾਂ ਵਾਸਤੇ ਆਏ ਹਾਂ। ਸਾਨੂੰ ਤਾਂ ਜੋ ਕੋਈ ਪ੍ਰੇਮ ਕਰੇ ਉਸੀ ਕੇ ਚਲੇ ਜਾਂਦੇ ਹਾਂ।"[123]

ਗੁਰੂ ਹਰੀ ਸਿੰਘ ਜੀ ਬਚਨ ਕੀਤਾ ਕਿ ਕਾਣਾ ਹੌਲਦਾਰ, ਅੜਬੰਗ ਸਿੰਘ ਨੂੰ ਡੇਰੇ ਵਿੱਚ ਰਹਿਣ ਨਹੀਂ ਸੀ ਦਿੰਦਾ। ਅਸਾਂ ਕਹਿਆ ਤਾਂ ਬਾਰਾਂ, ਚੌਦਾਂ ਦਿਨ ਰਹਿਣ ਦਿੱਤਾ। ਗੁਰੂ ਜੀ ਇਹ ਦੱਸਣਾ ਕਿ ਜਦੋਂ ਸਤਿਗੁਰੂ ਜੀ ਗਏ ਸਨ ਤਾਂ ਡੇਰੇ ਵਿੱਚ ਨਕਦ ਕੁਲ

ਚਾਰ ਹਜ਼ਾਰ ਰੁਪੈਆ ਸੀ। ਅਸੀਂ ਸਮਝਦੇ ਸਾਂ ਕਿ ਇਹ ਚਾਰ ਹਜ਼ਾਰ ਕਦੋਂ ਕੁ ਤੱਕ ਚੱਲੇਗਾ। ਫਿਰ ਸੋਚਿਆ ਜੋ ਇਹ ਸਾਰਾ ਕਾਰਜ ਤਾਂ ਸਤਿਗੁਰੂ ਜੀ ਦਾ ਹੈ ਉਹੋ ਲੱਜਪਾਲ ਹਨ। ਲੱਜ ਰੱਖਣਗੇ। ਜਦੋਂ ਦੀ ਇਹ ਸੋਚ ਬਣੀ ਕੋਈ ਦਿੱਕਤ ਆਈ ਹੀ ਨਹੀਂ। ਰਾਤ ਦਿਨ ਦੇਗ ਵੀ ਰੁਕਦੀ ਨਹੀਂ ਤੇ ਨਾ ਹੀ ਉਹ ਚਾਰ ਹਜ਼ਾਰ, ਗੁਰੂ ਜੀ ਦੇ ਖਜ਼ਾਨੇ ਵਾਲਾ ਮੁੱਕਦਾ ਹੈ। ਸਾਰਾ ਫਿਕਰ ਸਤਿਗੁਰੂ ਜੀ ਨੂੰ ਹੈ– ਸਾਨੂੰ ਕੋਈ ਫਿਕਰ ਨਹੀਂ।

**ਗੁਰੂ ਕਿਰਪਾ ਸਦਕਾ-**

ਭੈਣੀ ਸਾਹਿਬ ਵਿੱਚ ਇਕ ਨੰਦਾ ਨਾਮੇ ਰਾਇ ਗੋਤ ਦਾ ਜੱਟ ਸਿੱਖ ਸੀ ਜਿਸ ਦੀ ਘਰਵਾਲੀ ਦਾ ਨਾਮ ਵੀ ਨੰਦਾਂ ਹੀ ਸੀ। ਉਸ ਦੇ ਦੋ ਪੁੱਤਰ ਸਨ, ਉੱਤਮ ਸਿੰਘ ਅਤੇ ਕਰਮ ਸਿੰਘ। ਸਾਰੇ ਹੀ ਖੇਤੀ ਕਰਨ ਵਾਲੇ ਕਿਸਾਨਾਂ ਦੀ ਆਰਥਿਕ ਸਥਿਤੀ, ਖੇਤੀ ਵਰਖਾ ਤੇ ਨਿਰਭਰ ਹੋਣ ਕਾਰਨ, ਚੰਗੀ ਨਹੀਂ ਸੀ ਹੁੰਦੀ। ਇਸ ਪਰਿਵਾਰ ਦੇ ਲੜਕੇ ਗੁਰੂ ਹਰੀ ਸਿੰਘ ਜੀ ਤੋਂ ਭਜਨ ਪੁੱਛਣ ਦੀ ਮੰਗ ਕਰਦੇ ਰਹੇ, ਪਰ ਗੁਰੂ ਜੀ ਸਮਾਂ ਵਿਚਾਰ ਕੇ ਚੁੱਪ ਕਰ ਰਹਿੰਦੇ ਸਨ। ਇਕ ਦਿਨ ਕਰਮ ਸਿੰਘ ਨੂੰ ਬੁਲਾ ਕੇ ਕਿਹਾ ਕਿ ਹੁਣ ਮਰਿਆਦਾ ਧਾਰਨ ਕਰ ਲਉ। ਦੋਹਾਂ ਭਰਾਵਾਂ ਨੇ ਭਜਨ ਪੁੱਛਿਆ ਅਤੇ ਕਛਹਿਰੇ ਪਹਿਨ ਲਏ, ਅੰਮ੍ਰਿਤ ਛਕ ਕੇ। ਫਿਰ ਦੋਹਾਂ ਨੇ ਲੰਗਰ ਵਾਲੀ ਲੋਹ ਦੇ ਝੋਕਿਆਂ ਵਜੋਂ ਕਈ ਵਰ੍ਹੇ ਸੇਵਾ ਕੀਤੀ। ਭਜਨ ਪੁੱਛਦਿਆਂ ਹੀ ਖੇਤ ਵਿੱਚ ਤਮਾਕੂ ਲਾਉਣਾ ਛੱਡ ਦਿੱਤਾ। ਪਹਿਲਾਂ ਗੁਰੂ ਜੀ ਨੇ ਕਿਹਾ ਕਰਮ ਸਿੰਘ ਅਜੇ ਵਿਆਹ ਨਾ ਕਰਾਈਂ। ਫਿਰ ਕੁਝ ਸਮੇਂ ਬਾਅਦ ਕਿਹਾ ਹੁਣ ਕਰਵਾ ਲੈ। ਘਰ ਆਉਂਦਿਆਂ ਨੂੰ ਰਿਸ਼ਤਾ ਲੈ ਕੇ ਆਇਆ, ਲਾਗੀ ਬੈਠਾ ਸੀ। ਅਨੰਦ ਕਾਰਜ ਹੋ ਗਿਆ। ਪਿੰਡ ਦੇ ਲੋਕ ਕਹਿੰਦੇ ਸਨ ਜਿਸ ਤੇ ਗੁਰੂ ਜੀ ਦੀ ਕਿਰਪਾ ਹੋਵੇ ਉਹ ਨਿਰਧਨ ਤੋਂ ਧਨਵਾਨ ਹੋ ਜਾਂਦਾ ਹੈ। ਕਰਮ ਸਿੰਘ ਦੇ ਘਰ ਚਾਰ ਪੁੱਤਰ ਹੋਏ ਈਸ਼ਰ ਸਿੰਘ, ਜਵੰਦ ਸਿੰਘ, ਨਾਹਰ ਸਿੰਘ ਅਤੇ ਸੁਖਦੇਵ ਸਿੰਘ। ਜਵੰਦ ਸਿੰਘ ਦੇ ਅੱਗੋਂ ਦੋ ਪੁੱਤਰ ਹੋਏ ਗੁਰਦਿਆਲ ਸਿੰਘ ਅਤੇ ਮਹਿੰਦਰ ਸਿੰਘ। ਗੁਰਦਿਆਲ ਸਿੰਘ ਦੇ ਪਰਿਵਾਰ ਤੇ ਸਤਿਗੁਰੂ ਜੀ ਦੀ ਬਹੁਤ ਕਿਰਪਾ ਹੈ। ਚਾਰੇ ਲੜਕੇ ਉਸਦੇ ਕੈਲੇਫੋਰਨੀਆ (ਅਮਰੀਕਾ) ਵਿੱਚ ਹਨ। ਉਹ ਪਿੰਡ ਵਿੱਚ ਸਫਲ ਬੀਜ ਉਤਪਾਦਕ ਹੈ।[124]

ਡੇਰੇ ਵਿੱਚ ਰਹਿਣ ਵਾਲੇ ਬਿਸ਼ਨ ਸਿੰਘ ਨੂੰ, ਦਰਸ਼ਨ ਕਰਨ ਆਏ ਸਿੰਘਾਂ ਨੂੰ ਚੋਰੀ ਪਰਸ਼ਾਦੇ ਛਕਾਉਂਦਿਆਂ ਨੂੰ, ਚੌਕੀਦਾਰ ਨੇ ਫੜਕੇ ਚਲਾਣ ਕਰਵਾ ਦਿੱਤਾ। ਪੰਦਰਾਂ ਦਿਨ ਕੈਦ ਵਿੱਚ ਰਿਹਾ। ਉਹਨਾਂ ਦਾ ਬਣਿਆ ਪਰਸ਼ਾਦਾ ਨਾ ਛਕੇ। ਫਰੰਗੀ ਨੇ ਕਿਹਾ ਕਿ ਤੈਨੂੰ ਛੱਤ ਨਾਲ ਲਟਕਾ ਦੇਵਾਂਗੇ ਨਹੀਂ ਤਾਂ ਪੱਕੀ ਪਕਾਈ ਖਾ ਲੈ। ਬਿਸ਼ਨ ਸਿੰਘ ਨੇ ਕਿਹਾ ਭਾਵੇਂ ਖੂਹ ਵਿੱਚ ਲਟਕਾ ਦਿਉ, ਤੁਹਾਡੀ ਬਣੀ ਰੋਟੀ ਨਹੀਂ ਖਾਣੀ। ਐਸਾ ਕਰੜਾ ਸਮਾਂ ਸ੍ਰੀ ਗੁਰੂ ਹਰੀ ਸਿੰਘ ਜੀ ਦਾ ਕਿ ਸਿੰਘਾਂ ਨੂੰ ਪਰਸ਼ਾਦੇ ਛਕਾਉਣ ਵਾਲਿਆਂ ਨੂੰ ਵੀ ਭੁੱਖੇ ਰਹਿਣਾ ਪੈਂਦਾ ਸੀ।[125]

**ਏਹੀ ਖੁਦਾ ਹੈ-ਏਹੀ ਰਾਮ ਹੈ-**

ਗੁਰੂ ਹਰੀ ਸਿੰਘ ਜੀ ਦਾ ਦੌਰਾ ਇਕ ਵੇਰ ਲੁਧਿਆਣੇ ਜ਼ਿਲ੍ਹੇ ਦੇ ਪਿੰਡ ਲੱਖੇ ਤੋਂ ਝੋਰੜ ਆਇਆ। ਦੀਵਾਨ ਲੱਗਾ। ਸ਼ਬਦ ਦੀ ਮਸਤੀ ਨਾਲ ਇਕ ਸਿਪਾਹੀ ਮਸਤਾਨਾ ਹੋਇਆ। ਪਹਿਰੇ ਤੇ ਖਲੋਤੇ ਨੇ ਤਲਵਾਰ ਭੁਆ ਕੇ ਮਾਰੀ। ਗਲ ਦੀ ਕੁੜਤੀ ਪਾੜ ਸੁੱਟੀ ਤੇ ਸਿਰ ਪਰਨੇ ਜਾ ਪਿਆ। ਉੱਠ ਕੇ ਗੁਰੂ ਹਰੀ ਸਿੰਘ ਜੀ ਵੱਲ ਇਸ਼ਾਰਾ ਕਰਕੇ ਕਹੀ ਜਾਏ– "ਏਹੀ ਖੁਦਾ ਹੈ! ਏਹੀ ਖੁਦਾ ਹੈ!!" ਇੱਕ ਮਸਤਾਨਾ ਸਿੰਘ ਉੱਠ ਕੇ ਕਹਿਣ ਲੱਗ ਪਿਆ– "ਏਹੀ ਰਾਮ ਹੈ! ਏਹੀ ਰਾਮ ਹੈ!!" ਦੋਹਾਂ ਨੇ ਜੱਫੀ ਪਾ ਲਈ। ਮਾਨੋਂ ਰਾਮ ਤੇ ਖੁਦਾ ਬਗਲਗੀਰ ਹੋ ਗਏ।

**ਮਾਘੀ ੧੯੦੫ ਈ. - ਰਾਜਾ ਹੀਰਾ ਸਿੰਘ ਨਾਭਾ-**

੧੯੦੫ ਈ. ਨੂੰ ਮੁਕਤਸਰ ਮਾਘੀ ਤੇ ਜਾਣ ਲਈ ਪੰਜ ਦਿਨਾਂ ਦੀ ਛੁੱਟੀ ਸੀ। ਦੋ ਸੌ ਸੱਤ ਭੋਗ ਪਾਏ। ਮਾਲਵੇ ਦੀ ਸੰਗਤ ਨੂੰ ਮੇਲੇ ਵਿੱਚ, ਬੇਅੰਤ ਖੁਸ਼ੀਆਂ ਮਿਲੀਆਂ। ਇਸ ਮਾਘੀ ਤੇ ਮੁਕਤਸਰ, ਰਾਜਾ ਹੀਰਾ ਸਿੰਘ ਨਾਭਾ ਵੀ ਆਇਆ ਸੀ। ਇਸਦੇ ਬਾਰੇ ਪਰਸਿੱਧ ਸੀ ਕਿ ਇਹਨੇ ਰਾਜਾ ਬਣਨ ਤੋਂ ਪਹਿਲਾਂ, ਸਤਿਗੁਰੂ ਰਾਮ ਸਿੰਘ ਜੀ ਤੋਂ ਨਾਮ ਦਾਨ ਲਿਆ ਸੀ। ਇਸ ਨੇ ਸੁਨੇਹਾ ਭੇਜਿਆ ਕਿ ਮੈਨੂੰ ਸਾਹਿਬਜ਼ਾਦੇ ਦਰਸ਼ਨ ਦੇ ਜਾਣ। ਤਿੰਨੇ ਸਾਹਿਬਜ਼ਾਦੇ ਪਰਤਾਪ ਸਿੰਘ, ਨਿਹਾਲ ਸਿੰਘ, ਗੁਰਦਿਆਲ ਸਿੰਘ ਜੀ ਗਏ। ਰਾਜੇ ਕਿਹਾ ਕੁਝ ਪੜ੍ਹੇ ਹੋ। ਗੁਰਦਿਆਲ ਸਿੰਘ ਹੋਰਾਂ ਕਿਹਾ ਗੁਰਮੁਖੀ ਪੜ੍ਹੇ ਹਾਂ। ਤਿੰਨਾਂ ਨੂੰ ਰਾਜੇ ਨੇ ਕੁਰਸੀਆਂ ਤੇ ਬੈਠਾਇਆ ਅਤੇ ਦੋ ਦੋ ਮੋਹਰਾਂ ਦਿੱਤੀਆਂ। ਰਾਜਾ ਤਿੰਨਾਂ ਦੀ ਬੁੱਧ ਬਿਬੇਕ ਤੋਂ ਪ੍ਰਭਾਵਿਤ ਹੋਇਆ।[126]

ਇਸ ਸਾਲ ਕੋਟਾ (ਬਲੋਚਸਤਾਨ) ਤਬਾਹ ਹੁੰਦਾ ਹੈ ੧੯੦੫ ਈ. ਵਿੱਚ ਭੂਚਾਲ ਆਇਆ। ਥੜ੍ਹੇ ਸਾਹਿਬ ਵਾਲੇ ਮੰਦਰ ਵਿੱਚ ਆਸਾ ਦੀ ਵਾਰ ਲੱਗੀ ਸੀ। ਕੰਧਾਂ ਦਿਨ ਭਰ ਹਿੱਲਦੀਆਂ ਰਹੀਆਂ। ਸੰਗਤ ਬਾਹਰ ਆ ਗਈ। ਰਾਮ ਸਰ ਦਾ ਜਲ ਉੱਛਲ ਕੇ ਬਾਹਰ ਆਇਆ। ਗੁਰੂ ਜੀ ਗੱਦੀ ਸਾਹਿਬ ਵਾਲੇ ਚੁਬਾਰੇ ਵਿੱਚ ਹੀ ਅਡੋਲ ਬੈਠੇ ਰਹੇ।

**ਹੋਲਾ ਸ੍ਰੀ ਭੈਣੀ ਸਾਹਿਬ - ੧੯੦੫ ਈ.-**

ਸਰੀਰ ਠੀਕ ਨਾ ਹੋਣ ਕਾਰਨ ਹੋਲੇ ਵਾਲੇ ਦਿਨ ਗੁਰੂ ਜੀ ਦੀਵਾਨ ਵਿੱਚ ਨਾ ਗਏ। ਸਿੰਘਾਂ ਦੇ ਸੰਕਲਪ ਕਰਨ ਸਦਕਾ, ਜਦੋਂ ਸਲੋਕ ਪਾਠਾਂ ਦੇ ਪੜ੍ਹੇ ਜਾਣੇ ਸਨ, ਉਦੋਂ ਆਏ। ਗੁਰੂ ਗਰੰਥ ਸਾਹਿਬ ਨੂੰ ਮੱਥਾ ਟੇਕ ਕੇ, ਦੀਵਾਨ ਵਿੱਚ ਸਜ ਗਏ। ਆਪਣੇ ਨੇਤਰਾਂ ਦੀ ਤਕਲੀਫ ਤੋਂ ਗੁਰੂ ਜੀ ਪੰਜ ਰੁਪੈ ਦਾ ਕੜਾਹ ਪਰਸ਼ਾਦ ਕਰਵਾ ਕੇ, ਅਰਦਾਸ ਕਰਵਾਈ। ਬਰਨਾਲੇ ਦਾ ਗੱਜਣ ਸਿੰਘ ਆਪਣੀ ਮਾਈ ਦੇ ਫੁੱਲ ਚੁਗ ਕੇ ਲਿਆਇਆ। ਗੁਰੂ ਜੀ ਕਿਹਾ ਮਨ ਮੱਤ ਨਹੀਂ ਕਰਨੀ। ਮਾਘਾ ਸਿੰਘ ਬਿਲਾਸਪੁਰੀਏ ਨੇ ਪਿੰਡ ਤੱਕ ਜਾਣ ਦੀ ਛੁੱਟੀ ਮੰਗੀ। ਗੁਰੂ ਜੀ ਬਚਨ ਕੀਤਾ ਹੁਣ ਤਾਂ ਬੋਹਲ ਲੱਗਣ ਵਾਲਾ ਹੈ। ਬੋਹਲ ਲੱਗਾ ਛੱਡ ਕੇ ਨਹੀਂ ਜਾਈਦਾ।

ਇਕ ਸਮੇਂ ਗੁਰੂ ਹਰੀ ਸਿੰਘ ਜੀ ਦਾ ਦੌਰਾ ਰੱਤੇ ਚੋਏ (ਲਾਇਲਪੁਰ) ਜ਼ੈਲਦਾਰ

ਸਾਉਣ ਸਿੰਘ ਵੱਲ ਸੀ। ਸੰਤ ਜਿਊਣ ਸਿੰਘ ਸਰਹਾਲੀ ਜਿਹਨਾਂ ਦਾ ਜ਼ੈਲਦਾਰ ਭਤੀਜਾ ਲੱਗਦਾ ਸੀ, ਉਹ ਵੀ ਉੱਥੇ ਸਨ। ਸੰਤ ਕੇਸਰ ਕਿੱਲੀ "ਅਲੀ-ਅਲੀ" ਕਰਦੇ ਮਸਤ ਬਿਰਤੀ ਵਿੱਚ ਆਏ ਤੇ ਆਉਂਦੇ ਹੀ ਮੁੜ ਗਏ। ਇਕ ਵਾਰ ਸਹਿੰਸਰੇ ਦੌਰੇ ਤੇ, ਆਲਾ ਸਿੰਘ 'ਦਾਲਮ' (ਗੁਰਦਾਸਪੁਰ), ਭੋਗਾਂ ਦੇ ਸਲੋਕ ਸੁਣ ਰਿਹਾ ਸੀ। ਗੁਰੂ ਜੀ ਉਸਨੂੰ ਮਾਲਾ ਵਿਖਾ ਕੇ ਕਿਹਾ ਕਿ ਮੈਂ ਇਹ ਤੁਹਾਡੇ ਲਈ ਫੇਰਦਾ ਹਾਂ। ਤੁਸੀਂ ਜਾਉ ਆਪਣੀ ਸੇਵਾ ਤੇ ਲੱਗੋ। ਊਠਾਂ ਦੀ ਸੇਵਾ ਵਿੱਚ ਸੀ। ਤਤਛਿਨ ਹਾਜ਼ਰ ਹੋ ਗਿਆ।[127]

ਹੋਲੇ ਤੋਂ ਬਾਅਦ ਗੁਰੂ ਜੀ ਨੇਤਰ ਵਿਖਾਉਣ ਲਾਹੌਰ ਗਏ। ਪੱਥਰਾਂ ਵਾਲੇ ਧਿਆਨ ਸਿੰਘ ਹੋਰਾਂ ਵੱਲ ਡੇਰਾ ਲਾਇਆ। ਉੱਥੋਂ ਦੇ ਡਾਕਟਰ ਨੇ ਕਿਹਾ- ਨੇਤਰ ਅਜੇ ਕੱਚੇ ਹਨ। ਦੀਵਾਲੀ ਦੀ ਛੁੱਟੀ ਨਾ ਮਿਲੀ। ਦੀਵਾਲੀ ਤੋਂ ਬਾਅਦ ਅੰਮ੍ਰਿਤਸਰ ਵੀ ਇਕ ਡਾਕਟਰ ਨੂੰ ਨੇਤਰ ਵਿਖਾਏ। ਉਸ ਵੀ ਦੱਸਿਆ ਅਜੇ ਕੱਚੇ ਹਨ। ਜ਼ਿਲ੍ਹੇ ਦੇ ਡੀ. ਸੀ. ਕੋਲ ਤਿੰਨ ਦਿਨ ਦੀ ਛੁੱਟੀ ਲਈ ਗਏ। ਉਸ ਕਿਹਾ-ਕੱਕੜਾਂ ਵਿੱਚ ਦੰਗਾ ਹੋ ਗਿਆ ਸੀ, ਹੁਣ ਨਾ ਕਰਨਾ। ਅਸੀਂ ਦੰਗੇ ਤੋਂ ਡਰਦੇ ਹਾਂ। ਨਰਾਇਣ ਸਿੰਘ ਨੇ ਕਿਹਾ ਕਿ ਗੁਰੂ ਜੀ ਜਿੱਥੇ ਜਾਣ, ਉੱਥੇ ਤਾਂ ਜੇ ਦੰਗਾ ਹੁੰਦਾ ਹੋਵੇ ਤਾਂ ਵੀ ਹਟਾ ਦਿੰਦੇ ਹਨ। ਦੰਗਾ ਨਹੀਂ ਹੋਏਗਾ। ਤਿੰਨ ਦਿਨ ਅੰਮ੍ਰਿਤਸਰ ਦੇ ਦੇਹਾਤੀ ਖੇਤਰ ਦਾ ਦੌਰਾ ਕਰਕੇ ਵਾਪਿਸ ਆ ਗਏ।

ਲੁਧਿਆਣੇ ਤੋਂ ਐਸ. ਪੀ. ਅੰਗਰੇਜ਼ ਤੇ ਡੀ. ਸੀ. ਦੀਵਾਨ ਚੰਦ ਅਰੋੜਾ ਭੈਣੀ ਸਾਹਿਬ ਆਏ। ਗੁਰੂ ਜੀ ਨੂੰ ਮਿਲ ਕੇ ਸੁੱਖ ਸਾਂਦ ਪੁੱਛੀ। ਉਹਨਾਂ ਨੇਤਰਾਂ ਦੀ ਤਕਲੀਫ ਬਾਰੇ ਦੱਸਿਆ। ਲਾਹੌਰ, ਅੰਮ੍ਰਿਤਸਰ ਦੇ ਡਾਕਟਰ ਤਾਂ ਅਜੇ ਕੱਚੀਆਂ ਕਹਿੰਦੇ ਸਨ, ਖੰਨੇ ਵਾਲੇ ਨੇ ਨੇਤਰਾਂ ਦਾ ਅਪਰੇਸ਼ਨ ਕੀਤਾ। ਡੀ. ਸੀ. ਨੇ ਕਿਹਾ- 'ਕੁਝ ਚਾਹੁੰਦੇ ਹੋ ?' ਗੁਰੂ ਜੀ ਨੇ ਕਿਹਾ- "ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕਰਵਾ ਦਿਉ !" ਇਹੋ ਸਾਡੀ ਚਾਹਤ ਹੈ। ਜ਼ਿਲ੍ਹਾ ਅਧਿਕਾਰੀ ਨੇ ਕਿਹਾ ਕਿ ਉਹ ਤਾਂ ਗੁਜ਼ਰ ਗਏ ਹਨ। ਗੁਰੂ ਜੀ ਨੇ ਕਿਹਾ-ਇਹ ਗੱਲ ਸਾਡੇ ਸਾਹਮਣੇ ਨਾ ਕਰੋ ਕਿ ਉਹ ਗੁਜ਼ਰ ਗਏ ਹਨ। "ਜ਼ਿਲ੍ਹੇ ਨੇ ਕਹਾ ਕਿ ਤੁਮਾਰੇ ਕੋ ਨਿਸਚਾ ਹੈ ਕਿ ਉਹ ਨਹੀਂ ਗੁਜਰੇ ? ਗੁਰੂ ਜੀ ਬਚਨ ਕੀਤਾ ਹਾਂ ਨਿਸਚਾ ਹੈ। ਤਾਂ ਫਰੰਗੀ ਨੇ ਕਹਾ ਤੁਮ ਜੋ ਕਹਿੰਦੇ ਹੋ ਗੁਜਰੇ ਨਹੀਂ ਤਾਂ ਹੈਂ ਕਿੱਥੇ ? ਬਚਨ ਹੋਇਆ ਸਾਨੂੰ ਕੀ ਖਬਰ ਹੈ। ਜੇ ਸਾਨੂੰ ਦੱਸੋ ਤਾਂ ਓਥੇ ਜਾਇਕੇ ਮਿਲ ਆਈਏ।"

ਡੀ. ਸੀ. ਅਤੇ ਐਸ. ਪੀ. ਨੇ ਆਪੋ ਵਿੱਚ ਗੱਲ ਕੀਤੀ ਕਿ ਵੇਖੋ ਇਹਨਾਂ ਦਾ ਕਿੰਨਾ ਪੱਕਾ ਨਿਸਚਾ ਹੈ। ਗੁਰੂ ਜੀ ਦੇ ਸਾਹਿਬਜ਼ਾਦਿਆਂ ਬਾਰੇ ਪੁੱਛਿਆ ਕਿ ਅੰਗਰੇਜ਼ੀ ਫ਼ਾਰਸੀ ਕਿਉਂ ਨਹੀਂ ਪੜ੍ਹੇ, ਸਿਰਫ ਗੁਰਮੁਖੀ ਕਿਉਂ ? ਤਾਂ ਸਿੰਘਾਂ ਨੇ ਕਹਿਆ- "ਸਾਨੂੰ ਸਤਿਗੁਰਾਂ ਦਾ ਹੁਕਮ ਨਹੀਂ ਗੁਰਮੁਖੀ ਤੋਂ ਬਿਨਾਂ ਹੋਰ ਭਾਸ਼ਾਵਾਂ ਪੜ੍ਹਨ ਦਾ।" ਗੋਧਾ ਸਿੰਘ ਅਬਲੂ ਨੂੰ ਪੁੱਛਣ ਲੱਗੇ ਕਿ ਤੁਹਾਡਾ ਦਿਨ ਕਿਵੇਂ ਗੁਜਰਦਾ ਹੈ ? ਕਹਿਆ ਕਿ ਭਜਨ ਬਾਣੀ ਕਰਦਿਆਂ ਗੁਜਰ ਜਾਂਦਾ ਹੈ।

ਡੇਰੇ ਦੇ ਦੋ ਸਿੰਘ ਲੁਧਿਆਣੇ "ਅੰਗ੍ਰੇਜ਼ੀ ਤਮਾਸ਼ਾ' (ਸਿਨੇਮਾ) ਵੇਖ ਕੇ ਆਏ। ਗੁਰੂ ਜੀ ਉਹਨਾਂ ਨੂੰ ਤਾੜਨਾ ਕੀਤੀ ਕਿ ਜੇ ਫੇਰ ਗਏ ਤਾਂ ਤਨਖਾਹ ਲੱਗੇਗੀ। ਇਸ

ਸਮੇਂ ਡਾਕਟਰਾਂ ਨੇ ਗੁਰੂ ਜੀ ਦੀ ਖੁਰਾਕ ਵਿੱਚ ਦੁੱਧ, ਘਿਉ ਅਤੇ ਲੂਣ ਤਿੰਨੇ ਬੰਦ ਕਰ ਦਿੱਤੇ। ਅਲੂਣੀ ਦਾਲ ਮੂੰਗੀ ਦੀ ਵਿੱਚ ਬਦਾਮ ਰੋਗਨ ਪਾ ਕੇ, ਨਾ ਮਾਤਰ ਛਕਦੇ ਸਨ। ਨਾਭੇ ਵਾਲੇ ਰਾਜੇ ਦੀ ਘੋੜੀ ਚੋਰ ਲੈ ਗਏ। ਹਜ਼ੂਰ ਸਿੰਘ ਗੁਮਟੀ (ਬਾਬਾ ਲਾਲ ਸਿੰਘ ਦਾ ਭਰਾ) ਖੋਜੀ ਦੇ ਨਾਲ ਖੁਰਾ ਕੱਢਦਾ, ਭੈਣੀ ਸਾਹਿਬ ਪਾਸੋਂ ਲੰਘਣ ਲੱਗਾ, ਸੁਹੇਲ ਸਿੰਘ ਬਿਲਗੇ ਨੂੰ ਲੈ ਕੇ ਗੁਰੂ ਜੀ ਨੂੰ ਮਿਲਿਆ। ਰਾਜੇ ਹੀਰਾ ਸਿੰਘ ਦੀ ਸੁਖ-ਸਾਂਦ ਪੁੱਛੀ। ਬਚਨ ਹੋਇਆ ਸਣੇ ਚੋਰ ਘੋੜੀ ਮਿਲੇਗੀ। ਬੇਟ ਵਿੱਚੋਂ ਚੋਰ ਤੇ ਘੋੜੀ ਉਸੇ ਦਿਨ ਮਿਲ ਗਏ। ਲੰਗਰ ਵਿੱਚ ੧੨੫ ਰੁਪੈ ਜਾਂਦੇ ਹੋਏ ਭੇਟ ਚੜ੍ਹਾ ਗਏ।[128]

ਭਾਈ ਸੰਤੋਖ ਸਿੰਘ ਵਾਲੇ ਗਰੰਥ ਦਾ ਪਹਿਲਾ ਪਾਠ ਗੁਰੂ ਜੀ ਦੇ ਹਜ਼ੂਰ ਸੰਪੂਰਨ ਹੋਇਆ। ਹੁਣ ਦੂਜੀ ਵੇਰ ਪੜ੍ਹਨਾ ਸ਼ੁਰੂ ਕੀਤਾ। ਗਰੰਥ ਸੰਪੂਰਨ ਹੋ ਗਿਆ ਸੀ। ਤਤਕਰਾ ਲਿਖਣਾ ਰਹਿੰਦਾ ਸੀ।

**ਮਾਨਾਂਵਾਲੇ ਦਾ ਹੋਲਾ - ੧੯੦੬ ਈ.-**

ਗੁਰੂ ਹਰੀ ਸਿੰਘ ਜੀ ਦੇ ਜੀਵਨ ਕਾਲ ਦਾ ਅੰਤਿਮ ਹੋਲਾ ਮਹੱਲਾ, ੧੯੦੬ ਈ. ਵਿੱਚ ਮਾਨਾਂਵਾਲਾ, ਇਲਾਕਾ ਸ਼ੇਖੂਪੁਰਾ, ਜ਼ਿਲ੍ਹਾ ਗੁਜਰਾਂਵਾਲਾ ਵਿੱਚ ਹੋਇਆ। ਮਾਨਾਂਵਾਲੇ ਦਾ ਸਰਦਾਰ ਸੁੰਦਰ ਸਿੰਘ ਗੁਰੂ ਜੀ ਨੂੰ ਹੋਲੇ ਵਿੱਚ ਦਰਸ਼ਨ ਦੇਣ ਲਈ ਅਰਜ਼ ਕਰਕੇ ਲੈਣ ਆਇਆ। ਗੁਰੂ ਜੀ ਸਰੀਰਕ ਅਵਸਥਾ ਕਾਰਨ ਆਪਣੇ ਵੱਡੇ ਸਪੁੱਤਰ, ਸਾਹਿਬਜ਼ਾਦਾ ਪਰਤਾਪ ਸਿੰਘ ਹੋਰਾਂ ਨੂੰ ਕਿਹਾ- :ਹੁਣ ਤੁਸੀਂ ਕਰੋ ਦੌਰੇ ਅਸੀਂ ਕਰ ਚੁੱਕੇ ਹਾਂ।" ਮਾਤਾ ਜਿਊਣ ਕੌਰ ਜੀ ਅਤੇ ਤਿੰਨੇ ਸਾਹਿਬਜ਼ਾਦੇ ਹੋਲੇ ਮਹੱਲੇ ਤੇ ਗਏ। ਸਿੰਘਾਂ ਨੇ ਬਹੁਤ ਪ੍ਰੇਮ ਕੀਤਾ।

**ਗ੍ਰੰਥਾਕਾਰ ਨੂੰ ਖੁਸ਼ੀਆਂ-**

ਇਕ ਦਿਨ ਗੁਰੂ ਜੀ ਬਚਨ ਕੀਤਾ- "ਸੰਤੋਖ ਸਿੰਘ ਧੰਨ ਜਨਮ ਹੈ ਤੇਰਾ, ਤੈਨੇਂ ਸਾਖੀਆਂ ਲਿਖੀਆਂ ਹੈਂ ਗੁਰੂ ਜੀ ਕੀਆਂ। ਸੰਤੋਖ ਸਿੰਘ ਨੇ ਕਿਹਾ ਕਿ ਮਾਰੋ ਗਰੀਬਾਂ ਨੂੰ। ਧੰਨ ਜਨਮ ਧੁਆਡਾ ਹੈ ਜਿਨ੍ਹਾਂ ਕੇ ਦਰਸ਼ਨ ਨਾਲ ਸ਼ਾਂਤ ਆਇ ਜਾਂਦੀ ਹੈ। ਆਪਨੇ ਲਖਾਂ ਜੀਵ ਧਰਮ ਵੰਨੀ ਲਾਏ ਹੈਂ।"[129]

ਮਾਈ ਭਾਗਣ ਨੂੰ ਗੁਰੂ ਜੀ ਨੇ ਅਗਾਊਂ ਆਪਣੇ ਚਲਾਣੇ ਬਾਰੇ ਦੱਸਿਆ ਕਿ ਅਸਾਂ ਹੁਣ ਚੜ੍ਹਾਈ ਕਰ ਜਾਣੀ ਹੈ, ਤੂੰ ਸੰਸਾ ਨਾ ਕਰੀਂ। ਹੁਕਮ ਪ੍ਰਮੇਸ਼ਰ ਜੀ ਕਾ ਏਵੇਂ ਹੀ ਹੈ।

੧੯੬੩ ਬਿ. ਮੁਤਾਬਿਕ ੧੯੦੬ ਈ. ਵੈਸਾਖ ਦੀ ਪੂਰਨਮਾਸ਼ੀ ਨੂੰ, ਗੁਰੂ ਜੀ ਨੂੰ ਵੱਖੀ ਵਿਚ ਦਰਦ ਹੋਈ। ਤਿੰਨ ਦਿਨ ਦਰਦ ਰਹੀ। ਵੈਦ ਭੀ ਆਇਆ। ਰਾਜੀ ਨਾ ਹੋਏ ਤਾਂ ਅਖੰਡ ਪਾਠ ਤੋਰਿਆ। ਚੌਥੇ ਦਿਨ ਵੱਖੀ ਦੀ ਪੀੜ ਰੁਕੀ। ਅਖੰਡ ਪਾਠ ਤੋਂ ਬਾਅਦ ਬੁਖਾਰ ਹੋਇਆ। ਤਾਪ ਦੇ ਨਾਲ ਹਿਚਕੀ ਵੀ ਆਏ। ਰਾਤ ਨੂੰ ਵਾਰ ਵਾਰ ਮੈਦਾਨ ਜਾਣਾ ਪਿਆ। ਗੁਰੂ ਜੀ ਦੱਸਿਆ ਕਿ ਸਾਨੂੰ ਪੰਜਾਹ ਸਾਲ ਤਾਪ ਨਹੀਂ ਹੋਇਆ, ਹੁਣ ਹੋਇਆ ਹੈ। ਫਿਰ ਪਾਸ ਵਾਲਿਆਂ ਨੇ ਕਿਹਾ ਕਿ "ਤੁਸੀਂ ਆਪਣੀ ਜ਼ਬਾਨੀ ਕਹਿ ਦਿਉ

ਜਿਸ ਨੂੰ ਮਾਲਕ ਬਨਾਉਣਾ ਹੈ। ਬਚਨ ਹੋਇਆ ਮੈਨੂੰ ਨਾ ਬੁਲਾਵੋ। ਜਾਂ ਬਹੁਤੇ ਖਿਆਲ ਪਏ ਤਾਂ ਬਚਨ ਕੀਤਾ- ਪਰਤਾਪ ਸਿੰਘ, ਨਿਹਾਲ ਸਿੰਘ, ਗੁਰਦਿਆਲ ਸਿੰਘ ਤੇ ਜਿਊਣ ਕੌਰ ਏਹ ਹੀ ਹੈ। ਸਿੰਘਾਂ ਨੇ ਕਾਗਜ਼ ਲਿਖ ਕੇ ਗੁਰੂ ਜੀ ਕਾ ਅੰਗੂਠਾ ਲੁਆਇਆ।"

ਅਨੇਕ ਵੈਦ, ਹਕੀਮ, ਡਾਕਟਰ ਆਪੋ ਆਪਣੀ ਵਾਹ ਲਾ ਰਹੇ। "ਫੇਰ ਇਕ ਦਿਨ ਬਚਨ ਕੀਤਾ- ਜੀਊਣ ਕੌਰੇ ਗੁਰ ਦੇਈ ਫੁਲਕੇ ਜੇਹੇ ਬਣਾਇ ਲਿਆਂਵਦੀ ਹੈ, ਤੂੰ ਮੋਟਾ ਜਿਹਾ ਪ੍ਰਸਾਦਾ ਬਣਾਇ ਲਿਆਇਆ ਕਰ। ਦਸ ਦਿਨ ਛਕਣਾ ਹੈ ਅਸਾਂ ਕੇਹੜਾ ਰੋਜ ਛਕਣਾ ਹੈ।

"ਗੁਲਾਬ ਸਿੰਘ ਨੂੰ ਬਚਨ ਕੀਤਾ ਅਸੀਂ ਕੋਈ ਦਿਨ ਹੈਂ। ਗੁਲਾਬ ਸਿੰਘ ਨੇ ਕਹਿਆ ਮੈਂ ਨਹੀਂ ਮੰਨਦਾ ਹਾਂ। ਅਜੇ ਗੋਹੜੇ ਵਿਚੋਂ ਪੂਣੀ ਬੀ ਨਹੀਂ ਕੱਤੀ ਹੈ। ਤੁਸੀਂ ਸਾਨੂੰ ਕਹਿੰਦੇ ਹੋ ਕਿ ਸਤਿਗੁਰੂ ਜੀ ਕੇ ਆਇ ਤੇ ਗਲ ਮੈਂ ਪੱਲਾ ਪਾਇ ਕੇ ਹੱਥ ਜੋੜ ਕੇ ਅਗੇ ਖੜੋਇ ਜਾਵਾਂਗੇ। ਸੰਗਤ ਮੈਨੂੰ ਬਖਸ਼ਾਇਗੀ ਮੈਂ ਸੰਗਤ ਨੂੰ ਬਖਸ਼ਾਇ ਲਵਾਂਗਾ। ਜੇਹੜੇ ਕੰਮ ਨੂੰ ਆਏ ਹੋ ਸੋ ਕੰਮ ਅਜੇ ਨਹੀਂ ਹੋਇਆ ਹੈ।............

"ਅੱਠ ਦਿਨ ਅਗਾਊਂ ਅਵਾਜਾ ਕੀਤਾ ਅੱਧੀ ਰਾਤ ਕੇ ਸਮੇਂ ਕੋਈ ਹੈ ਜਾਗਦਾ ? ਨਰੈਣ ਸਿੰਘ ਨੇ ਕਹਿਆ ਜੀ ਹੈਨ ਤਾਂ ਸਹੀ ਪਰ ਸਭ ਬਰਾਜੇ ਹੋਏ ਹੈਂ। ਗੁਰੂ ਜੀ ਬਚਨ ਕੀਤਾ- ਅਸੀਂ ਤੈਨੂੰ ਕਹਿਆ ਹੈ, ਤੂੰ ਦੱਸੀ ਨਾ ਕਿਸੇ ਨੂੰ। ਅਠਵੇਂ ਦਿਨ ਨੂੰ ਅਸੀਂ ਚੜ੍ਹਾਈ ਕਰ ਜਾਣੀ ਹੈ। ਸਾਡੇ ਚੜੇ ਥੀਂ ਮਗਰੋਂ ਦੱਸੀ। ਨਰੈਣ ਸਿੰਘ ਸੇਵਾ ਮੈਂ ਹਰ ਵੇਲੇ ਹਾਜ਼ਰ ਰਹਿੰਦਾ ਹੈ। ਸੁਣ ਕੇ ਬੜਾ ਸੰਸਾ ਕੀਤਾ। ਮਾਈ (ਜੀਵਨ ਕੌਰ) ਜੀ ਪੁੱਛਿਆ- ਭਾਈ ਜੀ ਤੁਹਾਡਾ ਸਰੀਰ ਸੁੱਕਦਾ ਕਿਉਂ ਜਾਂਦਾ ਹੈ। ਕਹੇ ਤਾਂ ਨਾ ਕਿ ਗੁਰੂ ਮਹਾਰਾਜ ਜੀ ਐਉਂ ਕਹਿਆ ਹੈ। ਗੁਰੂ ਜੀ ਕਾ ਢਿੱਲਾ ਸਰੀਰ ਹੋਇਆ ਤਾਂ ਆਪਸ ਵਿੱਚ ਸਮਝਿਆ ਕਿ ਗੁਰੂ ਜੀ ਭਾਣਾ ਬਰਤਾਵਣ ਲਗੇ ਹੈਂ। ਗੁਰੂ ਜੀ ਕੋ ਮਾਈ ਫਤੇ ਕੌਰ ਨੇ ਪੁਛਿਆ ਜੀ ਤੁਸੀਂ ਤਾਂ ਏਹ ਸਾਂਗ ਧਾਰਿਆ ਹੈ, ਆਪਣੀ ਹੱਥੀਂ ਦੇ ਜਾਓ ਜਿਸ ਨੂੰ ਦੇਣਾ ਹੈ। (ਸੂਬਾ ਮਾਈ) ਹੁਕਮੀ ਨੇ ਭੀ ਕਹਿਆ।[130]

ਜਿਹੜਾ ਕਾਗਜ਼ ਸਿੰਘਾਂ ਨੇ ਲਿਖਿਆ ਸੀ ਉਸ ਬਾਬਤ ਮਹੰਤ ਸੇਵਾ ਸਿੰਘ ਤੇ ਸਾਹਿਬਜ਼ਾਦਾ ਪਰਤਾਪ ਸਿੰਘ ਸਮਰਾਲੇ ਗਏ। ਉਥੇ ਡੀ. ਸੀ. ਆਇਆ ਸੀ, ਉਸਨੂੰ ਕਾਗਜ਼ ਦਿੱਤਾ। ਉਸਨੇ ਕਿਹਾ ਕੱਲ ਡਿਪਟੀ ਆਵੇਗਾ। ਉਹ ਅਗਲੇ ਦਿਨ ਸਤਿਗੁਰੂ ਜੀ ਤੋਂ ਵਿਰਾਸਤ ਬਾਰੇ ਪੁੱਛ ਕੇ, ਲਿਖੇ ਕਾਗਜ਼ ਉਪਰ ਆਪਣੀ ਸਹੀ ਪਾ ਗਿਆ। ਪਰ ਉਹ ਜਾਂਦਾ ਹੋਇਆ ਸਤਿਗੁਰੂ ਰਾਮ ਸਿੰਘ ਜੀ ਦੇ ਦੋਹਤਿਆਂ ਬਸੰਤ ਸਿੰਘ, ਸੂਰਤ ਸਿੰਘ, ਹਰਨਾਮ ਸਿੰਘ ਦੇ ਨਾਮ ਵੀ ਲਿਖ ਕੇ ਲੈ ਗਿਆ। ਸ਼ੁੱਕਰ-ਸ਼ਨੀਚਰਵਾਰ ਦੀ ਰਾਤ ਨੂੰ ਬਚਨ ਕੀਤਾ ਅਸੀਂ ਚੜ੍ਹਾਈ ਕਰ ਜਾਵਾਂਗੇ। ਮਾਈ ਹੁਕਮੀ ਨੇ ਪੁੱਛਿਆ- ਸੰਗਤ ਨੂੰ ਤੁਹਾਡਾ ਆਸਰਾ ਹੈ, ਸੰਗਤ ਕੀ ਕਰੇਗੀ ? ਹੱਥ ਨਾਲ ਇਸ਼ਾਰਾ ਕੀਤਾ ਦੱਸਾਂਗੇ। ਫਿਰ ਮੋੜਕੇ ਕੋਈ ਉਤਰ ਨਹੀਂ ਦਿੱਤਾ।"

**ਜੋਤੀ ਜੋਤਿ ਸਮਾਏ-**

ਜਦੋਂ ਹਕੀਮ ਦੁਆਈ ਦੇਵੇ ਤਾਂ ਉੱਥੂ ਆ ਜਾਣਾ। ਗੁਰੂ ਜੀ ਨੇ ਕਿਹਾ ਕਿ ਹੁਣ ਕੋਈ ਦੁਆਈ ਨਾ ਦਿਉ। ਫਿਰ ਇਕ ਦਿਨ ਬਚਨ ਕੀਤਾ- "ਤੁਸੀਂ ਕੌੜਾ ਨਾ ਬੋਲਨਾ ਅਸੀਂ ਥੋਹੜੇ ਦਿਨ ਹਾਂ।" ਨਰੈਣ ਸਿੰਘ ਨੇ ਕਿਹਾ- ਜੀ ਤੁਹਾਨੂੰ ਕੌਣ ਕੌੜਾ ਬੋਲ ਸੱਕਦਾ ਹੈ।

ਪਿਛਲੇ ਇਕ ਸਪਤਾਹ ਤੋਂ ਅਖੰਡ ਪਾਠ ਗੁਰੂ ਜੀ ਨਮਿੱਤ ਚੱਲ ਰਹੇ ਸਨ ਜਦੋਂ ਤੋਂ ਅੱਠਾਂ ਦਿਨਾਂ ਵਾਲਾ ਬਚਨ ਕੀਤਾ ਸੀ। ਜਾਂ ਪੰਜਵਾਂ ਪਾਠ ਧਰਿਆ ਦਸ ਵਜੇ ਫਿਰ ਗੁਰੂ ਜੀ ਬਚਨ ਕੀਤਾ- ਅਸੀਂ ਚੜ੍ਹਾਈ ਕਰ ਜਾਣੀ ਹੈ। ਗੁਲਾਬ ਸਿੰਘ ਹੋਰਾਂ ਨੇ ਕਸ਼ਟ ਨਵਿਰਤੀ ਦੀ ਅਰਦਾਸ ਕੀਤੀ। ਪੰਜ ਛੇ ਸੁਆਸ ਆਏ। ਸੁਆਸ ਲੈਂਦੇ ਲੈਂਦੇ ਸੁਆਸ ਬਾਹਰ ਹੀ ਰਿਹਾ। ਸਰੀਰ ਸੀਤਲ ਹੋਇਆ। ੧੯੬੩ ਬਿ. ਜੇਠ ਵਦੀ ਦਸਵੀਂ, ਵੀਰਵਾਰ, ਮੁਤਾਬਿਕ ੧੭ ਮਈ ੧੯੦੬ ਨੂੰ, ਸ਼ਾਮ ਪੰਜ ਵੱਜ ਕੇ ਪੰਜ ਮਿੰਟ ਤੇ, ਗੁਰੂ ਜੀ ਜੋਤੀ ਜੋਤਿ ਸਮਾ ਗਏ।[131]

ਸਾਰਾ ਪਰਿਵਾਰ ਅਤੇ ਸ੍ਰੀ ਭੈਣੀ ਸਾਹਿਬ ਦਾ ਸੰਤ ਖਾਲਸਾ ਸ਼ੋਕ ਮਾਨ ਹੋਇਆ। ਭਾਈ ਕੰਧਾਰਾ ਸਿੰਘ ਨੇ ਕਿਹਾ ਕਿ ਗੁਰੂ ਜੀ ਸਮਾਧੀ ਵਿੱਚ ਹਨ ਅੱਜ ਦੀ ਰਾਤ ਰੁਕ ਜਾਉ। ਪਰ ਮੁਖੀ ਸਿੰਘਾਂ ਨੇ ਮਤਾ ਮੇਲ ਕੇ, ਮੌਸਮ ਭਾਰੀ ਗਰਮੀ ਵਾਲਾ ਜਾਣ ਕੇ, ਉਸੇ ਸਮੇਂ ਸਸਕਾਰ ਦੀ ਤਿਆਰੀ ਕਰ ਲਈ। "ਇਸ਼ਨਾਨ ਕਰਾਇਕੇ, ਪੁਸ਼ਾਕ ਪਹਿਰਾਇ ਕੇ, ਬਿਬਾਨ ਮੇਂ ਧਰ ਕੇ, ਗੁਲਾਬ ਛਿੜਕ ਕੇ, ਦੁਸ਼ਾਲਾ ਪਾਇਕੇ, ਅਰਦਾਸਾ ਕਰਕੇ ਬਿਬਾਨ ਚੱਕਿਆ ਸਿੰਘਾਂ ਨੇ। (ਸਾਹਿਬਜ਼ਾਦੇ) ਪਰਤਾਪ ਸਿੰਘ ਜੀ ਚੌਰੀ ਕਰਦੇ ਜਾਂਦੇ ਹੈਂ। ਮਾਰੂ ਕੇ ਸ਼ਬਦ ਪੜ੍ਹਦੇ ਜਾਂਦੇ ਹੈਂ, ਫੇਰ ਚਿਖਾ ਚਿਣਨ ਦੇ ਵੇਲੇ ਕੰਧਾਰਾ ਸਿੰਘ (ਤਖਤ ਹਜ਼ਾਰੇ ਦਾ ਅਰੋੜਾ ਸਿੰਘ ਸੀ) ਨੇ ਕਹਿਆ ਖਾਲਸਾ ਜੀ ਆਜ ਕੀ ਰਾਤ ਰਹਿਣ ਦਿਓ ਗੁਰੂ ਮਹਾਰਾਜ ਜੀ ਸਮਾਧੀ ਮੇਂ ਹੈਂ। ਚਿਖਾ ਕੇ ਵਿਚ ਜਾਇ ਪਿਆ। ਸਿੰਘਾਂ ਨੇ ਧੂਹ ਕੇ ਬਾਹਰ ਕੱਢਿਆ। ਫੇਰ ਗੁਰੂ ਜੀ ਕਾ ਸਰੀਰ ਚਿਖਾ ਮੇਂ ਚਿਣਕੇ ਦਾਹ ਦੀਆ ਚੰਨਣ ਨਲਾਯੇਰ ਪਾਇਕੇ ਅਤੇ ਘ੍ਰਿਤ ਪਾਇਕੇ। ਅਗਨੀ ਲਗੀ ਮਚਣੇ। ਰਾਤ ਪਹਿਰੇ ਖੜੇ ਕੀਤੇ।[132]

ਗੁਰੂ ਜੀ ਦੇ ਸਾਂਗ ਵਰਤਾਵਣ ਤੋਂ ਬਾਅਦ ਸਰਬ ਖਾਲਸਾ ਸ਼ੋਕਮਾਨ ਹੋ ਗਿਆ। ਕਿਸੇ ਪਰਸ਼ਾਦਾ ਛਕਿਆ ਕਿਸੇ ਨਾ ਛਕਿਆ। ਕੜਾਹ ਪਰਸ਼ਾਦ ਅੰਗੀਠੇ ਵਿੱਚ ਪਾਇਆ "ਗੁਰੂ ਜੀ ਤੋਂ ਬਿਨਾਂ ਮਾਨੋ ਸੁੰਨ ਵਰਤ ਗਿਆ। ਜੇੜੀ ਰੌਣਕ ਤੇ ਪ੍ਰਤਾਪ ਸੀ ਸੋ ਇਕ ਦਮ ਛਪਾਇ ਲੀਆ। ਖਾਲਸੇ ਨੂੰ ਉਦਾਸੀ ਬਹੁਤ ਹੋਈ। ਕਹਿੰਦੇ ਹੈਂ ਕੀ ਥਾ ਤੇ ਕੀ ਹੋ ਗਿਆ। ਧਰਤੀ ਨੇ ਭਰਮ ਕੀਤਾ ਗੁਰੂ ਮਹਾਰਾਜ ਜੀ ਕੇ ਜਾਣੇ ਕਾ। ਪੌਣ ਨੇ ਭੀ ਸ਼ੋਕ ਕੀਤਾ। ਅੱਠ ਪਹਿਰ ਕਿਸੇ ਨੇ ਕਿਸੇ ਕਾ ਪਤਾ ਨਹੀਂ ਲਿਆ।"

ਸੰਗਤ ਨੇ ਵਿਚਾਰ ਕਰਕੇ ਨਿਮਾਣੀ ਦੇ ਦਿਨ, ਗੁਰੂ ਜੀ ਨਮਿੱਤ ਭੋਗ ਮੇਲਾ ਰਚਿਆ। ਦੇਸ ਦੇਸਾਂਤਰਾਂ ਦੀਆਂ ਸਮੂੰਹ ਸੰਗਤਾਂ ਨੂੰ ਸਮਾਚਾਰ ਭੇਜ ਦਿੱਤੇ। ਅਕਾਲ

ਚਲਾਣੇ ਤੋਂ ਅਗਲੀ ਸਵੇਰ ਆਸਾ ਦੀ ਵਾਰ ਲੱਗੀ ਵਿੱਚ ਹੀਰਾ ਸਿੰਘ ਟਿੱਕਾ ਮੂੰਡੀਆ ਅਤੇ ਬਾਬਾ ਬੀਰ ਸਿੰਘ ਚੁੰਨ੍ਹੀ ਵਾਲਾ, ਦੋਹਾਂ ਨੇ ਆਸਣ ਵਿਛਾ ਕੇ ਉੱਤੇ ਸਾਹਿਬਜ਼ਾਦਾ ਪਰਤਾਪ ਸਿੰਘ ਜੀ ਨੂੰ ਸੁਭਾਇਮਾਨ ਕਰਕੇ, ਆਪ ਮੱਥਾ ਟੇਕਿਆ ਅਤੇ ਹਾਜ਼ਰ ਸੰਗਤ ਨੇ ਵੀ ਟੇਕਿਆ। ਜਿਹੜੇ ਸਿੰਘਾਂ ਨੇ ਅਖੰਡ ਪਾਠ ਗੁਰੂ ਜੀ ਨਮਿੱਤ ਤੋਰੇ ਸਨ, ਵੈਰਾਗ ਵਿੱਚ ਹੋਣ ਕਾਰਨ ਉਹਨਾਂ ਬੜੀ ਮੁਸ਼ਕਲ ਨਾਲ ਪਾਠ ਸਿਰੇ ਲਾਏ। ਸੰਤ ਹਰਨਾਮ ਸਿੰਘ ਕਿਲੇ ਵਾਲੇ ਵੀ ਭੈਣੀ ਸਾਹਿਬ ਗੁਰਦੁਆਰੇ ਦੀ ਡਿਉਢੀ ਤੇ ਸੀਸ ਰੱਖ ਕੇ, ਅੱਠ ਪਹਿਰ ਵੈਰਾਗੀ ਰਹੇ। ਅੱਠੀਂ ਪਹਿਰੀਂ ਮਾਤਾ ਜੀਵਨ ਕੌਰ ਜੀ ਨੇ ਉਹਨਾਂ ਨੂੰ ਧੀਰਜ ਬੰਨ੍ਹਾ ਕੇ, ਜਲ ਪਰਸ਼ਾਦ ਆਦਿ ਛਕਾਇਆ।

ਸਤਿਗੁਰੂ ਜੀ ਦਾ ਅਫਸੋਸ ਕਰਨ ਪਰਿਵਾਰ ਅਤੇ ਸੰਗਤ ਨਾਲ, ਡਿਪਟੀ ਕਮਿਸ਼ਨਰ ਦੀਵਾਨ ਚੰਦ ਅਰੋੜਾ ਸ੍ਰੀ ਭੈਣੀ ਸਾਹਿਬ ਆਇਆ। ਉਸ ਨੇ ਪੁੱਛਿਆ ਕਿ ਅੱਗੋਂ ਗੱਦੀ ਤੇ ਕੌਣ ਬਿਰਾਜਣਗੇ। ਨਾਰਾਇਣ ਸਿੰਘ ਮਹੰਤ ਹੋਰਾਂ ਵੱਡੇ ਸਾਹਿਬਜ਼ਾਦੇ ਪਰਤਾਪ ਸਿੰਘ ਹੋਰਾਂ ਬਾਰੇ ਸਤਿਗੁਰੂ ਜੀ ਦਾ ਫਰਮਾਨ ਸੁਣਾਇਆ। ਸੰਗਤ ਵੀ ਸਾਰੀ ਇਹਨਾਂ ਨੂੰ ਉਹਨਾਂ ਦੇ ਅਸਥਾਨ ਤੇ ਸਥਾਪਿਤ ਕਰ ਚੁੱਕੀ ਹੈ। ਡੀ. ਸੀ. ਨੇ ਗੁਰੂ ਰਾਮ ਸਿੰਘ ਜੀ ਦੇ ਦੋਹਤੇ ਬਸੰਤ ਸਿੰਘ ਤੋਂ ਉਸਦੀ ਰਾਇ ਪੁੱਛੀ। ਬੀਬੀ ਨੰਦਾਂ ਦੇ ਤਿੰਨਾਂ ਹੀ ਪੁੱਤਰਾਂ, ਬਸੰਤ ਸਿੰਘ, ਸੂਰਤ ਸਿੰਘ ਤੇ ਹਰਨਾਮ ਸਿੰਘ ਨੇ ਵਾਰੋ ਵਾਰੀ ਡੀ. ਸੀ. ਪਾਸ ਗੱਦੀ ਦੇ ਵਾਰਸ ਦੇ ਤੌਰ ਤੇ (ਸਤਿਗੁਰੂ) ਪਰਤਾਪ ਸਿੰਘ ਜੀ ਦਾ ਨਾਮ ਹੀ ਲਿਆ। ਸਾਰੇ ਸਿੰਘਾਂ ਦੀ ਰਜ਼ਾਮੰਦੀ ਵੀ ਪੁੱਛ ਕੇ ਲਿਖੀ। "ਬਾਬੇ ਨਰਾਇਣ ਸਿੰਘ ਨੇ ਕਹਿਆ ਕਿ ਅਸੀਂ ਬੀ ਮੰਨਾਂਗੇ, ਸਾਥੋਂ ਗੋਹਾ ਕੂੜਾ ਕਰਾਉਣ ਤਦ ਭੀ ਕਰਾਂਗੇ ਗੁਰੂ ਜੀ ਕੇ ਘਰ ਕਾ। ਜ਼ਿਲੇ ਨੇ ਕਹਿਆ ਕਿ ਗੱਦੀ ਪਰਤਾਪ ਸਿੰਘ ਕੀ ਹੈ। ਦਸਤਖਤ ਕਰਾਇ ਲੀਏ, ਅਰ ਚਲੇ ਗਏ। ਗੋਧਾ ਸਿੰਘ ਥੀਂ ਪੁੱਛਿਆ-ਤੇਰਾ ਘਰ ਕਹਾਂ ਹੈ ? ਕਹਾ ਕਿ ਅਬਲੂ ਹੈ। ਨਰੈਣ ਸਿੰਘ ਥੀਂ ਪੁੱਛਿਆ ਤੁਮਾਰਾ ਘਰ ਕਹਾਂ ਹੈ ? ਕਹਾ ਕਿ ਰੋਡੀਂ ਹੈ ਘਰ। ਸੇਵਾ ਸਿੰਘ (ਮਹੰਤ) ਕੋਲ ਖੜ੍ਹਾ ਸੀ, ਪੁੱਛਿਆ- ਤੁਮਰਾ ਘਰ ਕਹਾਂ ਹੈ ? ਕਹਿਆ ਸਧਾਰੀ ਮਾਜਰਾ ਹੈ। ਸੂਰਤ ਸਿੰਘ ਕੋਲ ਖੜ੍ਹਾ ਸੀ, ਪੁੱਛਿਆ ਤਾਂ ਕੋਲੋਂ ਸਿੰਘਾਂ ਨੇ ਕਹਾਂ ਜੀ ਖਟੜੀਂ ਹੈ। ਉਸ ਨੇ ਕਹਿਆ ਸਭਨਾਂ ਕੇ ਘਰ ਬਾਹਰ ਹੈਨ, ਘਰ ਕਾ ਮਾਲਕ ਕੌਣ ਹੈ ? ਸੇਵਾ ਸਿੰਘ ਨੇ ਕਹਾ ਤਿੰਨੇ ਸਾਹਿਬਜ਼ਾਦੇ ਹੈਂ। ਸਾਨੂੰ ਜੋ ਸੇਵਾ ਕਹਿਣ ਸੋ ਕਰਦੇ ਹੈਂ। ਫੇਰ ਜ਼ਿਲੇ ਨੇ ਕਹਿਆ ਕਿ ਸਾਹਿਬਜ਼ਾਦੇ ਨਿਦਾਨ (ਨਾਬਾਲਿਗ) ਹੈਂ। ਕੋਲੋਂ ਸਿੰਘਾਂ ਨੇ ਕਹਿਆ ਕਿ ਮਾਈ ਜਿਊਣ ਕੌਰ ਹੈ। ਜਿਲੇ ਨੇ ਕਹਿਆ ਕਿ ਮਾਈ ਜੀਉਣ ਕੌਰ ਨੇ ਕਚੈਹਰੀ ਤਾਂ ਨਹੀਂ ਜਾਣਾ ਹੈ। ਸੇਵਾ ਸਿੰਘ ਨੇ ਕਹਿਆ ਮੈਂ ਜਾਊਂਗਾ ਸਰਕਾਰੇ ਜਿੱਥੇ ਜਾਣਾ ਹੈ। ਏਹ ਭੀ ਕਹਿਆ ਨਰੈਣ ਸਿੰਘ ਜੋ ਹੈ ਕਾਰ ਮੁਖਤਾਰ ਹੈ। ਜਿਲੇ ਨੇ ਕਹਾ ਕਿ ਜੇਕਰ ਮਿਲ ਕਰ ਰਹੋਗੇ ਤਾਂ ਹੱਛੀ ਬਾਤ ਹੈ।"[133]

ਗੁਰੂ ਹਰੀ ਸਿੰਘ ਜੀ ਨੇ ਆਪਣੀ ਚੜ੍ਹਾਈ ਤੋਂ ਪਹਿਲਾਂ ਮਾਈ ਖੇਮ ਕੌਰ ਦੀ ਮਾਰਫਤ ਸਾਹਿਬਜ਼ਾਦਾ ਪਰਤਾਪ ਸਿੰਘ ਜੀ ਨੂੰ ਬੁਲਾ ਕੇ ਹੁਕਮ ਕੀਤਾ- "ਹੁਣ ਤੂੰ

ਸਾਂਭਿਆ ਕਰ (ਡੇਰਾ) ਅਰ ਕੰਮ ਕਰਨ ਵਾਲਿਆਂ ਕੋ ਤੂੰ ਹੀ ਕਹਿਆ ਕਰ।" ਚੜ੍ਹਾਈ ਤੋਂ ਡੇਢ ਦੋ ਸਾਲ ਪਹਿਲਾਂ ਨਿੰਮ ਹੇਠ ਬੈਠ ਕੇ ਭਜਨ ਕਰਦੇ ਅਤੇ ਕਈ ਰੰਗਾਂ ਦੇ ਆਉਂਦੇ ਪੰਛੀਆਂ ਨੂੰ, ਦਾਣਾ ਪਾਉਂਦੇ। ਨੇਤਰ ਬੰਦ ਹੋਣ ਤੇ ਡੇਰਾ ਚੁਬਾਰੇ ਵਿੱਚ ਹੀ ਰੱਖਦੇ। ਬਾਗ ਵਾਲੀ ਨਿੰਮ ਜਿਸ ਹੇਠ ਬੈਠਦੇ ਸਨ, ਆਪ ਜੀ ਦੇ ਹੁੰਦਿਆਂ ਹੀ ਸੁੱਕ ਗਈ ਤਾਂ ਪੁਟਾ ਦਿੱਤੀ। ਰਾਗਾ ਸਿੰਘ ਨੂੰ ਵੀ ਪੰਦਰਾਂ ਕੁ ਦਿਨ ਜਾਣ ਤੋਂ ਪਹਿਲਾਂ ਕਿਹਾ ਕਿ ਸਾਡੇ ਕੋਲ ਹੀ ਰਿਹਾ ਕਰ। ਸ਼ਾਮ ਸਿੰਘ ਲਾਖਣਾ ਅਤੇ ਮਾਝੇ ਦੇ ਹੋਰ ਸੇਵਾਦਾਰਾਂ ਨੇ ਕੁਝ ਸਮੇਂ ਦੀ ਛੁੱਟੀ ਮੰਗੀ। ਆਪ ਨੇ ਨਾਂਹ ਕੀਤੀ। ਇਹ ਵੀ ਕਿਹਾ ਸੀ– ਜੇ ਜਾਉ ਤਾਂ ਛੇਤੀ ਮੁੜਿਓ। ਭਾਣਾ ਛੇਤੀ ਹੀ ਵਰਤੇਗਾ। ਕੁਝ ਸਿੰਘ ਇਹਨੂੰ ਰੂਸ ਵਾਲੇ ਭਾਣੇ ਨਾਲ ਜੋੜਦੇ। ਇਉਂ ਨਾ ਖ਼ਬਰ ਸੀ ਕਿ ਭਾਣਾ ਤਾਂ ਗੁਰੂ ਜੀ ਦੇ ਸਰੀਰ ਨਾਲ ਵਰਤੇਗਾ।

**ਦਸਤਾਰ ਬੰਧਾਈ-**

ਤੀਜੇ ਦਿਨ ਗੱਦੀ ਸਾਹਿਬ ਵਾਲੇ ਚੁਬਾਰੇ ਵਿੱਚ ਬੀਰ ਸਿੰਘ ਚੁੰਨ੍ਹੀ, ਨਰਾਇਣ ਸਿੰਘ ਰੋਡੇ, ਗੁਰਦਿੱਤ ਸਿੰਘ ਮੋਰੋਂ, ਹਜ਼ਾਰਾ ਸਿੰਘ ਲਾਂਗਰੀ ਅਤੇ ਮਾਤਾ ਜੀਵਨ ਕੌਰ ਜੀ ਨੇ ਅਰਦਾਸ ਕਰਕੇ, ਗੁਰੂ ਹਰੀ ਸਿੰਘ ਜੀ ਦੇ ਅਸਥਾਨ ਤੇ ਸਤਿਗੁਰੂ ਪਰਤਾਪ ਸਿੰਘ ਜੀ ਨੂੰ ਦਸਤਾਰ ਬੰਨ੍ਹਾਈ।

ਗੁਰੂ ਜੀ ਦੇ ਸਮਾਉਣ ਤੋਂ ਸੱਤ ਦਿਨ ਬਾਅਦ ਪੁਲੀਸ ਗਾਰਦ ਨੂੰ ਗੁਰਦੁਆਰੇ ਦੀ ਡਿਉਢੀ ਤੋਂ ਹਟਾ ਕੇ, ਪੁਲੀਸ ਕਪਤਾਨ, ਦੂਜੇ ਪਾਸੇ ਕਰ ਗਿਆ। ਗੁਰੂ ਜੀ ਦੇ ਭੋਗ ਮੇਲੇ ਵਾਸਤੇ ਨਰਾਇਣ ਸਿੰਘ, ਸੇਵਾ ਸਿੰਘ, ਗੋਧਾ ਸਿੰਘ, ਅਤਰ ਸਿੰਘ ਤੇ ਹਜ਼ਾਰਾ ਸਿੰਘ ਇਹਨਾਂ ਪੰਜਾਂ ਨੇ ਲੁਧਿਆਣੇ ਜ਼ਿਲ੍ਹਾ ਅਧਿਕਾਰੀਆਂ ਪਾਸ, ਅਮਨ ਸ਼ਾਂਤੀ ਮੇਲੇ ਦੌਰਾਨ ਬਣਾਈ ਰੱਖਣ ਦੀ ਜ਼ਮਾਨਤ ਦਿੱਤੀ। ਸੰਗਤ ਆਉਣੀ ਸ਼ੁਰੂ ਹੋਈ। ਕਈ ਸਿੰਘ ਗੁਰੂ ਜੀ ਦੇ ਨਮਿਤ ਗੁਰੂ ਗਰੰਥ ਸਾਹਿਬ ਦੇ ਪਾਠ ਵੀ ਕਰਕੇ ਲਿਆਏ। ਗੁਰੂ ਹਰੀ ਸਿੰਘ ਜੀ ਦੇ ਬਚਨ ਸਿੰਘ ਆਪੋ ਵਿੱਚ ਅਤੇ ਮਾਤਾ ਜੀਵਨ ਕੌਰ ਜੀ ਨਾਲ ਕਰਦੇ ਹਨ ਕਿ ਕਿਸ ਤਰ੍ਹਾਂ ਆਪ ਜੀ ਦੇ ਦਰਸ਼ਨਾਂ ਮਾਤਰ ਨਾਲ ਹੀ, ਡੋਲਦੇ ਮਨਾਂ ਨੂੰ ਮਾਨੋਂ ਥੰਮੀ ਮਿਲ ਜਾਂਦੀ ਸੀ। ਜੋਤਿ ਕਾ ਜਾਮਾ, ਜੋਤਿ ਵਿੱਚ ਲੀਨ ਹੋ ਗਿਆ ਹੈ। ਬਹੁਤ ਸਿੰਘ ਵੈਰਾਗੀ ਹੋਏ। ਨੇਤਰਾਂ ਵਿੱਚੋਂ ਜਲ ਜਾਂਦਾ ਸੀ। ਗੁਰੂ ਜੀ ਦੇ ਸਸਕਾਰ ਵੇਲੇ ਵੀ ਤੇ ਹੁਣ ਅੰਤਿਮ ਮੇਲੇ ਤੇ ਵੀ ਸਾਰਾ ਹੀ ਪਿੰਡ ਢੁੱਕਿਆ। ਭੋਗ ਤੇ ਦੂਰੋਂ ਦੂਰੋਂ ਸੰਗਤਾਂ, ਵਹੀਰ ਘੱਤ ਕੇ ਅੱਪੜੀਆਂ। ਤਿੰਨ ਦਿਨ ਮੇਲਾ ਰਿਹਾ। ਸੰਗਤ ਅਤੇ ਪਰਿਵਾਰ ਵਲੋਂ ਰਾਮ ਸਰ ਦੇ ਕੰਢੇ ਆਦਿ ਅਤੇ ਦਸਮ ਗਰੰਥ ਸਾਹਿਬ ਦੇ ਪਾਠਾਂ ਦੇ ਭੋਗ ਪਾਏ। ਤਿੰਨੇ ਭਾਈ ਦੀਵਾਨ ਵਿੱਚ ਆਪੋ ਆਪਣੇ ਆਸਣਾਂ ਤੇ ਬਿਰਾਜਮਾਨ ਹੁੰਦੇ। ਸਤਿਗੁਰੂ ਪਰਤਾਪ ਸਿੰਘ ਦੇ ਖੱਬੇ ਪਾਸੇ ਦੋਵੇਂ ਛੋਟੇ ਭਾਈ ਬੈਠਦੇ। ਪੁਲੀਸ ਦਾ ਵੀ ਵੱਡਾ ਬੰਦੋਬਸਤ ਹੋਇਆ। ਮੇਲੇ ਦਾ ਭੋਗ ਜੇਠ ਸੁਦੀ ਇਕਾਦਸ਼ੀ, ੧੯੬੩ ਬਿਕਰਮੀ ਮੁਤਾਬਿਕ ਸ਼ਨੀਵਾਰ ੩ ਜੂਨ ੧੯੦੬ ਈ. ਨੂੰ ਪਿਆ। ਸੰਗਤ ਵਲੋਂ ਬੇਅੰਤ ਦਸਤਾਰੇ ਅਤੇ ਧਨ ਪਦਾਰਥ ਭੇਟ ਕੀਤਾ ਗਿਆ।[134]

ਕਵੀ ਹਰਨਾਮ ਸਿੰਘ ਬਗੁਲੀ ਕਲਾਂ ਵਾਸੀ, ਗੁਰੂ ਜੀ ਦੇ ਭੋਗ ਮੇਲੇ ਦੇ ਪਰਤੱਖ ਦਰਸ਼ੀ ਸਨ। ਇਸ ਮੇਲੇ ਦਾ ਵਰਣਨ ਉਹਨਾਂ ਦੀ ਅਮਰ ਰਚਨਾ ਵਿੱਚ ਇਉਂ ਮਿਲਦਾ ਹੈ:-

"ਕਿਤਨਾ ਕੱਠ ਹੋਇਆ ਇਹ ਮੈਂ ਲਿਖਾਂ ਕਿਕਣ, ਏਹ ਤਾਂ ਲਿਖਣ ਤੋਂ ਬਾਹਰ ਬਿਆਨ ਭਾਰਾ।
ਕਿਹੜੇ ਮੁਖ ਸੇ ਕਿਸ ਤਰ੍ਹਾਂ ਹਾਲ ਦੱਸਾਂ, ਜਿਵੇਂ ਲਗਿਆ ਬੜਾ ਦੀਵਾਨ ਭਾਰਾ।
ਭੀੜ ਭਾੜ ਲੱਖੋਂ ਵਧ ਆਨ ਹੋਈ, ਲਾਇਆ ਲੋਕਾਂ ਨੇ ਏਹ ਅਨੁਮਾਨ ਭਾਰਾ।
ਦੇਸਾਂ ਦੇਸਾਂ ਦੇ ਸਿੰਘ ਸਰਦਾਰ ਕੂਕੇ, ਕਰਦੇ ਸ਼ੋਕ ਮਹਾਰਾਜ ਦਾ ਆਨ ਭਾਰਾ।
ਪੱਗਾਂ ਪਗੜੀਆਂ ਮਾਇਆ ਦੇ ਢੇਰ ਲੱਗੇ, ਅਖੀਂ ਦੇਖਿਆ ਮੈਂ ਦਾਸਤਾਨ ਭਾਰਾ।
ਭੈਣੀ ਸਾਹਿਬ ਅੰਦਰ ਸੰਤ ਖਾਲਸੇ ਦਾ, 'ਕੱਠ ਦੇਖਿਆ ਮੈਂ ਆਲੀਸ਼ਾਨ ਭਾਰਾ।
ਹਰੀ ਸਿੰਘ ਮਹਾਰਾਜ ਦੇ ਭੋਗ ਉਤੇ, ਹੋਇਆ ਪੰਥ ਕੱਠਾ ਬਲੀਵਾਨ ਭਾਰਾ।
ਚਰਨਾਂ ਉਤੇ ਮਹਾਰਾਜ ਪ੍ਰਤਾਪ ਸਿੰਘ ਦੇ, ਹਰੀ ਨਾਮ ਹਰਿ ਸੀਸ ਝੁਕਾਨ ਭਾਰਾ।"[135]

ਆਪ ਪ੍ਰਥਾਇ ਪ੍ਰਸਿੱਧ ਵਿਦਵਾਨ ਪ੍ਰੋ. ਕਿਰਪਾਲ ਸਿੰਘ ਕਸੇਲ ਲਿਖਦੇ ਹਨ:-

"ਨਾਮਧਾਰੀਆਂ ਦੇ ਧਾਰਮਿਕ, ਸਮਾਜਿਕ ਅਤੇ ਸਭਿਆਚਾਰਕ ਸੰਗਠਨ ਨੂੰ ਸਥਿਰ ਰੱਖਣ ਲਈ, ਸਤਿਗੁਰੂ ਹਰੀ ਸਿੰਘ ਜੀ ਨੂੰ ਬੜਾ ਸੰਘਰਸ਼ ਕਰਨਾ ਪਿਆ। ਸਤਿਗੁਰੂ ਹਰੀ ਸਿੰਘ ਜੀ ਨੇ ਨਾਮਧਾਰੀਆਂ ਦੇ ਰਾਜਨੀਤਿਕ ਸੰਗਰਾਮ ਨੂੰ ਵੀ ਜਾਰੀ ਰੱਖਿਆ। ਭਾਵੇਂ ਇਹ ਸ਼ਾਂਤਮਈ ਸੀ। ਪਰ ਇਸ ਦਾ ਅੰਗਰੇਜ਼ ਵਿਰੋਧੀ ਕਿਰਦਾਰ ਕਾਇਮ ਸੀ।

"ਸਤਿਗੁਰੂ ਹਰੀ ਸਿੰਘ ਜੀ ਨੇ ਇਸ ਮਹਾਨ ਕਾਰਜ ਨੂੰ ੩੪ ਸਾਲਾਂ ਤੱਕ ਨਿਭਾਇਆ। ਆਪ ਜੀ ਵਲੋਂ ਕੀਤੀਆਂ ਮੁੱਖ ਸਰਗਰਮੀਆਂ ਸਨ-

- ਭੈਣੀ ਸਾਹਿਬ ਦੇ ਗੁਰਧਾਮਾਂ ਦਾ ਵਿਸਥਾਰ ਕਰਨਾ।
- ਸਤਿਗੁਰੂ ਰਾਮ ਸਿੰਘ ਜੀ ਦੇ ਚਲਾਏ ਹੋਏ ਸਦਾ ਵਰਤ ਲੰਗਰ ਨੂੰ ਨਿਰੰਤਰ ਜਾਰੀ ਰੱਖਣਾ।
- ਨਾਮਧਾਰੀ ਸਿੰਘਾਂ ਨੂੰ ਇਹ ਸੰਦੇਸ਼ ਦੇ ਕੇ ਚੜ੍ਹਦੀ ਕਲਾ ਵਿੱਚ ਰੱਖਣਾ ਕਿ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਹੋਣਗੇ।
- ਸਿੱਖ ਧਰਮ ਦੀ ਸ਼ਾਨਦਾਰ ਮਰਿਆਦਾ ਨੂੰ ਕਾਇਮ ਰੱਖਣਾ।
- ਨਾਮ ਬਾਣੀ ਦੇ ਪ੍ਰਵਾਹ ਨੂੰ ਚੱਲਦਾ ਰੱਖਣਾ।
- ਸਿੱਖ ਧਰਮ ਦੀਆਂ ਨੈਤਿਕ ਅਤੇ ਪੁਰਾਣੀਆਂ ਰਵਾਇਤਾਂ ਨੂੰ ਚਾਲੂ ਰੱਖਣਾ।
- ਅੰਗਰੇਜ਼ੀ ਸਰਕਾਰ ਦੀਆਂ ਕੁਰੀਤੀਆਂ ਦਾ ਟਾਕਰਾ ਕਰਨਾ।
- ਆਜ਼ਾਦੀ ਦੀ ਜੋਤ ਨੂੰ ਜਗਾਈ ਰੱਖਣਾ ਅਤੇ ਸਵਦੇਸ਼ੀ ਅਤੇ ਨਿਜੀ ਸਵੈ-ਨਿਰਭਰਤਾ ਉਤੇ ਨਿਰਭਰ ਰਹਿਣਾ।
- ਗਊ ਹੱਤਿਆ (ਦਾ ਵਿਰੋਧ) ਅਤੇ ਲੋਕਾਂ ਦੇ ਨਾਗਰਿਕ ਅਧਿਕਾਰਾਂ ਲਈ ਸੰਘਰਸ਼ ਨੂੰ ਜਾਰੀ ਰੱਖਣਾ।[136]

ਗੁਰੂ ਹਰੀ ਸਿੰਘ ਜੀ ਦੇ ਸਮੇਂ ਹੀ ਪਿੰਡਾਂ ਦੇ ਕਿਸਾਨਾਂ ਦਾ ਨੁਕਸਾਨ ਕਰਨ ਵਾਲੀਆਂ, ਰਾਮ ਚੋਣੇ ਦੀਆਂ ੪੪ ਗਾਈਆਂ, ਆਪ ਜੀ ਨੇ ਆਪਣੀ ਗਊਸ਼ਾਲਾ ਵਿੱਚ ਸਾਂਭ ਕੇ, ਇਕ ਨਵੀਨ ਪਿਰਤ ਪਾਈ। ਉਹ ਪਰਕਿਰਤੀ ਪ੍ਰੇਮੀ ਵੀ ਸਨ। ਸ੍ਰੀ ਭੈਣੀ ਸਾਹਿਬ ਡੇਰੇ, ਕੋਠੀ ਬਾਗ ਵਾਲੀ ਅਤੇ ਰਾਮ ਸਰ ਦੇ ਚੌਗਿਰਦੇ ਵਿੱਚ, ਨਵੇਂ ਰੁੱਖ ਲਾਉਣ ਦੀ, ਸਤਿਗੁਰੂ ਰਾਮ ਸਿੰਘ ਜੀ ਦੀ ਪਰੰਪਰਾ ਨੂੰ, ਆਪ ਨੇ ਜਾਰੀ ਰੱਖਿਆ। ਨਹਿਰ ਤੇ ਨਾਮਧਾਰੀ ਪਸ਼ੂਸ਼ਾਲਾ ਬਨਾਉਣੀ, ਡੇਰਾ ਆਬਾਦ ਕਰਨਾ ਆਪ ਜੀ ਦਾ ਵੱਡਾ ਪੁਰਸ਼ਾਰਥ ਸੀ। ਸਤਿਗੁਰੂ ਰਾਮ ਸਿੰਘ ਜੀ ਦੇ ਨਾਰੀ ਜਾਤੀ ਤੇ ਕੀਤੇ ਉਪਕਾਰਾਂ ਦੀ ਲੜੀ ਨੂੰ ਆਪ ਨੇ ਜਾਰੀ ਰੱਖਿਆ। ਵਿਦੇਸ਼ ਵਿੱਚ ਜਾ ਕੇ ਸਤਿਗੁਰਾਂ ਦੇ ਦਰਸ਼ਨ ਕਰਨ ਵਾਲੇ ਸਿੱਖਾਂ ਲਈ, ਆਪ ਮਾਰਗ ਦਰਸ਼ਨ ਕਰਦੇ ਸਨ। ਸਤਿਗੁਰੂ ਰਾਮ ਸਿੰਘ ਜੀ ਵਲੋਂ ਚਲਾਈ ਆਪਣੀ ਕੂਕਾ ਡਾਕ, ਆਪਦੇ ਸਮੇਂ ਵੀ ਚੱਲਦੀ ਰਹੀ। ਬਾਰਬਟਨ ਵਰਗੇ ਸ਼ਾਤਰ ਪੁਲੀਸ ਅਧਿਕਾਰੀ ਵੀ ਜਿਸ ਡਾਕ ਦੀ ਸੂਹ ਨਹੀਂ ਕੱਢ ਸੱਕੇ। ਰੂਸ ਦੀ ਫੌਜੀ ਮੱਦਦ ਨਾਲ ਆਪਣੀ ਆਜ਼ਾਦੀ ਨੂੰ ਜੋੜ ਕੇ ਵੇਖਣ ਦੇ ਸੁਪਨੇ, ਆਪ ਵੀ ਲੈਂਦੇ ਰਹੇ। ਆਪ ਦੇ ਲਿਖੇ ਪੱਤਰ ਵੀ ਰੂਸੀ ਹਾਕਮਾਂ ਤੱਕ ਪੁੱਜਦੇ ਰਹੇ, ਜਿਹਨਾਂ ਵਿੱਚ ਆਪ ਨੇ ਕੂਕਾ ਸੰਗਠਨ ਦੀ ਗਿਣਤੀ ਤਿੰਨ ਲੱਖ ਪੰਦਰਾਂ ਹਜ਼ਾਰ ਦੱਸਦਿਆਂ ਲਿਖਿਆ ਸੀ ਕਿ ਇਹ ਸਾਰੇ ਕੂਕੇ ਕਿਸੇ ਸਮੇਂ ਵੀ ਛਿੜਨ ਵਾਲੇ ਮੁਕਤੀ ਯੁੱਧ ਵਿੱਚ ਸਹਾਇਕ ਹੋਣਗੇ। ਰੂਸਾਂ ਦੇ ਬਚਨ ਆਯੂ ਪ੍ਰਯੰਤ ਆਪ ਵੱਡੇ ਚਾਅ ਤੇ ਉਮਾਹ ਨਾਲ ਕਰਿਆ ਕਰਦੇ ਸਨ। ਸਤਿਗੁਰੂ ਰਾਮ ਸਿੰਘ ਜੀ ਦੇ ਵਿਓਗ ਵਿੱਚ, ਅਕਸਰ ਆਪ ਦੇ ਦੀਦੇ ਤਰ ਹੀ ਰਹਿੰਦੇ ਸਨ। ਪਰਦੇਸੀ ਪ੍ਰੀਤਮ ਨੂੰ ਅੱਠੇ ਪਹਿਰ ਯਾਦ ਕਰਨਾ, ਆਪ ਜੀ ਦੇ ਜੀਵਨ ਦਾ ਸਰਮਾਇਆ ਬਣ ਚੁੱਕਾ ਸੀ। ਸਤਿਗੁਰਾਂ ਦੇ ਪ੍ਰਦੇਸ ਤੋਂ ਆਏ ਹਰ ਹੁਕਮ ਤੇ ਫੁੱਲ ਚੜ੍ਹਾਉਣ ਲਈ, ਉਹ ਸਦਾ ਕਮਰ ਕੱਸੀ ਰੱਖਦੇ। ਸਤਿਗੁਰੂ ਜੀ ਦੇ ਲਾਏ ਲੋਹ ਲੰਗਰ ਨੂੰ ਚੱਲਦਾ ਰੱਖਣ ਲਈ ਫਰਮਾਇਆ ਕਰਦੇ ਸਨ ਕਿ ਜੇ ਕਦੇ ਇਸ ਲੰਗਰ ਵਿੱਚ ਬਾਲਣ ਦੀ ਥਾਂ, ਮੈਨੂੰ ਆਪਣੇ ਹੱਡ ਵੀ ਝੋਕਣੇ ਪਏ ਤਾਂ ਵੀ ਪ੍ਰਹੇਜ਼ ਨਹੀਂ ਕਰਾਂਗਾ। ਸ੍ਰੀ ਭੈਣੀ ਸਾਹਿਬ ਵਿੱਚ ਗੁਪਤ ਰੂਪ ਵਿੱਚ ਅਖੰਡ ਪਾਠ ਕਰਨ ਲਈ, ਲੰਗਰ ਕਮਰੇ ਦੇ ਹੇਠਾਂ ਬਣੇ ਭੋਰੇ ਦੀ ਸੂਹ ਵੀ ਅੰਗਰੇਜ਼ ਪੁਲੀਸ ਨੂੰ ਕਦੇ ਨਹੀਂ ਸੀ ਲੱਗੀ। ਸਤਿਗੁਰੂ ਰਾਮ ਸਿੰਘ ਜੀ ਦੇ ਬਣਾਏ ਕੂਕਾ ਸੰਗਠਨ, ਸੂਬਾ ਪ੍ਰਣਾਲੀ ਨੂੰ ਵੀ ਆਪਨੇ ਜਾਰੀ ਰੱਖਿਆ ਅਤੇ ਆਪਣੇ ਸਮੇਂ ਵਿੱਚ ਅਨੇਕ ਸੂਬੇ, ਨਾਇਬ ਸੂਬੇ, ਮਹੰਤ ਅਤੇ ਸੰਗਤ ਮੁਖੀ ਥਾਪ ਕੇ, ਉਹਨਾਂ ਨੂੰ ਨਾਮ ਦਾਨ ਦੇਣ ਲਈ ਅਧਿਕਾਰੀ ਬਣਾਇਆ। ਪੰਜਾਬੀ ਭਾਸ਼ਾ ਅਤੇ ਗੁਰਮੁਖੀ ਅੱਖਰਾਂ ਵਿੱਚ ਇਸ ਦੀ ਸਿਖਲਾਈ ਦਾ ਪਰਬੰਧ ਕੀਤਾ। ਆਪ ਜੀ ਨੇ ਭਾਈ ਸੰਤੋਖ ਸਿੰਘ ਬਾਹੋਵਾਲ ਨੂੰ ਅਭੈਦਾਨ ਦੇ ਕੇ, ਚਿੰਤਾ ਮੁਕਤ ਕਰਕੇ, ਉਸ ਤੋਂ ਜੋ ਨਾਮਧਾਰੀ ਇਤਿਹਾਸ ਸੁਰੱਖਿਅਤ ਕਰਵਾ ਲਿਆ, ਇਹ ਵੀ ਆਪ ਦਾ ਨਾਮਧਾਰੀ ਜਗਤ ਅਤੇ ਸਮੁੱਚੇ ਪੰਜਾਬੀ ਸਾਹਿਤ ਸੰਸਾਰ ਤੇ ਵੱਡਾ ਉਪਕਾਰ ਸੀ। ਗੁਰੂ ਗਰੰਥ ਸਾਹਿਬ ਦੇ ਸਹਿਜ ਪਾਠਾਂ ਅਤੇ ਅਖੰਡ ਪਾਠਾਂ ਦੀ ਲੜੀ ਨੂੰ ਟੁੱਟਣ ਨਾ ਦੇਣਾ ਵੀ ਆਪ ਚੀਨੀ ਵਾਲੇ ਪਾਤਸ਼ਾਹ ਦੇ ਆਦੇਸ਼ ਪ੍ਰਤੀ, ਆਪਣਾ ਫਰਜ਼ ਸਮਝ ਕੇ, ਆਯੂ ਪ੍ਰਯੰਤ

ਨਿਬਾ ਹੁੰਦੇ ਰਹੇ। ਹਮੇਸ਼ਾਂ ਉੜਿਆਂ ਥੁੜਿਆਂ ਨੂੰ ਗਲ ਨਾਲ ਲਾ ਕੇ, ਉਹਨਾਂ ਦੀਆਂ ਲੋੜਾਂ ਦੀ ਪੂਰਤੀ ਗੁਰੂ ਕੇ ਖਜ਼ਾਨੇ ਵਿੱਚੋਂ ਕੀਤੀ। ਆਪ ਦੇ ਸਮੇਂ ਵਿੱਚ ਕੂਕਾ ਕੇਂਦਰ ਦੇ ਮੁਕਾਬਲੇ ਵਿੱਚ ਬੈਠੇ ੨੪ ਨਾਮਧਾਰੀ ਸੰਤਾਂ ਬਾਬਿਆਂ ਨੂੰ, ਆਪਨੇ ਅਭਿਮਾਨ-ਮੁਕਤ ਕਰਨ ਦਾ ਵੱਡਾ ਕਾਰਜ ਕੀਤਾ। ਆਪਣੇ ਘਰ ਦੇ ਜੀਆਂ, ਪਿੰਡ ਦੇ ਸਰਕਾਰੀ ਟੋਡੀਆਂ, ਗੋਰਾ ਸ਼ਾਹੀ ਦੀ ਪੁਲੀਸ ਦੀਆਂ ਸਖਤੀਆਂ, ਆਪ ਜੀ ਨੂੰ ਇੱਕੋ ਸਮੇਂ ਝੱਲਣੀਆਂ ਪਈਆਂ, ਪਰ ਅਡੋਲ ਰਹੇ। ਸਤਿਗੁਰੂ ਰਾਮ ਸਿੰਘ ਜੀ ਦੇ ਮਿਸ਼ਨ ਦੇ ਪਰਚਾਰ ਪਰਸਾਰ ਹਿੱਤ, ਸੌ ਸੌ ਮੀਲ ਪੈਂਡਾ ਘੋੜੀਆਂ ਦੀਆਂ ਕਾਠੀਆਂ ਤੇ, ਇਕ ਇਕ ਦਿਨ ਵਿੱਚ ਹੀ ਬਿਰਧ ਅਵਸਥਾ ਸਮੇਂ ਵੀ ਕਰਦੇ ਰਹੇ। ਸੰਤ ਧਿਆਨ ਸਿੰਘ ਕਾਦਰਾਬਾਦੀ ਉਹਨਾਂ ਦੇ ਮੰਗਲਾ ਚਰਨ ਸਵੈਯੇ ਵਿੱਚ ਆਪ ਜੀ ਦੇ ਉਚ ਚਰਿਤਰ ਦਾ ਬਾਖੂਬੀ ਵਰਨਣ ਕਰਦੇ ਹਨ ਕਿ ਜਿਹਨਾਂ ਦਾ ਨਾਮ ਹਰੀ ਸਿੰਘ ਹੈ, ਜਿਹਨਾਂ ਨੇ ਹਰ ਕਾਮਨਾ ਦਾ ਨਾਸ ਕਰ ਦਿੱਤਾ ਹੈ ਜਿਹੜਾ (ਗੁਰੂ) ਹਰੀ ਸਿੰਘ (ਸਤਿਗੁਰੂ) ਰਾਮ ਸਿੰਘ ਦੀ ਸ਼ਰਨ ਵਿੱਚ ਹੈ। ਜਿਸ ਸਤਿਗੁਰੂ ਦੇ ਹੁਕਮ ਤੇ ਉਹ ਕਮਰ ਕੱਸ ਕੇ ਖਲੋਤੇ ਰਹੇ, ਜਿਹਨਾਂ ਨੇ ਹੱਥ ਵਿੱਚ ਸਬਰ ਦੀ ਕਹੀ ਪਕੜ ਕੇ ਸੇਵਾ ਕੀਤੀ। ਖੋਟੇ ਬਚਨ ਵੀ ਜਿਹਨਾਂ ਨੇ ਬੜੀ ਸ਼ਾਂਤੀ ਨਾਲ ਸੁਣੇ ਅਤੇ ਬਹੁਤ ਸਾਰੇ ਉਪੱਦਰ ਜਿਹਨਾਂ ਨੇ ਹਮੇਸ਼ਾ ਬਰਦਾਸ਼ਤ ਕੀਤੇ। ਐਸੇ ਗਿਆਨ ਦੇ ਸਰੋਵਰ ਗੁਰੂ ਜੀ ਦਾ ਧਿਆਨ ਧਰ ਕੇ, (ਭਾਈ) ਧਿਆਨ ਸਿੰਘ (ਕਾਦਰਾਬਾਦੀ) ਉਹਨਾਂ ਨੂੰ ਪ੍ਰਣਾਮ ਕਰਦਾ ਹੈ-

"ਜਿਨ ਨਾਮ ਹਰੀ, ਹਰ ਕਾਮ ਹਰੀ, ਹਰਿ ਰਾਮ, ਹਰੀ ਹਰਿ, ਸਾਮ ਜਿਨੋ।
ਗੁਰ ਅਮਰ ਪਹੀ, ਕਸਿ ਕਮਰ ਸਹੀ, ਗਹਿ ਸਬਰ ਕਹੀ, ਕੀਅ ਕਾਮ ਜਿਨੋ।
ਦੁਰਬਾਕ ਸਹੇ, ਸਦ ਸ਼ਾਂਤ ਰਹੇ, ਉਤਪਾਤ ਸਹੇ, ਅਤਿ ਆਮ ਜਿਨੋ।
ਅਸਿ ਗਿਆਨ ਸਰੇ, ਗੁਰ ਧਿਆਨ ਧਰੇ, ਹਰਿ ਧਿਆਨ ਕਰੇ ਪ੍ਰਣਾਮ ਤਿਨੋ।"

ਇਸ ਸਵੈਯੇ ਤੋਂ ਪਹਿਲਾਂ ਗਰੰਥ ਦੇ ਚੌਧਵੇਂ ਅਧਿਆਇ ਵਿੱਚ, ਕਾਦਰਾਬਾਦੀ ਜੀ ਗੁਰੂ ਜੀ ਦੀ ਮਹਿਮਾ ਵਿੱਚ, ਇੱਕ ਕਬਿੱਤ ਇਉਂ ਲਿਖਦੇ ਹਨ-

"ਜਾਹੀ ਪਰਤਾਪ ਕਰ ਮਾਹੀ ਕੋ ਰਹੇ ਜਾਪ, ਕਰ ਤਾਹੀ ਗੁਰ ਤਾਪ ਹਰਿ ਹਰੀ ਕੋ ਧਿਆਇਲੇ।

ਜਿਨੋਂ ਪੀਆ ਜਾਵਤੇ ਕੋ ਕਹਾ ਕਾਹੇ ਜਾਵਤੇ ਹੋ, ਈਹਾਂ ਤੋਂ ਸਹਾਵਤੇ ਹੋ ਦਾਸ ਦੋਸ ਚਾਇਲੇ।

ਸੁਖ ਰਾਜ ਭੋਗ ਮਾਹਿ ਰਹੇ ਸੁ ਵਿਜੋਗ ਮਾਹਿ, ਬ੍ਰਿਹੋ ਬੁਰੇ ਰੋਗ ਮਾਂਹਿ ਨੇਤ੍ਰ ਗਵਾਇਲੇ।

ਜੋ ਨ ਮਾਨੈ ਐਸੇ ਗੁਰ ਗੁਰ ਘਾਤੀ ਸੋ ਅਸੁਰ, ਕੋਟਿ ਕਾਲ ਝੁਰ ਝੁਰ ਮਰੇ ਪਛਤਾਇਲੇ।"[137]

ਪ੍ਰਸਿੱਧ ਇਨਕਲਾਬੀ, ਗ਼ਦਰ ਪਾਰਟੀ ਦੇ ਬਾਨੀ ਪਰਧਾਨ, ਬਾਬਾ ਸੋਹਣ ਸਿੰਘ ਭਕਨਾ ਜੀ, ਮਹਾਂਪੁਰਖ ਬਾਬਾ ਕੇਸਰ ਸਿੰਘ ਜੀ ਮੁਹਾਵਾ ਦੇ ਅਸਰ ਹੇਠ ਕੂਕੇ ਬਣੇ। ਉਹ

ਆਪਣੀਆਂ ਯਾਦਾਂ ਵਿੱਚ ਗੁਰੂ ਹਰੀ ਸਿੰਘ ਜੀ ਨਾਲ ਆਪਣੀਆਂ ਮਿਲਣੀਆਂ ਦਾ ਜ਼ਿਕਰ ਕਰਦੇ ਹਨ– "ਜਦੋਂ ਗੁਰੂ ਹਰੀ ਸਿੰਘ ਜੀ ਗੁਜਰੇ ਤਦ ਤੱਕ ਮੈਨੂੰ ਸੰਗਤ ਵਿੱਚ ਆਇਆਂ ਦਸ ਸਾਲ ਹੋ ਚੁੱਕੇ ਸਨ। ਦਸ ਕੁ ਸਾਲ ਬਾਬਾ ਕੇਸਰ ਸਿੰਘ ਜੀ ਨਾਲ ਜਾਂ ਕੱਲਿਆਂ ਵੀ ਮਹਾਰਾਜ ਜੀ ਦੇ ਦਰਸ਼ਨ ਕਰਨ ਦਾ ਸਮਾਂ ਮਿਲਿਆ। ਮੈਂ ਕਰੀਬ ਵੀਹ ਕੁ ਵਾਰੀ ਸਤਿਗੁਰਾਂ ਦੇ ਦਰਸ਼ਨ ਕੀਤੇ ਹੋਣਗੇ। (ਉਹ) ਬੜੇ ਸ਼ਾਂਤ ਅਤੇ ਗੰਭੀਰ ਸੁਭਾਉ ਵਾਲੇ। ਡਾਢਾ ਪਿਆਰ ਕਰਨ ਵਾਲੇ। ਸਤਿਗੁਰੂ ਪਰਤਾਪ ਸਿੰਘ ਜੀ ਵਾਂਗ ਉਹਨਾਂ ਦੇ ਚਿਹਰੇ ਤੇ ਮਾਤਾ ਦੇ ਦਾਗ਼ ਉਘੜੇ ਹੋਏ ਨਹੀਂ ਸਨ। ਕੱਦ ਅਤੇ ਸਰੀਰ ਦਰਮਿਆਨਾ ਸੀ। ਸਫੈਦ ਬਸਤਰ ਪਹਿਰਿਆ ਕਰਦੇ। ਸਤਿਗੁਰੂ ਰਾਮ ਸਿੰਘ ਜੀ ਵਾਂਗ ਹੀ ਉਹਨਾਂ ਸੰਗਤ ਨੂੰ ਇਕੱਤਰ ਰੱਖਿਆ ਅਤੇ ਲੰਗਰ ਚਲਾਇਆ।

ਸਵਾਲ : ਸਤਿਗੁਰੂ ਜੀ ਦਾ ਕੀਤਾ ਕੋਈ ਬਚਨ ਯਾਦ ਹੋਏ ?

ਬਾਬਾ ਜੀ : ਮੇਰਾ ਜੀਵਨ ਅਮਰੀਕਾ ਵਿੱਚ ਜਾਣ ਬਾਦ, ਗੁਰੂ ਰਾਮ ਸਿੰਘ ਜੀ ਵਾਲੇ ਆਦਰਸ਼ ਦੇਸ਼ ਨੂੰ ਸੁਤੰਤਰ ਕਰਾਣਾ, ਮਾਨਵ ਮਾਤਰ ਵਿੱਚ ਸ਼ਾਂਤੀ ਤੇ ਸਮਰਿਧੀ ਦਾ ਪੈਦਾ ਕਰਨਾ–ਨੂੰ ਪੂਰੀ ਤਰ੍ਹਾਂ ਸਮਰਪਿਤ ਹੋ ਗਿਆ।

"ਸਾਰਾ ਜੀਵਨ ਹੀ ਜੱਦੋ ਜਹਿਦ ਵਿੱਚ ਲੱਗਿਆ ਰਿਹਾ ਹੈ। ਬਹੁਤ ਸਾਰੀਆਂ ਗੱਲਾਂ ਅੱਜ ਧਿਆਨ ਵਿਚ ਨਹੀਂ। ਪਰ ਇਕ ਬਚਨ ਤਾਂ ਉਹਨਾਂ ਦਾ ਮੇਰਾ ਪ੍ਰੇਰਣਾ ਸੂਤਰ ਹੈ। ਆਪ ਜੀ ਕਿਹਾ ਕਰਦੇ ਸਨ ਕਿ ਸਤਿਜੁਗ ਲੱਗ ਰਿਹਾ ਹੈ। ਕਲਿਜੁਗ ਦੀ ਸਫ ਵਲ੍ਹੇਟੀ ਜਾ ਰਹੀ ਹੈ। ਮੈਂ ਵੇਖ ਰਿਹਾ ਹਾਂ ਕਿ ਹੁਣ ਮਾਇਆ ਦਾ ਯੁੱਗ ਅੰਤਿਮ ਪੜਾਅ ਤੇ ਹੈ, ਰੱਬੀ ਯੁੱਗ ਮਨੁੱਖ ਮਾਤਰ ਨੂੰ ਇਕੋ ਨੂਰ ਦਾ ਅੰਸ ਮੰਨਣ ਵਾਲਾ ਯੁੱਗ ਆ ਰਿਹਾ ਹੈ।

ਸਵਾਲ : ਕੀ ਆਪ ਨੂੰ ਸ੍ਰੀ ਭੈਣੀ ਸਾਹਿਬ ਸਤਿਗੁਰੂ ਹਰੀ ਸਿੰਘ ਜੀ ਦੇ ਦਰਸ਼ਨਾਂ ਬਾਰੇ ਕੁਛ ਯਾਦ ਹੈ ?

ਬਾਬਾ ਜੀ : ਹਾਂ ਹੈ। ਮਹਾਰਾਜ ਜੀ ਦੇ ਅੰਤਿਮ ਤਿੰਨ ਸਾਲਾਂ ਵਿੱਚ ਨੇਤਰ ਬੰਦ ਰਹੇ। ਆਪ ਜੀ ਨੇ ਸਤਿਗੁਰੂ ਰਾਮ ਸਿੰਘ ਜੀ ਦਾ ਵੈਰਾਗ ਬਹੁਤ ਅਨੁਭਵ ਕੀਤਾ। ਮੈਂ ਸ੍ਰੀ ਠਾਕੁਰ (ਬਾਬਾ ਕੇਸਰ ਸਿੰਘ) ਜੀ ਦੇ ਕਹਿਣ ਤੇ ਨੇਤਰਾਂ ਦਾ ਪਤਾ ਕਰਨ ਲਈ ਭੈਣੀ ਸਾਹਿਬ ਗਿਆ। ਮਹਾਰਾਜ ਜੀ ਆਪਣੇ ਚੁਬਾਰੇ ਉਤੇ ਦਰਸ਼ਨ ਦੇ ਰਹੇ ਸਨ। ਮੈਨੂੰ ਇਕੱਲਿਆਂ ਪਾ ਕੇ ਠਾਕੁਰ ਜੀ ਅਤੇ ਹੋਰ ਸਾਰੇ ਇਲਾਕੇ ਦੀ ਸੁਖ ਸਾਂਦ ਪੁੱਛ ਕੇ, ਉਨ੍ਹਾਂ ਆਪਣੇ ਮਨ ਦੀ ਗੱਲ ਦੱਸੀ। ਆਪ ਜੀ ਦਾ ਮੇਰੇ ਨਾਲ ਕਾਫੀ ਸਨੇਹ ਸੀ। ਇਕ ਵਾਰ ਇਸ ਤੋਂ ਪਹਿਲਾਂ ਮੈਂ ਅਤੇ ਭਾਈ ਹਰਨਾਮ ਸਿੰਘ ਜੀ (ਰਾਗੀ) ਚਵਿੰਡੇ ਵਾਲੇ, ਮਹਾਰਾਜ ਜੀ ਦੇ ਦਰਸ਼ਨਾਂ ਨੂੰ ਗਏ ਤਾਂ ਨਾਲ ਕੇਸਰ ਜੀ ਵੀ ਸਨ। ਸ੍ਰੀ ਸਤਿਗੁਰੂ ਜੀ (ਉਹਨਾਂ ਦਾ) ਬਹੁਤ ਸਤਿਕਾਰ ਕਰਦੇ। ਉਨ੍ਹਾਂ ਨੂੰ ਆਪ ਬ੍ਰਹਮ ਗਿਆਨੀ ਸਮਝਿਆ ਕਰਦੇ ਸਨ।

............"ਅੱਜ ਭਾਵੇਂ ਹਾਲਾਤ ਹੋਰ ਹਨ, ਪਰ ਮੈਂ ਜੀਵਨ ਦੀ ਬੁਨਿਆਦੀ ਸੂਝ ਨਾਮਧਾਰੀ ਸੰਗਤ ਵਿਚੋਂ ਹੀ ਹਾਸਲ ਕੀਤੀ ਹੈ। ਉੱਚਾ ਸਦਾਚਾਰ, ਸਾਧ ਸੰਗਤ

ਦੀ ਸੇਵਾ, ਮਹਾਂ-ਜੀਵਨ ਵਿੱਚ ਵਿਸ਼ਵਾਸ। ਇਨ੍ਹਾਂ ਤਿੰਨਾਂ ਗੱਲਾਂ ਨੂੰ ਘੁੱਟ ਕੇ ਫੜੀ ਰੱਖਣ ਨਾਲ ਮੈਨੂੰ ਹਰ ਤਰ੍ਹਾਂ, ਮਾਨਸਿਕ ਤਸੱਲੀ ਹੈ। ਸਾਰਾ ਵਿਸ਼ਵ ਆਪਣਾ ਹੀ ਜਾਪਦਾ ਹੈ।

...........“ਮੈਂ ਭਾਵੇਂ ਹੁਣ ਮਾਲਾ ਤੇ ਨਹੀਂ ਫੇਰਦਾ ਪਹਿਲਾਂ ਵਾਂਗ। ਮਹਾਂ ਜੀਵਨ ਦੀ ਦ੍ਰਿਸ਼ਟੀ ਮੈਂ ਨਾਮਧਾਰੀ ਸੰਗਤ ਤੋਂ ਹੀ ਪ੍ਰਾਪਤ ਕੀਤੀ ਹੈ। ਮੈਂ ਸਤਿਗੁਰੂ ਹਰੀ ਸਿੰਘ ਜੀ ਦਾ ਏਨਾ ਰਿਣੀ ਹਾਂ ਕਿ ਉਹ ਰਿਣ ਮੈਥੋਂ ਅਦਾ ਹੋ ਹੀ ਨਹੀਂ ਸਕਦਾ।

“ਨਾਮਧਾਰੀਆਂ ਦੇ ਹੋਲੇ ਅਤੇ ਮੇਲੇ ਹੀ ਐਸੇ ਇਕੱਠ ਸਨ, ਜਿਨ੍ਹਾਂ ਤੇ ਹਰ ਧਰਮ ਤੇ ਹਰ ਰਾਇ ਦੇ ਲੋਕੀ ਮੰਡਨ ਰੂਪ ਵਿੱਚ ਆਪਣੇ ਵਿਚਾਰ ਦੱਸ ਸੱਕਦੇ ਹਨ। ਸਮੁੱਚੇ ਲੋਕਾਂ ਨੂੰ ਹੀ ਨਾਮਧਾਰੀਆਂ ਦੇ ਮੇਲੇ ਤੇ ਜਾ ਕੇ ਕਾਫੀ ਤਸੱਲੀ ਹੁੰਦੀ।

“ਉਸ ਸਾਲ ਮਾਨਾਂਵਾਲੇ ਸਰਦਾਰਾਂ ਦੇ ਹੋਲਾ ਸੀ। ਏਧਰ ਅਸਾਂ ਭਕਨਾ ਵਾਸੀ ਨਾਮਧਾਰੀਆਂ ਵੀ ਹੋਲੇ ਦਾ ਅਰੰਭ ਰਚਾ ਲਿਆ। ਪਰ, ਸਤਿਗੁਰੂ ਜੀ ਤੋਂ ਅਜੇ ਆਗਿਆ ਨਹੀਂ ਸੀ ਲਈ ਗਈ। ਸਤਿਗੁਰੂ ਜੀ ਮਾਨਾਂ ਵਾਲੇ ਜਾਣ ਲਈ ਅੰਮ੍ਰਿਤਸਰ ਪਹੁੰਚੇ। ਤਾਂ ਪਿੰਡ ਦੇ ਸਾਥੀਆਂ ਨਾਲ ਮੈਂ ਵੀ ਜਾ ਦਰਸ਼ਨ ਕੀਤੇ। ਠਾਕੁਰ ਜੀ ਦੀ ਪਰੇਰਨਾ ਨਾਲ ਲੰਗਰ ਦੀ ਭੇਟਾ ੧੦੧ ਰੁਪੈ ਪਹਿਲਾਂ ਨਾਲ ਲੈ ਲਏ। ਮਹਾਰਾਜ ਜੀ ਨੂੰ ਬੇਨਤੀ ਕੀਤੀ ਆਪ ਪਹਿਲਾਂ ਭਕਨੇ ਦਰਸ਼ਨ ਦੇ ਕੇ ਫੇਰ ਮਾਨਾਂਵਾਲੇ ਪਧਾਰਿਉ। ਲੰਗਰ ਦੀ ਭੇਟਾ ਧਰ ਦਿੱਤੀ। ਸਤਿਗੁਰੂ ਜੀ ਨੇ ਥਾਪੜਾ ਦੇ ਕੇ ਕਿਹਾ ਤੂੰ ਤਾਂ ਠੀਕ ਕਰ ਦਿੱਤਾ ਹੈ ਪਰ ਮੈਂ ਮਾਨਾਂਵਾਲੇ ਦੇ ਹੋਲੇ ਤੋਂ ਬਾਦ ਹੀ ਆਵਾਂਗਾ। ਉਹਨਾਂ ਪਾਸ ਪਹਿਲਾਂ ਪਹੁੰਚਣ ਦਾ ਬਚਨ ਦਿੱਤਾ ਗਿਆ ਏ। (ਬਾਬਾ ਭਕਨਾ ਜੀ ਨੂੰ ਹੋਲੇ ਮਾਨਾਂ ਵਾਲੇ ਦਾ ਕੁਝ ਟਪਲਾ ਲੱਗਾ ਹੈ। ਇਹ ਘਟਨਾ ਕਿਸੇ ਪਹਿਲੇ ਹੋਲੇ ਦੀ ਹੈ। ਮਾਨਾਂ ਵਾਲੇ ਹੋਲੇ ਤੇ ਗੁਰੂ ਹਰੀ ਸਿੰਘ ਜੀ ਨੇਤਰਾਂ ਦੀ ਤਕਲੀਫ ਕਾਰਨ ਆਪ ਜਾ ਨਹੀਂ ਸੱਕੇ ਸਨ।)

ਬਾਬਾ ਜੀ ਸੁਭਾਵਕ ਹੀ ਜ਼ਿਕਰ ਕੀਤਾ ਕਿ ਉਸ ਹੋਲੇ ਸਮੇਂ ਗਹਿਣੇ ਧਰੀ ਚਾਰ ਘੁਮਾਂ ਜ਼ਮੀਨ, ਅਜੇ ਗਹਿਣੇ ਹੀ ਚਲੀ ਆ ਰਹੀ ਹੈ। ਬਾਬਾ ਜੀ ਗੱਲ ਜਾਰੀ ਰੱਖਦਿਆਂ ਕਿਹਾ-

“ਅਸੀਂ ਇਨਕਲਾਬੀ ਤਹਿਰੀਕ ਨੂੰ ੧੯੫੭ ਤੋਂ ਚਲਦਿਆਂ ਗਿਣਦੇ ਹਾਂ। ਪਰ ਇਸ ਆਜ਼ਾਦੀ ਲਈ ਲੜਾਈ ਦੀ ਅਗਵਾਈ ਰਾਜੇ ਮਹਾਰਾਜਿਆਂ ਦੇ ਹੱਥ ਸੀ। ਫੇਰ ਉਠੀ ਨਾਮਧਾਰੀ ਤਹਿਰੀਕ, ਜਿਸ ਦੇ ਆਗੂ ਸਤਿਗੁਰੂ ਰਾਮ ਸਿੰਘ ਜੀ ਆਪ ਇੱਕ ਕਿਰਤੀ ਸਨ ਤੇ ਜਿਨ੍ਹਾਂ ਦੇ ਹੋਰ ਸਾਥੀ ਵੀ ਸਧਾਰਨ ਲੋਕ ਤੇ ਦਸਾਂ ਨੌਹਾਂ ਦੀ ਕਿਰਤ ਕਰਨ ਵਾਲੇ ਸਨ, ਏਸ ਦੀ ਉਚੀ ਮਿਸਾਲ, ਕੇਵਲ ਗੁਰੂ ਗੋਬਿੰਦ ਸਿੰਘ ਜੀ ਨਾਲ ਦਿਤੀ ਜਾ ਸਕਦੀ ਹੈ। ਜ਼ਰਾ ਕਿਆਸ ਕਰੋ ਉਨ੍ਹਾਂ ਨਾਮਧਾਰੀਆਂ ਦੇ ਉਚੇ ਆਚਰਨ ਅਤੇ ਲੌਂਬਾਲੀ ਤਬਾਹ ਦਾ, ਕਿਵੇਂ ਹੱਥ ਪਿੱਠ ਪਿਛੇ ਬੰਨ੍ਹੇ ਬਿਨਾਂ ਤੋਪਾਂ ਅਗੇ ਉਡ ਗਏ।

“ਨਾਮਧਾਰੀਆਂ ਬਾਰੇ ਮੈਂ ਇਕ ਗੱਲ ਹੋਰ ਕਰਨਾ ਚਾਹੁੰਦਾ ਹਾਂ। ਮੈਂ ਨਾਮਧਾਰੀਆਂ ਵਿੱਚ ਅਥਾਹ ਪ੍ਰੇਮ, ਸੇਵਾ ਭਾਵ ਤੇ ਕੁਰਬਾਨੀ ਦਾ ਜ਼ਜਬਾ ਵੇਖਿਆ ਹੈ। ਮਹਾਰਾਜ ਜੀ ਨੇ ਜਿਨਾਂ ਦੇਸ਼ ਭਗਤੀ ਦਾ ਬੀਜ ਬੀਜਿਆ ਅੱਜ ਮੈਨੂੰ ਓਨਾਂ ਪਰਫੁੱਲਤ ਨਹੀਂ ਲੱਗਦਾ,

ਭਾਵੇਂ ਸੱਚ, ਸੁੱਚ, ਸਰਲਤਾ, ਸਾਦਗੀ ਅੱਜ ਵੀ ਏਨਾਂ ਵਿੱਚ ਸਭ ਤੋਂ ਵਧੇਰੇ ਹੈ। ਮੇਰਾ ਵਿਸ਼ਵਾਸ ਹੈ ਕਿ ਦੇਸ਼ ਵਿੱਚ ਛਾਏ ਭ੍ਰਿਸ਼ਟਾਚਾਰ, ਬੇ ਉਮੀਦ ਅਤੇ ਖੋਹਾ ਮੋਹੀ ਦਾ ਵਾਤਾਵਰਣ ਖ਼ਤਮ ਕਰਨ ਲਈ ਨਾਮਧਾਰੀਆਂ ਨੂੰ ਅੱਗੇ ਆਉਣ ਦੀ ਲੋੜ ਹੈ। ਮੇਰਾ ਦ੍ਰਿੜ ਵਿਸ਼ਵਾਸ ਹੈ ਕਿ ਜੇ ਵਰਤਮਾਨ ਸਤਿਗੁਰੂ (ਜਗਜੀਤ ਸਿੰਘ) ਜੀ ਜਿਵੇਂ ਵਿਸ਼ਵ ਸ਼ਾਂਤੀ ਦੇ ਮਸਲਿਆਂ ਵਿੱਚ ਦਿਲਚਸਪੀ ਰੱਖਦੇ ਹਨ, ਦੇਸ਼ ਦੀ ਕਲਿਆਣ ਹਿਤ ਵੀ ਅੱਗੇ ਆ ਜਾਣ ਤਾਂ ਸਾਰਾ ਗੰਦ ਹੂੰਝ ਕੇ ਬਾਹਰ ਕੱਢਿਆ ਜਾ ਸੱਕਦਾ ਹੈ।

"ਇਹ ਕਹਿੰਦਿਆਂ ਬਾਬਾ ਜੀ ਨਾਮਧਾਰੀਆਂ ਵਾਲੀ ਮਸਤੀ ਦੇ ਰਉਂ ਵਿੱਚ ਆ ਗਏ। ਆਪ ਨੇ ਯਾਦ ਕੀਤਾ ਕਿ ਇਕ ਦਿਨ ਸਤਿਗੁਰੂ ਪਰਤਾਪ ਸਿੰਘ ਜੀ, ਉਹਨਾਂ ਨੂੰ ਜੇਹਲ ਵਿੱਚ ਮਿਲ ਕੇ ਆਏ ਸਨ ਤੇ ਅੱਜ ਵੀ ਉਨ੍ਹਾਂ ਨੂੰ ਚੇਤੇ ਕੀਤਾ ਗਿਆ ਹੈ।

"ਅੰਤ ਉਤੇ ਬਾਬਾ ਜੀ ਨੇ ਫ਼ਲਸਫ਼ਾਨਾ ਅੰਦਾਜ਼ ਵਿੱਚ ਆਖਿਆ ਕਿ ਹਰੇਕ ਆਦਮੀ ਅੰਦਰ ਇਕ ਪਾਗਲਪਨ ਮੌਜੂਦ ਹੈ। ਇਸੇ ਦਾ ਨਾਂ ਇਸ਼ਕ ਅਤੇ ਇਹੋ ਹੀ ਮੁਹੱਬਤ ਹੈ। ਕਿਸੇ ਨੂੰ ਚੰਗੇ ਪਾਸੇ ਦੀ ਲਗਨ ਲੱਗ ਜਾਂਦੀ ਹੈ ਤੇ ਕੋਈ ਮੰਦੇ ਪਾਸੇ ਵੱਲ ਪੈ ਜਾਂਦਾ ਹੈ। ਕੁਝ ਲੋਕ ਉਹ ਹਨ ਜਿਨ੍ਹਾਂ ਤੇ ਇਨਕਲਾਬ ਦਾ ਇਸ਼ਕ ਸਵਾਰ ਹੋ ਜਾਂਦਾ ਹੈ ਤੇ ਉਹ ਸਭ ਕੁਛ ਦੇਸ਼ ਵਾਸੀਆਂ ਅਤੇ ਦੇਸ਼ ਵਾਸਤੇ ਅਰਪਣ ਕਰ ਦਿੰਦੇ ਹਨ, ਏਥੋਂ ਤੱਕ ਕਿ ਅੰਤ ਜੀਵਨ ਦੀ ਅਹੂਤੀ ਵੀ ਦੇਸ਼ ਭਗਤੀ ਨੂੰ ਹੋਮ ਦਿੰਦੇ ਹਨ, ਮੈਂ ਸਤਿਜੁਗ ਲਿਆਉਣ ਦੇ ਮਨੋਰਥ ਨਾਲ ਹੀ ਜੂਝਦਾ ਚਲਾ ਆਇਆ ਹਾਂ।[138]

ਸ਼ਾਂਤ ਮੂਰਤ, ਗੁਰੂ ਹਰੀ ਸਿੰਘ ਜੀ ਦੇ ਪਾਵਨ ਵਿਅਕਤੀਤਵ ਬਾਰੇ, ਪ੍ਰੋ. ਕਿਰਪਾਲ ਸਿੰਘ ਕਸੇਲ ਲਿਖਦੇ ਹਨ ਕਿ ਜੇ ਥੋੜ੍ਹੇ ਸ਼ਬਦਾਂ ਵਿੱਚ ਕਹਿਣਾ ਹੋਵੇ ਤਾਂ ਇਨ੍ਹਾਂ ਸਤਰਾਂ ਦੇ ਲੇਖਕ ਨੂੰ, ਆਪ ਬਾਬਾ ਫਰੀਦ ਜੀ ਦੇ ਸ਼ਲੋਕ ਦੇ ਸ਼ਬਦਾਂ–

ਦਰਵੇਸਾ ਨੋ ਲੋੜੀਐ ਰੁਖਾਂ ਦੀ ਜੀਰਾਂਦਿ॥
(ਸਲੋਕ ਫਰੀਦ ਜੀ ੬੦, ਪੰਨਾ ੧੩੮੧)
ਸਭਨਾ ਮਨ ਮਾਣਿਕ ਠਾਹੁਣ ਮੂਲ ਮਚਾਂਗਵਾ॥
ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀਦਾ॥
(ਸਲੋਕ ਫਰੀਦ ੧੨੯, ਪੰਨਾ ੧੩੮੪)
ਦੇ ਸਾਖਿਆਤ ਸਰੂਪ ਜਾਪਦੇ ਹਨ।"[139]

ਗੁਰੂ ਹਰੀ ਸਿੰਘ ਜੀ ਆਪਣੇ ਸਮੇਂ ਦੇ ਮਹਾਨ ਨੀਤੀਵੇਤਾ ਸਨ। ਉਹਨਾਂ ਪਾਸ ਸਰਕਾਰੀ ਸਿੱਖਾਂ, ਸਿੰਘ ਸਭੀਆਂ, ਚੀਫ ਖਾਲਸਾ ਦੀਵਾਨ, ਪੰਚ ਖੰਡ ਭਸੌੜ ਆਦਿ ਦੇ ਸਿਧਾਂਤਕਾਰ, ਉਹਨਾਂ ਦੀ ਸਤਿਗੁਰੂ ਰਾਮ ਸਿੰਘ ਜੀ ਦੇ ਚਲਾਏ ਮੁਕਤੀ ਅੰਦੋਲਨ ਪ੍ਰਤੀ ਪ੍ਰਤੀਬੱਧਤਾ ਮਾਪਣ ਆਉਂਦੇ ਰਹੇ, ਪਰ ਉਹਨਾਂ ਨੂੰ ਗੁਰੂ ਜੀ ਦੇ ਬੁਲੰਦ ਕਿਰਦਾਰ ਤੇ ਕਿਤੇ ਵੀ ਉਂਗਲ ਧਰਨ ਜੋਗੀ ਥਾਂ ਨਹੀਂ ਮਿਲੀ। ਉਹ ਕੌਮੀ ਅੰਦੋਲਨ ਦੀ ਜੁਆਲਾ ਨੂੰ, ਆਪਣੇ ਢੰਗ ਤਰੀਕਿਆਂ ਦੀਆਂ ਪੱਖੀਆਂ ਝੱਲ ਝੱਲ ਕੇ ਪ੍ਰਜਵਲਿਤ ਕਰਦੇ ਰਹੇ। ਸਰਕਾਰੀ ਸੂਹੀਏ ਸ੍ਰ. ਅਤਰ ਸਿੰਘ ਭਦੌੜ ਨੂੰ ੧੯੭੫ ਈ. ਵਿੱਚ ਹੀ ਪੰਜਾਬ ਸਿੰਘ ਦੀ

ਪੁੱਤਰੀ ਦੇ ਅਨੰਦ ਦੇ ਮੌਕੇ ਜਿੱਥੇ ਗੁਰੂ ਹਰੀ ਸਿੰਘ ਪੁੱਜੇ ਸਨ, ਪੰਜ ਸੌ ਕੂਕਿਆਂ ਦਾ ਲੋਹਗੜ੍ਹ ਵਰਗੇ ਪਿੰਡ ਵਿੱਚ ਇਕੱਠ, ਇਕ ਨਾ ਖੁਸ਼ਗਵਾਰ ਘਟਨਾ ਮਾਲੂਮ ਹੋਈ। ਉਸ ਪੰਜਾਬ ਸਰਕਾਰ ਨੂੰ ਹਦਾਇਤ ਕੀਤੀ ਕਿ ਗੁਰੂ ਹਰੀ ਸਿੰਘ ਤੇ ਨਿਗਰਾਨੀ ਵਧਾ ਦਿਉ। ਕੂਕੇ ਇਸ ਦੇ ਹਰ ਬਚਨ ਦੀ ਉਸੇ ਤਨਦੇਹੀ ਨਾਲ ਪਾਲਣਾ ਕਰਦੇ ਹਨ, ਜਿਵੇਂ ਵੱਡੇ ਭਰਾ ਗੁਰੂ ਰਾਮ ਸਿੰਘ ਦੇ ਸਮੇਂ ਕਰਦੇ ਸਨ। ਉਹ ਪੰਜਾਬ ਸਰਕਾਰ ਦੇ ਉਚ ਅਧਿਕਾਰੀਆਂ ਸਮੇਤ ਕਈ ਵੇਰ ਲਾਟ ਪੰਜਾਬ ਨੂੰ ਵੀ ਮੁਲਾਕਾਤ ਸਮੇਂ, ਬੇਖੌਫ ਤੇ ਨਿਧੜਕ ਹੋ ਕੇ ਪ੍ਰਸ਼ਨ ਉਤਰ ਕਰ ਲੈਂਦੇ ਸਨ। ਉਹਨਾਂ ਸਤਿਗੁਰਾਂ ਦੀ ਯਾਦ ਵਿੱਚ, ਹਮੇਸ਼ਾਂ ਨੀਵੀਂ ਗਰਦਨ ਕਰਕੇ ਹੀ ਦੀਵਾਨ ਵਿੱਚ ਬੈਠਣ ਦਾ ਸੁਭਾਅ ਬਣਾ ਲਿਆ ਸੀ। ਜਦੋਂ ਕਦੇ ਆਪ ਗਰਦਨ ਉੱਚੀ ਕਰਕੇ, ਸਿੰਘਾਂ ਵੱਲ ਨੇਤਰ ਭਰਕੇ ਤੱਕਿਆ ਕਰਦੇ ਸਨ ਤਾਂ ਸੰਗਤ ਤੋਂ ਇਤਨੀ ਖੁਸ਼ੀ ਸਹਾਰੀ ਨਹੀਂ ਸੀ ਜਾਂਦੀ, ਉਹ ਜੈਕਾਰੇ ਛੱਡਣ ਲੱਗ ਪੈਂਦੀ ਸੀ। ਕੂਕਾ ਲਹਿਰ ਦੇ ਪਰਚਾਰ ਪਰਸਾਰ ਵਿੱਚ, ਸਤਿਗੁਰੂ ਰਾਮ ਸਿੰਘ ਜੀ ਤੋਂ ਬਾਅਦ ਆਪ ਜੀ ਦਾ ਉੱਚਾ ਸੁੱਚਾ ਨਾਮ, ਬੜੇ ਅਦਬ ਸਤਿਕਾਰ ਨਾਲ ਲਿਆ ਜਾਂਦਾ ਰਹੇਗਾ। ਆਪ ਨੇ ਅੰਗਰੇਜ਼ ਸਰਕਾਰ ਦੀ ਅੱਖ ਵਿੱਚ ਰੜਕਣ ਵਾਲੇ ਸੂਰਬੀਰ ਅਤੇ ਬ੍ਰਿਟਿਸ਼ ਕਾਨੂੰਨ ਦੇ ਭਗੌੜੇ ਕੂਕਿਆਂ ਨੂੰ ਵੱਡੇ ਜੇਰੇ ਨਾਲ, ਕਿਸੇ ਵੀ ਨਤੀਜੇ ਤੋਂ ਬੇਖੌਫ ਹੋ ਕੇ, ਪਨਾਹ ਦਿੱਤੀ ਸੀ। ਉਹਨਾਂ ਦੀ ਦਿਆਲਤਾ ਸਦਕਾ, ਕੂਕੇ ਉਹਨਾਂ ਨੂੰ 'ਦਿਆਲ ਪੁਰਖ'– ਗੁਰੂ ਹਰੀ ਸਿੰਘ ਕਹਿ ਕੇ ਯਾਦ ਕਰਿਆ ਕਰਦੇ ਸਨ।

## ਹਵਾਲੇ ਤੇ ਟਿੱਪਣੀਆਂ


1. ਸਤਿਗੁਰੂ ਬਿਲਾਸ ਭਾਗ ਪਹਿਲਾ, ਸੰਤੋਖ ਸਿੰਘ ਬਾਹੋਵਾਲ (ਸੰ. ਜਸਵਿੰਦਰ ਸਿੰਘ), ਸਫਾ 100
2. ਉਹੀ, ਸਫਾ 102
3. ਆਜ਼ਾਦੀ ਦੀ ਲਹਿਰ ਅਤੇ ਨਾਮਧਾਰੀ ਦੇਵੀਆਂ ਦਾ ਇਤਿਹਾਸ, ਸੰਤ ਬਿਸ਼ਨ ਸਿੰਘ ਹਿਸਟੋਰੀਅਨ ਨੰਗਲ ਕਲਾਂ, ਸਫਾ 69–70
4. ਸਤਿਗੁਰੂ ਬਿਲਾਸ, ਭਾਗ ਪਹਿਲਾ, ਸਫਾ 102
5. ਸਤਿਗੁਰੂ ਬਿਲਾਸ, ਸੰਤੋਖ ਸਿੰਘ ਬਾਹੋਵਾਲ, ਭਾਗ ਦੂਜਾ, ਸਫਾ 319–20
6 ਉਹੀ, ਸਫਾ 324
7. ਉਹੀ, ਸਫਾ 314
8. ਸਤਿਗੁਰੂ ਬਿਲਾਸ ਭਾਗ ਪਹਿਲਾ, ਸਫਾ 129–30
9. ਉਹੀ, ਸਫਾ 142
10. ਉਹੀ, ਸਫਾ 184
11. ਉਹੀ, ਸਫਾ 409
12. ਉਹੀ, ਸਫਾ 423

13. ਉਹੀ, ਸਫਾ 482
14. ਸ੍ਰੀ ਸਤਿਗੁਰੂ ਬਿਲਾਸ ਪਾਤਸ਼ਾਹੀ ਬਾਰ੍ਹਵੀਂ-ਸੰਤ ਧਿਆਨ ਸਿੰਘ ਕਾਦਰਾਬਾਦ, ਸਫਾ 135, ਤੀਜੀ ਛਾਪ, 1968
15. ਸਤਿਗੁਰੂ ਬਿਲਾਸ, ਭਾਗ ਪਹਿਲਾ 485
16. ਉਹੀ, ਸਫਾ 489
17. ਸਤਿਗੁਰੂ ਬਿਲਾਸ, ਭਾਗ ਦੂਜਾ ਸਫਾ 22-23
18. ਰੀਬੈਲਜ਼ ਅਗੇਂਸਟ ਦਾ ਬ੍ਰਿਟਿਸ਼ ਰੂਲ, (ਸੰ. ਭਾਈ ਨਾਹਰ ਸਿੰਘ ਕਿਰਪਾਲ ਸਿੰਘ), ਸਫਾ 264
20. ਸਤਿਗੁਰੂ ਬਿਲਾਸ, ਭਾਗ ਦੂਜਾ, ਸਫਾ 324
21. ਰੀਬੈਲਜ਼ ਅਗੇਂਸਟ ਦਾ ਬ੍ਰਿਟਿਸ਼ ਰੂਲ, ਸਫਾ 550-54
22. ਸਤਿਗੁਰੂ ਬਿਲਾਸ, ਭਾਗ ਦੂਜਾ, ਸਫਾ 19
23. ਉਹੀ, ਸਫਾ 30
24. ਉਹੀ, ਸਫਾ 34
25. ਉਹੀ, ਸਫਾ 35
26. ਉਹੀ, ਸਫਾ 39-40
27. ਉਹੀ, ਸਫਾ 41-42
28. ਉਹੀ, ਸਫਾ 49
29. ਉਹੀ, ਸਫਾ 51-60
30. ਕੂਕਾ ਮੂਵਮੈਂਟ, ਫਰੀਡਮ ਸਟਰਗਲ ਇਨ ਪੰਜਾਬ, (ਸੰ. ਜਸਵਿੰਦਰ ਸਿੰਘ), ਸਫਾ 142-43
31. ਸਤਿਗੁਰੂ ਬਿਲਾਸ, ਭਾਗ ਦੂਜਾ, ਸਫਾ 66
32. ਨਾਮਧਾਰੀ ਦੇਵੀਆਂ, ਬਿਸ਼ਨ ਸਿੰਘ ਹਿਸਟੋਰੀਅਨ, ਸਫਾ 69-70
33. ਸਤਿਗੁਰੂ ਬਿਲਾਸ ਭਾਗ ਦੂਜਾ, ਸਫਾ 69
34. ਉਹੀ, ਸਫਾ 74
35. ਉਹੀ, ਸਫਾ 79-80
36. ਉਹੀ, ਸਫਾ 81-82
37. ਉਹੀ, ਸਫਾ 83
38. ਉਹੀ, ਸਫਾ 86
39. ਉਹੀ, ਸਫਾ 87
40. ਉਹੀ, ਸਫਾ 87-88
41. ਉਹੀ, ਸਫਾ 89-90
42. ਉਹੀ, ਸਫਾ 90-91

43. ਪੂਰੇ ਵੇਰਵੇ ਲਈ ਪੜ੍ਹੋ, ਕੂਕਾ ਲਹਿਰ ਦੇ ਅਮਰ ਨਾਇਕ, ਸੁਵਰਨ ਸਿੰਘ ਵਿਰਕ, 2017, ਲੋਕ ਗੀਤ ਪ੍ਰਕਾਸ਼ਨ ਚੰਡੀਗੜ੍ਹ ਵਿੱਚ ਮੀਹਾਂ ਸਿੰਘ ਸਰਹਾਲੀ ਵਾਲਾ ਲੇਖ
44. ਸਤਿਗੁਰੂ ਬਿਲਾਸ ਭਾਗ ਦੂਜਾ, ਸਫਾ 170
45. ਉਹੀ, ਸਫਾ 150
46. ਉਹੀ, ਸਫਾ 152-53
47. ਉਹੀ, ਸਫਾ 155
48. ਪੂਰਾ ਵੇਰਵਾ ਪੜ੍ਹਨ ਲਈ, ਕੂਕਾ ਲਹਿਰ ਦੇ ਅਮਰ ਨਾਇਕ, ਭਗਵਾਨ ਸਿੰਘ ਅੜਬੰਗੀ ਵਾਲਾ ਲੇਖ
49. ਸਤਿਗੁਰੂ ਬਿਲਾਸ ਭਾਗ ਦੂਜਾ, ਸਫਾ 157-62
50. ਉਹੀ, ਸਫਾ 164
51. ਉਹੀ, ਸਫਾ 164-66
52. ਕੂਕਾ ਮੂਵਮੈਂਟ, ਪ੍ਰੋ. ਫੌਜਾ ਸਿੰਘ ਬਾਜਵਾ, 1965, ਸਫਾ 204
53. ਉਹੀ, ਸਫਾ 166
54. ਉਹੀ, ਸਫਾ 167
55. ਉਹੀ, ਸਫਾ 168
56. ਸਤਿਗੁਰੂ ਬਿਲਾਸ ਭਾਗ ਦੂਜਾ, ਸਫਾ 170-71
56ਏ. ਭੁੱਲੇ ਵਿਸਰੇ ਇਤਿਹਾਸ ਦੇ ਪੰਨੇ, ਬਖਸ਼ੀਸ਼ ਸਿੰਘ ਪਤੀ ਲੋਦੀ ਪਿੰਡ ਸਿਆੜ੍ਹ, ਸਫਾ 38
57. ਉਹੀ, ਸਫਾ 172
58. ਉਹੀ, ਸਫਾ 174-80
59. ਕੂਕਾਜ਼ ਆਫ ਨੋਟ ਇਨ ਦਾ ਪੰਜਾਬ-188
60. ਸਤਿਗੁਰੂ ਬਿਲਾਸ ਭਾਗ ਦੂਜਾ, ਸਫਾ 181-84
61. ਉਹੀ, ਸਫਾ 184
62. ਉਹੀ, ਸਫਾ 185
63. ਉਹੀ, ਸਫਾ 186-87
64. ਲਾਲ ਏਹਿ ਰਤਨ ਭਾਗ ੫ (ਸੰ. ਪ੍ਰਿੰ. ਬੇਅੰਤ ਕੌਰ), ਸਫਾ 63
65. ਸਤਿਗੁਰੂ ਬਿਲਾਸ ਭਾਗ ਦੂਜਾ, ਸਫਾ 187-91
66. ਉਹੀ, ਸਫਾ 192
67. ਉਹੀ, ਸਫਾ 194
68. ਉਹੀ, ਸਫਾ 197-98
69. ਉਹੀ, ਸਫਾ 200
70. ਉਹੀ, ਸਫਾ 203-04

71. ਉਹੀ, ਸਫ਼ਾ 205-06
72. ਉਹੀ, ਸਫ਼ਾ 207
73. ਉਹੀ, 208
74. ਉਹੀ, ਸਫ਼ਾ 214-13
75. ਉਹੀ, ਸਫ਼ਾ 214-15
76. ਉਹੀ, ਸਫ਼ਾ 215
77. ਉਹੀ, ਸਫ਼ਾ 216
78. ਉਹੀ, ਸਫ਼ਾ 218
79. ਉਹੀ, ਸਫ਼ਾ 219-20
80. ਉਹੀ, ਸਫ਼ਾ 223
81. ਉਹੀ, ਸਫ਼ਾ 224-25
82. ਉਹੀ, ਸਫ਼ਾ 228
83. ਉਹੀ, ਸਫ਼ਾ 229
84. ਉਹੀ, ਸਫ਼ਾ 232
85. ਉਹੀ, ਸਫ਼ਾ 233
86. ਉਹੀ, ਸਫ਼ਾ 234
87. ਉਹੀ, ਸਫ਼ਾ 235
88. (89) ਉਹੀ, ਸਫ਼ਾ 237
90. ਉਹੀ, ਸਫ਼ਾ 242-44
91. ਉਹੀ, ਸਫ਼ਾ 245
92. ਉਹੀ, ਸਫ਼ਾ 247
93. ਉਹੀ, ਸਫ਼ਾ 248
94. ਉਹੀ, ਸਫ਼ਾ 251
95, (96) ਉਹੀ, ਸਫ਼ਾ 254
97. ਉਹੀ, ਸਫ਼ਾ 255
98. ਉਹੀ, ਸਫ਼ਾ 262
99. ਉਹੀ, ਸਫ਼ਾ 265-66
100. ਉਹੀ, ਸਫ਼ਾ 267
101. ਉਹੀ, ਸਫ਼ਾ 273
102. ਉਹੀ, ਸਫ਼ਾ 275
103. ਉਹੀ, ਸਫ਼ਾ 277
104. ਉਹੀ, ਸਫ਼ਾ 278-81
105. ਲਾਲ ਏਹਿ ਰਤਨ-5, ਸਫ਼ਾ 124

106. ਸਤਿਗੁਰੂ ਬਿਲਾਸ ਭਾਗ ਦੂਜਾ, ਸਫਾ 287
107. ਉਹੀ, ਸਫਾ 290
108. ਉਹੀ, ਸਫਾ 302
109. ਉਹੀ, ਸਫਾ 306
110. ਉਹੀ, ਸਫਾ 312
111. ਉਹੀ, ਸਫਾ 314
112. ਉਹੀ, ਸਫਾ 321
113. ਉਹੀ, ਸਫਾ 336
114. ਉਹੀ, ਸਫਾ 339-40
115. ਉਹੀ, ਸਫਾ 349-51
116. ਉਹੀ, ਸਫਾ 353-54
117. ਉਹੀ, ਸਫਾ 356
118. ਉਹੀ, ਸਫਾ 368
119. ਉਹੀ, ਸਫਾ 369
120. ਉਹੀ, ਸਫਾ 370
121. ਉਹੀ, ਸਫਾ 372
122. ਉਹੀ, ਸਫਾ 372-73
123. ਉਹੀ, ਸਫਾ 375
124. ਉਹੀ, ਸਫਾ 376
125. ਉਹੀ, ਸਫਾ 377
126. ਉਹੀ, ਸਫਾ 378
127. ਉਹੀ, ਸਫਾ 386
128. ਉਹੀ, ਸਫਾ 391-92
129. ਉਹੀ, ਸਫਾ 393
130. ਉਹੀ, ਸਫਾ 396
131. (132) ਉਹੀ, ਸਫਾ 398
132. ਉਹੀ, ਸਫਾ 400
133. ਉਹੀ, ਸਫਾ 402
134. ਹਰਨਾਮ ਸਿੰਘ ਬਗੁਲੀ ਕਲਾਂ ਕ੍ਰਿਤ ਕਿੱਸਾ-ਸੰਤ ਖਾਲਸਾ, ਪਹਿਲੀ ਛਾਪ 1936 ਈ. ਸਫਾ 51
135. ਤਵਾਰੀਖ ਸੰਤ ਖਾਲਸਾ (ਨਾਮਧਾਰੀ ਗੁਰ ਇਤਿਹਾਸ), ਭਾਗ ਪਹਿਲਾ, 1906 ਤੱਕ, ਪ੍ਰੋ. ਕਿਰਪਾਲ ਸਿੰਘ ਕਸੇਲ, 2006, ਸਫਾ 895-96

137. ਸ੍ਰੀ ਸਤਿਗੁਰੂ ਬਿਲਾਸ ਪਾ. ਬਾਰ੍ਹਵੀਂ-ਸੰਤ ਧਿਆਨ ਸਿੰਘ ਕਾਦਰਾਬਾਦੀ, ਤੀਜੀ ਛਾਪ, ਸਫ਼ਾ 95
138. ਸਤਿਜੁਗ ਦਾ ਸਤਿਗੁਰੂ ਹਰੀ ਸਿੰਘ ਅੰਕ, ਜੀਵਨ ਨਗਰ, (ਹਿਸਾਰ), 1965 ਈ., ਪ੍ਰੀਤਮ ਸਿੰਘ ਕਵੀ, ਸੰਪਾਦਕ ਦੀ ਬਾਬਾ ਸੋਹਨ ਸਿੰਘ ਭਕਨਾ ਨਾਲ ਉਨ੍ਹਾਂ ਦੇ ਨਿਵਾਸ ਤੇ ਇਕ ਮੁਲਾਕਾਤ, 1 ਮਈ 1965 ਈ. ਨੂੰ, ਇਨਕਲਾਬੀ ਮਹਾਂ-ਪੁਰਸ਼ ਦੇ ਚਰਨਾਂ ਵਿੱਚ, ਸਫ਼ਾ 17-20
139. ਨਾਮਧਾਰੀ ਗੁਰ ਇਤਿਹਾਸ ਭਾਗ ਪਹਿਲਾ, ਸਫ਼ਾ 899-900

# ਲੋਕ ਨਾਇਕ, ਅਟੱਲ ਪਰਤਾਪੀ, ਸਤਿਗੁਰੂ ਪਰਤਾਪ ਸਿੰਘ ਜੀ

**-ਸੁਵਰਨ ਸਿੰਘ ਵਿਰਕ**

ਬੇਸ਼ਕ ਗੁਰੂ ਹਰੀ ਸਿੰਘ ਜੀ ਨੇ ਸਾਕਾ ਮਲੇਰਕੋਟਲਾ, ਸਤਿਗੁਰੂ ਰਾਮ ਸਿੰਘ ਜੀ ਅਤੇ ਪਰਮੁੱਖ ਸੂਬਿਆਂ ਦੇ ਦੇਸ਼ ਨਿਕਾਲੇ ਬਾਦ, ਜਦੋਂ ਸਮੁੱਚੇ ਨਾਮਧਾਰੀ ਸਮੁਦਾਇ ਨੂੰ ਸਰਕਾਰ ਵਿਰੋਧੀ ਬਾਗੀਆਂ ਦੀ ਜਮਾਤ ਐਲਾਨ ਦਿੱਤਾ ਗਿਆ ਸੀ, ਆਪਣੀ ਖ਼ਿਮਾਂ, ਧੀਰਜ ਅਤੇ ਸ਼ਾਂਤਗੀ ਦੀ ਮੂਰਤੀ ਦੇ ਆਸਰੇ, ਕੂਕਾ ਲਹਿਰ ਨੂੰ ਆਪਣੇ ਢੰਗ ਨਾਲ ਜਾਰੀ ਰੱਖਿਆ। ਬਾਹਰਲੇ ਅਤੇ ਅੰਦਰਲੇ ਦਬਾਵਾਂ ਦਾ ਆਪਣੀ ਸਹਿਣਸ਼ੀਲਤਾ ਵਾਲੀ ਦੂਰ-ਦ੍ਰਿਸ਼ਟੀ ਨਾਲ ਮੁਕਾਬਲਾ ਕੀਤਾ। ਫਿਰ ਵੀ ਅੱਧੀ ਸਦੀ ਤੱਕ ਦੇ ਦਮਨ ਚੱਕਰ ਵਿੱਚੋਂ, ਨਾਮਧਾਰੀ ਪੰਥ ਨੂੰ ਸਾਬਤ ਸਬੂਤਾ ਬਾਹਰ ਕੱਢ ਲੈਣ ਦਾ ਸਿਹਰਾ, ਅਟੱਲ ਪਰਤਾਪੀ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੇ ਸੀਸ ਤੇ ਸਜਦਾ ਹੈ। ਜਿਹਨਾਂ ਨੇ ਸਿਖ ਪੁਨਰ-ਜਾਗਰਣ ਵਾਲੀ ਬਾਣੀ, ਬਾਣੇ, ਸਿਮਰਨ, ਸੇਵਾ, ਸੰਗੀਤ ਨਾਲ ਜੋੜਨ ਵਾਲੀ ਗੁਰਮਤਿ ਪਰਪੰਰਾ ਨੂੰ ਆਪਣੇ ਧਾਰਮਿਕ ਖੇਤਰ ਵਿੱਚ, ਹੋਰ ਵਿਸ਼ਾਲਤਾ ਪਰਦਾਨ ਕੀਤੀ। ਕੂਕਾ ਅੰਦੋਲਨ ਦੇ ਬਸਤੀਵਾਦ, ਸਾਮਰਾਜਵਾਦ ਅਤੇ ਸਾਮੰਤਵਾਦ ਵਿਰੋਧੀ, ਜਮਹੂਰੀ, ਧਰਮ ਨਿਰਪੱਖ ਖ਼ਾਸੇ ਨੂੰ ਬਚਾਉਂਦਿਆਂ, ਹਰ ਰੰਗ ਦੇ ਸੁਤੰਤਰਤਾ ਸੰਗਰਾਮੀਆਂ ਲਈ, ਸ੍ਰੀ ਭੈਣੀ ਸਾਹਿਬ ਦੇ ਬੂਹੇ, ਸੇਵਾ ਸਹਿਯੋਗ ਲਈ ਹਮੇਸ਼ਾਂ ਖੁੱਲ੍ਹੇ ਰੱਖੇ। ਇਸੇ ਲਈ ਵੀਹਵੀਂ ਸਦੀ ਦੇ ਪੰਜਾਬ ਦੇ ਇਤਿਹਾਸ ਵਿੱਚ, ਸੰਮੂਹ ਦੇਸ਼-ਕੌਮ-ਦਰਦੀਆਂ ਦੇ ਦਿਲਾਂ ਵਿੱਚ, ਆਪ ਲਈ ਇੱਕ ਆਦਰਯੋਗ ਸਥਾਨ ਸੁਨਿਸ਼ਚਿਤ ਹੋ ਗਿਆ ਸੀ। ਉਹ ਸਤਿਗੁਰੂ ਰਾਮ ਸਿੰਘ ਜੀ ਦੀ ਗਊ-ਗਰੀਬ ਦੇ ਭਲੇ ਵਾਲੀ ਸੋਚ ਦੇ ਹਮੇਸ਼ਾਂ ਹਮਰਾਹ ਰਹੇ। ਅਨੇਕਾਂ ਉਜੜਿਆਂ ਥੁੜਿਆਂ ਨੂੰ ਆਸਰਾ ਦਿੱਤਾ। ਲੋੜਵੰਦਾਂ ਦੀ ਸਹਾਇਤਾ ਕੀਤੀ। ਰਾਸ਼ਟਰ ਭਾਸ਼ਾ ਦੇ ਤੌਰ ਤੇ ਹਿੰਦੀ ਦੀ ਸਫਲਤਾ ਦੀ ਕਾਮਨਾ ਕਰਦਿਆਂ, ਉਹਨਾਂ ਸਾਂਝੇ ਪੰਜਾਬੀ ਸੱਭਿਆਚਾਰ ਦੀ ਪਰਫੁੱਲਤਾ ਲਈ, ਗੁਰਮੁਖੀ ਲਿੱਪੀ ਵਿੱਚ ਪੰਜਾਬੀ ਭਾਸ਼ਾ ਨੂੰ ਸਨਮਾਨ ਯੋਗ ਅਸਥਾਨ ਦੁਆਉਣ ਲਈ ਹਰ ਸੰਭਵ ਯਤਨ ਕੀਤਾ। ਗੁਰਬਾਣੀ ਦੇ ਆਸ਼ੇ ਅਨੁਕੂਲ ਹਰ ਪ੍ਰਾਣੀ ਮਾਤਰ ਨਾਲ ਮੇਲ ਜੋਲ ਵਧਾਉਣ, ਫਿਰਕਿਆਂ ਵਿਚਾਲੇ ਤਲਖੀ, ਕਸ਼ੀਦਗੀ ਘਟਾਉਣ ਤੇ ਜ਼ੋਰ ਦਿੱਤਾ। ਉਹ ਆਪਣੇ ਵੱਖ ਵੱਖ ਖੇਤਰਾਂ ਵਿੱਚ ਕੀਤੇ ਵੱਡੇ ਕਾਰਜਾਂ ਸਦਕਾ, ਖਾਸ ਕਰ ਦੇਸ਼ ਵੰਡ ਤੋਂ ਬਾਅਦ ਉੱਜੜ ਕੇ ਆਉਣ ਵਾਲਿਆਂ ਦੇ ਮੁੜ ਵਸੇਬੇ ਲਈ ਕੀਤੀਆਂ ਕਾਰਵਾਈਆਂ ਕਾਰਨ, ਹਮੇਸ਼ਾਂ ਯਾਦ ਕੀਤੇ ਜਾਣਗੇ। ਉਹਨਾਂ ਉੱਨੀਵੀਂ ਸਦੀ ਦੇ ਅੱਧ ਵਿੱਚ ਚੱਲੇ ਕੂਕਾ ਅੰਦੋਲਨ ਦੀ ਮਹਾਨ ਵਿਰਾਸਤ ਨੂੰ, ਵੀਹਵੀਂ ਸਦੀ ਦੇ ਅੱਧ ਵਿੱਚ ਇਸ ਦੇ ਮੰਤਕੀ ਨਤੀਜੇ, ਦੇਸ਼ ਸੁਤੰਤਰਤਾ ਤੱਕ ਪੁੱਜਦਿਆਂ ਵੇਖਣ ਦੀ ਖੁਸ਼ੀ

ਹਾਸਲ ਕੀਤੀ। ਭਾਵੇਂ ਅਗਲੇ ਕੁਝ ਸਾਲਾਂ ਵਿੱਚ ਜਦੋਂ ਇਹੋ ਕੌਮੀ ਆਜ਼ਾਦੀ ਦਾ ਫਲ ਸ਼ਹੀਦਾਂ ਦੇ ਸੁਪਨਿਆਂ ਮੁਤਾਬਿਕ ਆਮ ਲੋਕਾਂ ਤੱਕ ਪੁੱਜਦਾ ਨਾ ਵਿਖਾਈ ਦਿੱਤਾ ਤਾਂ ਕੌਮੀ ਸਰਕਾਰ ਪ੍ਰਤੀ ਉਹਨਾਂ ਦਾ ਮੋਹ ਭੰਗ ਹੋਣਾ ਵੀ ਇੱਕ ਹਕੀਕਤ ਬਣ ਗਿਆ ਸੀ। ਜਿਸ ਲਈ ਉਹ ਸਮੇਂ ਸਮੇਂ ਲੋਕ-ਪੱਖੀ ਤਾਕਤਾਂ ਨਾਲ ਵੀ ਸੰਪਰਕ ਸਾਧਦੇ ਰਹੇ। ਜਿਸ ਦੀਆਂ ਮਿਸਾਲਾਂ, ਉਹਨਾਂ ਦੀ ਯਾਦ ਵਿੱਚ ਹੋਏ ਵਿਸ਼ਾਲ ਸ਼ਰਧਾਂਜਲੀ ਸਮਾਗਮ ਸਮੇਂ, ਵੱਖ-ਵੱਖ ਆਗੂਆਂ ਦੇ ਭਾਸ਼ਣਾਂ ਵਿੱਚੋਂ ਮਿਲਦੀਆਂ ਹਨ।

ਆਪ ਜੀ ਦਾ ਆਗਮਨ ਚੇਤ ਵਦੀ ਤੀਜ, ਸੰਬਤ ੧੯੪੬ ਬਿ. ਦਿਨ ਦੇ ਛਿਪਾ ਨਾਲ, ਐਤਵਾਰ, ਮੁਤਾਬਿਕ ੯ ਮਾਰਚ ੧੮੯੦ ਈ. -ਨੂੰ, ਸ੍ਰੀ ਗੁਰੂ ਹਰੀ ਸਿੰਘ ਅਤੇ ਮਾਤਾ ਜੀਵਨ ਕੌਰ ਜੀ ਦੇ ਗ੍ਰਹਿ ਵਿਖੇ, ਸ੍ਰੀ ਭੈਣੀ ਸਾਹਿਬ ਵਿਖੇ ਹੋਇਆ। ਪੁਲੀਸ ਚੌਕੀ ਦੀ ਕਰੜਾਈ ਵੀ ਕੁਝ ਕੁਝ ਨਰਮਾਈ ਵਿਚ ਬਦਲ ਗਈ।[1] ਸੰਗਤ ਆਪ ਦੇ ਦਰਸ਼ਨਾਂ ਲਈ ਦੂਰੋਂ ਨੇੜਿਓਂ ਆਉਂਦੀ ਰਹੀ। ਦੋ ਸਾਲ ਦੋ ਮਹੀਨਿਆਂ ਦੀ ਉਮਰ ਵਿੱਚ ਚੇਚਕ ਨਿਕਲ ਆਈ। ਇਸ ਸਮੇਂ ਕਾਫੀ ਪਰਕੋਪ ਸੀ। ਗੁਰੂ ਹਰੀ ਸਿੰਘ ਜੀ ਦਾ ਦੋਹਿਤਾ ਹਕੀਮ ਨਰਾਇਣ ਸਿੰਘ ਇਲਾਜ ਕਰਦਾ ਰਿਹਾ। ਗੁਰੂ ਹਰੀ ਸਿੰਘ ਜੀ ਦੇ ਹੁਕਮ ਤੇ ਕੁਝ ਸਧਾਰਨ ਅਤੇ ਅਖੰਡ ਪਾਠਾਂ ਦੇ ਭੋਗ ਵੀ ਪਾਏ ਗਏ। ਸਵਾ ਮਹੀਨੇ ਬਾਅਦ ਨੌਂ ਬਰ ਨੌਂ ਹੋ ਗਏ। ਚੇਚਕ ਦੇ ਸੂਖਮ ਦਾਗ ਚਿਹਰੇ ਤੇ ਆਯੂ ਪ੍ਰਯੰਤ ਰਹੇ। ਪੰਡੋਰੀ ਦਾ ਭਾਈ ਵਜੀਰ ਸਿੰਘ ਆਪ ਦਾ ਖਿਡਾਵਾ ਸੀ। ਪੰਜ ਸਾਲਾਂ ਦੀ ਉਮਰ ਵਿੱਚ ਇਤਿਹਾਸ ਲੇਖਕ, ਭਾਈ ਸੰਤੋਖ ਸਿੰਘ ਬਾਹੋਵਾਲ ਪਾਸ, ਗੁਰਮੁਖੀ ਅੱਖਰ ਸਿੱਖਣ ਭੇਜੇ। ਸਤਿਗੁਰੂ ਬਿਲਾਸ ਪਾਤਸ਼ਾਹੀ ਬਾਰ੍ਹਵੀ ਦੇ ਕਰਤਾ, ਸੰਤ ਧਿਆਨ ਸਿੰਘ ਕਾਦਰਾਬਾਦੀ ਪਾਸੋਂ ਪੰਜ ਗਰੰਥੀ ਪੋਥੀ ਸਰਲ ਕੀਤੀ। ਸੰਤ ਸੇਵਾ ਸਿੰਘ ਥੂਏ ਦੇ ਜੋ ਭੈਣੀ ਸਾਹਿਬ ਦੇ ਗੁਆਂਢ, ਗੁਰਦੁਆਰਾ ਗੁਰੂ ਸਰ (ਲੱਲਾਂ) ਵਿਖੇ ਰਹਿੰਦੇ ਸਨ, ਉਹਨਾਂ ਪਾਸੋਂ ਵੀ ਗੁਰਬਾਨੀ ਦੀ ਸੰਥਾ ਲੈਂਦੇ ਰਹੇ। ਹਿੰਦੀ ਵਿਆਕਰਣ ਲਘੂ ਕੌਮੁਦੀ ਪੰਚ ਤੰਤਰ, ਹਿਤ ਉਪਦੇਸ਼ ਆਦਿਕ ਸੰਸਕਿਰਤ ਗਰੰਥਾਂ ਦਾ ਪਾਠ, ਸੁਤੰਤਰਤਾ-ਸੰਗਰਾਮੀ ਪੰਡਿਤ ਬਸੰਤ ਸਿੰਘ ਜੀ ਗੜ੍ਹ ਪਧਾਣਾ ਵਾਲਿਆਂ ਤੋਂ ਕੀਤਾ। ੫-੬ ਸਾਲ ਦੀ ਉਮਰ ਵਿੱਚ ਗੁਰੂ ਕੇ ਉਗਰਾਹੀਏ ਵੱਡੇ ਸਾਧੂ ਬਾਬਾ ਸੰਤਾ ਸਿੰਘ ਘੁੱਕੇ ਵਾਲੀਏ ਤੇ ਵੀਰ ਸਿੰਘ ਭੋਮੇ ਵਡਾਲੀਆ, ਦੋਹਾਂ ਦੇ ਵਿਚਾਲੇ ਤਬੇਲੇ ਵਿੱਚ ਬਿਰਾਜਦੇ ਸਨ। ਉਹਨਾਂ ਨੂੰ ਰਾਤ ਇਹ ਕਹਿ ਕੇ ਸੌਂਦੇ ਕਿ ਸੁਬਹਾ ਜੇ ਮੈਂ ਘੌਲ ਕਰਾਂ, ਮੇਰੇ ਕੇਸਾਂ ਵਿੱਚ ਜਲ ਦਾ ਗੜਵਾ ਪਾਉ ਤੇ ਮੈਨੂੰ ਇਸ਼ਨਾਨ ਕਰਾ ਕੇ, ਆਸਾ ਦੀ ਵਾਰ ਵਿੱਚ ਲੈ ਚੱਲੋ। ਸੱਤ ਸਾਲ ਦੀ ਉਮਰ ਵਿੱਚ ਆਦਿ ਸ੍ਰੀ ਗੁਰੂ ਗਰੰਥ ਸਾਹਿਬ ਅਤੇ ਦਸ ਸਾਲ ਦੀ ਉਮਰ ਵਿੱਚ ਦਸਮ ਗਰੰਥ ਸਾਹਿਬ ਦਾ ਪਾਠ ਸਰਲ ਕਰ ਲਿਆ।[2]

ਬਚਪਨ ਵਿੱਚ ਹਾਣੀ ਮੁੰਡਿਆਂ ਨਾਲ ਖਿੱਦੋ ਖੂੰਡੀ ਅਤੇ ਫਿਰ ਕਬੱਡੀ ਵੀ ਖੇਡਦੇ। ਦੋ ਟੀਮਾਂ ਬਣ ਜਾਂਦੀਆਂ। ਇਕ ਆਪ ਦੀ ਇਕ ਆਪ ਦੇ ਛੋਟੇ ਭਰਾਤਾ ਮਹਾਰਾਜਾ ਨਿਹਾਲ ਸਿੰਘ ਜੀ ਦੀ। ਆਪ ਦੀ ਟੋਲੀ ਵਿੱਚ ਡੇਰੇ ਵਿੱਚ ਰਹਿਣ ਵਾਲੇ ਜ਼ਿੰਮੀਦਾਰ ਮੁੰਡੇ ਹੁੰਦੇ, ਮਾਘਾ ਸਿੰਘ ਆਲੌੜ, ਲਾਲ ਸਿੰਘ ਬੱਲੂਆਣਾ, ਮਸਤਾਨ

ਸਿੰਘ ਕਿਆਮਪੁਰ, ਭਗਵਾਨ ਸਿੰਘ ਕੁਰਕੀ, ਹਰਨਾਮ ਸਿੰਘ ਸਹਿੰਸਰਾ, ਗੁਰਬਖਸ਼ ਸਿੰਘ ਡਹਿਰ ਮੂੰਡੀਆਂ, ਦੇਵਾ ਸਿੰਘ ਭੈਣੀ ਸਾਹਿਬ ਦੇ ਬ੍ਰਾਹਮਣਾਂ ਦਾ ਮੁੰਡਾ ਵੀ ਹੁੰਦਾ। ਮਹਾਰਾਜ ਜੀ ਦੀ ਟੋਲੀ ਵਿੱਚ ਨਾਹਰ ਸਿੰਘ, ਉੱਤਮ ਸਿੰਘ, ਅਮਰ ਸਿੰਘ, ਬਿਸ਼ਨ ਸਿੰਘ, ਜਿਉਣ ਸਿੰਘ, ਤੇਜਾ ਸਿੰਘ ਕਾਰੀਗਰ ਸਿੰਘਾਂ ਦੇ ਲੜਕੇ ਹੁੰਦੇ। ਗੁਰਦੁਆਰਾ ਭੈਣੀ ਸਾਹਿਬ ਅਤੇ ਪਸ਼ੂ ਤਬੇਲੇ ਵਿਚਾਲੇ ਗਲੀ ਸੀ। ਉਸ ਉੱਪਰ ਇਕ ਛਤੀਰ ਪਾ ਲਿਆ। ਪੁਲੀਸ ਚੌਕੀ ਵਾਲਿਆਂ ਰੀਪੋਰਟ ਕੀਤੀ ਕਿ ਸਾਹਿਬਜ਼ਾਦਾ ਪਰਤਾਪ ਸਿੰਘ ਹਾਣੀ ਮੁੰਡਿਆਂ ਨੂੰ ਚੌਕੀ ਤੋਂ ਚੋਰੀ, ਗੁਰਦੁਆਰੇ ਅੰਦਰ ਲੈ ਜਾਂਦੇ ਹਨ। ਇਕ ਦਿਨ ਇਕ ਹਾਣੀ ਨੂੰ ਆਪ ਲੰਘਾ ਰਹੇ ਸਨ, ਡਿਓਢੀ ਵਲੋਂ, ਦੋਵੇਂ ਭਰਾਵਾਂ, ਸ੍ਰੀ ਪਰਤਾਪ ਸਿੰਘ, ਨਿਹਾਲ ਸਿੰਘ ਹੋਰਾਂ ਮੁੰਡਾ ਵਿਚਾਲੇ ਲਿਆ ਸੀ, ਪੁਲੀਸ ਨੇ ਮੁੰਡਾ ਨਾ ਜਾਣ ਦਿੱਤਾ। ਇਹਨਾਂ ਘਟਨਾਵਾਂ ਕਾਰਨ ਵਿਦੇਸ਼ੀ ਸਰਕਾਰ ਪ੍ਰਤੀ ਰੋਹ ਆਪ ਜੀ ਦੇ ਮਨ ਵਿੱਚ ਬਚਪਨ ਤੋਂ ਹੀ ਪਰਚੰਡ ਹੋ ਗਿਆ ਸੀ।[3]

ਸਤਿਗੁਰੂ ਜੀ ਨੂੰ ਆਪਣੇ ਬਚਪਨ ਸਮੇਂ ਦੋ ਸਾਲ ਦੀ ਉਮਰ ਦੀਆਂ ਵੀ ਘਟਨਾਵਾਂ ਯਾਦ ਸਨ। ਪੰਜ ਪੌਣੇ ਪੰਜ ਸਾਲ ਦੀ ਉਮਰ ਵਿੱਚ ਗੁਰੂ ਹਰੀ ਸਿੰਘ ਜੀ ਦੇ ਮਾਲਵੇ ਦੇ ਦੌਰੇ ਦਾ, ਫਿਰ ਸੱਤਵੇਂ ਅੱਠਵੇਂ ਸਾਲ ਵਿੱਚ ਮਾਝੇ ਅਤੇ ਸਿਆਲਕੋਟ ਜ਼ਿਲ੍ਹੇ ਦੇ ਗੁਰੂ ਜੀ ਦੇ ਦੌਰਿਆਂ ਦਾ ਸਵਿਸਥਾਰ ਵਰਣਨ, ਉਹ ਆਪਣੇ ਪਵਿੱਤਰ ਉਪਦੇਸ਼ ਵਿੱਚ ਕਰਦੇ ਹਨ ਜਿਸ ਵਿੱਚ ਸਿੱਖਾਂ ਸੇਵਕਾਂ ਅਤੇ ਪਿੰਡਾਂ, ਸ਼ਹਿਰਾਂ, ਰਾਗੀਆਂ, ਰਬਾਬੀਆਂ, ਕੀਰਤਨੀ ਜਥਿਆਂ ਦੇ ਵੀ ਪੂਰੇ ਨਾਮ ਦਰਜ ਕਰਾਉਂਦੇ ਹਨ।[4]

ਇਕ ਵੇਰ ਗੁਜਰਾਂਵਾਲੇ ਜ਼ਿਲ੍ਹੇ ਦਾ ਦੌਰਾ ਸੀ ਗੁਰੂ ਹਰੀ ਸਿੰਘ ਜੀ ਦਾ ੧੯੫੮ ਬਿਕਰਮੀ ਵਿੱਚ। ਏਮਨਾਬਾਦ ਵੈਸਾਖੀ ਦਾ ਮੇਲਾ ਸੀ। ਗੁਰੂ ਹਰੀ ਸਿੰਘ ਜੀ ਹੁਕਮ ਕੀਤਾ ਨਹੀਂ ਜਾਣਾ। ਸਾਹਿਬਜ਼ਾਦਾ ਪਰਤਾਪ ਸਿੰਘ ਤੇ ਨਿਹਾਲ ਸਿੰਘ ਹੋਰਾਂ ਹੁਕਮ ਦੀ ਪਾਲਣਾ ਕੀਤੀ। ਇਸ ਤੋਂ ਦੋ ਕੁ ਸਾਲ ਬਾਅਦ ਮੁਕਤਸਰ ਦੀ ਮਾਘੀ ਤੇ ਮਹਾਰਾਜਾ ਹੀਰਾ ਸਿੰਘ ਨਾਭਾ ਸਾਹਿਬਜ਼ਾਦਿਆਂ ਦੇ ਦਰਸ਼ਨਾਂ ਨੂੰ ਆਇਆ ਸੀ। ਉਹ ਕਿਸੇ ਸਮੇਂ ਸਤਿਗੁਰੂ ਰਾਮ ਸਿੰਘ ਜੀ ਦਾ ਸਿੱਖ ਸੀ। ਗੁਰਬਾਣੀ ਦਾ ਸ਼ੁੱਧ ਪਾਠ ਆਪ ਨੇ ਭਾਈ ਲਛਮਣ ਸਿੰਘ ਜਟਾਣਾ ਤੋਂ ਸਿੱਖਿਆ। ਤਾਊਸ ਪਟਿਆਲਾ ਦੇ ਰਾਗੀ ਭਾਈ ਮਸਤਾਨ ਸਿੰਘ ਤੋਂ ਸਿੱਖਿਆਂ। ਘੋੜਿਆਂ ਦੇ ਸ਼ੌਂਕ ਤੋਂ ਉਹਨਾਂ ਬਾਰੇ ਜਾਨਣ ਲਈ, ਅੰਗਰੇਜ਼ੀ, ਉਰਦੂ ਵੀ ਯਤਨ ਕਰਕੇ ਸਿੱਖ ਲਈ। ਵੈਦਿਕ ਦੇ ਨੁਸਖੇ ਭਾਈ ਮੋਹਨ ਸਿੰਘ ਵੈਦ ਤਰਨਤਾਰਨ, ਸੰਤ ਰਾਮ ਖੁੱਡੀ ਵਾਲੇ ਤੇ ਮੋਹਣਾ ਰਾਮ ਬਰਾੜੇ ਤੋਂ ਸਿੱਖੇ।

ਆਪਣੇ ਦੇਹਾਵਾਸਨ ਤੋਂ ਇਕ ਸਾਲ ਪਹਿਲਾਂ ਹੀ ਗੁਰੂ ਹਰੀ ਸਿੰਘ ਜੀ ਨੇ ਸਭ ਜ਼ਿੰਮੇਵਾਰ ਸਿੰਘਾਂ ਨੂੰ, ਸਾਹਿਬਜ਼ਾਦਾ ਪਰਤਾਪ ਸਿੰਘ ਤੋਂ ਪੁੱਛ ਕੇ ਹੀ ਕੰਮ ਕਰਨ ਲਈ ਕਿਹਾ। ੧੭ ਮਈ ੧੯੦੬ ਈ. ਨੂੰ ਸ੍ਰੀ ਭੈਣੀ ਸਾਹਿਬ ਵਿਖੇ ਗੁਰੂ ਹਰੀ ਸਿੰਘ ਜੀ ਨੇ ਪਿਛਲੇ ਪਹਿਰ ਦੇਹ ਤਿਆਗ ਦਿੱਤੀ। ਆਪ ਦੀ ਯਾਦ ਵਿੱਚ ਜੋੜ ਮੇਲਾ ੩ ਜੂਨ ੧੯੦੬ ਈ. ਨੂੰ, ਸ੍ਰੀ ਭੈਣੀ ਸਾਹਿਬ ਵਿਖੇ ਹਜ਼ਾਰਾਂ ਸੰਗਤਾਂ ਦੀ ਹਾਜ਼ਰੀ ਵਿੱਚ

ਹੋਇਆ। ਇਸ ਮੇਲੇ ਵਿੱਚ ਸਮੁੱਚੀ ਸੰਗਤ ਵਿੱਚ, ਨਾਮਧਾਰੀ ਪੰਥ ਦੀ ਗੁਰਗੱਦੀ ਤੇ ਸਤਿਗੁਰੂ ਪਰਤਾਪ ਸਿੰਘ ਜੀ ਸੁਸ਼ੋਭਿਤ ਹੋਏ। ਭਾਵੇਂ ਨਿਕਟਵਰਤੀ ਸਿੱਖਾਂ ਨੇ ਗੁਰੂ ਜੀ ਦੇ ਚਲਾਣੇ ਤੋਂ ਤੀਜੇ ਦਿਨ, ਉਹਨਾਂ ਨੂੰ ਗੱਦੀ ਸਾਹਿਬ ਵਾਲੇ ਚੁਬਾਰੇ ਵਿੱਚ ਗੁਰਤਾ ਦੀ ਦਸਤਾਰ ਬੰਨ੍ਹਾ ਦਿੱਤੀ ਸੀ।[5] ਇਸੇ ਸਾਲ ਮਾਨਾਂਵਾਲੇ ਦੇ ਹੋਲੇ ਮਹੱਲੇ ਤੇ ਗੁਰੂ ਹਰੀ ਸਿੰਘ ਜੀ ਦੇਹ ਢਿੱਲੀ ਹੋਣ ਕਾਰਨ ਨਾ ਜਾ ਸੱਕੇ, ਆਪਦੇ ਹੁਕਮ ਅਨੁਸਾਰ, ਮਹਾਰਾਜ ਪਰਤਾਪ ਸਿੰਘ ਜੀ ਨੇ ਉੱਥੇ ਦਰਸ਼ਨ ਦਿੱਤੇ।

੧੦ ਸਾਉਣ ਤੋਂ ਲੈ ਕੇ ੨੦ ਭਾਦਰੋਂ ਤੱਕ ਸਤਿਗੁਰੂ ਪਰਤਾਪ ਸਿੰਘ ਜੀ ਪੂਰੇ ਚਾਲੀ ਦਿਨ ਸਰਹਿੰਦ ਨਹਿਰ ਦੇ ਕੰਢੇ ਤੇ, ਗੁਰੂ ਹਰੀ ਸਿੰਘ ਜੀ ਦੇ ਸਮੇਂ ਤੋਂ ਆਬਾਦ ਡੇਰਾ ਨਹਿਰ ਵਾਲਾ ਵਿਖੇ, ਨਾਮ ਸਿਮਰਨ, ਕਥਾ ਕੀਰਤਨ ਅਤੇ ਗੁਰਬਾਣੀ ਦਾ ਪਾਠ ਕਰਦੇ। ਹੋਰ ਪੁਰਾਤਨ ਸਿੰਘ ਵੀ ਉੱਥੇ ਹੁੰਦੇ ਜਿਹਨਾਂ ਤੋਂ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਦੇ ਬਚਨ ਸੁਣੇ ਜਾਂਦੇ। ਇਸ ਤਰ੍ਹਾਂ ਤਕਰੀਬਨ ਅੱਧੀ ਰਾਤ ਨਾਲ ਜਾਗ ਕੇ, ਸਤਿਲੁਜ ਪੁੱਤਰੀ ਨਹਿਰ ਸਰਹਿੰਦ ਦੇ ਕੰਢੇ, ਆਪ ਇੱਕ ਅਲੌਕਿਕ ਵਾਯੂ ਮੰਡਲ ਸਿਰਜ ਦਿੰਦੇ। ਉੱਥੇ ਹੀ ਤੜਕੇ ਆਸਾ ਦੀ ਵਾਰ ਲੱਗਦੀ। ਉੱਥੇ ਹੀ ਪਿਛਲੇ ਪਹਿਰ ਦੇ ਦੀਵਾਨ। ਸਤਿਗੁਰੂ ਜੀ ਹਾਣੀਆਂ ਨਾਲ, ਸਰੀਰਕ ਬਲ ਲਈ ਕੁਸ਼ਤੀਆਂ, ਖੇਡਾਂ ਭੀ ਕਰਦੇ। ਨਹਿਰ ਵਿੱਚ ਸਿੱਧੇ ਰੁੱਖ ਤਾਰੀਆਂ ਵੀ ਲਾਉਂਦੇ। ਘੋੜ ਸੁਆਰੀ ਵੀ ਕਰਦੇ। ਕਦੇ ਕਦੇ ਆਪਣੇ ਖੇਤਾਂ ਵਿੱਚ ਹਲ ਵੀ ਚਲਾਉਂਦੇ। ਇਸ ਤਰ੍ਹਾਂ ਉਹ ਆਪਣੀਆਂ ਦੀਨੀ ਅਤੇ ਦੁਨਿਆਵੀ ਜ਼ਿੰਮੇਵਾਰੀਆਂ ਨੂੰ ਨਿਬਾਹੁਣ ਲੱਗ ਪਏ। ਪਿੰਡ ਚੱਕ ਕੂਕਿਆਂ ਦਾ (ਰਿਆਸਤ ਮਲੇਰਕੋਟਲਾ) ਤੋਂ ਆਪ ਦਾ ਹਮ ਉਮਰ, ਭਾਈ ਵਜ਼ੀਰ ਸਿੰਘ ਆਪ ਦੀ ਸੇਵਾ ਵਿੱਚ ਆ ਹਾਜ਼ਰ ਹੋਇਆ। ਉਸਨੂੰ ਹਜ਼ੂਰੀ ਸੇਵਕ ਹੋਣ ਦਾ ਮਾਣ ਪਰਾਪਤ ਹੋਇਆ ਤੇ ਉਮਰ ਭਰ ਉਹ ਸਤਿਗੁਰੂ ਜੀ ਦੇ ਪਾਸ ਸ਼ਰਧਾ ਭਗਤੀ ਦੇ ਨਾਲ, ਆਪ ਦੀ ਸੇਵਾ ਵਿੱਚ ਜੁੱਟੇ ਰਹੇ। ਬੇਸ਼ੱਕ ਪਹਿਲੀ ਉਮਰ ਵਿੱਚ ਆਪ ਦੇ ਲਾਂਗਰੀ ਕਿਰਪਾ ਸਿੰਘ, ਧਾਰਾ ਸਿੰਘ ਆਦਿਕ ਵੀ ਰਹੇ ਪਰੰਤੂ ਉਮਰ ਦੇ ਪਿਛਲੇ ਪੰਝੀ-ਛੱਬੀ ਵਰ੍ਹੇ ਪਿੰਡ ਪੱਦੀ ਖਾਲਸਾ (ਜਲੰਧਰ) ਦੇ ਭਾਈ ਰਤਨ ਸਿੰਘ ਜੀ ਨੇ ਨਾ ਸਿਰਫ ਲਾਂਗਰੀ ਦੀ ਸੇਵਾ ਹੀ ਨਿਬਾਹੀ, ਸਗੋਂ ਉਹ ਆਪ ਦੀ ਗੱਡੀ ਦੇ ਡਰਾਈਵਰ, ਨਿੱਜੀ ਸਕੱਤਰ ਆਦਿ ਸੇਵਾਵਾਂ ਵੀ ਇਕੋ ਸਮੇਂ, ਕੁਸ਼ਲਤਾ ਪੂਰਬਕ ਨਿਬਾਹੁੰਦੇ ਰਹੇ। ਇਹ ਚਾਲੀ ਦਿਨ ਦਾ ਜਪੁ ਪਰਯੋਗ ਜਿਸਨੂੰ ਚਾਲ੍ਹੀਆ ਵੀ ਕਿਹਾ ਜਾਂਦਾ ਸੀ, ਪਹਿਲਾਂ ਨਹਿਰ ਵਾਲੇ ਡੇਰੇ ਤੇ ਫਿਰ ਜਦੋਂ ਬੀੜ ਮਰਾਰਡੂ ਦੀ ਭੂਮੀ, ਮਹਾਰਾਜਾ ਰਿਪੁਦਮਨ ਸਿੰਘ ਦੇ ਘਰ ਪੁੱਤਰ ਟਿੱਕਾ ਪਰਤਾਪ ਸਿੰਘ, ਸਤਿਗੁਰੂ ਪਰਤਾਪ ਸਿੰਘ ਜੀ ਦੇ ਵਰ ਨਾਲ ਪੈਦਾ ਹੋਇਆ ਉਸ ਹੋਰ ਭੇਟਾਵਾਂ ਸਮੇਤ ਦਾਨ ਕੀਤੀ ਲੰਗਰ ਸ੍ਰੀ ਭੈਣੀ ਸਾਹਿਬ ਨੂੰ ਤਾਂ ਫਿਰ ਕਈ ਸਾਲ ਚਾਲ੍ਹੀਆ ਬੀੜ ਵਿੱਚ ਵੀ ਹੁੰਦਾ ਰਿਹਾ। ਇਹ ਬੀੜ ਆਦਿਕ ੧੯੨੧ ਈ. ਨੂੰ ਨਿਮਾਣੀ ਦੇ ਮੇਲੇ ਤੇ ਭੈਣੀ ਸਾਹਿਬ ਮਿਲਿਆ ਸੀ। ਇਸੇ ਸਾਲ ਬੀੜ ਵਿੱਚ ਪਹਿਲਾ ਚਾਲ੍ਹੀਆ ਸਤਿਗੁਰੂ ਜੀ ਨੇ

ਕੀਤਾ।[6] ਇੱਥੇ ਇਕ ਪਾਣੀ ਦਾ ਚੋਅ ਭੂਮੀ ਦੇ ਵਿਚਾਲੇ ਵਗਦਾ ਸੀ। ਇਹ ਬੀੜ ਰਮਣੀਕ ਜਗਹਾ ਸੀ। ਸਤਿਗੁਰੂ ਜੀ ਬੜੇ ਵੱਡੇ ਪਰਕਿਰਤੀ ਪ੍ਰੇਮੀ ਸਨ।

ਆਪ ਜੀ ਦੇ ਗੁਰੂ ਕਾਲ ਦਾ ਪਹਿਲਾ ਹੋਲਾ ੧੯੦੭ ਈ. ਵਿੱਚ ਨੁਸ਼ਹਿਰਾ (ਜ਼ਿਲ੍ਹਾ ਗੁਜਰਾਤ-ਪੱਛਮੀ ਪੰਜਾਬ) ਸੰਤ ਗੰਗਾ ਸਿੰਘ ਤੇ ਮਾਈ ਗੰਗੋ, ਅਰੋੜੇ ਦੰਪਤੀ ਨੇ ਕਰਵਾਇਆ। ਇਹ ਦੰਪਤੀ ਗੁਰੂ ਹਰੀ ਸਿੰਘ ਜੀ ਦੀ ਹਜ਼ੂਰੀ ਵਿੱਚ ਸ਼ਬਦ ਸੁਣਾਇਆ ਕਰਦੇ ਸਨ। ਸੰਨ ੧੯੦੯ ਈ. ਵਿੱਚ ਨਾਭਾ ਅਤੇ ਪਟਿਆਲਾ ਰਿਆਸਤਾਂ ਦੇ ਵਕੀਲ, ਸਤਿਗੁਰੂ ਜੀ ਪਾਸ ਭੈਣੀ ਸਾਹਿਬ ਆਏ ਕਿ ਵਾਇਸਰਾਇ ਦੀ ਕੌਂਸਲ ਵਿੱਚੋਂ ਅਨੰਦ ਮੈਰਿਜ ਐਕਟ ਪਾਸ ਕਰਵਾਉਣਾ ਹੈ, ਉਸ ਲਈ ਅਗਵਾਹੀਆਂ ਦੀ ਲੋੜ ਹੈ ਕਿ ਅਨੰਦ ਮਰਿਆਦਾ ਸਿੱਖਾਂ ਵਿੱਚ ਕਦੋਂ ਤੋਂ ਚੱਲ ਰਹੀ ਹੈ। ਸਤਿਗੁਰੂ ਪਰਤਾਪ ਸਿੰਘ ਜੀ ਨੇ ਆਪਣੇ ਦਸਤਖਤਾਂ ਨਾਲ ਲਿਖ ਦਿੱਤਾ ਕਿ ਅਸੀਂ ਪਿਛਲੇ ੪੫ ਸਾਲਾਂ ਤੋਂ ਸੰਨ ੧੯੬੩ ਈ. ਤੋਂ ਆਪਣੇ ਅਨੰਦ ਕਾਰਜ, ਅਨੰਦ ਮਰਿਆਦਾ ਅਨੁਸਾਰ ਹੀ ਕਰਦੇ ਆ ਰਹੇ ਹਾਂ। ਆਪ ਜੀ ਦੀ ਅਗਵਾਹੀ ਦੇ ਆਧਾਰ ਤੇ ਕੌਂਸਲ ਨੇ ਇਹ ਐਕਟ ਪਾਸ ਕਰ ਦਿੱਤਾ ਸੀ ਜਿਸ ਨਾਲ ਸਿੱਖਾਂ ਦੇ ਵਿਆਹਾਂ ਨੂੰ ਕਾਨੂੰਨੀ ਮਾਨਤਾ ਮਿਲ ਗਈ। ੧੯੦੯ ਈ. ਤੋਂ ੧੯੧੧ ਈ. ਤੱਕ ਚਾਰ ਹੋਲੇ ਕ੍ਰਮਵਾਰ ਫਿੱਲੋਕੇ (ਗੁਜਰਾਂਵਾਲਾ), ਗਿੱਲ ਬਾਰ (ਸ਼ੇਖੂਪੁਰਾ), ੪੫ ਚੱਕ (ਜ਼ਿਲ੍ਹਾ ਸਰਗੋਧਾ) ਅਤੇ ਲਾਹੌਰ ਸ਼ਹਿਰ ਵਿੱਚ ਇੱਕ ਤੋਂ ਇੱਕ ਚੜ੍ਹਦੇ ਹੋਏ। ਨਾਮਧਾਰੀ ਮਸਤਾਨੇ, ਧਮਾਲਾਂ ਪਾਉਂਦੇ। ਮਸਤੀ ਦਾ ਆਲਮ, ਚਹੁੰਆਂ ਕੂੰਟਾਂ ਵਿੱਚ ਗੂੰਜਦਾ। ਸਤਿਗੁਰੂ ਰਾਮ ਸਿੰਘ ਜੀ ਦੇ ਬ੍ਰਿਹੋਂ ਕੁੱਠੇ ਰਾਮ-ਵਿਓਗੀਆਂ ਦੇ ਸ਼ਬਦ, ਕਲੇਜਿਆਂ ਵਿੱਚ ਧੂਹਾਂ ਪਾਉਂਦੇ। ਸਮੇਂ ਦੇ ਪਰਸਿੱਧ ਨਾਮਧਾਰੀ ਸਾਧੂ ਸੰਤਾਂ ਵਿਚਾਲੇ ਘਿਰੇ, ਸਤਿਗੁਰੂ ਜੀ ਤਾਰਿਆਂ ਵਿੱਚ ਚੰਨ ਜਿਉਂ ਫੱਬਦੇ ਸਨ। ਸੰਨ ੧੯੧੨ ਦਾ ਹੋਲਾ ਮਹੱਲਾ, ਇਤਿਹਾਸਿਕ ਗੁਰੂ ਨਗਰੀ, ਅਨੰਦਪੁਰ ਸਾਹਿਬ ਵਿਖੇ ਮਨਾਇਆ ਗਿਆ। ਇਸ ਤੋਂ ਅਗਲੇ ਦੋ ਹੋਲੇ ਮਹੱਲੇ, ਕ੍ਰਮਵਾਰ ਮਾਂਗਾ ਜ਼ਿਲ੍ਹਾ ਲਾਹੌਰ ਦੇ ਸੰਤ ਸੰਮਾਂ ਸਿੰਘ ਹੋਰਾਂ ਦੇ ਖੂਹਾਂ ਤੇ ਅਤੇ ਫਿਰ ੧੯੧੪ ਈ. ਵਿੱਚ ਅਨੰਦ ਮਰਿਆਦਾ ਵਾਲੇ ਮੋਢੀ ਪਿੰਡ ਖੋਟੇ (ਫੀਰੋਜ਼ਪੁਰ) ਵਿਖੇ ਮਨਾਏ ਗਏ। ਸੰਨ ੧੯੧੫ ਈ. ਦਾ ਹੋਲਾ ਮਹੱਲਾ ਬਹੁਤ ਮਸ਼ਹੂਰ ਕੂਕੇ ਪਹਿਲਵਾਨ, ਫਤੇਹ ਸਿੰਘ ਦੇ ਮਾਝੇ ਦੇ ਮਸ਼ਹੂਰ ਪਿੰਡ, ਵਲਟੋਹੇ ਵਿੱਚ ਮਨਾਇਆ ਗਿਆ। ਇਹਨਾਂ ਹੋਲਿਆਂ ਮਹੱਲਿਆਂ ਵਿੱਚ ਸੰਤ ਜਿਊਣ ਸਿੰਘ ਸਰਹਾਲੀ, ਸੰਤ ਕੇਸਰ ਸਿੰਘ ਮੁਹਾਵੇ ਵਾਲੇ, ਸੰਤ ਕੇਸਰ ਸਿੰਘ ਜੀ ਚਵਿੰਡੇ ਵਾਲੇ, ਸੰਤ ਕੇਸਰ ਸਿੰਘ ਚੁੱਪ, ਸੰਤ ਮਿੱਤ ਸਿੰਘ ਜਿਊਣ ਭਿੰਡਰ, ਬਾਬਾ ਸਾਉਣ ਸਿੰਘ ਸੱਦੋਵਾਲ, ਸ੍ਰ. ਸੁੰਦਰ ਸਿੰਘ ਮਾਨਾਂਵਾਲਾ. ਸ੍ਰ. ਭਗਵਾਨ ਸਿੰਘ ਸੰਤਾਂ ਵਾਲੀ, ਸੰਤ ਸੁੰਦਰ ਸਿੰਘ ਪੂੰਗਾਂ ਵਾਲੇ, ਸੰਤ ਜਿਊਣ ਸਿੰਘ ਝੱਬਰ, ਜਵੰਦ ਸਿੰਘ ਜ਼ਿੰਦਾ ਸ਼ਹੀਦ, ਮਹੰਤ ਖੁਸ਼ਹਾਲ ਸਿੰਘ ਖਤਰਾ, ਸੰਤਾ ਸਿੰਘ ਘੁੱਕੇ ਵਾਲੀ, ਵੀਰ ਸਿੰਘ ਤੇ ਸੁਰਜਨ ਸਿੰਘ ਭੋਮਾ ਵਡਾਲਾ, ਸੰਤ ਭਗਤ ਸਿੰਘ ਦਾਤੇਵਾਲ, ਮੰਗਲ ਸਿੰਘ ਅਰਸ਼ੀ ਫਰਿਸ਼ਤਾ, ਭਾਈ ਹਰਨਾਮ ਸਿੰਘ ਰਾਗੀ ਚਵਿੰਡਾ, ਕਾਲੂ ਰਬਾਬੀ ਕੋਟਲੀ ਰਮਦਾਸ ਆਦਿ ਗੁਰੂ ਹਰੀ ਸਿੰਘ ਜੀ ਦੇ ਸਮੇਂ ਦੀ ਸੰਤ ਮੰਡਲੀ ਪੁੱਜਦੀ ਜਿਹਨਾਂ ਦੇ

ਡੇਰਿਆਂ ਦੇ ਆਸ ਪਾਸ ਸੰਗਤਾਂ ਦੀਆਂ ਵੱਡੀਆਂ ਭੀੜਾਂ, ਉਹਨਾਂ ਦੇ ਦਰਸ਼ਨ ਮੇਲਿਆਂ ਅਤੇ ਬਚਨ ਬਿਲਾਸ ਸੁਣਨ ਲਈ ਲੱਗੀਆਂ ਰਹਿੰਦੀਆਂ।[7]

ਸਤਿਗੁਰੂ ਪਰਤਾਪ ਸਿੰਘ ਜੀ ਦਾ ਅਨੰਦ ਕਾਰਜ, ਮਾਤਾ ਜਿਊਣ ਕੌਰ ਜੀ ਅਤੇ ਉਸ ਸਮੇਂ ਦੇ ਸਮੂੰਹ ਮੁਖੀ ਨਾਮਧਾਰੀ ਸਾਧੂ ਸੰਤਾਂ ਦੀ ਦੇਖ ਰੇਖ ਵਿੱਚ,੧੩ ਪੋਹ ੧੯੭੧ ਬਿਕਰਮੀ (੨੭ ਦਸੰਬਰ ੧੯੧੪ ਈ.) ਦਿਨ ਐਤਵਾਰ ਨੂੰ ਸੁਰਗਵਾਸੀ ਸ੍ਰ. ਸੁੰਦਰ ਸਿੰਘ ਸੋਹੂ ਅਤੇ ਮਾਤਾ ਰਾਮ ਕੌਰ ਦੀ ਪੁੱਤਰੀ ਬੀਬੀ ਵੀਰੋ ਜੀ ਨਾਲ ਪਿੰਡ ਗੁਰੂ ਸਰ (ਪੁਰਾਣਾ ਨਾਮ ਗੱਦਾਂ ਡੋਬ, ਜ਼ਿਲ੍ਹਾ ਫੀਰੋਜ਼ਪੁਰ) ਵਿਖੇ ਸੰਪੰਨ ਹੋਇਆ। ਅਨੰਦ ਕਾਰਜ ਤੋਂ ਬਾਅਦ ਬੀਬੀ ਵੀਰੋ ਜੀ ਦਾ ਨਾਮ ਭੂਪਿੰਦਰ ਕੌਰ ਕਰ ਦਿੱਤਾ ਗਿਆ ਸੀ। ਹਜ਼ਾਰਾਂ ਦੀ ਗਿਣਤੀ ਵਿੱਚ ਸੰਗਤਾਂ ਵੱਖ ਵੱਖ ਖੇਤਰਾਂ ਤੋਂ ਚੱਲ ਕੇ ਪੁੱਜੀਆਂ ਸਨ। ਸੰਤ ਕਰਮ ਸਿੰਘ ਹਿੰਮਤਪੁਰਾ, ਜਵੰਦ ਸਿੰਘ ਖਿਆਲਾ ਜ਼ਿੰਦਾ ਸ਼ਹੀਦ ਅਤੇ ਮੱਲ ਸਿੰਘ ਠੇਠਰ ਆਦਿ ਸੂਰਮੇ ਸਿੰਘਾਂ ਦੇ ਜਥਿਆਂ ਦੀ ਆਮਦ ਨਾਲ ਇਸ ਅਨੰਦ ਕਾਰਜ ਦੇ ਕੁਝ ਵਿਰੋਧੀ ਸੱਜਣ, ਨਰਮੀ ਫੜ ਕੇ, ਪਿੰਡ ਛੱਡ ਗਏ ਸਨ। ਭੈਣੀ ਸਾਹਿਬ ਆਉਣ ਤੇ ਸਾਰੀ ਸੰਗਤ ਅਤੇ ਨਗਰ ਨਿਵਾਸੀ ਮਾਤਾ ਜਿਊਣ ਕੌਰ ਜੀ ਨੂੰ ਵਧਾਈਆਂ ਦੇਣ ਆਏ। ਅਗਲੇ ਸਾਲ ਵਲਟੋਹੇ ਦੇ ਹੋਲੇ ਤੇ ਮਾਤਾ ਭੂਪਿੰਦਰ ਕੌਰ ਜੀ ਨੇ ਆਪਣੀ ਦਰਾਣੀ ਬੀਬੀ ਸਤਵੰਤ ਕੌਰ ਨਾਲ ਸੰਗਤਾਂ ਦੇ ਦਰਸ਼ਨ ਕੀਤੇ। ਯਾਦ ਰਹੇ ਕਿ ਮਹਾਰਾਜ ਨਿਹਾਲ ਸਿੰਘ ਜੀ ਦਾ ਅਨੰਦ ਕਾਰਜ ਸਤਿਗੁਰੂ ਜੀ ਤੋਂ ਪਹਿਲਾਂ ਅੱਸੂ ਦੇ ਮਹੀਨੇ ਲਾਹੌਰ ਵਿਖੇ ਹੋ ਗਿਆ ਸੀ। ਇਸ ਹੋਲੇ ਤੋਂ ਬਾਅਦ ਗਰਮੀਆਂ ਵਿੱਚ ਅੰਬਾਂ ਦੀ ਰੁੱਤੇ ਮਾਤਾ ਭੂਪਿੰਦਰ ਕੌਰ ਜੀ ਸਮੇਤ ਸਤਿਗੁਰੂ ਜੀ ਨੇ ਮੈਨ ਦੁਆਬ ਦਾ ਦੌਰਾ ਕੀਤਾ। ਸੰਨ ੧੯੧੬ ਈ. ਵਿੱਚ ਮੁਕਤਸਰ ਦਾ ਮਾਘੀ ਦਾ ਮੇਲਾ ਵੇਖ ਕੇ ਰਿਆਸਤ ਬਹਾਵਲਪੁਰ ਦਾ ਦੌਰਾ ਕੀਤਾ। ਜਿੱਥੇ ਜਿੱਥੇ ਵੀ ਪੁਰਾਣੇ ਸਿੱਖ ਸਾਧ ਸਨ, ਉਹਨਾਂ ਨੂੰ ਘਰੋ ਘਰੀ ਜਾ ਕੇ ਦਰਸ਼ਨ ਦਿੱਤੇ। ਸਖਤੀਆਂ ਦੇ ਵਾਤਾਵਰਨ ਵਿੱਚ ਝੰਬੀ ਨਾਮਧਾਰੀ ਸਿੱਖੀ ਨੂੰ ਸੁਰਜੀਤ ਕਰਨ ਲਈ, ਆਪ ਚੁਮਾਸੇ ਦੇ ਕੁਝ ਮਹੀਨਿਆਂ ਨੂੰ ਛੱਡ ਕੇ, ਬਾਕੀ ਸਾਰਾ ਵਰ੍ਹਾ, ਮਾਝਾ, ਮਾਲਵਾ, ਦੁਆਬਾ, ਮੈਨ ਦੁਆਬ, ਸਿਆਲਕੋਟ, ਦੜਪ, ਗੁਜਰਾਂਵਾਲਾ, ਲਾਇਲਪੁਰ, ਸ਼ੇਖੂਪੁਰਾ, ਸਰਗੋਧਾ, ਮਿੰਟਗੁਮਰੀ, ਪੋਠੋਹਾਰ, ਰਾਵਲਪਿੰਡੀ ਆਦਿ ਇਲਾਕਿਆਂ ਵਿੱਚ ਹਰ ਵਰ੍ਹੇ ਊਠਾਂ, ਘੋੜਿਆਂ ਅਤੇ ਗੱਡਿਆਂ ਉੱਪਰ, ਸੰਗਤ ਅਤੇ ਜ਼ਰੂਰੀ ਸਮਾਨ ਸਮੇਤ ਦੌਰਾ ਕਰਦੇ ਸਨ। ਰਾਗੀ, ਰਬਾਬੀ, ਕੀਰਤਨੀਏ, ਪਰਚਾਰਕ, ਸਾਧੂ ਸੰਤਾਂ ਸਮੇਤ ਇੱਕ ਸੌ ਦੇ ਲਗਪਗ ਸਰੀਰ ਆਪ ਦੇ ਇਸ ਦੌਰੇ ਵਿੱਚ ਸ਼ਾਮਲ ਹੁੰਦੇ। ਕਈ ਵੇਰ ਘੋੜੇ ਦੀ ਕਾਠੀ ਤੇ ਬੈਠ ਕੇ ੧੫੦-੧੫੦ ਕਿਲੋਮੀਟਰ ਫਾਸਲਾ ਵੀ ਆਪ ਨੂੰ ਤਹਿ ਕਰਨਾ ਪੈਂਦਾ। ਵਿਸ਼ੇਸ਼ ਕਰ ਉਨ੍ਹਾਂ ਇਲਾਕਿਆਂ ਵਿੱਚ ਜਿੱਥੇ ਨਾਮਧਾਰੀ ਸਿੱਖੀ ਦੂਰ ਦਰਾਜ਼ ਤੱਕ ਫੈਲੀ ਹੋਈ ਸੀ। ਇਸ ਤਰੀਕੇ ਨਾਲ ਨਾਮਧਾਰੀ ਭਾਈਚਾਰਾ ਫਿਰ ਪਰਫੁੱਲਤ ਹੋਣਾ ਸ਼ੁਰੂ ਹੋਇਆ ਅਤੇ ਬਹੁਤ ਸਾਰੇ ਨਵੇਂ ਲੋਕ ਦਾਰੂ ਮਾਸ ਦਾ ਤਿਆਗ ਕਰਕੇ, ਨਾਮ ਬਾਣੀ ਅਤੇ ਬਾਣੇ ਨਾਲ ਜੁੜਨ ਲੱਗ ਪਏ। ਇਹਨਾਂ ਸਮਿਆਂ ਵੱਚ ਹੀ ਸ਼ੇਖੂਪੁਰਾ ਬਾਰ ਦੇ ਇਲਾਕੇ ਵਿੱਚ ਸੰਤ ਆਲਾ ਸਿੰਘ ਵਰਨ ਤੀਹ ਪੈਂਤੀ

ਸਰੀਰਾਂ ਦਾ ਜਥਾ ਲੈ ਕੇ, ਪਿੰਡ ਪਿੰਡ ਨਾਮਧਾਰੀ ਦੀਵਾਨ ਸਜਾਉਂਦੇ, ਅਖੰਡ ਪਾਠ ਕਰਦੇ ਅਤੇ ਕੂਕਾ ਪੰਥ ਦਾ ਘੇਰਾ ਲਗਾਤਾਰ ਵਧਾ ਰਹੇ ਸਨ। ਇਹੋ ਜਿਹੇ ਹੋਰ ਬਹੁਤ ਸਾਰੇ ਸਾਧੂ ਪੰਜਾਬ ਦੇ ਵੱਖ ਵਖ ਇਲਾਕਿਆਂ ਵਿੱਚ ਆਪਣੇ ਜਥਿਆਂ ਸਮੇਤ ਘੁੰਮ ਫਿਰ ਕੇ, ਸਿੱਖੀ ਪਰਚਾਰ ਕਰਦੇ ਸਨ। ਮਾਲਵੇ ਵਿੱਚ ਸੰਤ ਕਰਮ ਸਿੰਘ ਜੀ ਹਿੰਮਤਪੁਰੀਏ ਜਥਾ ਫੇਰਦੇ ਸਨ।

ਇਸ ਸਮੇਂ ਨਾਮਧਾਰੀਆਂ ਦੇ ਹੋਲੇ ਮੇਲਿਆਂ ਅਤੇ ਹੋਰ ਸਮਾਗਮਾਂ ਤੇ ਅੰਗਰੇਜ਼ ਸਰਕਾਰ ਆਪਣੀ ਪੈਨੀ ਦ੍ਰਿਸ਼ਟੀ ਰੱਖਦੀ ਸੀ ਕਿ ਉਹ ਕਿਤੇ ਖੁੱਲ੍ਹਮ ਖੁੱਲ੍ਹਾ, ਸਰਕਾਰ ਵਿਰੋਧੀ ਸਰਗਰਮੀਆਂ ਤਾਂ ਨਹੀਂ ਚਲਾ ਰਹੇ। ੧੯੦੭ ਦੇ, ਪਗੜੀ ਸੰਭਾਲ ਜੱਟਾ ਅੰਦੋਲਨ ਵਾਲੇ, ਸ੍ਰ. ਅਜੀਤ ਸਿੰਘ ਅਤੇ ਉਸਦੇ ਭਰਾ ਕਿਸ਼ਨ ਸਿੰਘ ਦੇ ਪਰਿਵਾਰ ਨਾਲ ਸਤਿਗੁਰੂ ਪਰਤਾਪ ਸਿੰਘ ਜੀ ਦੇ ਚੰਗੇ ਸੰਬੰਧ ਸਨ। ਸ੍ਰ. ਕਿਸ਼ਨ ਸਿੰਘ ਦੇ ਪਿਤਾ ਅਰਜਨ ਸਿੰਘ ਦਾ ਭਾਈ ਸੁਰਜਨ ਸਿੰਘ ਖਟਕੜ ਕਲਾਂ, ਸਰਕਾਰੀ ਰੀਕਾਰਡ ਮੁਤਾਬਿਕ ਗੁਰੂ ਰਾਮ ਸਿੰਘ ਜੀ ਦੇ ਸਮੇਂ ਕੂਕਾ ਬਣ ਚੁੱਕਾ ਸੀ।[8] ਸੰਨ ੧੯੧੪ ਵਿੱਚ ਵਾਇਸਰਾਏ ਭਵਨ (ਹੁਣ ਦਾ ਰਾਸ਼ਟਰਪਤੀ ਭਵਨ) ਬਣਨਾ ਸ਼ੁਰੂ ਹੋਇਆ ਤਾਂ ਇਸ ਦੀ ਵਜ੍ਹਾ ਕਾਰਨ, ਗੁਰੂ ਤੇਗ ਬਹਾਦਰ ਸਾਹਿਬ ਦੇ ਧੜ ਦਾ ਸਸਕਾਰ ਕਰਨ ਵਾਲੀ ਥਾਂ ਤੇ ਬਣੇ ਗੁਰਦੁਆਰਾ ਰਕਾਬ ਗੰਜ ਦੀ ਕੰਧ, ਸਰਕਾਰ ਨੇ ਢਾਹ ਦਿੱਤੀ। ਇਸ ਤੇ ਪੰਜਾਬ ਵਿੱਚ ਮਾਹੌਲ ਅਸ਼ਾਂਤ ਹੋ ਗਿਆ। ਸਤਿਗੁਰੂ ਪਰਤਾਪ ਸਿੰਘ ਜੀ ਨੇ ਆਪਣੇ ਇੱਕ ਉੱਘੇ ਪਰਚਾਰਕ ਸੰਤ ਮੰਗਲ ਸਿੰਘ 'ਅਰਸ਼ੀ ਫਰਿਸ਼ਤਾ' ਨੂੰ ਇਸ ਪ੍ਰਥਾਇ ਲੱਗਣ ਵਾਲੇ ਮੋਰਚੇ ਵਿੱਚ, ਭਰਪੂਰ ਯੋਗਦਾਨ ਕਰਨ ਲਈ ਭੇਜਿਆ। ਮੋਰਚਾ ਸਫਲ ਹੋਇਆ। ਕੰਧ ਮੁੜ ਬਣ ਗਈ। ਇਸ ਬਾਰੇ ਪ੍ਰਸਿੱਧ ਅਕਾਲੀ ਆਗੂ ਮਾਸਟਰ ਤਾਰਾ ਸਿੰਘ ਜੀ ਦਾ ਕਥਨ ਹੈ–

"੧੯੧੪ ਵਿੱਚ ਬਾਬਾ ਪਰਤਾਪ ਸਿੰਘ ਜੀ ਨਾਲ ਮੇਰੀ ਪਹਿਲੀ ਵਾਕਫੀ ਹੋਈ, ਜਦੋਂ ਗੁਰਦੁਆਰਾ ਰਕਾਬ ਗੰਜ ਦੀ ਕੰਧ ਢੱਠੀ ਅਤੇ ਅਕਾਲੀ ਲਹਿਰ ਦਾ ਮੁੱਢ ਬੱਝਾ, ਅਸੀਂ ਮੈਂ ਤੇ ਤੇਜਾ ਸਿੰਘ ਜੀ ਸਮੁੰਦਰੀ ਬਾਬਾ ਜੀ ਦੀ ਸੇਵਾ ਵਿੱਚ ਹਾਜ਼ਰ ਹੋਏ। ਉਨ੍ਹਾਂ ਨਾਲ ਸਾਰੀ ਗੱਲਬਾਤ ਕੀਤੀ। ਉਨ੍ਹਾਂ ਨੇ ਉਸ ਸਮੇਂ ਸਾਰੀਆਂ ਸੰਗਤਾਂ ਦਾ ਲਾਹੌਰ ਵਿੱਚ ਇੱਕ ਅਜੇਹਾ ਇਕੱਠ ਕੀਤਾ, ਜਿਸ ਦੀ ਬੜੀ ਲੋੜ ਸੀ ਅਤੇ ਜਿਹੜਾ ਲਾਮਿਸਾਲ ਸੀ।"[9] ਇਹਨਾਂ ਸਮੂੰਹ ਕਾਰਵਾਈਆਂ ਦਾ ਨਤੀਜਾ ਸੀ ਕਿ ਪਹਿਲੀ ਜੰਗ ਦੇ ਖਾਤਮੇ ਬਾਅਦ ਇਹ ਕੰਧ ਮੁੜ ਉਸਾਰ ਦਿੱਤੀ ਗਈ।

ਪਹਿਲੀ ਆਲਮੀ ਜੰਗ ਸਮੇਂ, ਪੰਜਾਬ ਵਿੱਚੋਂ ਬ੍ਰਿਟਿਸ਼ ਸੈਨਾ ਲਈ ਹੋਈ ਭਰਤੀ ਦੀ ਨਫਰੀ, ਇੱਕ ਲੱਖ ਤੱਕ ਪਹੁੰਚ ਗਈ ਸੀ। ਪੰਜਾਬ ਨੂੰ ਸਾਮਰਾਜੀ ਹਕੂਮਤ, ਫੌਜੀ ਭਰਤੀ ਦਾ ਵਿਸ਼ੇਸ਼ ਖਿੱਤਾ ਸਮਝਦੀ ਸੀ। ਇਸ ਲਈ ਉਹ ਸਾਰੇ ਧਾਰਮਿਕ, ਸਮਾਜਿਕ ਅਤੇ ਕੁਝ ਸਿਆਸੀ ਅਦਾਰਿਆਂ ਨੂੰ ਵੀ ਸੈਨਿਕ ਭਰਤੀ ਦੇ ਹੱਕ ਵਿੱਚ ਭੁਗਤਣ ਲਈ ਤਿਆਰ ਕਰ ਲੈਂਦੇ ਸਨ। ਪਹਿਲੀ ਜੰਗ ਸਮੇਂ ਤਾਂ ਕਾਂਗਰਸ ਦੇ ਆਗੂ, ਮਹਾਤਮਾ ਗਾਂਧੀ ਨੇ ਵੀ ਭਰਤੀ ਮੁਹਿੰਮ ਦੀ ਇਹ ਸੋਚ ਕੇ ਹਮਾਇਤ ਕੀਤੀ ਕਿ ਸ਼ਾਇਦ ਜੰਗ

ਜਿੱਤਣ ਬਾਅਦ ਸਾਨੂੰ ਹੋਮ ਰੂਲ ਦੇ ਦੇਣ। ਪਰ ਮਿਲਿਆ ਰੌਲਟ ਐਕਟ ਅਤੇ ਜੱਲਿਆਂ ਵਾਲੇ ਦਾ ਹੱਤਿਆ ਕਾਂਡ। ਇਸ ਸੰਬੰਧ ਵਿੱਚ ਸਤਿਗੁਰੂ ਪਰਤਾਪ ਸਿੰਘ ਜੀ ਤੱਕ ਵੀ ਆਪਣੀ ਸੰਗਤ ਵਿੱਚੋਂ ਸੈਨਿਕ ਭਰਤੀ ਦੇਣ ਅਤੇ ਜੰਗ ਬਾਅਦ ਜਗੀਰਾਂ ਪਰਾਪਤ ਕਰਨ ਦੀ ਪੇਸ਼ਕਸ਼ ਆਈ। ਪਰੰਤੂ ਸਤਿਗੁਰੂ ਜੀ ਨੇ ਅੰਗਰੇਜ਼ ਸਰਕਾਰ ਨਾਲ ਮੁਕੰਮਲ ਨਾਮਿਲਵਰਤਨ ਦੀ ਨੀਤੀ ਤੇ ਚੱਲਦਿਆਂ ਭਰਤੀ ਮੁਹਿੰਮ ਵਿੱਚ ਮੱਦਦ ਦੇਣ ਤੋਂ ਸਾਫ ਇਨਕਾਰ ਕੀਤਾ। ਪਹਿਲਾਂ ੧੯੧੪ ਵਿਚ ਤੇ ਫਿਰ ੧੯੧੮-੧੯ ਵਿੱਚ ਦੋ ਵੇਰ ਡੀ. ਸੀ. ਲੁਧਿਆਣਾ ਦੇ ਆਪ ਪਾਸੋਂ ਭਰਤੀ ਵਿੱਚ ਸਹਿਯੋਗ ਮੰਗਣ ਦਾ ਵੇਰਵਾ, ਆਪ ਦੇ ਉਪਦੇਸ਼ ਵਿੱਚ ਦਰਜ ਹੈ-

ਦੂਜੀ ਵੇਰ ਫੇਰ ਡੀ. ਸੀ. ਐਥੇ ਮੇਰੇ ਪਾਸ ਆਇਐ ਅਠਾਰਾਂ ਯਾ ਉਨੀ (ਸੰਨ ੧੯੧੮-੧੯) 'ਚ- ਮੈਨੂੰ ਸੰਨ ਨਹੀਂ ਯਾਦ- ਨਿਮਾਣੀ ਦੇ ਮੇਲੇ 'ਚ ਤੁਸੀਂ ਫੌਜ 'ਚ ਭਰਤੀ ਦਿਉ। ਮੈਂ ਕਿਹਾ- ਅਸੀਂ ਫੌਜ 'ਚ ਕਿਸ ਤਰ੍ਹਾਂ ਭਰਤੀ ਦੇਈਏ, ਅਸੀਂ ਤੁਹਾਡਾ ਖਾਈਏ ਨਾ, ਪੀਏ ਨਾ, ਨਾ ਤੁਹਾਡੇ ਤੋਂ ਲਈਏ, ਨਾ ਦੇਈਏ, ਸਾਡਾ ਤੁਹਾਡਾ ਕੀ ਤਅੱਲਕ ਹੈ ਫੌਜੀ ਭਰਤੀ ਦੇਣ ਦਾ।[10]

ਇਸੇ ਸਮੇਂ ਗਦਰ ਪਾਰਟੀ ਲਹਿਰ ਵੀ ਭਾਰਤ ਵਿੱਚ ਸਰਗਰਮ ਰਹੀ। ਇਹ ੧੯੧੪ ਵਿੱਚ ਵਿਦੇਸ਼ਾਂ ਤੋਂ ਕਮਾਈਆਂ ਨੂੰ ਠੋਕਰ ਮਾਰ ਕੇ, ਕੈਨੇਡਾ ਤੋਂ ਕਾਮਾਗਾਟਾ ਮਾਰੂ ਜਹਾਜ਼ ਵਿੱਚ, ਹਥਿਆਰਬੰਦ ਇਨਕਲਾਬ ਲਈ, ਗੋਲੀ, ਸਿੱਕਾ, ਅਸਲਾ ਲੱਦ ਕੇ, ਦੇਸ਼ ਪਰਤੇ ਸਨ। ਬਜਬਜ ਘਾਟ ਕਲਕੱਤੇ ਤੇ ਗੋਲੀ ਚੱਲੀ। ਬਹੁਤ ਸ਼ਹੀਦ ਹੋਏ। ਜਹਾਜ਼ ਲਿਆਉਣ ਵਾਲੇ ਬਾਬਾ ਗੁਰਦਿੱਤ ਸਿੰਘ ਸਰਹਾਲੀ ਰੂਪੋਸ਼ ਹੋ ਗਏ। ਗ਼ਦਰ ਪਾਰਟੀ ਦਾ ਬਾਨੀ ਪਰਧਾਨ, ਬਾਬਾ ਸੋਹਣ ਸਿੰਘ ਭਕਨਾ, ਕਈ ਵਰ੍ਹੇ ਨਾਮਧਾਰੀ ਸਾਧੂਆਂ ਦੀ ਸੰਗਤ ਵਿੱਚ ਰਿਹਾ ਤੇ ਸ੍ਰੀ ਭੈਣੀ ਸਾਹਿਬ ਵੀ ਆਇਆ ਕਰਦਾ ਸੀ। ਗ਼ਦਰ ਪਾਰਟੀ ਵਿੱਚ ਸ਼ਹਾਦਤਾਂ ਕੁਰਬਾਨੀਆਂ ਦੇਣ ਵਾਲੇ ਮਾਝੇ, ਮਾਲਵੇ ਆਦਿ ਦੇ ਸੂਰਬੀਰ, ਕੂਕਿਆਂ ਦੇ ਪਿੰਡਾਂ ਨਾਲ ਸੰਬੰਧਿਤ ਸਨ। ਉਸ ਸਮੇਂ ਜਦੋਂ ਅਕਾਲ ਤਖਤ ਤੋਂ ਇਹ ਫਤਵੇ ਜਾਰੀ ਹੋ ਰਹੇ ਸਨ ਕਿ ਅਮਰੀਕਾ ਕੈਨੇਡਾ ਤੋਂ ਆਉਣ ਵਾਲੇ, ਇਹ ਕਾਮਾਗਾਟਾ ਮਾਰੂ ਵਾਲੇ ਸਿੱਖ ਨਹੀਂ। ਸਤਿਗੁਰੂ ਪਰਤਾਪ ਸਿੰਘ ਜੀ ਨੇ ਹੁਸ਼ਿਆਰਪੁਰ ਵਿਖੇ ਹੋਏ ਨਾਮਧਾਰੀਆਂ ਦੇ ਇਕ ਦੀਵਾਨ ਵਿੱਚ ਇਹ ਮਤਾ ਪਾਸ ਕਰਵਾਇਆ ਕਿ ਬਾਹਰੋਂ ਆਉਣ ਵਾਲੇ ਇਹ ਸੱਜਣ, ਸਿੱਖ ਹਨ ਅਤੇ ਸਾਨੂੰ ਉਹਨਾਂ ਨਾਲ ਪੂਰੀ ਹਮਦਰਦੀ ਹੈ।[11]

ਸਤਿਗੁਰੂ ਜੀ ਦੇ ਗੁਆਂਢੀ ਪਿੰਡ ਰਾਈਆਂ ਤੋਂ ਇੱਕ ਕੂਕੇ ਸਿੱਖ ਸੈਨਿਕ, ਹਜ਼ਾਰਾ ਸਿੰਘ ਦਾ ਗ਼ਦਰ ਲਹਿਰ ਵਿੱਚ ਕੋਰਟ ਮਾਰਸ਼ਲ ਹੋਇਆ ਤੇ ਉਹ ਮੇਰਠ ਜਿਹਲ ਵਿੱਚ ਫਾਂਸੀ ਲਾ ਕੇ ਸ਼ਹੀਦ ਕੀਤਾ ਗਿਆ ਸੀ।

ਜੱਲਿਆਂ ਵਾਲਾ ਬਾਗ ਦੇ ਸਾਕੇ ਬਾਅਦ, ਆਪਣੀ ਸਾਮਰਾਜ ਵਿਰੋਧੀ ਪਰੰਪਰਾ ਨੂੰ ਜਾਰੀ ਰੱਖਣ ਲਈ ਸਤਿਗੁਰੂ ਪਰਤਾਪ ਸਿੰਘ ਜੀ ਨੇ ਧਾਰਮਿਕ ਤੌਰ ਤੇ ਨਾਮਧਾਰੀ ਪੰਥ ਦੀ ਰਹਿਨੁਮਾਈ ਕਰਦਿਆਂ ਆਪਣਿਆਂ ਦੋਹਾਂ ਛੋਟੇ ਭਰਾਵਾਂ, ਮਹਾਰਾਜ ਨਿਹਾਲ

ਸਿੰਘ, ਮਹਾਰਾਜ ਗੁਰਦਿਆਲ ਸਿੰਘ, ਸੰਤ ਮੰਗਲ ਸਿੰਘ ਅਰਸ਼ੀ ਫਰਿਸ਼ਤਾ, ਸੰਤ ਨਿਧਾਨ ਸਿੰਘ ਆਲਿਮ, ਪੰਡਿਤ ਮਨਸਾ ਸਿੰਘ ਕੌਮੀ ਭਰਥਲਾ, ਜਥੇਦਾਰ ਮਿਹਰ ਸਿੰਘ ਸਿਆੜ੍ਹ, ਜੰਗ ਸਿੰਘ ਬਿਲਗਾ ਆਦਿ ਨੂੰ ਕਾਂਗਰਸ ਵਿੱਚ ਦੇਸ਼ ਆਜ਼ਾਦੀ ਲਈ ਕੰਮ ਕਰਨ ਦੀ ਹਦਾਇਤ ਕੀਤੀ। ਇਸ ਕੰਮ ਲਈ ਨਾਮਧਾਰੀ ਪੰਥ ਦੇ ਧਾਰਮਿਕ ਪਰਚਾਰ ਅਤੇ ਕੌਮੀ ਆਜ਼ਾਦੀ ਅੰਦੋਲਨ ਦੀ ਗੱਲ ਕਰਨ ਲਈ, ਸੰਨ ੧੯੨੦ ਈ. ਵਿੱਚ ਵਰਨ ਪਿੰਡ ਦੇ ਸਾਲਾਨਾ ਨਾਮਧਾਰੀ ਹੋਲੇ ਮਹੱਲੇ ਸਮੇਂ, ਲਾਹੌਰ ਤੋਂ ਸਤਿਜੁਗ ਹਫਤਾਵਾਰੀ ਅਖਬਾਰ, ਪੰਜਾਬੀ ਭਾਸ਼ਾ ਅਤੇ ਗੁਰਮੁਖੀ ਲਿਪੀ ਵਿੱਚ ਛਾਪਣਾ ਸ਼ੁਰੂ ਕੀਤਾ। ਹੋਰ ਕੁਝ ਸਮੇਂ ਤੱਕ ਸਤਿਜੁਗ ਆਪਣਾ ਇਕ ਸਦੀ ਦਾ ਸਫਰ ਪੂਰਾ ਕਰਨ ਵਾਲਾ ਹੈ। ਸੰਨ ੧੯੨੧ ਈ. ਦੇ ਮੁਕਤਸਰ ਦੇ ਹੋਲੇ ਮਹੱਲੇ ਸਮੇਂ ਸਤਿਗੁਰੂ ਜੀ ਨੇ ਆਪਣੇ ਧਾਰਮਿਕ ਅਤੇ ਰਾਜਸੀ ਕਾਰਜਕਰਮ ਲਈ ਨਾਮਧਾਰੀ ਦਰਬਾਰ ਦੀ ਸਥਾਪਨਾ ਕੀਤੀ ਅਤੇ ਆਪਣੇ ਸਮੇਂ ਵਿੱਚ ਹਰ ਜ਼ਿਲ੍ਹੇ ਜਾਂ ਰਿਆਸਤੀ ਇਲਾਕੇ ਅਤੇ ਭਾਰਤ ਦੇ ਦੂਰ ਦੁਰਾਡੇ ਸ਼ਹਿਰਾਂ ਲਈ ਜਿੱਥੇ ਨਾਮਧਾਰੀ ਸੰਗਤ ਰਹਿੰਦੀ ਸੀ, ਫਿਰ ਸੂਬਿਆਂ ਦੀ ਸਥਾਪਨਾ ਵੀ ਕੀਤੀ।

ਜਨਵਰੀ ੧੯੨੧ ਈ. ਵਿੱਚ ਹੀ ਮਲੇਰਕੋਟਲਾ ਦੇ ਨਾਮਧਾਰੀ ਸ਼ਹੀਦਾਂ ਦੀ ਯਾਦ ਵਿੱਚ ਦੁਆਬੇ ਦੇ ਮਸ਼ਹੂਰ ਪਿੰਡ ਮੁਠੱਡੇ ਵਿਖੇ ਤਕਰੀਬਨ ਅੱਧੀ ਸਦੀ ਬਾਅਦ ਹੋਈ, ਤਿੰਨ ਰੋਜਾ ਸ਼ਹੀਦੀ ਕਾਨਫਰੰਸ ਵਿਚ ਸਤਿਗੁਰੂ ਜੀ ਪੰਜਾਬ ਦੇ ਕੌਮੀ ਆਗੂਆਂ ਨਾਲ ਮੰਚਾਸੀਨ ਹੋਏ। ਇਸ ਵਿੱਚ ਸ਼ਹੀਦਾਂ ਨੂੰ ਸ਼ਰਧਾਂਜਲੀਆਂ ਤੋਂ ਇਲਾਵਾ ਸ੍ਰੀ ਭੈਣੀ ਸਾਹਿਬ ਗੁਰਦੁਆਰੇ ਦੇ ਬੂਹੇ ਅੱਗੋਂ, ਪੁਲੀਸ ਚੌਂਕੀ ਚੁੱਕੇ ਜਾਣ ਦੀ ਮੰਗ ਕੀਤੀ ਗਈ। ਇਸੇ ਆਸ਼ੇ ਦੀਆਂ ਦੋ ਹੋਰ ਕਾਨਫਰੰਸਾਂ ਅਗਲੇ ਸਮਿਆਂ ਵਿੱਚ ਸਿਆਹੜ (ਲੁਧਿਆਣਾ) ਤੇ ਹੁਸ਼ਿਆਰਪੁਰ ਵਿਖੇ ਹੋਈਆਂ। ਇਹਨਾਂ ਯਤਨਾਂ ਦੇ ਫਲ ਸਰੂਪ ਗੁਰਦੁਆਰੇ ਦੇ ਬੂਹੇ ਅੱਗੋਂ ੧੨ ਮਈ ੧੯੨੩ ਈ. ਨੂੰ ਪੁਲੀਸ ਚੌਂਕੀ ਉਠਾ ਲਈ ਗਈ।

ਸਤਿਗੁਰੂ ਜੀ ਦੇ ਗ੍ਰਿਹਸਤ ਜੀਵਨ ਦੇ ਮਿੱਠੇ ਫਲ ਵਜੋਂ ਮਾਤਾ ਭੂਪਿੰਦਰ ਕੌਰ ਜੀ ਦੇ ਉਦਰ ਥੀਂ ੨੨ ਨਵੰਬਰ ੧੯੨੦ ਈ. ਨੂੰ ਸਾਹਿਬਜ਼ਾਦਾ ਜਗਜੀਤ ਸਿੰਘ (ਬੇਅੰਤ ਜੀ) ਅਤੇ ੧੯ ਅਕਤੂਬਰ ੧੯੨੩ ਈ. ਨੂੰ ਬੀਰ ਸਿੰਘ ਜੀ (ਵੱਲਭ ਜੀ ਜਾਂ ਬੱਲੋ ਜੀ) ਦਾ ਜਨਮ ਹੋਇਆ। ਮਾਤਾ ਜਿਊਣ ਕੌਰ ਜੀ ਅਤੇ ਸਾਹਿਬਜ਼ਾਦਿਆਂ ਦੀ ਨਾਨੀ ਮਾਤਾ ਰਾਮ ਕੌਰ ਜੀ ਲਈ, ਇਹ ਖੁਸ਼ੀਆਂ ਕੋਈ ਚਿਰ ਸਥਾਈ ਨਹੀਂ ਸਨ। ਬੱਲ੍ਹੋ ਜੀ ਦੇ ਜਨਮ ਤੋਂ ਹੀ ਮਾਤਾ ਭੂਪਿੰਦਰ ਕੌਰ ਐਸੇ ਰੋਗ ਗ੍ਰਸਤ ਹੋਏ ਕਿ ਉਹ ੧੪ ਸਤੰਬਰ ੧੯੨੪ ਈ. ਨੂੰ ਅਕਾਲ ਚਲਾਣਾ ਕਰ ਗਏ। ਸਤਿਗੁਰੂ ਜੀ ਨੇ ਆਖਰੀ ਸਮੇਂ ਵਿੱਚ ਮਾਤਾ ਜੀ ਨੂੰ ਅਛੋਪਲੇ ਹੀ ਇਕ ਰਾਤ ਭੇਸ ਬਦਲ ਕੇ ਦਰਸ਼ਨ ਦਿੱਤੇ। ਉਹ ਇਹਨਾਂ ਦਿਨਾਂ ਵਿੱਚ ਗੜ੍ਹਦੀਵਾਲਾ (ਹੁਸ਼ਿਆਰਪੁਰ) ਅਗਿਆਤ ਵਾਸ ਵਿੱਚ ਰਹਿ ਕੇ ਜਪ ਪ੍ਰਯੋਗ ਕਰ ਰਹੇ ਸਨ। ਇਸ ਤੋਂ ਪਹਿਲਾਂ ੧੯੨੧ ਈ. ਮਾਘੀ ਤੋਂ ਬਾਅਦ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿੱਤ ਸਿੱਖ ਤੀਰਥ ਅਸਥਾਨ ਸੁਹੇਵਾ ਸਾਹਿਬ, (ਰਿ. ਬੀਕਾਨੇਰ, ਹੁਣ ਜ਼ਿਲ੍ਹਾ ਚੁਰੂ) ਵਿਖੇ ੧੧੧ ਅਖੰਡ ਪਾਠਾਂ ਦੇ ਭੋਗ

ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਲਗਾਤਾਰ ਉੱਥੇ ਰਹਿ ਕੇ ਪਾਏ ਗਏ। ਬਹੁਤ ਸਾਰੀ ਨਾਮਧਾਰੀ ਸੰਗਤ, ਸਾਧੂ ਸੰਤ ਉੱਥੇ ਪੁੱਜੇ। ਸਤਿਗੁਰੂ ਪਰਤਾਪ ਸਿੰਘ ਜੀ, ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਦੀ ਸਿੱਕ ਵਿੱਚ ਮੂੰਦੇ ਨੇਤਰ, ਘੱਟ ਬਚਨ ਬਿਲਾਸ, ਬਿਰਹੋਂ ਵਿਓਗੀਆਂ ਜਿਉਂ ਵਿਚਰਦੇ। ਉਂਜ ਆਪਣੇ ਹਿੱਸੇ ਦੀ ਪਾਠ ਦੀ ਰੌਲ ਵੀ ਲਾਉਂਦੇ, ਖੂਹ ਵਿੱਚੋਂ ਜਲ ਕੱਢਦੇ, ਚੱਕੀ ਪੀਂਹਦੇ ਅਤੇ ਜੰਗਲ ਵਿੱਚੋਂ ਬਾਲਣ ਲਿਆਉਂਦੇ। ਥੋੜ੍ਹਾ ਬਿਰਾਜਦੇ, ਥੋੜ੍ਹਾ ਹੀ ਛਕਦੇ।[12]

ਸਿੱਖ ਤਖਤਾਂ ਦੇ ਪੁਜਾਰੀ, ਸਰਬਰਾਹ, ਅੰਗਰੇਜ਼ ਸਰਕਾਰ ਦੇ ਥਾਪੇ ਹੁੰਦੇ ਸਨ। ਮਹੰਤ ਪੁਜਾਰੀ ਗੁਰਦੁਆਰਿਆਂ ਦੀ ਵਿਸ਼ਾਲ ਸੰਪਤੀ ਨੂੰ ਨਿਜੀ ਬਣਾਈ ਬੈਠੇ ਸਨ। ਉਹ ਸਿੱਖੀ ਆਚਰਣ ਤੋਂ ਵੀ ਕੋਹਾਂ ਦੂਰ ਸਨ, ਜਿਵੇਂ ਜਿਵੇਂ ਮੁਲਕ ਵਿੱਚ ਕੌਮੀ ਲਹਿਰਾਂ ਮਜ਼ਬੂਤ ਹੋ ਰਹੀਆਂ ਸਨ, ਸਿੱਖਾਂ ਵਿੱਚ ਵੀ ਗੁਰਦੁਆਰਾ ਪਰਬੰਧ ਨੂੰ ਪੰਥਕ ਮਾਲਕੀ ਵਿੱਚ ਲਿਆ ਕੇ, ਇਸ ਦੇ ਜਮਹੂਰੀ ਕਰਨ ਦਾ ਵਿਚਾਰ ਪਰਗਟ ਹੋਇਆ। ਸਿੰਘ ਸਭਾ ਲਹਿਰ ਅਤੇ ਚੀਫ ਖ਼ਾਲਸਾ ਦੀਵਾਨ ਆਦਿਕ ਸਿੱਖਾਂ ਦੀਆਂ ਮੁੱਢਲੀਆਂ ਸੰਸਥਾਵਾਂ, ਅੰਗਰੇਜ਼ ਸਰਕਾਰ ਦੇ ਪੱਖ ਵਿੱਚ ਭੁਗਤਦੀਆਂ ਸਨ। ਕੌਮੀ ਅੰਦੋਲਨ ਦੇ ਅਸਰ ਹੇਠ ੧੯੨੦ ਈ. ਵਿੱਚ ਸ਼ਿਰੋਮਣੀ ਅਕਾਲੀ ਦਲ ਦੀ ਸਥਾਪਨਾ ਹੋਈ। ਇਸ ਸਮੇਂ ਗੁਰਦੁਆਰਿਆਂ ਦੇ ਪਰਬੰਧ ਵਿੱਚ ਸੁਧਾਰ ਲਿਆਉਣ ਲਈ, ਇਕ ਸ਼ਿਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ ਦੀ ਸਥਾਪਨਾ ਵੀ ਅੰਮ੍ਰਿਤਸਰ ਵਿਖੇ ਕੀਤੀ ਗਈ। ਇਸ ਲਹਿਰ ਦਾ ਪਹਿਲਾ ਵੱਡਾ ਕਾਰਨਾਮਾ ਸਾਕਾ ਨਨਕਾਣਾ ਸਾਹਿਬ ੨੧ ਫਰਵਰੀ ੧੯੨੧ ਨੂੰ ਵਾਪਰਿਆ। ਇੱਥੇ ੧੩੦ ਸਿੰਘ ਗੁਰਦੁਆਰੇ ਤੇ ਕਾਬਜ ਮਹੰਤ ਨੇ ਸ਼ਹੀਦ ਕਰ ਦਿੱਤੇ ਜਿਹਨਾਂ ਵਿੱਚੋਂ ੧੩ ਨਾਮਧਾਰੀ ਸਿੰਘ ਵੀ ਸਨ।[13] ਯਾਦ ਰਹੇ ਕਿ ਇਸ ਸਾਕੇ ਤੋਂ ਪਹਿਲਾਂ ਕੱਤਕ ਪੁੰਨਿਆ ਦੇ ਮੇਲੇ ਸਮੇਂ, ਇਸੇ ਮਹੰਤ ਨਰਾਇਣ ਦਾਸ ਨੇ ਗੁਰਦੁਆਰਾ ਨਨਕਾਣਾ ਸਾਹਿਬ ਦੀਆਂ ਕੁੰਜੀਆਂ, ਨਾਮਧਾਰੀ ਧਰਮਸ਼ਾਲਾ ਨਨਕਾਣਾ ਸਾਹਿਬ ਵਿੱਚ, ਸਤਿਗੁਰੂ ਪਰਤਾਪ ਸਿੰਘ ਜੀ ਨੂੰ ਸਉਂਪਣੀਆਂ ਚਾਹੀਆਂ। ਆਪ ਨੇ ਇਹ ਕਹਿੰਦਿਆਂ ਵਾਪਸ ਕਰ ਦਿੱਤੀਆਂ ਕਿ ਮਹੰਤ ਜੀ ਜਿਹੜੇ ਸਿੰਘ ਇਹ ਚਾਬੀਆਂ ਮੰਗ ਰਹੇ ਹਨ ਉਹਨਾਂ ਦੇ ਹੀ ਹਵਾਲੇ ਕਰ ਦਿਉ। ਆਪ ਜੀ ਨਾਮਧਾਰੀ ਪੰਥ ਦੀ ਸੇਵਾ ਸੰਭਾਲ ਬਿਨਾਂ ਹੋਰ ਕੋਈ ਕਾਰਜ ਜ਼ਿੰਮੇ ਲੈਣ ਲਈ ਤਿਆਰ ਨਾ ਹੋਏ। "ਇਸ ਤਰ੍ਹਾਂ ਅਕਾਲੀ ਲਹਿਰ ਸਮੇਂ ਆਪ ਨੇ ਪ੍ਰਤੱਖ ਜਾਂ ਅਪ੍ਰਤੱਖ ਰੂਪ ਵਿੱਚ ਪੰਥ ਨਾਲ ਹੀ ਸਹਿਮਤੀ ਪ੍ਰਗਟਾਈ ਹੈ। ੧੯੧੯ ਤੋਂ ਹੀ ਆਪ ਇੰਡੀਅਨ ਨੈਸ਼ਨਲ ਕਾਂਗਰਸ ਅਤੇ ਹੋਰ ਰਾਜਨੀਤਿਕ ਦਲਾਂ ਜੋ ਆਜ਼ਾਦੀ ਦੇ ਸੰਗਰਾਮ ਲਈ ਤਤਪਰ ਸਨ, ਨਾਲ ਪੂਰੀ ਹਮਦਰਦੀ ਰੱਖਦੇ ਸਨ। ਜੇਕਰ ਸਮੇਂ-ਸਮੇਂ ਸਿਰ ਇੰਡੀਅਨ ਨੈਸ਼ਨਲ ਕਾਂਗਰਸ ਅਕਾਲੀ ਲਹਿਰ ਦਾ ਸਮਰਥਨ ਕਰ ਰਹੀ ਸੀ ਤਾਂ ਸਤਿਗੁਰੂ ਪਰਤਾਪ ਸਿੰਘ ਜੀ ਤੇ ਨਾਮਧਾਰੀ ਪੰਥ ਵੀ ਉਸ ਵਿੱਚ ਸ਼ਾਮਿਲ ਸੀ।

"ਜਦੋਂ ਜੈਤੋ ਦਾ ਮੋਰਚਾ ਆਪਣੇ ਪੂਰੇ ਜੋਬਨ ਵਿੱਚ ਚਲਾਇਆ ਜਾ ਰਿਹਾ ਸੀ ਅਤੇ ਸਮੁੱਚਾ ਪੰਥ ਜ਼ਾਲਮ ਨਾਜ਼ਮ ਨੂੰ 'ਗੁਰਦਿਆਲੂ' ਕਹਿ ਕੇ ਬੁਲਾਉਂਦਾ ਸੀ, ਤਾਂ

ਨਾਭਾ ਦੀ ਤਤਕਾਲਿਕ ਸਰਕਾਰ ਵਲੋਂ ਸਤਿਗੁਰੂ ਪਰਤਾਪ ਸਿੰਘ ਜੀ ਉਪਰ ਜ਼ੋਰ ਪਾਇਆ ਗਿਆ ਕਿ ਉਹ 'ਗੁਰਦਿਆਲੂ' ਨੂੰ ਇਕ ਵਾਰ ਗੁਰਦਿਆਲ ਸਿੰਘ ਕਹਿ ਦੇਣ। ਅਜਿਹਾ ਨਾ ਕਰਨ ਕਰਕੇ ਉਹਨਾਂ ਦੀ ਭਮਾਰਸੀ ਵਾਲੀ ਬੀੜ, ਉਹਨਾਂ ਕੋਲੋਂ ਵਾਪਸ ਲਈ ਜਾਏਗੀ ਤਾਂ ਸਤਿਗੁਰੂ ਪਰਤਾਪ ਸਿੰਘ ਜੀ ਨੇ ਨਿਰਭੈ ਹੋ ਕੇ ਉਤਰ ਦਿੱਤਾ ਸੀ ਕਿ ਸਾਡੇ ਕੋਲ ਬੀੜ ਰਹੇ ਨਾ ਰਹੇ ਅਸੀਂ ਉਸਨੂੰ 'ਗੁਰਦਿਆਲੂ' ਹੀ ਕਹਾਂਗੇ ਤੇ ਸਮੁੱਚੇ ਸਿੱਖ ਪੰਥ ਦੇ ਹਿਤਾਂ ਨਾਲੋਂ ਨਾਤਾ ਤੋੜ ਨਹੀਂ ਸਕਦੇ।

(ਯਾਦ ਰਹੇ ਕਿ ਇਸ ਗੁਰਦਿਆਲ ਸਿੰਘ ਨੇ ਮਹਾਰਾਜਾ ਨਾਭਾ ਰਿਪੁਦਮਨ ਸਿੰਘ ਨੂੰ ਮੁੜ ਰਾਜ ਦੁਆਉਣ ਲਈ ਜੈਤੋ ਵਿਖੇ ਖੋਹਲੇ ਅਖੰਡ ਪਾਠ ਨੂੰ, ਪਾਠੀ ਸਿੰਘ ਨੂੰ ਗਰਿਫਤਾਰ ਕਰਕੇ, ਖੰਡਿਤ ਕੀਤਾ ਸੀ ਜਿਸ ਕਾਰਨ ਜੈਤੋ ਦਾ ਮੋਰਚਾ ਭਖਿਆ ਸੀ)

"ਬੱਬਰ ਅਕਾਲੀ ਲਹਿਰ ਜੋ ਅਕਾਲੀ ਲਹਿਰ ਦੇ ਮੁਖਬਰਾਂ ਅਤੇ ਗ਼ਦਾਰਾਂ ਨੂੰ ਸੋਧਣ ਲਈ, ਹੋਂਦ ਵਿੱਚ ਆਈ ਸੀ, ਦੇ ਬਹੁਤ ਸਾਰੇ ਬੱਬਰ ਆਪਣੇ ਗੁਪਤ ਵਾਸ ਦੇ ਸਮੇਂ, ਸ੍ਰੀ ਭੈਣੀ ਸਾਹਿਬ ਵਿਖੇ ਸ਼ਰਨ ਲੈਂਦੇ ਰਹੇ।

"ਸੰਨ ੧੯੬੨ ਈ. ਨੂੰ ਪ੍ਰਸਿੱਧ ਬੱਬਰ ਅਕਾਲੀ ਨੇਤਾ ਰਤਨ ਸਿੰਘ ਰੱਕੜਾਂ ਨੂੰ ਸ੍ਰੀ ਭੈਣੀ ਸਾਹਿਬ ਵਿਚੋਂ ਪੁਲੀਸ ਦੀ ਭਾਰੀ ਨਫਰੀ ਦੇ ਘੇਰੇ ਵਿੱਚੋਂ ਡੇਰਾ ਸ੍ਰੀ ਭੈਣੀ ਸਾਹਿਬ ਦੇ ਜਥੇਦਾਰ ਗੁਰਮੁਖ ਸਿੰਘ ਝੱਬਰ ਨੇ ਸੁਰੱਖਿਅਤ ਲੰਘਾ ਦਿੱਤਾ।"[14] ਇਸ ਤੇ ਲਾਟ ਪੰਜਾਬ ਨੇ ਸਤਿਗੁਰੂ ਜੀ ਨੂੰ ਚੇਤਾਵਨੀ ਦਿੱਤੀ ਕਿ ਆਂਇਦਾ ਕਿਸੇ ਭਗੌੜੇ ਨੂੰ ਪਨਾਹ ਨਾ ਦੇਣੀ। ਪਰ ਆਪ ਨੇ ਬੜੇ ਠਰੰਮੇ ਨਾਲ ਜੁਆਬ ਦਿੱਤਾ ਕਿ ਸਾਹਿਬ ਕਿਸੇ ਦੇ ਮੱਥੇ ਤੇ ਉਸਦਾ ਭਗੌੜਾ ਹੋਣ ਲਿਖਿਆ ਨਹੀਂ ਹੁੰਦਾ। ਅਸੀਂ ਇੱਕ ਵੇਰ ਤਾਂ ਹਰ ਆਉਣ ਵਾਲੇ ਨੂੰ ਬਿਨਾਂ ਸਾਧ ਚੋਰ ਦੀ ਪਰਖ ਤੋਂ, ਸਤਿਗੁਰੂ ਰਾਮ ਸਿੰਘ ਜੀ ਦੇ ਲੰਗਰ ਵਿੱਚੋਂ, ਪਰਸ਼ਾਦ ਪਾਣੀ ਛਕਣ ਤੋਂ ਨਹੀਂ ਰੋਕ ਸਕਦੇ। ਅੱਗੋਂ ਉਹ ਜਾਣੇ ਉਸਦਾ ਕੰਮ। ਜੈਤੋ ਅਤੇ ਗੁਰੂ ਕਾ ਬਾਗ ਦੇ ਮੋਰਚਿਆਂ ਵਿੱਚ ਜਾਣ ਵਾਲੇ ਅਨੇਕ ਨਾਮਧਾਰੀ ਸਿੰਘਾਂ ਦੇ ਨਾਮ ਮਿਲਦੇ ਹਨ।

ਪ੍ਰਸਿੱਧ ਸਿੱਖ ਇਤਿਹਾਸਕਾਰ ਗਿਆਨੀ ਗਿਆਨ ਸਿੰਘ, ਕਰਤਾ ਪੰਥ ਪ੍ਰਕਾਸ਼ ਆਦਿਕ, ਆਪਣੇ ਅੰਤਿਮ ਸਮੇਂ, ਅਣਗੌਲੀ ਹਾਲਤ ਵਿੱਚ ਨਾਭਾ ਵਿਖੇ ਨਿਵਾਸ ਰੱਖਦੇ ਸਨ। ਉਹਨਾਂ ਦੀ ਉਮਰ ਹੁਣ ਇਕ ਸਦੀ ਨੂੰ ਢੁੱਕਣ ਵਾਲੀ ਸੀ। ਆਪਣੇ ਇੱਕ ਵਿਦਵਾਨ ਸਿੱਖ ਇੰਦਰ ਸਿੰਘ ਚੱਕਰਵਰਤੀ ਜੀ ਨੂੰ ਨਾਭੇ ਭੇਜ ਕੇ, ਸਤਿਗੁਰੂ ਜੀ ਨੇ ਗਿਆਨੀ ਜੀ ਨੂੰ ਰੇਸ਼ਮੀ ਦਸਤਾਰ, ਇਕੋਤਰ ਸੌ ਰੁਪੈ, ਪਊਏ, ਗੜਵਾ, ਮਾਲਾ ਆਦਿ ਨਾਲ ਉਹਨਾਂ ਦੀਆਂ ਸਿੱਖ ਇਤਿਹਾਸ ਨੂੰ ਸੰਭਾਲਣ ਲਈ ਕੀਤੀਆਂ ਕਾਰਵਾਈਆਂ ਸਦਕਾ ਸਨਮਾਨਿਤ ਕੀਤਾ। ਗਿਆਨੀ ਜੀ ਨੇ ਕਿਹਾ ਸੀ- ਹੁਣ ਮੇਰਾ ਮਰਨਾ ਸੁਖਾਲਾ ਹੋ ਜਾਏਗਾ।[15]

ਨਾਮਧਾਰੀ ਪੰਥ ਦੀ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਤੋਂ ਹੀ ਇਹ ਰਵਾਇਤ ਚੱਲੀ ਆਉਂਦੀ ਸੀ ਕਿ ਸਤਿਗੁਰੂ ਜੀ ਦੇ ਦਰਬਾਰ ਵਿੱਚ, ਉਹ ਮਾਈ, ਭਾਈ ਆਪਣੇ

ਆਪ ਖੜ੍ਹੇ ਹੋ ਕੇ, ਆਪਣੇ ਦੁਆਰਾ ਜਾਣੇ ਅਨਜਾਣੇ ਵਿੱਚ ਕੀਤੇ ਬੱਜਰ ਗੁਨਾਹਾਂ ਦੀ ਤਲਾਫੀ ਕਰ ਲਿਆ ਕਰਦੇ ਸਨ। ਇਸੇ ਤਰਜ਼ ਤੇ ਚੱਲਦਿਆਂ, ਬਹੁਤ ਸਾਰੇ ਨਾਮਧਾਰੀ ਸਤਿਗੁਰੂ ਪਰਤਾਪ ਸਿੰਘ ਜੀ ਤੋਂ ਬਖਸ਼ਬੰਦੀ ਕਰਵਾਉਂਦੇ। ਇਕ ਪੁਰਾਤਨ ਸਮੇਂ ਦੀ ਮਾਈ ਦਾਨੀ ਚੰਬੇ ਵਾਲੀ, ਅੰਮ੍ਰਿਤਸਰ ਜ਼ਿਲ੍ਹੇ ਦੇ ਇੱਕ ਦੌਰੇ ਸਮੇਂ ਆਪ ਦੇ ਸਾਹਵੇਂ ਪੇਸ਼ ਹੋ ਕੇ ਕਹਿਣ ਲੱਗੀ- ਬਹੁਤ ਪਹਿਲਾਂ ਉਸ ਆਪਣੀ ਇੱਕ ਕੁੜੀ ਜੰਮਦੀ ਮਾਰੀ ਸੀ। ਹੁਣ ਡਰ ਲੱਗਦਾ ਹੈ। ਸਤਿਗੁਰੂ ਜੀ ਨੇ ਉਸ ਦੇ ਦੋਸ਼ ਮੰਨਣ ਦੀ ਪਰਸੰਸਾ ਕਰਦਿਆਂ ਕਿਹਾ ਕਿ ਪਸ਼ਚਾਤਾਪ ਸੱਚੇ ਮਨੋਂ ਕਰਨ ਨਾਲ ਪਾਪ ਧੁਪ ਜਾਂਦੇ ਹਨ। ਜ਼ਿਲ੍ਹੇ ਦਾ ਪੁਲੀਸ ਕਪਤਾਨ ਡੋਨਾਲਡ ਵੀ ਉਸੇ ਦੀਵਾਨ ਵਿੱਚ ਮੌਜੂਦ ਸੀ। ਉਸ ਸਤਿਗੁਰੂ ਜੀ ਪਾਸ ਹੈਰਾਨੀ ਪਰਗਟ ਕੀਤੀ ਕਿ ਸਾਨੂੰ ਲੋਕ ਪੁੱਛਣ ਤੇ ਵੀ ਆਪਣੇ ਜ਼ੁਰਮਾਂ ਬਾਰੇ ਨਹੀਂ ਦੱਸਦੇ। ਤੁਹਾਡੇ ਕੋਲ ਕੀ ਜਾਦੂ ਹੈ, ਤੁਹਾਨੂੰ ਆਪਣੇ ਆਪ ਆ ਦੱਸਦੇ ਹਨ। ਸਤਿਗੁਰੂ ਜੀ ਨੇ ਕਿਹਾ- ਅਸੀਂ ਸੱਚ ਬੋਲਣ ਵਾਲੇ ਨੂੰ ਮਾਫ ਕਰ ਦਿੰਦੇ ਹਾਂ ਅਤੇ ਝੂਠ ਬੋਲਣ ਵਾਲੇ ਨੂੰ ਡੰਨਦੇ ਹਾਂ, ਤੁਸੀਂ ਸੱਚ ਬੋਲਣ ਵਾਲੇ ਨੂੰ ਸਜ਼ਾ ਦਿੰਦੇ ਹੋ।"[16]

ਸਾਰੇ ਸਾਲ ਵਿੱਚ ਪਰਚਾਰ ਦੌਰੇ ਅਤੇ ਮੇਲਿਆਂ ਦਾ ਕਾਰਜ ਕਰਮ ਪਹਿਲੋਂ ਮਿਥਿਆ ਜਾਂਦਾ ਸੀ। ਨਾਮਧਾਰੀ ਸ਼ਹੀਦਾਂ ਦੇ ਮੇਲੇ ਉਹਨਾਂ ਹੀ ਦਿਨਾਂ ਤੇ ਜਿੱਥੇ ਸਤਿਗੁਰੂ ਜੀ ਹੁੰਦੇ ਮਨਾਏ ਜਾਂਦੇ। ਬਸੰਤ ਦਾ ਮੇਲਾ ਆਮ ਤੌਰ ਤੇ ਸ੍ਰੀ ਭੈਣੀ ਸਾਹਿਬ ਹੀ ਮਨਾਇਆ ਜਾਂਦਾ। ਹੋਲੇ ਮਹੱਲੇ ਆਪ ਦੇ ਸਮੇਂ ੧੯੪੭ ਤੱਕ ਸਾਂਝੇ ਪੰਜਾਬ ਦੇ ਵੱਖ ਵੱਖ ਪਿੰਡਾਂ ਸ਼ਹਿਰਾਂ ਵਿੱਚ ਹੋਏ। ਆਰਥਿਕ ਮੰਦਵਾੜੇ ਕਾਰਨ ਜਦੋਂ ਇੱਕ ਪਿੰਡ ਲਈ ਹੋਲਾ ਕਰਨਾ ਸੰਭਵ ਨਾ ਰਿਹਾ ਤਾਂ ਸਮੁੱਚੇ ਪੰਥ ਦੇ ਸਹਿਯੋਗ ਨਾਲ, ੧੯੩੨ ਤੋਂ ੧੯੩੬ ਤੱਕ ਲਗਾਤਾਰ ਪੰਜ ਹੋਲੇ ਮਹੱਲੇ ਸ੍ਰੀ ਭੈਣੀ ਸਾਹਿਬ ਵਿਖੇ ਹੀ ਹੋਏ। ਇਸੇ ਤਰ੍ਹਾਂ ਦੂਜੇ ਵਿਸ਼ਵ ਯੁੱਧ ਦੇ ਸਮੇਂ, ਸੰਭਾਵਿਤ ਹਿਲਜੁਲ ਨੂੰ ਧਿਆਨ ਵਿੱਚ ਰੱਖਦਿਆਂ, ੧੯੪੦-੪੪ ਈ. ਤੱਕ ਫਿਰ ਪੰਜ ਹੋਲੇ ਵੀ ਸ੍ਰੀ ਭੈਣੀ ਸਾਹਿਬ ਵਿਖੇ ਹੀ ਹੋਏ। ਮਾਘੀ ਦਾ ਮੇਲਾ ਮੁਕਤਸਰ ਜਾਂ ਕਦੇ ਕਦੇ ਗਿੱਲ (ਸਿਆਲਕੋਟ) ਵਿਖੇ ਮਨਾਉਂਦੇ। ਨਮਾਣੀ ਦਾ ਮੇਲਾ ੧੯੨੭ ਈ. ਤੱਕ ਸ੍ਰੀ ਭੈਣੀ ਸਾਹਿਬ ਜੀ ਮਨਾਇਆ ਜਾਂਦਾ ਸੀ। ਫਿਰ ਇਸਨੂੰ ਭਾਦਰੋਂ ਅੱਸੂ ਵਾਲੇ ਜਪ ਪ੍ਰਯੋਗ ਦੇ ਮੇਲੇ ਵਿੱਚ, ਗਰਮੀ ਦੇ ਮੌਸਮ ਕਾਰਨ ਰੂਪਾਂਤਰਿਤ ਕਰ ਦਿੱਤਾ। ਭਾਦਰੋਂ ਦੀ ਮੱਸਿਆ ਤੇ ਤਰਨਤਾਰਨ ਅਤੇ ਚੇਤਰ ਚੌਦਸ ਤੇ ਵੱਡ ਤੀਰਥ, ਹਰੀਪੁਰਾ (ਨੇੜੇ ਅਬੋਹਰ-ਫੀਰੋਜ਼ਪੁਰ) ਦਰਸ਼ਨ ਦਿੰਦੇ ਸਨ। ਦੁਸਹਿਰੇ ਦੇ ਪੁਰਬ ਤੇ ਗੁਜਰਾਂਵਾਲਾ ਸ਼ਹਿਰ ਅਤੇ ਕੱਤਕ ਪੂਰਨਮਾਸ਼ੀ ਦਾ ਮੇਲਾ ਨਨਕਾਣਾ ਸਾਹਿਬ ਵਿਖੇ ਮਨਾਇਆ ਜਾਂਦਾ। ਇਹਨਾਂ ਮੇਲਿਆਂ ਤੋਂ ਬਾਅਦ ਨਾਲ ਲੱਗਦੇ ਇਲਾਕਿਆਂ ਦਾ ਦੌਰਾ ਕਰਦੇ। ਰਾਗੀ, ਰਬਾਬੀ, ਕੀਰਤਨੀਏ, ਜਥੇਦਾਰ, ਪਰਚਾਰਕ ਨਾਲ ਹੁੰਦੇ। ਗੁਰਮਤਿ ਵਿਚਾਰ ਚਰਚਾ, ਸਤਿਗੁਰੂ ਰਾਮ ਸਿੰਘ ਜੀ ਦੇ ਵਿਚਾਰਾਂ ਅਨੁਕੂਲ, ਉੱਚੀ ਸੁੱਚੀ, ਰਹਿਣੀ ਬਹਿਣੀ ਦਾ ਪਰਚਾਰ ਕਰਦੇ। ਸਤਿਗੁਰੂ ਜੀ ਦੇ ਦੇਸ਼ ਦੀ ਬੰਦ ਖਲਾਸੀ ਲਈ ਕੀਤੇ ਉਪਕਾਰਾਂ ਦੀ ਚਰਚਾ ਕਰਕੇ, ਆਜ਼ਾਦੀ ਸੰਗਰਾਮ ਵਿੱਚ ਜੂਝਣ ਵਾਲੀਆਂ ਤਾਕਤਾਂ ਦੀ ਹੌਸਲਾ ਅਫਜ਼ਾਈ ਵੀ ਕਰਦੇ।[17]

ਸੰਨ ੧੯੨੫ ਵਿਚ ਕਾਂਗਰਸ ਨੇ ਲਾਹੌਰ ਦੇ ਬਰਡੈਲਾ ਹਾਲ ਵਿਖੇ, ਆਪਣਾ ਦਫਤਰ ਬਣਾ ਲਿਆ ਤਾਂ, ਮਹਾਰਾਜ ਨਿਹਾਲ ਸਿੰਘ ਤੇ ਮਹਾਰਾਜ ਗੁਰਦਿਆਲ ਸਿੰਘ ਨੇ ਬਹੁਤ ਸਾਰੇ ਨਾਮਧਾਰੀਆਂ ਨਾਲ ਰਲ ਕੇ, ਕਾਂਗਰਸ ਸਰਗਰਮੀਆਂ ਵਿੱਚ ਭਰਪੂਰ ਸ਼ਿਰਕਤ ਕੀਤੀ। ਸਤਿਗੁਰੂ ਪਰਤਾਪ ਸਿੰਘ ਜੀ ਆਪਣੇ ਸਿੰਘਾਂ ਨੂੰ ਕਾਂਗਰਸ ਨਾਲ ਮਿਲ ਕੇ ਕੰਮ ਕਰਨ ਲਈ ਇਸ ਸ਼ਰਤ ਤੇ ਪਰੇਰਦੇ ਸਨ ਕਿ ਉਹ ਆਪਣੀ ਨਾਮਧਾਰੀ ਰਹਿਤ ਮਰਿਆਦਾ ਵਿੱਚ ਵੀ ਕੋਈ ਢਿੱਲ ਨਾ ਆਉਣ ਦੇਣ। ਪੰਜਾਬ ਵਿੱਚ ੧੯੦੭ ਤੋਂ ਕਿਸਾਨ ਲਹਿਰ, ਗ਼ਦਰ ਪਾਰਟੀ ਲਹਿਰ, ਜੱਲਿਆਂ ਵਾਲਾ ਬਾਗ ਦਾ ਸਾਕਾ ਅਤੇ ਮਾਰਸ਼ਲ ਲਾ ਦੀਆਂ ਘਟਨਾਵਾਂ, ਅਕਾਲੀ ਮੋਰਚੇ, ਬੱਬਰ ਅਕਾਲੀ ਲਹਿਰ, ਕਿਰਤੀ ਪਾਰਟੀ, ਨੌਜੁਆਨ ਭਾਰਤ ਸਭਾ ਅਤੇ ਖੱਬੇ ਵਿਚਾਰਾਂ ਦਾ ਪਰਭਾਵ ਸੀ ਕਿ ੧੯੨੯ ਈ. ਦੇ ਲਾਹੌਰ ਦੇ ਕੁਲ ਹਿੰਦ ਕਾਂਗਰਸ ਸੰਮੇਲਨ ਵਿੱਚ ਪੂਰਨ ਆਜ਼ਾਦੀ ਦਾ ਮਤਾ, ਪਹਿਲੀ ਵੇਰ ਪਾਸ ਹੋਇਆ। ਮਹਾਰਾਜ ਗੁਰਦਿਆਲ ਸਿੰਘ ਤਾਂ ੧੯੨੯ ਈ. ਦੇ ਅਗਸਤ ਮਹੀਨੇ ਅਕਾਲ ਚਲਾਣਾ ਕਰ ਗਏ ਸਨ। ਸਤਿਗੁਰੂ ਪਰਤਾਪ ਸਿੰਘ ਜੀ ਦੀ ਹਦਾਇਤ ਤੇ ਮਹਾਰਾਜ ਨਿਹਾਲ ਸਿੰਘ ਜੀ ਦੀ ਅਗੁਆਈ ਹੇਠ, ਸੈਂਕੜੇ ਨਾਮਧਾਰੀ ਇਸ ਇਤਿਹਾਸਿਕ ਸੰਮੇਲਨ ਵਿੱਚ ਸ਼ਾਮਲ ਹੋਏ। ਇਸ ਸੰਮੇਲਨ ਦੇ ਲੰਗਰ ਦਾ ਪ੍ਰਬੰਧ, ਸਤਿਕਾਰਯੋਗ ਨਾਮਧਾਰੀ ਮਾਤਾਵਾਂ ਜੀਵਨ ਕੌਰ ਅਤੇ ਫਤੇਹ ਕੌਰ ਜੀ ਨੇ, ਸਰਦਾਰ ਧਿਆਨ ਸਿੰਘ ਪੱਥਰਾਂ ਵਾਲਿਆਂ ਅਤੇ ਹੋਰ ਨਾਮਧਾਰੀ ਸੰਗਤਾਂ ਦੀ ਸਹਾਇਤਾ ਨਾਲ ਸਿਰੇ ਚਾੜ੍ਹਿਆ। ਲਾਹੌਰ ਅਤੇ ਆਸ ਪਾਸ ਦੇ ਜ਼ਿਲ੍ਹਿਆਂ ਵਿੱਚੋਂ ਆਏ ਸੈਂਕੜੇ ਘੋੜ ਸੁਆਰ ਸਫੈਦ ਖੱਦਰ ਧਾਰੀ ਨਾਮਧਾਰੀ ਸਿੰਘਾਂ ਨੇ, ਕਾਂਗਰਸ ਪਰਧਾਨ, ਪੰਡਿਤ ਜਵਾਹਰ ਲਾਲ ਨਹਿਰੂ ਦੇ ਜਲੂਸ ਨੂੰ ਯਾਦਗਾਰੀ ਬਣਾ ਦਿਤਾ ਸੀ ਜਿਸ ਦੀ ਕੌਮੀ ਪਰੈਸ ਵਿੱਚ ਵੀ ਚਰਚਾ ਹੋਈ। ਇਸ ਸਮੇਂ ਸਿੱਖਾਂ ਦੇ ਬੇਤਾਜ ਬਾਦਸ਼ਾਹ ਕਹੇ ਜਾਣ ਵਾਲੇ ਬਾਬਾ ਖੜਕ ਸਿੰਘ ਜੀ ਅਕਾਲੀ ਆਗੂ ਨੇ, ਕਾਂਗਰਸ ਦੇ ਇਸ ਸੰਮੇਲਨ ਦੇ ਬਾਈਕਾਟ ਦਾ ਐਲਾਨ ਕੀਤਾ ਸੀ। ਉਹਨਾਂ ਦੇ ਜੁਆਬ ਵਿੱਚ ਬਾਬਾ ਗੁਰਦਿੱਤ ਸਿੰਘ ਕਾਮਾਗਾਟਾ ਮਾਰੂ ਨੇ ਹਜ਼ਾਰਾਂ ਸਿੱਖ ਸੰਗਤਾਂ ਨੂੰ ਪਰੇਰ ਕੇ, ਕਾਂਗਰਸ ਪੰਡਾਲ ਵਿੱਚ ਲਿਆਂਦਾ ਸੀ। ਪਰ ਬਾਬਾ ਜੀ ਕਿਹਾ ਕਰਦੇ ਸਨ ਕਿ ਲਾਹੌਰ ਦੇ ਗੁਰਦੁਆਰਿਆਂ ਵਿੱਚ ਬਾਬਾ ਖੜਕ ਸਿੰਘ ਦਾ ਹੁਕਮ ਚੱਲਦਾ ਹੈ ਤਾਂ ਹਜ਼ਾਰਾਂ ਕਾਂਗਰਸੀ ਸਿੱਖਾਂ ਲਈ ਪਰਸ਼ਾਦ ਪਾਣੀ ਦਾ ਪਰਬੰਧ ਕਰਨਾ ਵੱਡੀ ਸਮੱਸਿਆ ਸੀ। ਬਾਬਾ ਜੀ ਨੇ ਇਸ ਗੱਲ ਦਾ ਬਾਅਦ ਵਿੱਚ ਅਨੇਕ ਵਾਰ ਜ਼ਿਕਰ ਕੀਤਾ ਕਿ ਬਿਪਤਾ ਦੀ ਉਸ ਘੜੀ ਵਿੱਚ, ਸਤਿਗੁਰੂ ਪਰਤਾਪ ਸਿੰਘ ਜੀ ਦੀਆਂ ਨਾਮਧਾਰੀ ਸੰਗਤਾਂ ਹੀ ਅੱਗੇ ਆਈਆਂ ਅਤੇ ਉਹਨਾਂ ਨੇ ਹਜ਼ਾਰਾਂ ਸਿੱਖਾਂ ਦੀ ਕਾਂਗਰਸ ਪੰਡਾਲ ਕੋਲ ਲੱਗੇ ਆਪਣੇ ਲੰਗਰ ਵਿਚੋਂ, ਪਰਸ਼ਾਦ ਪਾਣੀ ਦੀ ਸੇਵਾ ਕੀਤੀ। ਮਹਾਰਾਜ ਨਿਹਾਲ ਸਿੰਘ ਜੀ ਤੋਂ ਬਿਨਾਂ ਸ੍ਰ. ਆਤਮਾ ਸਿੰਘ ਰਾਵਲਪਿੰਡੀ, ਸ੍ਰ. ਦਇਆ ਸਿੰਘ ਕੱਕੜ, ਸੰਤ ਮੰਗਲ ਸਿੰਘ ਫਤੂਹੀ ਚੱਕੀਆ, ਸੰਤ ਨਿਧਾਨ ਸਿੰਘ ਆਲਿਮ, ਇੰਦਰ ਸਿੰਘ ਚੱਕਰਵਰਤੀ, ਪੰਡਿਤ ਮਨਸ਼ਾ ਸਿੰਘ, ਸ੍ਰ. ਲਛਮਣ ਸਿੰਘ, ਪੰਡਿਤ ਬਸੰਤ

ਸਿੰਘ ਆਦਿਕ ਅਨੇਕ ਉਘੇ ਕੂਕੇ ਸੁਤੰਤਰਤਾ ਸੰਗਰਾਮੀ, ਇਸ ਸਮਾਗਮ ਵਿੱਚ ਸ਼ਾਮਲ ਹੋਏ। ਲਾਹੌਰ ਕਾਂਗਰਸ ਸਮਾਗਮ ਨੇ ਪੰਜਾਬ ਅਤੇ ਦੇਸ਼ ਵਿੱਚ ਆਜ਼ਾਦੀ ਸੰਗਰਾਮ ਦੀਆਂ ਲਹਿਰਾਂ ਨੂੰ ਵੱਡਾ ਬਲ ਬਖਸ਼ਿਆ। ਲੋਕਾਂ ਦੇ ਲੜਾਕੂ ਮੁਹਾਣ ਨੂੰ ਦੱਸਦੇ ਹੋਏ, ਆਪਣੇ ਪਰਧਾਨਗੀ ਭਾਸ਼ਣ ਵਿੱਚ ਪੰਡਿਤ ਜਵਾਹਰ ਲਾਲ ਨਹਿਰੂ ਨੇ ਮੰਨਿਆ ਸੀ ਕਿ ਉਹ ਇੱਕ ਸਮਾਜਵਾਦੀ ਅਤੇ ਲੋਕਰਾਜੀ ਹੈ। "ਲਾਹੌਰ ਕਾਂਗਰਸ ਸੈਸ਼ਨ ਨਾਲ ਸਰਬ ਹਿੰਦ ਕਾਂਗਰਸ ਅਤੇ ਨਾਮਧਾਰੀ ਸਮਾਜ ਦਾ ਪੱਕਾ ਗੰਢ-ਚਤ੍ਰਾਵਾ ਹੋ ਗਿਆ ਜੋ ੧੫ ਅਗਸਤ ੧੯੪੭ ਤੱਕ ਪੂਰਨ ਆਜ਼ਾਦੀ ਦੀ ਪਰਾਪਤੀ ਤੱਕ ਨਿਭਿਆ।"[18]

ਕਿਉਂਕਿ ਨਾਮਧਾਰੀ ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿੱਚ ਪੜ੍ਹਾ ਕੇ, ਵਿਦੇਸ਼ੀ ਹਾਕਮਾਂ ਦੀ ਚਾਕਰੀ ਵਾਲੀ ਸੋਚ ਨਹੀਂ ਗ੍ਰਹਿਣ ਕਰਦੇ ਸਨ, ਇਸ ਲਈ ਸਤਿਗੁਰੂ ਜੀ ਨੇ ੧੯੨੭-੨੮ ਵਿੱਚ ਸ੍ਰੀ ਭੈਣੀ ਸਾਹਿਬ ਵਿਖੇ ਇੱਕ ਨਾਮਧਾਰੀ ਵਿਦਿਆਲਾ ਦੀ ਸਥਾਪਨਾ ਕੀਤੀ। ਇਹ ਵਿਦਿਆਲਾ ੧੯੪੧-੪੨ ਈ. ਤੱਕ, ਦੂਜੇ ਆਲਮੀ ਜੰਗ ਸਮੇਂ, ਲੋਕ ਲਹਿਰਾਂ ਭਖਣ ਤੱਕ ਚੱਲਦਾ ਰਿਹਾ। ਇਸ ਵਿੱਚ ਆਪ ਜੀ ਦੇ ਦੋਹਾਂ ਸਾਹਿਬਜ਼ਾਦਿਆਂ ਅਤੇ ਕੋਈ ਪੌਣਾਂ ਸੈਂਕੜਾ ਸਾਰੇ ਪੰਜਾਬ ਦੇ ਵੱਖ-ਵੱਖ ਥਾਵਾਂ ਤੋਂ ਆਏ ਨਾਮਧਾਰੀ ਬੱਚਿਆਂ ਨੇ ਪੰਜਾਬੀ, ਹਿੰਦੀ, ਸੰਸਕ੍ਰਿਤ ਅਤੇ ਅੰਗਰੇਜ਼ੀ ਭਾਸ਼ਾਵਾਂ, ਗੁਰਬਾਣੀ, ਗੁਰਮਤਿ ਸੰਗੀਤ ਅਤੇ ਗੁਰ ਇਤਿਹਾਸ ਦੇ ਗਿਆਨ ਦੇ ਨਾਲ ਨਾਲ, ਕਿੱਤਾ ਮੁਖੀ ਸਿੱਖਿਆ, ਲੋਹਾਰਾ-ਤਰਖਾਣਾ, ਦਸਤਕਾਰੀ, ਛਾਪਾਖਾਨਾ, ਖੇਤੀਬਾੜੀ, ਕੱਤਣਾਂ ਬੁਨਣਾ, ਪਸ਼ੂ ਪਾਲਣ, ਘੋੜ ਸੁਆਰੀ, ਲੰਗਰ ਤਿਆਰ ਕਰਨਾ ਆਦਿ ਕਈ ਗੁਣਾਂ ਵਿੱਚ ਮੁਹਾਰਤ ਹਾਸਲ ਕੀਤੀ। ਇਸ ਵਿਦਿਆਲੇ ਨੇ ਨਾਮਧਾਰੀ ਸਮਾਜ ਨੂੰ ਭਾਵੀ ਲੇਖਕ, ਸੰਪਾਦਕ, ਪਰਚਾਰਕ ਅਤੇ ਆਗੂ ਦਿੱਤੇ। ਇਹਨਾਂ ਵਿੱਚੋਂ ਕੁਝ ਕੁ ਸੁਤੰਤਰਤਾ ਸੰਗਰਾਮ ਦਾ ਵੀ ਭਾਗ ਬਣੇ। ੧੮ ਫਰਵਰੀ ਸੰਨ ੧੯੩੯ ਵਿੱਚ ਜਦੋਂ ਪੰਡਿਤ ਜਵਾਹਰ ਲਾਲ ਨਹਿਰੂ, ਸਤਿਗੁਰੂ ਜੀ ਦੇ ਬੁਲਾਵੇ ਤੇ, ਆਪਣੀ ਪਹਿਲੀ ਭੈਣੀ ਸਾਹਿਬ ਯਾਤਰਾ ਤੇ ਆਏ ਤਾਂ ਉਸ ਨਾਮਧਾਰੀਆਂ ਦੀਆਂ ਸੁਤੰਤਰਤਾ ਸੰਗਰਾਮ ਵਿੱਚ ਕੀਤੀਆਂ ਕੁਰਬਾਨੀਆਂ, ਬੇਅੰਤ ਜੀ, ਬੱਲੋ ਜੀ ਅਤੇ ਹੋਰ ਨਾਮਧਾਰੀ ਵਿਦਿਆਰਥੀਆਂ ਦੁਆਰਾ ਪ੍ਰਸਤੁਤ ਕੀਰਤਨ ਦੀ ਵੀ ਮੁਕਤ ਕੰਠ ਨਾਲ ਪਰਸੰਸਾ ਕੀਤੀ ਸੀ।[19]

ਯਾਦ ਰਹੇ ਕਿ ੧੭ ਫਰਵਰੀ ੧੯੩੯ ਨੂੰ ਲੁਧਿਆਣਾ ਵਿਖੇ ਹੀ ਰਿਆਸਤੀ ਪਰਜਾ ਮੰਡਲ, (ਸਟੇਟ ਪੀਪਲਜ਼ ਕਾਨਫਰੰਸ) ਦਾ ਸੰਮੇਲਨ, ਪੰਡਿਤ ਨਹਿਰੂ ਦੀ ਪਰਧਾਨਗੀ ਹੇਠ ਹੋਇਆ। ਸਤਿਗੁਰੂ ਪਰਤਾਪ ਸਿੰਘ ਜੀ ਨੇ ਆਪਣੇ ਸੈਂਕੜੇ ਘੋੜ ਸੁਆਰ ਨਾਮਧਾਰੀ ਸਿੰਘਾਂ, ਡਾ. ਸੈਫੂਦੀਨ ਕਿਚਲੂ, ਡਾ. ਪਟਾ ਭੀ ਸੀਤਾ ਰਮੱਈਆ ਅਤੇ ਮਾਸਟਰ ਤਾਰਾ ਸਿੰਘ ਸਮੇਤ, ਪੰਡਿਤ ਨਹਿਰੂ ਦੇ ਪਰਧਾਨਗੀ ਜਲੂਸ ਦੀ ਰਹਿਨੁਮਾਈ ਕੀਤੀ ਸੀ। ਇਹ ਆਪ ਜੀ ਦਾ ਰਿਆਸਤੀ ਲੋਕਾਂ ਦੀ ਬੰਦ ਖਲਾਸੀ ਲਈ ਕੀਤਾ ਵੱਡਾ ਕਾਰਨਾਮਾ ਸੀ ਜਿਸ ਵਿੱਚ ਰਿਆਸਤੀ ਸਰਕਾਰਾਂ ਨੂੰ ਜ਼ਿੰਮੇਵਾਰ

ਸ਼ਾਸ਼ਨ ਦੇਣ ਅਤੇ ਦਮਨਕਾਰੀ ਨੀਤੀਆਂ ਤਿਆਗਣ ਦੀ ਮੰਗ ਕੀਤੀ ਗਈ ਸੀ।

੨੩ ਮਾਰਚ ੧੯੩੧ ਨੂੰ ਜਦੋਂ ਸ੍ਰ, ਭਗਤ ਸਿੰਘ ਅਤੇ ਸਾਥੀਆਂ ਨੂੰ ਗੋਰਾਸ਼ਾਹੀ ਵਲੋਂ ਲਾਹੌਰ ਜਿਹਲ ਵਿਖੇ ਫਾਂਸੀ ਦੇ ਕੇ ਸ਼ਹੀਦ ਕਰ ਦਿੱਤਾ ਗਿਆ ਤਾਂ ਨਾਮਧਾਰੀ ਅਖਬਾਰ ਸਤਿਜੁਗ ਨੇ ਇਸ ਵਹਿਸ਼ੀ ਹੱਤਿਆ ਕਾਂਡ ਦੀ ਨਿਖੇਧੀ ਕੀਤੀ। ਸਤਿਗੁਰੂ ਜੀ ਨੇ ਆਪਣੇ ਮੁੱਖ ਪਰਚਾਰਕ ਸੰਤ ਮੰਗਲ ਸਿਘ 'ਅਰਸ਼ੀ ਫਰਿਸ਼ਤਾ' ਨੂੰ, ਇਸ ਦੁੱਖ ਦੀ ਘੜੀ ਵਿੱਚ ਪੂਰੇ ਛੇ ਮਹੀਨੇ ਸ਼ਹੀਦ ਭਗਤ ਸਿੰਘ ਹੋਰਾਂ ਦੇ ਪਿਤਾ ਸ੍ਰ. ਕਿਸ਼ਨ ਸਿੰਘ ਜੀ ਦੇ ਪਾਸ ਰਹਿਣ ਲਈ ਭੇਜਿਆ ਸੀ। ਬਾਅਦ ਵਿੱਚ ਦਿੱਤੇ ਆਪਣੇ ਇੱਕ ਪਵਿੱਤਰ ਉਪਦੇਸ਼ ਵਿੱਚ ਸਤਿਗੁਰੂ ਜੀ ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਭਗਤ ਸਿੰਘ ਹੋਰਾਂ ਨੂੰ ਮਲੇਰਕੋਟਲਾ ਦੇ ਨਾਮਧਾਰੀ ਸ਼ਹੀਦਾਂ, ਸ੍ਰ. ਹੀਰਾ ਸਿੰਘ ਅਤੇ ਲਹਿਣਾ ਸਿੰਘ ਹੋਰਾਂ ਦੇ ਅਵਤਾਰ ਹੀ ਦੱਸਦੇ ਸਨ।[20]

ਜਿਸ ਸਮੇਂ ਪੰਡਿਤ ਨਹਿਰੂ ਪਹਿਲੇ ਭੈਣੀ ਸਾਹਿਬ ਦੌਰੇ ਤੇ ਆਏ, ਉਸ ਸਮੇਂ ਪੰਜਾਬ ਦਾ ਗਵਰਨਰ ਸਰ ਹੈਨਰੀ ਕਰੇਕ ਸੀ। "ਘੋੜ ਦੌੜ ਵਿੱਚ ਘੋੜੇ ਹੋਣ ਕਾਰਨ ਸਤਿਗੁਰੂ ਪਰਤਾਪ ਸਿੰਘ ਜੀ ਨਾਲ ਉਹ ਚੰਗੇ ਸੰਬੰਧ ਰੱਖਦਾ ਸੀ। ਪੰਡਿਤ ਜੀ ਦੇ ਆਉਣ ਤੇ ਉਸਨੂੰ ਕੁਛ ਹੈਰਾਨੀ ਹੋਈ ਅਤੇ ਉਸਨੇ ਪੁੱਛਿਆ ਕਿ ਪੰਡਿਤ ਜੀ ਆਪ ਕੇ ਪਾਸ ਕੈਸੇ ਆਏ ? ਸ੍ਰੀ ਸਤਿਗੁਰੂ ਜੀ ਨੇ ਅੱਗੋਂ ਉੱਤਰ ਦਿਤਾ ਕਿ ਉਨਕਾ ਅਪਨਾ ਘਰ ਹੈ, ਵੋਹ ਕਭੀ ਭੀ ਵਹਾਂ ਆ ਸਕਤੇ ਹੈਂ। ਗਵਰਨਰ ਨੇ ਫਿਰ ਇਹ ਪੁੱਛਿਆ ਕਿ ਉਨਸੇ ਆਪ ਕੀ ਕਿਆ ਬਾਤ ਹੁਈ ? ਸ੍ਰੀ ਸਤਿਗੁਰੂ ਜੀ ਉਤਰ ਦਿਤਾ, "ਜੋ ਉਨਕੋ ਤਕਲੀਫ ਥੀ ਵੋਹ ਉਨ੍ਹੋਂ ਨੇ ਹਮਸੇ ਕਹੀ, ਜੋ ਹਮਕੋ ਥੀ, ਹਮ ਨੇ ਉਨਸੇ ਕਹੀ।" ਇਸ ਤੋਂ ਬਾਦ ਫਿਰ ਉਸਨੇ ਕੋਈ ਗੱਲ ਨਹੀਂ ਕੀਤੀ।[21]

ਇਹਨਾਂ ਸਮਿਆਂ ਦੀ ਹੀ ਵਾਰਤਾ ਹੈ ਕਿ ਆਪ ਆਪਣੇ ਅਕਸਰ ਮਿਲਣ ਗਿਲਣ ਵਾਲੇ ਮਹਾਰਾਜਾ ਹਰਿੰਦਰ ਸਿੰਘ ਫਰੀਦਕੋਟ ਨੂੰ, ਫਰੀਦਕੋਟ ਵਿਖੇ ਮਿਲੇ। ਉਸ ਨੇ ਗੱਲਾਂ ਗੱਲਾਂ ਵਿੱਚ ਕਹਿ ਦਿੱਤਾ, "ਆਪ ਜੀ ਜਾਂ ਸਾਡੇ ਨਾਲ ਪਿਆਰ ਰੱਖੋ ਜਾਂ ਜਵਾਹਰ ਲਾਲ ਨਾਲ। ਦੋਹਾਂ ਵਿੱਚੋਂ ਇਕ ਨੂੰ ਚੁਣ ਲਓ।"

ਇਹ ਸੁਣ ਕੇ ਸਤਿਗੁਰੂ ਜੀ ਮੁਸਕਰਾਏ ਤੇ ਫੁਰਮਾਇਆ, "ਮਹਾਰਾਜ ਤੁਹਾਡੇ ਨਾਲ ਸਾਡਾ ਸਧਾਰਨ ਮਿਲਣਾ ਜੁਲਣਾ ਤੇ ਮੇਲ ਮਿਲਾਪ ਹੈ ਪਰ ਪੰਡਿਤ ਜਵਾਹਰ ਲਾਲ ਨਹਿਰੂ ਨਾਲ, ਸਾਡਾ ਅਸਧਾਰਨ ਮਿਲਾਪ ਹੈ।"[22]

ਸਤਿਗੁਰੂ ਪਰਤਾਪ ਸਿੰਘ ਜੀ ਨੇ ਸਤਿਗੁਰੂ ਰਾਮ ਸਿੰਘ ਜੀ ਦੀ ਸਿਖਿਆ ਕਿ ਆਦਿ ਗਰੰਥ ਸਾਹਿਬ ਦੇ ਪਾਠ ਵੱਧ ਤੋਂ ਵੱਧ ਕਰੋ ਕਰਵਾਉ, ਇਸ ਤੇ ਆਯੂ ਪ੍ਰਯੰਤ ਪਹਿਰਾ ਦਿੰਦਿਆਂ ਗੁਰਬਾਣੀ ਦੇ ਲੱਖਾਂ ਪਾਠ ਕਰਵਾਏ। ਇਕ ਸਮਾਂ ਐਸਾ ਵੀ ਆਇਆ ਕਿ ਉਹ ਉਸ ਲੜਕੀ ਜਾਂ ਲੜਕੇ ਦੇ ਅਨੰਦ ਕਾਰਜ ਦੀ ਆਪਣੀ ਹਜ਼ੂਰੀ ਵਿੱਚ ਆਗਿਆ ਦਿੰਦੇ ਸਨ, ਜੋ ਪੰਜ ਗਰੰਥੀ ਦਾ ਪਾਠ ਕਿਤੋਂ ਵੀ ਸੁਣਾ ਸੱਕਦਾ ਹੋਵੇ। ਇਸ ਨਾਲ ਪੰਜਾਬੀ ਭਾਸ਼ਾ ਦਾ ਪਠਨ ਪਾਠਨ ਸ਼ਹਿਰਾਂ ਤੋਂ ਇਲਾਵਾ ਪੇਂਡੂ ਨਾਮਧਾਰੀਆਂ ਵਿੱਚ ਵੀ ਪਰਚਲਿਤ ਹੋਇਆ। ਸਾਰੀ ਗੁਰਬਾਣੀ ਤਾਂ ਰਾਗਾਂ ਵਿੱਚ ਦਰਜ ਹੈ।

ਗੁਰਮਤਿ ਸੰਗੀਤ ਅਨੁਸਾਰ ਗੁਰਬਾਣੀ ਨੂੰ ਇਹਨਾਂ ਰਾਗਾਂ ਵਿੱਚ ਹੀ ਤੰਤੀ ਸਾਜਾਂ ਨਾਲ ਗਾਇਆ ਜਾਂਦਾ ਹੈ। "ਗੁਰਮਤਿ ਸੰਗੀਤ ਵਿੱਚ ਵੀ ਗਾਇਨ ਦੀ ਵਿਧੀ ਤੋਂ ਕਈ ਸ਼ੈਲੀਆਂ ਪ੍ਰਚਲਿਤ ਰਹੀਆਂ। ਨਾਮਧਾਰੀਆਂ ਵਿੱਚ ਵੀ ਜੋਟੀਆਂ ਦੇ ਸ਼ਬਦਾਂ ਤੋਂ ਲੈ ਕੇ ਰਾਗਾਂ ਤੇ ਪਰੰਪਰਾ ਤੋਂ ਚੱਲੀਆਂ ਆ ਰਹੀਆਂ ਧੁਨੀਆਂ ਅਨੁਸਾਰ, ਗੁਰਬਾਣੀ ਦਾ ਕੀਰਤਨ ਕੀਤਾ ਜਾਂਦਾ ਰਿਹਾ। ਵਿਸ਼ੇਸ਼ਤਾ ਵਾਲੀ ਗੱਲ ਇਹ ਹੈ ਕਿ ਜਿੱਥੇ ਆਦਿ ਗ੍ਰੰਥ ਸਾਹਿਬ ਅਤੇ ਦਸਮ ਗ੍ਰੰਥ ਸਾਹਿਬ ਦੀ ਬਾਣੀ ਵਿੱਚ ਕਈ ਦਾਰਸ਼ਨਿਕ ਪਰੰਪਰਾਵਾਂ ਪੌਰਾਣਿਕ ਤੇ ਮਿਥਿਹਾਸਕ ਹਵਾਲਿਆਂ ਕਾਰਨ, ਗੁਰਬਾਣੀ ਦਾ ਪਾਠ ਆਮ ਜਨ-ਸਧਾਰਨ ਨੂੰ ਕੁਝ ਕਠਿਨ ਪ੍ਰਤੀਤ ਹੁੰਦਾ ਹੈ, ਉਥੇ ਗੁਰ ਸ਼ਬਦਾਂ ਦੇ ਗਾਇਨ ਦੁਆਰਾ ਉਸ ਦੇ ਕਈ ਲੁਕਵੇਂ ਤੇ ਸੰਕੇਤਕ ਪੱਖ ਆਪਣੇ ਆਪ ਹੀ ਸਪਸ਼ਟ ਹੋ ਜਾਂਦੇ ਹਨ ਅਤੇ ਰਚਨਾ ਦਾ ਦੂਹਰਾ ਪ੍ਰਭਾਵ ਸਰੋਤਿਆਂ ਦੇ ਮਨਾਂ ਉੱਤੇ ਪੈਂਦਾ ਹੈ। ਇਸੇ ਦ੍ਰਿਸ਼ਟੀਕੋਣ ਤੋਂ ਮੁੱਖ ਰੱਖ ਕੇ ਸਤਿਗੁਰੂ ਪਰਤਾਪ ਸਿੰਘ ਜੀ ਨੇ ੧੯੩੩ ਵਿੱਚ ਸ੍ਰੀ ਭੈਣੀ ਸਾਹਿਬ ਵਿਖੇ ਗੁਰਮਤਿ ਸੰਗੀਤ ਸੰਮੇਲਨ ਦਾ ਵਿਸ਼ੇਸ਼ ਆਯੋਜਨ ਕੀਤਾ। ਵੱਖ ਵੱਖ ਥਾਵਾਂ ਦੇ ਪ੍ਰਸਿੱਧ ਗਾਇਕਾਂ, ਕੀਰਤਨਕਾਰਾਂ, ਸਾਜ਼ਿੰਦਿਆਂ ਤੇ ਪਖਾਵਜੀਆਂ ਨੂੰ ਖਾਸ ਤੌਰ ਤੇ ਸੱਦਾ ਪੱਤਰ ਭੇਜ ਕੇ ਬੁਲਾਇਆ ਗਿਆ ਅਤੇ ਇਸ ਵਿਸ਼ੇਸ਼ ਗੁਰਮਤਿ ਸੰਗੀਤ ਸੰਮੇਲਨ ਵਿੱਚ ਉਚੇਚੇ ਪੁਰਸਕਾਰਾਂ ਤੇ ਇਨਾਮਾਂ ਦਾ ਵੀ ਐਲਾਨ ਕਰ ਦਿੱਤਾ ਗਿਆ। ਇਹ ਸੰਮੇਲਨ ੮-੯ ਅੱਸੂ ਨੂੰ ਸ੍ਰੀ ਭੈਣੀ ਸਾਹਿਬ ਵਿਖੇ ਹੋਇਆ।

ਕੇਵਲ ਨਿਰਧਾਰਿਤ ਰਾਗਾਂ ਵਿੱਚ ਤਾਰਦਾਰ ਸਾਜ਼ਾਂ ਨਾਲ ਸ਼ਬਦ ਗਾਏ ਗਏ। ਭਾਈ ਕਾਹਨ ਸਿੰਘ ਨਾਭਾ, ਸ੍ਰ. ਮੁਕੰਦ ਸਿੰਘ ਸ਼ਿਮਲਾ, ਸੰਤ ਹੀਰਾ ਸਿੰਘ ਲਲਿਆਣੀ, ਬਾਬਾ ਨਿਹਾਲ ਸਿੰਘ ਪਟਿਆਲਾ ਨਿਰਣਾਇਕ ਮੰਡਲ ਵਿੱਚ ਸਨ। ਭਾਈ ਅਰਜਨ ਸਿੰਘ ਬਾਗੜੀਆ, ਮਹਾਰਾਜ ਸਾਵਣ ਸਿੰਘ ਜੀ ਬਿਆਸ, ਮਾ. ਤਾਰਾ ਸਿੰਘ, ਗਿਆਨੀ ਸ਼ੇਰ ਸਿੰਘ, ਪ੍ਰੋ. ਗੰਗਾ ਸਿੰਘ, ਹੀਰਾ ਸਿੰਘ ਦਰਦ, ਧਨੀ ਰਾਮ ਚਾਤ੍ਰਿਕ, ਹਰਿੰਦਰ ਸਿੰਘ ਰੂਪ, ਸਰ ਗੋਕੁਲ ਚੰਦ ਨਾਰੰਗ ਆਦਿ ਬੁੱਧੀਜੀਵੀ ਸਰੋਤਿਆਂ ਵਿੱਚ ਸਨ। ਭਾਈ ਹਰਨਾਮ ਸਿੰਘ ਠੱਟਾ ਟਿੱਬਾ, ਭਾਈ ਲਾਲ ਰਬਾਬੀ ਤੇ ਭਾਈ ਸੁੰਦਰ ਸਿੰਘ ਅੰਮ੍ਰਿਤਸਰ, ਪਹਿਲੇ ਤੋਂ ਤੀਜੇ ਨੰਬਰ ਤੇ ਆਏ। ਜਿਹਨਾਂ ਨੂੰ ਭਾਰੀ ਇਨਾਮ ਦੇ ਕੇ, ਸਮੂਹ ਪ੍ਰਤੀਯੋਗੀਆਂ ਨੂੰ ਵੀ ਉਚਿਤ ਸਨਮਾਨ ਦੇ ਕੇ, ਸਤਿਗੁਰੂ ਜੀ ਨੇ ਸਭ ਦੀਆਂ ਖੁਸ਼ੀਆਂ ਲਈਆਂ ਅਤੇ ਕਿਹਾ ਕਿ ਚਿੱਤ ਕਰਦਾ ਏ ਗੁਣੀਆਂ ਨੂੰ ਆਪਣਾ ਸਭ ਕੁਝ ਵੰਡ ਦਈਏ।"[23]

੧੯੩੩ ਈ. ਵਿੱਚ ਸਤਿਗੁਰੂ ਜੀ ਨੇ ਆਪਣੀ ਪਹਿਲੀ ਵਿਦੇਸ਼ ਯਾਤਰਾ ਕੀਤੀ। ਸ੍ਰੀ ਭੈਣੀ ਸਾਹਿਬ ਤੋਂ ਮਾਤਾ ਜੀਵਨ ਕੌਰ ਜੀ ਅਤੇ ਹੋਰ ਸਿੱਖਾਂ ਸੇਵਕਾਂ ਸਮੇਤ ਆਪ ਸਿਆਮ ਦੇਸ (ਥਾਈਲੈਂਡ) ਦੀਆਂ ਨਾਮਧਾਰੀ ਸੰਗਤਾਂ ਨੂੰ ਦਰਸ਼ਨ ਦੇਣ ਲਈ ੧੧ ਮੱਘਰ (ਨਵੰਬਰ) ਨੂੰ ਚੱਲੇ। ਲਖਨਊ, ਬਨਾਰਸ, ਇਲਾਹਾਬਾਦ, ਪਟਨਾ ਸਾਹਿਬ, ਖੜਗਪੁਰ, ਜਗਨ ਨਾਥ ਪੁਰੀ ਹੁੰਦੇ ਹੋਏ ਕਲਕੱਤੇ ਪੁੱਜੇ। ਇੱਥੋਂ ਰੰਗੂਨ ਗਏ ਸਮੁੰਦਰੀ ਜਹਾਜ਼ ਤੇ ਅਤੇ ਦੋ ਤਿੰਨ ਦਿਨਾਂ ਦੀ ਭੱਜ ਨੱਸ ਬਾਅਦ ਸਤਿਗੁਰੂ ਰਾਮ ਸਿੰਘ ਜੀ

ਲਈ ਅੰਗਰੇਜ਼ ਸਰਕਾਰ ਵਲੋਂ ਲੁਆਈ ਖੂਹੀ ਦਾ ਜਲ ਛਕਿਆ। ਸਾਰੇ ਵੈਰਾਗੀ ਹੋ ਗਏ। ਰੰਗੂਨ ਤੋਂ ਮਾਂਡਲੇ ਵੀ ਗਏ ਜਿੱਥੇ ਤਿੰਨ ਪਰਮੁੱਖ ਸੂਬੇ ਕੈਦ ਰਹੇ ਸਨ। ਵੱਖ ਵੱਖ ਬਰਮਾ ਦੇ ਸ਼ਹਿਰਾਂ ਵਿੱਚੋਂ ਹੁੰਦੇ, ਸਿਆਮ ਵਿੱਚ ਦਾਖਲ ਹੋ ਕੇ ਬੰਕੋਕ, ਸਿਆਮ ਦੀ ਰਾਜਧਾਨੀ ਪੁੱਜ ਗਏ। ਨਾਮਧਾਰੀ ਗੁਰਦੁਆਰੇ ਤੋਂ ਇਲਾਵਾ ਸਤਿਗੁਰੂ ਜੀ ਹਿੰਦੂ, ਸਿੱਖਾਂ ਦੇ ਹੋਰ ਧਾਰਮਿਕ ਅਸਥਾਨਾਂ ਤੇ ਵੀ ਜਾਂਦੇ ਅਤੇ ਸਭ ਨੂੰ ਗੁਰੂ ਨਾਨਕ ਪਾਤਸ਼ਾਹ ਦਾ ਮਿਲਜੁਲ ਕੇ ਰਹਿਣ ਅਤੇ ਅਮਨ ਏਕਤਾ ਦਾ ਸੰਦੇਸ਼ ਦਿੰਦੇ। ਨਾਮਧਾਰੀ ਸੰਗਤਾਂ ਅਤੇ ਹੋਰਨਾਂ ਨੂੰ ਖੁੱਲ੍ਹੇ ਦਰਸ਼ਨ ਦੀਦਾਰ ਦਿੰਦਿਆਂ, ਸੱਦ ਮਾਰਗ ਦਾ ਪਰਚਾਰ ਕਰਦਿਆਂ, ਸਤਿਗੁਰੂ ਰਾਮ ਸਿੰਘ ਦੀ ਫੁਲਵਾੜੀ ਨੂੰ ਸਰਸਬਜ਼ ਕਰਦਿਆਂ ਪੂਰੇ ਅੱਸੀ ਦਿਨਾਂ ਬਾਅਦ ੧ ਫੱਗਣ ੧੯੯੦ ਬਿ. (੧੯੩੪ ਈ.) ਵਾਪਸ ਸ੍ਰੀ ਭੈਣੀ ਸਾਹਿਬ ਪਰਤ ਆਏ। ਇਸ ਯਾਤਰਾ ਵਿੱਚ ਸਤਿਗੁਰੂ ਜੀ ਨੂੰ ਇਕ ਕੌੜਾ ਅਨੁਭਵ ਇਹ ਹੋਇਆ ਕਿ ਭਾਰਤ ਦੇ ਕਈ ਸ਼ਹਿਰਾਂ ਅਤੇ ਸਿਆਮ ਵਿੱਚ ਵੀ ਸਿੱਖ ਸੰਗਤਾਂ ਤਿੱਖੀ ਧੜੇਬੰਦੀ ਦਾ ਸ਼ਿਕਾਰ ਹਨ। ਆਪ ਜਿੱਥੇ ਵੀ ਜਾਂਦੇ ਗੁਰਸਿੱਖਾਂ ਨੂੰ ਇਕ ਸੂਤਰ ਵਿੱਚ ਪਿਰੋ ਦਿੰਦੇ। ਸਿਆਮ ਵਿੱਚ ਉਹਨਾਂ ਦੇ ਯਤਨਾਂ ਨਾਲ ਨਾਮਧਾਰੀਆਂ ਅਤੇ ਸਿੰਘ ਸਭਾ ਵਾਲਿਆਂ ਦਾ ਮੇਲ ਮਿਲਾਪ ਹੋ ਗਿਆ। ਆਪ ਜੀ ਦੇ ਦੀਵਾਨਾਂ ਵਿੱਚ ਤਾਂ ਸਿੱਖ ਤੇ ਗ਼ੈਰ ਸਿੱਖ ਵੀ ਜੁੜਦੇ ਰਹੇ। ਇਸ ਯਾਤਰਾ ਦੇ ਸਮੇਂ ਹੀ ਆਪ ਦੇ ਮਨ ਵਿੱਚ, ਸ੍ਰੀ ਗੁਰੂ ਨਾਨਕ ਨਾਮ ਲੇਵਾ ਸਮੂੰਹ ਸਿੱਖ ਸੰਗਤਾਂ ਨੂੰ ਏਕਤਾ ਸੂਤਰ ਵਿੱਚ ਪਿਰੋਣ ਲਈ, ਸ੍ਰੀ ਭੈਣੀ ਸਾਹਿਬ ਇਕ ਮਹਾਨ ਸਮਾਗਮ ਕਰਨ ਦਾ ਵਿਚਾਰ ਉਪਜਿਆ ਸੀ।

"ਸਤਿਗੁਰੂ ਪਰਤਾਪ ਸਿੰਘ ਜੀ ਵਲੋਂ ਕਰਵਾਇਆ ਗਿਆ ਗੁਰੂ ਨਾਨਕ-ਨਾਮ ਲੇਵਾ ਸਰਬ ਸੰਪਰਦਾਵਾਂ ਦਾ ਏਕਤਾ ਸੰਮੇਲਨ, ਸਮੁੱਚੇ ਸਿੱਖ ਇਤਿਹਾਸ ਵਿੱਚ ਵਿਲੱਖਣ ਮਹਾਨਤਾ ਰੱਖਦਾ ਹੈ। ਜਿਵੇਂ ਕਿਸੇ ਸਮੇਂ ਬੋਧੀਆਂ ਦੇ ਮਹਾਂ ਸੰਘ ਜੁੜਦੇ ਰਹੇ ਅਤੇ ਉਹਨਾਂ ਦੇ ਵੱਖ ਵੱਖ ਫਿਰਕਿਆਂ ਵਿੱਚ ਇਕਸੁਰਤਾ ਉਤਪੰਨ ਕੀਤੀ ਜਾਂਦੀ ਰਹੀ, ਤਿਵੇਂ ਹੀ ਸਿੱਖ ਇਤਿਹਾਸ ਵਿੱਚ ਇਸ ਨਿਵੇਕਲੇ ਸੰਮੇਲਨ ਦਾ ਮਹੱਤਵ ਹੈ। ਜਿਵੇਂ ਅਠਾਰਵੀਂ ਸਦੀ ਵਿੱਚ ਦਲ ਖਾਲਸੇ ਦੇ ਏਕਤਾ ਸੰਮੇਲਨ ਜੁੜਦੇ ਰਹੇ ਅਤੇ ਸਭ ਮਿਸਲਾਂ ਨੂੰ ਸ੍ਰੀ ਅਕਾਲ ਤਖਤ ਸਾਹਿਬ ਉਤੇ ਪਾਸ ਕੀਤੇ ਗਏ ਗੁਰਮਤੇ, ਇਕ ਸੂਤਰ ਵਿੱਚ ਬੰਨ੍ਹਦੇ ਰਹੇ ਤਿਵੇਂ ਹੀ ਸਤਿਗੁਰੂ ਪਰਤਾਪ ਸਿੰਘ ਜੀ ਦਾ ਇਹ ਯਤਨ ਵੱਡੀ ਮਹਾਨਤਾ ਤੇ ਗੌਰਵ ਵਾਲਾ ਹੈ।....... ਸਤਿਗੁਰੂ ਪਰਤਾਪ ਸਿੰਘ ਜੀ ਦਾ ਵਿਚਾਰ ਸੀ ਕਿ ਗੁਰੂ ਨਾਨਕ ਦੇ ਸਿੱਖੀ ਬ੍ਰਿਛ ਦੀਆਂ ਅਨੇਕ ਟਹਿਣੀਆਂ ਅਤੇ ਸ਼ਾਖਾਵਾਂ ਹਨ, ਇਨ੍ਹਾਂ ਵਿਭਿੰਨ ਸੰਪਰਦਾਵਾਂ ਵਿੱਚ ਬਾਹਰੀ ਤੌਰ ਤੇ ਭਾਵੇਂ, ਵਖਰੇਵੇਂ ਨਜ਼ਰੀਂ ਪੈਂਦੇ ਹਨ, ਪਰ ਇਨ੍ਹਾਂ ਸਭ ਵਿੱਚ ਗੁਰੂ ਨਾਨਕ ਦੇਵ ਜੀ ਦੀ ਅਖੰਡ ਜੋਤੀ ਹੀ ਪ੍ਰਜਵਲਿਤ ਹੈ, ਜਿਸ ਨੂੰ ਸੂਖਮ ਭਾਵੀ ਤੇ ਸੰਵੇਦਨਸ਼ੀਲ ਧਾਰਮਿਕ ਤੇ ਅਧਿਆਤਮਕ ਤੌਰ ਤੇ ਜਾਗੇ ਹੋਏ ਵਿਅਕਤੀ ਹੀ ਲਖ ਤੇ ਪੇਖ ਸਕਦੇ ਹਨ। ਗੁਰੂ ਨਾਨਕ ਦੇ ਪਵਿੱਤਰ ਨਾਮ ਨਾਲ ਜੁੜੀਆਂ ਅਨੇਕ ਸੰਪਰਦਾਵਾਂ ਦਾ ਮੁੱਢ ਤੇ ਜੜ੍ਹਾਂ ਇਕੋ ਹੀ ਹਨ।

ਸਤਿਗੁਰੂ ਜੀ ਸਮੁੱਚੇ ਸਿੱਖ ਜਗਤ ਨੂੰ ਏਕਤਾ ਰੂਪੀ ਮੰਡਲ ਵਿੱਚ ਜੁੜੇ ਸਿੱਖ ਸਮੂਹ ਨੂੰ ਅਜਿਹੇ ਆਦਰਸ਼ਕ ਬੰਧਨ ਵਿੱਚ ਜੋੜਨਾ ਲੋਚਦੇ ਸਨ, ਜਿਸ ਵਿੱਚ 'ਸਭੇ ਸਾਂਝੀਵਾਲ ਸਦਾਇਨ' ਦਾ ਏਕਤਾ ਸੂਤਰ ਪਰਧਾਨ ਹੋਵੇ।"[24]

ਇਸ ਵਿਸ਼ਾਲ ਸਮਾਗਮ ਦੀਆਂ ਤਿਆਰੀਆਂ ਕਈ ਮਹੀਨੇ ਪਹਿਲਾਂ ਤੋਂ ਹੋ ਗਈਆਂ ਸਨ। ਇਸ ਲਈ ਕਈ ਇਕੱਤਰਤਾਵਾਂ ਵੱਖ ਵੱਖ ਸ਼ਹਿਰਾਂ ਵਿੱਚ ਹੋਈਆਂ। ਅੰਮ੍ਰਿਤਸਰ ਵਿੱਚ ਕਟੜਾ ਰਾਮਗੜ੍ਹੀਆਂ, ਵਿੱਚ ਇੱਕ ਇਕੱਠ ਮਹਾਨ ਵਿਦਵਾਨ ਪ੍ਰੋ. ਤੇਜਾ ਸਿੰਘ (ਖਾਲਸਾ ਕਾਲਜ ਅੰਮ੍ਰਿਤਸਰ) ਦੀ ਪਰਧਾਨਗੀ ਹੇਠ ਹੋਇਆ। ਸੰਤ ਇੰਦਰ ਸਿੰਘ ਚੱਕਰਵਰਤੀ ਤੋਂ ਆਉਣ ਵਾਲੇ ਸੱਜਣਾਂ ਨੂੰ ਬਿਨੈ ਪੱਤਰ ਪਹਿਲਾਂ ਹੀ ਲਿਖਵਾਏ ਗਏ। ਕਾਨਫਰੰਸ ਨੂੰ ਸਫਲ ਕਰਨ ਲਈ ਬਣੀ ਉਪ ਕਮੇਟੀ ਦੇ ਮੈਂਬਰ ਸਨ- ਪ੍ਰੋ. ਤੇਜਾ ਸਿੰਘ, ਭਾਈ ਮੋਹਨ ਸਿੰਘ ਵੈਦ, ਸ੍ਰ. ਲਛਮਣ ਸਿੰਘ (ਪਰਧਾਨ, ਨਾਮਧਾਰੀ ਦਰਬਾਰ) ਅਤੇ ਸੰਤ ਨਿਧਾਨ ਸਿੰਘ ਆਲਿਮ ਆਦਿ।

ਇਹ ਸਮਾਗਮ ਸ੍ਰੀ ਭੈਣੀ ਸਾਹਿਬ ਦੇ ਇਤਿਹਾਸਿਕ ਅਸਥਾਨ ਤੇ ੧੩, ੧੪, ੧੫ ਅਕਤੂਬਰ ੧੯੩੪ ਈ. ਨੂੰ ਹੋਇਆ। ਇਸ ਸ਼ਾਨਦਾਰ ਸਮਾਗਮ ਦੀ ਯਾਦ ਨੂੰ ਸਥਾਈਤਵ ਪਰਦਾਨ ਕਰਨ ਲਈ ਸਤਿਗੁਰੂ ਜਗਜੀਤ ਸਿੰਘ ਜੀ ਨੇ ਇਸ ਜਗ੍ਹਾ ਤੇ 'ਪਰਤਾਪ ਮੰਦਰ' ਨਾਂ ਦਾ ਇੱਕ ਵਿਸ਼ਾਲ ਭਵਨ ਬਣਾ ਦਿੱਤਾ ਸੀ। ਇਸ ਸੰਮੇਲਨ ਦੇ ਪਰਧਾਨ ਭਾਈ ਅਰਜਨ ਸਿੰਘ ਬਾਗੜੀਆਂ ਸਨ ਅਤੇ ਭਾਈ ਕਾਹਨ ਸਿੰਘ ਨਾਭਾ, ਭਾਈ ਮੋਹਨ ਸਿੰਘ ਵੈਦ. ਸ੍ਰ. ਸੁੰਦਰ ਸਿੰਘ ਮਜੀਠਾ, ਪ੍ਰਿੰ. ਜੋਧ ਸਿੰਘ, ਮਾਸਟਰ ਤਾਰਾ ਸਿੰਘ, ਗਿਆਨੀ ਸ਼ੇਰ ਸਿੰਘ, ਗੁਰਮੁਖ ਸਿੰਘ ਮੁਸਾਫਿਰ, ਪ੍ਰੋ. ਗੰਗਾ ਸਿੰਘ, ਉਦਾਸੀ ਮਹੰਤ ਹਰੀ ਦਾਸ ਬਿਲਗਾ, ਨਿਰਮਲੇ ਮਾਨ ਸਿੰਘ ਸ਼ਾਸ਼ਤਰੀ, ਸੇਵਾ ਪੰਥੀ ਮਹੰਤ ਗੁਰਬਖਸ਼ ਸਿੰਘ, ਅਕਾਲੀ, ਨਿਹੰਗ ਸਿੰਘ, ਨਿਰੰਕਾਰੀ, ਸਿੰਘ ਸਭਾ, ਸਹਿਜਧਾਰੀ, ਸ਼ਿਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ ਇਤਿਆਦ ਅਨੇਕ ਸੰਗਠਨਾਂ ਨਾਲ ਸੰਬੰਧਿਤ ਜਨ ਆਏ। ਰਾਧਾ ਸੁਆਮੀ ਡੇਰਾ ਬਿਆਸ ਵਾਲੇ ਮਹਾਰਾਜ ਸਾਵਣ ਸਿੰਘ ਹੋਰਾਂ ਇਹ ਕਹਿ ਕੇ ਸ਼ਮੂਲੀਅਤ ਕੀਤੀ ਕਿ ਬੇਸ਼ੱਕ ਸਾਡਾ ਸ਼ੁਮਾਰ, ਗੁਰੂ ਨਾਨਕ ਪੰਥੀਆਂ ਵਿੱਚ ਨਹੀਂ ਹੁੰਦਾ ਪਰ ਅਸੀਂ ਮਹਾਰਾਜ ਪਰਤਾਪ ਸਿੰਘ ਜੀ ਦੇ ਪ੍ਰੇਮ ਦੇ ਖਿੱਚੇ ਚਲੇ ਆਏ ਹਾਂ। ਇਸ ਵਿੱਚ ਇਤਫਾਕ ਨੂੰ ਕਾਇਮ ਕਰਨ ਲਈ ਕਈ ਮਤੇ ਪਾਸ ਕੀਤੇ ਗਏ, ਜਿਹਾ ਕਿ ਆਪੋ ਆਪਣੇ ਪੰਥ, ਫਿਰਕੇ ਦਾ ਪਰਚਾਰ ਮੰਡਨ ਰੂਪ ਵਿੱਚ ਕਰੋ ਨਾ ਕਿ ਦੂਜਿਆਂ ਦਾ ਖੰਡਨ ਕਰੋ, ਪਰਚਾਰਕ, ਕੀਰਤਨੀਏ, ਰਾਗੀ ਆਦਿਕ ਗੁਰਬਾਣੀ ਦਾ ਹੀ ਪਰਚਾਰ ਕਰਨ, ਇਤਿਹਾਸਿਕ ਗੁਰਦੁਆਰਿਆਂ ਤੋਂ ਬਿਨਾਂ ਬਾਕੀ ਗੁਰਦੁਆਰਿਆਂ ਦੇ ਝਗੜੇ ਛੱਡ ਦਿੱਤੇ ਜਾਣ ਆਦਿਕ। ਇਸ ਵਿੱਚ ਕਾਨਫਰੰਸ ਦੀ ਸਫਲਤਾ ਯਕੀਨੀ ਬਣਾਉਣ ਲਈ ਆਸਾ ਦੀ ਵਾਰ ਦੀ ਅਰਦਾਸ ਨਾਮਧਾਰੀ ਮਰਿਆਦਾ ਮੁਤਾਬਿਕ ਅਤੇ ਸ਼ਾਮ ਦੇ ਦੀਵਾਨ ਦੀ ਪਾਤਸ਼ਾਹੀ ਦਸ ਦੀ ਸਿੱਖ ਜਗਤ ਮੁਤਾਬਿਕ, ਪ੍ਰਿੰ. ਜੋਧ ਸਿੰਘ ਕਰਦੇ ਸਨ। ਕਾਨਫਰੰਸ ਦੇ ਪਰਬੰਧ ਅਤੇ ਤਿਆਰੀ ਕਰਨ ਵਿੱਚ ਕੋਈ ਕਸਰ ਨਹੀਂ ਛੱਡੀ ਗਈ। ਏਕਤਾ ਦਾ ਮਾਹੌਲ ਜੋ ਸਤਿਗੁਰੂ ਪਰਤਾਪ ਸਿੰਘ ਜੀ ਅਤੇ ਹੋਰ ਸੰਬੰਧਿਤ

ਸੱਜਣਾਂ ਵਲੋਂ ਸਿਰਜਿਆ ਗਿਆ, ਉਸ ਦਾ ਪਰਭਾਵ ਅਗਲੇ ਸਮੇਂ ਵਿੱਚ ਬਣਿਆ ਰਿਹਾ। ਇਸ ਕਾਨਫਰੰਸ ਦੀ ਲੜੀ ਵਿੱਚ ਗੁਜਰਾਂਵਾਲਾ ਆਦਿਕ ਸ਼ਹਿਰਾਂ ਵਿੱਚ ਅਗਲੇ ਵਰ੍ਹੇ ਹੋਰ ਇਸ ਤਰ੍ਹਾਂ ਦੀਆਂ ਕਾਨਫਰੰਸਾਂ ਹੋਈਆਂ।[25]

ਭਾਈ ਕਾਹਨ ਸਿੰਘ ਨਾਭਾ ਹੋਰਾਂ ਨੇ ਕਾਨਫਰੰਸ ਵਿੱਚ ਗੁਰਬਾਣੀ ਦਾ ਸ਼ੁੱਧ ਪਾਠ ਅਤੇ ਗੁਰਮਤਿ ਸੰਗੀਤ ਦੀ ਮੁਕਤ ਕੰਠ ਨਾਲ ਪਰਸੰਸਾ ਕੀਤੀ। ਸ੍ਰ. ਸੁੰਦਰ ਸਿੰਘ ਮਜੀਠੀਏ ਨੇ ਸਤਿਗੁਰੂ ਪਰਤਾਪ ਸਿੰਘ ਜੀ ਦੇ ਏਕਤਾ ਯਤਨਾਂ ਦੀ ਸ਼ਲਾਘਾ ਕੀਤੀ। ਸ੍ਰ. ਗੁਰਬਖਸ਼ ਸਿੰਘ ਪ੍ਰੀਤਲੜੀ ਹੋਰਾਂ ਨੇ ਕਿਹਾ– "ਇਸ ਪੁਸ਼ਪਹਾਰ ਦੀ ਗੋਂਦ ਅਤੇ ਸ਼ੋਭਾ ਮਹਾਰਾਜ ਪਰਤਾਪ ਸਿੰਘ ਜੀ ਦੀ ਨਿਰਮਾਨਤਾ, ਸਾਫ ਦਿਲੀ, ਡੁੱਲ੍ਹਦੇ ਪਿਆਰ, ਸੁੱਚੀ ਨੀਅਤ ਅਤੇ ਖੇਡੂ ਸੁਭਾ ਦਾ ਸਿੱਟਾ ਹੈ। ਕੀ ਅਕਾਲੀ ਅਤੇ ਕੀ ਚੀਫ ਖਾਲਸਾ ਦੀਵਾਨ ਤੇ ਹੋਰ ਸਾਰੇ, ਇਸ ਜਾਦੂ ਅਸਰੀ ਨਾਲ ਮੋਹਿਤ ਮਲੂਮ ਹੁੰਦੇ ਸਨ।....... ਜਿਹਨਾਂ ਨੇ ਕਦੇ ਕਿਸੇ ਦੀ ਪੈਰੀਂ ਹੱਥ ਨਹੀਂ ਸੀ ਲਾਇਆ, ਉਹਨਾਂ ਨੂੰ ਵੀ ਮੈਂ ਮਹਾਰਾਜ ਪਰਤਾਪ ਸਿੰਘ ਜੀ ਦੇ ਚਰਨ ਛੋਂਹਦਿਆ ਵੇਖਿਆ ਹੈ।"[26] ਏਕਤਾ ਸੰਮੇਲਨਾਂ ਨੇ ਫੁੱਟ ਦੇ ਭਾਂਬੜ ਸ਼ਾਂਤ ਕਰਕੇ, ਪ੍ਰੇਮ ਦਾ ਨਾਦ ਵਜਾਇਆ।

ਨਾਮਧਾਰੀ ਸਮਾਜ ਵਿੱਚ ਬੇਸ਼ੱਕ ਅਨੰਦ ਮਰਿਆਦਾ ਸਤਿਗੁਰੂ ਰਾਮ ਸਿੰਘ ਜੀ ਨੇ ਲਾਗੂ ਕੀਤੀ ਸੀ ਪਰੰਤੂ ਅਨੰਦ ਕਾਰਜ ਅਜੇ ਘਰਾਂ ਵਿੱਚ ਹੁੰਦੇ ਸਨ ਜਿਸ ਕਾਰਨ ਮੇਲ, ਜੰਞ, ਮਿਲਣੀ, ਢੁਕਾਅ ਆਦਿਕ ਰਸਮਾਂ ਹੁੰਦੀਆਂ। ਸਤਿਗੁਰੂ ਪਰਤਾਪ ਸਿੰਘ ਜੀ ਨੇ ਨਾਮਧਾਰੀ ਸਿੱਖਾਂ ਦੇ ਵਿਆਹ ਬਿਨਾਂ ਕਿਸੇ ਵਖਾਵੇ, ਦਾਜ ਦਹੇਜ ਤੇ ਹੋਰ ਖਰਚਿਆਂ ਦੇ ਕਰਨ ਲਈ ਇਹ ਹੁਕਮ ਸੰਗਤ ਨੂੰ ਕੀਤਾ ਕਿ ਅਨੰਦ ਕਾਰਜ ਹੋਲਿਆਂ, ਮੇਲਿਆਂ ਜਾਂ ਹੋਰ ਧਾਰਮਿਕ ਸਮਾਗਮਾਂ ਵਿੱਚ ਹੀ ਕੀਤੇ ਜਾਣਗੇ। ਇਸ ਤਰ੍ਹਾਂ ਘਰਾਂ ਦੀ ਬਜਾਏ, ਸਮੂਹਿਕ ਦੀਵਾਨਾਂ ਵਿੱਚ ਇਹ ਕਾਰਜ ਹੋਣ ਲੱਗੇ, ਜਿੱਥੇ ਸੰਗਤ ਪਰਸ਼ਾਦ ਪਾਣੀ ਗੁਰੂ ਕੇ ਲੰਗਰ ਵਿੱਚੋਂ ਹੀ ਛਕਦੀ। ਵਿਆਹ ਵਾਲੇ ਲੜਕੇ ਲੜਕੀ, ਨਾਮਧਾਰੀਆਂ ਦੀ ਸੁਦੇਸ਼ੀ ਦੀ ਰਹੁ ਰੀਤ ਤੇ ਚੱਲਦਿਆਂ, ਸ਼ੁੱਧ ਖੱਦਰ ਦੇ ਵਸਤਰ ਹੀ ਅਨੰਦ ਕਾਰਜ ਸਮੇਂ ਪਹਿਨਿਆਂ ਕਰਦੇ ਸਨ।

ਅੰਗਰੇਜ਼ ਸਰਕਾਰ ਦੇ ਰੀਕਾਰਡ ਵਿੱਚ ਦਰਜ ਹੈ ਕਿ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਕੂਕੇ ਜ਼ਿਆਦਾ ਤਰ ਉਹਨਾਂ ਬਾਣੀਆਂ ਦਾ ਪਾਠ ਕਰਦੇ ਸਨ, ਜੋ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਸਿੱਖ, ਮੁਗਲਾਂ ਨਾਲ ਲੜਾਈਆਂ ਸਮੇਂ ਪੜ੍ਹਦੇ ਸਨ। ਬੀਰ ਰਸ ਦੀ ਬਾਣੀ ਵਿੱਚੋਂ, ਚੰਡੀ ਦੀ ਵਾਰ ਦਾ ਰੋਜ਼ਾਨਾ ਪਾਠ ਹਰ ਕੂਕੇ ਲਈ ਗੁਰੂ ਰਾਮ ਸਿੰਘ ਜੀ ਨੇ ਲਾਜ਼ਮੀ ਕੀਤਾ। ਸੰਨ ੧੯੩੭ ਈ. ਵਿੱਚ ਪੰਜਾਬ ਸਰਕਾਰ ਲਾਹੌਰ ਵਿੱਚ, ਵੱਡੀ ਪੱਧਰ ਤੇ ਪਸ਼ੂ ਬੱਧ ਕਰਨ ਲਈ ਇੱਕ ਆਧੁਨਿਕ ਬੁੱਚੜਖਾਨਾ ਬਨਾਉਣ ਜਾ ਰਹੀ ਸੀ ਜਿਸ ਵਿੱਚ ਇੱਕੋ ਸਮੇਂ ਗਊਆਂ ਸਮੇਤ, ਇੱਕ ਹਜ਼ਾਰ ਪਸ਼ੂ ਮਾਰਿਆ ਜਾ ਸਕਦਾ ਸੀ। ਨਾਮਧਾਰੀ ਗਊ ਗਰੀਬ ਦੇ ਰੱਖਿਅਕ ਸਨ। ਇਸ ਲਈ ਸਤਿਗੁਰੂ ਜੀ ਨੇ ੯ ਸਤੰਬਰ ਤੋਂ ੧੯ ਸਤੰਬਰ ੧੯੩੭ ਤੱਕ ਸ੍ਰੀ ਭੈਣੀ ਸਾਹਿਬ ਵਿੱਚ ਇੱਕ ਹਵਨ ਯੱਗ ਅਰੰਭਿਆ। ਹਵਨ ਕੁੰਡ ਦੁਆਲੇ ੯੬ ਪਾਠੀ ਬੈਠ ਕੇ ਚੰਡੀ ਦੀ ਵਾਰ ਦੇ ਪਾਠ

ਲਗਾਤਾਰ ਦਿਨ ਰਾਤ ਕਰਦੇ ਰਹਿੰਦੇ। "ਹਰ ਪਾਠੀ ਆਪਣੀ ਰੌਲ ਵੇਲੇ ਅਕਾਲ ਪੁਰਖ ਅੱਗੇ, ਮਹਾਂ ਮਲੇਛ ਦੇ ਨਾਸ ਅਤੇ ਗਊ ਗਰੀਬ ਦੀ ਰੱਖਿਆ ਲਈ, ਬੈਠਣ ਤੇ ਉੱਠਣ ਸਮੇਂ, ਅਰਦਾਸਾ ਕਰਦਾ ਸੀ।" ਇਸ ਹਵਨ ਯੱਗ ਵਿੱਚ ਦੇਸੀ ਘਿਉ ਦੀ ਸਮੱਗਰੀ ਸਣੇ ਅਹੂਤੀ ਪੈਂਦੀ। ਵਾਤਾਵਰਨ ਸੁਗੰਧਿਤ ਹੁੰਦਾ। ਚੰਡੀ ਦੀ ਵਾਰ ਦੇ ਪਾਠ ਅਗਲੇ ਹਾੜ ਮਹੀਨੇ ਤਕ ਜਾਰੀ ਰਹੇ। ਦੇਵਨੇਤ ਸਰਕਾਰ ਨੇ ਕੂਕਿਆਂ ਅਤੇ ਹੋਰ ਧਾਰਮਿਕ ਹਲਕਿਆਂ ਦਾ ਵਿਰੋਧ ਵੇਖ ਕੇ, ਬੁੱਚੜਖਾਨੇ ਦੀ ਤਜ਼ਵੀਜ਼ ਰੱਦ ਕਰ ਦਿੱਤੀ।

ਸੰਪ੍ਰਦਾਇਕ ਸਦਭਾਵਨਾ ਨੂੰ ਮਜ਼ਬੂਤ ਕਰਨ ਲਈ ਸਤਿਗੁਰੂ ਜੀ ਨੇ ਅਪਰੈਲ ੧੯੪੩ ਈ. ਵਿੱਚ ਸ੍ਰੀ ਭੈਣੀ ਸਾਹਿਬ ਵਿਖੇ ਇੱਕ ਹਿੰਦੂ-ਮੁਸਲਿਮ-ਸਿੱਖ ਮਿਲਾਪ ਕਾਨਫਰੰਸ ਕਰਵਾਈ। ਇਸ ਵਿੱਚ ਨਾਮਧਾਰੀ, ਅਕਾਲੀ, ਸਿੱਖਾਂ ਦੇ ਹੋਰ ਫਿਰਕੇ ਕਾਂਗਰਸ ਵਾਲੇ ਅਤੇ ਹੋਰ ਵਿਚਾਰਾਂ ਵਾਲੇ ਵੀ ਸ਼ਾਮਲ ਹੋਏ। ਪੰਜਾਬ ਦੀਆਂ ਰਿਆਸਤਾਂ ਨੂੰ ਵੀ ਸੱਦੇ ਭੇਜੇ ਸਨ। ਪਟਿਆਲਾ, ਕਪੂਰਥਲਾ ਅਤੇ ਫਰੀਦਕੋਟ ਦੇ ਰਾਜੇ, ਮਹਾਰਾਜਿਆਂ ਦੇ ਨੁਮਾਇੰਦੇ ਵੀ ਆਏ। ਬਾਬਾ ਸਾਵਣ ਸਿੰਘ ਜੀ ਰਾਧਾ ਸੁਆਮੀ ਵੀ ਆਏ। ਪੰਜਾਹ ਹਜ਼ਾਰ ਦਾ ਇਕੱਠ ਸੀ। ਹਿੰਦੂ, ਮੁਸਲਿਮ ਅਤੇ ਸਿੱਖ ਆਗੂਆਂ ਨੇ ਮਿਲਾਪ ਤੇ ਮਹੱਤਵਪੂਰਨ ਤਕਰੀਰਾਂ ਕੀਤੀਆਂ ਅਤੇ ਭਾਰਤੀ ਲੋਕਾਂ ਨੂੰ ਇੱਕ ਝੰਡੇ ਹੇਠ ਜੁੜਨ ਦਾ ਸੱਦਾ ਦਿੱਤਾ। ਦੂਜੇ ਵਿਸ਼ਵ ਯੁੱਧ ਸਮੇਂ ਇਸ ਤਰ੍ਹਾਂ ਦੀ ਕਾਨਫਰੰਸ ਦਾ ਵਿਚਾਰ ਹੀ ਬੜਾ ਅੱਗੇ ਵਧੂ ਸੀ। ਆਲ ਇੰਡੀਆ ਚਰਖਾ ਸੰਘ ਨੇ ਇਸ ਮੌਕੇ ਤੇ ਖਾਦੀ ਦੀ ਨੁਮਾਇਸ਼ ਲਾਈ। ਸਤਿਗੁਰੂ ਪਰਤਾਪ ਸਿੰਘ ਜੀ ਹਰ ਸਾਲ ਹੋਲੇ ਮਹੱਲੇ ਤੇ ਜਿੱਥੇ ਸ਼ੁੱਧ ਗੁਰਬਾਣੀ ਪਾਠੀਆਂ ਨੂੰ ਸਨਮਾਨਿਤ ਕਰਦੇ ਸਨ ਉੱਥੇ ਬਾਰੀਕ ਸੂਤ ਕੱਤਣ ਵਾਲੀਆਂ ਬੀਬੀਆਂ ਨੂੰ ਸਨਮਾਨਿਤ ਕਰਕੇ, ਸੁਦੇਸ਼ੀ ਲਹਿਰ ਨੂੰ ਮਜ਼ਬੂਤ ਕਰਦੇ। ਇਸ ਕਾਨਫਰੰਸ ਸਮੇਂ ਸਤਾਰਾਂ ਹਜ਼ਾਰ ਸੰਗਤ, ਇੱਕੋ ਸਮੇਂ ਪੰਗਤਾਂ ਵਿੱਚ ਪਰਸ਼ਾਦ ਛਕਦੀ ਸੀ। ਸਤਿਗੁਰੂ ਜੀ ਅਤੇ ਉਹਨਾਂ ਦੇ ਦੋਵੇਂ ਸਾਹਿਬਜ਼ਾਦੇ ਲੰਗਰ ਦੇ ਵਰਤਾਵਿਆਂ ਵਿੱਚ ਹੁੰਦੇ ਸਨ।[27] ਇਸ ਤਰ੍ਹਾਂ ਦੇ ਏਕਤਾ ਸੰਮੇਲਨਾਂ ਦੀ ਲੜੀ ਜੋ ੧੯੩੪ ਤੋਂ ਸ਼ੁਰੂ ਹੋਈ ਸੀ ਅਗਲੇ ਦਸਾਂ ਸਾਲਾਂ ਵਿੱਚ ਵੀ ਜਾਰੀ ਰਹੀ। ਇਸ ਸਮੇਂ ਅਮਨ ਲਈ ਸੰਗਰਾਮ, ਕੌਮੀ ਮੁਕਤੀ ਸੰਗਰਾਮ ਦਾ ਹੀ ਇੱਕ ਅੰਗ ਸੀ।

ਉੱਘੇ ਕਾਨੂੰਨ ਦਾਨ, ਬਾਅਦ ਵਿੱਚ ਅਜ਼ਾਦ ਭਾਰਤ ਸਮੇਂ ਬਣੇ ਕੇਂਦਰੀ ਮੰਤਰੀ, ਸ੍ਰੀ ਕੇ. ਐਮ. ਮੁਨਸ਼ੀ ਅਤੇ ਸੇਠ ਜੁਗਲ ਕਿਸ਼ੋਰ ਬਿਰਲਾ ਵੀ ਕੌਮੀ ਏਕਤਾ ਦੀ ਆਪਣੀ ਮੁਹਿੰਮ ਤਹਿਤ ੨੦ ਮਾਰਚ ੧੯੪੩ ਨੂੰ ਸ੍ਰੀ ਭੈਣੀ ਸਾਹਿਬ ਆਏ। ਮੁਨਸ਼ੀ ਜੀ ਨੇ ਇੱਥੋਂ ਜਾ ਕੇ ਆਪਣੇ ਪੱਤਰ "ਸੋਸ਼ਲ ਵੈਲਫੇਅਰ" ਵਿੱਚ ਸ੍ਰੀ ਭੈਣੀ ਸਾਹਿਬ ਦੀ ਤੁਲਨਾ ਵੈਦਿਕ ਰਿਖੀਆਂ ਦੇ ਆਸ਼ਰਮ ਨਾਲ ਕੀਤੀ। ਬਿਰਲਾ ਜੀ ਨੇ ਸੰਤ ਇੰਦਰ ਸਿੰਘ ਚੱਕਰਵਰਤੀ ਜੀ ਨੂੰ ਕਿਹਾ- ਜੇ ਸਤਿਗੁਰੂ ਜੀ ਆਗਿਆ ਦੇਣ ਤਾਂ ਮੈਂ ਸ੍ਰੀ ਭੈਣੀ ਸਾਹਿਬ ਵਿੱਚ ਅਜਿਹੇ ਉੱਚੇ ਮੰਦਰ ਸਿਰਜ ਦਿਆਂ ਜਿਹਨਾਂ ਦਾ ਝਲਕਾਰਾ ਲੁਧਿਆਣਾ ਤੋਂ ਪਵੇ। ਪਰ ਸਤਿਗੁਰੂ ਜੀ ਦਾ ਜੁਆਬ ਸੀ- "ਚੱਕਰਵਰਤੀ ਜੀ! ਸੇਠ

ਦੇ ਮੰਦਰਾਂ ਨਾਲੋਂ ਮੈਨੂੰ ਇਹਨਾਂ ਕੱਚਿਆਂ ਕੋਠਿਆਂ ਤੇ ਛੱਪਰਾਂ ਤੇ ਬਹੁਤਾ ਮਾਣ ਹੈ।"[28]

ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਤੋਂ ਹੀ ਨਾਮਧਾਰੀ ਪੰਥ, ਪੰਜਾਬੀ ਭਾਸ਼ਾ ਅਤੇ ਗੁਰਮੁਖੀ ਅੱਖਰਾਂ ਦੇ ਪਰਚਾਰ ਪਰਸਾਰ ਲਈ ਯਤਨਸ਼ੀਲ ਰਿਹਾ ਹੈ। ਸਤਿਗੁਰੂ ਪਰਤਾਪ ਸਿੰਘ ਜੀ ਨੇ ਵੀ ਆਪਣੇ ਪੂਰਵਜਾਂ ਦੀ ਇਸ ਪਰੰਪਰਾ ਨੂੰ ਕਾਇਮ ਰੱਖਦਿਆਂ, ਦੇਸ਼ ਵੰਡ ਤੋਂ ਪਹਿਲਾਂ ਅਤੇ ਬਾਅਦ ਵਿੱਚ ਵੀ ਪੰਜਾਬੀ ਭਾਸ਼ਾ ਨੂੰ ਇਸ ਦਾ ਬਣਦਾ ਸਥਾਨ ਦੁਆਉਣ ਲਈ ਵਿਸ਼ੇਸ਼ ਉਪਰਾਲੇ ਕੀਤੇ। ਉਹਨਾਂ ਨੇ ਸ੍ਰੀ ਭੈਣੀ ਸਾਹਿਬ ਵਿੱਚ "ਸ੍ਰੀ ਸਤਿਗੁਰੂ ਰਾਮ ਹਰੀ ਪਰੈਸ" ਲਾ ਕੇ ਜਿੱਥੇ ਲਾਹੌਰ ਤੋਂ ਲੰਗੇ ਡੰਗ ਛਪਦੇ, ਸਪਤਾਹਿਕ ਸਤਿਜੁਗ ਨੂੰ ਨਿਯਮਿਤ ਕੀਤਾ, ਉੱਥੇ ਇਸੇ ਪ੍ਰੈਸ ਵਿੱਚੋਂ ਸਤਿਜੁਗ ਦੇ ਸਲਾਨਾ ਬਸੰਤ ਅੰਕ ਅਤੇ ਹੋਰ ਵਿਸ਼ੇਸ਼ ਅੰਕ, ਨਾਮਧਾਰੀ ਨਿਤਨੇਮ, ਨਾਮਧਾਰੀ ਇਤਿਹਾਸ ਦੀਆਂ ਪੁਸਤਕਾਂ ਬਾਲ ਉਪਦੇਸ਼ ਅਤੇ ਵਿਦਿਆਲਾ ਭੈਣੀ ਸਾਹਿਬ ਲਈ ਕੁਝ ਪਾਠ ਪੁਸਤਕਾਂ ਵੀ ਛਪਵਾਈਆਂ। ਉਹ ਨਾਮਧਾਰੀ ਘੇਰੇ ਤੋਂ ਬਾਹਰ ਦੀਆਂ ਪੰਜਾਬੀ ਪੁਸਤਕਾਂ ਵੀ ਛਾਪਦੇ ਰਹੇ। ਸ੍ਰੀ ਭੈਣੀ ਸਾਹਿਬ ਦੇ ਸਾਲਾਨਾ ਹੋਲੇ ਮੇਲਿਆਂ ਤੇ ਪੰਜਾਬੀ ਦੇ ਇਨਾਮੀ ਕਵੀ ਦਰਬਾਰਾਂ ਦੀ ਪਰੰਪਰਾ ਵੀ ਆਪ ਨੇ ਸ਼ੁਰੂ ਕਰਵਾਈ। ਉੱਘੇ ਪੰਜਾਬੀ ਕਵੀ ਸ੍ਰੀ ਭੈਣੀ ਸਾਹਿਬ ਦੀ ਸਟੇਜ ਤੋਂ ਸਰੋਤਿਆਂ ਨੂੰ ਮੁਖਾਤਿਬ ਹੁੰਦੇ ਰਹੇ। ਇਹਨਾਂ ਵਿੱਕੋਲਿਤਰੇ ਯਤਨਾਂ ਤੋਂ ਬਿਨਾਂ ਪੰਜਾਬੀ ਭਾਸ਼ਾ ਲਈ ਉੱਚੇ ਪੱਧਰ ਤੇ ਮੰਗਾਂ ਉਠਾਉਣ ਲਈ ਆਪਨੇ ਪੰਜਾਬੀ ਸੰਮੇਲਨ ਵੀ ਕਰਵਾਏ ਤਾਂਕਿ ਅੰਗਰੇਜ਼ੀ ਸਰਕਾਰ, ਪੰਜਾਬੀ ਨੂੰ ਇਸਦਾ ਬਣਦਾ ਸਥਾਨ ਦੇਵੇ।

ਸ਼ਿਮਲਾ ਵਿਖੇ ੬ ਸਤੰਬਰ, ੧੯੪੨ ਨੂੰ ਇਸ ਪ੍ਰਥਾਇ ਇਕ ਸ਼ਾਨਦਾਰ ਕਾਨਫਰੰਸ ਭਾਈ ਅਰਜਨ ਸਿੰਘ ਬਾਗੜੀਆਂ ਦੀ ਪਰਧਾਨਗੀ ਹੇਠ ਕੀਤੀ ਗਈ ਜਿਸ ਦਾ ਮੰਚ ਸੰਚਾਲਨ ਪ੍ਰੋ. ਅਬਦੁਲ ਮਜੀਦ ਖਾਂ ਨੇ ਕੀਤਾ। ਪੰਜਾਬੀ ਦੇ ਉੱਘੇ ਸਟੇਜੀ ਕਵੀ ਪੰਜ ਘੰਟੇ ਤੱਕ ਨਿੱਠ ਕੇ ਚੱਲੇ ਕਵੀ ਦਰਬਾਰ ਦੀ ਸ਼ੋਭਾ ਬਣੇ। ਇਹਨਾਂ ਵਿੱਚ ਸ਼ਾਮਲ ਸਨ ਸਰਵ ਸ੍ਰੀ ਡਾ. ਫਕੀਰ ਮੁਹੰਮਦ, ਫੀਰੋਜ਼ ਦੀਨ ਸ਼ਰਫ, ਲਾਲਾ ਸੁੰਦਰ ਦਾਸ ਆਸੀ, ਅਵਤਾਰ ਸਿੰਘ ਆਜ਼ਾਦ, ਕਰਤਾਰ ਸਿੰਘ ਬਲੱਗਣ, ਉਸਤਾਦ ਚਿਰਾਗ ਦੀਨ ਦਾਮਨ, ਬਲਦੇਵ ਰਾਜ ਬੇਕਲ, ਅਵਤਾਰ ਸਿੰਘ ਦਲੇਰ ਅਤੇ ਸਾਧੂ ਸਿੰਘ ਹਮਦਰਦ ਆਦਿ।

ਪੰਜਾਬੀ ਭਾਸ਼ਾ ਦੀ ਉਨਤੀ ਲਈ ਵਿਚਾਰਾਂ ਕਰਨ ਵਾਲਿਆਂ ਵਿੱਚ ਸ਼ਾਮਲ ਸਨ, ਪ੍ਰੋ. ਗੰਗਾ ਸਿੰਘ, ਮਹਾਸ਼ਾ ਖੁਸ਼ਹਾਲ ਚੰਦ, ਕਰਤਾਰ ਸਿੰਘ ਦੀਵਾਨਾ, ਗਿਆਨੀ ਕਰਤਾਰ ਸਿੰਘ, ਸ੍ਰ. ਆਤਮਾ ਸਿੰਘ ਰਾਵਲਪਿੰਡੀ, ਸੰਤ ਇੰਦਰ ਸਿੰਘ ਚੱਕਰਵਰਤੀ ਆਦਿ। ਇਸ ਸੰਮੇਲਨ ਵਿੱਚ ਤਿੰਨ ਮਤੇ ਪਾਸ ਕੀਤੇ, ਜਿਹਨਾਂ ਵਿੱਚ ਦਿੱਲੀ ਅਤੇ ਲਾਹੌਰ, ਰੇਡੀਉ ਸਟੇਸ਼ਨਾਂ ਤੋਂ ਪੰਜਾਬੀ ਦੇ ਪ੍ਰੋਗਰਾਮਾਂ ਨੂੰ ਯੋਗ ਸਥਾਨ ਦਿਵਾਉਣਾ, ਪੰਜਾਬ ਦੇ ਸਕੂਲਾਂ ਅਤੇ ਕਾਲਜਾਂ ਦੇ ਪਾਠ ਕਰਮ ਵਿੱਚ ਪੰਜਾਬੀ ਭਾਸ਼ਾ ਨੂੰ ਉਚਿਤ ਸਥਾਨ ਦਿਵਾਉਣਾ ਅਤੇ ਸਰਕਾਰੀ ਤੌਰ ਤੇ ਉਹਨਾਂ ਅਫਸਰਾਂ ਤੇ ਕਰਮਚਾਰੀਆਂ ਨੂੰ ਨਿਯੁਕਤ ਕਰਨਾ ਜੋ ਪੰਜਾਬੀ ਭਾਸ਼ਾ ਨੂੰ ਸਰਕਾਰੇ ਦਰਬਾਰੇ ਯੋਗ ਸਥਾਨ ਦਿਵਾ

ਸੱਕਣ। ਇਸੇ ਸਾਲ ੧-੨ ਕੱਤਕ ਨੂੰ ਸ੍ਰੀ ਭੈਣੀ ਸਾਹਿਬ ਵਿਖੇ ਇੱਕ ਵਿਸ਼ਾਲ ਸਮਾਗਮ ਹੋਇਆ, ਜਿਸ ਵਿੱਚ ਪੰਜਾਬੀ ਭਾਸ਼ਾ ਦੀ ਉਨਤੀ ਦੇ ਮਸਲੇ ਤਾਂ ਉਠਾਏ ਹੀ ਗਏ। ਦੇਸ਼ ਵਿੱਚ ਸੰਪ੍ਰਦਾਇਕ ਸੌਹਾਰਦ ਕਾਇਮ ਰੱਖਣ ਲਈ ਇਹ ਇੱਕ ਕਿਸਮ ਦਾ ਸਰਵ ਧਰਮ ਸੰਮੇਲਨ ਵੀ ਹੋ ਨਿਬੜਿਆ, ਜਿਸ ਵਿੱਚ ਪ੍ਰਾਰਥਨਾ ਪ੍ਰੋ. ਅਬਦੁਲ ਮਜ਼ੀਦ ਖਾਂ ਨੇ ਮੁਸਲਮਾਨੀ ਤਰੀਕੇ ਨਾਲ 'ਬਿਸਮਿਲਾ' ਤੋਂ ਸ਼ੁਰੂ ਕੀਤੀ ਅਤੇ ਮਿ. ਏ. ਪ੍ਰਸਾਦ (ਈਸਾਈ ਨੁਮਾਇੰਦਾ) ਨੇ 'ਹੇ ਖੁਦਾਵੰਦ ਤੇਰੀ ਪਾਕ ਰੂਹ' ਤੋਂ ਦੁਆ ਸ਼ੁਰੂ ਕੀਤੀ, ਰਣਬੀਰ ਜੀ ਨੇ ਆਰੀਆ ਸਮਾਜੀ ਤਰੀਕੇ ਨਾਲ 'ਓਮ' ਤੋਂ ਪ੍ਰਾਰਥਨਾ ਸ਼ੁਰੂ ਕੀਤੀ ਤੇ ਪ੍ਰਿੰ. ਜੋਧ ਸਿੰਘ ਨੇ ਸਿੱਖ ਧਰਮ ਮਰਿਆਦਾ ਅਨੁਸਾਰ 'ਤੂੰ ਠਾਕੁਰ ਤੁਮ ਪਹਿ ਅਰਦਾਸਿ' ਤੋਂ ਅਰਦਾਸ ਸ਼ੁਰੂ ਕੀਤੀ।

੨੫ ਜੂਨ ੧੯੪੫ ਨੂੰ ਭਾਰਤ ਦੇ ਉਸ ਸਮੇਂ ਦੇ ਵਾਇਸਰਾਏ ਲਾਰਡ ਵੇਵਲ ਨੇ ਭਾਰਤ ਦੇ ਸਭ ਤਬਕਿਆਂ, ਧਰਮਾਂ ਅਤੇ ਰਾਜਨੀਤਿਕ ਆਗੂਆਂ ਦੇ ਚੋਣਵੇਂ ਇੱਕੀ ਪ੍ਰਤੀਨਿਧਾਂ ਨੂੰ ਸ਼ਿਮਲਾ ਵਿਖੇ ਗੱਲਬਾਤ ਲਈ ਬੁਲਾਇਆ। ਇਸਦਾ ਮਨੋਰਥ ਸਾਰੇ ਤਬਕਿਆਂ ਦੀ ਪ੍ਰਤੀਨਿਧ ਕਾਰਜਕਾਰੀ ਕੌਂਸਲ ਬਨਾਉਣਾ ਸੀ, ਜਦੋਂ ਤੱਕ ਨਵਾਂ ਸੰਵਿਧਾਨ ਨਹੀਂ ਸੀ ਬਣਦਾ। ਇਸ ਸਮੇਂ ਸਤਿਗੁਰੂ ਪਰਤਾਪ ਸਿੰਘ ਜੀ ਸ਼ਿਮਲੇ ਵਿਖੇ, ਪੰਡਿਤ ਜਵਾਹਰ ਲਾਲ ਨਹਿਰੂ ਨੂੰ ਮਿਲੇ। ਮੁਲਾਕਾਤ ਸਤਿਗੁਰੂ ਜੀ ਦੀ ਰਹਾਇਸ਼ ਤੇ ਹੋਈ। ਨਹਿਰੂ ਜੀ ਦੇ ਪੁੱਛਣ ਤੇ ਕਿ ਤੁਹਾਡੀ ਕੋਈ ਖ਼ਾਸ ਮੰਗ ਹੈ ਤਾਂ ਦੱਸੋ ਤਾਂ ਸਤਿਗੁਰੂ ਜੀ ਨੇ ਕਿਹਾ ਇੱਕੋ ਮੰਗ ਹੈ ਸਾਡੀ ਕਿ ਦੇਸ਼ ਆਜ਼ਾਦ ਹੋਵੇ। ਬਾਕੀ ਤੁਹਾਡੇ ਨਾਲ ਹਾਂ, ਮੈਂ ਕੋਰੇ ਕਾਗਜ਼ ਤੇ ਦਸਤਖਤ ਕਰ ਦਿੰਦਾ ਹਾਂ। ਸਤਿਗੁਰੂ ਜੀ ਨੇ ਕੋਰੇ ਕਾਗਜ਼ ਤੇ 'ਪਰਤਾਪ ਸਿੰਘ ਨਾਮਧਾਰੀ, ਭੈਣੀ ਸਾਹਿਬ' ਲਿਖ ਕੇ ਪੰਡਿਤ ਜੀ ਨੂੰ ਦੇ ਦਿੱਤਾ। ਉਹਨਾਂ ਗਾਂਧੀ ਜੀ ਨੂੰ ਦੱਸਿਆ ਕਿ ਨਾਮਧਾਰੀ ਵੀ ਸਾਡੇ ਨਾਲ ਹਨ। ਕੌਮੀ ਆਗੂਆਂ ਨੇ ਸਤਿਗੁਰੂ ਪਰਤਾਪ ਸਿੰਘ ਜੀ ਦੇ ਦਸਖਤਾਂ ਵਾਲੇ ਕਾਗਜ਼ ਦੀ ਤੁਲਨਾ, ਕੋਰੇ ਚੈਕ ਨਾਲ ਕੀਤੀ, ਜਿਸ ਤੇ ਸਤਿਗੁਰੂ ਜੀ ਦੇ ਦਸਤਖਤ ਸਨ।

ਹੁਣ ਜਦੋਂ ਦੇਸ਼ ਵੰਡ ਦੀ ਚਰਚਾ ਰਾਜਨੀਤਿਕ ਮਾਹੌਲ ਵਿੱਚ ਸੀ ਤਾਂ ਸਤਿਗੁਰੂ ਜੀ ਨੇ ਸੋਚਿਆ ਕਿ ਪੂਰਬੀ ਪੰਜਾਬ ਵਿੱਚ ਕੋਈ ਐਸਾ ਇਲਾਕਾ ਵੇਖੀਏ ਜਿੱਥੇ ਪੱਛਮੀ ਪੰਜਾਬ ਤੋਂ ਆਉਣ ਵਾਲੇ ਨਾਮਧਾਰੀ ਸਿੰਘਾਂ ਨੂੰ ਵਸਾਇਆ ਜਾਏ। ਉਹਨਾਂ ਨੇ ਹਿਸਾਰ ਜ਼ਿਲ੍ਹਾ ਦੀ ਸਿਰਸਾ ਤਹਿਸੀਲ ਦੇ ਰਾਣੀਆ ਥਾਣੇ ਅਧੀਨ ਚੁਚਾਲ, ਜੱਗ ਮਲੇਰਾ, ਕੰਜਰਵਾਲ, ਅਤੇ ਅਲੀਪੁਰ ਸਾਢੇ ਤਿੰਨ ਪਿੰਡਾਂ ਦੀ ਭੂਮੀ ਖਰੀਦਣ ਦਾ ਸੌਦਾ, ਚੂਰੂ ਦੇ ਸੇਠਾਂ ਨਾਲ ਕੀਤਾ। ਨਾਮਧਾਰੀ ਸਿੱਖਾਂ ਨੂੰ ਪ੍ਰਤੀ ਮੁਰੱਬਾ ੫੫੦੦ ਰੁਪੈ ਦੇਣ ਦੀ ਅਪੀਲ ਕੀਤੀ। ਜਨਵਰੀ, ਫਰਵਰੀ ੧੯੪੭ ਵਿੱਚ ਦੋ ਰਜਿਸਟਰੀਆਂ ਹੋ ਗਈਆਂ। ਜ਼ਿਆਦਾ ਰਕਮ ਸਿੱਖਾਂ ਦੀ ਕੁਝ ਸਤਿਗੁਰੂ ਜੀ ਵਲੋਂ ਪਾਈ ਗਈ ਤਾਂ ਕਿ ਰਜਿਸਟਰੀ ਹੋ ਜਾਏ। ਚੁਚਾਲ ਕੋਠੀ ਵਿੱਚ ੧੦੧ ਅਖੰਡ ਪਾਠਾਂ ਦੇ ਭੋਗ ਭੂਮੀ ਦਾ ਕਬਜ਼ਾ ਲੈਣ ਸਮੇਂ ਪਾਏ ਗਏ। ਉਪਰੋਕਤ ਚਾਰਾਂ ਪਿੰਡਾਂ ਦੇ ਨਾਂ ਬਦਲ ਕੇ ਜੀਵਨ ਨਗਰ, ਸੰਤ ਨਗਰ, ਦਮਦਮਾ ਅਤੇ ਹਰੀਪੁਰਾ ਕੀਤੇ ਗਏ। "ਸਾਰੇ ਖਰੀਦਾਰਾਂ ਅਤੇ

ਐਲਾਟੀਆਂ ਆਪਸ ਵਿੱਚ ਬੈਠ ਕੇ ਫੈਸਲਾ ਕੀਤਾ ਕਿ ਮਾਰੂਸ ਜ਼ਮੀਨ ਕੱਟ ਕੇ ੫੫੦੦ ਰੁਪੈ ਦੇ ਖਰੀਦਾਰ ਨੂੰ ੧੯ ਕਿੱਲੇ ਜ਼ਮੀਨ ਦਿੱਤੀ ਜਾਵੇ ਅਤੇ ਮੌਰੂਸੀ ਮਾਲਕ ਬਣ ਕੇ ਐਲਾਟ ਹੋਈ ਦੁਗਣੀ ਨਾਲੋਂ ਅੱਧੀ ਜ਼ਮੀਨ ਦਿੱਤੀ ਜਾਵੇ, ਤਾਂ ਕਿ ਹਿੱਸਾ ਨਾ ਦੇਣਾ ਪਵੇ।[29] ਇੱਕ ਕੰਮ ਸਤਿਗੁਰੂ ਜੀ ਨੇ ਪੰਜਾਬ ਸਰਕਾਰ ਤੋਂ ਇਹ ਮਨਜ਼ੂਰੀ ਲੈਣ ਵਾਲਾ ਵੀ ਕੀਤਾ ਕਿ ਪੱਛਮੀ ਪੰਜਾਬ ਤੋਂ ਉੱਜੜ ਕੇ ਆਉਣ ਵਾਲਾ ਕੋਈ ਵੀ ਨਾਮਧਾਰੀ ਕਿਸੇ ਵੀ ਜ਼ਿਲ੍ਹੇ ਦਾ ਹੋਵੇ, ਹਿਸਾਰ ਜ਼ਿਲ੍ਹਾ ਦੀ ਸਿਰਸਾ ਤਹਿਸੀਲ ਵਿੱਚ ਜ਼ਮੀਨ ਪੁਆ ਸੱਕਦਾ ਹੈ। ਇਸ ਕੰਮ ਲਈ ਕੁਝ ਪਿੰਡ ਇੰਗਤ ਵੀ ਕੀਤੇ ਗਏ। ਇਸੇ ਕਾਰਨ ੧੫ ਅਗਸਤ ੧੯੪੭ ਨੂੰ ਦੇਸ਼ ਆਜ਼ਾਦ ਹੋਣ ਬਾਅਦ, ਸਿਰਸਾ ਤਹਿਸੀਲ ਦੇ ਇਲਾਕਾ ਜੀਵਨ ਨਗਰ ਅਤੇ ਕੁਝ ਹੋਰਨਾਂ ਥਾਈਂ ਵੀ ਨਾਮਧਾਰੀਆਂ ਦਾ ਵੱਸਣਾ ਸੰਭਵ ਹੋ ਗਿਆ। ਉੱਜੜ ਕੇ ਆਉਣ ਵਾਲਿਆਂ ਨੂੰ ਕਾਫੀ ਸਮਾਂ, ਗੁਰੂ ਕੇ ਲੰਗਰ ਵਿੱਚੋਂ ਪਰਸ਼ਾਦ ਪਾਣੀ ਅਤੇ ਲੀੜਾ ਕੱਪੜਾ, ਖੇਤੀ ਲਈ ਬੈਲ, ਦੁਧਾਰੂ-ਪਸ਼ੂ, ਬੀਜ ਅਤੇ ਹੋਰ ਸੰਦ ਵੀ ਮਿਲੇ। ਹਜ਼ਾਰਾਂ ਵਿਸਥਾਪਤਾਂ ਦੇ ਮੁੜ ਵਸੇਬੇ ਵਿੱਚ ਸਤਿਗੁਰੂ ਜੀ ਦਾ ਵੱਡਾ ਯੋਗਦਾਨ ਸੀ। ਇਸ ਸਮੇਂ ਸ੍ਰੀ ਭੈਣੀ ਸਾਹਿਬ ਅਤੇ ਜੀਵਨ ਨਗਰ ਦੇ ਲੰਗਰ ਮਹੀਨਿਆਂ ਬੱਧੀ, ਇਕ ਰਸ ਪਰਸ਼ਾਦ ਪਾਣੀ, ਹਜ਼ਾਰਾਂ ਆਉਣ ਵਾਲਿਆਂ ਨੂੰ ਛਕਾਉਂਦੇ ਰਹੇ। ਸਤਿਗੁਰੂ ਪਰਤਾਪ ਸਿੰਘ ਜੀ ਨੇ ਆਪਣੇ ਸਿੱਖਾਂ ਨੂੰ ਇਹ ਵੀ ਵਿਸ਼ੇਸ਼ ਹੁਕਮ ਕੀਤਾ ਕਿ ਪੂਰਬੀ ਪੰਜਾਬ ਵਿੱਚੋਂ ਉੱਜੜ ਕੇ ਜਾਣ ਵਾਲੇ ਕਿਸੇ ਵੀ ਮੁਸਲਮਾਨ ਦਾ ਜਾਨੀ ਜਾਂ ਮਾਲੀ ਨੁਕਸਾਨ ਨਾ ਕੀਤਾ ਜਾਏ। ਸ੍ਰੀ ਭੈਣੀ ਸਾਹਿਬ ਲੰਗਰ ਵਿੱਚੋਂ ਜਾਣ ਵਾਲੇ ਮੁਸਲਮਾਨਾਂ ਪਾਸ, ਪਰਸ਼ਾਦ ਪਾਣੀ ਪੁਚਾਏ ਜਾਣ ਦਾ ਜ਼ਿਕਰ ਵੀ ਮਿਲਦਾ ਹੈ। ਇਸ ਸੰਬੰਧ ਵਿੱਚ ਕਾ. ਸੋਹਣ ਸਿੰਘ ਜੋਸ਼, ਸੰਪਾਦਕ ਨਵਾਂ ਜ਼ਮਾਨਾ, ੩੧ ਅਗਸਤ ੧੯੫੯ ਦੇ ਆਪਣੇ ਪਰਚੇ ਵਿੱਚ ਲਿਖਦੇ ਹਨ, "ਮੈਨੂੰ ਉਹ ਦਿਨ ਨਹੀਂ ਭੁੱਲਦੇ ਜਦੋਂ ਕਿ ੧੯੪੭ ਦੇ ਹਿੰਦੂ ਮੁਸਲਿਮ ਫਸਾਦਾਂ ਵਿੱਚ. ਵੱਡੇ ਵੱਡੇ ਲੀਡਰ ਵੀ ਆਪਣੇ ਅਸੂਲ ਛੱਡ ਚੁੱਕੇ ਸਨ ਅਤੇ ਇੱਕ ਦੂਜੇ ਦੇ ਖ਼ੂੰਨ ਨਾਲ ਆਪਣੇ ਹੱਥ ਰੰਗ ਰਹੇ ਸਨ। ਉਸ ਵੇਲੇ ਮਹਾਰਾਜ ਪ੍ਰਤਾਪ ਸਿੰਘ ਜੀ ਹੀ, ਕਮਿਊਨਿਸਟ ਪਾਰਟੀ ਤੋਂ ਛੁੱਟ, ਇੱਕ ਅਜਿਹੇ ਮਹਾਨ ਇਨਸਾਨ ਸਨ ਜਿਹੜੇ ਕਿ ਭੈਣੀ ਸਾਹਿਬ ਵਿੱਚ ਹਜ਼ਾਰਾਂ ਮੁਸਲਮਾਨਾਂ ਨੂੰ ਖਾਣਾ ਖਲਾ ਰਹੇ ਸਨ ਅਤੇ ਬੜੇ ਖਤਰੇ ਵਿੱਚ ਪੈ ਕੇ ਉਹਨਾਂ ਦੀਆਂ ਜਾਨਾਂ ਦੀ ਰੱਖਿਆ ਕਰ ਰਹੇ ਸਨ।" ਅੰਬਾਲਾ ਤੋਂ ਐਮ. ਐਲ. ਏ. ਰਹੇ ਸ਼੍ਰੀ ਅਬਦੁਲ ਗਨੀ ਅਕਸਰ ਕਿਹਾ ਕਰਦੇ ਸਨ ਕਿ ਜੇ ਦੇਸ਼ ਬਟਵਾਰੇ ਦੇ ਸਮੇਂ, ਸਤਿਗੁਰੂ ਪਰਤਾਪ ਸਿੰਘ ਜੀ, ਭੈਣੀ ਸਾਹਿਬ ਵਿਚਲਾ ਉਹਨਾਂ ਦਾ ਡੇਰਾ ਅਤੇ ਨਾਮਧਾਰੀ ਭਾਈਚਾਰਾ, ਉਹਨਾਂ ਨੂੰ ਸਹਿਯੋਗ ਨਾ ਦਿੰਦਾ ਤਾਂ ਬੇਟ ਦੇ ਇਲਾਕੇ ਦਾ ਇੱਕ ਵੀ ਮੁਸਲਮਾਨ ਬਚ ਕੇ, ਪਾਕਿਸਤਾਨ ਨਹੀ ਸੀ ਜਾ ਸਕਦਾ।

ਇਲਾਕਾ ਜੀਵਨ ਨਗਰ ਵਿੱਚ ਆਪ ਦੁਆਰਾ ਖਰੀਦੀ ਜ਼ਮੀਨ ੧੨੪੩੦ ਏਕੜ ਸੀ। ਇਸ ਵਿੱਚੋਂ ਘੱਟ ਗਿਣਤੀਆਂ ਕੰਬੋਅ ਅਤੇ ਸੈਣੀ ਸਿੱਖਾਂ ਨੂੰ ਕਰਮਵਾਰ ਸੰਤਾਂ ਵਾਲੀ ਅਤੇ ਧਰਮਪੁਰਾ, ਸੰਤੋਖਪੁਰਾ ਪਿੰਡਾਂ ਵਿੱਚ ਬੈਠਾਇਆ ਗਿਆ। ੪੦੦

ਏਕੜ ਤੋਂ ਵੱਧ ਜ਼ਮੀਨ ਜੋ ਕਾਮਨ ਪੂਲ ਵਿੱਚ ਬਚ ਗਈ ਸੀ, ਉਸ ਨੂੰ ਆਪ ਨੇ ਭੂਮੀਹੀਣ ਅਤੇ ਪਛੜੀਆਂ ਸ਼ਰੇਣੀਆਂ ਤੇ ਪੱਟੀ ਦਰਜ ਜਾਤੀਆਂ ਵਿੱਚ, ਘੱਟੋ ਘੱਟ ਪੰਜ ਏਕੜ ਪ੍ਰਤੀ ਪਰਿਵਾਰ ਵੰਡ ਦਿੱਤੀ। ਬਾਕੀ ਜ਼ਮੀਨ ਗੁਰੂ ਕੇ ਲੰਗਰ, ਵਿਦਿਆਲਾ ਅਤੇ ਗਊਸ਼ਾਲਾ ਲਈ ਰੱਖੀ ਗਈ। ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ ਵੀ ਇਸ ਵਿੱਚੋਂ ਕਾਫੀ ਜ਼ਮੀਨ ਬੇ-ਜ਼ਮੀਨੇ ਸਿੱਖਾਂ ਵਿੱਚ ਵੰਡੀ ਗਈ। ਨਾਭੇ ਦੇ ਮਹਾਰਾਜੇ ਦੁਆਰਾ ਦਿਤੇ ਬੀੜ ਮਰਾਰਤੂ ਦੀ ੧੨੯੧ ਏਕੜ ਭੂਮੀ ਵਿੱਚੋਂ, ੬੦ ਏਕੜ ਭੈਣੀ ਸਾਹਿਬ ਦੇ ਲੰਗਰ ਲਈ ਰੱਖ ਕੇ, ਬਾਕੀ ਆਪ ਨੇ ਕੋਈ ੧੦੦ ਤੋਂ ਵੱਧ ਬੇ-ਜ਼ਮੀਨੇ ਨਾਮਧਾਰੀ ਪਰਿਵਾਰਾਂ ਵਿੱਚ ਵੰਡ ਦਿੱਤੀ। ਤਦੋਕੀ ਤਹਿਸੀਲ ਸਿਰਸਾ ਦੇ ਪਿੰਡਾਂ ਵਿੱਚ, ਪੱਛਮੀ ਪੰਜਾਬ ਦੇ ਨਾਮਧਾਰੀਆਂ ਦੀ ਜ਼ਮੀਨ ਅਲਾਟਮੈਂਟ ਕਰਵਾਉਣ ਲਈ ਵੀ ਸਤਿਗੁਰੂ ਜੀ ਨੇ ਆਪਣੇ ਕਾਰ ਮੁਖਤਾਰਾਂ ਦੁਆਰਾ ਵੱਡੀ ਭੱਜ ਨੱਸ ਕਰਵਾਈ। ਸਤਿਗੁਰੂ ਜੀ ਦੁਆਰਾ ਕੀਤੀ ਜ਼ਮੀਨ ਦੀ ਵੰਡ ਤੇ, ਕੁਝ ਸਿੱਖਾਂ ਨੇ ਰੋਸ ਵਜੋਂ ਅਦਾਲਤੀ ਮੁਕੱਦਮੇਬਾਜੀ ਵੀ ਸ਼ੁਰੂ ਕਰ ਦਿੱਤੀ। ਇਸ ਕਾਰਨ ਆਪ ਨੂੰ ਕਾਫੀ ਵਾਦ ਵਿਵਾਦਾਂ ਵਿੱਚੋਂ ਵੀ ਗੁਜ਼ਰਨਾ ਪਿਆ। ਸਥਾਨਕ ਕਾਂਗਰਸੀ ਆਗੂਆਂ ਦੀ, ਪੰਜਾਬ ਸਰਕਾਰ ਤੱਕ ਵਾਹਵਾ ਪਹੁੰਚ ਹੋਣ ਕਾਰਨ, ਕਈ ਅਣਸੁਖਾਵੀਆਂ ਘਟਨਾਵਾਂ ਵੀ ਵਾਪਰੀਆਂ।

੨੬ ਵੈਸਾਖ ਮੁਤਾਬਿਕ ਮਈ ੧੯੫੯ ਈ. ਵਿੱਚ ਸਤਿਗੁਰੂ ਜੀ ਦਾ ਜੀਵਨ ਨਗਰ ਦਾ ਆਖਰੀ ਦੌਰਾ ਸੀ। ਆਪ ਸੰਗਤ ਨੂੰ ਇਹ ਹੁਕਮ ਦੇ ਕੇ ਸ੍ਰੀ ਭੈਣੀ ਸਾਹਿਬ ਪੁੱਜ ਗਏ ਕਿ ਹੁਣ ਜਿਹਨੇ ਇੱਥੇ ਰਹਿਣਾ ਹੈ ਉਹ ਵੱਡੇ ਕਾਕੇ (ਬਾਬਾ ਜਗਜੀਤ ਸਿੰਘ ਜੀ) ਦੇ ਹੁਕਮ ਅਨੁਸਾਰ ਚੱਲੇ। ਅਗਲਾ ਸਮਾਂ ਆਪ ਦਾ ਮੰਡੀ (ਹਿਮਾਚਲ ਪਰਦੇਸ਼) ਅਤੇ ਸ੍ਰੀ ਭੈਣੀ ਸਾਹਿਬ ਵਿਖੇ ਬਤੀਤ ਹੋਇਆ। ਆਪ ਦਾ ਡੇਰਾ ਰੁੱਖਾਂ ਹੇਠ ਬਣੇ ਕੱਖਾਂ ਕਾਨਿਆਂ ਦੀ ਛੱਤ ਵਾਲੇ ਗੋਲ ਮੰਦਰ ਵਿੱਚ ਸੀ। ਇੱਥੇ ਹੀ ੨੨ ਅਗਸਤ ੧੯੫੯ ਈ. ਨੂੰ ਅੱਧੀ ਰਾਤ ਤੋਂ ਬਾਅਦ, ੧੨ ਵੱਜ ਕੇ ੦੫ ਮਿੰਟ ਤੇ, ਆਪ ਜੋਤੀ ਜੋਤ ਸਮਾ ਗਏ। ਰਾਤੋ ਰਾਤ ਸੰਚਾਰ ਮਾਧਿਅਮ ਵਰਤੇ ਗਏ। ਸ਼ੋਕ ਦੀ ਇਕ ਲਹਿਰ ਚਾਰ ਚੁਫੇਰੇ ਪਸਰ ਗਈ। ਅਜੇ ਆਪ ਨੇ ਆਪਣੀ ਆਯੂ ਦੇ ੭੦ ਵਰ੍ਹੇ ਵੀ ਪੂਰੇ ਨਹੀਂ ਸਨ ਕੀਤੇ। ਇਸੇ ਸ਼ਾਮ ਆਪ ਦਾ ਸਸਕਾਰ ਸ੍ਰੀ ਭੈਣੀ ਸਾਹਿਬ ਵਿਖੇ, ਉਸੇ ਸਥਾਨ ਦੇ ਪਾਸ ਕਰ ਦਿੱਤਾ ਗਿਆ ਜਿੱਥੇ ੩੫ ਵਰ੍ਹੇ ਪਹਿਲਾਂ ਮਾਤਾ ਭੁਪਿੰਦਰ ਕੌਰ ਜੀ ਦਾ ਸਸਕਾਰ ਹੋਇਆ ਸੀ। ਸਸਕਾਰ ਦੀ ਅਰਦਾਸ ਹੁੰਦਿਆਂ ਹੀ ਨਾਮਧਾਰੀ ਪੰਥ ਦੇ ਵੇਦ ਵਿਆਸ, ਸੰਤ ਇੰਦਰ ਸਿੰਘ ਚੱਕਰਵਰਤੀ ਨੇ, ਨਾਮਧਾਰੀ ਪੰਥ ਦੇ ਅਗਲੇ ਮੁਖੀ ਦੇ ਤੌਰ ਤੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਨਾਮ ਦਾ ਐਲਾਨ ਕਰ ਦਿੱਤਾ।

ਸਤਿਗੁਰੂ ਜੀ ਦੀ ਯਾਦ ਵਿੱਚ ਗੁਰਬਾਣੀ ਪਾਠਾਂ ਦੇ ਭੋਗ ਦਾ ਮੇਲਾ, ੧੦ ਸਤੰਬਰ ਨੂੰ ਸ੍ਰੀ ਭੈਣੀ ਸਾਹਿਬ ਵਿਖੇ ਤੰਬੂਆਂ ਦਾ ਇੱਕ ਨਗਰ ਵਸਾ ਕੇ ਮਨਾਇਆ ਗਿਆ। ਅਖਬਾਰਾਂ ਦੇ ਮੁਤਾਬਿਕ ਇਸ ਮੌਕੇ ਵੱਖ ਵੱਖ ਧਾਰਮਿਕ, ਰਾਜਨੀਤਿਕ, ਸਮਾਜਿਕ, ਸੱਭਿਆਚਾਰਕ ਅਤੇ ਸਾਹਿਤਕ ਖੇਤਰ ਦੀਆਂ ਹਸਤੀਆਂ ਤੋਂ ਇਲਾਵਾ

ਕੋਈ ਡੇਢ ਲੱਖ ਦੇ ਕਰੀਬ ਪੰਜਾਬ, ਹਿੰਦੁਸਤਾਨ ਅਤੇ ਦੇਸ਼ਾਂ ਵਿਦੇਸ਼ਾਂ ਤੋਂ ਆਈ ਸੰਗਤ ਜੁੜੀ। ਇਸ ਮਹਾਨ ਸ਼ਰਧਾਂਜਲੀ ਸਮਾਗਮ ਵਿੱਚ ਆਪੋ ਆਪਣੇ ਖੇਤਰ ਦੀਆਂ ਉੱਘੀਆਂ ਹਸਤੀਆਂ ਨੇ ਸਤਿਗੁਰੂ ਜੀ ਨੂੰ ਸ਼ਰਧਾ ਪੁਸ਼ਪ ਭੇਟ ਕੀਤੇ। ਸ੍ਰੀ ਆਦਿ ਗੁਰੂ ਗਰੰਥ ਸਾਹਿਬ ਅਤੇ ਦਸਮ ਗਰੰਥ ਸਾਹਿਬ ਦੇ ਪਾਠਾਂ ਦੇ ਭੋਗ ਅਤੇ ਅਰਦਾਸ ਉਪਰੰਤ ਨਾਮਧਾਰੀ ਪੰਥ ਦੀ ਜ਼ਿੰਮੇਵਾਰੀ ਦੀ ਦਸਤਾਰ, ਸਤਿਗੁਰੂ ਪਰਤਾਪ ਸਿੰਘ ਜੀ ਦੇ ਹਜ਼ੂਰੀ ਸੇਵਕ ਭਾਈ ਵਜ਼ੀਰ ਸਿੰਘ ਜੀ ਦੁਆਰਾ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਅਰਪਿਤ ਕੀਤੀ ਗਈ ਜੋ ਆਪ ਨੇ ਸੀਸ ਤੇ ਸਜਾ ਕੇ, ਸੰਗਤ ਨੂੰ ਨਮਸ਼ਕਾਰ ਕੀਤੀ, ਦਰਸ਼ਨ ਦਿੱਤੇ।

ਸਤਿਗੁਰੂ ਜੀ ਵਿਸ਼ਵ ਸ਼ਾਂਤੀ ਵਾਸਤੇ ਵੀ ਸਦਾ ਯਤਨਸ਼ੀਲ ਰਹੇ। ਉਹਨਾਂ ਦੇ ਸਾਹਵੇਂ ਸਤਿਗੁਰੂ ਰਾਮ ਸਿੰਘ ਜੀ ਦਾ ਉਹ ਪਵਿੱਤਰ ਉਪਦੇਸ਼ ਹਮੇਸ਼ਾ ਰਹਿੰਦਾ ਸੀ ਕਿ ਦੁਨੀਆਂ ਦੇ ਸਾਰੇ ਮਨੁੱਖ ਮਾਰੂ ਹਥਿਆਰ ਖਾਰੇ ਸਾਗਰਾਂ ਵਿੱਚ ਸੁੱਟ ਕੇ ਹੀ ਅਮਨ ਯਕੀਨੀ ਬਣਾਇਆ ਜਾ ਸੱਕਦਾ ਹੈ। ਸਤਿਗੁਰੂ ਜੀ ਸੰਸਾਰ ਅਮਨ ਲਈ ਜੂਝਣ ਵਾਲੇ ਸੰਗਰਾਮੀਆਂ ਦੇ ਮੋਢੇ ਨਾਲ ਮੋਢਾ ਜੋੜ ਕੇ ਤੁਰਦੇ ਰਹੇ। "ਤੀਜੇ ਮਹਾਂ ਯੁੱਧ ਨੂੰ ਰੋਕਣ ਲਈ ਹੀ ਵਿਆਨਾ, ਆਸਟਰੀਆ ਵਿਖੇ ਵਿਸ਼ਵ-ਅਮਨ ਲਹਿਰ ਨੂੰ ਜਥੇਬੰਦ ਕੀਤਾ ਗਿਆ ਸੀ। ਦੋਹਾਂ ਸਮਾਜਵਾਦੀ ਤੇ ਸਾਮਰਾਜਵਾਦੀ ਧੜਿਆਂ ਵਿੱਚ ਹਥਿਆਰਾਂ ਦੀ ਦੌੜ ਸ਼ੁਰੂ ਹੋ ਗਈ ਸੀ। ਅੰਮ੍ਰਿਤਸਰ ਦੇ ਵਿਸ਼ਵ ਅਮਨ ਸੰਮੇਲਨ ਵਿੱਚ ਹੀ ਸਤਿਗੁਰੂ ਪਰਤਾਪ ਸਿੰਘ ਜੀ ਨੇ ਐਲਾਨ ਕੀਤਾ ਸੀ ਕਿ ਜਿੰਨਾ ਚਿਰ ਤੱਕ ਦੋਵਾਂ ਧੜਿਆਂ ਵਿੱਚ, ਹਥਿਆਰਾਂ ਦੀ ਦੌੜ ਤੇ ਨਵੇਂ ਨਵੇਂ ਵਿਨਾਸ਼ਕਾਰੀ ਹਥਿਆਰਾਂ ਦੀਆਂ ਕਾਢਾਂ, ਪਰਮਾਣੂ ਬੰਬ ਅਤੇ ਹਾਈਡਰੋਜਨ ਬੰਬ ਬਣਦੇ ਰਹਿਣਗੇ, ਸੰਸਾਰ ਵਿੱਚ ਅਮਨ ਕਿਵੇਂ ਹੋ ਸਕਦਾ ਹੈ ?"[30]

ਆਪ ਸਫਲ ਪਸ਼ੂ-ਪਾਲਕ ਸਨ। ਸਤਿਗੁਰੂ ਜੀ ਦੇ ਸਿਧਾਏ ਹੋਏ ਘੋੜੇ ਘੋੜੀਆਂ, ਅੰਗਰੇਜ਼ੀ ਰਾਜ ਸਮੇਂ ਵੀ ਰੇਸਾਂ ਜਿੱਤਦੇ ਰਹੇ। ਪਸ਼ੂ ਧਨ ਨਾਲ ਆਪ ਦਾ ਵਿਸ਼ੇਸ਼ ਲਗਾਉ ਸੀ। ਆਪ ਦੀ ਪਸ਼ੂਸ਼ਾਲਾ ਵਿੱਚ ਚੰਗੀ ਨਸਲ ਦੇ ਬੈਲ, ਊਠ, ਘੋੜੇ ਘੋੜੀਆਂ ਤੋਂ ਇਲਾਵਾ ਮੱਝਾਂ ਅਤੇ ਗਊਆਂ ਵੀ ਮਿਲਦੀਆਂ। ਆਪ ਦੀ ਰੀਝ ਸੀ ਹਰ ਨਾਮਧਾਰੀ ਇੱਕ ਗਊ ਜ਼ਰੂਰ ਪਾਲੇ। ਆਪ ਜਦੋਂ ਵੀ ਆਪਣੇ ਦੌਰਿਆਂ ਤੋਂ ਮੁੜਦੇ ਤਾਂ ਸ੍ਰੀ ਭੈਣੀ ਸਾਹਿਬ ਜਾਂ ਜੀਵਨ ਨਗਰ ਦੀ ਪਸ਼ੂਸ਼ਾਲਾ ਵਿੱਚ ਜਾਂਦੇ। ਵੈਸੇ ਵੀ ਅੱਠਾਂ ਪਹਿਰਾਂ ਵਿੱਚ ਇਕ ਦੋ ਗੇੜੇ ਪਸ਼ੂਸ਼ਾਲਾ ਦੇ ਲਾਉਂਦੇ। ਉਹਨਾਂ ਦਾ ਵੱਖ ਵੱਖ ਰੱਖਿਆ, ਦੁੱਧ ਦਾ ਰੀਕਾਰਡ ਵੇਖਦੇ। ਉਹਨਾਂ ਦੀ ਖਾਧ ਖੁਰਾਕ ਵੱਲ ਪੂਰੀ ਤਵੱਜੋ ਦਿੰਦੇ। ..........."ਸ੍ਰੀ ਗੁਰੂ ਹਰੀ ਸਿੰਘ ਫਾਰਮ ਦੀਆਂ ਗਊਆਂ ਦੀ ਪ੍ਰਸਿੱਧੀ ਬੇਮਿਸਾਲ ਹੈ। ਦੁੱਧ ਘਿਓ ਵਲੋਂ ਤਾਂ ਇਨ੍ਹਾਂ ਭਾਰਤ ਦੇ ਸਾਰੇ ਰਿਕਾਰਡ ਮਾਤ ਕਰ ਦਿੱਤੇ ਹਨ। ਆਪ ਜੀ ਨੇ ਆਪਣੀਆਂ ਗਊਆਂ ਦੇ ਨਾਂ ਵੀ ਕਿਸੇ ਅਲੌਕਿਕ ਤੇ ਧਾਰਮਿਕ ਪਿਆਰ ਦੇ ਜਜ਼ਬੇ ਅਧੀਨ, ਪੁਤਲੀ, ਗੰਗਾ, ਜਮਨਾ, ਸੁਰਸਤੀ, ਨਵਰਤਨ, ਨੌਲੱਖੀ, ਸੱਸੀ, ਸੁਰੱਈਆ ਅਤੇ ਮੀਨਾ ਆਦਿ ਰੱਖੇ ਹੋਏ ਹਨ। ਗਊਆਂ ਦੇ ਮੁਕਾਬਲੇ ਵਿੱਚ ........(ਆਪ ਦੇ)

ਵਿਸ਼ਾਲ ਮਨ ਵਿੱਚ ਮੱਝਾਂ ਅਤੇ ਘੋੜੇ ਘੋੜੀਆਂ ਲਈ ਵੀ ਓਨੀ ਹੀ ਥਾਂ ਸੀ। ਜੇਕਰ ਮੱਝਾਂ ਦੇ ਨਾਂ ਸੋਹਣੀ, ਪਿਆਰੋ, ਫੁੱਲ, ਹੀਰ ਤੇ ਲਾਜੋ ਆਦਿ ਰੱਖੇ ਤਾਂ ਘੋੜੀਆਂ ਨੂੰ ਪੰਜਾਬਣ, ਛੈਲ, ਦਿਲਦਾਰ, ਸ਼ੀਹਣੀ, ਸ਼ਕੁੰਤਲਾ, ਵਿਜੈ ਹਿੰਦ ਦੇ ਨਾਵਾਂ ਨਾਲ ਸ਼ਿੰਗਾਰਿਆ ਅਤੇ ਘੋੜਿਆਂ ਨੂੰ ਬੱਬਰ-ਬਾਹਨ, ਬਾਜ਼, ਜੈ ਭਾਰਤ, ਪਵਨ ਅਤੇ ਕੇਸਰੀ ਦਾ ਖਿਤਾਬ ਦੇ ਸਨਮਾਨਿਆ। ਘੋੜੇ ਘੋੜੀਆਂ ਨੇ ਕਈ ਮਾਅਰਕੇ ਦੀਆਂ ਰੇਸਾਂ ਜਿੱਤ ਦੇਸਾਂ-ਵਿਦੇਸਾਂ ਵਿੱਚ ਧਾਂਕਾ ਪਾ ਦਿੱਤੀਆਂ।"[31]

ਕੇਂਦਰੀ ਪੰਜਾਬੀ ਲੇਖਕ ਸਭਾ ਅਤੇ ਪੰਜਾਬੀ ਦੇ ਉੱਘੇ ਕਲਮਕਾਰਾਂ ਦੇ ਸਤਿਗੁਰੂ ਜੀ ਵੱਡੇ ਕਦਰਦਾਨ ਸਨ। ਉਹ ਉਹਨਾਂ ਦੀਆਂ ਲੋੜਾਂ ਦੀਆਂ ਪੂਰਤੀ ਵਿੱਚ ਸਹਾਇਕ ਹੁੰਦੇ। ਇਸੇ ਲਈ ਉਹਨਾਂ ਦੇ ਮਾਨਵਵਾਦੀ ਨਜ਼ਰੀਏ ਦੀ ਪਰਸੰਸਾ ਕਰਦਿਆਂ, ਕੂਕਿਆਂ ਦੇ ਸਾਮਰਾਜ ਵਿਰੋਧ ਨੂੰ ਯਾਦ ਕਰਦਿਆਂ, ਸ੍. ਗੁਰਬਖਸ਼ ਸਿੰਘ ਪ੍ਰੀਤਲੜੀ ਲਿਖਦੇ ਹਨ ਕਿ "ਮਹਾਰਾਜ ਪਰਤਾਪ ਸਿੰਘ ਏਸ ਵੱਡੀ ਸਿਫਤ ਵਿੱਚ ਲਗਭਗ ਲਾਸਾਨੀ ਗਿਣੇ ਜਾਣਗੇ ਕਿ ਉਹਨਾਂ ਨੇ ਆਪਣੀ ਧਾਰਮਿਕ ਸੰਸਥਾ ਨੂੰ ਹਮੇਸ਼ਾਂ ਸਾਮਰਾਜ ਦਾ ਵਿਰੋਧੀ ਰੱਖਿਆ। ਕੀ ਸਾਡੇ ਤੇ ਕੀ ਹੋਰ ਦੇਸ਼ਾਂ ਵਿੱਚ ਧਾਰਮਿਕ ਸੰਸਥਾਵਾਂ ਆਮ ਕਰਕੇ ਸਰਕਾਰ ਪੱਖੀ ਹੀ ਹੁੰਦੀਆਂ ਹਨ।....... ਪਰ ਨਾਮਧਾਰੀ ਕੱਟੜ ਧਰਮੀ ਹੁੰਦੇ ਹੋਏ ਵੀ ਸਰਕਾਰ ਤੋਂ ਬਾਗੀ ਰਹੇ ਹਨ। ਇਹਨਾਂ ਨੇ ਬੜੀਆਂ ਕੁਰਬਾਨੀਆਂ ਦਿੱਤੀਆਂ, ਹਰ ਕੌਮੀ ਅੰਦੋਲਨ ਵਿੱਚ ਹਿੱਸਾ ਪਾਇਆ।

"ਦੇਸ਼ ਤੇ ਸੁਤੰਤਰਤਾ ਦੇ ਇਸ਼ਕ ਦੀ ਨੀਂਹ ਤਾਂ ਮਹਾਰਾਜ ਰਾਮ ਸਿੰਘ ਨੇ ਹੀ ਧਰੀ ਸੀ, ਪਰ ਉਸ ਬੁਨਿਆਦ ਉਤੇ ਸ਼ਾਨਦਾਰ ਉਸਾਰੀ ਕਰਨ ਦਾ ਸਿਹਰਾ ਮਹਾਰਾਜ ਪਰਤਾਪ ਸਿੰਘ ਦੇ ਸਿਰ ਹੈ। ਸਰਕਾਰ ਕੂਕਿਆਂ ਨਾਲ ਬਾਗੀਆਨਾ ਸਲੂਕ ਹੀ ਕਰਦੀ ਰਹੀ, ਪਰ ਮਹਾਰਾਜ ਪਰਤਾਪ ਸਿੰਘ ਜੀ ਨੇ ਆਪਣੀ ਅਸਰ ਭਰਪੂਰ ਸ਼ਖਸੀਅਤ ਦੀ ਤੁਫੈਲ, ਆਪਣੇ ਪੰਥ ਨੂੰ ਚੜ੍ਹਦੀ ਕਲਾ ਵਿੱਚ ਰੱਖਿਆ ਤੇ ਫਿਰਕਾਦਾਰੀ ਦੀ ਛੂਹ ਤੱਕ ਨਹੀਂ ਲੱਗਣ ਦਿੱਤੀ। ਨਾਮਧਾਰੀ ਪੰਥ ਕਿਰਤੀਆਂ ਦਾ ਪੰਥ ਹੈ। ਆਪ ਦੇ ਪਿੰਡਾਂ ਵਿੱਚ ਲੜਾਈ, ਝਗੜੇ, ਚੋਰੀ-ਚਕਾਰੀ ਵਿੱਚ ਇਹਨਾਂ ਦਾ ਨਾਮ, ਅਨੋਖੀ ਘਟਨਾ ਸਮਝੀ ਜਾਂਦੀ ਹੈ। ਧਰਮੀ ਲੋਕਾਂ ਨੂੰ ਕਿਰਤੀ ਤੇ ਦੇਸ਼-ਬੰਧੂ ਬਣਾਈ ਰੱਖਣਾ, ਮਹਾਰਾਜ ਪਰਤਾਪ ਸਿੰਘ ਦੀ ਅਗਵਾਈ ਹੇਠ ਨਾਮਧਾਰੀ ਪੰਥ ਦੀ ਕੌਮੀ ਦੇਣ ਹੈ।[32]

ਸਤਿਗੁਰੂ ਜੀ ਦੀ ਮਿਕਨਾਤੀਸੀ ਸ਼ਖਸੀਅਤ ਬਾਰੇ ਕਾ ਸ਼ੋਹਣ ਸਿੰਘ ਜੋਸ਼ ਹੋਰਾਂ ਦੀ ਟਿੱਪਣੀ ਬੜੀ ਮੁੱਲਵਾਨ ਹੈ, "ਆਪ ਬੜੇ ਸੋਹਣੇ, ਲੰਮੇ ਤੇ ਪਰਭਾਵਸ਼ਾਲੀ ਇਨਸਾਨ ਸਨ। ਆਪ ਦੀਆਂ ਮਿੱਠੀਆਂ ਗੱਲਾਂ, ਸੁੱਚਾ ਆਚਰਨ ਅਤੇ ਮਿਲਣਸਾਰ ਸੁਭਾ, ਹਰ ਇੱਕ ਨੂੰ ਮੋਹ ਲੈਂਦਾ ਸੀ, ਆਪ ਨੇ ਘੱਟ ਹੀ ਕਿਸੇ ਨਾਲ ਦੁਖਾਂਵੀ ਗੱਲ ਕੀਤੀ ਹੋਵੇਗੀ। ਮੈਂ ਤਾਂ ਜਦੋਂ ਵੀ ਉਹਨਾਂ ਨੂੰ ਮਿਲਦਾ ਰਿਹਾ ਹਾਂ ਮੇਰੇ ਉਤੇ ਉਹਨਾਂ ਦੇ ਹਸੂੰ ਹਸੂੰ ਕਰਦੇ ਮੁੱਖੜੇ ਤੇ ਪਰਭਾਵਸ਼ਾਲੀ ਗੱਲਾਂ ਦਾ ਡੂੰਘਾ ਅਸਰ ਹੋਇਆ ਹੈ।

"ਮਹਾਰਾਜ ਜੀ ਨੇ ਅੰਗਰੇਜ਼ੀ ਰਾਜ ਅੱਗੇ ਕਦੀ ਸਿਰ ਨਹੀਂ ਸੀ ਝੁਕਾਇਆ। ਉਹਨਾਂ ਦੇ ਢੇਰ ਸਾਰੇ ਆਗੂਆਂ ਤੇ ਨਾਮਧਾਰੀਆਂ ਨੇ, ਅੰਗਰੇਜ਼ੀ ਸਾਮਰਾਜ ਦੇ

ਖਿਲਾਫ, ਕੌਮੀ ਅਜ਼ਾਦੀ ਦੀ ਲੜਾਈ ਵਿੱਚ ਵਧ ਚੜ੍ਹਕੇ ਹਿੱਸਾ ਪਾਇਆ। ਸਾਮਰਾਜ ਵਿਰੋਧੀ ਕੋਈ ਅਜਿਹੀ ਤਹਿਰੀਕ ਨਹੀਂ ਸੀ, ਜਿਸ ਵਿੱਚ ਨਾਮਧਾਰੀ ਆਗੂ ਸ਼ਾਮਲ ਨਹੀਂ ਸਨ।"[33]

ਸਮਾਜ ਵਿਅਕਤੀਆਂ ਦਾ ਸਮੂਹ ਹੈ। ਇਤਿਹਾਸ ਸਮਾਜ ਦੀ ਤੋਰ ਪਛਾਨਣ ਦੀ ਕਲਾ ਹੈ। ਲੋਕਾਈ ਦੇ ਦੁੱਖ ਦਰਦ ਨੂੰ ਆਪਣੇ ਸੀਨੇ ਵਿੱਚ ਸੰਭਾਲਣ ਵਾਲੇ ਨਾਇਕ ਬਣਦੇ ਹਨ। ਇਹਨਾਂ ਨਾਇਕਾਂ ਵਿੱਚੋਂ ਕੁਝਨਾਂ ਦੀ ਕੀਰਤੀ, ਸਮੇਂ ਸਥਾਨ ਦੀਆਂ ਹੱਦਾਂ ਤੋਂ ਪਾਰ ਚਲੀ ਜਾਂਦੀ ਹੈ। ਉਹਨਾਂ ਦੀਆਂ ਪਾਈਆਂ ਪੈੜਾਂ ਤੇ ਕਾਫਲੇ ਅਨੰਤ ਕਾਲ ਤੱਕ ਚੱਲਦੇ ਰਹਿੰਦੇ ਹਨ। ਆਪਣੇ ਯੁੱਗ ਦੀਆਂ ਅਗਰ ਗਾਮੀ ਸ਼ਕਤੀਆਂ ਨਾਲ ਸਾਂਝਾਂ ਪਾਉਣ ਵਾਲੇ ਹੀ ਯੁੱਗ-ਪੁਰਖ ਅਖਵਾਉਣ ਦੇ ਹੱਕਦਾਰ ਹੁੰਦੇ ਹਨ। ਇਹ ਠੀਕ ਹੈ ਕਿ ਸਮਾਜ ਨੂੰ ਬਦਲਣ ਦੀ ਪ੍ਰਕਿਰਿਆ ਵਿੱਚ ਵਿਅਕਤੀ ਖੁਦ ਵੀ ਬਦਲਦਾ ਹੈ। ਉਸ ਦੀ ਕ੍ਰਿਆਸ਼ੀਲਤਾ ਅਤੇ ਆਪਣੇ ਵਾਤਾਵਰਣ ਵਿਚੋਂ ਜੀਵੰਤ ਕਦਰਾਂ ਕੀਮਤਾਂ ਦੀ ਗ੍ਰਹਿਣਸ਼ੀਲਤਾ ਹੀ ਉਸ ਨੂੰ ਯੁੱਗ ਬੋਧ ਨਾਲ ਲੈਸ ਕਰਦੀ ਹੈ। ਸਾਡੇ ਇਹ ਨਾਇਕ ਸਮਾਂ ਪਾ ਕੇ ਲੋਕ ਚੇਤਨਾ ਦਾ ਸਜੀਵ ਅੰਗ ਬਣ ਜਾਂਦੇ ਹਨ। ਜਦੋਂ ਜਦੋਂ ਵੀ ਦੁਸ਼ਵਾਰੀਆਂ, ਅਣ-ਸੁਖਾਂਵੇ ਹਾਲਾਤ ਨਾਲ ਸਾਡੇ ਲੋਕ ਦੋ ਚਾਰ ਹੁੰਦੇ ਹਨ, ਆਪਣੇ ਨਾਇਕਾਂ ਦਾ ਸਿਮਰਨ, ਉਹਨਾਂ ਦੀ ਬਲ-ਬੁੱਧੀ ਵਿੱਚ ਵਾਧਾ ਕਰਦਾ ਹੈ। ਉਹ ਕਠਿਨ ਪ੍ਰੀਖਿਆਵਾਂ ਵਿੱਚੋਂ ਸਫਲ ਹੋਣ ਦਾ ਵੱਲ ਸਿੱਖਦੇ ਹਨ। ਇਸੇ ਤਰ੍ਹਾਂ ਸਾਡੇ ਨਾਇਕ ਸਾਡੀ ਅਮੁੱਲ ਨਿਧੀ ਬਣ ਜਾਂਦੇ ਹਨ, ਜਿਹਨਾਂ ਤੋਂ ਆਉਣ ਵਾਲੀਆਂ ਨਸਲਾਂ ਆਪਣੀ ਸੁੱਖ ਸਮਰਿਧੀ ਦੀ ਕਾਮਨਾ ਕਰਦੀਆਂ ਰਹਿੰਦੀਆਂ ਹਨ। ਅਜਿਹੇ ਹੀ ਇਕ ਲੋਕ ਨਾਇਕ ਸਨ, ਸਤਿਗੁਰੂ ਪਰਤਾਪ ਸਿੰਘ ਜੀ ਜਿਹਨਾਂ ਦਾ ਜੀਵਨ ਦਰਸ਼ਨ ਭਾਵੀ ਨਸਲਾਂ ਦੀ ਅਗਵਾਈ ਕਰਦਾ ਰਹੇਗਾ।

ਸਤਿਗੁਰੂ ਜੀ ਅਣਥੱਕ ਯਾਤਰੀ ਸਨ। ਭਾਰਤ ਦੇ ਵਿਭਿੰਨ ਭਾਗਾਂ ਤੋਂ ਇਲਾਵਾ, ੨੨ ਵੇਰ ਥਾਈਲੈਂਡ, ੪ ਵੇਰ ਅਫਰੀਕਾ ਦੀ ਅਤੇ ਬਰਮਾ, ਮਲਾਇਆ ਆਦਿ ਦੀ ਯਾਤਰਾ ਵੀ ਕੀਤੀ। ਉਹ ਸਤਿਗੁਰੂ ਰਾਮ ਸਿੰਘ ਜੀ ਦੇ ਮਾਨਵ ਧਰਮ ਦੇ ਜਨ ਕਲਿਆਣਕਾਰੀ ਉਪਦੇਸ਼ ਦੇਣ ਲਈ ਸਦਾ ਤਤਪਰ ਸਨ। ਉਹਨਾਂ ਨੇ ਆਪਣੇ ਸਿੱਖਾਂ ਤੋਂ ਵੱਧ ਤੋਂ ਵੱਧ ਆਦਿ ਗੁਰੂ ਗਰੰਥ ਸਾਹਿਬ ਦੇ ਪਾਠ ਕਰਵਾਏ। ਇਕ ਘੰਟਾ ਨਾਮ ਸਿਮਰਨ ਹਰ ਨਾਮਧਾਰੀ ਲਈ ਜ਼ਰੂਰੀ ਕੀਤਾ। ਜੀਵਨ ਵਿੱਚ ਸੁੱਚ, ਸੋਧ, ਸੰਜਮ, ਸਾਦਗੀ ਨੂੰ ਗ੍ਰਹਿਣ ਕਰਨ ਦਾ ਉਪਦੇਸ਼ ਦਿੱਤਾ। ਵਿਖਾਵੇ ਅਤੇ ਪਰਦਰਸ਼ਨਬਾਜੀ ਨੂੰ ਨਿਸਉਤਸ਼ਾਹਿਤ ਕੀਤਾ। ਹਮੇਸ਼ਾਂ ਲੋੜਵੰਦਾਂ ਦੀਆਂ ਲੋੜਾਂ ਪੂਰੀਆਂ ਕਰਨ, ਧਰਮ ਦੀ ਕਿਰਤ ਕਰਨ, ਵੰਡ ਕੇ ਛਕਣ ਅਤੇ ਹਰ ਤਰ੍ਹਾਂ ਦੇ ਵਿਅਸਨਾਂ ਤੋਂ ਮੁਕਤ, ਸਾਤਵਿਕ ਜੀਵਨ-ਜਾਚ ਦ੍ਰਿੜ ਕਰਵਾਈ।

ਸਤਿਗੁਰੂ ਜੀ ਦੀ ਜੀਵਨ ਜਾਚ ਬਾਰੇ, ਉਹਨਾਂ ਤੋਂ ਵਰੋਸਾਏ ਸੰਤ ਇੰਦਰ ਸਿੰਘ ਚੱਕਰਵਰਤੀ, ਦੇ ਮੁਤਾਬਿਕ, ਸਤਿਗੁਰੂ ਜੀ ਫੁਰਮਾਇਆ ਕਰਦੇ ਸਨ ਕਿ: "ਨਾਮਧਾਰੀ ਪੰਥ ਵਿੱਚ ਅਜੇਹਾ ਕੋਈ ਵੀ ਕੰਮ ਕਾਰਗਰ ਨਹੀਂ ਹੋ ਸਕਦਾ, ਜਿਸ ਦੇ ਕਾਮੇ ਕੇਵਲ

ਸਰਮਾਏ ਦੇ ਉਪਾਸ਼ਕ, ਪੰਥਕ ਮਰਿਆਦਾ ਦੇ ਅਸੂਲਾਂ ਤੋਂ ਬੇਪਰਵਾਹ ਹੋਣ ਅਤੇ ਜਿਹਨਾਂ ਦੀ ਰੋਜ਼ਾਨਾ ਕਿਰਤ ਵਿੱਚ ਭਜਨ ਬਾਣੀ, ਨਾਮ ਸਿਮਰਨ, ਰਹਿਤ ਮਰਿਆਦਾ ਵਿਚ ਉਕਾ ਹੀ ਕੋਈ ਦਿਲਚਸਪੀ ਨਾ ਹੋਵੇ। ਸਾਡੀ ਇਹ ਅਸਲੋਂ ਹੀ ਰੀਝ ਨਹੀਂ ਕਿ ਸਾਡੇ ਅਜ਼ੀਜ਼ ਆਮ ਦੁਨੀਆਂਦਾਰਾਂ ਵਾਂਗ ਰੁਪਏ ਕਮਾਉਣ ਦੀ ਮਸ਼ੀਨ ਬਣ ਕੇ ਹੀ ਰਹਿ ਜਾਣ ਅਤੇ ਆਪਣੇ ਉਸ ਮਹਾਨ ਟੀਚੇ ਤੇ ਪੁੱਜ ਹੀ ਨਾ ਸੱਕਣ, ਜਿਸ ਦੀ ਕਾਇਮੀ, ਭਾਰਤ ਰੱਖਿਅਕ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਕੀਤੀ ਹੈ ਅਤੇ ਜੋ ਸਦਾ ਭੁੱਲੀ ਭਟਕੀ ਅਨ੍ਹੇਰ ਘੁੱਪ ਘੇਰ ਵਿੱਚ, ਠੇਡੇ ਖਾ ਰਹੀ ਦੁਨੀਆਂ ਨੂੰ ਪਥ ਪ੍ਰਦਰਸ਼ਕ ਦਾ ਕੰਮ ਦੇਂਦੀ ਹੈ। ਅਸੀਂ ਅਜਿਹੇ ਕਿਸੇ ਵੀ ਕੰਮ ਨੂੰ ਪਸੰਦ ਨਹੀਂ ਕਰਦੇ, ਉਹ ਦੀਨੀ ਹੋਵੇ ਜਾਂ ਦੁਨਿਆਵੀ, ਰਾਜਨੀਤਿਕ ਹੋਵੇ ਜਾਂ ਸਮਾਜਿਕ, ਜਿਸ ਵਿੱਚ ਸੱਚਾਈ, ਅਹਿੰਸਾ ਤੇ ਧਰਮ ਲਈ ਕੋਈ ਵੀ ਸਥਾਨ ਨਹੀਂ। ਕੋਰੀ ਰਾਜਨੀਤੀ, ਸੱਖਣੀ ਸਰਮਾਏਦਾਰੀ ਲਈ ਸਾਡੀ ਕੋਈ ਵੀ ਦਿਲਚਸਪੀ ਨਹੀਂ ਜੇ ਉਹ ਧਰਮ ਵਿਮੁਖ ਹੈ, ਜੇ ਉਹ ਸਦਾਕਤ ਤੋਂ ਦੁਰੇਡੇ ਹੈ। ਜਿਸ ਦੀ ਰੋਜ਼ਾਨਾ ਜ਼ਿੰਦਗੀ ਦੇ ਕਾਰਯਕ੍ਰਮ ਵਿੱਚ ਨਾਮ ਸਿਮਰਨ, ਅਭਿਆਸ ਲਈ ਕੋਈ ਵਕਤ ਨਹੀਂ ਤਦ ਉਸ ਦੇ ਸਭੇ ਕੰਮ ਉਹਨਾਂ ਓਮੀਆਂ ਵਾਂਗ ਹੀ ਬੇਫਜ਼ੂਲ ਹਨ, ਜਿਹਨਾਂ ਨੂੰ ਅਧਿਆਤਮਕ, ਰੂਹਾਨੀਅਤ ਦਾ ਕੋਈ ਵੀ ਅਹਿਸਾਸ ਨਹੀਂ।"[34]

ਸਤਿਗੁਰੂ ਜੀ ਦੇ ਜੀਵਨ ਦੇ ਆਖਰੀ ਦਹਾਕੇ ਸਮੇਂ ਥਾਈਲੈਂਡ, ਅਫਰੀਕਾ ਅਤੇ ਭਾਰਤ ਵਿੱਚ, ਸੰਗਤ ਦੇ ਭਲੇ ਲਈ ਕੀਤੇ ਪਰਵਚਨਾਂ ਦੇ ਰੀਕਾਰਡ ਹੋਏ ਟੇਪ ਉਪਲਬਧ ਹੋਣ ਤੇ ਬੀਬੀ ਬੇਅੰਤ ਕੌਰ ਹੋਰਾਂ ਨੇ 'ਲਾਲ ਏਹਿ ਰਤਨ' ਦੇ ਉਨਵਾਨ ਹੇਠ ਪੰਜ ਭਾਗਾਂ ਵਿੱਚ ਇਹਨਾਂ ਉਪਦੇਸ਼ਾਂ ਨੂੰ ਲਿੱਪੀ ਬੱਧ ਅਤੇ ਸੰਪਾਦਿਤ ਕੀਤਾ ਹੈ। ਇਹ ਉਪਦੇਸ਼ ਨਾਮਧਾਰੀ ਇਤਿਹਾਸ, ਨਾਮਧਾਰੀ ਜੀਵਨ ਜਾਚ ਅਤੇ ਗੁਰਮਤਿ ਦੇ ਸਾਰ ਨੂੰ ਸਮਝਣ ਦਾ ਬੇਸ਼ਕੀਮਤੀ ਖਜ਼ਾਨਾ ਹਨ। ਸਤਿਗੁਰੂ ਪਰਤਾਪ ਸਿੰਘ ਜੀ ਇਹਨਾਂ ਉਪਦੇਸ਼ਾਂ ਵਿੱਚ ਕਈ ਸੰਕਲਪਾਂ ਸਿਧਾਂਤਾਂ, ਵਿਚਾਰਾਂ ਨੂੰ ਪਰਭਾਸ਼ਿਤ ਕਰਦੇ ਹਨ, ਖ਼ਾਲਸੇ ਨੂੰ ਪਰਿਭਾਸ਼ਿਤ ਕਰਦੇ ਹਨ–

"ਜਿਹਦੇ ਅੰਦਰ ਜੋਤ ਜਗੇ, ਜਿਹਦੇ ਅੰਦਰ ਸਤਿਗੁਰੂ ਦਾ ਨਿਵਾਸ ਹੋਵੇ–ਨਾ ਸਿੱਧੀ ਪੱਗ ਨਾਲ, ਨਾ ਕਾਲੀ ਨਾਲ, ਨਾ ਚਿੱਟੀ ਨਾਲ, ਨਾ ਦਾੜ੍ਹੀ ਨਾਲ, ਨਾ ਬਿਨਾ ਦਾੜ੍ਹੀ ਨਾਲ–ਜਿੰਨਾ ਚਿਰ ਜੋਤ ਨਹੀਂ ਜਗਦੀ, ਜਿੰਨਾ ਚਿਰ ਅੰਦਰ ਪ੍ਰਕਾਸ਼ ਨਹੀਂ ਹੁੰਦਾ, ਉਨਾਂ ਚਿਰ ਖਾਲਸਾ ਨਹੀਂ ਬਣ ਸਕਦਾ। ਜੇ ਖ਼ਾਲਸਾ ਕਿਸੇ ਦਾ ਬੁਰਾ ਹੀ ਚਿਤਵਦਾ ਰਹਿੰਦਾ ਹੈ ਤੇ ਫਿਰ ਉਹ ਖ਼ਾਲਸਾ ਤਾਂ ਨਹੀਂ ਨਾ ਰਹਿ ਜਾਂਦਾ ਅਖ਼ਾਲਸਾ ਹੋ ਜਾਂਦਾ ਹੈ।" –ਲਾਲ ਏਹਿ ਰਤਨ, ਭਾਗ 4, ਪੰਨਾ 16

"ਇਹ ਉਪਦੇਸ਼ ਭਵਿੱਖ ਮੁਖੀ ਹਨ। ਸਮਾਜ ਦੀ ਜੋ ਸਥਿਤੀ ਅੱਜ ਹੈ, ਉਸਨੂੰ ਵੀ ਸੁਧਾਰਨ ਵਾਲੇ, ਬਦਲਣ ਵਾਲੇ ਹਨ। ਇਹਨਾਂ ਉਪਦੇਸ਼ਾਂ ਵਿੱਚ ਸਤਿਗੁਰੂ, ਅਕਾਲ ਪੁਰਖ, ਨਾਮ, ਸੇਵਾ, ਸਾਂਝੀਵਾਲਤਾ, ਰਹਿਤ, ਰਾਗ, ਸ਼ਬਦ, ਪੁੰਨ–ਪਾਪ, ਮੁਕਤੀ, ਭਗਤੀ ਤੇ ਹੋਰ ਕਈ ਸੰਕਲਪਾਂ ਨੂੰ ਸਰਲ ਰੂਪ ਵਿੱਚ ਪਰਿਭਾਸ਼ਤ ਵੀ ਕੀਤਾ

ਹੈ ਤੇ ਕਦਮ ਕਦਮ ਤੇ ਗੁਰਬਾਣੀ ਦੇ ਸ਼ੁੱਧ ਪਰਮਾਣਾਂ ਨਾਲ ਸਮਝਾਇਆ ਵੀ ਗਿਆ ਹੈ। ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮਿਆਂ ਨੂੰ ਅਗੇਰੇ ਪਰਵਾਹਤ ਕੀਤਾ ਗਿਆ ਹੈ। ਕਦਮ ਕਦਮ ਤੇ ਸਿੱਖੀ ਦਾ ਫਿਕਰ ਕੀਤਾ ਗਿਆ ਹੈ। ਕੇਵਲ ਇਹੀ ਨਹੀਂ ਪੰਜਾਬੀ, ਗੁਰਮੁਖੀ, ਪੰਜਾਬੀ ਸੱਭਿਆਚਾਰ ਦਾ ਫਿਕਰ ਕੀਤਾ ਗਿਆ ਹੈ।"[35]

ਪੰਜਾਬੀ ਬੈਂਤਾਂ ਵਿੱਚ ਨਾਮਧਾਰੀ ਇਤਿਹਾਸ ਦਾ ਕਿੱਸਾ 'ਸੰਤ ਖਾਲਸਾ' ੧੯੩੬ ਈ. ਵਿੱਚ ਛਪਣ ਬਾਅਦ, ਅੰਗਰੇਜ਼ ਸਰਕਾਰ ਨੇ ਜ਼ਬਤ ਕਰਕੇ, ਲੇਖਕ ਹਰਨਾਮ ਸਿੰਘ ਬਗੁਲੀ ਕਲਾਂ ਤੇ ਮੁਕੱਦਮਾ ਚਲਾਇਆ। ਭਾਈ ਹਰਨਾਮ ਸਿੰਘ ਨੇ ਇਸ ਕਿੱਸੇ ਵਿੱਚ, ਸਤਿਗੁਰੂ ਪਰਤਾਪ ਸਿੰਘ ਜੀ ਦਾ ਜੋ ਸਰੂਪ ਚਿਤਰਿਆ ਹੈ, ਉਸ ਨਾਲ ਅਸੀਂ ਮਹਾਨ ਲੋਕ-ਨਾਇਕ ਸਤਿਗੁਰੂ ਜੀ ਨੂੰ, ਆਪਣੇ ਸ਼ਰਧਾ ਪੁਸ਼ਪ ਭੇਟ ਕਰਾਂਗੇ-

*"ਗੱਦੀ ਬੈਠ ਮਹਾਰਾਜ ਪ੍ਰਤਾਪ ਸਿੰਘ ਜੀ, ਵਾਧੇ ਕੌਮ ਦੇ ਲੀਏ ਪ੍ਰਚਾਰ ਕਰਦੇ।*
*ਤਰੱਕੀ ਕਿਵੇਂ ਹੋਵੇ ਨਾਮਧਾਰੀਆਂ ਦੀ, ਨਿਗ੍ਹਾ ਅਕਲ ਵਾਲੇ ਤਰਫ ਚਾਰ ਕਰਦੇ।*
*ਹੁਨਰ, ਇਲਮ, ਵਿਦਿਆ ਬਾਝੋਂ ਪੰਥ ਕੋਈ, ਨਹੀਂ ਉਨਤੀ ਵਿੱਚ ਸੰਸਾਰ ਕਰਦੇ।*
*ਰਾਜਨੀਤ ਲੰਮੀ ਚੌੜੀ ਸੋਚ ਕਰਕੇ, ਏਹ ਦਿਲ ਦੇ ਵਿੱਚ ਵਿਚਾਰ ਕਰਦੇ।*
*ਸੁਲ੍ਹਾ ਕੁਲ ਮਹਾਰਾਜ ਪ੍ਰਤਾਪ ਸਿੰਘ ਜੀ, ਕੌਮਾਂ ਸਾਰੀਆਂ ਨਾਲ ਪਿਆਰ ਕਰਦੇ।*
*ਕਰਨ ਲਈ ਮਸ਼ਹੂਰ ਇਸ ਕੌਮ ਨੂੰ ਹੀ, ਜ਼ਾਰੀ ਆਪਣਾ ਇਕ ਅਖਬਾਰ ਕਰਦੇ।*
*ਇਲਮ ਵਾਸਤੇ ਖੋਹਲ ਸਕੂਲ ਦਿਤੇ, ਨਾਮਧਾਰੀਆਂ ਨੂੰ ਹੁਨਰ ਦਾਰ ਕਰਦੇ।*
*ਮਹਾਰਾਜ ਏਹ ਤੇਜ ਅਕਬਾਲ ਵਾਲੇ, ਰਾਜ ਜੋਗ ਦੋਨੋ ਸਵੀਕਾਰ ਕਰਦੇ।*
*ਕੰਮ ਰਾਜਸੀ ਕਰੇ ਕੰਟ੍ਰੋਲ ਜਿਹੜਾ, ਕੈਮ ਇਕ ਚੰਗਾ ਜਥੇਦਾਰ ਕਰਦੇ।*
*ਕੌਂਸਲ ਅਤੇ ਕਮੇਟੀ ਬਣਾਇ ਆਪਣੀ, ਕੰਮ ਕਾਜ ਨੂੰ ਸੋਚ ਵਿਚਾਰ ਕਰਦੇ।*
*ਕਈ ਗੁਣੀ ਗਿਆਨੀ ਭੇਜ ਤਰਫ ਚਾਰੋਂ, ਨਾਮਧਾਰੀਆਂ ਨੂੰ ਸਮਝਦਾਰ ਕਰਦੇ।*
*ਬਿਰਤੀ ਜੋੜ ਕੇ ਨਾਲ ਪਰਮਾਤਮਾ ਦੇ, ਭਜਨ ਸਦਾ ਮਹਾਰਾਜ ਕਰਤਾਰ ਕਰਦੇ।*
*ਕਾਮ, ਕ੍ਰੋਧ, ਮੋਹ, ਲੋਭ ਨੂੰ ਮਾਰ ਏਨ੍ਹਾਂ, ਨਹੀਂ ਮੂਲ ਮਹਾਰਾਜ ਹੰਕਾਰ ਕਰਦੇ।*
*ਪੱਕੇ ਬ੍ਰਹਮ ਗਿਆਨੀ ਜੋਤ ਸਤਿਗੁਰਾਂ ਦੀ, ਸੁੱਚੇ ਧਰਮ ਦੇ ਕੁੱਲ ਵਿਹਾਰ ਕਰਦੇ।*
*ਬਹੁਤਾ ਲਿਖਾਂ ਕੀ ਹੋਰ ਹਰਨਾਮ ਸਿੰਘਾ, ਕੌਮ ਉਨਤੀ ਹਰ ਪਰਕਾਰ ਕਰਦੇ।"*[36]

## ਹਵਾਲੇ ਤੇ ਟਿੱਪਣੀਆਂ


1. ਸਤਿਗੁਰੂ ਬਿਲਾਸ, ਭਾਗ ਦੂਜਾ, ਸੰਤ ਸੰਤੋਖ ਸਿੰਘ ਬਾਹੋਵਾਲ, ਸਫਾ 172-73
2. ਜੱਸ ਜੀਵਨ, ਭਾਗ ਪਹਿਲਾ, ਸੰਤ ਤਰਨ ਸਿੰਘ ਵਹਿਮੀ, 1971 ਈ. ਸਫਾ 47-50
3. ਉਹੀ, ਸਫਾ 55-56
4. ਲਾਲ ਏਹਿ ਰਤਨ (ਭਾਗ ਪੰਜਵਾਂ) (ਸੰ, ਪ੍ਰਿੰ, ਬੇਅੰਤ ਕੌਰ), ਸਫਾ 61-75, ਇਹ ਉਪਦੇਸ਼ ਆਪ ਨੇ ਸ੍ਰੀ ਭੈਣੀ ਸਾਹਿਬ ਵਿੱਚ, ਉਹਨਾਂ ਦੌਰਿਆਂ ਤੋਂ

ਕੋਈ 60 ਸਾਲ ਬਾਅਦ ਰੀਕਾਰਡ ਕਰਵਾਇਆ ਹੈ।

5. ਸਤਿਗੁਰੂ ਬਿਲਾਸ, ਭਾਗ ਦੂਜਾ, ਸਫਾ 400
6. ਅੱਖੀ ਡਿੱਠਾ ਕਿੱਸਾ ਕੀਤਾ (ਜਥੇ. ਗੁਰਮੁਖ ਸਿੰਘ ਝੱਬਰ ਦੀਆਂ ਯਾਦਾਂ ਦੇ ਝਰੋਖੇ 'ਚੋਂ) ਸੰ. ਸੁਵਰਨ ਸਿੰਘ ਵਿਰਕ, ਸਫਾ 190
7. ਜੱਸ ਜੀਵਨ, ਭਾਗ ਪਹਿਲਾ, ਸਫਾ 93
8. ਨਾਮਧਾਰੀ ਇਤਿਹਾਸ, ਨਾਹਰ ਸਿੰਘ ਐਮ. ਏ. (ਸੰ. ਪ੍ਰੋ. ਮਾਲਵਿੰਦਰਜੀਤ ਸਿੰਘ ਵੜੈਚ), ਦੂਜੀ ਛਾਪ, ਸਫਾ 116
9. ਸਤਿਜੁਗ ਦਾ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਸ਼ਰਧਾਂਜਲੀ ਅੰਕ, 15 ਅੱਸੂ 2016 ਬਿ., ਸ੍ਰੀ ਜੀਵਨ ਨਗਰ, ਸ਼ਰਧਾਂਜਲੀ ਸਮਾਰੋਹ ਵਿੱਚ ਮਾਸਟਰ ਤਾਰਾ ਸਿੰਘ ਜੀ ਦਾ ਭਾਸ਼ਣ, ਸਫਾ 47
10. ਲਾਲ ਏਹਿ ਰਤਨ (ਭਾਗ ਪੰਜਵਾਂ), ਸਤਿਗੁਰੂ ਜੀ ਦਾ 15-9-1957 ਨੂੰ ਸ੍ਰੀ ਭੈਣੀ ਸਾਹਿਬ ਰੀਕਾਰਡ ਹੋਇਆ ਉਪਦੇਸ਼, ਸਫਾ 150
11. ਤਵਾਰੀਖ ਸੰਤ ਖਾਲਸਾ, ਗੁਰ-ਇਤਿਹਾਸ, (ਭਾਗ ਦੂਜਾ 1906-59 ਈ.), ਪ੍ਰੋ. ਕਿਰਪਾਲ ਸਿੰਘ ਕਸੇਲ, 2009, ਸ੍ਰੀ ਭੈਣੀ ਸਾਹਿਬ, ਸਫਾ 63-64
12. ਜੱਸ ਜੀਵਨ, ਭਾਗ ਪਹਿਲਾ, ਸਫਾ 279
13. ਤਵਾਰੀਖ ਸੰਤ ਖਾਲਸਾ, ਭਾਗ ਦੂਜਾ, ਸਫਾ 85
14. ਉਹੀ, ਸਫਾ 89-90
15. ਜੱਸ ਜੀਵਨ (ਭਾਗ ਦੋ), ਤਰਨ ਸਿੰਘ ਵਹਿਮੀ, ਸਫਾ 23-24
16. ਉਹੀ, ਸਫਾ 43
17. ਉਹੀ, ਸਫਾ 182
18. ਤਵਾਰੀਖ ਸੰਤ ਖਾਲਸਾ, ਭਾਗ ਦੂਜਾ, ਸਫਾ 117-18
19. ਉਹੀ ਸਫਾ 138-39
20. ਲਾਲ ਏਹਿ ਰਤਨ, ਭਾਗ ਦੂਜਾ (ਸੰ. ਪ੍ਰਿੰ, ਬੇਅੰਤ ਕੌਰ), ਬਸੰਤ ਪੰਚਮੀ ੧੯੫੮ ਈ. ਨੈਰੋਬੀ ਅਫਰੀਕਾ ਵਿੱਚ ਦਿੱਤਾ ਉਪਦੇਸ਼- ਉਸ ਸਤਿਗੁਰੂ ਦਾ ਜਿਸਨੇ ਓਦਣ ਆਖਿਆ ਸੀ, ਜਿਹਦੇ ਸਿੱਖਾਂ ਨੇ ਆਖਿਆ ਸੀ- ਸੁਣ ਉਏ ਬਿੱਲਿਆ, ਕਿਸੇ ਮਾਈ ਦਾ ਪੇਟ ਗੰਦਾ ਕਰਕੇ ਅਸੀਂ ਫੇਰ ਆਏ ਖੜੇ, ਜਿੰਨਾ ਚਿਰ ਤੈਨੂੰ ਕਢ ਨਹੀਂ ਲੈਂਦੇ ਅਸੀਂ ਸਾਹ ਨਹੀਂ ਲੈਂਦੇ।....... ਤਾਂ ਇਹਦੇ 'ਚ ਪੰਜਾਬ ਦਾ ਮਾਣ ਹੈ- ਕੂਕੇ ਪੰਜਾਬੋਂ ਬਾਹਰ ਦੇ ਨਹੀਂ-ਕੂਕੇ ਸਿੱਖ ਪੰਥ ਤੋਂ ਬਾਹਰ ਦੇ ਨਹੀਂ-ਕੂਕੇ ਭਾਰਤ ਵਰਸ਼ ਤੋਂ ਬਾਹਰ ਦੇ ਨਹੀਂ। ਜਿਹਨਾਂ ਲੋਕਾਂ ਅਸੀਂ ਤਾਂ ਕਹਿੰਦੇ ਹਾਂ ਉਹੋ ਹੀ ਮੁੜ ਭਗਤ ਸਿੰਘ ਹੋਰੀਂ ਆਏ, ਜਿਹੜੇ ਗੋਲੀਆਂ ਦੇ ਨਿਸ਼ਾਨੇ ਬਣੇ, ਫਾਂਸੀਆਂ ਤੇ ਚੜ੍ਹੇ-ਉਹੋ ਹੀ ਉਹ ਬਣੇ ਜਿਹੜੇ ਬੱਜ ਬੱਜ (ਘਾਟ) ਦੇ ਮਾਮਲੇ 'ਚ ਮਰੇ। ਕਿਉਂਕਿ ਕਹਿ ਕੇ ਜੁ ਗਏ ਸੀ-ਕਿ ਕਿਸੇ ਮਾਈ ਦਾ ਪੇਟ ਗੰਦਾ ਕਰਕੇ ਆਏ ਖੜੇ ਹਾਂ। ਕਰਤਾਰ ਸਿੰਘ ਸਰਾਭੇ ਵਾਲੇ ਵਰਗੇ, ਜਿਨ੍ਹਾਂ ਲੋਕਾਂ ਉਹ ਕੰਮ

ਕੀਤਾ।............ ਸਫ਼ਾ 202-203
21. ਨਾਮਧਾਰੀ ਅਤੇ ਕਾਂਗ੍ਰਸ-ਮਹਾਰਾਜ ਬੀਰ ਸਿੰਘ ਜੀ, 1989 ਈ. ਸ੍ਰੀ ਜੀਵਨ ਨਗਰ (ਸਿਰਸਾ), ਸਫਾ 22-23
22. ਮਹਾਂ-ਨੂਰ, ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ, ਸੰ. ਪ੍ਰੀਤਮ ਸਿੰਘ ਆਰਸੀ, 1992, ਨਵਯੁੱਗ ਪਬਲਿਸ਼ਰ ਦਿੱਲੀ, ਇੰਦਰ ਸਿੰਘ ਚੱਕਰਵਰਤੀ ਦਾ ਲੇਖ, ਅਵਤਾਰ-ਆਗਮਨ, ਸਫਾ 60
23. ਤਵਾਰੀਖ ਸੰਤ ਖਾਲਸਾ, ਦੂਜਾ ਭਾਗ, ਸਫਾ 122-25
24. ਉਹੀ, ਸਫਾ 126
25. ਜੱਸ ਜੀਵਨ, ਭਾਗ ਦੂਜਾ, ਸਫਾ 343-46
26. ਅਟੱਲ ਪ੍ਰਤਾਪੀ, ਸੰਤ ਇੰਦਰ ਸਿੰਘ ਚੱਕਰਵਰਤੀ, 1959, ਲੁਧਿਆਣਾ, ਸਫਾ 25-26
27. ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ, (ਅਮਨ ਏਕਤਾ ਅਤੇ ਸ਼ਾਂਤਮਈ ਦੇ ਪੈਗੰਬਰ), (ਅੰਗਰੇਜ਼ੀ ਪੈਂਫਲਿਟ), ਸ੍ਰ. ਕਿਹਰ ਸਿੰਘ ਮਾਨ (ਸਾਬਕਾ ਪੀ. ਸੀ. ਐਸ.), ਐਡਵੋਕੇਟ ਪੰਜਾਬ ਹਰਿਆਣਾ ਹਾਈਕੋਰਟ ਚੰਡੀਗੜ੍ਹ, 1959, ਸਫਾ 3
28. ਅਟੱਲ ਪ੍ਰਤਾਪੀ, ਸਫਾ 32
29. ਮਹਾਂ ਨੂਰ, ਸ੍ਰ. ਅਵਤਾਰ ਸਿੰਘ ਕਰੀਵਾਲਾ ਦਾ ਲੇਖ, ਨਿੱਗਰ ਉਪਕਾਰਾਂ ਦੀ ਸਰਲ ਵਾਰਤਾ, ਸਫਾ 298
30. ਤਵਾਰੀਖ ਸੰਤ ਖਾਲਸਾ, ਦੂਜਾ ਭਾਗ, ਸਫਾ 243
31. ਸਤਿਗੁਰੂ ਪਰਤਾਪ ਸਿੰਘ ਇਕ ਮਹਾਨ ਸਤਿਗੁਰੂ, ਡਾ. ਕਰਮ ਸਿੰਘ ਕਪੂਰ, ਪੰਨਾ 60
32. ਸ੍ਰ. ਗੁਰਬਖਸ਼ ਸਿੰਘ ਪ੍ਰੀਤਲੜੀ ਦਾ ਲੇਖ ਮਹਾਰਾਜ ਪਰਤਾਪ ਸਿੰਘ ਦਾ ਵਿਛੋੜਾ, ਪ੍ਰੀਤਲੜੀ (ਮਾਸਿਕ), ਪ੍ਰੀਤ ਨਗਰ (ਅੰਮ੍ਰਿਤਸਰ), ਸਤੰਬਰ 1959
33. ਰੋਜ਼ਾਨਾ ਨਵਾਂ ਜ਼ਮਾਨਾ, ਜਲੰਧਰ, ਕਾ. ਸ਼ੋਹਣ ਸਿੰਘ ਜੋਸ਼ ਦਾ ਸੰਪਾਦਕੀ: 'ਆਹ! ਮਹਾਰਾਜ ਪਰਤਾਪ ਸਿੰਘ ਜੀ', ਮਿਤੀ 31 ਅਗਸਤ 1959
34. ਮਹਾਂ ਨੂਰ, ਸੰਤ ਇੰਦਰ ਸਿੰਘ ਚੱਕਰਵਰਤੀ ਦਾ ਲੇਖ, ਅਵਤਾਰ-ਆਗਮਨ, ਸਫਾ 62
35. ਲਾਲ ਏਹਿ ਰਤਨ, ਭਾਗ-੫, ਡਾ. ਸੁਤਿੰਦਰ ਸਿੰਘ ਨੂਰ ਦੀ 'ਪਰਵੇਸ਼ਿਕਾ' ਵਿੱਚੋਂ, ਸਫਾ 56
36. ਸੰਤ ਖਾਲਸਾ, ਕ੍ਰਿਤ ਸ੍ਰ. ਹਰਨਾਮ ਸਿੰਘ ਸੂੈਚ ਬਗੁਲ ਕਲਾਂ, ਸ੍ਰੀ ਭੈਣੀ ਸਾਹਿਬ, ਸਫਾ 51-52

# ਸਰਬ ਸੁਖਦਾਤੇ - ਸਤਿਗੁਰੂ ਜਗਜੀਤ ਸਿੰਘ ਜੀ

-ਸੁਵਰਨ ਸਿੰਘ ਵਿਰਕ

ਕੂਕੇ ਜਾਂ ਨਾਮਧਾਰੀ ਸਿੱਖ ਸਮੁਦਾਇ ਦਾ ਅਨਿੱਖੜਵਾਂ ਅੰਗ ਹਨ। ਉਹਨਾਂ ਨੇ ਸਤਿਗੁਰੂ ਰਾਮ ਸਿੰਘ ਜੀ ਦੀ ਅਗੁਆਈ ਹੇਠ, ਜਦੋਂ ਜਗੀਰੂ ਕਦਰਾਂ ਕੀਮਤਾਂ ਕਾਰਨ, ਸਿੱਖ ਸਿੱਖੀ ਤੋਂ ਦੂਰ ਚਲੇ ਗਏ ਸਨ, ਆਪਣੇ ਆਪ ਨੂੰ ਨਾਮ ਬਾਣੀ ਨਾਲ ਜੋੜਿਆ ਤਾਂ ਨਾਮਧਾਰੀ ਅਖਵਾਏ। ਸਿੱਖਾਂ ਦਾ ਉੱਪਰਲਾ ਤਬਕਾ ਰਾਜੇ ਰਜਵਾੜੇ ਅਤੇ ਸਿੱਖ ਤਖਤਾਂ ਦੇ ਪੁਜਾਰੀ, ਅੰਗਰੇਜ਼ ਹਾਕਮਾਂ ਦੀ ਚਾਕਰੀ ਕਰਨ ਲੱਗ ਪਏ, ਇਸ ਲਈ ਮਲੇਛ ਖਾਲਸਾ ਅਖਵਾਏ। ਉਹਨਾਂ ਦੇ ਉਲਟ ਗੁਰੂ ਰਾਮ ਸਿੰਘ ਜੀ ਦੇ ਤਿਆਰ ਬਰ ਤਿਆਰ ਨਾਮਧਾਰੀ ਸਿੰਘਾਂ ਨੂੰ, ਸੰਤ-ਖਾਲਸਾ ਕਿਹਾ ਗਿਆ ਅਤੇ ਪੰਜਾਬ ਵਿੱਚ ਸਭ ਤੋਂ ਪਹਿਲਾਂ ਅੰਗਰੇਜ਼ਾਂ ਖਿਲਾਫ ਬੁਲੰਦ ਅਵਾਜ਼ ਵਿੱਚ ਆਪਣੇ ਦੀਵਾਨਾਂ ਵਿੱਚ ਕੂਕ ਪੁਕਾਰ ਕਰਨ ਕਰਕੇ, ਕੂਕੇ ਵੀ ਕਹਾਏ। ਸਤਿਗੁਰੂ ਰਾਮ ਸਿੰਘ ਜੀ ਜਦੋਂ ਰੰਗੂਨ, ਮਰਗੋਈ ਆਦਿ ਥਾਵਾਂ ਤੇ ਦੇਸ਼ ਤੋਂ ਦੂਰ ਨਜ਼ਰਬੰਦੀ ਵਿੱਚ ਸਨ, ਬਹੁਤ ਸਾਰੇ ਨਾਮਧਾਰੀ ਜਾਂ ਕੂਕੇ, ਉਹਨਾਂ ਦੇ ਦਰਸ਼ਨਾਂ ਨੂੰ ਜਾਂਦੇ ਸਨ। ਸਤਿਗੁਰੂ ਜੀ ਬੰਦੀਖਾਨੇ ਵਿੱਚ ਲਾਚਾਰੀ ਦੀ ਹਾਲਤ ਵਿੱਚ ਸਨ। ਉਹ ਆਪਣੇ ਹੁਕਮਨਾਮਿਆਂ ਵਿੱਚ ਲਿਖਦੇ ਹਨ-

"ਐਥੇ ਮੇਲਾ ਬੀ ਜੇ ਕੁਛ ਹੁੰਦਾ ਹੈ ਤਾ ਸੁਪਨੇ ਜੈਸਾ ਈ ਹੁੰਦਾ ਹੈ। ਕੁਛ ਮੇਲੇ ਦੀ ਤ੍ਰਿਪਤ ਨਹੀ ਹੁੰਦੀ। ਜੇ ਮੇਲਾ ਹੋਵੇ ਤਾ ਅਛੇ ਪ੍ਰਸਾਦਿ ਛਕਾਈਏ, ਬਹੁਤ ਬਚਨ ਪੁਛੀਏ ਸੁਣਾਈਏ। -ਹੁਕਮਨਾਮਾ ਨੰ. 9

"ਮੈ ਤਾ ਹਮੇਸਾ ਗੁਰੂ ਜੀ ਪਾਸੋ ਮੰਗਦਾ ਹਾ ਜੋ ਹੇ ਗੁਰੂ ਜੀ ਨਾਮਧਾਰੀਆਂ ਨੂੰ ਸਾਰੇ ਈ ਸੁਖ ਦੇਈ।" -ਹੁਕਮਨਾਮਾ ਨੰ. 40

ਖ਼ੈਰ! ਸਤਿਗੁਰੂ ਰਾਮ ਸਿੰਘ ਜੀ ਦੀ ਜਲਾਵਤਨੀ ਤੋਂ ਬਾਅਦ, ਪੂਰੀ ਅੱਧੀ ਸਦੀ ਤੱਕ ਕੂਕਿਆਂ ਤੇ ਸਰਕਾਰ ਦਾ ਦਮਨ ਚੱਕਰ ਚੱਲਿਆ। ਸਤਿਗੁਰੂ ਪਰਤਾਪ ਸਿੰਘ ਜੀ ਦੇ ਸਮੇਂ, ਨਾਮਧਾਰੀ ਸੰਗਤਾਂ ਦੀਆਂ ਗੁਆਚੀਆਂ ਰੌਣਕਾਂ, ਪਰਤਣੀਆਂ ਸ਼ੁਰੂ ਹੋਈਆਂ। ਫਿਰ ਵੀ ਪਹਿਲਾਂ ਦੇਸ਼ ਆਜ਼ਾਦੀ ਅਤੇ ਬਾਅਦ ਵਿੱਚ ਵਿਸਥਾਪਤਾਂ ਦੇ ਮੁੜ ਵਸੇਬੇ ਵਿੱਚ, ਆਪ ਜੀ ਦਾ ਸਮਾਂ ਲੰਘ ਗਿਆ। ਨਾਮਧਾਰੀ ਪੰਥ ਲਈ ਸਰਬ ਪੱਖੀ ਵਿਕਾਸ ਦਾ ਦੌਰ, ਸਤਿਗੁਰੂ ਜਗਜੀਤ ਸਿੰਘ ਜੀ ਦੇ ਗੁਰਤਾ ਕਾਲ ਨਾਲ ਹੀ ਸ਼ੁਰੂ ਹੋਇਆ। ਸਤਿਗੁਰੂ ਰਾਮ ਸਿੰਘ ਜੀ ਦੇ ਨਾਮਧਾਰੀ ਭਾਈਚਾਰੇ ਦੇ ਉੱਜਲ ਭਵਿੱਖ ਲਈ ਕੀਤੇ ਬਚਨ, ਆਪ ਦੇ ਸਮੇਂ ਵਿੱਚ ਹੀ ਮੂਰਤੀਮਾਨ ਹੋਏ। ਆਪ ਨੇ ਆਪਣੀ ਪੁਰਾਤਨ ਗੁਰਮਤਿ ਮਰਿਆਦਾ, ਨਾਮਧਾਰੀ ਜੀਵਨ ਜਾਚ ਨੂੰ ਕਾਇਮ ਰੱਖਦਿਆਂ, ਆਧੁਨਿਕ ਗਿਆਨ, ਵਿਗਿਆਨਾਂ ਦੇ ਸਰੋਤਾਂ ਤੱਕ ਵੀ ਨਾਮਧਾਰੀਆਂ ਦੀ ਰਸਾਈ ਕਰਵਾਈ।

ਬਹੁਤ ਸਾਰੇ ਬੰਦ ਦਰਵਾਜੇ ਸਾਡੇ ਸਮਾਜ ਲਈ ਪਹਿਲੀ ਵੇਰ ਖੁੱਲ੍ਹੇ ਅਤੇ ਨਤੀਜੇ ਵਜੋਂ ਹੁਣ ਨਾਮਧਾਰੀਆਂ ਦੀ ਪਹਿਚਾਣ, ਸਫ਼ਲ ਕਾਸ਼ਤਕਾਰ, ਸਫ਼ਲ ਪਸ਼ੂ ਪਾਲਕ, ਸਫ਼ਲ ਕਾਰੋਬਾਰੀ, ਗੁਰਮਤਿ ਸੰਗੀਤ ਵਿੱਚ ਨਿਪੁੰਨ, ਗੁਰਬਾਣੀ ਦੇ ਸ਼ੁੱਧ ਪਾਠੀ, ਸਫਲ ਖਿਡਾਰੀ, ਵੱਖ ਵੱਖ ਵਿਭਾਗਾਂ ਦੇ ਉੱਚੇ ਅਹੁਦਿਆਂ ਤੱਕ ਪੁੱਜਣ ਵਾਲੇ, ਸਾਹਿਤਕ ਜਿਊੜਿਆਂ ਵਜੋਂ ਹੋਣ ਲੱਗੀ। ਇਸ ਸਾਰੇ ਵਿਕਾਸ ਨੂੰ ਸਮੇਂ ਸਮੇਂ ਤਰਬੀਅਤ ਦੇਣ ਵਾਲੇ, ਸੂਤਰਧਾਰ, ਸਤਿਗੁਰੂ ਜਗਜੀਤ ਸਿੰਘ ਜੀ ਸਨ। ਉਹਨਾਂ ਦੇ ਸਮੇਂ ਏਸ਼ੀਆ, ਅਫਰੀਕਾ, ਯੂਰੋਪ, ਅਮਰੀਕਾ ਅਤੇ ਆਸਟਰੇਲੀਆ, ਪੰਜਾਂ ਹੀ ਮਹਾਂਦੀਪਾਂ ਵਿੱਚ ਨਾਮਧਾਰੀ ਸਿੱਖ ਪੁੱਜ ਗਏ ਤੇ ਇਉਂ ਆਪ ਨੇ ਭਾਰਤ ਦੇ ਵੱਖ ਵੱਖ ਭਾਗਾਂ ਅਤੇ ਇਹਨਾਂ ਪੰਜਾਂ ਮਹਾਂਦੀਪਾਂ ਵਿੱਚ ਅਣਗਿਣਤ ਯਾਤਰਾਵਾਂ ਕਰਕੇ, ਨਾਮਧਾਰੀ ਭਾਈਚਾਰੇ ਨੂੰ ਅੰਤਰ ਰਾਸ਼ਟਰੀ ਪਹਿਚਾਨ ਦਿੱਤੀ।

ਸਤਿਗੁਰੂ ਜੀ ਦਾ ਆਗਮਨ ਬੜੇ ਹੋਣੀਆਂ ਭਰਪੂਰ ਸਮੇਂ ਵਿੱਚ ਹੋਇਆ। ਪਹਿਲੀ ਸੰਸਾਰ ਜੰਗ ਖ਼ਤਮ ਹੋ ਚੁੱਕੀ ਸੀ। ਇਸ ਦੇ ਦੌਰਾਨ ਕਿਰਤੀਆਂ ਕਾਮਿਆਂ ਦੇ ਪਹਿਲੇ ਰਾਜ 'ਸੋਵੀਅਤ ਸਮਾਜਵਾਦੀ ਗਣਤੰਤਰ ਸੰਘ' ਦਾ ਗਠਨ ਹੋ ਚੁੱਕਾ ਸੀ। ਰੂਸ ਜਿਸ ਨੂੰ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਤੋਂ ਕੂਕੇ ਇੱਕ ਮਿੱਤਰ, ਮੁਕਤੀ-ਦਾਤੇ ਵਜੋਂ ਵੇਖ ਰਹੇ ਸਨ। ਹੁਣ ਦੇ ਨਵੇਂ ਰੂਸ ਨੇ ਜ਼ਾਰ ਵਾਲੇ ਰੂਸ ਨਾਲੋਂ ਕਿਤੇ ਵੱਧ, ਭਾਰਤੀ ਸੁਤੰਤਰਤਾ ਸੰਗਰਾਮੀਆਂ ਦੀ ਹਮਾਇਤ ਕੀਤੀ ਸੀ। ਜੱਲਿਆਂ ਵਾਲੇ ਬਾਗ ਦੇ ਸਾਕੇ ਬਾਅਦ ਭਾਰਤ ਵਿੱਚ, ਕੌਮੀ ਮੁਕਤੀ ਅੰਦੋਲਨ ਵਿੱਚ ਨਵਾਂ ਉਭਾਰ ਆਇਆ। ਆਪਣੇ ਭਵਿੱਖ ਪ੍ਰਤੀ ਇਹੋ ਜਿਹੇ ਉਤਸ਼ਾਹ ਭਰੇ ਮਾਹੌਲ ਵਿੱਚ, ਸਤਿਗੁਰੂ ਪਰਤਾਪ ਸਿੰਘ ਜੀ ਅਤੇ ਮਾਤਾ ਭੂਪਿੰਦਰ ਕੌਰ ਜੀ ਦੇ ਗ੍ਰਹਿ ਵਿਖੇ, ਸ੍ਰੀ ਭੈਣੀ ਸਾਹਿਬ ਵਿੱਚ ੨੨ ਨਵੰਬਰ ੧੯੨੦ ਨੂੰ ਜੋ ਬਾਲਕ ਪ੍ਰਗਟਿਆ ਉਹਨਾਂ ਨੂੰ ਸੰਗਤ ਵਲੋਂ ਰਤਾ ਵਡੇਰੇ ਹੋਣ ਤੇ ਬੇਅੰਤ ਜੀ ਕਿਹਾ ਗਿਆ, ਬੇਸ਼ਕ ਨਾਮ ਜਗਜੀਤ ਸਿੰਘ ਰੱਖਿਆ ਗਿਆ। ਗਭਰੇਟ ਅਵਸਥਾ ਵਿੱਚ ਆਪ ਨੂੰ ਵੱਡੇ ਬਾਬਾ ਜੀ ਜਾਂ ਬਾਬਾ ਜਗਜੀਤ ਸਿੰਘ ਕਿਹਾ ਜਾਂਦਾ। ਆਪ ਤੋਂ ਤਿੰਨ ਸਾਲ ਛੋਟੇ ਭਰਾਤਾ ਬੀਰ ਸਿੰਘ ਜੀ ਦਾ ਜਨਮ, ੧੯ ਅਕਤੂਬਰ ੧੯੨੩ ਈ. ਨੂੰ ਸ੍ਰੀ ਭੈਣੀ ਸਾਹਿਬ ਵਿਖੇ ਹੀ ਹੋਇਆ। ਇਹਨਾਂ ਨੂੰ ਅਗਲੇ ਸਮੇਂ ਛੋਟੇ ਬਾਬਾ ਜੀ, ਬਚਪਨ ਵਿੱਚ ਵੱਲਭ ਜੀ ਜਾਂ ਬੱਲੋ੍ਹ ਜੀ ਅਤੇ ਵੱਡੇ ਬਾਬਾ ਜੀ ਦੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਰੂਪ ਵਿੱਚ ਗੱਦੀ ਨਸ਼ੀਨ ਹੋਣ ਮਗਰੋਂ, ਮਹਾਰਾਜ ਬੀਰ ਸਿੰਘ ਜੀ ਕਿਹਾ ਜਾਂਦਾ ਸੀ।

ਬਚਪਨ ਵਿੱਚ ਦੋਹਾਂ ਭਾਈਆਂ ਦੀ ਦੇਖ ਰੇਖ ਹੋਰ ਸਿੱਖਾਂ ਸੇਵਕਾਂ ਤੋਂ ਇਲਾਵਾ ਦਾਦੀ, ਮਾਤਾ ਜੀਵਨ ਕੌਰ ਅਤੇ ਨਾਨੀ, ਮਾਤਾ ਰਾਮ ਕੌਰ ਦੁਆਰਾ ਹੁੰਦੀ ਰਹੀ। ਦੋਹਾਂ ਸਾਹਿਬਜ਼ਾਦਿਆਂ ਦੀਆਂ ਖੁਸ਼ੀਆਂ ਦਾ ਇਹ ਆਲਮ, ਸ੍ਰੀ ਭੈਣੀ ਸਾਹਿਬ ਨੇ ਜ਼ਿਆਦਾ ਵਰ੍ਹੇ ਨਾ ਡਿੱਠਾ ਕਿਉਂ ਜੁ ੧੪ ਸਤੰਬਰ ੧੯੨੪ ਈ. ਨੂੰ ਹੀ ਮਾਤਾ ਭੂਪਿੰਦਰ ਕੌਰ ਜੀ ਨੂੰ ਦਰਗਾਹੀ ਸੱਦੇ ਆ ਗਏ। ਆਪ ਜੀ ਦੇ ਛੋਟੇ ਵੀਰ, ਬੱਲੋ੍ਹ ਜੀ ਨੇ ਮਾਤਾ ਦਾ ਸਨੇਹ ਸਿਰਫ ਛੇ ਕੁ ਮਹੀਨੇ ਮਾਣਿਆ ਫਿਰ ਮਾਤਾ ਭੂਪਿੰਦਰ ਕੌਰ ਦੇ ਤਪਦਿਕ ਗ੍ਰਸਤ ਹੋਣ

ਬਾਅਦ ਉਹ ਜ਼ਿਆਦਾ ਸਮਾਂ ਨਾਨੀ ਜੀ ਪਾਸ ਹੀ ਰਹਿੰਦੇ। ਜੀਵਨ ਆਪਣੀ ਚਾਲ ਚੱਲਦਾ ਰਹਿੰਦਾ ਹੈ। ਸੰਤ ਸੁੰਦਰ ਸਿੰਘ ਪੂੰਗਾਂ ਵਾਲਿਆਂ ਤੋਂ ਵਰੋਸਾਏ ਸੰਤ ਕੇਸਰ ਸਿੰਘ ਮਜਾਧ (ਜ਼ਿਲ੍ਹਾ ਸਿਆਲਕੋਟ) ਨੇ ਬਾਲਕ ਬੇਅੰਤ ਜੀ ਦੀ ਡੇਢ ਦੋ ਸਾਲ ਸੇਵਾ ਕੀਤੀ। ਮਾਤਾ ਭੂਪਿੰਦਰ ਕੌਰ ਜੀ ਦੇ ਅਕਾਲ ਚਲਾਣੇ ਬਾਅਦ, ਇਹ ਸੇਵਾ, ਗੁਰਮੁਖ ਸਿੰਘ ਝੱਬਰ ਨੂੰ ਸਉਂਪ ਦਿੱਤੀ ਗਈ ਜਿਨ੍ਹਾਂ ਨੇ ੧੯੨੪-੨੫ ਈ, ਤੋਂ ਲੈ ਕੇ ੧੯੩੮-੩੯ ਈ. ਤੱਕ ਪੂਰੇ ਚੌਦਾਂ ਸਾਲ ਇਹ ਸੇਵਾ ਬੜੀ ਤਨਦੇਹੀ ਨਾਲ, ਸਤਿਗੁਰੂ ਪਰਤਾਪ ਸਿੰਘ ਜੀ ਦੇ ਨਿਰਦੇਸ਼ਨ ਹੇਠ ਨਿਬਾਹੀ। ਪਹਿਲੇ ਢਾਈ ਤਿੰਨ ਸਾਲਾਂ ਦਾ ਸਮਾਂ ਆਪ ਦਾ ਗੜ੍ਹਦੀਵਾਲਾ (ਹੁਸ਼ਿਆਰਪੁਰ) ਵਿਖੇ ੧੯੨੫ ਤੋਂ ੧੯੨੭ ਈ. ਤੱਕ ਦਾ ਬਤੀਤ ਹੋਇਆ। ਗੁਰਮੁਖ ਸਿੰਘ ਝੱਬਰ ਦੇ ਪਿਤਾ ਸੰਤ ਜਿਊਣ ਸਿੰਘ ਝੱਬਰ ਨੇ ਬੇਸ਼ਕ ਭਜਨ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਪੁੱਛਿਆ ਸੀ, ਗੁਰੂ ਹਰੀ ਸਿੰਘ ਜੀ ਦੇ ਸਮੇਂ ਉਹ ਕੁਝ ਭੂਮੀ ਵੇਚ ਕੇ ਉਸਦੀ ਵੱਟਕ ਗੁਰੂ ਕੇ ਲੰਗਰ ਵਿੱਚ ਪਾ ਕੇ, ਸ੍ਰੀ ਭੈਣੀ ਸਾਹਿਬ ਹੀ ਰਹਿਣ ਲੱਗ ਪਏ। ਸਤਿਗੁਰੂ ਪਰਤਾਪ ਸਿੰਘ ਜੀ ਨੇ ਗੁਰਮੁਖ ਸਿੰਘ ਝੱਬਰ ਨੂੰ ਬਚਪਨ ਤੋਂ ਹੀ ਆਪਣੀ ਨਿਗਰਾਨੀ ਵਿੱਚ ਰੱਖਿਆ ਸੀ ਤੇ ਹੁਣ ਉਸ ਨੂੰ ਬੇਅੰਤ ਜੀ ਦੀ ਸਾਂਭ ਸੰਭਾਲ ਲਈ, ਆਪਣਾ ਵਿਸ਼ਵਾਸ ਪਾਤਰ ਜਾਣਿਆ ਸੀ।

ਗੜ੍ਹਦੀਵਾਲਾ ਡੇਰਾ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਦੇ ਸੰਤ ਹਰਨਾਮ ਸਿੰਘ ਹੋਰਾਂ ਨੇ ਵਸਾਇਆ ਸੀ। ਇੱਥੇ ਸੰਗੀਤ ਅਚਾਰੀਆ, ਉਸਤਾਦ ਹਰਨਾਮ ਸਿੰਘ ਜੀ ਰਾਗੀ ਚਵਿੰਡਾ (ਅੰਮ੍ਰਿਤਸਰ) ਵਾਲੇ, ਆਪ ਦੇ ਗੁਰਮੁਖੀ ਅੱਖਰਾਂ, ਗੁਰਬਾਣੀ ਅਤੇ ਗੁਰਮਤਿ ਸੰਗੀਤ ਦੇ ਪਹਿਲੇ ਉਸਤਾਦ ਬਣੇ। ਸਤਿਗੁਰੂ ਪਰਤਾਪ ਸਿੰਘ ਜੀ ਆਪ ਵੀ ਬਹੁਤ ਵੱਡੇ ਪਰਕਿਰਤੀ ਪਰੇਮੀ ਸਨ। ਇਸ ਲਈ ਉਹਨਾਂ ਬੇਅੰਤ ਜੀ ਦੇ ਬਚਪਨ ਸਮੇਂ, ਉਹਨਾਂ ਨੂੰ ਗੜ੍ਹਦੀਵਾਲਾ, ਸ਼ਿਵਾਲਕ ਦੀਆਂ ਰਮਣੀਕ ਪਹਾੜੀਆਂ ਦੇ ਕੰਢੀ ਖੇਤਰ ਵਿੱਚ ਰੱਖਣ ਤੋਂ ਇਲਾਵਾ, ਬੀੜ ਮਰਾਰੜੂ (ਅਮਲੋਹ ਦੇ ਪਾਸ) ਨਾਭਾ ਰਾਜਾ ਵਲੋਂ ਭੇਟ ਕੀਤੇ, ਬੀੜ ਵਾਲੇ ਕੂਕਿਆਂ ਦੇ ਡੇਰੇ ਵਿੱਚ ਵੀ ਟਿਕਾਇਆ। ਢੋਟੀਆਂ, ਖਿਹਾਲਾ (ਲਾਇਲਪੁਰ) ਬਾਰ ਵਿੱਚ ਕੂਕਿਆਂ ਦੇ ਦੋ ਨਾਲ ਨਾਲ ਪਿੰਡ ਸਨ। ਇਸ ਪਿੰਡ ਦੀ ਕੂਕਿਆਂ ਦੀ ਰੱਸਾ ਟੀਮ ਨੇ ੧੯੧੨ ਈ. ਦੇ ਦਿੱਲੀ ਦਰਬਾਰ ਸਮੇਂ, ਯੋਰਪ ਜੇਤੂ ਰੱਸਾ ਟੀਮ ਨੂੰ ਹਰਾਇਆ ਸੀ। ਇਸ ਨਗਰ ਵਿਖੇ ਵੀ ਬੇਅੰਤ ਜੀ ਆਪਣੇ ਬਚਪਨ ਦਾ ਕੁਝ ਸਮਾਂ, ਹਰ ਸਾਲ, ਗੁਰਮੁਖ ਸਿੰਘ ਝੱਬਰ ਤੇ ਹੋਰ ਉਸਤਾਦਾਂ ਨਾਲ ਬਿਤਾਇਆ ਕਰਦੇ ਸਨ। ਇਉਂ ਪੰਜਾਬ ਦੇ ਵੱਖ ਵੱਖ ਖਿੱਤਿਆਂ ਦੇ ਬਚਪਨ ਵਿੱਚ ਭਰਮਣ ਨੇ, ਉਹਨਾਂ ਨੂੰ ਜੀਵਨ ਪ੍ਰਤੀ ਇਕ ਵਿਸ਼ਾਲ ਤੇ ਜੀਵੰਤ ਦ੍ਰਿਸ਼ਟੀਕੋਣ ਅਪਨਾਉਣ ਜੋਗ ਬਣਾਇਆ।

ਉਦਾਰਤਾ ਅਤੇ ਸਖਾਵਤ ਆਪ ਦੇ ਸੁਭਾਉ ਦਾ ਅਟੁੱਟ ਅੰਗ ਸੀ। ਇਹ ਆਪ ਨੂੰ ਆਪਣੇ ਵਿਰਸੇ ਵਿੱਚ ਮਿਲੀ ਸੀ। ਇਸ ਲਈ ਜਗਤ ਮਾਤਾ ਭੂਪਿੰਦਰ ਕੌਰ ਜੀ ਦੇ ਸਮੇਂ ਦੀ ਇੱਕ ਵਾਰਤਾ ਅਕਸਰ ਦੁਹਰਾਈ ਜਾਂਦੀ ਹੈ। ਉਦੋਂ ਮਾਤਾ ਜੀ ਬੀੜ ਮਰਾਰੜੂ ਵਾਲੇ ਡੇਰੇ ਤੇ ਨਿਵਾਸ ਰੱਖਦੇ ਸਨ। ਜਪ ਪ੍ਰਯੋਗ ਦੇ ਦਿਨ ਸਨ। ਇਕ ਦਿਨ ਸਤਿਗੁਰੂ ਪਰਤਾਪ ਸਿੰਘ ਜੀ ਕਿਸੇ ਹੋਰ ਪਾਸੇ ਗਏ ਸਨ। ਸਿੰਘਾਂ ਨੇ ਮਾਤਾ ਜੀ ਨੂੰ ਅਰਜ਼ ਕੀਤੀ

ਕਿ ਲੰਗਰ ਮਸਤਾਨਾ ਹੋ ਗਿਆ ਹੈ। ਮਾਤਾ ਜੀ ਨੇ ਕਿਹਾ ਕਿ "ਮੇਰੇ ਪਾਸ ਆਹ ਇੱਕ ਅੰਗੂਠੀ ਹੈ ਸੋਨੇ ਦੀ ਜੋ ਅਨੰਦ ਕਾਰਜ ਤੋਂ ਬਾਅਦ ਸਤਿਗੁਰੂ ਜੀ ਨੇ ਮੈਨੂੰ ਬਖਸ਼ੀ ਸੀ। ਇਹ ਲੈ ਜਾਉ ਤੇ ਰਸਦ ਲੈ ਆਉ।" ਇਸ ਤਰ੍ਹਾਂ ਦੀ ਪਿਆਰ-ਨਿਸ਼ਾਨੀ ਨੂੰ ਸੰਗਤ ਪ੍ਰਤੀ ਆਪਣੇ ਫ਼ਰਜ਼ ਤੋਂ ਕੁਰਬਾਨ ਕਰਨ ਲੱਗਿਆਂ ਮਾਤਾ ਜੀ ਨੇ ਰਤਾ ਢਿੱਲ ਨਾ ਵਿਖਾਈ। ਸਤਿਗੁਰੂ ਪਰਤਾਪ ਸਿੰਘ ਜੀ ਨੇ ਵੀ ਆ ਕੇ ਉਹਨਾਂ ਦੇ ਇਸ ਕਾਰਜ ਦੀ ਪਰਸੰਸਾ ਕੀਤੀ।

ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਤੋਂ ਨਾਮਧਾਰੀ ਸਮੁਦਾਇ, ਆਪਣੇ ਬੱਚਿਆਂ ਨੂੰ ਅੰਗਰੇਜ਼ ਸਰਕਾਰ ਦੇ ਖੋਹਲੇ ਸਕੂਲਾਂ ਵਿੱਚ ਨਹੀਂ ਸੀ ਭੇਜਦਾ। ਹੁਣ ਸਤਿਗੁਰੂ ਪਰਤਾਪ ਸਿੰਘ ਜੀ ਨੇ ੧੯੨੮-੨੯ ਈ. ਵਿੱਚ, ਰਾਮਸਰ ਦੇ ਉੱਤਰ ਵੱਲ, ਜਿੱਥੇ ਹੁਣ ਸਤਿਗੁਰੂ ਜਗਜੀਤ ਸਿੰਘ ਲਾਇਬਰੇਰੀ ਹੈ, ਇਕ ਨਾਮਧਾਰੀ ਵਿਦਿਆਲੇ ਦੀ ਇਮਾਰਤ ਉਸਾਰ ਦਿੱਤੀ। ਇਸ ਵਿਦਿਆਲੇ ਵਿੱਚ ਬੇਅੰਤ ਜੀ ਅਤੇ ਬੱਲ੍ਹੋ ਜੀ ਤੋਂ ਇਲਾਵਾ ਕੋਈ ੭੦-੭੫ ਹੋਰ ਵਿਦਿਆਰਥੀ, ਸਮੁੱਚੇ ਪੰਜਾਬ ਵਿੱਚੋਂ ਆਏ ਸਨ। ਪੜ੍ਹਨ ਦਾ ਇਹ ਸਿਲੇਬਸ ਪੂਰੇ ਬਾਰਾਂ ਸਾਲਾਂ ਦਾ ਸੀ। ਜਿਹੜਾ ਵਿਦਿਆਰਥੀ ਬਾਰਾਂ ਸਾਲ ਇੱਥੇ ਰਹਿਣਾ ਮੰਨਦਾ, ਉਹ ਹੀ ਇੱਥੇ ਦਾਖਲ ਹੋ ਸੱਕਦਾ ਸੀ। ਇਸ ਵਿਦਿਆਲੇ ਵਿੱਚ ਪੰਜਾਬੀ, ਹਿੰਦੀ, ਸੰਸਕ੍ਰਿਤ, ਅੰਗਰੇਜ਼ੀ ਆਦਿ ਭਾਸ਼ਾਵਾਂ ਦੇ ਗਿਆਨ, ਆਮ ਹਿਸਾਬ ਕਿਤਾਬ, ਗੁਰਬਾਣੀ ਅਧਿਐਨ, ਗੁਰ ਇਤਿਹਾਸ ਅਤੇ ਗੁਰਮਤਿ ਸੰਗੀਤ ਦੇ ਨਾਲ ਨਾਲ ਖੇਤੀਬਾੜੀ, ਪਸ਼ੂ ਪਾਲਣ, ਘੋੜ ਸਵਾਰੀ, ਦਸਤਕਾਰੀ, ਉਣਾਈ ਬੁਣਾਈ, ਪ੍ਰੈਸ ਦਾ ਕੰਮ, ਲੰਗਰ ਤਿਆਰ ਕਰਨ ਆਦਿ ਕਿੱਤਾ ਮੁਖੀ ਸਿੱਖਿਆ ਵੀ ਮਿਲਦੀ ਸੀ। ਬੇਅੰਤ ਜੀ ਦੇ ਅਧਿਆਪਕਾਂ ਵਿੱਚ ਸ਼ਾਮਲ ਸਨ, ਮਾਸਟਰ ਬਲਵੰਤ ਸਿੰਘ ਜੀ ਬੁੰਡਾਲਾ (ਅੰਮ੍ਰਿਤਸਰ), ਪੰਡਿਤ ਹਰਬੰਸ ਲਾਲ, ਗੁਆਂਢੀ ਪਿੰਡ ਪੰਜੇਟੇ, ਗੁਰਦਿਆਲ ਸਿੰਘ ਸੰਧਾ ਵਾਲੀਆ, ਕਿਹਰ ਸਿੰਘ ਮਾਨ, ਮਾਸਟਰ ਸੁਹੇਵਾ ਸਿੰਘ, ਪੰਡਿਤ ਲਛਮੀ ਨਰਾਇਣ, ਬਾਲਕ ਰਾਮ ਗੁਜਰਾਂਵਾਲਾ। ਕੁਝ ਸਾਲਾਂ ਬਾਅਦ ਇੰਗਲੈਂਡ ਵਿੱਚੋਂ ਆਈ. ਸੀ. ਐਸ. ਪ੍ਰੀਖਿਆ ਪਾਸ ਕਰਕੇ ਆਏ ਅਤੇ ਫਿਰ ਵਿਰਕਤ ਹੋ ਗਏ, ਮਹਿਤਾ ਭੋਲਾ ਨਾਥ, ਅੰਗਰੇਜ਼ੀ ਪੜ੍ਹਾਉਣ ਲਈ ਆ ਰਹੇ। ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਦੇ ਅਨੇਕ ਬਿਰਧ ਸਾਧੂ ਇਸ ਸਮੇਂ ਭੈਣੀ ਸਾਹਿਬ ਰਹਿੰਦੇ ਸਨ। ਉਹਨਾਂ ਦੀ ਸੰਗਤ, ਵਿਦਿਆਰਥੀਆਂ ਵਿੱਚ ਦੇਸ਼ ਭਗਤੀ ਤੇ ਲੋਕ ਸੇਵਾ ਦੇ ਬੀਜ ਬੀਜਣ ਲਈ ਕਰਵਾਈ ਜਾਂਦੀ। ਸੁਆਮੀ ਤਖਤ ਸਿੰਘ ਜੀ ਐਸੇ ਹੀ ਉੱਘੇ ਸਾਧੂ ਸਨ, ਉਹ ਰੰਗੂਨ ਦਰਸ਼ਨ ਕਰਨ ਵੀ ਗਏ ਸਨ। ਉਹਨਾਂ ਦੇ ਪਰਵਚਨ ਵਿਦਿਆਲੇ ਵਿੱਚ ਹੁੰਦੇ। ਨਰੋਏ ਮਨੁੱਖੀ ਸੱਭਿਆਚਾਰ ਦੀ ਉਸਾਰੀ ਲਈ ਸਤਿਗੁਰੂ ਪਰਤਾਪ ਸਿੰਘ ਜੀ ਯਤਨਸ਼ੀਲ ਸਨ। ਸੰਗੀਤ ਦੀ ਸਿੱਖਿਆ ਲਈ ਉਸਤਾਦ ਹਰਨਾਮ ਸਿੰਘ ਹੋਰਾਂ ਤੋਂ ਬਿਨਾਂ ਗੁਆਂਢੀ ਪਿੰਡ ਰਾਮਪੁਰ ਤੋਂ ਕਲੌਤ ਕਵਾਲ, ਉਸਤਾਦ ਉਧੋ ਖਾਂ, ਰਹਿਮਤ ਖਾਂ ਅਤੇ ਜੋੜੀ ਸਿਖਾਉਣ ਲਈ ਅੰਮ੍ਰਿਤਸਰ ਤੋਂ ਭਾਈ ਤਾਬਾ ਤੇ ਭਾਈ ਨਸੀਰ ਉਚੇਚੇ ਮੰਗਵਾਏ। ਗੁਰਮਤਿ ਸੰਗੀਤ ਨੂੰ ਪਰਫੁੱਲਤ ਕਰਨ ਦੀ ਪਿਤਾ ਸਤਿਗੁਰੂ ਪਰਤਾਪ ਸਿੰਘ ਜੀ ਦੀ ਰੀਝ ਨੂੰ, ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪਣੇ

ਗੁਰਤਾ ਕਾਲ ਵਿੱਚ ਮੂਰਤੀਮਾਨ ਕਰਨ ਲਈ ਕੋਈ ਕਸਰ ਬਾਕੀ ਨਹੀਂ ਛੱਡੀ।

ਆਪ ਦੇ ਬਚਪਨ ਨੂੰ, ਅਨੁਸ਼ਾਸਨ ਦੀ ਜਿਸ ਕੁਠਾਲੀ ਵਿੱਚ ਢਾਲਿਆ ਗਿਆ, ਆਪ ਉਸ ਵਿੱਚੋਂ ਬੜੇ ਸਫਲ ਹੋ ਕੇ ਨਿਕਲੇ। ਜੇਰਾ, ਧੀਰਜ, ਖਿਮਾਂ ਅਤੇ ਸਹਿਣਸ਼ੀਲਤਾ ਜਿਹੇ ਵੱਡੇ ਗੁਣ ਆਪ ਨੇ ਸਕੂਲੀ ਵਿਦਿਆ ਗ੍ਰਹਿਣ ਕਰਦੇ ਸਮੇਂ ਹੀ ਧਾਰਨ ਕਰ ਲਏ। ਆਪ ਨੇ ਜਾਂ ਆਪ ਦੇ ਛੋਟੇ ਭਰਾਤਾ ਨੇ, ਸਹਿਪਾਠੀਆਂ ਦੀ ਇੱਕ ਵੱਡੀ ਟੀਮ ਵਿੱਚ ਵਿਚਰਦਿਆਂ ਕਦੇ ਵੀ, ਗੁਰੂ ਪਰਿਵਾਰ ਨਾਲ ਸੰਬੰਧਿਤ ਹੋਣ ਦਾ ਅਨਉਚਿਤ ਵਿਖਾਲਾ ਨਹੀਂ ਕੀਤਾ। ਉਹ ਹਾਣੀ ਵਿਦਿਆਰਥੀਆਂ ਨਾਲ ਰਲ ਕੇ, ਸੰਗਤ ਦੇ ਜੂਠੇ ਬਰਤਨ ਵੀ ਸਾਫ ਕਰਦੇ। ਲੰਗਰ ਲਈ ਜਲ ਭਰਦੇ ਜਾਂ ਹੋਰਨਾਂ ਸੇਵਾਵਾਂ ਵਿੱਚ ਹੱਥ ਵਟਾਉਂਦੇ। ਇਸੇ ਕਾਰਨ ਗੁਰੂ ਪਦਵੀ ਗ੍ਰਹਿਣ ਕਰਕੇ ਵੀ ਆਪ ਵੱਡੇ ਤੜਕੇ, ਝੁੰਬ ਮਾਰ ਕੇ, ਸ੍ਰੀ ਭੈਣੀ ਸਾਹਿਬ ਦੇ ਹੋਲੇ ਮੇਲਿਆਂ ਸਮੇਂ, ਖੂਹ ਵਿੱਚੋਂ ਜਲ ਕੱਢ ਕੱਢ ਕੇ, ਸਿੰਘਾਂ ਦਾ ਇਸ਼ਨਾਨ ਕਰਵਾਇਆ ਕਰਦੇ ਸਨ।

ਉਹਨਾਂ ਦੇ ਜੇਰੇ, ਧੀਰਜ ਬਾਰੇ ਇੱਕ ਚਰਚਿਤ ਘਟਨਾ ਹੈ। ਬੱਘੀ ਤੇ ਸਵਾਰ ਹੋ ਕੇ ਕਿਤੇ ਜਾ ਰਹੇ ਸਨ। ਘੋੜਾ 'ਜੈ ਭਾਰਤ' ਬਹੁਤ ਘੋੜ ਦੌੜਾਂ ਜਿੱਤਣ ਵਾਲਾ, ਅਚਾਨਕ ਰਸਤੇ ਵਿੱਚ ਰੁਕ ਗਿਆ। ਘੋੜਾ ਜਦੋਂ ਤੁਰਨੋਂ ਵਿਹਰ ਗਿਆ ਤਾਂ ਆਪ ਦਾ ਕੋਚਵਾਨ ਲਾਭ ਸਿੰਘ ਫੱਤਾ, ਹੇਠਾ ਉੱਤਰ ਕੇ ਘੋੜੇ ਤੇ ਛਾਂਟਾ ਅਜ਼ਮਾਈ ਕਰਨ ਲੱਗਾ। ਬੇਅੰਤ ਜੀ ਨੇ ਬੱਘੀ ਤੋਂ ਛਾਲ ਮਾਰ ਕੇ ਉਸ ਦਾ ਹੱਥ ਫੜ ਲਿਆ। ਲਾਭ ਸਿੰਘ ਕਹਿੰਦਾ ਕਿ ਆਪ ਦੇ ਪਰਸ਼ਾਦ ਛਕਣ ਦਾ ਸਮਾਂ ਲੇਟ ਹੋ ਰਿਹਾ ਹੈ। ਇਹ ਜਾਨਵਰ ਹੈ ਕਿ ਤੁਰਦਾ ਹੀ ਨਹੀਂ। ਇਹਦਾ ਇਲਾਜ ਤਾਂ ਕਰਨਾ ਪਵੇਗਾ। ਬੇਅੰਤ ਜੀ ਨੇ ਕਿਹਾ– ਜੇ ਭੁੱਖ ਆਪਾਂ ਨੂੰ ਲੱਗੀ ਹੈ ਤਾਂ ਇਸ ਨੂੰ ਵੀ ਲੱਗੇਗੀ। ਕਹਿਣਾ ਕੁਝ ਨਹੀਂ, ਧੀਰਜ ਕਰੋ। ਤੇ ਕੁਝ ਦੇਰ ਬਾਅਦ ਘੋੜਾ ਆਪੇ ਤੁਰਿਆ ਤੇ ਡੇਰੇ ਤੇ ਪੁੱਜ ਗਏ। ਹਰ ਪ੍ਰਾਣੀ ਮਾਤਰ ਨਾਲ ਸਨੇਹ ਆਪ ਦੇ ਜੀਵਨ ਦਰਸ਼ਨ ਦਾ ਸਾਰ ਸੀ। ਉਹਨਾਂ ਨੇ ਨਹਿਰ ਵਾਲੇ ਡੇਰੇ ਤੇ ਹੀ ਵੇਖਿਆ ਸੀ ਕਿ ਇਕ ਫਨੀਅਰ ਸੱਪ ਦਾਲ ਰੱਖਣ ਵਾਲੇ ਘੜੇ ਵਿੱਚ ਰਹਿਣ ਲੱਗ ਪਿਆ। ਜਦੋਂ ਦਾਲ ਧਰਨ ਦਾ ਵਕਤ ਹੁੰਦਾ, ਲਾਂਗਰੀ ਸਿੰਘ ਕਹਿੰਦਾ– "ਭੰਗਰ ਨਾਥ! ਘੜੇ ਤੋਂ ਪਾਸੇ ਹੋ ਜਾ ਅਸੀਂ ਦਾਲਾ ਕੱਢ ਲਈਏ।" ਉਹ ਨਿਕਲ ਕੇ ਬਾਹਰ ਟੁਰ ਜਾਂਦਾ। ਸਿੰਘ ਦਾਲ ਕੱਢ ਲੈਂਦੇ। ਇਹ ਸ਼ਾਂਤੀ ਪੂਰਨ ਸਹਿ ਹੋਂਦ, ਕਾਫੀ ਚਿਰ ਚੱਲਦੀ ਰਹੀ। ਕੋਈ ਉਸਨੂੰ ਮਾਰੇ ਨਾ, ਉਹ ਕਿਸੇ ਨੂੰ ਡੰਗੇ ਨਾ।

ਫਰਵਰੀ ੧੯੩੯ ਈ. ਵਿੱਚ ਜਦੋਂ ਪੰਡਿਤ ਜਵਾਹਰ ਲਾਲ ਨਹਿਰੂ ਪਹਿਲੀ ਵੇਰ ਭੈਣੀ ਸਾਹਿਬ ਆਏ ਤਾਂ ਦਸ ਹਜ਼ਾਰ ਸੰਗਤ ਦੀ ਹਾਜ਼ਰੀ ਵਿੱਚ ਬੇਅੰਤ ਜੀ, ਬੱਲੋ ਜੀ ਦੀ ਅਗੁਆਈ ਵਿੱਚ ਵਿਦਿਆਲੇ ਦੇ ਵਿਦਿਆਰਥੀਆਂ ਨੇ ਕੀਰਤਨ ਦੀ ਸੇਵਾ ਨਿਬਾਹੀ। ਰਸਭਿੰਨੇ ਗੁਰਮਤਿ ਸੰਗੀਤ ਤੋਂ ਪੰਡਿਤ ਜੀ ਬਹੁਤ ਪ੍ਰਭਾਵਿਤ ਹੋਏ ਤੇ ਜਦੋਂ ਉਹਨਾਂ ਨੂੰ ਜਾਣਕਾਰੀ ਮਿਲੀ ਕਿ ਇਹਨਾਂ ਬੱਚਿਆਂ ਵਿੱਚ ਸਤਿਗੁਰੂ ਜੀ ਦੇ ਦੋਵੇਂ ਸਪੁੱਤਰ ਵੀ ਹਨ ਤਾਂ ਉਹ ਬਹੁਤ ਪਰਸੰਨ ਹੋਏ। ਇਸੇ ਸਾਲ ਦੋਹਾਂ ਭਰਾਵਾਂ ਤੇ ਸੀਤਲਾ ਦਾ ਪਰਕੋਪ ਹੋਇਆ। ਵੀਹ ਪੱਚੀ ਦਿਨ ਦੇ ਦਵਾ ਦਾਰੂ ਬਾਅਦ ਠੀਕ ਹੋ ਗਏ। ਸਿਹਤਯਾਬੀ ਤੋਂ

ਬਾਅਦ ਸਤਿਗੁਰੂ ਜੀ ਦੋਹਾਂ ਭਰਾਵਾਂ ਤੇ ਵੀਹ ਪੱਚੀ ਹੋਰ ਵਿਦਿਆਰਥੀਆਂ ਨੂੰ ਨਾਲ ਲੈ ਕੇ, ਗੁਜਰਾਂਵਾਲੇ ਤੋਂ ਰਾਵਲਪਿੰਡੀ, ਪੰਜਾ ਸਾਹਿਬ, ਹਜਰੋਂ ਸਾਹਿਬ, ਕਿਲਾ ਜਮਰੋਦ ਆਦਿ ਦੀ ਯਾਤਰਾ ਕਰਵਾ ਕੇ ਖੁਸ਼ੀਆਂ ਬਖਸ਼ੀਆਂ।

ਵਿਦਿਆਲੇ ਦੀ ਵਿਦਿਆ ਸੰਪੂਰਨ ਹੋਣ ਤੋਂ ਬਾਅਦ, ਸਤਿਗੁਰੂ ਜੀ ਸ੍ਰੀ ਭੈਣੀ ਸਾਹਿਬ ਡੇਰੇ ਦੀ ਪਰਬੰਧ ਵਿਵਸਥਾ ਵਿੱਚ ਸਮੇਂ ਸਮੇਂ ਬੇਅੰਤ ਜੀ ਨੂੰ ਜ਼ਿੰਮੇਵਾਰੀਆਂ ਸਉਂਪਦੇ ਰਹੇ। ਬਾਬਾ ਬੀਰ ਸਿੰਘ ਜੀ ਆਪ ਦਾ ਸਾਥ ਦਿੰਦੇ। ਬਾਬਾ ਜਗਜੀਤ ਸਿੰਘ ਜੀ ਦਾ ਅਨੰਦ ਕਾਰਜ, ਸ੍ਰ. ਊਧਮ ਸਿੰਘ ਰੰਧਾਵਾ ਅਤੇ ਮਾਤਾ ਕਰਮ ਕੌਰ, ਪਿੰਡ ਕਾਲੂ ਵਾਹਰ (ਹੁਸ਼ਿਆਰਪੁਰ) ਦੀ ਸਪੁੱਤਰੀ ਬੀਬੀ ਰਜਿੰਦਰ ਕੌਰ ਨਾਲ ੧੧ ਚੇਤਰ ੨੦੦੧ ਬਿਕਰਮੀ ਨੂੰ ਮੁਠੱਡਾ (ਜਲੰਧਰ) ਵਿਖੇ ਹੋਇਆ। ਪਰੰਤੂ ਇਹ ਬੀਬੀ ਰਜਿੰਦਰ ਕੌਰ ਜੀ ੧੦ ਭਾਦਰੋਂ ੨੦੦੨ ਬਿਕਰਮੀ ਨੂੰ ਬੀਮਾਰ ਹੋ ਕੇ, ਮੰਡੀ (ਹਿਮਾਚਲ) ਵਿਖੇ ਅਕਾਲ ਚਲਾਣਾ ਕਰ ਗਏ। ਇਸ ਤੇ ਬਾਬਾ ਜੀ ਦਾ ਦੁਬਾਰਾ ਅਨੰਦ ਕਾਰਜ ੧੯ ਮਾਘ ੨੦੦੨ ਬਿਕਰਮੀ ਨੂੰ ਪਿਤਾ ਸਰਬਣ ਸਿੰਘ ਸਿੱਧੂ ਅਤੇ ਮਾਤਾ ਸਮਾਂ ਕੌਰ ਨਿਵਾਸੀ ਬਾਜਾਖਾਨਾ, ਦੀ ਸਪੁੱਤਰੀ ਬੀਬੀ ਕਰਤਾਰ ਕੌਰ ਨਾਲ ਬਸੰਤ ਪੰਚਮੀ ਦੇ ਮੇਲੇ ਤੇ ਰੋਡੇ (ਫੀਰੋਜ਼ਪੁਰ) ਵਿਖੇ ਹੋਇਆ। ਅਨੰਦ ਕਾਰਜ ਤੋਂ ਬਾਅਦ ਬੀਬੀ ਕਰਤਾਰ ਕੌਰ ਦਾ ਨਾਮ ਚੰਦ ਕੌਰ ਰੱਖਿਆ ਗਿਆ। ਬਾਬਾ ਬੀਰ ਸਿੰਘ ਜੀ ਦਾ ਅਨੰਦ ਕਾਰਜ, ਬੱਪੀਆਣਾ (ਮਾਨਸਾ) ਦੇ ਸੰਤ ਨਰਾਇਣ ਸਿੰਘ ਸੇਖੋਂ ਦੀ ਸਪੁੱਤਰੀ ਬੀਬੀ ਦਲੀਪ ਕੌਰ ਜੀ ਨਾਲ, ੨੬ ਅਕਤੂਬਰ ੧੯੫੧ ਨੂੰ, ਜੀਵਨ ਨਗਰ ਵਿਖੇ ਹੋਇਆ। ਇਸ ਦੰਪਤੀ ਦੇ ਗ੍ਰਹਿ ਵਿਖੇ, ਅਗਸਤ ੧੯੫੩ ਵਿੱਚ ਸ੍ਰੀ ਦਲੀਪ ਸਿੰਘ ਨੇ ਜਨਮ ਲਿਆ ਤੇ ੨੦ ਜੁਲਾਈ ੧੯੫੮ ਨੂੰ ਸ੍ਰੀ ਉਦੇ ਸਿੰਘ ਦਾ ਆਗਮਨ ਹੋਇਆ।

੧੯੪੫ ਈ. ਨੂੰ ਕੱਤਕ ਪੁੰਨਿਆ ਦੇ ਗੁਰੂ ਨਾਨਕ ਦੇਵ ਜੀ ਦੇ ਪਰਕਾਸ਼ ਪੁਰਬ ਦੇ ਮੇਲੇ ਤੇ ਕਾਂਗਰਸ ਨੇਤਾ, ਪੰਡਿਤ ਜਵਾਹਰ ਲਾਲ ਨਹਿਰੂ, ਗੁਰਦੁਆਰਾ ਜਨਮ ਅਸਥਾਨ ਨਨਕਾਣਾ ਸਾਹਿਬ ਵਿਖੇ ਮੱਥਾ ਟੇਕਣਾ ਚਾਹੁੰਦੇ ਸਨ। ਗੁਰਦੁਆਰੇ ਦੇ ਪਰਬੰਧਕ ਅਕਾਲੀ ਸੱਜਣ ਪੰਡਿਤ ਜੀ ਦਾ ਵਿਰੋਧ ਕਰ ਰਹੇ ਸਨ। ਸਤਿਗੁਰੂ ਪਰਤਾਪ ਸਿੰਘ ਜੀ ਦੇ ਹੁਕਮ ਤੇ ਬਾਬਾ ਜਗਜੀਤ ਸਿੰਘ ਜੀ ਨੇ ਨਾਮਧਾਰੀ ਨੌਜੁਆਨਾਂ ਦੇ ਘੇਰੇ ਵਿੱਚ ਪੰਡਿਤ ਜੀ ਨੂੰ ਲੈ ਲਿਆ ਅਤੇ ਪੰਡਿਤ ਜੀ ਦਰਸ਼ਨੀ ਡਿਓਢੀ ਅੱਗਿਓਂ ਸੀਸ ਨਿਵਾ ਕੇ, ਵਾਪਿਸ ਆ ਗਏ। ਉਹਨਾਂ ਨੇ ਫਿਰ ਨਾਮਧਾਰੀ ਧਰਮਸ਼ਾਲਾ ਵਿੱਚ ਆ ਕੇ ਸੰਗਤਾਂ ਨੂੰ ਸੰਬੋਧਿਤ ਵੀ ਕੀਤਾ।

ਦੇਸ਼ ਦੀ ਵੰਡ ਤੋਂ ਕੁਝ ਸਮਾਂ ਪਹਿਲਾਂ, ਹਿਸਾਰ ਜ਼ਿਲ੍ਹਾ ਦੀ ਸਿਰਸਾ ਤਹਿਸੀਲ ਵਿੱਚ, ਅੱਜ ਕੱਲ੍ਹ ਦੇ ਇਲਾਕਾ ਜੀਵਨ ਨਗਰ (ਸਿਰਸਾ) ਵਿਖੇ ਸਤਿਗੁਰੂ ਪਰਤਾਪ ਸਿੰਘ ਜੀ ਨੇ ਪੱਛਮੀ ਪੰਜਾਬ ਵਿੱਚੋਂ ਉੱਜੜ ਕੇ ਆਉਣ ਵਾਲੇ ਸਿੱਖਾਂ ਲਈ ਪੰਜ ਸੌ ਮੁਰੱਬੇ ਦੇ ਲਗਪਗ ਭੂਮੀ ਖਰੀਦੀ। ਦੇਸ਼ ਦੀ ਅਜ਼ਾਦੀ ਬਾਅਦ ਪੱਛਮੀ ਪੰਜਾਬ ਦੇ ਗੁਜਰਾਂਵਾਲਾ, ਸ਼ੇਖੂਪੁਰਾ, ਸਿਆਲਕੋਟ, ਲਾਇਲਪੁਰ, ਸਰਗੋਧਾ, ਮਿੰਟਗੁਮਰੀ, ਰਾਵਲਪਿੰਡੀ ਆਦਿਕ ਜ਼ਿਲ੍ਹਿਆਂ ਦੇ ਨਾਮਧਾਰੀ, ਨਵੇਂ ਖਰੀਦੇ ਇਲਾਕੇ ਵਿੱਚ ਆ

ਲੱਥੇ। ਉੱਥੇ ਚਚਾਲ ਕੋਠੀ (ਜੀਵਨ ਨਗਰ ਦਾ ਪਹਿਲਾਂ ਨਾਂ) ਵਿਖੇ ਗੁਰੂ ਕਾ ਲੰਗਰ ਚੱਲਦਾ ਸੀ। ਸਤਿਗੁਰੂ ਪਰਤਾਪ ਸਿੰਘ ਜੀ ਤਾਂ ਨਾਮਧਾਰੀ ਪੰਥ ਦੀ ਸਾਂਭ ਸੰਭਾਲ ਲਈ ਪੰਜਾਬ, ਭਾਰਤ ਤੇ ਕੁਝ ਵਿਦੇਸ਼ਾਂ ਦੇ ਪਰਚਾਰ ਦੌਰਿਆਂ ਤੇ ਰਹਿੰਦੇ ਸਨ। ਇਸ ਸਮੇਂ ਨਵੇਂ ਇਲਾਕੇ ਵਿੱਚ ਆਈਆਂ ਹਜ਼ਾਰਾਂ ਸੰਗਤਾਂ ਦੇ ਮੁੜ ਵਸੇਬੇ ਦਾ ਵੱਡਾ ਕਾਰਜ, ਬਾਬਾ ਜਗਜੀਤ ਸਿੰਘ ਜੀ ਦੇ ਜ਼ਿੰਮੇ ਸੀ। ਉਹ ਇਸ ਸੰਬੰਧ ਵਿੱਚ ਬਾਬਾ ਬੀਰ ਸਿੰਘ ਜੀ, ਸ੍ਰ. ਤੇਜਾ ਸਿੰਘ ਚੰਦੋਂਵਾਲ, ਸ੍ਰ. ਅਵਤਾਰ ਸਿੰਘ ਝੱਬਰ ਅਤੇ ਪਟਵਾਰੀ ਕਰਮ ਸਿੰਘ ਆਦਿਕ ਦੀਆਂ ਸੇਵਾਵਾਂ ਲੈਂਦੇ। ਆਪ ਦੀ ਨਿਗਰਾਨੀ ਹੇਠ ਸਿਰਸਾ ਤਹਿਸੀਲ ਵਿੱਚ ਆਉਣ ਵਾਲੇ ਨਾਮਧਾਰੀਆਂ ਦੇ ੭੦੦੦ ਕਲੇਮ, ਜਲੰਧਰੋਂ ਮੰਗਵਾ ਕੇ, ਨਾਮਧਾਰੀਆਂ ਲਈ ਰਾਖਵੇਂ ਰੱਖੇ ਪਿੰਡਾਂ ਵਿੱਚ ਜ਼ਮੀਨਾਂ ਪਹਿਲਾਂ ਕੱਚੀਆਂ ਅਤੇ ਫਿਰ ਪੱਕੀਆਂ ਅਲਾਟ ਕਰਵਾਈਆਂ ਗਈਆਂ। ਆਉਣ ਵਾਲਿਆਂ ਦੀਆਂ ਦੈਨਿਕ ਜੀਵਨ ਦੀਆਂ ਲੋੜਾਂ ਦੀ ਪੂਰਤੀ ਗੁਰੂ ਕੇ ਲੰਗਰ ਅਤੇ ਖਜ਼ਾਨੇ ਵਿੱਚੋਂ ਕੀਤੀ ਜਾਂਦੀ। ਇਸ ਇਲਾਕੇ ਵਿੱਚ ਉਦੋਂ ਨਾ ਕੋਈ ਰਾਹ ਰਸਤਾ ਸੀ, ਪੱਕੀਆਂ ਸੜਕਾਂ ਤਾਂ ਸਨ ਹੀ ਕਿੱਥੇ, ਨਾ ਸਿੰਚਾਈ ਪਾਣੀ ਦੀ ਸੁਵਿਧਾ, ਸਿਰਫ ਦੋ ਮੌਸਮੀ ਨਹਿਰਾਂ, ਘੱਗਰ ਨਾਲੀ ਵਿੱਚ ਪਾਣੀ ਆਉਣ ਤੇ ਬਰਸਾਤਾਂ ਵਿੱਚ ਚੱਲਦੀਆਂ ਸਨ। ਡੋਬਾ ਸੋਕਾ ਆਮ ਸੀ। ਇਹਨਾਂ ਮਾਰੂ ਹਾਲਾਤ ਤੋਂ ਘਬਰਾ ਕੇ, ਅਨੇਕ ਸਿੱਖਾਂ ਨੇ ਦੂਜੇ ਇਲਾਕਿਆਂ ਵਿੱਚ ਆਪਣੇ ਕਲੇਮ ਪੁਆਉਣੇ ਚਾਹੇ। ਬਹੁਤ ਸਾਰੇ ਚਲੇ ਵੀ ਗਏ। ਬਾਬਾ ਜਗਜੀਤ ਸਿੰਘ ਜੀ ਨੇ ਜਾਣ ਵਾਲੇ ਸਿੱਖਾਂ ਅੱਗੇ ਹੱਥ ਜੋੜਨੇ ਕਿ ਜੇ ਤੁਸੀਂ ਚਲੇ ਗਏ ਤਾਂ ਸਤਿਗੁਰੂ ਜੀ ਮੇਰੇ ਤੇ ਨਰਾਜ਼ ਹੋਣਗੇ ਕਿ ਤੂੰ ਸਿੱਖਾਂ ਦੀ ਠੀਕ ਸੰਭਾਲ ਨਹੀਂ ਕੀਤੀ, ਇਸ ਲਈ ਨਾ ਜਾਉ। ਇਉਂ ਹਜ਼ਾਰਾਂ ਸਿੱਖਾਂ ਨੂੰ ਆਪ ਨੇ ਧੀਰਜ ਧਰਵਾਸ ਦੇ ਕੇ, ਇਸ ਖਿੱਤੇ ਵਿੱਚ ਟਿਕਾਈ ਰੱਖਿਆ। ਅੱਜ ਇਹ ਇਲਾਕਾ ਹਰਿਆਣਾ ਪੰਜਾਬ ਵਿੱਚ ਖੇਤੀਬਾੜੀ ਦੇ ਲਿਹਾਜ ਨਾਲ ਸਭ ਤੋਂ ਸਰ ਸਬਜ਼ ਇਲਾਕਾ ਗਿਣਿਆ ਜਾਂਦਾ ਹੈ।

ਇਸ ਤੋਂ ਪਹਿਲਾਂ ੧੯੪੭ ਦੀਆਂ ਗਰਮੀਆਂ ਵਿੱਚ ਆਜ਼ਾਦੀ ਤੋਂ ਰਤਾ ਕੁ ਪਹਿਲਾਂ ਜਦੋਂ ਪੱਛਮੀ ਪੰਜਾਬ ਦੇ ਬਹੁਤ ਸਾਰੇ ਇਲਾਕਿਆਂ ਵਿੱਚ ਸਾੜ ਫੂਕ, ਵੱਢ ਟੁੱਕ ਸ਼ੁਰੂ ਹੋ ਚੁੱਕੀ ਸੀ, ਬਾਬਾ ਜਗਜੀਤ ਸਿੰਘ ਜੀ ਨੇ ਆਪਣੀ ਜਾਨ ਜੋਖਮ ਵਿੱਚ ਪਾ ਕੇ, ਪੱਛਮੀ ਪੰਜਾਬ ਦੇ ਨਾਮਧਾਰੀਆਂ ਨੂੰ, ਸਤਿਗੁਰੂ ਪਰਤਾਪ ਸਿੰਘ ਜੀ ਦਾ ਇਹ ਸੰਦੇਸ਼ ਪੁਚਾਇਆ ਕਿ ਉਹ ਅੱਵਲ ਤਾਂ ਬਿਆਸ ਨਹੀਂ ਰਾਵੀ ਦਰਿਆ ਜ਼ਰੂਰ ਜੀਆ ਜੰਤ ਸਣੇ ਪਾਰ ਕਰਕੇ ਚੜ੍ਹਦੇ ਵੱਲ ਚਲੇ ਜਾਣ।

ਸਤਿਗੁਰੂ ਪਰਤਾਪ ਸਿੰਘ ਜੀ ੨੨ ਅਗਸਤ ੧੯੫੯ ਈ. ਨੂੰ ਅੱਧੀ ਰਾਤ ਬੀਤਣ ਬਾਅਦ ਸ੍ਰੀ ਭੈਣੀ ਸਾਹਿਬ ਵਿਖੇ ਜੀਵਨ ਯਾਤਰਾ ਸਮਾਪਤ ਕਰ ਗਏ। ਇਸੇ ਵਰ੍ਹੇ ਦੇ ਵੈਸਾਖ ਮਹੀਨੇ, ਜੀਵਨ ਨਗਰੋਂ ਚੱਲਣ ਸਮੇਂ, ਆਪ ਨੇ ਹੁਕਮ ਕੀਤਾ ਸੀ ਕਿ ਹੁਣ ਇਸ ਡੇਰੇ ਵਿੱਚ ਉਹ ਹੀ ਰਹਿਣ ਜਿਹਨਾਂ ਨੇ ਵੱਡੇ ਕਾਕੇ ਦੇ ਆਖੇ ਲੱਗਣਾ ਹੈ। ਦੂਜੇ ਸੱਜਣ ਜਾ ਸੱਕਦੇ ਹਨ, ਅਸੀਂ ਉਹਨਾਂ ਤੇ ਪਰਸੰਨ ਹੋਵਾਂਗੇ। ਇਉਂ ਆਪ ਜੀ ਨੇ ਨਵੀਂ ਗੁਰਗੱਦੀ ਦਾ ਸੰਕੇਤ ਕਰ ਦਿੱਤਾ ਸੀ। ੨੨ ਅਗਸਤ ਸ਼ਾਮ ਨੂੰ ਅਟੱਲ ਪਰਤਾਪੀ

ਸਤਿਗੁਰੂ ਜੀ ਦੀ ਦੇਹ ਦੇ ਸਸਕਾਰ ਬਾਅਦ, ਮਹਾਰਾਜ ਬੀਰ ਸਿੰਘ ਜੀ ਨੇ ਆਸਣ ਵਿਛਾ ਕੇ, ਉਸ ਤੇ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਬਿਰਾਜਮਾਨ ਹੋਣ ਦੀ ਬੇਨਤੀ ਕੀਤੀ। ਇਸ ਪ੍ਰਥਾਇ ਸਸਕਾਰ ਦੀ ਅਰਦਾਸ ਸਮੇਂ ਐਲਾਨ, ਸੰਤ ਇੰਦਰ ਸਿੰਘ ਚੱਕਰਵਰਤੀ ਹੋਰਾਂ ਕਰ ਦਿੱਤਾ ਸੀ। ਨਾਮਧਾਰੀ ਪੰਥ ਦੇ ਬਜ਼ੁਰਗਾਂ ਮਹਾਰਾਜ ਜੰਗ ਸਿੰਘ ਜੀ, ਮਹਾਰਾਜ ਨਿਹਾਲ ਸਿੰਘ ਜੀ ਅਤੇ ਹੋਰ ਸੰਗਤਾਂ ਨੇ ਆਪ ਨੂੰ ਸੀਸ ਨਿਵਾਇਆ। ਸੰਗਤ ਵਲੋਂ ਗੁਰਤਾ ਦੀ ਵਿਧੀਵਤ ਦਸਤਾਰ, ਹਜ਼ੂਰੀ ਸੇਵਕ ਭਾਈ ਵਜ਼ੀਰ ਸਿੰਘ ਦੁਆਰਾ ਭੇਟ ਕੀਤੀ, ਸਤਿਗੁਰੂ ਜੀ ਦੇ ਭੋਗ ਮੇਲੇ ਸਮੇਂ, ੧੦ ਸਤੰਬਰ ੧੯੫੯ ਨੂੰ ਅਨੇਕ ਮੱਤ ਮਤਾਂਤਰਾਂ, ਧਾਰਮਿਕ, ਸਮਾਜਿਕ, ਸਿਆਸੀ ਮੁਖੀਆਂ ਦੇ ਵਿਸ਼ਾਲ ਇਕੱਠ ਵਿੱਚ ਆਪ ਦੁਆਰਾ ਸਜਾਈ ਗਈ।

ਆਪ ਦੇ ਗੁਰਤਾ ਪਦਵੀ ਗ੍ਰਹਿਣ ਕਰਨ ਸਮੇਂ ਗੁਰੂ ਘਰ ਦੇ ਖਿਲਾਫ ਕੋਈ ਬਾਈ ਵੱਡੇ ਛੋਟੇ, ਮੁਕੱਦਮੇ ਚੱਲ ਰਹੇ ਸਨ, ਜਿਹਦਾ ਵੱਡਾ ਕਾਰਨ ਜ਼ਮੀਨੀ ਵੰਡ ਵੰਡਾਈ ਦੇ ਵਿਵਾਦ ਸਨ। ਆਪ ਨੇ ਆਪਣੇ ਵਿਕਾਸ ਮੁਖੀ ਦ੍ਰਿਸ਼ਟੀਕੋਣ, ਸੁਲਹ ਸਫਾਈ ਵਾਲੇ ਸੁਭਾਉ ਨੂੰ ਪਹਿਲ ਦਿੰਦਿਆਂ, ਜੋ ਜੋ ਵੀ ਕਿਸੇ ਦਾ ਦੇਣ ਲੈਣ ਬਣਦਾ ਸੀ, ਉਸ ਦਾ ਨਿਪਟਾਰਾ ਕਰਕੇ, ਬਹੁਤ ਜਲਦੀ ਪੰਥਕ ਉਨਤੀ ਵਾਸਤੇ, ਇੱਕ ਸ਼ਾਂਤ ਤੇ ਸੁਹਿਰਦ ਮਾਹੌਲ ਸਿਰਜ ਲਿਆ। ਸਾਰੇ ਮੁਕੱਦਮਿਆਂ ਦਾ ਨਿਪਟਾਰਾ ਕੁਝ ਕੁ ਸਮੇਂ ਵਿੱਚ ਹੀ ਕਰਾਉਣ ਵਿੱਚ ਆਪ ਸਫ਼ਲ਼ ਹੋ ਗਏ। ਹੁਣ ਆਪ ਨੇ ਇਲਾਕਾ ਜੀਵਨ ਨਗਰ ਦੇ ਵਿਕਾਸ ਵੱਲ ਵਿਸ਼ੇਸ਼ ਧਿਆਨ ਕੀਤਾ। ਇਲਾਕੇ ਦੀਆਂ ਦੋ ਵੱਡੀਆਂ ਮੁਸ਼ਕਿਲਾਂ ਸਨ ਘੱਗਰ ਨਾਲੀ ਨੂੰ ਦੋਹਾਂ ਕਿਨਾਰਿਆਂ ਤੋਂ ਬੰਨ੍ਹ ਕੇ, ਇਲਾਕਾ ਹੜ੍ਹ ਮੁਕਤ ਕਰਨਾ ਅਤੇ ਸਿਰਸਾ ਸ਼ਹਿਰ ਨਾਲ ਜੋੜਨ ਲਈ ਸੜਕਾਂ ਦੀ ਉਸਾਰੀ। ਇਲਾਕੇ ਦੇ ਲੋਕ ਵੀ ਕਿਸਾਨ ਸਭਾ ਬਣਾ ਕੇ ਇਹ ਮੰਗਾਂ ਸਰਕਾਰ ਅੱਗੇ ਰੱਖਦੇ ਸਨ। ਸਤਿਗੁਰੂ ਜੀ ਨੇ ਉਸ ਸਮੇਂ ਦੇ ਪੰਜਾਬ ਦੇ ਮੁੱਖ ਮੰਤਰੀ ਸ੍ਰ. ਪਰਤਾਪ ਸਿੰਘ ਕੈਰੋਂ ਨਾਲ ਆਪਣੇ ਰਸੂਖ ਦੇ ਸਿਰ ਤੇ ਓਟੂ ਤੋਂ ਰਾਜਸਥਾਨ ਦੇ ਸਾਈਫਨ ਤੱਕ, ਕੋਈ ੩੫ ਕਿਲੋਮੀਟਰ ਲੰਬਾ ਘੱਗਰ ਦੇ ਦੋਹਾਂ ਪਾਸਿਆਂ ਤੇ ਬੰਨ੍ਹ, ੧੯੬੪-੬੫ ਈ. ਤੱਕ ਬਣਵਾ ਲਿਆ। ਇਸੇ ਸਾਲ ਹੀ ਆਜ਼ਾਦੀ ਤੋਂ ੧੮ ਸਾਲਾਂ ਬਾਅਦ, ਸੰਤ ਨਗਰ ਦੇ ਨਹਿਰ ਦੇ ਪੁਲ ਤੱਕ, ਸਿਰਸੇ ਤੋਂ ੧੮ ਮੀਲ ਪੱਕਾ, ਸੜਕ ਦਾ ਟੋਟਾ ਬਣਿਆ ਸੀ। ਫਿਰ ਇਹ ਕੰਮ ਹੋਰ ਰਫਤਾਰ ਫੜ ਗਿਆ। ਸਤਿਗੁਰੂ ਜੀ ਆਪਣੀ ਸੰਗਤ ਅਤੇ ਆਮ ਲੋਕਾਂ ਦੁਆਰਾ ਕੱਚੇ ਰਸਤਿਆਂ ਤੇ ਜੋ ਪਿੰਡਾਂ ਨੂੰ ਆਪੋ ਵਿੱਚ ਜੋੜਦੇ ਸਨ, ਮਿੱਟੀ ਪੁਆ ਦਿੰਦੇ। ਸਰਕਾਰ ਉਸ ਟੋਟੇ ਨੂੰ ਪੱਕਿਆਂ ਕਰ ਦਿੰਦੀ। ਸੰਨ ੧੯੭੧ ਈ. ਤੱਕ ਇਸ ਇਲਾਕੇ ਵਿੱਚ ਬਿਜਲੀ ਵੀ ਆ ਗਈ। ਹੁਣ ਖੇਤੀ ਲਈ ਸਿੰਚਾਈ, ਬਿਜਲੀ ਦੀਆਂ ਮੋਟਰਾਂ ਵਾਲੇ ਟਿਊਬਵੈਲਾਂ ਨਾਲ ਹੋਣ ਲੱਗੀ। ਸਮੇਂ ਸਮੇਂ ਬਿਜਲੀਘਰ, ਅਨਾਜ ਮੰਡੀਆਂ ਵੀ ਬਣਦੀਆਂ ਗਈਆਂ। ਸਤਿਗੁਰੂ ਜੀ ਨੇ ਗੁਰੂ ਹਰੀ ਸਿੰਘ ਕਾਲਿਜ ਸ੍ਰੀ ਜੀਵਨ ਨਗਰ ਦੀ ਸਥਾਪਨਾ ਕਰਕੇ, ਇਲਾਕੇ ਦੇ ਬੱਚੇ ਬੱਚੀਆਂ ਵਿੱਚ, ਵਿਦਿਅਕ ਪਛੜੇਵਾਂ ਦੂਰ ਕਰਨ ਦਾ ਵੱਡਾ ਕਾਰਜ ਅਰੰਭ ਦਿੱਤਾ।

ਸਤਿਗੁਰੂ ਰਾਮ ਸਿੰਘ ਜੀ ਨੇ ਨਾਮਧਾਰੀ ਗੁਰਦੁਆਰਾ, ਡੇਰਾ ਸ੍ਰੀ ਭੈਣੀ ਸਾਹਿਬ ਸਥਾਪਿਤ ਕੀਤਾ ਸੀ। ਗੁਰੂ ਹਰੀ ਸਿੰਘ ਜੀ ਦੇ ਸਮੇਂ ਰਾਮ ਸਰ ਅਤੇ ਇਸ ਦੇ ਆਸ ਪਾਸ, ਡੇਰੇ ਦਾ ਵਿਸਥਾਰ ਹੋਇਆ। ਸਰਹਿੰਦ ਨਹਿਰ ਤੇ ਡੇਰਾ ਬਣਿਆ। ਸਤਿਗੁਰੂ ਪਰਤਾਪ ਸਿੰਘ ਜੀ ਨੇ ਬੀੜ ਮਰਾਰਡੂ ਜਾਂ ਕੂਕਿਆਂ ਦੀ ਬੀੜ ਤੋਂ ਇਲਾਵਾ ਸ੍ਰੀ ਜੀਵਨ ਨਗਰ ਦੀ ਸਥਾਪਨਾ ਕੀਤੀ। ਉਸੇ ਪਰੰਪਰਾ ਨੂੰ ਅੱਗੇ ਤੋਰਦਿਆਂ, ਸਤਿਗੁਰੂ ਜਗਜੀਤ ਸਿੰਘ ਜੀ ਨੇ ਤੋਪਾਂ ਅੱਗੇ ਉਡਣ ਵਾਲੇ ਕੂਕੇ ਮਸਤਾਨਿਆਂ ਦੀ, ਪਹਿਲੀ ਸ਼ਤਾਬਦੀ ਮਨਾਉਣ ਤੋਂ ਕੁਝ ਵਰ੍ਹੇ ਪਹਿਲਾਂ, ਡੇਰਾ ਮਸਤਾਨਗੜ੍ਹ ਦੀ ਸਥਾਪਨਾ ਕੀਤੀ। ਇਹ ਡੇਰਾ ਸ੍ਰੀ ਜੀਵਨ ਨਗਰ ਤੋਂ ਪੰਜ ਕਿਲੋਮੀਟਰ ਦੇ ਫਾਸਲੇ ਤੇ ਦਲਦਲੀ ਭੂਮੀ ਵਿੱਚ ਬਣਾਇਆ ਗਿਆ ਸੀ। ਮਾਤਾ ਚੰਦ ਕੌਰ ਜੀ ਦੀ ਅਗੁਆਈ ਹੇਠ, ੧੯੬੮-੬੯ ਈ. ਵਿੱਚ ਇਲਾਕੇ ਦੀਆਂ ਸੰਗਤਾਂ ਨੇ ਟਰੈਕਟਰਾਂ ਦੁਆਰਾ, ਦਿਨ ਰਾਤ ਇੱਕ ਕਰਕੇ, ਇਸ ਭੂਮੀ ਨੂੰ ਸਮਤਲ ਕਰਕੇ, ਵਾਹੀ ਜੋਗ ਬਣਾ ਦਿੱਤਾ। ਫਿਰ ਟਿੱਬਾ ਫਾਰਮ ਵਿਕਸਿਤ ਕੀਤਾ ਜੋ ਜੀਵਨ ਨਗਰ ਤੋਂ ਡੱਬਵਾਲੀ ਵਾਲੀ ਸੜਕ ਤੇ ਸੀ। ਰੇਤੀਲੀ ਭੂਮੀ ਵਿੱਚ ਫਲਦਾਰ ਰੁੱਖ ਲਵਾਏ। ਮਸਤਾਨ ਗੜ੍ਹ ਵਿੱਚ ਅੰਗੂਰਾਂ, ਕਿੰਨੂਆਂ ਦੇ ਬਾਗ ਲਾ ਕੇ, ਇਲਾਕੇ ਵਿੱਚ ਬਾਗਬਾਨੀ ਦੀ ਮੁਹਿੰਮ ਚਲਾ ਦਿੱਤੀ। ਸਤਿਗੁਰੂ ਜਗਜੀਤ ਸਿੰਘ ਜੀ ਨੇ ਮਸਤਾਨਗੜ੍ਹ ਵਿੱਚ ਇੱਕ ਦੋ ਮੰਜ਼ਲੀ ਕੋਠੀ ਦੀ ਉਸਾਰੀ ਕਰਵਾ ਕੇ, ਆਪਣੇ ਸਿੱਖਾਂ ਵਿੱਚ ਹਵਾਦਾਰ, ਸਾਫ ਸੁਥਰੇ ਅਤੇ ਖੁੱਲ੍ਹੇ ਮਕਾਨ ਬਨਾਉਣ ਦੀ ਪਿਰਤ ਪਾਈ।

ਸਤਿਗੁਰੂ ਜਗਜੀਤ ਸਿੰਘ ਸਿੰਘ ਜੀ ਦੇਸੀ ਗਾਈਆਂ ਨੂੰ ਅਮਰੀਕਨ ਨਸਲ ਦੇ ਟੀਕਿਆਂ ਦੁਆਰਾ ਦੋਗਲੀ ਨਸਲ ਦੀਆਂ ਗਾਈਆਂ ਤਿਆਰ ਕਰਨ ਦਾ ਮੁੱਢ ਤੋਂ ਹੀ ਵਿਰੋਧ ਕਰਦੇ ਸਨ। ਅੱਜ ਵਕਤ ਨੇ ਸਿੱਧ ਕੀਤਾ ਹੈ ਕਿ ਇਹ ਦੋਗਲੀਆਂ ਗਾਵਾਂ ਸਾਡੇ ਮੌਸਮ ਦੇ ਅਨੁਕੂਲ ਨਹੀਂ। ਉਹਨਾਂ ਨੇ ਆਪਣੇ ਪਸ਼ੂ ਫਾਰਮਾਂ ਵਿੱਚ ਸਾਹੀਵਾਲ, ਹਰਿਆਣਵੀ, ਥਾਰਪਾਰਕਰ ਆਦਿ ਦੇਸੀ ਨਸਲਾਂ ਦੀਆਂ ਗਊਆਂ ਪਾਲਣ ਤੇ ਜ਼ੋਰ ਦਿੱਤਾ। ਇਸੇ ਲਈ ਗੋ ਪਾਲਣ ਦਾ ਸਰਬੋਤਮ ਸਨਮਾਨ 'ਗੋਪਾਲ ਰਤਨ' ਭਾਰਤ ਸਰਕਾਰ ਵਲੋਂ ਆਪ ਨੂੰ ਦਿੱਤਾ ਗਿਆ। ਸ੍ਰੀ ਭੈਣੀ ਸਾਹਿਬ ਆਦਿ ਗਊਸ਼ਾਲਾਵਾਂ ਵਿੱਚ, ਆਪ ਦੇ ਪਸ਼ੂ, ਹਰ ਵਰ੍ਹੇ ਰਾਜ ਪੱਧਰੀ ਤੇ ਕੌਮੀ ਪਸ਼ੂ ਮੇਲਿਆਂ ਵਿੱਚੋਂ ਲੱਖਾਂ ਰੁਪੈਆਂ ਦੇ ਇਨਾਮ ਸਨਮਾਨ ਵਸੂਲਦੇ ਰਹੇ। ਇਸੇ ਤਰ੍ਹਾਂ ਉਹ ਜੈਵਿਕ ਖੇਤੀ ਦੇ ਵੀ ਪੱਖੀ ਸਨ ਅਤੇ ਸਮਝਦੇ ਸਨ ਕਿ ਰਸਾਇਣਿਕ ਖਾਦਾਂ ਅਤੇ ਕੀਟ ਨਾਸ਼ਕਾਂ ਦੀ ਵੱਧ ਵਰਤੋਂ ਨਾਲ ਅਸੀਂ ਨਾ ਸਿਰਫ ਆਪਣੀ ਮਿੱਟੀ ਅਤੇ ਪੌਣ ਪਾਣੀ ਨੂੰ ਪ੍ਰਦੂਸ਼ਿਤ ਕਰਾਂਗੇ ਸਗੋਂ ਵਧਦੀਆਂ ਮਹਾਂਮਾਰੀਆਂ ਅਤੇ ਪਰਕਿਰਤਿਕ ਸੰਤੁਲਨ ਵਿੱਚ ਵਿਗਾੜ ਦੇ ਵੀ ਜ਼ਿੰਮੇਵਾਰ ਹੋਵਾਂਗੇ। ਪਰਿਆਵਰਨ ਦਾ ਸੰਤੁਲਨ ਬਣਾਈ ਰੱਖਣਾ ਅੱਜ ਵੱਡੀ ਸਮੱਸਿਆ ਹੈ। ਉਹਨਾਂ ਆਪਣੇ ਟਿਕਾਣਿਆਂ ਤੇ ਬਹੁਤ ਸਾਰੇ ਰੁੱਖ ਬੂਟੇ ਲੁਆਏ। ਫਲਦਾਰ ਅਤੇ ਫੁੱਲਦਾਰ ਬੂਟੇ ਜਿੱਥੋਂ ਵੀ ਲੱਭਦੇ ਲਿਆ ਕੇ, ਵੱਧ ਤੋਂ ਵੱਧ ਗਿਣਤੀ ਵਿੱਚ ਲੁਆਉਂਦੇ। ਸ੍ਰੀ ਭੈਣੀ ਸਾਹਿਬ ਨੂੰ ਜੇ ਅਸੀਂ 'ਫੁੱਲਾਂ ਦੀ ਨਗਰੀ' ਕਹਿ ਦੇਈਏ ਤਾਂ ਕੋਈ ਅਤਿ ਕਥਨੀ ਨਹੀਂ।

ਸਤਿਗੁਰੂ ਜੀ ਇਹ ਵੀ ਜਾਣਦੇ ਸਨ ਕਿ ਰਵਾਇਤੀ ਕਣਕ ਝੋਨੇ ਦੀ ਖੇਤੀ, ਪੰਜਾਬ ਦੀ ਧਰਤੀ ਹੇਠਲੇ ਪਾਣੀ ਨੂੰ ਚੂਸ ਲਵੇਗੀ। ਇਸ ਲਈ ਖੇਤੀ ਵਿੱਚ ਵਿਭਿੰਨਤਾ ਲਿਅਉਣ ਲਈ ਉਹਨਾਂ ਆਯੂ ਪ੍ਰਯੰਤ ਅਨੇਕ ਸਫਲ ਪ੍ਰਯੋਗ ਕੀਤੇ। ਪਿਛਲੀ ਸਦੀ ਦੇ ਨੌਵੇਂ ਦਹਾਕੇ ਦੇ ਮੁੱਢ ਵਿੱਚ ਸ੍ਰੀ (ਠਾਕੁਰ) ਉਦੇ ਸਿੰਘ ਜੀ ਨੂੰ ਗੋਲਾ ਫਾਰਮ (ਯੂ. ਪੀ.) ਦਾ ਕੰਮ ਸਉਂਪ ਕੇ ਉੱਥੇ ਖਰੀਦੀ ਭੂਮੀ ਵਿੱਚੋਂ ਜੰਗਲ ਸਾਫ ਕਰਾ ਕੇ ਕਮਾਦ ਲੁਆਉਣਾ ਅਰੰਭਿਆ। ਗੋਲਾ ਫਾਰਮ ਦੀ ਸਫਲਤਾ ਦਾ ਕਮਾਲ ਬਣਿਆ ਸੰਨ ੧੯੮੨ ਦਾ ਨਾਮਧਾਰੀ ਹੋਲਾ ਮਹੱਲਾ, ਜਦੋਂ ਉੱਥੇ ਦੇਸ਼ ਵਿਦੇਸ਼ ਤੋਂ ਨਾਮਧਾਰੀ ਸੰਗਤਾਂ ਤੋਂ ਇਲਾਵਾ ਭਾਰਤ ਦੇ ਚੋਟੀ ਦੇ ਸਿਆਸੀ ਆਗੂਆਂ ਨੇ ਵੀ ਹਾਜ਼ਰੀ ਭਰੀ ਸੀ। ਸਤਿਗੁਰੂ ਜੀ ਜਾਣਦੇ ਸਨ ਕਿ ਹਰਿਆਣਾ ਪੰਜਾਬ ਵਿੱਚ ਖੇਤੀ ਦਾ ਰਕਬਾ ਤਾਂ ਸੀਮਿਤ ਹੈ, ਇਸ ਲਈ ਸਾਨੂੰ ਨਵੀਆਂ ਧਰਤੀਆਂ ਵੱਲ ਕਦਮ ਵਧਾਉਣੇ ਪੈਣਗੇ। ਆਪ ਦੀ ਇਸ ਪਹਿਲ ਕਦਮੀ ਦੇ ਨਤੀਜੇ ਵਜੋਂ ਹੀ ਅੱਜ ਨਾਮਧਾਰੀ ਸਿੱਖ, ਉੱਤਰ ਪ੍ਰਦੇਸ਼, ਉਤਰਾਖੰਡ, ਮੱਧ ਪਰਦੇਸ਼, ਬਿਹਾਰ, ਝਾਰਖੰਡ, ਕਾਰਨਾਟਕ, ਆਂਧਰਾ ਪਰਦੇਸ਼ ਅਤੇ ਮਹਾਂਰਾਸ਼ਟਰ ਆਦਿ ਪਰਾਂਤਾਂ ਵਿੱਚ, ਖੇਤੀਬਾੜੀ ਅਤੇ ਹੋਰ ਕਾਰੋਬਾਰਾਂ ਵਿੱਚ ਡਟੇ ਨਜ਼ਰ ਆਉਂਦੇ ਹਨ। ਗੋਲਾ ਫਾਰਮ ਆਬਾਦ ਕਰਾਉਣ ਤੋਂ ਬਾਅਦ ਆਪਨੇ ਸ੍ਰੀ ਉਦੇ ਸਿੰਘ ਜੀ ਨੂੰ ਥਾਪੜਾ ਦੇ ਕੇ ਧੁਰ ਦੱਖਣ ਦੇ ਰਾਹੇ ਤੋਰ ਦਿੱਤਾ। ਬੰਗਲੌਰ ਤੋਂ ੩੫ ਕਿਲੋਮੀਟਰ ਬਿੜਦੀ ਦੇ ਨੇੜੇ, ਉਗਰਾਹੱਲੀ ਦਾ ੨੦੦ ਏਕੜ ਦਾ ਫਾਰਮ ਸਤਿਗੁਰੂ ਜੀ ਨੇ, ਮਹਾਰਾਜ ਬੀਰ ਸਿੰਘ ਜੀ ਨੂੰ ਭੇਜ ਕੇ, ੧੯੭੪ ਵਿੱਚ ਅੱਠ ਲੱਖ ਰੁਪੈ ਨਾਲ ਖਰੀਦਿਆ ਸੀ। ਕੁਝ ਸਾਲਾਂ ਤੋਂ ਬਾਅਦ ਇਸ ਦੀ ਅਸਫਲਤਾ ਤੋਂ ਨਿਰਾਸ਼ ਹੋ ਕੇ ਮਹਾਰਾਜ ਜੀ ਨੇ ਇਸ ਨੂੰ ਵੇਚਣ ਦਾ ਸੌਦਾ ਕਰ ਲਿਆ। ਪਰ ਸਤਿਗੁਰੂ ਜੀ ਦੀ ਰਜ਼ਾ ਇਸ ਨੂੰ ਰੱਖਣ ਦੀ ਸੀ। ਕਿਸੇ ਕਾਰਨ ਵੇਚਣ ਦਾ ਸੌਦਾ ਸਿਰੇ ਨਾ ਲੱਗਾ। ਇਸ ਤੇ ਆਪ ਜੀ ਨੇ ੧੯੮੨ ਵਿੱਚ ਠਾਕੁਰ ਉਦੇ ਸਿੰਘ ਜੀ ਨੂੰ ਇਸ ਫਾਰਮ ਦਾ ਕੰਮ ਸਾਂਭਣ ਤੇ ਇਸਨੂੰ ਸਫਲਤਾ ਤੇ ਪੁਚਾਉਣ ਦਾ ਅਸ਼ੀਰਵਾਦ ਦਿੱਤਾ। ਉਹਨਾਂ ਨੇ ਪਹਿਲੇ ਪੰਜ ਛੇ ਸਾਲ ਬਹੁਤ ਤੰਗੀਆਂ ਤਰੁਸ਼ੀਆਂ ਵਿੱਚ ਬਿਤਾਏ ਪਰ ਗੁਰੂ ਬਚਨਾਂ ਉੱਪਰ ਅਟੱਲ ਨਿਸ਼ਚਾ ਹੋਣ ਕਾਰਨ, ਉਹ ਕਦੇ ਵੀ ਨਿਰਾਸ਼ ਨਾ ਹੋਏ। ਸਤਿਗੁਰੂ ਜੀ ਉਹਨਾਂ ਨੂੰ ਹਰ ਮਿਲਣੀ ਵਿੱਚ ਨਵਾਂ ਉਤਸ਼ਾਹ ਬਖਸ਼ ਦਿੰਦੇ। ਉਗਰਾਹੱਲੀ ਜੀਹਦਾ ਅਰਥ ਹੈ, ਸੱਪਾਂ ਦਾ ਪਿੰਡ ਹੁਣ ਅੰਗੂਰਾਂ, ਅੰਬਾਂ ਅਤੇ ਭਾਂਤ ਸੁਭਾਂਤੇ ਫਲਾਂ ਦਾ ਪਿੰਡ ਬਣ ਗਿਆ। ਸਤਿਗੁਰੂ ਜਗਜੀਤ ਸਿੰਘ ਜੀ ਅੰਬਾਂ ਦੇ ਮੌਸਮ ਸਮੇਂ ਆਪਣੇ ਸਿੱਖਾਂ ਸੇਵਕਾਂ ਸਮੇਤ, ਇਸ ਫਾਰਮ ਨੂੰ ਨਿਵਾਜਿਆ ਕਰਦੇ ਸਨ। ਸੰਨ ੧੯੮੫ ਵਿੱਚ ਨਾਮਧਾਰੀ ਫਾਰਮ ਨੇ ਹਾਈਬਰਿਡ ਬੀਜ ਉਤਪਾਦਨ ਦੇ ਖੇਤਰ ਵਿੱਚ ਪਰਵੇਸ਼ ਕੀਤਾ। ਸਤਿਗੁਰੂ ਜੀ ਨੇ ਫਿਰ ਅਸ਼ੀਰਵਾਦ ਦਿੱਤਾ। ਹੁਣ ਨਾਮਧਾਰੀ ਸੀਡਜ਼ ਕਿਸੇ ਜਾਣ ਪਹਿਚਾਣ ਦੀ ਮੁਥਾਜ ਨਹੀਂ। ਨਾਮਧਾਰੀ ਫਰੈਸ਼ ਤਹਿਤ ਫਲ ਸਬਜ਼ੀਆਂ ਨਿਰਯਾਤ ਕੀਤੇ ਜਾਂਦੇ ਹਨ। ਇਹ ਸਤਿਗੁਰੂ ਜੀ ਦੀ ਕਿਰਪਾ ਦ੍ਰਿਸ਼ਟੀ ਦਾ ਫਲ ਸੀ ਕਿ ਕਾਰੋਬਾਰ ਬਹੁਤ ਵਧਿਆ, ਫਲਿਆ, ਫੁੱਲਿਆ। ਸੰਨ ੨੦੦੭-੦੮ ਈ. ਤੱਕ ਸ੍ਰੀ ਉਦੇ ਸਿੰਘ ਜੀ ਦਾ ਕੌਮਾਂਤਰੀ ਬੀਜ ਉਦਯੋਗ ਵਿੱਚ ਚੜ੍ਹਦੇ ਤਾਰੇ ਜਿਉਂ

ਸੁਆਗਤ ਹੋਣ ਲੱਗਾ। ਸਤਿਗੁਰੂ ਜੀ ਨੇ ਵਿਹਾਰਕ ਸਫਲਤਾ ਦੇ ਨਾਲ ਨਾਲ, ਉੱਚ ਅਧਿਆਤਮਕ ਜੀਵਨ ਦੀ ਬਿਰਤੀ ਬਖਸ਼ ਕੇ, ਸ੍ਰੀ ਉਦੇ ਸਿੰਘ ਜੀ ਨੂੰ ਐਸਾ ਨਿਵਾਜਿਆ ਕਿ ਵਕਤ ਆਉਣ ਤੇ ਉਹ ਸਿਰਮੌਰ ਪੰਥਕ ਹਸਤੀ ਬਣ ਗਏ। ਇਹ ਸਤਿਗੁਰੂ ਜਗਜੀਤ ਸਿੰਘ ਜੀ ਦੀ ਵਿਕਾਸਮੁਖੀ ਦ੍ਰਿਸ਼ਟੀ ਦੀ ਹੀ ਦੇਣ ਸੀ ਕਿ ਅੱਜ ਇਸ ਬਿੜਦੀ ਫਾਰਮ ਵਿੱਚ ਸੌ ਤੋਂ ਉੱਪਰ ਨਾਮਧਾਰੀ ਨਾਮਧਾਰੀ ਪਰਿਵਾਰ ਵੱਸਦੇ ਹਨ। ਦੱਖਣ ਦੀ ਇਸ ਧਰਤੀ ਵਿੱਚ ਨਾਮਧਾਰੀ ਸੱਭਿਆਚਾਰ ਪ੍ਰਫੁੱਲਤ ਹੋ ਰਿਹਾ ਹੈ। ਕਦੇ ਸ੍ਰੀ ਭੈਣੀ ਸਾਹਿਬ ਤੋਂ ਸਤਿਗੁਰੂ ਰਾਮ ਸਿੰਘ ਜੀ ਨੇ ਆਪਣਾ ਇੱਕ ਸਿੱਖ ਦੱਖਣ ਦੇਸ਼ ਵਿੱਚ ਹਜ਼ੂਰ ਸਾਹਿਬ ਤੋਂ ਗੁਰਮਤਿ ਰਹਿਤ ਮਰਿਆਦਾ ਲਿਆਉਣ ਲਈ ਭੇਜਿਆ ਸੀ। ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਸਦਕਾ, ਦੱਖਣ ਦਾ ਇਹ 'ਬਿੜਦੀ ਫਾਰਮ', ਮਿੰਨੀ ਭੈਣੀ ਸਾਹਿਬ ਬਣ ਚੁੱਕਾ ਹੈ।

ਦੇਸਾਂ ਵਿਦੇਸਾਂ ਵਿੱਚ ਜਿੱਥੇ ਵੀ ਸਤਿਗੁਰੂ ਜੀ ਜਾਂਦੇ, ਆਪਣੇ ਸਿੱਖਾਂ ਨੂੰ ਅੰਮ੍ਰਿਤ ਵੇਲੇ ਉੱਠਣ, ਸਕੇਸ਼ ਇਸ਼ਨਾਨ, ਰੋਜ਼ਾਨਾ ਨਾਮ ਬਾਣੀ ਦਾ ਨਿਰਧਾਰਿਤ ਟੀਚਾ ਪਰਾਪਤ ਕਰਨ, ਖੁਸ਼ੀਆਂ ਗ਼ਮੀਆਂ ਸਮੇਂ ਅਤਿ ਸਾਦਗੀ ਵਰਤਣ ਦਾ ਉਪਦੇਸ਼ ਦਿੰਦੇ। ਉਹ ਲੋੜਵੰਦਾਂ ਦੀ ਸਹਾਇਤਾ ਕਰਨ ਨੂੰ ਨਾਮਧਾਰੀ ਜੀਵਨ ਜਾਚ ਦਾ ਇੱਕ ਅਨਿੱਖੜਵਾਂ ਅੰਗ ਦੱਸਦੇ। ਨਿਜੀ ਜੀਵਨ ਵਿੱਚ ਜਿਹੜੇ ਵਿਅਕਤੀਆਂ ਨੇ ਕਿਸੇ ਸਮੇਂ ਆਪ ਦਾ ਤਿੱਖਾ ਵਿਰੋਧ ਵੀ ਕੀਤਾ ਹੋਵੇ, ਮੁਸ਼ਕਿਲ ਬਣਨ ਤੇ ਜੇ ਉਹ ਆਪ ਦੇ ਦਰ ਤੇ ਆ ਜਾਂਦੇ ਤਾਂ ਨਾ ਸਿਰਫ ਉਹਨਾਂ ਨੂੰ ਇਸ ਤਰ੍ਹਾਂ ਮਿਲਦੇ, ਜਿਵੇਂ ਉਹਨਾਂ ਨਾਲ ਕਦੇ ਬੇਸੁਆਦੀ ਹੋਈ ਹੀ ਨਾ ਹੋਵੇ, ਸਗੋਂ ਉਹਨਾਂ ਦੇ ਸਾਰੇ ਫ਼ਿਕਰਾਂ ਨੂੰ ਆਪਣੇ ਸਿਰ ਲੈ ਕੇ, ਉਹਨਾਂ ਨੂੰ ਬੇਫਿਕਰ ਕਰਕੇ ਤੋਰਦੇ। ਕਈ ਵੇਰ ਇਸ ਤਰ੍ਹਾਂ ਦਾ ਸਬੱਬ ਵੀ ਬਣਦਾ ਕਿ ਜਦੋਂ ਕੋਈ ਲੋੜਵੰਦ ਆਉਂਦਾ, ਖਜ਼ਾਨਚੀ ਸਿੰਘ, ਉਸ ਦੀ ਲੋੜ ਨਾਲੋਂ ਆਪਣੀ ਸਮਰੱਥਾ ਘੱਟ ਦੱਸਦਾ। ਅਜਿਹੇ ਸਮੇਂ ਸਤਿਗੁਰੂ ਜੀ ਆਉਣ ਵਾਲੇ ਦੇ ਖਾਲੀ ਮੁੜਨ ਤੇ ਗਹਿਰੀ ਉਦਾਸੀ ਵਿੱਚ ਗਰੱਸੇ ਨਜ਼ਰ ਆਉਂਦੇ। ਪਰ ਅਜਿਹੇ ਮੌਕਿਆਂ ਤੇ ਅਕਸਰ ਇਉਂ ਵੀ ਵਾਪਰਿਆ ਕਿ ਛੇਤੀ ਹੀ ਕੋਈ ਗੁਰੂ-ਪਿਆਰਾ, ਉਸ ਲੋੜਵੰਦ ਦੀ ਲੋੜ ਜਿਤਨੀ ਮਾਇਆ ਭੇਟ ਕਰ ਦਿੰਦਾ। ਫਿਰ ਸੇਵਕਾਂ ਨੂੰ ਦੌੜਾਇਆ ਜਾਂਦਾ। ਲੋੜਵੰਦ ਅਜੇ ਸੱਜੇ ਖੱਬੇ ਜਿੱਥੇ ਵੀ ਕਿਤੇ ਮਾਯੂਸੀ ਦੀ ਹਾਲਤ ਵਿੱਚ ਹੁੰਦਾ, ਉੱਥੋਂ ਲਿਆ ਕੇ, ਮਾਇਆ ਉਸ ਦੇ ਹਵਾਲੇ ਕੀਤੀ ਜਾਂਦੀ।

ਬਹੁਤ ਸਾਰੇ ਸਾਹਿਤਕਾਰਾਂ, ਕਲਾਕਾਰਾਂ, ਗੁਣੀਜਨਾਂ ਆਦਿ ਨੂੰ ਸਤਿਗੁਰੂ ਜੀ ਨੇ ਅਨੇਕ ਵਾਰ ਮਾਇਕ ਗੱਫਿਆਂ ਨਾਲ ਨਿਵਾਜਿਆ, ਮਕਾਨ ਬਨਾਉਣ ਵਿੱਚ ਮੱਦਦ ਕੀਤੀ। ਸੁਆਰੀ ਲਈ ਕਾਰਾਂ ਬਖਸ਼ੀਆਂ। ਸਤਿਗੁਰੂ ਜੀ ਦੇ ਕੁਝ ਕਲਾਕਾਰਾਂ ਨੂੰ ਕਾਰਾਂ ਦੇਣ ਤੇ ਇੱਕ ਵੇਰ ਪੰਡਿਤ ਰਜਿੰਦਰ ਸਿੰਘ 'ਗੁਰੂ ਸਰ' ਹੋਰਾਂ ਟਿੱਪਣੀ ਕੀਤੀ ਸੀ, ਕਾਰਾਂ ਤਾਂ ਸਤਿਗੁਰੂ ਜੀ ਦੇ ਦਿੰਦੇ ਹਨ, ਪਰ ਸਰਸਵਤੀ ਪੁੱਤਰਾਂ ਦੇ ਅਕਸਰ ਖੀਸੇ ਖਾਲੀ ਹੁੰਦੇ ਹਨ, ਤੇਲ ਕਿੱਥੋਂ ਪੁਆਉਣਗੇ ? ਉਂਜ ਕੋਈ ਪਤਾ ਨਹੀਂ, ਜੇ ਸਤਿਗੁਰੂ ਜੀ ਅੱਗੋਂ ਇਹਨਾਂ ਨੂੰ ਕਾਰਾਂ ਦੇ ਨਾਲ ਨਾਲ, ਇੱਕ ਇੱਕ ਪੈਟਰੋਲ ਪੰਪ ਵੀ ਲੁਆ ਦੇਣ। ਪੰਡਿਤ

ਜੀ, ਸਤਿਗੁਰੂ ਜੀ ਦੇ ਦੁਨਿਆਵੀ ਰਿਸ਼ਤੇ ਵਿੱਚੋਂ ਮਾਮੇ ਦੇ ਪੁੱਤਰ ਸਨ। ਉਹਨਾਂ ਦੀ ਲਿਖਤ ਵਿੱਚ ਮਿਲਦੀ ਇਹ ਵਿਅੰਗਾਤਮਕ ਟਿੱਪਣੀ, ਸਤਿਗੁਰੂ ਜੀ ਦੀ ਦਾਨ ਬਿਰਤੀ ਦੀ ਮੂੰਹ ਬੋਲਦੀ ਤਸਵੀਰ ਹੈ। ਫਿਰ ਕਿਸੇ ਨੂੰ ਕਦੋਂ, ਕੀ ਦਿੱਤਾ, ਕਿਤਨਾ ਦਿੱਤਾ, ਕਿੱਥੇ ਦਿੱਤਾ, ਆਪ ਨੇ ਨਾ ਕਦੇ ਯਾਦ ਰੱਖਿਆ ਨਾ ਦੁਹਰਾਇਆ। ਉਹਨਾਂ ਦਾ ਲੋੜਵੰਦਾਂ ਨੂੰ ਦੇਣਾ ਇਹੋ ਜਿਹੀ ਸਹਿਜ ਕ੍ਰਿਆ ਸੀ ਜਿਵੇਂ ਰੁੱਖ ਆਉਣ ਵਾਲਿਆਂ ਨੂੰ ਬੇਸੰਕੋਚ ਛਾਂ ਦਿੰਦੇ ਹਨ, ਫਲ ਦਿੰਦੇ ਹਨ।

ਪੰਜਾਬੀ ਭਾਸ਼ਾ ਦੇ ਵੱਡੇ ਛੋਟੇ ਅਨੇਕ ਸਾਹਿਤਕਾਰ, ਆਪ ਦੇ ਸਨੇਹ ਪਾਸ਼ ਵਿੱਚ ਬੱਝੇ ਹੋਏ ਸਨ। ਦੇਸਾਂ ਵਿਦੇਸ਼ਾਂ ਵਿੱਚ ਅਨੇਕਾਂ ਵਿਸ਼ਵ ਪੰਜਾਬੀ ਸੰਮੇਲਨ ਉਹਨਾਂ ਦੇ ਅਸ਼ੀਰਵਾਦ ਨਾਲ ਸਿਰੇ ਚੜ੍ਹੇ। ਪੰਜਾਬੀ ਅਕਾਦਮੀ ਲੁਧਿਆਣਾ, ਕੇਂਦਰੀ ਪੰਜਾਬੀ ਲੇਖਕ ਸਭਾ ਦੇ ਅਨੇਕ ਸਮਾਗਮਾਂ ਸਮੇਂ, ਲੰਗਰ ਦੀ ਸੇਵਾ ਸ੍ਰੀ ਭੈਣੀ ਸਾਹਿਬ ਵਲੋਂ ਹੋਣ ਦੀ ਵੱਡੀ ਪਰੰਪਰਾ ਆਪ ਜੀ ਨੇ ਪਰਫੁੱਲਤ ਕੀਤੀ। ਪੰਜਾਬੀ ਸਾਹਿਤ ਦੇ ਬਾਬਾ ਬੋਹੜ ਪ੍ਰਿੰ. ਸੰਤ ਸਿੰਘ ਸੇਖੋਂ, ਬੀਮਾਰੀ ਨਾਲ ਜੂਝ ਰਹੇ ਸਨ। ਪਤਾ ਲੱਗਣ ਤੇ ਸਤਿਗੁਰੂ ਜੀ ਨੇ ਆਪ ਦੀ ਬੀਮਾਰ ਪੁਰਸ਼ੀ ਲਈ ਕੁਝ ਸਿੰਘ ਭੇਜੇ। ਉਹ ਕੁਝ ਮਾਇਆ ਵੀ ਉਹਨਾਂ ਨੂੰ ਭੇਟ ਕਰ ਆਏ। ਸੇਖੋਂ ਜੀ ਰਤਾ ਵੱਲ ਹੋ ਕੇ, ਭੈਣੀ ਸਾਹਿਬ ਆਏ। ਕਹਿਣ ਲੱਗੇ ਕਿ ਮੈਂ ਤਾਂ ਸਾਰੀ ਉਮਰ ਤੁਹਾਡੇ ਬਾਰੇ ਕੁਝ ਲਿਖਿਆ ਹੀ ਨਹੀਂ, ਤੁਸੀਂ ਮੈਨੂੰ ਇਉਂ ਨਿਵਾਜਿਆ ਹੈ ? ਸਤਿਗੁਰੂ ਜੀ ਨੇ ਫੁਰਮਾਇਆ ਕਿ ਸੇਖੋਂ ਜੀ ਤੁਸੀਂ ਜੋ ਸਾਰੀ ਉਮਰ, ਸਾਡੀ ਭਾਸ਼ਾ, ਸਾਡੇ ਸਾਹਿਤ ਬਾਰੇ ਲਿਖਦੇ ਰਹੇ ਹੋ, ਉਹ ਸਾਡੇ ਬਾਰੇ ਹੀ ਤਾਂ ਹੈ।

ਨੌਜੁਆਨਾਂ, ਵਿਦਿਆਰਥੀਆਂ ਨੂੰ ਭਵਿੱਖ ਦੇ, ਸੁਯੋਗ ਵਾਰਿਸਾਂ ਵਜੋਂ ਤਿਆਰ ਕਰਨ ਲਈ, ਉਹਨਾਂ ੧੯੬੫ ਵਿੱਚ ਜਿਸ ਨਾਮਧਾਰੀ ਵਿਦਿਆਕ ਜਥੇ ਦੀ ਸਥਾਪਨਾ ਕੀਤੀ, ਉਸ ਨੇ ਨਾਮਧਾਰੀ ਪੰਥ ਨੂੰ ਭਾਵੀ ਆਗੂ, ਲੇਖਕ, ਪੱਤਰਕਾਰ, ਸਿਆਸਤਦਾਨ ਅਤੇ ਅਨੇਕ ਸੱਦਗੁਣੀ, ਸੱਤਿ ਪੁਰਖ ਦਿੱਤੇ। ਕੁਝ ਵਰ੍ਹਿਆਂ ਬਾਅਦ ਬੀਬੀਆਂ ਦਾ ਇਸਤਰੀ ਵਿਦਿਅਕ ਜਥਾ ਤਿਆਰ ਕਰਕੇ, ਭੈਣਾਂ ਨੂੰ ਵੀ ਭਰਾਵਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਪੰਥਕ ਉਸਾਰੀ ਵਿੱਚ ਜੁੱਟਣ ਦਾ ਸੱਦਾ ਦਿੱਤਾ। ਇਹਨਾਂ ਜਥਿਆਂ ਦੇ ਵਾਰਸ਼ਿਕ ਸੰਮੇਲਨਾਂ ਵਿੱਚ ਸ਼ੁੱਧ ਗੁਰਬਾਣੀ ਪਾਠ, ਨਾਮ ਸਿਮਰਨ, ਭਾਸ਼ਣ, ਦੀਵਾਨ, ਇਤਿਹਾਸਕ ਪ੍ਰਸ਼ਨਾਵਲੀ ਆਦਿ ਦੇ ਮੁਕਾਬਲੇ ਕਰਵਾ ਕੇ, ਨਾਮਧਾਰੀ ਜੀਵਨ ਜਾਚ ਅਤੇ ਰਹੁ ਰੀਤ ਤੋਂ ਛੋਟੇ ਬੱਚਿਆਂ, ਜੁਆਨਾਂ, ਮੁਟਿਆਰਾਂ ਨੂੰ ਜਾਣੂ ਕਰਵਾਇਆ ਜਾਂਦਾ। ਸਤਿਗੁਰੂ ਜੀ ਪ੍ਰਤੀਯੋਗੀਆਂ ਨਾਲ ਖੁੱਲ੍ਹੇ ਬਚਨ ਬਿਲਾਸ ਕਰਕੇ, ਉਹਨਾਂ ਦੇ ਮਨੋਭਾਵ ਜਾਣ ਕੇ, ਉਸ ਦੇ ਅਨੁਕੂਲ ਉਹਨਾਂ ਦੀ ਸ਼ਖਸੀਅਤ ਨੂੰ ਤਰਬੀਅਤ ਦੇਣ ਲਈ, ਹੌਸਲਾ ਅਫ਼ਜ਼ਾਈ ਕਰਦੇ। ਅਜਿਹੇ ਸਮਾਗਮਾਂ ਸਮੇਂ, ਉਹ ਹਾਜ਼ਰ ਬੱਚਿਆਂ ਅਤੇ ਉਹਨਾਂ ਦੇ ਮਾਪਿਆਂ ਨੂੰ, ਕੁਝ ਇਸ ਤਰ੍ਹਾਂ ਸੰਬੋਧਿਤ ਹੁੰਦੇ ਕਿ "ਤੁਹਾਡੇ ਬੱਚੇ ਡਾਕਟਰ ਬਣਨ, ਇੰਜੀਨੀਅਰ ਬਣਨ, ਵਕੀਲ ਬਣਨ ਪਰ ਇਸ ਤੋਂ ਪਹਿਲਾਂ ਉਹ ਸਿੱਖ ਬਣਨ।" ਕਿਉਂਕਿ ਸਿੱਖ ਬਣਨਾ ਬਹੁਤ ਔਖਾ ਕੰਮ ਹੈ। 'ਜ਼ਿੰਦਗੀ ਬਿਲਾਸ' ਦੇ ਕਰਤਾ ਸਾਧੂ ਦੈਆ ਸਿੰਘ ਲਿਖਦੇ ਹਨ-

"ਸਿੱਖੀ ਵਿੱਚ ਤਾਂ ਉੱਤਰੇ ਉਹ ਪੂਰਾ, ਤਾਰੂ ਸਿੰਘ ਦੇ ਵਾਂਗ ਜੋ ਕਰੇ ਸਿੱਖਾ!
ਸਿੱਖੀ ਵਿਚ ਤਾਂ ਉੱਤਰੇ ਉਹ ਪੂਰਾ, ਸਿਰ ਕੱਟ ਕੇ ਤਲੀ ਤੇ ਧਰੇ ਸਿੱਖਾ!
ਸਿੱਖੀ ਵਿਚ ਤਾਂ ਉੱਤਰੇ ਉਹ ਪੂਰਾ, ਪਹਿਲਾਂ ਮਰਨ ਤੋਂ ਹੀ ਜਿਹੜਾ ਮਰੇ ਸਿੱਖਾ!
*ਦੈਆ ਸਿੰਘ ਨਾ ਸਿੱਖਿਆ ਸਿੱਖੀ ਤੈਨੇਂ, ਪਾਈ ਕੱਛ ਨੂੰ ਗੁਜ਼ਰ ਗਏ ਵਰ੍ਹੇ ਸਿੱਖਾ!"*

ਸਿੱਖ ਦਾ ਸਾਰਾ ਜੀਵਨ ਸੁਰ, ਸਾਜ਼ ਅਤੇ ਸ਼ਬਦ ਨਾਲ ਜੁੜਿਆ ਹੁੰਦਾ ਹੈ। ਆਦਿ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਗੁਰੂ ਘਰ ਵਿੱਚ, ਗੁਰਮਤਿ ਸੰਗੀਤ ਦੀ ਪਰੰਪਰਾ ਆਰੰਭ ਹੋ ਗਈ ਸੀ। ਪਿਛਲੇ ਸਿੱਖ ਗੁਰੂ ਸਾਹਿਬਾਨ ਦੇ ਵੇਲੇ ਇਹ ਪਰੰਪਰਾ ਹੋਰ ਵਿਕਸਿਤ ਹੋਈ। ਗੁਰੂ ਅਰਜਨ ਦੇਵ ਜੀ ਨੇ ਰਾਗਾਂ ਅਨੁਸਾਰ ਗੁਰਬਾਣੀ ਦੀ ਬੀੜ ਇਕੱਤਰ ਕਰਕੇ, ਇਸਦੇ ਗਾਇਨ ਲਈ ਗੁਰਮਤਿ ਸੰਗੀਤ ਦੀ ਵਿਧੀ ਵੀ ਨਿਸ਼ਚਿਤ ਕੀਤੀ। ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਰਾਗੀਆਂ ਦੀਆਂ ਅੱਧੀ ਦਰਜਨ ਤੋਂ ਵੱਧ ਜੋੜੀਆਂ, ਸਾਰੇ ਪੰਜਾਬ ਵਿੱਚ ਗੁਰਮਤਿ ਸੰਗੀਤ ਅਨੁਕੂਲ ਕੀਰਤਨ ਕਰਦੀਆਂ। ਇਹਨਾਂ ਵਿੱਚੋਂ ਕੁਝ ਰਾਗੀ ਰਬਾਬੀ, ਗੁਰੂ ਕਾਲ ਤੋਂ ਚੱਲੇ ਆ ਰਹੇ ਘਰਾਣਿਆਂ ਵਿੱਚੋਂ ਸਨ। ਇਸ ਲਈ ਸ੍ਰੀ ਭੈਣੀ ਸਾਹਿਬ ਦੇ ਗੁਰਮਤਿ ਸੰਗੀਤ ਦੇ ਖਜ਼ਾਨੇ ਵਿੱਚ, ਗੁਰੂ ਕਾਲ ਦੀਆਂ ਗਾਇਨ ਵਿਧੀਆਂ ਅਤੇ ਰੀਤਾਂ ਸੁਰੱਖਸ਼ਿਤ ਚੱਲੀਆਂ ਆ ਰਹੀਆਂ ਸਨ। ਸਤਿਗੁਰੂ ਪਰਤਾਪ ਸਿੰਘ ਜੀ ਨੇ ਆਪਣੇ ਦੋਹਾਂ ਸਪੁੱਤਰਾਂ ਸਮੇਤ ਨਾਮਧਾਰੀ ਵਿਦਿਆਲੇ ਦੇ ਬੱਚਿਆਂ ਨੂੰ, ਗੁਰਮਤਿ ਸੰਗੀਤ ਦੀ ਦਾਤ ਨਾਲ ਮਾਲਾ ਮਾਲ ਕੀਤਾ। ਉਹਨਾਂ ਦੇ ਆਖਰੀ ਸਮੇਂ ਵਿੱਚ ਭਾਈ ਦਰਸ਼ਨ ਸਿੰਘ ਖਜ਼ਾਨ ਸਿੰਘ ਹੋਰਾਂ ਦੀ ਇੱਕੋ ਇੱਕ ਜੋੜੀ, ਸਤਿਗੁਰੂ ਜਗਜੀਤ ਸਿੰਘ ਜੀ ਨੂੰ ਆਪਣੇ ਵਿਰਸੇ ਵਿੱਚ ਮਿਲੀ। ਗੁਰਮਤਿ ਸੰਗੀਤ ਅਤੇ ਭਾਰਤੀ ਸ਼ਾਸ਼ਤਰੀ ਸੰਗੀਤ ਦੀ ਗੂਹੜੀ ਸਾਂਝ ਹੈ। ਸਤਿਗੁਰੂ ਪਰਤਾਪ ਸਿੰਘ ਜੀ ਖੁਦ ਸ਼ਾਸ਼ਤਰੀ ਸੰਗੀਤ ਦੇ ਮਰਮੱਗ ਸਨ, ਅੱਗੋ ਆਪਣੇ ਬੱਚਿਆਂ ਨੂੰ ਵੀ ਇਹ ਸਿੱਖਿਆ ਦੁਆਈ।

ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪਣੇ ਸਮੇਂਵਿੱਚ ਬਹੁਤ ਸਾਰੇ ਨਾਮਧਾਰੀ ਬੱਚੇ ਬੱਚੀਆਂ ਨੂੰ ਭਾਰਤੀ ਸ਼ਾਸ਼ਤਰੀ ਸੰਗੀਤ ਦੀਆਂ ਵੱਖ ਵੱਖ ਵਿਧਾਂਵਾਂ ਵਿੱਚ ਪਾਰੰਗਤ ਕੀਤਾ। ਇਸ ਕੰਮ ਲਈ ਉਹਨਾਂ ਭਾਰਤ ਦੇ ਚੋਟੀ ਦੇ ਸੰਗੀਤ ਅਚਾਰੀਆਂ ਦੀਆਂ ਸੇਵਾਵਾਂ ਹਾਸਿਲ ਕੀਤੀਆਂ। ਸਤਿਗੁਰੂ ਪਰਤਾਪ ਸਿੰਘ ਜੀ ਦੀ ਯਾਦ ਵਿੱਚ ਹਰ ਵਰ੍ਹੇ, ਕਦੇ ਦਿੱਲੀ, ਕਦੇ ਬੰਬਈ, ਕਦੇ ਔਰੰਗਾਬਾਦ, ਕਦੇ ਲਖਨਊ, ਕਦੇ ਵਿਦੇਸ਼ਾਂ ਦੇ ਉੱਘੇ ਸ਼ਹਿਰਾਂ ਵਿੱਚ ਸਮੇਤ ਸ੍ਰੀ ਭੈਣੀ ਸਾਹਿਬ, ਸੰਗੀਤ ਸੰਮੇਲਨ ਆਯੋਜਿਤ ਕਰਵਾਏ। ਸ੍ਰੀ ਭੈਣੀ ਸਾਹਿਬ ਦੇ ਹੋਲਿਆਂ, ਮੇਲਿਆਂ ਅਤੇ ਹੋਰ ਅਵਸਰਾਂ ਤੇ ਇਹ ਸਮਾਗਮ ਆਮ ਵਰਤਾਰਾ ਬਣ ਗਏ। ਨਤੀਜੇ ਵਜੋਂ ਅੱਜ ਭਾਰਤ ਅਤੇ ਵਿਦੇਸ਼ਾਂ ਵਿੱਚ ਜਿੱਥੇ ਜਿੱਥੇ ਵੀ ਨਾਮਧਾਰੀ ਸੰਗਤ ਵੱਸਦੀ ਹੈ, ਉੱਥੇ ਨਾਮਧਾਰੀ ਸੰਗੀਤਕਾਰ ਮੌਜੂਦ ਹਨ, ਜੋ ਆਪਣੀ ਕਲਾ ਦਾ ਲੋਹਾ, ਸਰੋਤਿਆਂ ਤੋਂ ਮਨਵਾਉਂਦੇ ਹਨ। ਸਤਿਗੁਰੂ ਜੀ ਨੇ ਸਭ ਤੋਂ ਪਹਿਲਾਂ ਗੁਰੂ ਘਰ ਵਿੱਚ ਜੋ ਸ਼ਬਦ-ਕੀਰਤਨ ਦੀ ਪ੍ਰਥਾ ਹੈ ਇਸ ਦੇ ਵਿਕਾਸ ਲਈ, ਪੁਰਾਣੀਆਂ ਰੀਤਾਂ ਉੱਤੇ ਲੱਗੇ ਸ਼ਬਦਾਂ ਨੂੰ ਸੁਰਬੱਧ ਕਰਵਾਇਆ। ਇਸ ਲਈ ਸੰਗੀਤ ਅਚਾਰੀਆ

ਸ੍ਰ. ਪਿਆਰਾ ਸਿੰਘ ਤਾਰ ਸ਼ਹਿਨਾਈ ਦੀ ਸੇਵਾ ਲਈ। ਨਾਮਧਾਰੀ ਰਵਾਇਤੀ ਕੀਰਤਨ ਦੀ ਸ੍ਰੀ ਹਜ਼ੂਰ ਸਿੰਘ ਚੰਦ੍ਰਹਾਂਸ ਅਤੇ ਉਸਤਾਦ ਹਰਭਜਨ ਸਿੰਘ ਰਾਹੀਂ ਬੱਚਿਆਂ ਨੂੰ ਸਿੱਖਿਆ ਦੁਆਈ। ਸੰਗੀਤ ਸਿਖਲਾਈ ਦੇ ਅਨੇਕ ਕੇਂਦਰਾਂ ਵਿੱਚ ਖੁੱਲ੍ਹੇ ਕੇਂਦਰਾਂ ਦਾ ਖਰਚਾ ਵੀ ਸਤਿਗੁਰੂ ਜੀ ਓਟਦੇ। ਇਹ ਖਰਚਾ ਅਧਿਆਪਕਾਂ ਦੇ ਨਾਲ ਨਾਲ ਸਿੱਖਿਆਰਥੀਆਂ ਨੂੰ ਵੀ ਮਿਲਦਾ। ਸਤਿਗੁਰੂ ਜੀ ਦੇ ਆਪਣੇ ਸੰਗੀਤ ਗਿਆਨ ਅਤੇ ਉੱਘੇ ਸੰਗੀਤਕਾਰਾਂ ਦੀ ਕਦਰ ਸਨਾਸ਼ੀ ਨੇ ਉਹਨਾਂ ਨੂੰ ਭਾਰਤੀ ਸੰਗੀਤ ਜਗਤ ਦਾ ਦਿਲ ਦਾਦਾ ਬਣਾ ਦਿੱਤਾ। ਭਾਰਤ ਦੇ ਚੋਟੀ ਦੇ ਸੰਗੀਤ ਕਲਾਕਾਰ, ਉਸਤਾਦ ਵਲਾਇਤ ਹੁਸੈਨ ਖਾਨ, ਉਸਤਾਦ ਅਮਜ਼ਦ ਅਲੀ ਖਾਨ, ਸ੍ਰੀ ਇਮਰਤ ਹੁਸੈਨ ਖਾਨ, ਪੰਡਿਤ ਕ੍ਰਿਸ਼ਨ ਮਹਾਰਾਜ, ਪੰਡਿਤ ਸਾਮਤਾ ਪ੍ਰਸਾਦ, ਪੰਡਿਤ ਹਰੀ ਪ੍ਰਸਾਦ ਚੌਰਸੀਆ, ਸੰਤੂਰ ਵਾਦਕ ਪੰਡਿਤ ਸ਼ਿਵ ਕੁਮਾਰ ਸ਼ਰਮਾ, ਪੰਡਿਤ ਰਾਮ ਨਰਾਇਣ, ਪੰਡਿਤ ਪ੍ਰੇਮ ਵੱਲਭ, ਪੰਡਿਤ ਬਿਰਜੂ ਮਹਾਰਾਜ, ਉਸਤਾਦ ਜ਼ਾਕਿਰ ਹੁਸੈਨ ਅਤੇ ਪੰਡਿਤ ਰਾਜਨ ਸਾਜਨ ਮਿਸ਼ਰਾ ਆਦਿ ਸ੍ਰੀ ਸਤਿਗੁਰੂ ਜੀ ਦੁਆਰਾ ਭੇਜੇ ਬੱਚਿਆਂ ਦੇ ਉਸਤਾਦ ਬਣੇ। ਅੱਜ ਇਹਨਾਂ ਸਿਖਾਏ ਹੋਏ ਬੱਚਿਆਂ ਵਿੱਚੋਂ ਅਨੇਕ ਭਾਰਤ ਅਤੇ ਹੋਰ ਦੇਸ਼ਾਂ ਵਿੱਚ, ਆਪਣੀ ਸੰਗੀਤਕ ਪ੍ਰਤਿਭਾ ਦਾ ਪਰਦਰਸ਼ਨ ਕਰ ਰਹੇ ਹਨ। ਇਹ ਸਾਰੇ ਸੰਗੀਤਕਾਰ, ਸਤਿਗੁਰੂ ਜੀ ਨਾਲ ਮਜ਼ਬੂਤ ਪ੍ਰੇਮ-ਸੂਤਰ ਵਿੱਚ ਵੀ ਬੱਝੇ ਸਨ। ਉਸਤਾਦ ਜ਼ਾਕਿਰ ਹੁਸੈਨ ਸਤਿਗੁਰੂ ਜੀ ਬਾਰੇ ਲਿਖਦੇ ਹਨ- "ਸਾਡੇ ਸਮਿਆਂ ਵਿੱਚ ਬਹੁਤ ਘੱਟ ਇਹੋ ਜਿਹੇ ਗੁਰੂ ਹਨ, ਜਿਹਨਾਂ ਦਾ ਜੀਵਨ ਦੇ ਸਾਰੇ ਖੇਤਰਾਂ, ਭਾਵੇਂ ਸੰਗੀਤ, ਅਧਿਆਤਮਕਤਾ, ਜੀਵਨ ਜਾਂ ਆਦਰਸ਼ ਜੀਵਨ ਦਾ ਵੱਲ ਸੁਝਾਉਣ ਦਾ ਹੁਨਰ ਹੋਵੇ, ਉੱਪਰ ਇੱਕੋ ਜਿਹਾ ਪ੍ਰਭਾਵ ਹੋਏ। ਵਿਸ਼ੇਸ਼ ਕਰਕੇ ਸੰਗੀਤ ਦੇ ਖੇਤਰ ਵਿੱਚ ਸਤਿਗੁਰੂ ਜੀ ਵਲੋਂ, ਕਲਾਕਾਰਾਂ ਨੂੰ ਜੋ ਅਸ਼ੀਰਵਾਦ ਦਿੱਤਾ ਗਿਆ ਹੈ, ਸਾਡੇ ਸਮੇਂ ਵਿੱਚ ਉਸ ਦਾ ਕੋਈ ਸਾਨੀ ਨਹੀਂ।"

ਸਤਿਗੁਰੂ ਜੀ ਆਪ ਦਿਲਰੁਬਾ ਦੇ ਵਧੀਆ ਵਜੰਤਰੀ ਸਨ। ਭਾਈ ਚਵਿੰਡਾ ਤੋਂ ਬਾਅਦ ਪਟਿਆਲਾ ਘਰਾਣੇ ਦੇ ਉਸਤਾਦ ਮਸਤਾਨ ਸਿੰਘ ਤੋਂ ਇਹ ਗੁਣ ਆਪ ਨੇ ਲਿਆ ਸੀ। ਆਪ ਨੂੰ ਸੰਗੀਤ ਦੇ ਖੇਤਰ ਵਿੱਚ ਬਹੁਤ ਮਾਨ ਸਨਮਾਨ ਮਿਲੇ। ਭਾਰਤ ਦੀ ਸੰਗੀਤ ਨਾਟਕ ਅਕਾਦਮੀ ਨੇ ਸਤਿਗੁਰੂ ਜੀ ਦੁਆਰਾ, ਭਾਰਤੀ ਸ਼ਾਸ਼ਤਰੀ ਸੰਗੀਤ ਅਤੇ ਗੁਰਮਤਿ ਸੰਗੀਤ ਦੀ ਸਫਲਤਾ ਲਈ ਘਾਲੀ ਅਣਥੱਕ ਘਾਲ ਵਾਸਤੇ, ਉਹਨਾਂ ਨੂੰ 'ਟੈਗੋਰ ਰਤਨ' ਫੈਲੋਸ਼ਿਪ ਅਵਾਰਡ ਲਈ ੨੦੧੨ ਵਿੱਚ ਚੁਣਿਆ ਸੀ। ਉਸਤਾਦ ਗੁਰਦੇਵ ਸਿੰਘ, ਸੁਰਜੀਤ ਸਿੰਘ, ਸੁਖਵਿੰਦਰ ਸਿੰਘ ਪਿੰਕੀ ਆਦਿ ਤੋਂ ਬਿਨਾਂ ਨਾਮਧਾਰੀ ਯੁਵਾ ਰਾਗੀਆਂ ਦੀ ਅਗਲੀ ਪੀੜ੍ਹੀ ਵਿੱਚ ਸੁਵਰਗਵਾਸੀ ਮੋਹਨ ਸਿੰਘ, ਬਲਜੀਤ ਸਿੰਘ, ਹਰਜਿੰਦਰ ਸਿੰਘ, ਬਲਵੰਤ ਸਿੰਘ ਆਦਿ ਆਪ ਜੀ ਦੁਆਰਾ ਤਰਾਸ਼ੇ ਹੋਏ, ਰਾਗ ਵਿਦਿਆ ਦੇ ਅਣਗਿਣਤ ਹੀਰੇ ਅੱਜ ਵਿਸ਼ਵ ਨੂੰ ਸੰਗੀਤ ਰੋਸ਼ਨੀ ਨਾਲ ਪਰਕਾਸ਼ਮਾਨ ਕਰ ਰਹੇ ਹਨ। ਸਤਿਗੁਰੂ ਜੀ ਸਾਡੇ ਫੋਕ (ਲੋਕ ਗਾਇਨ) ਦਾ ਵੀ ਵੱਡਾ ਖਜ਼ਾਨਾ ਸਨ। ਜਦੋਂ ਕਦੇ ਉਹ ਆਪਣੀ ਮੌਜ ਵਿੱਚ ਗਾਉਂਦੇ, "ਕਾਹਨੂੰ ਗੱਲਾਂ ਕੀਤੀਆਂ ਬਲੋਚੀਆਂ ਦੇ ਨਾਲ" ਤਾਂ ਸਮਾਂ ਖਲੋ ਜਾਂਦਾ ਸੀ। ਇੱਕ ਅਨੁਮਾਨ ਅਨੁਸਾਰ ਸੰਗੀਤ ਸਿਖਲਾਈ

ਆਦਿ ਤੇ ਸਤਿਗੁਰੂ ਜੀ ਨੇ ਆਪਣੇ ਸਮੇਂ ਵਿੱਚ ਘੱਟੋ ਘੱਟ ਦੋ ਅਰਬ ਰੁਪੈ ਖਰਚੇ ਸਨ। ਇਹ ਰਕਮ ਉਹ ਆਪਣੇ ਖਜ਼ਾਨੇ ਵਿੱਚੋਂ ਦਿੰਦੇ ਜਾਂ ਆਪਣੇ ਸਮਰੱਥ ਸਿੱਖਾਂ ਸੇਵਕਾਂ ਤੋਂ ਦੁਆਉਂਦੇ।

ਮਨੁੱਖਾ ਦੇਹ ਨੂੰ ਚੁਸਤ ਦਰੁਸਤ ਰੱਖਣ ਲਈ, ਪਿਤਾ ਸਤਿਗੁਰੂ ਪਰਤਾਪ ਸਿੰਘ ਜੀ ਤੋਂ ਵਿਰਸੇ ਵਿੱਚ, ਉਹਨਾਂ ਬਹੁਤ ਗੁਣ ਗ੍ਰਹਿਣ ਕੀਤੇ ਸਨ। ਉਹ ਆਪਣੇ ਇਕ ਉਪਦੇਸ਼ ਵਿੱਚ ਫੁਰਮਾਉਂਦੇ ਹਨ–

"ਸਤਿਗੁਰੂ ਪ੍ਰਤਾਪ ਸਿੰਘ ਸਿੰਘ ਸੱਚੇ ਪਾਤਸ਼ਾਹ ਨੇ ਬੜੀ ਕਿਰਪਾ ਕੀਤੀ, ਉਹ ਆਪ ਕਈ ਖੇਡਾਂ ਦੇ ਖਿਡਾਰੀ ਸਨ। ਨੇਜਾਬਾਜੀ ਦੇ ਮਾਹਰ ਸਨ। ਘੋੜੀ ਤੇ ਚੜ੍ਹਨਾ ਤਾਂ ਆਪਣੇ ਕੰਨ ਫੜਕੇ ਉੱਪਰ ਚੜ੍ਹ ਜਾਣਾ। ਫਿਰ ਘੋੜੀ ਤੇ ਚੜ੍ਹਕੇ ਜਾ ਕੇ ਘੋੜੀ ਤੋਂ ਉਠ ਤੇ ਚੜ੍ਹ ਜਾਣਾ ਤੇ ਉਹਨੂੰ ਫੜ ਲਿਆਉਣਾ। ਇਹ ਵੀ ਇਕ ਬੜਾ ਵੱਡਾ ਗੁਣ ਹੈ ਖਿਡਾਰੀਆਂ ਦਾ। ਸਭ ਤੋਂ ਪਹਿਲੀ ਚੀਜ਼ ਇਹ ਹੈ ਜੇ ਦੇਹ ਹੋਏਗੀ ਤਾਂ ਹੀ ਭਜਨ ਬਾਣੀ ਹੋਏਗਾ। ਸਤਿਗੁਰੂ ਪ੍ਰਤਾਪ ਸਿੰਘ ਜੀ ਘੁਲਦੇ ਵੀ ਹੁੰਦੇ ਸਨ ਫਿਰ ਉਹ ਕੱਪੜਿਆਂ ਦੀ ਕਾਟ ਦੇ ਬੜੇ ਮਾਹਰ ਸਨ, ਚੋਲਾ, ਅਚਕਨ, ਕੁੜਤਾ, ਪਜਾਮਾ, ਕਛਹਿਰਾ ਆਦਿ ਸਾਰਾ ਕੁਝ, ਕਿਸੇ ਦਰਜ਼ੀ ਕੋਲੋਂ ਏਨਾ ਕੱਪੜਾ ਨਹੀਂ ਸੀ ਬਚਦਾ ਜਿੰਨਾ ਉਹ ਬਚਾ ਲੈਂਦੇ ਸਨ। ਫਿਰ ਪਾਣੀ ਵਿੱਚ ਤਰਨਾ ਬਹੁਤ ਵਧੀਆ ਆਉਂਦਾ ਸੀ ਉਨ੍ਹਾਂ ਨੂੰ। ਸਾਡੇ ਤੇ ਕਿਰਪਾ ਕੀਤੀ ਸੱਚੇ ਪਾਤਸ਼ਾਹ ਨੇ ਸਾਨੂੰ ਏਸ ਪਾਸੇ ਲਾਇਆ, ਫੁੱਟਬਾਲ ਖੇਡਣ ਵੱਲ ਲਾਇਆ, ਦੌੜਨ ਵਾਸਤੇ ਲਾਇਆ। ਫੁੱਟਬਾਲ ਦੀ ਟੀਮ ਵਿੱਚ ਮੈਂ ਬਹੁਤ ਚਿਰ ਖੇਡਦਾ ਰਿਹਾ ਹਾਂ। ਥੋੜ੍ਹਾ ਚਿਰ ਵਾਲੀਬਾਲ ਵੀ ਖੇਡਦਾ ਰਿਹਾ ਹਾਂ। ਬੈਡਮਿੰਟਨ ਮੈਂ ਹੁਣ ਵੀ ਖੇਡ ਲੈਂਦਾ ਹਾਂ, ਦੌੜਦਾ ਵੀ ਰਿਹਾ ਹਾਂ। ਘੋੜੇ ਦੀ ਸਵਾਰੀ ਵੀ ਕਰਦਾ ਹਾਂ। ਛੋਟੀ ਉਮਰ ਵਿੱਚ ਸੱਚੇ ਪਾਤਸ਼ਾਹ ਏਨੇ ਕੰਮ ਦਿੱਤੇ ਸਨ ਜਿਹੜੇ ਗਿਣ ਨਹੀਂ ਸੱਕਦਾ ਆਦਮੀ। ਚੁੱਭੀ ਮਾਰ ਕੇ ਤਰਨਾ ਬਹੁਤ ਦੂਰ ਤੱਕ। ਇਕ ਵਾਰ ਮੈਂ ਜਗਤਾਰ ਸਿੰਘ ਪਨਿਹਾਰੀ ਵਾਲਿਆਂ ਨੂੰ ਆਖਿਆ, ਮੇਰਾ ਟਾਈਮ ਨੋਟ ਕਰਿਉ, ਮੈਂ ਕਿੰਨੀ ਦੇਰ ਚੁੱਭੀ ਮਾਰੀ। ਦੋ ਮਿੰਟ ਤੇ ਸਤਾਰਾਂ ਸੈਕੰਡ ਟਾਈਮ ਉਹਨਾਂ ਨੇ ਨੋਟ ਕੀਤਾ। ਇਹ ਸਤਿਗੁਰਾਂ ਦੀ ਕਿਰਪਾ ਨਾਲ ਸਾਰਾ ਕੁਝ ਹੁੰਦਾ ਹੈ।"

–ਪ੍ਰਵਚਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ, ੨੦੦੧ ਈ., ਸਫਾ ੧੭੧

੧੯੭੪ ਈ. ਵਿੱਚ ਸਤਿਗੁਰੂ ਜੀ ਨੇ ਨਾਮਧਾਰੀ ਬੱਚਿਆਂ ਦੀ ਹਾਕੀ ਦੀ ਟੀਮ ਬਣਾ ਕੇ, ਇਸ ਨੂੰ ਸਿੱਖਿਅਤ ਕਰਨ ਦੇ ਯਤਨ ਅਰੰਭੇ। ਸੰਨ ੧੯੭੭ ਵਿੱਚ ਆਪ ਨੇ ਇਸ ਨੂੰ ਵਿਸ਼ਵ ਪੱਧਰ ਤੇ ਲਿਆਉਣ ਦੀ ਯੋਜਨਾ ਉਲੀਕੀ। ਸ੍ਰੀ ਗੁਰੂ ਹਰੀ ਸਿੰਘ ਮਹਾਂਵਿਦਿਆਲਾ ਜੀਵਨ ਨਗਰ ਦੇ ਵੀਹ ਕੁ ਲੜਕੇ ਤਿਆਰ ਕੀਤੇ ਗਏ। ਇਹਨਾਂ ਲਈ ਚੰਗੀ ਖਾਧ ਖੁਰਾਕ ਤੇ ਸੁਚੱਜੇ ਕੋਚਾਂ ਦਾ ਪਰਬੰਧ ਕੀਤਾ। ਇਹਨਾਂ ਬੱਚਿਆਂ ਨੇ ੧੯੭੯ ਵਿਚ ਹੀ ਮਿੰਨੀ ਨੈਸ਼ਨਲ ਹਾਕੀ ਚੈਂਪੀਅਨਸ਼ਿੱਪ ਜਿੱਤ ਲਈ। ਟੀਮ ਦੀ ਅਗਵਾਈ ਠਾਕੁਰ ਉਦੇ ਸਿੰਘ ਜੀ ਨੂੰ ਸਉਂਪੀ ਗਈ। ਉਹਨਾਂ ਨੇ ੧੯੯੯ ਵਿੱਚ ਇਸ ਟੀਮ ਨੂੰ ਯੋਰਪ ਦਾ ਦੌਰਾ ਕਰਵਾਇਆ। ਹਰ ਥਾਂ ਤੇ ਫਤੇਹ ਦੇ ਝੰਡੇ ਗੱਡ ਕੇ ਵਾਪਸ

ਮੁੜੇ, ਇੱਕ ਅੱਧ ਮੈਚ ਨੂੰ ਛੱਡ ਕੇ। ਕੁੱਲ ੨੩ ਮੈਚਾਂ ਵਿੱਚ ੨੧ ਜਿੱਤ ਕੇ ਮੁੜੇ। ਸੰਨ ੧੯੯੨ ਦੀ ਬਾਰਸੀਲੋਨਾ ਉਲੰਪਿਕ ਵਿਖੇ, ਇਸ ਟੀਮ ਦਾ ਮੈਂਬਰ ਦੀਦਾਰ ਸਿੰਘ ਭਾਰਤੀ ਹਾਕੀ ਟੀਮ ਵਲੋਂ ਖੇਡਿਆ। ਫਿਰ ਚਲ ਸੋ ਚਲ। ਹਰਪਾਲ ਸਿੰਘ ੨੦੦੪ ਵਿੱਚ ਏਥਨਜ਼ ਓਲੰਪਿਕ ਵਿੱਚ ਖੇਡਿਆ। ਨਾਮਧਾਰੀ ਹਾਕੀ ਟੀਮ ਦੀ ਸ਼ਾਨ ਉਦੋਂ ਸਿਖਰ ਤੇ ਪੁੱਜੀ ਜਦੋਂ ਸਰਦਾਰ ਸਿੰਘ ਭਾਰਤੀ ਹਾਕੀ ਟੀਮ ਦਾ ਕਪਤਾਨ ਬਣਿਆ। ਬਹੁਤ ਸਾਰੇ ਇਨਾਮ ਸਨਮਾਨ ਉਸਦੀ ਝੋਲੀ ਵਿੱਚ ਪਏ। ਅੱਜ ਦਰਜਨਾਂ ਨਾਮਧਾਰੀ ਖਿਡਾਰੀ ਆਪਣੀ ਹਾਕੀ ਦੇ ਸਿਰ ਤੇ ਵੱਡੇ ਮਹਿਕਮਿਆਂ ਵਿੱਚ, ਉੱਚੇ ਅਹੁਦਿਆਂ ਤੇ ਹਨ। ਆਪ ਦੇ ਪਾਏ ਪੂਰਨਿਆਂ ਤੇ ਚੱਲਦਿਆਂ ਵਰਤਮਾਨ ਸਤਿਗੁਰੂ ਉਦੇ ਸਿੰਘ ਜੀ ਵੀ ਇਹਨਾਂ ਖੇਡਾਂ ਦੇ ਪਰਸਾਰ ਵਿੱਚ, ਵਿਸ਼ੇਸ਼ ਰੁਚੀ ਲੈ ਰਹੇ ਹਨ। ਉਹਨਾਂ ਨੇ ਨਾਮਧਾਰੀ ਹਾਕੀ ਟੀਮ ਨੂੰ ਪਰਫੁੱਲਤ ਕਰਕੇ, ਸਤਿਗੁਰੂ ਜਗਜੀਤ ਸਿੰਘ ਜੀ ਦੀਆਂ ਬੇਅੰਤ ਖੁਸ਼ੀਆਂ ਪਰਾਪਤ ਕੀਤੀਆਂ।

ਸਤਿਗੁਰੂ ਪਰਤਾਪ ਸਿੰਘ ਜੀ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿੱਤ, ਆਪਣੇ ਸਮੇਂ ਵਿੱਚ ਆਦਿ ਗੁਰੂ ਗ੍ਰੰਥ ਸਾਹਿਬ ਦੇ ਸਵਾ ਲੱਖ ਪਾਠਾਂ ਦੀਆਂ ਲੜੀਆਂ ਤੋਰੀ ਰੱਖੀਆਂ। ਇਕ ਲੜੀ ਉਹਨਾਂ ਦੇ ਦੇਹ ਦਾ ਉਹਲਾ ਕਰਨ ਵੇਲੇ ਚੱਲ ਰਹੀ ਸੀ। ਸਤਿਗੁਰੂ ਜਗਜੀਤ ਸਿੰਘ ਜੀ ਨੇ ਉਸ ਨੂੰ ਸੰਪੂਰਨ ਕਰਨ ਬਾਅਦ ਦੋ ਹੋਰ ਲੜੀਆਂ ਮੁਕੰਮਲ ਕੀਤੀਆਂ ਅਤੇ ਇੱਕ ਲੜੀ ਨਵੀਂ ਸ਼ੁਰੂ ਕਰਵਾਈ। ਉਸ ਦੀ ਸੰਪੂਰਨਤਾ ਲਈ ਹਾਜ਼ਰਾ ਹਜ਼ੂਰ ਜੀ ਯਤਨਸ਼ੀਲ ਹਨ। ਇਸ ਤਰ੍ਹਾਂ ਸਤਿਗੁਰੂ ਜੀ ਨੇ ਸਾਰੀ ਉਮਰ ਨਾਮਧਾਰੀ ਜਗਤ ਨੂੰ ਸੇਵਾ, ਸਿਮਰਨ ਅਤੇ ਬਾਣੀ ਨਾਲ ਜੋੜੀ ਰੱਖਿਆ। ਗੁਰਸਿੱਖ ਜੀਵਨ ਜਾਚ ਨੂੰ ਇਸ ਕਦਰ ਨਿਭਾਇਆ ਕਿ ਸਤਿਗੁਰੂ ਜੀ ਦੇ ਦਿਲ ਦੀ ਬਾਈਪਾਸ ਸਰਜਰੀ, ਆਸਟਰੇਲੀਆ ਵਿਖੇ ਮਾਹਿਰ ਡਾਕਟਰਾਂ ਪਾਸੋਂ, ਆਪਣੀਆਂ ਸ਼ਰਤਾਂ ਤੇ ਕਰਵਾਈ ਗਈ ਜਿਹਨਾਂ ਵਿੱਚੋਂ ਪਰਮੁੱਖ ਸੀ, ਸਰੀਰ ਦੇ ਕਿਸੇ ਭਾਗ ਦੇ ਵੀ ਰੋਮ ਦੀ ਬੇਅਦਬੀ ਨਾ ਹੋਣ ਦੇਣਾ।

ਅੰਗਰੇਜ਼ੀ ਰਾਜ ਸਮੇਂ, ਨਾਮਧਾਰੀ ਸ਼ਹੀਦੀ ਅਸਥਾਨਾਂ ਤੇ ਕੂਕੇ ਸ਼ਹੀਦਾਂ ਦੀ ਯਾਦ ਵਿੱਚ ਮੇਲੇ ਮਨਾਉਣ ਦੀ ਮਨਜ਼ੂਰੀ ਵਿਦੇਸ਼ੀ ਸਰਕਾਰ ਨਹੀਂ ਦਿੰਦੀ ਸੀ। ਮਲੇਰਕੋਟਲੇ ਦੇ ਸ਼ਹੀਦਾਂ ਦੀ ਯਾਦ ਵਿੱਚ ਪਹਿਲਾ ਮੇਲਾ, ਕੂਕਿਆਂ ਦੇ ਕੱਲਰ ਜਾਂ ਰੱਕੜ ਵਿੱਚ, ੧੭-੧੮ ਜਨਵਰੀ ੧੯੫੫ ਨੂੰ ਸਤਿਗੁਰੂ ਪਰਤਾਪ ਸਿੰਘ ਜੀ ਦੀ ਹਜ਼ੂਰੀ ਵਿੱਚ ਮਨਾਇਆ ਗਿਆ। ਸਤਿਗੁਰੂ ਪਰਤਾਪ ਸਿੰਘ ਜੀ, ਆਪ ਜੀ ਨੂੰ ਹੁਕਮ ਕਰ ਗਏ ਸਨ ਕਿ ਕਾਕਾ ਸ਼ਹੀਦਾਂ ਦੇ ਮੇਲੇ ਜ਼ਰੂਰ ਮਨਾਉਣੇ ਹਨ। ਇਸ ਕਾਰਜ ਲਈ ਵੱਡੇ ਉਪਰਾਲੇ ਕਰਕੇ, ਸਤਿਗੁਰੂ ਜਗਜੀਤ ਸਿੰਘ ਜੀ ਨੇ ਮਲੇਰਕੋਟਲਾ, ਲੁਧਿਆਣਾ ਦੀ ਪੁਰਾਣੀ ਜਿਹਲ, ਰਾਮ ਬਾਗ ਅੰਮ੍ਰਿਤਸਰ ਅਤੇ ਰਾਇਕੋਟ ਵਿਖੇ ਸ਼ਹੀਦੀ ਅਸਥਾਨ ਹਾਸਲ ਕੀਤੇ। ਮਲੇਰਕੋਟਲਾ ਵਿਖੇ ਜਿਸਦਾ ੨੪ ਜੂਨ ੧੯੯੩ ਨੂੰ ਨੀਂਹ ਪੱਥਰ ਰੱਖਿਆ ਸੀ ਉਹ ਸ਼ਹੀਦੀ ਸਮਾਰਕ, ੬੬ ਮੋਰੀਆਂ ਵਾਲੇ ਖੰਡੇ ਸਮੇਤ, ਸ਼ਾਨਦਾਰ ਢੰਗ ਨਾਲ ਉਸਾਰਿਆ ਗਿਆ ਹੈ। ਬਾਕੀ ਥਾਵਾਂ ਤੇ ਵੀ ਸ਼ਾਨਦਾਰ ਸਮਾਰਕਾਂ ਦਾ ਨਿਰਮਾਣ

ਅਗਲੇ ਸਮੇਂ ਵਿੱਚ ਹੋ ਜਾਏਗਾ। ਰਾਮਪੁਰਾ ਫੂਲ, ਸੈਦੋ, ਰੜ, ਬੰਗਾਲੀਪੁਰ, ਹਜ਼ਾਰੀ ਬਾਗ ਆਦਿ ਅਨੇਕਾਂ ਅਸਥਾਨਾਂ ਵਿੱਚ ਨਾਮਧਾਰੀ ਸ਼ਹੀਦਾਂ ਅਤੇ ਜਲਾਵਤਨ ਸੂਬਿਆਂ ਦੀ ਯਾਦ ਵਿੱਚ ਸਮਾਗਮ ਮਨਾਏ ਜਾਂਦੇ ਹਨ। ਇਹਨਾਂ ਸਾਰੇ ਕਾਰਜਾਂ ਵਿੱਚ ਸਤਿਗੁਰੂ ਜੀ ਤੋਂ ਵਰੋਸਾਏ, ਕੂਕਾ ਮਾਰਟਰਜ਼ ਮੈਮੋਰੀਅਲ ਟਰਸਟ ਦੇ ਉਪ ਮੁਖੀ ਸੰਤ ਸੁਰਿੰਦਰ ਸਿੰਘ ਲੁਧਿਆਣਾ, ਅਣਥੱਕ ਮਿਹਨਤ ਕਰ ਰਹੇ ਹਨ। ਰਾਈਆਂ ਵਿਖੇ ਸਤਿਗੁਰੂ ਰਾਮ ਸਿੰਘ ਜੀ ਦਾ ਪਰਕਾਸ਼ ਅਸਥਾਨ ਵੀ ਨਾਮਧਾਰੀ ਸੰਗਤ ਨੂੰ ਮਿਲ ਚੁੱਕਾ ਹੈ। ਸ੍ਰੀ ਭੈਣੀ ਸਾਹਿਬ ਦੇ ਸਰਬਪੱਖੀ ਵਿਕਾਸ ਲਈ ਵੀ ਬਹੁਤ ਕੁਝ ਹੋਇਆ ਹੈ ਅਤੇ ਅਜੇ ਵੀ ਹੋ ਰਿਹਾ ਹੈ। ਸਤਿਗੁਰੂ ਜੀ ਨੇ ੧੪੯ ਅਨੰਦ ਕਾਰਜ ਕਰਵਾ ਕੇ ੩ ਜੂਨ ੧੯੬੩ ਈ. ਨੂੰ ਖੋਟਿਆਂ ਦੀ ਅਨੰਦ ਸ਼ਤਾਬਦੀ ਵੱਡੇ ਪੱਧਰ ਤੇ ਮਨਾਈ। ਬਿਨਾਂ ਦਾਜ ਦਹੇਜ, ਸਮੂਹਿਕ ਵਿਆਹ, ਅਤਿ ਸਾਦਾ ਰਸਮਾਂ ਸਦਕਾ, ਵਿਸ਼ਵ ਪ੍ਰੈਸ ਨੇ ਇਸ ਘਟਨਾ ਨੂੰ ਪਰਚਾਰਿਆ। ਸੰਨ ੧੯੭੨ ਈ. ਵਿੱਚ ਸਾਕਾ ਮਲੇਰਕੋਟਲਾ ਅਤੇ ਸਤਿਗੁਰੂ ਰਾਮ ਸਿੰਘ ਜੀ ਦੀ ਪਰਦੇਸ ਗਮਨ ਸ਼ਤਾਬਦੀ, ਭਾਰਤ ਅਤੇ ਵਿਦੇਸ਼ਾਂ ਵਿੱਚ ਵੀ ਮਨਾਈ। ੧੯੯੦ ਈ. ਵਿੱਚ ਸਤਿਗੁਰੂ ਪਰਤਾਪ ਸਿੰਘ ਜੀ ਦੀ ਪਹਿਲੀ ਪ੍ਰਕਾਸ਼ ਸ਼ਤਾਬਦੀ, ਦੇਸ਼ ਦੀ ਰਾਜਧਾਨੀ ਦਿੱਲੀ ਵਿਖੇ ਕੌਮੀ ਪੱਧਰ ਤੇ ਮਨਾਈ ਗਈ। ਕਈ ਕਿਤਾਬਾਂ ਲਿਖੀਆਂ ਗਈਆਂ, ਜਿਹਨਾਂ ਵਿੱਚੋਂ ਭਾਪਾ ਪ੍ਰੀਤਮ ਸਿੰਘ ਜੀ ਆਰਸੀ ਦੁਆਰਾ ਸੰਪਾਦਿਤ 'ਮਹਾਂ ਨੂਰ' ਨਾਂ ਦਾ ਵੱਡ ਅਕਾਰੀ ਗਰੰਥ ਇੱਕ ਟਕਸਾਲੀ ਕਾਰਜ ਸੀ।

ਨਾਮਧਾਰੀ ਇਤਿਹਾਸ, ਸਾਹਿਤ ਅਤੇ ਸੱਭਿਆਚਾਰ ਬਾਰੇ ਉਚ ਪੱਧਰੀ ਖੋਜ ਕਾਰਜ ਕਰਵਾਉਣ ਲਈ ਆਪ ਜੀ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿਖੇ 'ਨਾਮਧਾਰੀ ਗੁਰੂ ਰਾਮ ਸਿੰਘ ਚੇਅਰ' ਅਤੇ ਬਨਾਰਸ ਵਿੱਚ 'ਸਤਿਗੁਰੂ ਰਾਮ ਸਿੰਘ ਵਿਦਿਆਪੀਠ' ਸਥਾਪਿਤ ਕਰਵਾਈ। ਸੰਨ ੨੦੦੭ ਈ. ਵਿੱਚ ਨਾਮਧਾਰੀ ਪੰਥ ਦੀ ਸਾਜਣਾ ਦੀ ੧੫੦ਵੀਂ ਵਰ੍ਹੇਗੰਢ, ਸ੍ਰੀ ਭੈਣੀ ਸਾਹਿਬ ਅਤੇ ਹੋਰ ਅਨੇਕ ਸਥਾਨਾਂ ਤੇ ਬੜੀ ਧੂਮਧਾਮ ਨਾਲ ਮਨਾਈ ਗਈ। ਸਤਿਗੁਰੂ ਰਾਮ ਸਿੰਘ ਜੀ ਦੇ ਸੁਤੰਤਰਤਾ ਸੰਗਰਾਮ ਅਤੇ ਸਮਾਜ ਸੁਧਾਰ ਵਿੱਚ ਪਾਏ ਵਿਸ਼ੇਸ਼ ਯੋਗਦਾਨ ਦੀ ਚਰਚਾ ਲਈ ਸੀਨੀਅਰ ਸੈਕੰਡਰੀ ਸਕੂਲਾਂ, ਕਾਲਜਾਂ ਅਤੇ ਗੁਆਂਢੀ ਰਾਜਾਂ ਸਮੇਤ, ਪੰਜਾਬ ਦੇ ਵਿਸ਼ਵ ਵਿਦਿਆਲਿਆਂ ਵਿੱਚ, ਅਨੇਕ ਯਾਦਗਾਰੀ ਸਮਾਗਮ ਕੀਤੇ ਗਏ। ਬਹੁਤ ਸਾਰਾ ਨਵਾਂ ਤੇ ਪੁਰਾਣਾ ਨਾਮਧਾਰੀ ਸਾਹਿਤ ਵੀ ਆਪ ਜੀ ਦੇ ਸਮੇਂ ਛਾਪਿਆ ਗਿਆ। ਸਤਿਜੁਗ, ਵਰਿਆਮ, ਵਰਤਮਾਨ ਹਿੰਦੁਸਤਾਨ, ਸ਼ਤਾਬਦੀ ਸਮਾਚਾਰ, ਯੁੱਗ ਮਰਿਆਦਾ (ਹਿੰਦੀ) ਆਦਿ ਪਰਚੇ ਆਪ ਜੀ ਦੀ ਸਰਪ੍ਰਸਤੀ ਨਾਲ ਛਪਦੇ ਰਹੇ ਜਿਹੜੇ ਨਾਮਧਾਰੀ ਇਤਿਹਾਸ, ਸਾਹਿਤ ਤੋਂ ਬਿਨਾਂ ਸਮਕਾਲੀ ਸਰੋਕਾਰਾਂ ਬਾਰੇ ਵੀ ਮੁੱਲਵਾਨ ਸਮੱਗਰੀ ਪੇਸ਼ ਕਰਦੇ ਰਹੇ। ਸ੍ਰ. ਨਾਹਰ ਸਿੰਘ ਐਮ. ਏ. ਦੁਆਰਾ ਕੂਕਿਆਂ ਬਾਰੇ ਸਰਕਾਰੀ ਦਸਤਾਵੇਜ਼ ਛਾਪਣ ਤੋਂ ਬਾਅਦ, ਆਪ ਨੇ ਇਸ ਕਾਰਜ ਨੂੰ ਅੱਗੇ ਤੋਰਨ ਲਈ, ਜਸਵਿੰਦਰ ਸਿੰਘ ਹਿਸਟੋਰੀਅਨ ਨੂੰ ਇਸ ਖੋਜ ਖੇਤਰ ਵਿੱਚ ਅੱਗੇ ਲਿਆਂਦਾ। ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ ਤੱਕ ਦੀ ਨਾਮਧਾਰੀ ਤਵਾਰੀਖ, ਉੱਘੇ ਵਿਦਵਾਨ ਪ੍ਰੋ,

ਕਿਰਪਾਲ ਸਿੰਘ ਕਸੇਲ ਨੇ ਆਪ ਦੇ ਅਸ਼ੀਰਵਾਦ ਨਾਲ ਹੀ ਤਿੰਨ ਖੰਡਾਂ ਵਿੱਚ ਸੰਪੂਰਨ ਕੀਤੀ। ਸਤਿਗੁਰੂ ਜਗਜੀਤ ਸਿੰਘ ਜੀ ਦੇ ਬਾਲ ਸਖਾਈ, ਸ੍ਰੀ ਪ੍ਰੀਤਮ ਸਿੰਘ ਕਵੀ ਨੇ ਆਪ ਜੀ ਦੇ ਸਮੇਂ ਦੇ ਵਿਸ਼ੇਸ਼ ਸਮਾਚਾਰ 'ਬੀਤੇ ਦੀਆਂ ਪੈੜਾਂ' ਪੁਸਤਕ ਲੜੀ ਵਿੱਚ ਕਲਮਬੰਦ ਕੀਤੇ। ਇਹ ਸਤਾਰਾਂ ਜਿਲਦਾਂ ਛਪ ਚੁੱਕੀਆਂ ਹਨ ਅਤੇ ੮-੧੦ ਛਪਣ ਵਾਲੀਆਂ ਹਨ। ਇਹਨਾਂ ਵਿੱਚੋਂ ਭਾਵੀ ਇਤਿਹਾਸ ਖੋਜੀਆਂ ਨੂੰ ਵੱਡਮੁੱਲੀ ਸਮਗਰੀ ਮਿਲੇਗੀ।

ਸਤਿਗੁਰੂ ਜਗਜੀਤ ਸਿੰਘ ਜੀ ਦੇ ਘੇਰੇ ਵਿੱਚ, ਦਸਾਂ ਨਹੁੰਆਂ ਦੀ ਕਿਰਤ ਕਮਾਈ ਕਰਨ ਵਾਲੇ, ਸਧਾਰਨ ਸਿੱਖਾਂ ਤੋਂ ਲੈ ਕੇ ਵਿਸ਼ਵ ਦੇ ਅਨੇਕ ਰਾਸ਼ਟਰ ਪਰਮੁੱਖ ਵੀ ਆਉਂਦੇ ਰਹੇ। ਆਪ ਹਰ ਥਾਂ ਬੜੇ ਸਹਿਜ ਰੂਪ ਵਿੱਚ ਵਿਚਰਦੇ। ਆਪ ਜੀ ਨੇ ਇੰਗਲੈਂਡ ਦੇ ਹਾਊਸ ਆਫ ਕਾਮਨਜ਼ ਤੋਂ ਲੈ ਕੇ ਯੂ. ਐਨ. ਏ. ਦੀ ਜਨਰਲ ਅਸੈਂਬਲੀ ਦੇ ਸਮਾਗਮਾਂ ਨੂੰ ਵੀ ਸੰਬੋਧਿਤ ਕੀਤਾ। ਉਹ ਸ਼ਾਕਾਹਾਰ ਅਤੇ ਸੰਸਾਰ ਅਮਨ ਨੂੰ ਇੱਕ ਦੂਜੇ ਦੇ ਪੂਰਕ ਸਮਝ ਕੇ ਇਹਨਾਂ ਲਈ ਆਯੂ ਪ੍ਰਯੰਤ ਕਾਰਜਸ਼ੀਲ ਰਹੇ। ਆਪ ਜੀ ਪੰਜਾਬ ਅਮਨ ਕੌਂਸਲ ਦੇ ਪਰਧਾਨ ਰਹੇ। ਵਿਸ਼ਵ ਅਮਨ ਸੰਮੇਲਨ ਹੇਲਸਿੰਕੀ ਵਿੱਚ ਆਪ ਨੇ ਆਪਣੇ ਭਰਾਤਾ, ਮਹਾਰਾਜ ਬੀਰ ਸਿੰਘ ਜੀ ਨੂੰ ਭੇਜਿਆ। ਆਪ ਜੀ ਫੁਰਮਾਉਂਦੇ ਸਨ ਕਿ ਦੁਨੀਆਂ ਵਿੱਚ ਅਮਨ ਕਾਇਮ ਕਰਨ ਲਈ ਸਾਰੇ ਮਨੁੱਖ ਮਾਰੂ ਹਥਿਆਰਾਂ ਤੇ ਪਾਬੰਦੀ ਲਾਉਣੀ ਜ਼ਰੂਰੀ ਹੈ। ਇਸ ਦੇ ਨਾਲ ਹੀ ਕੋਈ ਵੀ ਕਿਸੇ ਦਾ ਹੱਕ ਨਾ ਮਾਰੇ। ਇਸ ਧਰਤੀ ਤੇ ਸਭ ਨੂੰ ਮਹਿਕਣ ਮਉਲਣ ਦਾ ਸਮਾਨ ਅਵਸਰ ਮਿਲੇ। ਉਹ ਪੰਜਾਬ ਸੰਕਟ ਦੇ ਦਿਨਾਂ ਵਿੱਚ ਆਪਣੇ ਸਿੰਘਾਂ ਨੂੰ ਘਟਨਾਵਾਂ ਦੀ ਸਹੀ ਜਾਣਕਾਰੀ ਤੇ ਸੰਤੁਲਿਤ ਪਹੁੰਚ ਬਣਾਈ ਰੱਖਣ ਲਈ, ਕਾ. ਜਗਜੀਤ ਸਿੰਘ ਅਨੰਦ ਦੁਆਰਾ ਸੰਪਾਦਿਤ, ਭਾਰਤੀ ਕਮਿਊਨਿਸਟ ਪਾਰਟੀ ਦੇ ਅਖਬਾਰ 'ਨਵਾਂ ਜ਼ਮਾਨਾ' ਨੂੰ ਪੜ੍ਹਣ ਲਈ ਹੀ ਪਰੇਰਦੇ ਸਨ। ਕਿਉਂਕਿ ਬਾਕੀ ਅਖਬਾਰ ਘਟਨਾਵਾਂ ਨੂੰ 'ਸਿੱਖ-ਐਨਕਾਂ' ਜਾਂ 'ਹਿੰਦੂ-ਐਨਕਾਂ' ਵਿੱਚੋਂ ਵੇਖਦੇ ਸਨ। ਉਹਨਾਂ ਦੇ ਸੰਸਾਰ ਅਮਨ ਦੇ ਸੁਆਲ ਤੇ ਨਾਸਤਿਕ ਕਮਿਊਨਿਸਟਾਂ ਨਾਲ ਮੇਲ ਜੋਲ ਤੇ ਕਿਸੇ ਸੱਜਣ ਨੇ ਕਿੰਤੂ ਕੀਤਾ ਤਾਂ ਆਪ ਦਾ ਜੁਆਬ ਸੀ- "ਮੇਰੇ ਘਰ ਨੂੰ ਅੱਗ ਲੱਗੀ ਹੋਵੇ, ਕੋਈ ਕਮਿਊਨਿਸਟ ਪਾਣੀ ਦੀ ਬਾਲਟੀ ਭਰ ਲਿਆਵੇ ਤਾਂ ਕੀ ਮੈਂ ਉਸਨੂੰ ਵਾਪਿਸ ਮੋੜ ਦਿਆਂਗਾ।" ਉਹ ਚਲੰਤ ਘਟਵਾਵਾਂ ਤੇ ਸਟੀਕ ਟਿੱਪਣੀਆਂ ਕਰਿਆ ਕਰਦੇ ਸਨ। ਸੰਨ ੧੯੭੯ ਦੇ ਜੁਲਾਈ ਮਹੀਨੇ (ਅਕਾਸ਼ੀ ਪ੍ਰਯੋਗਸ਼ਾਲਾ) 'ਸਕਾਈ ਲੈਬ' ਡਿੱਗਣ ਦੇ ਚਰਚੇ ਸਨ ਕਿਸੇ ਨੇ ਆਪ ਨੂੰ ਪੁੱਛਿਆ ਤਾਂ ਜੁਆਬ ਦਿੱਤਾ ਮੈਨੂੰ ਤਾਂ 'ਡਿਸਾਈ ਲੈਬ' ਡਿੱਗਦੀ ਜਾਪਦੀ ਹੈ। ਯਾਦ ਰਹੇ ਪ੍ਰਧਾਨ ਮੰਤਰੀ ਮੋਰਾਰਜੀ ਡੇਸਾਈ ਦੀ ਜਨਤਾ ਸਰਕਾਰ ਉਸ ਤੋਂ ਕੁਝ ਦਿਨ ਬਾਅਦ ਹੀ ਡਿੱਗ ਪਈ ਸੀ। ਜਦੋਂ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਸ਼੍ਰੀ ਅਸ਼ੋਕ ਸਿੰਘਲ ਨੇ, ਆਪ ਨੂੰ ਕੋਈ ਪ੍ਰਵਚਨ ਦੇਣ ਲਈ ਕਿਹਾ ਤਾਂ ਏਨਾਂ ਹੀ ਕਿਹਾ- "ਝਗੜੇ ਛੱਡ ਦਿਉ।"

ਦੁਨਿਆਵੀ ਸੰਤਾਨ ਨਾਤੇ ਆਪ ਦੀ ਇੱਕੋ ਸਪੁੱਤਰੀ, ਬੀਬਾ ਸਾਹਿਬ ਕੌਰ, ਸੰਤ ਜਗਤਾਰ ਸਿੰਘ ਪਨਿਹਾਰੀ ਨਾਲ ਪਰਣਾਏ ਗਏ। ਕਾਕਾ ਜੈ ਸਿੰਘ ਆਪ ਦਾ ਦੋਹਤਾ

ਅਤੇ ਬੀਬੀ ਜੈ ਕੌਰ ਦੋਹਤੀ ਹੈ। ਆਪ ਦੇ ਹੁਕਮ ਅਨੁਸਾਰ ਸ੍ਰੀ ਭੈਣੀ ਸਾਹਿਬ ਦੇ ਨਵ ਨਿਰਮਾਣ ਅਤੇ ਇਤਿਹਾਸਕ ਅਸਥਾਨਾਂ ਦੀ ਸਾਂਭ ਸੰਭਾਲ ਲਈ, ਸੰਤ ਜਗਤਾਰ ਸਿੰਘ ਹੋਰਾਂ ਵੱਡੀ ਸੇਵਾ ਨਿਬਾਹੀ ਹੈ। ਸੰਤ ਜਗਤਾਰ ਸਿੰਘ ਹੋਰਾਂ ਦੇ ਇੱਕ ਵਾਰੀ ਆਗਾਮੀ ਕਾਰਜਾਂ ਬਾਰੇ ਪੁੱਛਣ ਤੇ, ਸਤਿਗੁਰੂ ਜੀ ਨੇ ਸ੍ਰੀ ਉਦੇ ਸਿੰਘ ਵੱਲ ਇਸ਼ਾਰਾ ਕਰਦਿਆਂ ਕਿਹਾ ਸੀ ਕਿ ਹੁਣ ਇਹੋ ਕਰਵਾ ਲੈਣਗੇ, ਜਿਸ ਤਰ੍ਹਾਂ ਕਰਵਾਉਣਾ ਹੋਇਆ। ਇਸੇ ਕਾਰਨ ੧੩ ਦਸੰਬਰ, ੨੦੧੨ ਨੂੰ ਆਪ ਦੇ ਦੇਹਾਵਾਸਨ ਅਤੇ ੧੪ ਦਸੰਬਰ ਨੂੰ ਸਸਕਾਰ ਬਾਅਦ, ਮਾਤਾ ਚੰਦ ਕੌਰ ਜੀ ਦੇ ਹੁਕਮ ਅਨੁਸਾਰ, ਸ੍ਰੀ ਉਦੇ ਸਿੰਘ ਜੀ ਦੀ ਸੂਬਾ ਬਲਵਿੰਦਰ ਸਿੰਘ ਝੱਲ ਦੁਆਰਾ ਸਤਿਗੁਰੂ ਜੀ ਦੇ ਅਧਿਆਤਮਕ ਵਾਰਸ ਵਜੋਂ, ਘੋਸ਼ਣਾ ਹੋਈ। ੨੩ ਦਸੰਬਰ ਨੂੰ ਸਤਿਗੁਰੂ ਜੀ ਨਮਿਤ ਭੋਗ ਸਮਾਗਮ ਸਮੇਂ, ਪੰਜਾਹ ਹਜ਼ਾਰ ਸੰਗਤ ਅਤੇ ਸੂਬਾ ਪੱਧਰੀ ਤੇ ਕੌਮੀ ਪੱਧਰੀ ਧਾਰਮਿਕ, ਸਮਾਜਿਕ, ਸਿਆਸੀ ਤੇ ਸਾਹਿਤਕ ਹਸਤੀਆਂ ਜੁੜੀਆਂ। ਇਸ ਸਮੇਂ ਸੰਗਤ ਵਲੋਂ ਭੇਟ ਕੀਤੀ, ਮਾਤਾ ਚੰਦ ਕੌਰ ਜੀ ਦੀ ਹਾਜ਼ਰੀ ਵਿੱਚ, ਗੁਰਤਾਗੱਦੀ ਦੀ ਦਸਤਾਰ, ਸਤਿਗੁਰੂ ਉਦੇ ਸਿੰਘ ਜੀ ਨੇ ਧਾਰਨ ਕੀਤੀ। ਆਪ ਦੇ ਗੁਰਤਾਗੱਦੀ ਤੇ ਬਿਰਾਜਮਾਨ ਹੋਣ ਨਾਲ, ਨਾਮਧਾਰੀ ਜਗਤ ਨੂੰ ਉੱਜਲ ਭਵਿੱਖ ਦੀ ਆਸ ਬੱਝ ਗਈ। ਆਪ ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮਾਂ ਦੀ ਰੋਸ਼ਨੀ ਵਿੱਚ, ਨਾਮਧਾਰੀ ਪੰਥ ਦਾ ਸੁਯੋਗ ਸੰਚਾਲਨ ਕਰ ਰਹੇ ਹਨ।

# ਇਕ ਪਰਉਪਕਾਰੀ ਜੀਵਨ  ਮਾਤਾ ਜੀਵਨ ਕੌਰ ਜੀ

ਸ੍ਰੀ ਗੁਰੂ ਹਰੀ ਸਿੰਘ ਜੀ ਦੇ ਮਹਿਲ ਅਤੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਮਾਤਾ ਜੀ, ਮਾਤਾ ਜੀਵਨ ਕੌਰ ਜਿਹਨਾਂ ਨੂੰ ਆਮ ਬੋਲਚਾਲ ਵਿੱਚ ਮਾਤਾ ਜੀਊਣ ਕੌਰ ਜੀ ਵੀ ਆਖਿਆ ਜਾਂਦਾ ਹੈ, ਨਾਂ ਸਿਰਫ ਨਾਮਧਾਰੀ ਪੰਥ ਸਗੋਂ ਸਮੂਹ ਪੰਜਾਬ ਵਿਚ ਇਕ ਸਤਿਕਾਰਤ ਹਸਤੀ ਸਨ। ਸਤਿਗੁਰੂ ਰਾਮ ਸਿੰਘ ਜੀ ਦੇ ਅਰੰਭੇ ਕੂਕਾ ਅੰਦੋਲਨ ਨਾਲ ਉਹ ਆਪਣੇ ਬਚਪਨ ਤੋਂ ਹੀ ਜੁੜ ਗਏ ਸਨ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਦਾ ਸੁਭਾਗ ਵੀ ਉਹਨਾਂ ਨੂੰ ਆਪਣੇ ਬਚਪਨ ਵਿੱਚ ਹੀ ਕਈ ਵੇਰ ਮਿਲ ਚੁੱਕਾ ਸੀ। ਉਹਨਾਂ ਦੇ ਪਿਤਾ ਸ੍. ਖੁਸ਼ਹਾਲ ਸਿੰਘ ਦੰਦੀਵਾਲ ਦੀ ਗਿਣਤੀ ਸਤਿਗੁਰੂ ਰਾਮ ਸਿੰਘ ਜੀ ਦੁਆਰਾ ਪਹਿਲੋਂ ਥਾਪੇ 22 ਸੂਬਿਆਂ ਵਿਚ ਹੁੰਦੀ ਹੈ ਜਿਹਨਾਂ ਦਾ ਪਿੰਡ ਥਰਾਜ ਉਸ ਸਮੇਂ ਵੀ ਅਤੇ ਅੱਜ ਕੱਲ੍ਹ ਵੀ ਸਿਰਸਾ ਜ਼ਿਲ੍ਹੇ ਵਿੱਚ ਹੈ। ਉਸ ਸਮੇਂ ਸਿਰਸਾ ਪੰਜਾਬ ਦਾ ਜ਼ਿਲ੍ਹਾ ਸੀ ਜੋ ਬਾਅਦ ਵਿਚ ਤੋੜ ਕੇ ਹਿਸਾਰ ਵਿਚ ਮਿਲਾ ਦਿੱਤਾ ਗਿਆ ਸੀ। ਅੱਜ ਕੱਲ੍ਹ ਇਹ ਹਰਿਆਣਾ ਪ੍ਰਾਂਤ ਦਾ ਜ਼ਿਲ੍ਹਾ ਹੈ। ਇਸ ਲਈ ਕਈ ਥਾਈਂ ਆਪ ਦੇ ਪਿਤਾ ਜੀ ਨੂੰ ਹਿਸਾਰ ਜ਼ਿਲ੍ਹੇ ਦਾ ਸੂਬਾ ਲਿਖਿਆ ਮਿਲਦਾ ਹੈ। ਮਾਤਾ ਜੀਵਨ ਕੌਰ ਜੀ ਦੀ ਮਾਤਾ ਜੀ ਦਾ ਨਾਮ ਭਾਗ ਭਰੀ ਸੀ। ਉਹਨਾਂ ਦਾ ਪਿੰਡ ਗਿੱਲ (ਬਠਿੰਡਾ) ਸੀ।

ਮਾਤਾ ਜੀਵਨ ਕੌਰ ਜੀ ਦਾ ਜਨਮ ਚੇਤ ਦੇ ਮਹੀਨੇ 1916 ਬਿਕਰਮੀ ਮੁਤਾਬਿਕ 1860 ਈ. ਵਿਚ ਹੋਇਆ ਸੀ। ਆਪ ਜੀ ਦੀ ਫਤਿਹ ਕੌਰ ਨਾਮ ਦੀ 4-5 ਸਾਲ ਛੋਟੀ ਇਕ ਭੈਣ ਸੀ। ਆਪ ਤੋਂ 4-5 ਸਾਲ ਵੱਡਾ ਚੂਹੜ ਸਿੰਘ ਨਾਮ ਦਾ ਇਕ ਭਾਈ ਸੀ।1 ਜਦੋਂ ਸਤਿਗੁਰੂ ਰਾਮ ਸਿੰਘ ਜੀ ਨੇ ਮਾਤਾ ਜੀ ਦੇ ਪਿਤਾ ਬਾਬਾ ਖੁਸ਼ਹਾਲ ਸਿੰਘ ਨੂੰ ਸੂਬਾ ਥਾਪ ਕੇ, ਸੰਗਤਾਂ ਨੂੰ ਭਜਨ ਦੇਣ ਦਾ ਹੁਕਮ ਦਿੱਤਾ ਤਾਂ ਮਾਤਾ ਜੀ ਦੇ ਨਾਨਕੇ ਪਰਿਵਾਰ ਵਿੱਚੋਂ ਉਹਨਾਂ ਦੇ ਮਾਮੇ ਹਰਨਾਮ ਸਿੰਘ ਹੋਰਾਂ ਨੇ ਸਭ ਤੋਂ ਪਹਿਲਾਂ ਭਜਨ ਪੁੱਛਿਆ ਅਤੇ ਫਿਰ ਸਾਰੇ ਪਰਿਵਾਰ ਨੂੰ ਨਾਮ ਦੁਆਇਆ। ਉਹ ਸੱਚੇ ਸੁੱਚੇ ਗੁਰਸਿੱਖ ਸਨ ਅਤੇ ਸੂਬਾ ਜੀ ਪਾਸ ਥਰਾਜ ਹੀ ਰਿਹਾ ਕਰਦੇ ਸਨ। ਖੁਸ਼ਹਾਲ ਸਿੰਘ ਹੋਰਾਂ ਦਾ ਤਕੜਾ ਜ਼ਿਮੀਂਦਾਰਾ ਸੀ ਅਤੇ ਨਾਮ ਬਾਣੀ ਦੀ ਰੰਗਣ ਵਿਚ ਰੰਗੇ ਜਾਣ ਕਾਰਨ ਬਹੁਤ ਸਾਰੇ ਕੂਕੇ ਸਾਧੂ ਜਨ, ਆਪ ਦੇ ਪਾਸ ਟਿਕ ਕੇ ਸਤਿਗੁਰੂ ਜੀ ਦੇ ਮਿਸ਼ਨ ਦਾ ਪ੍ਰਚਾਰ ਕਰਿਆ ਕਰਦੇ ਸਨ। ਇਹਨਾਂ ਵਿਚੋਂ ਭਾਈ ਸੁੰਦਰ ਸਿੰਘ , ਬਿਸ਼ਨ ਸਿੰਘ ਕਲਹਿਰੀ (ਰਿ. ਪਟਿਆਲਾ) ਭਾਈ ਸੁੰਦਰ ਸਿੰਘ ਚੀਮਾ (ਲੁਧਿਆਣਾ), ਭਾਈ ਮੱਲ ਸਿੰਘ ਲਹਿਰਾ (ਫ਼ੀਰੋਜ਼ਪੁਰ) ਅਤੇ ਭਾਈ ਗੁਲਾਬ ਸਿੰਘ ਦਮਦਮਾ ਸਾਹਿਬ ਆਦਿ ਪ੍ਰਸਿੱਧ ਸਾਧੂ ਥਰਾਜ ਵਿਖੇ ਟਿਕਣ ਕਾਰਨ, ਬਾਬਾ ਜੀ ਦੇ ਘਰ ਵਿੱਚ ਨਾਮ ਬਾਣੀ ਦਾ ਪ੍ਰਵਾਹ ਅੱਠੇ ਪਹਿਰ ਚੱਲਦਾ ਰਹਿੰਦਾ। ਇਹੋ ਜਿਹੇ ਮਾਹੌਲ ਵਿੱਚ ਪਲਣ, ਪਰਵਾਨ ਚੜ੍ਹਨ ਸਦਕਾ, ਮਾਤਾ

ਜੀਵਨ ਕੌਰ ਜੀ ਨੂੰ ਬਚਪਨ ਤੋਂ ਹੀ ਸੇਵਾ, ਸਿਮਰਨ, ਸਾਦਗੀ ਅਤੇ ਤਿਆਗ-ਵੈਰਾਗ ਦੀ ਜਾਗ ਲੱਗ ਗਈ।

ਅਪਰੈਲ ਸੰਨ 1871 ਈ. ਵੈਸਾਖੀ ਦੇ ਮੇਲੇ ਤੇ ਸਤਿਗੁਰੂ ਰਾਮ ਸਿੰਘ ਜੀ ਸੰਗਤਾਂ ਸਮੇਤ, ਦਸਵੇਂ ਪਾਤਸ਼ਾਹ ਜੀ ਦੇ ਤੀਰਥ ਦੀ ਯਾਤਰਾ ਕਰਨ, ਦਮਦਮਾ ਸਾਹਿਬ ਵਿਖੇ ਗਏ। ਵੈਸਾਖੀ ਦੇ ਮੇਲੇ ਦੇ ਭੋਗ ਸਮੇਂ ਬਾਬਾ ਖੁਸ਼ਹਾਲ ਸਿੰਘ ਨੇ ਸਤਿਗੁਰੂ ਜੀ ਨੂੰ ਸੰਗਤ ਸਮੇਤ, ਥਰਾਜ ਵਿਖੇ ਦਰਸ਼ਨ ਦੇਣ ਦੀ ਬੇਨਤੀ ਕੀਤੀ। ਸਤਿਗੁਰੂ ਜੀ ਨੇ ਪਹਿਲਾ ਪੜਾਅ ਜ਼ਿਲ੍ਹਾ ਸਿਰਸਾ ਦੇ ਪਿੰਡ ਸੁਖਚੈਨ ਵਿਖੇ ਕੀਤਾ ਅਤੇ ਫਿਰ ਥਰਾਜ ਪੁੱਜ ਗਏ।

ਇਸ ਦੌਰੇ ਸਮੇਂ ਹੀ ਬਾਬਾ ਜੀ ਨੇ ਆਪਣੀਆਂ ਦੋਹਾਂ ਪੁੱਤਰੀਆਂ ਦੇ ਅਨੰਦ ਕਾਰਜ ਵੀ ਅਬਲੂ (ਬਠਿੰਡਾ) ਪਿੰਡ ਦੇ ਦੋ ਲੜਕਿਆਂ ਨਾਲ ਕੀਤੇ ਸਨ। ਇਸ ਸਮੇਂ ਵਾਪਰੇ ਪਰਸੰਗ ਵਿੱਚ ਸਾਡੇ ਭਾਵੀ ਇਤਿਹਾਸ ਦੇ ਬੀਜ ਵੀ ਲੁਕੇ ਪਏ ਹਨ। ਬਾਹੋਵਾਲ ਜੀ ਲਿਖਦੇ ਹਨ-

"ਸਵਾ ਪਹਿਰ ਨਾਲ ਇਸ਼ਨਾਨ ਕਰਕੇ ਆਸਾ ਕੀ ਵਾਰ ਲਗਣੇ ਲੱਗੀ। ਹਵਨ ਹੋਣੇ ਲਗਾ। ਗ੍ਰੰਥ ਸਾਹਿਬ ਪਰਗਾਸਿਆ। 1928 (ਅਪਰੈਲ, 1871 ਈ.) ਮੇਂ ਫਤਹ ਕੌਰ ਤੇ ਜੀਵਨ ਕੌਰ ਦੋਨਾਂ ਦੇ ਅਨੰਦ ਪੜ੍ਹੇ। ਜੇੜ੍ਹੀ ਦਾਤ ਸੀ ਸ੍ਰੀ ਸਤਿਗੁਰੂ ਜੀ ਕੇ ਹਜ਼ੂਰ ਧਰੀ। ਬਾਬੇ ਜੀ ਕਿਹਾ ਜਿਸਕੀ ਦਾਤ ਹੈ ਤਿਸਕੇ ਆਗੇ ਧਰੀ ਹੈ। ਲੜਕੇ ਵਾਲੇ ਦਿਲ ਵਿਚ ਨਰਾਜ਼ ਹੋਏ ਕਿ ਅਸੀਂ ਖਾਲੀ ਜਾਵਾਂਗੇ ? ਦਾਤ ਤਾਂ ਸਾਡੀ ਸੀ। ਬਾਬੇ ਨੇ ਕਹਾ ਕਿ ਦਾਤ ਗੁਰੂ ਕੀ ਹੈ। ਗੁਰੂ ਜੀ ਬਚਨ ਕੀਤਾ ਦੇਖਾਂ ਅਬਲੂ ਬਧੇ ਕਿ ਗੁਰੂ ਬਧੇ। ਬਾਬੇ ਕੁਸ਼ਾਲ (ਖੁਸ਼ਹਾਲ) ਸਿੰਘ ਕਹਾ ਕਿ ਭਾਈ ਜੇਕਰ ਤੁਸੀਂ ਗੁਰੂ ਕੀ ਕੀਤੀ ਰੱਖੋਗੇ ਤਾਂ ਅਸੀਂ ਕੁੜੀਆਂ ਭੇਜ ਦਿਆਂਗੇ। ਜੇਕਰ ਨਾਂ ਰੀਤੀ ਰੱਖੀ ਤਾਂ ਨਾ ਭੇਜਾਂਗੇ ਕੁੜੀਆਂ। ਸਾਡਾ ਸਾਕ ਨਾਤਾ ਸਿੱਖੀ ਦਾ ਹੈ। ਧਰਮ ਕਾ ਸਾਕ ਹੈ। ਉਨਾਂ ਨੇ ਨਾ ਰੀਤੀ ਰੱਖੀ ਔਰ ਨਾਂ ਮਨਜ਼ੂਰ ਕੀਤੀ। ਬਾਬਾ ਜੀ ਲੜਕੀਆਂ ਨਾ ਭੇਜੀਆਂ-ਅੰਤਰਜਾਮੀ ਜੀ ਬਚਨ ਕੀਤਾ ਏਹ ਨਹੀਂ ਸਮਝਣਾ ਜੋ ਅਨੰਦ ਪੜਾਏ ਹੈਨ। ਇਨ੍ਹਾਂ ਨੂੰ ਭਾਈ ਤੂੰ ਕੁਆਰੀਆਂ ਹੀ ਸਮਝ। ਜਿੱਥੇ ਕੀਆਂ ਹੈਨ ਓਥੇ ਹੀ ਜਾਣਗੀਆਂ।"[2]

ਉਸ ਸਮੇਂ ਛੋਟੀ ਉਮਰ ਵਿਚ ਵੀ ਲੜਕੀਆਂ ਦੇ ਅਨੰਦ ਕਾਰਜ ਤਾਂ ਹੋ ਜਾਂਦੇ ਸਨ ਪਰ ਮੁਕਲਾਵਾ ਬਾਅਦ ਵਿਚ ਕੁਝ ਵਰ੍ਹੇ ਲੰਘਣ ਬਾਅਦ ਹੀ ਤੋਰਿਆ ਜਾਂਦਾ ਸੀ। ਅਨੰਦ ਕਾਰਜ ਹੋਣ ਤੋਂ ਅੱਠ ਨੌਂ ਮਹੀਨੇ ਬਾਦ ਹੀ ਸਾਕਾ ਮਲੇਰਕੋਟਲਾ ਅਤੇ ਪਰਦੇਸ ਗਮਨ ਵਾਪਰ ਗਏ। ਬਾਬਾ ਖੁਸ਼ਹਾਲ ਸਿੰਘ ਹੋਰੀਂ ਉਸ ਸਮੇਂ ਦੋਹਾਂ ਪੁੱਤਰੀਆਂ ਸਮੇਤ ਮਾਘੀ 1872 ਈ. ਦੇ ਮੇਲੇ ਤੇ ਸ੍ਰੀ ਭੈਣੀ ਸਾਹਿਬ ਪੁੱਜੇ ਹੋਏ ਸਨ। ਇੱਥੋਂ ਉਹਨਾਂ ਨੂੰ ਪੁੱਤਰੀਆਂ ਸਮੇਤ ਥਾਣਿਉਂ ਥਾਣੀ ਜ਼ੇਰ ਪੁਲੀਸ ਨਿਗਰਾਨੀ ਥਰਾਜ ਵਿਖੇ ਭੇਜਿਆ ਗਿਆ। ਕੁਝ ਸਮਾਂ ਉਹਨਾਂ ਨੂੰ ਸਰਕਾਰੀ ਪਾਬੰਦੀ ਕਾਰਨ ਸਿਰਸਾ ਜਿਹਲ ਵਿਚ ਵੀ ਰਹਿਣਾ ਪਿਆ। ਉਹਨਾਂ ਦੇ ਪੁੱਤਰ ਚੂਹੜ ਸਿੰਘ ਨੂੰ ਰਿਆਸਤ ਪਟਿਆਲਾ ਦੀ ਪੁਲਿਸ ਨੇ ਕੂਕਿਆਂ ਬਾਰੇ ਪੁੱਛ ਗਿੱਛ ਕਰਨ ਲਈ ਗ੍ਰਿਫਤਾਰ ਕਰ ਲਿਆ ਸੀ। ਇਹੋ ਜਿਹੇ ਸਮੇਂ ਕੋਈ ਦਿਲ ਗੁਰਦੇ ਵਾਲੇ ਸੱਜਣ ਹੀ ਬਾਬਾ ਖੁਸ਼ਹਾਲ ਸਿੰਘ ਜਿਹੇ 'ਖ਼ਤਰਨਾਕ ਕੂਕਾ

ਆਗੂ' (ਸਰਕਾਰੀ ਨਜ਼ਰਾਂ ਵਿਚ) ਨਾਲ ਰਿਸ਼ਤੇਦਾਰੀ ਪਾਲ ਸੱਕਦੇ ਸਨ। ਉਹਨਾਂ ਕੂਕਿਆਂ ਨਾਲ ਕੋਈ ਸਬੰਧ ਰੱਖਣਾ ਵੱਡਾ ਖ਼ਤਰਾ ਸਮਝਿਆ। ਨਾ ਉਹ ਗੁਰਸਿੱਖਾਂ ਜਿਉਂ ਫਿਰ ਕਦੇ ਥਰਾਜ ਆਏ ਨਾ ਬਾਬਾ ਜੀ ਨੇ ਆਪਣੀਆਂ ਪੁੱਤਰੀਆਂ ਉਹਨਾਂ ਨਾਲ ਤੋਰੀਆਂ। ਗੁਰੂਵਾਕ ਅਨੁਸਾਰ ਉਹ ਅਨੰਦ ਪੜ੍ਹਾਏ ਜਾਣ ਬਾਅਦ ਵੀ ਕੁਆਰੀਆਂ ਹੀ ਰਹੀਆਂ।

ਬਾਬਾ ਜੱਸਾ ਸਿੰਘ ਜੀ ਸਤਿਗੁਰੂ ਜੀ ਦਾ ਪਿਤਾ ਇਕ ਦਿਨ ਸੂਬਾ ਸਾਹਿਬ ਸਿੰਘ ਜੀ ਨੂੰ ਕਹਿਣ ਲੱਗਾ–"ਤੁਸੀਂ ਸੱਚੇ ਪਾਤਸ਼ਾਹ ਜੀ ਦੀ ਦੇਹ ਹੋ। ਮੈਨੂੰ ਵਰ ਲੈ ਦੇਵੋ॥" (ਸਤਿਗੁਰੂ ਜੀ) ਬਾਬੇ ਜੱਸਾ ਸਿੰਘ ਕੋ ਸਦਕੇ ਬਚਨ ਕੀਤਾ ਮੰਗ ਵਰ ਕੀ ਮੰਗਣਾ। ਬਾਬੇ ਜੀ ਕਹਾ ਜਾਂ ਤੇਰੇ ਇਕ ਲੜਕਾ ਹੋ ਜਾਵੇ ਜਾਂ ਬੁੱਧ ਸਿੰਘ (ਸ੍ਰੀ ਗੁਰੂ ਹਰੀ ਸਿੰਘ ਜੀ ਦਾ ਗੁਰਤਾਗੱਦੀ ਤੇ ਆਉਣ ਤੋਂ ਪਹਿਲਾਂ ਦਾ ਨਾਮ) ਦੇ ਹੋ ਜਾਵੇ। ਬਚਨ ਹੋਇਆ ਮੇਰੇ ਤਾਂ ਨਹੀਂ ਪਰ ਸਮਾਂ ਪਾਇਕੇ ਬੁੱਧ ਸਿੰਘ ਦੇ ਘਰ ਹੋ ਜਾਇਗਾ।"[3]

ਸਤਿਗੁਰੂ ਜੀ ਦੇ ਮਹਿਲ ਮਾਤਾ ਜੱਸਾਂ ਜੀ ਦੇ ਦੇਹ ਪਿਛਲੇ ਸਾਲਾਂ ਵਿਚ ਢਿੱਲੀ ਰਹਿੰਦੀ ਸੀ। ਸੂਬਾ ਗਿਆਨੀ ਸਿੰਘ ਉਰਫ ਰਤਨ ਸਿੰਘ ਮੰਡੀ ਕਲਾਂ ਨੇ ਮਾਈਸਰ ਖਾਨਾ (ਬਠਿੰਡਾ) ਦੇ ਜ਼ਿਮੀਂਦਾਰ ਰਾਮ ਸਿੰਘ ਉਰਫ ਹਰਨਾਮ ਸਿੰਘ ਦੀ ਪੁੱਤਰੀ ਜਿਸ ਦਾ ਨਾਮ ਅਤਰ ਕੌਰ ਸੀ, ਉਸ ਨੂੰ ਮਾਲਵੇ ਦੇ ਸਿੰਘਾਂ ਨਾਲ ਰਾਇ ਕਰਕੇ, ਸਤਿਗੁਰੂ ਰਾਮ ਸਿੰਘ ਜੀ ਨਾਲ ਅਨੰਦ ਪੜ੍ਹਾਉਣ ਦੀ ਅਰਜ਼ 1871 ਈ. ਦੀ ਵੈਸਾਖੀ ਤੋਂ ਮੁੜਦਿਆਂ ਜਦੋਂ ਮਾਈਸਰਖਾਨੇ ਪੜਾਅ ਕੀਤਾ ਤਾਂ ਉਸ ਸਮੇਂ ਕੀਤੀ ਸੀ। ਸਤਿਗੁਰੂ ਜੀ ਨੇ ਇਸ ਅਨੰਦ ਕਾਰਜ ਦੀ ਪਰਵਾਨਗੀ ਨਾਂ ਦਿੱਤੀ– "ਸਾਡੇ ਏਕ ਗਾਨਾ ਬੱਧਾ ਹੋਇਆ ਹੈ।" ਲੜਕੀ ਦੇ ਪਿਤਾ ਨੂੰ ਸੱਦਕੇ ਵੀ ਕਿਹਾ ਕਿ ਸਾਡਾ ਅਗਲਾ ਸਮਾਂ ਸੰਕਟ ਭਰਪੂਰ ਹੈ। ..."ਧੁਆਨੂੰ ਕਬੀਲਾ ਦੁੱਖ ਦੇਊਗਾ। ਸਰਕਾਰ ਦੁੱਖ ਦੇਵੇਗੀ।"[4]

ਸੂਬਾ ਗਿਆਨੀ ਸਿੰਘ "ਖਾਨੇ ਸੇ ਕੁੜੀ ਨੂੰ ਨਾਲ ਲੈ ਕੇ ਖਟੜੀ ਆਇ ਮਿਲਿਆ। ਦਰਸ਼ਨ ਦੇਂਦੇ ਸਤਿਗੁਰੂ ਜੀ ਰਾਮਦਾਸਪੁਰੇ (ਸ੍ਰੀ ਭੈਣੀ ਸਾਹਿਬ) ਆਏ। ਗਿਆਨਾ ਸਿੰਘ ਨੇ ਫੇਰ ਅਰਜ ਕੀਤੀ ਕਿ ਅਨੰਦ ਤੁਸੀਂ ਪੜਾਵੋ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਸ਼ਤਾਬੀ ਨਾਂ ਕਰ ਅਸਾਂ ਅਜੇ ਪਰਦੇਸ ਜਾਣਾ ਹੈ। ਬੜਾ ਕੰਮ ਰਹਿੰਦਾ ਹੈ। ਅਜੇ ਤਾਂ ਮੈਂ ਗੋੜ੍ਹੇ ਵਿਚੋਂ ਪੂਣੀ ਬੀ ਨਹੀਂ ਕੱਤੀ। ਗਿਆਨਾ ਸਿੰਘ ਨੇ ਫੇਰ ਕਹਾ ਜੀ ਅਨੰਦ ਪੜ੍ਹਾਇ ਲਵੋ ਡੇਰ ਕਿਉਂ ਕਰਦੇ ਹੋ। ਸਤਿਗੁਰੂ ਜੀ ਬਚਨ ਕੀਤਾ ਗਿਆਨਾ ਸਿੰਘ ਕਿਉਂ ਸ਼ਤਾਬੀ ਗਲ ਫਾਂਸੀ ਪੌਂਦਾ ਹੈ।"[5]

ਇਸ ਤੋਂ ਕੁਝ ਮਹੀਨੇ ਬਾਅਦ ਪਰਦੇਸ ਗਮਨ ਸਾਕਾ ਵਾਪਰ ਗਿਆ। ਬੀਬੀ ਅਤਰ ਕੌਰ ਜੋ ਸਤਿਗੁਰੂ ਜੀ ਦੀ ਮੰਗੇਤਰ ਬਣਨ ਕਰਕੇ, ਮਾਈ ਅਤਰੀ ਕਰਕੇ ਜਾਣੀ ਜਾਣ ਲੱਗੀ, ਉਸ ਦਾ ਜ਼ਿਆਦਾ ਸਮਾਂ ਆਪਣੇ ਚਾਚੇ ਮਨੀ ਸਿੰਘ ਪਾਸ ਗੁਰਬਾਣੀ ਦਾ ਪਾਠ ਕਰਦਿਆਂ ਬਤੀਤ ਹੋਣ ਲੱਗਾ। ਮਨੀ ਸਿੰਘ ਵਿਦਵਾਨ ਸੱਜਣ ਸੀ ਅਤੇ ਗੁਰਬਾਣੀ ਦੀਆਂ ਪੋਥੀਆਂ ਦੇ ਉਤਾਰੇ ਵੀ ਕਰਿਆ ਕਰਦਾ ਸੀ। ਬਾਅਦ ਵਿਚ ਮਾਈ ਅਤਰੀ ਨੇ ਸਤਿਗੁਰੂ ਜੀ ਪਾਸ ਰੰਗੂਨ ਜਾਕੇ ਰਹਿਣ ਦੀ ਇੱਛਾ ਬਾਰੇ ਸਰਕਾਰ ਨੂੰ ਅਰਜ਼ੀਆਂ ਵੀ

ਪਾਈਆਂ। ਸ੍ਰੀ ਸਤਿਗੁਰੂ ਜੀ ਨੂੰ ਜਦੋਂ ਅਧਿਕਾਰੀਆਂ ਨੇ ਇਸ ਸਬੰਧੀ ਪੁੱਛਿਆ ਤਾਂ ਉਹਨਾਂ ਕਿਹਾ ਕਿ ਉਹਨਾਂ ਦੀ ਇਕੋ ਹੀ ਪਤਨੀ ਸੀ ਅਤੇ ਉਹ ਗੁਜ਼ਰ ਚੁੱਕੀ ਹੈ। ਮਾਤਾ ਜੱਸਾਂ 1871 ਈ. ਦੇ ਅਕਤੂਬਰ ਨਵੰਬਰ ਵਿਚ ਗੁਜ਼ਰ ਗਏ ਸਨ। ਅਤਰੀ ਨੂੰ ਰੰਗੂਨ ਜਾਣ ਦੀ ਆਗਿਆ ਤਾਂ ਨਾ ਮਿਲੀ ਪਰ ਜਾਣੇ ਅਨਜਾਣੇ ਨਾਮਧਾਰੀ ਸੰਗਤ ਵਿਚ ਸਤਿਗੁਰੂ ਜੀ ਨਾਲ ਉਸਦਾ ਨਾਮ ਜੁੜਨ ਕਰਕੇ, ਉਸ ਦੀ ਮਾਨਤਾ ਹੋਣ ਲੱਗ ਪਈ। ਮਾਈ ਅਤਰੀ ਮਾਲਵੇ ਵਿਚ ਅਤੇ ਸਮਾਂ ਪਾ ਕੇ ਸਾਰੇ ਪੰਜਾਬ ਵਿਚ ਸਤਿਗੁਰੂ ਰਾਮ ਸਿੰਘ ਜੀ ਦੇ ਮਿਸ਼ਨ ਦਾ ਪਰਚਾਰ ਕਰਨ ਲੱਗ ਪਈ। ਉਸ ਦਾ ਪਿੰਡ ਰਿਆਸਤ ਪਟਿਆਲਾ ਵਿਚ ਸੀ। ਪੰਜਾਬ ਵਿਚ ਸਤਿਗੁਰੂ ਜੀ ਤੋਂ ਬਾਅਦ, ਉਸਦੇ ਵਧਦੇ ਪ੍ਰਭਾਵ ਨੂੰ ਆਪਣੇ ਰਾਜ ਲਈ ਖ਼ਤਰਾ ਸਮਝ ਕੇ ਅੰਗਰੇਜ਼ ਸਰਕਾਰ ਨੇ ਮਹਾਰਾਜਾ ਪਟਿਆਲਾ ਨੂੰ ਕਹਿ ਕੇ, ਮਾਈ ਅਤਰੀ ਨੂੰ ਤਿੰਨ ਸਾਲਾਂ ਲਈ ਬਹਾਦਰ ਗੜ੍ਹ ਕਿਲ੍ਹੇ ਵਿਚ ਨਜ਼ਰਬੰਦ ਕਰ ਦਿੱਤਾ।

"ਖਾਨੇ ਵਾਲੀ ਅਤਰ ਕੌਰ ਕੋ ਖਾਨੇ ਸੇ ਪਟਿਆਲੇ ਮੇਂ ਲੈ ਗਏ, ਨਜ਼ਰਬੰਦ ਰੱਖੀ। ਫੇਰ ਬਹਾਦਰਗੜ੍ਹ ਕੇ ਕਿਲ੍ਹੇ ਮੇਂ ਰਖੀ। ਗ੍ਰੰਥ ਸਾਹਿਬ ਜੀ ਕਾ ਪਾਠ ਕਰਨਾ। ਸਿੰਘ ਔਂਦੇ ਜਾਂਦੇ ਰਹੇ। ਜਦ ਹਾਕਮ ਨੇ ਪੁੱਛਣਾ ਤੂੰ ਕਿੱਥੇ ਰਹਿਣ ਮੇਂ ਰਾਜ਼ੀ ਹੈਂ ਆਖਣਾ ਕਿ ਮੈਂ ਭੈਣੀ ਸਾਹਿਬ ਰਹਾਂਗੀ, ਮੇਰਾ ਘਰ ਹੈ। ਬਹਾਦਰਗੜ੍ਹ ਤੀਨ ਬਰਸ ਰਹੀ। ਤਾਂ ਬਾਬਾ ਕੁਸ਼ਾਲ ਸਿੰਘ ਗਿਆ ਪਟਿਆਲੇ ਮੇਂ। ਨਾਲ ਮਾਈ ਜੀਉਣ ਕੌਰ ਮਾਈ ਫਤੇ ਕੌਰ ਹੈ। ਗੰਡਾ ਸਿੰਘ ਬਖਸ਼ੀ ਨੇ ਰਿਹਾਈ ਕਰਵਾਇ ਦਿੱਤੀ। ਕਹਾ ਕਿ ਜਹਾਂ ਤੁਮਾਰੀ ਰਜ਼ਾ ਹੈਂ ਤਹਾਂ ਰਹੋ। ਫੇਰ ਖਾਨੇ ਨੂੰ ਗਈ। ਸੱਤ ਦਿਨ ਰਹਿ ਕੇ ਫੇਰ ਰਾਮਦਾਸਪੁਰੇ ਸਾਹਿਬ ਮੇਂ ਆਈ। ਨਾਲ ਮਾਈ ਫਤੇ ਕੌਰ ਤੇ ਜੀਉਣ ਕੌਰ। ਕੋਈ ਕੁ ਦਿਨ ਰਹਿ ਕੇ ਮੁੜ ਗਈਆਂ ਥਰਾਜ ਨੂੰ।"[6]

ਇਸ ਘਟਨਾ ਤੋਂ ਪੰਜ ਸੱਤ ਵਰ੍ਹੇ ਪਹਿਲਾਂ ਮਾਈ ਅਤਰੀ, ਕੋਈ ਡੇਢ ਸੌ ਕੂਕਿਆਂ ਦੀ ਇਕ ਗੁਪਤ ਸਭਾ ਨੂੰ, 17 ਮਾਰਚ 1881 ਈ. ਨੂੰ ਭੈਣੀ ਸਾਹਿਬ ਦੇ ਸਮੀਪ ਵਰਤੀ ਪਿੰਡ ਲਾਟੋਂ ਦੇ ਢੱਕ ਜੰਗਲ ਵਿੱਚ ਸੰਬੋਧਤ ਕਰਦੀ ਹੋਣ ਦਾ ਜ਼ਿਕਰ, ਪੁਲਿਸ ਕਪਤਾਨ ਲੁਧਿਆਣਾ ਜੇ. ਪੀ. ਵਾਰਬਰਟਨ ਨੂੰ ਮਿਲਦਾ ਹੈ ਤਾਂ ਉਹ ਜਦੋਂ ਉਸ ਥਾਂ ਤੇ ਪੁੱਜਦਾ ਹੈ ਤਾਂ 39 ਕੂਕੇ ਹੀ ਮਾਈ ਅਤਰੀ ਸਮੇਤ ਮੌਕੇ ਤੇ ਪਕੜੇ ਜਾਂਦੇ ਹਨ। ਇਹਨਾਂ 39 ਕੂਕਿਆਂ ਵਿਚ ਸੂਬਾ ਖੁਸ਼ਹਾਲ ਸਿੰਘ ਜੀ ਦਾ ਨਾਮ ਵੀ ਸ਼ਾਮਲ ਹੈ। ਹੋਰਨਾਂ ਸਿੱਖਾਂ ਜਿਉਂ ਲੁਧਿਆਣਾ ਵਿਖੇ ਅੰਗਰੇਜ਼ੀ ਇਲਾਕਿਆਂ ਵਾਲਿਆਂ ਦੀਆਂ ਇਕ ਸਾਲ ਲਈ ਇਕ ਇਕ ਹਜ਼ਾਰ ਰੁਪੈ ਦੀਆਂ ਨੇਕ ਚਲਨੀ ਦੀਆਂ ਜਮਾਨਤਾਂ ਮੰਗੀਆਂ ਗਈਆਂ ਅਤੇ ਪਟਿਆਲਾ, ਨਾਭਾ, ਜੀਂਦ ਆਦਿ ਰਿਆਸਤਾਂ ਦੇ ਸਿੱਖ ਉਹਨਾਂ ਦੇ ਲੁਧਿਆਣਾ ਸਥਿਤ ਵਕੀਲਾਂ ਨੂੰ ਸਉਂਪ ਦਿੱਤੇ ਗਏ ਸਨ। ਇਹਨਾਂ ਸਿੰਘਾਂ ਸਿੰਘਣੀਆਂ ਨੂੰ ਲਗਾਤਾਰ 12 ਦਿਨ ਲੁਧਿਆਣਾ ਪੁਲੀਸ ਅਤੇ ਜਿਹਲ ਹਿਰਾਸਤ ਵਿਚ ਰਹਿਣਾ ਪਿਆ।[7]

ਇਹਨਾਂ ਸਮਿਆਂ ਵਿਚ ਅਤਰੀ ਪਾਸੋਂ ਸਤਿਗੁਰੂ ਰਾਮ ਸਿੰਘ ਜੀ ਦੇ ਕਈ

ਹੁਕਮਨਾਮੇ ਵੀ ਪੁਲੀਸ ਨੂੰ ਮਿਲੇ ਸਨ। ਇਹ ਹੁਕਮਨਾਮੇ ਸੁੰਦਰ ਸਿੰਘ ਕਲਹਿਰੀ ਅਤੇ ਭਗਵਾਨ ਸਿੰਘ ਅੜਬੰਗੀ ਆਦਿ ਦੀ ਮਾਰਫਤ ਆਏ ਸਨ। ਇਹਨਾਂ ਹੁਕਮਨਾਮਿਆਂ ਦਾ ਵਿਸ਼ਾ ਵਸਤੂ, ਮੋਟੇ ਤੌਰ ਤੇ ਅਤਰੀ ਨੂੰ ਆਪਣੇ ਆਪ ਨੂੰ ਗੁਰੂ ਪਤਨੀ ਹੋਣ ਦੇ ਭਰਮ ਤੋਂ ਮੁਕਤ ਕਰਵਾਉਣ ਲਈ, ਸਮਝੌਤੀਆਂ ਅਤੇ ਚਿਤਾਵਨੀਆਂ ਦੇਣਾ ਹੀ ਸੀ। ਸਤਿਗੁਰੂ ਜੀ ਨੇ ਉਸ ਨੂੰ ਕੋਈ ਸਿੱਖਾਂ ਦਾ ਲੜਕਾ ਵੇਖ ਕੇ ਅਨੰਦ ਕਰਾਉਣ ਲਈ ਸਪਸ਼ਟ ਆਦੇਸ਼ ਦਿੱਤਾ ਸੀ। ਪੰਥ ਵਿੱਚ ਮਾਨਤਾ ਦੀ ਜਿਸ ਟੀਸੀ ਤੇ ਮਾਈ ਅਤਰੀ ਪੁੱਜ ਚੁੱਕੀ ਸੀ, ਉਹ ਉਸ ਤੋਂ ਹੇਠਾਂ ਉਤਰਨ ਲਈ ਹੁਣ ਤਿਆਰ ਨਹੀਂ ਸੀ।

ਬਾਬਾ ਜੱਸਾ ਸਿੰਘ ਜੀ ਦਾ ਸਤਿਗੁਰੂ ਰਾਮ ਸਿੰਘ ਜੀ ਨਾਲ ਪੋਤਰੇ ਵੇਖਣ ਦੀ ਰੀਝ ਵਾਲਾ, ਬਚਨ ਪੂਰਾ ਕਰਨ ਲਈ ਮਾਈ ਅਤਰੀ ਦ੍ਰਿੜ ਸੰਕਲਪ ਸੀ। ਇਸ ਲਈ ਉਸ ਨੇ ਮਾਤਾ ਜਿਊਣ ਕੌਰ ਜੀ ਦੇ ਪਿਤਾ ਸੂਬਾ ਖੁਸ਼ਹਾਲ ਸਿੰਘ ਹੋਰਾਂ ਨੂੰ ਵੀ ਪ੍ਰੇਰ ਲਿਆ ਸੀ। ਅਗਲਾ ਘਟਨਾਕ੍ਰਮ ਬਾਹੋਵਾਲ ਜੀ ਇਉਂ ਕਾਨੀਬੰਦ ਕਰਦੇ ਹਨ–

"ਕੋਈ ਕੁ ਦਿਨ ਠਹਿਰ ਕੇ ਖਾਨੇ ਵਾਲੀ ਨੇ ਅਰਜੀ ਦਿੱਤੀ ਫਰੰਗੀ ਕੋ ਕਿ ਮੇਰੀ ਸੇਵਾ ਵਾਸਤੇ ਜੀਉਣ ਕੌਰ ਤੇ ਫਤੇ ਕੌਰ ਚਾਹੀਏ। ਫਰੰਗੀ ਨੇ ਕਹਾ ਕਿ ਹੋਰ ਜਨਾਨੇ ਬਹੁਤ ਹੈ। ਗੁਰਦੇਈ ਹੈ ਉਸਸੇ ਕਰਵਾਇ ਲਵੋ ਸੇਵਾ। ਖਾਨੇ ਵਾਲੀ ਨੇ ਕਹਾ ਕਿ ਹੋਰ ਕੋ ਮੇਰੀ ਟੈਹਲ ਕਰਨੇ ਕੀ ਕੁਝ ਖਵਰ ਨਹੀਂ ਹੈ। ਓਹ ਮੇਰੀ ਟੈਹਲ ਨੂੰ ਜਾਣਦੀਆਂ ਹੈਂ, ਅਗੇ ਮੇਰੀ ਸੇਵਾ ਕਰਦੀਆਂ ਰਹੀਆਂ। ਫਰੰਗੀ ਨੇ ਹੁਕਮ ਦੀਆ ਕਿ ਮੰਗਵਾ ਲਵੋ। ਤਾਂ ਮਾਈ ਜਿਉਣ ਕੌਰ ਆਈ। ਰਾਮਦਾਸਪੁਰੇ ਸਾਹਿਬ ਖਾਨੇ ਵਾਲੀ ਕੀ ਟੈਹਲ ਸੇਵਾ ਮੇਂ ਹਾਜ਼ਰ ਹੋਈ। ਪਹਿਲੇ ਤਾਂ ਏਕ ਬੁਰਜ ਸੀ ਤਿਸਮੇ ਰਹਿਣ ਲੱਗੀਆਂ। ਫੇਰ ਮੰਦਰ ਬਣਾਇਆ ਉਪਰ ਚੁਬਾਰਾ।

"ਖਾਨੇ ਵਾਲੀ ਕੇ ਦਿਲ ਮੇਂ ਹੋਈ ਕਿ ਜੇ ਮੇਰੇ ਪਾਸ ਕੁੰਜੀਆਂ ਆਇ ਜਾਵਣ ਤਾਂ ਮੈਂ ਬੰਦੋਬਸਤ ਕਰਾਂ ਜੇਹੜਾ ਫਾਲਤੂ ਖਰਚ ਹੈ। ਦਾਨ ਸਿੰਘ ਨੇ ਕੁੰਜੀਆਂ ਸੁੱਟ ਦਿੱਤੀਆਂ ਕਿਸੇ ਬੋਲੇ ਥੀਂ ਖਿਝਕੇ। ਗੁਰੂ ਮਹਾਰਾਜ ਜੀ ਕੁੰਜੀਆਂ ਚੁੱਕ ਕੇ ਖਾਨੇ ਵਾਲੀ ਕੋ ਫੜਾਇ ਦਿੱਤੀਆਂ। ਉਸੀ ਦਿਨ ਸੇ ਫਾਲਤੂ ਖਰਚ ਸਭ ਹਟਾਇ ਦੀਏ, ਮਾਮੂਲੀ ਖਰਚ ਰੱਖਿਆ। ਜਿਸਸੇ ਨਾ ਸਰੇ ਸੋ ਰਖਿਆ ਅਤੇ ਹੋਰ ਸਭ ਬੰਦ ਕੀਤੇ। ਜੇਹੜਾ ਬਚਨ ਮੰਨੇ ਉਸ ਪਰ ਰਾਜੀ ਜੇਹੜਾ ਬਚਨ ਨਾ ਮੰਨੇ ਉਸ ਪਰ ਨਰਾਜ। ਗੁਰੂ ਹਰੀ ਸਿੰਘ ਜੀ ਕਾ ਤੇ ਮਾਈ ਜਿਉਣ ਕੌਰ ਕਾ ਅਰਦਾਸਾ ਕਰ ਦੀਆ। ਅਰਦਾਸਾ ਮਾਤਾ ਫਤਹਿ ਕੌਰ ਜੀ ਦਾ ਵੀ ਇਕੱਠਾ ਦੋਹਾਂ ਭੈਣਾਂ ਦਾ ਗੁਰੂ ਹਰੀ ਸਿੰਘ ਜੀ ਨਾਲ ਕੀਤਾ ਗਿਆ ਸੀ। ਮਾਤਾ ਫਤੇਹ ਕੌਰ 1940 ਈ. ਵਿਚ ਸ੍ਰੀ ਭੈਣੀ ਸਾਹਿਬ ਹੁਕਮ ਸੱਤ ਹੋਏ।।"[8]

ਇਹ ਅਰਦਾਸਾ 13 ਅਪਰੈਲ 1887 ਈ. ਵਿਚ ਹੋਇਆ। 9 ਮਾਰਚ 1890 ਈ. ਨੂੰ, ਸੰਬਤ 1946 ਬਿ੦ ਚੇਤ ਵਦੀ ਤੀਜ ਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਮਾਤਾ ਜਿਉਣ ਕੌਰ ਜੀ ਅਤੇ ਗੁਰੂ ਹਰੀ ਸਿੰਘ ਜੀ ਦੇ ਗ੍ਰਹਿ ਵਿਖੇ ਪ੍ਰਗਟ ਹੋਏ। ਸੰਬਤ 1949 ਕਤਕ ਵਦੀ 10 (15 ਅਕਤੂਬਰ 1892 ਈ.) ਨੂੰ ਮਾਤਾ ਜੀ ਦੇ ਘਰ ਮਹਾਰਾਜ

ਨਿਹਾਲ ਸਿੰਘ ਜੀ ਅਤੇ ਸੰਬਤ 1954 10 ਅੱਸੂ (1897 ਈ.) ਨੂੰ ਮਹਾਰਾਜ ਗੁਰਦਿਆਲ ਸਿੰਘ ਜੀ ਨੇ ਜਨਮ ਲਿਆ।

ਜਦੋਂ ਮਾਤਾ ਜੀਵਨ ਕੌਰ ਜੀ ਗੁਰੂ ਮਹਿਲ ਵਜੋਂ ਸ੍ਰੀ ਭੈਣੀ ਸਾਹਿਬ ਆਏ ਤਾਂ ਪਿਤਾ ਬਾਬਾ ਖੁਸ਼ਹਾਲ ਸਿੰਘ ਜੀ ਨੇ ਆਪ ਨੂੰ ਇਉਂ ਸ਼ੁਭ ਸਿੱਖਿਆ ਦਿੱਤੀ– "ਜਿਉਣ ਕੌਰੇ ਤੂੰ ਜਗਤ ਮਾਤਾ ਹੈਂ ਤੇਰੇ ਹੱਥੋਂ ਸਭ ਜੀਆਂ ਲੈ ਕੇ ਛਕਣਾ ਹੈ ਤੇ ਨਾਮਧਾਰੀਆਂ ਨੂੰ ਵਰੋ ਸੌਣਾ ਹੈ ਤੂੰ। ਸਭ ਦੀ ਇਕ ਸਮਾਨ ਸੇਵਾ ਕਰਨੀ ਹੈ। ਇਹ ਤਾਂ ਹੋ ਆਵੇ ਜੇ ਤੂੰ ਕੁਰਸੀ, ਜਰਾਬਾਂ, ਪੱਖਾ, ਛਤਰੀ, ਘੁਟਾਉਣਾ, ਮੰਜੇ ਤੇ ਬੈਠ ਪ੍ਰਸ਼ਾਦ ਛਕਣਾ ਤੇ ਬਦੇਸੀ ਬਸਤਰ ਦਾ ਤਿਆਗ ਰਖੇਂਗੀ।" ਪਿਤਾ ਜੀ ਦੀਆਂ ਮੱਤਾਂ ਆਪ ਨੇ ਅਜਿਹੀਆਂ ਕੰਨੀ ਬੱਧੀਆਂ ਜੋ ਨਾਲ ਹੀ ਨਿਭੀਆਂ। ਹਾਂ ਜੇ ਥੱਕ ਜਾਣ ਤਾਂ ਜ਼ਨਾਨੇ ਤੋਂ ਲਤੜਾ ਭਾਵੇਂ ਲੈਣ ਪਰ ਘੁਟਾਉਂਦੇ ਨਹੀਂ ਸਨ।"[9]

ਮਾਤਾ ਜੀ ਪਾਸ ਗੁਰਦੁਆਰੇ ਵਿਚ ਆਉਣ ਤੋਂ ਦਸ ਸਾਲ ਬਾਅਦ ਤੱਕ ਵੀ ਖਜ਼ਾਨੇ ਦੀਆਂ ਕੁੰਜੀਆਂ ਨਹੀਂ ਸਨ ਆਈਆਂ। ਇਸ ਸਮੇਂ ਭਿੰਨ ਭਿੰਨ ਸਮੇਂ ਡੇਰਾ ਪ੍ਰਬੰਧਕ ਮਾਈ ਅਤਰੀ ਖਾਨੇ ਵਾਲੀ, ਹਜ਼ੂਰੀ ਸੇਵਕ ਭਾਈ ਦਾਨ ਸਿੰਘ ਜਾਂ ਮਾਈ ਗੁਰਦੇਈ ਖੰਨੇ ਵਾਲੀ ਹੁੰਦੀ ਸੀ। ਮਾਤਾ ਜੀ ਪ੍ਰਬੰਧਕਾਂ ਦੇ ਸਹਿਯੋਗ ਨਾਲ ਅੱਠੇ ਪਹਿਰ, ਆਏ ਗਏ ਸਿੱਖ ਸਾਧ ਅਤੇ ਗੁਰੂ ਹਰੀ ਸਿੰਘ ਜੀ ਦੀ ਸੇਵਾ ਵਿਚ ਜੁੱਟੇ ਰਹਿੰਦੇ ਸਨ। ਗੁਰੂ ਕੇ ਲੰਗਰ ਨੂੰ ਚੱਲਦਾ ਰੱਖਣ ਵਿਚ ਆਪ ਦਾ ਬਹੁਤ ਵੱਡਾ ਯੋਗਦਾਨ ਸੀ। ਦੂਰੋਂ ਨੇੜਿਉਂ ਗੁਰਦੁਆਰੇ ਵਿਚ ਗੁਰੂ ਦਰਸ਼ਨਾਂ ਲਈ ਆਉਣ ਵਾਲਿਆਂ ਦੀ ਪ੍ਰਸ਼ਾਦ ਪਾਣੀ ਦੀ ਸੇਵਾ ਨਿਬਾਹੁੰਦੇ। ਪੁਲੀਸ ਦੀ ਸਖਤੀ ਤੋਂ ਬਾਹਰ ਝਾੜ ਬੇਲਿਆਂ, ਟਿੱਬਿਆਂ ਵਿਚ ਲੁਕੇ ਗੁਰਸਿਖਾਂ ਨੂੰ ਵੀ ਕਠਿਨ ਹਾਲਾਤ ਵਿਚ ਅੰਨ ਜਲ ਪੁਚਾਉਂਦੇ। ਪ੍ਰਤੱਖ ਦਰਸ਼ੀ ਭਾਈ ਸੰਤੋਖ ਸਿੰਘ ਬਾਹੋਵਾਲ ਮਾਤਾ ਜੀ ਦੁਆਰਾ ਨਿਬਾਹੀ ਸੇਵਾ ਨੂੰ ਆਪਣੇ ਗ੍ਰੰਥ ਵਿਚ ਲਿਖ ਗਏ ਹਨ।

"ਮਾਤਾ ਜਿਉਣ ਕੌਰ ਜੀ ਏਕ ਸਮੇਂ ਬਚਨ ਕੀਤਾ ਕਿ ਕਰੜਾਈ ਕੇ ਸਮੇਂ ਇਕ ਦਿਨ ਗੁਰੂ ਜੀ ਕੇ ਵਾਸਤੇ ਮੈਂ ਸ਼ਰਦਾਈ ਲੈ ਕੇ ਚੱਲੀ। ਹੌਲਦਾਰ ਨੇ ਕਿਹਾ ਕੀ ਲਜਾਂਦੇ ਹੋ। ਮੈਂ ਕਹਾ–ਗੁਰੂ ਮਹਾਰਾਜ ਜੀ ਵਾਸਤੇ ਸ਼ਰਦਾਈ ਲੈ ਚਲੇ ਹੈਂ। ਤੁਰਕ ਨੇ ਸ਼ਰਦਾਈ ਰਖਵਾਇ ਲਈ। ਮਾਤਾ ਜੀ ਫਿਰ ਚੋਰੀ ਲਪੇਟ ਕੇ ਮਿਸਰੀ ਲੈ ਕੇ ਗਏ। ਓਥੇ ਜਾ ਕੇ ਜਲ ਬਣਾ ਕੇ ਛਕਾਇਆ ਗੁਰੂ ਜੀ ਕੋ।"

"ਏਕ ਦਿਨ ਮੈਂ ਰਾਮਸਰ ਵੰਨੇ ਚੱਲੀ ਤਾਂ ਹੌਲਦਾਰ ਦੂਰੋਂ ਦੇਖਕੇ ਕੋਲ ਆਇ ਖੜਾ ਹੋਇਆ ਤੇ ਕਹਿਣ ਲੱਗਾ ਏਹ ਕੀ ਹੈ ਤੁਸਾਂ ਕੋਲ। ਮੈਂ ਆਖਿਆ ਕਛਹਿਰਾ ਆਸਨ ਮੇ ਲਪੇਟਿਆ ਹੋਇਆ ਹੈ। ਸ਼ਰਮਿੰਦਾ ਹੋਇਆ। ਪ੍ਰਸ਼ਾਦਾ ਨਾ ਸੇ ਦੇਣ ਦਿੰਦੇ ਕਿਸੇ ਨੂੰ ਕਿ ਬਾਹਰ ਸਿੰਘ ਜਮਾਂ ਨਾ ਹੋ ਜਾਣ।"

"ਜਿਸ ਦਿਨ ਸੇ ਪਰਤਾਪ ਸਿੰਘ ਜੀ ਜਨਮੇ ਨਰਮਾਈ ਹੋਈ। ਫੇਰ ਨਿਹਾਲ ਸਿੰਘ ਦੇ ਜਨਮ ਤੇ ਜ਼ਿਆਦੇ ਨਰਮਾਈ ਹੋਇ ਗਈ। ਜੋ ਪ੍ਰਸ਼ਾਦੇ ਦੀ ਬੰਦਸ਼ ਸੀ ਸਭ ਹਟ ਗਈ। ਕੋਈ ਆਵੇ ਤਾਂ ਡੇਰੇ ਕੇ ਅੰਦਰ ਕਰ ਦੇਣਾ। ਬਾਹਰ ਨਾ ਰਹਿਣ ਦੇਣਾ।"

"ਗੁਰਦਿਆਲ ਸਿੰਘ ਜੀ ਦੇ ਜਨਮੇ ਤੇ ਕੋਈ ਨਹੀਂ ਪੁਛਦਾ ਹੈ ਭਾਵੇਂ ਕਈ ਦਿਨ ਰਹਿ ਜਾਵੇ।"[10]

ਫਰਵਰੀ ਮਾਰਚ 1898 ਈ. ਵਿਚ ਗੁਰੂ ਹਰੀ ਸਿੰਘ ਜੀ ਦੇ ਹੁਕਮ ਨਾਲ ਸੰਗਤ ਨੇ ਕਹੀਆਂ ਟੋਕਰੇ ਲੈ ਕੇ ਰਾਮਸਰ ਦੀ ਕਾਰ ਸੇਵਾ ਸ਼ੁਰੂ ਕੀਤੀ। "ਮਾਈ ਜਿਉਣ ਕੌਰ, ਫਤੇ ਕੌਰ, ਸਾਹਿਬਜ਼ਾਦੇ ਬੀਬੀ (ਨੰਦਾ) ਕੀਆਂ ਨੂੰਹਾਂ ਹੋਰ ਨਿਕੇ ਬੱਡੇ ਸਭ ਕਾਰ ਕੱਢਣੇ ਲੱਗੇ। ਬਡੀ ਖੁਸ਼ੀ ਸੇ ਸਭਨੇ ਕਾਰ ਕੱਢੀ। ਗੁਰੂ ਜੀ ਭੀ ਕੁਛ ਟੋਕਰੇ ਕੱਢੇ। ਦੋ ਸਿੰਘ ਇਕ ਪਾਸੇ ਲੱਗ ਕੇ ਚੁਕਾਉਂਦੇ ਹੈਂ ਛੇ ਸੱਤ ਮਣ ਕਾ ਟੋਕਰਾ। ਅੱਠ ਦਿਨ ਕਾਰ ਨਿਕਲਦੀ ਰਹੀ।"[11]

ਸੁਧ ਸਿੰਘ ਬਗਲੀ ਕਲਾਂ ਦਾ ਸਿੰਘ ਡੇਰਾ ਸ੍ਰੀ ਭੈਣੀ ਸਾਹਿਬ ਵਿਚ ਰਹਿੰਦਾ ਸੀ ਉਸਨੇ ਗੁਰੂ ਹਰੀ ਸਿੰਘ ਜੀ ਪਾਸ ਅਰਜ਼ ਕੀਤੀ ਕਿ ਡੇਰੇ ਦੀਆਂ ਕੁੰਜੀਆਂ, ਮਾਈ ਗੁਰਦੇਈ ਦੀ ਬਜਾਏ ਮਾਈ ਜੀਉਣ ਕੌਰ ਨੂੰ ਦਿੱਤੀਆਂ ਜਾਣ ਕਿਉਂਕਿ ਗੁਰਦੇਈ ਸਰਫੇ ਵਾਲਾ ਸੁਭਾਅ ਵਰਤਦੀ ਹੈ। ਸੁੱਧ ਸਿੰਘ ਦੇ ਕਹਿਣ ਤੇ ਗੁਰੂ ਜੀ ਨੇ ਗੁਰਦੇਈ ਨੂੰ ਕਿਹਾ ਕਿ ਤੇਰੀ ਕਾਫੀ ਸੇਵਾ ਹੋ ਗਈ ਹੈ, ਹੁਣ ਤੂੰ ਭਜਨ ਬਾਣੀ ਹੀ ਕਰਿਆ ਕਰ। ਪ੍ਰੰਤੂ ਇਸ ਦੇ ਬਾਅਦ ਵੀ ਮਾਤਾ ਜੀ ਨੇ ਚਾਬੀਆਂ ਗੁਰਦੇਈ ਕੋਲ ਹੀ ਰਹਿਣ ਦਿੱਤੀਆਂ। ਖ਼ੁਦ ਹਾਸਲ ਕਰਨ ਵਿਚ ਕੋਈ ਕਾਹਲ ਨਾ ਵਿਖਾਈ। ਸਗੋਂ ਗੁਰਦੇਈ ਵਲੋਂ ਗੁਰੂ ਬਚਨਾਂ ਦੀ ਅਵੱਗਿਆ ਕਰਨ ਤੇ ਵੀ ਉਸ ਤੇ ਪਰਦਾ ਹੀ ਪਾਇਆ। ਇਹੋ ਤੇ ਮਾਤਾ ਜੀ ਦੇ ਨਿਰਮਾਣ ਸੁਭਾਉ ਤੇ ਵਡੱਪਣ ਦੀ ਪੇਸ਼ਕਾਰੀ ਸੀ।

"ਬ੍ਰਾਹਮਣ ਆਏ ਕੜੇ ਮੰਗਣ। ਗੁਰੂ ਹਰੀ ਸਿੰਘ ਜੀ ਨੇ ਮਾਈ ਜੀ ਨੂੰ ਪੁੱਛਿਆ-ਬ੍ਰਾਹਮਣਾਂ ਨੂੰ ਕੜੇ ਦੇਣੇ ਹਨ। ਮਾਈ ਜੀ ਨੇ ਆਕੇ ਅਰਜ਼ ਕੀਤੀ-ਕੁੰਜੀਆਂ ਘਰ ਨਹੀਂ ਹਨ, ਗੁਰਦੇਈ ਲੈ ਗਈ ਹੈ। ਗੁਰੂ ਜੀ ਕਿਹਾ ਕਿ ਕੁੰਜੀਆਂ ਨਾਲ ਲੈ ਜਾਂਦੀ ਹੈ ਘਰ ਕਿਉਂ ਨਾ ਦੇ ਗਈ। ਮਾਈ ਜੀ ਨੇ ਕਿਹਾ-ਉਹ ਤਾਂ ਦੇਂਦੀ ਸੀ ਮੈਂ ਨਾ ਲਈਆਂ। ਫੇਰ ਗੁਰਦੇਈ ਨਾਭੇ ਗਈ ਤੇ ਕੁੰਜੀਆਂ ਦੇ ਗਈ। ਜਦੋਂ ਸੁਧ ਸਿੰਘ ਬਗੁਲੀ ਵਾਲੇ ਨੂੰ ਪਤਾ ਲੱਗਾ ਕਿ ਕੁੰਜੀਆਂ ਦੇ ਗਈ ਹੈ, ਸਿੰਘਾਂ ਨੇ ਰਲ ਕੇ ਮਾਈ ਜੀ ਨੂੰ ਕਿਹਾ ਕਿ ਅਸੀਂ ਅਰਜ਼ ਕਰਨੀ ਹੈ, ਤੁਸੀਂ ਕੁੰਜੀਆਂ ਸਾਂਭੋ। ਮਾਈ ਜੀ ਕਿਹਾ-ਉਸਨੂੰ ਨਰਾਜ਼ ਨਹੀਂ ਕਰਨਾ। ਸਾਰੇ ਗੁਰੂ ਜੀ ਕੋਲ ਗਏ। ਗੁਰੂ ਜੀ ਨੇ ਮਾਈ ਜੀ ਨੂੰ ਕਿਹਾ ਕਿ ਕੁੰਜੀਆਂ ਕਿਉਂ ਨਹੀਂ ਸਾਂਭਦੀ ਹੈਂ।

"ਮਾਤਾ ਜੀਉਣ ਕੌਰ ਪਾਸ ਖਜ਼ਾਨੇ ਕੀਆਂ ਕੁੰਜੀਆਂ ਆਈਆਂ ਸੰ. 1956 ਬਿ. ਸੌਣ ਬਦੀ ਦਸਮੀਂ (ਮੁਤਾਬਿਕ 1 ਅਗਸਤ 1899 ਈ.) ਕੋ ਘਰ ਕੀ ਬਸਤ ਘਰ ਮੈ ਆਈ। ਸਰਬ ਖਾਲਸਾ ਸੁਣ ਕੇ ਖੁਸ਼ੀ ਹੋਇਆ ਕਿ ਮਾਲਕਾਂ ਕੋਲ ਕੁੰਜੀਆਂ ਆਈਆਂ ਹੈ, ਸਰਬ ਕੀ ਖਬਰ ਰੱਖਣਗੇ। ਬਾਬਾ ਕੁਸ਼ਾਲ ਸਿੰਘ ਦੇ ਘਰ ਕੁਝ ਪ੍ਰਵਾਹ ਨਹੀਂ ਸੀ। ਓਥੋਂ ਦੀਆਂ ਕੁੰਜੀਆਂ ਭੀ ਵੱਡੇ ਮਾਈ ਜੀ ਦੇ ਅਖਤਿਆਰ ਸੀਆਂ, ਭਾਮੇਂ ਕਿਮੇ ਬਰਤਨ ਕਦੀ ਨਾ ਸੀ ਕਿਸੇ ਪੁੱਛਿਆ। ਦੁੱਧ ਭੀ ਘਰ ਮੇਂ ਹਮੇਸ਼ਾ ਰੈਂਹਦਾ। ਸਰਬ ਪਦਾਰਥ ਘਰ ਮੇਂ ਸੀ। ਕਿਸੇ ਬਾਤ ਕੀ ਕਮਤੀ ਨਾ ਸੀ। ਮਾਪਿਆਂ ਕੋ ਦੋਮੇਂ ਭੈਣਾਂ ਪਿਆਰੀਆਂ ਸੀ। ਰੁਪਏ

ਰੱਖਣ ਦੇਣ ਲੈਣ, ਬਾਬੇ ਜੀ ਕਦੇ ਨਾ ਸੀ ਲੇਖਾ ਪੁਛਿਆ। ਮਾਈ ਭਾਗ ਭਰੀ ਬਡੇ ਭਾਗਾਂ ਵਾਲੀ ਹੈ ਜਿਸ ਕੀ ਧੀ ਕਾ ਸੰਬੰਧ ਪ੍ਰਮੇਸ਼ਰ ਨਾਲ ਹੋਇਆ ਹੈ। ਭਾਈ ਕਾ ਨਾਮ ਚੂਹੜ ਸਿੰਘ ਹੈ। ਸੋ ਭੀ ਬੜੇ ਸੰਤ ਰੂਪ ਹੈਂ। ਮਾਈ ਜੀਉਣ ਕੌਰ ਕਾ ਮਾਮਾ (ਹਰਨਾਮ ਸਿੰਘ) ਬੜਾ ਦਲੇਰ ਸੀ। ਜੇਕਰ ਪਾਠ ਕਰੌਣਾ ਜੇਹੜਾ ਪਾਠੀ ਰੋਜ ਸੇਰ ਘਿਓ ਛਕੇ ਓਸ ਥੀਂ ਪਾਠ ਕਰਾਉਣ। ਦੁਧ ਜਿਤਨਾ ਮਰਜੀ ਹੈ ਛਕੇ। ਕੈਹਣਾ ਕਿ ਜਿਤਨਾ ਪਾਠੀ ਨੂੰ ਛਕਾਈਏ, ਸੇਵਾ ਕਰੀਏ ਉਤਨਾ ਮਹਾਤਮ ਹੁੰਦਾ ਹੈਂ।"[12]

ਸੇਵਾ ਅਤੇ ਪਰਉਪਕਾਰ ਦੇ ਆਪਣੇ ਪਰਿਵਾਰਿਕ ਪਰਿਵੇਸ਼ ਵਿਚੋਂ ਲਏ ਗੁਣਾਂ ਨੂੰ, ਡੇਰਾ ਸ੍ਰੀ ਭੈਣੀ ਸਾਹਿਬ ਵਿਚ ਆ ਕੇ ਮਾਤਾ ਜੀ ਨੇ ਹੋਰ ਵਿਸਥਾਰ ਦਿੱਤਾ। ਉਹਨਾਂ ਪਾਸ ਕੁੰਜੀਆਂ ਆਈਆਂ ਨੂੰ ਅਜੇ ਥੋਹੜਾ ਹੀ ਸਮਾਂ ਹੋਇਆ ਸੀ ਕਿ 1956 ਬਿਕਰਮੀ ਦਾ ਭਿਆਨਕ ਅਕਾਲ ਆਪ ਜੀ ਦੇ ਸਬਰ ਦੀ ਪ੍ਰੀਖਿਆ ਲੈਣ ਲਈ, ਮੂੰਹ ਅੱਡੀ ਖੜਾ ਸੀ। ਅੰਗਰੇਜ਼ ਸਰਕਾਰ ਦੀ ਲੁੱਟ ਖਸੁੱਟ ਦੀ ਨੀਤੀ ਨੇ ਭੁੱਖਮਰੀ ਅਤੇ ਮਹਾਂਮਾਰੀਆਂ ਸਾਡੇ ਲੋਕਾਂ ਨੂੰ ਦਿੱਤੀਆਂ ਸਨ। ਸਤਿਗੁਰੂ ਰਾਮ ਸਿੰਘ ਜੀ ਦਾ ਜਾਰੀ ਕੀਤਾ ਸਦਾ-ਵਰਤ, ਗੁਰੂ ਹਰੀ ਸਿੰਘ ਜੀ ਦੇ ਹੁਕਮ ਅਤੇ ਮਾਈ ਜੀਊਣ ਕੌਰ ਜੀ ਦੇ ਕੁਸ਼ਲ ਪਰਬੰਧ ਹੇਠ, ਦਿਨ ਰਾਤ ਇਕ ਟੱਕ ਵਰਤਦਾ ਰਿਹਾ। ਰਾਹੀਆਂ ਪਾਂਧੀਆਂ ਦੀਆਂ ਵਹੀਰਾਂ ਗੁਰਦੁਆਰਾ ਸ੍ਰੀ ਭੈਣੀ ਸਾਹਿਬ ਵਿਚੋਂ ਬੜੀ ਸ਼ਾਨ ਨਾਲ ਉਦਰ ਪੂਰਤੀ ਕਰਦੀਆਂ ਸਨ। ਇਹ ਉਹ ਸਮਾਂ ਸੀ ਜਦੋਂ ਭੁੱਖੇ ਕਾਲ ਪੀੜਿਤ ਲੋਕ ਸ਼ਹਿਰਾਂ ਦੇ ਬਾਜ਼ਾਰਾਂ ਵਿੱਚੋਂ ਹਜ਼ਾਰਾਂ ਮਣ ਅਨਾਜ ਹੱਥੋਂ ਹੱਥ ਹੀ ਸਮੇਟ ਲੈਂਦੇ ਸਨ। ਪੰਜਾਬ ਅਤੇ ਬੀਕਾਨੇਰ ਰਿਆਸਤ ਦਾ ਬਰਾਨੀ ਇਲਾਕਾ, ਪੂਰੀ ਤਰ੍ਹਾਂ ਇਸ ਕਾਲ ਦੀ ਲਪੇਟ ਵਿਚ ਆ ਚੁੱਕਾ ਸੀ। ਭੈਣੀ ਸਾਹਿਬ ਲੋਹ ਲੰਗਰ ਦੀ ਸ਼ੋਭਾ ਸੁਣ ਕੇ, ਹਰ ਰੋਜ਼ ਹਜ਼ਾਰਾਂ ਕਾਲ ਪੀੜਿਤ ਭੈਣੀ ਸਾਹਿਬ ਆਉਂਦੇ। ਚਾਰ ਸੌ ਤੋਂ ਛੇ ਸੌ ਤੱਕ ਦੀ ਪੰਗਤ ਲੱਗਦੀ। ਉਹਨਾਂ ਲੋਕਾਂ ਨੂੰ ਅੰਨ ਜਲ, ਦਾਲਾ ਪਰਸ਼ਾਦਾ ਅਤੇ ਉਹਨਾਂ ਕਾਲ ਪੀੜਿਤਾਂ ਦੇ ਪਸ਼ੂਆਂ ਨੂੰ ਵੀ ਚਾਰਾ ਪੱਠੇ ਪਾਣੀ, ਗੁਰੂ ਘਰੋਂ, ਮਹੀਨਿਆਂ ਬੱਧੀ ਵਰਤਦਾ ਰਿਹਾ। ਇਸ ਲੰਗਰ ਦੀ ਮਹਿਮਾ ਦੂਰ ਦੂਰ ਅੱਪੜੀ ਤਾਂ ਹਿਸਾਰ ਦੇ ਡੀ.ਸੀ. ਨੇ ਲੁਧਿਆਣੇ ਦੇ ਡੀ.ਸੀ. ਨੂੰ ਤਾਰ ਭੇਜੀ ਕਿ ਤੁਹਾਡੇ ਜ਼ਿਲ੍ਹੇ ਵਿਚ ਕੋਈ ਭੈਣੀ ਸਾਹਿਬ ਨਾਂ ਦਾ ਪਿੰਡ ਹੈ। ਬਾਗੜ ਦੇ ਹਜ਼ਾਰਾਂ ਕਾਲ ਪੀੜਿਤ ਉਧਰ ਨੂੰ ਧਾਈ ਕਰੀ ਆਉਂਦੇ ਹਨ। ਉੱਥੋਂ ਦੇ ਪਰਬੰਧਕਾਂ ਨੂੰ ਆਖੋ, ਸਫਰ ਲੰਮਾ ਹੈ, ਕਾਲ ਦੀ ਕੋਈ ਹੱਦ ਨਹੀਂ, ਧਿਆਨ ਨਾਲ ਵਰਤਾਉਣ। ਇਸ ਤੋਂ ਬਾਅਦ ਡੀ.ਸੀ. ਲੁਧਿਆਣਾ ਨੇ ਗੁਰੂ ਹਰੀ ਸਿੰਘ ਜੀ ਨੂੰ ਹੱਥ ਘੁੱਟ ਕੇ ਵਰਤਣ ਲਈ ਕਿਹਾ। ਗੁਰੂ ਜੀ ਨੇ ਉਸਨੂੰ ਕਿਹਾ ਕਿ ਜਦੋਂ ਤੱਕ ਸਾਡੇ ਪਾਸ ਸਾਧਨ ਸਮੱਗਰੀ ਹੈ, ਕਿਸੇ ਲੋੜਵੰਦ ਨੂੰ ਇਨਕਾਰ ਨਹੀਂ ਕਰਨਾ। ਉਸਨੇ ਕਿਹਾ-ਜਦੋਂ ਇਹ ਭੁੱਖੇ ਲੋਕ ਤੁਹਾਡਾ ਸਭ ਕੁਛ ਚਟਮ ਕਰ ਗਏ ਤਾਂ ਫਿਰ ਕੀ ਕਰੋਗੇ ? ਗੁਰੂ ਜੀ ਦਾ ਜੁਆਬ ਸੀ- "ਅਸੀਂ ਵੀ ਬਗਲੀ ਫੜ ਕੇ ਇਹਨਾਂ ਦੇ ਨਾਲ ਹੀ ਤੁਰ ਪਵਾਂਗੇ।" ਫਿਰ ਉਸ ਨਵੀਆਂ ਅਬਾਦ ਬਾਰਾਂ ਵਿੱਚੋਂ ਲੰਗਰ ਲਈ 52 ਮੁਰੱਬੇ ਜ਼ਮੀਨ ਅਲਾਟ ਕਰਨ ਦੀ ਪੇਸ਼ਕਸ਼ ਕੀਤੀ।

ਇਸ ਤੇ ਦਿਆਲ ਮੂਰਤ ਗੁਰੂ ਹਰੀ ਸਿੰਘ ਜੀ ਨੇ ਫਰਮਾਇਆ ਕਿ ਤੁਹਾਥੋਂ 52

ਮੁਰੱਬੇ ਲੈ ਕੇ ਇਹ ਮੰਨ ਲਈਏ ਕਿ ਬਾਕੀ ਦੇਸ਼ ਤੁਹਾਡਾ ਹੈ। ਜੇ ਤੁਸਾਂ ਕੁਝ ਦੇਣਾ ਹੈ ਤਾਂ ਇੰਗਲੈਂਡ ਵਿਚੋਂ ਦਿਉ। ਇੱਥੇ ਤੁਹਾਥੋਂ ਜਦੋਂ ਕੁਝ ਲੈਣ ਦਾ ਵੇਲਾ ਆਇਆ ਤਾਂ ਸਾਰਾ ਦੇਸ ਹੀ ਲਵਾਂਗੇ।

ਇਸ ਕਾਲ ਸਮੇਂ ਗੁਰੂ ਕੇ ਲੰਗਰ ਦੀ ਮਹਿਮਾਂ ਦੂਰ ਦੂਰ ਤੱਕ ਕਿਵੇਂ ਅੱਪੜੀ ਇਸ ਦਾ ਵਰਣਨ ਪ੍ਰਤੱਖ ਦਰਸ਼ੀ ਹਰਨਾਮ ਸਿੰਘ ਬਗੁਲੀ ਕਲਾਂ ਆਪਣੀ ਇਤਿਹਾਸਕ ਰਚਨਾ "ਸੰਤ ਖਾਲਸਾ" ਵਿਚ ਇਉਂ ਕਰਦੇ ਹਨ–

"ਦੂਰੋਂ ਦੂਰੋਂ ਲੰਗਰ ਸੁਣ ਕੇ ਲੋਕ ਆਉਂਦੇ,
ਭੈਣੀ ਹੋਈ ਮਸ਼ਹੂਰ ਸੰਸਾਰ ਸਾਰੇ।
ਭੈਣੀ ਮਿਲੂ ਰੋਟੀ ਲੋਕੀਂ ਗੀਤ ਗਾਉਂਦੇ,
ਇਰਦ ਗਿਰਦ ਭੈਣੀ ਲੱਗੇ ਲਾਰ ਸਾਰੇ।
ਬਾਗੜ ਦੇਸ਼ ਮਸ਼ਹੂਰ ਹੋ ਗਈ ਭੈਣੀ,
ਓਟੂ ਨੌਹਰ ਤੇ ਹਾਂਸੀ ਹਿਸਾਰ ਸਾਰੇ।
ਮਾਰ ਵਾੜੀਏ ਲੋਕ ਹਰਨਾਮ ਸਿੰਘਾ,
ਬੈਠੇ ਆਨ ਭੈਣੀ ਤਰਫ ਚਾਰ ਸਾਰੇ।
"ਸਾਹਿਬਜ਼ਾਦੇ ਮਹਾਰਾਜ ਪ੍ਰਤਾਪ ਸਿੰਘ ਜੀ,
ਹੱਥੀਂ ਆਪਣੀ ਅੰਨ ਬਰਤੌਂਦੇ ਰਹੇ।
ਨੌਂ ਕੁ ਬਰਸ ਦੀ ਉਮਰ ਦੇ ਸਾਹਿਬਜ਼ਾਦੇ,
ਭੱਜ ਭੱਜ ਕੇ ਰੋਟੀ ਖਵੌਂਦੇ ਰਹੇ।
ਫਿਰਦੇ ਦੇਖਦੇ ਸਤਿਗੁਰੂ ਹਰੀ ਸਿੰਘ ਜੀ,
ਮਾਲਾ ਨਾਲ ਅਸ਼ਾਰੇ ਕਰੌਂਦੇ ਰਹੇ।
ਮਹਾਰਾਜ ਤੇ ਅਸੀਂ ਹਰਨਾਮ ਸਿੰਘਾ,
ਸਾਰਾ ਸਾਰਾ ਦਿਨ ਹੀ ਫੇਰੇ ਪੌਂਦੇ ਰਹੇ।"[13]

ਇਹ ਮਾਤਾ ਜੀ ਦੀ ਨੇਕ ਸਿੱਖਿਆ ਦਾ ਅਸਰ ਸੀ ਕਿ ਬਾਲ ਸਤਿਗੁਰੂ ਪ੍ਰਤਾਪ ਸਿੰਘ ਜੀ ਵੀ ਆਪਣੇ ਹਾਣੀਆਂ ਨੂੰ ਨਾਲ ਲੈ ਕੇ, ਕਾਲ ਪੀੜਿਤਾਂ ਦੀ ਸੇਵਾ ਵਿਚ ਜੁੱਟੇ ਰਹਿੰਦੇ ਸਨ।

17 ਮਈ 1906 ਈ. ਨੂੰ ਗੁਰੂ ਹਰੀ ਸਿੰਘ ਜੀ ਜੋਤੀ ਜੋਤ ਸਮਾਂ ਗਏ। ਆਖਰੀ ਸਮੇਂ ਵਿਚ ਮਾਤਾ ਜੀ ਦਿਨ ਰਾਤ, ਉਹਨਾਂ ਦੀ ਸੇਵਾ ਵਿਚ ਤਤਪਰ ਰਹੇ। ਤੀਸਰੇ ਦਿਨ ਗੱਦੀ ਸਾਹਿਬ ਵਾਲੇ ਚੁਬਾਰੇ ਵਿਚ ਗੁਰਤਾ ਦੀ ਦਸਤਾਰ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਮਾਤਾ ਜੀ ਨੇ ਮੁਖੀ ਸਿੰਘਾਂ ਦੀ ਹਾਜ਼ਰੀ ਵਿਚ ਬੰਧਾਈ। ਗੁਰੂ ਹਰੀ ਸਿੰਘ ਜੀ ਨਮਿਤ ਨਿਮਾਣੀ, ਜੇਠ ਸ਼ੁਦੀ ਇਕਾਦਸ਼ੀ, 3 ਜੂਨ 1906 ਈ. ਨੂੰ ਭੋਗ ਮੇਲਾ ਮਿਥਿਆ ਗਿਆ। ਇਸ ਮੇਲੇ ਦੀ ਤਿਆਰੀ ਲਈ ਮਾਤਾ ਜੀ ਨੇ ਸਾਧ ਸੰਗਤ ਅਤੇ ਮੁਖੀ ਸਿੰਘਾਂ ਦੇ ਸਹਿਯੋਗ ਨਾਲ ਵਿਆਪਕ ਪ੍ਰਬੰਧ ਕੀਤੇ। ਇਕ ਲੱਖ ਤੋਂ ਵਧ ਸੰਗਤਾਂ, ਗੁਰੂ ਹਰੀ ਸਿੰਘ ਜੀ ਪ੍ਰਤੀ ਆਪਣੀ ਅਕੀਦਤ ਪ੍ਰਗਟ ਕਰਨ ਅਤੇ ਨਵੇਂ ਸਤਿਗੁਰੂ ਜੀ ਦੇ ਚਰਨ

ਪਰਸਨ ਲਈ ਪੁੱਜੀਆਂ। ਇਹਨਾਂ ਸਾਰੇ ਕਾਰਜ ਕਰਮਾਂ ਦਾ ਸਫਲਤਾ ਪੂਰਵਕ ਸੰਚਾਲਨ ਮਾਤਾ ਜੀ ਨੇ ਕਿਵੇਂ ਕੀਤਾ, ਇਸਦਾ ਵਰਣਨ ਵੀ ਸਮਕਾਲੀ ਕਵੀ ਸੁੰਦਰ ਸ਼ਬਦਾਂ ਵਿਚ ਕਰਦਾ ਹੈ-

"ਓਨੀ ਦਿਨੀ ਮਾਤਾ ਜੀਵਨ ਕੌਰ ਜੀ ਦੇ,
ਹੱਥ ਵਿਚ ਸੀਗੇ ਕਾਰੋਬਾਰ ਸਾਰੇ
ਭਾਗਵਾਨ ਮਾਤਾ ਬਹੁਤ ਅਕਲ ਵਾਲੀ,
ਰਿਧ ਸਿਧ ਜੀਹਦੇ ਤਾਬੇਦਾਰ ਸਾਰੇ
ਭਾਰਾ ਕੱਠ ਹੋਣਾ ਏਥੇ ਖਾਲਸੇ ਦਾ,
ਮਾਤਾ ਮਾਮਲੇ ਲਏ ਵਿਚਾਰ ਸਾਰੇ
ਇੰਤਜ਼ਾਮ ਕਰੀਏ ਭਾਰਾ ਬਹੁਤ ਜਲਦੀ,
ਮਾਤਾ ਸਿੰਘਾਂ ਨੂੰ ਕਹੇ ਪੁਕਾਰ ਸਾਰੇ
ਰਸਤ ਬਸਤ ਘੀ ਵਾਸਤੇ ਤਰਫ ਚਾਰੇ,
ਦਿਤੇ ਭੇਜ ਮਾਤਾ ਸੇਵਾਦਾਰ ਸਾਰੇ
ਦਿਨਾਂ ਵਿਚ ਕਰ ਲਿਆ ਇੰਤਜ਼ਾਮ ਸਾਰਾ,
ਭਰ ਲਏ ਮਾਤਾ ਨੇ ਆਰ ਬੁਖਾਰ ਸਾਰੇ
ਮੈਨੇ ਆਪ ਦੇਖੇ ਲੱਗੇ ਛੱਤਨਾਂ ਨੂੰ,
ਪੀਪੇ ਘਿਓ ਦੇ ਕਈ ਹਜ਼ਾਰ ਸਾਰੇ
ਧਾਮ ਪੁਰੇ, ਨਗੀਨਿਓਂ ਖੰਡ ਮਿਸ਼ਰੀ,
ਡੱਬੇ ਰੇਲ ਆਏ ਲਗਾਤਾਰ ਸਾਰੇ
ਜਗ੍ਹਾ ਜਗ੍ਹਾ ਕੋਠੇ ਅੰਦਰ ਵੇਹੜਿਆਂ ਮੈਂ,
ਭਰੇ ਰਸਤ ਦੇ ਪਏ ਅੰਬਾਰ ਸਾਰੇ
ਮਾਤਾ ਸਾਹਿਬ ਦੀ ਲਿਖਾਂ ਤਾਰੀਫ ਕਿੱਕਣ,
ਮਾਤਾ ਕੰਮ ਕੀਤੇ ਸਿਫਤਦਾਰ ਸਾਰੇ
ਨੇਕ ਲੈਕ ਮਾਤਾ ਜੀਵਣ ਕੌਰ ਵਰਗੀ,
ਕਿਤੇ ਨਹੀਂ ਹੈ ਵਿਚ ਸੰਸਾਰ ਸਾਰੇ
ਮੇਲਾ ਪਹੁੰਚਿਆ ਆਣ ਹਰਨਾਮ ਸਿੰਘਾ,
ਸਿੰਘ ਚਲੇ ਔਂਦੇ ਬੇਸ਼ੁਮਾਰ ਸਾਰੇ।"[14]

ਸ੍ਰੀ ਭੈਣੀ ਸਾਹਿਬ ਦੇ ਲੰਗਰ ਤੋਂ ਬਿਨਾਂ ਸਮੁਚੇ ਪੰਜਾਬ ਵਿਚ, ਹੋਲਿਆਂ ਮੇਲਿਆਂ ਤੇ ਦੂਰ ਦਰਾਜ ਹੋਣ ਵਾਲੇ ਲੰਗਰਾਂ ਦਾ ਪ੍ਰਬੰਧ, ਮਾਤਾ ਜੀ ਆਪਣੇ ਸਹਿਯੋਗੀਆਂ ਦੀ ਮਦਦ ਨਾਲ, ਉਦਾਰਤਾ ਪੂਰਵਕ ਕਰਦੇ ਸਨ। ਬਹੁਤ ਸਾਰੇ ਨਿਹੰਗ ਸਿੰਘ ਅਤੇ ਹੋਰ ਸੰਗਤਾਂ ਅਨੰਦਪੁਰ ਸਾਹਿਬ ਦੇ ਹੋਲੇ ਮਹੱਲੇ ਨੂੰ ਜਾਂਦੀਆਂ ਜਾਂ ਵਾਪਿਸ ਮੁੜਦੀਆਂ ਸਨ ਤਾਂ ਮਾਤਾ ਜੀ ਰਸਤ-ਬਸਤ, ਲੰਗਰ-ਪਰਸ਼ਾਦ ਨਾਲ ਉਹਨਾਂ ਦੀ ਭਰਪੂਰ ਸੇਵਾ ਕਰਦੇ ਸਨ। ਮਾਤਾ ਜੀ ਦੀ ਸਖਾਵਤ ਅਤੇ ਸੇਵਾ ਭਾਵਨਾ ਦੀਆਂ ਬਹੁਤ ਸਾਰੀਆਂ ਸਾਖੀਆਂ

ਮਿਲਦੀਆਂ ਹਨ। ਸੰਤ ਤਰਨ ਸਿੰਘ ਵਹਿਮੀ ਦੇ ਸ਼ਬਦਾਂ ਵਿਚ–

"ਮਾਤਾ ਜਿਊਣ ਕੌਰ ਜੀ ਆਈਆਂ ਸੰਗਤਾਂ ਦੀ ਸੇਵਾ ਕਰਦੇ ਤੇ ਜਾਂਦੀਆਂ ਦੀਆਂ ਝੋਲੀਆਂ ਰਾਹੇ ਵਰਤਨ ਲਈ ਭਰਦੇ। ਜੋ ਪਦਾਰਥ ਦੇਂਦੇ ਜਿਡਾ ਆਪ ਦਾ ਬੁੱਕ ਸੀ, ਭਰਕੇ ਧੋਕਵਾਂ ਹੀ ਪਦਾਰਥ ਦੇਂਦੇ। ਲੈਣ ਵਾਲਾ ਹੀ ਬੱਸ ਕਹਿੰਦਾ ਸੀ। ਦੇਦਾ ਦੇ ਲੈਦੇ ਥਕ ਪਾਹਿ। ਇਹ ਮਾਤਾ ਜੀ ਨੇ ਹੀ ਵਰਤਾਇਆ ਸੀ।

"ਇਕ ਵੇਰ (ਮਹੰਤ) ਕੌਲਾ ਸਿੰਘ ਜੀ ਗਾਡੀ ਗੁਰੂ ਕੇ ਉਗਰਾਹੀਏ ਆਪਣੇ ਪਿੰਡ ਮੌਲੀ (ਬੈਦਵਾਨ) ਜ਼ਿਲ੍ਹਾ ਅੰਬਾਲਾ ਹੁਣ (ਸਾਹਿਬਜ਼ਾਦਾ ਅਜੀਤ ਸਿੰਘ ਨਗਰ) ਗਏ ਤੇ ਓਥੇ ਆਖਿਆ, ਜਿਹੋ ਜੇਹਾ ਦਾਨੀ ਤੇ ਦਿਲ ਵਡਾ ਮੇਰੀ ਮਾਤਾ ਜਿਉਣ ਕੌਰ ਦਾ ਹੈ ਹੋਰ ਕਿਸੇ ਦਾ ਨਹੀਂ, ਲੈਣ ਵਾਲਾ ਹੀ ਬੱਸ ਕਹਿੰਦਾ ਹੈ, ਉਹ ਨਹੀਂ। ਇਹ ਸੁਣ ਕੇ ਇਕ ਸਿਖ ਅਜ਼ਮਾਉਣ ਲਈ ਉਸੇ ਵੇਲੇ ਤੁਰ, ਭੈਣੀ ਸਾਹਿਬ ਮਾਤਾ ਜੀ ਪਾਸ ਆਇਆ ਤੇ ਅਰਜ਼ ਕੀਤੀ ਮੇਰਾ ਟੱਬਰ ਵੱਡਾ ਹੈ ਜੋ ਬਾਹਰ ਬੈਠਾ ਹੈ, ਵਰਤਦਾ ਪਦਾਰਥ ਦਿਉ। ਉਸ ਪੱਲਾ ਵਿਛਾਇਆ ਤੇ ਮਾਤਾ ਜੀ ਭਾਂਡਾ ਭਰ ਦਿੱਤਾ, ਆਟੇ ਤੇ ਖੰਡ ਘਿਉ ਦਾ। ਬਾਹਰ ਜਾ ਕੇ ਲੁੱਦ ਕੇ ਫੇਰ ਆ ਮੰਗਿਆ। ਇਸ ਤਰ੍ਹਾਂ ਇਕੇ ਦਿਨ ਵਿਚ ਜਦ ਤੀਜੀ ਵਾਰੀ ਮਾਤਾ ਜਿਊਣ ਕੌਰ ਜੀ ਨੇ ਉਸਦੇ ਪੱਲੇ ਤੇ ਭਾਂਡਿਆਂ ਵਿਚ ਖੁੱਲ੍ਹੇ ਹੱਥ ਨਾਲ ਪਦਾਰਥ ਪਾਇਆ ਤਾਂ ਉਹ ਹੱਥ ਜੋੜ ਕੇ ਚਰਨੀ ਲੱਗ ਗਿਆ ਤੇ ਆਖ–ਉਸ ਮਾਤਾ ਜੀ ਨੂੰ ਮੈਂ ਜੈਸੀ ਸੁਣ ਆਇਆ ਸਾਂ ਤੈਸੀ ਦੇਖੀ ਹੈ, ਅਰਜ਼ ਕਰ ਸਿੱਖ ਹੋ, ਭਜਨ ਲੈ ਪਿੰਡ ਗਿਆ। ਮੇਰੀ ਮਾਤਾ ਜੀ ਬਿਰਧ ਜਿਨ੍ਹਾਂ ਦੀ ਉਮਰ ਇਸ ਸਮੇਂ (1956 ਈ.) 90–92 ਸਾਲ ਦੀ ਹੈ ਮੈਨੂੰ ਦੱਸਦੇ ਹਨ–ਜਦ ਸੰਗਤ ਜਾਂਦੀ ਮਾਤਾ ਜਿਊਣ ਕੌਰ ਜੀ ਐਸੇ ਆਦਰ ਨਾਲ ਜਾਂਦਿਆਂ ਦੀ ਸੇਵਾ ਕਰਦੇ ਕਿ ਰਾਹ ਦਾ ਥਕੇਵਾਂ ਤੇ ਪੁਲਸ ਦਾ ਅਕੇਵਾਂ ਭੁੱਲ ਜਾਂਦਾ, ਵਾਪਸ ਟੁਰਨ ਸਮੇਂ ਭੀ ਉਹ ਬੋੜਵਾਂ (ਸ਼ੱਕਰ–ਘਿਉ) ਜੇ ਜਾਂਦਿਆਂ ਰੱਜਵਾਂ ਮਿਲਦਾ ਸੀ ਵੱਡੇ ਬੁੱਕਾਂ ਨਾਲ ਧੋਕਵਾਂ ਪੱਲੇ ਪਾਉਂਦੇ, ਖੰਡ ਘਿਉ ਦੀਆਂ ਨਦੀਆਂ ਵਗਾਉਂਦੇ ਸੀ ਤੇ ਗਰੀਬ ਨੂੰ ਪੁੱਛ ਕੇ ਪਲਿਉਂ ਖਰਚ ਭੀ ਦੇਂਦੇ। ਇਸ ਖੁੱਲ੍ਹੇ ਵਰਤਾਉ ਦੀਆਂ ਧੁੰਮਾਂ ਦੂਰ–ਦੂਰ ਪੁੱਜਦੀਆਂ।"[15]

ਮਾਤਾ ਜੀ ਨੇ ਆਪਣੇ ਗ੍ਰਹਿਸਤ ਜੀਵਨ ਵਿਚ ਅਨੇਕ ਖੁਸ਼ੀਆਂ ਗ਼ਮੀਆਂ ਨੂੰ ਵੀ ਵੇਖਿਆ ਪਰ ਉਹ ਹਰਖ ਸੋਗ ਤੋਂ ਨਿਆਰੇ ਰਹਿਣ ਵਾਲੇ, ਸਾਧੂ ਸੁਭਾਉ ਦੇ ਧਾਰਨੀ ਹੋ ਕੇ ਵਿਚਰਦੇ ਸਨ। ਮਹਾਰਾਜ ਨਿਹਾਲ ਸਿੰਘ ਜੀ ਦਾ ਅਨੰਦ ਕਾਰਜ, ਸਤਿਗੁਰੂ ਰਾਮ ਸਿੰਘ ਜੀ ਤੋਂ ਵਰੋਸਾਏ, ਛੋਟੀਆਂ ਗਲੌਟੀਆਂ ਤੋਂ ਆ ਕੇ ਲਾਹੌਰ ਸ਼ਹਿਰ ਵਿਚ ਰਹਿਣ ਵਾਲੇ ਬਾਬਾ ਧਿਆਨ ਸਿੰਘ ਅਤੇ ਮਾਤਾ ਭਾਗਵੰਤੀ ਦੀ ਸਪੁੱਤਰੀ, ਬੀਬੀ ਸਤਵੰਤ ਕੌਰ ਨਾਲ ਲਾਹੌਰ ਵਿਚ ਅੱਸੂ 1971 ਬਿਕਰਮੀ ਵਿਚ ਹੋਇਆ। ਬਾਬਾ ਜੀ ਸੰਗ ਮਰਮਰ ਦਾ ਕੰਮ ਕਰਦੇ ਸਨ ਤੇ ਪੱਥਰ ਘਾੜੇ ਕਰਕੇ ਜਾਣੇ ਜਾਂਦੇ ਸਨ। ਸਤਿਗੁਰੂ ਪਰਤਾਪ ਸਿੰਘ ਜੀ ਦਾ ਅਨੰਦ ਕਾਰਜ ਵੀ ਇਸੇ ਸਾਲ 13 ਪੋਹ ਦਸੰਬਰ 1914 ਈ. ਵਿਚ ਹੋਇਆ। ਇਹ ਅਨੰਦ ਕਾਰਜ ਸ੍ਰ. ਸੁੰਦਰ ਸਿੰਘ ਸੋਹੂ ਅਤੇ ਮਾਤਾ ਰਾਮ ਕੌਰ ਦੀ ਸਪੁੱਤਰੀ (ਮਾਤਾ) ਭੁਪਿੰਦਰ ਕੌਰ ਜੀ ਨਾਲ ਗੁਰੂਸਰ–ਗੱਦਾਂ ਡੋਬ (ਫੀਰੋਜ਼ਪੁਰ) ਵਿਖੇ

ਹੋਇਆ ਸੀ। ਮਹਾਰਾਜ ਗੁਰਦਿਆਲ ਸਿੰਘ ਜੀ ਦਾ ਅਨੰਦ ਉਪਰੋਕਤ ਬਾਬਾ ਧਿਆਨ ਸਿੰਘ ਜੀ ਦੀ ਪੁੱਤਰੀ ਬੀਬੀ ਕਰਤਾਰ ਕੌਰ ਨਾਲ ਅੱਸੂ ਦੀ ਪੂੰਨਿਆ, 1978 ਬਿ. ਨੂੰ ਲਾਹੌਰ ਵਿਖੇ ਨੂੰ ਹੋਇਆ। 29 ਭਾਦਰੋਂ 1981 ਬਿ. ਨੂੰ ਮਾਤਾ ਭੁਪਿੰਦਰ ਕੌਰ ਦੋਹਾਂ ਸਾਹਿਬਜ਼ਾਦਿਆਂ ਨੂੰ ਛੱਡ ਕੇ ਗੁਰਪੁਰੀ ਪਿਆਨਾ ਕਰ ਗਏ। ਮਹਾਰਾਜ ਗੁਰਦਿਆਲ ਸਿੰਘ ਸੀ ਭਰ ਜਵਾਨੀ ਵਿਚ 18 ਭਾਦਰੋਂ 1986 ਬਿ. ਨੂੰ ਅਤੇ ਉਹਨਾਂ ਦੇ ਮਹਿਲ ਬੇਬੇ ਕਰਤਾਰ ਕੌਰ ਜੀ 31 ਭਾਦਰੋਂ ਸੰ. 1989 ਬਿ. ਨੂੰ ਹੁਕਮ ਸੱਤ ਹੋ ਗਏ। ਮਹਾਰਾਜ ਜੀ ਨੇ ਸੰਤਾਨ ਸੁਖ ਨਾ ਮਾਣਿਆ। ਇਹ ਤਿੰਨੇ ਵਿਛੋੜੇ ਮਾਤਾ ਜੀ ਲਈ ਅਕਹਿ ਤੇ ਅਸਹਿ ਸਨ ਪਰ ਉਹਨਾਂ ਗੁਰੂ ਭਾਣੇ ਵਿਚ ਵਿਚਰਦਿਆਂ ਖਿੜੇ ਮੱਥੇ ਇਹਨਾਂ ਨੂੰ ਬਰਦਾਸ਼ਤ ਕੀਤਾ। ਸੰਨ 1928 ਤੋਂ 1940 ਈ. ਤੱਕ ਦੋਹਾਂ ਸਾਹਿਬਜ਼ਾਦਿਆਂ ਅਤੇ ਹੋਰ 60-70 ਨਾਮਧਾਰੇ ਬੱਚੇ ਸ੍ਰੀ ਭੈਣੀ ਸਾਹਿਬ ਵਿਚ ਸਥਾਪਿਤ ਹੋਏ ਵਿਦਿਆਲੇ ਵਿਚ ਲਗਾਤਾਰ 12 ਵਰ੍ਹੇ ਵਿਦਿਆ ਗ੍ਰਹਿਣ ਕਰਦੇ ਰਹੇ। ਮਾਤਾ ਜੀ ਨੇ ਜਿੱਥੇ ਆਪਣੇ ਦੋਹਾਂ ਪੋਤਰਿਆਂ ਨਾਲ ਲਾਡ ਮਲ੍ਹਾਰ ਕੀਤੇ ਉੱਥੇ ਵਿਦਿਆਲੇ ਦੇ ਪੰਜਾਬ ਭਰ ਵਿਚੋਂ ਆਏ ਬਾਕੀ ਸਾਰੇ ਬੱਚਿਆਂ ਨੂੰ ਵੀ ਉਹਨਾਂ ਦਾ ਅਮਿਣਵਾਂ ਪਿਆਰ ਮਿਲਦਾ ਰਿਹਾ। ਮਾਤਾ ਜੀ ਉਹਨਾਂ ਬੱਚਿਆਂ ਦੀ ਸਰੀਰਕ ਸਫਾਈ, ਕੇਸੀਂ ਇਸ਼ਨਾਨ, ਬਸਤਰਾਂ ਦੀ ਸਫਾਈ ਅਤੇ ਹੋਰ ਰੁੱਤ ਰੁੱਤ ਅਨੁਸਾਰ ਖਾਧ ਖੁਰਾਕ ਦਾ ਵਿਸ਼ੇਸ਼ ਪਰਬੰਧ ਕਰਦੇ ਕਰਵਾਉਂਦੇ ਸਨ। ਇਸੇ ਕਾਰਨ ਆਪ ਜੀ ਨੂੰ ਜਗਤ ਮਾਤਾ ਦੀ ਸਤਿਕਾਰਿਤ ਉਪਾਧੀ ਨਾਲ ਯਾਦ ਕੀਤਾ ਜਾਂਦਾ ਹੈ।

ਮਾਤਾ ਜੀ ਦੇ ਦੋਵੇਂ ਛੋਟੇ ਸਪੁੱਤਰ, ਮਹਾਰਾਜ ਨਿਹਾਲ ਸਿੰਘ ਅਤੇ ਮਹਾਰਾਜ ਗੁਰਦਿਆਲ ਸਿੰਘ ਜੀ, ਪੰਜਾਬ ਵਿਚ ਕਾਂਗਰਸ ਦੀ ਅਗੁਆਈ ਵਿਚ ਚੱਲਣ ਵਾਲੇ ਕੌਮੀ ਸੁਤੰਤਰਤਾ ਸੰਗਰਾਮ ਦਾ ਭਾਗ ਬਣਦੇ ਰਹੇ। ਸਤਿਗੁਰੂ ਪਰਤਾਪ ਸਿੰਘ ਜੀ ਨੇ ਗੁਰਦੁਆਰਾ ਸ੍ਰੀ ਭੈਣੀ ਸਾਹਿਬ ਦੇ ਦਰਵਾਜ਼ੇ, ਹਰ ਰੰਗ ਦੇ ਸੁਤੰਤਰਤਾ ਸੰਗਰਾਮੀਆਂ ਲਈ ਸਦਾ ਖੁੱਲ੍ਹੇ ਰੱਖੇ। ਲਾਹੌਰ ਦਾ 1929 ਈ. ਵਾਲਾ ਰਾਵੀ ਦੇ ਕੰਢੇ ਪੂਰਨ ਅਜ਼ਾਦੀ ਦਾ ਮਤਾ ਪਾਸ ਕਰਨ ਲਈ, ਰਾਵੀ ਨਦੀ ਦੇ ਕਿਨਾਰੇ ਪੰਡਿਤ ਜਵਾਹਰ ਲਾਲ ਨਹਿਰੂ ਦੀ ਪ੍ਰਧਾਨਗੀ ਹੇਠ ਹੋਣ ਵਾਲਾ ਕਾਂਗਰਸ ਦਾ ਇਤਿਹਾਸਕ ਸੰਮੇਲਨ ਆਪਣੀ ਸਫਲਤਾ ਲਈ ਸਤਿਗੁਰੂ ਪਰਤਾਪ ਸਿੰਘ ਜੀ ਅਤੇ ਮਾਤਾ ਜੀਵਨ ਕੌਰ ਜੀ ਦਾ ਹਮੇਸ਼ਾ ਕਿਰਤੱਗ ਰਹੇਗਾ। ਪ੍ਰਸਿੱਧ ਪੰਜਾਬੀ ਸਾਹਿਤਕ ਪੱਤਰਕਾਰ ਸ੍ਰ. ਅਵਤਾਰ ਸਿੰਘ ਆਜ਼ਾਦ ਦੇ ਸ਼ਬਦਾਂ ਵਿਚ "ਪ੍ਰਧਾਨ ਕਾਂਗਰਸ ਦੇ ਜਲੂਸ ਨੂੰ ਪੂਰੀ ਤਰ੍ਹਾਂ ਕਾਮਯਾਬ ਕਰਨ ਲਈ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਨਾਮਧਾਰੀ ਸਿੰਘਾਂ ਨੇ ਬੜਾ ਵੱਡਾ ਹਿੱਸਾ ਪਾਇਆ। ਸਫੈਦ ਖੱਦਰਧਾਰੀ ਨਾਮਧਾਰੀ ਸਿੰਘਾਂ ਦੀ ਇਹ ਸ਼ਾਨ ਵੇਖਣ ਵਾਲੀ ਸੀ। ਘੋੜੇ ਤੇ ਸਵਾਰ ਸ੍ਰੀ ਨਹਿਰੂ ਦੇ ਨਾਲ ਮਹਾਰਾਜ ਨਿਹਾਲ ਸਿੰਘ ਜੀ ਘੋੜੇ ਤੇ ਸਵਾਰ ਸਨ ਅਤੇ ਉਹਨਾਂ ਦੇ ਪਿੱਛੇ ਦੇਵਤਿਆਂ ਦੇ ਸਰੂਪ ਵਾਲੇ, ਦੇਸ਼ ਭਗਤ ਨਾਮਧਾਰੀ ਸਿੰਘ ਘੋੜਿਆਂ ਤੇ ਸਵਾਰ ਮਾਰਚ ਕਰ ਰਹੇ ਸਨ। ਘੋੜ ਸਵਾਰਾਂ ਦੇ ਪਿੱਛੇ ਸੈਂਕੜੇ ਪੈਦਲ ਨਾਮਧਾਰੀ ਸਿੰਘ, ਸ਼ਬਦ ਪੜ੍ਹਦੇ ਤੇ ਗਗਨ ਭੇਦੀ ਜੈਕਾਰੇ ਗਜਾਉਂਦੇ ਜਲੂਸ ਦੀ ਸ਼ਾਨ ਨੂੰ ਚਾਰ

ਚੰਦ ਲਾ ਰਹੇ ਸਨ। ਜੇ ਉਸ ਜਲੂਸ ਵਿਚ ਸਤਿਗੁਰੂ ਜੀ ਨਾਮਧਾਰੀ ਸੰਗਤਾਂ ਨੂੰ ਨਾਂ ਭੇਜਦੇ ਤੇ ਮਾਤਾ ਜੀਵਨ ਕੌਰ ਜੀ ਲੰਗਰ ਦਾ ਇੰਤਜ਼ਾਮ ਨਾ ਕਰਦੇ ਤਾਂ ਉਸ ਸੰਮੇਲਨ ਦੇ ਅਸਫਲ ਰਹਿਣ ਵਿਚ ਕੋਈ ਸ਼ੱਕ ਨਹੀਂ ਸੀ।"[16]

ਨਾਮਧਾਰੀਆਂ ਰਾਹੀਂ, ਮਾਤਾ ਜੀ ਵਲੋਂ ਨਿਬਾਹੀ ਲੰਗਰ ਦੀ ਇਸ ਵੱਡੀ ਸੇਵਾ ਬਾਰੇ, ਪ੍ਰਸਿੱਧ ਦੇਸ਼ਭਗਤ ਬਾਬਾ ਗੁਰਦਿਤ ਸਿੰਘ ਕਾਮਾਗਾਟਾ ਮਾਰੂ ਦੀ ਟਿੱਪਣੀ, ਗੱਲ ਨੂੰ ਹੋਰ ਸਾਫ ਕਰਨ ਵਾਲੀ ਹੈ–

"ਜਦ ਈਸਵੀਂ ਸੰਨ 1929 ਨੂੰ ਆਲ ਇੰਡੀਆ ਕਾਂਗਰਸ ਦਾ ਸਮਾਗਮ ਲਾਹੌਰ ਹੋਇਆ ਤਾਂ ਮੈਂ ਵੇਖਿਆ ਅਕਾਲੀ ਸਿੱਖਾਂ ਦੇ ਬੇਤਾਜ ਬਾਦਸ਼ਾਹ ਦੇ ਹੁਕਮ ਨਾਲ, ਲਗਭਗ ਪੌਣਾ ਲੱਖ ਅਕਾਲੀ ਜੋ ਪਿੰਡਾਂ ਵਿੱਚੋਂ ਆਏ ਸਨ, ਕਿਲ੍ਹੇ ਦੇ ਆਸ ਪਾਸ ਲੁਕ ਛਿਪ ਕੇ ਦਿਨ ਕੱਟ ਰਹੇ ਸਨ ਕਿਉਂਕਿ ਉਹਨਾਂ ਦੇ ਬਾਦਸ਼ਾਹ ਸ੍ਰੀਮਾਨ ਖੜਕ ਸਿੰਘ ਦਾ ਹੁਕਮ ਸੀ ਕਿ ਜੋ ਕਾਂਗਰਸ ਵਿਚ ਜਾਵੇਗਾ, ਉਹ ਸਿੱਖ ਨਹੀਂ ਰਹੇਗਾ। ਸੋ ਮੈਨੂੰ ਇਹ ਗੱਲ ਬੁਰੀ ਮਹਿਸੂਸ ਹੋਈ... ਅਸਾਂ ਅਕਾਲੀ ਜਥਿਆਂ ਵਿਚ ਹੋਕਾ ਦੇਣਾ ਸ਼ੁਰੂ ਕਰ ਦਿੱਤਾ ਕਿ ਜੋ ਕਾਂਗਰਸ ਵਿਚ ਨਾ ਜਾਊ, ਉਹ ਸਿੱਖ ਨਹੀਂ। ਇਹ ਹੋਕਾ ਸੁਣ ਕੇ ਹਜ਼ਾਰਾਂ ਅਕਾਲੀ ਕਾਂਗਰਸ ਦੇ ਪੰਡਾਲ ਵੱਲ ਤੁਰ ਪਏ। ਸਾਨੂੰ ਫਿਕਰ ਪਿਆ ਕਿ ਇਹਨਾਂ ਦੀ ਖੁਰਾਕ ਦਾ ਕੀ ਪ੍ਰਬੰਧ ਕਰੀਏ ? ਜਦ ਨਾਮਧਾਰੀਆਂ ਦਾ ਅਤੁਟ ਲੰਗਰ ਰਾਵੀ ਦੇ ਲਾਗੇ ਕਾਂਗਰਸ ਦੇ ਅਹਾਤੇ ਅੰਦਰ ਦੇਖਿਆ, ਮੈਂ ਕਿਹਾ, ਅਸੀਂ ਰਾਸ਼ਨ ਲੈ ਆਉਂਦੇ ਹਾਂ, ਉਹ ਸਾਡੇ ਕਈ ਹਜ਼ਾਰ ਅਕਾਲੀਆਂ ਲਈ ਰੋਟੀ ਪਕਾ ਦੇਣ ਦੀ ਕ੍ਰਿਪਾਲਤਾ ਕਰਨ। ਉਹਨਾਂ ਕਿਹਾ, ਰਾਸ਼ਨ ਦੀ ਲੋੜ ਨਹੀਂ, ਤੁਸੀਂ ਇਕ ਲੱਖ ਅਕਾਲੀ ਲੈ ਆਓ ਪਰਸ਼ਾਦਾ ਤਿਆਰ ਮਿਲ ਜਾਵੇਗਾ। ਮੈਨੂੰ ਉਹਨਾਂ ਦੀ ਉਦਾਰਤਾ ਅੱਗੇ ਝੁਕਣਾ ਪਿਆ, ਕਿਉਂਕਿ ਜੇਕਰ ਨਾਮਧਾਰੀਆਂ ਦਾ ਸ਼ਾਨਦਾਰ ਕੰਮ ਤੇ ਲੰਗਰ ਨਾਂ ਹੁੰਦਾ ਤਾਂ ਬੇਤਾਜ ਬਾਦਸ਼ਾਹ ਦੇ ਹੁਕਮ ਕਾਰਨ ਉਥੇ ਕਿਸੇ ਸਿੱਖ ਦੀ ਸ਼ਕਲ ਨਹੀਂ ਸੀ ਦਿਸਣੀ ਤੇ ਤਮਾਮ ਹਿੰਦੁਸਤਾਨ ਦੇ ਨੁਮਾਇੰਦੇ ਸਿਖਾਂ ਬਾਰੇ ਇਹੀ ਖਿਆਲ ਲੈ ਕੇ ਜਾਂਦੇ ਕਿ ਪੰਜਾਬ ਵਿਚ ਸਿੱਖ ਹੈਨ ਹੀ ਨਹੀਂ, ਜੇ ਕੋਈ ਹੈ ਵੀ ਤਾਂ ਉਹ ਰਾਜਨੀਤੀ ਦੇ ਮੈਦਾਨ ਵਿਚ ਸਰਕਾਰ ਤੋਂ ਡਰਦੇ ਨਹੀਂ ਆਏ। ਲੇਕਿਨ ਆਫ਼ਰੀਨ ਹੈ ਨਾਮਧਾਰੀ ਸੰਪਰਦਾਏ ਦੇ ਆਗੂ ਸ੍ਰੀਮਾਨ ਬਾਬਾ ਪਰਤਾਪ ਸਿੰਘ ਜੀ ਮਹਾਰਾਜ ਦੀ ਸੁਚੱਜੀ ਅਗਵਾਈ ਦੇ, ਜਿਨ੍ਹਾਂ ਨੇ ਸਿੱਖਾਂ ਉਤੇ ਲੱਗਣ ਵਾਲੇ ਧੱਬੇ ਤੋਂ ਸਾਨੂੰ ਬਚਾ ਲਿਆ ਸੀ।"[17]

ਮਾਤਾ ਜੀ ਪਾਸ ਨਾਮਧਾਰੀ ਇਤਿਹਾਸ ਦਾ ਅਤੁੱਟ ਭੰਡਾਰ ਸੀ ਇਸ ਲਈ ਸੰਤ ਇੰਦਰ ਸਿੰਘ ਚੱਕਰਵਰਤੀ, ਸੰਤ ਤਰਨ ਸਿੰਘ ਵਹਿਮੀ ਅਤੇ ਹੋਰ ਅਨੇਕ ਲੇਖਕ ਇਸ ਸਬੰਧ ਵਿੱਚ ਆਪ ਦੀ ਯਾਦਦਾਸ਼ਤ ਤੋਂ ਲਾਭਵੰਤ ਹੁੰਦੇ ਰਹੇ। ਮਾਤਾ ਜੀ ਦੇ ਨਾਲ ਕੀਤੀ ਇਕ ਮੁਲਾਕਾਤ ਦੇ ਅਧਾਰ ਤੇ ਅਵਤਾਰ ਸਿੰਘ "ਅਜ਼ਾਦ" ਲਿਖਦੇ ਹਨ– "ਮਾਲੇਰ ਕੋਟਲੇ ਦੀ ਘਟਨਾ ਦਾ ਜ਼ਿਕਰ ਕਰਦਿਆਂ ਹੋਇਆਂ ਸ੍ਰੀ ਮਾਤਾ ਜੀ ਨੇ ਦੱਸਿਆ ਕਿ "ਕੁਕਾਰੇ ਦਾ ਭਾਈ ਹਜ਼ਾਰਾ ਸਿੰਘ ਅਤੇ ਹੰਡਾਏ ਦੀ ਮਾਈ ਮਸਤਾਨੀ ਜਿਸਦਾ ਨਾਮ ਇੰਦ ਕੌਰ ਸੀ, ਉਹਨਾਂ ਨੇ ਸ਼ਹੀਦਾਂ ਦਾ ਸ਼ਹੀਦੀ ਸਾਕਾ ਆਪਣੀ ਅਖੀਂ ਵੇਖਿਆ

ਸੀ। ਉਹਨਾਂ ਦੀ ਜ਼ਬਾਨੀ ਮਾਲੂਮ ਹੋਇਆ ਹੈ ਕਿ ਜਦੋਂ ਨਾਮਧਾਰੀ ਸ਼ਹੀਦਾਂ ਨੂੰ ਤੋਪਾਂ ਦੇ ਸਨਮੁਖ ਜੂਝਣ ਦਾ ਹੁਕਮ ਹੋਇਆ, ਤਾਂ ਸਭ ਨੂੰ ਸ਼ਹੀਦੀਆਂ ਦਾ ਚਾਅ ਚੜ੍ਹ ਗਿਆ। ਉਹ ਇਕ ਦੂਜੇ ਤੋਂ ਕਾਹਲੇ ਹੋ ਕੇ ਤੋਪਾਂ ਦੇ ਸਾਹਮਣੇ ਆਉਂਦੇ ਸਨ ਤੇ ਕਿਸੇ ਦੇ ਮਨ ਵਿਚ ਰਤੀ ਜਿੰਨ੍ਹਾਂ ਵੀ ਖੌਫ ਨਹੀਂ ਸੀ। ਸ਼ਹੀਦਾਂ ਨੂੰ ਤੋਪਾਂ ਨਾਲ ਜਕੜਿਆਂ ਨਹੀਂ ਸੀ ਗਿਆ, ਬਲਕਿ ਉਹ ਤਾਂ ਹੱਸਦੇ ਹੱਸਦੇ ਤੋਪਾਂ ਦੇ ਸਾਹਮਣੇ ਖਲੋ ਜਾਂਦੇ ਸਨ। ਮਾਈਆਂ ਜੋ ਸ਼ਹੀਦਾਂ ਦੇ ਨਾਲ ਸਨ, ਉਹਨਾਂ ਨੇ ਵੀ ਸ਼ਹੀਦ ਹੋਣ ਲਈ ਕਿਹਾ ਸੀ, ਪਰ ਗੋਰੇ ਨੇ ਉਹਨਾਂ ਨੂੰ ਛੱਡ ਦਿੱਤਾ। ਤੋਪਾਂ ਚਲਾਉਣ ਵਾਲੇ ਸਿਪਾਹੀ ਰਿਆਸਤ ਪਟਿਆਲਾ ਦੇ ਸਨ।" ਮਾਤਾ ਜੀ ਦਾ ਕਥਨ ਹੈ ਕਿ- "ਜਿਤਨੇ ਸਿਪਾਹੀਆਂ ਨੇ ਤੋਪਾਂ ਚਲਾਈਆਂ, ਉਹਨਾਂ ਵਿਚੋਂ ਕੁਝ ਐਸੇ ਸਨ, ਜੋ ਮੈਨੂੰ ਪਟਿਆਲੇ ਮਿਲੇ। ਉਹ ਆਪਣੀ ਜ਼ਬਾਨੀ ਕਹਿੰਦੇ ਸਨ ਕਿ ਅਸੀਂ ਉਹ ਪਾਪੀ ਹਾਂ, ਜਿਨ੍ਹਾਂ ਨੇ ਜ਼ਾਲਮ ਪੇਟ ਦੀ ਖਾਤਰ, ਨਿਰਦੋਸ਼, ਭਜਨ ਮੂਰਤ, ਮਾਸੂਮ ਅਤੇ ਧਰਮੀ ਸੰਤਾਂ ਨੂੰ ਤੋਪਾਂ ਨਾਲ ਉਡਾਇਆ। ਹਾਇ! ਸਾਡਾ ਕਿਸ ਜੁਗ ਭਲਾ ਹੋਵੇਗਾ?"[18]

ਮਾਤਾ ਜੀ ਸਤਿਗੁਰੂ ਜੀ ਵੱਲੋਂ ਡੰਨੇ ਗਏ ਸਿੱਖਾਂ ਦੀ ਬਖ਼ਸ਼ਬੰਦੀ ਲਈ ਵੀ ਹਮੇਸ਼ਾ ਤਤਪਰ ਰਹਿੰਦੇ। ਫਰੀਦ ਜੀ ਦਾ ਇਹ ਸ਼ਲੋਕ ਉਹਨਾਂ ਤੇ ਅੱਖਰ ਅੱਖਰ ਢੁੱਕਦਾ ਸੀ-

ਫਰੀਦਾ ਬੁਰੇ ਦਾ ਭਲਾ ਕਰ ਗੁਸਾ ਮਨ ਨ ਹਢਾਇ॥
ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ॥
-ਸ੍ਰੀ ਆਦਿ ਗੁਰੂ ਗ੍ਰੰਥ ਸਾਹਿਬ ਜੀ (ਪੰਨਾ 1381)

ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਉਪਦੇਸ਼ਾਂ ਵਿਚ ਮਾਤਾ ਜੀ ਦਾ ਇਕ ਬਚਨ ਮਿਲਦਾ ਹੈ ਨਰਾਇਣ ਸਿੰਘ ਰੋਡਿਆਂ ਵਾਲੇ ਦੀ ਮਾਰਫਤ ਜੋ ਜਨਵਰੀ 1881 ਈ. ਵਿਚ, ਮਰਗੋਈ ਵਿਖੇ ਸਤਿਗੁਰੂ ਰਾਮ ਸਿੰਘ ਜੀ ਦੇ ਪੰਜਾਬ ਵਿੱਚੋਂ ਮੀਹਾਂ ਸਿੰਘ ਸਰਹਾਲੀ ਨਾਲ ਜਾ ਕੇ ਦਰਸ਼ਨ ਕਰਨ ਵਾਲੇ ਆਖਰੀ ਕੂਕੇ ਸਿੰਘ ਸਨ-

ਇਕ ਵੇਰ ਗੁਰਦੁਵਾਰੇ ਭੈਣੀ ਸਾਹਿਬ, ਸੁਖਈ ਸਿੰਘ ਸਨ-ਸਾਡੇ ਰਹਿੰਦੇ-ਇੱਕ ਦੋ, ਮਾਤਾ ਜੀ ਨੂੰ ਉਹਨਾਂ ਕੁਛ ਬਚਨ ਬਿਲਾਸ ਵੱਧ-ਘੱਟ ਕਹੇ। ਇਕ ਬਾਬਾ ਨਰੈਣ ਸਿੰਘ ਜੀ ਉਥੇ ਸਨ, ਜਿਨ੍ਹਾਂ ਨੇ ਸਤਿਗੁਰਾਂ ਦਾ ਦਰਸ਼ਨ ਆ ਕੇ ਕੀਤਾ ਜਿਸ ਤੋਂ ਬਾਅਦ ਫੇਰ ਸਿੰਘਾਂ ਨੂੰ ਇੱਥੇ ਦਰਸ਼ਨ ਨਹੀਂ ਹੋਇਆ। ਉਹ ਮਾਤਾ ਜੀ ਨਾਲ ਆਪਣੇ ਕੁਝ ਹੱਡ ਚੰਮ ਦੇ ਹਿਸਾਬ ਨਾਲ-ਉਹ ਗਿੱਲ ਸਨ, ਮਾਤਾ ਜੀ ਦੇ ਨਾਨਕੇ ਗਿੱਲ ਸਨ, ਉਹ ਇਸ ਗੱਲ ਦਾ ਕੁਛ ਪਿਆਰ ਵੀ ਕਰਦੇ ਸੀ। ਉਹਨਾਂ ਨੇ ਗੁਰੂ ਹਰੀ ਸਿੰਘ ਜੀ ਨੂੰ ਜਾ ਕੇ ਆਖਿਆ ਕਿ ਮਹਾਰਾਜ, ਉਨ੍ਹਾਂ ਸੁਖੱਈਆਂ ਨੇ ਮਾਈ ਜੀ ਨੂੰ ਗਾਲ੍ਹਾਂ ਕੱਢੀਆਂ ਹਨ। ਉਹਨਾਂ ਸਿੱਖਾਂ ਨੂੰ ਸਜ਼ਾ ਮਿਲਣੀ ਚਾਹੀਦੀ ਹੈ।

ਮਹਾਰਾਜ ਮਾਈ ਜੀ ਨੂੰ ਸੱਦ ਕੇ ਕਹਿੰਦੇ ਹਨ, "ਜਿਊਣ ਕੌਰੇ, ਉਨ੍ਹਾਂ ਨੂੰ ਰਸਦ ਨਹੀਂ ਦੇਣੀ ਸੁਖਈਆਂ ਨੂੰ।"

ਕਹਿਣ ਲੱਗੇ, " ਕੀ ਗੱਲ ਜੀ!"

ਅਖੇ, "ਆਹ ਗੱਲ।"

"ਨਹੀਂ ਮਹਾਰਾਜ, ਇਨ੍ਹਾਂ ਨੂੰ ਪਤਾ ਨਹੀਂ-ਨਰੈਣ ਸਿੰਘ ਹੁਰਾਂ ਨੂੰ ਲੱਗਿਆ, ਉਹ ਤਾਂ ਹੋਰ ਆਦਮੀ ਆਏ ਸਨ, ਜਿਹੜੇ ਉੱਥੋਂ ਦੀ ਲੰਘਦੇ ਸੀ, ਉਹਨਾਂ ਨੂੰ ਗਾਲ੍ਹਾਂ ਕੱਢਦੇ ਸੀ।"

"ਬੁਰੇ ਨਾਲ ਜੋ ਨੇਕੀ ਕਰਨੀ ਇਹ ਗੁਰੂ ਨਾਨਕ ਜਾਣੇ"-ਇਹ ਚੀਜ਼ ਬੜੀ ਵੱਡੀ ਹੈ ਪਰ ਜਿਹਦੇ ਉਤੇ ਕਿਰਪਾ ਕਰ ਦੇਵੇ ਤਾਂ ਹੋ ਸਕਦੀ ਹੈ, ਹਰ ਇਕ ਆਦਮੀ ਨਹੀਂ ਕਰ ਸਕਦਾ।[19]

ਸਤਿਗੁਰੂ ਰਾਮ ਸਿੰਘ ਜੀ ਦੇ ਇਕ ਹੁਕਮਨਾਮੇ ਵਿਚ ਦੂੰਦ ਜਾਂ ਭਾਣੇ ਦਾ ਸਮਾਂ ਰਵਾਲਸਰ ਪਹਾੜਾਂ ਵਿਚ ਜਾਂ ਸੁਹਾਵਾ ਸਾਹਿਬ (ਰਿਆਸਤ ਬੀਕਾਨੇਰ) ਵਿਚ ਕੱਟ ਲੈਣ ਦੀ ਆਪਣੇ ਸਿੱਖਾਂ ਨੂੰ ਹਦਾਇਤ ਕੀਤੀ ਗਈ ਸੀ। ਭਾਣੇ ਦਾ ਨਾਮਧਾਰੀ ਮਨਾਉਤ ਅਨੁਸਾਰ ਸੰਕਲਪ ਕੁਝ ਇਸ ਤਰ੍ਹਾਂ ਸੀ- ਕਿ "ਇਕ ਭਾਣਾ ਵਰਤਣਾ ਹੈ, ਰੂਸ ਨੇ ਆਉਣਾ ਏ, ਓਦੋਂ ਹੀ ਸਤਿਗੁਰੂ ਰਾਮ ਸਿੰਘ ਨੇ ਪਰਦੇਸਾਂ ਤੋਂ ਮੁੜਨਾ ਏ, ਉਸ ਭਾਣੇ ਵਿਚ ਮਾਵਾਂ ਨੇ ਪੁੱਤ ਨਹੀਂ ਸੰਭਾਲਣੇ, ਬੜੀ ਤਬਾਹੀ ਮਚਣੀ ਏ ਤੇ ਉਸ ਭਾਣੇ ਤੋਂ ਓਹੋ ਬਚੇਗਾ ਜਿਹੜਾ ਰਵਾਲਸਰ (ਜਾਂ ਸੁਹੇਵਾ ਸਾਹਿਬ) ਚਲਾ ਜਾਵੇਗਾ। ਬੜਾ ਭਾਰੀ ਯੁੱਧ ਹੋਵੇਗਾ[20]... ਸਤਿਗੁਰੂ ਪਰਤਾਪ ਸਿੰਘ ਜੀ ਇਸ ਸਮੇਂ ਰਵਾਲਸਰ ਪਹਾੜਾਂ ਵੱਲ ਜਾਣ ਦਾ ਇਰਾਦਾ ਰੱਖਦੇ ਸਨ ਪਰ ਮਾਤਾ ਜਿਊਣ ਕੌਰ ਜੀ ਦੀ ਇੱਛਾ ਇਹ ਸਮਾਂ ਸੁਹੇਵਾ ਸਾਹਿਬ ਵੱਲ ਕੱਟਣ ਦੀ ਸੀ। ਸੁਹੇਵਾ ਸਾਹਿਬ ਮਾਤਾ ਜੀ ਦੇ ਪੇਕਿਆਂ ਦੀ ਤਦੋਕੀ ਸਿਰਸਾ ਤਹਿਸੀਲ ਤੋਂ ਜ਼ਿਆਦਾ ਦੂਰ ਨਹੀਂ ਸੀ। ਇਸ ਲਈ 1939 ਵਿਚ ਜਦੋਂ ਦੂਜੀ ਸੰਸਾਰ ਜੰਗ ਛਿੜ ਪਈ ਤਾਂ ਰਾਮ ਵਿਓਗੀ ਨਾਮਧਾਰੀ ਸੰਗਤਾਂ ਨੂੰ, ਫਿਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਭਾਣੇ ਬਾਰੇ ਕੀਤੇ ਭਵਿਖ ਬਚਨ ਯਾਦ ਆਉਣ ਲੱਗੇ। ਮਾਤਾ ਜੀ ਨੇ ਇਸ ਸਮੇਂ ਸਤਿਗੁਰੂ ਜੀ ਪਾਸੋਂ ਸੁਹੇਵਾ ਸਾਹਿਬ ਦੇ ਸਮੀਪ ਵਰਤੀ ਸ਼ਹਿਰ ਨੌਹਰ ਵਿਖੇ ਕੁਝ ਸੰਗਤ ਸਮੇਤ ਰਹਿਣ ਲਈ ਪਰਵਾਨਗੀ ਲਈ।

ਮਾਤਾ ਜੀਵਨ ਕੌਰ ਜੀ 1940 ਈ. ਵਿਚ ਟਿੱਬੀ ਜੌੜਕੀਆਂ, 58 ਆਰ. ਬੀ., ਗੰਗਾ ਨਗਰ ਆਦਿ ਪਿੰਡਾਂ ਸ਼ਹਿਰਾਂ ਵਿਚ, ਸਿੱਖਾਂ ਨਾਲ ਦਰਸ਼ਨ ਮੇਲਾ ਕਰਕੇ, ਨੌਹਰ ਵਿਖੇ ਇਕ ਕਿਰਾਏ ਦੇ ਮਕਾਨ ਵਿਖੇ ਡੇਰਾ ਜਾ ਲਾਇਆ ਸੀ। ਉਸ ਸਮੇਂ ਦਾ ਇਕ ਪਰਸੰਗ "ਜੱਸ-ਜੀਵਨ" ਵਿਚ ਸੰਤ ਤਰਨ ਸਿੰਘ ਵਹਿਮੀ ਲਿਖਦੇ ਹਨ- "ਮਾਤਾ ਜੀ ਏਕ ਸਮੇਂ ਨੌਹਰੋਂ ਭੈਣੀ ਸਾਹਿਬ ਨੂੰ ਜਾਂਦੇ ਹਨੂਮਾਨਗੜ੍ਹ ਸਟੇਸ਼ਨ ਤੇ ਉਤਰੇ ਸੀ ਕਿਉਂਕਿ ਗੱਡੀ ਬਦਲਨੀ ਸੀ। ਸਿੱਖਾਂ ਸਟੇਸ਼ਨ ਮਾਸਟਰ ਜੀ ਨੂੰ ਜਾ ਕਿਹਾ, ਸਾਡੇ ਮਾਤਾ ਜੀ ਆਏ ਹਨ। ਉਸ ਨੇ ਆ ਚਰਨਾਂ ਤੇ ਨਮਸਕਾਰ ਕੀਤੀ ਤੇ ਅਰਜ਼ ਕੀਤੀ, ਮਾਤਾ ਜੀ ਆਪ ਦਾ ਧਰਮ ਕੀ ਹੈ ? ਮਾਤਾ ਜੀ ਉਤਰ ਦਿੱਤਾ, 'ਬੀਰਾ ! ਦਰ ਆਏ ਦਾ ਆਦਰ ਤੇ ਸੇਵਾ ਤੇ ਰਾਮ ਦਾ ਨਾਮ ਜਪਣਾ। ਮਾਲਾ ਤੇ ਸੇਵਾ ਸਾਨੂੰ ਸਤਿਗੁਰੂ ਰਾਮ ਸਿੰਘ ਜੀ ਨੇ ਇਹ ਪਕੀ ਕੀਤੀ ਹੈ ਤੇ ਇਹੋ ਸਾਡਾ ਧਰਮ ਹੈ।"[21]

ਇਸ ਸਮੇਂ ਟਿੱਬੀ ਸ੍ਰ. ਤਾਰਾ ਸਿੰਘ ਦੀ ਢਾਣੀ ਵਿਚ ਸੰਤ ਆਲਾ ਸਿੰਘ ਵਰਨ ਜੀ ਨੇ ਆਪਣੇ ਸੰਗੀਆਂ ਸਮੇਤ ਡੇਰਾ ਲਾਇਆ ਸੀ। ਮਾਤਾ ਜੀ ਦੇ ਨੌਹਰ ਰਹਿਣ ਕਾਰਨ

ਹੋਰ ਬਹੁਤ ਸਾਰੇ ਸਿੰਘ ਵੀ ਨੌਹਰ ਆ ਵੱਸੇ ਸਨ। ਇਹਨਾਂ ਵਿਚੋਂ ਕੁਝ ਕੁ ਨਾਮ ਸਨ- ਸੂਬਾ ਮਸਤਾਨ ਸਿੰਘ ਰਾਇਸਰ, ਸਾਧੂ ਸਿੰਘ ਛੰਨਾ, ਲਾਲ ਸਿੰਘ, ਇੰਦਰ ਸਿੰਘ ਰੋਡੇ, ਦੇਵਾ ਸਿੰਘ, ਸੰਤਾ ਸਿੰਘ, ਕੇਹਰ ਸਿੰਘ ਬਾਜਾਖਾਨਾ, ਹਰੀ ਸਿੰਘ ਦੂਹੇ ਵਾਲਾ, ਅਰਜਨ ਸਿੰਘ ਗੱਜਣ ਸਿੰਘ ਬੋਪਾ ਰਾਇ, ਠਾਕੁਰ ਸਿੰਘ ਲੋਹਟਬੱਦੀ, ਹਰੀ ਸਿੰਘ ਰਵਿਦਾਸੀਆ ਕਾਲੇ ਵਾਲੇ, ਅਰੂੜ ਸਿੰਘ ਭਦੌੜ, ਹਰਨਾਮ ਸਿੰਘ ਟੇਹੀ, ਸੋਹਣ ਸਿੰਘ ਹੀਰਾ ਸਿੰਘ ਦੇ ਕੋਟ ਦਾ, ਸਰਦਾਰਾ ਸਿੰਘ ਪੱਸੀਆਂ ਵਾਲਾ, ਕਰਮ ਸਿੰਘ, ਡੱਫਰਕੇ ਆਦਿਕ। ਦੀਵਾਨ, ਕਥਾ, ਨਾਮ ਸਿਮਰਨ ਸੰਗਤ ਮਿਲ ਕੇ ਕਰਦੀ ਸੀ ਤੇ ਲੰਗਰ ਮਾਤਾ ਜੀ ਵਲੋਂ ਚੱਲਦਾ ਸੀ।[22]

ਮਾਤਾ ਜੀ ਦੇ ਪਾਸ ਉਹਨਾਂ ਦੇ ਭਾਈ ਚੂਹੜ ਸਿੰਘ ਦਾ ਇਕਲੌਤਾ ਪੁੱਤਰ ਦਿਆਲ ਸਿੰਘ ਵੀ ਨੌਹਰ ਹੀ ਰਹਿੰਦਾ ਰਿਹਾ। ਇਹ ਆਪਣੇ ਇਲਾਕੇ ਦਾ ਚੰਗਾ ਤੁਰਨੇ ਸਿਰ ਮਾਨਿਆ ਸਤਿਕਾਰਿਆ ਸਿੰਘ ਸੀ। ਹਿਸਾਰ ਡਿਸਟਰਿਕਟ ਬੋਰਡ ਦਾ ਮੈਂਬਰ ਵੀ ਸੀ। ਇਹ ਅਸੁਅਸਥ ਹੋ ਕੇ ਨੌਹਰ ਵਿਖੇ ਹੀ ਚੱਲ ਵਸਿਆ ਸੀ। ਉਹਨਾਂ ਨਮਿੱਤ ਸਾਉਣ ਚੜ੍ਹੇ 1942 ਈ. ਵਿਚ ਥਰਾਜ ਪਿੰਡ ਵਿਖੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਹਜ਼ੂਰੀ ਵਿਚ ਹੀ ਭੋਗ ਪਿਆ ਸੀ। ਅਗਲੇ ਵਰ੍ਹੇ 1943 ਈ. ਵਿਚ ਮਾਘ ਚੜ੍ਹੇ ਮਾਤਾ ਜੀ ਨੇ ਨੌਹਰ ਤੋਂ ਸੁਹਾਵਾ ਸਾਹਿਬ ਜਾ ਕੇ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿੱਤ ਪੰਜ ਅਖੰਡ ਪਾਠ ਕਰਵਾਏ ਜਿਹਨਾਂ ਦਾ ਭੋਗ 6 ਮਾਘ ਨੂੰ ਪਿਆ। ਨੌਹਰ ਪੜਾਅ ਸਮੇਂ ਆਸ ਪਾਸ ਦੇ ਅਨੇਕ ਲੋੜਵੰਦ ਮਾਤਾ ਜੀ ਪਾਸ ਆ ਕੇ ਉਦਰ ਪੂਰਤੀ ਕਰਦੇ। ਇਹਨਾਂ ਅਖੰਡ ਪਾਠਾਂ ਤੋਂ ਬਾਅਦ ਮਾਤਾ ਜੀ ਦਾ ਸਰੀਰ ਢਿੱਲਾ ਰਹਿਣ ਲੱਗ ਪਿਆ। ਸਤਿਗੁਰੂ ਜੀ ਉਹਨਾਂ ਨੂੰ ਨੌਹਰੋਂ ਸ੍ਰੀ ਭੈਣੀ ਸਾਹਿਬ ਲੈ ਆਏ। ਸਾਧ ਸੰਗਤ ਮਾਤਾ ਜੀ ਨਮਿੱਤ ਭਜਨ ਬੰਦਗੀ ਕਰਦੀ ਰਹੀ। 30 ਫੱਗਣ 1999 ਬਿ. (1943 ਈ.) ਦਾ ਸਾਰਾ ਦਿਨ ਸਤਿਗੁਰੂ ਜੀ ਮਾਤਾ ਜੀ ਪਾਸ ਹੀ ਰਹੇ ਅਤੇ ਰਾਤ ਦੇ ਨੌਂ ਵਜੇ ਮਾਤਾ ਜੀ ਦਾ ਸਰੀਰ ਸ਼ਾਂਤ ਹੋ ਗਿਆ। ਅਗਲੇ ਦਿਨ ਬਾਬਾ ਜਗਜੀਤ ਸਿੰਘ ਜੀ, ਬਾਬਾ ਬੀਰ ਸਿੰਘ ਜੀ ਅਤੇ ਮਹਾਰਾਜ ਨਿਹਾਲ ਸਿੰਘ ਜੀ ਦੇ ਸਪੁੱਤਰਾਂ ਸ਼ਮਸ਼ੇਰ ਸਿੰਘ ਜੀ ਤੇ ਬਸ਼ੇਸ਼ਰ ਸਿੰਘ ਜੀ, ਮਾਤਾ ਜੀ ਦੇ ਚਹੁੰਆਂ ਪੋਤਰਿਆਂ ਨੇ ਆਪ ਦਾ ਬਬਾਨ ਚੁੱਕਿਆ। ਸਸਕਾਰ ਤੇ ਸਤਿਗੁਰੂ ਪਰਤਾਪ ਸਿੰਘ ਜੀ ਸ਼ਬਦ ਪੜ੍ਹਦੇ ਗਏ-

ਦੇਹੁ ਸਜਣ ਅਸੀਸੜੀਆ ਜਿਉ ਹੋਵੈ ਸਾਹਿਬ ਸਿਉ ਮੇਲ॥

ਇਸ ਵਰ੍ਹੇ ਦਾ ਹੋਲਾ ਮਹੱਲਾ ਸ੍ਰੀ ਭੈਣੀ ਸਾਹਿਬ ਹੀ ਸੀ। ਮਾਤਾ ਜੀ ਦੇ ਅਕਾਲ ਚਲਾਣੇ ਦੇ 225 ਪਾਠਾਂ ਦੇ ਭੋਗ, 11 ਚੇਤ ਨੂੰ ਸ੍ਰੀ ਭੈਣੀ ਸਾਹਿਬ ਵਿਖੇ ਪਏ। ਅਗਲੇ ਦਿਨ ਆਸਾ ਦੀ ਵਾਰ ਦੇ ਭੋਗ ਤੋਂ ਬਾਅਦ ਮਾਤਾ ਜੀ ਦੀ ਯਾਦ ਵਿਚ ਕੁਝ ਵਖਿਆਨ ਵੀ ਹੋਏ।[23]

ਮਾਤਾ ਜੀ ਦਾ ਅਤਿਥੀ ਸਤਕਾਰ ਮਿਸਾਲੀ ਸੀ। ਡੇਰਾ ਭੈਣੀ ਸਾਹਿਬ ਵਿਚ ਆਉਣ ਵਾਲਾ ਸਧਾਰਨ ਕਿਰਤੀ ਹੋਵੇ, ਸਰਕਾਰ ਦੀਆਂ ਲਿਖਤਾਂ ਵਿਚ ਮਫਰੂਰ ਕੋਈ

ਜੁੱਗ ਗਰਦ ਹੋਵੇ ਜਾਂ ਫਰਵਰੀ 1939 ਈ. ਵਿਚ ਇੱਥੇ ਆਉਣ ਵਾਲਾ ਭਾਰਤ ਦਾ ਕੌਮੀ ਆਗੂ, ਪੰਡਿਤ ਜਵਾਹਰ ਲਾਲ ਨਹਿਰੂ, ਮਾਤਾ ਜੀ ਗੁਰੂ ਕੇ ਲੰਗਰ ਨੂੰ ਸਦਾ ਇਕ ਰਸ ਵਰਤਾਉਂਦੇ। ਪੰਡਿਤ ਜਵਾਹਰ ਲਾਲ ਨਹਿਰੂ ਨੇ ਜਦੋਂ ਮਾਤਾ ਜੀ ਦੀ ਜ਼ੁਬਾਨੀ, ਨਾਮਧਾਰੀ ਸਿੰਘਾਂ ਦੀਆਂ ਸ਼ਹੀਦੀਆਂ, ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਦੇਸ ਗਮਨ ਸਾਕਾ ਅਤੇ ਗੁਰੂ ਹਰੀ ਸਿੰਘ ਜੀ ਦੇ ਸਮੇਂ ਪੁਲੀਸ ਚੌਂਕੀ ਦੀਆਂ ਸਖਤੀਆਂ ਬਾਰੇ ਹਿਰਦੇ ਵੇਧਕ ਘਟਨਾਵਾਂ ਦੇ ਬਿਆਨ ਸੁਣੇ ਤਾਂ ਉਹਨਾਂ ਦੀਆਂ ਅੱਖਾਂ ਨਮ ਹੋ ਗਈਆਂ। ਭੈਣੀ ਸਾਹਿਬ ਦੇ ਆਲੇ ਦੁਆਲੇ ਦੇ ਪਿੰਡਾਂ ਦੇ ਬਹੁਤ ਸਾਰੇ ਲੋੜਵੰਦ ਉਹਨਾਂ ਤੋਂ ਗਰਜ਼ਾਂ ਸਾਰਦੇ ਸਨ। ਤਦੋਂਕੇ ਸੰਪਾਦਿਕ ਸਤਿਜੁਗ ਸੰਤ ਮੰਗਲ ਸਿੰਘ 'ਲਾਇਲਪੁਰੀ' ਇਕ ਲੇਖ ਵਿਚ ਲਿਖਦੇ ਹਨ, "ਲੋੜਵੰਦਾਂ ਲਈ ਤਾਂ ਉਹ ਸ਼ਾਖਸਾਤ ਅਕਾਲਪੁਰਖ ਸਨ। ਭੈਣੀ ਸਾਹਿਬ ਦੇ ਵੀਹਾਂ ਵੀਹਾਂ ਕੋਹਾਂ ਤਕ ਗਰੀਬ ਗੁਰਬੇ ਨੂੰ ਕਦੀ ਫਿਕਰ ਨਹੀਂ ਸੀ ਹੋਇਆ ਕਿ ਜਦੋਂ ਉਹਨਾਂ ਦੇ ਦਾਣੇ ਮੁੱਕ ਜਾਣਗੇ ਉਹ ਕਿੱਥੋਂ ਲਿਆਉਣਗੇ। ਫੱਗਣ ਚੇਤ ਵਿਚ ਪੰਡਾਂ ਦੀਆਂ ਪੰਡਾਂ ਲੋਕੀਂ ਮਾਤਾ ਜੀ ਪਾਸੋਂ ਲਈ ਜਾਂਦੇ ਸਨ। ਵਹੀਰਾਂ ਦੀਆਂ ਵਹੀਰਾਂ ਗਰੀਬ ਗੁਰਬਾ ਪ੍ਰਸ਼ਾਦ ਪਾਣੀ ਛਕੀ ਜਾਂਦੇ ਸਨ ਤੇ ਨਾਲੇ ਦਾਣੇ ਲਈ ਜਾਂਦੇ ਸਨ। ਜਦੋਂ ਜੇਠ ਹਾੜ ਵਿਚ ਲੋਕੀਂ ਦਾਣੇ ਵਾਪਸ ਦੇਣ ਆਉਣ ਮਾਤਾ ਜੀ ਕਦੀ ਇਕ ਦਾਣਾ ਵੀ ਵਾਧੂ ਨਾ ਲੈਂਦੇ ਸਗੋਂ ਚੰਗਾ ਰਜਾ ਪੁਜਾ ਕੇ ਉਹਨਾਂ ਨੂੰ ਵਿਦਿਆ ਕਰਦੇ। ਲੋਕੀਂ ਹੈਰਾਨ ਸਨ ਕਿ ਦੁਨੀਆਂ ਵਾਲੇ ਸ਼ਾਹ ਤਾਂ ਇਕ ਵਾਰ ਥੱਲੇ ਫਸੇ ਨੂੰ ਉਮਰ ਭਰ ਨਿਕਲਣ ਨਹੀਂ ਦਿੰਦੇ, ਇਹ ਤਾਂ ਅਨੋਖੇ ਸ਼ਾਹ ਹਨ, ਨਾਲੇ ਆਇਆਂ ਦੀ ਸੇਵਾ ਵੀ ਕਰਦੇ ਹਨ ਨਾਲੇ ਸਾਡੇ ਬਾਲ ਬੱਚੇ ਦਾ ਪੇਟ ਪਾਲਦੇ ਹਨ। ਮਾਤਾ ਜੀ ਦੇ ਸੁਰਗਵਾਸ ਹੋਣ ਤੇ ਜਿੰਨਾਂ ਇਹ ਲੋਕ ਰੋਏ ਸਨ, ਉਤਨਾਂ ਸ਼ਾਇਦ ਕੂਕਿਆਂ ਨੂੰ ਵੀ ਮਹਿਸੂਸ ਨਾ ਹੋਇਆ ਹੋਵੇ।"[24]

ਮਾਤਾ ਜੀ ਸੁਆਲੀਆਂ ਲਈ ਤਾਂ ਰਾਜੇ ਕਰਨ ਤੋਂ ਵੀ ਵੱਧ ਉਦਾਰ ਸਨ। ਸਵਾਲ ਕਰਨ ਵਾਲੇ ਨੂੰ ਹਮੇਸ਼ਾ ਉਸ ਦੀ ਲੋੜ ਤੋਂ ਸੁਆਇਆ ਡੂਢਾ ਦੇਣਾਂ। ਜੇ ਕਿਸੇ ਇਕ ਕੰਬਲ ਮੰਗਣਾ ਤਾਂ ਦੋ ਦੇਣੇ। ਜੇ ਕਿਸੇ ਗੜਵਾ ਮੰਗਣਾ ਤਾਂ ਉਹਨੂੰ ਗੜਵਾ ਦੇ ਕੇ ਕਹਿਣਾ ਪਊਏ ਵੀ ਲੈਂਦਾ ਜਾ। ਆਪ ਨੇ ਬਿਨਾਂ ਤੱਕੜੀ ਤੋਂ ਪਦਾਰਥ ਅਮਿਣਵਾਂ ਵੰਡਣਾ। ਮਾਤਾ ਜੀ ਕਿਹਾ ਕਰਦੇ ਸਨ ਕਿ ਇਹ ਬਰਕਤ ਗੁਰੂ ਹਰੀ ਸਿੰਘ ਜੀ ਦੀ ਬਖਸ਼ੀ ਹੋਈ ਸੀ। ਉਹਨਾਂ ਕਹਿਣਾ– "ਜਿਊਣ ਕੌਰੇ ਹੱਥ ਤੇਰਾ ਤੇ ਖੀਸਾ ਮੇਰਾ" ਜਿਤਨਾ ਰੱਜ ਕੇ ਵੰਡੇਗੀ ਉਤਨਾ ਹੀ ਪਦਾਰਥ ਆਈ ਜਾਏਗਾ।

ਮਾਤਾ ਜੀ ਪਾਸੋਂ ਸੁਣੇ ਬਚਨਾਂ, ਸਾਖੀਆਂ ਅਤੇ ਸ਼ੁਭ ਸਿਖਿਆਵਾਂ ਦੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਉਪਦੇਸ਼ਾਂ ਵਿਚ ਵਾਰ ਵਾਰ ਚਰਚਾ ਹੁੰਦੀ ਹੈ। ਇਹਨਾਂ ਵਿਚ ਮਾਤਾ ਜੀ ਦੇ ਕਮਾਏ ਹੋਏ ਜੀਵਨ ਦਾ ਸਾਰ ਬੋਲਦਾ ਸੀ। ਇਹਨਾਂ ਤੇ ਅਮਲ ਕਰਕੇ ਸਫਲ ਮਨੁੱਖਾ ਜੀਵਨ ਬਿਤਾਇਆ ਜਾ ਸਕਦਾ ਸੀ। ਸਤਿਗੁਰੂ ਜੀ ਦੇ ਉਪਦੇਸ਼ ਵਿਚ ਦਰਜ ਹੈ–

"ਅਰਦਾਸ ਕਰੋ। ਮਾਤਾ (ਜਿਊਣ ਕੌਰ) ਜੀ ਇਕ ਸਾਖੀ ਸੁਣਾਉਂਦੇ। ਇਕ ਰਾਜੇ

ਨੇ ਇਹ ਪ੍ਰਣ ਧਾਰ ਲਿਆ ਕਿ ਕੋਈ ਚੀਜ਼ ਉਹ ਦੇ ਸ਼ਹਿਰ 'ਚ ਜਿਹੜੀ ਵਿਕਣੀ ਆਵੇ, ਜਦੋਂ ਕੋਈ ਨਾਂ ਖਰੀਦੇ ਤਾਂ ਰਾਜਾ ਮਗਰੋਂ ਉਹਦੇ ਪੈਸੇ ਓਨੇ ਦੇ ਦੇਵੇ ਜਿੰਨੇ ਦੀ ਉਹ ਹੋਵੇ ਤੇ ਉਸਨੂੰ ਉਹ ਲੈ ਲਵੇ। ਕਰਦਿਆਂ ਕਰਦਿਆਂ ਇਕ ਦਿਨ ਹੋਣੀ ਕਹੋ-ਭਾਵੀ, ਵਿਕਣੀ ਆ ਗਈ। ਇਕ ਖੇਡ ਬਣਨਾ ਸੀ। ਭਾਈ ਹਰਨਾਮ ਸਿੰਘ ਜੀ ਇਕ ਚਾਰ ਸ਼ਬਦਾਂ ਦੀ ਜੋੜ ਕੇ ਗੱਲ ਸੁਣਾਉਂਦੇ ਸੀ-

ਮਾਇਆ ਕਹੇ ਮੈਂ ਸਭ ਤੋਂ ਵੱਡੀ,
ਮੈਨੂੰ ਖਲਕਤ ਸਿਜਦਾ ਕਰਦੀ।
ਸੂਰਤ ਕਹੇ ਮੈਂ ਸਭ ਤੋਂ ਵੱਡੀ,
ਮੈਨੂੰ ਖਲਕਤ ਨਿਉਂ ਨਿਉਂ ਚਲਦੀ।
ਅਕਲ ਕਹੇ ਮੈਂ ਸਭ ਤੋਂ ਵੱਡੀ, ਮੈਂ ਵਿਚ ਕਚਹਿਰੀ ਲੜਦੀ।
ਪਰ ਹੋਣੀ ਕਹੇ ਮੈਂ ਸਭ ਤੋਂ ਵੱਡੀ, ਮੈਂ ਜੋ ਚਾਹਾਂ ਸੋ ਕਰਦੀ।

ਆ ਗਈ ਭਾਵੀ ਵਿਕਣ। ਕੌਣ ਮੌਤ ਖਰੀਦੇ ? ਕਿਸੇ ਨੇ ਨਾਂ ਲਈ, ਰਾਜੇ ਨੇ ਲੈ ਲਈ ਕਿਉਂਕਿ ਉਹਨੇ ਧਰਮ ਬਣਾਇਆ ਹੋਇਆ ਸੀ। ਇਹ ਧਰਮ ਸੀ ਉਹਦਾ। ਲਗਿਆ ਪਦਾਰਥ ਦਾ ਨਾਸ, ਸਭ ਕਾਸੇ ਦਾ। ਹਰ ਚੀਜ਼ ਕੋਲੋਂ ਤੁਰ ਚੱਲੀ। ਧਰਮ ਜਦੋਂ ਤੁਰਨ ਲੱਗਿਆ ਤਾਂ ਬਾਹੋਂ ਫੜ ਲਿਆ। ਕਹਿੰਦਾ-ਕਿਉਂ ? ਕਹਿੰਦਾ ਤੇਰੇ ਖਾਤਰ ਤੇ ਸਭ ਕੁਛ ਕੀਤੈ, ਤੂੰ ਭੀ ਹੁਣ ਮੈਨੂੰ ਛੱਡ ਚੱਲਿਆ। ਜਿਸ ਵੇਲੇ ਧਰਮ ਰਹਿ ਗਿਆ ਤਾਂ ਮਾਤਾ ਜੀ ਕਹਿੰਦੇ-ਸਾਰੀਆਂ ਹੀ ਸੰਪਦਾ ਆ ਗਈਆਂ, ਕੋਈ ਸੰਪਦਾ ਪਿਛੇ ਨਾ ਰਹੀ।"25

ਕੁਝ ਚੰਗੇ ਅਸੂਲਾਂ ਨੂੰ ਧਾਰਨ ਕਰਨਾ ਅਤੇ ਫਿਰ ਤਾਉਮਰ ਉਹਨਾਂ ਤੇ ਪਹਿਰਾ ਦੇਣਾ ਇਹੋ ਧਰਮ ਹੁੰਦਾ ਹੈ। ਮਾਤਾ ਜੀ ਇਕ ਸਰਬ-ਸਾਂਝੇ ਮਾਨਵ ਧਰਮ ਦੇ ਪੈਰੋਕਾਰ ਸਨ। ਸਬੂੰਹ ਪ੍ਰਾਣੀ ਮਾਤਰ ਦਾ ਭਲਾ ਲੋਚਦੇ ਸਨ। ਪਰਦੇਸ ਗਮਨ ਸਾਕੇ ਸਮੇਂ ਚੀਨੀ ਵਾਲੇ ਪਾਤਸ਼ਾਹ ਦੀ ਜਿਹੜੀ ਨੂਰਾਨੀ ਜੋਤ, ਉਹਨਾਂ ਆਪਣੇ ਨੈਣਾਂ ਵਿਚ ਸਮਾਈ, ਤਮਾਮ ਉਮਰ ਹਰ ਸੁਖ ਦੁਖ ਸਮ ਕਰਕੇ, ਹਰਖ ਸੋਗ, ਮਾਨ ਅਪਮਾਨ ਤੋਂ ਉਪਰ ਉਠ ਕੇ, ਉਸੇ ਜੋਤ ਦੀ ਲੋਅ ਵਿਚ, ਜੀਵਨ ਪੰਧ ਬਸਰ ਕੀਤਾ। ਉਹਨਾਂ ਦੀਆਂ ਲੋੜਾਂ ਬਹੁਤ ਸੀਮਿਤ ਸਨ। ਪਰਸ਼ਾਦਾ ਵੀ ਅੱਠੀ ਪਹਿਰੀਂ ਹੀ ਛਕਦੇ ਸਨ। ਸਾਰੀ ਉਮਰ ਖੱਦਰ ਦੇ ਜਾਂ ਦੇਸੀ ਬਸਤਰ ਪਹਿਨੇ। ਉਹਨਾਂ ਦੇ ਇਸ ਪਰਉਪਕਾਰੀ ਜੀਵਨ ਲਈ ਨਾਮਧਾਰੀ ਸਮੁਦਾਇ ਉਹਨਾਂ ਦਾ ਹਮੇਸ਼ਾ ਕਿਰਤੱਗ ਰਹੇਗਾ। ਇਲਾਕਾ ਜੀਵਨ ਨਗਰ ਵਿਚ ਦੇਸ਼ ਬਟਵਾਰੇ ਤੋਂ ਬਾਅਦ ਨਾਮਧਾਰੀ ਸੰਗਤਾਂ ਦਾ ਵੱਡੀ ਤਦਾਦ ਵਿੱਚ ਵੱਸਣਾ, ਮਾਤਾ ਜੀ ਦੀ ਸੋਚ ਦਾ ਨਤੀਜਾ ਸੀ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪਣੇ ਹੱਥੀਂ ਆਬਾਦ ਕੀਤੀ ਨਵੀਂ ਬਸਤੀ ਜੋ ਪਹਿਲਾਂ "ਚਚਾਲ ਕੋਠੀ" ਜਾਂ "ਚਚਾਲ ਕੋਟਲੀ" ਨਾਮ ਨਾਲ ਜਾਣੀ ਜਾਂਦੀ ਸੀ, ਦਾ "ਜੀਵਨ ਨਗਰ" ਨਾਮ ਰੱਖ ਕੇ, ਮਾਤਾ ਜੀ ਦੀ ਯਾਦ ਨੂੰ ਸਦੀਵੀ ਬਣਾ ਦਿੱਤਾ।

## ਹਵਾਲੇ ਤੇ ਟਿੱਪਣੀਆਂ


1. ਸੰਤ ਤਰਨ ਸਿੰਘ ਵਹਿਮੀ ਰਚਨਾਵਲੀ ਭਾਗ-1, ਗੁਰ ਬੰਸਾਵਲੀ ਅਤੇ ਸੰਤ ਸਾਖੀਆਂ, ਸੰ. ਸਾਧੂ ਸਿੰਘ ਕਿਸਾਨ, ਗੁਰਭੇਜ ਸਿੰਘ 'ਗੁਰਾਇਆ', 2014, ਆਰਸੀ ਪਬਲਿਸ਼ਰਜ਼ ਦਿੱਲੀ, ਸਫਾ 91
2. ਸਤਿਗੁਰੂ ਬਿਲਾਸ ਭਾਗ ਪਹਿਲਾ, ਸੰਤ ਸੰਤੋਖ ਸਿੰਘ ਬਾਹੋਵਾਲ (ਸੰ. ਜਸਵਿੰਦਰ ਸਿੰਘ), ਸਫਾ 391-92
3. ਉਹੀ, ਸਫਾ 408
4. ਉਹੀ, ਸਫਾ 396-97
5. ਉਹੀ, ਸਫਾ 398
6. ਸਤਿਗੁਰੂ ਬਿਲਾਸ ਭਾਗ ਦੂਜਾ, ਸੰਤੋਖ ਸਿੰਘ ਬਾਹੋਵਾਲ (ਸੰ. ਜਸਵਿੰਦਰ ਸਿੰਘ), ਸਫਾ 171
7. ਗੁਰੂ ਰਾਮ ਸਿੰਘ ਐਂਡ ਕੂਕਾ ਸਿੱਖਜ਼ ਭਾਗ 3, (ਸੰ. ਨਾਹਰ ਸਿੰਘ ਐਮ.ਏ.) ਸਫਾ 391-400
8. ਸਤਿਗੁਰੂ ਬਿਲਾਸ, ਭਾਗ ਦੂਜਾ, ਸਫਾ 171-72
9. ਸੰਤ ਤਰਨ ਸਿੰਘ ਵਹਿਮੀ ਰਚਨਾਵਲੀ ਭਾਗ-1, ਸਫਾ 94
10. ਸਤਿਗੁਰੂ ਬਿਲਾਸ, ਭਾਗ ਦੂਜਾ, ਸਫਾ 207
11. ਉਹੀ, ਸਫਾ 206
12. ਉਹੀ, ਸਫਾ 221-22
13. (ਕਿੱਸਾ) ਸੰਤ ਖਾਲਸਾ, 1958, ਦੂਜੀ ਐਡੀਸ਼ਨ ਕ੍ਰਿਤ ਹਰਨਾਮ ਸਿੰਘ ਬਗੁਲੀ ਕਲਾਂ, ਸਫਾ 66
14. ਉਹੀ, ਸਫਾ 70
15. ਸੰਤ ਤਰਨ ਸਿੰਘ ਵਹਿਮੀ ਰਚਨਾਵਲੀ ਭਾਗ-1, ਸਫਾ 95
16. ਮਹਾਂ ਨੂਰ, ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ, ਸੰ. ਪ੍ਰੀਤਮ ਸਿੰਘ ਆਰਸੀ, 1992, ਭੈਣੀ ਸਾਹਿਬ, ਹਰਵਿੰਦਰ ਸਿੰਘ 'ਹੰਸਪਾਲ' ਐਮ.ਪੀ. ਦੇ ਲੇਖ ਵਿਚੋਂ ਉਦਰਿਤ, ਸਫਾ 165
17. ਉਪਰੋਕਤ ਲੇਖ ਵਿਚ ਦੇਵਿੰਦਰ ਸਿੰਘ ਗਿਲ 'ਜੀਆ ਨੱਥਾ' ਦੀ ਸੰਪਾਦਿਤ "ਪਰਤਾਪ ਸਦਾ ਗੁਰ ਕਾ ਘਟਿ ਘਟਿ", ਪੰਨਾ 103, 104 ਵਿਚੋਂ ਉਦਰਿਤ, ਸਫਾ 165-66
18. ਸਤਿਜੁਗ, ਸ੍ਰੀ ਭੈਣੀ ਸਾਹਿਬ, ਬਸੰਤ ਅੰਕ, 12 ਮਾਘ 1995 ਬਿ. (ਮੁਤਾਬਿਕ ਜਨਵਰੀ 1939 ਈ.), ਨਾਮਧਾਰੀ ਇਤਿਹਾਸ ਦੇ ਕੁਝ ਪੱਤਰੇ, ਸ੍ਰੀ ਮਾਤਾ ਜੀਵਨ ਕੌਰ ਦੀ ਰਸਨਾ ਤੋਂ, ਅਵਤਾਰ ਸਿੰਘ "ਆਜ਼ਾਦ", ਸਫਾ 70

19. ਲਾਲ ਏਹਿ ਰਤਨ, ਉਪਦੇਸ਼ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਭਾਗ ਪਹਿਲਾ, (ਸੰ. ਪ੍ਰਿ. ਬੇਅੰਤ ਕੌਰ), ਸਫਾ 118
20. ਅਲਹ ਵਰਸਉ ਮੇਹੁ, ਅਮਰ ਭਾਰਤੀ, 1999, ਮਨ ਪ੍ਰੀਤ ਪ੍ਰਕਾਸ਼ਨ-ਦਿੱਲੀ-ਜਲੰਧਰ, ਸਫਾ 39
21. ਜੱਸ-ਜੀਵਨ, ਭਾਗ ਤੀਜਾ, ਸੰਤ ਤਰਨ ਸਿੰਘ ਵਹਿਮੀ, ਸਫਾ 100
22. ਉਹੀ, ਸਫਾ 101
23. ਉਹੀ 270-71
24. ਸਤਿਜੁਗ, ਮਾਸਿਕ ਜੇਠ 2013 ਬਿ. ਸ੍ਰੀ ਜੀਵਨ ਨਗਰ, ਸਫਾ 24
25. ਲਾਲ ਏਹਿ ਰਤਨ, ਭਾਗ 3, ਸਫਾ 391-92

## ਸੁਤੰਤਰਤਾ-ਸੰਗਰਾਮੀ, ਰਾਜ-ਜੋਗੀ,
# ਮਹਾਰਾਜ ਨਿਹਾਲ ਸਿੰਘ ਜੀ

"ਛੋਟੇ ਭਾਈ ਮਹਾਰਾਜ ਪ੍ਰਤਾਪ ਸਿੰਘ ਦੇ,
ਅਕਲ ਸ਼ਕਲ ਵਾਲੇ ਬਰਕਤਦਾਰ ਸਾਰੇ।
ਮਹਾਰਾਜ ਨਿਹਾਲ ਸਿੰਘ ਨਾਮ ਜਿਨਕਾ,
ਹੈਣ ਜਾਣਦੇ ਲੋਕ ਸੰਸਾਰ ਸਾਰੇ।
ਰਹਿੰਦੇ ਵਿਚ ਲਾਹੌਰ ਨੇ ਬਹੁਤ ਦਿਨ ਤੋਂ,
ਕਰਦੇ ਆਪਣਾ ਵਣਜ ਬਪਾਰ ਸਾਰੇ।
ਕਰਦੇ ਹੈਨ ਸੌਦਾਗਰੀ ਘੋੜਿਆਂ ਦੀ,
ਏਸੇ ਕੰਮ ਮੈਂ ਬਹੁਤ ਹੁਸ਼ਿਆਰ ਸਾਰੇ।
ਰਾਜ ਜੋਗ ਮਹਾਰਾਜ ਇਹ ਮਾਣਦੇ ਨੇ,
ਦਿਨ ਰਾਜਿਆਂ ਵਾਂਗ ਗੁਜਾਰ ਸਾਰੇ।
ਕੌਮੀ ਖਿਆਲ ਹਮਦਰਦ ਇਨਸਾਨ ਦੇ ਨੇ,
ਭਾਰਤ ਮਾਤਾ ਦੇ ਨਾਲ ਪਿਆਰ ਸਾਰੇ।
ਭਾਰਤ ਭੂਮ ਦੇ ਨਾਲ ਪਿਆਰ ਕਰਦੇ,
ਖੁਸ਼ੀ ਖੁਸ਼ੀ ਹੋਏ ਗ੍ਰਿਫਤਾਰ ਸਾਰੇ।
ਨੈਸ਼ਨਲ ਮਹਾਰਾਜ ਨਿਹਾਲ ਸਿੰਘ ਦੀ,
ਲਿਖਦੇ ਬਹੁਤ ਤਾਰੀਫ ਅਖਬਾਰ ਸਾਰੇ।
ਭਾਰਤ ਵਰਸ਼ ਦੇ ਲੀਡਰਾਂ ਵਿਚ ਇਨਕਾ,
ਬਹੁਤ ਮਾਨ ਕਰਦੇ ਕਦਰਦਾਰ ਸਾਰੇ।
ਤਵਾਰੀਖਾਂ ਦੇ ਵਿਚ ਹਰਨਾਮ ਸਿੰਘਾ,
ਲਿਖੇ ਗਏ ਇਨਕੇ ਸਮਾਚਾਰ ਸਾਰੇ।"[1]

ਮਹਾਰਾਜ ਨਿਹਾਲ ਸਿੰਘ ਜੀ ਜੋ ਸਤਿਗੁਰੂ ਪਰਤਾਪ ਸਿੰਘ ਦੇ ਛੋਟੇ ਭਰਾਤਾ ਅਤੇ ਉਸ ਸਮੇਂ, ਪੰਜਾਬ ਕਾਂਗਰਸ ਦੇ ਉੱਘੇ ਰੁਕਨ ਅਤੇ ਕੌਮੀ ਸੁਤੰਤਰਤਾ ਸੰਗਰਾਮ ਵਿਚ, ਤਨ ਮਨ ਧਨ ਨਾਲ ਜੁੱਟੇ ਹੋਏ ਸਨ। ਉਹਨਾਂ ਬਾਰੇ ਉਪਰੋਕਤ ਬੰਦ ਆਪਣੀ ਰਚਨਾ ਵਿਚ ਸ਼ਾਮਲ ਕਰਕੇ ਬਗਲੀ ਵਾਲਾ, ਸਤਿਗੁਰੂ ਰਾਮ ਸਿੰਘ ਜੀ ਦੁਆਰਾ ਵਿੱਢੀ ਆਜ਼ਾਦੀ ਦੀ ਲੜਾਈ ਨੂੰ, ਉਹਨਾਂ ਦੇ ਵਾਰਿਸਾਂ ਵੱਲੋਂ ਜਾਰੀ ਰੱਖਣ ਸਦਕਾ, ਨਾਮਧਾਰੀ ਇਤਿਹਾਸ ਦਾ ਅਗਲਾ ਵਿਸਥਾਰ ਹੀ ਦੱਸ ਰਿਹਾ ਹੈ। ਉਹ ਮਹਾਰਾਜ ਜੀ ਦੁਆਰਾ ਉਪਜੀਵਿਕਾ ਚਲਾਉਣ ਲਈ, ਘੋੜਿਆਂ ਦੀ ਸੌਦਾਗਰੀ ਲਈ ਲਾਹੌਰ ਵਿਖੇ ਡੇਰੇ

ਲਾਉਣ ਅਤੇ ਆਪਣੇ ਉੱਚੇ ਸੁੱਚੇ ਆਚਰਣ ਅਤੇ ਦੇਸ਼ ਸੇਵਾ ਲਈ ਕੀਤੇ ਤਪ ਤਿਆਗ ਅਤੇ ਜਿਹਲ ਜੀਵਨ ਦੇ ਕਸ਼ਟ ਬਰਦਾਸ਼ਤ ਕਰਨ ਸਦਕਾ, ਕੌਮੀ ਪਰੈੱਸ ਵਿਚ ਜੋ ਸ਼ਾਨਦਾਰ ਬਿੰਬ ਮਹਾਰਾਜ ਜੀ ਦਾ ਬਣਿਆ ਹੋਇਆ ਹੈ, ਉਸ ਦਾ ਜ਼ਿਕਰ ਕਰਕੇ ਮਹਾਰਾਜ ਜੀ ਨੂੰ ਆਪਣੀ ਅਕੀਦਤ ਭੇਟ ਕਰਦਾ ਹੈ। ਆਜ਼ਾਦੀ ਸੰਗਰਾਮ ਵਿਚ ਜੁੱਟੇ ਕੌਮੀ ਅਤੇ ਪੰਜਾਬ ਦੇ ਆਗੂਆਂ, ਵਿਸ਼ੇਸ਼ ਕਰਕੇ ਪਹਿਲੇ ਪਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਦੇ ਮਨ ਵਿਚ ਆਪ ਪ੍ਰਤੀ ਸ੍ਰੀ ਭੈਣੀ ਸਾਹਿਬ ਘਰਾਣੇ ਦੇ ਵੰਸ਼ਿਜ ਹੋਣ ਕਾਰਨ ਅਤੇ ਆਪ ਦੀਆਂ ਕੀਤੀਆਂ ਕੁਰਬਾਨੀਆਂ ਕਾਰਨ ਜੋ ਸਤਿਕਾਰ ਸੀ, ਉਸ ਦਾ ਪ੍ਰਗਟਾਵਾ ਕਾਂਗਰਸ ਵੱਲੋਂ 1952 ਤੋਂ 64 ਤੱਕ ਲਗਾਤਾਰ ਦੋ ਵਾਰ ਆਪ ਨੂੰ ਰਾਜ ਸਭਾ ਵਿਚ ਭੇਜਕੇ ਅਤੇ ਫਿਰ ਪੰਜਾਬ ਰਾਜ ਪਰਿਸ਼ਦ ਵਿਚ ਘੱਲ ਕੇ ਕੀਤਾ ਸੀ।

ਮਹਾਰਾਜ ਜੀ ਦਾ ਜਨਮ ਸ੍ਰੀ ਗੁਰੂ ਹਰੀ ਸਿੰਘ ਅਤੇ ਮਾਤਾ ਜੀਵਨ ਕੌਰ ਜੀ ਦੇ ਗ੍ਰਹਿ ਵਿਖੇ ਕੱਤਕ ਵਦੀ ਦਸਵੀਂ, 31 ਅੱਸੂ 1949 ਬਿਕਰਮੀ, ਮੁਤਾਬਿਕ 14 ਅਕਤੂਬਰ, ਸ਼ੁੱਕਰਵਾਰ 1892 ਈ. ਨੂੰ, ਸ੍ਰੀ ਭੈਣੀ ਸਾਹਿਬ ਵਿਖੇ ਹੋਇਆ।[2]

ਇਸ ਸਾਲ ਦੀਵਾਲੀ 20 ਅਕਤੂਬਰ ਨੂੰ ਸੀ। ਗੁਰੂ ਹਰੀ ਸਿੰਘ ਜੀ ਨੂੰ ਪਹਿਲੀ ਵੇਰ ਲੰਮੀ ਛੁੱਟੀ ਮਿਲੀ ਸੀ ਜਿਸ ਦੌਰਾਨ ਆਪ ਨੇ ਤਰਨ ਤਾਰਨ ਅਤੇ ਅੰਮ੍ਰਿਤਸਰ ਦੇ ਗੁਰਧਾਮਾਂ ਦੀ ਯਾਤਰਾ ਕੀਤੀ ਸੀ ਅਤੇ ਮਾਝੇ ਦੀਆਂ ਸੰਗਤਾਂ ਨੂੰ ਖੁੱਲ੍ਹੇ ਦਰਸ਼ਨ ਦੀਦਾਰੇ ਦਿਤੇ ਸਨ। ਮਹਾਰਾਜ ਜੀ ਪੰਜਾਂ ਕੁ ਸਾਲਾਂ ਦੇ ਸਨ ਜਦੋਂ ਸ੍ਰੀ ਭੈਣੀ ਸਾਹਿਬ ਵਿਚ ਪਹਿਲੀ ਵੇਰ ਗੁਰੂ ਹਰੀ ਸਿੰਘ ਜੀ ਦੀ ਹਜ਼ੂਰੀ ਵਿਚ ਨਿਮਾਣੀ ਦਾ ਜ਼ੋਰਦਾਰ ਮੇਲਾ ਹੋਇਆ। ਆਪ ਦੇ ਮਨ ਮਸਤਕ ਤੇ ਬਚਪਨ ਵਿਚ ਹੀ ਰਾਮ ਵਿਓਗੀਆਂ ਦੀਆਂ ਕਿਲਕਾਂ ਦੇ ਇਹੋ ਜਿਹੇ ਪ੍ਰਭਾਵ ਪੈਣੇ ਸ਼ੁਰੂ ਹੋ ਗਏ ਕਿ ਮੱਤ ਬੁੱਧ ਸੰਭਲਦਿਆਂ ਹੀ ਆਪ ਆਪਣੇ ਢੰਗ ਨਾਲ, ਸਤਿਗੁਰੂ ਰਾਮ ਸਿੰਘ ਜੀ ਅਤੇ ਹੋਰ ਦੇਸ਼ ਭਗਤਾਂ ਨੂੰ ਨਿਰਵਾਸਤ ਕਰਨ ਵਾਲੀ ਬਰਤਾਨਵੀ ਸਰਕਾਰ ਦੇ ਵਿਰੁੱਧ, ਘੋਲ ਦੇ ਪਿੜ ਵਿਚ ਕੁੱਦ ਪਏ ਸਨ। ਆਪ ਛੇ ਕੁ ਸਾਲ ਦੇ ਸਨ ਜਦੋਂ ਗੁਰੂ ਹਰੀ ਸਿੰਘ ਜੀ ਦੇ ਹੁਕਮ ਤੇ ਰਾਮ ਸਰ ਦੀ ਹੋਣ ਵਾਲੀ ਕਾਰ ਸੇਵਾ ਵਿਚ ਆਪ ਨੇ ਆਪਣੀ ਸਮੱਰਥਾ ਮੁਤਾਬਿਕ ਭਾਗ ਲਿਆ।[3] ਸੰਨ 1900 ਈ. ਦੇ ਹੁਨਾਲੇ ਗੁਰੂ ਹਰੀ ਸਿੰਘ ਜੀ ਦੇ ਨਾਲ ਸਾਂਦਲਬਾਰ ਅਤੇ ਮਾਝੇ ਦੇ ਦੌਰੇ ਵਿਚ ਆਉਣ ਦਾ ਸਾਹਿਬਜ਼ਾਦਾ ਨਿਹਾਲ ਸਿੰਘ ਹੋਰਾਂ ਦਾ ਜ਼ਿਕਰ ਸਾਡੇ ਸਮਕਾਲੀ ਇਤਿਹਾਸ ਵਿਚ ਮਿਲਦਾ ਹੈ—

"ਫੇਰ (ਰਾਜੇ) ਜੰਗੀ ਆਦਿ ਰਹੇ। ਦੋ ਸਿੰਘਾਂ ਕੋ ਹੈਜੇ ਕੀ ਬੀਮਾਰੀ ਹੋਈ। ਏਕ ਤਾਂ ਮਰ ਗਿਆ, ਹੋਰ ਦੋ ਤਿੰਨ ਕੋ ਹੋਇ ਗਈ ਬੀਮਾਰੀ ਤਾਂ ਕਈ ਸਰੀਰ ਚਲੇ ਗਏ। ਅਗਲੇ ਰੋਜ਼ ਇਕ ਹੋਰ ਸਿੰਘ ਚੜ੍ਹ ਗਿਆ।

"ਆਸਲੀਂ ਆਏ ਤਾਂ ਨਿਹਾਲ ਸਿੰਘ ਸਾਹਿਬਜ਼ਾਦੇ ਕੋ ਦਸਤ ਆਉਨੇ ਲਗੇ। ਏਕ ਸਿੰਘ ਹੋਰ ਚੜ੍ਹ ਗਿਆ ਦਸਤਾਂ ਕੀ ਬੀਮਾਰੀ ਮੇਂ। ਬਾਹਰ ਹੀ ਉਤਰੇ। ਏਕ ਸਿੰਘ

ਹੋਰ ਕੋ ਹੈਜ਼ੇ ਕੀ ਬੀਮਾਰੀ ਹੋਈ। ਚੀਮਿਆਂ ਸੇ ਬਲਟੋਹੇ ਗਏ ਤਾਂ ਉਹ ਸਿੰਘ ਭੀ ਚੜ੍ਹ ਗਿਆ। ਗੁਰੂ ਜੀ ਦੋ ਦਸਤ ਔਨੇ ਸ਼ੁਰੂ ਹੋਏ। ਗੁਰੂ ਜੀ ਦੀਆਂ ਪਿੰਨੀਆਂ ਮੇਂ ਖੱਲੀਆਂ ਪੈਂਦੀਆਂ ਜਾਣ। ਬਚਨ ਹੋਇਆ ਮਾਲਸ਼ ਕਰੋ। ਲਗੇ ਮਾਲਸ਼ ਕਰਨ। ਰਾਤ ਕੋ ਨਿਹਾਲ ਸਿੰਘ ਕੋ ਭੀ ਮਰੋੜੇ ਨਾਲ ਦਸਤ ਔਂਦੇ ਰਹੇ। ........(ਫੇਰ) ਰਾਤੋਂ ਰਾਤ ਗੁਰੂ ਜੀ ਰਾਜ਼ੀ ਬਾਜੀ ਹੋ ਕੇ ਤਰਨ ਤਾਰਨ ਆਏ।.......ਫੇਰ ਅੰਮ੍ਰਿਤਸਰ ਜੀ ਆਏ।.......ਨਿਹਾਲ ਸਿੰਘ ਕੋ ਮਹੰਤ ਗੁਰਦਿਤ ਸਿੰਘ ਰਾਮਦਾਸ ਪੁਰੇ ਸਾਹਿਬ ਲੈ ਆਏ। ਦੋ ਭੋਗ ਅਖੰਡ ਪਾਏ, ਨਿਹਾਲ ਸਿੰਘ ਜੀ ਰਾਜੀ ਹੋਏ। ਦੁਖ ਮੇਂ ਹਾਏ ਸੀ ਨਹੀਂ ਕੀਤੀ, ਤਕੜੇ ਰਹੇ।"[4] ਇਉਂ ਹੈਜ਼ੇ ਦੀ ਚਾਰ ਚੁਫੇਰੇ ਫੈਲੀ ਵਬਾਅ ਦਾ ਅੱਠਾਂ ਸਾਲਾਂ ਦੇ ਬਾਲ ਸਾਹਿਬਜ਼ਾਦੇ, ਨਿਹਾਲ ਸਿੰਘ ਹੋਰਾਂ ਜਿਸ ਦ੍ਰਿੜਤਾ ਤੇ ਹੌਂਸਲੇ ਨਾਲ ਮੁਕਾਬਲਾ ਕੀਤਾ, ਉਹ ਉਹਨਾਂ ਦੇ ਭਾਵੀ ਜੀਵਨ ਵਿਚ ਆਉਣ ਵਾਲੀਆਂ ਔਕੜਾਂ ਨੂੰ ਖਿੜੇ ਮੱਥੇ ਝੱਲਣ ਦਾ, ਪੂਰਵ ਆਭਾਸ ਹੀ ਸੀ। ਇਹਨਾਂ ਸਮਿਆਂ ਵਿਚ ਹੀ 1956 ਬਿਕਰਮੀ ਦੇ ਹਜ਼ਾਰਾਂ ਕਾਲ ਪੀੜਿਤਾਂ ਦੀ ਭੈਣੀ ਸਾਹਿਬ ਦੇ ਲੰਗਰ ਨੇ ਖੁਧਿਆ ਸ਼ਾਂਤ ਕੀਤੀ। ਸੇਵਾ ਅਤੇ ਪਰਉਪਕਾਰ ਨੂੰ ਆਪਣੇ ਸਾਰੇ ਜੀਵਨ ਦਾ ਅਨਿੱਖੜਵਾਂ ਅੰਗ ਬਨਾਉਣਾ ਵੀ ਮਹਾਰਾਜ ਜੀ ਨੂੰ ਆਪਣੇ ਵਿਰਸੇ ਵਿਚੋਂ ਹੀ ਮਿਲਿਆ।

1901 ਈ. ਦਾ ਹੋਲਾ ਮਹੱਲਾ ਸੱਦੋਵਾਲ (ਲਾਇਲਪੁਰ) ਸੀ। ਇਸ ਦੌਰੇ ਵਿਚ ਗੁਰੂ ਹਰੀ ਸਿੰਘ ਜੀ ਦੇ ਨਾਲ ਸਾਹਿਬਜ਼ਾਦਾ ਪਰਤਾਪ ਸਿੰਘ ਤੇ ਨਿਹਾਲ ਸਿੰਘ ਵੀ ਸਨ। ਏਮਨਾਬਾਦ ਵੈਸਾਖੀ ਦਾ ਮੇਲਾ ਵੇਖਣ ਜਾਣ ਦੀ ਸਾਹਿਬਜ਼ਾਦਿਆਂ ਨੇ ਗੁਰੂ ਹਰੀ ਸਿੰਘ ਜੀ ਤੋਂ ਆਗਿਆ ਮੰਗੀ। ਗੁਰੂ ਜੀ ਦਾ ਫੁਰਨਾ ਸਮਝ ਕੇ, ਦੋਹਾਂ ਭਰਾਵਾਂ ਨੇ ਮੇਲਾ ਵੇਖਣ ਦਾ ਵਿਚਾਰ ਤਿਆਗ ਕੇ, ਸੱਤ-ਬਚਨੀ ਹੋਣ ਦਾ ਸੁਭਾਅ ਪੱਕਾ ਕਰ ਲਿਆ।[5]

1906 ਈ. ਵਿਚ ਇਕ ਅੰਗਰੇਜ਼ ਪੁਲੀਸ ਕਪਤਾਨ ਅਤੇ ਲੁਧਿਆਣੇ ਦਾ ਡਿਪਟੀ ਕਮਿਸ਼ਨਰ ਦੀਵਾਨ ਚੰਦ ਅਰੋੜਾ ਆਪਣੇ ਦੌਰੇ ਤੇ ਡੇਰਾ ਭੈਣੀ ਸਾਹਿਬ ਆਏ। ਇਸ ਸਮੇਂ ਗੁਰੂ ਹਰੀ ਸਿੰਘ ਜੀ ਨੂੰ ਨੇਤਰਾਂ ਦੀ ਕੁਝ ਤਕਲੀਫ ਸੀ। ਜ਼ਿਲ੍ਹਾ ਅਧਿਕਾਰੀ ਦੇ ਪੁੱਛਣ ਤੇ ਕਿ ਗੁਰੂ ਜੀ ਦੇ ਕੋਈ ਲੜਕੇ ਵੀ ਹਨ ਸਿੰਘਾਂ ਨੇ ਕਿਹਾ ਕਿ ਤੀਨ ਲੜਕੇ ਹੈਂ। ਤਿੰਨੇ ਕੀ ਪੜੇ ਹੈਂ—ਅੰਗ੍ਰੇਜ਼ੀ ਫਾਰਸੀ ? ਸਿੰਘਾਂ ਨੇ ਕਹਿਆ ਗੁਰਮੁਖੀ ਪੜ੍ਹੇ ਹੈਂ। ਫਰੰਗੀ ਪੁਛਿਆ, ਫਾਰਸੀ ਅੰਗ੍ਰੇਜ਼ੀ ਕਿਉਂ ਨਾ ਪੜ੍ਹੀ ? ਸਿੰਘਾਂ ਨੇ ਕਹਿਆ ਸਾਨੂੰ ਸਤਿਗੁਰਾਂ ਕਾ ਹੁਕਮ ਨਹੀਂ ਪੜ੍ਹਨੇ ਦਾ।[6] ਕੂਕਿਆਂ ਦਾ ਅੰਗਰੇਜ਼ੀ ਸਿੱਖਿਆ ਸੰਸਥਾਵਾਂ ਨਾਲ ਬਾਈਕਾਟ ਚੱਲ ਰਿਹਾ ਸੀ, ਜਿਸ ਕਾਰਨ ਉਹਨਾਂ ਦੇ ਬੱਚੇ ਆਪਣੇ ਧਾਰਮਿਕ ਕੇਂਦਰਾਂ ਵਿਚੋਂ ਗੁਰਮੁਖੀ ਅਤੇ ਗੁਰਮਤਿ ਦੀ ਸਿੱਖਿਆ ਹੀ ਲੈ ਸਕਦੇ ਸਨ। ਵੱਡੇ ਹੋ ਕੇ ਜਦੋਂ ਮਹਾਰਾਜ ਜੀ ਆਪਣੇ ਅਨੰਦ ਕਾਰਜ ਤੋਂ ਬਾਅਦ ਆਪਣੇ ਕਾਰੋਬਾਰ ਦੇ ਸਿਲਸਿਲੇ ਵਿਚ ਲਾਹੌਰ ਰਹਿਣ ਲੱਗ ਪਏ ਸਨ ਤਾਂ ਅੰਗਰੇਜ਼ੀ, ਉਰਦੂ, ਹਿੰਦੀ ਆਦਿ ਭਾਸ਼ਾਵਾਂ ਦਾ ਕੰਮ ਚਲਾਊ ਗਿਆਨ, ਉਹਨਾਂ ਨੇ ਆਪਣੇ ਅਨੁਭਵ ਨਾਲ ਹਾਸਲ ਕਰ ਲਿਆ ਸੀ।

ਗੁਰੂ ਹਰੀ ਸਿੰਘ ਜੀ ਸ੍ਰੀ ਭੈਣੀ ਸਾਹਿਬ ਵਿਖੇ ਜੋਤੀ ਜੋਤਿ ਸਮਾ ਗਏ ਸਨ। ਇਸ ਤੋਂ ਕੁਝ ਸਮਾਂ ਪਹਿਲਾਂ ਆਪ ਨੇ ਤਿੰਨਾਂ ਸਾਹਿਬਜ਼ਾਦਿਆਂ ਨੂੰ ਆਪਣੇ ਪਾਸ ਬੁਲਾਕੇ

ਸਰਿਸ਼ਟੀ ਦੀ ਤੋਰ ਬਾਰੇ ਬਚਨ ਬਿਲਾਸ ਕੀਤੇ ਸਨ ਤਾਂ ਕਿ ਉਹ ਆਪੋ ਆਪਣੇ ਸਿਰ ਪੈਣ ਵਾਲੀਆਂ ਜ਼ਿੰਮੇਵਾਰੀਆਂ ਪ੍ਰਤੀ ਸੁਚੇਤ ਹੋ ਜਾਣ। ਭਾਈ ਹਰਨਾਮ ਸਿੰਘ ਬਗੁਲੀ ਵਾਲਾ ਜੋ ਮੌਕੇ ਦਾ ਪਰਤੱਖ ਦਰਸ਼ੀ ਸੀ ਇਸ ਬਾਰੇ ਆਪਣੀ ਰਚਨਾ ਵਿਚ ਇਉਂ ਲਿਖ ਗਏ ਹਨ:

"ਕੁਝ ਕੁ ਹੋਏ ਬੀਮਾਰ ਜਦ ਸਤਿਗੁਰੂ ਥੇ, ਸਿੰਘਾਂ ਵੈਦ ਹਕੀਮ ਬੁਲਾਇ ਦਿਤੇ।
ਸੱਚੇ ਸਤਿਗੁਰਾਂ ਨੇ ਆਖ ਸੰਗਤਾਂ ਨੂੰ, ਸਾਰੇ ਵੈਦ ਹਕੀਮ ਹਟਾਇ ਦਿਤੇ।
ਜੋਤੀ ਜੋਤਿ ਸਮਾਉਣ ਦੇ ਹਾਲ ਸਾਰੇ, ਹਫਤਾ ਪਹਿਲਾਂ ਹੀ ਗੁਰਾਂ ਬਤਾਇ ਦਿਤੇ।
ਫਤੇਹ ਕੌਰ ਨੂੰ ਤੇ ਜੀਊਣ ਕੌਰ ਜੀ ਨੂੰ, ਸਾਰੇ ਮਾਮਲੇ ਗੁਰਾਂ ਸਮਝਾਇ ਦਿਤੇ।
ਤਿੰਨੇ ਪਾਸ ਬਠਾਲ ਕੇ ਸਾਹਿਬਜ਼ਾਦੇ, ਬ੍ਰਹਮ ਗਿਆਨ ਦੇ ਬਚਨ ਸੁਣਾਇ ਦਿਤੇ।
ਭਜਨ ਕਰਦਿਆਂ ਗੁਰਾਂ ਹਰਨਾਮ ਸਿੰਘਾ, ਵਿਚ ਜੋਤ ਦੇ ਜੋਤ ਸਮਾਇ ਦਿਤੇ।"[7]

ਗੁਰੂ ਹਰੀ ਸਿੰਘ ਜੀ ਦੇ ਹੁਕਮ ਅਨੁਸਾਰ, ਸਤਿਗੁਰੂ ਪਰਤਾਪ ਸਿੰਘ ਜੀ ਨੂੰ, ਆਪ ਤੋਂ ਬਾਅਦ ਨਾਮਧਾਰੀ ਪੰਥ ਦੀ ਗੁਰਗੱਦੀ ਸੰਭਾਲ ਦਿਤੀ ਗਈ– "ਸਾਡੀ ਜਗ੍ਹਾ ਮਹਾਰਾਜ ਪ੍ਰਤਾਪ ਸਿੰਘ ਹੈ, ਉਚੀ ਸਤਿਗੁਰਾਂ ਕਿਹਾ ਪੁਕਾਰ ਕਰਕੇ"– ਬਗੁਲੀ ਵਾਲਾ ਉਪਰੋਕਤ ਰਚਨਾ ਵਿਚ ਲਿਖ ਗਏ ਹਨ। ਸਰੀਰ ਬਿਰਧ ਹੋਣ ਅਤੇ ਨੇਤਰਾਂ ਦੀ ਤਕਲੀਫ ਕਾਰਨ ਗੁਰੂ ਹਰੀ ਸਿੰਘ ਜੀ ਜੋਤੀ ਜੋਤਿ ਸਮਾਉਣ ਤੋਂ ਕੁਝ ਮਹੀਨੇ ਪਹਿਲਾਂ ਸ੍ਰੀ ਭੈਣੀ ਸਾਹਿਬ ਤੋਂ ਬਾਹਰ ਨਹੀਂ ਗਏ। ਇਸ ਸਮੇਂ ਹੋਲਾ ਮਹੱਲਾ ਆਦਿ ਸੰਗਤ ਦੇ ਹੋਰ ਧਾਰਮਿਕ ਕਾਰਜਾਂ, ਉਤਸਵਾਂ ਵਿਚ ਆਪ ਸਾਹਿਬਜ਼ਾਦਾ ਪਰਤਾਪ ਸਿੰਘ ਜੀ ਅਤੇ ਉਹਨਾਂ ਦੇ ਦੋਹਾਂ ਛੋਟੇ ਭਰਾਵਾਂ ਨਿਹਾਲ ਸਿੰਘ, ਗੁਰ ਦਿਆਲ ਸਿੰਘ ਹੋਰਾਂ ਅਤੇ ਮਾਤਾ ਜੀਊਣ ਕੌਰ ਜੀ ਨੂੰ ਭੇਜਿਆ ਕਰਦੇ ਸਨ। 1906 ਈ. ਦੇ ਮਾਨਾ ਵਾਲੇ ਬਾਰ ਦੇ ਹੋਲੇ ਵਿਚ ਜੋ ਸ੍ਰ. ਸੁੰਦਰ ਸਿੰਘ ਮਾਨ ਵੱਲੋਂ ਕਰਵਾਇਆ ਗਿਆ ਸੀ, ਮਾਤਾ ਜੀ ਅਤੇ ਤਿੰਨਾਂ ਸਾਹਿਬਜ਼ਾਦਿਆਂ ਦੇ ਜਾਣ ਦਾ ਹਵਾਲਾ ਬਾਹੋਵਾਲ ਜੀ ਨੇ ਦਰਜ ਕੀਤਾ ਹੈ।

ਪਿੰਡ ਦੇ ਹਾਣੀ ਬੱਚਿਆਂ ਨਾਲ ਖੇਡਦੇ, ਗੁਰੂ ਘਰ ਵਿਚੋਂ ਗੁਰਮਤਿ ਦਾ ਗਿਆਨ ਹਾਸਲ ਕਰਦੇ, ਗੁਰਸਿੱਖ ਜੀਵਨ ਜਾਚ ਨੂੰ ਗ੍ਰਹਿਣ ਕਰਦਿਆਂ, ਘੋੜ ਸੁਆਰ ਹੋ ਕੇ ਮਾਤਾ ਜੀ ਅਤੇ ਸਤਿਗੁਰੂ ਪਰਤਾਪ ਸਿੰਘ ਜੀ ਦੇ ਨਾਲ ਪੰਜਾਬ ਦੇ ਵੱਖ ਵੱਖ ਇਲਾਕਿਆਂ ਦੇ ਦੌਰੇ ਕਰਦਿਆਂ, ਮਹਾਰਾਜ ਨਿਹਾਲ ਸਿੰਘ ਜੀ ਜੁਆਨੀ ਚੜ੍ਹ ਰਹੇ ਸਨ। ਅੰਗਰੇਜ਼ ਰਾਜ ਦੀਆਂ ਕੂਕਿਆਂ ਤੇ ਹੁੰਦੀਆਂ ਸਖਤੀਆਂ, ਆਪਣੇ ਬਚਪਨ ਵਿਚ ਸ੍ਰੀ ਭੈਣੀ ਸਾਹਿਬ ਰਹਿੰਦਿਆਂ, ਉਹਨਾਂ ਹੱਡੀ ਹੰਡਾਈਆਂ ਸਨ। ਪੁਲੀਸ ਚੌਂਕੀ ਦੇ ਜਾਬਰ ਕਰਮਚਾਰੀਆਂ ਵੱਲੋਂ, ਪੈਰ ਪੈਰ ਤੇ ਡੇਰਾ ਨਿਵਾਸੀਆਂ ਅਤੇ ਦਰਸ਼ਨ ਕਰਨ ਆਏ ਸਿੰਘਾਂ ਨਾਲ ਹੁੰਦੇ ਵਿਤਕਰੇ, ਉਹ ਰੋਜ਼ ਵੇਖਦੇ ਸਨ। ਉਹਨਾਂ ਦਾ ਬਚਪਨ ਤੇ ਜੁਆਨੀ ਇਹਨਾਂ ਵਿਚਾਰਾਂ ਦੀ ਉਧੇੜ ਬੁਣ ਵਿਚ ਰਹਿੰਦਾ ਕਿ ਉਹ ਸਮਾਂ ਕਦੋਂ ਆਏਗਾ, ਜਦੋਂ ਅਸੀਂ ਆਪਣੇ ਘਰ ਵਿਚ ਆਪਣੇ ਸੱਜਣਾਂ ਮਿੱਤਰਾਂ ਨੂੰ ਨਾਲ ਲੈਕੇ, ਬਿਨਾਂ ਪੁਲੀਸ ਦੀ ਰੋਕ ਟੋਕ ਦੇ ਆ ਜਾ ਸਕਾਂਗੇ। ਇਸ ਤਰ੍ਹਾਂ ਉਹਨਾਂ ਦੇ ਭਾਵੀ ਰਾਜਨੀਤਿਕ ਜੀਵਨ ਦੀ ਬੁਨਿਆਦ, ਬਚਪਨ ਅਤੇ ਜੁਆਨੀ ਚੜ੍ਹਦਿਆਂ ਹੀ ਰੱਖੀ ਗਈ।

ਸਿੱਖ ਇਤਿਹਾਸ ਨਾਲ ਸਬੰਧਿਤ ਗਰੰਥ ਸੂਰਜ ਪਰਕਾਸ਼, ਜਨਮ ਸਾਖੀ ਗੁਰੂ ਨਾਨਕ ਦੇਵ ਜੀ ਦੀ ਕਥਾ ਗੁਰੂ ਹਰੀ ਸਿੰਘ ਜੀ, ਸਾਹਿਬਜ਼ਾਦਾ ਪਰਤਾਪ ਸਿੰਘ ਅਤੇ ਸਾਹਿਬਜ਼ਾਦਾ ਨਿਹਾਲ ਸਿੰਘ ਹੋਰਾਂ ਤੋਂ ਕਦੇ ਰਾਮਸਰ ਬੋਹੜਾਂ ਪਿੱਪਲਾਂ ਥੱਲੇ ਅਤੇ ਕਦੇ ਗੱਦੀ ਸਾਹਿਬ ਵਾਲੇ ਚੁਬਾਰੇ ਦੇ ਬਰਾਂਡੇ ਵਿਚ ਬਹਿ ਕੇ, ਸੁਣਿਆ ਕਰਦੇ ਸਨ, ਇਸ ਨਾਲ ਮਹਾਰਾਜ ਜੀ ਨੂੰ ਸਿੱਖ ਇਤਿਹਾਸ ਅਤੇ ਗੁਰ ਇਤਿਹਾਸ ਦੀਆਂ ਗੌਰਵ ਗਾਥਾਵਾਂ ਦੇ ਵਿਚੋਂ ਲੰਘਣ ਦਾ ਸੁਅਵਸਰ ਪਰਾਪਤ ਹੁੰਦਾ ਰਿਹਾ ਸੀ।[8]

1908 ਈ. ਦੇ ਨਾਮਧਾਰੀ ਪੰਥ ਦੇ ਸਲਾਨਾ ਹੋਲੇ ਮਹੱਲੇ ਦੇ ਪੁਰਬ ਤੇ ਜੋ ਸਤਿਗੁਰੂ ਪਰਤਾਪ ਸਿੰਘ ਜੀ ਦੀ ਹਜ਼ੂਰੀ ਵਿਚ, ਫਿਲੌਕੇ ਜ਼ਿਲ੍ਹਾ ਗੁਜਰਾਂਵਾਲਾ ਵਿਖੇ ਸੇਠ ਲੱਧਾ ਸਿੰਘ ਹੋਰਾਂ ਨੇ ਕਰਵਾਇਆ ਸੀ, ਗੁਰੂ ਪਰਿਵਾਰ ਸਾਰਾ ਪਹੁੰਚਿਆ ਸੀ ਸਮੇਤ ਮਹਾਰਾਜ ਨਿਹਾਲ ਸਿੰਘ ਹੋਰਾਂ ਦੇ।9 ਇਸੇ ਤਰ੍ਹਾਂ 1914 ਈ. ਦੇ ਖੋਟੇ (ਫੀਰੋਜ਼ਪੁਰ) ਨਾਮਧਾਰੀਆਂ ਦੇ ਇਤਿਹਾਸਿਕ ਪਿੰਡ ਵਿਚ ਹੋਏ ਹੋਲੇ ਸਮੇਂ, ਮਹਾਰਾਜ ਜੀ ਦੇ ਪੁੱਜਣ ਦਾ ਜ਼ਿਕਰ ਵਹਿਮੀ ਜੀ ਦੀ ਰਚਨਾ ਵਿਚ ਮਿਲਦਾ ਹੈ। ਇਸੇ ਸਾਲ ਨਿਮਾਣੀ ਦੇ ਮੇਲੇ ਤੇ ਜਦੋਂ ਬਾਬਾ ਧਿਆਨ ਸਿੰਘ ਜੀ ਪੱਥਰਾਂ ਵਾਲੇ ਨਿਵਾਸੀ ਲਾਹੌਰ ਸ਼ਹਿਰ, ਸ੍ਰੀ ਭੈਣੀ ਸਾਹਿਬ ਗਏ ਤਾਂ ਉਹਨਾਂ ਮਾਤਾ ਜੀਵਨ ਕੌਰ ਜੀ ਪਾਸ ਅਰਜ਼ ਕਰਕੇ, ਆਪਣੀ ਸਪੁੱਤਰੀ ਬੀਬੀ ਸਤਵੰਤ ਕੌਰ ਦਾ ਰਿਸ਼ਤਾ, ਮਹਾਰਾਜ ਨਿਹਾਲ ਸਿੰਘ ਜੀ ਨਾਲ ਕਰਨ ਦਾ ਵਿਚਾਰ ਦੱਸਿਆ। ਇਸੇ ਸਮੇਂ ਅੱਸੂ ਦੇ ਮਹੀਨੇ ਵਿਚ ਲਾਹੌਰ ਪੁੱਜ ਕੇ ਇਹ ਅਨੰਦ ਕਾਰਜ ਕਰਨਾਂ ਤਹਿ ਹੋ ਗਿਆ। ਗੁਰੂ ਘਰ ਵਿਚ ਸਹਿਬਜ਼ਾਦਿਆਂ ਦੇ ਆਗਮਨ ਤੋਂ ਬਾਅਦ ਇਹ ਵੱਡੀ ਖੁਸ਼ੀ ਦਾ ਅਵਸਰ ਸੀ ਪਰ ਗੁਰਸਿੱਖਾਂ ਜਿਉਂ ਹਰਖ ਸੋਗ ਵਿਚ ਸਮ ਰਹਿਣ ਦੀ ਅਵਸਥਾ ਕਾਰਨ, ਸਤਿਗੁਰੂ ਪਰਤਾਪ ਸਿੰਘ ਜੀ ਨੇ ਆਪਣੇ ਅਨੰਦ ਕਾਰਜ ਤੋਂ ਤਿੰਨ ਚਾਰ ਮਹੀਨੇ ਪਹਿਲਾਂ, ਪਰਿਵਾਰ ਵਿਚ ਹੋਣ ਵਾਲੇ ਇਸ ਅਨੰਦ ਕਾਰਜ ਨੂੰ ਗੁਰਸਿੱਖਾਂ ਦੀ ਸਧਾਰਨ ਰਹੁ ਰੀਤ ਜਿਉਂ ਹੀ ਸਿਰੇ ਚੜ੍ਹਾਇਆ ਅਤੇ ਅਨੰਦ ਕਾਰਜ ਤੋਂ ਬਾਅਦ ਲੋਕਾਚਾਰੀ ਜਿਉਂ ਸ੍ਰੀ ਭੈਣੀ ਸਾਹਿਬ ਤੋਂ ਲਾਹੌਰ, ਕੱਚੀ ਪਿੰਨੀ ਭੇਜਣ ਦੀ ਕਾਰਵਾਈ ਦੀ ਸਾਰਵਜਨਿਕ ਤੌਰ ਤੇ ਨਖੇਧੀ ਵੀ ਕੀਤੀ। ਕਿਉਂਕਿ ਸਤਿਗੁਰੂ ਜੀ ਦਾ ਪਰਿਵਾਰ ਤਾਂ ਸਮੁੱਚਾ ਨਾਮਧਾਰੀ ਪੰਥ ਹੀ ਸੀ, ਇਸ ਲਈ ਪੰਜਾਬ ਦੇ ਸਮੂਹ ਖਿੱਤਿਆਂ ਦੇ ਮੁਖੀ ਨਾਮਧਾਰੀ ਸਿੰਘਾਂ ਨੂੰ ਇਸ ਅਨੰਦ ਕਾਰਜ ਉਤਸਵ ਦਾ ਭਾਗ ਬਣਨ ਦਾ ਮਾਨ, ਸਤਿਗੁਰੂ ਜੀ ਨੇ ਬਖਸ਼ਿਆ। ਵੇਲੇ ਦੇ ਮੁਖੀ ਨਾਮਧਾਰੀ ਸਿੰਘਾਂ ਤੋਂ ਇਲਾਵਾ, ਸਤਿਗੁਰੂ ਰਾਮ ਸਿੰਘ ਜੀ ਅਤੇ ਗੁਰੂ ਹਰੀ ਸਿੰਘ ਜੀ ਦੇ ਸਮੇਂ ਦੇ ਡੇਰੇ ਸ੍ਰੀ ਭੈਣੀ ਸਾਹਿਬ ਵਿਖੇ ਰਹਿਣ ਵਾਲੇ ਇਹਨਾਂ ਪੁਰਾਤਨ ਸਾਧੂਆਂ ਨੂੰ ਵਿਸ਼ੇਸ਼ ਆਗ੍ਰਹਿ ਨਾਲ ਸਨਮਾਨ ਪੂਰਵਕ ਲਾਹੌਰ ਵਿਖੇ ਲਿਆਂਦਾ ਗਿਆ। ਜਿਹਨਾਂ ਵਿਚੋਂ ਕੁਝ ਕੁ ਨਾਮ ਇਹ ਸਨ-ਗੋਧਾ ਸਿੰਘ ਅਬਲੂ, ਮਹੰਤ ਗੁਰਦਿਤ ਸਿੰਘ ਮੋਰੋਂ, ਹੀਰਾ ਸਿੰਘ ਟਿੱਕਾ ਮੂੰਡੀਆਂ, ਮਹੰਤ ਸੇਵਾ ਸਿੰਘ ਸਧਾਰੀ ਮਾਜਰਾ, ਹਰਨਾਮ ਸਿੰਘ ਨਥਾਣੀਆ, ਹਰਨਾਮ ਸਿੰਘ ਗੁਣਗੁਣੀਆਂ, ਮਿਹਰ ਸਿੰਘ ਲੋਪੋਕੇ (ਅੰਮ੍ਰਿਤਸਰ ਬੁੱਚੜ ਵੱਧ ਸਾਕੇ ਦਾ ਮਫਰੂਰ-ਸੰਤਾ ਸਿੰਘ ਨਾਮ ਤਹਿਤ ਡੇਰੇ ਵਿਚ ਰਹਿੰਦਾ ਸੀ) ਭਾਈ ਵਸਾਖਾ ਸਿੰਘ, ਜਿਹਨਾਂ ਬਾਰੇ

ਸਤਿਗੁਰੂ ਰਾਮ ਸਿੰਘ ਜੀ ਦਾ ਬਚਨ ਸੀ ਕਿ ਜਿਸ ਸੌ ਸਿੰਘ ਦਾ ਦਰਸ਼ਨ ਕਰਨਾ ਹੋਵੇ ਉਹ ਵਸਾਖਾ ਸਿੰਘ ਦਾ ਇੱਕ ਦਾ ਹੀ ਕਰ ਲਵੇ), ਹੀਰਾ ਸਿੰਘ ਕਾਰੀਗਰ ਸਿੰਘ ਸੀ, ਵਸਾਵਾ ਸਿੰਘ ਘੁਮਿਆਰ ਸਿੰਘ ਸੀ, ਚੇਤ ਸਿੰਘ ਆਸਲਾਂ (ਅੰਮ੍ਰਿਤਸਰ), ਸੁਹੇਲ ਸਿੰਘ ਬਿਲਗਾ, ਵੀਰ ਸਿੰਘ ਭੋਮਾ ਵਡਾਲਾ, ਸੰਤਾ ਸਿੰਘ ਘੁੱਕੇਵਾਲੀਆ, ਬੂਟਾ ਸਿੰਘ ਲਾਖਣਾ, ਥੰਮਣ ਸਿੰਘ ਲੰਗਰ ਦਾ ਜਲ ਭਰਦੇ ਸਨ ਅਤੇ ਵਾੜਿਆਂ ਦੀ ਵਾੜ ਕਰਿਆ ਕਰਦੇ ਸਨ, ਰਾਮਪੁਰੀਆ ਵੀਰ ਸਿੰਘ ਜਹਾਨ (ਸੰਤ ਗੁਰਦੇਵ ਸਿੰਘ ਮਾਂਗਟ ਦਾ ਤਾਇਆ) ਰਾਘੋ ਸਿੰਘ ਲਾਂਗਰੀ, ਕੰਧਾਰਾ ਸਿੰਘ ਲਾਂਗਰੀ, ਜਿਊਣ ਸਿੰਘ ਝੱਬਰ। ਉਸ ਸਮੇਂ ਦੀ ਸੰਤ ਮੰਡਲੀ ਦੇ ਪਰਮੁੱਖ ਨਾਮ ਸਨ ਜੋ ਇਸ ਸਮੇਂ ਆਏ ਸੰਤ ਕੇਸਰ ਸਿੰਘ ਜੀ ਮੁਹਾਵਾ, ਸੰਤ ਜਿਊਣ ਜੀ ਸਰਹਾਲੀ, ਮਿਰਜ਼ੇਵਾਲੀਏ ਜਵਾਹਰ ਸਿੰਘ, ਬਾਬਾ ਕੇਸਰ ਸਿੰਘ ਚਵਿੰਡਾ, ਸੰਤ ਜੈਮਲ ਸਿੰਘ ਟਿੱਬਾ ਨੱਕੇ ਦਾ, ਸੰਤ ਸੰਮਾ ਸਿੰਘ ਤੰਬੋਲੀ ਦੇ ਖੂਹ (ਮੋਗਾ) ਅਤੇ ਸੰਤ ਚਤਰ ਸਿੰਘ ਭਲਵਾਨ ਕੇ। ਰਾਗੀਆਂ ਦੇ ਛੇ ਜਥੇ ਸਨ ਜਿਹਨਾਂ ਦੇ ਨਾਮ ਸਨ (1) ਭਾਈ ਹਰਨਾਮ ਸਿੰਘ ਚਵਿੰਡਾ ਤੇ ਇਹਨਾਂ ਦੇ ਨਾਲ ਮੰਗਲ ਸਿੰਘ, ਗਣੇਸ਼ਾ ਸਿੰਘ, ਪਰਤਾਪ ਸਿੰਘ। (2) ਭਾਈ ਕਾਲੂ ਦੇ ਰਾਗੀਆਂ ਦਾ ਜਥਾ (3) ਸੰਤ ਲਾਲ ਸਿੰਘ ਭੂਰੇ ਗਿੱਲ ਅਤੇ ਉਹਨਾਂ ਦਾ ਪੁਤਰ ਪਰਤਾਪ ਸਿੰਘ ਤੇ ਨੱਥਾ ਸਿੰਘ, (4) ਭਾਈ ਜੈ ਸਿੰਘ ਮੌਲੀ ਤੇ ਉਹਨਾਂ ਦੇ ਨਾਲ ਦੁਆਬੇ ਦੇ ਸਾਥੀ (5) ਭਾਈ ਸ਼ੇਰ ਸਿੰਘ ਗੁਜਰਾਂ ਵਾਲੀਆ (6) ਭਾਈ ਜਿਊਣ ਸਿੰਘ ਰਾਗੀ ਦਰਬਾਰ ਮਹਾਰਾਜਾ ਪਟਿਆਲਾ ਦਾ ਅਤੇ ਸਤਿਗੁਰੂ ਪਰਤਾਪ ਸਿੰਘ ਜੀ ਦਾ ਤਾਊਸ਼ ਦਾ ਉਸਤਾਦ। ਇਹਨਾਂ ਨੂੰ ਕੀਰਤਨ ਕਰਦਿਆਂ ਮਸਤਾਨੇ ਹੋਣ ਕਾਰਨ, ਮਸਤਾਨ ਸਿੰਘ ਵੀ ਕਿਹਾ ਜਾਂਦਾ ਸੀ।[10]

ਮਹਾਰਾਜ ਨਿਹਾਲ ਸਿੰਘ ਜੀ ਦਾ ਅਨੰਦ ਕਾਰਜ 7 ਅੱਸੂ 1971 ਬਿਕਰਮੀ, ਅੱਸੂ ਦੇ ਪੰਜਵੇਂ ਨਰਾਤੇ (ਮੁਤਾਬਿਕ ਸਤੰਬਰ 1914 ਈ.) ਬਾਬਾ ਧਿਆਨ ਸਿੰਘ ਅਤੇ ਮਾਤਾ ਭਾਗਵੰਤੀ ਦੀ ਸਪੁੱਤਰੀ ਬੀਬੀ ਸਤਵੰਤ ਕੌਰ ਨਾਲ ਪੂਰਨ ਗੁਰ ਮਰਿਆਦਾ ਅਨੁਸਾਰ ਹੋਇਆ। ਇਸ ਅਨੰਦ ਮੇਲੇ ਨੂੰ ਵੇਖਣ ਲਈ ਕੁਝ ਬਾਬਾ ਜੀ ਵੱਲੋਂ ਬੁਲਾਏ ਗਏ ਤੇ ਕੁਝ ਸਤਿਗੁਰੂ ਜੀ ਵੱਲੋਂ ਸੱਦੇ ਗਏ ਦੂਰ ਨੇੜੇ ਦੀਆਂ ਸੰਗਤਾਂ ਲਾਹੌਰ ਆਈਆਂ। ਸ਼ਬਦੀ, ਰਾਗੀ, ਦਾਨੇ, ਮਸਤਾਨੇ, ਗ੍ਰਿਹਸਤੀ, ਬਿਹੰਗਮਾਂ ਭੀ ਇਹ ਰੌਣਕ ਵੇਖਣ ਦੀ ਰੀਝ ਪੂਰੀ ਕੀਤੀ।

"ਭਾਟੀ ਦਰਵਾਜੇ, ਸੜਕ ਕੰਢੇ, ਨੇੜੇ ਬਾਗ ਵਿਚ ਸੰਗਤ ਲਈ ਤੰਬੂ ਲੱਗੇ ਹੋਏ ਸੀ। ਬਾਬਾ ਜੀ ਦੇ ਘਰ ਭੀ ਤੇ ਹਵੇਲੀ ਦੇ ਅੰਦਰ, ਬਾਹਰ, ਬਾਜ਼ਾਰ ਵਿਚ ਗਹਿਮਾ-ਗਹਿਮ ਹੋਈ। ਬਾਬਾ ਜੀ ਦੇ ਤੇ ਮਾਤਾ ਭਾਗਵੰਤੀ ਦੇ ਉਦਾਰ ਸੁਭਾ ਦੀ ਚਰਚਾ ਅੱਗੇ ਹੀ ਸ਼ਹਿਰ ਵਿਚ ਬਹੁਤ ਸੀ। ਇਸ ਅਵਸਤ ਤੇ ਮਾਂਗਤ ਡੇਰੇ ਘੱਤ ਚੁਫੇਰੇ ਬਹੁਤ ਆਏ ਬੈਠੇ। ਬਾਬਾ ਜੀ ਪੱਥਰ ਘੜਨ ਦਾ ਕੰਮ, ਕਈ ਦਿਨ ਬੰਦ ਕਰ ਦਿਤਾ। ਨੌਕਰਾਂ ਤੇ ਮਜ਼ਦੂਰਾਂ ਨੂੰ ਕਹਿ ਦਿਤਾ, ਤੁਸੀਂ ਭੀ ਕੁਝ ਦਿਨ ਅਨੰਦ ਲਵੋ। ਜੋ ਚਿਤ ਕਰੇ ਸੇਵਾ ਕਰੋ ਜਾਂ ਸ਼ਬਦ ਸੁਣੋ। ਤਨਖਾਹ ਤੇ ਦਿਹਾੜੀ ਸਭ ਨੂੰ ਪੂਰੀ ਮਿਲੇਗੀ। ਪਹਿਲੋਂ ਥਕੇਵੇਂ ਲਾਹੋ, ਫਿਰ ਸਾਧਾਂ ਦੇ ਦਰਸ਼ਨ ਕਰ, ਗੁਰਬਾਣੀ ਸੁਣ, ਮਨ ਦੇ ਅਕੇਵੇਂ ਲਾਹੋ।

........"ਇਸ ਮੇਲੇ ਵਿਚ ਬਿਨਾਂ ਵਿਤਕਰੇ, ਬਣਿਆ ਹਰ ਪਦਾਰਥ, ਕੜਾਹ ਪ੍ਰਸ਼ਾਦ, ਦਾਲਾ, ਪਰਸ਼ਾਦਾ, ਦੋ ਤਿੰਨ ਦਿਨ ਸਭ ਦਰ ਆਏ ਨੂੰ ਵਰਤਿਆ। ਰਾਤ ਦਿਨ ਦੀਵਾਨ ਕੀਰਤਨ ਹੁੰਦਾ ਹੀ ਰਿਹਾ। ਮੈਂ ਭਾਂਵੇਂ ਤਦੋਂ ਛੋਟਾ ਹੀ ਸਾਂ ਪਰ ਸੰਤ ਸੋਹਨ ਸਿੰਘ ਜੀ ਚਕਰੀ ਵਾਲਿਆਂ ਦੀਆਂ ਧਾਰਨਾਂ, ਜੋਟੀਆਂ ਦੇ ਸ਼ਬਦਾਂ ਦੀਆਂ ਮੈਨੂੰ ਅਜੇ ਭੀ ਉਵੇਂ, ਹੀ ਯਾਦ ਤੇ ਸੁਆਦ ਦੇਂਦੀਆਂ ਨੇ।

'ਚੁਗ ਲੌਂ ਵੇ ਹੰਸੋ ਮੋਤੀ ਚੁਗਦੇ ਕਿਉਂ ਨਹੀਂ ?
ਚੁਗਣੇ ਦਾ ਵੇਲਾ ਮਾਣਸ ਦੇਹੀ ਹੈ ਪਾਈ।'
ਤੇ "ਕੂੜ ਦੀ ਫਕੀਰੀ ਨਾਲੋਂ ਚੋਰੀ ਚੰਗੀ ਪਿਆਰਿਆ।"

"ਸੰਤ ਲਾਲ ਸਿੰਘ ਜੀ ਭੂਰੇ ਗਿੱਲਾਂ ਵਾਲਿਆਂ, ਗੁਰੂ ਹਰੀ ਸਿੰਘ ਜੀ ਤੇ ਬਾਬਾ ਜੀ ਦਾ ਪਿਆਰ ਦੱਸ, ਹੁਣ ਆਹਲਾ ਤਰੀਕੇ ਚੰਗੇ ਸਲੀਕੇ ਵਰਤਾ, ਦੀਵਾਨ ਆਪਣੇ ਵਿੱਚ ਸੋਭਾ ਕਰ ਦੱਸਿਆ ਸੀ ਕਿ ਇਸ ਨਵੇਂ ਨਾਤੇ ਨੇ ਬਾਬਾ ਜੀ ਦੀ ਕੁਲ ਉਜਾਗਰ ਕਰ ਦਿਤੀ ਹੈ, ਨਾਮਧਾਰੀ ਪੰਥ ਵਿਚ।

"ਬਾਬਾ ਜੀ ਦਾ ਪਰਵਾਰ। ਸਪੁੱਤਰ- ਨਰੈਣ ਸਿੰਘ ਤੇ ਕਰਤਾਰ ਸਿੰਘ। ਸਪੁੱਤਰੀਆਂ-ਬੀਬੀ ਈਸ਼ਰ ਕੌਰ, ਬੀਬੀ ਸਤਵੰਤ ਕੌਰ ਤੇ ਬੀਬੀ ਕਰਤਾਰ ਕੌਰ। ਭਾਂਵੇ ਕੋਈ ਸਿਆਣਾ ਸੀ ਤੇ ਭਾਵੇਂ ਅੰਜਾਣਾ ਸੀ, ਸਾਧ ਸੰਗਤ ਦੀ ਸੇਵਾ ਤੇ ਰੌਣਕ ਨੂੰ, ਰੀਝ ਨਾਲ ਦੇਖ ਦੇਖ ਕਰ ਜਾਮੇ 'ਚ ਨ ਸਮਾਉਂਦਾ ਸੀ। ਬਾਬਾ ਜੀ ਦੇ ਘਰ ਜਿਵੇਂ ਪਦਾਰਥ ਦੀ ਤੋਟ ਨਾ ਸੀ, ਤਿਵੇਂ ਦਿਲ ਤੇ ਦਰ ਦੇ ਵਿਚ ਵੀ ਉਦਾਰਤਾ ਦੀ ਘਾਟ ਨਾਂ ਸੀ।"10

ਇਸ ਸਾਦਗੀ ਨਾਲ ਹੋਏ ਅਨੰਦ ਕਾਰਜ ਨੂੰ ਵੇਖ ਕੇ, ਸਤਿਗੁਰੂ ਪਰਤਾਪ ਸਿੰਘ ਜੀ ਨੇ ਸੰਤ ਮੰਗਲ ਸਿੰਘ ਅਰਸ਼ੀ ਫਰਿਸ਼ਤਾ ਤੋਂ ਇਸ ਅਨੰਦ ਕਾਰਜ ਸਮੇਂ, ਇਹ ਹੁਕਮ ਸੁਣਾਇਆ ਕਿ "ਕੋਈ ਕੂਕਾ ਜਗਤ ਅਡੰਬਰ ਨਾ ਕਰੇ ਸਿਵਾ ਜਲ ਪਰਸ਼ਾਦੇ, ਦਾਲੇ ਤੇ ਕੜਾਹ ਪਰਸ਼ਾਦ ਦੇ। ਮਠਾਈ, ਲੱਡੂ, ਚੌਲ, ਖੋਆ, ਜਲੇਬਾਂ, ਡੂਨੇ, ਭਾਜੀਆਂ ਆਦਿ ਨਾ ਕਰੇ।"

"ਮਹਾਰਾਜ ਨਿਹਾਲ ਸਿੰਘ ਜੀ, ਅਨੰਦ ਹੋਣ ਬਾਦ, ਬਹੁਤਾ ਲਾਹੌਰ ਹੀ ਰਹਿੰਦੇ। ਮੁਕਤਸਰ ਦੀ ਮਾਘੀ ਤੇ ਜਾ ਘੋੜੇ ਖਰੀਦਦੇ। ਜਿਥੇ ਵਿਕਰੀ ਮੰਡੀ ਹੁੰਦੀ ਘੋੜੇ ਵੇਚਦੇ, ਖਰੀਦਦੇ। ਕੁਝ ਚਿਰ, ਕਦੀ ਭੈਣੀ ਸਾਹਿਬ ਭੀ ਆ ਟਿਕਦੇ, ਜਾਂ ਲਾਹੌਰ ਬਾਬਾ ਧਿਆਨ ਸਿੰਘ ਜੀ ਪਾਸ ਹੀ ਰਹਿੰਦੇ। ਫੇਰ ਬਾਬਾ ਜੀ (ਲਾਹੌਰ ਵਿਚ ਹੀ) ਵੱਖਰੇ ਮਕਾਨ ਮਹਾਰਾਜ ਜੀ ਨੂੰ ਪਾ ਦਿਤੇ। ਸੰਗਤ ਵਲੋਂ ਮਹਾਰਾਜ ਜੀ ਨੂੰ, ਜੇ ਕਦੀ ਕੋਈ ਸਿਖ, ਭੇਟਾ ਕਰਦਾ ਤਾਂ ਕਹਿੰਦੇ, ਮੈਂ ਤੇ ਗਰਿਹਸਤੀ ਹਾਂ, ਕਿਰਤ ਕਰ ਗੁਜ਼ਾਰਾ ਕਰਨ ਵਾਲਾ, ਇਹ ਭੇਟਾ ਮਹਾਰਾਜ ਪਰਤਾਪ ਸਿੰਘ ਜੀ ਜੋਗ ਏ, ਜੋ ਲੋਹ ਸ੍ਰੀ ਭੈਣੀ ਸਾਹਿਬ ਵਾਲੀ ਦੇ ਸੇਵਕ ਹਨ। ਇਹ ਪੂਜਾ ਭੇਟਾ ਉਹਨਾਂ ਦਾ ਹੀ ਹੱਕ ਹੈ।[11]

ਦੁਸਹਿਰੇ ਵਾਲੇ ਦਿਨ ਹੋਏ ਆਪਣੇ ਅਨੰਦ ਕਾਰਜ ਤੋਂ ਤਿੰਨ ਕੁ ਮਹੀਨੇ ਬਾਅਦ ਮਹਾਰਾਜ ਜੀ ਤੇ ਬੇਬੇ ਸਤਵੰਤ ਕੌਰ ਜੀ, ਸਤਿਗੁਰੂ ਪਰਤਾਪ ਸਿੰਘ ਜੀ ਅਤੇ ਮਾਤਾ

ਭੁਪਿੰਦਰ ਕੌਰ ਜੀ ਦੇ ਅਨੰਦ ਕਾਰਜ ਵਿਚ ਸ਼ਾਮਲ ਹੋਏ ਸਨ। ਮਹਾਰਾਜ ਜੀ ਦਾ ਜਨਮ ਬੇਸ਼ਕ ਗੁਰੂ ਪਰਵਾਰ ਵਿਚ ਹੋਇਆ ਪਰ ਉਹਨਾਂ ਨੇ ਕਦੇ ਵੀ ਗੁਰੂ ਅੰਸ਼ ਹੋਣ ਦਾ ਮਾਨ, ਆਪਣੇ ਨੇੜੇ ਨਹੀਂ ਲੱਗਣ ਦਿਤਾ। ਸਧਾਰਨ ਮਨੁੱਖਾਂ ਵਿਚ ਸਧਾਰਨ ਰੂਪ ਵਿਚ ਵਿਚਰਨਾਂ ਉਹਨਾਂ ਦੀ ਫ਼ਿਤਰਤ ਸੀ। ਜੇ ਕੋਈ ਸੱਜਣ ਆਪਦੇ ਸਾਂਹਵੇਂ ਦਰੀ ਤੇ ਬੈਠ ਗਿਆ ਤਾਂ ਆਪ ਵੀ ਸੋਫੇ ਜਾਂ ਕੁਰਸੀ ਤੋਂ ਉੱਤਰ ਕੇ ਉਸਦੇ ਨਾਲ ਬੈਠ ਜਾਂਦੇ ਅਤੇ ਕਹਿੰਦੇ ਕਿ ਸੱਜਣਾ ਤੇਰੇ ਤੇ ਮੇਰੇ ਵਿਚ ਕੀ ਫ਼ਰਕ ਹੈ ਕਿ ਮੈਂ ਉੱਚੀ ਜਗ੍ਹਾ ਤੇ ਬੈਠਾਂ ਤੇ ਤੂੰ ਨੀਵੀਂ ਤੇ ਬੈਠੇ ? ਸਾਂਝੀ ਵਾਲਤਾ ਨੂੰ ਆਪ ਨੇ ਆਪਣੇ ਜੀਵਨ ਦਾ ਮਿਸ਼ਨ ਬਣਾਈ ਰੱਖਿਆ। ਆਪ ਹਮੇਸ਼ਾਂ ਖੱਦਰ ਦੇ ਸਾਦਾ ਲਿਬਾਸ ਵਿਚ ਹੀ ਵੇਖੇ ਜਾਂਦੇ ਸਨ। ਬੇਸ਼ਕ ਕੋਈ ਵੱਡਾ ਘਰੇਲੂ ਸਮਾਗਮ ਜਾਂ ਸਮੂਹਿਕ ਉਤਸਵ ਹੁੰਦਾ, ਆਪ ਨੇ ਆਪਣੇ ਸਾਦਾ ਪਹਿਰਾਵੇ ਨੂੰ ਹੀ ਅੰਗੀਕਾਰ ਕੀਤਾ। ਆਪ ਦੀ ਇਕ ਰਸ ਚਾਲ, ਹਸ ਮੁਖ ਚਿਹਰਾ, ਮਿਠੀ ਬੋਲੀ ਤੇ ਪ੍ਰੇਮ ਪਿਆਰ ਦੀ ਮੂਰਤੀ ਹੀ ਹਰ ਸਮੇਂ ਦਰਿਸ਼ਟੀ ਗੋਚਰ ਹੁੰਦੀ ਸੀ।

ਸਤਿਗੁਰੂ ਰਾਮ ਸਿੰਘ ਜੀ ਦੇ ਚਲਾਏ ਕੂਕਾ ਅੰਦੋਲਨ ਤੋਂ ਪੂਰੇ ਪੰਜਾਹ ਸਾਲ ਬਾਅਦ, 1907 ਵਿਚ ਸ੍ਰ. ਅਜੀਤ ਸਿੰਘ ਅਤੇ ਲਾਲਾ ਲਾਜਪਤ ਰਾਇ ਦੀ ਅਗੁਆਈ ਵਿਚ ਬਾਰ ਦੇ ਇਲਾਕੇ ਵਿਚ ਨਹਿਰੀ ਆਬਿਆਨਾ ਵਧਾਏ ਜਾਣ ਅਤੇ ਕਲੋਨੀਆਂ ਦਾ ਸਖਤ ਕਾਨੂੰਨ ਬਣਾਏ ਜਾਣ ਵਿਰੁੱਧ, ਵਿਆਪਕ ਪੱਧਰ ਤੇ ਲੋਕ ਲਾਮ ਬੰਦ ਹੋਏ। ਕੁਝ ਸਾਲ ਬਾਅਦ ਵਾਇਸਰਾਏ ਹਾਰਡਿੰਗ ਤੇ ਦਿੱਲੀ ਵਿਚ ਬੰਬ ਸੁਟਿਆ ਗਿਆ। ਪਹਿਲੇ ਵਿਸ਼ਵ ਯੁੱਧ ਸਮੇਂ ਪੰਜਾਬ ਵਿਚੋਂ 4 ਲੱਖ ਜੁਆਨਾਂ ਦੀ ਫੌਜੀ ਭਰਤੀ ਅੰਗਰੇਜ਼ ਸਰਕਾਰ ਨੇ ਕੀਤੀ। ਵਾਰ ਫੰਡ ਵਿਚ ਲੋਕਾਂ ਤੋਂ ਵੱਡੀਆਂ ਰਕਮਾਂ ਲਈਆਂ। ਲੋਕਾਂ ਨੂੰ ਝਾਂਸਾ ਦਿਤਾ ਗਿਆ ਕਿ ਜੰਗ ਜਿਤਣ ਬਾਅਦ "ਹੋਮ ਰੂਲ" ਦੇ ਦਿਆਂਗੇ। ਦਿਤਾ ਗਿਆ ਰੌਲਟ ਐਕਟ, ਥੋਹੜੀ ਬਹੁਤ ਕੂਣ ਬੋਲਣ ਦੀ ਆਜ਼ਾਦੀ ਤੇ ਵੀ ਰੋਕ ਲਾ ਦਿੱਤੀ। ਰੌਲਟ ਐਕਟ ਦੇ ਵਿਰੁੱਧ ਥਾਂ ਥਾਂ ਤੇ ਮਹਾਤਮਾਂ ਗਾਂਧੀ ਦੇ ਸੱਦੇ ਤੇ ਹੜਤਾਲਾਂ ਤੇ ਹੋਰ ਜਨ ਕਾਰਵਾਈਆਂ ਹੋਈਆਂ। ਆਗੂ ਗਰਿਫਤਾਰ ਕਰ ਲਏ। ਲੋਕ ਹਿੰਸਾ ਤੇ ਉੱਤਰ ਆਏ। ਸਰਕਾਰੀ ਇਮਾਰਤਾਂ, ਦਫ਼ਤਰਾਂ ਨੂੰ ਅੱਗਾਂ ਲਾਈਆਂ। ਬੈਂਕ ਲੁੱਟੇ ਗਏ। ਰੇਲ ਪਟੜੀਆਂ ਪੁੱਟੀਆਂ ਗਈਆਂ। ਡਾਕ ਤਾਰ ਘਰ ਸਾੜ ਦਿਤੇ ਗਏ। ਪੰਜਾਬ ਵਿਚ ਮਾਰਸ਼ਲ ਲਾਅ ਤਹਿਤ ਸ਼ਹਿਰਾਂ ਵਿਚ ਹਵਾਈ ਜਹਾਜ਼ ਨਾਲ ਬੰਬ ਸੁਟੇ ਗਏ। ਅੰਮ੍ਰਿਤਸਰ ਵੀ ਫੌਜ ਦੇ ਹਵਾਲੇ ਸੀ। 13 ਅਪਰੈਲ 1919 ਨੂੰ ਵੈਸਾਖੀ ਦੇ ਦਿਨ ਜੱਲਿਆਂ ਵਾਲਾ ਬਾਗ ਵਿਚ ਸਰਕਾਰੀ ਪਾਬੰਦੀਆਂ ਤੋੜ ਕੇ, 40-50 ਹਜਾਰ ਦੀ ਭੀੜ, ਆਪਣੇ ਨੇਤਾਵਾਂ ਦੀ ਗਰਿਫਤਾਰੀ ਵਿਰੁੱਧ ਰੋਸ ਸਭਾ ਵਿਚ ਜੁੜ ਗਈ। ਜਨਰਲ ਡਾਇਰ ਨੇ ਬਾਗ ਦੇ ਰਸਤੇ ਘੇਰ ਲਏ ਅਤੇ ਭੀੜ ਤੇ ਅੰਨ੍ਹੇ ਵਾਹ ਗੋਲੀਆਂ ਚਲਾ ਕੇ ਸੈਂਕੜੇ ਲੋਕ ਮਾਰ ਦਿਤੇ, ਹਜਾਰਾਂ ਜ਼ਖਮੀ ਕਰ ਦਿਤੇ। ਮਹਾਰਾਜ ਨਿਹਾਲ ਸਿੰਘ ਅਤੇ ਮਹਾਰਾਜ ਗੁਰਦਿਆਲ ਸਿੰਘ ਜੀ ਹਰ ਸਾਲ ਦੀ ਤਰ੍ਹਾਂ ਵੈਸਾਖੀ ਦਾ ਮੇਲਾ, ਨਾਮਧਾਰੀ ਧਰਮਸ਼ਾਲਾ ਅੰਮ੍ਰਿਤਸਰ ਵਿਚ ਸਤਿਗੁਰੂ ਪਰਤਾਪ ਸਿੰਘ ਜੀ ਦੀ ਹਜ਼ੂਰੀ ਵਿਚ ਮਨਾਉਣ ਲਈ ਆਏ ਸਨ। ਸਤਿਗੁਰੂ ਜੀ ਅਜੇ ਸ਼ਹਿਰ ਵਿਚ ਪੁੱਜ ਨਹੀਂ ਸੱਕੇ ਸਨ। ਦੋਵੇਂ ਮਹਾਰਾਜ

ਜੀ ਅਤੇ ਕਈ ਨਾਮਧਾਰੀ ਸਿੰਘ ਇਸ ਜਲਸੇ ਵਿਚ ਪੁੱਜੇ। ਆਪ ਇਸ ਹੱਤਿਆ ਕਾਂਡ ਦੇ ਪਰਤੱਖ ਦਰਸ਼ੀ ਸਨ। ਆਪਣੇ ਬਚਪਨ ਵਿਚ ਭੈਣੀ ਸਾਹਿਬ ਪੁਲੀਸ ਚੌਕੀ ਦੇ ਕਰਮਚਾਰੀਆਂ ਦੇ ਤਲਖ ਤਜਰਬੇ ਤਾਂ ਆਪ ਹੰਡਾ ਚੁੱਕੇ ਸਨ, ਅੱਜ ਆਪਣੇ ਹੀ ਦੇਸ਼ ਵਾਸੀਆਂ ਨੂੰ ਗੋਰਾਸ਼ਾਹੀ ਦੀਆਂ ਗੋਲੀਆਂ ਨਾਲ ਧਾਨਾਂ ਜਿਉਂ ਭੁੰਨੇ ਜਾਂਦਿਆਂ ਵੇਖ ਕੇ, ਦੋਹਾਂ ਭਰਾਵਾਂ ਦੇ ਹਿਰਦੇ ਵਿਚ ਅੰਗਰੇਜ਼ ਸਾਮਰਾਜੀਆਂ ਵਿਰੁੱਧ, ਰੋਸ ਦੇ ਭਾਂਬੜ ਲਟ ਲਟ ਕਰਕੇ ਬਲ ਉੱਠੇ। ਦੋਹਾਂ ਭਾਈਆਂ ਨੇ ਅਗਲਾ ਜੀਵਨ, ਕਾਂਗਰਸ ਦੇ ਮੰਚ ਤੇ, ਦੇਸ਼ ਆਜ਼ਾਦੀ ਲਈ ਲੜੇ ਜਾਣ ਵਾਲੇ ਘੋਲਾਂ ਨੂੰ ਸਮਰਪਿਤ ਕਰਨ ਦਾ ਅਹਿਦ ਕਰ ਲਿਆ। ਉਸ ਸਮੇਂ ਕੂਕਾ ਅੰਦੋਲਨ ਦਾ ਇਹੋ ਮੰਤਕੀ ਸਿੱਟਾ ਆਪ ਨੇ ਅਨੁਭਵ ਕੀਤਾ ਸੀ। ਮਹਾਰਾਜ ਨਿਹਾਲ ਸਿੰਘ ਹੋਰਾਂ ਨੇ ਸਮਝ ਲਿਆ ਸੀ ਕਿ ਮਲੇਰ ਕੋਟਲੇ ਦੇ ਰੱਕੜ ਵਿਚ ਦੇਸ਼ ਭਗਤ ਕੂਕਿਆਂ ਦੇ ਖ਼ੂਨ ਦੀ ਪਿਆਸੀ ਉਹੋ ਅੰਗਰੇਜ਼ ਸਰਕਾਰ, ਅੱਜ ਜੱਲ੍ਹਿਆਂ ਵਾਲੇ ਬਾਗ ਵਿਚ ਫਿਰ ਹਿੰਦੀਆਂ ਦੇ ਖ਼ੂਨ ਵਿਚ ਹੱਥ ਰੰਗਣ ਜਾ ਰਹੀ ਸੀ।

ਪੰਜਾਬ ਕਾਂਗਰਸ ਪਾਰਟੀ ਵੱਲੋਂ ਵਿੱਢੇ ਆਜ਼ਾਦੀ ਅੰਦੋਲਨ ਵਿਚ, ਸਤਿਗੁਰੂ ਪਰਤਾਪ ਸਿੰਘ ਜੀ ਦੇ ਆਸ਼ੀਰਵਾਦ ਨਾਲ, ਉਹਨਾਂ ਦੇ ਦੋਹਾਂ ਛੋਟੇ ਭਾਈਆਂ ਮਹਾਰਾਜ ਨਿਹਾਲ ਸਿੰਘ, ਮਹਾਰਾਜ ਗੁਰਦਿਆਲ ਸਿੰਘ ਅਤੇ ਉਸ ਸਮੇਂ ਦੇ ਉੱਘੇ ਨਾਮਧਾਰੀ ਆਗੂ, ਸੰਤ ਮੰਗਲ ਸਿੰਘ ਅਰਸ਼ੀ ਫਰਿਸ਼ਤਾ, ਸੰਤ ਨਿਧਾਨ ਸਿੰਘ ਆਲਿਮ, ਸੰਤ ਇੰਦਰ ਸਿੰਘ ਚੱਕਰਵਰਤੀ, ਪੰਡਿਤ ਬਸੰਤ ਸਿੰਘ ਜੀ ਪਧਾਣਾ, ਪੰਡਿਤ ਅਮਰ ਸਿੰਘ ਜੀ, ਪੰਡਿਤ ਮਨਸਾ ਸਿੰਘ ਕੌਮੀ, ਸੰਤ ਅਣਖਾ ਸਿੰਘ, ਜਥੇਦਾਰ ਮਿਹਰ ਸਿੰਘ ਸਿਆਹੜ, ਜੰਗ ਸਿੰਘ ਬਿਲਗਾ, ਸ੍ਰ. ਆਤਮਾ ਸਿੰਘ ਰਾਈਸ ਰਾਵਲਪਿੰਡੀ ਆਦਿ ਵੀ ਜੱਲਿਆਂ ਵਾਲਾ ਬਾਗ ਦੇ ਸਾਕੇ ਬਾਅਦ ਕਾਂਗਰਸ ਵਿਚ ਸ਼ਾਮਲ ਹੋ ਗਏ ਸਨ। ਲਾਹੌਰ ਦਾ 1929 ਈ. ਦਾ ਕਾਂਗਰਸ ਦਾ ਕੁੱਲ ਹਿੰਦ ਇਜਲਾਸ, ਸਫਲ ਬਨਾਉਣ ਵਿਚ ਮਹਾਰਾਜ ਨਿਹਾਲ ਸਿੰਘ ਜੀ ਅਤੇ ਉਹਨਾਂ ਦੇ ਸਹੁਰਾ ਪਰਿਵਾਰ ਅਤੇ ਦੋਵੇਂ ਗੁਰੂ ਮਾਤਾਵਾਂ, ਮਾਤਾ ਜੀਵਨ ਕੌਰ ਅਤੇ ਮਾਤਾ ਫਤੇਹ ਕੌਰ ਜੀ ਦਾ ਵੱਡਾ ਯੋਗਦਾਨ ਸੀ। ਮਹਾਰਾਜ ਨਿਹਾਲ ਸਿੰਘ ਇਹਨਾਂ ਸਮਿਆਂ ਵਿਚ ਲਾਹੌਰ ਹੀ ਜ਼ਿਆਦਾਤਰ ਨਿਵਾਸ ਰੱਖਦੇ ਸਨ ਅਤੇ ਕਾਂਗਰਸ ਪਰਧਾਨ ਪੰਡਿਤ ਜਵਾਹਰ ਲਾਲ ਨਹਿਰੂ ਦੇ ਜਲੂਸ ਲਈ ਘੱਟੋ ਘੱਟ ਇਕ ਸੌ ਘੋੜੇ ਘੋੜੀਆਂ ਨਾਮਧਾਰੀ ਸੁਆਰਾਂ ਸਮੇਤ ਮਹਾਰਾਜ ਜੀ ਦੇ ਉੱਦਮ ਨਾਲ, ਲਾਹੌਰ ਜਿਲ੍ਹੇ ਦੇ ਕੂਕਾ ਆਗੂਆਂ ਸੂਬਾ ਲਾਭ ਸਿੰਘ ਡੱਫਰਕਾਂ, ਸੂਬਾ ਫੂਲਾ ਸਿੰਘ ਡੱਫਰਕਾ ਅਤੇ ਭਾਈ ਦਲੀਪ ਸਿੰਘ ਸਹਾਰੀ ਆਦਿ ਦੇ ਯਤਨਾਂ ਨਾਲ ਲਿਆਂਦੇ ਗਏ ਸਨ।

1923 ਈ. ਦੇ ਢੋਟੀਆਂ ਦੇ ਹੋਲੇ ਮਹੱਲੇ ਤੋਂ ਰਤਾ ਕੁ ਪਹਿਲਾਂ ਲਾਇਲਪੁਰ ਦੀ ਕਾਂਗਰਸ ਸੇਵਾ ਸੰਮਤੀ ਅਤੇ ਨਾਮਧਾਰੀ ਸੰਗਤ ਨੇ ਸਤਿਗੁਰੂ ਪਰਤਾਪ ਸਿੰਘ ਜੀ ਦੀ ਅਗੁਆਈ ਵਿਚ, ਮਹਾਰਾਜ ਨਿਹਾਲ ਸਿੰਘ ਹੋਰਾਂ ਦੀ ਵਿਉਂਤਬੰਦੀ ਨਾਲ, ਇੱਕ ਸਾਂਝਾ ਜਲੂਸ ਅੰਗਰੇਜ਼ ਸਰਕਾਰ ਦੇ ਵਿਰੁੱਧ ਸ਼ਹਿਰ ਵਿਚ ਕੱਢਿਆ ਸੀ। ਮਹਾਰਾਜ ਨਿਹਾਲ ਸਿੰਘ ਜੀ ਸਤਿਗੁਰੂ ਪਰਤਾਪ ਸਿੰਘ ਜੀ ਦੇ ਘੋੜੇ ਅੱਗੇ ਸੇਵਾ ਸੰਮਤੀ ਵਾਲਿਆਂ

ਦਾ ਜਥਾ ਲਾਉਣਾ ਚਾਹੁੰਦੇ ਸਨ ਪਰ ਗੁਰੂ ਕੇ ਊਠਾਂ ਘੋੜਿਆਂ ਅਤੇ ਗੱਡਿਆਂ ਵਾਲਿਆਂ ਤੇ ਹੋਰ ਬਿਹੰਗਮ ਸਿੰਘਾਂ ਨੇ ਕਿਹਾ ਕਿ ਸਤਿਗੁਰੂ ਜੀ ਦੇ ਘੋੜੇ ਦੀ ਅਗਵਾਨੀ ਅਸੀਂ ਹੀ ਕਰਾਂਗੇ ਤੇ ਇਉਂ ਹੀ ਕਰਨ ਦੀ ਸਤਿਗੁਰੂ ਜੀ ਨੇ ਆਗਿਆ ਦਿੱਤੀ।[11]

ਸਤਿਗੁਰੂ ਪਰਤਾਪ ਸਿੰਘ ਜੀ ਦੇ ਅਨੰਦ ਕਾਰਜ ਸਮੇਂ, ਮਹਾਰਾਜ ਜੀ ਕੁਝ ਚਿਰ ਭੈਣੀ ਸਾਹਿਬ ਰਹੇ ਸਨ। ਫਿਰ ਰਾਈਆਂ ਵਾਲੇ ਮੁਕਦਮੇ ਦੇ ਝਗੜੇ ਸਮੇਂ ਮਾਤਾ ਜੀਵਨ ਕੌਰ ਜੀ ਦੇ ਕਹਿਣ ਤੇ ਡੇਰੇ ਆ ਰਹਿੰਦੇ ਰਹੇ। ਸਤਿਗੁਰੂ ਜੀ ਵੱਲੋਂ ਮਾਤਾ ਜੀ ਨੂੰ ਬੇਨਤੀ ਕੀਤੀ ਹੋਈ ਸੀ ਕਿ ਮਹਾਰਾਜ ਜੀ ਦੀ ਯਥਾ ਜੋਗ ਉਹਨਾਂ ਦੇ ਕਹਿਣ ਅਨੁਸਾਰ ਜਾਂ ਆਪ ਅਨੁਭਵ ਕਰਕੇ ਵੀ ਪੈਸੇ ਟਕੇ ਦੀ ਜਦੋਂ ਵੀ ਲੋੜ ਹੋਵੇ, ਡੇਰੇ ਵਿਚੋਂ ਪੂਰੀ ਕਰਨੀ। ਪਰ ਮਹਾਰਾਜ ਜੀ ਆਪ ਵੀ ਸੰਤੋਖੀ ਬਿਰਤੀ ਦੇ ਧਾਰਨੀ ਸਨ। ਦੋਹਾਂ ਮਹਾਰਾਜ ਜੀਆਂ ਨਾਲ, ਬਾਬਾ ਧਿਆਨ ਸਿੰਘ ਹੋਰਾਂ ਦੀਆਂ ਦੋਹਾਂ ਪੁੱਤਰੀਆਂ ਦੇ ਅਨੰਦ ਕਾਰਜ ਬਾਬਾ ਜੀ ਨੇ, ਸੰਤ ਮੰਗਲ ਸਿੰਘ ਜੀ ਅਰਸ਼ੀ ਫਰਿਸ਼ਤਾ ਜੀ ਦੇ ਸੁਝਾਅ ਅਨੁਸਾਰ ਹੀ ਕੀਤੇ ਸਨ। ਹੁਣ ਜਦੋਂ ਕਦੇ ਮਹਾਰਾਜ ਜੀ ਦੇ ਕੋਈ ਵਿਹਾਰ ਕਾਰ ਨਾਂ ਹੋਣ ਦਾ ਗਿਲਾ, ਬਾਬਾ ਧਿਆਨ ਸਿੰਘ ਜੀ ਅਰਸ਼ੀ ਫਰਿਸ਼ਤਾ ਜੀ ਨਾਲ ਕਰਦੇ ਤਾਂ ਉਹਨਾਂ ਸੁਝਾਅ ਦਿਤਾ ਕਿ ਫਰਕ ਉਹਨਾਂ ਲਈ ਨਾਂ ਗੁਰੂ ਘਰ ਵੱਲੋਂ ਹੈ ਤੇ ਨਾਂ ਹੀ ਤੁਹਾਡੇ ਵੱਲੋਂ ਹੈ, ਫਿਰ ਵੀ ਤੁਸੀਂ ਇਕ ਵੇਰ ਲਾਹੌਰ ਵਿਚ ਉਹਨਾਂ ਦੇ ਵੱਖਰੇ ਮਕਾਨ ਪੁਆਕੇ, ਵਿਹਾਰ ਕਾਰ ਜੋਗ ਮਾਇਆ ਦੇ ਦਿਉ।[13] ਬਾਬਾ ਜੀ ਨੇ ਇਉਂ ਹੀ ਕੀਤਾ ਅਤੇ ਮਹਾਰਾਜ ਜੀ ਦਾ ਘੋੜਿਆਂ ਦਾ ਕਾਰੋਬਾਰ ਸ਼ੁਰੂ ਕਰਵਾ ਦਿਤਾ ਜੋ ਲਾਹੌਰ ਰਹਿਣ ਤੱਕ ਕੋਈ 25-30 ਸਾਲ ਉਹ ਕਰਦੇ ਰਹੇ ਸਨ ਅਤੇ ਆਪਣਾ ਪਰਸ਼ਾਦਾ ਪਾਣੀ ਤੇ ਗ੍ਰਿਹਸਤ ਦੇ ਹੋਰ ਖਰਚੇ ਚਲਾਉਂਦੇ ਰਹੇ।

ਇਸ ਸਮੇਂ ਮਹਾਰਾਜ ਗੁਰਦਿਆਲ ਸਿੰਘ ਜੀ ਤਾਂ ਆਪਣੇ ਅਨੰਦ ਬਾਅਦ ਕਾਂਗਰਸ ਦੇ ਸਿਆਸੀ ਕੰਮਾਂ ਜਾਂ ਆਪਣੇ ਨਾਮਧਾਰੀ ਇਤਿਹਾਸ, ਨਾਮਧਾਰੀ ਅਖ਼ਬਾਰਾਂ 'ਕੂਕਾ', ਸਤਿਜੁਗ ਆਦਿ ਪਰਚਿਆਂ ਦੇ ਲਿਖਣ ਪੜ੍ਹਨ ਦੇ ਕੰਮਾਂ ਕਾਰਨ, ਬਾਬਾ ਧਿਆਨ ਸਿੰਘ ਜੀ ਦੇ ਘਰ ਲਾਹੌਰ ਹੀ ਰਹਿੰਦੇ ਸਨ। ਕਾਂਗਰਸ ਵਿਚ ਜੋਰ ਸ਼ੋਰ ਨਾਲ ਕੰਮ ਕਰਨ ਦੀ ਲਗਨ ਤੇ ਪ੍ਰੇਰਣਾ, ਮਹਾਰਾਜ ਨਿਹਾਲ ਸਿੰਘ ਹੋਰਾਂ ਨੂੰ, ਮਹਾਰਾਜ ਗੁਰਦਿਆਲ ਸਿੰਘ ਹੋਰਾਂ ਤੋਂ ਵੀ ਲੱਗੀ ਸੀ।

"ਮਹਾਰਾਜ (ਗੁਰਦਿਆਲ ਸਿੰਘ) ਜੀ ਕਈ ਵਾਰੀ ਖੇਚਲ ਬਹੁਤੀ ਤੇ ਖੁਰਾਕ ਖਾਸ ਨਾ ਖਾਣ ਦੇ ਸੁਭਾਉ ਬੀਮਾਰ ਹੋ ਜਾਂਦੇ ਸੀ। ਮਹਾਰਾਜ ਨਿਹਾਲ ਸਿੰਘ ਜੀ ਘੋੜਿਆਂ ਦੇ ਬਪਾਰ ਵੱਲੋਂ, ਜਦ ਭੀ ਘਰ ਆਉਂਦੇ ਪਹਿਲੋਂ ਮਹਾਰਾਜ ਗੁਰਦਿਆਲ ਸਿੰਘ ਜੀ ਦੀ ਸੁਖ (ਬੇਬੇ) ਸਤਵੰਤ ਕੌਰ ਜੀ ਤੋਂ ਪੁੱਛਦੇ। ਏਕ ਸਮੇਂ ਮਹਾਰਾਜ ਜੀ ਦੂਰੋਂ ਕੁਵੇਲੇ ਆਏ ਤੇ ਤੁਰਤ ਪੁੱਛਿਆ,—ਛੋਟੇ ਮਹਾਰਾਜ ਜੀ ਦਾ ਕੀ ਗੱਲ ਏ ? ਸਤਵੰਤ ਕੌਰ ਜੀ ਅਰਜ਼ ਕੀਤੀ, ਜਲ ਛਕ ਲਵੋ, ਫੇਰ ਉਹਨਾਂ ਦਾ ਹਾਲ ਭੀ ਦੱਸਾਂਗੀ। ਮਹਾਰਾਜ ਜੀ ਕਿਹਾ, ਮੈਂ ਪਹਿਲਾਂ ਉਹਨਾਂ ਨੂੰ ਮਿਲ ਆਵਾਂ। ਉਹ ਬਾਬਾ ਜੀ ਦੇ ਘਰ ਮਹਾਰਾਜ ਗੁਰਦਿਆਲ ਸਿੰਘ ਜੀ ਪਾਸ ਗਏ। ਮੰਜੇ ਤੇ ਪਿਆਂ ਨੂੰ ਪਿਆਰ ਕੀਤਾ ਤੇ ਪੁੱਛਿਆ, ਏਦਾਂ ਕਿਉਂ ਪਏ

ਹੋ ? ਉਹਨਾਂ ਦੱਸਿਆ ਬੁਖਾਰ ਹੋਇਆ ਹੈ। ਇਕ ਜਲਸੇ ਤੇ ਜਲੂਸ ਵਿਚ ਭੁੱਖ ਜਰੀ ਹੈ। ਮਹਾਰਾਜ ਜੀ ਕਿਹਾ, ਜੇ ਮੰਨੋ ਤਾਂ ਮੈਨੂੰ ਕੁਝ ਹੁਕਮ ਕੀਤਾ ਕਰੋ ਤਾਂ ਕਿ ਮੈਂ ਆਪ ਦੇ ਥਾਂ ਕਿਤੇ ਹੋ ਆਵਾਂ ਕਰਾਂ। ਮਹਾਰਾਜ ਗੁਰਦਿਆਲ ਸਿੰਘ ਜੀ ਕਿਹਾ, ਮੈਂ ਜਾਣਦਾ ਹਾਂ, ਮੇਰੇ ਸਨੇਹ ਕਰਕੇ ਤੁਸਾਂ ਸਾਰੇ ਟੱਬਰ ਨੇ ਖੱਦਰ ਪਹਿਨ ਲਿਆ ਹੋਇਅ ਤੇ ਕਈ ਵੇਰ ਤੁਸਾਂ ਮੈਨੂੰ ਅਗੇ ਭੀ ਇਹ ਗੱਲ ਆਖੀ ਹੈ ਕੁਝ ਸੇਵਾ ਦੀ। ਅੱਛਾ ਜੇ ਮੌਕਾ ਮਿਲ ਸੱਕਿਆ ਤਾਂ ਮੈਂ ਤੁਹਾਨੂੰ ਕੁਝ ਕੰਮ ਕਰਨਾ ਕਹਾਂਗਾ। ਮਾਤਾ ਸਤਵੰਤ ਕੌਰ ਜੀ, ਮਹਾਰਾਜ ਨਿਹਾਲ ਸਿੰਘ ਜੀ ਨੂੰ ਜਲ ਉਥੇ ਜਾ ਮੰਜੇ ਮਹਾਰਾਜ ਜੀ ਦੇ ਤੇ ਬੈਠਿਆਂ ਨੂੰ ਹੀ ਛਕਾਇਆ ਤੇ ਮਹਾਰਾਜ ਜੀ ਦੱਸਿਆ, ਇਹਨਾਂ ਅੱਜ ਮੰਨਿਆ ਹੈ ਤੁਹਾਨੂੰ ਕੋਈ ਕੰਮ ਦੱਸਾਂਗੇ।

"(ਬੇਬੇ) ਸਤਵੰਤ ਕੌਰ ਜੀ ਕਿਹਾ, ਇਹਨਾਂ ਦਾ ਕੰਮ ਕੀ ਹੋਣੈ, ਸਿਵਾਇ ਕਾਂਗਰਸ ਨਾਲ ਮਿਲਣ, ਅੰਗਰੇਜ਼ ਦੇ ਖਿਲਾਫ ਬੋਲਣ, ਲਿਖਣ ਤੋਂ, ਜਾਂ ਸਤਿਗੁਰੂ ਰਾਮ ਸਿੰਘ ਜੀ ਦੀ ਆਜ਼ਾਦੀ ਦੀ ਲਹਿਰ ਦਾ ਬੀਤਿਆ ਇਤਿਹਾਸ ਖਾਸ ਥਾਈਂ ਲੋਕਾਂ ਨੂੰ ਜਾਕੇ ਸੁਨਾਉਣਾ। ਤੁਹਾਨੂੰ ਪਤਾ ਨਹੀਂ ਬੀਬੀ ਕਰਤਾਰ ਕੌਰ ਜੀ ਭੀ ਗੁਰਮੁਖੀ ਅੰਗਰੇਜ਼ੀ ਪੜ੍ਹੀ ਹੋਈ ਹੋਣ ਕਰਕੇ ਅੱਗੇ ਭੀ ਵੱਡੀ ਭੈਣ ਬੀਬੀ ਈਸਰ ਕੌਰ ਤੇ ਕਈ ਸਹੇਲੀਆਂ ਸਮੇਤ ਕਈ ਜਲਸਿਆਂ ਵਿਚ ਜਾ ਬੋਲਦੇ ਭੀ ਹਨ।"[14]

2 ਸਤੰਬਰ 1929 ਈ. ਨੂੰ ਮਹਾਰਾਜ ਗੁਰਦਿਆਲ ਸਿੰਘ ਜੀ ਦੇ ਅਕਾਲ ਚਲਾਣੇ ਤੋਂ ਬਾਅਦ ਲਾਹੌਰ ਆ ਕੇ, ਮਹਾਰਾਜ ਨਿਹਾਲ ਸਿੰਘ ਜੀ, ਮਹਾਰਾਜ ਜੀ ਦੀ ਅੰਤਿਮ ਇੱਛਿਆ ਅਨੁਸਾਰ, ਇਸ ਇਤਿਹਾਸਿਕ ਕਾਂਗਰਸ ਦੀ ਸਾਲਾਨਾ ਕਾਨਫਰੰਸ ਦੀ ਸਫਲਤਾ ਲਈ ਪੂਰੀ ਤਨਦੇਹੀ ਨਾਲ ਜੁੱਟ ਗਏ ਸਨ, ਜਿਸਦਾ ਜ਼ਿਕਰ ਉੱਪਰ ਆ ਚੁੱਕਾ ਹੈ। ਸਤਿਗੁਰੂ ਪਰਤਾਪ ਸਿੰਘ ਜੀ ਗੁਰਗੱਦੀ ਦੇ ਵਾਰਿਸ ਹੋਣ ਕਾਰਨ ਧਾਰਮਿਕ ਖੇਤਰ ਵਿਚ ਅਤੇ ਮਹਾਰਾਜ ਨਿਹਾਲ ਸਿੰਘ ਜੀ ਹੁਣ ਕੌਮੀ ਮੁਕਤੀ ਸੰਗਰਾਮ ਵਿਚ, ਪੂਰੀ ਤਰ੍ਹਾਂ ਸਰਗਰਮ ਹੋ ਗਏ ਸਨ।

ਮਹਾਰਾਜ ਨਿਹਾਲ ਸਿੰਘ ਜੀ ਪਹਿਲਾਂ ਸਵਦੇਸ਼ੀ ਮੁਹਿੰਮ ਦੇ ਤਹਿਤ, ਪੰਜਾਬ ਦੇ ਕਈ ਸ਼ਹਿਰਾਂ ਵਿਚ ਵਿਦੇਸ਼ੀ ਕੱਪੜਿਆਂ ਦੀ ਹੋਲੀ ਜਲਾਉਣ ਦੇ ਪ੍ਰੋਗਰਾਮਾਂ ਵਿਚ ਮਹਾਰਾਜ ਗੁਰਦਿਆਲ ਸਿੰਘ ਜੀ ਦੇ ਸਾਥ ਸ਼ਾਮਲ ਹੁੰਦੇ ਰਹੇ ਸਨ। ਫਿਰ ਆਪ ਨੇ ਪੰਜਾਬ ਕਾਂਗਰਸ ਦੇ ਮੋਰਚਾ ਡਿਕਟੇਟਰ ਦੇ ਤੌਰ ਤੇ 9 ਜੁਲਾਈ 1930 ਈ. ਵਿਚ ਲਾਹੌਰ ਵਿਖੇ ਸ਼ਰਾਬ ਦੇ ਠੇਕੇ ਤੇ ਪਿਕਟਿੰਗ ਕਰਦਿਆਂ (ਭਾਵ ਲੋਕਾਂ ਨੂੰ ਸ਼ਰਾਬ ਵੇਚਣ ਖਰੀਦਣ ਤੋਂ ਰੋਕਦਿਆਂ) ਗਰਿਫਤਾਰੀ ਦਿਤੀ ਅਤੇ ਛੇ ਮਹੀਨੇ ਆਪ ਨੂੰ ਕੈਦ ਦੀ ਸਜ਼ਾ ਹੋਈ ਜੋ ਆਪ ਬੜੀ ਸ਼ਾਨ ਨਾਲ ਗੁਜਰਾਤ ਜਿਹਲ ਵਿਖੇ ਕੱਟ ਕੇ ਆਏ। ਸੰਤ ਨਰਾਇਣ ਸਿੰਘ ਭੰਬੇ ਖੁਰਦ ਜ਼ਿਲਾ ਲਾਹੌਰ, ਮਹਾਤਮਾ ਗਾਂਧੀ ਨਾਲ ਲੂਣ (ਬਨਾਉਣ) ਦਾ ਕਾਨੂੰਨ ਤੋੜਨ ਕਰਕੇ, ਦੋ ਮਹੀਨੇ ਕੈਦ ਹੋਏ। "ਮਹਾਰਾਜ ਨਿਹਾਲ ਸਿੰਘ ਜੀ ਦੇ ਕੈਦ ਹੋਣ ਬਾਅਦ ਕੂਕਿਆਂ ਵਿਚ ਭੀ ਰੋਹ ਜਾਗ ਪਿਆ ਸੀ। (ਪੰਡਿਤ) ਮਨਸਾ ਸਿੰਘ ਜੀ ਨੇ ਲਾਹੌਰੋਂ ਰਾਤੋ ਰਾਤ ਜਾ ਗੁਜਰਾਂਵਾਲਿਉਂ ਨੱਥਾ ਸਿੰਘ ਜੀ ਪਤੰਗ ਹੋਰਾਂ ਦਾ ਜਥਾ ਤੇ ਦੋ ਚਾਰ ਮਾਈਆਂ ਤੇ ਹੋਰ ਸਿੱਖ ਲਿਆਂਦੇ ਤੇ ਬਜਾਰਾਂ ਵਿਚ ਪੜ੍ਹਦੇ ਸੀ–

"ਹੁਣ ਚੁਕ ਲੈ ਫਰੰਗੀਆ ਡੇਰਾ। ਤੂੰ ਕਰ ਲਿਆ ਰਾਜ ਬਥੇਰਾ"

ਇਹਨਾਂ ਨੂੰ ਕਾਂਗਰਸ ਨੇ (ਆਪਣੇ ਦਫ਼ਤਰ) ਬਰੈਡਲਾ ਹਾਲ ਲਾਹੌਰ ਵਿਚ, ਖੂਹੀ ਲਾ ਦਿਤੀ ਹੋਈ ਸੀ। (ਕਿਉਂ ਜੁ ਉਸ ਸਮੇਂ ਕੂਕੇ ਸਿਰਫ ਖੂਹ ਦਾ ਪਾਣੀ ਹੀ ਪੀਂਦੇ ਸਨ)। ਜਲੂਸ ਮੋਤੀ ਬਾਜ਼ਾਰੋਂ ਕੱਢ ਡੱਬੀ ਬਜ਼ਾਰ ਤੇ ਅਨਾਰਕਲੀ ਬਾਜ਼ਾਰੋਂ ਲੰਘਦੇ ਸਮੇਂ ਫੜੇ ਗਏ ਸੀ।"[14]

ਸਤਿਗੁਰੂ ਪਰਤਾਪ ਸਿੰਘ ਜੀ ਨੇ ਗੁਜਰਾਤ ਜਿਹਲ ਵਿਚ ਜਾਕੇ, ਮੁਲਾਕਾਤ ਦੇ ਬਹਾਨੇ ਮਹਾਰਾਜ ਨਿਹਾਲ ਸਿੰਘ ਹੋਰਾਂ ਨੂੰ ਦਰਸ਼ਨ ਦੇਕੇ ਨਿਵਾਜਿਆ ਸੀ। ਨਾਮਧਾਰੀ ਦਰਬਾਰ ਦੇ ਅਖਬਾਰ ਸਤਿਜੁਗ ਨੇ ਗਰਿਫਤਾਰੀ ਸਮੇਂ ਲਾਹੌਰ ਦੀ ਪੁਲੀਸ ਵੱਲੋਂ ਮਹਾਰਾਜ ਜੀ ਨਾਲ ਕੀਤੇ ਅਭੱਦਰ ਵਿਹਾਰ ਅਤੇ ਖਿੱਚ ਧੂਹ ਦੀ ਸਖਤ ਸ਼ਬਦਾਂ ਵਿਚ ਨਿੰਦਾ ਕੀਤੀ ਸੀ। ਇਸੇ ਸਮੇਂ ਸੰਤ ਭਰੋਸਾ ਸਿੰਘ ਜੀ ਮਾਨਾਂ ਵਾਲੇ (ਸ਼ੇਖੂਪੁਰਾ) ਦੇ ਗੁਰਦੁਆਰੇ ਰਹਿੰਦੇ ਅੱਖਾਂ ਤੋਂ ਸੂਰਮੇ ਸਿੰਘ ਸਨ ਰਾਗੀ। ਬੜੇ ਬਿੱਲੇ ਦੇ ਬਰ ਖਿਲਾਫ ਬੋਲਦੇ ਦੀਵਾਨ ਲਾ। ਮਾਨਾਂ ਵਾਲੇ ਦੇ ਸ. ਨੌਨਿਹਾਲ ਸਿੰਘ ਮਾਨ (ਆਨਰੇਰੀ) ਮੈਜਿਸਟਰੇਟ, ਸਰਕਾਰ ਦੇ ਬੰਦੇ ਨੇ ਇਸ ਨੂੰ ਸੱਦ ਕੇ ਪਿਆਰ ਕੀਤਾ ਤੇ ਸਮਝਾਇਆ ਫਿਰ ਦਬਕਾਇਆ, ਪਰ ਇਹ ਨਾਂ ਮੁੜਿਆ। ਇਸ ਨੂੰ ਪੁੱਛਿਆ ਹਾਕਮ, ਤੇਰੇ ਪਿਤਾ ਦਾ ਨਾਮ ਕੀ ਹੈ ਤੇ ਪਿੰਡ ਕਿਹੜਾ ਹੈ ? ਇਸ ਉਤਰ ਦਿਤਾ, ਪਿਤਾ ਸਤਿਗੁਰੂ ਰਾਮ ਸਿੰਘ ਜੀ ਹੈ ਤੇ ਸਾਰੀ ਸਰਿਸ਼ਟੀ, ਬ੍ਰਹਿਮੰਡ, ਮੇਰਾ ਪਿੰਡ ਹੈ। ਇਕ ਸਾਲ ਕੈਦ ਹੋਇਆ।[15]

ਇਸ ਸਮੇਂ ਸ਼ਹੀਦ ਭਗਤ ਸਿੰਘ ਹੋਰੀਂ ਲਾਹੌਰ ਜਿਹਲ ਵਿਚ ਸਨ ਅਤੇ ਸਿਆਸੀ ਬੰਦੀਆਂ ਦੇ ਅਧਿਕਾਰਾਂ ਲਈ ਭੁੱਖ ਹੜਤਾਲ ਤੇ ਬੈਠੇ ਸਨ। ਸਾਰੇ ਦੇਸ਼ ਵਿਚ ਮਜ਼ਦੂਰ, ਕਿਸਾਨ, ਦੁਕਾਨਦਾਰ, ਵਿਦਿਆਰਥੀ ਅਤੇ ਕਈ ਕਰਮਚਾਰੀ ਵੀ ਸਰਕਾਰ ਵਿਰੋਧੀ ਕਾਰਵਾਈਆਂ ਵਿਚ ਰੁੱਝੇ ਹੋਏ ਸਨ। ਸਤਿਜੁਗ ਵਿਚ ਸੰਤ ਇੰਦਰ ਸਿੰਘ ਚੱਕਰਵਰਤੀ ਲਿਖਦੇ ਹਨ ਕਿ ਅੰਮ੍ਰਿਤਸਰ ਤੇ ਹੋਰ ਸਿਖ ਤਖਤਾਂ ਦੇ ਪੁਜਾਰੀਆਂ ਨੇ ਉਸ ਸਮੇਂ, ਸਤਿਗੁਰੂ ਰਾਮ ਸਿੰਘ ਜੀ ਨੂੰ ਤਨਖਾਹ ਲੁਆਉਣ ਲਈ ਕਿਹਾ ਸੀ। ਆਪ ਦਾ ਫਰਮਾਨ ਸੀ, ਵਕਤ ਆਏਗਾ ਜਦੋਂ ਤੁਹਾਨੂੰ ਤਨਖਾਹ ਲੱਗੇਗੀ। ਉਹ ਸਮਾਂ ਹੁਣ ਆ ਗਿਆ ਹੈ ਦੁਨੀਆਂ ਸਾਰੀ ਵੀ ਫਰੰਗੀ ਹਕੂਮਤ ਦੇ ਖਿਲਾਫ਼ ਹੋ ਗਈ ਹੈ। ਸਤਿਗੁਰੂ ਰਾਮ ਸਿੰਘ ਜੀ ਦੇ, ਘਰ ਘਰ ਰਾਮ ਸਿੰਘ ਕਰਨ ਵਾਲੇ ਬਚਨ ਵੀ ਪੂਰੇ ਹੋ ਰਹੇ ਹਨ। ਹੁਣ ਦੇਸ਼ ਨੂੰ ਆਜ਼ਾਦ ਹੋਣ ਤੋਂ ਕੋਈ ਤਾਕਤ ਡੱਕ ਨਹੀਂ ਸੱਕੇਗੀ।

ਮਹਾਰਾਜ ਨਿਹਾਲ ਸਿੰਘ ਜੀ, ਸੰਤ ਮੰਗਲ ਸਿੰਘ ਜੀ ਅਰਸ਼ੀ ਫਰਿਸ਼ਤਾ, ਜੰਗ ਸਿੰਘ ਬਿਲਗਾ, ਪੰਡਿਤ ਮਨਸਾ ਸਿੰਘ ਜੀ ਕੌਮੀ ਅਤੇ ਭਰੋਸਾ ਸਿੰਘ ਜੀ ਮਾਨਾਂ ਵਾਲੇ ਜਦੋਂ ਆਪੋ ਆਪਣੀ ਕੈਦ ਕੱਟ ਆਏ ਤਾਂ ਸਤਿਕਾਰ ਵਜੋਂ ਲਾਹੌਰ ਦੇ ਬਜ਼ਾਰਾਂ ਵਿਚ ਇਹਨਾਂ ਦਾ ਸੁਆਗਤੀ ਅਭਿਨੰਦਨ ਕਰਦਿਆਂ, ਸ਼ਹਿਰੀਆਂ ਨੇ ਨਾਮਧਾਰੀ ਸੰਗਤਾਂ ਨਾਲ ਮਿਲ ਕੇ ਜਲੂਸ ਕੱਢਿਆ। 23 ਮਾਰਚ 1931 ਨੂੰ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਜਦੋਂ ਫਾਂਸੀਆਂ 'ਤੇ ਟੰਗ ਕੇ ਰਾਤੋ ਰਾਤ ਫਿਰੋਜ਼ਪੁਰ ਪਾਸ ਕੱਚੇ ਭੁੰਨੇ ਕਰਕੇ, ਦਰਿਆ ਸਤਿਲੁਜ ਵਿਚ ਰੋਹੜ ਦਿੱਤਾ ਤਾਂ ਨਾਮਧਾਰੀ ਸਪਤਾਹਿਕ 'ਸਤਿਜੁਗ' ਨੇ

ਇਸ ਨੂੰ ਨੌਕਰਸ਼ਾਹੀ ਦਾ ਅਤਿ ਨੀਚ ਕਾਰਾ ਲਿਖਿਆ ਸੀ। ਇਸ ਸਮੇਂ ਲਾਹੌਰ ਵਿਚ ਕੱਢੇ ਗਏ ਵਿਰੋਧ ਪ੍ਰਦਰਸ਼ਨਾਂ ਵਿਚ ਲਾਹੌਰੀ ਸੰਗਤ ਸਮੇਤ ਮਹਾਰਾਜ ਨਿਹਾਲ ਸਿੰਘ ਜੀ ਵੀ ਸ਼ਾਮਲ ਹੁੰਦੇ ਰਹੇ। ਇਸ ਦੌਰਾਨ ਸ੍ਰ. ਕਿਸ਼ਨ ਸਿੰਘ ਹੋਰਾਂ ਦਾ ਭੈਣੀ ਸਾਹਿਬ ਆਉਣਾ ਜਾਣਾ ਵੀ ਬਣਿਆ ਹੋਇਆ ਸੀ। ਦੋ ਦੇਸ਼ ਭਗਤ ਪਰਿਵਾਰਾਂ ਦੀ ਆਪਸ ਵਿਚ ਗੂੜ੍ਹੀ ਸਾਂਝ ਸੀ।

ਜਨਵਰੀ 1932 ਵਿਚ ਵਿਦੇਸ਼ੀ ਕਪੜਿਆਂ ਦੀ ਦੁਕਾਨ ਤੇ ਪਿਕਟਿੰਗ ਕਰਦਿਆਂ ਮਹਾਰਾਜ ਨਿਹਾਲ ਸਿੰਘ, ਸ੍ਰੀ ਕੇਦਾਰ ਨਾਥ ਸਹਿਗਲ, ਬੀਬੀ ਸ਼ਾਂਤੀ ਦੇਵੀ ਆਦਿ ਗ੍ਰਿਫ਼ਤਾਰ ਕਰ ਲਏ ਗਏ। ਜਦੋਂ ਪੁਲੀਸ ਇਨ੍ਹਾਂ ਨੂੰ ਗੱਡੀ ਵਿਚ ਬਿਠਾ ਕੇ ਥਾਣੇ ਲਿਜਾ ਰਹੀ ਸੀ ਤਾਂ ਕੌਮੀ ਜਜ਼ਬੇ ਨਾਲ ਲਬਰੇਜ਼ ਇਕ ਮੁਟਿਆਰ ਵੀ ਭੱਜ ਕੇ ਇਸ ਗੱਡੀ ਤੇ ਚੜ੍ਹ ਗਈ ਤੇ ਆਪਣੇ ਆਪ ਨੂੰ ਗ੍ਰਿਫ਼ਤਾਰ ਕਰਵਾ ਕੇ ਜੇਲ੍ਹ ਚਲੀ ਗਈ। ਇਹੋ ਜਿਹਾ ਲੋਕ ਰੋਹ ਉਸ ਸਮੇਂ ਆਮ ਵੇਖਣ ਵਿਚ ਆਉਂਦਾ ਸੀ।

15 ਜੁਲਾਈ 1932 ਈ. ਨੂੰ ਜਦੋਂ ਮਹਾਰਾਜ ਗੁਰਦਿਆਲ ਸਿੰਘ ਜੀ ਦੇ ਮਹਿਲ ਬੇਬੇ ਕਰਤਾਰ ਕੌਰ ਹੋਰਾਂ ਦਾ ਸ੍ਰੀ ਭੈਣੀ ਸਾਹਿਬ ਅੰਤ ਸਮਾਂ ਆਇਆ ਤਾਂ ਆਪ ਦੇ ਸਸਕਾਰ, ਭੋਗ ਤੇ ਮਹਾਰਾਜ ਨਿਹਾਲ ਸਿੰਘ ਜੀ ਜੇਲ੍ਹ ਵਿਚ ਹੋਣ ਕਾਰਨ ਨਹੀਂ ਆ ਸਕੇ ਸਨ, ਆਪ ਜੀ ਦਾ ਬਾਕੀ ਪਰਿਵਾਰ ਬੇਬੇ ਸਤਵੰਤ ਕੌਰ ਤੇ ਦੋਵੇਂ ਸਪੁੱਤਰ (ਠਾਕੁਰ) ਸ਼ਮਸ਼ੇਰ ਸਿੰਘ ਤੇ (ਠਾਕੁਰ) ਵਿਸ਼ੇਸ਼ਰ ਸਿੰਘ ਜੀ ਆਏ ਸਨ।

1989 ਬਿਕਰਮੀ ਮੁਤਾਬਕ 1933 ਈ. ਦਾ ਹੋਲਾ ਮਹੱਲਾ ਜੋ 28, 29, 30 ਫੱਗਣ ਤੇ 1 ਚੇਤਰ ਨੂੰ ਸ੍ਰੀ ਭੈਣੀ ਸਾਹਿਬ ਹੋਣਾ ਮਿਥਿਆ ਗਿਆ ਸੀ, ਜੇਲ੍ਹ ਵਿਚੋਂ ਰਿਹਾ ਹੋਣ ਬਾਅਦ ਮਹਾਰਾਜ ਨਿਹਾਲ ਸਿੰਘ ਜੀ, ਸੰਤ ਮੰਗਲ ਸਿੰਘ ਅਰਸ਼ੀ ਫਰਿਸ਼ਤਾ ਅਤੇ ਉਨ੍ਹਾਂ ਦੇ ਸੰਗੀ ਸਾਥੀ ਹੋਰ ਦੇਸ਼ ਭਗਤ ਇਸ ਹੋਲੇ ਮਹੱਲੇ ਵਿਚ ਮਹਾਰਾਜ ਜੀ ਦੇ ਨਾਲ ਹੀ ਸ੍ਰੀ ਭੈਣੀ ਸਾਹਿਬ ਪੁੱਜੇ ਸਨ। ਮਹਾਰਾਜ ਜੀ ਨੇ ਲੰਮੇ ਸਮੇਂ ਬਾਅਦ ਸ੍ਰੀ ਭੈਣੀ ਸਾਹਿਬ ਦੇ ਪੂਜ ਅਸਥਾਨਾਂ, ਭਰਾਤਾ ਸਤਿਗੁਰੂ ਜੀ ਅਤੇ ਮਾਤਾਵਾਂ ਨੂੰ ਸੀਸ ਨਿਵਾ ਕੇ, ਕੌਮੀ ਸੁਤੰਤਰਤਾ ਸੰਗਰਾਮ ਵਿਚ, ਹੋਰ ਜ਼ੋਰ ਸ਼ੋਰ ਨਾਲ ਸਰਗਰਮ ਹੋਣ ਦੀ ਯਾਚਨਾ ਕੀਤੀ।

ਇਸੇ ਵੈਸਾਖ ਦੇ ਮਹੀਨੇ ਤੇ ਸ੍ਰ. ਸ਼ਾਮ ਸਿੰਘ ਮਾਨਾਂ ਵਾਲੇ ਨੇ ਤਿੰਨ ਅਖੰਡ ਪਾਠਾਂ ਦੇ ਭੋਗ ਪੁਆ ਕੇ ਮੇਲਾ ਕੀਤਾ ਸੀ। "ਸਤਿਗੁਰੂ ਜੀ, ਮਹਾਰਾਜ ਨਿਹਾਲ ਸਿੰਘ ਜੀ ਤੇ ਹੋਰ ਸ਼ਬਦੀ ਸੰਤ ਭਗਤ ਸਿੰਘ ਜੀ (ਦਾਤੇਵਾਲ) ਹਾਕਮ ਸਿੰਘ ਜੀ, ਮੰਗਲ ਸਿੰਘ ਜੀ, ਆਸਾ ਸਿੰਘ ਜੀ, ਭਰੋਸਾ ਸਿੰਘ ਜੀ, ਕਿਸ਼ਨ ਸਿੰਘ ਜੀ ਸੱਦੇ। ਦੋਵੇਂ ਵੇਲੇ ਦੀਵਾਨ ਲੱਗਦਾ। ਦੋ ਦਿਨ ਬਹੁਤ ਰਸ ਬੱਝਾ ਰਿਹਾ। ਸ੍ਰ. ਜੀ ਨੇ ਮੇਲੇ ਦੇ ਭੋਗ ਸਮੇਂ 21 ਰੁਪੈ ਤੇ ਇਕ ਸੁੱਚੀ ਚਾਦਰ ਮਹਾਰਾਜ ਨਿਹਾਲ ਸਿੰਘ ਜੀ ਨੂੰ ਭੇਟਾ ਕੀਤੇ। ਮਹਾਰਾਜ ਜੀ ਨੇ ਸੋ ਸਤਿਗੁਰੂ ਜੀ ਵੱਲ ਹੀ ਭੇਜ ਦਿੱਤੇ ਤੇ ਕਿਹਾ, ਇਹ ਉਨ੍ਹਾਂ ਦੇ ਜੋਗ ਹੈ ਭੇਟਾ, ਜੋ ਗੁਰੂ ਕੇ ਲੰਗਰ ਦੀ ਸੇਵਾ ਕਰਦੇ ਹਨ। ਸੂਬਾ ਹਰੀ ਸਿੰਘ ਜੀ ਇਸ ਮੇਲੇ ਦੀ ਸੰਭਾਲ ਭੁਗਤਾਈ।"[16] ਇਹ ਸ੍ਰ. ਸ਼ਾਮ ਸਿੰਘ ਕੁੱਲੇ (ਅੰਮ੍ਰਿਤਸਰ) ਦੇ ਸਨ ਤੇ ਮਾਨਾਂਵਾਲੇ ਦੇ ਸ੍ਰ. ਰਣਜੋਧ ਸਿੰਘ

ਦੀ ਇਕਲੌਤੀ ਸੰਤਾਨ, ਪੁੱਤਰੀ ਨਾਲ ਵਿਆਹੇ ਹੋਣ ਕਾਰਨ, ਮਾਨਾਂਵਾਲੇ ਵੀ ਰਹਿੰਦੇ ਸਨ। ਇਨ੍ਹਾਂ ਨੂੰ ਵੀ ਘੋੜੇ ਰੱਖਣ ਤੇ ਦੁੜਾਉਣ ਦਾ ਸ਼ੌਂਕ ਸੀ। ਮਹਾਰਾਜ ਜੀ ਦੇ ਚੰਗੇ ਮੇਲੀ ਸਨ।

1933 ਵਿਚ ਸਿਆਮ ਦੀ ਪਹਿਲੀ ਯਾਤਰਾ 'ਤੇ ਗਏ ਸਤਿਗੁਰੂ ਜੀ 1934 ਈ. ਨੂੰ 1 ਫੱਗਣ ਸਵੇਰੇ ਚਾਰ ਵਜੇ ਫਰੰਟੀਅਰ ਮੇਲ ਤੇ ਲੁਧਿਆਣੇ ਰੇਲਵੇ ਸਟੇਸ਼ਨ 'ਤੇ ਉੱਤਰੇ ਸਨ ਆਪਣੇ ਹਜ਼ੂਰੀ ਜਥੇ ਸਮੇਤ। ਇਸ ਸਮੇਂ ਸਤਿਗੁਰੂ ਜੀ ਦੀ ਅਗਵਾਨੀ ਲਈ ਲੁਧਿਆਣੇ ਰੇਲਵੇ ਸਟੇਸ਼ਨ 'ਤੇ ਬਿਅੰਤ ਸੰਗਤਾਂ ਪਹੁੰਚੀਆਂ ਸਨ। ਆਪਣੇ ਰਾਜਨੀਤਿਕ ਰੁਝੇਵਿਆਂ ਵਿਚੋਂ ਵਕਤ ਨਾ ਮਿਲਣ ਸਦਕਾ ਮਹਾਰਾਜ ਜੀ ਨੇ ਦੋਹਾਂ ਸਪੁੱਤਰਾਂ ਅਤੇ ਬੇਬੇ ਸਤਵੰਤ ਕੌਰ ਜੀ ਨੂੰ ਲਾਹੌਰ ਦੀਆਂ ਹੋਰ ਸੰਗਤਾਂ ਨਾਲ ਲੁਧਿਆਣੇ ਭੇਜਿਆ ਸੀ। ਮਹਾਰਾਜ ਨਿਹਾਲ ਸਿੰਘ ਜੀ 1930 ਈ. ਤੋਂ ਪਹਿਲਾਂ ਡੇਰਾ ਭੈਣੀ ਸਾਹਿਬ ਦਾ ਪ੍ਰਬੰਧ ਵੀ ਕੁਝ ਸਮਾਂ ਸੰਭਾਲਦੇ ਰਹੇ ਅਤੇ ਫਿਰ 1936 ਈ. ਵਿਚ ਜਦੋਂ ਜਥੇਦਾਰ ਗੁਰਮੁਖ ਸਿੰਘ ਝੱਬਰ ਨੂੰ, ਦੇਸ਼ ਭਗਤਾਂ ਦੀ ਮੱਦਦ ਕਰਨ ਸਦਕਾ, ਪੁਲੀਸ ਦੀ ਕਰੋਪੀ ਕਾਰਨ ਕੁਝ ਸਮਾਂ ਰੂਪੋਸ਼ ਹੋਣਾ ਪਿਆ ਤਾਂ ਉਦੋਂ ਵੀ ਮਹਾਰਾਜ ਜੀ ਨੇ ਡੇਰੇ ਦੀ ਪ੍ਰਬੰਧ ਵਿਵਸਥਾ ਸੰਭਾਲੀ ਸੀ। ਇਸੇ ਸਮੇਂ ਆਪ ਨੇ ਮਿਸਤਰੀ ਗੰਡਾ ਸਿੰਘ ਗੁਜਰਾਂਵਾਲਾ ਦੀ ਸਹਾਇਤਾ ਨਾਲ ਡੇਰੇ ਵਿਚ ਜਨਰੇਟਰ ਲਿਆ ਕੇ, ਲੋੜ ਜੋਗੀ ਬਿਜਲੀ ਸਪਲਾਈ ਅਰੰਭ ਕੀਤੀ ਸੀ।

28 ਵੈਸਾਖ 1993 ਬਿ. ਮੁਤਾਬਿਕ ਮਈ 1936 ਵਿਚ ਸਤਿਗੁਰੂ ਪਰਤਾਪ ਸਿੰਘ ਜੀ ਦੇ ਮਾਮੇ ਦੇ ਪੁੱਤਰ ਭਰਾ ਸ੍ਰ. ਦਿਆਲ ਸਿੰਘ ਮੈਂਬਰ ਹਿਸਾਰ ਡਿਸਟਰਿਕਟ ਬੋਰਡ ਦੇ ਵੱਡੇ ਪੁੱਤਰ ਚੰਨਣ ਸਿੰਘ ਦੇ ਅਨੰਦ ਕਾਰਜ ਤੇ, ਜਟਾਣੇ ਬੀਬੀ ਦੇ ਪਿੰਡ, ਸੱਤ ਸਿੰਘ ਹੀ ਗਏ। ਮਹਾਰਾਜ ਨਿਹਾਲ ਸਿੰਘ ਵੀ ਇਸ ਸਮੇਂ ਨਾਨਕੇ ਪਰਿਵਾਰ ਵਿਚ ਥਰਾਜ (ਸਿਰਸਾ) ਆਏ ਸਨ ਤੇ ਜੰਜ ਨਾਲ ਜਾਣ ਦੀ ਬਜਾਏ ਉਹ ਵੀ ਭਾਈ ਦਿਆਲ ਸਿੰਘ ਪਾਸ ਥਰਾਜ ਹੀ ਰਹੇ।[17]

1937 ਈ. ਦੇ ਅੱਸੂ ਦੇ ਮੇਲੇ ਸਮੇਂ ਇਕ ਦੀਵਾਨ ਵਿਚ ਤੀਹ ਹਜ਼ਾਰ ਤੱਕ ਸੰਗਤ ਜੁੜ ਜਾਂਦੀ ਸੀ। ਇਸ ਮੇਲੇ ਦਾ ਬਹੁਤ ਸੁਚੱਜਾ ਪ੍ਰਬੰਧ ਮਹਾਰਾਜ ਨਿਹਾਲ ਸਿੰਘ ਹੋਰਾਂ ਦੀ ਅਗਵਾਈ ਵਿਚ ਹੀ ਹੋਇਆ ਸੀ। ਇਸੇ ਮੇਲੇ ਸਮੇਂ ਪਹਿਲਾ ਹਵਨ ਯੱਗ ਵੀ ਸ੍ਰੀ ਭੈਣੀ ਸਾਹਿਬ ਵਿਖੇ ਹੋਇਆ ਸੀ। ਮੇਲੇ ਦੀ ਸਮਾਪਤੀ ਤੋਂ ਛੇਤੀ ਬਾਅਦ, ਮਹਾਰਾਜ ਜੀ ਸਤਿਗੁਰੂ ਜੀ ਤੋਂ ਆਗਿਆ ਲੈ ਕੇ ਲਾਹੌਰ ਚਲੇ ਗਏ ਕਿਉਂਕਿ ਹੁਣ ਝੱਬਰ ਜੀ ਵੀ ਆ ਗਏ ਸਨ।

1938 ਈ. ਵਿਚ ਬਸੰਤ ਦਾ ਮੇਲਾ ਮਹਾਰਾਜ ਜੀ ਨੇ ਲਾਹੌਰ ਟਾਊਨ ਹਾਲ ਪਾਸ, ਇਕ ਵਿਸ਼ਾਲ ਇਕੱਠ ਕਰਕੇ, ਸਤਿਗੁਰੂ ਜੀ ਦੀ ਹਜ਼ੂਰੀ ਵਿਚ ਮਨਾਇਆ। ਇਸ ਵਿਚ ਆਪ ਦੇ ਸਬੰਧੀਆਂ ਨਰਾਇਣ ਸਿੰਘ, ਕਰਤਾਰ ਸਿੰਘ ਅਤੇ ਸੰਤ ਮੰਗਲ ਸਿੰਘ ਅਰਸ਼ੀ ਫਰਿਸ਼ਤੇ ਦਾ ਕਾਫੀ ਯੋਗਦਾਨ ਸੀ। ਦੇਸ਼ ਦੀ ਆਜ਼ਾਦੀ ਅਤੇ ਇਤਫ਼ਾਕ

ਵਾਸਤੇ ਉੱਘੇ ਸਿਆਸੀ ਆਗੂਆਂ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਕੂਕਾ ਅੰਦੋਲਨ ਦੀ ਰੋਸ਼ਨੀ ਵਿਚ ਵਿਚਾਰਾਂ ਕੀਤੀਆਂ। ਇਸ ਸਮੇਂ ਸੰਬੋਧਨ ਕਰਨ ਵਾਲਿਆਂ ਵਿਚ ਸ਼ਾਮਲ ਸਨ– ਸ੍ਰ. ਸੁੰਦਰ ਸਿੰਘ ਮਜੀਠਾ, ਡਾ. ਗੋਕੁਲ ਚੰਦ ਜੀ ਨਾਰੰਗ, ਡਾ. ਮੁਹੰਮਦ ਆਲਮ, ਡਾ. ਗੋਪੀ ਚੰਦ ਭਾਰਗਵ, ਲਾਲਾ ਖੁਸ਼ਹਾਲ ਚੰਦ 'ਖੁਰਸ਼ੀਦ' ਸਰਦੂਲ ਸਿੰਘ ਕਵੀਸ਼ਰ, ਮਾਸਟਰ ਤਾਰਾ ਸਿੰਘ, ਚੌ. ਕਰਤਾਰ ਸਿੰਘ, ਲਾਲਾ ਰਾਮ ਚੰਦ ਮਨਚੰਦਾ, ਸੱਯਦ ਹਬੀਬ, ਸ੍ਰ. ਗੁਰਬਖਸ਼ ਸਿੰਘ ਪ੍ਰੀਤਲੜੀ ਅਤੇ ਗਿਆਨੀ ਕਰਤਾਰ ਸਿੰਘ।[18]

ਮਹਾਰਾਜ ਜੀ ਦੇ ਸਿਆਸੀ ਜੀਵਨ ਦੇ ਸਾਥੀ ਸੰਤ ਨਿਧਾਨ ਸਿੰਘ ਜੀ ਆਲਿਮ ਮਹਾਰਾਜ ਜੀ ਬਾਰੇ ਆਪਣੇ ਵਿਚਾਰ ਇਸ ਪ੍ਰਕਾਰ ਅੰਕਿਤ ਕਰਦੇ ਹਨ–"ਆਪ ਮੁੱਢ ਤੋਂ ਹੀ ਬੜੇ ਬੁੱਧਵਾਨ ਅਤੇ ਰੋਸ਼ਨ ਜਮੀਰ ਵਾਕਿਆ ਹੋਏ ਹਨ। ... ਮਹਾਰਾਜ ਨੇ ਦੇਸ਼ ਸੁਤੰਤਰਤਾ ਵਾਸਤੇ ਕਠਿਨ ਘਾਲਾਂ ਘਾਲੀਆਂ ਹਨ। ਆਪ ਕਾਂਗਰਸ ਦੇ ਤਿੰਨ ਰੰਗੇ ਝੰਡੇ ਹੇਠ ਤਿੰਨ ਵਾਰ ਜੇਲ੍ਹ ਖਾਨਿਆਂ ਦੀ ਯਾਤਰਾ ਕਰ ਚੁੱਕੇ ਹਨ।... ਆਪ ਮਾਨਵੀ ਜੀਵਨ ਨੂੰ ਉੱਚਿਆਂ ਤੇ ਸੁੱਚਿਆਂ ਕਰਨ ਵਾਲੀਆਂ ਬੇਅੰਤ ਸਿਫ਼ਤਾਂ ਦੇ ਮਾਲਿਕ ਹਨ। ਆਪ ਚਿਰ ਕਾਲ ਤੋਂ ਲਾਹੌਰ ਰਹਿ ਕੇ ਕਿਰਤ ਕਮਾਈ ਦੁਆਰਾ ਆਪਣਾ ਜੀਵਨ ਬਤੀਤ ਕਰਦੇ ਹਨ। ਗੁਰੂ ਘਰ ਦੀ ਪੂਜਾ ਸਮੱਗਰੀ ਸਬੰਧੀ ਆਪ ਏਨਾ ਉੱਚਾ ਆਦਰਸ਼ ਰੱਖਦੇ ਹਨ ਕਿ ਜੇ ਕੋਈ ਸਿੱਖ ਆਪ ਨੂੰ ਗੁਰੂ ਅੰਸ਼ ਸਮਝਕੇ, ਕਿਸੇ ਰੂਪ ਵਿਚ ਕੋਈ ਭੇਟਾ ਅਰਪਨ ਕਰਨਾ ਚਾਹੇ ਤਾਂ ਆਪ ਕਿਹਾ ਕਰਦੇ ਸਨ ਕਿ 'ਇਹ ਸ੍ਰੀ ਭੈਣੀ ਸਾਹਿਬ ਦੀ ਲੋਹ ਦੀ ਸਮੱਗਰੀ ਹੈ।' ਇਸ ਲਈ ਉਥੇ ਲੈ ਜਾਵੋ। ਅੱਜ ਤੱਕ ਆਪ ਨੇ ਭੇਟਾ ਰੂਪ ਵਿਚ ਕੋਈ ਚੀਜ਼ ਨਹੀਂ ਪਰਵਾਨ ਕੀਤੀ।"[19]

ਦੇਸ਼ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਨੇ 1939 ਵਿਚ ਕਾਂਗਰਸ ਆਗੂ ਦੇ ਰੂਪ ਵਿਚ ਅਤੇ ਦੂਜੀ ਵੇਰ 1953 ਵਿਚ ਦੇਸ਼ ਦੇ ਪ੍ਰਧਾਨ ਮੰਤਰੀ ਦੇ ਰੂਪ ਵਿਚ, ਕੂਕਾ ਕੇਂਦਰ ਸ੍ਰੀ ਭੈਣੀ ਸਾਹਿਬ ਦੀ ਯਾਤਰਾ ਕੀਤੀ ਸੀ। ਦੋਵੇਂ ਵਾਰੀ ਨਾਮਧਾਰੀ ਸੰਗਤ ਵੱਲੋਂ ਪੰਡਿਤ ਜੀ ਦਾ ਸੁਆਗਤ ਕਰਨ ਲਈ ਸ੍ਰੀ ਮਹਾਰਾਜ ਜੀ ਭੈਣੀ ਸਾਹਿਬ ਵਿਖੇ ਪੁੱਜਦੇ ਰਹੇ ਸਨ।

ਨਾਮਧਾਰੀ ਪ੍ਰਚਾਰ ਨੂੰ ਸਮਰਪਿਤ ਸੰਤ ਮੰਗਲ ਸਿੰਘ ਲਾਇਲਪੁਰੀ ਆਪਣੇ ਸਪਤਾਹਿਕ ਪੱਤਰ 'ਨਵਾਂ ਹਿੰਦੁਸਤਾਨ' ਵਿਚ 14 ਨਵੰਬਰ 1958 ਦੇ ਨਵੀਂ ਦਿੱਲੀ ਤੋਂ ਛਪਣ ਵਾਲੇ ਅੰਕ ਵਿਚ ਮੁੱਖ ਲੇਖ "ਸ੍ਰੀ ਮਹਾਰਾਜ ਨਿਹਾਲ ਸਿੰਘ ਜੀ ਦਾ 66ਵਾਂ ਜਨਮ ਉਤਸਵ" ਲਿਖਦੇ ਹੋਏ ਆਪ ਦੀਆਂ ਮਹਾਨ ਜੀਵਨ ਘਾਲਣਾਵਾਂ ਉਤੇ ਇਕ ਬਿਹੰਗਮ ਦ੍ਰਿਸ਼ਟੀ ਪਾਉਂਦੇ ਹਨ–"ਭਾਗਸ਼ਾਲੀ ਕੌਮਾਂ ਨੂੰ ਹੀ ਚੰਗੇ ਤੇ ਸੁਚੱਜੇ ਆਗੂਆਂ ਦੀ ਅਗਵਾਈ ਪ੍ਰਾਪਤ ਹੁੰਦੀ ਹੈ। ਉਦੋਂ ਸਾਡਾ ਸਿਰ ਫ਼ਖ਼ਰ ਨਾਲ ਉੱਚਾ ਹੋ ਜਾਂਦਾ ਹੈ, ਜਦੋਂ ਅਸੀਂ ਸ੍ਰੀ ਮਹਾਰਾਜ ਨਿਹਾਲ ਸਿੰਘ ਜੀ ਦੀਆਂ ਕੁਰਬਾਨੀਆਂ, ਦੇਸ਼ ਸੇਵਾਵਾਂ, ਨਿਰਮਾਣ ਪਰ ਉਪਕਾਰ ਦੀਆਂ ਰੀਝਾਂ ਵੱਲ ਧਿਆਨ ਮਾਰਦੇ ਹਾਂ। ਦੁਨੀਆਂ ਵਿਚ ਕਈ ਲੋਕ ਉਹ ਹੁੰਦੇ ਹਨ ਜੋ ਆਪਣੇ ਪਿਓ ਦਾਦੇ ਦੀ ਕਮਾਈ ਉਤੇ ਮਾਨ ਵਡਿਆਈ ਹਾਸਲ ਕਰਦੇ ਹਨ ਤੇ ਕਈ ਉਹ ਹੁੰਦੇ ਹਨ ਜੋ ਆਪਣੀ ਕਮਾਈ ਨਾਲ ਸਤਕਾਰੇ ਜਾਂਦੇ

ਹਨ।... ਸਾਂਝੀਵਾਲਤਾ ਦੇ ਤਾਂ ਆਪ ਸਾਖਸ਼ਾਤ ਅਵਤਾਰ ਹਨ, ਆਪ ਦਾ ਦਿਲ ਸਦਾ ਇਸ ਧੁਨ ਵਿਚ ਰਹਿੰਦਾ ਹੈ ਕਿ ਸਾਡੇ ਵਿਚ ਵਡਿਆਈ ਛੁਟਿਆਈ ਦੇ ਪਏ ਵਿਤਕਰੇ ਛੇਤੀ ਦੂਰ ਹੋ ਜਾਣ।

"ਜਿਥੇ ਆਪ ਵਿਚ ਗੁਰੂ ਪੁੱਤਰ ਹੋਣ ਕਾਰਨ ਧਾਰਮਿਕ ਭਾਵ ਮੌਜੂਦ ਹਨ, ਉਥੇ ਆਪ ਜ਼ਿੰਦਗੀ ਦੇ ਬਾਕੀ ਸਭ ਪਹਿਲੂਆਂ ਵਲੋਂ ਵੀ ਕਦੇ ਬੇਖ਼ਬਰ ਨਹੀਂ ਹੋਏ। ਧਰਮ ਦੇ ਅਸਲੀ ਅਰਥ ਉਹ ਇਹ ਨਹੀਂ ਸਮਝਦੇ ਕਿ ਇਸ ਦਾ ਵਿਖਾਲਾ ਪਾ ਕੇ ਲੋਕਾਂ ਉਤੇ ਕੋਈ ਉਚੇਚਾ ਪ੍ਰਭਾਵ ਪਾਇਆ ਜਾਵੇ। ਨਹੀਂ, ਸਗੋਂ ਆਪ ਦਾ ਕਥਨ ਹੈ ਕਿ 'ਹਰ ਮਨੁੱਖ ਦਾ ਇਹ ਫ਼ਰਜ਼ ਹੈ ਕਿ ਹਰ ਕੰਮ ਕਰਨ ਤੋਂ ਪਹਿਲਾਂ ਇਹ ਵੇਖ ਲਵੋ ਕਿ ਇਹ ਕੰਮ ਕਰਨ ਦੀ ਉਸ ਦਾ ਧਰਮ ਖੁੱਲ੍ਹ ਦਿੰਦਾ ਹੈ ? ਪ੍ਰਮੇਸ਼ਵਰ ਦੀ ਭਗਤੀ ਦਾ ਵਿਖਾਲਾ ਪਾ ਕੇ ਧਰਮ ਪ੍ਰਾਪਤ ਨਹੀਂ ਸਗੋਂ ਗਰੀਬਾਂ ਦੀ ਮੱਦਦ, ਦੇਸ਼ ਦੀ ਸੇਵਾ ਤੇ ਲੋਕਾਂ ਨੂੰ ਉਨ੍ਹਾਂ ਦੇ ਫ਼ਰਜ਼ ਤੋਂ ਜਾਣੂ ਕਰਾਉਣਾ ਹੀ ਆਪ ਵੱਡਾ ਧਰਮ ਸਮਝਦੇ ਹਨ... ਬੰਦਾ ਤਾਂ ਹੀ ਦੇਵਤਾ ਤੇ ਧਰਮੀ ਕਹਾ ਸਕਦਾ ਹੈ ਜੇ ਆਪਣਾ ਜੀਵਨ ਪਰ ਉਪਕਾਰ ਖਾਤਰ ਬਲੀਦਾਨ ਕਰਨ ਤੋਂ ਸੰਕੋਚ ਨਹੀਂ ਕਰਦਾ।'

"ਆਪ ਸੱਚਮੁੱਚ ਉਪਕਾਰ ਦੀ ਮੂਰਤੀ ਹਨ, ਛੋਟੀ ਅਵਸਥਾ ਤੋਂ ਹੀ ਆਪ ਦੇ ਜੀਵਨ ਵਿਚ, ਪਰ ਉਪਕਾਰ ਦਾ ਉਮਾਹ ਘਰ ਕਰ ਚੁੱਕਾ ਹੈ। ਆਪ ਦੇ ਜੀਵਨ ਦਾ ਕਾਂਡ ਪੰਥ ਦੀ ਉੱਨਤੀ ਤੋਂ ਅਰੰਭ ਹੁੰਦਾ ਹੈ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਜੀਵਨ ਚਰਿੱਤਰ ਨੇ ਆਪ ਨੂੰ ਬਹੁਤ ਪ੍ਰਭਾਵਿਤ ਕੀਤਾ। ਬਚਪਨ ਵਿਚ ਹੀ ਆਪ ਜਦੋਂ ਆਪਣੇ ਜਨਮ ਅਸਥਾਨ ਸ੍ਰੀ ਭੈਣੀ ਸਾਹਿਬ ਦੇ ਬੂਹੇ ਦੇ ਸਾਹਮਣੇ ਪੁਲੀਸ ਦਾ ਤਾਂਤਾ ਲੱਗਾ ਵੇਖਦੇ ਤਾਂ ਆਪ ਹੈਰਾਨ ਹੋ ਕੇ ਇਸ ਦਾ ਕਾਰਨ ਮਾਤਾ ਜੀ ਪਾਸੋਂ ਪੁੱਛਦੇ। ਮਾਤਾ ਜੀਵਨ ਕੌਰ ਜੀ ਆਪ ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਪਰਦੇਸ ਗਮਨ, ਸਿੱਖਾਂ ਦਾ ਅੰਗਰੇਜ਼ਾਂ ਦੇ ਜਬਰ ਦਾ ਸ਼ਿਕਾਰ ਹੋਣਾ, ਤੋਪਾਂ ਅੱਗੇ ਉੱਡਣਾ, ਗੁਰੂ ਹਰੀ ਸਿੰਘ ਜੀ ਤੇ ਆਪਣੀ ਨਜ਼ਰਬੰਦੀ ਦਾ ਕਿੱਸਾ ਤੇ ਨਾਮਧਾਰੀਆਂ ਉਤੇ ਅਸਹਿ ਸਖਤੀਆਂ ਦਾ ਜ਼ਿਕਰ ਜਦੋਂ ਕਰਕੇ ਸੁਣਾਉਂਦੇ ਤਾਂ ਆਪ ਦਾ ਦਿਲ ਅੰਗਰੇਜ਼ (ਸਰਕਾਰ) ਦੇ ਖਿਲਾਫ਼ ਭਰ ਜਾਂਦਾ।

"ਜਵਾਨ ਉਮਰ ਵਿਚ ਸ੍ਰੀ ਮਹਾਰਾਜ ਗੁਰਦਿਆਲ ਸਿੰਘ (ਆਪ ਦੇ ਛੋਟੇ ਭਾਈ) ਜੀ ਨੂੰ ਵੀ ਏਸੇ ਲਗਨ ਨੇ ਆਪਣੀ ਵੱਲ ਪ੍ਰੇਰ ਲਿਆ। ਉਹ ਹਰ ਸਮੇਂ ਇਸ ਧੁਨ ਵਿਚ ਲੱਗੇ ਰਹਿੰਦੇ ਕਿ ਆਜ਼ਾਦੀ ਦਾ ਪਾਠ ਪੜ੍ਹਾਉਣ ਵਾਲੇ ਰਹਿਬਰ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀਆਂ ਕੁਰਬਾਨੀਆਂ ਨੂੰ ਕਿਸ ਢੰਗ ਨਾਲ ਭਾਰਤੀ ਜਨਤਾ ਸਾਹਮਣੇ ਪੇਸ਼ ਕੀਤਾ ਜਾਵੇ। ਦੋਹਾਂ ਭਰਾਵਾਂ ਦੀ ਸੰਮਤੀ ਇਸ ਗੱਲ 'ਤੇ ਪੁੱਜੀ ਕਿ ਅੱਜ ਦੇ ਸਮੇਂ ਵਿਚ ਪ੍ਰੈਸ ਤੇ ਪਲੇਟਫਾਰਮ ਜਿਸ ਕੌਮ ਦਾ ਮਜ਼ਬੂਤ ਹੋਵੇਗਾ, ਉਸ ਦਾ ਹੀ ਉਤਮ ਤੇ ਵਧੇਰੇ ਪ੍ਰਚਾਰ ਹੋ ਸਕਦਾ ਹੈ। ਸੋ ਸ੍ਰੀ ਮਹਾਰਾਜ ਗੁਰਦਿਆਲ ਸਿੰਘ ਜੀ ਨੇ ਪਲੇਟਫਾਰਮ ਦੀ ਮਜਬੂਤੀ ਵਾਸਤੇ ਨਾਮਧਾਰੀ ਦਰਬਾਰ ਦੀ ਨੀਂਹ ਰੱਖ, ਪੰਥ ਦੇ ਸਭ ਵਿਦਵਾਨਾਂ ਨੂੰ,

ਦਰਬਾਰ ਦੇ ਮੈਂਬਰ ਭਰਤੀ ਕਰਨ ਦੀ ਪ੍ਰੇਰਣਾ ਕਰਕੇ, ਸ੍ਰੀ ਮਹਾਰਾਜ ਨਿਹਾਲ ਸਿੰਘ ਜੀ ਨੂੰ ਦਰਬਾਰ ਦਾ ਪਹਿਲਾ ਪ੍ਰੈਜੀਡੈਂਟ ਬਣਾ ਕੇ, ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਚਾਰ ਦਾ ਮੁੱਢ ਬੰਨ੍ਹ ਦਿੱਤਾ। ਨਾਮਧਾਰੀ ਪੰਥ ਦਾ ਖਾਸ ਤਬਕਾ ਜੋ ਉਸ ਵੇਲੇ ਦੀਆਂ ਘਟਨਾਵਾਂ ਤੋਂ ਜਾਣੂ ਹੈ ਉਸ ਨੂੰ ਪਤਾ ਹੈ ਕਿ ਇਸ ਨਾਮਧਾਰੀ ਦਰਬਾਰ ਦੇ ਨਾਮ ਨੇ ਅੰਗਰੇਜ਼ ਨੂੰ ਕਿੰਨਾ ਭੈ ਭੀਤ ਕਰੀ ਰੱਖਿਆ ਹੈ। ਆਪ ਉਤਨਾ ਚਿਰ ਪ੍ਰਧਾਨ ਕਾਇਮ ਰਹੇ ਜਿਤਨਾ ਚਿਰ ਅੰਗਰੇਜ਼ ਨੇ ਆਪ ਨੂੰ ਪੰਜਾਬ ਕਾਂਗਰਸ ਦੇ ਡਿਕਟੇਟਰ ਦੇ ਰੂਪ ਵਿਚ ਲਾਹੌਰ ਵਿਚ ਗ੍ਰਿਫ਼ਤਾਰ ਨਹੀਂ ਕਰ ਲਿਆ। ਆਪ ਜਿਸ ਦਿਨ ਗ੍ਰਿਫ਼ਤਾਰ ਕੀਤੇ ਗਏ ਅੰਗਰੇਜ਼ ਨੇ ਆਪ ਨਾਲ ਬਹੁਤ ਸਖ਼ਤੀ ਦਾ ਵਰਤਾਓ ਕੀਤਾ। ਅੰਗਰੇਜ਼ ਆਪ ਦੇ ਕੰਮਾਂ ਅਤੇ ਆਪ ਦੀ ਅਗਵਾਈ ਵੇਖ ਕੇ ਬਹੁਤ ਸਾੜੇ ਵਿਚ ਸੀ, ਸੋ ਆਪ ਦੀ ਗ੍ਰਿਫ਼ਤਾਰੀ ਵੇਲੇ ਆਪ ਨੂੰ ਕੇਸਾਂ ਤੋਂ ਫੜ ਕੇ ਜੇਲ੍ਹ ਦੀ ਮੋਟਰ ਵਿਚ ਸੁੱਟਿਆ ਗਿਆ। ਕਈ ਦਿਨ ਆਪ ਦਾ ਪਤਾ ਸੁਰ ਨਾ ਲੱਗਣ ਦਿੱਤਾ ਗਿਆ।

.... ਲਿਖਤੀ ਪ੍ਰੋਗਰਾਮ ਨੂੰ ਮੁੱਖ ਰੱਖ ਕੇ ਸਤਿਜੁਗ ਅਖ਼ਬਾਰ ਨੂੰ ਜਨਮ ਦਿੱਤਾ।... ਹੁਣ ਸਿਰਫ਼ ਲਾਹੌਰ ਵਿਚ ਹੀ ਨਹੀਂ ਸਗੋਂ ਸਾਰਾ ਪੰਜਾਬ ਸਤਿਜੁਗ ਅਖ਼ਬਾਰ ਵਿਚ, ਸ੍ਰੀ ਮਹਾਰਾਜ ਗੁਰਦਿਆਲ ਸਿੰਘ ਜੀ ਤੇ ਸ੍ਰੀ ਆਲਿਮ ਜੀ ਦੇ ਇਨਕਲਾਬੀ ਲੇਖਾਂ ਨਾਲ ਗੂੰਜ ਉੱਠਿਆ। ਸਤਿਕਾਰਯੋਗ ਆਲਿਮ ਜੀ ਦੇ ਲੇਖ ਤੇ ਤਕਰੀਰਾਂ ਨੇ ਲਾਹੌਰ ਦੇ ਬੱਚੇ ਬੱਚੇ ਦੇ ਦਿਲ ਵਿਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਨਾਮ ਅੰਕਿਤ ਕਰ ਦਿੱਤਾ। ਸ੍ਰੀ ਮਹਾਰਾਜ ਜੀ ਦੀ ਅਗਵਾਈ ਵਿਚ ਚੱਲ ਰਹੇ ਪ੍ਰੈਸ ਤੇ ਅਖ਼ਬਾਰ ਨੇ ਦੂਸਰੀਆਂ ਕੌਮਾਂ ਵਿਚ ਇਹ ਧਾਂਕ ਪਾ ਦਿੱਤੀ ਕਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਹੀ ਰਾਸ਼ਟਰ ਦੇ ਸੱਚੇ ਸੁੱਚੇ ਆਗੂ ਹਨ ਜਿਨ੍ਹਾਂ ਨੂੰ ਮਹਾਤਮਾ ਗਾਂਧੀ ਦਾ ਗੁਰੂ ਕਿਹਾ ਜਾ ਸਕਦਾ ਹੈ ਕਿਉਂਕਿ ਮਹਾਤਮਾ ਗਾਂਧੀ ਜੀ ਨੇ ਦੇਸ਼ ਆਜ਼ਾਦੀ ਦੀ ਲਹਿਰ, ਸਤਿਗੁਰੂ ਰਾਮ ਸਿੰਘ ਜੀ ਦੀਆਂ ਨੀਹਾਂ ਉੱਤੇ ਹੀ ਕਾਇਮ ਕੀਤੀ ਸੀ।

" ਸ੍ਰੀ ਮਹਾਰਾਜ ਨਿਹਾਲ ਸਿੰਘ ਤੇ ਸ੍ਰੀ ਮਹਾਰਾਜ ਗੁਰਦਿਆਲ ਸਿੰਘ ਜੀ ਦੀਆਂ ਇਨਕਲਾਬੀ ਕਾਰਵਾਈਆਂ ਤੋਂ ਘਬਰਾ ਕੇ ਡਿਪਟੀ ਕਮਿਸ਼ਨਰ ਲੁਧਿਆਣਾ ਤੇ ਕਮਿਸ਼ਨਰ ਅੰਬਾਲਾ ਨੇ ਆਪ ਜੀ ਨੂੰ ਕਿਹਾ ਕਿ ਆਪ ਇਨ੍ਹਾਂ ਕਾਰਵਾਈਆਂ ਤੋਂ ਬਾਜ ਆ ਜਾਓ। ਪਰ ਕੀ ਇਨ੍ਹਾਂ ਸ਼ੇਰ ਮਰਦਾਂ ਤੇ ਇਨ੍ਹਾਂ ਸਰਕਾਰੀ ਕਰਮਚਾਰੀਆਂ ਦਾ ਕੋਈ ਅਸਰ ਹੋ ਗਿਆ ? ਨਹੀਂ, ਸਗੋਂ ਇਨ੍ਹਾਂ ਨੇ ਵੰਗਾਰ ਕੇ ਕਿਹਾ, "ਅਸੀਂ ਹਰ ਹੋਣੀ ਦਾ ਮੁਕਾਬਲਾ ਕਰਦਿਆਂ ਦੇਸ਼ ਅਜ਼ਾਦੀ ਦਾ ਬਿਗੁਲ ਵਜਾਉਂਦੇ ਚਲੇ ਜਾਵਾਂਗੇ।"

"ਅੱਜ ਤੱਕ ਆਪ ਦੀ ਪ੍ਰਬਲ ਇੱਛਾ ਰਹੀ ਹੈ ਕਿ ਨਾਮਧਾਰੀ ਪੰਥ ਨੂੰ ਹਰ ਪੱਖ ਤੋਂ ਉਨਤ ਕੀਤਾ ਜਾਵੇ। ਹਰ ਨਾਮਧਾਰੀ ਨੂੰ ਪੜ੍ਹਿਆ ਲਿਖਿਆ ਤੇ ਵਿਦਵਾਨ ਵੇਖਣ ਦੀ ਆਪ ਦੀ ਰੀਝ ਰਹੀ ਹੈ। ਹਰ ਨਾਮਧਾਰੀ ਨੂੰ ਸੁੰਦਰ, ਸੁਡੌਲ ਤੇ ਚੰਗੀ ਰਹਿਣੀ ਬਹਿਣੀ ਦੇ ਧਾਰਨੀ ਵੇਖ ਕੇ ਆਪ ਬਹੁਤ ਖ਼ੁਸ਼ ਹੁੰਦੇ ਹਨ। ਆਪ ਦੀ ਇਹ ਵੀ ਰੀਝ ਰਹੀ ਹੈ ਕਿ ਆਪਣਾ ਹਰੇਕ ਮੈਂਬਰ ਕਿਸੇ ਨਾ ਕਿਸੇ ਹੁਨਰ ਵਿਚ ਨਿਪੁੰਨ ਹੋਣਾ ਚਾਹੀਦਾ ਹੈ। ਕਈ

ਵਾਰ ਸ੍ਰੀ ਭੈਣੀ ਸਾਹਿਬ ਦੇ ਕੰਮ ਦੀ ਜ਼ਿੰਮੇਵਾਰੀ ਆਪ ਨੂੰ ਸੌਂਪੀ ਗਈ। ਜਦੋਂ ਵੀ ਆਪ ਨੂੰ ਚੰਗੇ ਸਾਧਨਾਂ ਦਾ ਸਾਥ ਮਿਲਦਾ ਰਿਹਾ ਉਦੋਂ ਹੀ ਆਪ ਨੇ ਭੈਣੀ ਸਾਹਿਬ ਦੀ ਸਜਾਵਟ ਵਿਚ ਵਾਧੇ ਕੀਤੇ।

... "ਦੇਸ਼ ਵੰਡ ਪਿਛੋਂ ਹੋਈ ਪਹਿਲੀ ਇਲੈਕਸ਼ਨ ਵਿਚ ਪੰਥ ਵੱਲੋਂ ਸ੍ਰੀ ਮਹਾਰਾਜ ਜੀ ਨੂੰ ਆਲ ਇੰਡੀਆ ਨਾਮਧਾਰੀ ਇਲੈਕਸ਼ਨ ਬੋਰਡ ਦਾ ਪ੍ਰਧਾਨ ਚੁਣ ਲਿਆ ਗਿਆ।"

..."ਸਾਨੂੰ ਅੱਜ ਖੁਸ਼ੀ ਹੈ ਕਿ ਸਾਡੇ ਸ੍ਰੀ ਮਹਾਰਾਜ ਜੀ ਸਾਰੇ ਭਾਰਤ ਦੀਆਂ (ਕਥਿਤ) ਛੋਟੀਆਂ ਜਾਤੀਆਂ ਦੀ ਕੌਂਸਲ ਦੀ ਅਗਵਾਈ ਕਰ ਰਹੇ ਹਨ। ਆਪ ਦੇ ਘਰ ਜਾ ਕੇ ਜਦੋਂ ਬੈਠੋ ਤਾਂ ਭਾਰਤ ਦੇ ਹਰੇਕ ਸੂਬੇ ਦੇ ਲੋਕਾਂ ਦੇ ਸਾਨੂੰ ਦਰਸ਼ਨ ਹੁੰਦੇ ਹਨ। ਕਿਸੇ ਵੇਲੇ ਮਦਰਾਸੀ ਆਪ ਪਾਸ ਬੈਠੇ ਹੁੰਦੇ ਹਨ ਤੇ ਕਿਸੇ ਵੇਲੇ ਬੰਗਾਲੀ, ਬਿਹਾਰ, ਰਾਜਸਥਾਨ, ਜੰਮੂ ਕਸ਼ਮੀਰ ਵਾਲੇ। ਗੱਲ ਕੀ ਸਾਰੇ ਭਾਰਤ ਵਰਸ਼ ਦੀਆਂ ਉਨ੍ਹਾਂ ਜਾਤੀਆਂ ਨੂੰ ਆਪ ਉਚਿਆਣ ਦਾ ਜਤਨ ਕਰ ਰਹੇ ਹਨ ਜਿਨ੍ਹਾਂ ਨੂੰ ਵੱਡੇ ਲੋਕਾਂ, ਅੱਜ ਤੱਕ ਮਨੁੱਖ ਕੀ ਸਮਝਣਾ ਸੀ, ਬੜੀ ਛੋਟੀ ਸ਼੍ਰੇਣੀ ਦੀ ਤੁਲਨਾ ਵੀ ਨਹੀਂ ਸੀ ਦੇ ਕੇ ਰਾਜੀ। ਅੱਜ ਆਪ ਦੀ ਕਿਰਪਾ ਨਾਲ ਲੱਖਾਂ ਬੱਚਿਆਂ ਦੀਆਂ ਫੀਸਾਂ ਮਾਫ਼ ਹਨ। ਲੱਖਾਂ ਲੋਕਾਂ ਨੂੰ ਇਸ ਨਾਤੇ ਪਹਿਲ ਮਿਲ ਰਹੀ ਹੈ। ਆਪ ਦਾ ਵਿਚਾਰ ਹੈ ਕਿ ਥੋੜ੍ਹੇ ਸਾਲਾਂ ਤੱਕ ਇਹ ਸ਼੍ਰੇਣੀ ਭੇਦ ਮਿਟਾ ਕੇ ਮਨੁੱਖ ਨੂੰ ਇਕ ਦਰਜੇ ਤੇ ਖਲਹਾਰਿਆ ਜਾਵੇਗਾ। ਉਸ ਸਮੇਂ ਨਾ ਕੋਈ ਵੱਡੀ ਜਾਤੀ ਵਾਲਾ ਹੋਵੇਗਾ ਤੇ ਨਾ ਕੋਈ ਹੀਣੀ ਜਾਤੀ ਦਾ।"

ਸੰਤ ਤਰਨ ਸਿੰਘ ਵਹਿਮੀ ਕਰਤਾ ਜੱਸ ਜੀਵਨ ਅਨੁਸਾਰ ਦਰਬਾਰ ਦੇ ਪਹਿਲੇ ਪ੍ਰਧਾਨ ਮਹਾਰਾਜ ਗੁਰਦਿਆਲ ਸਿੰਘ ਜੀ ਸਨ। ਜਦੋਂ ਕਿ ਲਾਇਲਪੁਰੀ ਜੀ ਦੀ ਲਿਖਤ ਮੁਤਾਬਿਕ 1930 ਈ. ਵਿਚ ਆਪਣੀ ਪਹਿਲੀ ਜੇਲ੍ਹ ਯਾਤਰਾ ਤੱਕ ਮਹਾਰਾਜ ਨਿਹਾਲ ਸਿੰਘ ਪ੍ਰਧਾਨ ਸਨ ਅਤੇ ਉਨ੍ਹਾਂ ਗ੍ਰਿਫ਼ਤਾਰ ਹੋਣ ਤੋਂ ਪਹਿਲਾਂ ਸਤਿਗੁਰੂ ਜੀ ਨਾਲ ਵਿਚਾਰ ਕਰਕੇ ਸ੍ਰ. ਲਛਮਣ ਸਿੰਘ ਗ੍ਰੰਥ ਗੜ੍ਹ-ਫੱਤੇਵਾਲ (ਅੰਮ੍ਰਿਤਸਰ) ਨੂੰ ਦਰਬਾਰ ਦਾ ਪ੍ਰਧਾਨ ਥਾਪ ਦਿੱਤਾ ਸੀ। ਖ਼ੈਰ ਇਕੋ ਸਮੇਂ ਮਹਾਰਾਜ ਜੀ ਨਾਮਧਾਰੀ ਪੰਥਕ ਪਲੇਟਫਾਰਮ ਅਤੇ ਕਾਂਗਰਸ ਰਾਜਨੀਤੀ ਵਿਚ ਸਰਗਰਮ ਰਹੇ। ਉਹਨਾਂ ਦੀ ਮੁਖ ਦਿਲਚਸਪੀ ਕੌਮੀ ਸੁਤੰਤਰਤਾ ਸੰਗਰਾਮ ਨੂੰ ਬਲਵਾਨ ਵੇਖਣਾ ਸੀ। ਇਸ ਕਾਰਨ ਉਨ੍ਹਾਂ ਦੀਆਂ ਪੰਥਕ ਗਤੀਵਿਧੀਆਂ ਘਟਦੀਆਂ ਰਹੀਆਂ ਅਤੇ ਰਾਜਸੀ ਸਰਗਰਮੀ ਵਧਦੀ ਗਈ। ਦੇਸ਼ ਬਟਵਾਰੇ ਤੋਂ ਬਾਅਦ ਉਨ੍ਹਾਂ ਪੱਛਮੀ ਪੰਜਾਬ ਵਿਚੋਂ ਉੱਜੜ ਕੇ ਆਉਣ ਵਾਲੇ ਹਿੰਦੂ ਸਿੱਖਾਂ ਦੇ, ਨਾਮਧਾਰੀ ਸੰਗਤ ਦੇ ਪੂਰਬੀ ਪੰਜਾਬ, ਮੰਡੀ ਸੁਕੇਤ (ਹਿਮਾਚਲ), ਦਿੱਲੀ ਅਤੇ ਹੋਰ ਥਾਵਾਂ ਵਿਚ ਵਸੇਬੇ ਲਈ ਆਪਣੇ ਰਸੂਖ ਦੀ ਵਰਤੋਂ ਕੀਤੀ। ਦੇਸ਼ ਦੀ ਸਰਵਉੱਚ ਸੰਸਥਾ ਰਾਜ ਸਭਾ ਵਿਚ ਚੁਣੇ ਜਾਣ ਬਾਅਦ ਆਪ ਦੀਆਂ ਜ਼ਿੰਮੇਵਾਰੀਆਂ ਤੇ ਰੁਝੇਵੇਂ ਹੋਰ ਵੀ ਵਧ ਗਏ ਸਨ। ਉਨ੍ਹਾਂ ਦੇ ਨਾਮਧਾਰੀਆਂ ਦਾ ਕਾਜ਼ ਕਾਂਗਰਸ ਹਾਈਕਮਾਂਡ ਸਾਹਵੇਂ ਰੱਖਣ ਦਾ ਨਤੀਜਾ ਸੀ ਕਿ ਫਾਜ਼ਿਲਕਾ-ਸਿਰਸਾ ਲੋਕ ਸਭਾ ਦੀ ਪਹਿਲੀ ਚੋਣ, ਕਾਂਗਰਸ ਉਮੀਦਵਾਰ ਦੇ ਰੂਪ ਵਿਚ, ਸਤਿਗੁਰੂ ਪਰਤਾਪ ਸਿੰਘ ਜੀ ਦੇ ਚਰਨ ਸੇਵਕ, ਸ੍ਰ. ਆਤਮਾ ਸਿੰਘ ਰਾਵਲਪਿੰਡੀ ਵਾਲਿਆਂ ਨੇ ਜਿੱਤੀ। ਦਿੱਲੀ ਦੀ

ਪਹਿਲੀ ਅਸੈਂਬਲੀ ਵਿਚ ਵੀ ਸ੍ਰ. ਕਰਤਾਰ ਸਿੰਘ ਸੋਖੀ ਨਾਮਧਾਰੀ ਪ੍ਰਤੀਨਿਧੀ ਦੇ ਤੌਰ ਤੇ ਚੁਣੇ ਗਏ। ਸੋਖੀ ਸਾਹਿਬ ਦਿੱਲੀ ਕਾਰਪੋਰੇਸ਼ਨ ਦੇ ਮੈਂਬਰ ਵੀ ਚੁਣੇ ਗਏ ਸਨ। ਸ੍ਰ. ਸਾਹਿਬ ਸਿੰਘ ਮਾਨ (ਕਿਰਪਾਲ-ਪੱਟੀ-ਸਿਰਸਾ) ਐਮ.ਐਲ.ਸੀ. ਬਣੇ।

ਮਹਾਰਾਜ ਜੀ ਆਲ ਇੰਡੀਆ ਕਾਂਗਰਸ ਕਮੇਟੀ ਦੇ ਮੈਂਬਰ ਦੇ ਤੌਰ ਤੇ ਵੀ ਸਤਿਕਾਰੇ ਗਏ ਅਤੇ ਕਾਂਗਰਸ ਸਰਕਾਰ ਨੇ ਆਪ ਨੂੰ ਆਲ ਇੰਡੀਆ ਬੈਕਵਰਡ ਕਲਾਸਿਜ਼ ਲੀਗ ਦੇ ਪ੍ਰਧਾਨ ਵੀ ਬਣਾਇਆ ਜਿੱਥੇ ਆਪ ਨੇ ਪੱਛੜੀਆਂ ਸ਼੍ਰੇਣੀਆਂ ਨੂੰ ਸਰਕਾਰੀ ਸਹੂਲਤਾਂ ਦਿਵਾਉਣ ਵਿਚ ਸ਼ਲਾਘਾਯੋਗ ਉਪਰਾਲਾ ਕੀਤਾ ਸੀ। ਮਹਾਰਾਜ ਜੀ ਨੇ ਆਪਣੇ ਦੁਆਰਾ ਕੀਤੇ ਪੰਥਕ, ਸਮਾਜਿਕ ਤੇ ਸਿਆਸੀ ਕਾਰਜਾਂ ਦਾ ਕਦੇ ਵਿਖਾਲਾ ਨਹੀਂ ਸੀ ਪਾਇਆ।[20]

1957 ਵਿਚ ਜਦੋਂ ਸੋਵੀਅਤ ਸੰਘ ਦੇ ਦਿੱਲੀ ਸਥਿਤ ਦੂਤਾਵਾਸ ਨੇ, 1879 ਈ. ਵਿਚ ਰੰਗੂਨ ਜੇਲ੍ਹ ਤੋਂ ਰੂਸ ਦੇ ਜ਼ਾਰ ਨੂੰ ਆਪਣੀ ਸੈਨਿਕ ਮੱਦਦ ਦੇ ਨਾਲ, ਹਿੰਦ ਵਿਚੋਂ ਅੰਗਰੇਜ਼ ਸਰਕਾਰ ਦਾ ਬਿਸਤਰਾ ਗੋਲ ਕਰਨ ਦੀ ਮੰਗ ਕਰਦੀ, ਸਤਿਗੁਰੂ ਰਾਮ ਸਿੰਘ ਜੀ ਦੀ ਚਿੱਠੀ ਦੀ ਨਕਲ ਛਾਪੀ ਸੀ ਤਾਂ ਇਸ ਨਾਲ ਰੂਸ ਕੂਕਾ ਸਬੰਧਾਂ, ਜਿਸ ਬਾਰੇ ਨਾਮਧਾਰੀ ਮਸਤਾਨੇ ਚਿਰਾਂ ਤੋਂ ਅਗੰਮੀ ਬੋਲੇ ਕਰਦੇ ਆ ਰਹੇ ਸਨ, ਉਸ ਉਪਰ ਨਵੀਂ ਰੋਸ਼ਨੀ ਪਈ ਸੀ। ਇਸ ਸਬੰਧ ਵਿਚ ਮਹਾਰਾਜ ਨਿਹਾਲ ਸਿੰਘ ਜੀ ਨੇ ਰੂਸੀ ਸਫ਼ਾਰਤਖਾਨੇ ਦੇ ਰਾਹੀਂ, ਸੋਵੀਅਤ ਰੂਸ ਦੇ ਰਿਕਾਰਡ ਡਿਪਾਰਟਮੈਂਟ ਨੂੰ ਧੰਨਵਾਦੀ ਪੱਤਰ ਵੀ ਲਿਖਿਆ ਸੀ ਅਤੇ ਇਸ ਸਬੰਧੀ ਉਨ੍ਹਾਂ ਦੇ ਪੂਰਵਜਾਂ ਵਲੋਂ ਕੀਤੇ ਉਪਰਾਲਿਆਂ ਤੇ, ਹੋਰ ਵਧੇਰੇ ਰੋਸ਼ਨੀ ਪਾਉਣ ਲਈ ਮੰਗ ਕੀਤੀ ਸੀ। ਇਸ ਤੋਂ ਕੁਝ ਵਰ੍ਹੇ ਬਾਅਦ ਮਹਾਰਾਜ ਜੀ ਦੀ ਹੱਲਾਸ਼ੇਰੀ ਨਾਲ ਡਾ. ਫੌਜਾ ਸਿੰਘ ਬਾਜਵਾ ਨੇ ਅੰਗਰੇਜ਼ੀ ਵਿਚ "ਕੂਕਾ ਮੂਵਮੈਂਟ" ਨਾਮ ਦੀ ਕਿਤਾਬ ਲਿਖੀ ਸੀ ਜਿਸ ਵਿਚ ਪਹਿਲੀ ਵੇਰ ਰੂਸ-ਕੂਕਾ ਸਬੰਧਾਂ ਅਤੇ ਮਹਾਰਾਜ ਦਲੀਪ ਸਿੰਘ ਲਾਹੌਰ ਦਾ ਅੰਤਿਮ ਸਿੱਖ ਸਮਰਾਟ ਦੇ ਰੂਸੀ ਮੱਦਦ ਲੈਣ ਲਈ ਕੀਤੇ ਯਤਨਾਂ ਦਾ ਵਿਸਤਰਿਤ ਵੇਰਵਾ ਸੀ।

ਮਹਾਰਾਜ ਜੀ ਆਪਣੇ ਅਸੂਲਾਂ ਦੇ ਬੜੇ ਪੱਕੇ ਸਨ। ਜਦੋਂ ਆਪ ਨੂੰ ਕਾਂਗਰਸ ਅੰਦੋਲਨ ਵਿਚ ਗ੍ਰਿਫ਼ਤਾਰ ਕਰਕੇ ਲਾਹੌਰ ਸੈਂਟਰਲ ਜੇਲ੍ਹ ਵਿਚ ਲੈਜਾਇਆ ਗਿਆ ਅਤੇ ਸਪੈਸ਼ਲ ਕਲਾਸ ਨਾ ਲਾਈ। ਆਪ ਦੇ ਘਰੋਂ ਜੋ ਖਾਣਾ ਬਣ ਕੇ ਜਾਂਦਾ ਆਪ ਉਹ ਆਮ ਕੈਦੀਆਂ ਵਿਚ ਵੰਡ ਦਿੰਦੇ ਤੇ ਜੇਲ੍ਹ ਦੀ ਰੋਟੀ ਖਾ ਕੇ ਮਸਤ ਰਹਿੰਦੇ। ਫਿਰ ਸਰਕਾਰ ਨੂੰ ਕੁਝ ਅਕਲ ਆਈ ਤਾਂ ਆਪ ਨੂੰ ਯੋਰਪੀਨ ਵਾਰਡ ਵਿਚ ਰੱਖਣ ਦਾ ਫੈਸਲਾ ਕਰ ਲਿਆ, ਪਰ ਇਸ ਨਾਲ ਇਕ ਸ਼ਰਤ ਜੁੜੀ ਸੀ ਕਿ ਆਪ ਲਿਖ ਕੇ ਦੇਣ ਕਿ ਮੈਨੂੰ ਯੋਰਪੀਨ ਖਾਣਾ ਪ੍ਰਵਾਨ ਹੈ। ਉਥੇ ਵੈਸ਼ਨੋ ਭੋਜਨ ਦਾ ਪ੍ਰਬੰਧ ਨਹੀਂ ਸੀ। ਆਪ ਨੂੰ ਆਪ ਦੇ ਸੱਜਣ ਮਿੱਤਰ ਕਹਿਣ ਲੱਗੇ, ਤੁਸੀਂ ਲਿਖ ਕੇ ਦਿਓ ਕਿ ਖਾਣਾ ਪ੍ਰਵਾਨ ਹੈ, ਬਾਅਦ ਵਿਚ ਬੇਸ਼ਕ ਘਰ ਦਾ ਆਇਆ ਭੋਜਨ ਖਾਂਦੇ ਰਹਿਣਾ ਅਤੇ ਇਉਂ ਸਪੈਸ਼ਲ ਕਲਾਸ ਦੀਆਂ ਹੋਰ ਸਹੂਲਤਾਂ ਮਾਣ ਲੈਣੀਆਂ। ਮਹਾਰਾਜ ਜੀ ਨੇ ਕਿਹਾ ਜੇ ਲਿਖ ਕੇ ਦੇ ਦਿੱਤਾ ਤਾਂ ਫਿਰ ਪਿੱਛੇ ਕੀ ਰਹਿ ਗਿਆ। ਆਉਣ ਵਾਲੀਆਂ ਨਸਲਾਂ ਨੂੰ ਕੀ ਪਤਾ

ਲੱਗੇਗਾ ਕਿ ਅਸੀਂ ਖਾਂਦੇ ਨਹੀਂ ਸਾਂ, ਜਦਕਿ ਖਾਣ ਵਾਲਿਆਂ ਦੀ ਲਿਸਟ ਵਿਚ ਸਾਡੇ ਦਸਤਖ਼ਤ ਮੌਜੂਦ ਸਨ। ਇੰਜ ਕਰਨ ਨਾਲ ਮੇਰੇ ਧਰਮ ਦੇ ਦੋ ਅਸੂਲ ਟੁੱਟਦੇ ਹਨ, ਇਕ ਮਾਸ ਖਾਣਾ ਦੂਜਾ ਝੂਠ ਬੋਲਣਾ, ਜਿਸ ਨੂੰ ਮੈਂ ਆਪਣੇ ਸਰੀਰਕ ਸੁੱਖ ਲਈ ਕਦੇ ਵੀ ਪ੍ਰਵਾਨ ਨਹੀਂ ਕਰ ਸਕਦਾ। ਮੁਲਤਾਨ ਦੀ ਤਾਂ ਗੱਲ ਹੀ ਕੀ ਹੈ, ਜੇ ਮੈਨੂੰ ਕਾਲੇ ਪਾਣੀ ਵੀ ਜਾਣਾ ਪਵੇ ਤਾਂ ਮੈਂ ਖ਼ੁਸ਼ੀ ਨਾਲ ਜਾਵਾਂਗਾ। ਮੈਂ ਮਰ ਜਾਣਾ ਤਾਂ ਪਸੰਦ ਕਰਦਾ ਹਾਂ, ਪਰ ਇਸ ਖਾਣੇ ਦੀ ਲਿਸਟ 'ਤੇ ਦਸਤਖ਼ਤ ਨਹੀਂ ਕਰ ਸਕਦਾ। ਇਨ੍ਹਾਂ ਗੱਲਾਂ ਕਰਕੇ ਹੀ ਤਾਂ ਮੇਰੇ ਗੁਰੂ ਪਿਤਾ ਨੇ ਇਹ ਸਾਰੇ ਕਸ਼ਟ ਝੱਲੇ ਹਨ। ਇਸ ਵਿਚ ਉਨ੍ਹਾਂ ਦੀ ਹੱਤਕ ਹੈ, ਮੇਰੇ ਮਜ਼ਹਬ ਤੇ ਧਰਮ ਦੀ ਹੱਤਕ ਹੈ, ਮੇਰੇ ਵੱਡੇ ਭਰਾਤਾ ਗੁਰੂ ਦੀ ਹੱਤਕ ਹੈ। ਮੈਂ ਇੰਜ ਨਹੀਂ ਜੇ ਕਰ ਸਕਦਾ, ਨਹੀਂ ਕਰ ਸਕਦਾ ਨਹੀਂ ਕਰਾਂਗਾ।

"ਅੰਤ ਆਪ ਨੂੰ ਮੁਲਤਾਨ ਜੇਲ੍ਹ ਵਿਚ ਲੈ ਜਾਇਆ ਗਿਆ। ਜਿਥੇ ਕਹਿਰਾਂ ਦੀ ਗਰਮੀ ਤੇ ਲੂ ਚੱਲ ਰਹੀ ਸੀ, ਪਾਣੀ ਦੀ ਸਖ਼ਤ ਕਿੱਲਤ ਸੀ। ਕੋਈ ਵੀ ਦੁਨਿਆਵੀ ਆਰਾਮ ਨਹੀਂ ਸੀ, ਪਰ ਜਿਵੇਂ ਰਾਜਾ ਜਨਕ ਦੇ ਨਰਕ ਵਿਚ ਪੈਰ ਰੱਖਦਿਆਂ ਹੀ ਤਪਤ ਕੜਾਹੇ ਬੁਝ ਕੇ ਸ਼ਾਂਤੀ ਵਰਤ ਗਈ ਸੀ, ਤਿਵੇਂ ਆਪ ਜੀ ਦੇ ਜੇਲ੍ਹ ਵਿਚ ਚਰਨ ਪਾਉਂਦਿਆਂ ਹੀ ਸਤਿਆਗ੍ਰਹੀ ਕੈਦੀਆਂ ਖ਼ੁਸ਼ੀ ਦੇ ਨਾਅਰੇ ਲਾਉਣੇ ਆਰੰਭ ਕਰ ਦਿੱਤੇ ਸਨ। ਲੰਗਰ ਲੱਗ ਗਏ। ਮੱਖਣ, ਦਹੀਂ ਪਰਾਉਂਠੇ, ਫਲ ਫਰੂਟ ਕੈਦੀ ਖਾ ਨਹੀਂ ਸਨ ਸਕਦੇ। ਗੁਜਰਾਤ ਜੇਲ੍ਹ ਵਿਚ ਆਪ ਦੇ ਨਾਲ ਰਹੇ (ਖਾਨ ਅਬਦੁਲ ਗੁਫਾਰ ਖਾਨ) ਸਰਹੱਦੀ ਗਾਂਧੀ ਤੇ ਡਾਕਟਰ ਖਾਨ, ਆਪ ਜੀ ਦੇ ਸਾਥ ਨੂੰ ਅੱਜ ਵੀ ਮਾਣ ਨਾਲ ਯਾਦ ਕਰਦੇ ਹਨ, ਆਪ ਜੀ ਦਾ ਨਾਂ ਸੁਣਕੇ ਵੱਡਿਆਂ-ਵੱਡਿਆਂ ਦੇ ਸਿਰ ਸ਼ਰਧਾ ਨਾਲ ਝੁਕ ਜਾਂਦੇ ਹਨ। ਅਜਿਹੀ ਮਹਾਨ ਵਿਅਕਤੀ ਹੈ ਸ੍ਰੀ ਸਤਿਗੁਰੂ ਰਾਮ ਹਰੀ ਦੀ ਅੰਸ ਵੰਸ਼, ਸ੍ਰੀ ਮਹਾਰਾਜ ਨਿਹਾਲ ਸਿੰਘ ਜੀ।"[21]

ਦੇਸ਼ ਬਟਵਾਰੇ ਤੋਂ ਬਾਅਦ ਸਤਿਗੁਰੂ ਪਰਤਾਪ ਸਿੰਘ ਜੀ ਨੇ ਚਚਾਲ ਕੋਠੀ (ਹੁਣ ਨਾਂ ਜੀਵਨ ਨਗਰ-ਤਹਿਸੀਲ ਸਿਰਸਾ ਜ਼ਿਲ੍ਹਾ ਹਿਸਾਰ) ਵਿਖੇ ਸਾਢੇ ਤਿੰਨ ਪਿੰਡਾਂ ਦੀ ਖਰੀਦੀ ਜ਼ਮੀਨ ਵਿਚ ਡੇਰਾ ਲਾਇਆ। ਮਹਾਰਾਜ ਨਿਹਾਲ ਸਿੰਘ ਜੀ, ਦਿੱਲੀ ਵਿਖੇ ਆ ਵਸੇ। ਉਹ ਸਮੇਂ ਸਮੇਂ ਜੀਵਨ ਨਗਰ ਸਤਿਗੁਰੂ ਜੀ ਦੇ ਦਰਸ਼ਨਾਂ ਨੂੰ ਆਉਂਦੇ ਰਹੇ, ਬੇਬੇ ਸਤਵੰਤ ਕੌਰ ਸਮੇਤ। ਉਨ੍ਹਾਂ ਦੇ ਵੱਡੇ ਸਪੁੱਤਰ ਸ੍ਰੀ ਸ਼ਮਸ਼ੇਰ ਸਿੰਘ ਜੀ ਐਮ.ਏ. ਕਸਟਮ ਆਫੀਸਰ ਸਨ ਬੰਬਈ ਵਿਖੇ। ਜਿਨ੍ਹਾਂ ਸਾਰੀ ਨੌਕਰੀ ਬਹੁਤ ਇਮਾਨਦਾਰੀ ਨਾਲ ਨਿਭਾਈ। ਛੋਟੇ ਸ੍ਰੀ ਸ਼ਮਸ਼ੇਰ ਸਿੰਘ ਬੀ.ਏ. ਪਿਤਾ ਪੁਰਖੀ ਕਿੱਤਾ ਘੋੜਿਆਂ ਦੀ ਸੌਦਾਗਰੀ ਵਾਲਾ ਹੀ ਕਰਦੇ ਰਹੇ। ਉਹ ਘੋੜਿਆਂ ਦੇ ਚੰਗੇ ਦੌੜਾਕ ਸਨ।

ਫਾਜ਼ਿਲਕਾ-ਸਿਰਸਾ ਲੋਕ ਸਭਾ ਸੀਟ ਦੇ ਉਮੀਦਵਾਰ ਸ੍ਰ. ਆਤਮਾ ਸਿੰਘ ਨਾਮਧਾਰੀ ਸਨ। ਇਸ ਤੋਂ ਹੇਠਾਂ ਪੰਜਾਬ ਅਸੈਂਬਲੀ ਲਈ ਡੱਬਵਾਲੀ ਸੀਟ ਤੋਂ, ਚੌਧਰੀ ਦੇਵੀ ਲਾਲ ਚੌਟਾਲਾ ਵੀ ਕਾਂਗਰਸੀ ਉਮੀਦਵਾਰ ਸਨ। ਸਤਿਗੁਰੂ ਪਰਤਾਪ ਸਿੰਘ ਜੀ ਨੇ ਪੰਜਾਬ ਕਾਂਗਰਸ ਦੀ ਹਾਈਕਮਾਨ ਨੂੰ ਮਿਲ ਕੇ ਕਿਹਾ ਸੀ ਕਿ ਅਸੀਂ ਇਸ ਸੀਟ ਲਈ ਚੌਧਰੀ ਸ਼ਿਵ ਕਰਨ ਚੌਟਾਲਾ ਦੀ ਇਮਦਾਦ ਕਰਨ ਦਾ ਕਈ ਸਹਿਯੋਗੀਆਂ

ਨਾਲ ਫੈਸਲਾ ਕਰ ਲਿਆ ਹੈ। ਤੁਸੀਂ ਸਾਡੀ ਅਸੈਂਬਲੀ ਸੀਟ ਤੋਂ ਚੌਧਰੀ ਦੇਵੀ ਲਾਲ ਨੂੰ ਕਾਂਗਰਸੀ ਉਮੀਦਵਾਰ ਨਾ ਬਣਾਇਓ। ਪਰ ਕਾਂਗਰਸ ਹਾਈਕਮਾਨ ਨੇ ਇਸ ਸੀਟ ਤੋਂ ਚੌਧਰੀ ਦੇਵੀ ਲਾਲ ਨੂੰ ਹੀ ਖੜ੍ਹਾ ਕਰ ਦਿੱਤਾ। ਸਤਿਗੁਰੂ ਜੀ ਸੰਗਤ ਨੂੰ ਚੌਧਰੀ ਦੇਵੀ ਲਾਲ ਦਾ ਵਿਰੋਧ ਕਰਨ ਲਈ ਕਹਿ ਕੇ ਭੈਣੀ ਸਾਹਿਬ ਚਲੇ ਗਏ। ਮਹਾਰਾਜ ਨਿਹਾਲ ਸਿੰਘ ਜੀ ਨੂੰ ਜਦੋਂ ਸਤਿਗੁਰੂ ਜੀ ਦੇ ਹੁਕਮ ਦਾ ਪਤਾ ਲੱਗਾ ਤਾਂ ਉਨ੍ਹਾਂ ਕਿਹਾ ਕਿ ਉਪਰਲੀ ਸੀਟ ਲਈ ਸ੍ਰ. ਆਤਮਾ ਸਿੰਘ ਨੂੰ ਜਤਾਉਣ ਲਈ, ਚੌਧਰੀ ਦੇਵੀ ਲਾਲ ਨੂੰ ਜਿਤਾਉਣਾ ਸਾਡੀ ਮਜਬੂਰੀ ਹੈ। ਕਾਂਗਰਸ ਦੇ ਇਹ ਦੋਵੇਂ ਉਮੀਦਵਾਰ ਤਾਂ ਜਿੱਤ ਗਏ ਪਰ ਸਤਿਗੁਰੂ ਜੀ ਦੀਆਂ ਖੁਸ਼ੀਆਂ ਤੋਂ ਸ੍ਰ. ਆਤਮਾ ਸਿੰਘ ਤੇ ਮਹਾਰਾਜ ਨਿਹਾਲ ਸਿੰਘ ਜੀ ਵੀ ਵਿਰਵੇ ਹੋ ਗਏ। ਅਗਲੇ ਕੁਝ ਸਮਿਆਂ ਵਿਚ ਇਹ ਦੂਰੀ ਹੋਰ ਵੀ ਵੱਧ ਗਈ ਸੀ। ਮਹਾਰਾਜ ਨਿਹਾਲ ਸਿੰਘ ਜੀ ਕਾਂਗਰਸੀ ਅਨੁਸ਼ਾਸਨ ਵਿਚ ਬੱਝੇ ਸਨ ਪਰ ਸਤਿਗੁਰੂ ਜੀ ਆਪਣੀ ਮੌਜ ਦੇ ਮਾਲਕ ਸਨ।22 ਅਗਸਤ 1959 ਨੂੰ ਸਤਿਗੁਰੂ ਜੀ ਦੇ ਬ੍ਰਹਮਲੀਨ ਹੋਣ ਸਮੇਂ ਮਹਾਰਾਜ ਨਿਹਾਲ ਸਿੰਘ ਜੀ ਵੀ ਸ੍ਰੀ ਭੈਣੀ ਸਾਹਿਬ ਪੁੱਜੇ ਅਤੇ ਸਤਿਗੁਰੂ ਜੀ ਦੇ ਸਸਕਾਰ ਤੋਂ ਬਾਅਦ ਆਪ ਨੇ ਸੰਗਤ ਵਿਚ ਖਲੋ ਕੇ ਕਿਹਾ ਕਿ ਜਿਸ ਤਰ੍ਹਾਂ ਅੱਗੇ ਮੈਂ ਸਤਿਗੁਰੂ ਪਰਤਾਪ ਸਿੰਘ ਜੀ ਨੂੰ ਮੱਥਾ ਟੇਕਦਾ ਰਿਹਾ ਹਾਂ ਉਸ ਤਰ੍ਹਾਂ ਹੀ ਹੁਣ ਉਨ੍ਹਾਂ ਦੇ ਅਸਥਾਨ ਤੇ ਬਿਰਾਜਮਾਨ, ਮਹਾਰਾਜ ਜਗਜੀਤ ਸਿੰਘ ਜੀ ਨੂੰ ਮੱਥਾ ਟੇਕਾਂਗਾ।''[22]

ਆਪਣੇ ਚਾਚਾ ਜੀ, ਮਹਾਰਾਜ ਨਿਹਾਲ ਸਿੰਘ ਜੀ ਨਾਲ ਸਬੰਧ ਸੁਖਾਵੇਂ ਬਣਾਉਣ ਲਈ ਸਤਿਗੁਰੂ ਜਗਜੀਤ ਸਿੰਘ ਜੀ ਨੇ ਕਾਫੀ ਪਰਿਆਸ ਕੀਤੇ ਸਨ, ਜਿਨ੍ਹਾਂ ਵਿਚ ਓੜਕ ਆਪ ਜੀ ਨੂੰ ਸਫ਼ਲਤਾ ਮਿਲ ਗਈ ਸੀ। ਮਹਾਰਾਜ ਨਿਹਾਲ ਸਿੰਘ ਜੀ ਦਾ ਅੰਤਮ ਸਮਾਂ ਪੰਜਾਬ ਵਿਧਾਨ ਪ੍ਰੀਸ਼ਦ ਦੇ ਮੈਂਬਰ ਵਜੋਂ ਉਨ੍ਹਾਂ ਨੂੰ ਅਸੈਂਬਲੀ ਮੈਂਬਰਾਂ ਲਈ ਮਿਲੇ ਸਰਕਾਰੀ ਨਿਵਾਸ ਚੰਡੀਗੜ੍ਹ ਵਿਚ ਹੀ ਆਇਆ ਸੀ। 19 ਮਾਰਚ 1969 ਈ. ਨੂੰ ਦੁਪਹਿਰੇ ਆਲ ਇੰਡੀਆ ਰੇਡੀਓ ਤੋਂ ਉਨ੍ਹਾਂ ਦੇ ਚਲਾਣੇ ਦੀ ਸੋਗੀ ਖ਼ਬਰ ਸੁਣਾਈ ਗਈ ਸੀ। ਅੰਤ ਸਮੇਂ ਕੋਈ ਹੋਰ ਸਹਾਇਕ ਆਪ ਦੇ ਪਾਸ ਨਾ ਹੋਣ ਕਾਰਨ ਸਰੀਰ ਸ਼ਾਂਤ ਹੋਣ ਤੋਂ ਇਕ ਦੋ ਦਿਨ ਬਾਅਦ ਹੀ ਪਤਾ ਲੱਗਾ ਸੀ। ਇਸ ਲਈ ਆਪ ਦਾ ਅੰਤਿਮ ਸੰਸਕਾਰ ਚੰਡੀਗੜ੍ਹ ਵਿਖੇ ਹੀ ਸਥਾਨਕ ਨਾਮਧਾਰੀ ਸੰਗਤ ਅਤੇ ਪਰਿਵਾਰਕ ਮੈਂਬਰਾਂ ਨੇ ਕੀਤਾ ਸੀ। ਸਤਿਗੁਰੂ ਜੀ ਦੇ ਹੁਕਮ ਤੇ ਸ੍ਰੀ ਭੈਣੀ ਸਾਹਿਬ ਤੋਂ ਸੂਬਾ ਗੁਰਬਖਸ਼ ਸਿੰਘ ਜੀ ਚੱਕ ਵਾਲੇ, ਇਸ ਸਸਕਾਰ ਵਿਚ ਸ਼ਾਮਲ ਹੋਏ ਕਿਉਂਕਿ ਸਤਿਗੁਰੂ ਜੀ ਦੂਰ ਸਨ। ਸੰਗਤਾਂ ਅਤੇ ਰਾਜ ਨੇਤਾਵਾਂ ਦੇ ਭਾਰੀ ਇੱਕਠ ਸਮੇਂ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਮਹਾਰਾਜ ਜੀ ਨਮਿੱਤ ਭੋਗ ਦੀ ਰਸਮ ਦਿੱਲੀ ਵਿਖੇ ਸਿਰੇ ਚੜ੍ਹਾਈ ਗਈ। ਮਹਾਰਾਜ ਜੀ ਦੇ ਮਹਿਲ ਬੇਬੇ ਸਤਵੰਤ ਕੌਰ ਜੀ, 31 ਅਕਤੂਬਰ 1978 ਨੂੰ ਦੀਵਾਲੀ ਦੇ ਦਿਨ, ਈਦਗਾਹ ਰੋਡ ਦਿੱਲੀ ਛੋਟੇ ਸਪੁੱਤਰ, ਠਾਕੁਰ ਵਿਸ਼ੇਸ਼ਰ ਸਿੰਘ ਜੀ ਦੇ ਘਰ ਅਕਾਲ ਚਲਾਣਾ ਕਰ ਗਏ। ਸਸਕਾਰ ਅਤੇ ਭੋਗ ਸਮੇਂ ਸਤਿਗੁਰੂ ਜੀ ਸਮੇਤ ਨਾਮਧਾਰੀ ਸੰਗਤ ਸ਼ਾਮਲ ਹੋਏ।

ਮਹਾਰਾਜ ਜੀ ਦੀ ਪਹਿਲੀ ਬਰਸੀ 1 ਮਾਰਚ 1970 ਨੂੰ ਦਿੱਲੀ ਵਿਖੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਛਤਰ ਛਾਇਆ ਹੇਠ, ਪਹਾੜ ਗੰਜ ਦੀ ਨਾਮਧਾਰੀ ਧਰਮਸ਼ਾਲਾ ਵਿਚ, ਮੇਲੇ ਦੇ ਰੂਪ ਵਿਚ ਮਨਾਈ ਗਈ। ਸਤਿਗੁਰੂ ਜੀ ਨੇ ਆਪਣੇ ਸੰਬੋਧਨ ਵਿਚ ਫਰਮਾਇਆ ਕਿ ਸਤਿਗੁਰੂ ਪਰਤਾਪ ਸਿੰਘ ਜੀ ਦੇ ਹੁਕਮ ਮੁਤਾਬਕ ਉਨ੍ਹਾਂ ਦੇ ਛੋਟੇ ਭਰਾਵਾਂ ਮਹਾਰਾਜ ਨਿਹਾਲ ਸਿੰਘ ਅਤੇ ਮਹਾਰਾਜ ਗੁਰਦਿਆਲ ਸਿੰਘ ਜੀ ਦੀ ਆਜ਼ਾਦੀ ਸੰਗਰਾਮ ਵਿਚ ਉੱਭਰਵੀਂ ਭੂਮਿਕਾ ਹੈ। ਰਾਜਨੀਤਿਕ ਹੁੰਦਿਆਂ ਵੀ ਧਾਰਮਿਕ ਤੌਰ ਤੇ ਮਹਾਰਾਜ ਨਿਹਾਲ ਸਿੰਘ ਆਯੂ ਪਰਯੰਤ, ਸਤਿਗੁਰੂ ਪਰਤਾਪ ਸਿੰਘ ਜੀ ਨੂੰ ਰੂਹਾਨੀ ਪੇਸ਼ਵਾ ਮੰਨਦੇ ਸਨ। ਇਸ ਮੌਕੇ ਤੇ ਭਾਰਤ ਦੇ ਰੱਖਿਆ ਮੰਤਰੀ ਸ੍ਰ. ਸਵਰਨ ਸਿੰਘ ਜੀ, ਰੇਲ ਮੰਤਰੀ ਸ੍ਰੀ ਗੁਲਜ਼ਾਰੀ ਲਾਲ ਨੰਦਾ, ਟਿੱਕਾ ਲਲਿਤ ਸੈਨ ਐਮ.ਪੀ., ਕਰਤਾਰ ਸਿੰਘ ਸੋਖੀ, ਨਾਹਰ ਸਿੰਘ ਐਮ.ਏ ਅਤੇ ਗਿਆਨੀ ਗੁਰਮੁਖ ਸਿੰਘ ਮੁਸਾਫਿਰ, ਸਾਬਕਾ ਮੁੱਖ ਮੰਤਰੀ ਪੰਜਾਬ ਆਦਿ ਬੋਲੇ ਸਨ। ਗਿਆਨੀ ਜੀ ਨੇ ਦੱਸਿਆ ਸੀ ਕਿ ਚੰਦਰ ਸ਼ੇਖਰ ਆਜ਼ਾਦ ਵਰਗੇ ਇਨਕਲਾਬੀਆਂ ਨੇ ਅਨੇਕ ਵੇਰ, ਲਾਹੌਰ ਸਥਿਤ ਮਹਾਰਾਜ ਜੀ ਦੇ ਨਿਵਾਸ ਤੇ ਸ਼ਰਨ ਲਈ।[23]

ਉਹ 'ਰਾਮ-ਹਰੀ' ਵੰਸ਼ ਦੇ ਰੋਸ਼ਨ ਚਿਰਾਗ ਸਨ।

ਮਹਾਰਾਜ ਨਿਹਾਲ ਸਿੰਘ ਜੀ ਨੇ ਸਾਰੀ ਉਮਰ ਸਤਿਗੁਰੂ ਰਾਮ ਸਿੰਘ ਜੀ ਦੇ ਮਿਸ਼ਨ, ਕੌਮੀ ਮੁਕਤੀ ਸੰਗਰਾਮ ਅਤੇ ਉਿੜਆ ਥੁੜਿਆਂ ਦੀ ਬੰਦ ਖਲਾਸੀ ਲਈ ਸਮਰਪਿਤ ਕਰ ਦਿੱਤੀ ਸੀ। ਉਹ ਪਹਿਲੀ ਪੀੜ੍ਹੀ ਦੇ ਉਨ੍ਹਾਂ ਦੇਸ਼ ਭਗਤਾਂ ਵਿਚੋਂ ਸਨ ਜਿਨ੍ਹਾਂ ਲਈ ਦੇਸ਼ ਅਤੇ ਇਸਦੇ ਲੋਕ ਪਹਿਲੋਂ ਆਉਂਦੇ ਸਨ ਅਤੇ ਆਪਣੇ ਨਿੱਜੀ ਹਿੱਤ ਬਹੁਤ ਬਾਅਦ ਵਿਚ। ਉਹ ਸਾਊ, ਸੁਹਿਰਦ, ਵਿਨਿਮਰ, ਸਿੱਧੇ ਸਾਦੇ, ਸਾਦਗੀ, ਸੰਜਮ ਅਤੇ ਖਿਮਾਂ ਧੀਰਜ ਦੀ ਸਾਕਾਰ ਮੂਰਤੀ ਸਨ। ਉਨ੍ਹਾਂ ਨੇ ਆਪਣੇ ਆਪ ਨੂੰ ਆਮ ਆਦਮੀ ਦੇ ਸੰਗ ਸਾਥ ਵਿਚ ਹੀ ਸਹਿਜ ਮਹਿਸੂਸ ਕੀਤਾ। ਵਰਤਮਾਨ ਸਤਿਗੁਰੂ ਉਦੈ ਸਿੰਘ ਜੀ ਦੇ ਮਹਾਰਾਜ ਜੀ ਦੇ ਵਾਰਸਾਂ ਨਾਲ ਬੜੇ ਜੀਵੰਤ ਸਬੰਧ ਹਨ।

## ਹਵਾਲੇ ਤੇ ਟਿੱਪਣੀਆਂ


1. ਹਰਨਾਮ ਸਿੰਘ ਸਵੈਚ ਪਿੰਡ ਬਗੁਲੀ ਕਲਾਂ (ਲੁਧਿਆਣਾ) ਕ੍ਰਿਤ "ਸੰਤ ਖਾਲਸਾ", 1936 ਈ. ਸ੍ਰੀ ਭੈਣੀ ਸਾਹਿਬ, ਸਫ਼ਾ 53-54
2. ਸੰਤੋਖ ਸਿੰਘ ਬਾਹੋਵਾਲ, ਸਤਿਗੁਰੂ ਬਿਲਾਸ, ਭਾਗ ਦੂਜਾ, ਸਫ਼ਾ 177
3. ਉਹੀ, ਸਫਾ 206
4. ਉਹੀ, ਸਫਾ 261-62
5. ਉਹੀ, ਸਫਾ 286
6. ਉਹੀ, ਸਫਾ 388
7. ਹਰਨਾਮ ਸਿੰਘ ਬਗੁਲੀ ਵਾਲਾ, ਸੰਤ ਖਾਲਸਾ ਦੂਜੀ ਛਾਪ, 1958, ਅੰਮ੍ਰਿਤਸਰ, ਸਫਾ 69-70

8. ਸੰਤ ਤਰਨ ਸਿੰਘ ਵਹਿਮੀ, ਜੱਸ ਜੀਵਨ ਭਾਗ ਪਹਿਲਾ, ਪਹਿਲੀ ਛਾਪ, ਸਫਾ 71
9. ਉਹੀ, ਸਫਾ 103
10. ਅੱਖੀਂ ਡਿੱਠਾ ਕਿੱਸਾ ਕੀਤਾ (ਜਥੇਦਾਰ ਗੁਰਮੁਖ ਸਿੰਘ ਝੱਬਰ ਦੀਆਂ ਯਾਦਾਂ ਦੇ ਝਰੋਖੇ 'ਚੋਂ), ਸੰ. ਸਵਰਨ ਸਿੰਘ ਵਿਰਕ, ਸਫਾ 98-101
10. ਜੱਸ ਜੀਵਨ-ਭਾਗ ਪਹਿਲਾ, ਸਫਾ 128-29
11. ਅੱਖੀਂ ਡਿੱਠਾ ਕਿੱਸਾ ਕੀਤਾ, ਸਫਾ 196-97
12. ਜੱਸ ਜੀਵਨ-ਭਾਗ ਦੂਜਾ, ਸਫਾ 184
13. ਉਹੀ, ਸਫਾ 194-95
14. ਉਹੀ, ਸਫਾ 225-26
15. ਉਹੀ, ਸਫਾ 230
16. ਉਹੀ, ਸਫਾ 285
17. ਉਹੀ, ਸਫਾ 391
18. ਉਹੀ, ਸਫਾ 448
19. ਜੁੱਗ ਪਲਟਾਊ ਸਤਿਗੁਰੂ, ਸੰਤ ਨਿਧਾਨ ਸਿੰਘ "ਆਲਿਮ", ਦੂਸਰੀ ਛਾਪ, ਸਫਾ 267-69
20. ਨਵਾਂ ਹਿੰਦੁਸਤਾਨ (ਹਫਤੇਵਾਰੀ) ਨਵੀਂ ਦਿੱਲੀ, 18-25 ਨਵੰਬਰ 1957, ਸੰਤ ਮੰਗਲ ਸਿੰਘ ਲਾਇਲਪੁਰੀ ਦਾ ਲੇਖ, ਸ੍ਰੀ ਮਹਾਰਾਜ ਨਿਹਾਲ ਸਿੰਘ
21. ਕੂਕਿਆਂ ਬਾਰੇ, ਸੰਤ ਇੰਦਰ ਸਿੰਘ ਚੱਕਰਵਰਤੀ, ਸਫਾ 209-11
22. ਅਟੱਲ ਪਰਤਾਪੀ, ਸੰਤ ਇੰਦਰ ਸਿੰਘ ਚੱਕਰਵਰਤੀ, ਸਫਾ 49
23. ਤਵਾਰੀਖ਼ ਸੰਤ ਖਾਲਸਾ (ਗੁਰ-ਇਤਿਹਾਸ) ਭਾਗ ਤੀਜਾ (1959-2012 ਤੱਕ), ਕਰਤਾ ਕਿਰਪਾਲ ਸਿੰਘ ਕਸੇਲ, 2017, ਵਿਸ਼ਵ ਨਾਮਧਾਰੀ ਸੰਗਤ, ਸ੍ਰੀ ਭੈਣੀ ਸਾਹਿਬ, ਸਫਾ 175-76

# ਮਸਤਾਂ ਦੀਆਂ ਮਜਲਿਸਾਂ ਦੇ ਸਰਦਾਰ ਮਹਾਰਾਜ ਗੁਰਦਿਆਲ ਸਿੰਘ ਜੀ

ਸਤਿਗੁਰੂ ਪਰਤਾਪ ਸਿੰਘ ਜੀ ਦੇ ਸਭ ਤੋਂ ਛੋਟੇ ਭਰਾਤਾ ਮਹਾਰਾਜ ਗੁਰਦਿਆਲ ਸਿੰਘ ਜੀ ਸਨ। ਆਪ ਨੇ 32 ਕੁ ਸਾਲ ਦੀ ਆਰਜਾ ਹੀ ਭੋਗੀ ਸੀ। ਪਰ ਆਪ ਜੀ ਦਾ ਜੀਵਨ ਸੰਖੇਪ ਹੋਣ ਦੇ ਬਾਵਜੂਦ ਮਹੱਤਵਪੂਰਨ ਸੀ। ਉਹਨਾਂ ਨੇ ਸਤਿਗੁਰੂ ਰਾਮ ਸਿੰਘ ਜੀ ਵਲੋਂ ਚਲਾਈ ਕੂਕਾ ਲਹਿਰ ਦੇ ਨਿਸ਼ਾਨਿਆਂ ਪ੍ਰਤੀ ਇਕਜੁੱਟਤਾ ਪ੍ਰਗਟ ਕਰਦਿਆਂ ਹੋਇਆਂ, ਆਪਣੇ ਜੀਵਨ ਦਾ ਆਖਰੀ ਦਹਾਕਾ, ਪੰਜਾਬ ਅਤੇ ਦੇਸ਼ ਵਿਚ ਚਲਾਏ ਜਾ ਰਹੇ, ਕਾਂਗਰਸ ਦੀ ਅਗੁਆਈ ਹੇਠ ਕੌਮੀ ਮੁਕਤੀ ਸੰਗਰਾਮ ਨੂੰ ਪੂਰੀ ਤਰ੍ਹਾਂ ਵਕਫ਼ ਕਰ ਦਿਤਾ ਸੀ। ਉਹ ਸਿੱਖ ਜਗਤ ਲਈ ਹੋਰ ਮਹੱਤਵਪੂਰਨ ਮਸਲਿਆਂ ਦੇ ਹੱਲ ਲਈ ਵੀ ਭਰਾਤਾ ਸਤਿਗੁਰੂ ਜੀ ਦੀ ਅਗੁਆਈ ਹੇਠ, ਬਣਦਾ ਹਿੱਸਾ ਪਾਉਂਦੇ ਰਹੇ। ਉਹ ਪੰਜਾਬੀ, ਹਿੰਦੀ, ਉਰਦੂ, ਫ਼ਾਰਸੀ ਅਤੇ ਅੰਗਰੇਜ਼ੀ ਭਾਸ਼ਾ ਦੇ ਅੱਛੇ ਗਿਆਤਾ ਸਨ। ਉਹਨਾਂ ਨੇ ਸਰਕਾਰੀ ਦਫ਼ਤਰਾਂ ਵਿਚ ਬੰਦ ਕੂਕਾ ਰੀਕਾਰਡ ਤੱਕ ਪਹੁੰਚ ਕਰਕੇ, ਇਸਨੂੰ ਪਹਿਲੀ ਵੇਰ ਵੱਡੇ ਜਤਨਾਂ ਨਾਲ ਸੀਮਿਤ ਮਾਤਰਾ ਵਿਚ ਉਪਲਬਧ ਕਰਵਾਕੇ, ਹਿੰਦੀ ਪੰਜਾਬੀ ਦੇ ਜਾਣਕਾਰਾਂ, ਤੱਕ ਇਸ ਦਾ ਅਨੁਵਾਦ ਪਹੁੰਚਾਇਆ। ਜੇ ਇਹ ਰੀਕਾਰਡ ਸ੍ਰੀ ਮਹਾਰਾਜ ਇੰਡੀਆ ਆਫਿਸ, ਲੰਡਨ ਵਿਚੋਂ ਨਾਂ ਮੰਗਵਾਉਂਦੇ ਤਾਂ ਸ਼ਹੀਦੇ-ਆਜ਼ਮ ਸ੍. ਭਗਤ ਸਿੰਘ ਕੂਕਿਆਂ ਬਾਰੇ ਹਿੰਦੀ ਮਹਾਂਰਥੀ ਅਤੇ ਕਿਰਤੀ ਪੰਜਾਬੀ ਆਦਿਕ ਪੱਤਰਕਾਵਾਂ ਵਿਚ ਕੂਕਿਆਂ ਬਾਰੇ ਆਪਣੇ ਚਰਚਿਤ ਲੇਖ ਨਾਂ ਲਿਖ ਸਕਦੇ। ਸ਼ਹੀਦੇ ਆਜ਼ਮ ਦੇ ਪਿਤਾ ਸ੍. ਕਿਸ਼ਨ ਸਿੰਘ ਜੀ ਅਤੇ ਹੋਰ ਪਰਿਵਾਰਿਕ ਮੈਂਬਰਾਂ ਦਾ ਲੰਮਾ ਸਮਾਂ ਲਾਹੌਰ ਵਿਚ ਰਹਿਣ ਕਾਰਨ, ਮਹਾਰਾਜ ਗੁਰਦਿਆਲ ਸਿੰਘ ਜੀ ਅਤੇ ਹੋਰ ਨਾਮਧਾਰੀ ਮੁਖੀਆਂ ਨਾਲ ਵਾਹਵਾ ਮੇਲ ਜੋਲ ਸੀ। ਸ਼ਹੀਦੇ ਆਜ਼ਮ ਤੋਂ ਵੀ ਮਹਾਰਾਜ ਗੁਰਦਿਆਲ ਸਿੰਘ ਜੀ ਉਮਰ ਵਿਚ ਇਕ ਦਹਾਕਾ ਵੱਡੇ ਸਨ। ਮੁੱਢਲੀ ਸਕੂਲੀ ਵਿੱਦਿਆ ਤੋਂ ਬਾਅਦ ਸ੍. ਭਗਤ ਸਿੰਘ ਵੀ ਲਾਹੌਰ ਆ ਗਏ ਸਨ। ਉਹਨਾਂ ਦੇ ਕਾਲਜ ਦੀ ਪੜ੍ਹਾਈ ਸਮੇਂ ਅਤੇ ਮਗਰਲੇ ਸਿਆਸੀ ਗਤੀਵਿਧੀਆਂ ਅਤੇ ਕੁਰਬਾਨੀਆਂ ਭਰਪੂਰ ਜੀਵਨ ਸਮੇਂ ਉਹ ਵੀ ਲਾਹੌਰ ਵਿਖੇ ਰਹੇ। ਬਰੈਡਲਾ ਹਾਲ, ਪੰਜਾਬ ਕਾਂਗਰਸ ਦਾ ਦਫ਼ਤਰ ਸੀ, ਜਿੱਥੇ ਅਕਸਰ ਭਗਤ ਸਿੰਘ ਵੀ ਗੇੜਾ ਮਾਰਦੇ ਅਤੇ ਮਹਾਰਾਜ ਗੁਰਦਿਆਲ ਸਿੰਘ ਵੀ ਕਾਂਗਰਸ ਨਾਲ ਸਬੰਧਿਤ ਸਰਗਰਮੀਆਂ ਕਾਰਨ ਜਾਇਆ ਕਰਦੇ ਸਨ। ਦੋ ਦੇਸ਼ ਭਗਤਾਂ ਦੇ ਪਰਿਵਾਰ ਦੀ ਅਗਲੀ ਪੀੜ੍ਹੀ ਦੀ, ਆਪਸ ਵਿਚ ਕੁਝ ਸਾਂਝ ਹੋਣੀ ਸੁਭਾਵਿਕ ਹੁੰਦੀ ਹੈ।

ਮਹਾਰਾਜ ਗੁਰਦਿਆਲ ਸਿੰਘ ਜੀ ਦਾ ਜਨਮ ਪਿਤਾ ਗੁਰੂ ਹਰੀ ਸਿੰਘ ਅਤੇ

ਮਾਤਾ ਜੀਵਨ ਕੌਰ ਦੇ ਗ੍ਰਹਿ ਵਿਖੇ, ਅੱਸੂਵਦੀ ਦਸਵੀਂ ਦੁਸਹਿਰੇ ਦੇ ਦਿਨ ਸੰਬਤ 1954 ਬਿ. ਮੁਤਾਬਿਕ 5 ਅਕਤੂਬਰ 1897 ਈ. ਨੂੰ ਸ੍ਰੀ ਭੈਣੀ ਸਾਹਿਬ ਵਿਖੇ ਹੋਇਆ। ਇਸ ਸਮੇਂ ਸ੍ਰੀ ਭੈਣੀ ਸਾਹਿਬ ਦੇ ਬੂਹੇ ਅੱਗੇ ਪੁਲੀਸ ਚੌਂਕੀ ਬੈਠੀ ਹੋਈ ਸੀ। ਅੱਠਾਂ ਪਹਿਰਾਂ ਬਾਦ ਦਸ ਸਿੰਘ ਗੁਰਦੁਆਰੇ ਵਿਚ ਦਰਸ਼ਨ ਕਰਨ ਆ ਸੱਕਦੇ ਸਨ। ਗੁਰੂ ਹਰੀ ਸਿੰਘ ਜੀ ਦੋ ਮਹੀਨਿਆਂ ਦੀ ਛੁੱਟੀ ਲੈਕੇ, ਅੰਮ੍ਰਿਤਸਰ ਦੀਵਾਲੀ ਦਾ ਮੇਲਾ ਮਨਾਉਣ ਲਈ ਆਏ ਸਨ। ਇਸ ਤੋਂ ਪਹਿਲਾਂ ਬਾਬਾ ਜਮੀਅਤ ਸਿੰਘ ਗਿੱਲ ਦੇ ਭੋਗ ਮੇਲੇ ਤੇ ਗੁਰੂ ਜੀ ਨੇ ਦਰਸ਼ਨ ਦਿਤੇ ਸਨ। ਗਿੱਲ ਜ਼ਿਲ੍ਹਾ ਸਿਆਲਕੋਟ ਵਿਖੇ, ਇਹ ਮੇਲਾ 11 ਸਤੰਬਰ 1897 ਨੂੰ ਸੰਪੂਰਨ ਹੋਇਆ। ਉਸ ਤੋਂ ਬਾਅਦ ਸਤਿਗੁਰੂ ਜੀ ਕੇਂਦਰੀ ਤੇ ਲਹਿੰਦੇ ਪੰਜਾਬ ਦਾ ਦੌਰਾ ਕਰਕੇ ਅੰਮ੍ਰਿਤਸਰੋਂ ਵਾਪਸ ਭੈਣੀ ਸਾਹਿਬ ਆ ਗਏ। ਜਨਮ ਸਮਾਚਾਰ ਬਾਹੋਵਾਲ ਜੀ ਇਉਂ ਲਿਖਦੇ ਹਨਃ "ਗੁਰੂ ਹਰੀ ਸਿੰਘ ਜੀ ਕੇ ਦੌਰੇ ਜਾਣੇ ਪਿਛੋਂ ਗੁਰਦਿਆਲ ਸਿੰਘ ਜੀ ਜਨਮੇ 1954 (ਬਿ.) ਮੇਂ ਅੱਸੂ ਦੀ ਦਸਵੀਂ ਸੋਮਵਾਰ ਪਹਿਰ ਰਾਤ ਰਹੀ ਤੇ। ਸੂਰਜ ਚੜ੍ਹਿਆ। ਗੁੜ ਪ੍ਰਸਾਦ ਬਰਤਨੇ ਲਗਾ। ਵਧਾਈਆਂ ਮਿਲਨੇ ਲਗੀਆਂ। ਪਚੀਆਂ ਰੁਪੈਆਂ ਕਾ ਕੜਾਹ ਪਰਸ਼ਾਦ ਵਰਤਿਆ। ਯਥਾ ਯੋਗ ਦਾਨ ਚਾਂਦੀ ਕਾ ਭੀ ਕੀਤਾ। ਗੁਰੂ ਜੀ ਕੇ ਦੌਰੇ ਮੇਂ ਖਬਰ ਹੋਈ ਕਿ ਕਰਤਾਰ ਸਿੰਘ ਜਨਮਿਆ ਹੈ। ਗੁਰੂ ਜੀ ਬਚਨ ਕੀਤਾ-ਗੁਰਦਿਆਲ ਸਿੰਘ ਕਹੋ। ਸਭ ਗੁਰਦਿਆਲ ਸਿੰਘ ਹੀ ਕਹਿਣੇ ਲਗੇ।

...ਅੰਮ੍ਰਿਤਸਰ ਜੀ ਸੇ ਰਾਮਦਾਸ ਪੁਰੇ ਆਏ। ਦੋ ਮਹੀਨੇ ਦੀ ਛੁੱਟੀ ਪੂਰੀ ਹੋਈ। ਗੁਰੂ ਮਹਾਰਾਜ ਜੀ ਕੁਰਸੀ ਪਰ ਬੈਠੇ। ਗੁਰਦਿਆਲ ਸਿੰਘ ਜੀ ਕੋ ਲਿਆਏ। ਚਰਨੀਂ ਲਾਇਆ। ਵਡੇ ਪ੍ਰਸੰਨ ਹੋਏ।"[1]

ਸਤਿਗੁਰੂ ਪਰਤਾਪ ਸਿੰਘ ਜੀ ਨੇ ਸਾਢੇ ਸੱਤ ਸਾਲ ਦੀ ਆਰਜਾ ਵਿਚ ਪਿਤਾ ਸਤਿਗੁਰੂ ਜੀ ਨਾਲ, ਇਸ ਦੌਰੇ ਵਿਚ ਭਾਗ ਲਿਆ ਸੀ। ਉਹਨਾਂ ਦੇ ਉਪਦੇਸ਼ ਵਿਚ ਇਹ ਦਰਜ ਹੈ ਕਿ ਉਸ ਦਿਨ ਚੇਲੇਕੇ ਤੋਂ ਅੰਮ੍ਰਿਤਸਰ ਜ਼ਿਲ੍ਹੇ ਦੇ ਹੀ ਪਿੰਡ ਮੁਹਾਵੇ ਨੂੰ ਜਾ ਰਹੇ ਸਾਂ ਜਦੋਂ ਗੁਰਦਿਆਲ ਸਿੰਘ ਜੀ ਦੇ ਜਨਮ ਦਾ ਸਮਾਚਾਰ ਲੈਕੇ, ਮਾਤਾ ਫਤੇਹ ਕੌਰ (ਮਾਈ ਜੀ ਬੋਲੇ) ਅਤੇ ਹਰਨਾਮ ਸਿੰਘ ਨਥਾਣੀਆ, ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਦਾ ਸਿੱਖ, ਗੁਰੂ ਹਰੀ ਸਿੰਘ ਜੀ ਨੂੰ ਮਿਲਦੇ ਹਨ। ਇਹਨਾਂ ਨਾਲ ਮਹਾਰਾਜ ਨਿਹਾਲ ਸਿੰਘ ਜੀ ਵੀ ਪੰਜ ਕੁ ਸਾਲ ਦੀ ਉਮਰ ਦੇ ਆਏ ਸਨ। ਉਹਨਾਂ ਦੀ ਵਾਰਤਾਲਾਪ ਤੋਂ ਮਹਾਰਾਜ ਗੁਰਦਿਆਲ ਸਿੰਘ ਜੀ ਦੀ ਸੂਖਮ ਕਾਇਆ ਦਾ ਗਿਆਨ ਹੁੰਦਾ ਹੈ। ਮੁਹਾਵਾ ਜੋ ਬਾਬਾ ਕੇਸਰ ਕਿੱਲੀ ਜੀ ਦਾ ਪਿੰਡ ਹੈ, ਉੱਥੇ ਨਵੇਂ ਬਾਲਕ ਦੇ ਜਨਮ ਦਾ ਸ਼ੁਭ ਸਮਾਚਾਰ ਮਿਲਿਆ।[2]

ਗੁਰੂ ਹਰੀ ਸਿੰਘ ਜੀ ਦੇ ਗ੍ਰਹਿ ਵਿਖੇ, ਸਾਹਿਬਜ਼ਾਦਿਆਂ ਦੇ ਸਮੇਂ ਸਮੇਂ ਆਗਮਨ ਨੂੰ, ਸਾਡਾ ਇਤਿਹਾਸਕਾਰ ਨਾਮਧਾਰੀ ਪੰਥ ਤੋਂ ਸੰਕਟਾਂ ਦੇ ਬੱਦਲ ਕਿਸੇ ਹੱਦ ਤੱਕ ਛਟਣ ਦੇ ਕੁਝ ਆਸਾਰ ਪਰਗਟ ਕਰਦਾ ਹੈ। ਜਗਤ ਮਾਤਾ ਜੀਵਨ ਕੌਰ ਆਪਣੇ ਤਿੰਨਾਂ ਲਾਲਾਂ ਦੇ ਸਬੰਧ ਵਿਚ ਇਉਂ ਬਚਨ ਕਰਦੇ ਹਨ- "ਜਿਸ ਦਿਨ ਸੇ ਪਰਤਾਪ

ਸਿੰਘ ਜੀ ਜਨਮੇ ਨਰਮਾਈ ਹੋਈ। ਫੇਰ ਨਿਹਾਲ ਸਿੰਘ ਦੇ ਜਨਮ ਤੇ ਜ਼ਿਆਦਾ ਨਰਮਾਈ ਹੋਇ ਗਈ। ਜੋ ਪ੍ਰਸ਼ਾਦੇ ਦੀ ਬੰਦਸ਼ ਸੀ ਸਭ ਹਟ ਗਈ। ਕੋਈ ਆਵੇ ਤਾਂ ਡੇਰੇ ਕੇ ਅੰਦਰ ਕਰ ਦੇਣ। ਬਾਹਰ ਨਾ ਰਹਿਣ ਦੇਣਾ।

"ਗੁਰਦਿਆਲ ਸਿੰਘ ਦੇ ਜਨਮੇ ਤੇ ਕੋਈ ਨਹੀਂ ਪੁੱਛਦਾ ਹੈ ਭਾਵੇਂ ਕਈ ਦਿਨ ਰਹਿ ਜਾਵੇ।"[3]

ਸਾਹਿਬਜ਼ਾਦਾ ਗੁਰਦਿਆਲ ਸਿੰਘ ਜੀ ਤਿੰਨ ਜਾਂ ਚਾਰ ਸਾਲ ਦੇ ਸਨ ਜਦੋਂ ਉਹ ਮਿੱਟੀ ਦੇ ਖਡੌਣਿਆਂ ਨਾਲ ਖੇਡਦੇ ਸਨ। ਗੁਰੂ ਹਰੀ ਸਿੰਘ ਜੀ ਨੇ ਉਹਨਾਂ ਨੂੰ ਅੱਖਰ ਗਿਆਨ ਲਈ ਪ੍ਰੇਰਿਤ ਕੀਤਾ, ਬਾਹੋਵਾਲ ਜੀ ਦੇ ਸ਼ਬਦਾਂ ਵਿਚ- "ਏਕ ਦਿਨ ਗੁਰਦਿਆਲ ਸਿੰਘ ਕੇ ਹਾਥ ਮੇਂ ਖਡੌਣਾ ਸੀ ਮੂੰਹ ਵਿਚ ਪਾਇਆ ਹੋਇਆ। ਤਾਂ ਗੁਰੂ ਹਰੀ ਸਿੰਘ ਜੀ ਬਚਨ ਕੀਤਾ ਨਾਂ ਪਾਓ ਮੂੰਹ ਵਿਚ। ਤਤਕਾਲ ਲਾਲ ਜੀ ਨੇ ਖਡੌਣਾ ਫੈਂਕ ਦੀਆ। ਫੇਰ ਨਹੀਂ ਕਦੇ ਫੜਿਆ, ਬੱਘੀਆਂ ਘੋੜੇ, ਗੱਡੇ, ਬੈਲ, ਮਿਟੀ ਕੇ। ਫੇਰ ਗੁਰੂ ਜੀ ਬਚਨ ਕੀਤਾ ਅੱਖਰ ਲਿਖਿਆ ਕਰ। ਫੇਰ ਅੱਖਰ ਲਿਖਣ ਲੱਗੇ ਤਾਂ ਪੜ੍ਹ ਗਏ।"[4]

ਸੰਨ 1905 ਈ. ਦੀ ਮਾਘੀ ਦੇ ਸਮੇਂ ਗੁਰੂ ਹਰੀ ਸਿੰਘ ਜੀ ਸਾਹਿਬਜ਼ਾਦਿਆਂ ਸਮੇਤ ਪੰਜ ਦਿਨਾਂ ਦੀ ਛੁੱਟੀ ਤੇ ਮੁਕਤਸਰ ਗਏ। ਇੱਥੇ ਰਾਜਾ ਹੀਰਾ ਸਿੰਘ ਨਾਭੇ ਵਾਲਾ ਵੀ ਆਇਆ ਹੋਇਆ ਸੀ। "ਤਿਸਨੇ ਕਹਿਆ ਮੈਨੂੰ ਸਾਹਿਬਜ਼ਾਦੇ ਦਰਸ਼ਨ ਦੇ ਜਾਣ। ਤਿੰਨੇ ਗਏ, ਦੋ ਦੋ ਮੋਹਰਾਂ ਦਿਤੀਆਂ। ਕਹਾ ਕਿ ਕੁਛ ਪੜ੍ਹੇ ਹੋ ? ਸਾਹਿਬਜ਼ਾਦੇ ਗੁਰਦਿਆਲ ਸਿੰਘ ਜੀ ਕਹਿਆ ਗੁਰਮੁਖੀ ਪੜ੍ਹੇ ਹੈਂ। ਕੁਰਸੀਆਂ ਪਰ ਬਠਾਲੇ। ਰਾਜੇ ਨੇ ਕਹਾ ਬੜੇ ਹੁਸ਼ਿਆਰ ਹੈ।"[5]

17 ਮਈ 1906 ਈ. ਨੂੰ ਗੁਰੂ ਹਰੀ ਸਿੰਘ ਜੀ ਜੋਤੀ ਜੋਤਿ ਸਮਾ ਗਏ। 3 ਜੂਨ ਨੂੰ ਆਪ ਜੀ ਦੇ ਨਮਿੱਤ ਭੋਗ ਦਾ ਮੇਲਾ ਹੋਇਆ। ਦੇਸ ਦੇਸਾਂਤਰਾਂ ਦੀ ਸੰਗਤ ਆਈ। ਸਤਿਗੁਰੂ ਪਰਤਾਪ ਸਿੰਘ ਜੀ ਨਾਮਧਾਰੀ ਪੰਥ ਦੀ ਗੁਰਤਾ ਗੱਦੀ ਤੇ ਬਿਰਾਜਮਾਨ ਹੋਏ। ਆਪ ਜੀ ਸਮੇਂ ਸਮੇਂ ਸਾਰੇ ਪੰਜਾਬ ਵਿਚ ਪੰਥ ਦੇ ਪਰਚਾਰ ਪਰਸਾਰ ਲਈ ਦੌਰੇ ਕਰਨ ਲੱਗੇ। ਮਾਤਾ ਜੀਵਨ ਕੌਰ, ਮਹਾਰਾਜ ਨਿਹਾਲ ਸਿੰਘ, ਮਹਾਰਾਜ ਗੁਰਦਿਆਲ ਸਿੰਘ ਵੀ ਇਹਨਾਂ ਦੌਰਿਆਂ ਵਿਚ ਸ਼ਾਮਲ ਹੁੰਦੇ। ਗੁਰੂ ਹਰੀ ਸਿੰਘ ਜੀ ਦੇ ਸਮੇਂ ਦਾ ਆਖ਼ਰੀ ਹੋਲਾ ਮਹੱਲਾ ਮਾਨਾਂਵਾਲਾ ਬਾਰ (ਗੁਜਰਾਂਵਾਲਾ ਜ਼ਿਲ੍ਹਾ, ਫਿਰ ਸ਼ੇਖ਼ੂਪੂਰਾ) ਵਿਖੇ ਮਾਨ ਸਰਦਾਰਾਂ ਨੇ ਕਰਵਾਇਆ ਸੀ। ਗੁਰੂ ਹਰੀ ਸਿੰਘ ਜੀ ਦੇਹ ਅਰੋਗਤਾ ਨਾਂ ਹੋਣ ਕਾਰਨ ਨਾਂ ਜਾ ਸਕੇ। ਮਾਤਾ ਜੀਵਨ ਕੌਰ ਜੀ ਅਤੇ ਤਿੰਨੇ ਸਾਹਿਬਜ਼ਾਦੇ ਗਏ। ਸੰਗਤ ਨੇ ਬਹੁਤ ਪ੍ਰੇਮ ਸਤਕਾਰ ਕੀਤਾ।

1911 ਈ. ਨੂੰ ਅੱਸੂ ਦੇ ਮਹੀਨੇ ਮਾਨਾਂਵਾਲਾ ਬਾਰ ਵਿਖੇ ਹੀ ਮੇਲੇ ਤੇ ਸਤਿਗੁਰੂ ਪਰਤਾਪ ਸਿੰਘ ਜੀ ਅਤੇ ਆਪ ਦੇ ਦੋਹਾਂ ਛੋਟੇ ਭਾਈਆਂ ਮਾ. ਨਿਹਾਲ ਸਿੰਘ, ਮਾ. ਗੁਰਦਿਆਲ ਸਿੰਘ ਨੇ ਦਰਸ਼ਨ ਦਿੱਤੇ ਸਨ। ਸੰਤ ਮੰਗਲ ਸਿੰਘ ਜੀ ਅਰਸ਼ੀ ਫਰਿਸ਼ਤਾ ਨੇ ਸਤਿਗੁਰੂ ਜੀ ਅਤੇ ਆਪਦੇ ਦੂਜਿਆਂ ਦੋਹਾਂ ਵੀਰਾਂ ਨੂੰ ਦਸਤਾਰਾ ਸਿਧਾ ਕਰਨ ਦੀ

ਬੇਨਤੀ ਕੀਤੀ। ਸਤਿਗੁਰੂ ਜੀ ਨੇ ਤੱਤਛਿਨ ਪਰਵਾਨ ਕਰਕੇ ਆਪਣਾ ਦਸਤਾਰਾ ਸਿੱਧਾ ਕਰ ਲਿਆ ਪਰ ਦੋਹਾਂ ਭਾਈਆਂ ਨੇ ਪਹਿਲਾਂ ਜਿਉਂ ਟੇਢੀ ਪੱਗ ਹੀ ਰੱਖੀ। ਮੰਗਲ ਸਿੰਘ ਹੋਰਾਂ ਵਿਚ ਮਸਤਾਨੀ ਬਿਰਤੀ ਵੀ ਆ ਜਾਂਦੀ ਸੀ। ਸਤਿਗੁਰੂ ਪਰਤਾਪ ਸਿੰਘ ਜੀ ਨੇ ਉਸਦੀ ਰਮਜ਼ ਪਹਿਚਾਨ ਲਈ। ਪਰ ਦੋਵੇਂ ਮਹਾਰਾਜ ਦੁਨਿਆਵੀ ਬਿਰਤੀ ਵਿਚ ਸਨ, ਉਹਨਾਂ ਮੰਗਲ ਸਿੰਘ ਹੋਰਾਂ ਦੇ ਆਖੇ ਤੇ ਅਸਰ ਨਾਂ ਕੀਤਾ। ਸਮਾਂ ਪਾ ਕੇ ਉਹ ਦੋਵੇਂ ਅਤੇ ਤੀਜੇ ਮੰਗਲ ਸਿੰਘ ਜੀ ਹੋਰ ਨਾਮਧਾਰੀ ਸਿੱਖਾਂ ਨਾਲ ਰਲਕੇ, ਕਾਂਗਰਸ ਦੇ ਮੰਚ ਤੋਂ, ਕੌਮੀ ਆਜ਼ਾਦੀ ਸੰਗਰਾਮ ਲਈ, ਭਰਪੂਰ ਯੋਗਦਾਨ ਪਾਉਂਦੇ ਰਹੇ।

ਮਹਾਰਾਜ ਨਿਹਾਲ ਸਿੰਘ ਜੀ ਦਾ ਅਨੰਦ ਕਾਰਜ 7 ਅੱਸੂ 1971 ਬਿ. ਮੁਤਾਬਿਕ ਸਤੰਬਰ 1914 ਈ. ਵਿਚ ਸੰਤ ਸ੍ਰ. ਧਿਆਨ ਸਿੰਘ ਪੱਥਰ ਘਾੜਿਆਂ ਦੀ ਸਪੁੱਤਰੀ ਬੀਬੀ ਸਤਵੰਤ ਕੌਰ ਨਾਲ, ਭਾਟੀ ਦਰਵਾਜ਼ੇ, ਲਾਹੌਰ ਸ਼ਹਿਰ ਵਿਖੇ ਹੋਇਆ। ਮਾਤਾ ਜੀਵਨ ਕੌਰ, ਮਾਤਾ ਫਤੇਹ ਕੌਰ, ਸਤਿਗੁਰੂ ਪਰਤਾਪ ਸਿੰਘ ਜੀ ਅਤੇ ਮਹਾਰਾਜ ਗੁਰਦਿਆਲ ਸਿੰਘ ਜੀ ਸਮੇਤ ਬਹੁਤ ਸਾਰੇ ਸਿੱਖ ਸਾਧ ਜ਼ਿੰਮੇਵਾਰ ਸੱਜਣ ਇਸ ਅਨੰਦ ਸਮਾਗਮ ਵਿਚ ਸ਼ਾਮਲ ਹੋਏ। ਬਾਬਾ ਧਿਆਨ ਸਿੰਘ ਸਤਿਗੁਰੂ ਰਾਮ ਸਿੰਘ ਦੇ ਸਮੇਂ ਦੇ ਸਿੱਖ ਸਨ। ਲਾਹੌਰ ਵਿਚ ਉਹਨਾਂ ਨੇ ਆਪਣੇ ਘਰ ਦਾ ਇਕ ਹਿੱਸਾ 'ਨਾਮਧਾਰੀ ਧਰਮਸ਼ਾਲਾ' ਹੀ ਬਣਾਇਆ ਹੋਇਆ ਸੀ ਜਿੱਥੇ ਉਹਨਾਂ ਦੀ ਧਰਮ ਪਤਨੀ ਮਾਤਾ ਭਾਗਵੰਤੀ ਹਰ ਆਏ ਸਿੱਖ ਸਾਧ ਨੂੰ ਲੰਗਰ ਪਾਣੀ ਛਕਾਉਂਦੇ ਸਨ। ਉਹਨਾਂ ਦੇ ਨਰਾਇਣ ਸਿੰਘ ਤੇ ਕਰਤਾਰ ਸਿੰਘ ਦੋ ਸਪੁੱਤਰ ਸਨ ਅਤੇ ਬੀਬੀ ਈਸਰ ਕੌਰ, ਸਤਵੰਤ ਕੌਰ ਅਤੇ ਕਰਤਾਰ ਕੌਰ ਤਿੰਨ ਸਪੁੱਤਰੀਆਂ ਸਨ। ਇਸ ਅਨੰਦ ਕਾਰਜ ਸਮੇਂ, ਵਿਆਹ ਦੇ ਮੌਕੇ ਪੰਜਾਬ ਦਾ ਰਿਵਾਜ ਕੱਚੀ ਪਿੰਨੀ ਦੋਹਾਂ ਮਾਤਾਵਾਂ ਵੱਲੋਂ, ਲਾਹੌਰ ਭੇਜਣ ਦਾ ਵਰਤਿਆ ਗਿਆ। ਸਤਿਗੁਰੂ ਪਰਤਾਪ ਸਿੰਘ ਜੀ ਨੇ ਪਤਾ ਲੱਗਣ ਤੇ ਉਹ ਕੱਚੀ ਪਿੰਨੀ ਰਾਹ ਵਿਚ ਹੀ ਰੇਤ ਵਿਚ ਮਿਲਾ ਦਿਤੀ ਅਤੇ ਆਪ ਦੋਹਾਂ ਮਾਤਾਵਾਂ ਨਾਲ ਵੀ ਲੋਕ ਵਿਹਾਰ ਕਰਨ ਤੇ ਨਰਾਜ਼ ਹੋਏ। ਸੰਤ ਲਾਲ ਸਿੰਘ ਭੂਰੇ ਗਿੱਲੀਏ ਅਤੇ ਮਹਾਰਾਜ ਗੁਰਦਿਆਲ ਸਿੰਘ ਜੀ, ਸੰਗਤ ਦੇ ਕਹਿਣ ਤੇ ਸਤਿਗੁਰੂ ਜੀ ਪਾਸ ਇਹ ਭੁੱਲ ਬਖਸ਼ਾਉਣ ਲਈ ਹਾਜ਼ਰ ਹੋਏ। "ਮਹਾਰਾਜ ਜੀ, ਦੂਰ ਗਲ ਵਿਚ ਪੱਲਾ ਪਾਇਕੇ, ਨੀਂਵੀ ਪਾਈ ਖੜੇ ਰਹੇ। ਸੰਤ ਲਾਲ ਸਿੰਘ ਜੀ ਹੱਥ ਜੋੜ, ਸਾਹਵੇਂ ਖੜੇ ਸਤਿਗੁਰੂ ਜੀ ਦੇ, ਬੜੇ ਨਿਰਮਾਨਤਾ ਤੇ ਵੈਰਾਗੀ ਸੁਭਾ ਵਿਚ ਹੋ ਅਰਜ਼ ਕੀਤੀ ਆਪ "ਸਦ ਬਖਸਿੰਦੁ ਸਦਾ ਮਿਹਰਵਾਨਾ ਸਭਨਾ ਦੇਇ ਅਧਾਰੀ॥" ਹੋ ਜਿਉਂ ਜਾਣੋਂ ਬਖਸ਼ੋ।

"ਸਤਿਗੁਰੂ ਜੀ ਸੰਤ ਜੀ ਦਾ ਵੈਰਾਗੀ ਸੁਭਾ, ਨਿਮਰਤਾ ਤੇ ਅੰਦਰਲਾ ਆਸ਼ਾ, ਸੁਣ, ਦੇਖ....ਸੰਤ ਜੀ ਨੂੰ ਹੱਸ ਕੇ ਜੱਫੀ ਪਾ ਲਈ ਤੇ ਕਿਹਾ ਜੇ ਆਪ ਦਾ ਮੇਰੇ ਤੇ ਇਹ ਨਿਸਚਾ ਏ ਤਾਂ ਆਪ ਦੇ ਕਹੇ ਤੇ ਮੈਨੂੰ ਕੀ ਉਜਰ ਹੋ ਸੱਕਦੇ। ਪਰ ਦੱਸੋ, ਤੁਸਾਂ ਇਹਨਾਂ, ਨਰਮ ਦਿਲ ਮਹਾਰਾਜ ਜੀ ਨੂੰ, ਕਿਉਂ ਨਾਲ ਆਂਦਾ। ਇਹ ਤੇ ਇਹੋ ਜਿਹਾ ਦ੍ਰਿਸ਼ ਦੇਖ ਹੀ ਨਹੀਂ ਸਕਦੇ। ਮਹਾਰਾਜ ਜੀ ਤੇ ਸੰਤ ਜੀ ਨੇ ਸੰਗਤ ਨੂੰ ਬਖਸ਼ਿਸ ਦੀ ਖੁਸ਼ੀ ਦੀ ਖ਼ਬਰ ਆ ਸੁਣਾਈ।" ਇਹ ਵਾਰਤਾ ਸੁਰਗਵਾਸੀ ਸ੍ਰ. ਰਵੇਲ ਸਿੰਘ ਜੀ ਮੋਰੀਵਾਲਾ '(ਅਮਰਜੀਤ

ਪੁਰਾ'–ਸਿਰਸਾ) ਦੇ 109 ਚੱਕ, ਲਾਇਲਪੁਰ ਅਨੰਦ ਕਾਰਜ ਸਮੇਂ ਵਾਪਰੀ ਸੀ।[6] ਘਟਨਾ ਇਉਂ ਵਾਪਰੀ ਕਿ ਸ੍ਰ. ਰਵੇਲ ਸਿੰਘ ਦਾ ਅਨੰਦ ਘਣੀਏ ਕੇ ਦੇ ਮਹੰਤ ਲਹਿਣਾ ਸਿੰਘ ਦੇ ਭਾਈ ਹਵੇਲਾ ਸਿੰਘ ਦੀ ਪੁੱਤਰੀ ਬੀਬੀ ਤਾਰੋ ਨਾਲ ਹੋਇਆ ਸੀ। ਮਹੰਤ ਜੀ ਨੂੰ ਇਕ ਅੱਧ ਮਠਿਆਈ ਬਨਾਉਣ ਕਾਰਨ, ਸਤਿਗੁਰੂ ਜੀ ਨੇ ਤਾੜਿਆ, ਉਹਨਾਂ ਭੈਣੀ ਸਾਹਿਬੋਂ ਕੱਚੀ ਪਿੰਨੀ ਲਾਹੌਰ ਮਹਾਰਾਜ ਜੀ ਦੇ ਅਨੰਦ ਸਮੇਂ ਜਾਣ ਦੀ ਗੱਲ ਕਰ ਦਿਤੀ। ਸਤਿਗੁਰੂ ਪਰਤਾਪ ਸਿੰਘ ਜੀ ਨੇ ਕਿਹਾ ਕਿ ਗੱਲ ਮੁਕਾਏ ਬਿਨਾਂ ਹੁਣ ਲੰਗਰ ਨਹੀਂ ਛਕਣਾ। ਮਹਾਰਾਜ ਜੀ ਦੀ ਨਿਰਮਾਣਤਾ ਅਤੇ ਭੂਰੇ ਗਿੱਲੀਆਂ ਦੇ ਸ਼ਰਧਾ ਸਤਿਕਾਰ ਭਰੇ ਵਤੀਰੇ ਕਾਰਨ, ਸਤਿਗੁਰੂ ਜੀ ਨੇ ਲੰਗਰ ਛਕਣ ਦੀ ਆਗਿਆ ਦੇ ਦਿੱਤੀ।

13 ਪੋਹ, 1971 ਬਿਕਰਮੀ ਨੂੰ ਮਹਾਰਾਜ ਨਿਹਾਲ ਸਿੰਘ ਜੀ ਦੇ ਅਨੰਦ ਕਾਰਜ ਤੋਂ ਤਿੰਨ ਕੁ ਮਹੀਨੇ ਬਾਅਦ ਹੀ ਗੁਰੂ ਸਰ (ਫੀਰੋਜ਼ਪੁਰ) ਵਿਖੇ ਸਤਿਗੁਰੂ ਪਰਤਾਪ ਸਿੰਘ ਜੀ ਦਾ ਅਨੰਦ ਕਾਰਜ, ਸ੍ਰ. ਸੁੰਦਰ ਸਿੰਘ ਸੋਹੂ ਦੀ ਸਪੁੱਤਰੀ ਬੀਬੀ ਵੀਰੋ ਜੀ ਨਾਲ ਹੋਇਆ। ਗੁਰੂ ਪਰਿਵਾਰ ਵਿਚ ਸ਼ਾਮਲ ਮਹਾਰਾਜ ਗੁਰਦਿਆਲ ਸਿੰਘ ਜੀ, ਜੋ ਅਜੇ ਮੁੱਛ ਫੁੱਟ ਗੱਭਰੂ ਹੀ ਸਨ, ਇਸ ਅਨੰਦ ਕਾਰਜ ਦੀਆਂ ਰੌਣਕਾਂ ਦਾ ਹਿੱਸਾ ਬਣੇ। ਬੀਬੀ ਵੀਰੋ ਜੀ ਦਾ ਨਾਮ ਅਨੰਦ ਕਾਰਜ ਬਾਅਦ, ਬੀਬੀ ਭੂਪਿੰਦਰ ਕੌਰ ਕਰ ਦਿਤਾ ਗਿਆ ਸੀ। ਇਸ ਅਨੰਦ ਕਾਰਜ ਤੇ ਪੁੱਜਣ ਲਈ ਸੰਗਤਾਂ ਨੂੰ ਪਰੇਰਿਤ ਕਰਨ ਹਿਤ ਸੰਤ ਹਾਕਮ ਸਿੰਘ ਜੀ ਘੁੱਕਲ ਵਾਲਿਆਂ ਨੇ ਛੇ ਕਬਿਤ ਅਤੇ ਅਠਾਰਾਂ ਤੁਕਾਂ ਦਾ ਬੈਂਤ ਲਿਖ ਕੇ, ਇਸ਼ਤਿਹਾਰ ਛਪਵਾ ਕੇ ਲਗਾਏ ਸਨ। ਵਹਿਮੀ ਜੀ ਨੇ 'ਜੱਸ ਜੀਵਨ' ਵਿਚ ਦੋ ਕਬਿੱਤ ਛਾਪੇ ਹਨ–

"ਧੰਨ ਗੁਰੂ ਰਾਮ ਸਿੰਘ ਬਾਢੀ ਅਵਤਾਰ ਜਾਣੋਂ,
ਤਿਨ੍ਹਾਂ ਦੇ ਭਰਾਤ ਗੁਰੂ ਹਰੀ ਸਿੰਘ ਜਾਨੀਏਂ।
ਜਨਮੇ ਸਪੂਤ ਸੋਹਣੇ ਗੁਰੂ ਹਰੀ ਸਿੰਘ ਘਰ,
ਭੇਜੇ ਕਰਤਾਰ ਦੇ ਕੇ ਸਿਖਿਆ ਮਹਾਨੀਏਂ।
ਸੱਚ, ਸੁੱਚ, ਸੰਜਮ, ਜਹਾਨ ਉਤੋਂ ਦੂਰ ਹੁੰਦਾ,
ਜੇ ਨਾ ਕਦੇ ਹੁੰਦੀਆਂ ਇਹ ਸੂਰਤਾਂ ਰਬਾਨੀਏਂ।
ਪਰਮ ਪਵਿੱਤਰ ਕੁਲ ਬਾਢੀਆਂ ਦੀ ਪੂਜਨੀਕ,
ਹਾਕਮ ਮਰਗਿੰਦ ਸਮ ਸੋਢੀਆਂ ਪਛਾਨੀਏਂ।
ਗੁਰੂ ਹਰੀ ਸਿੰਘ ਦਾ ਸਪੁੱਤਰ ਪਰਤਾਪ ਸਿੰਘ,
ਸੁੰਦਰ ਸਰੂਪ ਸੋਹਣਾ ਦੂਲੋ ਸੋ ਸੁਹਾਊਗਾ।
ਦੂਜੇ ਛੋਟੇ ਭਾਈ ਮਹਾਰਾਜ ਜੀ ਨਿਹਾਲ ਸਿੰਘ,
ਹੋਊਗਾ ਨਿਹਾਲ ਜਿਹੜਾ ਦਰਸ਼ਨਾਂ ਨੂੰ ਪਾਊਗਾ।

ਤੀਜੇ ਮਹਾਰਾਜ ਗੁਰਦਿਆਲ ਸਿੰਘ ਦਯਾ ਨਿਧ, ਬ੍ਰਹਮਾ, ਸ਼ਿਵ, ਵਿਸ਼ਨੂੰ ਆ ਦਰਸ ਦਿਖਾਊਗਾ।

ਕਹੇ ਸਿੰਘ ਹਾਕਮ ਹੈ ਬੇਨਤੀ ਇਹ ਵਾਰ ਵਾਰ, ਗੁਰੂ ਕਾ ਜੋ ਸਿੱਖ ਸੋ ਜ਼ਰੂਰ ਚੱਲ ਆਊਗਾ।"[7]

1915 ਈ. ਦਾ ਨਾਮਧਾਰੀ ਹੋਲਾ ਮਹੱਲਾ ਪ੍ਰਸਿੱਧ ਪਹਿਲਵਾਨ, ਫਤੇਹ ਸਿੰਘ ਨਾਮਧਾਰੀ ਦੇ ਪਿੰਡ, ਵਲਟੋਹੇ ਵਿਖੇ ਹੋਇਆ। ਸਤਿਗੁਰੂ ਪਰਤਾਪ ਸਿੰਘ ਜੀ ਦੇ ਨਾਲ ਦੋਵੇਂ ਛੋਟੇ ਭਾਈ ਵੀ ਸੰਗਤ ਵਿਚ ਸੁਭਾਇਮਾਨ ਸਨ। ਮਾਤਾ ਭੂਪਿੰਦਰ ਕੌਰ ਜੀ ਤੇ ਬੇਬੇ ਸਤਵੰਤ ਕੌਰ ਜੀ ਵੀ ਪੁੱਜੇ ਸਨ।

1914-18 ਦੀ ਪਹਿਲੀ ਸੰਸਾਰ ਜੰਗ ਸਮੇਂ, ਕਾਂਗਰਸੀ ਆਗੂਆਂ ਨੇ ਫ਼ੌਜੀ ਭਰਤੀ ਵਿਚ, ਅੰਗਰੇਜ਼ ਸਰਕਾਰ ਦੀ ਮੱਦਦ ਇਸ ਆਸ ਤੇ ਕੀਤੀ ਕਿ ਉਹ ਜੰਗ ਜਿਤਣ ਬਾਅਦ ਸਾਨੂੰ 'ਹੋਮ ਰੂਲ' (ਸਥਾਨਕ ਸਰਕਾਰ) ਦੇ ਸਕਦੇ ਹਨ, ਪਰ ਹੋਇਆ ਇਸਦੇ ਉਲਟ। ਉਹਨਾਂ ਨੇ ਦਿੱਤਾ ਰੌਲਟ ਐਕਟ ਅਤੇ ਜੱਲਿਆਂ ਵਾਲਾ ਬਾਗ ਦਾ ਖ਼ੂਨੀ ਸਾਕਾ। ਮਹਾਰਾਜ ਗੁਰਦਿਆਲ ਸਿੰਘ ਜੀ ਦੇ ਕੋਮਲ ਹਿਰਦੇ ਤੇ ਇਸ ਜ਼ੁਲਮ ਦਾ ਬਹੁਤ ਅਸਰ ਹੋਇਆ। ਉਹਨਾਂ ਨੇ ਅੰਗਰੇਜ਼ ਸਰਕਾਰ ਵਿਰੁਧ ਨਾਮਧਾਰੀਆਂ ਦੇ ਅਸਹਿਯੋਗ ਅੰਦੋਲਨ ਨੂੰ ਹੁਣ ਕਾਂਗਰਸ ਨਾਲ ਮਿਲ ਕੇ ਹੋਰ ਤੇਜ਼ ਕਰਨ ਦਾ ਸੰਕਲਪ ਲਿਆ। ਉਹਨਾਂ ਨੇ ਨਾਮਧਾਰੀ ਇਤਿਹਾਸ ਦੇ ਖ਼ੂਨੀ ਪੱਤਰਿਆਂ ਨੂੰ ਅੰਗਰੇਜ਼ੀ, ਹਿੰਦੀ ਆਦਿ ਭਾਸ਼ਾਵਾਂ ਵਿਚ ਲਿਖ ਲਿਖ ਕੇ, ਕੌਮੀ ਜਾਗਰਿਤੀ ਲਿਆਉਣ ਦਾ ਯਤਨ ਅਰੰਭਿਆ। "ਮਹਾਰਾਜ ਗੁਰਦਿਆਲ ਸਿੰਘ ਜੀ, ਇਸ ਸਮੇਂ ਕਾਂਗਰਸ ਨਾਲ ਮਿਲ, ਕੁਝ ਹੋਰ ਸਾਧਾਂ ਨੂੰ ਸਾਥ ਲੈ ਕੰਮ ਕਰਦੇ ਸੀ। ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਦਾ ਇਤਿਹਾਸ ਉਜਾਗਰ ਕਰਨ ਲਈ, ਖੋਜ ਕਰ, ਗੁਰਮੁਖੀ, ਹਿੰਦੀ ਤੇ ਅੰਗਰੇਜ਼ੀ ਵਿਚ ਲੇਖ ਭੀ ਅਖਬਾਰਾਂ ਵਿਚ ਦੇਂਦੇ ਸੀ। ਨਾਮਧਾਰੀਆਂ ਤੇ ਬੀਤੀਆਂ ਦੱਸਦੇ, ਅਗੋਂ ਹੋ ਰਹੀਆਂ ਤਕਲੀਫਾਂ ਤੋਂ ਛੁੱਟਣ ਲਈ, ਕਮਰਕੱਸੇ ਕਰਦੇ, ਤਿਆਰੀ ਕਰਦੇ ਸੀ।"[8]

ਸੰਬਤ 1975 ਬਿ. ਮੁਤਾਬਿਕ 1919 ਈ. ਦਾ ਨਾਮਧਾਰੀ ਹੋਲਾ ਮਹੱਲਾ, ਸਤਿਗੁਰੂ ਪਰਤਾਪ ਸਿੰਘ ਜੀ ਦੇ ਸਮੇਂ ਦੂਸਰੀ ਵਾਰ ਅਨੰਦਪੁਰ ਸਾਹਿਬ ਵਿਖੇ ਹੋਇਆ ਸੀ। ਇਹ ਹੋਲਾ ਅਨੰਦਪੁਰ ਸਾਹਿਬ, ਕਰਵਾਉਣ ਲਈ ਮਾਤਾ ਜੀਵਨ ਕੌਰ ਜੀ ਨੂੰ ਸਹਿਮਤ ਕਰਨ ਵਿਚ ਵੀ ਮਹਾਰਾਜ ਗੁਰਦਿਆਲ ਸਿੰਘ ਹੋਰਾਂ ਦੀ ਮਹੱਤਵਪੂਰਨ ਭੂਮਿਕਾ ਸੀ।[9]

"ਮਹਾਰਾਜ ਗੁਰਦਿਆਲ ਸਿੰਘ ਜੀ, ਗੁਰਮੁਖੀ, ਹਿੰਦੀ, ਅੰਗਰੇਜ਼ੀ ਦੀਆਂ ਪੁਸਤਕਾਂ ਪੜ੍ਹ ਬਿਰਧਾਂ ਤੋਂ ਸੁਣੇ ਬਚਨ ਨਾਮਧਾਰੀ ਇਤਿਹਾਸ ਸਬੰਧੀ ਖੋਜ ਰੋਜ ਲਿਖਦੇ ਤੇ ਦੇਸ਼ ਭਗਤਾਂ ਕਾਂਗਰਸ ਦੇ ਕੰਮ ਕਰਨ ਵਾਲਿਆਂ ਨਾਲ ਮਹਾਤਮਾ ਗਾਧੀ, ਲਾਲਾ ਲਾਜਪਤ ਰਾਇ, ਮਦਨ ਮੋਹਨ ਮਾਲਵੀਆ ਨਾਲ ਮੇਲ ਮੁਲਾਕਾਤ ਵਧਾ, ਕੁਝ ਪੜ੍ਹੇ ਲਿਖੇ ਆਪਣੇ ਸਾਥੀਆਂ ਨੂੰ ਭੀ ਇਹ ਲਗਨ ਲਾਂਦੇ ਤੇ ਆਂਹਦੇ ਸਾਡਾ ਪਰਮ ਧਰਮ ਹੈ ਆਪਣੇ ਤੇ ਕੀਤੀਆਂ ਸਖਤੀਆਂ ਅੰਗਰੇਜ਼ ਵਲੋਂ ਸੰਸਾਰ ਨੂੰ ਦੱਸੀਏ ਤੇ ਗੋਰੇ ਨੂੰ ਸਭ ਭਾਰਤੀ ਮਿਲ ਧੱਸੀਏ। ਮਹਾਰਾਜ ਜੀ ਦਾ ਸਰੀਰ ਤੇ ਮਨ ਬੜਾ ਕੋਮਲ ਸੀ ਪਰ ਇਸ ਕੰਮ ਦੀ ਲਗਨ ਵਿਚ, ਉਹ ਦਿਨ ਰਾਤ ਇਕ ਕਰ ਕੰਮ ਕਰਦੇ, ਜਲਸਿਆਂ ਵਿਚ ਜਾਂਦੇ ਸਮੇਤ ਸਿੱਖਾਂ।

ਆਪ ਕਾਂਗਰਸ ਦੇ ਨਿਰੇ ਸਾਦੇ ਮੈਂਬਰ ਹੀ ਨਾਂ ਸੀ, ਸਰਬ ਹਿੰਦ ਕਾਂਗਰਸ ਦੇ ਭੀ ਆਪ ਖਾਸ ਮੈਂਬਰ ਸੀ, ਲਿਖਣ, ਬੋਲਣ, ਕੰਮ ਕਰਨ ਵਾਲੇ। ਆਪ ਨੇ ਆਲਿਮ ਜੀ, ਚੱਕਰਵਰਤੀ ਜੀ, ਅਣਖਾ ਸਿੰਘ ਜੀ, ਮੰਗਲ ਸਿੰਘ ਜੀ, ਮਨਸਾ ਸਿੰਘ ਜੀ ਕੌਮੀ ਤੇ ਪੰਡਿਤ ਬਸੰਤ ਸਿੰਘ ਜੀ ਆਦਿ ਨੂੰ ਨਾਲ ਲੈ ਚੰਗੀ ਇੱਜ਼ਤ ਕਾਂਗਰਸ ਵਿਚ ਬਣਾ ਲਈ ਸੀ। ਰਾਤ ਦਿਨ ਲਿਖਣ ਦਾ ਸ਼ੌਕ ਤੇ ਇਤਿਹਾਸ-ਖੋਜ ਪੜ੍ਹਨ ਲਿਖਣ ਦੀ ਲਗਨ ਵਿਚ ਮਗਨ ਰਹੇ, ਖਾਣ ਪੀਣ ਜਗਤ ਜੰਜਾਲ ਵਲੋਂ ਆਪਣੀ ਬਿਰਤੀ ਉਕਾ ਉਦਾਸ ਹੀ ਕਰ ਰੱਖੀ ਸੀ। ਪੰਜਾਬ ਕਾਂਗਰਸ ਦੀ ਆਪ ਕਾਰਜਕਾਰਨੀ ਕਮੇਟੀ ਦੇ ਮੈਂਬਰ ਵੀ ਰਹੇ।''[10]

1919 ਵਿਚ ਲਾਹੌਰ ਵਿਖੇ ਸਿੱਖ ਲੀਗ ਦੀ ਦੂਸਰੀ ਕਾਨਫਰੰਸ ਹੋਈ ਸੀ। ਉਸ ਦੀ ਤਿਆਰੀ ਲਈ ਵਰਕਿੰਗ ਕਮੇਟੀ ਦੀ ਮੀਟਿੰਗ ਲਾਹੌਰ ਵਿਖੇ ਸ੍ਰ. ਅਮਰ ਸਿੰਘ 'ਸ਼ੇਰੇ ਪੰਜਾਬ' ਦੇ ਦਫਤਰ ਵਿਚ ਹੋਈ। ਉਸ ਵਿਚ ਸੰਤ ਅਤਰ ਸਿੰਘ ਜੀ ਮਹਾਰਾਜ ਮਸਤੂਆਣਾਸਾਹਿਬ ਵਾਲਿਆਂ ਦੇ ਸੇਵਕ, ਸੰਤ ਤੇਜਾ ਸਿੰਘ ਜੀ ਡਬਲ ਐਮ.ਏ. ਵੀ ਸ਼ਾਮਲ ਸਨ। ਲੰਗਰ ਦੀ ਸੇਵਾ ਜਦੋਂ ਕਮੇਟੀ ਨੇ ਇਹਨਾਂ ਨੂੰ ਲਾਈ ਤਾਂ ਲੰਗਰ ਅਤੇ ਦੀਵਾਨ ਚਲਾਉਣ ਲਈ ਇਕ ਸਬ ਕਮੇਟੀ ਬਣਾਈ ਗਈ ਜਿਸ ਵਿਚ ਉਸ ਵੇਲੇ ਦੀਆਂ ਪਰਮੁੱਖ ਸਿੱਖ ਸ਼ਖਸੀਅਤਾਂ ਸ੍ਰ. ਬਹਾਦਰ ਮਹਿਤਾਬ ਸਿੰਘ, ਬਾਬਾ ਨਿਹਾਲ ਸਿੰਘ, (ਮਹਾਰਾਜ) ਗੁਰਦਿਆਲ ਸਿੰਘ ਭੈਣੀ (ਸਾਹਿਬ) ਵਾਲੇ ਅਤੇ ਹੋਰ ਕਈ ਗੁਰਮੁਖ ਸ਼ਾਮਲ ਸਨ।[11] ਇਸ ਸਮਾਗਮ ਵਿਚ ਸਿੱਖ ਭਾਈਚਾਰੇ ਦੁਆਰਾ ਕਾਂਗਰਸ ਦੇ ਸ਼ਾਂਤਮਈ ਅਸਹਿਯੋਗ ਅੰਦੋਲਨ ਵਿਚ ਸ਼ਾਮਲ ਹੋਣ ਦਾ ਫੈਸਲਾ ਕੀਤਾ ਗਿਆ ਸੀ। ਇਸੇ ਮਨੋਰਥ ਲਈ ਮਹਾਤਮਾ ਗਾਂਧੀ ਅਤੇ ਪੰਡਿਤ ਮਦਨ ਮੋਹਨ ਮਾਲਵੀਆ ਜੀ ਕਈ ਦਿਨਾਂ ਦੇ ਲਾਹੌਰ ਆਏ ਹੋਏ ਸਨ। ਸਿੱਖ ਲੀਗ ਦਾ ਇਹ ਸਮਾਗਮ ਲਾਹੌਰ ਦੇ ਬਰੈਡਲੇ ਹਾਲ ਵਿਚ ਕੀਤਾ ਗਿਆ ਸੀ।

ਨਾਮਧਾਰੀ ਇਤਿਹਾਸ ਨੂੰ ਆਮ ਲੋਕਾਂ ਤੱਕ ਪੁਚਾਉਣ ਲਈ ਅਤੇ ਚਲੰਤ ਸਮਕਾਲੀ ਘਟਨਾਵਾਂ ਤੇ ਆਪਣੇ ਵਲੋਂ ਟਿੱਪਣੀਆਂ ਕਰਨ ਲਈ, ਦੇਸ਼ ਦੀ ਆਜ਼ਾਦੀ ਦੀ ਲੜਾਈ ਵਿਚ ਵੀ ਨਾਮਧਾਰੀ ਪੰਥ ਦਾ ਬਣਦਾ ਯੋਗਦਾਨ ਪਾਉਣ ਲਈ, ਕੂਕਾ ਪਰਚਾਰ ਦੀ ਤਹਿਰੀਕ ਤਿੱਖੀ ਤੋਰੇ ਤੋਰਨ ਲਈ, ਮਹਾਰਾਜ ਗੁਰਦਿਆਲ ਸਿੰਘ ਜੀ ਇਕ ਅਖਬਾਰ ਕੱਢਣਾਂ ਚਾਹੁੰਦੇ ਸਨ। ਸਤਿਗੁਰੂ ਪਰਤਾਪ ਸਿੰਘ ਜੀ ਤੋਂ ਆਗਿਆ ਲੈ ਕੇ, ਹੱਕ ਸੱਚ ਦਾ ਪਰਚਾਰ ਕਰਨ ਲਈ, ਇਸ ਦਾ ਨਾਮ "ਸਤਿਜੁਗ" ਰੱਖਿਆ ਗਿਆ। ਸਤਿਗੁਰੂ ਰਾਮ ਸਿੰਘ ਜੀ ਦਾ ਮਿਸ਼ਨ ਵੀ ਕਲਿਜੁਗ ਵਿਚ ਸਤਿਜੁਗ ਲਾਉਣਾ ਸੀ। ਧਰਤੀ ਇਕ ਰਸ ਕਰਨੀ ਸੀ। ਸਭ ਵਿੱਥਾਂ ਵਿਤਕਰੇ, ਤੰਗੀਆਂ ਤੁਰਸ਼ੀਆਂ, ਬੰਦਸ਼ਾਂ ਪਾਬੰਦੀਆਂ ਮੇਟਣੀਆਂ ਸੀ, ਡਿਗਿਆਂ ਢੱਠਿਆਂ ਨੂੰ ਬਾਹੋਂ ਫੜਕੇ ਉੱਪਰ ਉਠਾਉਣਾ ਸੀ। ਇਹ ਅਖਬਾਰ ਹਫਤੇਵਾਰ ਛਾਪਣ ਦਾ ਮਤਾ ਵਰਨਾਂ (ਸ਼ੇਖੂਪੁਰਾ) ਦੇ 1976 ਸੰਬਤ ਮੁਤਾਬਿਕ 1920 ਈ. ਦੇ ਹੋਲੇ ਮਹੱਲੇ ਤੇ ਪਾਸ ਹੋਇਆ। "ਮਹਾਰਾਜ ਗੁਰਦਿਆਲ ਸਿੰਘ ਜੀ ਇਸ ਹੋਲੇ ਤੇ ਲਾਹੌਰੋਂ, ਸਤਿਜੁਗ ਅਖਬਾਰ, ਨਿਰੰਕਾਰ ਸਿੰਘ

ਚੇਤਨ ਤੇ ਸੰਤ ਮੰਗਲ ਸਿੰਘ ਜੀ ਫਤੂਹੀ ਚੱਕੀਆਂ ਦੀ ਸਲਾਹ, ਮਦਦ ਨਾਲ ਛਾਪ ਲੈ ਗਏ। ਨਿਰੰਕਾਰ ਸਿੰਘ ਤੇ ਲਿਖਦਾ ਹੀ ਸੀ। ਮਹਾਰਾਜ ਜੀ ਮੇਲੇ ਵਿਚ ਹੋਕਾ ਭੀ ਦਵਾਇਆ ਤੇ ਪਰਚਾਰ ਭੀ ਕਹਿ ਕਰਾਇਆ। ਸਭ ਨਾਮਧਾਰੀ ਸਤਿਜੁਗ ਦੇ ਗਾਹਕ ਬਣ ਪੜ੍ਹਨ ਤੇ ਆਪਣੇ ਇਤਿਹਾਸ ਦਾ ਪਤਾ ਕਰਨ।...ਸੰਤ ਮੰਗਲ ਸਿੰਘ ਜੀ ਫਤੂਹੀ ਚੱਕੀਏ ਮਸਤਾਨੇ। ਇਹਨਾਂ ਨੂੰ ਸਾਧ ਸੰਗਤ ਅਰਸ਼ੀ ਫਰਿਸ਼ਤਾ ਭੀ ਆਖਦੀ ਸੀ। ਆਪ ਨੂੰ ਨਾਮਧਾਰੀ ਪੰਥ ਦੇ ਪਰਚਾਰ ਤੇ ਅੰਗਰੇਜ਼ ਨੂੰ ਆਪਣੇ ਦੇਸ 'ਚੋਂ ਬਾਹਰ ਕੱਢਣ ਦੀ ਬੜੀ ਲਗਨ ਸੀ, ਮਹਾਰਾਜ ਗੁਰਦਿਆਲ ਸਿੰਘ ਜੀ ਦੀ ਤਰ੍ਹਾਂ।"[12]

ਸਤਿਜੁਗ ਦੇ ਪਹਿਲੇ ਪਰਚੇ ਦੇ ਸਰਵਰਕ ਤੇ ਭਾਈ ਨਿਰੰਕਾਰ ਸਿੰਘ 'ਚੇਤਨ' ਜੋ ਇਸਦੇ ਪਹਿਲੇ ਸੰਪਾਦਕ ਤੇ ਵਧੀਆ ਕਵੀ ਵੀ ਸਨ, ਉਹਨਾਂ ਦੀ ਕਵਿਤਾ ਸਤਿਜੁਗ ਦੇ ਮਿਸ਼ਨ ਤੇ ਨਾਮਧਾਰੀ ਪੰਥ ਦੇ ਅੰਗਰੇਜ਼ ਸਾਮਰਾਜ ਵਿਰੋਧੀ ਇਤਿਹਾਸ ਨੂੰ, ਇਹਨਾਂ ਤੁਕਾਂ ਵਿਚ ਬਿਆਨ ਕਰਦੀ ਹੈ–

"ਸਤਿਜੁਗ ਅਖਬਾਰ ਹੈ ਨਾਮ ਏਹਦਾ,
ਏਹਨੂੰ ਸ਼ੁਰੂ ਕੀਤਾ ਨਾਮਧਾਰੀਆਂ ਨੇ।
ਨਿਜ ਦੇਸ ਤੇ ਧਰਮ ਦੀ ਸੇਵ ਲਈ,
ਬੀੜਾ ਚੁਕਿਆ ਸੰਗਤਾਂ ਪਿਆਰੀਆਂ ਨੇ।
ਏਸ ਕੰਮ ਨੂੰ ਤੋੜ ਨਿਭਾਣ ਲਈ,
ਕਰ ਲੀਤੀਆਂ ਖ਼ੂਬ ਤਿਆਰੀਆਂ ਨੇ।
ਜਿਸ ਮੋਰਚੇ ਤੇ ਡਟ ਜਾਨ 'ਚੇਤਨ',
ਫੌਜਾਂ ਗੁਰੂ ਦੀਆਂ ਕਦੇ ਨਾ ਹਾਰੀਆਂ ਨੇ।
ਤੋਪ ਨਾਲ ਉਡੇ ਕਈ ਚੜੇ ਫਾਂਸੀ,
ਕਈਆਂ ਕੱਟੀਆਂ ਕੈਦਾਂ ਕਰਾਰੀਆਂ ਨੇ।
ਜਿਲਾ ਵਤਨ ਹੋਏ ਨਜ਼ਰਬੰਦ ਰਹੇ,
ਅਸਾਂ ਤੰਗੀਆਂ ਬਹੁਤ ਸਹਾਰੀਆਂ ਨੇ।
ਉਮਰ ਜ਼ੇਰ ਨਿਗਰਾਨੀਆਂ ਵਿਚ ਗੁਜ਼ਰੇ,
ਹੋਰ ਕਈ ਪਾਬੰਦੀਆਂ ਭਾਰੀਆਂ ਨੇ।
ਨਿਤ ਪੇਸ਼ ਹੁੰਦੇ ਰਹੇ ਹਾਕਮਾਂ ਦੇ,
ਪਈਆਂ ਭੰਡੀਆਂ ਸਦਾ ਖਵਾਰੀਆਂ ਨੇ।
ਥਾਉਂ ਥਾਂ ਪੁਲਿਸ ਸਾਡੇ ਨਾਉਂ ਲਿਖਦੀ,
ਦੱਸਾਂ ਕੀ ਮੁਸੀਬਤਾਂ ਭਾਰੀਆਂ ਨੇ।
ਸੁਣੀ ਕਿਸੇ ਨਾ ਹਾਲ ਪੁਕਾਰ ਸਾਡੀ,
ਅਸਾਂ ਅਰਜ਼ੀਆਂ ਬਹੁਤ ਗੁਜ਼ਾਰੀਆਂ ਨੇ।
ਅਜੇ ਤੀਕ ਅੱਖਾਂ ਵਿਚ ਰੜਕਨੇ ਹਾਂ,
ਵਾਹਵਾ ਤੇਰੀਆਂ ਕੁਦਰਤਾਂ ਨਿਆਰੀਆਂ ਨੇ।

ਸਾਡੇ ਬੂਹੇ ਤੋਂ ਪੁਲਿਸ ਨਾ ਉਠਦੀਏ,
ਅਕ ਗਏ ਹਾਂ ਬਹੁਤ ਲਚਾਰੀਆਂ ਨੇ।
ਹੁਣ ਸਮੇਂ ਨੇ ਆਣ ਕੇ ਫੇਰ ਖਾਧਾ,
ਗੱਲਾਂ ਵਿਗੜੀਆਂ ਰੱਬ ਸਵਾਰੀਆਂ ਨੇ।
ਨਾਲ ਲਹੂ ਦੇ ਸਿੰਜਿਆ ਬਾਗ ਕੌਮੀ,
ਸਿੱਖਾਂ, ਹਿੰਦੂਆਂ, ਮੋਮਨਾਂ, ਆਰੀਆਂ ਨੇ।
ਫੁੱਲ ਖਿੜੇ ਪੰਖੇਰੂ ਚਹਿਕ ਉਠੇ,
ਭੁੱਲ ਗਈਆਂ ਮੁਸੀਬਤਾਂ ਭਾਰੀਆਂ ਨੇ।"

ਉਸ ਸਮੇਂ ਲਾਹੌਰ ਜੋ ਪੰਜਾਬ ਦੀ ਰਾਜਧਾਨੀ ਅਤੇ ਉਤਰੀ ਭਾਰਤ ਦੀ ਸਿਆਸਤ ਦਾ ਕੇਂਦਰ ਸੀ ਉੱਥੋਂ ਕੂਕਾ ਆਗੂਆਂ ਦੀ ਅਗੁਆਈ ਹੇਠ ਕੌਮੀ ਭਾਵਾਂ ਦੀ ਤਰਜਮਾਨੀ ਕਰਨ ਵਾਲਾ ਬ੍ਰਿਟਿਸ਼ ਸੱਤਾ ਵਿਰੋਧੀ ਪਰਚਾ, ਲੋਕ-ਭਾਸ਼ਾ ਪੰਜਾਬੀ ਵਿਚ ਜਾਰੀ ਹੋਣਾ, ਇੱਕ ਵੱਡੀ ਘਟਨਾ ਸੀ। ਇਸ ਦੇ ਪਿਛੇ ਮਹਾਰਾਜ ਗੁਰਦਿਆਲ ਸਿੰਘ ਜੀ ਦੀ ਪੰਥਕ ਸੋਚ, ਅੰਗਰੇਜ਼ ਸਰਕਾਰ ਵਿਰੋਧੀ ਰੋਹ ਅਤੇ ਕੌਮ ਪ੍ਰਸਤੀ ਦੀ ਪਰਬਲ ਭਾਵਨਾ ਕੰਮ ਕਰ ਰਹੀ ਸੀ। ਕਾ. ਸੋਹਣ ਸਿੰਘ ਜੋਸ਼ ਦੀ ਪੁਸਤਕ 'ਅਕਾਲੀ ਮੋਰਚਿਆਂ ਦਾ ਇਤਿਹਾਸ' ਦੀ ਅੰਤਿਕਾ ਵਿਚ ਦਰਜ਼ ਹੈ ਕਿ ਜਿਹੜੇ ਅਖਬਾਰ, ਅੰਗਰੇਜ਼ ਸਰਕਾਰ ਨੇ ਆਪਣੇ ਸੈਨਿਕਾਂ ਲਈ ਛਾਉਣੀਆਂ ਵਿਚ ਪੜ੍ਹਨੇ ਜਾਂ ਮੰਗਵਾਉਣੇ ਵਿਵਰਜਿਤ ਕੀਤੇ ਸਨ, ਉਹਨਾਂ ਵਿਚ 'ਸਤਿਜੁਗ' ਸਪਤਾਹਿਕ ਦਾ ਨਾਂ ਵੀ ਬੋਲਦਾ ਸੀ। 26 ਮਈ 1920 ਤੋਂ ਦਸੰਬਰ 1920 ਈ. ਤੱਕ ਸਤਿਜੁਗ ਦੀ ਪ੍ਰਿੰਟ ਲਾਇਨ ਤੇ ਸੰਪਾਦਕ ਵਜੋਂ ਮਹਾਰਾਜ ਗੁਰਦਿਆਲ ਸਿੰਘ ਜੀ ਦਾ ਨਾਮ ਛਪਦਾ ਰਿਹਾ। ਸੰਨ 1920 ਈ. ਦੀ "ਕੱਤਕ ਪੂਰਨਮਾਸ਼ੀ ਤੇ ਨਨਕਾਣਾ ਸਾਹਿਬ ਸਤਿਗੁਰੂ ਜੀ ਦਰਸ਼ਨ ਦਿਤੇ। ਮਹਾਰਾਜ ਗੁਰਦਿਆਲ ਸਿੰਘ ਜੀ, ਸੰਤ ਮੰਗਲ ਸਿੰਘ ਜੀ, ਸਤਿਜੁਗ ਜੋ ਕੂਕਿਆਂ ਨੂੰ ਅਜੇ ਪੁੱਜਦਾ ਸੀ, ਆਮ ਸੰਗਤਾਂ ਜੋਗ ਵੰਡਣ ਲਈ ਪਰਚੇ ਛਾਪ ਸਪਤਾਹਿਕ ਲੈ ਗਏ। ਲਾਹੌਰ ਭੀ ਵੰਡਦੇ ਪਰ ਵੇਚਣ ਦਾ ਕੋਈ ਪਰਬੰਧ ਨਾ ਬਣਦਾ।

"ਸਤਿਗੁਰੂ ਜੀ (ਇਸ ਤੋਂ ਪਹਿਲਾਂ) ਪੰਜ ਅੱਸੂ ਸੋਮਵਾਰ ਅੰਮ੍ਰਿਤਸਰ ਵਾਲੇ (ਨਾਮਧਾਰੀ) ਸ਼ਹੀਦਾਂ ਦਾ ਮੇਲਾ ਉਸੇ ਬੋਹੜ ਤਲੇ ਕੀਤਾ ਤੇ ਮਹਾਰਾਜ ਗੁਰਦਿਆਲ ਸਿੰਘ ਜੀ, ਆਲਿਮ ਜੀ ਤੇ ਪੰਡਿਤ ਬਸੰਤ ਸਿੰਘ ਜੀ ਪਰਚਾਰ ਕੀਤਾ। ਕੱਤਕ ਸੁਦੀ ਪੰਚਮੀ ਸੋਮਵਾਰ, ਰਾਏਕੋਟ, ਸ਼ਹੀਦਾਂ ਦੇ ਮੇਲੇ ਤੇ ਭੀ ਦਰਸ਼ਨ ਦੇ ਪਰਚਾਰ ਕੀਤਾ। ਲੁਧਿਆਣੇ ਮੱਘਰ ਬਾਰਾਂ ਛਨੀਵਾਰ, ਸ਼ਹੀਦਾਂ ਦਾ ਮੇਲਾ ਕੀਤਾ ਤੇ ਪਰਚਾਰ ਭੀ ਕੀਤਾ।....ਹਰ ਮੇਲੇ ਤੇ ਮਹਾਰਾਜ ਗੁਰਦਿਆਲ ਸਿੰਘ ਲਿਖਤੀ ਤੇ ਜ਼ਬਾਨੀ ਪਰਚਾਰ ਕਰਦੇ ਕੂਕਾ ਇਤਿਹਾਸ ਦਾ।"[13] ਦੇਸ਼ ਦੇ ਸਿਆਸੀ ਮਾਹੌਲ ਵਿਚ ਉਫਾਨ ਆਉਣ ਦਾ ਸੂਚਕ ਹੀ ਸੀ ਜੋ ਕੂਕਾ ਸ਼ਹੀਦਾਂ ਦੇ ਮੇਲੇ ਥਾਂ ਥਾਂ ਤੇ ਮਨਾਏ ਜਾਣੇ ਸ਼ੁਰੂ ਹੋ ਗਏ। ਇਹਨਾਂ ਮੇਲਿਆਂ ਦੀਆਂ ਸੰਖੇਪ ਰੀਪੋਰਟਾਂ ਮਹਾਰਾਜ ਗੁਰਦਿਆਲ ਸਿੰਘ ਜੀ ਦੇ ਯਤਨ ਨਾਲ, ਸਤਿਜੁਗ ਵਿਚ ਛਪਣ ਲੱਗੀਆਂ, ਜਿੱਥੋਂ ਇਹ ਭਾਵੀ ਇਤਿਹਾਸ ਖੋਜੀਆਂ ਦੇ ਕੰਮ

ਆ ਗਈਆਂ। ਸਿਰਫ ਮਲੇਰ ਕੋਟਲਾ ਦਾ ਸ਼ਹੀਦੀ ਮੇਲਾ ਹੀ ਆਜ਼ਾਦੀ ਤੋਂ ਬਾਅਦ ਮਨਾਉਣਾ ਸ਼ੁਰੂ ਹੋਇਆ ਸੀ ਕਿਉਂਕਿ ਸਤਿਗੁਰੂ ਪਰਤਾਪ ਸਿੰਘ ਜੀ ਦਾ ਮੱਤ ਸੀ ਕਿ ਸ਼ਹਿਰ ਵਿਚ ਜ਼ਿਆਦਾ ਇਸਲਾਮੀ ਭਾਈਚਾਰਾ ਹੋਣ ਕਾਰਨ, ਕਿਤੇ ਸਾਡਾ ਮੇਲਾ, ਫਿਰਕੂ ਤਨਾਅ ਦਾ ਸਬੱਬ ਨਾ ਬਣ ਜਾਵੇ। 1921 ਈ. ਦੀ ਮਾਘੀ ਤੇ ਮੁਕਤਸਰ ਹੋਏ ਪੰਥ ਦੇ ਇਕੱਠ ਵਿਚ, ਮਹਾਰਾਜ ਗੁਰਦਿਆਲ ਸਿੰਘ ਜੀ ਨੇ ਪੰਡਿਤ ਬਸੰਤ ਸਿੰਘ ਹੋਰਾਂ ਨੂੰ ਪਰੇਰ ਕੇ ਦੁਆਬੇ ਦੇ ਮਸ਼ਹੂਰ ਪਿੰਡ ਮੁੱਠਡਾ ਕਲਾਂ ਵਿਖੇ, 5-6-7 ਮਾਘ 1977 ਬਿ. ਨੂੰ ਮਲੇਰਕੋਟਲਾ ਦੇ ਕੂਕੇ ਸ਼ਹੀਦਾਂ ਦੀ ਯਾਦ ਵਿਚ ਪਹਿਲਾ ਮੇਲਾ ਕਰਨ ਦੀ ਸਤਿਗੁਰੂ ਜੀ ਤੋਂ ਪਰਵਾਨਗੀ ਲੈ ਲਈ ਸੀ।

ਮਹਾਰਾਜ ਗੁਰਦਿਆਲ ਸਿੰਘ ਜੀ ਜੱਲ੍ਹਿਆਂ ਵਾਲੇ ਬਾਗ ਦੇ 1919 ਦੇ ਸਾਕੇ ਤੋਂ ਛੇਤੀ ਬਾਅਦ ਹੀ ਕਾਂਗਰਸ ਵਿਚ ਸ਼ਾਮਲ ਹੋ ਗਏ ਸਨ। ਇਤਿਹਾਸਕਾਰ ਸ੍ਰ. ਨਾਹਰ ਸਿੰਘ ਐਮ.ਏ.ਆਪਣੀ ਪ੍ਰਸਿੱਧ ਪੁਸਤਕ 'ਨਾਮਧਾਰੀ ਇਤਿਹਾਸ' ਦੇ ਆਰੰਭ ਵਿਚ ਲਿਖਦੇ ਹਨ- "ਜਲ੍ਹਿਆਂ ਵਾਲੇ ਦੇ ਖ਼ੂਨੀ ਕਾਂਡ ਪਿਛੋਂ, ਅਤੇ ਪੰਜਾਬ ਵਿਚ ਅੰਗਰੇਜ਼ੀ ਹਾਕਮਾਂ ਵੱਲੋਂ ਮਾਰਸ਼ਲ ਲਾ ਲਗਾਏ ਜਾਣ ਉਪਰੰਤ ਨਾਮਧਾਰੀ ਸਿੰਘਾਂ ਨੇ ਪੰਜਾਬ ਕਾਂਗਰਸ ਦਾ ਮਸ਼ਹੂਰ ਪਹਿਲਾ ਜਲਸਾ, ਆਪਣੇ ਪਰਸਿੱਧ ਗੜ੍ਹ ਪਿੰਡ ਮੁੱਠਡੇ (ਜਿਲਾ ਜਲੰਧਰ) ਵਿਚ ਕਰਵਾਇਆ। ਇਸ ਜਲਸੇ ਵਿਚ ਡਾਕਟਰ ਕਿਚਲੂ, ਡਾਕਟਰ ਸੱਤਿਆਪਾਲ, ਮੌਲਾਨਾ ਅਬਦੁਲ ਕਾਦਰ ਕਸੂਰੀ, ਮੌਲਵੀ ਹਬੀਬ ਉਲ ਰਹਿਮਾਨ ਲੁਧਿਆਣੇ ਵਾਲੇ ਆਦਿ ਪੰਜਾਬ ਦੇ ਉਸ ਸਮੇਂ ਦੇ ਸਿਰਕੱਢ ਕਾਂਗਰਸ ਨੇਤਾ ਸ਼ਾਮਲ ਹੋਏ। ਜਲਸਾ ਬਹੁਤ ਕਾਮਯਾਬ ਰਿਹਾ ਅਤੇ ਮਹਾਰਾਜ ਨਿਹਾਲ ਸਿੰਘ ਜੀ ਅਤੇ ਮਹਾਰਾਜ ਗੁਰਦਿਆਲ ਸਿੰਘ ਜੀ ਦੇ ਕਾਂਗਰਸ ਵਿਚ ਸ਼ਾਮਲ ਹੋਣ ਨਾਲ ਪੰਜਾਬ ਦੀ ਦਮ ਤੋੜ ਰਹੀ ਕਾਂਗਰਸ ਵਿਚ ਮੁੜ ਜਾਨ ਆ ਗਈ। ਦੂਸਰੇ ਜਲਸੇ ਦਾ ਪ੍ਰਬੰਧ ਭੀ ਨਾਮਧਾਰੀਆਂ ਨੇ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਕੀਤਾ। ਇਸ ਤੋਂ ਥੋਹੜੇ ਦਿਨਾਂ ਪਿਛੋਂ ਪੰਜਾਬ ਸਰਕਾਰ ਨੇ ਨਾਮਧਾਰੀਆਂ ਦੇ ਕੇਂਦਰ ਅਸਥਾਨ ਭੈਣੀ ਸਾਹਿਬ ਤੋਂ ਪੁਲਿਸ ਚੌਕੀ ਉਠਾ ਲਈ।"[14] ਇਹ ਠੀਕ ਹੈ ਕਿ ਸ੍ਰ. ਨਾਹਰ ਸਿੰਘ ਇਸ ਪਹਿਲੇ ਸ਼ਹੀਦੀ ਮੇਲੇ ਨੂੰ ਜੋ 17-18-19 ਜਨਵਰੀ 1921 ਨੂੰ ਉਪਰੋਕਤ ਪਿੰਡ ਵਿਖੇ ਹੋਇਆ ਸੀ ਪੰਜਾਬ ਕਾਂਗਰਸ ਦਾ ਜਲਸਾ ਲਿਖਣ ਦੀ ਉਕਾਈ ਕਰ ਗਏ ਹਨ ਪਰ ਉਸ ਵਿੱਚ ਸਤਿਗੁਰੂ ਪਰਤਾਪ ਸਿੰਘ ਜੀ ਦੇ ਬੁਲਾਵੇ ਤੇ ਪੰਜਾਬ ਕਾਂਗਰਸ ਦੇ ਲਾਹੌਰ ਦੇ ਉਘੇ ਹਿੰਦੂ, ਮੁਸਲਿਮ, ਸਿੱਖ ਨੇਤਾਵਾਂ ਤੋਂ ਬਿਨਾਂ ਸ਼ਹੀਦੇ-ਆਜ਼ਾਦ ਸ੍ਰ. ਭਗਤ ਸਿੰਘ ਅਤੇ ਉਹਨਾਂ ਦਾ ਪਿਤਾ ਸ੍ਰ. ਕਿਸ਼ਨ ਸਿੰਘ ਵੀ ਸ਼ਾਮਲ ਹੋਏ ਸਨ। ਹੁਸ਼ਿਆਰਪੁਰ ਤੋਂ ਪਹਿਲਾਂ ਇਸੇ ਤਰ੍ਹਾਂ ਦਾ ਸ਼ਹੀਦੀ ਦੀਵਾਨ, ਸਿਆਹੜ (ਲੁਧਿਆਣਾ) ਵਿਖੇ ਹੋਇਆ ਸੀ। ਭੈਣੀ ਸਾਹਿਬ ਦੇ ਬੂਹੇ ਤੋਂ ਪੁਲੀਸ ਚੌਕੀ ਉਠਵਾਉਣਾ ਮਹਾਰਾਜ ਜੀ ਦੀ ਵੱਡੀ ਸਫਲਤਾ ਸੀ।

ਸਨਖੱਤਰਾ (ਸਿਆਲਕੋਟ) ਵਿਖੇ ਨਾਮਧਾਰੀ ਸੁਵਕਾਂ ਨੂੰ ਦੇਸ਼ ਪ੍ਰੇਮ ਦੀ ਪਾਨ ਲਾਕੇ ਆਜ਼ਾਦੀ ਸੰਗਰਾਮ ਲਈ ਪਰੇਰਿਤ ਕਰਨ ਹਿੱਤ ਇਕ ਸੇਵਕ ਜਥਾ ਬਨਾਉਣ ਦੀ ਕਾਰਵਾਈ ਆਪਨੇ ਅਮਲ ਵਿਚ ਲਿਆਂਦੀ ਸੀ। ਉਹਨਾਂ ਦੀ ਪਰਬੰਧਕੀ ਯੋਗਤਾ

ਅਤੇ ਕੌਮੀ ਜ਼ਜ਼ਬੇ ਦੀ ਸ਼ਿੱਦਤ ਨੂੰ ਮਹਿਸੂਸ ਕਰਦਿਆਂ, ਸਤਿਗੁਰੂ ਪਰਤਾਪ ਸਿੰਘ ਜੀ ਨੇ ਆਪ ਨੂੰ ਮੁਕਤਸਰ ਦੇ ਹੋਲੇ ਮਹੱਲੇ 1921 ਈ. ਸਮੇਂ, ਨਵੇਂ ਬਣੇ 'ਨਾਮਧਾਰੀ ਦਰਬਾਰ' ਦਾ 'ਮੁਖੀ' ਥਾਪਿਆ ਸੀ ਤਾਂ ਕਿ ਨਾਮਧਾਰੀ ਪੰਥ ਦੀ ਧਾਰਮਿਕ ਮਰਿਆਦਾ ਅਤੇ ਵੱਖਰੀ ਰਹਿਣੀ ਬਹਿਣੀ ਨੂੰ ਕਾਇਮ ਰੱਖਦੇ ਹੋਏ ਆਪ ਦੇਸ਼ ਦੇ ਰਾਜਸੀ ਮਸਲਿਆਂ ਪ੍ਰਤੀ ਵੀ ਆਪਣੇ ਨਜਰੀਏ ਤੋਂ ਉਚਿਤ ਪਹੁੰਚ ਅਪਣਾ ਸੱਕਣ।[15] ਨਾਮਧਾਰੀ ਦਰਬਾਰ ਦਾ ਪਹਿਲਾ ਪਰਧਾਨ ਵਹਿਮੀ ਜੀ ਦੇ ਲਿਖਣ ਮੁਤਾਬਿਕ ਰਾਜਾ ਧਿਆਨ ਸਿੰਘ (ਕੱਕੜ) ਸੀ। ਇਸ ਦਾ ਭਾਵ ਹੈ ਕਿ ਮਹਾਰਾਜ ਗੁਰਦਿਆਲ ਸਿੰਘ ਜੀ ਨੂੰ ਜੋ ਮੁਖੀ ਲਿਖਿਆ ਹੈ ਉਸ ਦਾ ਭਾਵ ਸਰਪ੍ਰਸਤ ਸੀ।

ਮਹਾਰਾਜ ਗੁਰਦਿਆਲ ਸਿੰਘ ਜੀ ਗੁਰੂ ਹਰੀ ਸਿੰਘ ਜੀ ਦੇ ਜੋਤੀ ਜੋਤਿ ਸਮਾਉਣ ਸਮੇਂ ਮਸਾਂ 9 ਕੁ ਸਾਲਾਂ ਦੇ ਸਨ ਅਤੇ ਮਹਾਰਾਜ ਨਿਹਾਲ ਸਿੰਘ ਜੀ ਮਸਾਂ 14 ਕੁ ਸਾਲਾਂ ਦੇ ਜਦੋਂ 1905 ਈ. ਵਿਚ ਬੰਗਾਲ ਵਿਚ ਬੰਗ ਭੰਗ "ਵਿਰੁੱਧ ਅੰਦੋਲਨ ਚੱਲ ਰਿਹਾ ਸੀ ਤਾਂ" ਪੰਜਾਬ ਵਿਚ ਇਸ ਵੇਲੇ ਸ੍ਰੀ ਭੈਣੀ ਸਾਹਿਬ ਇਕੋ ਇੱਕ ਕੇਂਦਰ ਸੀ ਜੋ ਅੰਗਰੇਜ਼ ਦੀ ਅੱਖ ਵਿਚ ਰੜਕਦਾ ਸੀ। ਪੁਲਿਸ ਦੀ ਚੌਂਕੀ ਸ੍ਰੀ ਭੈਣੀ ਸਾਹਿਬ ਦੇ ਬੂਹੇ ਤੇ ਬੈਠੀ ਸੀ।.....ਪਾਠਕ ਵਿਚਾਰ ਕਰ ਲੈਣ ਕਿ 9 ਤੇ 14 ਸਾਲ ਦੇ ਬੱਚਿਆਂ ਉਤੇ ਇਹਨਾਂ ਲਾਲ ਪਗੜੀਆਂ (ਪੁਲੀਸ ਦੀਆਂ ਸ਼ਕਲਾਂ) ਦਾ ਕੀਹ ਅਸਰ ਹੁੰਦਾ ਹੋਏਗਾ। ਆਖਦੇ ਹਨ ਕਿ ਬਾਲ ਹਿਰਦਾ ਬੜਾ ਕੁਝ ਜਾਨਣ ਦਾ ਇੱਛਕ ਹੁੰਦਾ ਹੈ ਸੋ ਇਹਨਾਂ ਛੋਟੇ ਛੋਟੇ ਬਾਲ ਹਿਰਦਿਆਂ ਵਿਚ, ਇਹਨਾਂ ਲਾਲ ਪਗੜੀਆਂ ਦੀ ਕਹਾਣੀ ਨੇ ਪਤਾ ਨਹੀਂ ਕੀ ਅਸਰ ਪਾਇਆ ਕਿ ਕੁਝ ਸਮੇਂ ਪਿਛੋਂ ਹੀ ਇਹਨਾਂ ਦੋਹਾਂ ਵੀਰਾਂ ਵਿਚ ਇਕ ਇਨਕਲਾਬੀ ਜੋਸ਼ ਠਾਠਾਂ ਮਾਰ ਉਠਿਆ। ਸਭ ਤੋਂ ਪਹਿਲਾਂ ਜਿਸ ਚੀਜ਼ ਨੇ ਆਪ ਨੂੰ ਬੇਚੈਨ ਕੀਤਾ ਉਹ ਸੀ ਸ੍ਰੀ ਭੈਣੀ ਸਾਹਿਬ ਦੇ ਬੂਹੇ ਤੇ ਪੁਲੀਸ ਦਾ ਆਤੰਕ।

"ਪੰਜਾਬ ਸੁੱਤਾ ਪਿਆ ਸੀ ਜੇ ਕਿਸੇ ਦੇ ਅੰਦਰ ਆਜ਼ਾਦੀ ਲਈ ਜੋਸ਼ ਤੇ ਵਿਚਾਰ ਉਠਦੇ ਸਨ, ਉਹ ਸਨ ਇਹ ਦੋ ਕੋਮਲ ਹਿਰਦੇ। ਹੌਲੀ ਹੌਲੀ ਸ੍ਰੀ ਮਹਾਰਾਜ ਗੁਰਦਿਆਲ ਸਿੰਘ ਜੀ ਨੇ ਇਕ ਜਥੇਬੰਦੀ ਕਾਇਮ ਕੀਤੀ, ਜਿਸ ਰਾਹੀਂ ਆਪਣੇ ਵਿਚਾਰ ਜਨਤਾ ਵਿਚ ਪੇਸ਼ ਕਰਨ ਲੱਗੇ, ਜਿਸ ਦਾ ਅਸਰ ਇਹ ਹੋਇਆ ਕਿ ਨਾਮਧਾਰੀ ਜੋ ਅੱਗੇ ਹੀ ਇਨਕਲਾਬੀ ਸਨ, ਆਪ ਦੇ ਇਰਦ ਗਿਰਦ ਇਕੱਠੇ ਹੁੰਦੇ ਗਏ। ਭਾਵੇਂ ਬੰਦੇ ਤਾਂ ਚੰਗੇ ਵਾਹਵਾ ਮਿਲ ਗਏ ਪਰ ਸ੍ਰੀ ਮਾਨ ਸੰਤ ਨਿਧਾਨ ਸਿੰਘ ਜੀ ਆਲਿਮ ਤੇ ਸੰਤ ਮੰਗਲ ਸਿੰਘ ਜੀ ਦਾ ਉਚੇਚੇ ਤੌਰ ਤੇ ਨਾਮ ਲਿਆ ਜਾ ਸਕਦਾ ਹੈ। ਸ੍ਰੀ ਮਹਾਰਾਜ ਗੁਰਦਿਆਲ ਸਿੰਘ ਨੇ ਆਪਣੀ ਯੋਗਤਾ ਨਾਲ ਇਹਨਾਂ ਨੂੰ ਅਜਿਹੇ ਇੰਜੈਕਸ਼ਨ ਦਿਤੇ ਕਿ ਜੱਲ੍ਹਿਆਂ ਵਾਲੇ ਕਾਂਡ ਤੋਂ ਪ੍ਰਭਾਵਿਤ ਹੋ ਕੇ, ਕੂਕੇ ਫਿਰ ਨਵੇਂ ਸਿਰੇ ਪੰਜਾਬ ਵਿਚ ਗੂੰਜ ਉਠੇ। ਜੇ ਸੱਚ ਕਿਹਾ ਜਾਵੇ ਤਾਂ ਇਹ ਵਧੀਕੀ ਨਹੀਂ ਹੋਵੇਗੀ ਕਿ ਸਿੱਖਾਂ ਵਿਚ ਕੇਵਲ ਕੂਕੇ ਸਿੱਖ ਹੀ ਸਨ, ਜਿਹਨਾਂ ਦੀ ਚਰਚਾ ਲਾਹੌਰ ਦੇ ਕੋਨੇ ਕੋਨੇ ਵਿਚ ਹੋ ਰਹੀ ਸੀ। ਲਾਹੌਰ ਦਾ ਕੋਈ ਜਲਸਾ ਕਾਮਯਾਬ ਨਹੀਂ ਸੀ ਸਮਝਿਆ ਜਾਂਦਾ ਜਿੱਥੇ ਸ੍ਰੀ ਆਲਿਮ ਜੀ ਤਕਰੀਰ ਨਹੀਂ ਸੀ ਕਰਦੇ। ਆਲਿਮ ਜੀ ਦੀਆਂ ਤਕਰੀਰਾਂ ਨੇ ਲਾਹੌਰ ਨੂੰ ਅਜੇਹਾ ਕਾਇਲ ਕੀਤਾ ਕਿ

ਰਾਵੀ ਦੇ ਕੰਢੇ ਤੇ ਲੱਖਾਂ ਰੁਪੈਆਂ ਦਾ ਬਦੇਸ਼ੀ ਕੱਪੜਾ ਅੱਗ ਦੀ ਭੇਟ ਹੋਣ ਲੱਗ ਪਿਆ ਇਸ ਵੇਲੇ ਵਿਦੇਸ਼ੀ ਸਰਕਾਰ ਵਿਰੁੱਧ ਜਿੰਨੀ ਅੱਗ, ਮਹਾਰਾਜ ਗੁਰਦਿਆਲ ਸਿੰਘ ਜੀ ਅੰਦਰ ਭੜਕ ਰਹੀ ਸੀ ਉਤਨੀ ਸ਼ਾਇਦ ਹੀ ਕਿਸੇ ਹੋਰ ਕੂਕੇ ਅੰਦਰ ਹੋਵੇ। ਜੱਲਿਆਂ ਵਾਲੇ ਬਾਗ ਦਾ ਹੱਤਿਆ ਕਾਂਡ ਜੋ ਸ੍ਰੀ ਮਹਾਰਾਜ ਜੀ ਦੀਆਂ ਅੱਖਾਂ ਸਾਹਮਣੇ ਬੀਤਿਆ ਸੀ ਉਸ ਨੇ ਆਪ ਦੇ ਦਿਲ ਤੇ ਬੜਾ ਡੂੰਘਾ ਅਸਰ ਕੀਤਾ।... ਪੰਜਾਬ ਦੇ ਕਈ ਜ਼ਿਲ੍ਹਿਆਂ ਵਿਚ ਦੌਰੇ ਕਰਕੇ ਅੰਗਰੇਜ਼ ਖਿਲਾਫ ਕੂਕਿਆਂ ਨੂੰ ਤੇ ਜਨਤਾ ਨੂੰ ਕੀਤਾ, 1919 ਤੋਂ ਅਗਲੇ ਤਿੰਨ ਚਾਰ ਵਰ੍ਹਿਆਂ ਵਿਚ ਚੌਂਕੀ ਉਠਾ ਕੇ ਆਪ ਨੇ ਆਪਣੀਆਂ ਸਰਗਰਮੀਆਂ ਰਾਹੀਂ ਸਿੱਧ ਕਰ ਦਿਤਾ ਕਿ ਨਾਮਧਾਰੀ ਪੰਥ ਸਮੁੱਚੇ ਰੂਪ ਵਿਚ ਅੰਗਰੇਜ਼ ਖਿਲਾਫ ਉਸੇ ਤਰ੍ਹਾਂ ਕਾਇਮ ਹੈ, ਜਿਵੇਂ ਸੰਨ 1872 ਵਿਚ ਸੀ।"[16]

ਇੱਕ ਹੋਰ ਦੇਸ਼ ਭਗਤ ਵਿੱਦਵਾਨ, ਮਹਾਰਾਜ ਜੀ ਦੇ ਕੂਕਾ ਲਿਖਤੀ ਪਰਚਾਰ ਕਾਰਜਾਂ ਦਾ ਉਚ ਮੁਲੰਕਣ ਕਰਦਿਆਂ ਲਿਖਦੇ ਹਨ– "ਮਹਾਰਾਜ ਗੁਰਦਿਆਲ ਸਿੰਘ ਸਭ ਤੋਂ ਪਹਿਲੇ ਇਤਿਹਾਸ ਲੇਖਕ ਹਨ ਜਿਹਨਾਂ ਨੇ ਨਵੇਂ ਅਤੇ ਪ੍ਰਚੱਲਤ ਤਰੀਕੇ ਨਾਲ ਨਾਮਧਾਰੀ ਇਤਿਹਾਸ ਨੂੰ ਪ੍ਰੈਸ ਤੇ ਪਲੇਟਫਾਰਮ ਰਾਹੀਂ ਪਰਚਾਰਨ ਦਾ ਜਤਨ ਕੀਤਾ। ਭਾਵੇਂ ਆਪ ਤੋਂ ਪਹਿਲਾਂ ਪ੍ਰਲੋਕ ਵਾਸੀ ਗਿਆਨੀ ਕਾਲਾ ਸਿੰਘ ਜੀ ਨੇ ਵੀ ਪੰਜਾਬੀ ਬੈਂਤਾ ਵਿਚ "ਨਾਮਧਾਰੀ ਪੰਥ ਪਰਕਾਸ਼" ਪਰਕਾਸ਼ਿਤ ਕਰਕੇ, ਨਾਮਧਾਰੀ ਇਤਿਹਾਸ ਦੀ ਸ਼ਲਾਘਾਯੋਗ ਸੇਵਾ ਕੀਤੀ ਸੀ, ਪਰ ਮਹਾਰਾਜ ਗੁਰਦਿਆਲ ਸਿੰਘ ਜੀ ਦੀ ਖੋਜ, ਲਿਖਣ ਸ਼ੈਲੀ ਅਤੇ ਦਲੇਰੀ ਗ਼ਜ਼ਬ ਦੀ ਸੀ। ਆਪ ਬੜੇ ਵਿਦਵਾਨ ਅਤੇ ਅੰਗਰੇਜ਼ੀ ਦੇ ਆਲਮ ਸਨ। ਆਪ ਨੇ ਡਿਸਟਰਿਕਟ ਗਜ਼ਟੀਅਰ ਲੁਧਿਆਣਾ ਅਤੇ ਅੰਗਰੇਜ਼ ਲਿਖਾਰੀਆਂ ਦੀਆਂ ਹੋਰ ਪੁਸਤਕਾਂ ਵਿਚੋਂ, ਮਸਾਲਾ ਇਕੱਠਾ ਕਰਨ ਦੀ ਹਿੰਮਤ ਕੀਤੀ। ਕੁਝ ਬਜ਼ੁਰਗਾਂ ਕੋਲੋਂ ਅੱਖੀ ਡਿੱਠੇ ਸਮਾਚਾਰ ਨੋਟ ਕੀਤੇ। ਵਲੈਤ ਵਿਚੋਂ "ਕੂਕਾ ਆਊਟਬ੍ਰੇਕ" ਜੋ ਪਾਰਲੀਮੈਂਟ ਨੇ ਪਰਕਾਸ਼ਿਤ ਕੀਤਾ ਸੀ, ਬੜੇ ਜਤਨਾਂ ਨਾਲ ਮੰਗਵਾਇਆ। ਗੱਲ ਕੀ, ਜੋ ਮਸਾਲਾ ਵੀ ਉਹਨਾਂ ਨੂੰ ਪਰਾਪਤ ਹੋਇਆ, ਉਸ ਦੇ ਅਧਾਰ ਤੇ ਉਹਨਾਂ ਨੇ 'ਸਤਿਜੁਗ' ਵਿਚ ਮੁੱਖ ਲੇਖਾਂ ਦਾ ਇਕ ਸਿਲਸਿਲਾ– "ਹੱਡ ਬੀਤੀ" ਪਰਕਾਸ਼ਿਤ ਕੀਤਾ। ਇਹਨਾਂ ਲੇਖਾਂ ਵਿਚ ਆਪ ਨੇ ਅੰਗਰੇਜ਼ ਸਰਕਾਰ ਦੀਆਂ ਲੂੰ ਕੰਡੇ ਕਰ ਦੇਣ ਵਾਲੀਆਂ ਵਹਿਸ਼ੀਆਨਾ ਤੇ ਜ਼ੁਲਮੀ ਘਟਨਾਵਾਂ ਨੂੰ ਇਸ ਅਨੋਖੇ ਅਤੇ ਹਿਰਦੇ ਵੇਧਕ ਢੰਗ ਨਾਲ ਕਲਮ ਬੰਦ ਕੀਤਾ ਕਿ ਹਜ਼ਾਰਾਂ ਪਾਠਕਾਂ ਦੇ ਦਿਲ ਹਲੂਣੇ ਗਏ। ਪੇਂਡੂ ਲੋਕ ਤਾਂ ਕਿਤੇ ਰਹੇ, ਪੜ੍ਹਿਆ ਲਿਖਿਆ ਸ਼ਹਿਰੀ ਤਬਕਾ ਵੀ ਹੈਰਾਨ ਰਹਿ ਗਿਆ। ਇਹਨਾਂ ਦਰਦਨਾਕ ਘਟਨਾਵਾਂ ਤੇ ਅੰਗਰੇਜ਼ ਨੇ ਆਪਣੀਆਂ ਪਿੱਠੂ ਸਭਾਵਾਂ ਨਾਲ ਰਲ ਕੇ, ਅੱਧੀ ਸਦੀ ਤੋਂ ਵੀ ਵਧੀਕ ਸਮੇਂ ਤਕ ਪਰਦਾ ਪਾਉਂਦਿਆਂ ਕੂਕਿਆਂ ਦੀਆਂ ਕੁਰਬਾਨੀਆਂ ਨੂੰ ਫਿਰਕੂ ਉਪੱਦਰ ਜ਼ਾਹਰ ਕਰਕੇ ਮਲੀਆਮੇਟ ਕਰ ਛੱਡਿਆ ਸੀ, ਪਰ ਸ੍ਰੀ ਮਹਾਰਾਜ ਗੁਰਦਿਆਲ ਸਿੰਘ ਜੀ ਦੇ ਲੇਖਾਂ ਨੇ ਨਾਮਧਾਰੀ ਇਤਿਹਾਸ ਦੇ ਸੁੰਦਰ ਮੁਖ ਮੰਡਲ ਤੋਂ ਅੰਗਰੇਜ਼ ਪਰਾਪੇਗੇਂਡਿਸਟ ਨੀਤੀ ਦਾ ਘੁੰਡ ਚੱਕ ਦਿਤਾ। ਜਿਸ ਦੇ ਨਤੀਜੇ ਦੇ ਤੌਰ ਤੇ ਨਾਮਧਾਰੀ ਕੁਰਬਾਨੀਆਂ ਵੀ ਜਨਤਾ ਦੇ ਸਾਹਮਣੇ

ਆ ਗਈਆਂ ਅਤੇ ਅੰਗਰੇਜ਼ ਦੇ ਸ਼ਰਮਨਾਕ ਅੱਤਿਆਚਾਰਾਂ ਦੀਆਂ ਕੋਝੀਆਂ ਘਟਨਾਵਾਂ ਵੀ। ਨਾਲ ਹੀ ਸਿੱਖ ਰਾਜਿਆਂ, ਜਾਗੀਰਦਾਰਾਂ ਅਤੇ ਸਰਦਾਰਾਂ ਦੀ ਗ਼ਦਾਰੀ ਦਾ ਨੰਗਾ ਤੇ ਘਿਰਣਤ ਨਾਚ ਵੀ ਜਨਤਾ ਦੇ ਸੌਂਹੇ ਸਮਰੱਤਖ ਹੋ ਗਿਆ। ਮਲੇਰ ਕੋਟਲੇ ਦੇ ਕੱਲਰ ਵਿਚ, ਨਾਮਧਾਰੀ ਸਿੱਖਾਂ ਨੂੰ ਉਡਾਉਣ ਵਾਸਤੇ ਜੋ ਤੋਪਾਂ ਬੀੜੀਆਂ ਗਈਆਂ, ਉਹ ਪੰਜਾਬ ਦੀਆਂ ਸਿੱਖ ਰਿਆਸਤਾਂ ਦੇ ਮਹਾਰਾਜਿਆਂ ਨੇ ਭੇਜੀਆਂ ਸਨ। ਮਹਾਰਾਜ ਜੀ ਦੁਆਰਾ ਲਿਖੇ ਗਏ ਲੇਖਾਂ ਦੀ ਧੁੰਮ ਪੈ ਗਈ ਅਤੇ ਇਸ ਬਾਰੇ ਉਹਨਾਂ ਨੂੰ ਕਈ ਸੱਜਨਾਂ ਵਲੋਂ ਪਰਸੰਸਾ ਤੇ ਵਧਾਈ ਪੱਤਰ ਪਰਾਪਤ ਹੋਏ। ਮੈਨੂੰ ਯਾਦ ਹੈ ਕਿ ਇਕ ਦਿਨ, ਇਕ ਖ਼ਾਸ ਸੱਜਣ ਨੇ ਹਮਦਰਦੀ ਦੇ ਤੌਰ ਤੇ ਉਹਨਾਂ ਨੂੰ ਕਿਹਾ ਕਿ– "ਮਹਾਰਾਜ! ਆਪ ਨੂੰ ਪਤਾ ਹੈ ਕਿ ਆਪ ਤੋਂ ਹੁਣੇ ਹੁਣੇ ਪਾਬੰਦੀਆਂ ਉਠੀਆਂ ਹਨ।" ਮਹਾਰਾਜ ਜੀ ਨੇ ਗੰਭੀਰਤਾ ਨਾਲ ਉੱਤਰ ਦਿਤਾ– "ਉਠੀਆਂ ਹਨ, ਮੈਨੂੰ ਪਤਾ ਹੈ, ਪਰ ਜਦ ਤੱਕ ਸਾਰੇ ਦੇਸ਼ ਦੇ ਕਰੋੜਾਂ ਬੰਦੇ ਬਦੇਸ਼ੀ ਰਾਜ ਦੇ ਗ਼ੁਲਾਮ ਹਨ, ਮੈਂ ਆਪਣੇ ਆਪ ਨੂੰ ਸੁਤੰਤਰ ਨਹੀਂ ਮੰਨ ਸਕਦਾ। ਮਿੱਤਰ ਨੇ ਕਿਹਾ– "ਮਹਾਰਾਜ! ਮੈਨੂੰ ਇਕ ਆਹਲਾ ਸਿੱਖ ਅਫਸਰ ਨੇ ਕਿਹਾ ਹੈ ਕਿ ਜੇ ਮਹਾਰਾਜ ਅਜਿਹੇ ਲੇਖ ਲਿਖਣੋਂ ਬਾਜ ਨਾਂ ਆਏ ਤਾਂ ਆਪ ਨੂੰ ਛੇਤੀ ਜਿਹਲ ਯਾਤਰਾ ਕਰਨੀ ਪਵੇਗੀ।"

"ਮਹਾਰਾਜ ਨੇ ਅਣਖੀਲੇ ਜਜ਼ਬੇ ਨਾਲ ਕਿਹਾ–" ਜਾਹ ਵੀਰ! ਕਹਿ ਦੇ ਉਸ ਅਫ਼ਸਰ ਨੂੰ–ਅਭੀ ਤੋ–

"ਇਬਤਦਾਏ ਇਸ਼ਕ ਹੈ, ਰੋਤਾ ਹੈ ਕਿਆ,
ਆਗੇ ਆਗੇ ਦੇਖੀਏ, ਹੋਤਾ ਹੈ ਕਿਆ।"

"ਜਿਹਲ ਦੀ ਤਾਂ ਗੱਲ ਹੀ ਕੋਈ ਨਹੀਂ, ਮੈਂ ਤਾਂ ਕੂਕਾ ਇਤਿਹਾਸ ਦੇ ਫਲ ਰੂਪ ਵਿਚ ਫਾਂਸੀ ਦੇ ਝੂਟੇ ਲੈਣ ਨੂੰ ਤਿਆਰ ਬੈਠਾ ਹਾਂ।"[17]

ਸੰਬਤ 1978 ਬਿ. ਅੱਸੂ ਦੀ ਪੂਰਨਮਾਸ਼ੀ ਕੱਤਕ ਦੀ ਸੰਗਰਾਦ ਮੁਤਾਬਿਕ 16 ਅਕਤੂਬਰ ਐਤਵਾਰ, 1921 ਈ. ਨੂੰ ਮਹਾਰਾਜ ਗੁਰਦਿਆਲ ਸਿੰਘ ਜੀ ਦਾ ਅਨੰਦ ਕਾਰਜ ਸ੍ਰ. ਧਿਆਨ ਸਿੰਘ ਪੱਥਰਾਂ ਵਾਲਿਆਂ ਦੀ ਤਿੰਨਾਂ ਵਿਚੋਂ ਛੋਟੀ ਸਪੁੱਤਰੀ ਬੀਬੀ ਕਰਤਾਰ ਕੌਰ ਨਾਲ, ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੀ ਹਜ਼ੂਰੀ ਵਿਚ ਲਾਹੌਰ ਵਿਖੇ ਹੀ ਹੋਇਆ। ਸਤਿਗੁਰੂ ਜੀ ਦੇ ਨਾਲ ਸੰਤ ਆਲਾ ਸਿੰਘ ਤੇ ਸੰਤ ਮੋਹਣ ਸਿੰਘ ਜੀ ਦੇ ਜਥਿਆਂ ਦੇ ਸਿੰਘ ਵੀ ਸਨ। "ਮਹਾਰਾਜ ਨਿਹਾਲ ਸਿੰਘ ਜੀ ਇਸ ਸਮੇਂ ਲਾਹੌਰ ਹੀ ਰਹਿੰਦੇ ਸੀ ਤੇ ਘੋੜਿਆਂ ਦਾ ਵਪਾਰ ਵੀ ਕਰਦੇ ਸੀ। ਮਹਾਰਾਜ ਗੁਰਦਿਆਲ ਸਿੰਘ ਜੀ ਭੀ ਉਹਨਾਂ ਪਾਸ ਹੀ ਬਹੁਤਾ ਰਹਿੰਦੇ ਸੀ ਜਾਂ ਕਾਂਗਰਸ ਦੇ ਸਾਥ। ਮਹਾਰਾਜ ਗੁਰਦਿਆਲ ਸਿੰਘ ਜੀ ਅਪਨੈਤ (ਨਿਜੀ ਸੰਪਤੀ) ਏਡੀ ਕੋਈ ਨਾ ਬਣਾਈ ਸੀ। ਤੇ ਕਰਤਾਰ ਕੌਰ ਜੀ ਭੀ ਸਗੋਂ ਨਾਲ ਹੋ ਵੱਡੀ ਈਸ਼ਰ ਕੌਰ ਭੈਣ ਸਮੇਤ ਕਾਂਗਰਸ ਦੇ ਜਲਸੇ ਵਿਚ ਜਾਂਦੇ ਹੁੰਦੇ ਸੀ ਤੇ ਖੱਦਰ ਹੀ ਪਹਿਨਦੇ ਸੀ। ਤੇ ਹੋਰ ਬੀਬੀਆਂ ਨੂੰ ਇਸ ਦੇਸ਼ ਭਗਤੀ ਦੀ ਪਰੇਰਨਾ ਭੀ ਦਿੰਦੇ ਸੀ ਲਿਖ ਭੀ ਤੇ ਬੋਲ ਭੀ।

"ਮਹਾਰਾਜ ਗੁਰਦਿਆਲ ਸਿੰਘ ਜੀ ਤੇ (ਬੀਬੀ) ਕਰਤਾਰ ਕੌਰ ਜੀ ਕਦੇ ਭੈਣੀ

ਸਾਹਿਬ ਆਉਂਦੇ ਤੇ ਮਾਤਾ ਜਿਊਣ ਕੌਰ ਜੀ ਦਾ ਹੱਥ ਵਟਾਉਂਦੇ, ਆਨੰਦ ਹੋਏ ਬਾਅਦ ਆਏ ਹੀ ਸੇਵਾ ਤੇ ਲੱਗ ਗਏ ਸੀ। ਮਹਾਰਾਜ ਗੁਰਦਿਆਲ ਸਿੰਘ ਜੀ ਤੇ ਕਰਤਾਰ ਕੌਰ ਦੀ ਜੋੜੀ ਐਸੀ ਹੋਈ ਹੈ-

"ਅਲਪ ਸੁਖ ਛਾਡਿ ਪਰਮ ਸੁਖ ਪਾਵਾ॥

ਤਬ ਇਹ ਤ੍ਰੀਅ ਓੁਹ ਕੰਤੁ ਕਹਾਵਾ॥"-ਗਾਉੜੀ ਕਬੀਰ ਜੀ ਪੰਨਾ 342 ਵਾਕ ਦੇ ਧਾਰਨੀ ਸੀ। ਮਹਾਰਾਜ ਜੀ ਸਤਿਗੁਰੂ ਰਾਮ ਸਿੰਘ ਜੀ ਦਾ ਇਤਿਹਾਸ ਤੇ ਨਾਮਧਾਰੀ ਸ਼ਹੀਦਾਂ ਦੀ ਘਾਲ ਲਈ, ਦਿਨ ਰਾਤ ਖੋਜਦੇ ਤੇ ਲਿਖਦੇ ਸੀ ਤੇ ਕਰਤਾਰ ਕੌਰ ਜੀ ਸੇਵਾ ਉਨ੍ਹਾਂ ਦੀ 'ਚ ਮਗਨ ਰਹਿੰਦੇ ਸੀ। ਸੰਤ ਇੰਦਰ ਸਿੰਘ (ਚੱਕਰਵਰਤੀ) ਜੀ ਲਿਖਦੇ ਹਨ ਕਿ ਅਸੀਂ ਲਿਖਣ ਹੀ ਉਹਨਾਂ ਤੋਂ ਸਿਖੇ ਹਾਂ ਤੇ (ਬੀਬੀ) ਕਰਤਾਰ ਕੌਰ ਜੀ ਰਾਤ ਮਹਾਰਾਜ ਜੀ ਲਈ ਦੁੱਧ ਦਾ ਕਟੋਰਾ ਲੈ ਕੋਲ ਆ ਖੜੌਂਦੇ ਸੀ ਪਰ 'ਲਉ' ਤੱਕ ਨਾਂ ਕਹਿੰਦੇ ਸੀ। ਤੇ ਮਹਾਰਾਜ ਜੀ ਕਈ ਘੰਟੇ ਉਤਾਂਹ ਧਿਆਨ ਨਾ ਕਰਦੇ ਸੀ ਤੇ ਜਦ ਦੇਖਦੇ ਤਾ ਕਹਿੰਦੇ, "ਓ ਮਾਫ ਕਰ ਦੇਣਾ', ਮੈਂ ਦੇਖ ਦੁੱਧ ਛਕਣਾ ਭੁੱਲ ਗਿਆ ਹਾਂ ਲਿਖਣ 'ਚ ਰੁੱਝਾ। ਹੁਣ ਆਪ ਕਿਤਨੇ ਚਿਰ ਦੇ ਖੜੇ ਹੋ। ਤੇ ਕਰਤਾਰ ਕੌਰ ਜੀ ਕਹਿੰਦੇ ਮੈਨੂੰ ਤੇ ਦੇਰ ਨਹੀਂ ਤੁਸਾਂ ਵਲੋਂ ਕੀਤੀ ਭਾਸੀ।"[18]

1980 ਬਿ. ਮੁਤਾਬਿਕ 1923-24 ਈ. ਵਿਚ ਅੰਮ੍ਰਿਤਸਰ ਵਿਖੇ ਹਰਿਮੰਦਰ ਸਾਹਿਬ ਵਾਲੇ ਸਰੋਵਰ ਦੀ ਕਾਰ ਸੇਵਾ ਸਿੱਖ ਸੰਗਤਾਂ ਨੇ ਕੀਤੀ ਸੀ। ਸਤਿਗੁਰੂ ਜੀ ਦੇ ਹੁਕਮ ਤੇ ਮਹਾਰਾਜ ਨਿਹਾਲ ਸਿੰਘ, ਮਹਾਰਾਜ ਗੁਰਦਿਆਲ ਸਿੰਘ ਜੀ ਆਪਣੇ ਮਹਿਲਾਂ ਅਤੇ ਹੋਰ ਨਾਮਧਾਰੀ ਸੰਗਤਾਂ ਸਮੇਤ ਕਾਰ ਸੇਵਾ ਵਿਚ ਸ਼ਾਮਿਲ ਹੋਏ ਸਨ। ਨਾਮਧਾਰੀ ਸੰਗਤ ਦਾ ਲੰਗਰ ਨਾਮਧਾਰੀ ਧਰਮਸ਼ਾਲਾ ਵਿਚ ਬਣਦਾ ਸੀ। ਦੋਵੇਂ ਮਹਾਰਾਜ ਜੀ ਕੁਝ ਦਿਨ ਇਥੇ ਟਿਕ ਕੇ ਕਾਰ ਸੇਵਾ ਕਰਵਾਉਂਦੇ ਰਹੇ।[19]

1924 ਈ. ਵਿਚ ਨਾਮਧਾਰੀ ਦਰਬਾਰ ਨੇ ਅੰਗਰੇਜ਼ੀ ਮਿੱਲਾਂ ਵਿਚ ਬਣੇ ਵਿਦੇਸ਼ੀ ਕੱਪੜਿਆਂ ਦੇ ਬਾਈਕਾਟ ਦਾ ਪ੍ਰਸਤਾਵ ਪਾਸ ਕੀਤਾ। ਸਤਿਗੁਰੂ ਪਰਤਾਪ ਸਿੰਘ ਜੀ ਦੇ ਸਿਆਲਕੋਟ ਜ਼ਿਲ੍ਹੇ ਦੇ ਦੌਰੇ ਸਮੇਂ ਪਿੰਡ ਕਿਆਮਪੁਰ ਅਤੇ ਸੰਘਾ (ਅੰਮ੍ਰਿਤਸਰ) ਆਦਿ ਵਿਚ ਇਸ ਪ੍ਰਥਾਇ ਉਚੇਚੇ ਸੰਗਤ ਦੇ ਇਕੱਠ ਬੁਲਾਏ ਸਨ। ਬਦੇਸ਼ੀ ਬਸਤਰ ਕੋਈ ਕੂਕਾ ਵਿਆਹ ਸ਼ਾਦੀ ਸਮੇਂ ਵੀ ਨਾਂ ਖਰੀਦੇ। "ਮਹਾਰਾਜ ਗੁਰਦਿਆਲ ਸਿੰਘ ਜੀ ਖੜੋ ਕਿਹਾ, ਸਭ ਨਾਮਧਾਰੀ ਨੇਮ ਕਰੋ, ਬਦੇਸੀ ਨਾ ਪਹਿਰਾਂਗੇ। ਇਹ ਸੁਣ ਮਹਾਰਾਜ ਨਿਹਾਲ ਸਿੰਘ ਜੀ ਲਾਹੌਰ ਹੀ ਬਚਨ ਕਰ ਦਿਤਾ ਕਿ ਮੈਂ ਆਪਣੇ ਘਰ ਬਦੇਸੀ (ਕੱਪੜਾ) ਨਾ ਵੜਨ ਦਿਆਂਗਾ ਤੇ ਨਾਂ ਹੱਥ ਹੀ ਲਾਵਾਂਗੇ ਕੋਈ ਜੀਅ। ਭਾਵੇਂ ਅੱਗੇ ਭੀ ਕੁਝ ਖਿਆਲ ਮਹਾਰਾਜ ਗੁਰਦਿਆਲ ਸਿੰਘ ਜੀ ਨਾਲ ਇਹਨਾਂ ਦੇ ਮਿਲਦੇ ਸੀ, ਪਰ ਉਸ ਸਮੇਂ ਤੋਂ ਪੱਕੇ ਖੱਦਰਧਾਰੀ ਮਹਾਰਾਜ ਨਿਹਾਲ ਸਿੰਘ ਜੀ ਹੋਏ।"[20]

ਮਹਾਰਾਜ ਗੁਰਦਿਆਲ ਸਿੰਘ ਜੀ ਵੱਡੇ ਭਰਾਤਾ, ਸਤਿਗੁਰੂ ਪਰਤਾਪ ਸਿੰਘ ਜੀ ਦੇ ਆਦੇਸ਼ ਮੁਤਾਬਿਕ ਪੰਡਿਤ ਮਦਨ ਮੋਹਨ ਮਾਲਵੀਆ, ਮਹਾਤਮਾ ਗਾਂਧੀ, ਮੋਤੀ ਲਾਲ ਨਹਿਰੂ, ਗੋਪਾਲ ਕ੍ਰਿਸ਼ਨ ਗੋਖਲੇ, ਸਰਦਾਰ ਪਟੇਲ, ਪੰਡਤ ਜਵਾਹਰ ਲਾਲ ਨਹਿਰੂ,

ਮੌਲਾਨਾ ਅਬੁਲ ਕਲਾਮ ਆਜ਼ਾਦ ਆਦਿ ਕਾਂਗਰਸ ਆਗੂਆਂ ਨੂੰ ਮਿਲਦੇ। ਹਿੰਦੀ, ਅੰਗਰੇਜ਼ੀ ਵਿਚ, ਸਤਿਗੁਰੂ ਰਾਮ ਸਿੰਘ ਜੀ ਅਤੇ ਕੂਕਾ ਅੰਦੋਲਨ ਦੇ ਸਮਾਚਾਰ ਉਹਨਾਂ ਤੱਕ ਪੁਚਾਉਂਦੇ।" ਮਹਾਰਾਜ ਗੁਰਦਿਆਲ ਸਿੰਘ ਜੀ ਨਾਲ ਮਿਲ ਕਾਂਗਰਸ ਦੇ ਮਤੇ ਵਾਲਾ ਕੰਮ ਕਰਨ ਵਾਲੇ, ਪੰਡਿਤ ਬਸੰਤ ਸਿੰਘ ਜੀ, ਸੰਤ ਨਿਧਾਨ ਸਿੰਘ ਜੀ ਆਲਿਮ, ਸੰਤ ਇੰਦਰ ਸਿੰਘ ਜੀ 'ਚੱਕਰਵਰਤੀ', ਪੰਡਿਤ ਮਨਸਾ ਸਿੰਘ ਜੀ ਕੌਮੀ, ਅਣਖਾ ਸਿੰਘ ਦਾਤੇਵਾਲ, ਸੰਤ ਮੰਗਲ ਸਿੰਘ ਜੀ ਫਤੂਹੀ ਚੱਕ, ਮਾਸਟਰ ਗੁਰਬਖਸ਼ ਸਿੰਘ ਜੀ "ਅਰੂਪ", ਪੰਡਿਤ ਅਮਰ ਸਿੰਘ, ਮਿਹਰ ਸਿੰਘ ਸਿਆਹੜ, ਰਤਨ ਸਿੰਘ ਕੂਕਾ (ਸੰਧਵਾਂ-ਜਲੰਧਰ), ਜੰਗ ਸਿੰਘ 'ਬਿਲਗਾ', ਫੂਲਾ ਸਿੰਘ ਜੀ ਡੱਫਰਕੇ (ਲਾਹੌਰ), ਭਗਤ ਸਿੰਘ ਧਰਤੀ ਧਕੇਲ, ਹਰਨਾਮ ਸਿੰਘ ਜੀ ਰਾਗੀ ਚਵਿੰਡਾ ਜ਼ਿਲ੍ਹਾ ਅੰਮ੍ਰਿਤਸਰ, ਊਧਮ ਸਿੰਘ ਜੀ ਮੱਖੀ, ਭਾਈ ਲਾਲ ਸਿੰਘ ਭਾਈਕੋਟ (ਲਾਹੌਰ) ਆਦਿ ਬਹੁਤ ਨਾਮਧਾਰੀ ਸੀ। ਮਹਾਰਾਜ ਜੀ ਦੀ ਦੇਹ ਬੜੀ ਮਲੂਕ ਸੀ ਤੇ ਉਹ ਖੁਰਾਕ ਖੇਚਲ ਦਾ ਉਕਾ ਖਿਆਲ ਨਾ ਰੱਖਦੇ। ਜਿਸ ਕਰਕੇ ਉਹਨਾਂ ਦੀ ਦੇਹ ਕਦੀ ਕਦੀ ਬਹੁਤ ਢਿੱਲੀ ਭੀ ਹੋ ਜਾਂਦੀ ਸੀ, ਪਰ ਫਿਰ ਭੀ ਉਹ ਲਿਖਤੀ ਤੇ ਦਿਮਾਗੀ ਕੰਮ ਕਰਨੋਂ ਨਾਂ ਹਟਦੇ ਸੀ। ਮਹਾਰਾਜ ਗੁਰਦਿਆਲ ਸਿੰਘ ਜੀ ਦਾ ਆਸ਼ਾ ਤੇ ਨਿਸ਼ਾਨਾ ਬਹੁਤ ਉਤਮ ਸੀ। ਉਹਨਾਂ ਨੇ ਨਾਮਧਾਰੀ ਸੇਵਕ ਦਲ ਬਨਾਣ ਸਮੇਂ ਭੀ ਸਤਿਗੁਰੂ ਜੀ ਦੀ ਸਲਾਹ, ਰਜ਼ਾ ਨੂੰ, ਸਭ ਤੋਂ ਉੱਪਰ ਰਖਿਆ ਹੋਇਆ ਸੀ ਤੇ ਇਸ ਸਮੇਂ ਭੀ ਸਤਿਗੁਰੂ ਜੀ ਦੇ ਮਤੇ ਦਾ ਪਤਾ ਰੱਖ ਹੀ ਵਰਤਦੇ ਸੀ।[21] ਆਪ ਜੀ ਦੇ ਕੁਝ ਸਾਥੀ ਤਰਕ ਵਿਤਰਕ ਵਿਚ ਪੈ ਕੇ ਜ਼ਿਆਦਾ ਖੁੱਲ੍ਹਾ ਵਰਤਣਾ ਚਾਹੁੰਦੇ ਸਨ ਤਾਂ ਮਹਾਰਾਜ ਜੀ ਉਹਨਾਂ ਨੂੰ ਸਮਝਾਉਂਦੇ ਸਨ ਕਿ ਸਾਡੇ ਲਈ ਕਾਂਗਰਸ ਨਾਲ ਮਿਲ ਕੇ ਆਜ਼ਾਦੀ ਦੀ ਲੜਾਈ ਲੜਨੀ ਵੀ ਜ਼ਰੂਰੀ ਹੈ ਅਤੇ ਆਪਣੇ ਪੰਥ ਦੇ ਮਾਲਕ, ਸਤਿਗੁਰੂ ਜੀ ਦੇ ਹੁਕਮ ਮੁਤਾਬਿਕ, ਨਾਮਧਾਰੀ ਜੀਵਨ ਜਾਚ ਅਪਨਾਉਣੀ ਵੀ ਜ਼ਰੂਰੀ ਹੈ।

ਆਪਣੇ ਅਨੰਦ ਕਾਰਜ ਤੋਂ ਬਾਅਦ ਮਹਾਰਾਜ ਨਿਹਾਲ ਸਿੰਘ ਜੀ ਲਾਹੌਰ ਹੀ ਆਪਣਾ ਮਕਾਨ ਬਣਾ ਕੇ ਰਹਾਇਸ਼ ਰੱਖਦੇ ਸਨ। ਮਹਾਰਾਜ ਗੁਰਦਿਆਲ ਸਿੰਘ ਜੀ ਜਾਂ ਭੈਣੀ ਸਾਹਿਬ ਰਹਿੰਦੇ ਤੇ ਜਦੋਂ ਲਾਹੌਰ ਰਹਿੰਦੇ ਫਿਰ ਜ਼ਿਆਦਾ ਮਹਾਰਾਜ ਨਿਹਾਲ ਸਿੰਘ ਜੀ ਪਾਸ ਹੀ ਰਹਿੰਦੇ। ਕਾਂਗਰਸ ਵਾਸਤੇ ਸਰਗਰਮ ਕੰਮ, ਮਹਾਰਾਜ ਨਿਹਾਲ ਸਿੰਘ ਜੀ ਹੋਰਾਂ ਵੀ ਮਹਾਰਾਜ ਗੁਰਦਿਆਲ ਸਿੰਘ ਜੀ ਦੀ ਪਰੇਰਨਾ ਨਾਲ ਹੀ ਸ਼ੁਰੂ ਕੀਤਾ ਸੀ। ਮਹਾਰਾਜ ਗੁਰਦਿਆਲ ਸਿੰਘ ਜੀ ਨੇ ਲਾਹੌਰ ਵਿਖੇ ਇਕ 'ਨਾਮਧਾਰੀ ਸੇਵਕ ਜਥਾ' ਬਣਾਇਆ ਸੀ। ਆਪਣੇ ਸਹੁਰਾ ਸਾਹਿਬ ਸ੍ਰ. ਧਿਆਨ ਸਿੰਘ ਹੋਰਾਂ ਦੇ ਮਕਾਨ ਤੇ, ਲਾਹੌਰ ਮੇਲਾ ਰਾਮ ਰੋਡ ਤੇ, ਆਪ ਹਰ ਵਰ੍ਹੇ ਬਸੰਤ ਪੰਚਮੀ (ਸਤਿਗੁਰੂ ਰਾਮ ਸਿੰਘ ਜੀ ਦਾ ਪਰਕਾਸ਼ ਪੁਰਬ) ਨੂੰ ਇਕ ਸ਼ਾਨਦਾਰ ਪਾਰਟੀ ਦਾ ਆਯੋਜਨ ਕਰਿਆ ਕਰਦੇ ਸਨ। ਇਸ ਵਿਚ ਲਾਹੌਰ ਦੇ ਸਿਆਸੀ ਹਲਕਿਆਂ ਅਤੇ ਪੱਤਰਕਾਰੀ ਦੇ ਖੇਤਰ ਦੀਆਂ ਸਾਰੀਆਂ ਨਾਮਵਰ ਸ਼ਖਸ਼ੀਅਤਾਂ ਨੂੰ ਸੱਦਾ ਭੇਜਿਆ ਜਾਂਦਾ ਸੀ। "ਇਹ ਪਾਰਟੀ ਬੜੇ ਸ਼ਾਹਾਨਾ ਢੰਗ ਨਾਲ ਕੀਤੀ ਜਾਂਦੀ ਸੀ। ਜਿਸ ਵਿਚ ਐਡੀਟਰ, ਲੀਡਰ, ਪਲੀਡਰ,

ਕਾਂਗਰਸੀ ਨੇਤਾ ਸ੍ਰੀ ਲਾਲਾ ਲਾਜਪਤ ਰਾਇ ਤੋਂ ਲੈਕੇ ਜੁਗ ਪਲਟਾਊਆਂ ਦੇ ਆਗੂ ਸ੍ਰ. ਕਿਸ਼ਨ ਸਿੰਘ ਜੀ ਤੇ (ਸ਼ਹੀਦੇ ਆਜ਼ਮ) ਭਗਤ ਸਿੰਘ ਜੀ ਆਦਿ ਸਾਰੇ ਦੇ ਸਾਰੇ ਨਿਮੰਤਰਿਤ ਕੀਤੇ ਜਾਂਦੇ ਸਨ, ਸ੍ਰੀ ਮਾਨ ਭਾਈ ਪਰਮਾਨੰਦ ਜੀ, ਮਹਿਤਾ ਅਨੰਦ ਕਿਸ਼ੋਰ ਆਦਿ ਤੋਂ ਲੈਕੇ ਰਾਸ਼ਟਰੀ ਕਵੀ ਸ੍ਰੀ ਲਾਲ ਚੰਦ ਜੀ ਫ਼ਲਕ (ਪਗੜੀ ਸੰਭਾਲ ਜੱਟਾ-ਦੇ ਲੇਖਕ) ਮੌਲਾਨਾ ਜ਼ਫਰ ਅਲੀ ਖਾਨ ਤੇ ਸ੍ਰੀ ਸੱਯਦ ਹਬੀਬ ਆਦਿ ਸਭੇ ਖੁਸ਼ੀ ਨਾਲ ਸ਼ਾਮਲ ਹੁੰਦੇ ਸਨ।

"ਪਾਰਟੀ ਦਾ ਕਾਰਜ ਅਜਿਹਾ ਦਿਲਚਸਪ ਤੇ ਜਨਤਕ ਹੁੰਦਾ, ਜਿਸਦੀ ਯਾਦ ਸਾਲ ਭਰ ਲੋਕਾਂ ਦੇ ਦਿਲਾਂ ਵਿਚ ਤਾਜ਼ਾ ਰਹਿੰਦੀ। ਕਵਿਤਾਵਾਂ ਹੁੰਦੀਆਂ, ਸੰਗੀਤ ਹੁੰਦਾ, ਵਿਖਿਆਨ ਹੁੰਦੇ, ਸੱਭਿਆਚਾਰਕ ਪ੍ਰੋਗਰਾਮ ਬਹੁਤ ਹੀ ਦਿਲਚਸਪ ਹੁੰਦਾ। ਖਾਣ ਪੀਣ ਦਾ ਸਮਾਨ, ਫਲ ਮੇਵੇ ਆਦਿ ਬਹੁਤ ਸਵਾਦੀਕ ਹੁੰਦੇ। ਇਹ ਸਾਰਾ ਖਰਚ ਸ੍ਰੀ ਮਾਨ ਸ੍ਰ. ਕਰਤਾਰ ਸਿੰਘ ਜੀ (ਸਪੁੱਤਰ ਬਾਬਾ ਧਿਆਨ ਸਿੰਘ) ਬਿਨਾਂ ਕਿਸੇ ਪਰਹੇਜ਼ ਦੇ ਮਹਾਰਾਜ ਗੁਰਦਿਆਲ ਸਿੰਘ ਜੀ ਦੇ ਆਖਣ ਤੇ ਕਰ ਦਿੰਦੇ।

"ਇਸ ਪਾਰਟੀ ਦਾ ਆਦਰਸ਼ ਨਾਮਧਾਰੀ ਪੰਥ ਤੇ ਕੀਤੇ ਅੰਗਰੇਜ਼ਾਂ ਦੇ ਜ਼ੁਲਮਾਂ ਦਾ ਪ੍ਰਗਟਾਵਾ ਹੁੰਦਾ ਸੀ। ਜਿਸਨੂੰ ਸ੍ਰੀ ਮਹਾਰਾਜ ਗੁਰਦਿਆਲ ਸਿੰਘ ਜੀ, ਅੰਗਰੇਜ਼ਾਂ ਦੇ ਗੁਪਤ ਕਾਗਜ਼ ਹਾਸਿਲ ਕਰਕੇ, ਅੰਕੜੇ ਦੇ ਕੇ ਤਿਆਰ ਕਰਦੇ। ਜਿਸਨੂੰ ਸੁਣਕੇ ਆਮ ਲੋਕਾਂ ਦੀ ਗੱਲ ਹੀ ਕੀ ਹੈ, ਵੱਡੇ ਵੱਡੇ ਪੁਲੀਟੀਕਲ ਸਕਾਲਰ ਵੀ ਅਸ਼ ਅਸ਼ ਕਰ ਉਠਦੇ।

"ਇਸ ਪਾਰਟੀ ਦਾ ਵਿਗਿਆਪਨ ਨਿਕਲਦਿਆਂ ਹੀ ਅੰਗਰੇਜ਼ ਤੇ ਉਸ ਦੀ ਗ਼ੁਲਾਮ ਨੌਕਰ ਸ਼ਾਹੀ ਨੂੰ ਹੱਥਾਂ ਪੈਰਾਂ ਦੀਆਂ ਪੈ ਜਾਂਦੀਆਂ ਅਤੇ ਉਹ ਇਸ ਨੂੰ ਫਿਹਲ ਕਰਨ ਲਈ ਸਾਰਾ ਜ਼ੋਰ ਮਾਰਦੀ। ਪਰ ਇਹ ਉਸਦੀ ਸਮਝ ਤੋਂ ਬਾਹਰਲੀ ਗੱਲ ਸੀ ਕਿ ਉਹ ਇਸ ਪਾਰਟੀ ਵਿਚ ਕਿਵੇਂ ਰੁਕਾਵਟ ਪਾਏ। ਜੇ ਗਰਿਫਤਾਰੀਆਂ ਕਰੇ ਤਾਂ ਪਾਰਟੀ ਦੇਣ ਤੋਂ ਪਹਿਲਾਂ ਹੀ ਸਾਡਾ ਮੰਤਵ ਪੂਰਾ ਹੋ ਜਾਣ ਦਾ ਖ਼ਤਰਾ ਸੀ। ਕਿਉਂਕਿ ਜ਼ੁਲਮ ਦੇ ਇਸ ਸ੍ਵੈ-ਪ੍ਰਗਟਾਵੇ ਦੇ ਲਈ ਹੀ ਸ੍ਰੀ ਮਹਾਰਾਜ ਗੁਰਦਿਆਲ ਸਿੰਘ ਜੀ, ਇਹ ਪਾਰਟੀ ਸੰਪਾਦਨ ਕਰਦੇ। ਚੰਦਾ ਮੰਗਿਆ ਨਹੀਂ ਸੀ ਜਾਂਦਾ, ਜਿਸ ਤੋਂ ਉਹ ਲੋਕਾਂ ਨੂੰ ਡਰਾ ਧਮਕਾ ਕੇ, ਪੈਸੇ ਦੇਣ ਤੋਂ ਵਰਜੇ। ਅਜਿਹਾ ਕੋਈ ਆਦਮੀ ਸੱਦਿਆ ਹੀ ਨਹੀਂ ਸੀ ਜਾਂਦਾ, ਜਿਸ ਤੇ ਅੰਗਰੇਜ਼ ਦਾ ਰੋਹਬ ਹੋਵੇ। ਇਹ ਤੇ ਇਕ ਦੀਵਾਨੇ ਮਸਤਾਨੇ ਸਰਫ਼ਰੋਸ਼ਾਂ ਦੀ ਮਜਲਿਸ ਹੁੰਦੀ। ਜਿਸਦੇ ਸਰਦਾਰ ਹੁੰਦੇ ਸ੍ਰੀ ਮਹਾਰਾਜ ਗੁਰਦਿਆਲ ਸਿੰਘ ਜੀ ਤੇ ਮੇਜ਼ਬਾਨ ਹੁੰਦੇ ਸਰਦਾਰ ਕਰਤਾਰ ਸਿੰਘ ਜੀ ਪੱਥਰਾਂ ਵਾਲੇ।"[22]

ਮਹਾਰਾਜ ਗੁਰਦਿਆਲ ਸਿੰਘ ਜੀ ਦੀਆਂ ਐਸੀਆਂ ਅੰਗਰੇਜ਼ ਸਰਕਾਰ ਵਿਰੋਧੀ ਗਤੀਵਿਧੀਆਂ ਤੇ ਅੱਖ ਰੱਖਣ ਲਈ ਹੀ ਉਹਨਾਂ ਦੇ ਸਹੁਰਾ ਪਰਿਵਾਰ ਦੀ ਇਸ ਰਿਹਾਇਸ਼ ਗਾਹ ਤੇ ਜਿੱਥੇ ਮਹਾਰਾਜ ਜੀ ਦਾ ਕਾਫੀ ਸਮਾਂ ਬਤੀਤ ਹੁੰਦਾ, ਅੰਗਰੇਜ਼ ਪੁਲੀਸ ਦੀ ਸੀ.ਆਈ. ਡੀ. ਹਮੇਸ਼ਾਂ ਤਾਇਨਾਤ ਰਹਿੰਦੀ ਸੀ। ਮਹਾਰਾਜ ਗੁਰਦਿਆਲ ਸਿੰਘ ਜੀ ਦੇ ਮਹਿਲ ਬੀਬੀ ਕਰਤਾਰ ਕੌਰ ਜੀ ਵੀ ਅੰਗਰੇਜ਼ੀ ਗੁਰਮੁਖੀ ਪੜ੍ਹੇ ਸਨ। ਉਹ

ਆਪਣੀ ਵੱਡੀ ਭੈਣ ਬੀਬੀ ਈਸ਼ਰ ਕੌਰ ਅਤੇ ਹੋਰ ਬੀਬੀਆਂ ਨੂੰ ਨਾਲ ਜੋੜ ਕੇ ਆਪਣਾ ਜਥਾ ਬਣਾ ਕੇ ਸਰਕਾਰ ਵਿਰੋਧੀ ਜਲਸਿਆਂ ਵਿਚ ਪੜ੍ਹਿਆ ਕਰਦੇ ਸਨ–"ਜਾਗੋ ਜਾਗੋ ਵੀਰੋ ਹੁਣ ਜਾਗਣ ਦੀ ਲੋੜ। ਜਾਗੋ ਜਾਗੋ ਹਿੰਦੀਉ ਹੁਣ ਜਾਗਣ ਦੀ ਲੋੜ।"[23]

ਆਜ਼ਾਦੀ ਸੰਗਰਾਮ ਦੀ ਐਸੀ ਲਾਗ ਲੱਗੀ ਆਪਣਾ ਤਨ, ਮਨ, ਧਨ, ਮਹਾਰਾਜ ਜੀ ਨੇ ਇਸੇ ਨੂੰ ਵਕਫ ਕਰ ਦਿਤਾ। ਕਿਸੇ ਜਾਣਕਾਰ ਸੱਜਣ ਨਾਲ ਲਾਹੌਰ ਵਿਚ ਆਪ ਨੇ ਇਕ ਵੇਰ ਮੋਟਰਾਂ ਗੱਡੀਆਂ ਦੇ ਧੰਦੇ ਵਿਚ ਹਿੱਸੇਦਾਰੀ ਕੀਤੀ। ਪਰ ਆਪ ਦੇ ਮੌਕੇ ਤੇ ਨਾਂ ਰਹਿਣ ਕਾਰਨ, ਉਹ ਸੱਜਣ ਘਾਟਾ ਵਿਖਾ ਗਿਆ। ਉਹਨਾਂ ਦੀਆਂ ਆਰਥਿਕ ਲੋੜਾਂ ਜੋ ਬਹੁਤ ਜ਼ਿਆਦਾ ਵੀ ਨਹੀਂ ਸਨ ਦੀ ਪੂਰਤੀ ਹਿਤ, ਸਤਿਗੁਰੂ ਪਰਤਾਪ ਸਿੰਘ ਜੀ ਅਤੇ ਮਹਾਰਾਜ ਨਿਹਾਲ ਸਿੰਘ ਜੀ ਹਮੇਸ਼ਾਂ ਸਹਾਈ ਰਹੇ।

ਸ੍ਰੀ ਮਹਾਰਾਜ ਜੀ, ਸੰਤ ਇੰਦਰ ਸਿੰਘ ਚੱਕਰਵਰਤੀ ਨਾਲ, ਚੁੰਨ੍ਹੀ ਮਛਲੀ ਦੇ ਇਕ ਸਰਕਾਰ ਵਿਰੋਧੀ ਇੱਕਠ ਵਿਚ ਸਰਹਿੰਦ ਤੋਂ ਪੈਦਲ ਟੁਰ ਕੇ ਅੱਪੜੇ। ਵਾਪਸੀ ਵੀ 12 ਮੀਲ ਦੀ ਸੀ। ਉਸੇ ਰਾਤ ਆਪ ਨੇ ਲਾਹੌਰ ਵੀ ਮਿਥੇ ਪ੍ਰੋਗਰਾਮ ਮੁਤਾਬਿਕ ਜ਼ਰੂਰ ਪੁੱਜਣਾ ਸੀ। ਇਸ ਤਰ੍ਹਾਂ ਦੀਆਂ ਸਰੀਰਕ ਤਕਲੀਫਾਂ ਦੀ ਪਰਵਾਹ ਨਾਂ ਕਰਦਿਆਂ, ਆਪ ਜੀ ਨੂੰ ਤਪਦਿਕ ਰੋਗ ਨੇ ਘੇਰ ਲਿਆ। ਬੀਬੀ ਕਰਤਾਰ ਕੌਰ ਜੀ ਸੇਵਾ ਵਿਚ ਜੁੱਟੇ ਰਹਿੰਦੇ। ਸਤਿਗੁਰੂ ਪਰਤਾਪ ਸਿੰਘ ਜੀ ਦੇ ਹੁਕਮ ਤੇ ਆਪ ਨੂੰ ਲਾਹੌਰ ਤੋਂ ਸ੍ਰੀ ਭੈਣੀ ਸਾਹਿਬ ਬੁਲਾ ਲਿਆ ਗਿਆ ਕਿਉਂਕਿ ਲਾਹੌਰ ਮਹਾਰਾਜ ਜੀ ਨੇ ਸਿਆਸੀ ਕੰਮਾਂ ਤੋਂ ਪਾਸਾ ਨਹੀਂ ਸੀ ਵੱਟਣਾ ਤੇ ਸਿਹਤ ਹੋਰ ਵਿਗੜਨੀ ਸੀ।[24]

1986 ਬਿ. ਦੇ ਚੇਤਰ ਮੁਤਾਬਿਕ ਅਪਰੈਲ 1929 ਈ. ਵਿਚ ਮਹਾਰਾਜ ਜੀ ਨੂੰ ਲਾਹੌਰੋਂ ਭੈਣੀ ਸਾਹਿਬ ਲਿਆ ਕੇ ਪਹਿਲਾਂ ਕਸ਼ਮੀਰ, ਫਿਰ ਸ਼ਿਮਲੇ, ਸੋਲਨ ਆਦਿ ਥਾਂਵਾਂ ਤੇ ਰੱਖਿਆ ਗਿਆ ਸਿਹਤ–ਲਾਭ ਵਾਸਤੇ। ਹਾੜ ਦੇ ਮਹੀਨੇ ਆਪ ਜੰਮੂ–ਕਸ਼ਮੀਰ ਦੇ ਬਟੋਟ ਨਾਮੇਂ ਅਸਥਾਨ ਤੇ ਆ ਰਹੇ। ਹਾੜ, ਸਾਉਣ ਦੋ ਮਹੀਨੇ ਠੀਕ ਰਹੇ। ਲਾਹੌਰੋਂ ਆਪ ਦੇ ਜਾਣ ਬਾਅਦ ਸਤਿਜੁਗ ਦੀ ਪਰਕਾਸ਼ਨਾ ਵਿਚ ਵਿਘਨ ਪਿਆ ਜਾਣ, ਸਤਿਗੁਰੂ ਜੀ ਨੇ ਆਪਣਾ ਪ੍ਰੈਸ ਅਤੇ ਅਖਬਾਰ ਲਾਹੌਰ ਤੋਂ ਸ੍ਰੀ ਭੈਣੀ ਸਾਹਿਬ ਮੰਗਵਾ ਕੇ ਸੰਤ ਇੰਦਰ ਸਿੰਘ ਚੱਕਰਵਰਤੀ, ਜੋ ਮਹਾਰਾਜ ਜੀ ਦੇ ਮੇਲੀ ਸਨ, ਉਹ ਸੰਪਾਦਕ ਬਣਾ ਦਿਤੇ। ਹਾੜ ਦੇ ਅਖੀਰ ਵਿਚ ਭੈਣੀ ਸਾਹਿਬੋਂ ਸਤਿਜੁਗ ਛਾਪ ਕੇ ਪੰਜ ਪਰਚੇ ਲੈਕੇ, ਚੱਕਰਵਰਤੀ ਜੀ ਬਟੋਟ ਮਹਾਰਾਜ ਜੀ ਦੀ ਸੇਵਾ ਵਿਚ ਪੁੱਜੇ। ਮਹਾਰਾਜ ਜੀ ਨੇ ਬਟੋਟ ਤੋਂ ਲਿਖ ਕੇ ਭੇਜਿਆ ਸੀ ਕਿ ਹੁਣ ਸਾਡੀ ਦੇਹ ਰਾਜ਼ੀ ਹੈ, ਉਹ ਪੱਤਰ ਸਤਿਜੁਗ ਵਿਚ ਛਾਪ ਦਿਤਾ ਗਿਆ।

ਭਾਦਰੋਂ ਦੇ ਚੜ੍ਹਨ ਸਾਰ ਸਿਹਤ ਫਿਰ ਡਿੱਗ ਪਈ। ਇਕ ਦਿਨ ਤੇ ਸਰੀਰ ਇਸ ਤਰ੍ਹਾਂ ਹੋ ਗਿਆ ਕਿ ਜਿਵੇਂ ਸੁਆਸ ਮੁੱਕ ਗਏ ਹੋਣ। ਅਚਾਨਕ ਆਪ ਜੀ ਦੀ ਹੋਸ਼ ਪਰਤ ਆਈ। ਆਪ ਨੇ ਨਾਲ ਦੇ ਸੇਵਕਾਂ ਨੂੰ ਉਹਨਾਂ ਨੂੰ ਸ੍ਰੀ ਭੈਣੀ ਸਾਹਿਬ ਪਹੁੰਚਾਏ ਜਾਣ ਬਾਰੇ ਕਹਿ ਦਿੱਤਾ। ਇਕ ਕਾਰ ਦਾ ਪ੍ਰਬੰਧ ਕਰਕੇ ਆਪ ਜੀ ਉਸੇ ਰਾਤ ਸ੍ਰੀ ਭੈਣੀ ਸਾਹਿਬ ਪੁੱਜ ਗਏ। ਸਤਿਗੁਰੂ ਪਰਤਾਪ ਸਿੰਘ ਜੀ ਦੇ ਦਰਸ਼ਨ ਕਰਦਿਆਂ ਵੈਰਾਗੀ ਹੋ ਗਏ,

ਬਖਸ਼ਿਸ਼ ਦੀ ਯਾਚਨਾ ਗੁਰੂ ਭਰਾਤਾ ਤੋਂ ਕੀਤੀ। ਸਤਿਗੁਰੂ ਜੀ ਨੇ ਪਿਆਰ ਗਲਵੱਕੜੀ ਵਿਚ ਲੈਕੇ ਖੁਸ਼ੀਆਂ ਬਖਸ਼ੀਆਂ। ਦੇਹ ਨੂੰ ਪੋਲਾ ਪੋਲਾ ਘੁੱਟਦੇ ਰਹੇ। ਆਪ ਨੇ ਸ੍ਰੀ ਭੈਣੀ ਸਾਹਿਬ ਆਕੇ ਆਪਣਾ ਅੰਤਿਮ ਸਮਾਂ, ਪੂਰਨ ਗੁਰ ਮਰਿਆਦਾ ਅਨੁਸਾਰ ਬਤੀਤ ਕੀਤਾ। ਓੜਕ ਆਪ ਸੰਬਤ ਬਿ. 1986,18 ਭਾਦਰੋਂ ਸੋਮਵਤੀ ਮੱਸਿਆ ਦੇ ਦਿਨ, ਮੁਤਾਬਿਕ 2 ਸਤੰਬਰ 1929 ਈ. ਨੂੰ ਦਿਨ ਦੇ ਇਕ ਵਜੇ, ਰਾਮਸਰ ਦੇ ਕੰਢੇ, ਆਪਣਾ ਸਰੀਰਕ ਚੋਲਾ ਤਿਆਗ ਗਏ। ਉਸੇ ਦਿਨ ਸ਼ਾਮ ਨੂੰ ਰਾਮਸਰੋਂ ਚੜ੍ਹਦੇ ਪਾਸੇ ਬੋਹੜਾਂ ਵੱਲ, ਗੁਰ ਮਰਿਆਦਾ ਅਨੁਸਾਰ ਸਤਿਗੁਰੂ ਪਰਤਾਪ ਸਿੰਘ ਜੀ, ਪੂਜ ਮਾਤਾਵਾਂ ਜੀਵਨ ਕੌਰ ਫਤੇਹ ਕੌਰ ਜੀ, ਆਪਦੇ ਮਹਿਲ ਬੇਬੇ ਕਰਤਾਰ ਕੌਰ ਜੀ, ਮਹਾਰਾਜ ਨਿਹਾਲ ਸਿੰਘ ਜੀ, ਜੋ ਆਪਦੇ ਆਉਂਦਿਆਂ ਹੀ ਲਾਹੌਰੋਂ ਆ ਗਏ ਸਨ, ਉਹਨਾਂ ਦੇ ਮਹਿਲ ਬੇਬੇ ਸਤਵੰਤ ਕੌਰ ਜੀ, ਹੋਰ ਗੁਰੂ ਪਰਿਵਾਰ ਅਤੇ ਸਾਧ ਸੰਗਤ ਦੀ ਵਡੀ ਹਾਜਰੀ ਵਿਚ, ਆਪ ਦਾ ਅੰਤਿਮ ਸਸਕਾਰ ਕਰ ਦਿਤਾ ਗਿਆ। ਤੀਜੇ ਦਿਨ ਸਭ ਅਸਥੀਆਂ ਸਤਿਗੁਰੂ ਜੀ ਤੇ ਗੁਰੂ ਪਰਿਵਾਰ ਨੇ, ਲਾਲ ਸਿੰਘ ਡਰਾਇਵਰ ਸ੍ਰੀ ਭੈਣੀ ਸਾਹਿਬ ਦੁਆਰਾ ਚਲਾਈ ਕਾਰ ਵਿਚ ਲੈ ਜਾਕੇ, ਨਹਿਰ ਸਰਹਿੰਦ ਵਿਚ ਜਲ ਪਰਵਾਹ ਕਰ ਦਿਤੀਆਂ। ਮਾਤਾ ਫਤੇਹ ਕੌਰ ਜੀ ਨੇ ਕਿਹਾ ਕਿ ਇਹ ਸਾਡੇ ਵਿਚ 32 ਵਰ੍ਹੇ ਬਿਤਾ ਗਏ ਹਨ।[25] ਸੋਮਵਾਰ ਹੀ ਆਏ ਸਨ ਅਤੇ ਉਸੇ ਵਾਰ ਹੀ ਚਲੇ ਗਏ। ਇਕ ਖੂਬਸੂਰਤ ਇਨਸਾਨ ਅਜ਼ੀਮ ਤਰੀਨ ਬੁਲੰਦ ਇਰਾਦਾ ਸ਼ਖਸ਼ੀਅਤ, ਦੇਸ਼ ਆਜ਼ਾਦੀ ਦੀ ਸ਼ਮ੍ਹਾਂ ਦਾ ਪਰਵਾਨਾ, ਹਸੂੰ ਹਸੂੰ ਕਰਦਾ ਚਿਹਰਾ, ਖਿੜਿਆ ਮਨ ਮਸਤਕ ਜੋ ਸਦਾ ਵਿਗਾਸ ਵਿਚ ਰਹਿੰਦਾ ਸੀ, ਅਗਨ ਲਪਟਾਂ ਦਾ ਸਾਥੀ ਬਣ ਕੇ, ਸਤਿਲੁਜ ਪੁੱਤਰੀ ਨਹਿਰ ਸਰਹਿੰਦ ਵਿਚ ਇਉਂ ਅਛੋਪਲੇ ਹੀ ਸਮਾਅ ਜਾਏਗਾ, ਕਿਸੇ ਨੇ ਕਿਆਸਿਆ ਤੱਕ ਨਹੀਂ ਸੀ। ਸਤਿਗੁਰੂ ਪਰਤਾਪ ਸਿੰਘ ਜੀ ਅਤੇ ਸਮੂਹ ਗੁਰੂ ਪਰਿਵਾਰ ਤੇ ਪੰਜ ਕੁ ਸਾਲ ਪਹਿਲੋਂ, ਮਾਤਾ ਭੂਪਿੰਦਰ ਕੌਰ ਜੀ ਦੇ ਗੁਰ ਪੁਰੀ ਪਿਆਨਾ ਕਰ ਜਾਣ ਬਾਅਦ ਇਹ ਦੂਜਾ ਵੱਜਰ ਪਾਤ ਸੀ ਪਰ ਸਤਿਗੁਰੂ ਜੀ ਨੇ ਗੁਰੂ ਕੇ ਭਾਣੇ ਵਿਚ ਰਹਿੰਦਿਆਂ, ਆਪਣੇ ਪਰਿਵਾਰ, ਸਿੱਖ ਸੰਗਤਾਂ ਅਤੇ ਮਹਾਰਾਜ ਜੀ ਦੇ ਸਮੂਹ ਮੇਲੀਆਂ ਗੇਲੀਆਂ ਨੂੰ ਭਾਣਾ ਮੰਨਣ ਦਾ ਉਪਦੇਸ਼ ਦਿਤਾ। ਸਤਿਗੁਰੂ ਜੀ ਇਹਨਾਂ ਦਿਨਾਂ ਵਿਚ ਚਾਲੀ ਦਿਨਾ ਨਾਮ ਸਿਮਰਨ ਜਪੁ ਪ੍ਰਯੋਗ ਕਰ ਰਹੇ ਸਨ। ਇਸ ਪਰਯੋਗ ਦੀ ਸਮਾਪਤੀ ਅਤੇ ਮਹਾਰਾਜ ਜੀ ਨਮਿਤ ਭੋਗ ਦਾ ਅੰਤਿਮ ਜੋੜ ਮੇਲਾ, 3–4–5–6 ਅੱਸੂ ਨੂੰ ਸ੍ਰੀ ਭੈਣੀ ਸਾਹਿਬ, ਸਤਿਗੁਰੂ ਜੀ ਦੀ ਹਜ਼ੂਰੀ ਵਿਚ ਸੰਪੰਨ ਹੋਇਆ। ਸੰਤ ਨਿਧਾਨ ਸਿੰਘ ਆਲਿਮ, ਸੰਤ ਮੰਗਲ ਸਿੰਘ ਅਰਸ਼ੀ ਫਰਿਸ਼ਤਾ ਅਤੇ ਇੰਦਰ ਸਿੰਘ ਚੱਕਰਵਰਤੀ ਆਦਿ ਨੇ ਮਹਾਰਾਜ ਜੀ ਨੂੰ ਸ਼ਰਧਾ ਪੁਸ਼ਪ ਅਰਪਿਤ ਕੀਤੇ। ਨਾਮਧਾਰੀ ਦਰਬਾਰ ਨੂੰ ਪਏ ਵੱਡੇ ਘਾਟੇ ਦਾ ਜ਼ਿਕਰ ਕਰਦਿਆਂ ਮਹਾਰਾਜ ਨਿਹਾਲ ਸਿੰਘ ਜੀ ਨੂੰ ਬੇਨਤੀ ਕੀਤੀ ਕਿ ਉਹ ਮਹਾਰਾਜ ਜੀ ਵਾਲਾ ਖੱਪਾ ਪੂਰਾ ਕਰਨ ਲਈ, ਉਹਨਾਂ ਦੀ ਥਾਂ ਕਾਂਗਰਸ ਵਿਚ ਕੂਕਿਆਂ ਸਮੇਤ ਸ਼ਾਮਲ ਹੋ ਕੇ ਵੱਧ ਸਰਗਰਮੀ ਨਾਲ, ਸਤਿਗੁਰੂ ਰਾਮ ਸਿੰਘ ਜੀ ਦੇ ਸੁਤੰਤਰਤਾ ਵਾਲੇ ਮਿਸ਼ਨ ਨੂੰ ਪੂਰਾ ਕਰਨ।[26]

1929-30 ਈ. ਨੂੰ ਦਸੰਬਰ ਜਨਵਰੀ ਵਿਚ ਲਾਹੌਰ ਕੁੱਲ ਹਿੰਦ ਕਾਂਗਰਸ ਦਾ ਕੌਮੀ ਇਜਲਾਜ ਸੀ। ਆਪਣੇ ਅੰਤਿਮ ਸਮੇਂ ਆਪਣੇ ਸੰਗੀਆਂ ਨਾਲ ਮਹਾਰਾਜ ਜੀ ਨੇ ਇਹ ਰੀਝ ਪ੍ਰਗਟ ਕੀਤੀ ਸੀ ਕਿ ਉਹ ਇਜਲਾਸ ਸ਼ਾਨਦਾਰ ਢੰਗ ਨਾਲ ਨੇਪਰੇ ਚੜ੍ਹੇ। ਦੇਸ਼ ਵਿਚ ਬਦਲੇ ਸਿਆਸੀ ਉਭਾਰ ਦੇ ਮਾਹੌਲ ਤੋਂ ਆਪ ਜਾਣੂ ਸਨ ਕਿ ਇਸ ਸੰਮੇਲਨ ਵਿਚ ਮੁਕੰਮਲ ਆਜ਼ਾਦੀ ਦਾ ਪ੍ਰਸਤਾਵ ਹਰ ਹੀਲੇ ਪਾਸ ਹੋ ਜਾਏਗਾ। ਅਕਾਲ ਚਲਾਣੇ ਸਮੇਂ ਮਹਾਰਾਜ ਜੀ ਆਲ ਇੰਡੀਆ ਕਾਂਗਰਸ ਕਮੇਟੀ ਦੇ ਮੈਂਬਰ ਸਨ ਅਤੇ ਇਸ ਤੋਂ ਪਹਿਲਾਂ ਆਪ ਕਾਂਗਰਸ ਦੇ ਤਿੰਨ ਕੁੱਲ ਹਿੰਦ ਸਮਾਗਮਾਂ 1921,1922 ਅਤੇ 1923 ਵਿਚ ਬਤੌਰ ਡੈਲੀਗੇਟ ਸ਼ਾਮਲ ਹੁੰਦੇ ਰਹੇ।[27] ਅਜਿਹੇ ਅਹਿਮਦਾਬਾਦ ਅਤੇ ਕਲਕੱਤਾ ਅਧਿਵੇਸ਼ਨਾਂ ਵਿਚ ਆਪ ਨੇ ਜਦੋਂ ਲੂੰ ਕੰਡੇ ਖੜੇ ਕਰਨ ਵਾਲੀ ਕੂਕਾ ਸੰਗਰਾਮ ਦੀ ਵਿਥਿਆ ਛੋਹੀ ਤਾਂ ਸਰੋਤੇ ਮੰਤਰ ਮੁਗਧ ਵੀ ਹੋਏ ਅਤੇ ਉਹਨਾਂ ਨੂੰ ਇਹ ਵੀ ਗਿਆਨ ਹੋਇਆ ਕਿ ਭਾਰਤ ਵਿਚ ਨਾ ਮਿਲਵਰਤਣ ਅਤੇ ਅਸਹਿਯੋਗ ਅੰਦੋਲਨ ਦੇ ਜਨਕ ਤਾਂ ਗਾਂਧੀ ਜੀ ਤੋਂ 65 ਵਰ੍ਹੇ ਪਹਿਲਾਂ ਸਤਿਗੁਰੂ ਰਾਮ ਸਿੰਘ ਜੀ ਸਨ।

ਮਹਾਰਾਜ ਜੀ ਦੇ ਮੁਤਾਬਿਕ "ਮੁਰਝਾਇਆਂ ਨੂੰ ਸੁਰਜੀਤ ਅਤੇ ਮੋਇਆਂ ਨੂੰ ਜੀਵਤ ਕਰ ਦੇਣ ਵਾਲੀ ਅਕਾਲੀ ਜੋਤ!" ਸਤਿਗੁਰੂ ਰਾਮ ਸਿੰਘ ਜੀ ਸਨ। ਇਸੇ ਸਿਰਲੇਖ ਹੇਠ, ਸਤਿਜੁਗ ਦੇ 1923 ਈ. ਦੇ "ਬਸੰਤ ਅੰਕ," ਜੋ ਉਦੋਂ ਲਾਹੌਰ ਤੋਂ ਛਪਦਾ ਸੀ ਵਿਚ ਇਕ ਲੇਖ ਲਿਖਿਆ ਸੀ। ਉਹ ਇਸ ਵਿਚ ਲਿਖਦੇ ਹਨ-

"ਮਹਾਂ ਪੁਰਸ਼ਾਂ, ਔਲੀਆਂ, ਅਵਤਾਰਾਂ, ਗੁਰੂਆਂ, ਪੀਰਾਂ ਦੀ ਅਗਾਧ ਲੀਲ੍ਹਾ ਹੁੰਦੀ ਹੈ। ਉਹ ਜਾਣੀ ਜਾਣ ਅਤੇ ਭਵਿੱਖਤ ਤੋਂ ਗਿਆਤ ਹੁੰਦੇ ਹਨ। ਸਧਾਰਨ ਪੁਰਸ਼ ਉਨਾਂ ਦੀ ਲੀਲ੍ਹਾ ਸਮਝ ਨਹੀਂ ਸਕਦੇ, ਪਿਛੋਂ ਪਤਾ ਲੱਗਦਾ ਹੈ ਕਿ ਜੋ ਮਹਾਂਪੁਰਸ਼ਾਂ ਦਾ ਕਥਨ ਸੀ, ਉਹ ਠੀਕ ਸੀ। ਪੱਛਮੀ (ਵਿਦੇਸ਼ੀ) ਸਭਿਅਤਾ ਦੀ ਜਦ ਸਤਿਗੁਰੂ ਰਾਮ ਸਿੰਘ ਜੀ ਨੇ ਵਿਰੋਧਤਾ ਕੀਤੀ ਤਾਂ ਲੋਕਾਂ ਨੇ ਜੋ ਇਹਨਾਂ ਨੂੰ ਸਮਝ ਨਹੀਂ ਸਕਦੇ ਸਨ, "ਝੱਲਾ, ਬੇਸਮਝ" ਆਦਿਕ ਸ਼ਬਦਾਂ ਨਾਲ ਸਨਮਾਨਿਤ ਕੀਤਾ ਜੋ ਅੱਜ ਸਭ ਲੋਕ, ਵਿਸ਼ੇਸ਼ ਕਰਕੇ ਉਸ ਸਮੇਂ ਵਾਲੇ, ਜਿੱਥੋਂ ਦੀ ਇਹ ਉਤਪਤੀ ਹੈ, ਆਪ ਇਸ ਤੋਂ ਤੰਗ ਆਏ ਹੋਏ ਹਨ।

"ਫਰਾਂਸ ਦੇ ਫਲਾਸਫਰ ਬਰਗਸਨ ਦਾ ਕਥਨ ਹੈ ਕਿ 'ਪੱਛਮੀ ਵਿਦਿਆ ਦੀ ਉਨਤੀ ਦਾ ਇਹ ਅਸਰ ਹੋਇਆ ਕਿ ਮਨੁੱਖ ਦਾ ਸਰੀਰ ਅਤੇ ਸਰੀਰਕ ਸ਼ਕਤੀ ਬੇਹੱਦ ਵਧ ਗਈ ਹੈ। ਟੈਲੀਫੋਨ ਨਾਲ ਹਜਾਰਾਂ ਮੀਲਾਂ ਤੱਕ ਗੱਲਬਾਤ ਹੋ ਜਾਂਦੀ ਹੈ। ਨਿਗਾਹ ਅਨਗਿਣਤ ਬਰੀਕ ਹੋ ਗਈ ਹੈ। ਬੜੀਆਂ ਬੜੀਆਂ ਤੋਪਾਂ ਨਾਲ ਦੂਰ ਤੱਕ ਮਾਰ ਹੋਣ ਲੱਗ ਪਈ ਹੈ, ਪਰ ਦੁੱਖ ਦੂਰ ਨਹੀਂ ਹੋਇਆ। ਮਿਸਟਰ ਬੇਨਸਪੂਰ ਨੇ ਜੋ ਨਾਗਪੁਰ ਕਾਂਗਰਸ ਉਤੇ ਵਲਾਇਤੋਂ ਮਜ਼ਦੂਰ ਪਾਰਟੀ ਨੇ ਭੇਜੇ ਸਨ ਕਿਹਾ ਸੀ ਕਿ ਪੱਛਮੀ ਨੂੰ ਪੂਰਬੀ ਸੱਭਿਅਤਾ ਦੀ ਲੋੜ ਹੈ। ਇਸ ਬਿਨਾਂ ਉਥੇ ਕਾਰਜ ਰਾਸ ਨਹੀਂ ਆ ਸਕਦਾ। ਇਸ ਤੋਂ ਬਿਨਾਂ ਭਾਰਤ ਵੀ ਆਪਣੀ ਭੁੱਲ ਨੂੰ ਅਨੁਭਵ ਕਰ ਰਿਹਾ ਹੈ। ਜੇ 40-50 ਬਰਸ ਜਦ ਪਹਿਲੋਂ ਸਤਿਗੁਰੂ ਰਾਮ ਸਿੰਘ ਜੀ ਨੇ ਆਤਮਿਕ ਸ਼ਕਤੀ ਦਾ ਪਰਚਾਰ

ਕੀਤਾ, ਭਾਰਤ ਵਾਸੀ, ਸਤਿਗੁਰੂ ਦੇ ਸਿੱਖ ਹੋ ਕੇ ਲਾਭ ਪਰਾਪਤ ਕਰਦੇ ਅਤੇ ਉਸ ਸਮੇਂ ਜੋ ਸਤਿਗੁਰਾਂ ਪੱਛਮੀ ਸੱਭਿਅਤਾ ਦੇ ਵਿਰੁੱਧ ਨਾ-ਮਿਲਵਰਤਨ ਦਾ ਪਰਚਾਰ ਕੀਤਾ ਇਸ ਨੂੰ ਧਾਰਨ ਕਰ ਲੈਂਦੇ ਤਾਂ ਅੱਜ ਨੂੰ ਕਦੇ ਦੇ ਸੁਤੰਤਰ ਹੋ ਗਏ ਹੁੰਦੇ ਅਤੇ ਜੋ ਆਪਣੇ ਦੁੱਖੜਿਆਂ ਤੇ ਰੋ ਰਹੇ ਹਨ ਇਸ ਤਰ੍ਹਾਂ ਨਾਂ ਰੋਂਦੇ ਹੁੰਦੇ, ਸਗੋਂ ਅੱਜ ਨੂੰ ਚਿਰ ਪਹਿਲੇ, ਸਾਰੇ ਸੰਸਾਰ ਦੀ ਅਗਵਾਈ ਕਰਦੇ ਹੁੰਦੇ। ਭੁੱਲਿਆਂ ਦਾ ਹੁਣ ਵੀ ਰਾਹ ਪੈ ਜਾਣਾ ਲਾਭਕਾਰੀ ਹੋਵੇਗਾ। ਅੱਜ ਜਿਸ ਨਾਂ ਮਿਲਵਰਤਨ ਦਾ ਪਰਚਾਰ ਕੀਤਾ ਜਾ ਰਿਹਾ ਹੈ, ਇਸ ਕਾਢ ਦੇ ਕੱਢਣ ਹਾਰ ਸਤਿਗੁਰੂ ਰਾਮ ਸਿੰਘ ਜੀ ਹਨ।"[28]

ਸੰਤ ਨਿਧਾਨ ਸਿੰਘ ਆਲਿਮ ਜੀ ਦੇ ਲਿਖਣ ਮੁਤਾਬਿਕ ਮਹਾਰਾਜ ਜੀ ਦਾ ਜੀਵਨ ਇਕ ਤਪੱਸਵੀ ਦਾ ਜੀਵਨ ਸੀ। ਉਹਨਾਂ ਦੀ ਯਾਦ ਵਿਚ ਸਤਿਜੁਗ ਦੇ ਸੰਪਾਦਕੀ ਲੇਖ ਵਿਚ ਚੱਕਰਵਰਤੀ ਜੀ ਲਿਖਦੇ ਹਨ- "ਆਪ ਜੀ ਦੀ ਸਾਦਗੀ, ਮਿਠੀ ਬੋਲੀ ਦੇ ਸਭ ਕਾਇਲ ਹਨ। ਅਜਿਹੇ ਨਿਰਵੈਰ ਆਤਮਾ ਸਨ ਕਿ ਦੁਨੀਆਂ ਉਤੇ ਇਕ ਵੀ ਵਿਅਕਤੀ ਨਹੀਂ ਜੋ ਆਪ ਦਾ ਸ਼ੱਤਰੂ ਹੋਵੇ। ਆਪ ਦੀ ਸਚਾਈ ਜਗਤ ਵਿਖਿਆਤ ਹੈ। ਆਪ ਜੋ ਅਸੂਲ ਆਪਣਾ ਕਾਇਮ ਕਰਦੇ ਉਸ ਉਤੇ ਚਟਾਨ ਵਾਂਗੂੰ ਦ੍ਰਿੜ ਤੇ ਅੱਟਲ ਰਹਿੰਦੇ। ਅਡੰਬਰ ਆਪ ਨੂੰ ਛੋਹ ਤਕ ਨਹੀਂ ਸੀ ਗਿਆ। ਦਿਖਾਵਾ ਆਪ ਨੂੰ ਕਦੇ ਪਸੰਦ ਹੀ ਨਹੀਂ ਹੋਇਆ। ਨਾਂ ਅਤੇ ਵਡਿਆਈ ਤੋਂ ਆਪ ਕੋਹਾਂ ਦੂਰ ਰਹਿੰਦੇ। ਕਾਂਗਰਸ ਦੇ ਆਪ ਅਨਿੰਨ ਕਾਰਜ ਕਰਤਾ ਸਨ। ਦਿਨ ਰਾਤ ਆਪ ਦੇਸ਼ ਸੇਵਾ ਦੇ ਕਾਰਜ ਵਿਚ ਤਤਪਰ ਰਹਿੰਦੇ ਅਤੇ ਵਾਧਾ ਇਹ ਕਿ ਆਪ ਨੂੰ ਲੀਡਰੀ ਅਤੇ ਮਸ਼ਹੂਰੀ ਦੀ ਵਾਸ਼ਨਾ ਹੀ ਨਹੀਂ ਸੀ ਉਪਜਦੀ।

"ਆਪ ਦਾ ਦਰਦੀ ਦਿਲ ਦੇਸ਼ ਅਤੇ ਕੌਮ ਦੇ ਦੁਖ ਤਕ ਸਦੀਵ ਦੁਖੀ ਰਹਿੰਦਾ। ਆਜ਼ਾਦੀ ਦੇ ਆਪ ਪੂਰਨ ਭਗਤ ਅਤੇ ਕੱਟੜ ਹਾਮੀ ਸਨ।....ਮਨ, ਬਚਨ, ਕਰਮ ਕਰਕੇ ਆਪ ਅਹਿੰਸਾ ਦੀ ਪਾਲਣਾ ਕਰਦੇ। ਦ੍ਵੈਸ਼ ਅਤੇ ਈਰਖਾ ਲਈ ਆਪ ਦੇ ਦਿਲ ਵਿਚ ਥਾਂ ਹੀ ਨਹੀਂ ਸੀ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਮਿਸ਼ਨ ਦਾ ਪਰਚਾਰ ਅਤੇ ਨਾਮਧਾਰੀ ਪੰਥ ਦੀ ਬੇਹਤਰੀ ਦਾ ਆਪ ਸਦੀਵ ਖਿਆਲ ਰੱਖਦੇ।....ਆਪ ਮਨੁੱਖ ਮਾਤਰ ਨਾਲ ਪਿਆਰ ਕਰਦੇ ਅਤੇ ਆਪ ਜੀ ਨੇ ਆਪਣਾ ਇਹ ਉਦੇਸ਼ ਵੀ ਅੰਤਲੇ ਸੁਆਸਾਂ ਤੱਕ ਨਿਬਾਹਿਆ।"[29]

ਮਹਾਰਾਜ ਜੀ ਦੇ ਮਹਿਲ ਬੇਬੇ ਕਰਤਾਰ ਕੌਰ ਜੀ ਆਪ ਜੀ ਤੋਂ ਬਾਅਦ ਬੜੀ ਵੈਰਾਗੀ ਅਵਸਥਾ ਵਿਚ ਸ੍ਰੀ ਭੈਣੀ ਸਾਹਿਬ ਹੀ ਰਹੇ। ਆਪ ਨੇ ਮਹਾਰਾਜ ਜੀ ਦਾ ਬਿਰਹਾ ਇਉਂ ਹੰਡਾਇਆ ਕਿ ਤਿੰਨਾਂ ਕੁ ਸਾਲਾਂ ਵਿਚ ਹੀ ਤਿਲ ਤਿਲ ਕਰਕੇ ਸੁਆਸਾਂ ਦੀ ਆਹੂਤੀ ਦੇ ਗਏ। ਉਹ ਤਾਂ ਸਾਉਣ 1989 ਬਿ. ਮੁਤਾਬਿਕ ਅਗਸਤ 1932 ਈ: ਵਿਚ ਜੀਵਨ ਸਫਰ ਮੁਕਾ ਗਏ। ਆਪ ਇਸ ਸਮੇਂ ਤੀਹ ਵਰ੍ਹਿਆਂ ਤੋਂ ਕੁਝ ਘੱਟ ਵੱਧ ਉਮਰ ਵਿਚ ਹੀ ਸਨ। ਮਹਾਰਾਜ ਗੁਰਦਿਆਲ ਸਿੰਘ ਜੀ ਦੀ ਯਾਦ ਵਿਚ ਹੀ ਬੇਬੇ ਕਰਤਾਰ ਕੌਰ ਜੀ ਨੇ ਜੀਵਨ ਬਤੀਤ ਕੀਤਾ। ਇਸ ਦੰਪਤੀ ਦੀ ਦੁਨਿਆਵੀ ਸੰਤਾਨ ਕੋਈ ਨਹੀਂ ਸੀ। ਉਹਨਾਂ ਦਾ ਵੈਰਾਗ, ਤਿਆਗ, ਕੁਰਬਾਨੀ ਸਾਰੀ ਸ੍ਰਿਸ਼ਟੀ ਦੇ ਬੱਚਿਆਂ

ਨੂੰ ਹੀ ਆਪਣੇ ਬੱਚੇ ਸਮਝਣ ਜਿਹਾ ਸੀ। ਉਹਨਾਂ ਦਾ ਸੱਚਾ, ਸੁੱਚਾ ਅਤੇ ਸਾਦਾ ਜੀਵਨ, ਦੇਸ਼ ਪਿਆਰ ਅਤੇ ਮਨੁੱਖੀ ਹਮਦਰਦੀ ਦੇ ਰਾਹ ਤੇ ਚੱਲਣ ਵਾਲਿਆਂ ਲਈ ਸਦਾ ਪਰੇਰਨਾ ਸਰੋਤ ਬਣਿਆ ਰਹੇਗਾ। ਆਪਣੀ ਉੱਚੀ ਕੁਲ, ਵਿਦਵਤਾ ਅਤੇ ਇਕ ਅਣਥੱਕ ਦੇਸ਼ ਭਗਤ ਜਿਹੇ ਗੁਣਾਂ ਦੇ ਧਾਰਨੀ ਹੁੰਦਿਆਂ ਵੀ ਮਹਾਰਾਜ ਜੀ ਆਮ ਲੋਕਾਂ ਵਿਚ ਘੁਲ ਮਿਲ ਕੇ ਰਹਿਣ ਦੇ ਆਦੀ ਸਨ। ਸਤਿਗੁਰੂ ਰਾਮ ਸਿੰਘ ਜੀ ਦੇ ਵਿੱਢੇ ਮਨੁੱਖੀ, ਮੁਕਤੀ-ਸੰਗਰਾਮ ਵਿਚ, ਉਹਨਾਂ ਦਾ ਪਾਇਆ ਅਦੁੱਤੀ ਯੋਗਦਾਨ ਪੰਜਾਬ ਅਤੇ ਨਾਮਧਾਰੀ ਇਤਿਹਾਸ ਵਿਚ ਸਦਾ ਆਦਰ ਸਹਿਤ ਯਾਦ ਕੀਤਾ ਜਾਂਦਾ ਰਹੇਗਾ। ਉਹ ਮਸਤਾਂ ਦੀਆਂ ਮਜਲਿਸਾਂ ਦੇ ਸਰਦਾਰ ਵਜੋਂ ਚੇਤੇ ਕੀਤੇ ਜਾਣਗੇ।

## ਹਵਾਲੇ ਤੇ ਟਿੱਪਣੀਆਂ


1. ਭਾਈ ਸੰਤੋਖ ਸਿੰਘ ਬਾਹੋਵਾਲ, ਸਤਿਗੁਰੂ ਬਿਲਾਸ ਭਾਗ ਦੂਜਾ, ਸਫਾ 205
2. ਲਾਲ ਏਹਿ ਰਤਨ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪਵਿਤਰ ਉਪਦੇਸ਼ - 5, ਸਫਾ 72
3. ਸਤਿਗੁਰੂ ਬਿਲਾਸ, ਭਾਗ ਦੂਜਾ, ਸਫਾ 207
4. ਉਹੀ, ਸਫਾ 269
5. ਉਹੀ, ਸਫਾ 378
6. ਜੱਸ ਜੀਵਨ- (ਭਾਗ ਪਹਿਲਾ)-ਸੰਤ ਤਰਨ ਸਿੰਘ ਵਹਿਮੀ, ਸਫਾ 128-35
7. ਉਹੀ, ਸਫਾ 139-40
8. ਉਹੀ, ਸਫਾ 168
9. ਸਤਿਜੁਗ, ਸ੍ਰੀ ਭੈਣੀ ਸਾਹਿਬ ਦਾ ਸੰਤ ਅੰਕ, 20 ਭਾਦਰੋਂ ਸੰਬਤ 1998 ਬਿ. (ਮੁਤਾਬਿਕ 1941 ਈ.) ਵਿਚ ਸੰਤ ਇੰਦਰ ਸਿੰਘ 'ਚੱਕਰਵਰਤੀ' ਦੀ ਰਚਨਾ "ਦੈਂਤ ਤੋਂ ਦੇਵਤਾ," ਸਫਾ 66-67
10. ਜੱਸ ਜੀਵਨ ਭਾਗ ਪਹਿਲਾ, ਸਫਾ 223
11. ਜੀਵਨ ਕਥਾ, ਗੁਰਮੁਖ ਪਿਆਰੇ, ਸੰਤ ਅਤਰ ਸਿੰਘ ਜੀ ਮਹਾਰਾਜ ਦੇ ਅਨਿੰਨ ਸੇਵਕ, ਸੰਤ ਤੇਜਾ ਸਿੰਘ ਜੀ ਐਮ. ਏ. ਐਲ ਐਲ. ਬੀ. (ਪੰਜਾਬ) ਏ. ਐਮ. (ਹਾਰਵਰਡ ਯੂ. ਐਸ. ਏ.) ਦੀ ਆਪਣੀ ਕਲਮ ਤੋਂ ਲਿਖੀ ਹੋਈ, ਭਾਗ-2, ਜੂਨ 2008, ਕਲਗੀਧਰ ਟਰਸਟ ਬੜੂ ਸਾਹਿਬ (ਹਿਮਾਚਲ), ਸਫਾ 143-46
12. ਜੱਸ ਜੀਵਨ, ਭਾਗ ਪਹਿਲਾ, ਸਫਾ 241
13. ਉਹੀ, ਸਫਾ 272
14. ਨਾਮਧਾਰੀ ਇਤਿਹਾਸ, ਨਾਹਰ ਸਿੰਘ ਐਮ. ਏ. ਸੰਪਾਦਕ ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ, ਛਾਪ ਦੂਜੀ, ਸਫਾ 15

15. ਜੱਸ ਜੀਵਨ, ਭਾਗ ਪਹਿਲਾ ਸਫਾ 287-88
16. ਨਵਾਂ ਹਿੰਦੁਸਤਾਨ, ਸ੍ਰ. ਮੰਗਲ ਸਿੰਘ ਲਾਇਲਪੁਰੀ, ਨਵੀਂ ਦਿੱਲੀ, 16 ਨਵੰਬਰ 1959 ਸ੍ਰੀ ਮਹਾਰਾਜ ਨਿਹਾਲ ਸਿੰਘ ਜੀ ਦੀ ਜੀਵਨ (ਸਪਤਾਹਿਕ) ਝਾਕੀ, ਬੀ. ਐਸ. ਜੇ. ਜ਼ਿਲ੍ਹਾ ਅੰਮ੍ਰਿਤਸਰ ਦਾ ਲੇਖ, ਸਫਾ 5
17. ਸੰਤ ਇੰਦਰ ਸਿੰਘ ਚੱਕਰਵਰਤੀ, "ਮਾਲਵੇਂਦ੍ਰ ਬਾਰੇ" ਭੂਮਿਕਾ, ਸੰਤ ਨਿਧਾਨ ਸਿੰਘ ਆਲਿਮ, ਸਫਾ ਵ, ਟ, ਠ
18. ਜੱਸ ਜੀਵਨ, ਭਾਗ ਦੂਜਾ, ਸਫਾ 8-9
19. ਉਹੀ, ਸਫਾ 46
20. ਉਹੀ, ਸਫਾ 108-09
21. ਉਹੀ, ਸਫਾ 183
22. ਕੂਕਿਆਂ ਬਾਰੇ ਸੰਤ ਇੰਦਰ ਸਿੰਘ ਚੱਕਰਵਰਤੀ, ਸਫਾ 249-53
23. ਜੱਸ ਜੀਵਨ, (ਭਾਗ ਦੂਜਾ) ਸਫਾ 194-95
24. ਉਹੀ, ਸਫਾ 214
25. ਉਹੀ, ਸਫਾ 215-17
26. ਉਹੀ, ਸਫਾ 217-18
27. ਜੁੱਗ ਪਲਟਾਊ ਸਤਿਗੁਰੂ-ਸੰਤ ਨਿਧਾਨ ਸਿੰਘ ਜੀ 'ਆਲਿਮ', ਦੂਜੀ ਛਾਪ, ਸ੍ਰੀ ਜੀਵਨ ਨਗਰ, ਸਫਾ 269-70
28. ਸਤਿਜੁਗ ਦਾ ਬਸੰਤ ਅੰਕ 2050 ਬਿਕਰਮੀ ਮੁਤਾਬਿਕ 1994 ਈ. ਨਵੀਂ ਦਿੱਲੀ, ਮਹਾਰਾਜ ਗੁਰਦਿਆਲ ਸਿੰਘ ਜੀ ਦੇ ਪਹਿਲੋਂ ਛਪੇ ਲੇਖ ਨੂੰ ਮੁੜ ਛਾਪਿਆ-"ਅਕਾਲੀ ਜੋਤ"-ਸਫਾ 18-19
29. ਸਤਿਜੁਗ, ਸਪਤਾਹਿਕ, ਸ੍ਰੀ ਭੈਣੀ ਸਾਹਿਬ, 27 ਭਾਦਰੋਂ ਬੁੱਧਵਾਰ 1986 ਬਿ. (ਮੁਤਾਬਿਕ 1929 ਈ.)

# ਬਾਲ-ਸਖਾ ਭਾਈ ਲਹਿਣਾ ਸਿੰਘ

"ਕੰਬਦੇ ਸੀ ਰਾਜੇ ਮਹਾਰਾਜਿਆਂ ਨੂੰ ਖੌਫ਼ ਉਹਦਾ,
ਝੱਲਦਾ ਨਾ ਕੋਈ ਉਸ ਪ੍ਰੀਤਮ ਦੀ ਝਾਲਾ ਸੀ।
ਝਿਜਕਦੇ ਫ਼ਰੰਗੀ ਉਹਦੀ ਵੇਖ ਜਥੇਬੰਦੀ ਲੱਖਾਂ,
ਸੇਵਕਾਂ ਨੂੰ ਵੇਖ ਚਿਤ ਹੋਂਵਦਾ ਦੁਖਾਲਾ ਸੀ।
ਚੋਰ ਧੜਵੈਲ ਡਾਕੂ ਆਂਵਦੇ ਜੋ ਪਾਸ ਓਹਦੇ,
ਪੁੱਛ ਕੇ ਭਜਨ ਜਾਪ ਜਪਦੇ ਅਕਾਲਾ ਸੀ।
ਚੜ੍ਹਦਾ ਜਾਂ ਦੌਰੇ ਪੈਂਦਾ ਵਖਤ ਫ਼ਰੰਗੀਆਂ ਨੂੰ,
ਚਾਲ ਸੀ ਅਜੀਬ ਤੇ ਨਿਰਾਲੀ ਉਹਦੀ ਢਾਲਾ ਸੀ।"[1]

ਪ੍ਰਸਿੱਧ ਨਾਮਧਾਰੀ ਵਿਦਵਾਨ, ਸੁਤੰਤਰਤਾ ਸੰਗਰਾਮੀ, ਪਰਚਾਰਕ ਅਤੇ ਕੀਰਤਨੀਏ, ਸੰਤ ਨਿਧਾਨ ਸਿੰਘ ਆਲਿਮ ਨੇ ਉਪਰੋਕਤ ਕਾਵਿ ਸਤਰਾਂ ਵਿਚ, ਸਤਿਗੁਰੂ ਜੀ ਦੀ ਰੁਹਾਨੀ ਚੜ੍ਹਤ ਅਤੇ ਵਿਦੇਸ਼ੀ ਹਾਕਮਾਂ ਦੇ ਹਿਰਦੇ ਵਿਚ ਉਹਨਾਂ ਦੀ ਸੰਗਠਨ ਸ਼ਕਤੀ ਦੇ ਭਿਆਨਕ ਖੌਫ ਦਾ ਸਜੀਵ ਚਿਤਰਣ ਕੀਤਾ ਹੈ। ਸਤਿਗੁਰੂ ਜੀ ਦੇ ਇਤਨੇ ਵਿਆਪਕ ਸੰਗਠਨ ਦਾ ਮੁੱਖ ਕੇਂਦਰ ਸ੍ਰੀ ਭੈਣੀ ਸਾਹਿਬ ਸੀ। ਗੁਰਦੁਆਰਾ ਸ੍ਰੀ ਭੈਣੀ ਸਾਹਿਬ ਇਕ ਦਿਨ ਵਿਚ ਨਹੀਂ ਸੀ ਉਸਰਿਆ। ਇਹ ਦਰਅਸਲ ਪਹਿਲਾਂ ਸ੍ਰੀ ਸਤਿਗੁਰੂ ਜੀ ਦੇ ਪਰਿਵਾਰ ਦਾ ਨਿਵਾਸ ਅਸਥਾਨ ਸੀ ਜਿੱਥੇ ਉਹ ਕੁਝ ਮਹੀਨਿਆਂ ਦੀ ਆਰਜਾ ਵਿਚ ਹੀ ਮਾਤਾ-ਪਿਤਾ ਸਮੇਤ, ਆਪਣੀ ਜਨਮ-ਨਗਰੀ ਰਾਈਆਂ ਤੋਂ ਆ ਗਏ ਸਨ। ਇਹ ਰਾਈਆਂ ਵਿਚੋਂ ਨਿਕਲ ਕੇ ਵੱਸਿਆ ਇਕ ਛੋਟਾ ਜਿਹਾ ਪਿੰਡ ਸੀ। ਇਸ ਸਥਾਨ ਤੇ ਆਪ ਦਾ ਨਿਵਾਸ-ਅਸਥਾਨ ਬਣਨ, ਇਸ ਦਾ ਹੋਰ ਵਿਸਥਾਰ ਕਰਨ ਜੋ ਸ੍ਰੀ ਗੁਰੂ ਹਰੀ ਸਿੰਘ ਜੀ ਦੇ ਸਮੇਂ ਵਿਚ ਵੀ ਰਾਮਸਰ ਵੱਸਣ ਦੇ ਰੂਪ ਵਿਚ ਜਾਰੀ ਰਿਹਾ, ਜਿਸ ਸੱਜਣ ਜਾਂ ਉਸ ਦੇ ਪਰਿਵਾਰ ਦੀ ਮੁੱਖ ਭੂਮਿਕਾ ਰਹੀ ਹੈ, ਉਸ ਦਾ ਨਾਮ ਲਹਿਣਾ ਸਿੰਘ ਸੀ, ਜਿਸ ਨੂੰ ਸਤਿਗੁਰੂ ਜੀ ਦਾ ਬਾਲ-ਸਖਾ ਹੋਣ ਦਾ ਮਾਨ ਵੀ ਮਿਲਿਆ। ਬਹੁਤ ਸਾਰੇ ਉਤਰਾਵਾਂ ਚੜ੍ਹਾਵਾਂ ਦੇ ਬਾਵਜੂਦ, ਲਹਿਣਾ ਸਿੰਘ ਅਤੇ ਉਸਦਾ ਪਰਿਵਾਰ ਸਤਿਗੁਰੂ ਜੀ ਦੇ ਸਨਮੁੱਖ ਹੀ ਰਿਹਾ ਹੈ।

ਸ੍ਰੀ ਭੈਣੀ ਸਾਹਿਬ ਵਿਚ ਵੱਸਣ ਵਾਲੇ ਵਾਹੀਵਾਨ ਜੱਟ ਅਤੇ ਰਵਿਦਾਸੀਆ ਜਾਂ ਰਾਮਦਾਸੀਆ ਭਾਈਚਾਰਾ ਵੀ ਰਾਇ ਗੋਤ ਨਾਲ ਸਬੰਧਿਤ ਹੈ। ਇਸ ਗੋਤ ਦਾ ਮੁੱਢ ਪੰਜਾਬ ਦੀਆਂ ਹੋਰ ਕਿਸਾਨ ਸ਼੍ਰੇਣੀਆਂ ਦੀਆਂ ਗੋਤਾਂ ਵਾਂਗ, ਰਾਜਪੂਤਾਂ ਵਿਚੋਂ ਹੀ ਹੋਇਆ। ਭੱਟੀ ਰਾਜਪੂਤਾਂ ਵਿਚੋਂ ਗੁਰੂ ਨਾਨਕ ਦੇਵ ਜੀ ਦੇ ਜਨਮ ਅਸਥਾਨ ਵਾਲੀ ਨਗਰੀ, 'ਰਾਇ ਭੋਇ ਕੀ ਤਲਵੰਡੀ' ਦੇ ਮਾਲਕ ਰਾਇ ਬੁਲਾਰ 'ਭੱਟੀ' ਸਨ। ਰਾਇਕੋਟ

ਦੇ ਰਾਏ ਕੱਲਾ ਵੀ ਰਾਜਪੂਤ ਵੰਸ਼ਿਜ ਸਨ, ਜਿਹਨਾਂ ਨੂਰੇ ਮਾਹੀ ਨੂੰ ਭੇਜਕੇ, ਦਸਵੇਂ ਪਾਤਸ਼ਾਹ ਜੀ ਦੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਹਿਰਦੇ-ਵੇਧਕ ਸਮਾਚਾਰ ਹਜ਼ੂਰ ਤੱਕ ਪੁਚਾਇਆ ਸੀ। ਰਾਇਕੋਟ, ਨਵਾਂ ਸ਼ਹਿਰ ਇਲਾਕਿਆਂ ਵਿਚ, ਰਾਇ ਗੋਤ ਦੇ ਜੱਟਾਂ ਦੇ ਆਮ ਪਿੰਡ ਹਨ। ਸ੍ਰੀ ਭੈਣੀ ਸਾਹਿਬ ਦੇ ਆਸ ਪਾਸ, ਰਾਈਆਂ, ਚੱਕ ਸਰਬਣ ਨਾਥ, ਮੰਜਾਲੀਆਂ ਅਤੇ ਇਕ ਹੋਰ, ਪੰਜ ਪਿੰਡ ਰਾਇ ਜੱਟਾਂ ਦੀ ਵੱਸੋਂ ਵਾਲੇ ਹਨ। ਭਾਈਚਾਰੇ ਬਾਰੇ ਮਹੱਤਵ ਪੂਰਨ ਫੈਸਲਿਆਂ ਸਮੇਂ, ਪੰਜਾਂ ਪਿੰਡਾਂ ਦੀ ਪੰਚਾਇਤ ਹੀ ਜੁੜਦੀ ਸੀ।

ਬਾਬਾ ਰੁਲਦੂ ਨਾਮੇਂ ਇਕ ਚੰਗੇ ਮਾਲ ਗੁਜ਼ਾਰ ਜ਼ਿੰਮੀਦਾਰ ਦਾ ਪੁੱਤਰ, ਲਹਿਣਾ ਸਿੰਘ, ਸਤਿਗੁਰੂ ਜੀ ਦਾ ਹਾਣੀ ਹੋਣ ਸਦਕਾ, ਇੱਕਠੇ ਖੇਡਦੇ ਰਹੇ, ਪਸ਼ੂ ਚਰਾਉਂਦੇ ਰਹੇ ਅਤੇ ਜਦੋਂ ਸਤਿਗੁਰੂ ਜੀ ਫੌਜ ਵਿਚ ਭਰਤੀ ਨਹੀਂ ਸਨ ਹੋਏ, ਉਦੋਂ ਜਾਂ ਫੌਜ ਵਿਚੋਂ ਆਉਣ ਬਾਅਦ ਇਕੱਠੇ ਖੇਤੀ ਵੀ ਕਰਦੇ ਰਹੇ। ਮਿੱਤਰ ਦੀ ਪਰਿਭਾਸ਼ਾ ਦਿੰਦਿਆਂ ਕਿਸੇ ਸਿਆਣੇ ਦਾ ਕਥਨ ਹੈ—

"ਆਸ਼ਾ, ਇਸ਼ਟ, ਉਪਾਸ਼ਨਾ, ਖਾਨ, ਪਾਨ, ਪਹਿਰਾਨ।
ਖਟ ਲਕਸ਼ਣ ਜਾ ਕੇ ਮਿਲੇ, ਸੋਈ ਮੀਤ ਪਹਿਚਾਨ।"

ਲਹਿਣਾ ਸਿੰਘ ਤੇ ਇੱਕਠੇ ਵਿਚਰਨ ਸਦਕਾ, ਸਤਿਗੁਰੂ ਜੀ ਦੇ ਅਧਿਆਤਮਕ ਜੀਵਨ ਵਾਲੇ ਵਿਚਾਰਾਂ ਦਾ ਅਸਰ ਪੈਣਾ ਕੁਦਰਤੀ ਸੀ, ਇਸ ਲਈ ਉਸ ਦੀ ਰੁਚੀ ਵੀ ਆਪ ਜਿਉਂ ਨਾਮ ਬਾਣੀ ਵਾਲੇ ਪਾਸੇ ਹੋ ਗਈ। ਫੌਜੀ ਜੀਵਨ ਸਮੇਂ ਜਦੋਂ ਸਤਿਗੁਰੂ ਜੀ ਛੁੱਟੀਆਂ ਕੱਟਣ ਪਿੰਡ ਆਉਂਦੇ, ਲਹਿਣਾ ਸਿੰਘ ਵੱਡੇ ਓਮਾਹ ਨਾਲ ਉਹਨਾਂ ਨੂੰ ਮਿਲਦਾ। ਉਸ ਨੇ ਤੇ ਸਤਿਗੁਰੂ ਜੀ ਦੇ ਆਉਣ ਦੇ, ਦਿਨਾਂ ਮਹੀਨਿਆਂ ਦਾ, ਇਕ ਇਕ ਦਿਨ ਗਿਣ ਕੇ ਲੰਘਾਇਆ ਹੁੰਦਾ ਸੀ। ਸਤਿਗੁਰੂ ਜੀ ਦੇ ਆਉਣ ਬਾਅਦ ਦਿਨ ਤਾਂ ਇੱਕਠਿਆਂ ਗੁਜ਼ਰਦੇ ਸੀ, ਰਾਤ ਦੇ ਸਮੇਂ ਵੀ ਦੋਵੇਂ ਘੰਟਿਆਂ ਬੱਧੀ, ਇਕੱਠੇ ਬਹਿਕੇ ਸਿਮਰਨ ਕਰਦੇ। ਇਸ ਕੰਮ ਲਈ ਨੀਂਦ ਤੇ ਕਾਬੂ ਪਾਉਣਾ ਵੀ ਜ਼ਰੂਰੀ ਸੀ। ਸ੍ਰੀ ਸਤਿਗੁਰੂ ਜੀ ਤਾਂ ਫੌਜੀ ਜੀਵਨ ਸਮੇਂ ਵੀ ਬਾਹੋਵਾਲ ਜੀ ਦੇ ਮੁਤਾਬਿਕ, ਆਪ ਤਿੰਨ ਵਰ੍ਹਿਆਂ ਤੱਕ ਬਿਰਾਜੇ ਨਹੀਂ ਸਨ। ਲਹਿਣਾ ਸਿੰਘ ਨੂੰ ਵੀ ਨੀਂਦ ਤੋਂ ਮੁਕਤ ਕਰਨ ਲਈ, ਉਸ ਨਾਲ ਕਈ ਕਉਤਕ ਰਚਾ ਲੈਂਦੇ ਸਨ। ਰਾਤ ਨੂੰ ਦੇਰ ਤੱਕ ਜਾਗਣ ਕਾਰਨ, ਦਿਨ ਦੇ ਕੰਮ ਵਿਹਾਰ ਦੇ ਥੱਕੇ ਟੁੱਟੇ, ਮਾਤਾ ਜੱਸਾਂ ਜੀ ਵੀ ਪਰੇਸ਼ਾਨੀ ਮੰਨਦੇ। ਲਹਿਣਾ ਸਿੰਘ ਦਾ ਰੋਪੜ ਦੇ ਪਾਸ ਭਰਤਗੜ੍ਹ ਕਿਲ੍ਹੇ ਵਿਚ ਜਾਣ ਆਉਣ ਸੀ। ਇਹ ਕਿਲ੍ਹਾ ਸਿੱਖ ਜਰਨੈਲ ਨਵਾਬ ਕਪੂਰ ਸਿੰਘ ਜੀ ਦੇ ਭਰਾ ਦੇ ਵੰਸ਼ਿਜਾਂ ਦਾ ਸੀ। ਉਹਨਾਂ ਵਿਚੋਂ ਕਿਸੇ "ਰਾਜ ਰੂਪ" ਨਾਲ ਵੀ ਲਹਿਣਾ ਸਿੰਘ ਦਾ ਮਿੱਤਰਾਨਾ ਸੀ। ਅੰਗਰੇਜ਼ ਸਿੱਖ ਜੰਗਾਂ ਸ਼ੁਰੂ ਹੋਣ ਤੋਂ ਕੁਝ ਸਮਾਂ ਪਹਿਲਾਂ, 1845 ਈ. ਵਿਚ, ਸਤਿਗੁਰੂ ਜੀ ਤਿੰਨ ਮਹੀਨਿਆਂ ਦੀ ਛੁੱਟੀ ਬਿਤਾਉਣ ਭੈਣੀ ਸਾਹਿਬ ਆਏ।

ਇਸ ਦੌਰਾਨ ਲਹਿਣਾ ਸਿੰਘ ਨਾਲ ਘਟਿਤ ਰੌਚਕ ਪਰਸੰਗ ਦੀ ਵਾਰਤਾ, ਸਾਡਾ ਪਹਿਲਾ ਇਤਿਹਾਸਕਾਰ ਬਿਆਨ ਕਰਦਾ ਹੈ— "ਲਹਿਣਾ ਸਿੰਘ ਜ਼ਿਮੀਦਾਰ ਸੀ ਤਿਸ

ਨੂੰ ਭਜਨ ਦਿੱਤਾ ਸੀ। ਉਹ ਨਾਲੇ ਸਤਿਗੁਰੂ ਜੀ ਦਾ ਹਾਨੀ ਸੀ। ਲਹਿਣਾ ਸਿੰਘ ਨੇ ਅਰਜ਼ ਕੀਤੀ ਜੀ ਭਰਤਗੜ੍ਹ ਕੇ ਕਿਲੇ ਰਾਜ ਰੂਪ ਆਇਆ ਹੋਇਆ ਹੈ। ਮੈਂ ਉਸਨੂੰ ਮਿਲਣ ਚੱਲਿਆ ਹਾਂ। ਸ੍ਰੀ ਸਤਿਗੁਰੂ ਜੀ ਬਚਨ ਕੀਤਾ-ਮੇਰੀ ਨੀਂਦ ਰਾਜ ਰੂਪ ਕੋ ਦੇ ਆਉਣੀ। ਪੁੱਛਿਆ ਜੀ ਕਿਵੇਂ ਦੇ ਆਵਾਂਗਾ? ਬਚਨ ਕੀਤਾ ਮੁਲਾਕਾਤ ਵੇਲੇ ਕਹਿ ਦੇਈਂ ਰਾਮ ਸਿੰਘ ਦੀ ਨੀਂਦ ਏਹਨਾਂ ਗਦੇਲਿਆਂ ਤੇ ਬਿਸਰਾਮ ਕਰੇ। ਜੇਕਰ ਤੂੰ ਆਪਣੀ ਨੀਂਦ ਭੀ ਦੇਣੀ ਹੋਵੇ ਤਾਂ ਤੂੰ ਆਪਣਾ ਨਾਂ ਭੀ ਲੈ ਲਈਂ। ਜਾਂ ਜਾਇਕੇ ਮਿਲਿਆ ਤਾਂ ਰਾਜ ਰੂਪ ਗਦੇਲਿਆਂ ਪਰ ਬੈਠਾ ਸੀ। ਲਹਿਣਾ ਸਿੰਘ ਨੇ ਸਤਿ ਸ੍ਰੀ ਅਕਾਲ ਬੁਲਾ ਕੇ ਮਨ ਵਿਚ ਕਹਿਆ ਕਿ ਰਾਮ ਸਿੰਘ ਦੀ ਨੀਂਦ ਏਹਨਾਂ ਗਦੇਲਿਆਂ ਤੇ ਬਿਸਰਾਮ ਕਰੇ। ਲਹਿਣਾ ਸਿੰਘ ਕੀ ਨੀਂਦ ਏਹਨਾਂ ਗਦੇਲਿਆਂ ਤੇ ਬਿਸਰਾਮ ਕਰੇ। ਰੁਖਸਦ ਲੈਕੇ ਮੁੜ ਆਇਆ। ਕਹਿਣ ਲੱਗਾ ਜੀ ਮੈਂ ਕਹਿ ਆਇਆ ਹਾਂ। ਸ੍ਰੀ ਸਤਿਗੁਰੂ ਜੀ ਬਚਨ ਕੀਤਾ, ਤੂੰ ਰਾਤ ਨੂੰ ਸਾਡੇ ਕੋਲ ਆਇ ਜਾਈਂ। ਰਾਤ ਪਈ ਤਾਂ ਲਹਿਣਾ ਸਿੰਘ ਆਇਆ।

"ਸ੍ਰੀ ਸਤਿਗੁਰੂ ਜੀ ਪਲੰਘ ਛੱਡ-ਕੇ ਹੇਠਾਂ ਆਸਣ ਵਿਛਾ ਲੈਣਾ। ਸਾਰੀ ਰਾਤ ਬੈਠਿਆਂ ਹੀ ਗੁਜ਼ਰ ਜਾਣੀ। ਲਹਿਣਾ ਸਿੰਘ ਨੇ ਵੀ ਬੈਠਿਆਂ ਰਹਿਣਾ। ਦੋਹਾਂ ਨੂੰ ਨੀਂਦ ਨਾ ਸੀ ਆਉਂਦੀ। ਦਿਨ ਚੜ੍ਹੇ ਆਪੋ ਆਪਣੇ ਕੰਮਾਂ ਨੂੰ ਚਲੇ ਜਾਣਾ। ਰਾਤ ਨੂੰ ਫੇਰ ਆਕੇ ਲਹਿਣਾ ਸਿੰਘ ਨੇ ਹਾਜ਼ਰ ਹੋਣਾ। ਫੇਰ ਉਵੇਂ ਹੀ ਬੈਠਿਆਂ ਭਜਨ ਕਰਦਿਆਂ ਨੂੰ ਰਾਤ ਗੁਜ਼ਰ ਜਾਣੀ। ਏਸੇ ਤਰ੍ਹਾਂ ਜਾਂ ਸੱਤ ਰਾਤਾਂ ਗੁਜ਼ਰੀਆਂ ਤਾਂ ਮਾਤਾ ਜੱਸਾਂ ਜੀ ਲਹਿਣਾ ਸਿੰਘ ਨੂੰ ਕਿਹਾ ਕਿ ਜੇਕਰ ਤੂੰ ਨਾ ਆਵੇਂ ਤਾਂ ਗੁਰੂ ਜੀ ਬਰਾਜਣ। ਅਸੀਂ ਭੀ ਨੀਂਦ ਕਰ ਲਈਏ। ਸੱਤ ਰਾਤਾਂ ਗੁਜ਼ਰੀਆਂ ਹੈਨ ਉਨੀਂਦਿਆਂ ਨੂੰ।

"ਅਗਲੇ ਦਿਨ ਥੋੜ੍ਹਾ ਬੈਠਕੇ ਲਹਿਣਾ ਸਿੰਘ ਉਠ ਚੱਲਿਆ। ਕਹਾ ਜੀ ਮੈਂ ਜਾਨਾ ਹਾਂ। ਬਚਨ ਹੋਇਆ ਤੈਨੂੰ ਨੀਂਦ ਤਾਂ ਨਹੀਂ ਆਉਂਦੀ ਹੈ? ਫੇਰ ਬਚਨ ਕੀਤਾ ਕਿਤੇ ਜੱਸਾਂ ਨੇ ਤਾਂ ਨਹੀਂ ਕੁਝ ਕਹਿ ਦਿਤਾ? ਜਾਹ ਚਲਾ ਜਾ। ਲਹਿਣਾ ਸਿੰਘ ਨੇ ਕਿਹਾ ਜੀ ਮਾਤਾ ਜੱਸਾਂ ਕਹਿੰਦੀ ਹੈ ਕਿ ਜੇਕਰ ਤੂੰ ਜਾਵੇਂ ਤਾਂ ਸਤਿਗੁਰੂ ਜੀ ਭੀ ਬਰਾਜਣ ਤੇ ਅਸੀਂ ਭੀ ਬਰਾਜ ਲਈਏ। ਬਚਨ ਕੀਤਾ ਗੁਰੂ ਜੀ— ਤੂੰ ਜੱਸਾਂ ਦਾ ਸਿੱਖ ਹੈ ਕਿ ਸਾਡਾ? ਕਹਿਣ ਲੱਗਾ ਜੀ ਮੈਂ ਤੁਹਾਡਾ ਸਿੱਖ ਹਾਂ। ਬਚਨ ਕੀਤਾ ਜੇ ਸਾਡਾ ਸਿੱਖ ਹੈਂ, ਤਾਂ ਜਿਵੇਂ ਅਸੀਂ ਕਹੀਏ ਤਿਵੇਂ ਕਰ। ਲਹਿਣਾ ਸਿੰਘ ਨੇ ਕਹਾ ਕਿ ਜਿਵੇਂ ਤੁਸੀਂ ਕਹੋਗੇ ਤਿਵੇਂ ਹੀ ਕਰਾਂਗਾ। ਬਚਨ ਕੀਤਾ-ਜੇਕਰ ਸਾਡੇ ਕਹੇ ਚਲਣਾ ਹੈ ਤਾਂ ਜਿਸ ਵੇਲੇ ਤੈਨੂੰ ਨੀਂਦ ਆਵੇ ਤਾਂ ਬਿਨਾਂ ਪੁੱਛੇ ਹੀ ਚਲਾ ਜਾਈ, ਫੇਰ ਨਾ ਸਾਨੂੰ ਪੁੱਛੀ।

"ਬਾਬਾ ਜੱਸਾ ਸਿੰਘ ਜੀ ਬਚਨ ਕਰਨਾ ਜੋ ਆਦਮੀ ਨੀਂਦ ਨਾ ਕਰੇ ਉਸਦਾ ਦਿਮਾਗ ਹਿਲ ਜਾਂਦਾ ਹੈ। ਸਾਮ੍ਹਣੇ ਤੇ ਨਾ ਕਹਿਣਾ ਆਪਸ ਵਿਚ ਕਹਿਣਾ। ਜਾਂ ਚੌਦਾਂ ਰਾਤਾਂ ਗੁਜ਼ਰੀਆਂ ਤਾਂ ਲਹਿਣਾ ਸਿੰਘ ਨੇ ਅੰਦਰੋਂ ਅਰਜ਼ ਕੀਤੀ ਜੀ ਸੱਚੇ ਪਾਤਸ਼ਾਹ ਜੀ, ਮੈਨੂੰ ਨੀਂਦ ਆਵੇ, ਤਾਂ ਪੰਦ੍ਰਵੀਂ ਰਾਤ ਉਸ ਕੋ ਨੀਂਦ ਆਈ। ਉੱਠਕੇ ਮੱਥਾ ਟੇਕ ਕੇ ਚਲਾ ਗਿਆ, ਘਰ ਜਾਇ ਬਰਾਜਿਆ।

"ਜੇਕਰ ਹਲ ਵਾਂਹੁੰਦੇ ਦੇ ਕੋਲ ਚਲੇ ਜਾਣਾ ਬਚਨ ਕਰਨਾ-ਨਿੱਕੀ ਰਹਿਲ ਰੱਖ ਕੇ ਵਾਹੁਣਾ ਚਾਹੀਏ।"[2]

ਇਸ ਤਰ੍ਹਾਂ ਸਤਿਗੁਰੂ ਜੀ ਨਾਂ ਸਿਰਫ ਆਪਣੇ ਭੈਣੀ ਸਾਹਿਬ ਵਿਚ ਬਣੇ ਪਹਿਲੇ ਸਿੱਖ ਭਾਈ ਲਹਿਣਾ ਸਿੰਘ ਨੂੰ ਅਧਿਆਤਮ ਮਾਰਗ ਤੇ ਪਰੱਪਕ ਕਰ ਰਹੇ ਹਨ, ਸਗੋਂ ਉਸਨੂੰ ਸੁਚੱਜਾ ਕਿਸਾਨ ਬਣਨ ਦੇ ਢੰਗ ਤਰੀਕੇ ਵੀ ਦੱਸ ਰਹੇ ਹਨ। ਹਲ ਦੇ ਫਾਲੇ ਨਾਲ ਕਿਸਾਨ ਜਦੋਂ ਧਰਤੀ ਦੀ ਹਿੱਕ ਚੀਰਕੇ, ਕਿਹੋ ਜਿਹੇ ਸਿਆੜ ਪਾਉਂਦਾ ਹੈ ਅਤੇ ਸਿਆੜ ਪਾਉਣ ਲਈ ਉਹ ਕਿਤਨਾ ਘੇਰਾ ਜਾਂ ਰਾਹਲ ਮੱਲਦਾ ਹੈ, ਇਸ ਤੋਂ ਉਸਦੀ ਖੇਤੀ ਕਾਰੀਗਰੀ ਦੀ ਸੂਝ ਦਾ ਮੁਲੰਕਣ ਹੁੰਦਾ ਹੈ। ਉਹ ਹਲ ਲੱਕੜ ਦੇ ਅਤੇ ਬੈਲਾਂ ਦੁਆਰਾ ਖਿੱਚੇ ਜਾਂਦੇ ਸਨ। ਗੁਰੂ ਕਿਰਪਾ ਨਾਲ ਲਹਿਣਾ ਸਿੰਘ ਸਫਲ ਕਿਸਾਨ ਬਣ ਗਿਆ।

ਅੰਗ੍ਰੇਜ਼ ਸਿਖ ਜੰਗ ਲੱਗੀ ਤਾਂ ਛੁੱਟੀ ਵਿਚੇ ਛਡ ਕੇ ਆਪ ਨੂੰ ਲਾਹੌਰ ਜਾਣਾ ਪਿਆ। ਲਹਿਣਾ ਸਿੰਘ ਅੱਠੇ ਪਹਿਰ ਅਰਦਾਸਾਂ ਕਰਦਾ ਕਿ ਆਪ ਸੁੱਖੀਂ ਸਾਦੀਂ ਪਿੰਡ ਵਾਪਸ ਆ ਜਾਣ। ਆਪਣੀ ਰਜ਼ਾ ਨਾਲ ਸਤਿਗੁਰੂ ਜੀ ਮੁੱਦਕੀ ਦੀ ਜੰਗ, 18 ਦਸੰਬਰ 1845 ਤੋਂ ਬਾਅਦ ਘਰ ਆ ਗਏ। ਇਸ ਦੌਰਾਨ ਇਕ ਸਾਲ ਮਸਤਾਨੀ ਬਿਰਤੀ ਵਿਚ ਸ੍ਰੀ ਭੈਣੀ ਸਾਹਿਬ ਅਤੇ ਆਸ ਪਾਸ ਵਿਚਰਦੇ ਰਹੇ। ਲਹਿਣਾ ਸਿੰਘ ਦਰਸ਼ਨ ਮੇਲੇ ਕਰਦਾ ਰਿਹਾ। ਸੰਨ 1847 ਅਤੇ 48 ਈ. ਵਿਚ ਦੋ ਸਾਲ ਸੁੱਖੂ ਨਾਲ ਖੇਤੀਬਾੜੀ ਕੀਤੀ। ਤੀਜੇ ਸਾਲ 1849 ਈ. ਵਿਚ ਖੇਮੇ ਨਾਲ। ਖੇਮਾ ਅਤੇ ਗੁਰੂ ਹਰੀ ਸਿੰਘ ਜੀ ਦਾ ਜਨਮ ਭੈਣੀ ਸਾਹਿਬ ਵਿਖੇ 1819 ਈ. ਨੂੰ ਅੱਸੂ ਦੇ ਤੀਜੇ ਨਰਾਤੇ ਦੀ ਇੱਕੇ ਰਾਤ ਨੂੰ ਹੋਇਆ ਸੀ। ਸੁੱਖੂ, ਲਹਿਣਾ ਸਿੰਘ ਦੇ ਕਬੀਲੇ ਵਿਚੋਂ ਹੀ ਸੀ। ਚਾਚੇ ਤਾਏ ਦੇ ਪੁੱਤ ਭਰਾ ਭਾਈ ਸਨ। ਇਕ ਰਵਾਇਤ ਮੁਤਾਬਿਕ ਲਹਿਣਾ ਸਿੰਘ ਹੀ ਪਹਿਲਾਂ ਪਿੰਡ ਦਾ ਲੰਬੜਦਾਰ ਸੀ। ਪਰ ਗੁਰੂ ਬਾਲਕ ਸਿੰਘ ਜੀ ਦੇ ਉਪਦੇਸ਼ ਕਿ ਫਰੰਗੀਆਂ ਦੀ ਨੌਕਰੀ ਨਹੀਂ ਕਰਨੀ ਮੁਤਾਬਿਕ ਸਤਿਗੁਰੂ ਜੀ ਨੇ ਲਹਿਣਾ ਸਿੰਘ ਤੋਂ ਲੰਬੜਦਾਰੀ ਛੁਡਵਾ ਦਿਤੀ। ਇਸੇ ਖਾਲੀ ਔਹਦੇ ਨੂੰ ਸੁੱਖੂ ਨੇ ਸਾਂਭ ਲਿਆ ਸੀ। ਲਹਿਣਾ ਸਿੰਘ ਦਾ ਨਿਕਟ ਸਬੰਧੀ ਹੋਣ ਕਾਰਨ ਹੀ ਸਤਿਗੁਰੂ ਜੀ ਬਾਹੋਵਾਲ ਜੀ ਮੁਤਾਬਿਕ ਦੋ ਸਾਲ ਸੁੱਖੂ ਨਾਲ ਸਾਂਝੀ ਖੇਤੀ ਕਰਦੇ ਰਹੇ।[3]

ਸੰਤ ਤਰਨ ਸਿੰਘ ਵਹਿਮੀ, ਇਸ ਪ੍ਰਥਾਇ ਇਉਂ ਲਿਖਦੇ ਹਨ "ਲਹਿਣਾ ਸਿੰਘ ਨੰਬਰਦਾਰ ਸੀ। ਉਸ ਸਤਿਗੁਰੂ ਜੀ ਨੂੰ ਕਿਹਾ, ਤੁਸੀਂ ਆਪਣੇ ਨਾਮ ਅਕਾਲ ਬੁੰਗੇ ਵਾਲੀ ਜ਼ਮੀਨ ਸਰਕਾਰੇ ਜਾ ਕਰਵਾ ਲਵੋ। ਸਤਿਗੁਰੂ ਜੀ ਕਿਹਾ, ਸਾਡੀ ਅੰਗਰੇਜ਼ ਦੀ ਅਦਾਲਤ ਨਾਲ ਤੇ ਹਰ ਮੰਦੀ ਹਰਕਤ ਨਾਲ ਨਾ-ਮਿਲਵਰਤਨ ਹੈ। ਤੂੰ ਦਿਤੀ ਤੇ ਅਸਾਂ ਲਈ ਸੋ ਸਾਨੂੰ ਮਿਲ ਗਈ। ਕਚਹਿਰੀ ਕਿਉਂ ਖਰਚ ਕਰੀਏ ਤੇ ਗੋਰੇ ਦਾ ਖਜ਼ਾਨਾ ਭਰੀਏ। ਹਾਂ ਤੂੰ ਕਾਗਤ ਤੇ ਕਬਜ਼ਾ ਲਿਖਾ ਦਿਆ ਕਰੀਂ ਪਟਵਾਰੀ ਨੂੰ। ਲਹਿਣਾ ਸਿੰਘ ਜੀ ਸਤਿ ਬਚਨ ਕੀਤਾ। ਸੁੱਖੂ ਨਾਲ ਗੱਲ ਕੀਤੀ, ਤੂੰ ਮੈਥੋਂ ਨੰਬਰਦਾਰੀ ਲੈ ਲੈ। ਰਾਮਸਰ ਵਾਲੀ ਜਗ੍ਹਾ ਜਿਤਨੀ ਸਤਿਗੁਰੂ ਜੀ ਜਾਚ ਕਹਿਣ. ਦੇ ਦੇਹ, ਪਰ ਜਬਾਨੀ ਹੀ ਸੌਦਾ

ਕਰਨਾ ਹੈ। ਇਹ ਦੋਵੇਂ ਬਚਨ ਸਤਿਗੁਰੂ ਜੀ ਦੇ ਆਸ਼ੇ ਤੋਂ ਅਨੁਮਾਨ ਲਾ ਹੀ, ਲਹਿਣਾ ਸਿੰਘ ਜੀ ਨੇ ਸੁੱਖੂ ਨਾਲ ਕੀਤੇ। ਕਿਉਂਕਿ ਉਸ ਦੀ ਸਤਿਗੁਰੂ ਜੀ ਨਾਲ ਅੰਦਰੋਂ ਪ੍ਰੀਤ ਸੀ। ਉਸ ਇਕ ਸਮੇਂ ਸਤਿਗੁਰੂ ਜੀ ਪਾਸੋਂ ਸੁਣਿਆ ਸੀ, ਬੋਹੜਾਂ, ਪਿੱਪਲਾਂ ਨੂੰ ਜਲ ਪਾਣ ਸਮੇਂ ਕਿ ਏਥੇ ਸਾਡਾ ਪੁਰਾਣਾ ਹਵਨ ਕੁੰਡ ਹੈ ਤੇ ਹੁਣ ਅਸਾਂ ਹਵਨ-ਕੁੰਡ ਪ੍ਰਗਟ ਕਰਨਾ ਤੇ ਰਾਮਸਰ ਨਾਮ ਪ੍ਰਸਿਧ ਕਰਨਾ ਹੈ।”... (ਜੱਸ-ਜੀਵਨ, ਜਿਲਦ ਪਹਿਲੀ, ਸਫਾ ੬੨)

ਇਸ ਸਮੇਂ ਭੈਣੀ ਸਾਹਿਬ ਵਿਚ ਸਤਿਗੁਰੂ ਜੀ ਦੇ ਪਰਿਵਾਰ ਪਾਸ ਤਿੰਨ ਨਿੱਕੀਆਂ ਨਿੱਕੀਆਂ ਕੋਠੜੀਆਂ ਹੋਣ ਦਾ ਜ਼ਿਕਰ ਆਉਂਦਾ ਹੈ। ਇਕ ਵਿਚ ਆਪ ਦਾ ਪਰਿਵਾਰ, ਇਕ ਵਿਚ ਛੋਟੇ ਭਾਈ ਬਾਬਾ ਬੁੱਧ ਸਿੰਘ ਜੀ ਦਾ ਪਰਿਵਾਰ ਇਕ ਵਿਚ ਅਹਿਰਨ ਗੱਡੀ ਸੀ। ਜਿਸ ਵਿਚ ਖੇਤੀ ਸੰਦਾਂ ਆਦਿ ਦੀ ਮੁਰੰਮਤ ਵਗੈਰਾ ਦਾ ਕੰਮ ਚੱਲਦਾ ਸੀ। ਪਰਿਵਾਰ ਵਧ ਰਿਹਾ ਸੀ। ਥਾਂ ਥੋਹੜਾ ਸੀ। ਹੋਰ ਜਗ੍ਹਾ ਛੱਤਣ ਲਈ ਸਤਿਗੁਰੂ ਜੀ ਛੋਟੇ ਭਾਈ ਨੂੰ ਨਾਲ ਲੈਕੇ ਪਿੰਡੋਂ ਲਹਿੰਦੇ ਵੱਲ, ਸੁਲਤਾਨ ਸਰ ਨਾਮ ਦੇ ਛੱਪੜ ਤੇ ਕੱਚੀਆਂ ਇੱਟਾਂ ਪੱਥ ਲਈਆਂ। ਗੱਡੇ ਤੇ ਢੋਹ ਕੇ ਜਦੋਂ ਘਰ ਪਾਸ ਢੇਰ ਲਾ ਦਿਤਾ ਤਾਂ ਹਮੀਰੇ ਜ਼ਿੰਮੀਦਾਰ ਨੇ ਕੋਠੜੀ ਪਾਉਣ ਬਾਰੇ ਵਿਰੋਧ ਜਤਾਇਆ। ਸਤਿਗੁਰੂ ਜੀ ਰੋਸ ਵਜੋਂ ਇੱਟਾਂ ਉੱਥੇ ਹੀ ਛੱਡ-ਕੇ, 1850 ਈ. ਵਿਚ ਫਿਰ ਪੁਰਾਣੇ ਪਿੰਡ ਰਾਈਆਂ ਜਾ ਰਹੇ। ਉੱਥੇ ਜੀਊਣ ਸਿੰਘ ਲੰਬੜਦਾਰ ਨਾਲ ਖੇਤੀ ਜਾ ਕੀਤੀ।[4]

ਤਕਰੀਬਨ ਇਕ ਸਾਲ ਸਾਰਾ ਉਥੇ ਬੀਤਿਆ। ਇਸ ਸਮੇਂ ਦੌਰਾਨ ਹਮੀਰਾ ਜ਼ਿਮੀਦਾਰ ਕਾਲ ਵੱਸ ਹੋ ਗਿਆ। ਸਤਿਗੁਰੂ ਜੀ ਨੂੰ ਵਰ ਸਰਾਪ ਦੇ ਮਾਲਕ ਸਮਝਕੇ ਪਿੰਡ ਵਾਲਿਆਂ ਜਿਵੇਂ ਫਿਰ ਆਪ ਨੂੰ ਵਾਪਸ ਲਿਆਂਦਾ, ਇਸ ਵਿਚ ਲਹਿਣਾ ਸਿੰਘ ਹੋਰਾਂ ਦੀ ਪਰਮੁੱਖ ਭੂਮਿਕਾ ਹੈ। ਇਹ ਵਿਵਰਣ ਬਾਹੋਵਾਲ ਜੀ ਨੇ ਰੌਚਕ ਢੰਗ ਨਾਲ ਪੇਸ਼ ਕੀਤਾ ਹੈ :

“ਹਮੀਰਾ ਜ਼ਿਮੀਦਾਰ ਜਿਸਨੇ ਇੱਟਾਂ ਅਟਕਾਈਆਂ ਸੀ, ਜੁਆਲਾ ਜੀ ਕਾ ਦਰਸ਼ਨ ਕਰਨ ਗਿਆ। ਓਧਰੋਂ ਹੀ ਫਰੰਗ ਹੋ ਕੇ ਆਇਆ ਅਰ ਸਤਿਗੁਰੂ ਜੀ ਕੇ ਸਰਾਫ ਸੇ ਗਲ ਕੇ ਮਰ ਗਿਆ। ਲਹਿਣਾ ਸਿੰਘ ਨੇ ਸੋਚਿਆ ਜੋ ਮੇਰੇ ਤਾਂ ਗੁਰੂ ਹੈਂ, ਉਨ੍ਹਾਂ ਕੋ ਇਥੇ ਲਿਆਂਦਾ ਚਾਹੀਏ। ਹੋਰਨਾਂ ਭੀ ਨੰਬਰਦਾਰਾਂ ਨੇ ਵਿਚਾਰਿਆ ਜੋ ਐਸੇ ਸੰਤ ਆਪ ਪਿੰਡ ਵਿਚੋਂ ਗਏ ਹੈਂ। ਬੰਦਗੀ ਕਰਦੇ ਸੇ, ਪਿੰਡ ਕਾ ਭਲਾ ਹੁੰਦਾ ਸੀ। ਸਾਡਾ ਕੀ ਨੁਕਸਾਨ ਹੁੰਦਾ ਸੀ ? ਜੋ ਬਚਨ ਕਰਦੇ ਹੈਂ ਸਿੱਧਾ ਪੁੱਠਾ ਪੂਰਾ ਹੁੰਦਾ ਹੈ। ਤਿੰਨ ਸਰੀਰ ਗਏ, ਲਹਿਣਾ ਸਿੰਘ, ਖੇਮਾ ਤੇ ਬੁੱਗ। ਲਹਿਣਾ ਸਿੰਘ ਨੇ ਅਰਜ਼ ਕੀਤੀ-ਜੀ ਤੁਸੀਂ ਰਾਮਦਾਸ ਪੁਰੇ ਈ ਚੱਲੋ। ਮੇਰੀਆਂ ਤਿੰਨ ਜਗ੍ਹਾ ਹੈਨ, ਜਿੱਥੇ ਮਰਜ਼ੀ ਹੈ ਉਥੇ ਜਗ੍ਹਾ ਪਾਇ ਲੈਣੀ। ਜੇ ਤੁਸੀਂ ਨਹੀਂ ਜਾਂਦੇ ਤਾਂ ਮੈਂ ਏਥੇ ਆਇ ਜਾਂਦਾ ਹਾਂ। ਜੇੜ੍ਹੇ ਤੁਹਾਨੂੰ ਜਗ੍ਹਾ ਨਾ ਸੀ ਪੌਣ ਦੇਂਦੇ ਸੋ ਮਰ ਗਏ ਹੈਂ। ਸ੍ਰੀ ਸਤਿਗੁਰੂ ਜੀ ਬਚਨ ਕੀਤਾ—ਲਹਿਣਾ ਸਿੰਘ ਨਿਬਾਹੇਂਗਾ ਵੀ ? ਲਹਿਣਾ ਸਿੰਘ ਨੇ ਕਹਾ— ਜੀ ਨਿਬਾਹੁਣੇ ਵਾਲਾ ਤਾ ਤੂੰ ਹੀ ਹੈਂ। ਮੈਨੂੰ ਇਹ ਫੁਰਦੀ ਹੈ ਕਿ ਮੇਰੀਆਂ ਤਿੰਨ ਜਗ੍ਹਾ ਹੈਨ, ਇਕ ਦੇ ਦੇਵਾਂਗਾ। ਸ੍ਰੀ ਸਤਿਗੁਰੂ ਜੀ ਜਿਸ ਜਗ੍ਹਾ

ਤਖਤ ਰਚਨਾ ਸੀ ਉਸ ਜਗਾ ਕਾ ਨਾਮ ਲਿਆ। ਤੇਰੇ ਘਰਾਂ ਦੇ ਪਿਛੇ ਸ਼ਾਮਲਾਟ ਥਾਂ ਹੈ, ਤਿਸ ਵਿਚ ਜਗ੍ਹਾ ਪਾਇ ਲਈਏ। ਲਹਿਣਾ ਸਿੰਘ ਨੇ ਕਹਿਆ ਜੀ ਸੱਤਿ ਬਚਨ ਓਥੇ ਹੀ ਪਾਇ ਲਵੋ, ਏਥੋਂ ਚੱਲੋ। ਸ੍ਰੀ ਸਤਿਗੁਰੂ ਜੀ ਕੋ ਨਾਲ ਲੈ ਕੇ ਆਏ ਰਾਮਦਾਸ ਪੁਰੇ ਸਾਹਿਬ ਮੈਂ। ਜਿੱਥੇ ਕਹੀ ਸੀ ਓਹੀ ਜਗ੍ਹਾ ਵਿਖਾਇ ਦਿੱਤੀ। ਦੋਹਾਂ ਭਾਈਆਂ ਨੇ ਇੱਟਾਂ ਪੱਥਕੇ, ਢੋਇ ਕੇ ਢੇਰ ਲਾਇਆ। ਦੋਨੋਂ ਕੋਠੜੀਆਂ ਕੇ ਆਗੇ ਸੁਫ਼ਾ ਬਨਾਇਆ ਥੋੜਾ ਸਾ। ਜਿਨ੍ਹਾਂ ਕੋਠੜੀਆਂ ਕੇ ਵਿਚਾਲੇ ਥੜਾ ਸਾਹਿਬ ਹੈ, ਛੱਤ ਪਾਇਕੇ ਵਸਣੇ ਰਸਣੇ ਲਗੇ।

"ਖੇਮੇ ਨੇ ਮੰਜਾ ਚੁਕ ਕੇ ਆਪਣੇ ਘਰ ਜਾਇ ਡਾਹਿਆ। ਜਿੰਨਾਂ ਚਿਰ ਕੋਠੜੀਆਂ ਨਾਂ ਬਣੀਆਂ ਉਤਨਾ ਚਿਰ ਸਤਿਗੁਰੂ ਜੀ ਉਸਦੇ ਘਰ ਰਹੇ। ਇਸੀ ਤਰ੍ਹਾਂ ਗੁਰੂ ਜੀ ਜਿੱਥੇ ਲੀਲਾ ਕਰਨੀ ਸੀ ਤੇ ਤਖ਼ਤ ਰਚਣਾ ਸੀ, ਧਰਤੀ ਕੇ ਭਾਗ ਜਾਗੇ।

ਮੁਖਵਾਕ— ਜਿਥੈ ਜਾਇ ਬਹੈ ਮੇਰਾ ਸਤਿਗੁਰੂ
ਸੋ ਥਾਨੁ ਸੁਹਾਵਾ ਰਾਮਰਾਜੇ ॥

(ਆਸਾ ਮ: ੪, ੪੫੦)

ਚਾਰ ਕੂੰਟ, ਚੌਦਾਂ ਭਵਨ ਸਭ ਆਇਕੇ ਐਸ ਅਸਥਾਨ ਕੋ ਮੱਥਾ ਟੇਕਣਗੇ। ਜਿਸ ਜਗ੍ਹਾ ਕੋ ਪ੍ਰਗਟ ਕਰਨਾ ਸੀ ਤਿਸੀ ਜਗ੍ਹਾ ਪਰ ਆਇ ਆਸਣ ਲਾਇਆ ਹੈ।"[5]

1850-51 ਵਿਚ ਸਾਂਝੀ ਖੇਤੀ ਦਾ ਵਰ੍ਹਾ ਭਾਈ ਲਹਿਣਾ ਸਿੰਘ ਨਾਲ ਹੀ ਗੁਜ਼ਰਿਆ। ਇਹੋ ਵਰ੍ਹਾ ਸੀ ਜਦੋਂ ਆਪ ਰਾਈਆਂ ਤੋਂ ਮੁੜ ਆਏ ਸਨ। ਇਕ ਦਿਨ ਸੁਹਾਗਾ ਫੇਰਦਿਆਂ 'ਗਿੱਟੇ ਦੇ ਉਤੋਂ ਦੀ ਸਕੜੰਜ' ਦੇ ਕੋਲ ਸੱਟ ਲੱਗ ਗਈ। ਕੁਝ ਮਹੀਨੇ ਮਾਮਾ ਹਰੀ ਸਿੰਘ ਪਾਸ ਲੁਧਿਆਣੇ ਜਾ ਰਹੇ ਠੀਕ ਹੋਣ ਤੱਕ। ਇਸ ਅਰਸੇ ਵਿਚ ਆਪ ਦੀ ਖੇਤੀ ਬਾੜੀ ਦਾ ਕੰਮ ਵੀ ਭਾਈ ਲਹਿਣਾ ਸਿੰਘ ਵੇਖਦਾ ਰਿਹਾ। ਜਦੋਂ ਆਪ ਪਰਤ ਆਏ ਤਾਂ ਇਕ ਦਿਨ ਸਤਿਗੁਰੂ ਜੀ, ਮਹਾਰਾਜ ਬੁੱਧ ਸਿੰਘ ਤੇ ਲਹਿਣਾ ਸਿੰਘ ਚਰ੍ਹੀ ਲੈਣ ਵਾਸਤੇ ਗਏ, ਪਸ਼ੂਆਂ ਲਈ। ਗੁਰੂ ਹਰੀ ਸਿੰਘ ਜੀ ਆਪਣੀ ਪੰਡ ਲੈ ਕੇ ਆ ਗਏ ਕਿ ਲਹਿਣਾ ਸਿੰਘ ਸਤਿਗੁਰੂ ਜੀ ਨੂੰ ਚੁਕਾ ਦੇਵੇਗਾ। ਲਹਿਣਾ ਸਿੰਘ ਵੀ ਸ਼ਾਇਦ ਭੁਲੇਖੇ ਵਿਚ ਰਹਿ ਗਿਆ ਕਿ ਸਤਿਗੁਰੂ ਜੀ ਨੂੰ ਮਹਾਰਾਜ ਜੀ ਚੁਕਾ ਦੇਣਗੇ। ਸਤਿਗੁਰੂ ਜੀ ਇੱਕਲੇ ਰਹਿ ਗਏ ਪਿਛੇ। ਸਾਖੀ ਕਰਤਾ ਲਹਿਣਾ ਸਿੰਘ ਦੀ ਇਸ ਕੋਤਾਹੀ ਨੂੰ, ਸ੍ਰੀ ਸਤਿਗੁਰੂ ਜੀ ਦੇ ਸਰਾਪ ਨਾਲ ਜੋੜਦਾ ਹੈ, ਜਿਸ ਕਾਰਨ ਉਸਦੀ ਸਿੰਘਣੀ ਗੁਜ਼ਰ ਗਈ, ਦੋਵੇਂ ਬੈਲ ਮਰ ਗਏ। ਜਿਹੜਾ ਬੈਲ ਖਰੀਦਿਆ ਉਹ ਵੀ ਮਰ ਗਿਆ। ਪਿੰਡ ਵਿਚ ਹੋਰ ਬੈਲ ਉਧਾਰਾ ਵੀ ਨਾਂ ਮਿਲਿਆ।[6]

ਸਤਿਗੁਰੂ ਜੀ ਨੇ ਵੇਦ ਰੀਤੀ ਨਾਲ ਇਸ ਸਮੇਂ ਦੋਹਾਂ ਪੁੱਤਰੀਆਂ ਦੇ ਛੋਟੀ ਉਮਰ ਵਿਚ ਹੀ ਵਿਆਹ ਕਰ ਦਿਤੇ। ਲਹਿਣਾ ਸਿੰਘ ਅਤੇ ਪਿੰਡ ਦੇ ਹੋਰ ਸਾਥੀਆਂ ਨੇ ਕਾਰਜ ਸਿਰੇ ਚੜ੍ਹਾਉਣ ਵਿਚ ਹਰ ਤਰ੍ਹਾਂ ਸਹਿਯੋਗ ਕੀਤਾ। ਸੰਨ 1851 ਦੇ ਅਖੀਰ ਜਾਂ 52 ਵਿਚ ਸਤਿਗੁਰੂ ਜੀ ਫੀਰੋਜ਼ਪੁਰ ਰਾਜਗੀਰੀ ਦੇ ਕੰਮ ਵਾਸਤੇ ਜਾ ਰਹੇ। ਤਿੰਨ ਚਾਰ ਸਾਲ ਉਥੇ ਬਿਤਾਕੇ, ਆਪ ਜੀ 1855 ਈ. ਵਿਚ ਵਾਪਸ ਭੈਣੀ ਸਾਹਿਬ ਮੁੜ ਆਏ। ਇਸ ਸਮੇਂ ਡੇਰਾ ਨਿਰਮਾਣ ਦੇ ਕਾਰਜਾਂ ਦਾ ਸੰਖੇਪ ਵਰਣਨ ਬਾਹੋਵਾਲ ਜੀ ਕਰਦੇ ਹਨ—

"ਪਹਿਲੇ ਦੱਖਣ ਵੱਨੀਂ ਦਰਵਾਜ਼ਾ ਸੀ। ਫੇਰ ਵੇਹੜੇ ਕੀ ਕੰਧ ਵਗਲ ਕੇ ਪਹਾੜ ਨੂੰ ਦਰਵਾਜ਼ਾ ਲਾਇਆ। ਸੱਜੇ ਪਾਸੇ ਹੱਟੀ ਪਾਈ। ਖੱਬੇ ਪਾਸੇ ਲੰਗਰ ਵਾਸਤੇ ਥੋੜੀ ਜਿਹੀ ਜਗ੍ਹਾ ਪਾਈ। ਜਿਥੇ ਥੜਾ ਹੈ (ਰਾਮ ਮੰਦਰ) ਏਥੇ ਥੋੜਾ ਥੜਾ ਬਣਾਇਕੇ ਉਪਰ ਭਜਨ ਕਰਨ ਲੱਗੇ। ਖੇਤੀ ਕਾ ਭੀ ਕੁਝ ਉਦਮ ਕੀਤਾ। ਜਿੱਥੇ ਤਬੇਲਾ ਹੈ ਏਥੇ ਰੇਤ ਕਾ ਟਿੱਬਾ ਹੁੰਦਾ ਸੀ। ਉਸ ਪਰ ਵਾੜਾ ਵਲਕੇ ਗਊ ਭੈਂਸ ਬੰਨਣ ਲੱਗੇ ਨਾਲੇ ਪਾਥੀਆਂ ਪੱਥਣ ਲੱਗੇ।"[7]

ਤਬੇਲਾ ਵਲਣ ਵਾਸਤੇ ਸ੍ਰੀ ਸਤਿਗੁਰੂ ਜੀ ਨੇ ਲਹਿਣਾ ਸਿੰਘ ਦੇ ਚਚੇਰੇ ਭਾਈ ਸੁੱਖੂ ਲੰਬੜਦਾਰ ਨੂੰ ਕਿਹਾ ਕਿ ਅਕਾਲ ਪੁਰਖ ਦੀ ਕਿਰਪਾ ਨਾਲ, ਉਸਦੇ ਪੰਥ ਦਾ ਵਿਸਥਾਰ ਹੋ ਰਿਹਾ ਹੈ। ਸ੍ਰੀ ਭੈਣੀ ਸਾਹਿਬ ਆਉਣ ਜਾਣ ਵਾਲੀਆਂ ਸੰਗਤਾਂ ਲਈ ਉਹਨਾਂ ਦੇ ਗੱਡੇ, ਬੈਲ ਊਠ, ਘੋੜੇ ਤੇ ਹੋਰ ਦੁਧਾਰੂ ਪਸ਼ੂਆਂ ਮੱਝਾਂ ਗਾਵਾਂ ਦੇ ਬੰਨ੍ਹਣ ਵਾਸਤੇ ਤਬੇਲਾ ਵਲਿਆ ਜਾਣਾ ਜ਼ਰੂਰੀ ਹੈ। ਤੁਸੀਂ ਲੰਬੜਦਾਰ ਹੋ, ਸ਼ਾਮਲਾਟ ਜ਼ਮੀਨਾਂ ਪਈਆਂ ਹਨ ਤੁਹਾਡੇ ਤੇ ਲਹਿਣਾ ਸਿੰਘ ਹੋਰਾਂ ਦੇ ਪਰਿਵਾਰ ਦੀਆਂ। ਤੁਸੀਂ ਸਹਿਮਤੀ ਪ੍ਰਗਟ ਕਰੋ। ਸੰਗਤ ਦਾ ਸੁੱਖ ਬਣੇਗਾ। ਅਸੀਂ ਲਹਿਣਾ ਸਿੰਘ ਅਤੇ ਤੁਹਾਡੇ ਟੱਬਰ ਦੇ ਭਰੋਸੇ ਤੇ ਹੀ ਰਾਈਆਂ ਆਪਣਾ ਪਿੰਡ ਛੱਡਕੇ ਇੱਥੇ ਆਏ ਹਾਂ। ਸੁੱਖੂ ਦੀ ਬੁੱਧ ਬਿਬੇਕ, ਭਾਈ ਲਹਿਣਾ ਸਿੰਘ ਜਿਉਂ ਸੁਖਮਭਾਵੀ ਨਹੀਂ ਸੀ। ਉਹ ਆਪਣੀ ਮਾਲਕੀ ਦੇ ਗ਼ਰੂਰ ਵਿਚ ਸਤਿਗੁਰੂ ਜੀ ਦੀ ਸ਼ਾਨ ਵਿਚ ਉੱਚਾ ਨੀਵਾਂ ਬੋਲ ਗਿਆ। ਉਸ ਨੇ ਇਹ ਨਾ ਸਮਝਿਆ ਕਿ ਉਹਨਾਂ ਦੀ ਇਸ ਜਗ੍ਹਾ ਦਾ ਇਸ ਤੋਂ ਵੱਧ ਸਦ ਉਪਯੋਗ ਹੋਰ ਕਿਧਰੇ ਨਹੀਂ ਹੋਣਾ। ਜਿਸ ਭੂਮੀ ਨੇ ਚਹੁੰਆਂ ਕੂਟਾਂ ਵਿਚ ਵਖਿਆਤ ਹੋਣਾ ਹੈ। ਸਤਿਗੁਰੂ ਜੀ ਨੇ ਆਪਣੇ ਪੰਥ ਨੂੰ "ਅਕਾਲ ਪੁਰਖ ਦਾ ਪੰਥ " ਦੱਸਕੇ, ਇਸਦੇ ਭਵਿੱਖ ਬਾਰੇ ਸਭ ਕਿਸਮ ਦੇ ਸ਼ੱਕ ਸੰਸੇ ਦੂਰ ਕਰ ਦਿਤੇ। ਸੁੱਖੂ ਨੂੰ ਸਾਡੇ ਪੁਰਾਤਨ ਕਵੀ ਮੁਤਾਬਿਕ ਸ਼ਹੀਦਾਂ ਦੀ ਗ਼ੈਬੀ ਮਾਰ ਪਈ। ਉਸ ਦੀ ਮਾਤਾ ਉਸ ਨੂੰ ਸਤਿਗੁਰੂ ਜੀ ਪਾਸ ਲਿਆਈ। ਉਸਦੀ ਜਾਨ ਸਲਾਮਤੀ ਬਦਲੇ, ਮਾਤਾ ਨੇ ਜਿਤਨੀ ਜ਼ਮੀਨ ਚਾਹੋ ਲੈਣ ਦੀ ਗੱਲ ਆਖ ਦਿਤੀ। ਸੁੱਖੂ ਦੀ ਕਸ਼ਟ ਨਵਿਰਤੀ ਕੀਤੀ ਅਤੇ ਸਤਿਗੁਰੂ ਜੀ ਨੇ ਆਪਣੇ ਹੱਥੀ ਕਿੱਲੇ ਗੱਡ ਗੱਡ ਕੇ, ਪ੍ਰਸਤਾਵਿਤ ਸਥਾਨਾਂ ਦੀ ਨਿਸ਼ਾਨਦੇਹੀ ਕੀਤੀ। ਭਾਈ ਧਿਆਨ ਸਿੰਘ ਕਾਦਰਾਬਾਦੀ ਦੇ ਸ਼ਬਦਾਂ ਵਿਚ ਡੇਰਾ ਭੈਣੀ ਸਾਹਿਬ ਦੀ ਸਥਾਪਨਾ, ਵਿਸਥਾਰ ਬਾਰੇ, ਬ੍ਰਜ ਮਿਲੀ ਪੰਜਾਬੀ ਵਿਚ ਇਸ ਪਰਸੰਗ ਦਾ ਪਾਠ ਬੜਾ ਮਨਮੋਹਕ ਹੈ—

"ਸ੍ਰੋਤਾ ਸੁਣੀਏ ਹੇਤ ਕਰ ਆਗੇ ਨਿਰਮਲ ਗਾਥ।
ਮੰਦ੍ਰ ਭੈਣੀ ਜਿਵ ਰਚੇ ਸ੍ਰੀ ਗੁਰ ਦੀਨਾ ਨਾਥ।੪।
ਮਾਲਕ ਭੈਣੀ ਕੋ ਹੁਤੋ ਸੁਖੂ ਤਿਸ ਕੋ ਨਾਉਂ।
ਗੁਰਦੁਵਾਰੇ ਸੰਗਤਿ ਬੜ੍ਹੀ ਥੋਰੀ ਕੁਛ ਕੁਸੋ ਥਾਉ।੫।
ਏਕ ਦਿਵਸ ਸੁਖੂ ਅਯੋ ਸਤਿਗੁਰੂ ਭਾਖਿਓ ਤਾਹਿ।
ਦਿਹੁ ਧਰਨੀ ਲੰਗਰ ਬਨੈ ਅਸੂ ਤਬੇਲਾ ਜਾਹਿ।੬।

## ਦੋਹਰਾ॥

ਅੰਨ ਖਾਹਿ ਨਰ ਸੈਂਕੜੇ ਗਾਡੀ ਊਂਟ ਤੁਰੰਗ।
ਆਵਹਿੰਗੇ ਈਹਾ ਚਲੇ ਭੂਮੀ ਥੋੜੀ ਤੰਗ।੭।

ਬੋਲਾ ਸੁਖੂ ਹੰਸ ਕਰ ਸੁਣ ਭਾਈ ਰਾਮਿਆ ਬਾਤ।
ਪੈਰਾਂ ਉਪਰ ਚਲਾ ਜਾਹ ਤੂੰ ਬਾਢੀ ਕੋ ਤਾਤ।੮।

ਲੰਗਰ ਘੋੜੇ ਬੈਲ ਕਹਾਂ ਧੈਨ ਗਾਡੀਆਂ ਭੂਰ।
ਕੋ ਦਿਨ ਕੋ ਇਹ ਚਾਰ ਨਰ ਭੀ ਹੋ ਜਾਸਨ ਦੂਰ।੯।

ਮੈਂ ਭੂਮੀ ਨਹੀਂ ਦੇਵਣੀ ਸਾਚੀ ਸਾਚੀ ਬਾਤ।
ਇਸ ਪੀਛੇ ਲੜ ਮਰਤ ਹੈ ਚਚਾ ਭਤੀਜਾ ਭ੍ਰਾਤ।੧੦।

ਤ੍ਰਿਅ ਧਰਤੀ ਕੋ ਮਾਂਗਬੇ ਸਿਆਣੇ ਨਰ ਕਹਾ ਦੇਤ।
ਡਾਢਾ ਭਾਵੇਂ ਖੋਹ ਲਵੇ ਪ੍ਰਾਨ ਨਿਕਾਸੇ ਖੇਤ।੧੧।

ਬੋਲੇ ਗੁਰ ਮੁਸਕਾਇ ਕਰ ਭਾਈ ਸੁਖੂ ਮਾਨ।
ਦੇਹ ਖੁਸ਼ੀ ਸੰਗ ਨਹੀਂ ਗੁਰ ਡਾਢੇ ਹਤੈਂ ਪ੍ਰਾਨ।੧੨।

ਇਹ ਅਕਾਲ ਕਾ ਪੰਥ ਹੈ ਕਬੀ ਨਾ ਹੋਵੈ ਦੂਰ।
ਕੇਤੀ ਝਖ ਝਖ ਇਨੋਂ ਸੰਗ ਹੁੱਟ ਮਰੈ ਹੋਇ ਧੂਰ।੧੩।

## ਚੌਪਈ

ਮਾਨੀ ਸੁਖੂ ਨਾਹਿਨ ਕਹੀ। ਕਛੁਕ ਰੋਸ ਮਨ ਕੀਤਾ ਸਹੀ।
ਅੰਤਰਜਾਮੀ ਖੇਲ ਰਚਾਯਾ। ਸੁਰ ਨਰ ਅਸੁਰ ਨੋ ਜਾਇ ਮਿਟਾਯਾ।੧੭।

ਏਕ ਦਿਵਸ ਗਯੋ ਬਾਹਰ ਖੇਤ। ਦੇਖਨ ਹਿਤ ਕਰ ਹੋਇ ਸੁਚੇਤ।
ਪਕੜ ਸ਼ਹੀਦਾਂ ਕੀਨੀ ਮਾਰ। ਊਚੀ ਰੋਵੈ ਕਰੈ ਪੁਕਾਰ।੧੮।

ਦ੍ਰਿਸ਼ਟਿ ਨਾ ਪਰੈ ਮਾਰਤਾ ਕੋਈ। ਮੈ ਮਾਰਯੋ ਕਹਿ ਗਿਰਿਓ ਸੋਈ।
ਆਏ ਨਿਕਟੀ ਖੇਤਾਂ ਵਾਲੇ। ਦੇਖਾ ਪੜਾ ਬਿਸੁਧ ਬਿਹਾਲੇ।੧੯।

ਦੀਸੈ ਨਹੀਂ ਸ਼ਹੀਦ ਅਲੋਪ। ਚੋਟਨ ਦਾਗ ਲਗੇ ਬਡ ਕੋਪ।
ਬੋਲੇ ਨਹੀਂ ਨਾ ਕੋ ਤਿਸ ਹੋਸ਼। ਮੰਜੀ ਪਰ ਚੁਕ ਲਿਆਏ ਉਸ।੨੦।

ਸੁਖੂ ਮਾਤ ਦੇਖਿਓ ਜਬੈ। ਉਚੇ ਸੁਰ ਰੋਵਤ ਭੀ ਤਬੈ।
ਸੁਤ ਕੇ ਮੁਖ ਸੇ ਝਾੜਤ ਧੂੜ। ਹੇ ਸੁਤ ਮੇਰਾ ਜੀਵਨ ਕੂੜ।੨੧।

ਥੀ ਉਸ ਕੋ ਇਹ ਬਾਤ ਮਲੂਮ। ਰਾਮ ਸਿੰਘ ਮਾਂਗੀ ਕਿਛ ਭੂਮਿ ।੨੨।
ਉਹ ਹੈ ਸੰਤ ਰੂਪ ਪਰਤਾਪੀ। ਕਹਿਓ ਤਿਹ ਦੇਵੈਂ ਧਰ ਆਪੀ।
ਮੇਰੇ ਸੁਤ ਤਿਸ ਕਹੀ ਨ ਮਾਨੀ। ਅਬ ਹੋਯੋ ਮਛੀ ਬਿਨ ਪਾਨੀ ।੨੩।

ਗੁਰੂ ਰਾਮ ਸਿੰਘ ਕੇ ਗ੍ਰਿਹਿ ਆਈ। ਉਚੀ ਧੁਨ ਰੋਤੀ ਬਿਲਲਾਈ।
ਅੰਤਰ ਜਾਮੀ ਸਭ ਗਤਿ ਜਾਨੀ। ਆਦ ਗ੍ਰੰਥ ਕੀ ਪੜਤੋ ਬਾਨੀ ।੨੬।

ਮੁਸਕਾਨੇ ਤਿਸ ਦਿਸਾ ਬਿਲੋਕਾ। ਸੁਖੂ ਮਾਤ ਕਹੀ ਸਹਿ ਸੋਕਾ।
ਵੇ-ਰਾਮਿਆਂ। ਪੁਤ ਜੀਵੈ ਮੇਰਾ। ਲੈ ਭੂਮੀ ਜੇਤਾ ਜੀ ਤੇਰਾ ।੨੭।

ਬੋਲੇ ਪ੍ਰਭ ਪਰਮੇਸਰ ਭਾਣਾ। ਲਖੇ ਸੋਇ ਜੋ ਹੋਇ ਸਿਆਣਾ।
ਥੋਰੇ ਦਿਨ ਜੀਵਨ ਕੇ ਕਾਰਨ। ਮੈਂ ਮੇਰੀ ਕਰ ਚੁਕੈ ਭਾਰਨ ।੨੮।

ਛੋਡ ਧਰਤ ਕੋ ਤੇਤੇ ਗਏ। ਸਿੰਧ ਜਿਨੋ ਰਥ ਗੈਲਨ ਭਏ।
ਗੁਰ ਪ੍ਰਮੇਸਰ ਆਗਿਆ ਮਾਨ। ਈਹਾਂ ਰੋਜ ਕਿਛ ਕੀਜੈ ਭਾਨ ।੨੯।

ਸਤਿ ਸੰਗਤ ਕੋ ਮੇਲਾ ਰਚੈ। ਸਰਨਿ ਪਰੇ ਸੋ ਜਮ ਤੇ ਬਚੈ।
ਬੋਲੀ ਰੋ ਕਰ ਸੁਖੂ ਮਾਈ। ਲੈ ਧਰਤੀ ਜੇਤੀ ਮਨ ਭਾਈ ।੩੦।

... ...

ਏਤੀ ਬਿਨੈ ਸੁਣੀ ਬਹੁ ਦੀਨ, ਤੌਂ ਉਠੇ ਸਤਿਗੁਰ ਪ੍ਰਬੀਨ ।੩੪।

ਸ੍ਰੀ ਗ੍ਰੰਥ ਥੇ ਪੜ੍ਹਤੇ ਬਾਣੀ,ਪਾਸ ਰਖਾਯੋ ਗਡਵਾ ਪਾਣੀ।
ਸੋ ਜਲ ਤਿਸ ਕੇ ਮੁਖ ਮੈ ਪਾਯੋ, 33 ਛਿਨ ਉਠਾ ਮਨੋ ਸੁਪਨਾਯੋ ।੩੫।

ਊਠਤ ਹੀ ਗੁਰ ਕੇ ਪਗ ਲਾਗਾ, ਸੁਖੂ ਰਾਮ ਭਾਯੋ ਵਡ ਭਾਗਾ।
ਕਰੀ ਬਿਨੈ ਧਰਤੀ ਅਬ ਲੀਜੈ, ਇਛਾ ਜੇਤੀ ਤਿਤੀ ਭਨੀਜੈ ।੩੬।

ਕਰੋ ਦਾਗ ਜਾਂ ਕੋਈ ਨਿਸ਼ਾਨੀ, ਕਾਰ ਚਲੈ ਜਾਮੇ ਮਨ ਭਾਨੀ।
ਕੀਲੇ ਨਿਜ ਕਰ ਸੇ ਤਬ ਘਰੇ, ਬੀਚ ਭੂਮ ਗਡਵਾਵਨ ਕਰੇ ।੩੭।

ਏਤੋ ਲੰਗਰ ਇਤੋ ਤਬੇਲਾ, ਬਣੈਂ ਹਮਾਰੋ ਸਹਿਜ ਸੁਹੇਲਾ।
ਸਤਿ ਬਚਨ ਸੁਖੂ ਜੀ ਭਾਖਾ, ਤੂੰ ਡਾਢਾ ਮੈ ਖਰਾ ਪਰਾਖਾ ।੩੮।

ਸੁੰਦਰ ਮੰਦਰ ਤਹਿ ਚਿਨਵਾਇ, ਆਪ ਕਤਾ ਰਾਖੀ ਸਮੁਦਾਇ।
ਸਬਦ ਸੁਨਾਵਤ ਨਿਤ ਪ੍ਰਤਿ ਕਾਨ, ਬਨੇ ਸੈਂਕੜੇ ਸਿੰਘ ਮਹਾਨ ।।੯੨।

... ...

**ਕਬਿਤ ॥**

"ਕਰੀ ਯੋਂ ਤਿਆਰੀ ਗੁਰੂ ਮੋਹਨ ਮੁਰਾਰੀ, ਰਚੇ
ਧਾਮ ਹਿਤ ਧਾਰੀ ਕਰ ਸੁੰਦਰ ਬਿਓਤ ਹੈ।
ਕਰੀ ਦੇਗ ਜਾਰੀ ਪਾਸ ਕੂਪ ਸੀਤ ਬਾਰੀ, ਛਕੇ
ਅਚੇ ਨਰ ਨਾਰੀ ਭੂਖ ਪਿਆਸ ਸਾਰੀ ਖੋਤ ਹੈ।
ਸ਼ਬਦ ਅਧਾਰੀ ਪਰਲੋਕ ਭੀ ਸਵਾਰੀ, ਛੂਟੇ
ਕਾਨ ਜਮ ਜਾਰੀ ਨਾਮਧਾਰੀ ਪੰਥ ਪੋਤ ਹੈ।
ਬੰਦਨਾਂ ਹਾਰੀ ਕਟੀ ਨੈਨਨ ਬਿਮਾਰੀ, ਐਸੋ
ਮਿਲਾ ਵੈਦ ਕਾਰੀ ਬਾਝ ਓਸ ਸਾਰੀ ਰਾਤ ਹੈ ।੪੨ ।[8]

ਇਸ ਪਰਕਾਰ ਡੇਰਾ ਸ੍ਰੀ ਭੈਣੀ ਸਾਹਿਬ ਦੇ ਲੰਗਰ, ਤਬੇਲੇ ਆਦਿ ਅਸਥਾਨਾਂ ਦੀ ਰਚਨਾ ਦਾ ਵੱਡਾ ਕਾਰਜ, ਭਾਈ ਲਹਿਣਾ ਸਿੰਘ ਜੀ ਅਤੇ ਉਹਨਾਂ ਦੇ ਦੂਜੇ ਭਾਈਚਾਰੇ ਨਾਲ ਸੰਬੰਧਿਤ, ਸ਼ਾਮਲਾਟ ਜ਼ਮੀਨਾਂ ਵਿਚ ਉਨੀਵ੍ਹੀਂ ਸਦੀ ਦੇ ਛੇਵੇਂ ਦਹਾਕੇ ਦੇ ਦੂਜੇ ਅੱਧ ਵਿਚ ਮੁਕੰਮਲ ਹੋ ਗਿਆ। ਡੇਰਾ ਵਿਸਥਾਰ ਦਾ ਕਾਰਜ ਤਾਂ ਉਸ ਸਮੇਂ ਤੋਂ ਲੈਕੇ ਹੁਣ ਤੱਕ ਜਾਰੀ ਹੈ। ਪਰ ਇਸ ਮਹਾਨ ਕਾਰਜ ਦੇ ਮੋਢੀਆਂ ਨੂੰ ਯਾਦ ਕਰਨਾ, ਇਤਿਹਾਸ ਦੇ ਰਿਣ ਮੁਕਤ ਹੋਣ ਜਿਹਾ ਕਾਰਜ ਹੁੰਦਾ ਹੈ।

ਨਾਮਧਾਰੀ ਸੰਤ ਖਾਲਸਾ ਦੀ ਸਾਜਨਾ ਕਰਨ ਬਾਅਦ, ਕਈ ਵੇਰ ਆਪ ਜੀ ਨੇ ਮਹਾਰਾਜ ਬੁੱਧ ਸਿੰਘ ਜੀ ਅਤੇ ਭਾਈ ਲਹਿਣਾ ਸਿੰਘ ਨੂੰ ਨਾਲ ਲੈਕੇ, ਮਸਤਾਨੀ ਬਿਰਤੀ ਦੇ ਬਹੁਤ ਸਾਰੇ ਬਚਨ ਕਰਨੇ। ਇਹਨਾਂ ਬਚਨਾਂ ਦੇ ਗੁਹਜ ਸੰਕੇਤ ਹੁੰਦੇ ਸਨ ਜੋ ਹਰ ਕਿਸੇ ਦੇ ਸਮਝਣ ਦੇ ਸਮਰੱਥ ਨਹੀਂ ਸਨ। ਕਿਉਂਕਿ ਹੁਣ ਲਾਹੌਰ ਵਿਚ ਗੋਰਾਸ਼ਾਹੀ, ਪੂਰੀ ਤਰ੍ਹਾਂ ਕਾਬਿਜ ਹੋ ਚੁੱਕੀ ਸੀ, ਇਸ ਲਈ ਇਕ ਦਿਨ ਉਪਰਲੇ ਸੱਜਣਾਂ ਨਾਲ 'ਲਾਹੌਰ ਦਾ ਘਰ ਮਾਰਨ' ਦਾ ਬਚਨ ਕੀਤਾ, ਜੋ ਆਪ ਜੀ ਦੇ ਏਜੰਡੇ ਦਾ ਪ੍ਰਮੁੱਖ ਕਾਰਜ ਸੀ, ਕੌਮੀ ਮੁਕਤੀ ਸੰਗਰਾਮ ਦੀ ਤਿਆਰੀ ਵਜੋਂ।[9] ਮਸਤਾਨੀ ਬਿਰਤੀ ਦੇ ਇਹਨਾਂ ਕਉਤਕਾਂ ਸਮੇਂ, ਇਕ ਦਿਨ ਦਇਆ ਸਿੰਘ ਪੁੱਤਰ ਸ੍ਰੀ ਹਿੰਮਤ ਸਿੰਘ ਕੋਟ ਗੰਗੂ ਰਾਇ, ਜਿਸ ਨੂੰ ਸਤਿਗੁਰੂ ਜੀ ਮਰਦ ਕਹਿੰਦੇ ਹੁੰਦੇ ਸਨ ਅਤੇ ਲਹਿਣਾ ਸਿੰਘ ਨੂੰ ਰਾਮਸਰ ਵੱਲ ਲੈ ਗਏ। ਦੋਹਾਂ ਤੋਂ ਕਈ ਪੰਡਾਂ ਪਾਥੀਆਂ ਮੰਗਵਾਈਆਂ। ਚਿਖਾ ਵਾਂਗ ਚਿਣਕੇ ਅਗਨੀ ਲਾ ਦਿਤੀ। ਜੁਆਲਾ ਪਰੰਚਡ ਹੋ ਗਈ। ਲਾਟਾਂ ਨਿਕਲਨ ਲੱਗੀਆਂ। ਸਤਿਗੁਰੂ ਜੀ ਲਗਾਤਾਰ ਛੇ ਛਾਲਾਂ ਮਾਰਕੇ ਬਲਦੀ ਅੱਗ ਤੋਂ ਟੱਪ ਗਏ। ਸੱਤਵੀਂ ਛਾਲ ਅੱਗ ਦੇ ਵਿਚ ਮਾਰੀ। ਪਿਠ ਨਾਲ ਉਪਰ ਲੇਟ ਕੇ ਸਾਰੀ ਅਗਨ ਬੁਝਾਇ ਦਿਤੀ। "ਲਹਿਣਾ ਸਿੰਘ ਤੇ ਦਇਆ ਸਿੰਘ ਨੂੰ ਬਚਨ ਕੀਤਾ ਕਿਸੇ ਨੂੰ ਦੱਸਣਾਂ ਨਹੀਂ। ਜਾਂ ਸਤਿਗੁਰੂ ਜੀ ਰੰਗੂਨ ਗਏ ਤਾਂ ਮਗਰੋਂ ਦੱਸਿਆ ਸੀ।"...

ਫਿਰ ਇਕ ਵਕਤ ਐਸਾ ਵੀ ਆਇਆ ਕਿ ਲਹਿਣਾ ਸਿੰਘ ਦੁਬਾਰਾ ਗੁਰੂ ਕਿਰਪਾ ਦਾ ਪਾਤਰ ਬਣ ਗਿਆ। ਚਰ੍ਹੀ ਵਾਲੇ ਪਰਸੰਗ ਤੋਂ ਬਾਅਦ ਲਹਿਣਾ ਸਿੰਘ ਦਾ ਪੈਰ ਪਿਛਾਂਹ ਨੂੰ ਜਾਂਦਾ ਰਿਹਾ। ਸਤਿਗੁਰੂ ਜੀ ਨੇ ਆਪਣੇ ਬਾਲ-ਸਖਾ ਨੂੰ ਪਰੇਸ਼ਾਨੀਆਂ ਤੋਂ

ਮੁਕਤ ਵੀ ਕੀਤਾ। ਉਹ ਫਿਰ ਸਫ਼ਲ ਕਿਸਾਨ ਵੀ ਬਣ ਗਿਆ। ਘਰ ਵਿਚ ਆਈਆਂ ਗ੍ਰਹਿਸਤ ਜੀਵਨ ਦੀਆਂ ਪਰੇਸ਼ਾਨੀਆਂ ਵੀ ਹੱਲ ਹੋ ਗਈਆਂ। ਇਸ ਲਈ ਸਤਿਗੁਰੂ ਜੀ ਨੇ ਉਸਨੂੰ, ਇਕ ਮਨ ਇਕ ਚਿੱਤ ਹੋਕੇ ਨਾਮਬਾਣੀ ਦੀ ਅਰਾਧਨਾ ਵਾਲੇ, ਗੁਰਮਤ ਗਾਡੀ ਰਾਹ ਤੇ ਚੱਲਣ ਦਾ ਹੁਕਮ ਕੀਤਾ। ਬਿਰਤਾਂਤ ਬਾਹੋਵਾਲ ਜੀ ਦੇ ਸ਼ਬਦਾਂ ਵਿਚ ਪੜ੍ਹੀਏ—

"ਏਕ ਦਿਨ ਅਕਾਲ ਬੁੰਗੇ ਵਾਲੇ ਖੂਹ ਕੇ ਬਰਾਬਰ ਖੜ੍ਹੇ ਸੇ ਸ੍ਰੀ ਸਤਿਗੁਰੂ ਜੀ। ਲਹਿਣਾ ਸਿੰਘ ਦਲੀਲਾਂ ਕਰਦਾ ਤੁਰਿਆ ਜਾਂਦਾ ਸੀ। ਦੀਨ ਦਿਆਲ ਜੀ ਸੱਦਕੇ ਲਹਿਣਾ ਸਿੰਘ ਕੋ ਬਚਨ ਕੀਤਾ-ਕਹੁ ਮੈਂ ਭੁੱਲ ਗਿਆ ਹਾਂ ਮੈਨੂੰ ਬਖਸ਼ੋ। ਲਹਿਣਾ ਸਿੰਘ ਹੱਥ ਜੋੜਕੇ ਕਹਿਣ ਲੱਗਾ, ਜੀ ਮੈਂ ਭੁੱਲ ਗਿਆ ਹਾਂ, ਮੈਨੂੰ ਬਖਸ਼ੋ। ਹੁਣ ਮੈਂ ਕਾਸੇ ਜੋਗਾ ਨਹੀਂ ਹਾਂ। ਮਿਹਰਬਾਨ ਹੋਕੇ ਬਚਨ ਕੀਤਾ— ਹੁਣ ਬੈਲ ਖਰੀਦ, ਨਹੀਂ ਮਰੇਗਾ। ਜਿੱਧਰ ਜਾਏਂਗਾ ਉਧਰ ਹੀ ਹੱਥ ਲੱਗੇਗਾ। ਪੰਜਾਹ ਰੁਪਈਏ ਤੇ ਉਧਾਰ ਰਾਈਆਂ ਤੋਂ ਬੈਲ ਮਿਲ ਗਿਆ। ਦਿਨੋ ਦਿਨ ਲੱਗਾ ਵਧਣ।

"ਲਹਿਣਾ ਸਿੰਘ ਕੋ ਏਕ ਮੁਕਦਮਾ ਲੜਕੀ ਬਾਬਤ ਹੋਇਆ ਸੀ। ਇਕ ਦਿਨ ਫੇਰ ਸ੍ਰੀ ਸਤਿਗੁਰੂ ਜੀ ਬਚਨ ਕੀਤਾ— ਲਹਿਣਾ ਸਿੰਘ ਸ਼ਬਦ ਦੀ ਅਰਾਧਨਾ ਕਰਿਆ ਕਰ, ਮੁਕੱਦਮਾ ਫਤ੍ਹੇ ਹੋ ਜਾਏਗਾ। ਲਹਿਣਾ ਸਿੰਘ ਅਕਾਲ ਬੁੰਗੇ ਖੂਹ ਪਰ ਬੈਠਕੇ ਰਾਤ ਕੋ ਅਰਾਧਨ ਲੱਗਾ ਸ਼ਬਦ। ਪਹਿਲੇ ਲੇਪਨ ਦੇ ਲੈਣਾ ਫੇਰ ਇਸ਼ਨਾਨ ਕਰਕੇ ਬੈਠਣਾ ਸੁਹਾਂਝਣੇ ਹੇਠ। ਜਿਤਨੇ ਹਜ਼ਾਰ ਗੁਰੂ ਜੀ ਦਸਿਆ ਸੀ ਉਤਨਾਂ ਕੀਤਾ। ਏਕ ਰੋਜ਼ ਸੁਹਾਂਝਣੇ ਉਪਰੋਂ ਇਕ ਸਰਾਲ ਉੱਤਰੀ। ਡਰ ਦਾ ਮਾਰਿਆ ਲਹਿਣਾ ਸਿੰਘ ਘਰ ਆਇ ਸੁੱਤਾ। ਦਿਨ ਚੜ੍ਹੇ ਸ੍ਰੀ ਸਤਿਗੁਰੂ ਜੀ ਕਾ ਦੀਦਾਰ ਕੀਤਾ। ਕਹਿਣੇ ਲੱਗਾ ਜੀ ਸਰਪ ਕਾ ਰੂਪ ਧਾਰਕੇ ਮੈਨੂੰ ਖਾਣ ਆਇਆ, ਮੈਂ ਨੱਸਕੇ ਘਰ ਆਣ ਸੁੱਤਾ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਜੇ ਬੈਠਾ ਰਹਿੰਦੋਂ ਤਾਂ ਤੇਰੇ ਵੱਸ ਹੋਇ ਜਾਂਦਾ ਸ਼ਬਦ। ਜਿਥੇ ਅਰਾਧਦਾ ਉਥੇ ਹੀ ਕੰਮ ਦਿੰਦਾ। ਪਰ ਹੁਣ ਭੀ ਤੇਰਾ ਕਾਰਜ ਹੋ ਗਿਆ ਹੈ। ਕੁਛ ਦਿਨ ਬਾਅਦ ਮੁਕਦਮਾ ਫਤੇ ਹੋ ਗਿਆ ਤਾਂ ਲਹਿਣਾ ਸਿੰਘ ਬੜਾ ਪ੍ਰਸੰਨ ਹੋਇਆ।"[10]

ਬਾਲ-ਸਖਾ ਲਹਿਣਾ ਸਿੰਘ ਦੇ ਘਰ ਨੂੰ, ਸਤਿਗੁਰੂ ਜੀ ਆਪਣਾ ਘਰ ਸਮਝਦੇ ਸਨ। "ਇਕ ਦਿਨ ਸ੍ਰੀ ਸਤਿਗੁਰੂ ਜੀ ਬਚਨ ਕੀਤਾ ਹੋਰ ਸਾਰੇ ਬਿਮਾਰੀ ਪਈ ਹੈ ਲਹਿਣਾ ਸਿੰਘ, ਸਾਡੇ ਕਰਕੇ ਤੇਰੇ ਘਰ ਬਿਮਾਰੀ ਨਹੀਂ ਹੈ।"[11]

ਸੰਨ 1861 ਈ. ਦੀ ਹਰਦੁਆਰ ਅਰਧ ਕੁੰਭੀ ਦੇ ਸਮੇਂ ਸ੍ਰੀ ਸਤਿਗੁਰੂ ਜੀ ਸੰਗਤ ਸਮੇਤ ਸ੍ਰੀ ਭੈਣੀ ਸਾਹਿਬ ਤੋਂ ਚੱਲੇ ਸਨ। ਇਸ ਸੰਗ ਵਿਚ ਬਾਲ-ਸਖਾਈ ਮਿੱਤਰ ਭਾਈ ਲਹਿਣਾ ਸਿੰਘ ਨੂੰ ਵੀ ਸ਼ਾਮਲ ਕਰ ਲਿਆ ਸੀ। ਕਈ ਗੋਹਜ ਗਿਆਨ ਦੇ ਬਚਨ, ਅਕਸਰ ਲਹਿਣਾ ਸਿੰਘ ਦੀ ਮਾਰਫਤ ਹੁੰਦੇ ਰਹਿੰਦੇ। ਸਤਿਗੁਰੂ ਜੀ ਦੇ ਕਉਤਕਾਂ ਜਾਂ ਸਾਖੀਆਂ ਦੇ ਵੀ ਬਹੁਤ ਸਾਰੇ ਸੰਕੇਤਕ ਅਰਥ ਮਿਲਦੇ ਹਨ ਮਸਤਾਨੀ ਬਿਰਤੀ ਵਿਚ ਵਿਚਰਦਿਆਂ ਵੀ ਆਪ ਦੇ ਸਾਂਹਵੇਂ ਦੇਸ਼ ਸੁਤੰਤਰਤਾ ਦਾ ਮਿਸ਼ਨ ਹਮੇਸ਼ਾ ਰਹਿੰਦਾ ਸੀ। ਜਿਸ ਦੀ ਪ੍ਰਾਪਤੀ ਲਈ ਉਹ ਇਕ ਹੋਰ ਯੋਰਪੀਨ ਅਤੇ ਏਸ਼ਿਆਈ ਤਾਕਤ ਰੂਸ ਦੀ

ਸੈਨਿਕ ਸ਼ਕਤੀ ਨੂੰ ਅੰਗਰੇਜ਼ਾਂ ਦੇ ਖਿਲਾਫ਼ ਵਰਤਣ ਲਈ, ਲਗਾਤਾਰ ਚਿੰਤਨਸ਼ੀਲ ਰਹੇ ਅਤੇ ਫਿਰ ਇਸ ਸਬੰਧੀ ਕਈ ਯਤਨ ਵੀ ਅਰੰਭੇ। ਪੁਰਾਤਨ ਤੀਰਥ ਅਸਥਾਨਾਂ ਤੇ ਜਾਣ ਦਾ ਸਤਿਗੁਰੂ ਜੀ ਦਾ ਮਨੋਰਥ ਆਪਣੇ ਸਿੱਖਾਂ ਵਿਚੋਂ ਇਹਨਾਂ ਸਥਾਨਾਂ ਜਾਂ ਕਰਮ ਕਾਂਡਾਂ ਦੀ ਸਰਵਉਚਤਾ ਦਾ ਭਾਵ ਖਾਰਜ ਕਰਕੇ, ਉਹਨਾਂ ਨੂੰ ਵਿਵੇਕਸ਼ੀਲ, ਜਾਗਰੂਪ ਮਨੁੱਖ ਬਣਾ ਕੇ ਇਕ ਅਕਾਲ ਪੁਰਖ ਦੀ ਅਰਾਧਨਾ ਨਾਲ ਹੀ ਜੋੜਨਾ ਸੀ। ਗੰਗਾ ਦੇ ਰਸਤੇ ਵਿਚ ਲਹਿਣਾ ਸਿੰਘ ਹੋਰਾਂ ਨਾਲ ਰੂਸ ਬਾਰੇ ਭਵਿੱਖਤ ਵਾਕ ਸਮਕਾਲੀ ਇਤਿਹਾਸਕਾਰ ਨੇ ਬੜੇ ਸੁੰਦਰ ਸ਼ਬਦਾਂ ਵਿਚ ਅੰਕਿਤ ਕੀਤੇ ਹਨ—

"ਆਗੇ ਨਦੀ (ਮਾਰਕੰਡਾ) ਆਈ। ਖੜੋਇਕੇ ਬਚਨ ਕੀਤਾ ਗੁਰੂ ਜੀ, ਰੇਤੇ ਕੇ ਗੋਲੇ ਵੱਟ ਵੱਟ ਕੇ ਫੜਾਵੋ। ਸਿੰਘ ਲੱਗੇ ਫੜੌਣ। ਹਾਥ ਮੈਂ ਲੈ ਲੈ ਕੇ ਲੈਂਧੀ (ਪੱਛਮ) ਧਰਤੀ ਨੂੰ ਚਲਾਉਣ ਲੱਗੇ। ਲਹਿਣਾ ਸਿੰਘ ਨੇ ਪੁੱਛਿਆ— ਜੀ ਏਹ ਕੀ ਕਾਰਨ ਹੈ? ਗੁਰੂ ਜੀ ਬਚਨ ਕੀਤਾ ਲੈਂਧੀ ਤਰਫ਼ ਸੇ ਰੂਸ ਆਵਣਗੇ। ਤਰਾਸ ਝੱਲਿਆ ਨਹੀਂ ਜਾਵੇਗਾ। ਪੁੱਛਿਆ ਜੀ ਕਦ? ਬਚਨ ਕੀਤਾ ਸੌ ਵਰ੍ਹੇ ਥੀਂ ਉਰੇ ਉਰੇ ਫੇਰ ਜਦ ਆਇ ਜਾਵਣ।"[12]

ਸੰਤ ਇੰਦਰ ਸਿੰਘ ਚੱਕਰਵਰਤੀ ਇਸੇ ਪਰਸੰਗ ਨੂੰ, ਆਪਣੀ ਕਾਵਿਕ ਸ਼ੈਲੀ ਵਿਚ ਇਉਂ ਬਿਆਨ ਕਰਦੇ ਹਨ:

"ਏਸ ਸਮੇਂ ਭਗਵਾਨ ਦੀ, ਸੀ ਮਸਤੀ ਦੀ ਕਾਰ
ਪਰਗਟ ਕਰਕੇ ਦੱਸਦੇ, ਕਈ ਗੁਪਤ ਵਿਚਾਰ
ਅੱਡੀਆਂ ਚੁੱਕ ਚੁੱਕ ਵੇਖਦੇ, ਪੱਛਮ ਪਾਸੇ ਵੱਲ
ਆਂਹਦੇ ਖੋਲ੍ਹ ਭਵਿਖ ਦੀ, ਜਿਉਂ ਵਰਤੇਗੀ ਗੱਲ
ਹੁਣ ਹੈ ਅੱਗੋਂ ਵਰਤਣੀ, ਏਦਾਂ ਸਾਰੀ ਕਾਰ
ਰੂਸ ਦਏ ਅੰਗ੍ਰੇਜ਼ ਨੂੰ, ਬਹੁਤ ਕਰਾਰੀ ਹਾਰ।"[13]

ਗੰਗਾ ਤੋਂ ਵਾਪਸੀ ਤੇ ਵੀ ਕਾਫੀ ਸਮਾਂ, ਸਤਿਗੁਰੂ ਜੀ ਮਸਤਾਨੀ ਅਵਸਥਾ ਵਿਚ ਵਿਚਰਦੇ ਰਹੇ। ਉਹ ਅਗਮ ਨਿਗਮ ਦੇ ਮੰਡਲਾਂ ਵਿਚ ਤਾਰੀਆਂ ਲਾਉਂਦੇ ਸਨ। ਦਰਅਸਲ ਸੰਤ ਖਾਲਸੇ ਦੇ ਭਾਵੀ ਪਰਚਾਰ ਪਰਸਾਰ ਲਈ, ਮਹਾਂ ਮਲੇਛ ਦੇ ਨਾਸ ਲਈ ਤਿਆਰੀਆਂ ਵਿੱਢਣ ਸਮੇਂ, ਕਾਫੀ ਸਮਾਂ ਚਿੰਤਨ ਮਨਨ ਵਿਚ ਬੀਤਦਾ। ਦੀਨਾਂ ਦੁਖੀਆਂ, ਗਊ ਗਰੀਬ ਅਤੇ ਹੋਰ ਉਜੜਿਆਂ, ਥੁੜਿਆਂ ਅਬਲਾ ਕੰਨਿਆਵਾਂ ਦੇ ਦੁੱਖ ਤਕਲੀਫਾਂ ਕਾਰਨ, ਆਪ ਜੀ ਦਾ ਕੋਮਲ ਹਿਰਦਾ ਦ੍ਰਵਿਤ ਹੋ ਉਠਦਾ। ਇਸ ਸਮੇਂ ਆਪ ਦੇ ਕੁਝ ਚੋਜ ਜਾਂ ਕਉਤਕ ਆਪਦੇ ਭਵਿਖ ਨਕਸ਼ੇ ਦੇ ਅਨੁਕੂਲ ਹੀ ਹੁੰਦੇ ਸਨ। ਮਿੱਤਰ ਲਹਿਣਾ ਸਿੰਘ ਦੀ ਮੰਦਹਾਲੀ ਤੋਂ ਵੀ ਸਤਿਗੁਰੂ ਜੀ ਚਿੰਤਤ ਸਨ। ਹੇਠਲਾ ਕਉਤਕ ਲਹਿਣਾ ਸਿੰਘ ਅਤੇ ਮਨੁੱਖ ਮਾਤਰ ਲਈ, ਆਪਦੇ ਹਿਰਦੇ ਵਿਚ ਵੱਸਦੀ ਕਲਿਆਣਕਾਰੀ ਸੋਚ ਦਾ ਲਖਾਇਕ ਹੈ—

"ਏਕ ਰੋਜ਼ ਰਾਤ ਕੋ ਸਤਿਗੁਰੂ ਜੀ ਛੋਲਿਆਂ ਕਾ ਘੜਾ ਭਰਕੇ ਉਤੇ ਮੰਦਰ ਦੇ ਚੜ੍ਹਕੇ ਪਿਛਲੇ ਪਾਸੇ ਜਿੰਮੀਂਦਾਰ ਸੇ, ਤਿਨਾਂ ਵਿਚੋਂ ਇਕ ਦਾ ਨਾਮ ਲੈਕੇ ਅਵਾਜ਼ ਮਾਰੀ। ਬਚਨ ਕੀਤਾ ਆ ਤੈਨੂੰ ਕੁਝ ਦੇਈਏ। ਜ਼ਿੰਮੀਦਾਰ ਅੰਦਰ ਪਿਆ ਹੀ ਸੁਣੀ

ਜਾਂਦਾ ਸੀ। ਬਾਹਰ ਨਾ ਸੀ ਨਿਕਲਿਆ ਡਰਦਾ ਕਿ ਮੈਨੂੰ ਮਾਰਨਗੇ। ਜਾਂ ਕੋਈ ਨਾ ਨਿਕਲਿਆਂ ਤਾਂ ਘੜਾ ਸੁੱਟਿਆ। ਵੇਹੜੇ ਮੇਂ ਦਾਣੇ ਖਿੰਡ ਗਏ। ਰਾਤ ਤਾਂ ਕਿਸੇ ਨਾ ਨਾ ਛੇੜੇ ਪਰ ਦਿਨ ਚੜ੍ਹੇ ਲਹਿਣਾ ਸਿੰਘ ਬੀ ਆਇਆ ਦਾਣਿਆਂ ਦੇ ਕੋਲ ਅੰਤਰਯਾਮੀ ਗੁਰੂ ਜੀ ਭੀ ਆਏ। ਕੋਠੇ ਉਤੋਂ ਦੀ ਬਚਨ ਕੀਤਾ ਗੁਰੂ ਜੀ— ਦਾਣੇ ਸਾਂਭ ਲੈ ਤੇਰੀ ਗ਼ਰੀਬੀ ਨਿਕਲ ਜਾਵੇਗੀ। ਇਕ ਤੀਵੀਂ ਸੀ, ਉਸਦਾ ਨਾਮ ਲੈਕੇ ਬਚਨ ਕੀਤਾ ਇਹ ਬੜੀ ਪਾਪਣ ਹੈ। ਇਸਨੇ ਕੁੜੀਆਂ ਮਾਰੀਆਂ ਸੀਆਂ। ਉਸਦੇ ਪਤੀ ਕਾ ਨਾਮ ਲੈ ਕੇ ਬਚਨ ਕੀਤਾ ਇਹ ਬੜਾ ਪਾਪੀ ਹੈ, ਵੱਢ ਦੇਣੇ ਕੀ ਲਾਇਕ ਹੈ। ਲਹਿਣਾ ਸਿੰਘ ਨੇ ਦਾਣੇ ਇੱਕਠੇ ਕਰ ਲਏ ਤੇ ਗ਼ਰੀਬੀ ਨਿਕਲ ਗਈ। ਗੁਜ਼ਾਰਾ ਤੁਰ ਪਿਆ।"[14]

ਸੈਨਿਕ ਜੀਵਨ ਸਮੇਂ ਦੀਆਂ ਖੇਡਾਂ, ਸ਼ਸਤਰ ਅਭਿਆਸ ਕਰਨ ਲੱਗਿਆਂ ਵੀ ਬਾਲ-ਸਖਾ ਲਹਿਣਾ ਸਿੰਘ ਨੂੰ ਨਾਲ ਲੈ ਜਾਂਦੇ ਸਨ। ਉਸ ਨੂੰ ਹਵਾ ਵਿਚ ਆਉਂਦਾ ਚੱਕਰ ਪਕੜਨ ਅਤੇ ਚਲਾਉਣ ਦਾ ਅੰਦਾਜ਼ ਵੀ ਸਿਖਾਇਆ। "ਏਕ ਦਿਨ ਲਹਿਣਾ ਸਿੰਘ ਕੋ ਨਾਲ ਲੈ ਗਏ, ਸਤਿਗੁਰੂ ਜੀ। ਰਾਈਆਂ ਵਾਲੇ ਰਸਤੇ ਪਰ ਜਾਇ ਖੜੇ ਹੋਏ। ਬਚਨ ਕੀਤਾ ਮੈਂ ਚੱਕਰ ਚਲਾਊਂਗਾ ਤੂੰ ਬੋਚੀਂ। ਲਹਿਣਾ ਸਿੰਘ ਨੇ ਕਹਾ, ਜੀ ਮੈਥੋਂ ਨਹੀਂ ਬੋਚ ਹੋਣਾ। ਮੈਨੂੰ ਕਿਧਰੇ ਵੱਢ ਨਾ ਦਿਓ। ਬਚਨ ਹੋਇਆ ਮਾਰਦੇ ਨਹੀਂ ਵਿਦਿਆ ਸਿਖਾਲਦੇ ਹਾਂ ਤੈਨੂੰ। ਬਚਨ ਹੋਇਆ— ਸਿਧੀ ਬਾਂਹ ਕਰ ਮੇਰੇ ਵਨ੍ਹੀਂ। ਐਸਾ ਨਿਸ਼ਾਨਾ ਮਾਰਿਆ ਚੱਕਰ ਬਾਂਹ ਵਿਚ ਜਾਇ ਪਿਆ। ਦੋ ਫੇਰੀ ਚੱਕਰ ਵਿਚ ਜਾਇ ਪਿਆ। ਜਦ ਲਹਿਣਾ ਸਿੰਘ ਚੱਕਰ ਚਲਾਵੇ ਤਾਂ ਦੋ ਪੋਟਿਆਂ ਨਾਲ ਹੀ ਫੜ ਲੈਣ ਸੱਜੇ ਹੱਥ ਮੈ।"[15]

ਜਿਸ ਸਮੇਂ ਸ੍ਰੀ ਸਤਿਗੁਰ ਜੀ ਨੂੰ 1863 ਈ. ਦੀ 3 ਜੁਲਾਈ ਨੂੰ ਸ੍ਰੀ ਭੈਣੀ ਸਾਹਿਬ ਵਿਖੇ ਹੀ ਨਜ਼ਰਬੰਦ ਰਹਿਣ ਦਾ ਸਰਕਾਰੀ ਆਦੇਸ਼ ਪੁਚਾਇਆ ਗਿਆ ਤਾਂ ਆਪ ਜੀ ਨੇ ਪਿੰਡੋਂ ਬਾਹਰ ਇਕੰਤ ਅਸਥਾਨ ਬਣਾਕੇ ਭਜਨ ਬੰਦਗੀ ਕਰਨ ਦੀ ਇੱਛਾ ਪ੍ਰਗਟ ਕੀਤੀ। ਇਸ ਪਾਸੇ ਭਾਈ ਲਹਿਣਾ ਸਿੰਘ ਨੇ ਆਪਣੀ ਭੂਮੀ ਵਿਚੋਂ ਕੁਝ ਵਿਘੇ ਜ਼ਮੀਨ ਆਪ ਨੂੰ ਆਪਣੀ ਭੂਮੀ ਬਦਲੇ ਉਪਲਬਧ ਕਰਵਾਈ। ਆਪ ਜੀ ਨੇ ਕੱਚਾ ਕੋਠਾ ਬਣਵਾਇਆ ਜਿਸ ਦੇ ਆਲੇ ਦੁਆਲੇ ਪਾਣੀ ਦੀ ਖ਼ੈਲ ਸੀ। ਇਕ ਖੂਹ ਵੀ ਸੀ ਜਿਸ ਵਿਚੋਂ ਪਾਣੀ ਕੱਢਿਆ ਜਾਂਦਾ ਸੀ। ਖ਼ੇਲ ਪਾਣੀ ਦੀ ਭਰੀ ਰਹਿੰਦੀ ਤਾਂ ਜੁ ਕੀੜਾ ਪਤੰਗਾ ਬੰਦਗੀ ਸਮੇਂ ਵਿਘਨ ਨਾ ਪਾਏ। ਇਸ ਕਮਰੇ ਤੋਂ ਇਲਾਵਾ, ਮੌਸਮ ਅਨੁਸਾਰ ਇਕ ਰੁੱਖ ਹੇਠ ਬਾਹਰ ਵੀ ਬੈਠਦੇ ਜੋ ਥੋਹੜੀ ਕੁ ਵਿਥ ਤੇ ਸੀ। ਕਮਰੇ ਦੇ ਬਾਹਰ ਵੀ ਖੁਲ੍ਹੇ ਥਾਂ ਇਕ ਥੜ੍ਹਾ ਬਣਵਾਇਆ। ਇਹ ਅਸਥਾਨ 'ਅਕਾਲ ਬੁੰਗਾ' ਦੇ ਤੌਰ ਤੇ ਪ੍ਰਸਿੱਧ ਹੋਇਆ। ਮਲੇਰ ਕੋਟਲੇ ਵਾਲਾ ਮਸਤਾਨਾ ਦਲ ਵੀ "ਅਕਾਲ ਬੁੰਗੇ" ਦੇ ਪਾਸ ਹੀ ਆਪਣਾ ਟਿਕਾਣਾ ਕਰਿਆ ਕਰਦਾ ਸੀ। ਯਾਦ ਰਹੇ ਕਿ ਸ੍ਰੀ ਅੰਮ੍ਰਿਤਸਰ ਸਥਿਤ ਅਕਾਲ ਤਖ਼ਤ ਸਾਹਿਬ ਨੂੰ ਵੀ ਪੁਰਾਤਨ ਲਿਖਤਾਂ ਵਿਚ ਅਕਾਲ ਬੁੰਗਾ ਹੀ ਲਿਖਿਆ ਮਿਲਦਾ ਹੈ।

ਸੰਨ 1868 ਈ. ਵਿਚ ਡੇਰਾ ਸ੍ਰੀ ਭੈਣੀ ਸਾਹਿਬ ਦਾ, ਇਕ ਬਘੇਲ ਸਿੰਘ ਨਾਮੇ ਸਿੰਘ, ਇਕ ਦਿਨ ਕੋਟ ਗੰਗੂ ਰਾਇ ਦੀ ਜੂਹ ਵਿਚ ਊਠ ਚਰਾਉਣ ਵਾਸਤੇ ਗਿਆ।

ਉਸ ਪਿੰਡ ਦੇ ਜ਼ਿਮੀਦਾਰਾਂ ਨੇ ਦੂਜੇ ਪਿੰਡ ਦਾ ਹੋਣ ਕਾਰਨ, ਆਪਣੀ ਜੂਹ ਵਿਚ ਊਠ ਚਾਰਨ ਕਰਕੇ, ਬਘੇਲ ਸਿੰਘ ਨੂੰ ਸੋਟਿਆਂ ਨਾਲ ਕੁੱਟਿਆ। ਕੁੱਟ ਖਾਕੇ ਉਹ ਸਤਿਗੁਰੂ ਜੀ ਪਾਸ ਅਕਾਲ ਬੁੰਗੇ, ਜਿੱਥੇ ਆਪ ਬੰਦਗੀ ਕਰਦੇ ਸਨ, ਫਰਿਆਦੀ ਹੋਇਆ। ਉਸਦਾ ਕੁੜਤਾ ਚੁੱਕਕੇ ਲਾਸਾਂ ਦੇ ਨਿਸ਼ਾਨ ਵੇਖਕੇ, ਸਤਿਗੁਰੂ ਜੀ ਨੇ ਚੀਨੀ ਘੋੜੀ ਤੇ ਕਾਠੀ ਪਾਕੇ ਤੁਰਤ ਤਿਆਰੀ ਕੀਤੀ। ਭਾਈ ਲਹਿਣਾ ਸਿੰਘ ਅਤੇ ਸੂਬਾ ਗੋਪਾਲ ਸਿੰਘ ਜੀ ਨੂੰ ਵੀ ਨਾਲ ਲੈ ਲਿਆ। "ਲੈਹਣਾ ਸਿੰਘ ਨੇ ਕਹਾ ਹੁਣ ਮਾਰੇ ਬਿਨਾਂ ਨਹੀਂ ਛੱਡਣਗੇ। ਜੇੜ੍ਹਾ ਕਹਿੰਦਾ ਸੀ ਕਿਥੇ ਹੈ ਤੇਰਾ ਘੋੜੀ ਟਪੌਣ ਵਾਲਾ, ਸੋ ਚੀਨੀ ਪਰ ਸਵਾਰ ਹੋ ਕੇ ਟਪਾਂਵਦੇ ਚੱਲੇ ਕੋਟ ਨੂੰ।" ਉਹ ਜੋ ਬਘੇਲ ਸਿੰਘ ਨੂੰ ਕੁੱਟਣ ਵਾਲਾ ਸੀ, ਪਿੰਡ ਵਿਚ ਜਾਕੇ ਗੋਪਾਲ ਸਿੰਘ ਤੇ ਲਹਿਣਾ ਸਿੰਘ ਨੇ ਉਸ ਨੂੰ ਚੰਗਾ ਸਾਜਿਆ। ਫਿਰ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਪੇਸ਼ ਕਰਕੇ ਛੱਡ ਦਿਤਾ।[16]

ਸ਼ਹੀਦੀ ਸਾਕਿਆਂ ਤੋਂ ਬਾਅਦ ਸਤਿਗੁਰੂ ਜੀ ਦੀ ਜਲਾਵਤਨੀ ਵਾਲਾ ਭਾਣਾ ਵੀ ਵਾਪਰ ਗਿਆ। ਡਿਪਟੀ ਇੰਸਪੈਕਟਰ ਸ਼ਾਹ ਵਲੀ ਖਾਨ ਨੇ, ਕੂਕੇ ਸਿੰਘਾਂ ਦੇ ਨਾਮ ਲਿਖੇ 18 ਜਨਵਰੀ 1872 ਈ. ਨੂੰ। ਇਹ ਲਿਸਟ 172 ਦੀ ਸੀ। ਆਮ ਤੌਖਲਾ ਸੀ ਕਿ ਇਹਨਾਂ ਸਾਰਿਆਂ ਨੂੰ ਵੀ ਤੋਪਾਂ ਨਾਲ ਉਡਾਇਆ ਜਾ ਸਕਦਾ ਹੈ। ਸ਼ਾਹ ਵਲੀ ਨੇ ਬਚਣ ਵਾਸਤੇ ਕਛਹਿਰੇ ਲਾਹ ਕੇ ਧੋਤੀ ਬੰਨ੍ਹਣ ਅਤੇ ਤਮਾਕੂ ਪੀਣ ਦੀ ਸ਼ਰਤ ਸੁਣਾਈ। ਲਹਿਣਾ ਸਿੰਘ ਜਿਸ ਦਾ ਨਾਮ ਇਸ ਸੂਚੀ ਵਿਚ ਸੀ ਉਸਨੇ ਧੋਤੀ ਤਾਂ ਬੰਨ੍ਹ ਲਈ ਪਰ ਗੁਰੂ ਹਰੀ ਸਿੰਘ ਜੀ ਦੀ ਕ੍ਰਿਪਾ ਨਾਲ, ਤੰਬਾਕੂ ਵਰਤਣ ਤੋਂ ਵਿਹਰ ਗਿਆ।[17] ਉਸ ਨੂੰ ਵੀ ਬਾਕੀ ਸਿੰਘਾਂ ਸਮੇਤ, ਸਖਤ ਸਰਦੀ ਦੇ ਕਿਣਮਿਣ ਵਾਲੇ ਦਿਨ ਵਿਚ, ਭੁੱਖੇ ਭਾਣੇ ਨੂੰ ਪੈਦਲ ਤੋਰ ਕੇ ਲੁਧਿਆਣੇ ਡਾਕ ਬੰਗਲੇ ਵਿਚ ਪੁਚਾਇਆ। ਭੈਣੀ ਸਾਹਿਬ ਤੋਂ ਬਾਹਰਲੇ ਮਾਈ ਭਾਈ ਤਾਂ ਥਾਣਿਓ ਥਾਣੀ ਪੁਲੀਸ ਨਿਗਰਾਨੀ ਵਿਚ ਉਹਨਾਂ ਦੇ ਇਲਾਕਿਆਂ ਵਿਚ ਪੁਚਾਏ ਗਏ। ਸ੍ਰੀ ਭੈਣੀ ਸਾਹਿਬ ਵਾਲਿਆਂ ਦੀਆਂ ਜ਼ਮਾਨਤਾਂ ਮੰਗੀਆਂ ਗਈਆਂ। "ਲਹਿਣਾ ਸਿੰਘ ਕੀ ਕੋਈ ਜ਼ਮਾਨਤ ਨਾ ਸੀ ਦੇਂਦਾ ਤਾਂ ਬਾਬੇ ਦਰਬਾਰਾ ਸਿੰਘ (ਲੰਬੜਦਾਰ, ਰਾਇਪੁਰ(ਲੁਧਿਆਣਾ) ਨੇ ਜ਼ਮਾਨਤ ਦਿਤੀ।[18]

ਸ੍ਰੀ ਸਤਿਗੁਰੂ ਜੀ ਦੇ ਪ੍ਰਦੇਸ਼ ਗਮਨ ਤੋਂ ਬਾਅਦ ਨਾਮਧਾਰੀ ਪੰਥ ਤੇ ਜਿਹੜੇ ਸਖਤੀਆਂ ਦੇ ਪਹਾੜ ਝੁੱਲੇ ਸਨ, ਉਹਨਾਂ ਵਿਚੋਂ ਭਾਈ ਲਹਿਣਾ ਸਿੰਘ ਨੂੰ ਵੀ ਲੰਘਣਾ ਪਿਆ। ਭੈਣੀ ਸਾਹਿਬ ਦੇ ਗੁਆਂਢੀ ਉਦਾਸੀ ਡੇਰਾ ਰਾਈਆਂ ਵਿਚ, ਤੋਪ ਦੇ ਗੋਲੇ ਮਿਲੇ ਸਨ। ਸਰਕਾਰੀ ਮੁਖਬਰ ਕਹਿ ਰਹੇ ਸਨ ਕਿ ਲਹਿਣਾ ਸਿੰਘ ਅਤੇ ਗੁਰਦਿਤ ਸਿੰਘ ਮੋਰੋਂ ਇੱਥੇ ਕਣਕ ਦੇ ਗੱਡਿਆਂ ਵਿਚ ਪਾਕੇ ਇਹ ਗੋਲੇ ਛੱਡ ਗਏ ਸਨ। ਬਾਬਾ ਸਾਹਿਬ ਸਿੰਘ ਬੇਦੀ ਊਨੇ ਵਾਲਿਆਂ ਨੇ 1794 ਈ. ਵਿਚ ਮਲੇਰਕੋਟਲੇ ਗਊਬੱਧ ਕਰਨ ਵਾਲੇ ਬੁੱਚੜਾਂ ਤੇ ਹਮਲਾ ਬੋਲਿਆ ਸੀ। ਵਾਪਸੀ ਤੇ ਉਹ ਇਸ ਡੇਰੇ ਵਿਚ ਪੁਜੇ ਸਨ। ਗੋਲੇ ਉਸ ਸਮੇਂ ਦੇ ਦੱਬੇ ਸਨ। ਇਹ ਵਿਵਰਣ ਵੀ ਬਾਹੋਵਾਲ ਜੀ ਦੀ ਲਿਖਤ ਵਿਚ ਦਰਜ ਹੈ—

"ਰਾਈਆਂ ਵਾਲੇ ਡੇਰੇ ਮੇਂ ਇਕ ਸੂਰਦਾਸ (ਮੁਨਾਖਾ) ਸਾਧ ਰਹਿੰਦਾ ਸੀ। ਬਾਬੇ ਜੱਸਾ ਸਿੰਘ ਚੜ੍ਹੇ ਤੇ ਛੇ ਮਹੀਨੇ ਬਾਅਦ (1874-75 ਈ.) ਮਹੰਤ ਨਿਹਾਲ ਦਾਸ

ਨਾਲ ਲੜ ਕੇ ਲੁਦਿਹਾਣੇ ਮੇਂ ਜਾਇਕੇ ਕੈਹਣੇ ਲਗਾ ਕਿ ਰਾਈਆਂ ਬਾਲੇ ਡੇਰੇ ਮੇਂ ਗੋਲੇ ਦਬੇ ਹੋਏ ਹੈਂ ਨੌਂਣ ਬਾਲੀ ਜਗ੍ਹਾ ਮੈ। ਥਾਨੇਦਾਰ ਤੇ ਫਰੰਗੀ ਚੜਕੇ ਆਏ। ਜਗਾ ਪੁਟਵਾਈ। ਨੌਂਣ ਵਾਲੀ ਜਗਾ ਸੋ ਗੋਲੇ ਨਿਕਲ ਆਏ। ਮਹੰਤ ਨੂੰ ਪੁੱਛਿਆ ਕਿਸਕੇ ਗੋਲੇ ਹੈਂ। ਮਹੰਤ ਨਿਹਾਲ ਦਾਸ ਨੇ ਕਿਹਾ ਬਾਬਾ ਸਾਹਿਬ ਸਿੰਘ ਊਨੇ ਵਾਲਾ ਆਇਆ ਸੀ। ਉਸਨੇ ਮਲੇਰਕੋਟਲਾ ਮਾਰਿਆ ਸੀ। ਫੇਰ ਜੰਡਿਆਲੀ ਜੋ ਗਊ ਬੱਧ ਕਰਦੇ ਸੀ ਸੋ ਸਿੱਧੇ ਕੀਤੇ। ਜੋ ਗੋਲੇ ਬਚੇ ਸੋ ਗੋਲੇ ਬਾਬਾ ਸਾਹਿਬ ਸਿੰਘ ਜੀ ਆਪਣਾ ਡੇਰਾ ਜਾਣ ਕੇ ਭੇਜੇ ਸੀ। ਊਠਾਂ ਉਤੇ ਲੱਦਕੇ ਪੈਹਲੇ ਤਾਂ ਭੜੌਲੇ ਮੇਂ ਪਾਏ ਸੀ। ਫੇਰ ਚੌਧੇ ਕੇ ਗਦਰ ਮੇਂ (1857 ਈ.) ਖ਼ਰਾਸ ਕੀ ਪੈੜ ਮੇਂ ਦਬਾਏ। ਫੇਰ ਪੁੱਟਕੇ ਨੌਂਣ ਵਾਲੀ ਜਗਾ ਮੈ ਦਬਾਏ। ਸੱਚ ਬਾਤ ਕਹਿ ਦਿਤੀ।

"ਨਿੰਦਕਾਂ ਤੇ ਥਾਣੇਦਾਰਾਂ ਨੇ ਰਲਕੇ ਸਲਾਹ ਕੀਤੀ ਕਿ ਭੈਣੀ ਕੂਕਿਆਂ ਕੇ ਜਿੰਮੇ ਲਾਵੋ। ਨਿਹਾਲ ਦਾਸ ਨੂੰ ਕਹਿਆ.... ਤੁਸੀਂ ਭੈਣੀ ਵਾਲਿਆਂ ਕੇ ਨਾਂ ਲਾਵੋ ਕੇ ਕੂਕੇ ਲੈਕੇ ਓਥੋਂ ਆਏ ਸੇ। ਜੇਕਰ ਤੇਰੇ ਡੇਰੇ ਦਾ ਲਿਖਿਆ ਤਾਂ ਤੁਸੀਂ ਕੈਦ ਹੋ ਜਾਉਗੇ। ਤੂੰ ਕੈਹਦੇ ਜੋ ਭੈਣੀ ਕੇ ਡੇਰੇ ਸੇ ਕੂਕੇ ਦਬਾ ਗਏ ਹੈਂ ਗੋਲੇ। ਝੂਠੇ ਉਗਾਹ ਬਣਾ ਲੈਂਦੇ ਹੈਂ। ਕਣਕ ਉਨਾਂ ਕੀ ਪਈ ਹੈ। ਨਿਹਾਲ ਦਾਸ ਨੇ ਕਹਿਆ ਕਿ ਮੈਂ ਝੂਠ ਨਹੀਂ ਕਹਿ ਸਕਦਾ। ਝੂਠੇ ਉਗਾਹ ਬਨਾਇ ਲਏ। ਉਗਾਹ ਨੰਬਰਦਾਰ ਨੇ ਬਨਾਏ। ਕੈਹਨ ਕੇ ਅਸਾਂ ਦੇਖਿਆ ਹੈ ਕਣਕ ਗੱਡਿਆਂ ਮੈਂ ਪਾਇਕੇ ਨਾਲੇ ਗੋਲੇ ਬਿਚ ਲੁਕਾਇਕੇ ਏਥੇ ਪਾਇ ਦਿਤੀ। ਕਣਕ ਵੀ ਪਈ ਤੇ ਗੋਲੇ ਵੀ ਪਏ ਹੈਂ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਏਥੇ ਹੁੰਦਿਆਂ ਈ ਕਣਕ ਰਾਈਆਂ ਬਿਚੋਂ ਲੈਕੇ ਡੇਰੇ ਮੇਂ ਪਾਇ ਦਈ ਥੀ ਖਰੀਦ ਕੇ।

"ਝੂਠੇ ਉਗਾਹ ਕੈਹਨ ਗੁਰਦਿੱਤ ਸਿੰਘ ਗੱਡੇ ਵਾਲਾ ਤੇ ਲੈਹਣਾ ਸਿੰਘ ਦੋਵੇਂ ਆਏ ਥੇ ਕਣਕ ਲੈਕੇ। ਦੋਵੇਂ ਰਾਈਆਂ ਮੈਂ ਸੱਦੇ। ਗੁਰਦਿੱਤ ਸਿੰਘ ਨੂੰ ਪੁਛਿਆ ਕਿ ਤੂੰ ਗੋਲੇ ਗੱਡੇ ਮੇਂ ਪਾਇਕੇ ਕਣਕ ਮੇਂ ਲਿਆਇਆ ਸੀ ? ਮਹੰਤ ਗੁਰਦਿੱਤ ਸਿੰਘ ਨੇ ਕਿਹਾ ਕਿ ਮੈਂ ਖੂਹ ਚਲਾਉਂਦਾ ਸੀ ਜਦ ਕਣਕ ਖਰੀਦ ਕੇ ਏਥੇ ਕੀ ਏਥੇ ਪਾਇ ਦਿਤੀ ਸੀ। ਓਧਰੋਂ ਤਾਂ ਗੱਡਾ ਈ ਭਰਕੇ ਨਹੀਂ ਆਇਆ ਕਦੀ। ਲੈਹਣਾ ਸਿੰਘ ਜਦੋਂ ਭੈਣੀ ਸਾਹਿਬ ਤੋ ਤੁਰਿਆ ਸੀ ਇਕ ਜੱਟ ਨੇ ਕਿਹਾ ਕਿ ਖਿੱਤੀ ਪਰ ਧਰਕੇ ਫੂਕ ਦੇਨਗੇ ਬੈਂਗਣ ਜੇਹੇ ਨੂੰ।"

" ਥਾਨੇਦਾਰ ਨੇ ਪੁਛਿਆ ਕਿ ਲੈਹਣਾ ਸਿੰਘ ਕੈਂਦੇ ਹੈਂ ਭੈਣੀ ਡੇਰੇ ਸੌ ਗੱਡੇ ਵਿਚ ਪਾਇਕੇ ਕਣਕ ਵਿਚ ਲੁਕਾਇਕੇ ਏਥੇ ਛੱਡ ਗਏ ਹੈਂ ਗੋਲੇ। ਲੈਹਣਾ ਸਿੰਘ ਨੇ ਕਿਹਾ ਜਦ ਅਸੀਂ ਗੱਡਿਆਂ ਵਿਚ ਗੋਲੇ ਪਾਏ ਥੇ ਤਦੇ ਈ ਰੋਕ ਦੇਨਾ ਸੀ ਸਰਕਾਰ ਕੀ ਗਾਰਦ ਨੇ ਜੋ ਉਥੇ ਹਾਜ਼ਰ ਰੈਂਹਦੀ ਹੈ ਖਵਰਦਾਰੀ ਨੂੰ। ਨਾਲੇ ਜਿਹੜੀ ਕਣਕ ਤੁਸੀਂ ਕਹਿੰਦੇ ਹੋ ਸੋ ਸਤਿਗੁਰੂ ਜੀ ਏਥੋਂ ਖਰੀਦ ਕੇ ਏਥੇ ਹੀ ਪਾ ਗਏ ਸੀ। ਭੈਣੀ ਸਾਹਿਬ ਮੇ ਤਾਂ ਕੋਈ ਗੱਡਾ ਨਹੀਂ ਆਇਆ ਕਣਕ ਦਾ, ਗੋਲੇ ਤਾਂ ਕੀ ਆਉਣੇ ਸੀ। ਥਾਨੇਦਾਰ ਚੁੱਪ ਕਰ ਗਿਆ। ਤੁਰਕ ਕੇ ਉਤਰ ਨਾ ਫੁਰਿਆ ਅੱਗੇ ਸੇ ਫੇਰ ਝੂਝ ਅਖਵਾਵਨ ਲੱਗੇ। ਪੈਹਲੇ ਤਾਂ ਨਿਹਾਲ ਦਾਸ ਨੂੰ ਕੁੱਟਿਆ ਤੇ ਕਿਹਾ ਕਿ ਤੂੰ ਕਹੁ ਕਿ ਕੂਕਿਆਂ ਕੇ ਡੇਰੇ ਮੇ ਆਏ ਹੈਂ, ਨਹੀਂ ਤਾਂ ਤੋਪਾਂ ਦੱਸ ਕਿਥੇ ਹੈ। ਗੋਲੇ ਜੋ ਤੇਰੇ ਕੋਲ ਹਾਜ਼ਰ ਹੈਂ ਅਤੇ ਤੋਪਾਂ ਭੀ ਦੱਸ ਨਹੀਂ ਤਾਂ ਭੈਣੀ

ਦਾ ਨਾਮ ਕੈਹਦੇ। ਫੇਰ ਨੰਬਰਦਾਰਾਂ ਨੂੰ ਕੁੱਟਿਆ ਕਿਹਾ, ਕਿੱਥੇ ਹੈਂ ਤੋਪਾਂ ?"

ਜੇੜ੍ਹੇ ਨਾਮਧਾਰੀਏ ਸਿੰਘ ਸੇ ਤਿਨਾਂ ਨੂੰ ਕਿਹਾ ਕਿ ਤੁਮ ਕਹੋ ਗੋਲੇ ਭੈਣੀ ਦੇ ਡੇਰੇ ਸੇ ਆਏ ਹੈ। ਸਿੰਘ ਨੇ ਕਿਹਾ ਕਿ ਅਸੀਂ ਝੂਠ ਨਹੀਂ ਕੈਹ ਸਕਦੇ ਹੈਂ ਜੋ ਡੇਰੇ ਵਿਚ ਆਏ ਹੈਂ। ਫੇਰ ਛਮਕਾਂ ਮਰਵਾਇਕੇ ਤੂਤ ਕੀਆਂ ਮਸਤਾਨ ਸਿੰਘ (ਪੁੱਤਰ ਲਖਾ ਸਿੰਘ, ਪਿੰਡ ਰਾਈਆਂ) ਨੂੰ ਕੇਸਾਂ ਥੀਂ, ਬੰਨ੍ਹ ਕੇ ਛੱਤ ਨਾਲ ਲਮਕਾਇਕੇ ਕੈਹਣ ਕਿ ਤੁਸੀਂ ਕੈਹ ਦਿਓ ਜੋ ਕਣਕ ਵਿਚ ਪਾਇਕੇ ਗਡਿਆਂ ਮੇਂ ਏਥੇ ਦਬ ਗਏ ਹੈਂ। ਏਹ ਗੱਲ ਅਖਵਾਂਵਦੇ ਸੇ। ਮਸਤਾਨ ਸਿੰਘ ਨੇ ਕਿਹਾ ਕਿ ਝੂਠ ਬਾਰਤਾ ਅਸੀਂ ਨਹੀਂ ਕਹਿ ਸਕਦੇ ਹੈ। ਹੋਰ ਸਭਨਾਂ ਸਿੰਘਾਂ ਨੂੰ ਮਾਰਿਆ ਕਿ ਕਹੋ ਗੋਲੇ ਡੇਰੇ ਕੇ ਹੈਂ। ਲਹਿਣਾ ਸਿੰਘ ਤੇ ਗੁਰਦਿਤ ਸਿੰਘ ਗੱਡੇ ਮੇਂ ਪਾਇਕੇ ਛੱਡ ਗਏ ਹੈਂ। ਮਸਤਾਨ ਸਿੰਘ ਨੇ ਕਿਹਾ ਕੇ ਜੇਕਰ ਤੁਸੀਂ ਮਾਰ ਕੇ ਅਖਵਾਇ ਲਮੌਂਗੇ ਤਾਂ ਸਰਕਾਰੇ ਜਾਇਕੇ ਕਹਿ ਦੇਮਾਂਗੇ ਕਿ ਸਾਨੂੰ ਮਾਰ ਕੇ ਅਖਵਾਇਆ ਹੈ ਕਿ ਗੋਲੇ ਡੇਰੇ ਸੇ ਆਏ ਹੈਂ। ਮਸਤਾਨ ਸਿੰਘ ਕਹੇ ਕਿ ਝੂਠ ਨਹੀਂ ਬੋਲਨਾ ਭਾਵੇਂ ਜਿੰਦ ਜਾਂਦੀ ਰਹੇ। ਕਈ ਫੇਰੀ ਛਮਕਾਂ ਮਾਰਕੇ ਹਾਰ ਗਏ। ਰਾਤ ਪੈ ਗਈ।"[19]

ਗੁਆਂਢੀ ਪਿੰਡ ਭਾਗ ਪੁਰੇ ਦੇ ਨੰਬਰਦਾਰ ਨੇ ਝੂਠਾ ਦੋਸ਼ ਭੈਣੀ ਸਾਹਿਬ ਡੇਰੇ ਚੋਂ ਗੋਲੇ ਆਉਣ ਦਾ ਮੜ੍ਹ ਦਿਤਾ। ਬਾਹੋਵਾਲ ਜੀ ਮੁਤਾਬਿਕ ਗੁਰੂ ਹਰੀ ਸਿੰਘ ਜੀ ਤੋਂ ਸਰਾਪ ਲੈਕੇ ਉਸਦੀ ਖਾਨਾ ਕੂਚੀ ਹੀ ਹੋ ਗਈ। ਇਕ ਸਾਧੂ ਸਿੰਘ ਜੋ ਰਾਈਆਂ ਡੇਰੇ ਦੇ ਮਹੰਤ ਦਾ ਚੇਲਾ ਸੀ, ਸਤਿਗੁਰੂ ਰਾਮ ਸਿੰਘ ਜੀ ਦਾ ਸਿੱਖ ਸੀ, ਸਖਤੀ ਅੱਗੇ ਝੁਕ ਗਿਆ ਤੇ ਝੂਠ ਬੋਲ ਗਿਆ ਕਿ ਗੋਲੇ ਡੇਰੇ ਵਿਚੋਂ ਆਏ ਹਨ। ਇਹ ਗੱਲ ਕਹਿ ਤਾਂ ਗਿਆ ਪਰ ਜਦੋਂ ਅੰਦਰ ਗਲਾਨੀ ਪੈਦਾ ਹੋਈ, ਖੂਹ ਵਿਚ ਛਾਲ ਮਾਰ ਕੇ ਮਰ ਗਿਆ। ਭੈਣੀ ਸਾਹਿਬ ਡੇਰੇ ਦੀ ਮੁਖਬਰਾਂ ਆਖੇ ਫਿਰ ਪੁਟਾਈ ਹੋਈ। ਪਰੰਤੂ ਮਿਲਿਆ ਕੁਝ ਨਾਂ। ਫਿਰ ਇਕ ਰਾਮਗੜ੍ਹ ਦੇ ਮੁਸਲਮਾਨ ਲੰਬੜਦਾਰ ਨੇ ਇਹਨਾਂ ਦੇ ਨਾਲ ਦਾ ਇਕ ਗੋਲਾ ਵਿਖਾਇਆ ਕਿ ਇਹ ਵੀ ਸਾਡੇ ਪਾਸ, ਬਾਬਾ ਸਾਹਿਬ ਸਿੰਘ ਬੇਦੀ ਊਨੇ ਵਾਲੇ ਧਰ ਗਏ ਸਨ। ਝੱਖ ਮਾਰਕੇ ਪੁਲਿਸ ਅਫਸਰ ਤੇ ਹੋਰ ਮੁੜ ਗਏ। ਇਉਂ ਭਾਈ ਲਹਿਣਾ ਸਿੰਘ ਇਸ ਪਰਖ ਵਿਚੋਂ ਲੰਘ ਗਏ।

ਗੁਰੂ ਹਰੀ ਸਿੰਘ ਜੀ ਦੇ ਸਮੇਂ, ਨਵਾਂ ਦਰਵਾਜਾ ਤਬੇਲੇ ਵਿਚ ਨਿਕਲਿਆ। ਖਰਾਸ ਲੱਗਾ। ਰਾਮਸਰ ਵਿਚ ਖੂਹ ਖੂਹੀਆਂ ਲੱਗੀਆਂ। ਵਸੋਂ ਉੱਥੇ ਵੀ ਹੋਈ। 1896 ਈ. ਵਿਚ ਬਾਗ ਵਾਲੀ ਕੋਠੀ ਬਣੀ। ਇਸ ਤੋਂ ਪਹਿਲਾਂ ਬਾਗ ਲੱਗਾ। ਬਾਗ ਵਾਸਤੇ ਵੱਡਾ ਖੂਹ ਲਾਇਆ ਗਿਆ। ਕਿਸੇ ਵੀ ਨਵੀਂ ਰਚਨਾਂ ਸਮੇਂ ਪਿੰਡ ਦੇ ਕੁਝ ਲੰਬੜਦਾਰ ਸਰਕਾਰੀ ਸ਼ਹਿ ਤੇ ਵਿਰੋਧ ਕਰਦੇ। ਭਾਈ ਲਹਿਣਾ ਸਿੰਘ ਜਾਂ ਉਹਨਾਂ ਦੇ ਪਰਿਵਾਰ ਅਤੇ ਭਾਈਚਾਰੇ ਵਾਲੇ ਇਹ ਕਹਿਕੇ ਕਿ ਜ਼ਮੀਨ ਸਾਡੇ ਵੱਡਿਆਂ ਨੇ ਪੁੰਨ ਖਾਤੇ ਦਿਤੀ ਹੈ ਸਤਿਗੁਰੂ ਜੀ ਦੇ ਡੇਰੇ ਲਈ। ਇਹ ਸਾਰੇ ਮੁਆਮਲੇ ਸ਼ਾਂਤ ਕਰਵਾਉਂਦੇ ਰਹੇ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਜਿਹੜੇ ਦੋ ਹੁਕਮਨਾਮੇ ਡੇਰਾ ਸ੍ਰੀ ਭੈਣੀ ਸਾਹਿਬ ਨਿਵਾਸੀਆਂ ਨੂੰ ਸੰਬੋਧਿਤ ਹਨ, ਉਹਨਾਂ ਵਿਚੋਂ ਹੋਰਨਾਂ ਸਿੰਘਾਂ ਤੋਂ ਇਲਾਵਾ, ਸਤਿਗੁਰੂ ਜੀ ਆਪਣੇ ਬਾਲ-ਸਖਾ ਭਾਈ ਲਹਿਣਾ ਸਿੰਘ ਜੀ ਦਾ ਨਾਮ ਵੀ ਦਰਜ ਕਰਦੇ ਹਨ।[20]

ਪਰਦੇਸ ਵਿਚੋਂ ਭੇਜੇ ਪਹਿਲੇ ਹੀ ਹੁਕਮਨਾਮਿਆਂ ਵਿਚ, ਸ੍ਰੀ ਸਤਿਗੁਰੂ ਜੀ, ਗੁਰੂ ਹਰੀ ਸਿੰਘ ਜੀ ਅਤੇ ਉਹਨਾਂ ਦੀ ਮਾਰਫਤ ਸੰਬੂਹ ਨਾਮਧਾਰੀ ਸੰਗਤ ਨੂੰ ਵੱਧ ਤੋਂ ਵੱਧ ਆਦਿ ਸ੍ਰੀ ਗੁਰੂ ਗਰੰਥ ਸਾਹਿਬ ਦੇ ਸਧਾਰਨ ਤੇ ਅਖੰਡ ਪਾਠ ਕਰਨ ਕਰਾਉਣ ਦਾ ਹੁਕਮ ਭੇਜਦੇ। ਨਾਮਧਾਰੀ ਸਿੰਘਾਂ ਨੂੰ ਸਰਕਾਰ ਇਸ ਸਮੇਂ ਆਪਣੀਆਂ ਧਾਰਮਿਕ ਕ੍ਰਿਆਵਾਂ ਬਿਨਾਂ ਮਨਜ਼ੂਰੀ ਤੋਂ ਕਰਨ ਨਹੀਂ ਸੀ ਦਿੰਦੀ। ਭੈਣੀ ਸਾਹਿਬ ਵਿਚ ਗੁਪਤ ਰੂਪ ਵਿਚ ਅਖੰਡ ਪਾਠ ਲੰਗਰ ਦੇ ਹੇਠਾਂ ਬਣੇ ਭੋਰੇ ਵਿਚ ਕੀਤੇ ਜਾਂਦੇ। ਸਰਕਾਰੀ ਮੁਖਬਰ ਹਰਲ ਹਰਲ ਕਰਦੇ ਫਿਰਦੇ। ਜਦੋਂ ਭਾਈ ਲਹਿਣਾ ਸਿੰਘ ਨੂੰ ਆਪਣੇ ਵਸੀਲਿਆਂ ਤੋਂ ਪਤਾ ਲੱਗਦਾ ਕਿ ਡੇਰੇ ਵਿਚ ਹੁੰਦੇ ਪਾਠਾਂ ਤੇ ਵੱਡੇ ਅਫਸਰਾਂ, ਪੁਲੀਸ ਪ੍ਰਸ਼ਾਸਨ ਦਾ ਛਾਪਾ ਪੈਣ ਵਾਲਾ ਹੈ ਤਾਂ ਉਹ ਗੁਰੂ ਹਰੀ ਸਿੰਘ ਜੀ ਨੂੰ ਬਰ-ਵਕਤ ਸੂਚਿਤ ਕਰਕੇ, ਗੁਪਤ ਸਿੰਘਾਂ ਦੀ ਹਿਫਾਜ਼ਤ ਦੀ ਵਿਉਂਤਬੰਦੀ ਵਿਚ ਯੋਗਦਾਨ ਪਾਉਂਦਾ।[21]

1881 ਈ. ਵਾਲੀ ਮਹੱਤਵਪੂਰਨ ਕੂਕਿਆਂ ਵਾਲੀ ਪੰਜਾਬ ਪੁਲੀਸ ਦੀ ਉਚ ਪੱਧਰੀ ਸੂਚੀ ਵਿਚ ਲਹਿਣਾ ਸਿੰਘ ਹੋਰਾਂ ਬਾਰੇ ਇਹ ਸੂਚਨਾ ਮਿਲਦੀ ਹੈ— "ਲੁਧਿਆਣਾ ਜ਼ਿਲ੍ਹਾ, ਸਰਕਲ ਅੰਬਾਲਾ, ਸੂਚੀ ਨੰਬਰ 29 ਲਹਿਣਾ ਸਿੰਘ ਪੁੱਤਰ ਰੁਲਦੂ, ਵਾਹੀਵਾਨ, ਪਿੰਡ ਭੈਣੀ(ਸਾਹਿਬ), ਥਾਣਾ ਸਾਹਨੇਵਾਲ, ਰੰਗ ਗੋਰਾ, ਸਫੈਦ ਦਾਹੜਾ, ਸੁਮੱਧਰ, ਆਯੂ 62 ਸਾਲ। ਬਾਬਾ ਬੁੱਧ ਸਿੰਘ ਇਹੋ ਸੂਚੀ ਨੰ. 38 (ਗੁਰੂ ਹਰੀ ਸਿੰਘ ਜੀ) ਹੋਰਾਂ ਦਾ ਇਹ ਵਿਅਕਤੀ ਨਿਕਟੀ ਸੇਵਕ ਹੈ। (ਸਤਿਗੁਰੂ) ਰਾਮ ਸਿੰਘ ਇਸ ਨੂੰ ਆਪਣਾ ਵਜ਼ੀਰ ਸਮਝਦੇ ਸਨ ਉਵੇਂ ਹੀ ਜਿਵੇਂ ਹੁਣ, ਇਸ ਨੂੰ ਬਾਬਾ ਬੁੱਧ ਸਿੰਘ ਸਮਝਦੇ ਹਨ। ਉਹ ਸਾਰੇ ਹੀ ਮਹੱਤਵ ਪੂਰਨ ਮਸਲਿਆਂ ਵਿਚ, ਬਾਬਾ ਬੁੱਧ ਸਿੰਘ ਦਾ ਸਲਾਹਕਾਰ ਹੈ ਅਤੇ ਕਿਹਾ ਜਾਂਦਾ ਹੈ ਕਿ ਉਹ ਬੜਾ ਚਤਰ ਬੁੱਧ (ਹੁਸ਼ਿਆਰ) ਵਿਅਕਤੀ ਹੈ।"[22]

ਬਾਬਾ ਲਹਿਣਾ ਸਿੰਘ ਉਮਰ ਦੇ ਮੁਆਮਲੇ ਵਿਚ ਸਤਿਗੁਰੂ ਜੀ ਦੇ ਹਾਣੀ ਹੀ ਸਨ। ਉਹਨਾਂ ਦਾ ਜਨਮ ਵਰ੍ਹਾ 1816 ਈ. ਦੇ ਆਸ ਪਾਸ ਹੀ ਹੋਏਗਾ। ਭਾਈ ਸੰਤੋਖ ਸਿੰਘ ਬਾਹੋਵਾਲ 1882 ਈ. ਦੀ ਚੇਤ ਚੌਦੇ ਦੀ ਮੱਸਿਆ ਤੇ ਗੁਰਦੁਆਰਾ ਸ੍ਰੀ ਭੈਣੀ ਸਾਹਿਬ ਵਿਚ ਗੁਰੂ ਹਰੀ ਸਿੰਘ ਜੀ ਦੀ ਸ਼ਰਨ ਵਿਚ ਆਏ। ਉਹਨਾਂ ਆਪਣੇ ਇਤਿਹਾਸ ਦੇ ਪਹਿਲੇ ਭਾਗ ਵਿਚ, ਬਾਬਾ ਲਹਿਣਾ ਸਿਘ ਬਾਰੇ ਜੋ ਪਰਸੰਗ ਲਿਖੇ ਹਨ ਉਹ ਲਹਿਣਾ ਸਿੰਘ ਹੋਰਾਂ ਤੋਂ ਸੁਣਕੇ ਹੀ ਲਿਖੇ ਮਲੂਮ ਹੁੰਦੇ ਹਨ। ਸਤਿਗੁਰੂ ਪਰਤਾਪ ਸਿੰਘ ਜੀ ਦੇ ਉਪਦੇਸ਼ ਵਿਚ ਲਹਿਣਾ ਸਿੰਘ ਹੋਰਾਂ ਦਾ ਜ਼ਿਕਰ ਤਾਂ ਵਿਸਥਾਰ ਵਿਚ ਹੈ, ਪਰ ਸਤਿਗੁਰੂ ਜੀ ਇਹ ਨਹੀਂ ਫਰਮਾਉਂਦੇ ਕਿ ਉਹਨਾਂ ਬਾਬਾ ਜੀ ਦੇ ਦਰਸ਼ਨ ਕੀਤੇ ਸਨ। ਸੋ ਆਪ ਦਾ ਚਲਾਣਾ 1890-95 ਈ. ਦੇ ਵਿਚਾਲੇ 80 ਕੁ ਸਾਲ ਦੇ ਲਗ ਪਗ ਉਮਰ ਵਿਚ ਹੋਇਆ ਮਾਲੂਮ ਹੁੰਦਾ ਹੈ। ਸਤਿਗੁਰੂ ਜੀ ਦੇ ਉਪਦੇਸ਼ ਵਿਚ ਲਹਿਣਾ ਸਿੰਘ ਹੋਰਾਂ ਦੀ ਮਾਰਫਤ ਇਕ ਐਸੇ ਪਰਸੰਗ ਦਾ ਵੀ ਵਰਣਨ ਹੈ ਜਿਸਦਾ ਭਾਵ ਵਰਤਮਾਨ ਭਾਵ ਪਹਿਰੇ ਦੇ ਮਾਲਕ, ਸਤਿਗੁਰੂ ਤੇ ਹੀ ਸਿੱਖ ਦੀ ਸ਼ਰਧਾ ਪਰਪੱਕ ਕਰਨੀ ਹੈ। ਇਹ ਸਿੱਖਿਆ ਦਾ ਇਕ ਪਰਸੰਗ ਸਤਿਗੁਰੂ ਪਰਤਾਪ ਸਿੰਘ ਜੀ ਦੇ ਉਪਦੇਸ਼ ਵਿਚ ਇਉਂ ਅੰਕਿਤ ਹੈ:-

ਜਿਹੜੇ ਆਦਮੀ ਸਤਿਗੁਰੂ ਰਾਮ ਸਿੰਘ ਦਾ ਨਾਮ—ਜਿਹੜੇ ਗੁਰੂ ਹਰੀ ਸਿੰਘ ਦਾ

ਨਾਮ— ਨਹੀਂ ਲੈਂਦੇ, ਫਿਰ ਜਿਹੜੇ ਲੋਕ ਉਹਨਾਂ ਨੂੰ ਨਾਮਧਾਰੀ ਪੰਥ ਵਿਚ ਸ਼ੁਮਾਰ ਕਰਕੇ ਵੱਡੇ ਜਾਣਦੇ ਹਨ— ਉਹ ਆਪ ਸਮਝ ਸਕਦੇ ਹਨ। ਮੈਂ ਏਦੂੰ ਜ਼ਿਆਦਾ ਹੋਰ ਤੁਹਾਨੂੰ ਕੁਛ ਨਹੀਂ ਕਹਿਣਾ। ਤੁਸੀਂ ਆਪਣੇ ਆਪ ਦਾ ਬਚਾਉ ਕਰੋ, ਆਪਣਾ ਕਰਿਆ ਕਰਾਇਆ ਨਾ ਗੁਆ ਲਇਓ।

.... ....

ਇਕ ਪ੍ਰਸੰਗ ਯਾਦ ਆ ਗਿਐ :

ਗੁਰੂ ਹਰੀ ਸਿੰਘ ਜੀ ਦੇ ਦੇਹ ਦਾ ਓਹਲਾ ਕਰਨ ਤੋਂ ਥੋੜ੍ਹਾ ਚਿਰ ਪਹਿਲਾਂ ਇੱਕ ਸਿੰਘ ਨੂੰ ਦ੍ਰਿਸ਼ਟਾਂਤ ਹੋਇਆ। ਬਾਬੇ ਲਹਿਣਾ ਸਿੰਘ ਹੋਰੀਂ ਇੱਕ, ਭੈਣੀ ਸਾਹਿਬ ਜਿਨ੍ਹਾਂ ਨੇ ਅਕਾਲ ਬੁੰਗਾ ਸਤਿਗੁਰਾਂ ਦੇ ਰਹਿਣ ਵਾਲੀ ਜਗ੍ਹਾ ਬਣਾਈ, ਜਿਹੜੇ ਲਾਲ ਸਿੰਘ ਡਰਾਈਵਰ ਨੂੰ ਜਾਣਦੇ ਨੇ- ਉਹਦੇ ਦਾਦੇ ਸਨ ਉਹ। ਸਤਿਗੁਰਾਂ ਦੇ ਉਹ ਵਜ਼ੀਰ ਰਹੇ। ਸਤਿਗੁਰੂ ਰਾਮ ਸਿੰਘ ਦੇ ਨਾਲ ਹੀ ਉਹ ਰਹੇ। ਉਹਨਾਂ ਰਾਈਆਂ ਤੋਂ ਗਿਆਂ ਨੂੰ ਸਤਿਗੁਰਾਂ ਨੂੰ, ਲਿਆ ਕੇ ਆਖਿਆ— ਤਿੰਨ ਜਗ੍ਹਾ ਹਨ, ਜਿਹੜੀ ਪਸੰਦ ਹੈ, ਉੱਥੇ ਡੇਰਾ ਲਾਓ। ਇਹ ਸਾਰੀ ਜਗ੍ਹਾ ਉਹਨਾਂ ਦੀ ਹੈ, ਜਿੱਥੇ ਅਕਾਲ ਬੁੰਗਾ ਹੈ— ਜਿੱਥੇ ਸੱਚੇ ਪਾਤਸ਼ਾਹ ਜੀ ਬੈਠ ਕੇ ਤਪ ਕਰਦੇ ਸੀ— ਇਹ ਜਗ੍ਹਾ ਦੇ ਵੱਟੇ, ਏਨੀ ਜ਼ਮੀਨ, ਚਾਰ ਵਿਘੇ ਕੱਚੇ ਦੇ ਕੇ ਕਿਸੇ ਨੂੰ, ਇਹ ਲੈ ਕੇ ਤੇ ਸਤਿਗੁਰਾਂ ਦੇ ਨਾਂ ਕਰਾ ਕੇ ਗਏ, ਤੇ ਇੱਥੇ ਅਕਾਲ ਬੁੰਗਾ ਬਣਵਾਇਆ। ਉਹਨਾਂ ਨੂੰ ਦਰਸ਼ਨ ਹੋਇਆ ਇਕ ਸਿੱਖ ਦਾ। ਉਹ ਮੱਥਾ ਲੱਗਾ ਉਹਨੂੰ ਟੇਕਣ । ਉਹ ਕਹਿੰਦੇ "ਬਈ ਮੇਰੇ ਨਾਲ ਨਾ ਲੱਗੀਂ।"

ਕਹਿੰਦਾ "ਕਿਉਂ ?"

ਕਹਿੰਦੇ "ਅਸੀਂ ਸ਼ਹੀਦ ਸਿੰਘ ਹਾਂ, ਅਸੀਵ ਮਾਤ ਲੋਕ ਦੇ ਲੋਕਾਂ ਦੇ ਨਾਲ ਨਹੀਂ ਲੱਗਦੇ।"

ਉਨ੍ਹੇ ਆਖਿਆ, "ਫੇਰ ਸਾਡੀ ਅਰਜ਼ ਕਰੋ, ਅਸੀਂ ਬਖਸ਼ੇ ਕਿਵੇਂ ਜਾਵਾਂਗੇ ?"

ਉਨ੍ਹਾਂ ਆਖਿਆ— ਗੁਰੂ ਹਰੀ ਸਿੰਘ ਜੀ ਦਾ ਨਾਂ ਲੈਕੇ- "ਇਹ ਗੁਰੂ ਹਰੀ ਸਿੰਘ ਜੀ ਦੇ ਇਖਤਿਆਰ ਹੈ, ਐਸ ਵੇਲੇ ਬਖਸ਼। ਏਨ੍ਹਾਂ ਤੋਂ ਬਿਨਾਂ, ਜਿਹਨੂੰ ਏਹ ਹੁਕਮ ਦੇਣਗੇ, ਉਹ ਬਖਸ਼ਿਆ ਜਾਊ।"[23]

ਆਪਣੇ ਅਕਾਲ ਚਲਾਣੇ ਤੋਂ ਬਾਅਦ ਵੀ ਬਾਬਾ ਲਹਿਣਾ ਸਿੰਘ, ਗੁਰੂ ਸਿੱਖਾਂ ਵਿਚ ਸੁਪਨ ਦਰਸ਼ਨ ਦੁਆਰਾ, ਸਿੱਖੀ ਸਿਦਕ ਪਰਪੱਕ ਕਰਨ ਦਾ ਵਾਹਕ ਬਣਿਆ। ਪਰਿਵਾਰ ਵਲੋਂ ਉਹਨਾਂ ਦੀ ਸਿੰਘਣੀ ਤਾਂ ਬਹੁਤ ਪਹਿਲਾਂ ਹੁਕਮ ਸੱਤ ਹੋ ਗਈ ਸੀ। ਉਸ ਵਿਚੋਂ ਚਾਰ ਪੁੱਤਰ ਹੋਏ ਸੁੰਦਰ ਸਿੰਘ, ਕਿਸ਼ਨ ਸਿੰਘ, ਬਿਸ਼ਨ ਸਿੰਘ ਅਤੇ ਝੁੰਮਣ ਸਿੰਘ। ਬਾਬਾ ਜੀ ਦੀਆਂ ਦੋ ਪੁੱਤਰੀਆਂ ਵੀ ਸਨ। ਇਹਨਾਂ ਵਿੱਚੋਂ ਇਕ ਗੁਆਂਢੀ ਪਿੰਡ ਛੋਟੀ ਕਟਾਣੀ ਜਿਸ ਨੂੰ ਕੁਰਕੀ ਵੀ ਕਹਿੰਦੇ ਸਨ ਵਿਆਹੀ ਸੀ। ਦੂਸਰੀ ਲੜਕੀ ਕਸਬਾ ਕਰਤਾਰਪੁਰ ਦੁਆਬਾ ਵਿਚ ਵਿਆਹੀ ਸੀ। ਚਾਰਾਂ ਪੁੱਤਰਾਂ ਵਿਚੋਂ ਬਿਸ਼ਨ ਸਿੰਘ ਵਿਆਹਿਆ ਤਾਂ ਸੀ ਪਰ ਬੇਉਲਾਦ ਰਿਹਾ। ਸੁੰਦਰ ਸਿੰਘ ਦਾ ਪੁਤਰ ਸਾਹਿਬ ਸਿੰਘ ਤੇ ਉਸਦਾ ਅੱਗੇਂ ਚਰਨ ਸਿੰਘ ਸੀ। ਚਰਨ ਸਿੰਘ ਦੇ ਬੂਟਾ ਸਿੰਘ ਅਤੇ ਦੇਵ ਸਿੰਘ ਹਨ।

ਦੇਵ ਸਿੰਘ ਕੈਨੇਡਾ ਵਿਚ ਹੈ। ਬੂਟਾ ਸਿੰਘ ਗੁਜ਼ਰ ਚੁੱਕਾ ਹੈ। ਕਿਸ਼ਨ ਸਿੰਘ ਨੂੰ ਅਮਲੀ ਵੀ ਕਹਿੰਦੇ ਸਨ। ਇਸ ਦੇ ਵੀ ਗੁਰੂ ਹਰੀ ਸਿੰਘ ਜੀ ਨਾਲ ਬੜੇ ਨਿਘੇ ਸੰਬੰਧ ਰਹੇ। ਉਸਦਾ ਪੁਤਰ ਗੁਰਬਖਸ਼ ਸਿੰਘ ਸੀ। ਗੁਰਬਖਸ਼ ਸਿੰਘ ਦੇ ਅੱਗੋਂ ਅਮਰ ਸਿੰਘ (ਬਰੈਂਪਟਨ-ਕੈਨੇਡਾ) ਅਤੇ ਚਰਨਜੀਤ ਸਿੰਘ, ਸ੍ਰੀ ਭੈਣੀ ਸਾਹਿਬ ਹਨ। ਬਾਬਾ ਲਹਿਣਾ ਸਿੰਘ ਜੀ ਦਾ ਛੋਟਾ ਸਪੁੱਤਰ ਫੁੰਮਣ ਸਿੰਘ, ਸਤਿਗੁਰੂ ਪਰਤਾਪ ਸਿੰਘ ਜੀ ਦੇ ਸਮੇਂ, ਡੇਰਾ ਭੈਣੀ ਸਾਹਿਬ ਦੀ ਪ੍ਰਬੰਧਕੀ ਸੇਵਾ ਨਿਬਾਹੁਣ ਵਾਲੇ, ਸੂਬਾ ਗੁਰਬਖਸ਼ ਸਿੰਘ ਜੀ 'ਚੱਕ ਕੂਕਿਆਂ' ਵਾਲਿਆਂ ਦੀ ਭੈਣ ਨਾਲ ਵਿਆਹੇ ਗਏ। ਉਹਨਾਂ ਦੇ ਦੋ ਪੁਤਰ ਤੇ ਦੋ ਪੁੱਤਰੀਆਂ ਹੋਈਆਂ ਇਕ ਬੀਬੀ ਹਰਨਾਮ ਕੌਰ, ਸ੍ਰ. ਹਾਕਮ ਸਿੰਘ ਕੱਕੜ ਨਾਲ ਅਤੇ ਦੂਜੀ ਗਿਆਨ ਕੌਰ ਸੰਤ ਮਹਿਲ ਸਿੰਘ ਜਮਸ਼ੇਰ ਲਾਹੌਰ (ਮੂਲ ਨਿਵਾਸੀ ਸੁਰ ਸਿੰਘ) ਨਾਲ ਅਨੰਦ ਕਾਰਜ ਹੋਏ। ਫੁੰਮਣ ਸਿੰਘ ਦਾ ਵੱਡਾ ਪੁੱਤਰ ਗੱਜਣ ਸਿੰਘ ਅਤੇ ਛੋਟਾ ਸਤਿਗੁਰੂ ਪਰਤਾਪ ਸਿੰਘ ਜੀ ਦਾ ਹਜ਼ੂਰੀ ਡਰਾਇਵਰ ਲਾਲ ਸਿੰਘ ਸੀ। ਗੱਜਣ ਸਿੰਘ ਦੀਆਂ ਚਾਰ ਪੁੱਤਰੀਆਂ ਸਨ। ਵੱਡੀ ਪੁੱਤਰੀ ਬੀਬੀ ਮਹਿੰਦਰ ਕੌਰ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਹਿ ਪਾਠੀ ਕੁੰਦਨ ਸਿੰਘ ਨਕਈ (ਸਹਾਰੀ ਲਾਹੌਰ) ਨਾਲ ਵਿਆਹੀ ਸੀ। ਉਸਦਾ ਪੁੱਤਰ ਗੁਰਬਚਨ ਸਿੰਘ ਰਾਇ ਲੁਧਿਆਣੇ ਟਰਾਂਸਪੋਰਟਰ ਹੈ। ਲਾਲ ਸਿੰਘ ਦੇ ਪਹਿਲੇ ਅਨੰਦ ਵਿਚੋਂ ਬਲਦੇਵ ਸਿੰਘ ਅਤੇ ਦਰਸ਼ਨ ਸਿੰਘ ਦੋ ਪੁਤੱਰ ਹੋਏ ਅਤੇ ਦੂਸਰੇ ਵਿਆਹ ਵਿਚੋਂ ਬਲਵੰਤ ਸਿੰਘ ਉਰਫ ਬੰਤ ਸਿੰਘ ਹੋਏ। ਬਲੰਵਤ ਸਿੰਘ ਹਰਿਆਣਾ ਰੋਡਵੇਜ਼ ਵਿਚੋਂ ਸਵਾ ਮੁਕਤ ਹੈ। ਗੁਰਬਚਨ ਸਿੰਘ ਰਾਇ ਦੇ ਪੁੱਤਰ ਹਰਪ੍ਰੀਤ ਸਿੰਘ ਅਤੇ ਹਰਦੀਪ ਸਿੰਘ ਹਨ।

ਬਾਬਾ ਲਹਿਣਾ ਸਿੰਘ ਦੇ ਪੋਤਰੇ ਗੱਜਣ ਸਿੰਘ ਦਾ ਮੇਰੇ ਪਿਤਾ ਜਥੇਦਾਰ ਗੁਰਮੁਖ ਸਿੰਘ ਝੱਬਰ ਨਾਲ ਸ੍ਰੀ ਭੈਣੀ ਸਾਹਿਬ ਰਹਿੰਦਿਆਂ ਸਕੇ ਭਰਾਵਾਂ ਜਿਹਾ ਪਰੇਮ ਪਿਆਰ ਸੀ। ਉਸ ਸਮੇਂ ਅੜੀ ਫੜੀ ਦੇ ਮੁਸ਼ਕਿਲ ਕੰਮਾਂ ਵਿਚ ਉਹ ਡੇਰੇ ਦੀ ਹਰ ਕਿਸਮ ਦੀ ਸੇਵਾ ਲਈ ਬਾਪੂ ਜੀ ਨਾਲ ਤਿਆਰ ਰਹਿੰਦੇ ਸਨ। ਬਾਪੂ ਜੀ ਵੀ ਸ੍ਰੀ ਭੈਣੀ ਸਾਹਿਬ ਦੇ ਪਹਿਲੇ ਕੂਕਾ ਪਰਿਵਾਰ ਵਿਚੋਂ ਹੋਣ ਕਾਰਨ ਉਹਨਾਂ ਅਤੇ ਬਾਕੀ ਪਰਵਾਰ ਦੇ ਬਣਦੇ ਮਾਨ ਸਨਮਾਨ ਲਈ ਹਮੇਸ਼ਾਂ ਤਿਆਰ ਰਹਿੰਦੇ ਸਨ। ਪਿੰਡ ਦੇ ਗੁਰੂ ਨਿੰਦਕਾਂ ਨੂੰ ਸੋਧਾ ਲਾਉਣ ਲਈ ਵੀ ਗੱਜਣ ਸਿੰਘ ਸਦਾ ਤਿਆਰ ਰਹਿੰਦੇ ਸਨ। ਉਹਨਾਂ ਦਾ ਅੰਤ ਸਮਾਂ 1978 ਈ. ਦੀਆਂ ਗਰਮੀਆਂ ਵਿਚ, ਬਾਹੀਆ (ਸਿਰਸਾ) ਪਿੰਡ ਵਿਚ ਆਇਆ ਜਿੱਥੇ ਉਹਨਾਂ ਨੇ ਲੜਕੇ ਗੁਰਬਚਨ ਸਿੰਘ ਲਈ ਜ਼ਮੀਨ ਖਰੀਦੀ ਸੀ। ਮੈਂ ਜਦੋਂ ਕਦੇ ਉਹਨਾਂ ਨੂੰ ਬਾਹੀਏ ਮਿਲਣ ਜਾਣਾ, ਵੈਰਾਗੀ ਹੋ ਜਾਂਦੇ ਅਤੇ ਕਹਿੰਦੇ— "ਗੁਰਮੁਖ ਸਿੰਘ ਮੇਰੀ ਮਾਂ, ਗੁਰਮੁਖ ਸਿੰਘ ਮੇਰਾ ਪਿਉ, ਗੁਰਮੁਖ ਸਿੰਘ ਮੇਰਾ ਬੀਰ।" ਅੱਜ ਬਾਬਾ ਲਹਿਣਾ ਸਿੰਘ ਦਾ ਪਰਿਵਾਰ, ਦੇਸ ਦੇਸਾਂਤਰਾਂ ਵਿਚ ਫਲ ਫੁੱਲ ਰਿਹਾ ਹੈ।

ਸਤਿਗੁਰੂ ਜੀ ਤੋਂ ਵਰੋਸਾਇਆ ਬਾਬਾ ਲਹਿਣਾ ਸਿੰਘ, ਬਟ ਬਿਰਖ ਬਣ ਕੇ ਫੈਲਿਆ। ਉਹ ਕੂਕਾ ਅੰਦੋਲਨ ਦਾ ਉਹ ਥੰਮ ਸੀ, ਜਿਸ ਤੋਂ ਅੰਗਰੇਜ਼ ਸਰਕਾਰ ਭੈ

ਖਾਂਦੀ ਰਹੀ। ਉਸ ਦਾ ਨਾਮ ਸਤਿਗੁਰੂ ਜੀ ਅਤੇ ਸ੍ਰੀ ਭੈਣੀ ਸਾਹਿਬ ਦੇ ਇਤਿਹਾਸ ਨਾਲ, ਹਮੇਸ਼ਾਂ ਬੜੇ ਅਦਬ ਨਾਲ ਲਿਆ ਜਾਏਗਾ

## ਹਵਾਲੇ ਤੇ ਟਿੱਪਣੀਆਂ


1. ਰੂਹਾਨੀ ਟੈਲੀਫੋਨ, ਸ੍ਰੀ ਭੈਣੀ ਸਾਹਿਬ, ਦੂਜੀ ਵੇਰ 2014, ਕ੍ਰਿਤ ਸੰਤ ਨਿਧਾਨ ਸਿੰਘ ਆਲਿਮ, ਸਫਾ 58-59
2. ਸਤਿਗੁਰੂ ਬਿਲਾਸ, ਭਾਗ ਪਹਿਲਾ, ਭਾਈ ਸੰਤੋਖ ਸਿੰਘ ਬਾਹੋਵਾਲ, ਸਫਾ 127-28
3. ਉਪਰੋਕਤ, ਸਫਾ 140
4. ਉਪਰੋਕਤ, ਸਫਾ 142
5. ਉਹੀ, ਸਫਾ 143-44
6. ਉਹੀ, ਸਫਾ 144-45
7. ਉਹੀ, ਸਫਾ 147
8. ਸ੍ਰੀ ਸਤਿਗੁਰੂ ਬਿਲਾਸ, ਪਾਤਸ਼ਾਹੀ ਬਾਰ੍ਹਵੀਂ, ਸੰਤ ਧਿਆਨ ਸਿੰਘ ਜੀ ਕਾਦਰਾਬਾਦੀ, ਤੀਜੀ ਛਾਪ ਸਫਾ 51-54
9. ਸਤਿਗੁਰੂ ਬਿਲਾਸ, ਭਾਗ ਪਹਿਲਾ, ਬਾਹੋਵਾਲ, ਸਫਾ 154
10. ਉਹੀ, ਸਫਾ 156
11. ਉਹੀ, ਸਫਾ 160
12. ਉਹੀ, ਸਫਾ 172
13. ਮਾਲਵੇਂਦ੍ਰ (ਮਹਾਂਕਾਵਿ), ਸੰਤ ਇੰਦਰ ਸਿੰਘ ਚੱਕਰਵਰਤੀ, 1957 ਦਿੱਲੀ, ਸਫਾ 138
14. ਸਤਿਗੁਰੂ ਬਿਲਾਸ (ਭਾਗ ਪਹਿਲਾ), ਸਫਾ 200-01
15. ਉਹੀ, ਸਫਾ 204
16. ਉਹੀ, ਸਫਾ 293
17. ਉਹੀ, ਸਫਾ 485
18. ਉਹੀ, ਸਫਾ 489
19. ਸਤਿਗੁਰੂ ਬਿਲਾਸ (ਭਾਗ ਦੂਜਾ), ਬਾਹੋਵਾਲ, ਸਫਾ 41-42-43
20. ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ (ਪਹਿਲਾ ਛਾਪ), ਸਫਾ 217-23, (ਹੁਕਮਨਾਨਾ ਨੰ.15 ਅਤੇ ਹੁਕਮਨਾਮਾ ਨੰ. 17) ਸਫਾ 234-43
21. ਸਤਿਗੁਰੂ ਬਿਲਾਸ (ਭਾਗ ਦੂਜਾ), ਸਫਾ 73
22. ਕੂਕਾਜ਼ ਆਫ ਨੋਟ ਇਨ ਦਾ ਪੰਜਾਬ-1881, ਸਫਾ 24-25
23. ਲਾਲ ਏਹਿ ਰਤਨ-੩, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਬੰਕੌਕ ਵਿਖੇ 18-2-1954 ਦਾ ਪਵਿਤਰ ਉਪਦੇਸ਼, ਸਫਾ 294-95

# ਸ਼ਹੀਦ ਲਹਿਣਾ ਸਿੰਘ ਪੰਨਵ ਅਤੇ ਸ਼ਹੀਦੀ ਸਾਕਾ ਅੰਮ੍ਰਿਤਸਰ

ਸ਼ਹੀਦ ਲਹਿਣਾ ਸਿੰਘ ਪੰਨਵ, ਅੰਮ੍ਰਿਤਸਰ ਦੇ ਬੁੱਚੜ-ਬੱਧ ਸਾਕੇ ਵਿਚ, ਤਿੰਨ ਹੋਰ ਕੂਕੇ ਸੂਰਬੀਰਾਂ ਨਾਲ 15 ਸਤੰਬਰ 1871 ਨੂੰ, ਅੰਮ੍ਰਿਤਸਰ ਸਾਹਿਬ ਦੇ ਗੁਰਧਾਮ ਦੀ ਪਵਿੱਤਰਤਾ ਬਹਾਲ ਕਰਨ ਹਿੱਤ, ਫਾਂਸੀ ਲਾ ਕੇ ਸ਼ਹੀਦ ਕੀਤੇ ਗਏ ਸਨ। ਇਤਿਹਾਸ ਵਿਚ ਇਹ ਘਟਨਾ, ਅੰਮ੍ਰਿਤਸਰ ਬੁੱਚੜ ਬੱਧ ਸਾਕੇ ਦੇ ਤੌਰ ਤੇ ਪ੍ਰਸਿੱਧ ਹੈ। ਭਾਈ ਲਹਿਣਾ ਸਿੰਘ ਹੋਰਾਂ ਦੇ ਪੂਰਬਲੇ ਜੀਵਨ ਦਾ ਵਰਣਨ ਕਰਨ ਤੋਂ ਪਹਿਲਾਂ, ਇਸ ਘਟਨਾ ਦੀ ਇਤਿਹਾਸਿਕ ਪਿੱਠ ਭੂਮੀ ਉਤੇ ਚਰਚਾ ਕਰਨੀ ਜ਼ਰੂਰੀ ਹੈ। ਪੰਜਾਬ ਵਿਚ 1799 ਈ. ਤੋਂ ਲੈਕੇ 29 ਮਾਰਚ 1849 ਤੱਕ ਮਹਾਰਾਜਾ ਰਣਜੀਤ ਸਿੰਘ ਜਾਂ ਉਸਦੇ ਵਾਰਿਸਾਂ ਦਾ ਅੱਧੀ ਸਦੀ ਰਾਜ ਰਿਹਾ ਸੀ। ਇਸ ਤੋਂ ਪਹਿਲਾਂ ਵੀ ਦੋ ਢਾਈ, ਦਹਾਕੇ ਪੂਰਵ ਕਾਲ ਵਿਚ ਸਿੱਖ ਮਿਸਲਾਂ ਦੇ ਹੱਥ ਰਾਜ ਭਾਗ ਆ ਗਿਆ ਸੀ। ਇਉਂ 70-75 ਸਾਲ ਦਾ ਇਹ ਉਹ ਸਮਾਂ ਸੀ ਜਦੋਂ ਪੰਜਾਬ ਵਿਚ ਗਊ ਹੱਤਿਆ, ਕਾਨੂੰਨੀ ਤੌਰ ਤੇ ਰੋਕ ਦਿਤੀ ਗਈ ਸੀ। ਆਪਣੇ ਗੁਆਂਢੀ ਹਿੰਦੂ-ਸਿੱਖ ਭਾਈਚਾਰੇ ਦੀਆਂ ਧਾਰਮਿਕ ਭਾਵਨਾਵਾਂ ਦਾ ਸਨਮਾਨ ਕਰਦਿਆਂ, ਪੰਜਾਬ ਦੇ ਮੁਸਲਿਮ ਸਮੁਦਾਇ ਨੇ ਇਹਨਾਂ 75 ਸਾਲਾਂ ਦੇ ਅਰਸੇ ਵਿਚ ਆਮ ਤੌਰ ਤੇ ਗਊ ਮਾਸ ਨੂੰ ਆਪਣੇ ਭੋਜਨ ਵਿਚ ਸ਼ਾਮਲ ਕਰਨ ਤੋਂ ਪ੍ਰਹੇਜ਼ ਕਰੀ ਰੱਖਿਆ ਸੀ।[1]

ਬਾਕੀ ਹਿੰਦੁਸਤਾਨ ਵਿਚ ਅੰਗਰੇਜ਼ ਅਧਿਕਾਰੀ ਅਤੇ ਕਰਮਚਾਰੀ ਗਊ ਮਾਸ ਖਾਣ ਦੀ ਖੁੱਲ ਮਾਣ ਰਹੇ ਸਨ। ਪਹਿਲੀਆਂ ਸਿੱਖ ਅੰਗ੍ਰੇਜ਼ ਜੰਗਾਂ ਦੇ ਨਤੀਜੇ ਵਜੋਂ ਜਦੋਂ ਅੰਗ੍ਰੇਜ਼ ਰੈਜੀਡੈਂਟ ਹੈਨਰੀ ਐਚ. ਲਾਰੈਂਸ, 50,000 ਅੰਗ੍ਰੇਜ਼ੀ ਸੈਨਾ ਲੈਕੇ ਲਾਹੌਰ ਵਿਚ ਆ ਬੈਠਾ ਤਾਂ ਹੁਣ ਨਾਬਾਲਿਗ ਮਹਾਰਾਜਾ ਦਲੀਪ ਸਿੰਘ ਨਾਮ ਨਿਹਾਦ ਹਾਕਮ ਹੀ ਸੀ, ਅਸਲ ਹੁਕਮ ਰੈਜੀਡੈਂਟ ਦਾ ਚੱਲਣ ਲੱਗਾ। ਅਪਰੈਲ 1846 ਵਿਚ ਜਦੋਂ ਇਕ ਯੌਰਪੀਨ ਸੁਰੱਖਿਆ ਕਰਮੀ ਤੋਪਖਾਨੇ ਦੀਆਂ ਬੈਰਕਾਂ ਦੇ ਬਾਹਰ, ਲਾਹੌਰ ਵਿਖੇ ਤਾਈਨਾਤ ਸੀ ਤਾਂ ਉਸ ਦੇ ਸਾਂਹਵਿਉਂ ਗਾਈਆਂ ਦਾ ਇਕ ਵੱਗ ਲੰਘ ਰਿਹਾ ਸੀ। ਉਸ ਦੀ ਗਊ ਮਾਸ ਪ੍ਰਤੀ ਲਲਕ ਨੇ ਉਸ ਪਾਸੋਂ ਤਿੰਨ ਚਾਰ ਗਾਈਆਂ ਝਟਕਵਾ ਦਿੱਤੀਆਂ। ਸ਼ਹਿਰੀ ਵੱਸੋਂ ਵਿਚ ਰੌਲਾ ਪੈ ਗਿਆ। ਇੱਟ ਵੱਟਾ ਵੀ ਚੱਲਿਆ। ਤੁਰਤ ਫੁਰਤ ਕਾਰਵਾਈ ਕਰਦਿਆਂ, ਜਨ ਵਿਰੋਧ ਦੇ ਦੋ ਆਗੂ, ਦੱਤ ਬ੍ਰਾਹਮਣ ਅਤੇ ਰੁਲੀਆ ਮਿਸਰ ਫਾਹੇ ਟੰਗ ਦਿਤੇ। ਦੋ ਪੰਜਾਬੋਂ ਬਾਹਰ ਬਰਤਾਨਵੀ ਸੂਬਿਆਂ ਵਿਚ ਕੈਦ ਕਰ ਦਿਤੇ। ਹੋਰ ਦੋਹਾਂ ਦੇ ਪੈਰਾਂ ਵਿਚ ਬੇੜੀਆਂ ਪਾਕੇ, ਮੂੰਹ ਕਾਲੇ ਕਰਕੇ, ਲਾਹੌਰ ਦੇ ਬਜ਼ਾਰਾਂ ਵਿਚ ਘੁੰਮਾਏ ਤਾਂ ਕਿ ਲੋਕਾਂ ਨੂੰ ਅੱਗੇ ਤੋਂ ਇਹੀ ਜਿਹੀ ਕਿਸੇ ਘਟਨਾ ਤੇ ਇਸ ਤਰ੍ਹਾਂ ਦਾ ਪ੍ਰਤੀਕਰਮ ਕਰਨ

ਤੋਂ ਕੰਨ ਹੋ ਜਾਣ। ਸ਼ੈਤਾਨੀ ਦੀ ਜੜ੍ਹ ਯੌਰਪੀਨ ਸੰਤਰੀ ਨੂੰ ਇਤਨਾ ਕਹਿਕੇ ਹੀ ਛੱਡ ਦਿਤਾ ਗਿਆ ਕਿ ਉਹ ਅੱਗੇ ਤੋਂ ਆਪਣੀ ਤਲਵਾਰ ਦੀ ਵਰਤੋਂ ਜ਼ਰਾ ਧਿਆਨ ਪੂਰਵਕ ਢੰਗ ਨਾਲ ਕਰੇ।[2] ਇਹ ਸੀ ਨਵੇਂ ਆਏ ਸੱਤਾਧਾਰੀਆਂ ਦੇ ਪੱਖ ਪਾਤੀ ਨਿਆਂ ਦਾ ਇਕ ਨਮੂਨਾ।

ਹੁਣ ਲਾਹੌਰ ਜਿਉਂ ਅੰਮ੍ਰਿਤਸਰ ਵਿਚ ਤੈਨਾਤ ਗੋਰੇ ਸੈਨਿਕ ਜਾਂ ਹੋਰ ਕਰਮਚਾਰੀ ਵੀ ਚੋਰੀ ਛਿਪੇ ਗਊ ਮਾਸ ਖਾਣ ਲਈ ਗਊਆਂ ਵੱਢਣ ਲੱਗ ਪਏ। ਸਰਕਾਰ ਪਾਸ ਇਹੋ ਜਹੀਆਂ ਸ਼ਿਕਾਇਤਾਂ ਪੁੱਜਣੀਆਂ ਸ਼ੁਰੂ ਹੋਈਆਂ ਕਿ ਇੱਥੇ ਸਿੱਖਾਂ ਦੇ ਪਵਿੱਤਰ ਅਸਥਾਨ ਹਰਿਮੰਦਿਰ ਸਾਹਿਬ ਅਤੇ ਸਰੋਵਰ ਦੀ ਸੀਮਾ ਵਿਚ ਯੌਰਪੀਨ ਸੈਨਿਕ, ਬੂਟਾਂ ਸਣੇ ਘੁੰਮਦੇ ਹਨ ਅਤੇ ਚੋਰੀ ਛਿਪੀ ਗਊ ਘਾਤ ਵੀ ਕਰਦੇ ਹਨ। ਹਿੰਦ ਦੇ ਗਵਰਨਰ ਜਨਰਲ ਨੇ ਕੱਲ ਤੱਕ ਪੰਜਾਬ ਦੇ ਤਖਤ ਤਾਜ ਦੇ ਪੂਰੇ ਸੂਰੇ ਮਾਲਕ ਰਹੇ ਸਿੱਖ ਸਮੁਦਾਇ ਦੇ ਉਤੇਜਿਤ ਹੋਣ ਦੇ ਡਰੋਂ, ਰੈਜੀਡੈਂਟ ਲਾਰੈਂਸ ਵੱਲੋਂ 24 ਮਾਰਚ 1847 ਨੂੰ, ਲਾਹੌਰ ਤੋਂ ਇਸ ਆਸ਼ੇ ਦਾ ਇਕ ਫਰਮਾਨ ਜਾਰੀ ਕਰਵਾਇਆ ਕਿ ਕੋਈ ਵੀ ਅੰਗ੍ਰੇਜ਼ ਸਰਕਾਰ ਦਾ ਕਰਮਚਾਰੀ ਜਾਂ ਹੋਰ ਪਰਜਾ ਹਰਿਮੰਦਰ ਜਾਂ ਦਰਬਾਰ ਸਾਹਿਬ ਵਿਚ ਜਾਂ ਇਸ ਦੇ ਆਲੇ ਦੁਆਲੇ, ਸਰੋਵਰ, ਪਰਕਰਮਾ ਅਤੇ ਬੁੰਗਿਆਂ ਵਿਚ ਜੁੱਤੀਆਂ ਸਣੇ ਨਹੀਂ ਜਾ ਸਕੱਦਾ ਅਤੇ ਨਾਂ ਹੀ ਅੰਮ੍ਰਿਤਸਰ ਵਿਚ ਗਊ ਬੱਧ ਕੀਤਾ ਜਾਏਗਾ। ਨਾਂ ਹੀ ਸਿੱਖਾਂ ਨੂੰ ਅਪਮਾਨਿਤ ਕੀਤਾ ਜਾਏਗਾ ਜਾਂ ਉਹਨਾਂ ਦੇ (ਧਾਰਮਿਕ) ਕਾਰਜਾਂ ਵਿਚ ਦਖ਼ਲ ਅੰਦਾਜ਼ੀ ਕੀਤੀ ਜਾਏਗੀ। ਤਾਂਬੇ ਦੇ ਪੱਤਰੇ ਤੇ ਉੱਕਰਿਆ ਹੋਇਆ ਇਹ ਫ਼ਰਮਾਨ ਉਸ ਸਮੇਂ ਦਰਬਾਰ ਸਾਹਿਬ ਦੇ ਮੁੱਖ ਪ੍ਰਵੇਸ਼ ਦੇ ਬਾਹਰ ਲੱਗਾ ਹੁੰਦਾ ਸੀ। ਫਿਰ ਇਸ ਨੂੰ ਤੋਸ਼ੇ ਖਾਨੇ ਵਿਚ ਸੁਰੱਖਿਅਤ ਕਰ ਲਿਆ ਗਿਆ।

ਪੰਜਾਬ ਤੇ ਮੁਕੰਮਲ ਤੌਰ ਤੇ ਅੰਗ੍ਰੇਜ਼ਾਂ ਦਾ ਕਬਜ਼ਾ ਹੁੰਦਿਆਂ ਹੀ, ਮਈ 1849 ਵਿਚ ਗਵਰਨਰ ਜਨਰਲ ਹਿੰਦ ਨੇ ਇਕ ਨਵਾਂ ਫੁਰਮਾਨ ਜਾਰੀ ਕਰ ਦਿੱਤਾ ਕਿ ਕਿਸੇ ਨੂੰ ਇਸੇ ਗੱਲ ਦੀ ਇਜ਼ਾਜ਼ਤ ਨਹੀਂ ਮਿਲੇਗੀ ਕਿ ਉਹ ਉਹਨਾਂ ਰੀਤੀ ਰਿਵਾਜਾਂ ਦੀ ਪਾਲਣਾ ਵਿਚ ਅੜਿੱਕਾ ਬਣੇ, ਜਿਹਨਾਂ ਤੇ ਚੱਲਣ ਦੀ ਉਸਦੇ ਗੁਆਂਢੀ ਨੂੰ ਉਸਦਾ ਧਰਮ ਆਗਿਆ ਦਿੰਦਾ ਹੈ। ਇਸ ਦਾ ਭਾਵ ਸੀ ਕਿ ਜੇ ਮੁਸਲਿਮ ਭਾਈਚਾਰਾ ਗਊ ਮਾਸ ਖਾਣਾਂ ਚਾਹੁੰਦਾ ਹੈ ਤਾਂ ਇਸ ਤੇ ਕੋਈ ਕਾਨੂੰਨੀ ਰੋਕ ਨਹੀਂ। ਸਗੋਂ ਵਿਘਨ ਪਾਉਣ ਵਾਲੇ ਤੇ ਇਹ ਐਲਾਨ ਰੋਕ ਲਾਉਂਦਾ ਹੈ। ਸੋ ਇਸੇ ਮਹੀਨੇ ਹੀ ਅੰਮ੍ਰਿਤਸਰ ਵਿਚ ਵੀ ਸ਼ਹਿਰੋਂ ਬਾਹਰ, ਬੰਦ ਚਾਰਦੀਵਾਰੀ ਵਿਚ, ਗਊ ਬੱਧ ਸ਼ੁਰੂ ਹੋ ਗਿਆ ਅਤੇ ਖ਼ਾਸ ਥਾਵਾਂ ਤੇ ਨਿਸ਼ਚਿਤ ਦੁਕਾਨਾਂ ਤੇ ਇਸਦੀ ਵਿੱਕਰੀ ਹੋਣ ਲੱਗੀ। ਹੁਣ ਜਦੋਂ ਗਵਰਨਰ ਜਨਰਲ ਦਾ ਧਿਆਨ 1847 ਵਾਲੇ ਹੁਕਮ ਵਲ ਦੁਆਇਆ ਗਿਆ ਤਾਂ ਉਸ ਦਾ ਜੁਆਬ ਸੀ ਕਿ ਉਦੋਂ ਮਹਾਰਾਜ ਦਲੀਪ ਸਿੰਘ- ਇਕ ਸਿੱਖ ਪੰਜਾਬ ਦਾ ਹਾਕਮ ਸੀ। ਇਸ ਲਈ ਕੰਪਨੀ ਸਰਕਾਰ ਵੱਲੋਂ ਉਸ ਨੂੰ ਉਸਦੇ ਤੀਰਥ ਅਸਥਾਨ ਅੰਮ੍ਰਿਤਸਰ ਲਈ ਇਹ ਰਿਆਇਤ ਦਿੱਤੀ ਗਈ ਸੀ। ਹੁਣ ਪੰਜਾਬ ਦੀ ਸੱਤਾ ਕੰਪਨੀ ਸਰਕਾਰ ਪਾਸ ਹੈ। ਇਸ ਲਈ ਉਸ ਰਿਆਇਤ ਨੂੰ ਜਾਰੀ ਰੱਖਣਾ ਜ਼ਰੂਰੀ ਨਹੀਂ।[3]

ਡਾ. ਫੌਜਾ ਸਿੰਘ ਇਸ ਵਿਚਾਰ ਦੇ ਹਨ ਕਿ 1846 ਤੋਂ ਬਾਅਦ ਅੰਗ੍ਰੇਜ਼ੀ ਹਾਕਮ ਮੁਸਲਿਮ ਅਤੇ ਗੈਰ ਮੁਸਲਿਮ ਆਬਾਦੀ ਵਿਚ ਇਕ ਵਿੱਥ ਪੈਦਾ ਕਰਕੇ, ਪਹਿਲਿਆਂ ਨੂੰ ਆਪਣੇ ਹੱਕ ਵਿਚ ਭੁਗਤਾਉਣ ਦਾ ਉਪਰਾਲਾ ਕਰ ਰਹੇ ਸਨ। ਨਾਲ ਹੀ ਡਾਕਟਰ ਸਾਹਿਬ ਇਹ ਵੀ ਲਿਖ ਰਹੇ ਹਨ ਕਿ, ਸਰਕਾਰੀ ਦਸਤਾਵੇਜਾਂ ਵਿੱਚ ਮੁਸਲਿਮ ਭਾਈਚਾਰੇ ਵੱਲੋਂ, ਕਦੇ ਅੰਮ੍ਰਿਤਸਰ ਜਾਂ ਹੋਰ ਥਾਵਾਂ ਤੇ ਬੁੱਚੜਖਾਨੇ ਖੋਹਲਣ ਦੀ ਮਨਜ਼ੂਰੀ ਲਈ, ਕੋਈ ਮੰਗ ਪੱਤਰ ਆਇਆ ਹੋਵੇ, ਸਾਡੇ ਧਿਆਨ ਵਿਚ ਨਹੀਂ। ਹੁਣ ਇਹ ਸਾਫ ਸੀ ਕਿ ਯੌਰਪੀਨਾਂ ਨੇ ਆਪਣੇ ਖਾਣ ਪੀਣ ਦੇ ਸ਼ੌਂਕ ਕਾਰਨ, ਗਊ ਮਾਸ ਹਾਸਲ ਕਰਨ ਲਈ, ਬੁੱਚੜ ਖਾਨੇ ਖੁਲਵਾਉਣੇ ਸਨ। ਇਹ ਕੰਮ ਯੌਰਪੀਨਾਂ ਦੇ ਰੁਤਬੇ ਤੋਂ ਤਾਂ ਹੇਠਾਂ ਦਾ ਸੀ।[4]

ਇਸ ਲਈ ਗਊਆਂ ਮਾਰਨ ਲਈ ਅਤੇ ਸ਼ਹਿਰ ਵਿਚ ਨਿਸ਼ਚਿਤ ਥਾਵਾਂ ਤੇ ਹਿੰਦੂ ਸਿੱਖ ਵੱਸੋ ਤੋਂ ਹਟਵੇਂ, ਗਊ ਮਾਸ ਦੀ ਵਿਕਰੀ ਦੀਆਂ ਦੁਕਾਨਾਂ ਖੋਹਲਣ ਦੇ ਠੇਕੇ, ਸਰਕਾਰ ਨੇ ਮੁਸਲਮਾਨਾਂ ਨੂੰ ਦੇਣੇ ਸ਼ੁਰੂ ਕਰ ਦਿਤੇ।

ਸ਼ੁਰੂ ਵਿਚ ਬੁੱਚੜਖਾਨੇ ਅਤੇ ਮੋਟੇ ਮਾਸ ਦੀਆਂ ਦੁਕਾਨਾਂ, ਅੰਮ੍ਰਿਤਸਰ ਸ਼ਹਿਰ ਤੋਂ ਬਾਹਰ ਸਨ। ਇੱਥੋਂ ਮਾਸ ਖਰੀਦ ਕੇ ਘਰ ਲਿਆਉਣ ਵਾਲਿਆਂ ਨੂੰ ਸਖਤ ਹਦਾਇਤ ਸੀ ਕਿ ਇਸ ਨੂੰ ਕੱਪੜੇ ਵਿਚ ਚੰਗੀ ਤਰ੍ਹਾਂ ਢੱਕਕੇ ਲਿਜਾਇਆ ਜਾਏਗਾ ਤਾਂ ਕਿ ਵੇਖਣ ਵਾਲੇ ਹਿੰਦੂ ਸਿੱਖਾਂ ਨੂੰ ਪ੍ਰੇਸ਼ਾਨੀ ਨਾਂ ਹੋਵੇ। ਛਾਬੜੀ ਲਾਕੇ, ਤੁਰ ਫਿਰ ਕੇ, ਇਸ ਦੇ ਸ਼ਹਿਰ ਵੇਚਣ ਦੀ ਵੀ ਮਨਾਹੀ ਸੀ।

"ਬੁੱਚੜਖਾਨੇ ਖੁਲਣ ਨਾਲ ਪੰਜਾਬ ਵਿਚ ਕੱਚੇ ਚਮੜੇ ਦਾ ਵਿਉਪਾਰ ਖੂਬ ਚੱਲਿਆ। ਉਤਰੀ ਭਾਰਤ ਵਿਚ ਅੰਮ੍ਰਿਤਸਰ ਦਾ ਸ਼ਹਿਰ ਚਮੜੇ ਦੀ ਸਭ ਤੋਂ ਵੱਡੀ ਮੰਡੀ ਬਣ ਗਿਆ। ਇੰਗਲੈਂਡ ਦੀਆਂ ਚਮੜੇ ਦਾ ਵਪਾਰ ਕਰਨ ਵਾਲੀਆਂ ਕੰਪਨੀਆਂ ਨੇ ਅੰਮ੍ਰਿਤਸਰ ਵਿਚ ਆਪਣੇ ਏਜੈਂਟ ਮੁੱਕਰਰ ਕਰ ਦਿਤੇ। ਬੀਮਾਰੀ ਜਾਂ ਬੁਢੇਪੇ ਕਾਰਨ ਮਰੇ ਹੋਏ ਜਾਨਵਰਾਂ ਦੇ ਚਮੜੇ ਅਤੇ ਜਿਊਂਦੇ ਮਾਰੇ ਹੋਏ ਜਾਨਵਰ ਦੇ ਚਮੜੇ ਵਿਚ, ਕੀਮਤ ਦਾ ਕਾਫੀ ਫ਼ਰਕ ਹੁੰਦਾ ਹੈ। ਇਕ ਸਾਲ ਤੋਂ ਘੱਟ ਉਮਰ ਦੇ ਵੱਛੇ ਦਾ ਚਮੜਾ ਅਤੇ ਹਲੀਂ ਜੋੜਨ ਤੋਂ ਪਹਿਲਾਂ ਦੇ ਵੈਹੜਕੇ ਦਾ ਚਮੜਾ, ਖਾਸ ਖਾਸ ਕੰਮਾਂ ਲਈ ਵਰਤੇ ਜਾਂਦੇ ਹਨ ਅਤੇ ਚੰਗਾ ਮੁੱਲ ਪਾਂਦੇ ਹਨ। ਇੰਗਲੈਂਡ ਦੀਆਂ ਤਜਾਰਤੀ ਫਰਮਾਂ, ਹਿੰਦੁਸਤਾਨੀ ਡੰਗਰਾਂ ਦਾ ਕੱਚਾ ਚਮੜਾ ਏਥੋਂ ਲੈਜਾਕੇ, ਕੁਝ ਯੋਰਪ ਦੇ ਮੁਲਕਾਂ ਵਿਚ ਵੇਚ ਦਿੰਦੀਆਂ ਅਤੇ ਬਾਕੀ ਦਾ ਆਪਣੇ ਕਾਰਖਾਨਿਆਂ ਵਿਚ ਰੰਗ ਕੇ, ਬੇਹੱਦ ਮੁਨਾਫਾ ਕਮਾਂਦੀਆਂ। ਅੰਮ੍ਰਿਤਸਰ ਸ਼ਹਿਰ ਵਿਚ ਮੁਸਲਮਾਨ ਸ਼ੇਖਾਂ ਨੇ ਤਜਾਰਤੀ ਫਰਮਾਂ ਖੋਹਲ ਲਈਆਂ ਅਤੇ ਬੁੱਚੜਾਂ ਨੇ ਧੜਾ ਧੜ ਜਵਾਨ ਗਊਆਂ, ਵਹਿੜਕੇ, ਵੱਛੇ, ਬੁੱਢੇ ਬੈਲ ਅਤੇ ਬੁੱਢੀਆਂ ਗਾਈਆਂ ਮਾਰਨੀਆਂ ਸ਼ੁਰੂ ਕਰ ਦਿਤੀਆਂ। ਗਊਆਂ ਅਤੇ ਵੱਛਿਆਂ ਦਾ ਚਮੜਾ ਮੱਝਾਂ ਦੇ ਚਮੜੇ ਨਾਲੋਂ ਮਹਿੰਗੇ ਭਾਉ ਵਿਕਦਾ ਹੈ, ਅਤੇ ਮੱਝਾਂ ਅਤੇ ਕੱਟਿਆਂ ਦੇ ਮਾਸ ਨਾਲੋਂ ਖਾਣ ਲਈ ਜ਼ਿਆਦਾ ਪਸੰਦ ਕੀਤਾ ਜਾਂਦਾ ਹੈ। ਬੁੱਚੜ ਨਫ਼ਾ ਕਮਾਉਣ ਖਾਤਰ ਗਊਆਂ, ਵੱਛਿਆਂ, ਵਹਿੜਕਿਆਂ ਨੂੰ ਹੀ ਹਲਾਲ ਕਰਦੇ ਸਨ। ਅੰਗ੍ਰੇਜ਼ੀ ਹਾਕਮਾਂ ਨੇ ਨਾਂ ਹੀ ਹਰ ਇਕ ਬੁੱਚੜਖਾਨੇ ਵਿਚ, ਮਾਰੇ ਜਾਣ ਵਾਲੇ ਜਾਨਵਰਾਂ ਦੀ ਗਿਣਤੀ ਤੇ ਪਾਬੰਦੀ ਲਾਈ ਸੀ

ਅਤੇ ਨਾਂ ਹੀ ਉਹਨਾਂ ਦੀਆਂ ਉਮਰਾਂ ਅਤੇ ਉਨ੍ਹਾਂ ਦੀਆਂ ਹਾਲਤਾਂ ਸੰਬੰਧੀ ਰੋਕ ਟੋਕ ਮੁੱਕਰਰ ਕੀਤੀ ਸੀ। ਅੰਦਾਜ਼ਾ ਹੈ ਕਿ ਬੁੱਚੜਖਾਨੇ ਵਿੱਚ ਮਾਰੇ ਹੋਏ ਜਾਨਵਰਾਂ ਦੇ ਚਮੜੇ, ਮਾਸ, ਖੁਰ ਸਿੰਗਾਂ ਆਦਿ ਦੀ ਕੀਮਤ ਅਸਲ ਮੁੱਲ ਨਾਲੋਂ ਘੱਟੋ ਘੱਟ ਦੁਗਣੀ ਵਸੂਲ ਹੋ ਜਾਂਦੀ ਸੀ। ਬੱਕਰੇ ਦੇ ਮਾਸ ਨਾਲੋਂ ਗਊ ਦਾ ਮਾਸ ਸਿਰਫ ਤਿਹਾਈ ਮੁੱਲ ਤੇ ਵਿਕਦਾ ਹੈ।"[5]

ਸ੍ਰ. ਨਾਹਰ ਸਿੰਘ ਹੋਰਾਂ ਦੀ ਨਾਮਧਾਰੀ ਇਤਿਹਾਸ ਨਾਮੇ ਪੁਸਤਕ ਵਿਚੋਂ ਉਪਰੋਕਤ ਵਿਵਰਣ, ਇਸ ਪੇਸ਼ੇ ਦੇ ਪਿਛੇ ਕਾਰਜਸ਼ੀਲ ਆਰਥਿਕਤਾ ਦੀ ਚੀਰ ਫਾੜ ਕਰਦਾ ਹੈ। ਉਹ ਲਿਖਦੇ ਹਨ ਕਿ ਆਰਥਿਕ ਮੰਦਵਾੜੇ ਕਾਰਨ ਡੰਗਰ ਸਸਤੇ ਹੋ ਗਏ ਜੋ ਧੜਾ ਧੜ ਵਿਕਣ ਲੱਗੇ। ਨਤੀਜਾ ਅਗਲੇ ਸਾਲਾਂ ਵਿਚ ਕੇਂਦਰੀ ਪੰਜਾਬ ਦੇ ਜ਼ਿਲ੍ਹਿਆਂ ਅੰਮ੍ਰਿਤਸਰ, ਲਾਹੋਰ ਸਿਆਲਕੋਟ, ਗੁਜਰਾਂਵਾਲਾ, ਆਦਿ ਵਿਚ ਖੇਤੀ ਲਈ ਬੈਲ ਮਿਲਣੇ ਬੰਦ ਹੋ ਗਏ। ਮਜ਼ਬੂਰੀ ਵੱਸ ਲੋਕਾਂ ਨੇ ਨਾਂ ਸਿਰਫ ਝੋਟੇ, ਸਗੋਂ ਫੰਡਰ ਮੱਝਾਂ, ਝੋਟੀਆਂ ਵੀ ਹਲੀਂ ਜੋੜਨੀਆਂ ਸ਼ੁਰੂ ਕਰ ਦਿਤੀਆਂ। ਬੈਲ ਅਤੇ ਝੋਟੇ ਦੀ ਵਾਹੀ ਵਿਚ ਕੀ ਅੰਤਰ ਹੁੰਦਾ ਹੈ। ਸ੍ਰ. ਨਾਹਰ ਸਿੰਘ ਇਕ ਦਿਲਚਸਪ ਉਦਾਹਰਣ ਦਿੰਦੇ ਹਨ। " ਅੱਸੀ ਸਾਲ ਪਿੱਛੋਂ ਇਸ ਦੇ ਨਤੀਜੇ ਲਾਇਲਪੁਰ, ਮਿੰਟਗੁਮਰੀ ਦੀਆਂ ਬਾਰਾਂ ਵਿਚ ਜਾਹਰ ਹੋਏ। ਇਕੋ ਗੋਤ, ਇਕੋ ਦੇਸ਼ ਅਤੇ ਇਕੋ ਪੇਸ਼ਾ, ਖੇਤੀ ਦੇ ਕਰਨ ਵਾਲੇ, ਲੁਧਿਆਣਾ, ਫੀਰੋਜਪੁਰ, ਜਲੰਧਰ ਅਤੇ ਅੰਬਾਲਾ ਦੇ ਜ਼ਿਲਿਆਂ ਦੇ ਜੱਟਾਂ ਨੇ ਅਬਾਦ ਹੋਣ ਤੋਂ ਪਿਛੋਂ ਜਿੱਥੇ50 ਸਾਲ ਦੇ ਸਮੇਂ ਵਿਚ, ਇਕ ਇਕ ਜਾਂ ਅੱਧੇ ਅੱਧੇ ਮੁਰੱਬੇ ਤੋਂ ਘੱਟੋ ਘੱਟ ਤਿੰਨ ਤਿੰਨ, ਚਾਰ ਚਾਰ, ਮੁਰੱਬੇ ਬਣਾ ਲਏ ਸਨ, ਉੱਥੇ ਅੰਮ੍ਰਿਤਸਰ, ਲਾਹੌਰ, ਗੁਰਦਾਸਪੁਰ ਜ਼ਿਲ੍ਹਿਆਂ ਦੇ ਜੱਟ ਸਿੱਖ, ਮੁਸ਼ਕਿਲ ਨਾਲ ਹੀ ਆਪਣੇ ਬਾਬਿਆਂ ਨੂੰ ਮਿਲੀਆਂ ਜ਼ਮੀਨਾਂ ਆਪਣੇ ਪਾਸ ਰੱਖ ਸੱਕੇ। ਇਹ ਇਕ ਖੁੱਲ੍ਹੀ ਸਚਾਈ ਹੈ।"[6] ਮਾਝੇ ਦੇ ਇਹਨਾਂ ਜਿਲ੍ਹਿਆਂ ਵਿਚ ਝੋਟੇ ਵੀ ਜੋਏ ਜਾਂਦੇ ਸਨ।

ਸਿੱਖ ਹਿੰਦੂ ਵੱਸੋ ਤੋਂ ਦੂਰ ਪ੍ਰਹੇਜ਼ ਨਾਲ, ਗਊ ਮਾਸ ਕੱਟ ਕੇ ਵੇਚਣ ਵਾਲੇ ਆਦੇਸ਼ ਤੇ ਥੋਹੜੇ ਸਾਲ ਹੀ ਅਮਲ ਹੋ ਸੱਕਿਆ। ਮੋਟਾ ਮਾਸ ਸਸਤਾ ਅਤੇ ਅਨਾਜ ਕਾਲ ਕਾਰਨ ਮਹਿੰਗਾ ਮਿਲਣ ਸਦਕਾ ਸ਼ਹਿਰ ਦੇ 100 ਵਿਚੋਂ 90 ਮੁਸਲਮਾਨਾਂ ਦੇ ਘਰ ਗਊ ਮਾਸ ਰਿੱਝਣ ਲੱਗ ਪਿਆ। ਇਤਨੇ ਗਾਹਕ ਬੁੱਚੜਖਾਨੇ ਤੱਕ ਕਿਵੇਂ ਜਾਣ ਸੋ ਮੁਸਲਮਾਨ ਫੇਰੀ ਵਾਲੇ, ਇਹ ਗਊ ਮਾਸ ਟੋਕਰਿਆਂ ਵਿਚ ਹੋਕੇ ਦੇ ਕੇ ਵੇਚਣ ਲੱਗ ਪਏ। ਕਈ ਵੇਰ ਹਿੰਦੂ ਵੱਸੋਂ ਵਾਲੇ ਮੁੱਹਲੇ ਵਿਚ ਵੀ ਗੇੜਾ ਮਾਰਦੇ। ਮਈ 1863 ਵਿਚ ਇਕ ਮੁਸਲਮਾਨ ਹਿੰਦੂ ਮੁਹੱਲੇ, ਗਊ ਮਾਸ ਵੇਚਦਾ ਫੜਿਆ ਗਿਆ। ਮੁਕਦਮਾ ਚੱਲਿਆ ਤਾਂ ਦੋ ਮੈਜਿਸਟਰੇਟਾਂ ਇਕ ਹਿੰਦੂ ਇਕ ਮੁਸਲਮਾਨ ਨੇ ਉਸਨੂੰ, ਤਿੰਨ ਮਹੀਨੇ ਕੈਦ ਅਤੇ 50 ਰੁ. ਜੁਰਮਾਨਾ ਕਰਕੇ ਮਿਸਲ ਡਿਪਟੀ ਕਮਿਸ਼ਨਰ ਪਾਸ ਭੇਜ ਦਿਤੀ। ਫੈਸਲੇ ਵਿਚ ਦੋਹਾਂ ਮੈਜਿਸਟਰੇਟਾਂ ਨੇ ਲਿਖਿਆ ਕਿ ਸ਼ਹਿਰ ਵਿਚ ਗਊ ਮਾਸ ਵੇਚਣ ਦੀ ਇਜ਼ਾਜਤ ਨਹੀਂ ਅਤੇ ਨਾਂ ਹੀ ਐਸਾ ਪਹਿਲਾਂ ਕਦੇ ਹੋਇਆ ਸੀ। "ਮੇਜਰ ਫੈਰਿੰਗਟਨ ਕਮਿਸ਼ਨਰ ਨੇ ਇਸ ਮੁਕਦਮੇ ਦੀ ਸ਼ਕਲ ਹੀ ਬਦਲ ਦਿਤੀ ਅਤੇ ਕਿਹਾ ਕਿ ਇਸ ਕਿਸਮ ਦਾ ਕੋਈ ਹੁਕਮ

ਜਾਂ ਹਦਾਇਤ ਦਫਤਰ ਦੇ ਰੀਕਾਰਡ ਵਿਚ ਮੌਜੂਦ ਨਹੀਂ। ਕਮਿਸ਼ਨਰ ਜੁਡੀਸ਼ੀਅਲ ਨੇ 29 ਜੂਨ 1863 ਨੂੰ ਅਪੀਲ ਦਾ ਫੈਸਲਾ ਸੁਣਾਉਂਦੇ ਹੋਏ ਦੋਸ਼ੀ ਨੂੰ ਬਰੀ ਕਰ ਦਿਤਾ ਅਤੇ ਫੈਸਲੇ ਦੇ ਅਖੀਰ ਵਿਚ ਲਿਖ ਦਿਤਾ, ਕਿ ਕਾਨੂੰਨ ਦੇ ਮਨਸ਼ੇ ਅਨੁਸਾਰ ਸ਼ਹਿਰ ਅੰਮ੍ਰਿਤਸਰ ਅੰਦਰ ਗਊ ਮਾਸ ਵੇਚਣਾ ਬੰਦ ਨਹੀਂ ਕੀਤਾ ਜਾ ਸਕਦਾ। ਜੇ ਪਹਿਲੋਂ ਕੋਈ ਐਸਾ ਹੁਕਮ ਕੀਤਾ ਗਿਆ ਹੈ ਤਾਂ ਉਹ ਮੁਕਾਮੀ ਜਾਂ ਵਕਤੀ ਹੀ ਹੋਏਗਾ, ਉਸ ਦੀ ਕਾਨੂੰਨੀ ਹੈਸੀਅਤ ਕੁਝ ਨਹੀਂ ਹੋ ਸੱਕਦੀ। ਅਖੀਰ ਵਿਚ ਇਸ ਮੁਸਲਮਾਨ ਨੂੰ ਸਾਫ ਬਰੀ ਕਰ ਦਿੱਤਾ।"[7]

ਉਪਰੋਕਤ ਫੈਸਲੇ ਦਾ ਇਹ ਅਸਰ ਹੋਇਆ ਕਿ ਹੁਣ ਗਊ ਮਾਸ ਖੁੱਲ੍ਹਮ ਖੁੱਲ੍ਹਾ ਬਿਨਾਂ ਰੋਕ ਟੋਕ, ਅੰਮ੍ਰਿਤਸਰ ਸ਼ਹਿਰ ਵਿਚ ਵਿਕਣ ਲੱਗ ਪਿਆ। ਨਵੰਬਰ 1864 ਵਿਚ, ਫਿਰ ਸ਼ਹਿਰ ਦੇ ਹਿੰਦੂ ਮੁਸਲਮਾਨਾਂ ਵਿਚ, ਇਸ ਮੁੱਦੇ ਤੇ ਤਣਾ ਤਣੀ ਵਧੀ। 1869 ਵਿਚ ਅੰਮ੍ਰਿਤਸਰ ਦੀ ਮਿਊਂਸਪਲ ਕਮੇਟੀ ਨੇ ਡੰਗਰ ਦੇ ਕੱਟੇ ਹੋਏ ਸਿਰ ਤੇ ਅੱਠ ਆਨੇ ਟੈਕਸ ਲਾ ਦਿਤਾ। ਅਪਰੈਲ 1871 ਵਿਚ ਇਕ ਵੇਰ ਫਿਰ ਗਊ ਬੱਧ ਅਤੇ ਸ਼ਹਿਰ ਵਿਚ ਖੁੱਲਮ ਖੁੱਲਾ ਗਊ ਮਾਸ ਵਿਕਣ ਕਾਰਨ, ਹਿੰਦੂ ਮੁਸਲਮਾਨਾਂ ਦੇ ਸੰਬੰਧ ਵਿਗੜ ਗਏ। ਇਹਨਾਂ ਸਮਿਆਂ ਵਿਚ ਕਿਹਾ ਜਾਂਦਾ ਹੈ ਕਿ ਘੰਟਾਘਰ ਦੇ ਪਾਸ ਹਰਮੰਦਰ ਸਾਹਿਬ ਦੇ ਬਹੁਤ ਨੇੜੇ ਵੀ ਗਊ ਮਾਸ ਵਿਕਣ ਦੀ ਅਫਵਾਹ ਜੋਰਾਂ ਤੇ ਸੀ। ਇਸ ਤਰ੍ਹਾਂ ਦੀ ਇਕ ਦੁਕਾਨ ਖੁਲਣ ਤੇ ਇੱਲਾਂ ਕਾਂ ਬੋਟੀਆਂ ਮਾਸ ਦੇ ਛਿਛੜੇ ਤੇ ਹੱਡੀਆਂ, ਪਵਿਤਰ ਸਰੋਵਰ ਅਤੇ ਪਰਕਰਮਾ ਵਿਚ ਵੀ ਸੁੱਟ ਦਿੰਦੇ। ਬਾਬਾ ਬੀਰ ਸਿੰਘ ਨੌਰੰਗਾਬਾਦੀਆ ਦੇ ਸੇਵਕ ਭਾਈ ਦੇਵਾ ਸਿੰਘ ਨੇ ਪਰਕਰਮਾ ਵਿਚੋਂ ਇਕ ਹੱਡੀ ਚੁੱਕ ਕੇ, ਦਰਬਾਰ ਸਾਹਿਬ ਦੇ ਅੰਦਰ ਲਿਆ ਰੱਖੀ। ਇਹ ਉਸਦੇ ਬੇਕਾਬੂ ਗੁੱਸੇ ਦਾ ਪ੍ਰਗਟਾਵਾ ਸੀ। ਸ਼ਹਿਰ ਦੇ ਹਿੰਦੂ ਸਿੱਖ ਉਤੇਜਿਤ ਹੋਣੇ ਸ਼ੁਰੂ ਹੋਏ। ਦਰਬਾਰ ਸਾਹਿਬ ਦੇ ਸਰਬਰਾਹ, ਮੰਗਲ ਸਿੰਘ ਰਾਮਗੜ੍ਹੀਏ ਨੇ ਦੇਵਾ ਸਿੰਘ ਨੂੰ ਪੁਲੀਸ ਹਵਾਲੇ ਕਰ ਦਿੱਤਾ। ਉਸ ਤੇ ਹਿੰਦ ਡੰਡਾਵਲੀ ਦੀਆਂ ਧਾਰਾਵਾਂ ਤਹਿਤ ਮੁਕਦਮਾ ਚਲਾ ਕੇ ਤਿੰਨ ਸਾਲ ਦੀ ਸਖ਼ਤ ਕੈਦ ਅਤੇ ਇਕ ਮਹੀਨੇ ਦੀ ਕੋਠੜੀ ਬੰਦੀ ਦੀ ਸਖ਼ਤ ਸਜ਼ਾ ਸੁਣਾ ਦਿਤੀ।[8]

8 ਮਈ ਨੂੰ ਸ਼ਹਿਰ ਵਿਚ ਇਕ ਫਿਰਕੇ ਵੱਲੋਂ, ਦੂਜੇ ਦੇ ਤਿੰਨਾਂ ਜਣਿਆਂ ਦੀ ਕੁੱਟ ਮਾਰ ਕੀਤੀ ਗਈ। ਐਸ.ਪੀ. ਟਰਟਨ ਸਮਿੱਥ ਮੌਕੇ ਤੇ ਗਿਆ। ਉਹ ਰੋੜਾ ਖਾਕੇ ਮੁੜ ਆਇਆ। 9 ਮਈ ਨੂੰ ਡਿਪਟੀ ਕਮਿਸ਼ਨਰ ਨੇ ਦੋਹਾਂ ਫਿਰਕਿਆਂ ਦੀ ਸਾਂਝੀ ਮੀਟਿੰਗ ਸੱਦਕੇ ਮਿਲ ਜੁਲ ਕੇ ਰਹਿਣ ਦੀ ਪ੍ਰੇਰਣਾ ਦਿਤੀ। 9 ਮਈ ਨੂੰ ਉਪਰੋਕਤ ਫਸਾਦ ਦੇ ਬਹਾਨੇ 22 ਹਿੰਦੂਆਂ ਤੇ ਮੁਕਦਮਾ ਚਲਾ ਦਿੱਤਾ। ਹਿੰਦੂਆਂ ਨੇ ਮੁਸਲਮਾਨਾਂ ਦਾ ਵਿਉਪਾਰਕ ਬਾਈਕਾਟ ਕਰ ਦਿਤਾ। ਹਿੰਦੂ ਕਸੇਰਿਆਂ ਜਾਂ ਤਾਂਬੇ ਤੇ ਪਿੱਤਲ ਦੇ ਬਰਤਨ ਬਨਾਉਣ ਤੇ ਵੇਚਣ ਵਾਲਿਆਂ ਨੇ ਮੁਸਲਮਾਨਾਂ ਦੇ ਘਰੋਂ, ਇਹਨਾਂ ਧਾਤਾਂ ਦੇ ਪੁਰਾਣੇ ਬਰਤਨ ਜਾਂ ਟੁੱਟੇ ਫੁੱਟੇ ਲੈ ਕੇ, ਨਵਿਆਂ ਨਾਲ ਵਟਾਉਣ ਦਾ ਕੰਮ, ਇਸ ਲਈ ਬੰਦ ਕਰ ਦਿਤਾ ਕਿ ਮੁਸਲਮਾਨ ਇਨ੍ਹਾਂ ਵਿਚ ਗਊ ਮਾਸ ਰਿੰਨ੍ਹਦੇ ਹਨ। ਇਸੇ ਤਰ੍ਹਾਂ ਹੀ ਹਾੜ ਦੀ ਨਿਮਾਣੀ ਇਕਾਦਸ਼ੀ ਸਮੇਂ ਹਿੰਦੂਆਂ ਨੇ ਮੁਸਲਮਾਨ ਘੁਮਿਆਰਾਂ ਤੋਂ ਮਿਟੀ ਦੇ ਬਰਤਨ

ਘੜੇ, ਸੁਰਾਹੀਆਂ ਆਦਿ ਲੈਣੀਆਂ ਬੰਦ ਕਰ ਦਿਤੀਆਂ। ਇਸ ਤੇ ਸਰਕਾਰ ਨੂੰ ਵੀ ਕੁਝ ਚਿੰਤਾ ਹੋਈ ਕਿ ਹਾਲਾਤ ਹੱਥੋਂ ਨਾਂ ਨਿਕਲ ਜਾਣ ਬੇਸ਼ਕ ਹੋ ਤਾਂ ਉਹਨਾਂ ਦੇ ਸੋਚੇ, "ਪਾੜੋ ਤੇ ਰਾਜ ਕਰੋ" ਦੇ ਨੁਕਤੇ ਮੁਤਾਬਿਕ ਹੀ ਰਿਹਾ ਸੀ। ਅੰਮ੍ਰਿਤਸਰ ਦੀ ਮਿਊਂਸਪਲ ਕਮੇਟੀ ਦੇ ਹਿੰਦੂ ਮੁਸਲਮਾਨ ਮੈਬਰਾਂ ਨੇ ਭਾਈਚਾਰਕ ਸਾਂਝ ਦੀਆਂ ਤੰਦਾਂ ਫਿਰ ਮਜ਼ਬੂਤ ਕਰਨ ਲਈ, ਅਗਲੇ ਸਾਲ ਭਾਵ 1872 ਲਈ, ਅੰਮ੍ਰਿਤਸਰ ਸ਼ਹਿਰ ਵਿਚ ਗਊ ਬੱਧ ਕਰਨ ਜਾਂ ਗਊ ਮਾਸ ਵੇਚਣ ਦਾ ਠੇਕਾ ਨਾਂ ਦੇਣ ਦਾ ਫੈਸਲਾ ਕਰ ਲਿਆ।

ਇਸ ਫੈਸਲੇ ਤੇ ਕਮੇਟੀ ਦੇ ਯੌਰਪੀਨ ਮੈਂਬਰ ਬਹੁਤ ਦੁਖੀ ਹੋਏ। ਅੰਮ੍ਰਿਤਸਰ ਦਾ ਕਾਇਮ ਮੁਕਾਮ ਕਮਿਸ਼ਨਰ ਮੇਜਰ ਡਬਲਯੂ, ਜੀ. ਡੇਵਿਸ, 20 ਮਈ 1871 ਨੂੰ ਅੰਮ੍ਰਿਤਸਰ ਸ਼ਹਿਰ ਪੁੱਜ ਗਿਆ। ਉਸ ਨੇ ਕਮੇਟੀ ਦੀ ਉਪਰੋਕਤ ਮਸਲੇ ਤੇ ਦੋਬਾਰਾ ਵਿਚਾਰ ਕਰਨ ਲਈ ਸ਼ਹਿਰ ਦੇ ਅਮੀਰ ਹਿੰਦੂ ਸਿੱਖ ਆਗੂਆਂ ਨੂੰ ਬੁਲਾ ਬੁਲਾ ਕੇ ਪਹਿਲਾਂ ਆਪਣੀ ਪੱਟੀ ਪੜ੍ਹਾਈ ਅਤੇ ਫਿਰ 22 ਮਈ ਨੂੰ ਕਮੇਟੀ ਦੀ ਦੋਬਾਰਾ ਮੀਟਿੰਗ ਸੱਦ ਲਈ। ਇਸ ਮੀਟਿੰਗ ਵਿਚ ਉਸ ਨੇ ਲੰਮੀ ਚੌੜੀ ਤਕਰੀਰ ਕੀਤੀ। 24 ਮਾਰਚ 1847 ਵਾਲੇ ਪਹਿਲੇ ਹੁਕਮ ਨੂੰ ਸਿਰਫ ਸਿੱਖ ਮਹਾਰਾਜੇ ਦਾ ਸਨਮਾਨ ਦੱਸਿਆ। ਹੁਣ ਵਾਲੀ ਨੀਤੀ 1849 ਦਾ ਗਵਰਨਰ ਜਨਰਲ ਦਾ ਉਹ ਐਲਾਨ ਹੈਕਿ "ਕਿਸੇ ਆਦਮੀ ਨੂੰ ਦੂਸਰੇ ਦੇ ਧਰਮ ਵਿਚ ਦਾਖਲ ਦੇਣ ਦੀ ਆਗਿਆ ਨਹੀਂ ਦਿਤੀ ਜਾਵੇਗੀ।" ਅਖੀਰ ਵਿਚ ਉਸ ਇਹ ਵੀ ਧਮਕੀ ਦੇ ਦਿਤੀ ਕਿ ਸ਼ਹਿਰ ਅੰਮ੍ਰਿਤਸਰ ਵਿਚ ਬੁੱਚੜਖਾਨਾ ਹਰ ਹਾਲਤ ਵਿਚ ਕਾਇਮ ਰਹੇਗਾ। ਇਸ ਧਮਕੀ ਕਾਰਨ ਕੁਝ ਹਿੰਦੂ ਮੈਂਬਰ ਵੋਟ ਵਾਲੇ ਦਿਨ ਆਏ ਹੀ ਨਾਂ ਅਤੇ ਥੋਹੜੇ ਜਿਹਾਂ ਦੇ ਵਿਰੋਧ ਦੇ ਬਾਵਜੂਦ, ਮੁਸਲਮਾਨ ਤੇ ਯੌਰਪੀਨ ਮੈਂਬਰਾ ਨੇ ਮਿਲ ਕੇ, ਅਗਲੇ ਸਾਲ ਬੁੱਚੜਖਾਨੇ ਜਾਰੀ ਰੱਖਣ ਦਾ ਮਤਾ, ਕਮੇਟੀ ਵਿਚ ਪਾਸ ਕਰ ਦਿਤਾ। ਆਪਣਾ ਪ੍ਰਭਾਵ ਵਰਤਦਿਆਂ, ਦੋਹਾਂ ਫਿਰਕਿਆਂ ਦਾ ਤਜਾਰਤੀ ਬਾਈਕਾਟ ਵੀ ਕਮਿਸ਼ਨਰ ਨੇ ਖ਼ਤਮ ਕਰਵਾ ਦਿਤਾ।"[9] ਕਮਿਸ਼ਨਰ 4 ਜੂਨ ਤੱਕ ਅੰਮ੍ਰਿਤਸਰ ਹੀ ਟਿਕਿਆ ਰਿਹਾ।

ਸ਼ਹਿਰ ਵਿਚ ਹਿੰਦੂ ਮੁਸਲਮਾਨਾਂ ਦੀ ਵੱਸੋਂ ਤਕਰੀਬਨ ਅੱਧੀ ਅੱਧੀ ਸੀ। ਸਿੱਖ ਤਾਂ ਆਟੇ ਵਿਚ ਲੂਣ ਹੀ ਸਨ। ਕੁਝ ਗੁਰਦੁਆਰਿਆਂ ਦੀ ਸੇਵਾ ਵਿਚ ਸਨ। ਕੁਝ ਸ਼ਹਿਰ ਵਿਚ ਦੁਕਾਨਦਾਰੀ ਕਰਦੇ ਸਨ। ਕੁਝ ਖੇਤੀ ਮੰਦਵਾੜੇ ਕਾਰਨ, ਸ਼ਹਿਰ ਵਿਚ ਉਸਾਰੀ ਕੰਮਾਂ ਵਿਚ ਸਹਿਯੋਗ ਕਰਨ ਲਈ ਆਏ ਰਾਜ ਮਿਸਤਰੀ ਜਾਂ ਮਜ਼ਦੂਰ ਸਨ। ਇਹਨਾਂ ਵਿਚੋਂ ਹੀ ਇਕ ਸਨ ਭਾਈ ਲਹਿਣਾ ਸਿੰਘ ਜੀ 'ਪੰਨਵ'। ਆਪ ਜੀ ਦਾ ਜਨਮ 1840 ਈ. ਵਿਚ ਪਿੰਡ ਪੰਨਵ ਜੰਨੇਪੁਰ ਥਾਣਾ ਕੋਟ ਨੈਣਾ, ਤਸੀਲ ਸ਼ੱਕਰਗੜ ਜ਼ਿਲ੍ਹਾ ਗੁਰਦਾਸਪੁਰ* ਵਿਚ ਬਾਬਾ ਮੁਸੱਦਾ ਸਿੰਘ ਅਤੇ ਮਾਤਾ ਸਦਾ ਕੌਰ ਦੇ ਰਾਮਗੜ੍ਹੀਆ ਗੁਰਸਿੱਖ ਪਰਿਵਾਰ ਵਿਚ ਹੋਇਆ। ਦੇਸ਼ ਬਟਵਾਰੇ ਤੋਂ ਬਾਅਦ ਇਹ ਪਿੰਡ ਪਾਕਿਸਤਾਨ

---

* ਇਸੇ ਇਲਾਕੇ ਵਿਚ ਇਕ 'ਪੰਨਵ ਖੋਖਰ' ਸਨ। ਬਿਸ਼ਨ ਸਿੰਘ ਹਿਸਟੋਰੀਅਨ 1969 ਈ. ਵਿਚ ਆਪਣੇ ਪਿਤਾ ਕਾਲਾ ਸਿੰਘ ਦੇ ਸੋਧ ਕੇ ਛਾਪੇ " ਸ਼ਹੀਦ ਬਿਲਾਸ" (ਸ਼੍ਰੀ ਅੰਮ੍ਰਿਤਸਰ) ਵਿਚ ਫੁੱਟ ਨੋਟ ਵਿਚ ਪੰਨਵ ਜੌਨੇਪੁਰ ਲਿਖਦੇ ਹਨ।

ਵਿਚ ਆ ਗਿਆ। ਲਹਿਣਾ ਸਿੰਘ ਤੋਂ ਵੱਡੇ ਭਰਾ ਗੁੱਜਰ ਸਿੰਘ ਅਤੇ ਛੋਟੇ ਗੰਡਾ ਸਿੰਘ ਸਨ। ਆਪ ਵਿਚਕਾਰਲੇ ਸਨ। ਵੱਡੇ ਦੋਵੇਂ ਭਾਈ ਵਿਆਹੇ ਸਨ। ਗੰਡਾ ਸਿੰਘ ਬਿਹੰਗਮ ਸੀ। ਗੁੱਜਰ ਸਿੰਘ ਹੋਰਾਂ ਦਾ ਬੰਸ ਖ਼ੂਬ ਵਧਿਆ ਫੁੱਲਿਆ। ਲਹਿਣਾ ਸਿੰਘ ਦਾ ਬਚਪਨ ਪਿੰਡ ਦੇ ਖੁੱਲ੍ਹੇ ਡੁੱਲ੍ਹੇ ਮਾਹੌਲ ਵਿਚ ਬਤੀਤ ਹੋਇਆ। ਪਿਤਾ ਬਾਬਾ ਮੁਸੱਦਾ ਸਿੰਘ ਹੋਰਾਂ ਹਜਰੋਂ ਸਾਹਿਬ ਜਾਕੇ ਸ੍ਰੀ ਗੁਰੂ ਬਾਲਕ ਸਿੰਘ ਜੀ ਤੋਂ ਨਾਮ ਦਾਨ ਲਿਆ ਸੀ। ਉਹ ਪੂਰਨ ਗੁਰਸਿੱਖ ਸਨ। ਜਦੋਂ ਗੁਰੂ ਬਾਲਕ ਸਿੰਘ ਜੀ ਨੇ ਸਤਿਗੁਰੂ ਰਾਮ ਸਿੰਘ ਜੀ ਨੂੰ ਅਟਕ ਤੋਂ ਪੂਰਬ ਨੂੰ ਜਾਕੇ, ਗੁਰੂ ਨਾਨਕ-ਗੁਰੂ ਗੋਬਿੰਦ ਸਿੰਘ ਜੀ ਦੀ ਅਲੋਪ ਹੋ ਰਹੀ ਗੁਰਸਿੱਖੀ ਨੂੰ ਮੁੜ ਸੁਰਜੀਤ ਕਰਨ ਦਾ ਹੁੱਕਮ ਲਾਇਆ ਤਾਂ ਬਾਬਾ ਮਸੱਦਾ ਸਿੰਘ ਸਾਰੇ ਪਰਿਵਾਰ ਸਮੇਤ, ਸਤਿਗੁਰੂ ਰਾਮ ਸਿੰਘ ਜੀ ਦੀ ਸ਼ਰਨ ਵਿਚ ਆ ਗਏ ਸਨ। ਲਹਿਣਾ ਸਿੰਘ ਹੋਰਾਂ ਨੇ 8-10 ਸਾਲ ਦੀ ਉਮਰ ਵਿਚ ਆਕੇ ਘਰ ਦੇ ਮਾਲ ਪਸ਼ੂ ਚਰਾਉਣ ਲਈ ਖੁਲ੍ਹੀਆਂ ਚਰਾਂਦਾ ਵਿਚ ਲੈ ਜਾਣੇ ਸ਼ੁਰੂ ਕੀਤੇ। ਉਹ ਸ਼ੁਰੂ ਤੋਂ ਹੀ ਕੋਮਲ ਭਾਵੀ, ਦਿਲ ਦਿਮਾਗ ਦੇ ਗੁਣਾਂ ਨਾਲ ਭਰਪੂਰ ਸਨ। ਵੱਗ ਵਿਚ ਜ਼ਿਆਦਾ ਗਊਆਂ ਹੀ ਹੁੰਦੀਆਂ। ਲਹਿਣਾ ਸਿੰਘ ਨੇ ਸੋਟੀ ਦੇ ਨਾਲ ਇਕ ਪਰਨਾ ਵੀ ਰੱਖਿਆ ਸੀ। ਪਸ਼ੂਆਂ ਨੂੰ ਸੋਟੀ ਨਹੀਂ ਸਨ ਮਾਰਦੇ ਪਰਨੇ ਨਾਲ ਹੀ ਮੋੜਦੇ ਸਨ। ਦਸ ਕੁ ਸਾਲ ਦੀ ਉਮਰ ਵਿਚ ਲਹਿਣਾ ਸਿੰਘ ਦਾ ਰਿਸ਼ਤਾ ਪੱਖੋ ਕੇ ਰੰਧਾਵੇ (ਡੇਹਰਾ ਬਾਬਾ ਨਾਨਕ ਥਾਣਾ) ਹੋ ਗਿਆ। ਛੇਤੀ ਹੀ ਵਿਆਹ ਵੀ ਹੋ ਗਿਆ। ਇਸੇ ਕਾਰਨ ਸਰਕਾਰੀ ਰੀਕਾਰਡ ਵਿਚ ਲਹਿਣਾ ਸਿੰਘ ਹੋਰਾਂ ਨੂੰ ਪੱਖੋ ਕੇ ਰੰਧਾਵੇ ਦਾ ਵਾਸੀ ਵੀ ਲਿਖਿਆ ਮਿਲਦਾ ਹੈ।[10]

ਪੰਨਵਾਂ ਵਿਖੇ ਪਿਤਾ ਮੁੱਸਦਾ ਸਿੰਘ ਦੇ ਕਾਰਖਾਨੇ ਵਿਚ, ਲੁਹਾਰਾ ਤਰਖਾਣਾ ਪਿਤਾ ਪੁਰਖੀ ਕੰਮ ਵਿਚ, ਸਹਿਯੋਗ ਦੇਣ ਲੱਗੇ। ਇਸ ਤਰ੍ਹਾਂ ਲਹਿਣਾ ਸਿੰਘ ਵੱਡੀ ਦੁਨੀਆਂ ਦੇ ਛੋਟੇ ਸਮੂਹ ਵਿਚ ਉਸਦੇ ਰੰਗ-ਢੰਗ ਵੇਖਦੇ ਪਲੇ। ਇੱਥੋਂ ਉਹਨਾਂ ਨੇ ਬਹੁਤ ਕੁਝ ਗ੍ਰਹਿਣ ਕੀਤਾ, ਨਿਮਰਤਾ, ਹਲੀਮੀ, ਮਿਲਵਰਤਨ, ਸਹਿਣ ਸ਼ੀਲਤਾ, ਸਿਆਣਪ, ਮਿੱਤਰਤਾ, ਭਾਈ ਚਾਰਾ ਚੱਜ-ਅਚਾਰ ਆਦਿ।" ਲਹਿਣਾ ਸਿੰਘ ਆਪਣੇ ਪਿਤਾ ਜੀ ਨਾਲ ਸ੍ਰੀ ਗੁਰੂ ਬਾਲਕ ਸਿੰਘ ਜੀ ਦੇ ਦਰਸ਼ਨ ਵੀ ਕਰ ਆਏ। ਲੰਮੀ ਉਡਾਰੀ ਲਈ ਉਹਨਾਂ ਉਮਰ ਦੇ ਸੋਲ੍ਹਵੇਂ ਸਾਲ ਵਿਚ ਘਰੋਂ ਬਾਹਰ ਪੈਰ ਪੁੱਟਣ ਦਾ ਮਨ ਬਣਾ ਲਿਆ।[11]

ਅੰਮ੍ਰਿਤਸਰ ਸ਼ਹਿਰ ਵਿਚ ਉਸਾਰੀ ਦੇ ਕੰਮਾਂ ਵਿਚ ਰੁੱਝੇ ਠੇਕੇਦਾਰ ਖੜਕ ਸਿੰਘ ਰਹਿੰਦੇ ਸਨ। ਉਹ ਖੁਦ ਵੀ ਚੰਗੇ ਰਾਜ-ਮਿਸਤਰੀ ਸਨ। ਲਹਿਣਾ ਸਿੰਘ ਹੋਰਾਂ ਉਹਨਾਂ ਨੂੰ ਆਉਣ ਦਾ ਮੰਤਵ ਦੱਸਿਆ। ਪਹਿਲਾਂ ਤਾਂ ਨਾਨਾ ਜੀ ਨੇ ਸਮਝਾਇਆ ਕਿ ਸਾਰਾ ਦਿਨ ਧੁੱਪੇ ਖਲੋ ਕੇ ਕੰਮ ਕਰਨਾ, ਆਪਣੇ ਅੱਡੇ ਤੇ ਬਹਿਕੇ ਛਾਵੇਂ ਕੰਮ ਕਰਨ ਤੋਂ ਔਖਾ ਹੈ। ਪਰ ਲਹਿਣਾ ਸਿੰਘ ਨੂੰ ਬਜ਼ਿਦ ਵੇਖਕੇ, ਉਹਨਾਂ ਪਹਿਲਾਂ ਆਪਣੇ ਨਾਲ ਹੱਥ ਸਿੱਧੇ ਕਰਵਾ ਕੇ, ਉਸਾਰੀ ਲਈ ਲੋੜੀਂਦੇ ਸੰਦ ਲੈ ਦਿਤੇ। "ਉਹ ਛੇਤੀ ਹੀ ਰਾਜ ਮਿਸਤਰੀਆਂ ਦੀ ਮੂਹਰਲੀ ਕਤਾਰ ਵਿਚ ਗਿਣੇ ਜਾਣ ਲੱਗੇ।" ਇਸ ਸਮੇਂ ਮਿਸਤਰੀ ਦੀ ਦਿਹਾੜੀ ਪੰਜ ਆਨੇ ਅਤੇ ਮਜ਼ਦੂਰ ਦੀ ਪੰਜ ਪੈਸੇ ਜਾਂ ਸਵਾ ਆਨਾ ਹੁੰਦੀ। ਗੁਰੂ ਬਾਲਕ ਸਿੰਘ ਜੀ ਦੇ ਇਹ ਦੱਸਣ ਤੇ ਕਿ ਹੁਣ ਨਾਮ ਖਜ਼ਾਨੇ ਦੀਆਂ ਕੁੰਜੀਆਂ ਦੇ ਮਾਲਕ ਸਤਿਗੁਰੂ ਰਾਮ

ਸਿੰਘ ਜੀ ਹਨ ਪਿਤਾ ਬਾਬਾ ਮੁੱਸਦਾ ਸਿੰਘ ਪੰਨਵਾਂ ਤੋਂ ਆਏ ਬਾਕੀ, ਪਰਿਵਾਰ ਨਾਲ ਆਪ ਨੂੰ ਵੀ ਲੈ ਕੇ ਸ੍ਰੀ ਭੈਣੀ ਸਾਹਿਬ ਸਤਿਗੁਰੂ ਜੀ ਦੇ ਦਰਸ਼ਨ ਦੀਦਾਰੇ ਕਰਕੇ ਲਹਿਣਾ ਸਿੰਘ ਸਮੇਤ ਸਾਰਿਆਂ ਨੂੰ ਨਾਮ ਦੀ ਦਾਤ ਵੀ ਦੁਆ ਲਿਆਏ। ਭਾਈ ਲਹਿਣਾ ਸਿੰਘ ਸ਼ਹਿਰ ਅੰਮ੍ਰਿਤਸਰ ਦੀ ਗਲੀ ਵਧਾਊ ਜਾਂ ਵਧਾਵਿਆਂ ਵਾਲੀ ਵਿਚ ਰਹਿਣ ਲੱਗ ਪਏ। ਹੌਲੇ ਹੌਲੇ ਹੋਰ ਨਾਮਧਾਰੀ ਸਿੰਘ ਵੀ ਇੱਥੇ ਆਪ ਦਾ ਪਾਸ ਵੱਸਦੇ ਗਏ। ਇਸ ਦਾ ਨਾਮ ਹੀ ਕੂਕਿਆਂ ਵਾਲੀ ਗਲੀ ਪੈ ਗਿਆ।[12]

ਸੰਨ 1861 ਈ. ਵਿਚ ਉਹ ਸਹੁਰਾ ਪਿੰਡ ਪੱਖੋਕੇ ਰੰਧਾਵੇ ਤੋਂ ਮੁਕਲਾਵਾ ਲੈਕੇ, ਸਿੰਘਣੀ ਨੂੰ ਵੀ ਅੰਮ੍ਰਿਤਸਰ ਸ਼ਹਿਰ ਵਿਚ ਲੈ ਆਏ ਸਨ। ਹੁਣ ਉਹਨਾਂ ਦਾ ਇਸ ਪਿੰਡ ਵੀ ਜਾਣ ਆਉਣ ਵਧ ਗਿਆ। ਜਿਸ ਕਰਕੇ ਨਾਮਧਾਰੀ ਸੰਗਤਾਂ ਨਾਲ ਆਪ ਦਾ ਸੰਗ ਸਾਥ ਹੋਰ ਗੂਹੜਾ ਹੁੰਦਾ ਗਿਆ। ਸੰਨ 1862 ਈ. ਦੀ ਦੀਵਾਲੀ ਸਮੇਂ ਸਤਿਗੁਰੂ ਰਾਮ ਸਿੰਘ ਜੀ ਨੇ ਹੋਰ ਨਾਮਧਾਰੀ ਸੰਗਤਾਂ ਦੇ ਸੰਗ ਸਾਥ ਵਿਚ, ਇਤਿਹਾਸਿਕ ਗੁਰਧਾਮਾਂ ਦੀ ਯਾਤਰਾ ਕਰਨ ਲਈ ਅੰਮ੍ਰਿਤਸਰ ਦਰਸ਼ਨ ਦਿਤੇ ਸਨ। ਸ਼ਹਿਰ ਅੰਮ੍ਰਿਤਸਰ ਅਤੇ ਸਾਰੇ ਮਾਝੇ ਦੀਆਂ ਨਾਮਧਾਰੀ ਸੰਗਤਾਂ ਹੁੰਮ ਹੁੰਮਾ ਕੇ ਪੁੱਜੀਆਂ। ਲਹਿਣਾ ਸਿੰਘ ਹੋਰਾਂ ਵੀ ਪਰਿਵਾਰ ਸਮੇਤ ਗੁਰੂ ਦਰਸ਼ਨਾਂ ਦਾ ਲਾਹਾ ਖੱਟਿਆ। ਇਸ ਦੌਰੇ ਤੇ ਬਾਅਦ ਅਗਲੀ ਅਪਰੈਲ ਵਿਚ ਵੀ ਵੈਸਾਖੀ ਸਮੇਂ ਸਤਿਗੁਰੂ ਜੀ ਨੇ ਫਿਰ ਅੰਮ੍ਰਿਤਸਰ ਦਰਸ਼ਨ ਦਿਤੇ ਸਨ। ਇਸ ਤੋਂ ਛੇਤੀ ਬਾਅਦ ਖੋਟੇ ਪਿੰਡ ਵਿੱਚ ਅਨੰਦ ਮਰਿਆਦਾ ਸ਼ੁਰੂ ਕਰਨ ਸਮੇਂ ਸਤਿਗੁਰੂ ਜੀ ਤੇ ਸਰਕਾਰੀ ਧਿਰ ਵੱਲੋਂ, ਬਾਗੀਆਨਾ ਪਰਚਾਰ ਕਰਨ ਦਾ ਦੋਸ਼ ਲਾਕੇ, ਆਪ ਨੂੰ ਸ੍ਰੀ ਭੈਣੀ ਸਾਹਿਬ ਨਜ਼ਰਬੰਦ ਕਰ ਦਿਤਾ ਗਿਆ ਸੀ। ਸੋ ਦੋਬਾਰਾ ਅੰਮ੍ਰਿਤਸਰ ਸ਼ਹਿਰ ਦੀਆਂ ਸੰਗਤਾਂ ਨੂੰ ਆਪਦੇ ਦਰਸ਼ਨਾਂ ਦਾ ਸੱਬਬ, 1867 ਈ. ਦੀ ਦੀਵਾਲੀ ਸਮੇਂ ਹੀ ਬਣਿਆ ਸੀ। ਇਸ ਮੇਲੇ ਸਮੇਂ ਆਪ ਨੇ, ਸਤਿਗੁਰੂ ਜੀ ਅਤੇ ਉਹਨਾਂ ਦੀ ਹਜ਼ੂਰੀ ਵਿਚ ਜੁੜੀ 20,000 ਤੋਂ ਵੱਧ ਨਾਮਧਾਰੀ ਸੰਗਤ ਦੇ ਦਰਸ਼ਨ ਮੇਲੇ ਅਤੇ ਸੇਵਾ ਕਰਕੇ, ਗੁਰੂ ਕੀਆਂ ਖੁਸ਼ੀਆਂ ਲਈਆਂ। ਪ੍ਰੋ. ਤਾਰਾ ਸਿੰਘ ਅਨਜਾਣ ਭਾਈ ਲਹਿਣਾ ਸਿੰਘ ਹੋਰਾਂ ਨੂੰ ਪਰਿਵਾਰਕ ਸਰੋਤਾਂ ਮੁਤਾਬਿਕ ਸੂਬਾ ਵੀ ਲਿਖਦੇ ਹਨ ਅਤੇ ਸੂਬਾ ਸਾਹਿਬ ਸਿੰਘ ਦੁਆਰਾ ਚਲਾਏ ਕੂਕਾ ਡਾਕ ਸੇਵਾ ਦਾ ਇਕ ਸਹਿਯੋਗੀ ਵੀ।[13] ਮੇਰੇ ਵਿਚਾਰ ਅਨੁਸਾਰ ਅੰਮ੍ਰਿਤਸਰ ਸ਼ਹਿਰ ਦੀ ਸੰਗਤ ਦਾ ਮੁੱਖੀ ਦੂਜਾ ਲਹਿਣਾ ਸਿੰਘ ਰਾਮਗੜ੍ਹੀਆ ਸਪੁੱਤਰ ਬੁਲਾਕਾ ਸਿੰਘ ਸੀ ਸੋ ਸੂਬਾ ਵੀ ਉਹਨਾਂ ਨੂੰ ਕਿਹਾ ਜਾਂਦਾ ਹੋਵੇਗਾ ਜਿਹਨਾਂ ਨੂੰ ਸਰਕਾਰੀ ਰੀਕਾਰਡ ਦੀ ਬਿਨਾਅ ਤੇ ਨਾਹਰ ਸਿੰਘ ਵੀ ਸੂਬਾ ਲਿਖਦੇ ਹਨ।

ਸੰਨ 1865 ਈ. ਵਿਚ ਆਪ ਦੇ ਘਰ ਇਕ ਲੜਕੀ ਪੈਦਾ ਹੋਈ। ਪੁਰਾਣੇ ਰਿਵਾਜ ਮੁਤਾਬਿਕ ਬਜ਼ੁਰਗ ਔਰਤਾਂ "ਪੱਥਰ ਆ ਗਿਆ" ਕਹਿਕੇ, ਬੇਟੀ ਜਨਮ ਦੀ ਸੂਚਨਾ ਦਿੰਦੀਆਂ ਸਨ। ਪਰ ਭਾਈ ਲਹਿਣਾ ਸਿੰਘ ਹੋਰਾਂ ਨੇ ਖਿੜੇ ਮੱਥੇ ਘਰ ਵਿਚ ਕੰਨਿਆਂ ਦਾ ਆਉਣਾ ਸਵੀਕਾਰ ਕੀਤਾ। ਉਹ ਸਤਿਗੁਰੂ ਰਾਮ ਸਿੰਘ ਜੀ ਦੇ ਸੱਚੇ ਸਿੱਖ ਸਨ ਜਿਹਨਾਂ ਨੇ ਔਰਤਾਂ ਨੂੰ ਮਾਰਨ, ਵੇਚਣ, ਵੱਟਾ ਕਰਨ, ਬਾਲ ਵਿਆਹ, ਅਜੋੜ ਵਿਆਹ

ਦਾ ਵਿਰੋਧ ਕੀਤਾ ਸੀ ਅਤੇ ਨਾਰੀ ਪੁਰਖ ਸਮਾਨਤਾ ਦਾ ਹੋਕਾ ਦਿਤਾ ਸੀ। ਇਸ ਲਈ ਭਾਈ ਲਹਿਣਾ ਸਿੰਘ ਨੇ ਇਸ ਲੜਕੀ ਦਾ ਲਾਲਨ ਪਾਲਣ ਪੁੱਤਰਾਂ ਵਾਂਗ ਹੀ ਕੀਤਾ ਸੀ।[14]

ਨਾਮਧਾਰੀ ਲੇਖਕਾਂ ਦੇ ਮੱਤ ਅਨੁਸਾਰ 1871 ਈ. ਤੱਕ ਅੰਮ੍ਰਿਤਸਰ ਸ਼ਹਿਰ ਵਿਚ ਆਪਣੇ ਕੰਮਾਂ ਕਾਰਾਂ ਕਰਕੇ ਆ ਵੱਸਣ ਵਾਲੇ ਕੂਕਾ ਪਰਿਵਾਰਾਂ ਦੀ ਸੰਖਿਆ ਇਕ ਦਰਜਨ ਤੋਂ ਘੱਟ ਹੀ ਸੀ। ਸੂਬਾ ਸਾਹਿਬ ਸਿੰਘ ਹੋਰਾਂ ਦੇ ਵੱਡੇ ਭਾਈ ਸੂਬਾ ਰੂੜ ਸਿੰਘ ਵੀ ਆਪਣੇ ਵਿਹਾਰ ਕਾਰ ਦੇ ਸਿਲਸਿਲੇ ਵਿਚ ਬੰਗਾਲੀ ਪੁਰ (ਤਰਨ ਤਾਰਨ) ਤੋਂ ਇਸ ਸਮੇਂ ਤੱਕ ਅੰਮ੍ਰਿਤਸਰ ਸ਼ਹਿਰ ਵਿਚ ਆਕੇ ਵੱਸ ਚੁੱਕੇ ਸਨ। ਸ਼ਹੀਦ ਪੰਨਵ ਜੀ ਦੀ ਉਪਰੋਕਤ ਪੁੱਤਰੀ, ਕੀ ਬਚਪਨ ਵਿਚ ਚੱਲ ਵੱਸੀ ਸੀ ਜਾਂ ਵਿਆਹੀ ਵਰੀ ਗਈ ਜੇ ਵਿਆਹੀ ਗਈ ਤਾਂ ਕਿੱਥੇ, ਉਸ ਬਾਰੇ ਸਾਡਾ ਇਤਿਹਾਸ ਖਾਮੋਸ਼ ਹੈ।

ਹੁਣ ਅਸੀਂ ਭਾਈ ਪੰਨਵ ਅਤੇ ਉਸਦੇ ਹੋਰ ਸਹਿਯੋਗੀਆਂ ਦੁਆਰਾ ਸ਼ਹੀਦੀ ਸਾਕੇ ਦੀਆਂ ਤਿਆਰੀਆਂ ਕਰਨ ਵੱਲ ਪਰਤਦੇ ਹਾਂ। ਇਹ ਤੇ ਆਪਾਂ ਉਪਰ ਵੇਖ ਆਏ ਹਾਂ ਕਿ ਇਸ ਸਮੇਂ ਹਾਲਾਤ, ਅੰਮ੍ਰਿਤਸਰ ਸ਼ਹਿਰ ਵਿਚ ਬੁਚੜ ਖਾਨਾ ਖੁੱਲ੍ਹਣ ਅਤੇ ਸ਼ਹਿਰ ਵਿਚ ਘੰਟਾ ਘਰ ਨੇੜੇ ਵੀ ਗਊ ਮਾਸ ਦੀ ਦੁਕਾਨ ਖੁੱਲ੍ਹਣ ਕਾਰਨ ਬਹੁਤ ਉਤੇਜਤ ਸਨ। ਇਸ ਸਾਰੇ ਸਮੇਂ ਵਿਚ ਨਾਮਧਾਰੀ ਸਿੰਘ ਜਾਂ ਉਹਨਾਂ ਦੇ ਮੁੱਖੀ ਸੂਬਾ ਰਾਜਾ ਸਿੰਘ ਆਦਿ ਕਿਵੇਂ ਸੋਚਦੇ ਸਨ ਇਸ ਬਾਰੇ ਸਾਡੇ ਸਮਕਾਲੀ ਇਤਿਹਾਸਕਾਰ ਦੀ ਅਗਵਾਹੀ ਮਹੱਤਵ ਪੂਰਨ ਹੈ।

"ਰਾਜਾ ਸਿੰਘ ਤਰਾਂਡੀ ਦਾ ਤਿਸਨੇ ਪਹਿਲੇ ਅੰਮ੍ਰਿਤਸਰ ਵਾਲੇ ਹਿੰਦੂਆਂ ਨੂੰ ਕਹਿਆ ਕਿ ਸ਼ਹਿਰ ਕੇ ਬੀਚ ਬੁੱਚੜਖਾਨਾ ਲਗਦਾ ਹੈ। ਤੁਸੀਂ ਮਦਦ ਦਿਓ ਜੋ ਬੁੱਚੜਾਂ ਨੂੰ ਵੱਢੀਏ। ਮੁੱਕਰ ਗਏ, ਜੀ ਸਾਨੂੰ ਕੋਈ ਨਹੀਂ ਫੁਰਦੀ ਹੈ। ਤੁਸੀਂ ਜਿਵੇਂ ਮਰਜ਼ੀ ਹੈ ਤਿਵੇਂ ਕਰੋ। ਫੇਰ ਹਿੰਦੂਆਂ ਨੇ ਰਲ ਮਿਲਕੇ ਅੰਗਰੇਜ਼ਾਂ ਦੇ ਅਰਜ਼ੀ ਪਾਈ ਕਿ ਬੁੱਚੜਖਾਨਾ ਸ਼ਹਿਰ ਦੇ ਬੀਚ ਨਾ ਲੱਗੇ। ਜੇ ਸ਼ਹਿਰ ਵਿਚ ਲੱਗਾ ਤਾਂ ਫ਼ਸਾਦ ਹੋਵੇਗਾ। ਸਰਬ ਹਿੰਦੂਆਂ ਦਾ ਅਸਥਾਨ ਹੈ। ਰਾਜਾ ਸਿੰਘ ਫੇਰ ਰਾਜਿਆਂ ਕੋਲ ਗਿਆਂ। ਕਹਾ ਕਿ ਗੁਰਦੁਆਰੇ ਕੋਲ ਬੁੱਚੜਖਾਨਾ ਲਾਵਣ ਲੱਗੇ ਹੈਂ। ਸ਼ਹਿਰ ਮੇਂ ਗਊ ਬੱਧ ਹੋਣ ਲੱਗਾ ਹੈ। ਤੁਸੀਂ ਕਹੋ ਜੋ ਬੁੱਚੜਖਾਨਾ ਨਾ ਲੱਗੇ ਅੰਮ੍ਰਿਤਸਰ ਜੀ ਮੈਂ। ਸਰਬ ਰਾਜਾ ਪਰਜਾ ਦਾ ਗੁਰਦੁਆਰਾ ਹੈ। ਰਾਜਿਆਂ ਨੇ ਕਹਾ ਕਿ ਅਸੀਂ ਅੰਗ੍ਰੇਜ਼ ਕੇ ਰਾਜ ਮੇਂ ਕੁਝ ਨਹੀਂ ਕਹਿ ਸਕਦੇ ਹੈਂ ਕਿਉਂਕਿ ਅਹਿਦਨਾਮਾ ਲਿਖ ਕੇ ਦਿਤਾ ਹੋਇਆ ਹੈ ਕੁਝ ਕਰਨ ਉਹ ਸਾਡਾ ਦਖਲ ਨਹੀਂ ਹੈ। ਪਟਿਆਲਾ, ਨਾਭਾ, ਸੰਗਰੂਰ, ਫਰੀਦਕੋਟ, ਕਪੂਰਥਲਾ ਸਾਰਿਆਂ ਕੋਲ ਗਏ। ਸਾਰਿਆਂ ਰਾਜਿਆਂ ਏਹੋ ਉਤਰ ਦਿਤਾ। ਫੇਰ ਪੁਜਾਰੀਆਂ ਨੂੰ ਪੁੱਛਿਆ ਕਿ ਤੁਸੀਂ ਧਰਮ ਹੇਤ ਮੱਦਦ ਦਿਓ ਜੋ ਬੁੱਚੜਖਾਨਾ ਨਾ ਲੱਗੇ ਅੰਮ੍ਰਿਤਸਰ ਜੀ ਮੇਂ। ਪੁਜਾਰੀਆਂ ਨੇ ਭੀ ਜਵਾਬ ਦੇ ਦਿੱਤਾ ਕਿ ਸਾਨੂੰ ਭੀ ਕੁਝ ਨਹੀਂ ਫੁਰਦੀ ਹੈ। ਨਿਹੰਗਾਂ ਕੋਲ ਵੀ ਗਏ। ਜਾਇਕੇ ਬੋਲਾ ਕੀਤਾ–ਤੁਸੀਂ ਕੋਈ ਮੱਦਦ ਦਿਓ ਜੋ ਸ਼ਹਿਰ ਮੇਂ ਬੁੱਚੜ ਖਾਨਾ ਨਾ ਲੱਗੇ। ਕਿਹਾ ਸਾਡੀ ਭੀ ਕੋਈ ਰੈ ਨਹੀਂ ਹੈ। ਅਸੀਂ ਕੁਝ ਨਹੀਂ ਕਰ ਸੱਕਦੇ ਹੈਂ। ਫੇਰ ਨਿਰਮਲਿਆਂ ਨੂੰ ਜਾਇਕੇ

ਪੁੱਛਿਆ ਕਿ ਧਰਮ ਹੇਤ ਤੁਸੀਂ ਮਦਦ ਦੇਓ ਜੋ ਸ਼ਹਿਰ ਮੈਂ ਬੁੱਚੜਖਾਨਾ ਨਾ ਲੱਗੇ। ਨਿਰਮਲਿਆਂ ਨੇ ਕਿਹਾ ਕਿ ਗਊ ਮਾਰਨ ਵਾਲਾ ਤੇ ਗਊ ਰੱਖਣ ਵਾਲਾ ਸਾਨੂੰ ਇਕੋ ਜੇਹੇ ਈ ਭਾਸਦੇ ਹੈਂ।"[15]

ਦਰਅਸਲ ਘੰਟਾਘਰ, ਦਰਬਾਰ ਸਾਹਿਬ ਦੇ ਪਾਸ ਖੁੱਲ੍ਹਣ ਵਾਲੀ ਗਊ ਮਾਸ ਵੇਚਣ ਦੀ ਦੁਕਾਨ ਨੂੰ ਹੀ ਭਾਈ ਬਾਹੋਵਾਲ ਬੁੱਚੜਖਾਨਾ ਸਮਝਦੇ ਸਨ। ਉਹਨਾਂ ਮੁਤਾਬਿਕ " ਘੰਟੇ ਘਰ ਦੇ ਚੜ੍ਹਦੇ ਪਾਸੇ ਬੁਚੱੜਖਾਨਾ ਬਣਿਆ ਸੀ ਪਰਕਰਮਾ ਦੇ ਨਾਲ।" ਅੰਗ੍ਰੇਜ਼ ਸਰਕਾਰ ਦੁਕਾਨ ਇੱਥੇ ਹੀ ਰੱਖਣਾ ਚਾਹੁੰਦੀ ਸੀ। ਇਸ ਤੇ ਉਤੇਜਿਤ ਕੁਝ ਨਿਹੰਗ ਸਿੰਘਾਂ ਨੇ ਪਹਿਲਾਂ ਕਹੀਆਂ ਲੈ ਜਾਕੇ ਬੁੱਚੜਾਂ ਦੇ ਘਰ ਢਾਹੁਣੇ ਸ਼ੁਰੂ ਕੀਤੇ। ਪੁਲਿਸ ਨੇ ਫੜਕੇ ਹਵਾਲਾਤ ਜਾਇ ਦਿਤੇ। ਦੋ ਦੋ ਮਹੀਨੇ ਹਵਾਲਾਤ ਮੇਂ ਰੱਖੇ, ਫੇਰ ਜਮਾਨਤਾਂ ਲੈ ਕੇ ਛੱਡੇ।" ਮਈ 1871 ਵਿਚ ਅੰਮ੍ਰਿਤਸਰ ਦੇ ਸ਼ਹਿਰੋਂ ਬਾਹਰਲੇ ਬੁੱਚੜਖਾਨੇ ਅੱਗੇ ਪੁਲੀਸ ਚੌਕੀਂ ਤਾਈਨਾਤ ਕਰ ਦਿਤੀ ਜੋ 31 ਮਈ ਤੱਕ ਰਹੀ। ਇਸ ਤੋਂ ਬਾਅਦ ਹੀ ਇਕ ਵੇਰ "ਨਿਹੰਗ ਸਿੰਘ ਅਰਦਾਸਾ ਕਰਕੇ ਚੜ੍ਹੇ ਤਾਂ ਫਰੰਗੀ ਉਨਕੋ ਤਤਕਾਲ ਕੁਤਵਾਲੀ ਲੈ ਗਏ। ਬੰਦ ਕਰਕੇ ਕਹਾ ਕਿ ਹੁਣ ਕਰੋ ਦੰਗਾ ਕਿਵੇਂ ਕਰਦੇ ਹੋ ?"

"ਰਾਜਾ ਸਿੰਘ ਸ੍ਰੀ ਅੰਮ੍ਰਿਤਸਰ ਜੀ ਸੇ ਆਇਆ। ਅਰਜ਼ ਕੀਤੀ ਸਤਿਗੁਰੂ ਜੀ ਕੇ ਹਜ਼ੂਰ ਜੀ ਖੱਤਰੀ ਬ੍ਰਾਹਮਣ ਤੁਹਾਡੇ ਵੱਲ ਵੇਖਦੇ ਹੈਂ। ਬੁੱਚੜਖਾਨੇ ਸਭ ਸ਼ਹਿਰਾਂ ਮੇ ਲਗਾਇ ਲਏ ਹੈਂ ਤੁਰਕਾਂ ਨੇ ਫਰੰਗੀਆਂ ਨਾਲ ਮਿਲਕੇ। ਅੱਗੇ ਬਾਹਰ ਹੋਇਕੇ ਬਾਹਰ ਹੀ ਬੇਚਦੇ ਸੇ ਮਾਸ ਹੁਣ ਵਿਚ ਸ਼ਹਿਰ ਮੇਂ ਬੇਚੀ ਜਾਂਦੇ ਹੈਂ। ਪਹਿਲਾਂ ਗਊਆਂ ਕੇ ਮੱਥੇ ਵਿਚ ਗੋਲੀ ਮਾਰਦੇ ਹੈਂ। ਗਊ ਡਿਗ ਜਾਂਦੀ ਹੈ ਤਾਂ ਛੁਰੀ ਪਕੜ ਕੇ ਗਲ ਵਿਚ ਫੇਰਦੇ ਹੈਂ। ਸੁਣਕੇ ਇਹ ਤਰਾਸ ਝੱਲਿਆ ਨਹੀਂ ਜਾਂਦਾ ਹੈ। ਪੰਜਾਬ ਧਰਤੀ ਮੇ ਬੜਾ ਭਾਰਾ ਪਾਪ ਹੋਣੇ ਲਗਾ ਹੈ। ਏਹ ਕਦ ਹਟੂਗਾ। ਦੋਨੋਂ ਹੱਥ ਮੇਲਕੇ ਦੀਨ ਦਿਆਲ ਜੀ ਬਚਨ ਕੀਤਾ ਜਦ ਪ੍ਰਿਥੀ ਪਰ ਲੋਹੇ ਕੇ ਪਟ ਭਿੜਨਗੇ ਤਦ ਹਟੇਗਾ ਇਹ ਤਰਾਸ। ਸਮੇਂ ਸਮੇਂ ਨਾਲ ਸਭ ਕੁਛ ਹੋ ਜਾਵੇਗਾ।

...... ਓਧਰ ਬਾਬਾ ਬ੍ਰਹਮਾ ਸਿੰਘ ਨੇ ਭੀ ਸਾਰਾ ਬ੍ਰਿਤਾਂਤ ਸੁਣਾਇਆ ਕਿ ਸਿੰਘ ਬੁੱਚੜਾਂ ਪਰ ਧਾਵਾ ਕਰਨ ਨੂੰ ਕੈਂਹਦੇ ਹੈਂ, ਧੁਆਡਾ ਕੀ ਹੁਕਮ ਹੈ ? ਰੌਲਾ ਪੈ ਜਾਵੇਗਾ। ਗੁਰੂ ਜੀ ਬਚਨ ਕੀਤਾ ਜਾਇਕੇ ਹਟਾ ਦੇ। ਬ੍ਰਹਮਾ ਸਿੰਘ ਨੇ ਜਾਇਕੇ ਸਿੰਘਾਂ ਨੂੰ ਕਹਿਆ ਕਿ ਸਤਿਗੁਰੂ ਜੀ ਦਾ ਹੁੱਕਮ ਨਹੀਂ ਹੈ ਬੁਚੱੜਾਂ ਨੂੰ ਮਾਰੋ। ਸਿੰਘਾਂ ਨੇ ਸਲਾਹ ਕੀਤੀ ਕਿ ਬ੍ਰਹਮਾ ਸਿੰਘ ਨੇ ਸਾਰੇ ਸਿੰਘ ਬੰਦ ਕਰ ਦਿਤੇ ਹੈਂ ਕਿ ਇਹ ਕਾਰ ਨਾ ਕਰੋ। ਧਰਮ ਅੱਗੇ ਲੱਤਾਂ ਡੌਂਹਦੇ ਹੈਂ।

"ਸਿੰਘ ਲੋਪੋਕੇ ਮੇਂ ਆਇ ਇੱਕਠੇ ਹੋਏ। ਆਪਸ ਮੇਂ ਸਿੰਘ ਕਹਿੰਦੇ ਹੈਂ ਬੜਾ ਭਾਰੀ ਪਾਪ ਹੋਇਆ ਹੈ, ਧਰਮ ਹੇਤ ਸੀਸ ਦਿਓ। ਹਿੰਦੂ ਲੋਕੀ ਭੀ ਏਸੇ ਪੰਥ ਪਰ ਨਿਗਾਹ ਰੱਖਦੇ ਹੈਂ। ਚਿੱਟੀਆਂ ਮਾਲਾ ਰੱਖਦੇ ਹੈਂ, ਭਜਨ ਬਾਣੀ ਭੀ ਕਰਦੇ ਹੈਂ। ਸਭ ਜੀਆਂ ਦੀ ਰੱਖਿਆ ਕਰਦੇ ਹੈਂ। ਧਰਮ ਰੀਤੀ ਮੇਂ ਪੂਰੇ ਹੈਂ। ਗਊ ਦੋਖ ਨੂੰ ਏਹ ਭਾਂਵੇ ਉਠਾਵਨ ਹੋਰ ਕਿਸੇ ਵਿਚ ਸਮਰੱਥਾ ਨਹੀਂ ਹੈ।"[16]

ਇਤਿਹਾਸਕਾਰ ਜਸਵਿੰਦਰ ਸਿੰਘ ਅਨੁਸਾਰ, ਮਾਰਚ ਅਪਰੈਲ 1872 ਈ. ਵਿਚ ਸਤਿਗੁਰੂ ਰਾਮ ਸਿੰਘ ਜੀ ਦੀ ਅੰਗਰੇਜ਼ ਸਰਕਾਰ ਵਿਰੁੱਧ ਇਕ ਵਿਸ਼ਾਲ ਜਨਤਕ ਵਿਦਰੋਹ ਛੇੜਨ ਦੀ ਯੋਜਨਾ ਸੀ, ਜਿਸ ਦੇ ਇਸ਼ਾਰੇ ਕੂਕਿਆਂ ਨਾਲ ਸਬੰਧਿਤ ਦਸਤਾਵੇਜਾਂ ਵਿਚੋਂ ਵੀ ਮਿਲਦੇ ਹਨ। ਇਸ ਲਈ ਨਿਸ਼ਚਿਤ ਤਿਥੀ ਤੋਂ ਪਹਿਲਾਂ ਅਪਰਿਪੱਕਵ ਹਾਲਾਤ ਵਿਚ, ਮਾਰ ਕਾਟ ਸ਼ੁਰੂ ਕਰਨ ਨਾਲ, ਉਹਨਾਂ ਦੀ ਵੱਡੀ ਯੋਜਨਾ, ਵਿਚਾਲੇ ਰਹਿੰਦੀ ਸੀ ਜਿਸ ਲਈ ਉਹ ਆਪਣੇ ਸਿੰਘਾਂ ਨੂੰ ਕਦੇ ਵੀ ਸਿੱਧੀ ਕਰਵਾਈ ਦੀ ਆਗਿਆ ਨਹੀਂ ਸਨ ਦੇ ਰਹੇ। ਬੇਸ਼ਕ ਗਊ ਬੱਧ ਬਾਰੇ ਉਹ ਆਪਣੇ ਬਚਨ ਬਿਲਾਸਾਂ ਵਿਚ ਇਸ ਦੀ ਕਰੜੇ ਸ਼ਬਦਾਂ ਨਾਲ ਨਿੰਦਾ ਵੀ ਕਰਦੇ ਆਏ ਸਨ। ਹੁਣ ਜਦੋਂ ਪਾਣੀ ਸਿਰ ਤੋਂ ਦੀ ਲੰਘ ਚੁੱਕਾ ਸੀ ਤਾਂ ਸ਼ਹਿਰ ਅੰਮ੍ਰਿਤਸਰ ਦੇ ਦਸਤਕਾਰ ਅਤੇ ਛੋਟੇ ਕਾਰੋਬਾਰੀ ਕੂਕੇ ਸਿੰਘਾਂ ਅਤੇ ਆਸ ਪਾਸ ਦੇ ਪਿੰਡਾਂ, ਮਾਝੇ ਦੇ ਅੰਮ੍ਰਿਤਸਰ, ਗੁਰਦਾਸਪੁਰ, ਲਾਹੌਰ ਜ਼ਿਲ੍ਹਿਆਂ ਦੇ ਕਿਸਾਨ ਨਾਮਧਾਰੀਆਂ ਨੇ ਰਣ ਤੱਤੇ ਵਿਚ ਨੰਗੇ ਧੜ ਕੁੱਦਣ ਦਾ ਫੈਸਲਾ ਕਰ ਲਿਆ। ਇਸ ਬਾਰੇ ਸ੍ਰ. ਨਾਹਰ ਸਿੰਘ ਐਮ.ਏ. ਦੀ ਟਿੱਪਣੀ ਬੜੀ ਭਾਵਪੂਰਤ ਹੈ।

"ਬੁੱਚੜਖਾਨਾ ਖੁੱਲ੍ਹਣ ਪਿਛੋਂ ਅੰਮ੍ਰਿਤਸਰ ਦੇ ਵੱਡੇ ਵੱਡੇ ਜਗੀਰਦਾਰ, ਧਨਾਢ, ਸ਼ਾਹੂਕਾਰ, ਬਪਾਰੀ ਹਿੰਦੂ ਅਤੇ ਸਿੱਖ ਰਈਸ, ਅੰਗ੍ਰੇਜ਼ ਮਾਈ ਬਾਪ ਸਰਕਾਰ ਦੀ ਹਰ ਗੱਲ ਵਿਚ ਹਾਂ ਮਿਲਾ ਕੇ ਸ਼ਾਬਾਸ਼ ਲੈਣਾ ਫ਼ਖਰ ਸਮਝਦੇ ਸਨ। ਹਥੀਂ ਰੋਟੀ ਕਮਾ ਕੇ ਖਾਣ ਵਾਲੀ, ਅਤੇ ਕਮਾਈ ਵਿਚੋਂ ਇਕ ਟਕਾ ਗੁਰੂ ਮਹਾਰਾਜ ਦੀ ਭੇਟਾ ਧਰਕੇ ਮੱਥਾ ਟੇਕਣ ਵਾਲੀ ਆਮ ਜਨਤਾ ਦੇ ਬੰਦੇ, ਬੁੱਚੜਖਾਨੇ ਨੂੰ ਸਿੱਖ ਗੁਰੂਆਂ ਦੇ ਪਵਿਤਰ ਹੱਥਾਂ ਨਾਲ ਬਣਾਈ ਹੋਈ ਗੁਰੂ ਕੀ ਨਗਰੀ ਦੇ ਮੱਥੇ ਤੇ ਇਕ ਮਹਾਂ ਕਲੰਕ ਜਾਂ ਕਾਲਖ ਦਾ ਟਿੱਕਾ ਖਿਆਲ ਕਰਦੇ ਸਨ। ਅਮੀਰ ਅਤੇ ਗਰੀਬ ਦੇ ਧਰਮ ਨੂੰ ਧਾਰਨ ਕਰਨ, ਮੰਨਣ ਅਤੇ ਉਸਦੀਆਂ ਰੀਤੀਆਂ ਤੇ ਰਵਾਇਤਾਂ ਤੇ ਚੱਲਣ ਵਿਚ ਜ਼ਮੀਨ ਅਸਮਾਨ ਦਾ ਫ਼ਰਕ ਹੁੰਦਾ ਹੈ। ਗ਼ਰੀਬ ਨੂੰ ਧਰਮ ਦੀ ਹਾਨੀ ਹੁੰਦੀ ਦੇਖ ਕੇ ਕੰਬਣੀ ਚੜ੍ਹ ਜਾਂਦੀ ਹੈ। ਰੋਟੀ ਕਮਾਉਣ ਵਾਲਾ ਹੱਥ ਤਲਵਾਰ ਦੀ ਮੁੱਠ ਤੇ ਆ ਟਿਕਦਾ ਹੈ। ਉਹ ਅਕਲ, ਸੋਚ, ਵਿਚਾਰ, ਅੱਗਾ ਵੇਖ ਕੇ ਚੱਲਣ ਦੀਆਂ ਹੱਦਾਂ ਟੱਪ ਜਾਂਦਾ ਹੈ। ਤਨ, ਮਨ, ਧਨ ਕੁਰਬਾਨ ਕਰਨ ਦੀ ਤਾਂਘ ਅਤੇ ਜੋਸ਼ ਉਸਨੂੰ ਐਸੇ ਮੰਡਲਾਂ ਵਿਚ ਖਿਚਕੇ ਲੈ ਜਾਂਦੇ ਹਨ, ਜਿੱਥੇ ਆਪੇ ਤੋਂ ਬਾਹਰ ਹੋਕੇ ਧਰਮ ਹਾਨੀ ਕਰਨ ਵਾਲੇ ਨੂੰ ਮਾਰਕੇ ਆਪ ਮਰ ਜਾਣਾ ਹੀ ਧਰਮ ਸਮਝਦਾ ਹੈ।"[17]

ਸੂਬਾ ਰਾਜਾ ਸਿੰਘ ਪਾਸ, ਲੋਪੋਕੇ (ਅੰਮ੍ਰਿਤਸਰ) ਦੇ ਕੂਕੇ ਸਿੰਘ ਮਿਹਰ ਸਿੰਘ ਅਤੇ ਝੰਡਾ ਸਿੰਘ ਠੱਟਾ ਪਿੰਡ ਨੇ ਫਰਿਆਦ ਕੀਤੀ ਸੀ ਕਿ ਗੁਰਧਾਮਾਂ ਦੀ ਬੁੱਚੜਖਾਨੇ ਕਾਰਨ ਬੇਆਦਬੀ ਹੋ ਰਹੀ ਹੈ, ਇਹ ਸਿੰਘ ਹਰ ਸੰਗਰਾਂਦ ਵਾਲੇ ਦਿਨ ਇਸ਼ਨਾਨ ਅਤੇ ਦਰਸ਼ਨਾਂ ਲਈ ਹਰਮੰਦਰ ਸਾਹਿਬ ਆਇਆ ਕਰਦੇ ਸਨ। ਇਹਨਾਂ ਹੀ ਇਸੇ ਘਟਨਾ ਵਾਲੇ ਸਾਲ ਮਲੇਰ ਕੋਟਲਾ ਇਲਾਕੇ ਵਿਚ, ਸਤਿਗੁਰੂ ਰਾਮ ਸਿੰਘ ਜੀ ਨੂੰ ਮਿਲਕੇ ਸਾਕਾ ਕਰਨ ਦੀ ਪ੍ਰਵਾਨਗੀ ਮੰਗੀ ਜੋ ਨਾਂ ਮਿਲੀ। ਮਲੇਰ ਕੋਟਲੇ ਵਿਖੇ ਇਹਨਾਂ ਦੋਹਾਂ ਦੇ ਅਰਜ਼ ਕਰਨ ਸਮੇਂ, ਮਹਰਾਣਾ (ਅੰਮ੍ਰਿਤਸਰ) ਦਾ ਗੁਲਾਬ ਸਿੰਘ ਵੀ ਹਾਜ਼ਰ ਸੀ।[18] ਇਹ ਖੋਟਿਆਂ ਦੇ

ਹੋਲੇ ਮਹੱਲੇ ਤੋਂ ਹੀ ਸਤਿਗੁਰੂ ਜੀ ਦੇ ਦੌਰੇ ਦੇ ਨਾਲ ਨਾਲ ਆ ਰਿਹਾ ਸੀ। ਇਸਨੇ ਵੀ ਉਪਰੋਕਤ ਸਿੰਘਾਂ ਦੇ ਜਾਣ ਬਾਅਦ ਸਤਿਗੁਰੂ ਜੀ ਤੋਂ ਇਸ ਕਾਰਜ ਦੀ ਆਗਿਆ ਮੰਗੀ ਜੋ ਨਾਂ ਮਿਲੀ। ਉਹ ਅੰਮ੍ਰਿਤਸਰ ਆਕੇ ਸ਼ਹਿਰ ਦੇ ਹੋਰ ਨਾਮਧਾਰੀ ਸਿੰਘਾਂ ਨਾਲ ਮਤਾ ਮੇਲਣ ਲੱਗ ਪਿਆ।ਇਸ ਸਮੇਂ ਅਦਾਲਤਾਂ, ਰਾਮ ਬਾਗ ਦਰਵਾਜੇ ਦੇ ਅੰਦਰ ਵਾਰ ਸਨ। ਇਹਨਾਂ ਅਦਾਲਤਾਂ ਵਿਚ ਨਵੀਆਂ ਉਸਾਰੀਆਂ ਹੋ ਰਹੀਆਂ ਸਨ ਜਿੱਥੇ ਭਾਈ ਲਹਿਣਾ ਸਿੰਘ ਪੰਨਵ ਲੱਕੜੀ ਦਾ ਕੰਮ ਕਰਨ ਵਾਸਤੇ ਆਇਆ ਕਰਦੇ ਸਨ। ਗੁਲਾਬ ਸਿੰਘ ਦਾ ਪਿਤਾ ਰੀਕਾਰਡ ਮੁਤਾਬਿਕ ਫਤੇਹ ਸਿੰਘ ਸੀ। ਉਸ ਦੇ ਪਿੰਡ ਬਾਰੇ ਲੱਗਣ ਵਾਲੇ ਟਪਲੇ ਦਾ ਜ਼ਿਕਰ ਨਾਹਰ ਸਿੰਘ ਵੀ ਕਰਦੇ ਹਨ ਜੋ ਕਿ ਰੀਕਾਰਡ ਵਿਚ ਕਿਤੇ ਉਸਨੂੰ ਮਰਹਾਣਾ, ਕਿਤੇ ਚੂਹੜ ਚੱਕ ਕਿਤੇ ਮੋਗਾ (ਦੋਵੇਂ ਉਦੋਂ ਜ਼ਿਲ੍ਹਾ ਫੀਰੋਜ਼ਪੁਰ) ਦਾ ਲਿਖਿਆ ਹੈ। ਗੁਲਾਬ ਸਿੰਘ ਦੀ ਉਮਰ ਇਸ ਸਮੇਂ 36 ਸਾਲ ਸੀ, ਲਹਿਣਾ ਸਿੰਘ ਪੰਨਵ ਦੀ 30, ਬੀਹਲਾ ਸਿੰਘ ਪੁੱਤਰ ਨਿਹਾਲ ਸਿੰਘ ਸੰਧੂ, ਨਾਰਲੀ (ਲਾਹੌਰ ਹੁਣ ਅੰਮ੍ਰਿਤਸਰ) 27 ਸਾਲ ਦਾ, ਫਤੇਹ ਸਿੰਘ ਪੁੱਤਰ ਹਾਕਮ ਸਿੰਘ ਭਾਟੜਾ 35 ਸਾਲ, ਹਾਕਮ ਸਿੰਘ ਪੁੱਤਰ ਰੂਪਾ ਸਿੰਘ ਪਟਵਾਰੀ ਪਿੰਡ ਮੌੜੇ ਜ਼ਾਤ ਬ੍ਰਾਹਮਣ, 26 ਸਾਲ ਦਾ ਸੀ। ਇਸ ਤਰ੍ਹਾਂ ਉਹ ਚਾਰ ਸ਼ਹੀਦ ਹੋਣ ਵਾਲੇ ਸਿੰਘਾਂ ਤੋਂ ਰਤਾ ਵਡੇਰੀ ਉਮਰ ਦਾ ਸੀ। ਇਸ ਲਈ ਉਹਨਾਂ ਨੂੰ ਇਸ ਕਾਰਜ ਲਈ ਪ੍ਰੇਰਨ ਵਿਚ ਉਸਦਾ ਵੀ ਯੋਗਦਾਨ ਸੀ। ਬਾਬਾ ਅੱਟਲ ਦੇ ਕੋਲ ਗਲੀ ਜੋ ਸ਼ਹੀਦਾਂ ਵਾਲੇ ਗੁਰਦੁਆਰੇ ਨੂੰ ਜਾਂਦੀ ਸੀ ਇਸ ਵਿਚ ਲਹਿਣਾ ਸਿੰਘ ਪੁੱਤਰ ਬੁਲਾਕਾ ਸਿੰਘ, ਕਾਰੀਗਰ ਦਾ ਘਰ ਸੀ ਜੋ ਅੰਮ੍ਰਿਤਸਰ ਦੇ ਹੀ ਠੱਟੇ ਪਿੰਡ ਵਿਚੋਂ ਆਕੇ ਸ਼ਹਿਰ ਰਹਿਣ ਲੱਗੇ ਸਨ। ਇਹ ਅੰਮ੍ਰਿਤਸਰ ਦੀ ਨਾਮਧਾਰੀ ਸੰਗਤ ਦੇ ਮੁਖੀ ਸਤਿਗੁਰੂ ਜੀ ਨੇ ਥਾਪੇ ਸਨ।[19] ਸੂਬਾ ਪਹਾੜਾ ਸਿੰਘ ਜੀ ਨੇ ਵੀ ਅੰਮ੍ਰਿਤਸਰ ਦੇ ਨਾਮਧਾਰੀ ਸਿੰਘਾਂ ਦੇ ਉਤਜਿਤ ਜਜ਼ਬਾਤ ਬਾਰੇ, ਸਤਿਗੁਰੂ ਜੀ ਨੂੰ ਭੈਣੀ ਸਾਹਿਬ ਆਕੇ ਦੱਸਿਆ ਸੀ ਕਿ ਮਿਹਰ ਸਿੰਘ (ਲੋਪੋਕੇ) ਅਤੇ ਝੰਡਾ ਸਿੰਘ (ਠੱਟਾ) ਉਸ ਦੀ ਸਮਝਾਉਣ ਬੁਝਾਉਣ ਵਾਲੀ ਕੋਈ ਗੱਲ ਵੀ ਸੁਨਣ ਨੂੰ ਤਿਆਰ ਨਹੀਂ ਸਨ।

ਅਦਾਲਤਾਂ ਦੇ ਪਾਸ ਹੀ ਭਾਈ ਫਤੇਹ ਸਿੰਘ ਭਾਟੜਾ ਦੀ ਦੁਕਾਨ ਸੀ। ਇਸ ਦੁਕਾਨ ਉਪਰ ਕੰਮ ਤੋਂ ਛੁੱਟੀ ਵੇਲੇ ਭਾਈ ਲਹਿਣਾ ਸਿੰਘ ਪੰਨਵ ਵੀ ਪੁੱਜ ਜਾਂਦੇ। ਇਸੇ ਦੁਕਾਨ ਤੇ ਲੋਪੋਕੇ ਪਿੰਡ ਵਿਚੋਂ ਮਿਹਰ ਸਿੰਘ ਤੇ ਝੰਡਾ ਸਿੰਘ ਠੱਟਾ ਆਏ ਹੋਏ ਸਨ। ਭਾਈ ਪੰਨਵ ਵੀ ਇੱਥੇ ਸੀ। ਗੁਲਾਬ ਸਿੰਘ ਲੋਪੇਕਿਆਂ ਤੋਂ ਹੋ ਕੇ ਸਿੰਘਾਂ ਦੀ ਭਾਲ ਵਿਚ ਇੱਥੇ ਆਇਆ ਕਰਦਾ ਜਿੱਥੇ ਉਸਨੂੰ 5-6 ਸਿੰਘ ਮਿਲੇ, ਜਿਹਨਾਂ ਨੂੰ ਉਸਨੇ ਆਪਣੇ ਕੋਲੋਂ ਹੀ ਇਹ ਕਹਿ ਦਿਤਾ ਕਿ ਸਤਿਗੁਰੂ ਜੀ ਦਾ ਹੁਕਮ ਬੁੱਚੜ ਸੋਧਣ ਦੈ ਹੈ। ਬੀਹਲਾ ਸਿੰਘ ਨਾਰਲੀ ਲਛਮਣ ਸਿੰਘ ਪਿੰਡ ਚਾਹਲ (ਕਿਤੇ ਚਾਹਲ ਭੱਟੀ) ਵੀ ਲਿਖਿਆ ਹੈ ਜ਼ਿਲ੍ਹਾ ਗੁਰਦਾਸਪੁਰ ਅਤੇ ਲਹਿਣਾ ਸਿੰਘ ਪੰਨਵ ਆਦਿ ਨੂੰ ਗੁਲਾਬ ਸਿੰਘ ਨੇ ਵਾਰਦਾਤ ਲਈ ਤਿਆਰ ਕਰ ਲਿਆ। ਜਸਵਿੰਦਰ ਸਿੰਘ ਮੁਤਾਬਿਕ ਸਿਪਾਹੀ ਲਾਲ ਸਿੰਘ, ਲਛਮਣ ਸਿੰਘ ਅਤੇ ਜਵਾਹਰ ਸਿੰਘ ਇਹ ਤਿੰਨੇ ਸੱਕੇ ਭਾਈ ਸਨ ਦਲ ਸਿੰਘ ਦੇ ਪੁਤਰ ਪਿੰਡ

ਚਾਹਲ ਸੀ। ਪਰ ਕਈ ਥਾਵਾਂ ਤੇ ਲਾਲ ਸਿੰਘ ਹੋਰਾਂ ਦਾ ਪਿੰਡ ਭਾਲੋਵਾਲੀ (ਗੁਰਦਾਸਪੁਰ) ਅਤੇ ਬਾਹੋਵਾਲ ਜੀ ਮੁਤਾਬਿਕ ਉਹ ਰਣੀਕਿਆਂ ਦਾ ਸੀ।

14 ਜੂਨ 1871 ਦੀ ਰਾਤ ਨੂੰ ਨਾਮਧਾਰੀ ਸਿੰਘਾਂ ਨੇ ਦੀਨ ਗੜ੍ਹ ਵਿਖੇ, ਬੁੱਚੜਖਾਨੇ ਤੇ ਸਫਲ ਹਮਲਾ ਕੀਤਾ ਸੀ ਅੱਧੀ ਰਾਤ ਦੇ ਲਾਗੇ ਚਾਗੇ। ਇਸ ਤੋਂ ਪਹਿਲਾਂ ਤਿੰਨ ਯਤਨ ਵੱਖ ਵੱਖ ਕਾਰਨਾਂ ਕਰਕੇ ਸਫਲ ਨਾਂ ਹੋ ਸੱਕੇ। ਪਹਿਲੀ ਕਾਰਵਾਈ 1 ਜਾਂ 2 ਜੂਨ ਦੀ ਰਾਤ ਨੂੰ ਕਰਨ ਦੀ ਯੋਜਨਾ ਉਲੀਕੀ। ਤਿੰਨੇ ਹਮਲੇ ਕਰਨ ਲਈ, ਭਾਈ ਫ਼ਤਹਿ ਸਿੰਘ ਦੀ ਦੁਕਾਨ ਤੇ ਵਿਚਾਰਾਂ ਹੁੰਦੀਆ ਰਹੀਆਂ। ਉਸ ਸਮੇਂ ਲੰਮੀ ਤਲਵਾਰ ਰੱਖਣ ਤੇ ਪਾਬੰਦੀ ਸੀ। ਸਿਪਾਹੀ ਲਾਲ ਸਿੰਘ ਦੀ ਡਿਊਟੀ ਰਾਤ 11 ਵਜੇ ਤੱਕ ਹੁੰਦੀ ਸੀ। ਉਹ ਉਦੋਂ ਹੀ ਤਲਵਾਰਾਂ ਲਿਆ ਸੱਕਦਾ ਸੀ। ਇਸੇ ਕੁ ਸਮੇਂ ਸ਼ਹਿਰ ਵਿਚ ਦਰਵਾਜ਼ੇ ਬੰਦ ਕਰਨ ਲਈ ਤੋਪ ਚਲਾਈ ਜਾਂਦੀ ਸੀ ਜਿਸ ਤੋਂ ਬਾਅਦ ਸ਼ਹਿਰ ਦੇ ਅੰਦਰ ਜਾਂ ਬਾਹਰ ਜਾਣਾ ਸੰਭਵ ਨਹੀਂ ਸੀ। ਪਹਿਲੇ ਯਤਨ ਵਿਚ ਲਾਲ ਸਿੰਘ ਅਤੇ ਫਤੇਹ ਸਿੰਘ ਅੱਠ ਤਲਵਾਰਾਂ ਲਿਆਏ, ਡਿਊਟੀ ਮੁੱਕਣ ਬਾਅਦ। ਇਸ ਹਮਲੇ ਦੇ ਯਤਨ ਵਿਚ ਲਾਹੌਰ ਤੋਂ ਸੂਬਾ ਰਾਜਾ ਸਿੰਘ ਤਰਾਂਡੀ ਸਣੇ ਦੋ ਸਿੰਘ ਹੋਰ ਵੀ ਸਨ। ਪਹਿਲਾ ਯਤਨ "ਸ਼ਾਹ ਮੁਹੰਮਦ" ਦੇ ਆਵੇ ਤੇ ਇੱਕਠੇ ਹੋ ਕੇ ਕਰਨਾਂ ਸੀ ਪਰ ਰਾਤ ਵਾਹਵਾ ਚਾਨਣੀ ਸੀ ਸੋ ਹੁਣ ਹਨੇਰ ਪੱਖ ਦੀ ਉਡੀਕ ਕਰਕੇ, ਉਹ ਯਤਨ ਛੱਡ ਦਿਤਾ। ਭੱਠੇ ਦੇ ਕੋਲ ਇਕ ਖੂਹ ਅਤੇ ਤਪੋਬਨ ਵੀ ਸੀ। ਆਖਰੀ ਹਮਲੇ ਸਮੇਂ ਸਿੰਘ ਇਸ ਖੂਹ ਤੇ ਰੁਕੇ। ਇਹ ਖੂਹ ਆਨੰਦ ਕੋਟ ਵਿਖੇ ਸੀ। ਇਹ ਥਾਂ ਛਾਉਣੀ ਇਲਾਕੇ ਦੇ 'ਗੁਲਾਬ ਰਾਇ' ਦੇ ਬਾਗ ਦੇ ਨੇੜੇ ਸੀ। ਇਸ ਇਲਾਕੇ ਵਿਚ ਮੁਸਲਮਾਨ ਫਕੀਰਾਂ ਦੇ ਤਕੀਏ ਵੀ ਸਨ। ਇਹ ਖੂਹ ਰਾਮ ਤੀਰਥ ਰੋਡ ਅਤੇ ਲਾਹੌਰ ਜਾਂਦੀ ਸੜਕ ਦੇ ਚੌਂਕ ਤੇ ਸੀ ਅਤੇ ਨੇੜੇ ਹੀ ਅੰਮ੍ਰਿਤਸਰ ਛਾਵਣੀ ਇਲਾਕੇ ਚੋਂ ਆਉਂਦੀ ਸੜਕ, ਜਿਸਨੂੰ ਅੱਜ ਕੱਲ ਸਦਰ ਥਾਣਾ ਰੋਡ ਆਖਦੇ ਹਨ ਅਤੇ ਇਹ ਸੜਕ ਅਗੇ ਚੱਲਕੇ ਰਾਣੀ ਦੇ ਬਾਗ ਇਲਾਕੇ ਨੂੰ ਜਾਂਦੀ ਹੈ, ਉਸ ਦੇ ਜਰਨੈਲੀ ਸੜਕ ਤੇ ਦੋ ਪਿਲਰ ਲਗਭਗ 60 ਫੁੱਟ ਦੀ ਵਿੱਥ ਤੇ ਬਣੇ ਹਨ ਅਤੇ ਇਹ ਪਿੱਲਰ ਅੱਜ ਵੀ ਮੌਜੂਦ ਹਨ। ਇਹ ਦੋ ਪਿੱਲਰ ਛਾਵਣੀ ਇਲਾਕੇ ਦੀ ਹੱਦ ਦਰਸਾਉਂਦੇ ਸਨ। ਉਸ ਸਮੇਂ ਇਹ ਸੜਕ ਛਾਵਣੀ ਇਲਾਕੇ ਤੋਂ ਕਿਲ੍ਹਾ ਗੋਬਿੰਦ ਗੜ੍ਹ ਨੂੰ ਜਾਂਦੀ ਅਤੇ ਇਸ ਨੂੰ ਕਿਲਾ ਰੋਡ ਆਖਦੇ ਸਨ। ਅੱਜ ਕਲ੍ਹ ਇਹ ਸੜਕ ਦੋ ਪਿੱਲਰਾਂ ਤੋਂ ਅੱਗੇ ਵੀਰਾਨ ਹੈ। ਸਾਰਿਆਂ ਸਿੰਘਾਂ ਨੂੰ ਇਹਨਾਂ ਦੋਹਾਂ ਪਿੱਲਰਾਂ ਦੀ ਨਿਸ਼ਾਨੀ ਦੱਸ ਕੇ, ਰਾਮਤੀਰਥ ਰੋਡ ਦੇ ਸ਼ੁਰੂ ਵਿਚ ਖੂਹ ਤੇ ਇੱਕਠੇ ਹੋਣ ਦੀ ਤਾਕੀਦ ਕੀਤੀ ਗਈ ਸੀ ਜਿੱਥੋਂ ਅੱਗੇ ਸਭ ਨੇ ਇੱਕਠੇ ਹੋ ਕੇ ਜਾਣਾ ਸੀ।[20]

ਅਸਫਲ ਯਤਨ ਬਾਅਦ ਲਾਲ ਸਿੰਘ ਸਿਪਾਹੀ ਤਲਵਾਰਾਂ ਵਾਪਸ ਲੈ ਜਾਕੇ ਕਿੱਲੀਆਂ ਤੇ ਟੰਗ ਆਇਆ। ਅਗਲੇ ਦਿਨ ਸਵੇਰੇ ਇਕ ਕੈਦੀ ਨੂੰ ਫਾਂਸੀ ਹੋਣੀ ਸੀ ਸੋ ਗਾਰਦ ਨੇ ਜਦੋਂ ਤਲਵਾਰਾਂ ਲਈਆਂ ਤਾਂ ਉਹ ਜਿੱਥੇ ਸਿਪਾਹੀਆਂ ਨੇ ਟੰਗੀਆਂ ਸਨ ਉਹਨਾਂ ਕਿੱਲੀਆਂ ਤੋਂ ਇਧਰ ਉਧਰ ਸਨ। ਥੋਹੜੀ ਚਰਚਾ ਹੋ ਕੇ ਗੱਲ ਆਈ ਗਈ ਹੋ ਗਈ। ਦੂਜਾ ਯਤਨ 11 ਜੂਨ ਨੂੰ ਸੀ। ਕਾਰਜ ਸਿੱਧੀ ਲਈ ਮਿਸਤਰੀ ਲਹਿਣਾ ਸਿੰਘ

ਪੰਨਵ ਜੀ ਦੇ ਘਰ ਸ਼ਾਮ ਨੂੰ ਹਵਨ ਵੀ ਕੀਤਾ ਗਿਆ। ਲਹਿਣਾ ਸਿੰਘ ਤੋਂ ਇਲਾਵਾ ਦੂਜੇ ਯਤਨ ਸਮੇਂ ਗੁਲਾਬ ਸਿੰਘ, ਬੀਹਲਾ ਸਿੰਘ, ਫਤੇਹ ਸਿੰਘ, ਹਾਕਮ ਸਿੰਘ ਪਟਵਾਰੀ, ਮਿਹਰ ਸਿੰਘ, ਝੰਡਾ ਸਿੰਘ, ਲਛਮਣ ਸਿੰਘ, ਭਗਵਾਨ ਸਿੰਘ (ਮਰਹਾਣਾ) ਅਤੇ ਇਕ ਦੋ ਹੋਰ ਸਿੰਘ ਵੀ ਸਨ। ਕੁਝ ਸਿੰਘਾਂ ਨੇ ਸਿੱਧੇ ਹੀ ਰਾਮ ਤੀਰਥ ਰੋਡ ਵਾਲੇ ਖੂਹ ਤੇ ਪੁੱਜਣਾ ਸੀ। ਹਵਨ ਕਰਨ ਦੀ ਗੱਲ ਸੂਬਾ ਰੂੜ ਸਿੰਘ ਅੰਮ੍ਰਿਤਸਰ ਤੋਂ ਵੀ ਲੁਕਾਈ ਗਈ। ਉਹ ਹਵਨ ਤੋਂ ਬਾਅਦ ਉੱਥੇ ਆਏ। ਪਰ ਸਿੰਘਾਂ ਨੇ ਉਹਨਾਂ ਨੂੰ ਆਨੀ ਬਹਾਨੀ ਅਸਲ ਗੱਲ ਦੱਸਣ ਤੋਂ ਟਾਲਾ ਵੱਟੀ ਰੱਖਿਆ। ਇਸ ਦਿਨ ਵੀ ਤੋਪ ਚੱਲਣ ਤੋਂ ਪਹਿਲਾਂ ਦੋ ਸਿੰਘ ਹੀ ਬਾਹਰ ਨਿਕਲੇ ਲਛਮਣ ਸਿੰਘ ਅਤੇ ਫਤੇਹ ਸਿੰਘ। ਬਾਕੀ ਦੇ ਸ਼ਹਿਰ ਦੇ ਵਿਚ ਰਹਿ ਗਏ। ਲਹਿਣਾ ਸਿੰਘ ਪੰਨਵ ਗੰਡਾਸਾ ਲੈ ਕੇ, ਝੰਡਾ ਸਿੰਘ ਅਤੇ ਜਮੀਅਤ ਸਿੰਘ ਤਿੰਨ ਤਲਵਾਰਾਂ ਲਿਆਕੇ ਪਹਿਲਾਂ ਹੀ ਭੱਠੇ ਤੇ ਬੈਠੇ ਸਨ ਪਰ ਬਾਕੀ ਸਿੰਘ ਨਾਂ ਆ ਸੱਕਣ ਕਾਰਨ ਗੱਲ ਫਿਰ ਨਾਂ ਬਣੀ। ਕੁਝ ਸਿੰਘ ਭਾਈ ਲਹਿਣਾ ਸਿੰਘ ਦੇ ਨਾਲ ਉਸਦੇ ਘਰ ਆ ਗਏ। ਕੁਝ ਪਿੰਡਾਂ ਨੂੰ ਵਾਪਸ ਮੁੜ ਗਏ। ਤੀਜਾ ਅਸਫਲ ਯਤਨ 13 ਜੂਨ ਦੀ ਰਾਤ ਨੂੰ ਕੀਤਾ ਗਿਆ ਸੀ ਪਰ ਇਸ ਰਾਤ ਮੋਹਲੇਧਾਰ ਮੀਂਹ ਵਰ੍ਹਦਾ ਰਿਹਾ। ਕੰਮ ਫਿਰ ਅਟਕ ਗਿਆ। ਸਿੰਘ ਆਪਣੇ ਹਥਿਆਰ ਭੱਠੇ ਵਿਚ ਹੀ ਲੁਕਾ ਕੇ ਮੁੜ ਗਏ ਕਿ ਕੱਲ੍ਹ ਰਾਤ ਫਿਰ ਪਵਾਂਗੇ ਤੇ ਹੁਣ ਸਿੱਧੇ ਇਸ ਭੱਠੇ ਤੇ ਹੀ ਪੁੱਜਣਾ ਸੀ। ਤਿੰਨ ਜਣੇ ਚਤਰ ਸਿੰਘ, ਖੁਸ਼ਹਾਲ ਸਿੰਘ, ਸੁਬੇਗ ਸਿੰਘ ਹਥਿਆਰ ਨਾਲ ਪਿੰਡਾਂ ਨੂੰ ਲੈ ਗਏ ਉਹ ਘਟਨਾ ਵਾਲੀ ਰਾਤ ਨਹੀਂ ਆਏ। ਤੀਜੇ ਯਤਨ ਵਿਚ ਸ਼ਾਮਲ ਸਨ, ਲਛਮਣ ਸਿੰਘ, ਫਤੇਹ ਸਿੰਘ, ਖੁਸ਼ਹਾਲ ਸਿੰਘ, ਸੁਬੇਗ ਸਿੰਘ, ਚਤਰ ਸਿੰਘ, ਭਗਵਾਨ ਸਿੰਘ, ਜਮੀਅਤ ਸਿੰਘ, ਲਹਿਣਾ ਸਿੰਘ ਪੰਨਵ, ਗੁਲਾਬ ਸਿੰਘ, ਬੀਹਲਾ ਸਿੰਘ, ਬਘੇਲ ਸਿੰਘ (ਦੋਵੇਂ ਨਾਰਲੀ), ਝੰਡਾ ਸਿੰਘ, ਮਿਹਰ ਸਿੰਘ, ਹਾਕਮ ਸਿੰਘ ਪਟਵਾਰੀ, ਲਹਿਣਾ ਸਿੰਘ ਲੋਪੋਕੇ।[21]

ਆਖੀਰ 14 ਜੂਨ ਦੀ ਉਹ ਰਾਤ ਆ ਗਈ ਜਦੋਂ ਲੰਮੇ ਸਮੇਂ ਤੋਂ ਗਊ ਘਾਤੀਆਂ ਨੂੰ ਸੋਧਣ ਲਈ ਕੂਕੇ ਸਿੰਘਾਂ ਦੀ ਯੋਜਨਾ ਸਫਲ ਹੋਈ। ਵੱਖੋ ਵੱਖ ਪਾਸਿਉਂ ਦੋ ਦੋ ਤਿੰਨ ਤਿੰਨ ਸਿੰਘਾਂ, ਪਹਿਲਾਂ ਤਪੋਬਨ ਦੇ ਖੂਹ ਤੇ ਪਹੁੰਚ ਕੇ ਇਸ਼ਨਾਨ ਕੀਤਾ ਕਿਉਂਜੁ ਗਰਮੀ ਬਹੁਤ ਸੀ। ਫਿਰ ਇਹ ਭੱਠੇ ਵਾਲੀ ਥਾਂ ਤੇ ਆ ਗਏ ਜੋ ਰੇਲਵੇ ਲਾਈਨ ਦੇ ਬਿਲਕੁਲ ਨੇੜੇ ਸੀ। ਕੁਝ ਨਾਂ ਨੇ ਇੱਥੋਂ ਛਾਉਣੀ ਇਲਾਕੇ ਦੇ ਨੇੜੇ ਵਾਲੇ ਬੁੱਚੜ ਖਾਨੇ ਤੇ ਹਮਲਾ ਕਰਨ ਦੀ ਰਾਇ ਦਿਤੀ। ਭਗਵਾਨ ਸਿੰਘ ਮਰਹਾਣਾ ਨੇ ਇਹ ਕਹਿਕੇ ਗੱਲ ਕੱਟ ਦਿਤੀ ਕਿ ਨੇੜੇ ਅਹੀਰਾਂ ਦੇ ਕਾਫੀ ਘਰ ਹਨ। ਸੋ ਨਿਸ਼ਾਨਾ ਦੀਨਗੜ੍ਹ ਵਾਲੇ ਕਸਾਈ ਹੀ ਬਣੇ। ਹੁਣ ਸਾਰੇ ਸਿੰਘ ਲਾਹੌਰ ਤੋਂ ਆਉਣ ਵਾਲੀ ਗੱਡੀ ਉਡੀਕਣ ਲੱਗ ਪਏ ਜੋ ਠੀਕ ਅੱਧੀ ਰਾਤ ਬਾਰਾਂ ਵਜੇ ਆਉਂਦੀ ਸੀ। ਮਿਥੇ ਸਮੇਂ ਤੇ ਜਦੋਂ ਬੁੱਚੜਖਾਨੇ ਕੋਲ ਪੁੱਜੇ ਤਾਂ ਕੁਝ ਕਸਾਈ ਗੱਲਾਂ ਕਰ ਰਹੇ ਸਨ ਲੇਟੇ ਹੋਏ ਅਤੇ ਕੁੱਤੇ ਵੀ ਭੌਂਕ ਪਏ। ਅੱਜ ਸਿੰਘਾਂ ਨੇ ਖਾਲੀ ਨਹੀਂ ਸੀ ਮੁੜਨਾ। ਦਸਾਂ ਸਿੰਘਾਂ ਨੇ ਸ਼ਸਤਰ ਧੂਹ ਕੇ ਬੁੱਚੜਾਂ ਤੇ ਹਮਲਾ ਬੋਲ ਦਿਤਾ। ਇਹ ਦਸ ਸਿੰਘ ਸਨ, ਲਹਿਣਾ ਸਿੰਘ ਪੰਨਵ, ਫਤੇਹ ਸਿੰਘ, ਬੀਹਲਾ ਸਿੰਘ, ਹਾਕਮ ਸਿੰਘ, ਮਿਹਰ ਸਿੰਘ, ਝੰਡਾ ਸਿੰਘ, ਲਛਮਣ ਸਿੰਘ, ਲਹਿਣਾ ਸਿੰਘ ਲੋਪੋਕੇ ਭਗਵਾਨ

ਸਿੰਘ ਅਤੇ ਗੁਲਾਬ ਸਿੰਘ। ਗੁਲਾਬ ਸਿੰਘ ਅਤੇ ਲਛਮਣ ਸਿੰਘ ਦੂਜੇ ਸਿੰਘਾਂ ਪਾਸ ਪੁੱਜਣ ਤੋਂ ਪਹਿਲਾਂ ਲਾਹੌਰੀ ਗੇਟ ਵਾਲੇ ਬੁੱਚੜ ਖਾਨੇ ਵੱਲੋਂ ਆਕੇ ਉਸ ਦੀ ਵਾਅ ਭਾਅ ਲੈ ਆਏ ਸਨ। ਚਾਰ ਬੁੱਚੜਾਂ ਨੂੰ ਸਿੰਘਾਂ ਥਾਂ ਤੇ ਹੀ ਰੱਖਿਆ ਅਤੇ ਤਿੰਨ ਫੱਟੜ ਹੋ ਗਏ ਸਨ ਜੋ ਬਾਅਦ ਵਿਚ ਬਚ ਗਏ। ਤਲਵਾਰਾਂ ਹਮਲੇ ਵਾਲੇ ਦਿਨ ਵੀ ਸਿਪਾਹੀ ਲਾਲ ਸਿੰਘ, ਸਿੰਘਾਂ ਤੱਕ ਪੁਚਾ ਗਿਆ ਸੀ। ਉਹ ਅਤੇ ਲਹਿਣਾ ਸਿੰਘ ਪੁੱਤਰ ਬੁਲਾਕਾ ਸਿੰਘ ਹਮਲੇ ਵਿਚ ਸ਼ਾਮਲ ਨਹੀਂ ਸਨ। ਤਲਵਾਰਾਂ ਤੋਂ ਇਲਾਵਾ ਸਿੰਘਾਂ ਨੇ ਸਫਾ ਜੰਗ ਅਤੇ ਗੰਡਾਸਿਆਂ ਨੂੰ ਵੀ ਵਰਤਿਆ ਸੀ। ਵਾਰਦਾਤ ਤੋਂ ਬਾਅਦ ਉਪਰੋਕਤ ਦਸੇ ਸਿੰਘ ਹਰਨ ਹੋ ਕੇ, ਆਪੋ ਆਪਣੇ ਟਿਕਾਣਿਆਂ ਨੂੰ ਰਵਾਨਾ ਹੋ ਗਏ। ਹਮਲੇ ਵਿਚ ਵਰਤੇ ਕੱਪੜੇ ਅਤੇ ਸ਼ਸਤਰ ਲੁਕਾ ਦਿਤੇ ਗਏ। 15 ਜੂਨ ਵੱਡੇ ਤੜਕੇ ਇਕ ਵਜੇ ਇਸ ਘਟਨਾ ਦੀ ਰੀਪੋਰਟ ਪੁਲੀਸ ਪਾਸ ਬੁੱਚੜਾਂ ਦੇ ਇਕ ਸਾਥੀ ਅਤੇ ਨੇੜੇ ਇਕ ਤਕੀਏ ਤੇ ਰਹਿਣ ਵਾਲੇ ਫ਼ਕੀਰ ਨਾਨਕ ਸ਼ਾਹ ਨੇ ਜਾ ਲਿਖਵਾਈ। ਰਾਤ ਹਨੇਰੀ ਹੋਣ ਕਰਕੇ ਮੌਕੇ ਤੇ ਗਈ ਪੁਲੀਸ ਅੱਕੀਂ ਪਲਾਹੀਂ ਹੱਥ ਮਾਰ ਕੇ ਮੁੜ ਆਈ।

ਇਸ ਸਮੇਂ ਅੰਮ੍ਰਿਤਸਰ ਦਾ ਡੀ.ਸੀ. ਡਲਹੌਜੀ ਵਿਖੇ ਪਹਾੜਾਂ ਦੀ ਸੈਰ ਕਰ ਰਿਹਾ ਸੀ। ਉਸਨੇ ਡਿਪਟੀ ਇੰਸਪੈਕਟਰ ਜਨਰਲ ਪੁਲੀਸ, ਕਰਨਲ ਬੇਲੀ ਅਤੇ ਕਮਿਸ਼ਨਰ ਮੇਜਰ ਡੇਵਿਸ ਨੂੰ ਕਾਤਲ ਛੇਤੀ ਪਕੜਨ ਬਾਰੇ ਤਾਰਾਂ ਦੇ ਦਿਤੀਆਂ। ਉਹ ਆਪ 18 ਜੂਨ ਨੂੰ ਅੰਮ੍ਰਿਤਸਰ ਪੁੱਜ ਗਿਆ। ਜਦੋਂ 7-8 ਦਿਨ ਤੱਕ ਸ਼ੱਕ ਵਿਚ ਫੜੇ ਅਨੇਕ ਲੋਕਾਂ ਤੋਂ ਕੋਈ ਸੂਹ ਨਾਂ ਨਿਕਲੀ ਤਾਂ ਪੰਜਾਬ ਸਰਕਾਰ ਨੇ ਆਪਣੇ ਸਭ ਤੋਂ ਕਾਬਲ ਸੂਹੀਏ ਪੁਲੀਸ ਅਫਸਰ, ਕ੍ਰਿਸਟੀ ਨੂੰ ਇਸ ਕੇਸ ਦੀ ਤਫਤੀਸ਼ ਸਉਂਪ ਦਿਤੀ। ਕ੍ਰਿਸਟੀ 24 ਜੂਨ ਤੱਕ ਅੰਮ੍ਰਿਤਸਰ ਪੁੱਜ ਗਿਆ। ਕ੍ਰਿਸਟੀ ਨੇ ਆਉਂਦਿਆਂ ਹੀ ਹੁਣ ਤੱਕ ਦੇ ਫੜੇ, ਸਭ ਬੇਦੋਸ਼ ਪਾਏ ਗਏ, ਛੱਡ ਦਿਤੇ। ਸ਼ੱਕ ਦੇ ਆਧਾਰ ਤੇ ਕੁਝ ਨਿਹੰਗ ਸਿੰਘ ਵੀ ਪਕੜੇ ਗਏ ਸਨ ਕਿਉਂ ਜੁ ਘਟਨਾ ਵਾਲੀ ਥਾਂ ਤੋਂ ਇਕ ਚੱਕਰ ਅਤੇ ਨੀਲੀ ਦਸਤਾਰ ਦਾ ਕੁਝ ਭਾਗ ਮਿਲਿਆ ਸੀ। ਲਹਿਣਾ ਸਿੰਘ ਪੁਤਰ ਬੁਲਾਕਾ ਸਿੰਘ, ਸੂਬਾ ਰੂੜ ਸਿੰਘ ਅਤੇ ਝੰਡਾ ਸਿੰਘ ਠੱਟੇ ਵਾਲਾ ਵੀ ਕ੍ਰਿਸਟੀ ਦੇ ਸੂਹੀਆਂ ਦੀ ਸੂਚਨਾ ਤੇ ਇਕ ਵੇਰ ਪਕੜੇ ਗਏ ਸਨ ਪਰ ਉਹਨਾਂ ਪਾਸੋਂ ਕੋਈ ਗੱਲ ਨਾਂ ਮਿਲਣ ਤੇ ਕ੍ਰਿਸਟੀ ਨੂੰ ਉਹ ਛੱਡਣੇ ਪਏ ਸਨ। ਹੁਣ ਕ੍ਰਿਸਟੀ ਲਈ ਇਸ ਕੇਸ ਦਾ ਹੱਲ ਵਕਾਰ ਦਾ ਸੁਆਲ ਬਣ ਗਿਆ। ਉਸ ਨੇ ਮੁਖਬਰਾਂ ਦਾ ਜਾਲ ਵੀ ਚਾਰ ਚੁਫੇਰੇ ਫੈਲਾ ਦਿਤਾ। ਦੋ ਪੁਲੀਸ ਸਿਪਾਹੀਆਂ ਦੀ ਇਕ ਰੀਪੋਰਟ 21 ਜੂਨ ਨੂੰ ਲਿਖੀ ਗਈ ਸੀ ਕਿ ਉਹਨਾਂ 21 ਜੂਨ ਨੂੰ ਹੀਰੇ ਭਾਟੜੇ ਨੂੰ ਬੁੱਚੜ ਖਾਨੇ ਦੇ ਪਾਸ ਸ਼ੱਕੀ ਹਾਲਤ ਵਿਚ ਘੁੰਮਦਿਆਂ ਦੇਖਿਆ ਸੀ। ਉਸ ਰੀਪੋਰਟ ਦੀ ਬਿਨਾ ਤੇ ਕ੍ਰਿਸਟੀ ਨੇ 2 ਜੁਲਾਈ ਨੂੰ ਸਪੈਸ਼ਲ ਸਟਾਫ਼ ਵਾਲੇ ਕਮਰੇ ਵਿਚ ਉਸਨੂੰ ਬੁਲਾ ਲਿਆ। ਜ਼ਖਮੀ ਬੁੱਚੜਾਂ ਨੂੰ ਵੀ ਉਸਦੇ ਸਾਂਹਵੇਂ ਲਿਆਂਦਾ ਤਾਂ ਉਹਨਾਂ ਕਹਿ ਦਿਤਾ ਕਿ ਇਹ ਘਟਨਾ ਤੋਂ ਪਹਿਲਾਂ, ਬੁੱਚੜਖਾਨੇ ਪਾਸ ਸਾਡੇ ਨਾਲ ਸ਼ੱਕੀ ਗੱਲਾਂ ਕਰਦਾ ਰਿਹਾ ਸੀ। ਹੀਰਾ ਪੁਲੀਸ ਦੀ ਕੁੱਟ ਦਾ ਚੱਲਿਆ, 3 ਜੁਲਾਈ ਨੂੰ ਝੂਠਾ ਹੀ ਮੰਨ ਗਿਆ। ਹੁਣ ਉਸਨੂੰ ਵਾਅਦਾ ਮੁਆਫੀ ਦਾ ਲਾਲਚ ਦਿਤਾ ਗਿਆ ਕਿ ਬਾਕੀ ਮੁਲਜਮਾਂ ਦੇ ਨਾਂ ਦੱਸ।

ਉਸ ਨੇ ਅਹੀਏ ਬਦਮਾਸ਼ ਦਾ ਨਾਂ ਲਿਆ। ਅਹੀਏ ਵੀ ਆਪਣੀ ਮੁਰੰਮਤ ਤੋਂ ਬਾਅਦ 7 ਜੁਲਾਈ ਨੂੰ ਝੂਠੀ ਹਾਂ ਕਰ ਦਿਤੀ। ਉਸ ਨੂੰ ਭੀ ਵਾਅਦਾ ਮੁਆਫ ਬਣਾ ਕੇ ਪੁੱਛਿਆ ਤਾਂ ਉਸ ਨੇ ਸੇਠ ਜੈ ਰਾਮ ਦਾ ਨਾਮ ਲੈ ਦਿਤਾ। ਅਣਮਨੁੱਖੀ ਵਤੀਰਾ ਅਤੇ 4-5 ਦਿਨ ਤਸੀਹੇ ਝੱਲ ਕੇ ਸੇਠ ਹੋਰਾਂ ਵੀ ਝੂਠੀ ਹਾਂ ਕਰ ਦਿਤੀ। ਉਸਨੂੰ ਵੀ ਵਾਅਦਾ ਮੁਆਫ ਬਣਾ ਕੇ ਹੋਰ ਦੋਸ਼ੀਆਂ ਦੇ ਨਾਂ ਦੱਸਣ ਲਈ ਕਿਹਾ। ਅੰਮ੍ਰਿਤਸਰ ਦਾ ਡਿਪਟੀ ਕਮਿਸ਼ਨਰ ਮਿ. ਬਰਚ ਇਸ ਨੂੰ ਵਾਅਦਾ ਮੁਆਫ ਬਨਾਉਣਾ ਨਹੀਂ ਸੀ ਚਾਹੁੰਦਾ। ਦਰਅਸਲ ਐਸ.ਪੀ. ਅਤੇ ਡੀ.ਸੀ. ਦੋਵੇਂ ਕਰਿਸਟੀ ਦੇ ਢੰਗ ਤਰੀਕਿਆਂ ਨੂੰ ਪਸੰਦ ਨਹੀਂ ਸਨ ਕਰ ਰਹੇ। ਜਿਹੜੇ ਅਣਮਨੁੱਖੀ ਤਸੀਹੇ, ਜੁਰਮ ਦਾ ਇਕਬਾਲ ਕਰਵਾਉਣ ਲਈ ਕ੍ਰਿਸਟੀ ਅਤੇ ਉਸਦਾ ਸਪੈਸ਼ਲ ਸਟਾਫ ਆਮ ਲੋਕਾਂ ਨੂੰ ਫੜਕੇ ਦਿੰਦੇ ਰਹੇ ਉਹ ਕਿਸੇ ਵੀ ਸੱਭਯ ਕਹਾਉਣ ਵਾਲੇ ਸਮਾਜ ਵਿਚ ਜ਼ਿਕਰ ਕਰਨ ਦੇ ਜੋਗ ਵੀ ਨਹੀਂ। ਨਿਬੜਦੀ ਗੱਲ ਇਹ ਹੈ ਕਿ ਉੱਪਰਲੇ ਤਿੰਨਾਂ ਵਾਅਦਾ ਮੁਆਫਾਂ ਦੇ ਕਹਿਣ ਤੇ ਸ਼ਹਿਰ ਅੰਮ੍ਰਿਤਸਰ ਦੇ ਬਾਰਾਂ ਸੱਜਣਾਂ, ਸੰਤ ਰਾਮ, ਰਾਮ ਕਿਸ਼ਨ, ਮੰਨਾ ਸਿੰਘ ਨਿਹੰਗ, ਜੁਆਲਾ ਸਿੰਘ, ਪੰਨਾ ਜੀ, ਮੂਲਾ, ਨਿਹਾਲ ਸਿੰਘ, ਮੱਯਾ, ਸੁੰਦਰ ਸਿੰਘ, ਭੂਪ ਸਿੰਘ, ਟੇਕਾ ਅਤੇ ਸੋਭਾ ਆਦਿ ਤੇ ਸਖਤੀ ਵਰਤ ਕੇ ਕਿ ਰੋਜ਼ ਰੋਜ਼ ਦੇ ਤਸੀਹੇ ਝੱਲਣ ਤੇ ਇਕੋ ਵੇਰ ਮਰਨਾ ਚੰਗਾ, ਝੂਠੀ ਹਾਂ ਕਰਵਾਕੇ, ਉਹਨਾ ਦਾ 21 ਤਾਰੀਖ ਨੂੰ, ਕ੍ਰਿਸਟੀ ਨੇ ਬੁੱਚੜਾਂ ਦੇ ਕਤਲ ਵਿਚ ਮੈਜਿਸਟਰੇਟ ਦੀ ਅਦਾਲਤ ਵਿਚ ਚਲਾਨ ਕਰ ਦਿਤਾ। ਮੈਜਿਸਟਰੇਟ ਨੂੰ ਝੂਠੀਆਂ ਕਸਮਾਂ ਖਾਣ ਵਾਲੇ ਗੁਆਹਾਂ ਦੇ ਬਿਆਨਾਂ ਦੇ ਅਧਾਰ ਤੇ 12 ਦੇ ਖਿਲਾਫ ਕਤਲ ਦਾ ਦੋਸ਼ ਲਾ ਕੇ, ਮਿਸਲ 25 ਜੁਲਾਈ ਨੂੰ ਡਿਪਟੀ ਕਮਿਸ਼ਨਰ ਪਾਸ ਭੇਜ ਦਿਤੀ। ਉਸਨੇ 26 ਜੁਲਾਈ ਨੂੰ ਸੈਸ਼ਨ ਜੱਜ ਪਾਸ ਫੈਸਲੇ ਲਈ ਤੋਰ ਦਿਤੀ।[22]

21-22 ਜੁਲਾਈ 1871 ਨੂੰ ਸ੍ਰੀ ਭੈਣੀ ਸਾਹਿਬ ਵਿਚ ਨਾਮਧਾਰੀ ਸੰਗਤ ਦਾ ਇਕ ਵੱਡਾ ਇਕੱਠ ਹੋਇਆ ਸੀ। ਸੰਗਤਾਂ ਨੂੰ ਸੱਦੇ ਗਏ ਸਨ, ਉਹ ਦੂਰੋਂ ਦੂਰੋਂ ਆਈਆਂ। ਅੰਮ੍ਰਿਤਸਰ ਸਾਕੇ ਵਾਲੇ ਤਿੰਨ ਸਿੰਘਾਂ ਲਹਿਣਾ ਸਿੰਘ ਪੰਨਵ, ਬੀਹਲਾ ਸਿੰਘ ਨਾਰਲੀ ਅਤੇ ਹਾਕਮ ਸਿੰਘ ਪਟਵਾਰੀ ਸਤਿਗੁਰੂ ਜੀ ਦੇ ਦਰਸ਼ਨ ਕਰਨ ਪੁੱਜੇ ਸਨ। ਸਾਕੇ ਵਾਲੇ ਬਾਕੀ ਸਿੰਘਾਂ ਵਿਚੋ ਝੰਡਾ ਸਿੰਘ ਕਾਬਲ ਵੱਲ ਚਲਾ ਗਿਆ ਸੀ। ਗੁਲਾਬ ਸਿੰਘ, ਲਛਮਣ ਸਿੰਘ ਚਾਹਲ, ਜਵਾਹਰ ਸਿੰਘ, ਇਹਦਾ ਭਾਈ ਅਤੇ ਭਗਵਾਨ ਸਿੰਘ ਮਰਹਾਣਾ ਮਾਲਵੇ ਵੱਲ ਨਿਕਲ ਗਏ ਸਨ। ਇਹਨਾਂ ਸਿੰਘਾਂ ਬਾਰੇ ਸਰਕਾਰੀ ਰੀਕਾਰਡ ਵਿਚ ਵੀ ਦਰਜ ਹੈ ਕਿ 15 ਜੁਲਾਈ ਨੂੰ ਰਾਇਕੋਟ ਦੇ ਬੁੱਚੜ ਬੱਧ ਸਾਕੇ ਵਿਚ ਵੀ ਬਾਕੀ ਮਲਵਈ ਸਿੰਘਾਂ ਨਾਲ ਇਹ ਚਾਰੇ ਮਝੈਲ ਸਿੰਘ ਸ਼ਾਮਲ ਸਨ। ਅੰਮ੍ਰਿਤਸਰ ਵਾਲੇ ਉਪਰੋਕਤ ਤਿੰਨਾਂ ਸਿੰਘਾਂ ਜਦੋਂ ਸਤਿਗੁਰੂ ਜੀ ਨੂੰ ਸੀਸ ਨਿਵਾਇਆ ਤਾਂ ਆਪ ਨੇ ਉਹਨਾਂ ਨੂੰ ਅੰਮ੍ਰਿਤਸਰ ਦੇ ਸਾਕੇ ਬਾਰੇ ਦੱਸਣ ਲਈ ਕਿਹਾ। ਗੁਰੂ ਦੇ ਸੱਚੇ ਸਿੱਖ ਸਨ, ਉਹਨਾ ਦੁਆਰਾ ਬੁੱਚੜ ਮਾਰੇ ਜਾਣ, ਹਰਨ ਹੋਣ, ਬੇਦੋਸ਼ਿਆਂ ਨੂੰ ਕੁੱਟ ਕੁੱਟ ਕੇ ਝੂਠੇ ਵਾਅਦਾ ਮੁਆਫਾਂ ਦੇ ਅਧਾਰ ਤੇ ਹਾਂ ਕਰਵਾ ਕੇ, ਸ਼ਹਿਰ ਦੇ ਮੰਨੇ ਪਰਮੰਨੇ 12 ਹਿੰਦੂ-ਸਿੱਖਾਂ ਦਾ ਕਤਲ ਵਿਚ ਚਲਾਣ ਹੋਣਾ ਉਹਨਾਂ ਦੱਸਿਆ। ਕਿਸੇ ਵੇਲੇ ਵੀ ਸਰਕਾਰ

ਉਹਨਾਂ ਨੂੰ ਮੌਤ ਦੀ ਸਜ਼ਾ ਦੇ ਸਕਦੀ ਹੈ। ਸਤਿਗੁਰੂ ਜੀ ਨੇ ਆਪਣੇ ਸਿੰਘਾਂ ਨੂੰ ਕਿਹਾ ਕਿ ਇਹ ਠੀਕ ਨਹੀਂ ਹੋਇਆ ਹੈ। "ਕੱਲ੍ਹ ਨੂੰ ਬੁੱਚੜਾਂ ਨੂੰ ਸੋਧਣ ਅਤੇ ਸ਼ਹੀਦੀਆਂ ਪਾਉਣ ਦੀ ਸੋਭਾ ਇਹਨਾਂ ਬਾਰਾਂ ਸਰੀਰਾਂ ਨੂੰ ਮਿਲੇਗੀ। ਤੁਹਾਡਾ ਕਿਤੇ ਨਾਂ ਨਹੀਂ ਹੋਣਾ। .... ਤਾਂ ਤੇ ਤੁਸੀਂ ਆਪ ਜਾਕੇ ਇਕਬਾਲੀ ਹੋਵੇ ਅਤੇ ਬੇਗੁਨਾਹਾਂ ਨੂੰ ਛੁਡਾਉ। ਸਿੰਘ ਸ੍ਰੀ ਸਤਿਗੁਰੂ ਜੀ ਦੇ ਬਚਨਾਂ ਅੱਗੇ ਸੀਸ ਨਿਵਾ ਅਤੇ ਸੱਤ ਬਚਨ ਕਹਿਕੇ ਅਗਲੇ ਹੀ ਦਿਨ ਅੰਮ੍ਰਿਤਸਰ ਜਾ ਪੁਲਿਸ ਕੋਲ ਇਕਬਾਲੀ ਹੋਏ ਕਿ ਬੁੱਚੜ ਅਸੀਂ ਵੱਢੇ ਹੈਂ ਅਤੇ ਫੜੇ ਗਏ ਬਾਰਾਂ ਸਰੀਰ ਬੇਗੁਨਾਹੀ ਹੈਨ।"[23]

ਗਿਆਨੀ ਗਿਆਨ ਸਿੰਘ ਜੀ ਆਪਣੇ 'ਪੰਥ ਪ੍ਰਕਾਸ਼' ਦੀ ਤੀਜੀ ਛਾਪ ਵਿਚ ਕੂਕੇ ਸਿੰਘਾਂ ਦੀ ਇਸ ਅਦੁੱਤੀ ਕੁਰਬਾਨੀ ਬਾਰੇ, ਕੂਕਿਆਂ ਬਾਰੇ ਰਚੇ 28 ਕਬਿਤਾਂ ਵਿਚ ਲਿਖਦੇ ਹਨ—

"ਦੈਨ ਲਾਗੇ ਫਾਂਸੀ ਜਬਿ ਆਇ ਖੁਦ ਕੂਕੇ ਤਬਿ,
ਕਾਤਲ ਸਬੂਤ ਆਪ ਥੀਏ ਸਭਿ ਤੌਰ ਪੈ।
ਖੁਸ਼ੀ ਹੋਇ ਦਏ ਸੀਸ ਗਏ ਈਸ ਲੋਕ ਮਾਂਹਿ,
ਕੋਟਲੇ-ਮਲੇਰ ਫੇਰ ਥਯੋ ਸਾਕਾ ਔਰ ਪੈ ॥25 ॥"

ਚਾਰ ਨਾਮਧਾਰੀ ਸਿੰਘਾਂ ਲਹਿਣਾ ਸਿੰਘ ਪੰਨਵ, ਬੀਹਲਾ ਸਿੰਘ ਨਾਰਲੀ, ਹਾਕਮ ਸਿੰਘ ਪਟਵਾਰੀ ਅਤੇ ਫਤੇਹ ਸਿੰਘ ਅੰਮ੍ਰਿਤਸਰ ਵਿਚ ਪੁੱਜ ਕੇ ਪੁਲੀਸ ਪਰਸ਼ਾਸ਼ਨ ਪਾਸ ਇਸ ਸਾਕੇ ਲਈ ਇਕਬਾਲੀ ਹੋਏ। ਪਹਿਲਾਂ ਪਹਿਲਾਂ ਉਹਨਾਂ ਸਮਝਿਆ ਕਿ ਇਹ ਕੋਈ ਸਾਧੂ ਲੋਕ ਹਨ ਜੋ ਬਾਰਾਂ ਵਿਅਕਤੀਆਂ ਨੂੰ ਕਤਲਾਂ ਵਿਚ ਫਸੇ ਵੇਖਕੇ, ਉਪਕਾਰੀ ਭਾਵਨਾ ਨਾਲ ਆ ਗਏ ਹਨ। ਪਰ ਜਦੋਂ ਇਹਨਾਂ ਘਟਨਾ ਦੀ ਵੇਰਵੇ ਵਾਰ ਨਾਂ ਸਿਰਫ ਤਫਸੀਲ ਬਿਆਨ ਕੀਤੀ ਸਗੋਂ ਵਾਰਦਾਤ ਵਿਚ ਵਰਤੇ, ਲਹੂ ਲਿੱਬੜੇ ਹਥਿਆਰ ਵੀ ਬਰਾਮਦ ਕਰਵਾ ਕੇ ਆਪਣੇ ਬਾਕੀ ਛੇ ਸਾਥੀਆਂ ਬਾਰੇ ਵੀ ਦੱਸ ਦਿੱਤਾ ਤਾਂ ਹੁਣ ਪ੍ਰਸ਼ਾਸ਼ਨ ਇਹਨਾਂ ਪ੍ਰਤੀ ਗੰਭੀਰ ਹੋ ਗਿਆ। ਉਧਰ ਉਹ ਬਾਰਾਂ ਨਿਰਦੋਸ਼ ਸੈਸ਼ਨ ਸਪੁਰਦ ਹੋਣ ਵਾਲੇ ਸਨ। 15 ਜੁਲਾਈ ਨੂੰ ਹੀ ਰਾਇਕੋਟ ਬੁੱਚੜ ਬੱਧ ਸਾਕਾ ਵਾਪਰ ਚੁਕਾ ਸੀ ਜਿਸ ਵਿਚ ਅੰਮ੍ਰਿਤਸਰ ਕਾਂਡ ਨਾਲ ਸੰਬੰਧਿਤ ਮਰਹਾਣਾ ਪਿੰਡ ਦੇ ਭਗਵਾਨ ਸਿੰਘ (ਪ੍ਰਸਿੱਧ ਨਾਂ ਅੜਬੰਗੀ) ਅਤੇ ਗੁਲਾਬ ਸਿੰਘ ਅਤੇ ਲਛਮਣ ਸਿੰਘ ਚਾਹਲ ਵੀ ਸ਼ਾਮਲ ਸਨ। ਇਹਨਾਂ ਤਿੰਨਾਂ ਤੋਂ ਇਲਾਵਾ ਉੱਪਰਲੇ ਦਾਰਾਂ ਸਿੰਘਾਂ ਨੇ ਝੰਡਾ ਸਿੰਘ ਠੱਟਾ, ਲਹਿਣਾ ਸਿੰਘ ਜੱਟ ਲੋਪੋਕੇ ਅਤੇ ਮਿਹਰ ਸਿੰਘ ਲੋਪੋਕੇ ਦੇ ਉਹਨਾਂ ਨਾਲ ਅੰਮ੍ਰਿਤਸਰ ਸਾਕੇ ਵਿਚ ਸ਼ਾਮਲ ਛਿਆਂ ਸਿੰਘਾਂ ਦੇ ਨਾਂ ਵੀ ਦੱਸ ਦਿੱਤੇ ਸਨ। ਰਾਇਕੋਟ ਹਮਲੇ ਵਿਚ ਗੁਲਾਬ ਸਿੰਘ ਦੇ ਪਕੜੇ ਜਾਣ ਬਾਅਦ ਭਗਵਾਨ ਸਿੰਘ ਅਤੇ ਲਛਮਣ ਸਿੰਘ ਹੋ ਵੀ ਭੂਮੀ ਗਤ ਗਏ। ਝੰਡਾ ਸਿੰਘ ਅਤੇ ਮਿਹਰ ਸਿੰਘ ਕਾਬਲ ਵੱਲ ਚਲੇ ਗਏ। ਲਹਿਣਾ ਸਿੰਘ ਜੱਟ ਵੀ ਇਧਰ ਉਧਰ ਹੋ ਗਿਆ। ਰਾਇਕੋਟ, ਬੱਸੀਆਂ ਕੋਠੀ ਵਿਚ ਜਿਹਨਾਂ ਪਕੜੇ ਗਏ ਚਾਰ ਨਾਮਧਾਰੀ ਸਿੰਘਾਂ ਮੰਗਲ ਸਿੰਘ, ਮਸਤਾਨ ਸਿੰਘ, ਗੁਰਮੁੱਖ ਸਿੰਘ

ਤਿੰਨੇ ਪਿੰਡ ਪਿੱਥੋ (ਰਿ. ਨਾਭਾ) ਅਤੇ ਗੁਲਾਬ ਸਿੰਘ ਤੇ ਕਤਲਾਂ ਦਾ ਮੁੱਕਦਮਾ ਚਲਾ ਕੇ, ਇਹਨਾਂ ਨੂੰ ਮ੍ਰਿਤੂ ਦੰਡ ਸੁਣਾ ਦਿਤਾ ਗਿਆ। ਜਦੋਂ ਇਸ ਕੇਸ ਦੀ ਸਜ਼ਾ ਸੁਣਾਈ ਗਈ, ਕ੍ਰਿਸਟੀ ਵੀ ਇੱਥੇ ਸੀ। ਅੰਮ੍ਰਿਤਸਰ ਵਿਚ ਚਾਰ ਨਾਮਧਾਰੀ ਸਿੰਘਾਂ ਦੇ ਇਕਬਾਲ ਨਾਲ ਸਭ ਤੋਂ ਵੱਧ ਕਿਰਕਿਰੀ ਉਸਦੀ ਅਤੇ ਅੰਗਰੇਜ਼ ਨਿਆਂ ਪ੍ਰਣਾਲੀ ਦੀ ਹੋਈ ਸੀ। ਹੁਣ ਪਹਿਲਾਂ ਫੜੇ ਬਾਰਾਂ ਛੱਡਣੇ ਪੈਣੇ ਸਨ। ਇਸ ਲਈ ਕ੍ਰਿਸਟੀ ਆਪਣਾ ਨਮੂਜ ਬਚਾਉਣ ਲਈ ਤਰਲੋ ਮੱਛੀ ਹੋ ਰਿਹਾ ਸੀ। ਉਹਨੇ ਮੌਤ ਦੀ ਸਜ਼ਾ ਪਾਈ ਗੁਲਾਬ ਸਿੰਘ ਨੂੰ ਕਿਸੇ ਤਰ੍ਹਾਂ ਅੰਮ੍ਰਿਤਸਰ ਅਤੇ ਰਾਇਕੋਟ ਦੋਹਾਂ ਕੇਸਾਂ ਵਿਚ ਹੀ ਵਾਅਦਾ ਮੁਆਫ ਅਗਵਾਹ ਬਣਨ ਲਈ, ਪਰੇਰ ਲਿਆ ਅਤੇ ਉਸ ਨੂੰ ਲੈ ਕੇ ਅੰਮ੍ਰਿਤਸਰ ਪੁੱਜ ਗਿਆ। ਕਾਗਜ਼ਾਂ ਵਿਚ ਅਗਲੀ ਕਾਰਵਾਈ ਇਉਂ ਪਾ ਦਿਤੀ ਕਿ ਸਭ ਕੁਝ ਗੁਲਾਬ ਸਿੰਘ ਦੇ ਦੱਸਣ ਅਤੇ ਉਸਦੀ ਨਿਸ਼ਾਨ ਦੇਹੀ ਤੇ ਬਰਾਮਦ ਹੋਇਆ ਹੈ। ਫਿਰ ਵੀ ਕੂਕੇ ਸਿੰਘਾਂ ਦੇ ਇਕਬਾਲ ਕਰਨ ਬਾਰੇ ਵੀ ਸਰਕਾਰੀ ਰੀਕਾਰਡ ਵਿਚੋਂ ਵੇਰਵੇ ਮਿਲ ਜਾਂਦੇ ਹਨ।

ਬਾਰਾਂ ਬੇਦੋਸ਼ਿਆਂ ਨੂੰ ਰਿਹਾ ਕਰਨ ਬਾਅਦ ਹੁਣ ਨਾਮਧਾਰੀ ਸਿੰਘਾਂ ਤੇ ਮੁਕਦਮਾ ਚੱਲਿਆ। "2 ਤੋਂ 7 ਅਗਸਤ ਤੱਕ ਪੁਲੀਸ ਨੇ ਮੁਕਦਮਾ ਤਿਆਰ ਕਰਕੇ ਮੈਜਿਸਟਰੇਟ ਦੇ ਪੇਸ਼ ਕਰ ਦਿਤਾ। ਮੈਜਿਸਟਰੇਟ ਨੇ ਕੇਸ ਸੈਸ਼ਨ ਸਪੁਰਦ ਕਰ ਦਿਤਾ। ਮਿ. ਡਬਲਯੂ. ਜੇ. ਸੈਸ਼ਨ ਜੱਜ ਨੇ ਸ੍ਰ. ਰਣਜੋਧ ਸਿੰਘ, ਖਾਨ ਗੁਲਾਮ ਕਾਦਰ ਅਤੇ ਸ੍ਰੀ ਬਾਲ ਮੁਕੰਦ ਤਿੰਨ ਅਸੈਸਰਾਂ ਦੀ ਪੂਰਨ ਸੰਮਤੀ ਨਾਲ, 31 ਅਗਸਤ 1871 ਨੂੰ ਬੀਹਲਾ ਸਿੰਘ ਜੱਟ, ਫਤਹਿ ਸਿੰਘ ਭਾਟੜਾ, ਹਾਕਮ ਸਿੰਘ ਬ੍ਰਾਹਮਣ ਅਤੇ ਭਾਈ ਲਹਿਣਾ ਸਿੰਘ (ਪੰਨਵ) ਤਰਖਾਨ, ਚਾਰੇ ਨਾਮਧਾਰੀਆਂ ਨੂੰ ਫਾਂਸੀ ਦੀਆਂ ਸਜ਼ਾਵਾਂ ਦਿਤੀਆਂ। ਲਾਲ ਸਿੰਘ (ਸਿਪਾਹੀ) ਅਤੇ ਲਹਿਣਾ ਸਿੰਘ ਪੁਤਰ ਬੁਲਾਕਾ ਸਿੰਘ ਨੂੰ ਕਾਲੇ ਪਾਣੀ ਦੀਆਂ ਸਜ਼ਾਵਾਂ ਸੁਣਾਈਆਂ। ਬਾਕੀ ਸਿੰਘ ਭਗੌੜੇ ਕਰਾਰ ਦਿਤੇ ਗਏ।

"9 ਅਗਸਤ 1871 ਨੂੰ ਇਨ੍ਹਾਂ ਚਾਰਾਂ ਮੌਤ ਦੇ ਦੋਸ਼ੀਆਂ ਦੀ ਮਿਸਲ ਪੰਜਾਬ ਚੀਫ ਕੋਰਟ ਦੇ ਜੱਜ ਮਿ. ਜੇ. ਐਸ. ਕੈਂਮਪਬੈਲ ਦੇ ਸਾਹਮਣੇ ਪੇਸ਼ ਹੋਈ, ਕਿਉਂਕਿ ਮੌਤ ਦੀ ਸਜ਼ਾ ਨੂੰ ਚੀਫ ਕੋਰਟ ਨੇ ਹੀ ਪੱਕਿਆਂ ਕਰਨਾ ਸੀ। ਜੱਜ ਨੇ ਮੌਤ ਦੀ ਸਜ਼ਾ ਨੂੰ ਬਹਾਲ ਰੱਖਿਆ। ਗਿਆਰਾਂ ਸਤੰਬਰ ਨੂੰ ਮਿ. ਸੀ. ਆਰ. ਲਿੰਡਸੇ ਨੇ ਮਿ. ਕੈਂਮਪਬੈਲ ਦੇ ਫੈਸਲੇ ਦੀ ਤਸਦੀਕ ਕਰ ਦਿਤੀ।"

ਮੌਤ ਦੀ ਸਜ਼ਾ ਸੁਣਕੇ ਨਾਮਧਾਰੀ ਸਿੰਘਾਂ ਦੇ ਕੀ ਮਨੋਭਾਵ ਸਨ, ਇਹਨਾਂ ਦਾ ਵਰਣਨ ਕਵੀ ਹਰਨਾਮ ਸਿੰਘ ਬਗੁਲੀ ਕਲਾਂ ਦੇ ਸ਼ਬਦਾਂ ਵਿਚ ਇਉਂ ਹੈ—

"ਸੁਣਕੇ ਫਾਂਸੀ ਦੀ ਸਜ਼ਾ ਨੂੰ ਸਿੰਘ ਚਾਰੋ,
ਖੁਸ਼ੀਆਂ ਬਹੁਤ ਹੀ ਬਲੀ ਮਨੌਣ ਲੱਗੇ।
ਨਾਹਰੇ ਮਾਰਦੇ ਗੂੰਜਦੇ ਸ਼ੇਰ ਵਾਂਗੂੰ,
ਸਿੰਘ ਫਤੇ ਪਰ ਫਤੇ ਬਲੌਣ ਲੱਗੇ।
ਧੰਨ ਸਤਿਗੁਰੂ ਸਤਿਗੁਰੂ ਆਖ ਮੂੰਹੋ,
ਸ਼ਬਦ ਉੱਚੀ ਉੱਚੀ ਨਾਲੇ ਗੌਣ ਲੱਗੇ।

ਸੁਣਕੇ ਮੌਤ ਦੀ ਸਜ਼ਾ ਹਰਨਾਮ ਸਿੰਘਾ,
ਚਾਰੋਂ ਖਾਲਸੇ ਜੈਲੀਆਂ ਪੌਣ ਲੱਗੇ।"[25]

ਸਾਡਾ ਸਮਕਾਲੀ ਇਤਿਹਾਸਕਾਰ ਸਿੰਘਾਂ ਦੇ ਅੰਤ ਸਮੇਂ ਦਾ ਜ਼ਿਕਰ ਹਿਰਦੇ ਵੇਧਕ ਢੰਗ ਨਾਲ ਕਰਦਾ ਹੈ।"ਫਾਂਸੀ ਵਾਲੇ ਸਿੰਘਾਂ ਨੂੰ ਫਰੰਗੀ ਨੇ ਕਹਾ ਜੋ ਕੁਝ ਖਾਣਾ ਹੈ ਖਾਏ ਲਵੋ। ਜਿਸ ਨੂੰ ਮਿਲਣਾ ਹੈ ਮਿਲ ਲਵੋ। ਸਿੰਘਾਂ ਨੇ ਕਹਿਆ ਸਾਡਾ ਖਾਣਾ ਨਾਮ ਹੈ ਅਕਾਲ ਪੁਰਖ ਦਾ। ਮਰਨ ਥੀਂ ਸਾਨੂੰ ਕੋਈ ਡਰ ਨਹੀਂ ਹੈ। ਕਿਉਂਕਿ ਸਾਡੇ ਵੱਡਿਆਂ ਨੇ ਧਰਮ ਹੇਤ ਸੀਸ ਦਿੱਤੇ ਹੈਂ ਤੇ ਸੀ ਨਹੀਂ ਕੀਤੀ। ਤਿਸੀ ਤਰ੍ਹਾਂ ਅਸੀਂ ਸੀਸ ਦੇਵਾਂਗੇ। ਸਾਕ ਸੈਨ ਵੀ ਸਾਡਾ ਧਰਮ ਹੈ। ਅਸੀਂ ਕਿਸੇ ਨੂੰ ਨਹੀਂ ਮਿਲਣਾ ਹੈ। ਧਰਮ ਹੇਤ ਸੀਸ ਦੇਵਾਂਗੇ, ਸੀ ਨਹੀਂ ਕਰਨੀ ਹੈ। ਸੁਣਕੇ ਫਰੰਗੀ ਚੁੱਪ ਕਰ ਰਿਹਾ ਕੋਈ ਉੱਤਰ ਨਾ ਫੁਰਿਆ।

"ਸਿੰਘਾਂ ਨੇ ਅੰਮ੍ਰਿਤਸਰ ਸਰੋਵਰ ਵਿਚ ਇਸ਼ਨਾਨ ਕਰਕੇ ਪਾਠ ਕਰਕੇ ਜਾਂ ਭੋਗ ਪਾਇਆ ਚੜਾਈ ਕਾ ਤਾਂ ਉਸੇ ਵਕਤ ਸਿਪਾਹੀ ਨੇ ਹੁਕਮ ਆਇ ਸੁਣਾਇਆ ਕਿ ਚੱਲੋ।

ਸਿੰਘ ਢੋਲਕੀ ਬਜਾਇ ਕੇ ਸ਼ਬਦ ਪੜ੍ਹਦੇ ਗਏ—
ਤੇਰੀ ਸਰਣਿ ਮੇਰੇ ਦੀਨ ਦਇਆਲਾ ॥
ਸੁੱਖ ਸਾਗਰ ਮੇਰੇ ਗੁਰ ਗੋਪਾਲਾ ॥
ਕਰਿ ਕਿਰਪਾ ਨਾਨਕੁ ਗੁਣ ਗਾਵੈ।
ਰਾਖਹੁ ਸਰਮ ਅਸਾੜੀ ਜੀਉ ॥
(ਮਾਝ ਮਹਲਾ ੫ ਪੰਨਾ ੧੦੫)

ਬੜੀ ਉਚੀ ਸੁਰ ਨਾਲ ਸ਼ਬਦ ਪੜ੍ਹਿਆ ਸਭ ਨੇ। ਬੀਲ੍ਹਾ ਸਿੰਘ ਨੇ ਅਰਦਾਸਾ ਕੀਤਾ ਅਤੇ ਆਏ ਫਾਂਸੀ ਵਾਲੀ ਜਗ੍ਹਾ। ਸਿੰਘਾਂ ਦੇ ਚੇਹਰਿਆਂ ਉੱਪਰ ਲਾਲੀਆਂ ਚਗਦੀਆਂ ਹੈਨ। ਬੇ.ਗ਼ਮ ਹੈ ਜਿਨ੍ਹਾਂ ਕੇ ਮਨ "ਮੇਂ ਮੌਤ ਕਾ ਭੈ ਨਹੀਂ ਹੈ।"ਨਿਰਭੈ ਸ਼ਬਦ ਪੜ੍ਹਦੇ ਤਖਤ ਪਰ ਚੜ੍ਹੇ। ਅਰਦਾਸਾ ਚੜ੍ਹੱਾਈ ਕਾ ਕੀਤਾ ਤੇ ਬੋਲਾ ਏਹ ਕੀਤਾ ਜੋ ਮੈ ਤੇਰੇ ਪਰਤਾਪ ਸੇ ਤਖ਼ਤ (ਤਖ਼ਤੇ) ਪਰ ਚੜਿਆ ਹਾਂ। ਬੜੀ ਨੇਕ ਨਾਮੀ ਪਾਈ ਹੈ। ਬੜਾ ਔਹਦਾ ਹੋਇਆ ਹੈ। ਬਡੇ ਹੌਂਸਲੇ ਵਾਲਿਆਂ ਨੇ ਜੱਲਾਦ ਨੇੜੇ ਨਹੀਂ ਔਣ ਦਿੱਤਾ। ਆਪਣੀ ਹੱਥੀ ਰੇਸ਼ਮ ਕੇ ਰੱਸੇ ਗਲਾਂ ਮੈਂ ਪਾਏ।

"ਚਿਟੀਆਂ ਪੋਸ਼ਾਕਾਂ, ਹੰਸਾਂ ਵਰਗੀਆਂ ਸ਼ਕਲਾਂ, ਸਤਿ ਸ੍ਰੀ ਅਕਾਲ ਬੁਲਾਈ ਪੈਰਾ ਤੋ ਪੱਟੜਾ ਖਿਚਿਆ। ਅੰਤ ਕਾ ਝੂਟਾ ਆਇਆ। ਪ੍ਰਾਣ ਜੁਦਾ ਹੋਏ।....

'ਰਾਮ ਬਾਗ ਦੇ ਦਰਵਾਜੇ ਬਾਹਰ ਬੋਹੜ ਨਾਲ ਫਾਂਸੀ ਦਿੱਤੇ ਗਏ।... ਮਾਤ ਲੋਕ ਮੈਂ ਸੁੰਨ-ਸਮਾਧ ਹੋਇ ਗਈ। ਕਹਿਰ ਬੀਤਿਆ। ਫਾਂਸੀ ਉਤੋਂ ਲੋਥਾਂ ਲਾਹ ਕੇ ਦਾਹ ਕੀਤੀਆਂ।"[26]

ਇਸ ਸਮੇਂ ਅੰਮ੍ਰਿਤਸਰ ਸ਼ਹਿਰ ਦੀ ਨਾਮਧਾਰੀ ਸੰਗਤ ਸਮੇਤ ਮਾਈ ਜੁਆਲਾ ਦੇਵੀ ਅਤੇ ਆਸ ਪਾਸ ਦੇ ਪਿੰਡਾਂ ਦੇ ਨਾਮਧਾਰੀ ਵੀ ਫਾਂਸੀ ਵਾਲੀ ਜਗਾਹ ਆਮ ਲੋਕਾਂ ਵਿਚ ਪੁੱਜੇ ਸਨ। ਸਰਕਾਰੀ ਸਖਤੀ ਜਾਂ ਕਿਸੇ ਅਨਹੋਣੀ ਦੇ ਭੈਅ ਤੋਂ ਸ਼ਹੀਦ ਹਾਕਮ

ਸਿੰਘ ਪਟਵਾਰੀ ਪਿੰਡ ਮੌੜੇ ਦੀ ਮਾਤਾ, ਵਿਧਵਾ ਬ੍ਰਾਹਮਣੀ ਜਿਸ ਦਾ ਇਕਲੌਤਾ ਪੁੱਤਰ ਘਰ ਆਇਆ ਮੁਕਲਾਵਾ ਛੱਡਕੇ, ਸਿੰਘਾਂ ਨਾਲ ਰਲਿਆ, ਬੁੱਚੜ ਸੋਧੇ ਅਤੇ ਸ਼ਹੀਦੀ ਵਰੀ, ਉਹ ਪਿੰਡ ਵਿਚੋਂ ਰਿਹਾਇਸ਼ੀ ਕੋਠੇ ਦੀ ਛੱਤ ਉਧੇੜਕੇ, ਕੜੀਆਂ ਬਾਲਿਆਂ ਦਾ ਗੱਡਾ ਭਰ ਲਿਆਈ ਸੀ, ਜਿਹਨਾਂ ਨਾਲ ਚਾਰਾਂ ਸ਼ਹੀਦਾਂ ਦਾ ਸਸਕਾਰ ਕਰ ਦਿਤਾ ਗਿਆ। ਘਟਨਾ ਦਾ ਵਰਣਨ ਪ੍ਰਸਿੱਧ ਪੰਜਾਬੀ ਸਾਹਿਤਕਾਰ, ਸੰਤ ਇੰਦਰ ਸਿੰਘ ਚੱਕਰਵਰਤੀ ਹੋਰਾਂ ਦੇ ਸ਼ਬਦਾਂ ਵਿਚ—

"ਮਾਈ ਹਾਕਮ ਸਿੰਘ ਦੀ, ਸੁਣਕੇ ਸਾਰਾ ਹਾਲ
ਗੱਡਾ ਭਰਕੇ ਲੱਕੜਾਂ, ਮੌੜਿਆਂ ਤੋਂ ਲਿਆ ਨਾਲ
ਕੀਰਤਨ ਕਰਦੀ ਤੁਰ ਪਈ, ਅੰਮ੍ਰਿਤਸਰ ਦੇ ਵੱਲ
ਲੋਕੀ ਪੁਛਦੇ ਦਸਦੀ, ਨਾਲ ਠਰੰਮੇ ਗੱਲ
ਤੈਨੂੰ ਕੀਕਰ ਸੁਝਦਾ, ਗਾਣਾ ਮਾਈ ਦੱਸ
ਪੁੱਤਰ ਤੇਰਾ ਮਰ ਗਿਆ, ਪੈ ਅੰਗ੍ਰੇਜ਼ਾਂ ਵੱਸ
ਮਰਿਆ ਮੇਰਾ ਪੁਤ ਨਹੀਂ, ਸੁਣ ਲਓ ਲੋਕ ਅੰਜਾਣ
ਦਿਤੇ ਉਸ ਨੇ ਦੇਸ਼ ਹਿਤ, ਵਾਰ ਆਪਣੇ ਪ੍ਰਾਣ
ਮੈਂ ਸਪੁਤੀ ਹੋ ਗਈ, ਮੇਰਾ ਹਾਕਮ ਸ਼ੇਰ
ਤੁਰ ਗਿਆ ਖਾਤਰ ਧਰਮ ਦੀ, ਜਲਦੀ ਆਵੇ ਫੇਰ
ਚੀਨੀ ਵਾਲੇ ਦੇ ਲਾਲ ਨੂੰ, ਮਾਰ ਨਾ ਸਕੇ ਕਾਲ
ਰਾਖਾ ਦਸਵਾਂ ਪਾਤਸ਼ਾਹ, ਤੇ ਵਾਲੀ ਪੁਰਖ ਅਕਾਲ
ਜਿੰਨਾ ਚਿਰ ਛੱਡ ਜਾਣ ਨਾ, ਗੋਰੇ ਸਾਡਾ ਦੇਸ਼
ਤਦ ਤਕ ਮੇਰੇ ਲਾਲ ਇਹ, ਰਹਿਣ ਬਦਲਦੇ ਵੇਸ
ਬਾਲੀ ਏਨ੍ਹਾਂ ਅੱਗ ਅੱਜ, ਮਚੇ ਲਾਟਾਂ ਛੱਡ
ਇਕ ਦਿਨ ਇਹ ਅੰਗ੍ਰੇਜ਼ ਨੂੰ, ਸਾੜੇ ਭਾਂਬੜ ਕੱਢ
ਸ਼ਹੀਦਾਂ ਦੇ ਜੋ ਹੋਰ ਵੀ, ਹੈਸਨ ਰਿਸ਼ਤੇਦਾਰ
ਕੀਤਾ ਕੀਰਤਨ ਕਰਦਿਆਂ, ਅੰਮ੍ਰਿਤਸਰ ਸੰਸਕਾਰ।"[27]

ਗਿਆਨੀ ਕਾਹਲਾ ਸਿੰਘ ਨੰਗਲ ਦੇ ਲਿਖਣ ਮੁਤਾਬਿਕ ਇਹਨਾਂ ਚਾਰਾਂ ਵਿਚੋਂ ਸਭ ਤੋਂ ਪਹਿਲਾਂ ਸ਼ਹੀਦ ਹੋਣ ਵਾਲੇ ਲਹਿਣਾ ਸਿੰਘ ਪੰਨਵ, ਦੂਜੇ ਨੰਬਰ ਤੇ ਬੀਹਲਾ ਸਿੰਘ, ਤੀਜੇ ਤੇ ਹਾਕਮ ਸਿੰਘ ਅਤੇ ਚੌਥੇ ਤੇ ਫਤੇਹ ਸਿੰਘ ਜੀ ਸਨ।[28] ਕਾਬਲ ਤੋਂ ਮੁੜ ਕੇ ਜੂਨ 1873 ਵਿਚ ਆਇਆ ਝੰਡਾ ਸਿੰਘ ਠੱਟਾ ਵੀ ਪਕੜਿਆ ਗਿਆ ਅਤੇ ਅਗਸਤ 1873 ਵਿਚ ਇਸੇ ਜਗ੍ਹਾ ਫਾਂਸੀ ਨਾਲ ਸ਼ਹੀਦ ਕੀਤਾ ਗਿਆ।

ਇਉਂ ਪੰਜਾਬੀ ਗੌਰਵ ਅਤੇ ਦੇਸ਼ ਆਜ਼ਾਦੀ ਵਾਸਤੇ ਪਹਿਲੀ ਚਿਣਗ ਬਾਲਣ ਵਾਲੇ ਅੰਮ੍ਰਿਤਸਰ ਸਾਕੇ ਵਾਲੇ ਪੰਜ ਸ਼ਹੀਦ, ਦੋ ਕਾਲੇ ਪਾਣੀ ਸ਼ਹੀਦ ਹੋਣ ਵਾਲੇ ਅਤੇ ਲਛਮਣ ਸਿੰਘ ਚਾਹਲ, ਮਿਹਰ ਸਿੰਘ ਲੋਪੋਕੇ, ਭਗਵਾਨ ਸਿੰਘ ਅੜਬੰਗੀ, ਸਾਰੀ

ਉਮਰ ਮਫਰੂਰ ਰਹਿਣ ਵਾਲੇ, ਤਿੰਨ ਜਿੰਦਾ ਸ਼ਹੀਦ ਸਨ। ਮਿਹਰ ਸਿੰਘ ਨੇ ਸੰਤਾ ਸਿੰਘ ਨਾਮ ਰੱਖਕੇ ਅਤੇ ਭਗਵਾਨ ਸਿੰਘ ਨੇ "ਅੜਬੰਗੀ ਦਾਸ"ਨਾਮ ਤਹਿਤ, ਸ੍ਰੀ ਭੈਣੀ ਸਾਹਿਬ ਬਹੁਤ ਸਮਾਂ ਬਤੀਤ ਕੀਤਾ ਜਿੱਥੇ ਉਹ ਕ੍ਰਮਵਾਰ 1913 ਅਤੇ 1912 ਈ. ਵਿਚ ਹੁਕਮ ਸੱਤ ਹੋਏ। ਨਾਮਧਾਰੀਆਂ ਦੀਆਂ ਸ਼ਹਾਦਤਾਂ ਦਾ ਖਾਤਾ ਖੋਹਲਣ ਵਾਲੇ ਇਹ ਮੋਚੀ ਸੱਜਣ ਸਨ।

## ਹਵਾਲੇ ਤੇ ਟਿੱਪਣੀਆਂ


1. ਕੂਕਾ ਮੂਵਮੈਂਟ (ਅੰਗ੍ਰੇਜ਼ੀ), ਡਾ. ਫੌਜਾ ਸਿੰਘ ਬਾਜਵਾ, 1965, ਮੋਤੀਲਾਲ ਬਨਾਰਸੀ ਦਾਸ, ਬੰਗਲਾ ਰੋਡ, ਜਵਾਹਰ ਨਗਰ, ਦਿੱਲੀ-6, ਸਫਾ 71
2. ਉਹੀ, ਸਫਾ 68
3. ਉਹੀ, ਸਫਾ 70
4. ਉਹੀ, ਸਫਾ 71
5. ਨਾਮਧਾਰੀ ਇਤਿਹਾਸ, ਨਾਹਰ ਸਿੰਘ ਐਮ.ਏ. (ਸੰ. ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ), 2014, ਆਰਸੀ ਪਬਲਿਸ਼ਰਜ਼ ਦਿੱਲੀ, ਸਫਾ 140
6. ਉਹੀ, ਸਫਾ 140
7. ਉਹੀ, ਸਫਾ 142
8. ਉਹੀ, ਸਫਾ 143
9. ਉਹੀ, ਸਫਾ 145
10. ਸ਼ਹੀਦ ਬਾਬਾ ਲਹਿਣਾ ਸਿੰਘ, ਤਾਰਾ ਸਿੰਘ ਅਨਜਾਣ, ਦੂਜੀ ਛਾਪ 2004 ਈ. ਨਾਮਧਾਰੀ ਦਰਬਾਰ, ਸ੍ਰੀ ਭੈਣੀ ਸਾਹਿਬ, ਸਫਾ 9-13
11. ਉਹੀ, ਸਫਾ 14
12. ਉਹੀ, ਸਫਾ 15-18
13. ਉਹੀ, ਸਫਾ 26-27
14. ਉਹੀ, ਸਫਾ 23
15. ਸਤਿਗੁਰੂ ਬਿਲਾਸ ਭਾਗ ਪਹਿਲਾ- ਭਾਈ ਸੰਤੋਖ ਸਿੰਘ ਬਾਹੋਵਾਲ (ਸੰ. ਜਸਵਿੰਦਰ ਸਿੰਘ) ਸਫਾ 424-25
16. ਉਹੀ, ਸਫਾ 425-26
17. ਨਾਮਧਾਰੀ ਇਤਿਹਾਸ, ਸਫਾ 138
18. ਸਪਤਾਹਿਕ ਸਤਿਜੁਗ 4-10 ਸੰਤਬਰ 2014, ਦਿੱਲੀ, ਜਸਵਿੰਦਰ ਸਿੰਘ ਦਾ ਲੇਖ, ਸਫਾ 2-5
19. ਕੂਕਾ ਮੂਵਮੈਂਟ ਐਂਡ ਮੈਕਨੇਬ ਰੀਪੋਰਟ (ਦਸਤਾਵੇਜ- ਸੰਪਾ. ਜਸਵਿੰਦਰ ਸਿੰਘ) 2016, ਆਰਸੀ ਪਬਲਿਸ਼ਰਜ ਨਵੀਂ ਦਿੱਲੀ, ਸਫਾ 297,300
20. ਸਤਿਜੁਗ ਉਪਰੋਕਤ, ਸਫਾ 5

21. ਸਤਿਜੁਗ, 11-17 ਸਿਤੰਬਰ, ਲੜੀਵਾਰ ਲੇਖ ਜਸਵਿੰਦਰ ਸਿੰਘ ਹੋਰਾਂ ਦਾ , ਸਫਾ 2
22. ਨਾਮਧਾਰੀ ਇਤਿਹਾਸ, ਪੰਨਾ 149-50
23. ਸਤਿਜੁਗ, 18-24 ਸੰਤਬਰ, ਉਪਰੋਕਤ ਲੇਖ ਸਫਾ 2-4
24. ਨਾਮਧਾਰੀ ਇਤਿਹਾਸ, ਸਫਾ 151-52
25. ਸੰਤ ਖਾਲਸਾ- ਹਰਨਾਮ ਸਿੰਘ ਬਗੁਲੀ ਕਲਾਂ- ਦੂਜੀ ਛਾਪ ਸਫਾ 37
26. ਸਤਿਗੁਰੂ ਬਿਲਾਸ ਭਾਗ ਪਹਿਲਾ, ਸਫਾ 429-30
27. ਮਾਲਵੇਂਦ- ਸੰਤ ਇੰਦਰ ਸਿੰਘ 'ਚੱਕਰਵਰਤੀ', ਸਫਾ 302-03
28. ਪੰਥ ਪ੍ਰਕਾਸ਼ ਸਿੰਘਾਂ ਨਾਮਧਾਰੀਆਂ ਦਾ, ਕਾਲਾ ਸਿੰਘ ਨੰਗਲ, (ਸ. ਦਵਿੰਦਰ ਸਿੰਘ ਗਿਲ ਜੀਆ ਨੱਥਾ), ਦੂਜੀ ਛਾਪ ਸਫਾ 103-04

# ਕੂਕਿਆਂ ਦਾ 'ਸੁਮੰਤ'—ਮਹੰਤ ਗੁਰਦਿਤ ਸਿੰਘ 'ਮੋਰੋਂ'

ਸਾਹਿਤ ਸਮਾਜਿਕ ਵਰਤਾਰਿਆਂ ਦੀ ਤਰਜਮਾਨੀ ਕਰਨ ਵਾਲਾ ਸ਼ਕਤੀਸ਼ਾਲੀ ਮਾਧਿਅਮ ਹੁੰਦਾ ਹੈ। ਕਿਸੇ ਜੁੱਗ ਦੀ ਰਹਿਣੀ ਬਹਿਣੀ ਦਾ ਸਜੀਵ ਚਿਤਰਨ। ਮਹਾਂਕਾਵਿ ਦਾ ਕਥਾਨਕ ਵਿਸ਼ਾਲ ਭੂ ਭਾਗ ਤੇ ਫੈਲਿਆ ਹੋ ਸਕਦਾ ਹੈ। ਇਸ ਦਾ ਨਾਇਕ ਮਾਨਵੀ ਗੁਣਾਂ ਨਾਲ ਲਬਰੇਜ਼ ਕੋਈ ਇਕ ਵਿਅਕਤਿੱਤਵ ਹੋ ਸਕਦਾ ਹੈ। ਪਰ ਕੁਝ ਐਸੇ ਵਿਅਕਤੀ ਵੀ ਇਸਦੇ ਕਲੇਵਰ ਵਿਚ ਆ ਜਾਂਦੇ ਹਨ ਜੋ ਸੀਮਿਤ ਬਿਰਤਾਂਤ ਦੇ ਬਾਵਜੂਦ ਵੀ ਸਾਹਿਤਕ ਕਥਾ ਦੀ ਤੋਰ ਨੂੰ ਗਤੀ ਪ੍ਰਦਾਨ ਕਰਨ ਵਾਲੀ ਆਪਣੀ ਭੂਮਿਕਾ ਸਦਕਾ, ਲੰਮੇ ਸਮੇਂ ਤੱਕ ਲੋਕ ਮਾਨਸ ਵਿਚ ਆਪਣਾ ਸਥਾਨ ਸੁਨਿਸ਼ਚਿਤ ਕਰ ਲੈਂਦੇ ਹਨ। ਪੰਜਾਬ ਦੀ ਅਮਰ-ਪ੍ਰੀਤ ਗਾਥਾ ਹੈ—"ਹੀਰ ਰਾਂਝਾ।" ਕਵੀ ਦਮੋਦਰ ਗੁਲਾਟੀ ਜੋ ਅਕਬਰ ਦੇ ਸਮੇਂ ਹੋਇਆ ਤੋਂ ਲੈ ਕੇ ਡਾ. ਮਨਮੋਹਨ ਸਿੰਘ ਦੇ ਸਮੇਂ ਹੋਣ ਵਾਲੇ ਕਾਬਲ ਵਿਰਕ ਤੱਕ ਨੇ, ਇਸ ਪ੍ਰੀਤ ਕਾਵਿ ਤੇ ਆਪਣੀ ਕਲਮ ਦੇ ਜੌਹਰ ਵਿਖਾਏ ਹਨ। ਪਰ ਜੰਡਿਆਲਾ ਸ਼ੇਰ ਖਾਂ (ਸ਼ੇਖਪੁਰਾ) ਦਾ ਸੱਯਦ ਵਾਰਿਸ ਸ਼ਾਹ ਆਪਣੀ ਗੱਲ ਕੁਝ ਇਸ ਤਰ੍ਹਾਂ ਕਹਿ ਗਿਆ ਹੈ ਕਿ "ਹੀਰ-ਵਾਰਿਸ" ਸਾਡੇ ਪੰਜਾਬੀ ਸਾਹਿਤ ਹੀ ਨਹੀਂ ਸਗੋਂ ਵਿਸ਼ਵ ਸਾਹਿਤ ਵਿਚ ਵੀ ਸ਼ਾਹਕਾਰ ਦਾ ਦਰਜਾ ਰੱਖਦੀ ਹੈ। ਹੀਰ ਦੀ ਕਥਾ ਦਾ ਇਕ ਪਾਤਰ, ਲੁੱਡਣ ਮਲਾਹ ਹੈ ਜੋ ਝਨਾਂ ਦਰਿਆਂ ਵਿਚ ਆਪਣੀ ਬੇੜੀ ਤੇ ਹੀਰ ਤੇ ਉਸ ਦੀਆਂ ਸਹੇਲੀਆਂ ਨੂੰ ਸੈਰ ਕਰਵਾਉਂਦਾ ਹੈ। ਰਾਂਝੇ ਨਾਲ ਉਸ ਦਾ ਇਤਨਾ ਕੁ ਹੀ ਨੇੜ ਹੁੰਦਾ ਹੈ ਕਿ ਬੇੜੀ ਕਿਰਾਏ ਦੇ ਪੈਸੇ ਪੱਲੇ ਨਾ ਹੋਣ ਕਾਰਨ, ਜਦੋਂ ਰਾਂਝਾ ਦਰਿਆ ਤਰ ਕੇ ਪਾਰ ਕਰਨਾ ਚਾਹੁੰਦਾ ਹੈ—

"ਲੋਕਾਂ ਦੌੜ ਕੇ ਰਾਂਝੇ ਨੂੰ ਪਕੜਿ ਆਂਦਾ,
ਨਾ ਕਰ ਜ਼ੋਰ ਤੂੰ, ਠਿੱਲ ਨਾ, ਸਜਨਾ ਓ!
ਸਈਂ ਵੰਝੀਂ ਝਨਾਉਂ ਦਾ ਅੰਤ ਨਾਹੀਂ,
ਡੁੱਬ ਮਰੇਂਗਾ, ਠਿੱਲ ਨਾ, ਸਜਨਾ ਓ!

(ਵਾਰਿਸ ਸ਼ਾਹ)

ਤਾਂ ਲੁੱਡਣ ਲੋਕਾਂ ਦੇ ਆਖੇ, ਦੈਆ ਕਰਕੇ ਉਸਨੂੰ ਆਪਣੀ ਬੇੜੀ ਵਿਚ ਚਾਹੜ ਕੇ ਪਾਰ ਲੈ ਜਾਣਾ ਮੰਨ ਜਾਂਦਾ ਹੈ। ਇਸ ਤੋਂ ਬਾਅਦ ਸਾਰੀ ਗਾਥਾ ਵਿਚ ਲੁੱਡਣ ਦਾ ਕਿਤੇ ਜ਼ਿਕਰ ਨਹੀਂ ਆਉਂਦਾ। ਪਰ ਹੀਰ-ਕਾਵਿ ਵਿਚ ਵਾਰਿਸ ਦੁਆਰਾ ਉਸ ਦਾ ਵਰਣਨ ਉਸਨੂੰ ਇਕ ਅਮਰ ਪਾਤਰ ਵਿਚ ਬਦਲ ਦਿੰਦਾ ਹੈ।

ਲੋਕ-ਲਹਿਰਾਂ ਦਾ ਇਤਿਹਾਸਿਕ ਬਿਰਤਾਂਤ ਵੀ ਮਹਾਂ ਕਾਵਿ ਜਿਹਾ ਰੁਤਬਾ ਰੱਖਦਾ ਹੈ। ਆਪੋ ਆਪਣੇ ਢੰਗ ਨਾਲ, ਵਿੱਤ ਮੁਤਾਬਿਕ ਇਹਨਾਂ ਲੋਕ ਲਹਿਰਾਂ ਵਿੱਚ

ਹਿੱਸਾ ਪਾਉਣ ਵਾਲਿਆਂ ਨੂੰ, ਗੁਆਚੀ ਜੂਨ ਭੋਗਣ ਤੋਂ ਬਚਾ ਲਿਆ ਜਾਂਦਾ ਹੈ। ਪੰਜਾਬ ਵਿੱਚ ਅੰਗਰੇਜ਼ ਬਸਤੀਵਾਦੀਆਂ ਵਿਰੁੱਧ ਚੱਲਣ ਵਾਲੀ, ਪਹਿਲੀ ਵਿਸ਼ਾਲ ਕੂਕਾ ਲਹਿਰ ਵਿੱਚ ਭਾਗ ਲੈਣ ਸਦਕਾ ਬਹੁਤ ਸਾਰੇ ਲੋਕ, ਇਤਿਹਾਸ ਦੇ ਜਗਦੇ ਹਰਫ਼ ਬਣ ਗਏ ਹਨ। ਅਜਿਹੇ ਇਕ ਸੱਜਣ ਸਨ ਭਾਈ ਗੁਰਦਿੱਤ ਸਿੰਘ ਜੀ ਗਾਡੀਵਾਨ। ਨਾਮਧਾਰੀ ਇਤਿਹਾਸ ਦਾ ਹਿਰਦੇ ਵੇਧਕ ਕਾਂਡ ਇਸ ਸੱਜਣ ਦੇ ਸਹਿਯੋਗ ਬਿਨਾਂ ਲਿਖਿਆ ਨਹੀਂ ਜਾ ਸਕਦਾ।

ਸਮਾਂ ਸੀ ੧੭-੧੮ ਜਨਵਰੀ ੧੮੭੨ ਈ. ਦੀ ਦਰਮਿਆਨੀ ਰਾਤ ਦਾ। ਸਥਾਨ ਸੀ ਕੂਕੇ ਮਰਜੀਵੜਿਆਂ ਦੀ ਕਰਮ ਭੂਮੀ ਸ੍ਰੀ ਭੈਣੀ ਸਾਹਿਬ। ਸਾਡੇ ਚਰਿੱਤਰ ਨਾਇਕ ਦਾ ਕਾਰਜ ਸੀ ਇਕ ਦੋ ਬਲਦਾਂ ਵਾਲਾ ਗੱਡਾ ਜੋੜ ਕੇ ਸ੍ਰੀ ਭੈਣੀ ਸਾਹਿਬ ਤੋਂ, ਜ਼ਿਲੇ ਦੇ ਸਦਰ ਮੁਕਾਮ ਲੁਧਿਆਣਾ ਤਕ ਪੁੱਜਣਾ। ਕੂਕਾ ਇਤਿਹਾਸ ਤੋਂ ਕੋਰਾ ਸੱਜਣ ਸੋਚ ਸਕਦਾ ਹੈ ਕਿ ਇਸ ਵਿਚ ਵਿਸ਼ੇਸ਼ਤਾ ਵਾਲੀ ਕਿਹੜੀ ਗੱਲ ਹੋਈ। ਅੱਜ ਵੀ ਅਨੇਕਾਂ ਕਿਸਾਨ ਆਪੋ ਆਪਣੇ ਗੱਡੇ ਜੋ ਕੇ ਪਿੰਡਾਂ ਕਸਬਿਆਂ ਵਿਚ ਜਾਂਦੇ ਵੇਖੇ ਜਾ ਸਕਦੇ ਹਨ। ਪਰ ਇਹ ਰਤਾ ਵੱਖਰੀ ਗੱਲ ਸੀ। ਭਾਈ ਗੁਰਦਿਤ ਸਿੰਘ ਦੁਆਰਾ ਤਿਆਰ ਕੀਤੇ ਗੱਡੇ ਨੂੰ ਭਾਗ ਲਾਉਣ ਵਾਲੇ ਸਨ, ਇਸ ਕੂਕਾ-ਲਹਿਰ ਦੇ ਮਹਾਂ ਨਾਇਕ, ਸ੍ਰੀ ਸਤਿਗੁਰੂ ਰਾਮ ਸਿੰਘ ਜੀ, ਉਹਨਾਂ ਦੇ ਦੋ ਬੜੇ ਹੀ ਪਿਆਰਾ ਤੇ ਸਤਿਕਾਰੇ ਸੂਬੇ, ਮੁੱਖੀ ਸੂਬਾ ਬਾਬਾ ਜਵਾਹਰ ਸਿੰਘ ਜੀ ਅਤੇ ਸਤਿਗੁਰੂ ਜੀ ਦਾ "ਲਾਡਲਾ ਸਪੂਤ" ਸੂਬਾ ਸਾਹਿਬ ਸਿੰਘ। ਚੌਥਾ ਸਵਾਰ ਸੀ ਇਸ ਗੱਡੇ ਦਾ ਰੁੜਕੀ (ਪਟਿਆਲਾ) ਪਿੰਡ ਦਾ ਭਾਈ ਨਾਨੂੰ ਸਿੰਘ, ਜਿਸ ਆਪਣੇ ਮੁਰਸ਼ਿਦ ਦੀ ਸੇਵਾ ਵਾਸਤੇ, ਦੇਸ਼ ਨਿਕਾਲਾ ਮੂੰਹੋਂ ਮੰਗ ਕੇ ਲਿਆ ਸੀ। ਪੰਜਵਾਂ ਗਾਡੀਵਾਨ ਸੀ ਭਾਈ ਗੁਰਦਿਤ ਸਿੰਘ।

ਸਤਿਗੁਰੂ ਜੀ ਅੰਗਰੇਜ਼ ਸਰਕਾਰ ਦੀਆਂ ਅੱਖਾਂ ਵਿਚ ਬੜੇ ਚਿਰ ਤੋਂ ਰੜਕ ਰਹੇ ਸਨ। ਸਤਿਗੁਰੂ ਜੀ ਇਸ ਸਰਕਾਰ ਦੇ ਲੁਟੇਰੇ ਬਿਉਪਾਰੀਆਂ ਵਾਲੇ ਮਨਸੂਬੇ ਤਾੜ ਗਏ ਸਨ। ਉਹਨਾਂ ਅੰਗਰੇਜ਼ੀ ਮਿੱਲਾਂ ਦੇ ਬਣੇ ਮਾਲ ਨੂੰ ਹੱਥ ਨਾ ਲਾਉਣ ਅਤੇ ਅੰਗਰੇਜ਼ੀ ਸਕੂਲਾਂ, ਹਸਪਤਾਲਾਂ, ਅਦਾਲਤਾਂ, ਯਾਤਾਯਾਤ ਦੇ ਸਾਧਨਾਂ ਆਦਿ ਅਤੇ ਹੋਰ ਸੰਸਥਾਵਾਂ ਦੀ ਵਰਤੋਂ ਨਾ ਕਰਨ ਦੀ ਪੰਜਾਬੀਆਂ ਨੂੰ ਹਦਾਇਤ ਕੀਤੀ ਸੀ। ਉਹਨਾਂ ਨੇ ਉਸ ਸਮੇਂ ਸਵਦੇਸ਼ੀ ਦੀ ਲਹਿਰ ਚਲਾ ਕੇ, ਅੰਗਰੇਜ਼ੀ ਰਾਜ ਦੇ, ਦੁਸ਼ ਪ੍ਰਭਾਵ ਸਦਕਾ, ਤਬਾਹ ਹੋ ਰਹੀ ਕਿਸਾਨੀ, ਦਸਤਕਾਰੀ ਅਤੇ ਆਪਣੇ ਕਾਰੋਬਾਰ ਨੂੰ ਬਚਾਉਣ ਦੀਆਂ ਜੁਗਤਾਂ ਦੱਸੀਆਂ ਸਨ। ਸਾਮੰਤੀ ਠਾਠ ਬਾਠ ਦਾ ਤਿਆਗ ਕਰਕੇ, ਸਰਲ, ਸਾਦਾ, ਸ਼ੁੱਧ, ਉੱਚ ਆਚਾਰ-ਵਿਹਾਰ ਵਾਲੀ, ਗੁਰਮਤਿ ਜੀਵਨ ਜਾਚ ਅਪਨਾਉਣ ਤੇ ਬਲ ਦਿੱਤਾ ਸੀ। ਪਿੰਡ ਤੋਂ ਲੈ ਕੇ ਕੂਕਾ-ਕੇਂਦਰ ਸ੍ਰੀ ਭੈਣੀ ਸਾਹਿਬ ਤੱਕ ਆਪਣੀ ਸਮੂਹ ਸੰਗਤ ਅਤੇ ਹੋਰ ਪੰਜਾਬ ਹਿਤੈਸ਼ੀਆਂ ਨੂੰ, ਇਕ ਸੰਗਠਨ ਵਿਚ ਪਿਰੋਣ ਲਈ, ਸੂਬਾ ਪ੍ਰਣਾਲੀ ਵਿਕਸਿਤ ਕੀਤੀ ਸੀ। ਸੂਚਨਾ ਦਾ ਗੁਪਤ ਆਦਾਨ ਪ੍ਰਦਾਨ ਕਰਨ ਲਈ, ਕੂਕਾ ਪੋਸਟਲ ਸਰਵਿਸ ਜਿਹੀ ਤੇਜ਼ ਰਫ਼ਤਾਰ ਤਕਨੀਕ ਵਿਕਸਿਤ ਕਰਕੇ, ਪੰਜਾਬ ਦੇ ਇਕ ਸਿਰੇ ਤੇ ਦੂਜੇ ਸਿਰੇ ਤੱਕ ਅੱਠਾਂ ਪਹਿਰਾਂ ਵਿੱਚ ਆਪਣੀ ਗੱਲ ਪੁਚਾ ਦਿੱਤੀ ਜਾਂਦੀ ਸੀ। ਸਮਾਜਿਕ ਜੀਵਨ

ਵਿੱਚ ਆਏ ਨਿਘਾਰ ਨੂੰ ਰੋਕਣ ਲਈ ਇਸਤਰੀਆਂ ਦਾ ਰੁਤਬਾ ਬਹਾਲ ਕੀਤਾ। ਉਹਨਾਂ ਨੂੰ ਹਰ ਖੇਤਰ ਵਿਚ ਸਮਾਨਤਾ ਦਿੱਤੀ। ਉਹਨਾਂ ਨੂੰ ਆਪਣੇ ਵਿੱਢੇ ਮੁਕਤੀ ਸੰਗਰਾਮ ਵਿਚ ਸਰਗਰਮ ਕੀਤਾ। ਸਿੱਖੀ ਤੋਂ ਕੋਹਾਂ ਦੂਰ ਜਾ ਚੁੱਕੇ ਉਸਦੇ ਵਾਰਿਸਾਂ ਨੂੰ ਮੁੜ ਬਾਣੀ ਤੇ ਬਾਣੇ ਨਾਲ ਜੋੜਿਆ। ਸੇਵਾ ਸਿਮਰਨ ਦੀ ਜਾਗ ਲਾ ਕੇ ਉਹਨਾਂ ਨੂੰ ਆਤਮਕ ਮੰਡਲਾਂ ਵਿਚ ਪੁਚਾਇਆ। ਗਊ ਤੇ ਗਰੀਬ ਦੀ ਬਾਂਹ ਫੜੀ। ਹਰ ਲੋੜਵੰਦ ਲਈ, ਵੈਰੀ-ਮਿੱਤਰ ਲਈ, ਰਾਜੇ-ਰੰਕ ਲਈ, ਉੱਚੇ-ਨੀਵੇਂ ਲਈ, ਸਦਾ ਵਰਤ ਜਾਰੀ ਕੀਤਾ। ਇਕ ਸਮਤਾ ਮੂਲਕ ਭਾਈਚਾਰੇ ਦੀ ਸਿਰਜਨਾ ਦੀ ਆਧਾਰ ਸ਼ਿਲਾ ਰੱਖੀ। ਭਾਰਤ ਦੀਆਂ ਦੇਸੀ ਰਿਆਸਤਾਂ ਅਤੇ ਗੁਆਂਢੀ ਮੁਲਕਾਂ ਨਾਲ ਕੂਟਨੀਤਿਕ ਸਬੰਧ ਉਲੀਕ ਕੇ, ਕੂਕਾ ਵਿਦਰੋਹ ਨੂੰ ਵਿਆਪਕਤਾ ਪ੍ਰਦਾਨ ਕੀਤੀ। ਸਰਕਾਰ ਇਸ ਸਭ ਕਾਸੇ ਕਾਰਨ ਸਤਿਗੁਰੂ ਜੀ ਅਤੇ ਉਹਨਾਂ ਦੇ ਕੂਕਾ ਅੰਦੋਲਨ ਨੂੰ, ਹੁਣ ਮਹਿਜ਼ ਇਕ ਧਾਰਮਿਕ ਤਹਿਰੀਕ ਤੱਕ ਸੀਮਤ ਰੱਖਣ ਲਈ ਤਿਆਰ ਨਹੀਂ ਸੀ। ਉਸ ਨੂੰ ਕੂਕਾ-ਮਸਤਾਨਿਆਂ ਦੇ ਇਹਨਾਂ ਬੋਲਾਂ ਵਿਚ ਆਪਣੀਆਂ ਮ੍ਰਿਤੂ-ਘੰਟੀਆਂ ਵੱਜਦੀਆਂ ਸੁਣਾਈ ਦੇ ਰਹੀਆਂ ਸਨ—

"ਅਸਾਂ ਹਿੰਦ ਵਿੱਚ ਗ਼ਦਰ ਮਚਾਉਣਾ,
ਕੱਢਣਾ ਫਰੰਗੀਆਂ ਨੂੰ।
ਰਾਜ ਮੁੱਕ ਜਾਊ ਫਰੰਗੀਆਂ ਤੇਰਾ,
ਕੂਕੇ ਥੋਤੋਂ ਨਹੀਂ ਮੁੱਕਣੇ।
ਏਥੋਂ ਚੁਕ ਲੈ ਫਰੰਗੀਆਂ ਡੇਰਾ,
ਖਾਲਸੇ ਨੇ ਰਾਜ ਕਰਨਾ।"

ਮਲੇਰਕੋਟਲੇ ਦੇ ਸਾਕੇ ਨੇ ਅੰਗਰੇਜ਼ ਸਰਕਾਰ ਨੂੰ ਉਸ ਦੇ ਦਿਲੀ ਅਰਮਾਨ ਪੂਰੇ ਕਰਨ ਦਾ ਬਹਾਨਾ ਬਣਾ ਦਿੱਤਾ। ਸਤਾਰਾਂ ਜਨਵਰੀ ੧੮੭੨ ਨੂੰ, ਮਲੇਰਕੋਟਲੇ ਦੇ ਰੱਕੜ ਵਿੱਚ ਅੱਧਾ ਸੈਂਕੜਾ ਕੂਕੇ ਅੱਗ ਦੇ ਦਰਿਆ ਵਿਚ ਡੁੱਬ ਚੁੱਕੇ ਸਨ। ਸਤਿਗੁਰੂ ਜੀ ਆਪਣੇ ਲਾਡਲਿਆਂ ਦੀਆਂ ਸ਼ਹੀਦੀਆਂ ਦੇ ਸੋਹਲੇ ਗਾਉਂਦੇ ਹੋਏ, ਦਸ਼ਮੇਸ਼ ਪਿਤਾ ਜੀ ਦੇ ਜੁਝਾਰੂ ਬੋਲਾਂ, "ਦੇਹਿ ਸ਼ਿਵਾ ਬਰ ਮੋਹਿ ਇਹੈ ਸ਼ੁਭ ਕਰਮਨ ਤੇ ਕਬਹੂ ਨ ਟਰਉ" ਦਾ ਗਾਇਨ ਕਰਦੇ ਹੋਏ, ਪਿੰਡ ਸਿਆਹੜ ਤੋਂ ਚੱਲ ਕੇ ਉਸੇ ਰਾਤ ਸ੍ਰੀ ਭੈਣੀ ਸਾਹਿਬ ਪੁੱਜ ਕੇ ਅਜੇ ਘੋੜਿਆਂ ਤੋਂ ਉੱਤਰੇ ਹੀ ਸਨ ਕਿ "ਚਾਰ ਅਸਵਾਰ ਇਕ ਥਾਨੇਦਾਰ ਰਾਮਦਾਸਪੁਰੇ (ਸ੍ਰੀ ਭੈਣੀ ਸਾਹਿਬ) ਆਇਆ, ਅਸਵਾਰ ਸੜਕ ਪਰ ਖੜੇ ਕੀਤੇ। ਸਤਿਗੁਰੂ ਜੀ ਕੋ ਕਹਿਣੇ ਲਗਾ ਆਪ ਕੋ ਲੁਧਿਹਾਨੇ ਜਾਦ ਕੀਤਾ ਹੈ। ਸ੍ਰੀ ਸਤਿਗੁਰੂ ਜੀ ਪਹਿਲੇ ਤਾਂ ਬਚਨ ਕੀਤਾ ਪਾਓ ਘੋੜਿਆਂ ਪਰ ਕਾਠੀਆਂ, ਫੇਰ ਬਚਨ ਕੀਤਾ ਘੋੜੇ ਥੱਕੇ ਹੈਨ ਗੱਡਾ ਤਿਆਰ ਕਰੋ। ਹੁਕਮ ਹੋਇਆ, "ਗੁਰਦਿਤ ਸਿੰਘ! ਗੱਡਾ ਤਿਆਰ ਕਰੋ ਪੱਖਲੀਆਂ ਲਾਇਕੇ ਕੋਠੇ ਵਾਂਗੂੰ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਅਸੀਂ ਬੈਠ ਤਾਂ ਨਹੀਂ ਰਹਿਣਾ ਹੈ। ਸਾਡੇ ਤੁਰੇ ਬਗੈਰ ਕਾਰ ਨਹੀਂ ਤੁਰਨੀ ਹੈ। ਅਸੀਂ ਤੁਰਾਂਗੇ ਤਾਂ ਕਾਰ ਤੁਰਨੀ ਹੈ। ਹੈ ਬੀ ਤਾਂ ਠੀਕ ਜੋ ਜਿਸ ਕੰਮ ਨੂੰ ਆਉਂਦਾ ਹੈ ਜ਼ਰੂਰ ਕਰਨਾ ਪੈਂਦਾ ਹੈ। ਅਸੀਂ ਏਸੇ ਕੰਮ ਨੂੰ ਆਏ ਹੈਂ।

……ਸਤਿਗੁਰੂ ਜੀ ਇਹ ਭੀ ਬਚਨ ਕੀਤਾ–ਤੀਰ ਕੀ ਚੋਂਚ ਜਿਤਨੀ ਪਾਪ ਕੀ ਚਾਦਰ ਪਾਟੀ ਹੈ, ਤੀਰ ਕੀ ਚੋਂਚ ਜਿਤਨੀ ਧਰਮ ਕੀ ਚਾਦਰ ਵਿਛੀ ਹੈ। ਇਹ ਵੀ ਬਚਨ ਕੀਤਾ–ਕੰਙਣਾਂ ਸ਼ਿਸ਼ ਪਾਲ ਕੇ ਹਾਥ ਰਹਿਓ ਬਿਧਨਾ ਕਛੁ ਔਰ ਕੀ ਔਰ ਠਣੀ। ਜਾਣੇ ਸੀ ਪਹਿਲੇ ਕਈ ਦਿਨ ਏਹੀ ਸ਼ਬਦ ਪੜ੍ਹਦੇ ਰਹੇ।

……"ਪੱਖਲੀਆਂ ਲਾਇ ਗੱਡਾ ਤਿਆਰ ਕੀਤਾ। ਤੰਬੂ ਵਾਂਗੂੰ ਹੋਇ ਗਿਆ। ਪੁਸ਼ਾਕ ਪਹਿਰਨ ਲੱਗੇ ਤਾਂ ਬਚਨ ਕੀਤਾ ਕੀ ਪਹਿਰਨੀ ਹੈ ਪੁਸ਼ਾਕ? ਏਕ ਸਸਿਆਂ (ਭੇਡਾਂ) ਦੀ ਉਨ ਦੀ ਦਸਤਾਰ ਸੀ ਸੋ ਬੱਧੀ। ਏਕ ਕਾਲੀ ਕੰਬਲੀ ਸੀ ਸੋ ਉਤੇ ਲਈ। ਬਚਨ ਕੀਤਾ ਅਰਦਾਸਾ ਮੈਂ ਕਰਦਾ ਹਾਂ। ਆਪ ਅਰਦਾਸਾ ਕੀਤਾ। ……

"ਕੰਬਲੀ ਕੀ ਬੁਕਲ ਮਾਰ ਕੇ ਗੱਡੇ ਮੈਂ ਆਇ ਬੈਠੇ।"

"ਬਾਬਾ ਜਵਾਹਰ ਸਿੰਘ, ਬਾਬਾ ਸਾਹਿਬ ਸਿੰਘ, (ਸਤਿਗੁਰੂ ਜੀ ਅਤੇ ਨਾਨੂੰ ਸਿੰਘ) ਪੰਜਵਾਂ ਨਾਲ ਗੁਰਦਿਤ ਸਿੰਘ ਗਾਡੀ ਗਡੇ ਮੈਂ ਬੈਠੇ। …… ਜਦ ਗੱਡਾ ਸੜਕ ਪਾਰ ਗਿਆ ਤਾਂ ਦੋ ਅਸਵਾਰ ਅੱਗੇ ਤੇ ਦੋ ਅਸਵਾਰ ਪਿੱਛੇ ਫਰਕ ਨਾਲ ਤੁਰੇ।"[1]

ਸਾਡਾ ਪਹਿਲਾ ਇਤਿਹਾਸਕਾਰ, ਭਾਈ ਸੰਤੋਖ ਸਿੰਘ ਬਾਹੋਵਾਲ, ਦੇਸ਼ ਨਿਕਾਲੇ ਦੇ ਸਮੇਂ ਦਾ ਵਰਣਨ ਉਪਰੋਕਤ ਹਿਰਦੇ ਵੇਧਕ ਸ਼ਬਦਾਂ ਨਾਲ ਕਰਦਾ ਹੈ। ਇਹ ਉਹ ਸਮਾਂ ਹੈ ਜਦੋਂ ਨਾਮਧਾਰੀ ਸਿੰਘ ਦੋ ਦਿਨ ਲਗਾਤਾਰ, ਤੋਪਾਂ ਦੇ ਗੋਲੇ, ਆਪਣੀਆਂ ਛਾਤੀਆਂ ਤਾਣਕੇ ਝੱਲਦੇ ਰਹੇ ਸਨ। ਜਦੋਂ ਉਹਨਾਂ ਦੇ ਇਸ਼ਟ ਦੇਵ ਮਹਿਬੂਬ ਸਤਿਗੁਰੂ ਨੂੰ ਹੁੱਬਲ ਵਤਨੀ ਦੇ ਇਵਜ਼ ਵਿਚ ਜਲਾਵਤਨੀ ਦਿੱਤੀ ਜਾ ਰਹੀ ਸੀ। ਜਦੋਂ ਉਹਨਾਂ ਨੂੰ ਆਪਣੀ ਜਨਮ ਭੂਮੀ ਦੇਸ਼ ਪੰਜਾਬ ਹੀ ਨਹੀਂ ਸਗੋਂ ਭਾਰਤ ਭੂਮੀ ਤੋਂ ਵੀ ਵਿਛੋੜਿਆ ਜਾ ਰਿਹਾ ਸੀ। ਇਹ ਉਹ ਦਰਦ ਵਿਛੋੜਾ ਸੀ ਜੋ ਕੂਕਿਆਂ ਦੀਆਂ ਤਦੋਕੀਆਂ ਅਤੇ ਭਾਵੀ ਪੀੜ੍ਹੀਆਂ ਦਾ ਵੀ ਨਸੀਬਾ ਬਣਨਾ ਸੀ। ਸੂਫੀ ਕਵੀ ਦੇ ਸ਼ਬਦਾਂ ਵਿਚ—

"ਮਾਏ ਨੀ ਮੈਂ ਕੈਹਨੂੰ ਆਖਾਂ
ਦਰਦ ਵਿਛੋੜੇ ਦਾ ਹਾਲ!
ਧੂਆਂ ਧੁਖੇ ਮੇਰੇ ਮੁਰਸ਼ਦ ਵਾਲਾ
ਜਾਂ ਫੋਲਾਂ ਤਾਂ ਲਾਲ।
ਜੰਗਲ ਬੇਲੇ ਫਿਰਾਂ ਢੂੰਡੇਦੀ
ਅਜੇ ਨਾ ਆਇਆ ਲਾਲ।" (ਸ਼ਾਹ ਹੁਸੈਨ)

ਨਾਮਧਾਰੀ ਸੰਗਤਾਂ ਲਈ, ਭੈਣੀ ਸਾਹਿਬ ਦੀ ਧਰਤੀ ਲਈ, ਸਤਿਗੁਰੂ ਜੀ ਦਾ ਵਿਛੋੜਾ ਉਹੋ ਜਿਹਾ ਹੀ ਸੀ ਜਿਹੋ ਜਿਹਾ ਰਾਮ ਬਨਬਾਸ ਸਮੇਂ, ਅਯੁੱਧਿਆ ਵਾਸੀਆਂ ਅਤੇ ਰਾਮ ਪਿਆਰਿਆਂ ਨੇ ਭੋਗਿਆ ਸੀ। ਕੂਕਾ ਭਾਈਚਾਰੇ ਦੇ ਲੋਕ ਸਤਿਗੁਰੂ ਜੀ ਨਾਲ ਕੁਝ ਇਸ ਤਰ੍ਹਾਂ ਆਤਮਿਕ ਤੌਰ ਤੇ ਜੁੜੇ ਹੋਏ ਸਨ ਕਿ ਉਹ ਉਹਨਾਂ ਤੋਂ ਬਿਨਾਂ ਜਿਊਂ ਵੀ ਸੱਕਣਗੇ, ਇਹ ਕਿਆਸ ਕਰਨਾ ਔਖਾ ਸੀ। ਉਹਨਾਂ ਦੀ ਦਸ਼ਾ ਇਕ ਉੱਘੇ ਸ਼ਾਇਰ ਦੇ ਸ਼ਬਦਾਂ ਵਿਚ ਇਹੋ ਜਿਹੀ ਸੀ—

"ਚੰਦਾ ਚਮਕ ਵਿਖਾਲ ਨਾ ਸਾਨੂੰ,

ਅਤੇ ਨਾ ਕਰ ਮਾਣ ਵਧੇਰਾ।
ਤੈਂ ਜੇਹੇ ਲੱਖ ਚੜ੍ਹਨ ਅਸਾਨੂੰ,
ਪਰ ਸੱਜਣਾਂ ਬਾਝ ਹਨੇਰਾ।
ਜਿਸ ਡਿੱਠਿਆਂ ਦਿਲ ਰੋਸ਼ਨ ਹੋਵੇ,
ਉਹ ਹੁਸਨ ਨਹੀਂ ਅੱਜ ਤੇਰਾ।
"ਹਾਸ਼ਮ" ਸਾਂਝ ਤੁਸਾਡੇ ਦਮ ਦੀ,
ਹੋਰ ਵੱਸਦਾ ਮੁਲਖ ਬਥੇਰਾ।" (ਹਾਸ਼ਮ ਸ਼ਾਹ)

ਜਿਹਨਾਂ ਦੇ ਪੁਰਖਿਆਂ ਨੇ ਇਸ ਦਰਦ ਵਿਛੋੜੇ ਨੂੰ ਹੱਡੀਂ ਹੰਡਾਇਆ ਸੀ, ਉਹ ਭਾਈ ਹਰਨਾਮ ਸਿੰਘ ਬਗੁਲੀ ਕਲਾਂ (ਲੁਧਿਆਣਾ) ਇਸ ਸਮੇਂ ਦਾ ਇਉਂ ਬਿਆਨ ਕਰਦਾ ਹੈ—

"ਸੱਦਣ ਲਈ ਮਹਾਰਾਜ ਨੂੰ ਲੁਦਿਹਾਣੇ,
ਹੁਕਮ ਭੇਜਤਾ ਤੇਜ ਤਰਾਰ ਸੁਣ ਲੌ
ਖ਼ੀਨ ਖ਼ਾਫ ਜ਼ਰੀਆਂ ਵਾਲੇ ਬਾਦਸ਼ਾਹੀ,
ਚੋਗੇ ਮਖ਼ਮਲੀ ਦੀਏ ਉਤਾਰ ਸੁਣ ਲੌ
ਆਸਣ ਬੰਨ੍ਹ ਕੇ ਸੀਸ ਤੇ ਜਿਸਮ ਉਤੇ,
ਬੁੱਕਲ ਕੰਬਲੀ ਦੀ ਲਈ ਮਾਰ ਸੁਣ ਲੌ
ਛੱਡ ਗੈ ਕੋਤਲ ਘੋੜੇ ਖੜੇ ਸਤਿਗੁਰ,
ਗੱਡੇ ਉਤੇ ਹੋ ਗਏ ਅਸਵਾਰ ਸੁਣ ਲੌ
ਚੱਲੇ ਚੱਲੇ ਰਾਜੇ ਯੋਗੀ ਜੰਗਲਾਂ ਨੂੰ,
ਵੱਸਦੇ ਛੱਡ ਕੇ ਸ਼ਹਿਰ ਬਾਜ਼ਾਰ ਸੁਣ ਲੌ
ਚਲੇ ਵਿਛੜ ਜਦ ਸਤਿਗੁਰੂ ਸੰਗਤਾਂ ਤੋਂ,
ਸਿੰਘ ਰੋਣ ਲੱਗੇ ਭੁੱਬਾਂ ਮਾਰ ਸੁਣ ਲੌ
ਏਹ ਅਖੀਰ ਦੇ ਬਚਨ ਹਰਨਾਮ ਸਿੰਘਾ,
ਕਿਹਾ ਸੰਗਤਾਂ ਨੂੰ ਜਾਂਦੀ ਵਾਰ ਸੁਣ ਲੋ।"[2]

ਇਸ ਤਰ੍ਹਾਂ ਦੇ ਦਰਦ ਭਰੇ ਮਾਹੌਲ ਵਿਚ, ਭੈਣੀ ਸਾਹਿਬ ਤੋਂ ਲੁਧਿਆਣਾ ਰੇਲਵੇ ਸਟੇਸ਼ਨ ਤੱਕ ਦਾ, ਜਿਹੜਾ ਗੱਡੇ ਦਾ ਸਫਰ, ਗੱਡਾ ਹਿੱਕਦਿਆਂ ਭਾਈ ਗੁਰਦਿਤ ਸਿੰਘ ਹੋਰਾਂ ਨੇ ਕੀਤਾ ਸੀ ਉਹ ਪੰਜਾਬ ਦੇ ਕੌਮੀ ਮੁਕਤੀ ਅੰਦੋਲਨ ਦਾ ਇਕ ਵਿਲੱਖਣ ਸਫਰ ਹੋ ਨਿਬੜਿਆ ਹੈ। ਇਸ ਸਫਰ ਦਾ ਵੇਰਵਾ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪੂਜ ਮਾਤਾ, ਮਾਤਾ ਜੀਵਨ ਕੌਰ ਜੀ ਦੀ ਜ਼ੁਬਾਨੀ ਸੁਣ ਕੇ, ਪੰਜਾਬੀ ਦੇ ਉੱਘੇ ਸਾਹਿਤਕਾਰ ਅਵਤਾਰ ਸਿੰਘ 'ਆਜ਼ਾਦ' ਹੋਰਾਂ ਕਾਨੀ-ਬੱਧ ਕੀਤਾ ਸੀ। ਸਮਕਾਲੀ ਇਤਿਹਾਸ ਦੀ ਲਹੂ ਭਿੱਜੀ ਦਾਸਤਾਨ ਨੂੰ, ਉਹਨਾਂ ਦੇ ਸ਼ਬਦਾਂ ਵਿਚ ਹੀ ਦੁਹਰਾਉਣ ਦੇ ਲੋਭ ਤੋਂ ਬਚਿਆ ਨਹੀਂ ਗਿਆ।

"ਜਿਸ ਵੇਲੇ ਮਾਤਾ ਜੀ ਪਾਸੋਂ,ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ ਗਮਨ

ਸਬੰਧੀ ਪੁੱਛਿਆ ਗਿਆ ਤਾਂ ਆਪ ਦੇ ਨੇਤਰ ਜਲ ਪੂਰਤ ਹੋ ਗਏ। ਆਖਿਆ—"ਧੰਨ ਗ੍ਰੀਬ ਨਿਵਾਜ਼, ਧੰਨ ਉਸਦੇ ਕੌਤਕ! ਅਤੇ ਧੰਨ ਓਹ ਸਿਦਕੀ ਸਿਖ ਜਿਨ੍ਹਾਂ ਨੇ ਉਹ ਮਹਾਂਪਾਵਨ ਮੂਰਤ ਆਪਣੇ ਜਗਤ ਨੈਣਾਂ ਨਾਲ ਵੇਖੀ।"

ਫਰਮਾਣ ਲੱਗੇ—"ਸਤਿਗੁਰਾਂ ਦੇ ਪ੍ਰਦੇਸ਼ ਗਮਨ ਤੋਂ ਪਹਿਲਾਂ ਮਲੇਰਕੋਟਲੇ ਦੀ ਘਟਨਾ ਵਾਪਰ ਚੁੱਕੀ ਸੀ। ਸ੍ਰੀ ਜੀ ਪਿੰਡ ਸਿਆੜ੍ਹ, ਭਾਈ ਵਸਾਵਾ ਸਿੰਘ ਜੀ ਦੇ ਘਰ ਦਰਸ਼ਨ ਦੇ ਰਹੇ ਸਨ ਜਦ ਇਹ ਸਾਕਾ ਵਰਤਿਆ। ਸਤਿਗੁਰਾਂ ਨੇ ਤੋਪਾਂ ਚੱਲਦੀਆਂ ਦੀ ਆਵਾਜ਼ ਸੁਣ ਕੇ, ਭਾਈ ਲਾਲ ਸਿੰਘ ਜੀ ਨਾਲ ਬਚਨ ਕਰਦਿਆਂ ਫਰਮਾਇਆ ਸੀ, "ਇਹ ਤੋਪਾਂ ਮੇਰੇ ਲਾਡਲਿਆਂ ਉਪਰ ਚੱਲ ਰਹੀਆਂ ਹਨ, ਧੰਨ ਹਨ ਉਹ ਪਿਆਰੇ ਜੋ ਧਰਮ ਦੀ ਧੁਜਾ ਫਹਿਰਾਣ ਖਾਤਰ ਆਪਣੇ ਪ੍ਰਾਣ ਹੋਮ ਕਰ ਰਹੇ ਹਨ।"

"ਇਸ ਸਾਕੇ ਦਾ ਸਮਾਚਾਰ ਮੈਂ ਆਪਣੇ ਮਾਮਾ ਭਾਈ ਹਰਿਨਾਮ ਸਿੰਘ ਜੀ ਅਤੇ ਪਿਤਾ ਜੀ (ਸੂਬਾ ਖੁਸ਼ਹਾਲ ਸਿੰਘ ਥਰਾਜ-ਸਿਰਸਾ) ਪਾਸੋਂ ਸੁਣਿਆ ਸੀ। ਪਿਤਾ ਜੀ ਦੱਸਦੇ ਸਨ ਕਿ ਜਦ ਇਹ ਮਹਾਂ ਅਨਰਥ ਵਰਤਿਆ, ਸਤਿਗੁਰਾਂ ਦੇ ਪੱਕੇ ਸਿੱਖ ਤਾਂ ਭਾਣੇ ਨੂੰ ਜਾਣ ਕੇ ਸਿਦਕ ਵਿਚ ਰਹੇ, ਪਰ ਉਹ ਜੋ ਕੱਚੇ ਸਨ, ਡੋਲ ਗਏ ਤੇ ਉਹਨਾਂ ਸਿਖੀ ਨੂੰ ਕੰਡ ਦੇ ਦਿੱਤੀ। ਸਰਕਾਰ ਵਲੋਂ ਸਖਤੀ ਦਾ ਇਹ ਹਾਲ ਸੀ ਕਿ ਜਿੱਥੇ ਵੀ ਕੋਈ ਨਾਮਧਾਰੀ ਸੀ, ਉਸ ਨੂੰ ਬੇਹਦ ਤੰਗ ਕੀਤਾ ਜਾਂਦਾ ਸੀ।...."

ਮਲੇਰਕੋਟਲੇ ਦੀ ਘਟਨਾ ਦਾ ਜ਼ਿਕਰ ਕਰਦਿਆਂ ਹੋਇਆ ਸ੍ਰੀ ਮਾਤਾ ਜੀ ਨੇ ਦੱਸਿਆ, "ਕੁਕਾਰੇ ਦਾ ਭਾਈ ਹਜ਼ਾਰਾ ਸਿੰਘ ਅਤੇ ਹੰਢਾਏ ਦੀ ਮਾਈ ਮਸਤਾਨੀ ਜਿਸ ਦਾ ਨਾਮ ਇੰਦ ਕੌਰ ਸੀ ਉਹਨਾਂ ਨੇ ਸ਼ਹੀਦੀ ਸਾਕਾ ਆਪਣੀ ਅਖੀਂ ਵੇਖਿਆ ਸੀ। ਉਹਨਾਂ ਦੀ ਜ਼ਬਾਨੀ ਮਾਲੂਮ ਹੋਇਆ ਹੈ ਕਿ ਜਦੋਂ ਨਾਮਧਾਰੀ ਸ਼ਹੀਦਾਂ ਨੂੰ ਤੋਪਾਂ ਦੇ ਸਨਮੁਖ ਜੂਝਣ ਦਾ ਹੁਕਮ ਹੋਇਆ, ਤਾਂ ਸਭ ਨੂੰ ਸ਼ਹੀਦੀਆਂ ਦਾ ਚਾਅ ਚੜ੍ਹ ਗਿਆ। ਉਹ ਇਕ ਦੂਜੇ ਤੋਂ ਕਾਹਲੇ ਹੋ ਕੇ ਤੋਪਾਂ ਦੇ ਸਾਹਮਣੇ ਆਉਂਦੇ ਸਨ ਤੇ ਕਿਸੇ ਦੇ ਮਨ ਵਿੱਚ ਰਤੀ ਜਿਨਾਂ ਵੀ ਖੌਫ ਨਹੀਂ ਸੀ। ਸ਼ਹੀਦਾਂ ਨੂੰ ਤੋਪਾਂ ਨਾਲ ਜਕੜਿਆ ਨਹੀਂ ਸੀ ਗਿਆ, ਬਲਕਿ ਉਹ ਤਾਂ ਹੱਸਦੇ-ਹੱਸਦੇ ਤੋਪਾਂ ਦੇ ਸਾਹਮਣੇ ਖਲੋ ਜਾਂਦੇ ਸਨ। (ਦੋ) ਮਾਈਆਂ ਜੋ ਸ਼ਹੀਦਾਂ ਦੇ ਨਾਲ ਸਨ, ਉਹਨਾਂ ਨੇ ਵੀ ਸ਼ਹੀਦ ਹੋਣ ਲਈ ਕਿਹਾ ਸੀ, ਪਰ ਗੋਰੇ ਨੇ ਉਹਨਾਂ ਨੂੰ ਛੱਡ ਦਿੱਤਾ। ਤੋਪਾਂ ਚਲਾਉਣ ਵਾਲੇ ਸਿਪਾਹੀ ਰਿਆਸਤ ਪਟਿਆਲਾ ਦੇ ਸਨ।"

ਮਾਤਾ ਜੀ ਦਾ ਕਥਨ ਹੈ—"ਜਿਤਨੇ ਸਿਪਾਹੀਆਂ ਨੇ ਤੋਪਾਂ ਚਲਾਈਆਂ, ਉਹਨਾਂ ਵਿਚੋਂ ਕੁਝ ਐਸੇ ਸਨ, ਜੋ ਮੈਨੂੰ ਪਟਿਆਲੇ ਮਿਲੇ। ਉਹ ਆਪਣੀ ਜ਼ਬਾਨੀ ਕਹਿੰਦੇ ਸਨ ਕਿ ਅਸੀਂ ਉਹ ਪਾਪੀ ਹਾਂ, ਜਿਨ੍ਹਾਂ ਨੇ ਜ਼ਾਲਮ ਪੇਟ ਦੀ ਖਾਤਰ ਨਿਰਦੋਸ਼, ਭਜਨ ਮੂਰਤ, ਮਾਸੂਮ ਅਤੇ ਧਰਮੀ ਸੰਤਾਂ ਨੂੰ ਤੋਪਾਂ ਨਾਲ ਉਡਾਇਆ! ਹਾਇ! ਸਾਡਾ ਕਿਸ ਜੁੱਗ ਭਲਾ ਹੋਵੇਗਾ?"

"ਮਾਘੀ* (ਤੋਂ ਕੁਝ ਦਿਨ ਬਾਅਦ) ਦਾ ਦਿਨ ਸੀ, ਜਦ ਸਤਿਗੁਰੂ ਜੀ ਨੇ ਸੰਗਤਾਂ ਨੂੰ ਅਕਹਿ ਵਿਛੋੜੇ ਦਾ ਕਦੇ ਨਾ ਭਰਨ ਵਾਲਾ ਘਾਉ ਲਾ ਕੇ ਪਰਦੇਸਗਮਨ ਕੀਤਾ।

ਸਦਾ ਵਾਂਗ ਆਪ ਇਸ ਸਾਲ ਮਾਘੀ ਤੇ ਸ੍ਰੀ ਮੁਕਤਸਰ ਸਾਹਿਬ ਨਹੀਂ ਗਏ ਸਨ, ਐਉਂ ਜਾਪਦਾ ਹੈ ਕਿ ਅੰਤਰਯਾਮੀ ਨੂੰ ਬੀਤਣ ਵਾਲੀ ਘਟਨਾ ਦਾ ਪਹਿਲਾਂ ਹੀ ਪਤਾ ਸੀ। ਬੇਸ਼ੁਮਾਰ ਸੰਗਤਾਂ ਸ੍ਰੀ ਭੈਣੀ ਸਾਹਿਬ ਜੁੜੀਆਂ ਹੋਈਆਂ ਸੀ। ਪਿਤਾ ਜੀ ਦੇ ਨਾਲ ਮੈਂ ਵੀ ਦਰਸ਼ਨ ਕਰਨ ਆਈ ਹੋਈ ਸਾਂ। ਮਲੇਰਕੋਟਲੇ ਦੀ ਸੱਜਰੀ ਘਟਨਾ ਦਾ ਪਤਾ ਸਾਰਿਆਂ ਨੂੰ ਸੀ ਤੇ ਸਤਿਗੁਰਾਂ ਨੂੰ ਰਾਮਪੁਰ ਮਲੌਦ ਸੱਦ ਕੇ ਹਾਕਮ ਪੁੱਛ ਵੀ ਚੁੱਕੇ ਸਨ ਕਿ ਤੁਸਾਂ ਇਹ ਕੀ ਕਰਵਾਇਆ ?"

ਮਾਤਾ ਜੀ ਦੱਸਦੇ ਹਨ—"ਸਤਿਗੁਰਾਂ ਦਾ ਸਰੀਰ ਲੰਮਾ ਤੇ ਖਿੱਚਵਾਂ, ਇਕੋ ਜਿਹਾ ਸਡੌਲ, ਰੰਗ ਬੜਾ ਸਾਫ, ਨੱਕ ਤਿੱਖਾ, ਧੌਣ ਲੰਮੀ, ਬਾਹਾਂ ਗੋਡਿਆਂ ਤੀਕ, ਦੰਦ ਮੋਤੀਆਂ ਨਾਲੋਂ ਵੀ ਸੌ ਹਿੱਸੇ ਸੁੰਦਰ ਅਤੇ ਨੇਤਰ ਏਨੇ ਤੇਜ ਵਾਲੇ ਸਨ ਕਿ ਉਹਨਾਂ ਦੇ ਸਾਹਮਣੇ ਨਜ਼ਰ ਉਚੀ ਨਹੀਂ ਸੀ ਕੀਤੀ ਜਾ ਸਕਦੀ। ਸ੍ਰੀ ਜੀ ਦੇ ਚਿਹਰੇ ਉਪਰ ਮਾਤਾ ਦੇ ਬੇ-ਮਾਲੂਮ ਜਿਹੇ ਦਾਗ ਸਨ ਪਰ ਚਿਹਰੇ ਦਾ ਪ੍ਰਕਾਸ਼ ਲੱਖਾਂ ਚੰਦਾਂ ਵਰਗਾ ਸੀ। ਆਮ ਤੌਰ ਤੇ ਹਜ਼ੂਰ ਦੀ ਪੁਸ਼ਾਕ ਮਲਮਲ ਦਾ ਕੁੜਤਾ, ਜ਼ਰੀਜੜਤ ਅੰਗਰਖਾ, ਤੰਗ ਪਜਾਮਾ ਤੇ ਸਿਧਾ ਦੋਹਰਾ ਦਸਤਾਰਾਂ ਹੁੰਦਾ ਸੀ, ਪਰ ਜਿਸ ਵੇਲੇ ਆਪ ਨੇ ਪ੍ਰਦੇਸਗਮਨ ਕੀਤਾ ਸਿਵਾਇ ਕਛਹਿਰੇ ਦੇ ਬਾਕੀ ਦੇ ਸਾਰੇ ਬਸਤਰ ਭੂਰੀ ਦੇ ਸਨ।

"ਰਾਤ ਦੇ ਹਨੇਰੇ ਵਿਚ ਸਾਹਨੇਵਾਲ ਦਾ ਥਾਨੇਦਾਰ ਸਿਪਾਹੀਆਂ ਦੀ ਧਾੜ ਲੈ ਕੇ ਆ ਪਹੁੰਚਾ। ਉਸ ਨੇ ਕਿਹਾ ਕਿ ਸਤਿਗੁਰਾਂ ਨੂੰ ਸਾਹਿਬ ਨੇ ਲੁਧਿਆਣੇ ਦਰਸ਼ਨ ਦੇਣ ਲਈ ਅਰਜ਼ ਕੀਤੀ ਏ। ਸ੍ਰੀ ਜੀ ਜੋ ਏਸ ਸਾਰੀ ਗੱਲਬਾਤ ਨੂੰ ਚੰਗੀ ਤਰ੍ਹਾਂ ਜਾਣਦੇ ਸਨ, ਉਸੇ ਵੇਲੇ ਹੀ ਤਿਆਰ ਹੋ ਗਏ। ਬਾਬਾ ਜਵਾਹਰ ਸਿੰਘ ਜੀ, ਬਾਬਾ ਸਾਹਿਬ ਸਿੰਘ ਜੀ, ਬਾਬਾ ਕਾਨ੍ਹ ਸਿੰਘ ਜੀ ਨਿਹੰਗ (ਇਹ ਇਸ ਸਮੇਂ ਨਾਲ ਨਹੀਂ ਸਨ। ਬਾਅਦ ਵਿੱਚ ਭੇਜੇ ਗਏ) ਅਤੇ ਭਾਈ ਨਾਨੂੰ ਸਿੰਘ ਜੀ ਨੂੰ ਨਾਲ ਚੱਲਣ ਦਾ ਹੁਕਮ ਕੀਤਾ ਅਰ ਚੀਨੀ ਵਾਲਾ ਸੋਹਣਾ ਪਾਤਸ਼ਾਹ, ਸ੍ਰੀ ਗੁਰੂ ਹਰੀ ਸਿੰਘ ਜੀ ਨੂੰ ਸਾਰੀ ਸੌਂਪਣਾ ਕਰਕੇ ਤੁਰ ਪਿਆ ਦੇਸੋਂ ਪਰਦੇਸ਼ ਵੱਲ।"

"ਉਂਞ ਤਾਂ ਸਾਰੀਆਂ ਸੰਗਤਾਂ ਲਈ ਹੀ ਇਹ ਮਹਾਂ ਦੁਖਦਾਈ ਵਿਛੋੜਾ ਅਸਹਿ ਸੱਲ ਸੀ, ਪਰ ਇਸ ਸਮੇਂ ਸ੍ਰੀ ਜੀ ਦੇ ਪੂਜਯ ਪਿਤਾ ਅਤੇ ਸ੍ਰੀ ਗੁਰੂ ਹਰੀ ਸਿੰਘ ਜੀ, ਜੋ ਉਦੋਂ ਭਾਈ ਬੁੱਧ ਸਿੰਘ ਜੀ ਸਨ-ਤਾਂ ਐਉਂ ਬਿਹਬਲ ਹੋਏ ਤੜਫ ਰਹੇ ਸਨ, ਜਿਵੇਂ 'ਜਲ ਬਿਹੂਨ' ਮਛਲੀ ਤੜਫਦੀ ਹੈ ....

"ਹਾਂ ਕਾਕਾ! ਐਉ ਤਸੱਲੀਆਂ ਦਿੰਦੇ ਦੀਨ ਦਿਆਲ ਗੱਡੇ ਤੇ ਸਵਾਰ ਹੋ ਗਏ। ਆਪਣੇ ਚਾਰ ਸਾਥੀ ਆਪਣੇ ਨਾਲ ਬਿਠਾ ਲਏ ਅਤੇ ਵਿਰਲਾਪ ਕਰਦੀਆਂ ਤੇ ਧਾਹਾਂ ਮਾਰਦੀਆਂ ਸੰਗਤਾਂ ਨੂੰ ਤਸੱਲੀਆਂ ਦਿੰਦੇ ਹੋਏ ਲੁਧਿਆਣੇ ਵਲ ਤੁਰ ਪਏ। ਭਾਈ ਦਾਨ ਸਿੰਘ ਜੀ ਜੋ ਗੱਡੇ ਨਾਲ (ਪਿੰਡ ਦੀ ਹੱਦ ਤੱਕ) ਗਏ ਸਨ, ਉਹਨਾਂ ਨੂੰ ਕਹਿਣ ਲੱਗੇ— "ਸਾਰੀ ਸੰਗਤ ਨੂੰ ਸੁਣਾ ਦੇਣਾ ਕਿ ਡਰਨ ਨਹੀਂ, ਘਬਰਾਣ ਨਹੀਂ, ਅਸਾਂ ਛੇਤੀ ਹੀ ਆ ਜਾਣਾ ਏਂ, ਮਾਈ ਭਾਈ ਭਜਨ ਤਕੜੇ ਹੋ ਕੇ ਕਰਨ ਤੇ ਯਕੀਨ ਰੱਖਣ ਕਿ ਜਦ ਤੀਕ

ਧਰਤੀ ਤੇ ਧਰਮ ਨਹੀਂ ਤੁਰਦਾ ਇਹ ਦੇਹ ਅਲੋਪ ਨਹੀਂ ਹੋ ਸਕਦੀ। ਕੱਲ੍ਹ ਸਵੇਰੇ ੧੧ ਰੁਪਏ ਦਾ ਕੜਾਹ ਪ੍ਰਸ਼ਾਦ ਕਰਕੇ ਸਾਝਰੇ ਹੀ ਦੇ ਦੇਣਾ।"

"ਮਹੰਤ ਗੁਰਦਿਤ ਸਿੰਘ ਜੀ ਗਾਡੀ ਬਣ ਕੇ ਲੁਧਿਆਣੇ ਤੀਕ ਸਤਿਗੁਰਾਂ ਦੇ ਨਾਲ ਗਏ ਸਨ। ਉਹ ਦੱਸਦੇ ਸਨ ਕਿ ਸ੍ਰੀ ਜੀ ਦਾ ਉਤਾਰਾ ਲੁਧਿਆਣੇ ਦੇ ਡਾਕ ਬੰਗਲੇ ਵਿਚ ਕੀਤਾ। ਜਦ ਸਤਿਗੁਰੂ ਜੀ ਉਥੇ ਪੁੱਜ ਗਏ ਤਾਂ ਹੁਕਮ ਹੋਇਆ ਕਿ ਗੱਡਾ ਵਾਪਸ ਲੈ ਜਾਉ। ਮੈਂ ਵੈਰਾਗੀ ਹੋ ਗਿਆ ਅਤੇ ਅਰਜ਼ ਕੀਤੀ—ਮੈਨੂੰ ਵੀ ਸਤਿਗੁਰਾਂ ਦੇ ਨਾਲ ਹੀ ਲੈ ਚੱਲੋ। ਮੇਰੇ ਪਾਸੋਂ ਪਿਛਾਂਹ ਨਹੀਂ ਜਾਇਆ ਜਾਂਦਾ ਕਿਉਂਕਿ ਜੇ ਮੈਂ ਵਾਪਸ ਭੈਣੀ ਸਾਹਿਬ ਗਿਆ ਤੇ ਸੰਗਤਾਂ ਨੇ ਪੁੱਛਿਆ ਕਿ ਜਿਹਨਾਂ ਨੂੰ ਗੱਡੇ ਤੇ ਚੜ੍ਹਾ ਕੇ ਲੈ ਗਿਆ ਸੈਂ, ਉਹ ਕਿੱਥੇ ਨੇ, ਤਾਂ ਮੈਂ ਕੀ ਉਤਰ ਦਿਆਂਗਾ?"

"ਹਾਕਮ ਨੇ ਕਿਹਾ, 'ਉਹਨਾਂ ਨੂੰ ਬਿਸਤਰਾ ਚਾਹੀਦਾ ਏ, ਜਾ ਕੇ ਲੈ ਆ'।"

"ਮੈਂ ਫੇਰ ਵੀ ਵਾਪਸ ਆਉਣ ਲਈ ਤਿਆਰ ਨਹੀਂ ਸਾਂ, ਪਰ ਅਖੀਰ ਮੈਨੂੰ ਟਾਲ ਕੇ ਕੱਢ ਹੀ ਦਿੱਤਾ ਗਿਆ ਤੇ ਵੈਰਾਗੀ ਹੋਇਆ ਪਰਤ ਆਇਆ। ਮੇਰੇ ਨਾਲ ਇਕ ਪੁਲਸੀਆ ਮੁਖਬਰ ਭੇਜਿਆ ਗਿਆ, ਜੋ ਮੈਨੂੰ ਜਮਾਲਪੁਰ ਤੀਕ ਛੱਡ ਗਿਆ। ਉਹ ਸਿੰਘ ਜੋ ਸਾਡੇ ਮਗਰੋਂ ਸ੍ਰੀ ਭੈਣੀ ਸਾਹਿਬ ਗ੍ਰਿਫਤਾਰ ਕੀਤੇ ਗਏ ਸਨ, ਮੈਨੂੰ ਰਾਹ ਵਿਚ ਹੀ ਮਿਲੇ। ਉਹਨਾਂ ਸਿੰਘਾਂ ਵਿਚੋਂ ਕਈਆਂ ਨੂੰ ਕੈਦ ਦੀ ਸਜ਼ਾ ਦਿੱਤੀ ਗਈ ਤੇ ਕਈਆਂ ਨੂੰ ਜ਼ਮਾਨਤਾਂ ਤੇ ਰਿਹਾ ਕਰ ਦਿੱਤਾ ਗਿਆ।"[3]

ਸਰਕਾਰੀ ਰੀਕਾਰਡ ਵਿਚ, ੧੮੮੧ ਈ ਦੀ ਜ਼ੇਰ ਨਿਗਰਾਨੀ ਰੱਖਣ ਵਾਲੀ ਸੂਚੀ ਵਿਚ ਭਾਈ ਗੁਰਦਿਤ ਸਿੰਘ ਬਾਰੇ ਇਹ ਵੇਰਵਾ ਮਿਲਦਾ ਹੈ—ਜ਼ਿਲ੍ਹਾ ਲੁਧਿਆਣਾ ਦਾ ਸੀਰੀਅਲ ਨੰਬਰ ੩੯, ਗੁਰਦਿੱਤ ਸਿੰਘ ਮਹੰਤ, ਪਿਤਾ ਮੱਸਾ ਸਿੰਘ, ਧੰਦਾ ਕੋਈ ਨਹੀਂ, ਨਿਵਾਸੀ ਭੈਣੀ, (ਸਾਹਿਬ) ਥਾਣਾ ਸਾਹਨੇਵਾਲ, ਸ਼ਨਾਖਤੀ ਚਿੰਨ੍ਹ ਸਾਫ ਰੰਗ, ਲੰਮਾ ਦਾਹੜਾ ਕੱਦ ਲੰਮਾ, ਔਸਤ ਸਰੀਰ, ਉਮਰ ੩੦ ਸਾਲ ਦੇ ਲਗਭਗ। ਸੁਭਾਉ ਵਾਲੇ ਖਾਨੇ ਵਿਚ ਦਰਜ਼ ਹੈ-ਇਹ ਬੰਦਾ ਪਹਿਲਾਂ ਪਿੰਡ ਮੋਰੋਂ, ਥਾਣਾ ਫਿਲੌਰ ਜ਼ਿਲ੍ਹਾ ਜਲੰਧਰ ਦਾ ਨਿਵਾਸੀ ਸੀ। ਪ੍ਰੰਤੂ ਹੁਣ ਉਹ ਲੁਧਿਆਣਾ ਲਿਸਟ ਦੀ ਸੂਚੀ ਨੰ. ੩੮ ਵਾਲੇ ਬਾਬਾ ਬੁੱਧ ਸਿੰਘ (ਗੁਰੂ ਹਰੀ ਸਿੰਘ) ਪਾਸ ਭੈਣੀ (ਸਾਹਿਬ) ਵਿਖੇ ਹੀ ਰਹਿੰਦਾ ਹੈ ਅਤੇ ਫਿਰਕੇ ਦੇ ਲੋਕ ਉਸ ਨੂੰ ਉੱਚੀਆਂ ਨਿਗਾਹਾਂ ਨਾਲ ਵੇਖਦੇ ਹਨ। ਉਹ ਭੈੜੇ ਸੁਭਾਅ ਵਾਲਾ ਵਿਅਕਤੀ ਹੈ ਅਤੇ ਭੈੜੀਆਂ ਸਲਾਹਵਾਂ ਦੇਣ ਵਿਚ ਭਰਪੂਰ ਹੈ।"[4]

ਹਰ ਸਰਗਰਮ ਨਾਮਧਾਰੀ ਨੂੰ, ਅੰਗਰੇਜ਼ ਸਰਕਾਰ ਦੀਆਂ ਰੀਪੋਰਟਾਂ ਵਿਚ ਇਹੋ ਜਿਹੇ ਆਭੂਖਣਾਂ ਨਾਲ ਹੀ ਅਲੰਕਰਿਤ ਕੀਤਾ ਜਾਂਦਾ ਸੀ। ਭਾਈ ਗੁਰਦਿਤ ਸਿੰਘ ਪਿੰਡ ਮੋਰੋਂ ਦੇ ਵੀ ਮੂਲ ਨਿਵਾਸੀ ਨਹੀਂ ਸਨ। ਉਹ ਟਾਂਗ ਛੱਤਰੀ, ਛੀਂਬੇ ਸਿੰਘ ਸਨ ਅਤੇ ਕਿਸੇ ਹੋਰ ਦੁਆਬੇ ਦੇ ਪਿੰਡ ਵਿਚੋਂ, ਉਹ ਜਾਂ ਉਹਨਾਂ ਦੇ ਪੁਰਖੇ ਮੋਰੋਂ ਆ ਕੇ ਵੱਸ ਗਏ ਸਨ।[5] ਜੇ ਉਹਨਾਂ ਦਾ ਜਨਮ ਸੰਨ ਸਰਕਾਰੀ ਰੀਕਾਰਡ ਮੁਤਾਬਿਕ ੧੮੫੦ ਈ. ਦੇ ਲਾਗੇ ਚਾਗੇ ਮੰਨਿਆ ਜਾਏ ਤਾਂ ਭੈਣੀ ਸਾਹਿਬ ਉਹਨਾਂ ਦਾ ਆਉਣਾ, ਅਨੰਦਪੁਰ ਸਾਹਿਬ ਦੇ ਪਹਿਲੇ ਹੋਲੇ ਸਮੇਂ, ਸਤਿਗੁਰੂ ਜੀ ਦੀ ਸੋਅ ਚਾਰ ਚੁਫੇਰ ਖਿੰਡਣ ਸਦਕਾ

੧੯੬੭ ਈ. ਵਿਚ ਹੀ ਬਣਦਾ ਹੈ। ਇੱਥੇ ਆਪ ਨੂੰ ਸੇਵਾ ਕਰਦਿਆਂ ਵੇਖ ਕੇ ਅਤੇ ਆਪਦੀ ਕੁਸ਼ਾਗਰ ਬੁੱਧੀ ਅਤੇ ਹਿੰਮਤੀ ਸਰੀਰ ਦੀ ਪਰਖ ਕਰਕੇ, ਸਤਿਗੁਰੂ ਜੀ ਨੇ ਆਪ ਦੇ ਜ਼ਿੰਮੇ ਆਪਣੀ ਖੇਤੀਬਾੜੀ ਦਾ ਕੰਮ ਲਾ ਦਿੱਤਾ ਸੀ ਅਤੇ ਡੇਰੇ ਦੇ ਸਾਰੇ ਗੱਡੇ ਵੀ ਆਪ ਦੇ ਪ੍ਰਬੰਧ ਵਿਚ ਸਨ। ਇਸ ਦਾ ਸਬੂਤ ਆਪ ਨਾਲ ਸਬੰਧਿਤ ਇਕ ਹੋਰ ਵਾਕਿਆਤ ਵਿਚ ਮਿਲਦਾ ਹੈ।

ਜਦੋਂ ਸ੍ਰੀ ਸਤਿਗੁਰੂ ਰਾਮ ਸਿੰਘ ਦੇ ਸਮੇਂ ਆਪ ਦੇ ਛੋਟੇ ਭਾਈ ਸ੍ਰੀ ਬੁੱਧ ਸਿੰਘ ਜੀ ਖੇਤੀਬਾੜੀ ਕਰਕੇ ਗੁਜ਼ਰ ਬਸਰ ਕਰਦੇ ਸਨ ਤਾਂ ਇਕ ਦਿਨ ਆਪ ਨੂੰ ਵਾਹੀ ਜੋਤੀ ਦੇ ਕੰਮ ਲਈ ਲਾਸਾਂ ਦੀ ਲੋੜ ਪਈ। ਲਾਸਾਂ ਡੇਰਾ ਭੈਣੀ ਸਾਹਿਬ ਵਿਚ ਹੀ ਸਨ। ਲਿਆ ਕੇ ਆਪਣਾ ਕੰਮ ਸ਼ੁਰੂ ਕੀਤਾ ਕਿ ਪਿਛੋਂ ਡੇਰੇ ਵਾਲਿਆਂ ਨੂੰ ਉਹਨਾਂ ਦੀ ਲੋੜ ਪੈ ਗਈ। ਭਾਈ ਗੁਰਦਿਤ ਸਿੰਘ ਜੀ ਜੋ ਗੱਡਿਆਂ ਅਤੇ ਖੇਤੀ ਦੇ ਜ਼ਿੰਮੇਵਾਰ ਸਨ ਉਹਨਾਂ ਗੁਰੂ ਭਾਈ ਜਾਣ ਕੇ ਆਪ ਦਾ ਲਿਹਾਜ਼ ਨਹੀਂ ਕੀਤਾ ਸਗੋਂ ਡੇਰੇ ਦੀ ਜ਼ਰੂਰਤ ਨੂੰ ਮੁੱਖ ਰੱਖਦਿਆਂ ਆਪ ਦਾ ਕੰਮ ਅਧੂਰਾ ਛੁਡਾ ਕੇ ਲਾਸਾਂ ਵਾਪਸ ਲਿਜਾ ਕੇ ਡੇਰੇ ਦਾ ਕੰਮ ਕਰਵਾਇਆ। ਇਸ ਤੱਥ ਤੋਂ ਸਪੱਸ਼ਟ ਹੁੰਦਾ ਹੈ ਕਿ ਗੁਰਦਿਤ ਸਿੰਘ ਹੋਰਾਂ ਦੀ ਸਤਿਗੁਰੂ ਜੀ ਦੇ ਡੇਰੇ ਪ੍ਰਤੀ ਸਮਰਪਣ ਭਾਵਨਾ ਕਿਤਨੀ ਪਰਬਲ ਸੀ। ਇਹ ਗੁਰੂ ਹਰੀ ਸਿੰਘ ਜੀ ਦਾ ਵਡੱਪਣ ਸੀ ਕਿ ਸਤਿਗੁਰੂ ਜੀ ਤੋਂ ਬਾਅਦ ਜਦੋਂ ਆਪ ਨੇ ਪੰਥ ਦੀ ਵਾਗਡੋਰ ਸੰਭਾਲੀ ਤਾਂ ਇਸੇ ਭਾਈ ਗੁਰਦਿਤ ਸਿੰਘ ਨੂੰ ਮਹੰਤੀ ਬਖਸ਼ ਦਿੱਤੀ ਅਤੇ ਡੇਰੇ ਦੀ ਪਰਬੰਧਕੀ ਟੀਮ ਵਿਚ ਸ਼ਾਮਲ ਕਰ ਲਿਆ। ਮਹੰਤ ਗੁਰਦਿਤ ਸਿੰਘ ਜੀ, ਸਤਿਗੁਰੂ ਜੀ ਦੀ ਹਜ਼ੂਰੀ ਵਿਚ ਗੱਦੀ ਸਾਹਿਬ ਵਾਲੇ ਚੁਬਾਰੇ ਵਿਚ ਜਦੋਂ ਆਸਾ ਦੀ ਵਾਰ ਲੱਗਦੀ ਸੀ ਤਾਂ ਤੰਬੂਰਾ ਵੀ ਵਜਾਉਂਦੇ ਅਤੇ ਸ਼ਬਦ ਵੀ ਗਾਉਂਦੇ ਸਨ।[6]

ਗੁਰੂ ਹਰੀ ਸਿੰਘ ਜੀ ਦੇ ਸਮੇਂ ਮਹੰਤ ਜੀ ਡੇਰੇ ਦੇ ਪਸ਼ੂਆਂ ਅਤੇ ਖੇਤੀ ਨਾਲ ਸਬੰਧਿਤ ਸਮੂਹ ਕਾਰਜਾਂ ਜਿਹਾ ਕਿ ਮਾਲ ਪਸ਼ੂਆਂ ਅਤੇ ਵਸਤਾਂ ਦੀ ਖਰੀਦ ਫਰੋਖਤ ਵੱਲ ਵੀ ਧਿਆਨ ਰੱਖਦੇ ਸਨ। ਡੇਰੇ ਲਈ ਲੋੜੀਂਦੀਆਂ ਵਸਤਾਂ ਖਰੀਦ ਕੇ ਗੱਡਿਆਂ ਤੇ ਲਦਵਾ ਕੇ ਲਿਆਉਣ ਦੀ ਜ਼ਿੰਮੇਵਾਰੀ ਵੀ ਨਿਬਾਹੁੰਦੇ ਸਨ ਅਤੇ ਜਦੋਂ ਕੁਝ ਕੁ ਦਿਨਾਂ ਲਈ ਗੁਰੂ ਹਰੀ ਸਿੰਘ ਜੀ ਨੂੰ ਜ਼ਰੂਰੀ ਕਾਰਜਾਂ ਲਈ ਸ੍ਰੀ ਭੈਣੀ ਸਾਹਿਬ ਤੋਂ ਬਾਹਰ ਜਾਣ ਦੀ ਛੁੱਟੀ ਅੰਗਰੇਜ਼ ਸਰਕਾਰ ਦਿੰਦੀ ਤਾਂ ਆਪ ਵੀ ਨਾਲ ਜਾਇਆ ਕਰਦੇ ਸਨ, ਦੌਰੇ ਦੀ ਪ੍ਰਬੰਧ ਵਿਵਸਥਾ ਨੂੰ ਸੁਚਾਰੂ ਰੂਪ ਦੇਣ ਵਾਸਤੇ। ਜਦੋਂ ਪਰਦੇਸੀ ਪ੍ਰੀਤਮ ਜੀ ਨੇ ਬਾਬਾ ਦਰਬਾਰਾ ਸਿੰਘ ਜੀ ਹੱਥ, ਗੁਰੂ ਹਰੀ ਸਿੰਘ ਅਤੇ ਸੰਗਤ ਦੇ ਨਾਮ, ਉਹਨਾਂ ਦੇ ਨਮਿੱਤ ਵੱਧ ਤੋਂ ਵੱਧ ਗੁਰਬਾਣੀ ਦੇ ਪਾਠ ਕਰਨ ਦਾ ਹੁਕਮ ਭੇਜਿਆ ਤਾਂ ਡੇਰੇ ਵਿਚ ਰਹਿ ਕੇ ਗੁਪਤ ਤੌਰ ਤੇ ਅਖੰਡ ਪਾਠ ਕਰਨ ਵਾਲੀ ਟੀਮ ਵਿਚ, ਭਾਈ ਗੁਰਦਿਤ ਸਿੰਘ ਵੀ ਸ਼ਾਮਲ ਸੀ ਜਿਸਨੇ ਗੁਰੂ ਬਚਨਾਂ ਮੁਤਾਬਿਕ, ਸਭ ਤੋਂ ਪਹਿਲਾਂ ਪੰਜ ਅਖੰਡ ਪਾਠ ਕੀਤੇ ਸਨ। ਇਹ ਪਾਠ ਕਿਹਨਾ ਮੁਸ਼ਕਿਲ ਹਾਲਾਤ ਵਿਚ ਹੋਏ ਤੇ ਕਿਵੇਂ ਲੁਧਿਆਣਾ ਦਾ ਪੁਲੀਸ ਕਪਤਾਨ ਬਾਰਬਰਟਨ ਛਾਪਾਮਾਰੀ ਕਰਦਾ ਰਿਹਾ ਇਹ ਸਾਡੇ ਸਮਕਾਲੀ ਇਤਿਹਾਸ ਵਿਚ ਦਰਜ ਹੈ। "ਇਕ ਦਿਨ ਗੁਰੂ ਹਰੀ ਸਿੰਘ ਜੀ ਕੋ ਅਵਾਜਾ ਹੋਇਆ ਕਿ

ਸਾਡੇ ਨਮਿਤ ਪੰਜ ਅਖੰਡ ਭੋਗ ਪਾਓ। ਗੁਰਦਿਤ ਸਿੰਘ ਮਹੰਤ ਤੇ ਰਾਘੋ ਸਿੰਘ ਲਾਂਗਰੀ ਤੇ ਨਰਾਇਣ ਸਿੰਘ ਸਿਆੜੀਆਂ ਪਾਂਚ ਅਖੰਡ ਪਾਠਾਂ ਕਾ ਸੰਕਲਪ ਕਰਕੇ ਪਾਠ ਅਖੰਡ ਧਰੇ। ਏਕ ਸਰੀਰ ਧੂਪ ਪੌਂਦਾ ਰਿਹਾ ਤੇ ਇਕ ਘਿਓ ਕਾ ਦੀਵਾ ਜਗਦਾ ਰਿਹਾ। ਧੂਪੀਆ ਮਾਲਾ ਫੇਰੇ ਨਾਲੇ ਧੂਪ ਕੀ ਖ਼ਵਰ ਰਖੇ, ਕੁੰਭ ਬੀ ਰੱਖਾ! ਰਾਤ ਕੋ ਆਗੇ ਦੀਵਾ ਘਿਓ ਕਾ ਧਰਨਾ। ਦਿਨ ਕੋ ਸਤਿਗੁਰਾਂ ਕੇ ਦੋਹਤਿਆ ਬਸੰਤ ਸਿੰਘ ਹੋਰਾਂ ਮਦਦ ਦੇਣੀ, ਰਾਤ ਏਹਨਾਂ ਕੱਟਣੀ।

ਤੀਏ ਪਾਠ ਮੇਂ ਮੁਕਬਲਾਂ ਨੇ ਬਟਨ ਕੋ ਚਾੜ੍ਹ ਆਂਦਾ। ਤੁਕ ਪਾਠ ਕੀ ਉਪਰ ਚੌਬਾਰੇ ਕੇ ਪੜਦੇ ਰਹੇ। (ਇਹ ਪਾਠ ਲੰਗਰ ਵਿਚ ਇਕ ਭੋਰਾ ਸੀ ਉਸ ਵਿੱਚ ਹੁੰਦੇ ਸਨ ਜਿਸ ਦੇ ਮੂੰਹ ਤੇ ਜਾਂ ਤਵੀ ਦੇ ਦਿੰਦੇ ਜਾਂ ਚਰ੍ਹੀ ਆਦਿ ਦੇ ਪੂਲੇ ਰੱਖ ਛੱਡਦੇ।) ਦੀਵੇ ਹਮਨ ਬੁਝਾਇ ਦੀਆ, ਦਰਬਾਰ ਕੇ ਉਪਰ ਰੁਮਾਲ ਪਾਇ ਦੀਆ। ਬਟਨ ਸਾਰੇ ਫਿਰਕੇ ਦੇਖ ਕੇ ਲੰਗਰ ਮੇਂ ਭੀ ਚਲਾ ਗਿਆ ਕੇ ਪਾਠ ਤਾਂ ਕੋਈ ਨਹੀਂ ਕਰਦਾ। ਸ਼ਰਮਿੰਦਾ ਹੋਇਕੇ ਚਲਾ ਗਿਆ। ਫੇਰ ਉਸੀ ਬਖਤ ਉਹੀ ਤੁਕ ਲੈ ਕੇ ਪਾਠ ਪੂਰੇ ਕੀਤੇ। ਪਾਂਚ ਭੋਗ ਪਾਏ ਇਸੀ ਤਰ੍ਹਾਂ। ਉਸ ਸਮੇਂ ਖੇਦ ਸੀ ਸ੍ਰੀ ਸਤਿਗੁਰੂ (ਰਾਮ ਸਿੰਘ) ਜੀ ਕੋ, ਭੋਗ ਪਾਨੇ ਸੇ ਫੇਰ ਸੁਖ ਹੋਇਆ। ਜਾਂ ਪਾਂਚ ਭੋਗ ਪੈ ਗਏ ਸੁਨ ਸੁਨ ਕੇ ਸਿੰਘ ਸਤਿਗੁਰਾਂ ਨਮਿਤ ਭੋਗ ਪਾਉਣ ਲੱਗੇ।"[7]

ਇਉਂ ਨਾਮਧਾਰੀ ਸਿੰਘਾਂ ਦੁਆਰਾ ਅਖੰਡ ਪਾਠਾਂ ਅਤੇ ਸਾਧਾਰਨ ਪਾਠਾਂ ਦਾ ਜੋ ਪਰਵਾਹ ਲਗਭਗ ਡੇਢ ਸਦੀ ਤੋਂ ਚੱਲ ਰਿਹਾ ਹੈ, ਉਸ ਦੇ ਮੋਢੀਆਂ ਵਿਚ ਸ਼ਾਮਲ ਹੋਣ ਦਾ ਮਾਨ ਵੀ ਗੁਰਦਿਤ ਸਿੰਘ ਹੋਰਾਂ ਨੂੰ ਪ੍ਰਾਪਤ ਹੈ।

ਗੁਰੂ ਹਰੀ ਸਿੰਘ ਜੀ ਦੇ ਸਮੇਂ ਵੱਡੀਆਂ ਜ਼ਿੰਮੇਵਾਰੀਆਂ ਵਾਲੇ ਕਾਰਜ ਵੀ ਮਹੰਤ ਜੀ ਭੁਗਤਾਇਆ ਕਰਦੇ ਸਨ। ਸਤਿਗੁਰੂ ਰਾਮ ਸਿੰਘ ਤੇ ਗੁਰੂ ਹਰੀ ਸਿੰਘ ਜੀ ਦੇ ਤਾਏ ਨੱਥੇ ਦੇ ਪੁੱਤਰ, ਦਰਬਾਰਾ ਸਿੰਘ ਦੇ ਲੜਕੇ ਨਰਾਇਣ ਸਿੰਘ ਨਾਲ, ਸਤਿਗੁਰੂ-ਮਹਿਲ ਮਾਤਾ ਜੱਸਾਂ ਦੀ ਭਤੀਜੀ ਪਿੰਡ ਧਰੌੜ (ਲੁਧਿਆਣਾ) ਤੋਂ ਮੰਗੀ ਹੋਈ ਸੀ। ਜਦੋਂ ਨਾਮਧਾਰੀ ਸਿੰਘਾਂ ਤੇ ਸਖਤੀਆਂ ਹੋਈਆਂ ਤਾਂ ਉਹ ਰਿਸ਼ਤਾ ਲੁਧਿਆਣਾ ਦੇ ਕਿਸੇ ਰੂਪਾ ਨਾਂ ਦੇ ਵਿਅਕਤੀ ਨੇ ਆਪਣੇ ਭਤੀਜੇ ਵਲ ਲੈ ਆਂਦਾ। ਭੈਣੀ ਮਰਾਝ (ਲੁਧਿਆਣਾ) ਦੀ ਬਿਸ਼ਨ ਕੌਰ ਰੂਪੇ ਦੇ ਪੁੱਤਰ ਨੂੰ ਮੰਗੀ ਹੋਈ ਸੀ। ਪਰ ਮੁੰਡੇ ਨੇ ਸਿਰ ਮੁੰਨਾ ਦਿੱਤਾ ਸੀ। ਸੋ ਗੁਰੂ ਹਰੀ ਸਿੰਘ ਦੇ ਕਹਿਣ ਤੇ ਲੜਕੀ ਦੇ ਪਿਤਾ ਰਣ ਸਿੰਘ ਨੇ ਇਨਕਾਰ ਰਿਸ਼ਤੇ ਤੋਂ ਕਰ ਦਿੱਤੀ ਅਤੇ ਗੁਰੂ ਜੀ ਦੇ ਕਹਿਣ ਤੇ ਇਸ ਸਾਕ ਦੀ ਹਾਂ ਬੀਬੀ ਨੰਦਾ ਦੇ ਪੁੱਤਰ ਬਸੰਤ ਸਿੰਘ ਨੂੰ ਕਰ ਦਿੱਤੀ। ਦਮਦਮਾ ਸਾਹਿਬ ਦੀ, ੧੯੭੯ ਈ. ਦੀ ਵੈਸਾਖੀ ਨੂੰ ਗੁਰੂ ਹਰੀ ਸਿੰਘ ਜੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ ਵਿਚ ਆਏ ਬਚਨ "ਦਮਦਮੇ ਭੋਗ ਸਾਡੇ ਨਮਿੱਤ ਪਾਵਨੇ" ਨੂੰ ਪੂਰਾ ਕਰਨ ਲਈ ਉੱਥੇ ਪੰਜ ਅਖੰਡ ਪਾਠਾਂ ਦੇ ਭੋਗ ਪਾ ਕੇ ਆਏ। ਵਾਪਸੀ ਤੇ ਭੈਣੀ ਮਰਾਝ ਪੜਾਉ ਕੀਤਾ।" "ਉਸੀ ਬਖਤ ਗੁਰਦਿਤ ਸਿੰਘ ਮਹੰਤ ਨੂੰ ਭੇਜ ਕੇ ਬਸੰਤ ਸਿੰਘ, ਦੋਹਤਾ ਸਤਿਗੁਰੂ ਜੀ ਕਾ, ਤਿਸਕੋ ਸਦਵਾਇਕੇ ਅਨੰਦ ਪੜ੍ਹਾਇ ਦੀਆ।"[8]

ਨਾਮਧਾਰੀ ਦਰਬਾਰ ਵਲੋਂ ਪ੍ਰਕਾਸ਼ਿਤ ਹੁਕਮਨਾਮਿਆਂ ਵਿਚੋਂ, ਹੁਕਮਨਾਮਾ ਨੰ. ੧੫ ਅਤੇ ੧੭ ਵਿਚ, ਜਿੱਥੇ ਸ੍ਰੀ ਸਤਿਗੁਰੂ ਜੀ ਭੈਣੀ ਸਾਹਿਬ ਦੇ ਡੇਰੇ ਵਿੱਚ ਰਹਿਣ ਵਾਲੇ ਮਾਈਆਂ ਭਾਈਆਂ ਨੂੰ ਉਹਨਾਂ ਦਾ ਨਾਮ ਲਿਖ ਕੇ ਯਾਦ ਕਰਦੇ ਹਨ ਉਹਨਾਂ ਵਿਚ ਗੁਰਦਿਤ ਸਿੰਘ ਹੋਰੀਂ ਵੀ ਸ਼ਾਮਲ ਹਨ।

ਪੁਲੀਸ ਕਪਤਾਨ ਲੁਧਿਆਣਾ ਜੇ.ਪੀ. ਵਾਰਬਰਟਨ ਦੀ, ਪੰਜਾਬ ਸਰਕਾਰ ਨੂੰ 20 ਮਾਰਚ ੧੯੮੧ ਨੂੰ ਭੇਜੀ ਰੀਪੋਰਟ ਵਿਚ, ੧੫੦ ਕੂਕਿਆਂ ਦਾ ਮਾਈ ਅਤਰੀ ਮਾਈਸਰ ਖਾਨੇ ਵਾਲੀ, ਪੁੱਤਰੀ ਹਰਨਾਮ ਸਿੰਘ ਉਰਫ ਰਾਮ ਸਿੰਘ ਦੀ ਅਗੁਆਈ ਹੇਠ, ਲਾਟੋਂ ਦੀ ਢੱਕੀ ਵਿਚ, ਜਿਸ ਗੁਪਤ ਮੀਟਿੰਗ ਦੀ ਇਤਲਾਹ ਦਿੱਤੀ ਗਈ ਸੀ, ਉਸ ਦੇ ਆਯੋਜਕਾਂ ਵਿਚ ਡੇਰਾ ਭੈਣੀ ਸਾਹਿਬ ਦੇ ਹੋਰ ਮੁਖੀ ਪਰਬੰਧਕਾਂ ਦੇ ਨਾਲ ਹੀ ਗੁਰਦਿਤ ਸਿੰਘ ਮਹੰਤ ਵੀ ਸ਼ਾਮਲ ਸਨ ਜਿਹਨਾਂ ਨੂੰ ਕੋਈ ਨਵੀਂ ਛੇੜ ਛੇੜਨ ਦਾ ਦੋਸ਼ੀ ਪਾਇਆ ਗਿਆ ਸੀ। ਮਾਈ ਅਤਰੀ ਅਤੇ ਕੁਝ ਜ਼ਿੰਮੇਵਾਰ ਸੂਬਿਆਂ ਸਣੇ ਮਾਲਵੇ ਦੇ ੩੮ ਉੱਘੇ ਕੂਕੇ, ਇਸ ਸਮੇਂ ਗ੍ਰਿਫਤਾਰ ਕੀਤੇ ਗਏ ਸਨ। ਗੁਰੂ ਰਾਮ ਸਿੰਘ ਅਤੇ ਗੁਰੂ ਹਰੀ ਸਿੰਘ (ਬਾਬਾ ਬੁੱਧ ਸਿੰਘ) ਹੋਰਾਂ ਦੇ ਡੇਰੇ ਭੈਣੀ ਸਾਹਿਬ ਤੋਂ ਇਤਨੀ ਨਜ਼ਦੀਕ ਮਸਾਂ ਇਕ ਡੇਢ ਕਿਲੋਮੀਟਰ ਤੇ, ਇਕ ਮੀਟਿੰਗ ਹੋਣ ਦਾ ਸਰਕਾਰ ਨੇ ਗੰਭੀਰ ਨੋਟਿਸ ਲਿਆ। ਮਾਈ ਅਤਰੀ ਪਾਸੋਂ ਸਤਿਗੁਰੂ ਰਾਮ ਸਿੰਘ ਜੀ ਵੱਲੋਂ ਆਏ ਹੁਕਮਨਾਮੇ ਬਰਾਮਦ ਹੋਣ ਤੇ, ਭਾਰਤ ਸਰਕਾਰ ਨੇ ਮਰਗੋਈ ਵਿਖੇ ਉਹਨਾਂ ਦੇ ਨਿਵਾਸ ਤੇ ਪਹਿਰਾ ਅਤੇ ਸਖਤੀ ਹੋਰ ਵਧਾਉਣ ਲਈ ਕਿਹਾ ਤਾਂ ਜੁ ਉਹਨਾਂ ਦਾ ਪੰਜਾਬ ਵਿਚਲੇ ਕੂਕਿਆਂ ਨਾਲ, ਪੱਤਰ ਵਿਹਾਰ ਮੁਕੰਮਲ ਤੌਰ ਤੇ ਰੋਕਿਆ ਜਾ ਸੱਕੇ। ਭੈਣੀ ਸਾਹਿਬ ਦੀ ਪੁਲੀਸ ਚੌਕੀ ਦੀ ਨਫਰੀ ਨੂੰਵੀ ਉਹ ਕੂਕਿਆਂ ਦੇ ਕਿਸੇ ਸੰਭਾਵੀ ਖਤਰੇ ਨਾਲ ਨਜਿੱਠਣ ਲਈ, ਨਾਕਾਫੀ ਦੱਸ ਰਿਹਾ ਹੈ। ਇੱਥੋਂ ਸੱਤ ਮੀਲ ਦੂਰ ਸਾਹਨੇਵਾਲ ਥਾਣੇ ਵਿਚ ਵੀ ਦਿਨ ਦੇ ਸਮੇਂ, ਸਿਰਫ ਚਾਰ ਕੁ ਸਿਪਾਹੀ ਹਾਜ਼ਰ ਹੋਣੇ ਬਾਕੀ ਕੰਮਾਂ ਕਾਰਾਂ ਵਿਚ ਗਏ ਹੋਣ ਤਾਂ ਵਾਰਬਰਟਨ ਲਿਖ ਰਿਹਾ ਹੈ ਕਿ ਕੂਕਿਆਂ ਦਾ ਕੱਟੜਵਾਦ ਕਿਸੇ ਵੀ ਸਮੇਂ ਉਬਾਲਾ ਖਾ ਸਕਦਾ ਹੈ ਅਤੇ ਜੇ ਉਹਨਾਂ ਸੁਖ ਨਿਧਾਨ ਦੀਆਂ ਸ਼ਹੀਦੀ ਦੇਗਾਂ ਵੀ ਛਕੀਆਂ ਹੋਣ ਤਾਂ ਮਾਮੂਲੀ ਉਕਸਾਵੇ ਤੇ ਵੀ ਉਹ ਹਿੰਸਾ ਤੇ ਉਤਾਰੂ ਹੋ ਸਕਦੇ ਹਨ। ਕੂਕਿਆਂ ਵਿਚ ਇਸ ਤਰ੍ਹਾਂ ਦੀ ਜੋਸ਼ੀਲੀ ਭਾਵਨਾ ਹੋਰ ਕਿਸੇ ਸਥਾਨ ਦੀ ਬਜਾਏ, ਭੈਣੀ (ਸਾਹਿਬ) ਦੇ ਨੇੜੇ ਆ ਕੇ ਹੋਰ ਪਰਬਲ ਹੋ ਜਾਂਦੀ ਹੈ, ਇਸ ਲਈ ਮੈਂ ਇਸ ਜਗ੍ਹਾ ਦੇ ਆਸ ਪਾਸ ਇਸ ਤਰ੍ਹਾਂ ਦੇ ਇਕੱਠ ਹੋਣ ਤੋਂ ਰੋਕਣ ਲਈ ਕਾਨੂੰਨੀ ਹੱਦ ਵਿਚ ਸੰਭਵ ਹਰ ਚਾਰਾ ਕਰਨ ਦੀ ਸਿਫਾਰਸ਼ ਕਰਾਂਗਾ। ਇਸੇ ਲਈ ਉਹ ੩੮ ਗ੍ਰਿਫਤਾਰ ਕੂਕਿਆਂ ਨੂੰ ਡੀ.ਸੀ. ਲੁਧਿਆਣਾ ਦੀ ਕਚਿਹਰੀ ਵਿਚ ਭੇਜ ਰਿਹਾ ਹੈ।[੭]

ਇਹ ਸੀ ਉਹ ਮਾਹੌਲ, ਉਹ ਸਮਾਂ ਜਿਸ ਵਿਚ ਭਾਈ ਗੁਰਦਿਤ ਸਿੰਘ ਮਹੰਤ ਜਿਹੇ ਸੂਰਮੇ ਗੁਰੂ ਕੇ ਲਾਲ, ਡੇਰਾ ਭੈਣੀ ਸਾਹਿਬ ਵਿਚ ਇਕ ਕਿਸਮ ਦੀ ਨੀਮ ਜਿਹਲ ਵਿਚ ਰਹਿ ਰਹੇ ਸਨ। ਜਿੱਥੇ ਆਏ ਦਿਨ ਪੁਲਿਸ ਦੇ ਛਾਪੇ ਪੈਂਦੇ ਸਨ ਕਿ ਡੇਰੇ ਵਿਚ ਮਨਜ਼ੂਰੀ ਤੋਂ ਵਧ ਸਿੰਘਾਂ ਤਾਂ ਨਹੀਂ ਆ ਗਏ। ਅੱਠਾਂ ਪਹਿਰਾ ਵਿਚ ੫-੧੦ ਦੀ ਸੀਮਿਤ ਗਿਣਤੀ

ਹੀ ਇੱਥੇ ਪਰਵੇਸ਼ ਪਾ ਸਕਦੀ ਸੀ। ਜਦੋਂ ਕਿਸੇ ਪੁਲੀਸ ਸਿਪਾਹੀ ਦਾ ਜਾਂ ਹੋਰ ਕਰਮਚਾਰੀ ਦਾ ਐਵੇਂ ਹੀ ਹਾਜ਼ਮਾ ਵਿਗੜ ਜਾਂਦਾ ਤਾਂ ਉਹ ਡੇਰੇ ਵਿਚ ਰਹਿਣ ਵਾਲੇ ਭਾਈ ਗੁਰਦਿਤ ਸਿੰਘ ਜਿਹੇ ਸਿੰਘਾਂ ਨਾਲ ਵੀ ਬਿਨਾ ਮਤਲਬ ਬਦਕਲਾਮੀ ਤੇ ਉਤਰ ਆਉਂਦੇ। ਭਾਈ ਸਾਹਿਬ ਐਸੇ ਚੜ੍ਹਦੀ ਕਲਾ ਵਾਲੇ ਸਿੰਘ ਸਨ ਕਿ, ਉਹ ਅਜਿਹੇ ਸਮੇਂ ਪਹਿਲਾਂ ਤਾਂ ਪ੍ਰੇਮ ਪੂਰਵਕ ਸਮਝਾਉਂਦੇ ਪਰ ਜੇ ਉਹ ਫਿਰ ਵੀ ਠੰਡਾ ਨਾ ਹੋਵੇ ਤਾਂ ਉਸਦਾ ਅੱਗਾ ਪਿੱਛਾ ਪੁਣਨ ਤੋਂ ਗੁਰੇਜ ਨਾ ਕਰਦੇ ਅਤੇ ਉਸ ਨੂੰ ਝਾੜ ਝੰਬ ਕੇ ਤਿਲਾਂ ਦੇ ਪੂਲਿਆਂ ਜਿਉਂ ਇਕ ਗੁੱਠੇ ਵੀ ਧੱਕ ਦਿੰਦੇ। ਬਲੀ, ਚੁਸਤ ਅਤੇ ਦਲੇਰ ਸਰੀਰ ਉਹਨਾਂ ਕੂਕਾ ਕਾਜ਼ ਨਮਿਤ ਹੀ ਰੱਖਿਆ ਸੀ। ਇਸ ਸਮੇਂ ਉਹਨਾਂ ਦੀ ਮਨੋਦਸ਼ਾ ਉਸ ਲੋਕ ਗੀਤ ਵਰਗੀ ਹੁੰਦੀ ਸੀ—

“ਲੇਖੇ ਲਾ ਮਿੱਤਰਾ,
ਜਿੰਦ ਕਿਹੜਿਆਂ ਕੰਮਾਂ ਨੂੰ ਪਾਲੀ”

ਕਿਸੇ ਵੀ ਕੌਮ ਦੀ ਤਕਦੀਰ ਘੜਨ ਵਿਚ, ਉਸਦੇ ਸਮਰਪਿਤ ਜਾਂਬਾਜ਼ਾਂ ਸੂਰਮਿਆਂ, ਸਿਰਲੱਥਾਂ ਦਾ ਅਨਮੋਲ ਯੋਗਦਾਨ ਹੁੰਦਾ ਹੈ। ਨਾਮਧਾਰੀ ਇਤਿਹਾਸ ਵਿਚ ਕਸ਼ਟਾਂ ਦੀ ਕੁਠਾਲੀ ਵਿਚੋਂ ਪਰਪੱਕ ਹੋ ਕੇ ਨਿਕਲਣ ਵਾਲੇ ਮਹੰਤ ਸਾਹਿਬ ਜਿਹੇ ਜੁਝਾਰੂਆਂ ਦੀ ਕੋਈ ਕਮੀ ਨਹੀਂ। ਕੌਮ ਉਹਨਾਂ ਤੇ ਜਿਤਨਾ ਵੀ ਮਾਣ ਕਰੇ ਥੋਹੜਾ ਹੈ।

੧੯੦੧ ਈ. ਵਿਚ ਸ਼ੇਖੂਪੁਰਾ ਅਤੇ ਅੰਮ੍ਰਿਤਸਰ ਆਦਿ ਜ਼ਿਲ੍ਹਿਆਂ ਦੇ ਦੌਰੇ ਲਈ, ਗੁਰੂ ਹਰੀ ਸਿੰਘ ਜੀ ਨੂੰ, ਇਕ ਮਹੀਨੇ ਦੀ ਛੁੱਟੀ, ਸਰਕਾਰ ਨੇ ਦਿੱਤੀ। ਗੁਰੂ-ਪਰਿਵਾਰ ਵੀ ਸਾਥ ਸੀ। ਮਹੀਨਾ ਵੈਸਾਖ ਦਾ ਅਖੀਰ, ਜੇਠ ਦਾ ਚੜ੍ਹਾ ਸੀ। ਗਰਮੀ ਕਾਰਨ ਹੈਜ਼ੇ ਦਾ ਪਰਕੋਪ ਹੋਇਆ। ਲਾਹੌਰ ਤੋਂ ਰਾਜੇ ਜੰਗ ਆਸਲਾਂ ਆਦਿ ਪਿੰਡਾਂ ਥਾਣੀ ਚੀਮਾ, ਵਲਟੋਹੇ, ਮੱਖੀ, ਤਰਨਤਾਰਨ ਤੋਂ, ਅੰਮ੍ਰਿਤਸਰ ਅੱਪੜੇ। ਸਤਿਗੁਰੂ ਜੀ ਵੀ ਹੈਜ਼ੇ ਦੀ ਪਕੜ ਵਿਚ ਆਏ। ਆਸਲਾਂ ਪਿੰਡ ਵਿਚ (ਮਹਾਰਾਜ) ਨਿਹਾਲ ਸਿੰਘ ਜੀ ਜੋ ੯ ਕੁ ਸਾਲ ਦੇ ਸਨ, ਉਹਨਾਂ ਨੂੰ ਵੀ ਹੈਜ਼ਾ ਹੋ ਗਿਆ। “ਨਿਹਾਲ ਸਿੰਘ ਕੋ ਮਹੰਤ ਗੁਰਦਿਤ ਸਿੰਘ ਰਾਮਦਾਸਪੁਰੇ ਸਾਹਿਬ ਲੈ ਆਏ। ਦੋ ਭੋਗ ਅਖੰਡ ਪਾਏ। ਨਿਹਾਲ ਸਿੰਘ ਜੀ ਰਾਜੀ ਹੋਏ।”[10] ਸਮੇਂ ਸਮੇਂ ਹੋਰ ਵੀ ਕਈ ਰੋਗੀਆਂ ਦੇ ਕਸ਼ਟ ਕੱਟਣ ਲਈ ਮਹੰਤ ਗੁਰਦਿਤ ਸਿੰਘ ਗੁਰੂ ਹਰੀ ਸਿੰਘ ਨੂੰ ਬਿਨੈ ਕਰਿਆ ਕਰਦੇ।” ਕੁਰਕੀ ਭੈਣੀ ਸਾਹਿਬ ਦਾ ਨਿਕਟ ਗੁਆਂਢੀ ਪਿੰਡ, ਜਿਸਨੂੰ ਛੋਟੀ ਕਟਾਣੀ ਵੀ ਆਖਦੇ ਹਨ ਵਾਲੇ ਸਿੰਘ ਦਾ ਲੜਕਾ ਬੀਮਾਰ ਹੋਇਆ, ਪਲੇਗ ਸੀ। ਮਰਨ ਵਾਲਾ ਹੋਇ ਗਿਆ। ਗੁਰਦਿਤ ਸਿੰਘ ਨੇ ਗੁਰੂ ਜੀ ਪਾਸ ਅਰਜ ਕੀਤੀ ਜੀ ਅੰਨ ਪਾਣੀ ਨਹੀਂ ਲੰਘਦਾ। ਨਾਉਂ ਲਿਆ ਲੜਕੇ ਦਾ (ਭਗਵਾਨ ਸਿੰਘ ਨਾਮ ਸੀ), ਜਲ ਕੀ ਕੌਲੀ ਮੰਗਵਾਇਕੇ ਪ੍ਰਸਾਦ ਕਰਕੇ ਦੇ ਦੀਆ। ਬਚਨ ਹੋਇਆ ਏਹ ਲੜਕੇ ਕੋ ਦੇ ਦਿਓ ਰਾਜੀ ਹੋਵੇਗਾ। ਜਾਂ ਜਾਇਕੇ ਜਲ ਮੂੰਹ ਲਾਇਆ ਮੁੰਡੇ ਨੇ ਨੇਤਰ ਖੋਹਲ ਲਏ .... ਸਾਰਾ ਟੱਬਰ ਏਹੋ ਕਹੇ ਕਿ ਧੰਨ ਗੁਰੂ ਹੈ। ਮਿਰਤਕ ਕਉ ਜੀਵਾਲਨ ਹਾਰ (ਭੂਖੇ ਕਉ ਦੇਵਤ ਅਧਾਰ ॥)”[11]

੧੯੯੫ ਈ. ਦੀ ਮਾਘੀ ਦੇ ਮੇਲੇ ਤੇ ਮੁਕਤਸਰ ਗੁਰੂ ਹਰੀ ਸਿੰਘ ਜੀ ਨੇ ਦਰਸ਼ਨ ਦਿੱਤੇ ਸਨ। ਦੌਰੇ ਸਮੇਂ ਸਤਿਗੁਰੂ ਜੀ ਨੇ ਮਾਲਵੇ ਦੇ ਪਿੰਡਾਂ ਵਿਚ ਕੂਕੇ ਸਿੰਘ ਦੇ ਘਰਾਂ

ਵਿਚ ਚਰਨ ਪਾਏ ਸਨ। ਡੇਰਾ ਭੈਣੀ ਸਾਹਿਬ ਦੇ ਜ਼ਿੰਮੇਵਾਰ ਸੰਤਾਂ ਮਹੰਤਾਂ ਸਮੇਤ ਮਹੰਤ ਗੁਰਦਿਤ ਸਿੰਘ ਵੀ ਇਸ ਦੌਰੇ ਵਿਚ ਸਨ। ਸਤਿਗੁਰੂ ਪ੍ਰਤਾਪ ਸਿੰਘ ਜਿਹਨਾਂ ਦੀ ਆਯੂ ਪੌਣੇ ਪੰਜ ਸਾਲ ਸੀ ਵੀ ਇਹਸਾਰਾ ਦੌਰਾ ਸਤਿਗੁਰੂ ਜੀ ਦੇ ਨਾਲ ਰਹਿ ਕੇ ਵੇਖਿਆ ਸੀ। ਸੰਨ ੧੯੫੫-੫੬ ਈ. ਵਿਚ ਕਿਸੇ ਸਮੇਂ, ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਗੁਰੂ ਹਰੀ ਸਿੰਘ ਦੇ ਦੌਰਿਆਂ ਦੇ ਸੰਸਮਰਣ ਇਕ ਰੀਕਾਰਡਿੰਗ ਮਸ਼ੀਨ ਵਿਚ ਉਦੋਂ ਦੇ ਵੱਡੇ ਬਾਬਾ ਜੀ (ਸਤਿਗੁਰੂ ਜਗਜੀਤ ਸਿੰਘ) ਨੇ ਰੀਕਾਰਡ ਕੀਤੇ ਹਨ, ਉਹਨਾਂ ਵਿਚ ਮਹੰਤ ਜੀ ਦਾ ਜ਼ਿਕਰ ਵੀ ਦਰਜ ਹੈ—

"ਉਥੋਂ (ਮੁਕਤਸਰੋਂ) ਤੁਰ ਕੇ ਅਸੀਂ ਫੂਲੇਵਾਲੇ ਨੂੰ ਗਏ ਹਾਂ। ਇਹ ਮੈਨੂੰ ਨਹੀਂ ਪਤਾ ਕਿ ਫੂਲੇਵਾਲੀ ਲੰਗਰ ਹੋਇਆ ਹੈ ਕਿ ਨਹੀਂ। ਫਿਰ ਮੈਂ ਘੋੜੇ ਤੇ ਚੜ੍ਹਨ ਲੱਗ ਪਿਆ ਬਸੰਤ ਸਿੰਘ ਹੁਰਾਂ ਦੇ ਨਾਲ। ਖਮਾਣੋਂ ਤੋਂ ਘੋੜਾ ਆਇਆ ਸੀ ਸੁਰੰਗ ਜਿਹੇ ਰੰਗ ਦਾ, ਗਿੱਟੇ ਉਹਦੇ ਜ਼ਰਾ ਖਰਾਬ ਜਿਹੇ ਸਨ। ਜਿਦਣ ਫੂਲੇ ਵਾਲੀ ਤੋਂ ਚੱਲ ਕੇ ਡਬੜਿਆਂ ਨੂੰ ਤੁਰੇ, ਰਸਤੇ ਵਿਚ ਪੈਲੀ ਪੁੱਟੀ ਹੋਈ ਸੀ। ਉਹਦੇ ਵਿਚ ਫਿਰ ਗੁਰੂ ਹਰੀ ਸਿੰਘ ਜੀ ਵਾਲੀ ਘੋੜੀ ਵੀ ਖੁੱਭ ਗਈ ਸੀ-ਸਾਰੇ ਘੋੜੇ। ਚੀਨਾ ਘੋੜਾ ਮਹੰਤ ਗੁਰਦਿੱਤ ਸਿੰਘ ਹੇਠ ਹੁੰਦਾ ਸੀ। ਉਹ ਮਹੰਤ ਦਾ ਮੈਨੂੰ ਚਾਨਣੀ ਜੁੱਤੀ ਦਾ ਪੈਰ ਯਾਦ ਹੈ ਬਈ, ਉੱਥੇ ਲੱਥਾ ਪਿਆ ਸੀ, ਤੇ ਘੋੜਾ ਖੁਭ ਗਿਆ ਸੀ। ਅਸੀਂ ਜ਼ਰਾ ਕੁ ਪਿੱਛੇ ਸਾਂ। ਥੋੜ੍ਹਾ ਥੋੜ੍ਹਾ, ਗਿੱਟੇ ਗਿੱਟੇ ਘੋੜਾ ਖੁਭਿਆ ਸੀ ਤੇ ਅਸੀਂ ਪਿੱਛੇ ਮੋੜ ਲਿਆਏ ਹਾਂ। ਬੜੇ ਔਖੇ ਹੋ ਕੇ ਉਥੋਂ ਘੋੜੇ ਲੰਘੇ ਸਨ।"[12]

੧੭ ਮਈ ੧੯੦੬ ਈ. ਨੂੰ ਗੁਰੂ ਹਰੀ ਸਿੰਘ ਜੀ ਸ੍ਰੀ ਭੈਣੀ ਸਾਹਿਬ ਵਿਖੇ ਜੋਤੀ ਜੋਤਿ ਸਮਾ ਗਏ ਸਨ। ਇਸ ਤੋਂ ਕੁਝ ਦਿਨ ਪਹਿਲਾਂ ਦੀ ਵਾਰਤਾ ਵੀ ਬਾਹੋਵਾਲ ਜੀ ਨੇ ਮਹੰਤ ਸਾਹਿਬ ਨਾਲ ਸਬੰਧਿਤ ਆਪਣੇ ਇਤਿਹਾਸਕ ਗ੍ਰੰਥ ਵਿਚ ਦਰਜ ਕੀਤੀ ਹੈ, ਜਿਸ ਵਿਚੋਂ ਗੁਰੂ ਹਰੀ ਸਿੰਘ ਜੀ ਦਾ ਆਪ ਪ੍ਰਥਾਇ ਆਪ ਦੇ ਸੇਵਾ ਭਾਵ ਅਤੇ ਸਮਰਪਣ ਸਦਕਾ, ਬਹੁਤ ਪਿਆਰ ਝਲਕਦਾ ਹੈ। ਉਹਨਾਂ ਦੇ ਕੰਮ ਸਦਕਾ ਮਹੰਤ ਜੀ ਦਾ ਆਦਰ ਮਾਣ ਗੁਰੂ ਘਰ ਵਿਚ ਗੁਰੂ ਹਰੀ ਸਿੰਘ ਜੀ ਤੋਂ ਬਾਅਦ ਵੀ 21-22 ਸਾਲ ਸਰੀਰ ਛੱਡਣ ਤੱਕ ਬਣਿਆ ਰਿਹਾ। "ਮਹੰਤ ਸਿੰਘਾਂ ਨਾਲ ਲੜਕੇ ਕਹਿਣ ਲੱਗਾ ਜੀ ਮੈਨੂੰ ਰੁਖਸਦ ਦਿਓ ਚਲਾ ਜਾਵਾਂ, ਮੈਥੋਂ ਨਹੀਂ ਏਨਾਂ ਨਾਲ ਕਟੀ ਜਾਂਦੀ ਹੈ। ਏ ਦਾੜ੍ਹੀ ਪੱਟਣ ਨੂੰ ਔਂਦੇ ਹੈ। ਗੁਰੂ ਜੀ ਬਚਨ ਕੀਤਾ ਮਹੰਤਾ ਮੈਂ ਤਾਂ ਨਹੀਂ ਕਹਿੰਦਾ ਕਿ ਤੂੰ ਚਲਾ ਜਾ, ਅਸੀਂ ਥੋੜ੍ਹੇ ਦਿਨ ਹੈ। ਤੁਸੀਂ ਕਿਤੇ ਨਾ ਜਾਓ। ਜਿਤਨਾ ਚਿਰ ਅਸੀਂ ਹੈ ਓਨਾ ਚਿਰ ਰਹੋ। ਫੇਰ ਧੁਆਡੀ ਖੁਸ਼ੀ ਰਹੀ।"[13]

ਗੁਰੂ ਹਰੀ ਸਿੰਘ ਜੀ ਦੇ ਬਾਅਦ ਜਦੋਂ ਨਾਮਧਾਰੀ ਪੰਥ ਦੀ ਦਸਤਾਰ, ਯੁਵਾ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਬੰਧਾਈ ਗਈ ਤਾਂ ਡੇਰੇ ਦੇ ਅਤੇ ਨਾਮਧਾਰੀ ਸਮੁਦਾਇ ਦੇ ਹਾਜ਼ਰ ਜ਼ਿੰਮੇਵਾਰ ਕੁਝ ਕੁ ਸੱਜਣਾਂ ਵਿਚ, ਮਹੰਤ ਜੀ ਵੀ ਸ਼ਾਮਲ ਸਨ। "ਤੀਜੇ ਦਿਨ ਸਤਿਗੁਰੂ ਹਰੀ ਸਿੰਘ ਜੀ ਦੇ ਚੁਬਾਰੇ ਮੈਂ ਬੀਰ ਸਿੰਘ, ਨਰੈਣ ਸਿੰਘ ਰੋਡੇ, ਗੁਰਦਿਤ ਸਿੰਘ,

ਹਜਾਰਾ ਸਿੰਘ ਅਰ ਮਾਈ ਜੀਉਣ ਕੌਰ ਸਭ ਨੇ ਅਰਦਾਸ ਕਰ ਸਤਿਗੁਰੂ ਪ੍ਰਤਾਪ ਸਿੰਘ ਜੀ ਕੋ ਦਸਤਾਰ ਬੰਧਾਈ।"[14]

ਅੱਸੂ ਦੀ ਪੂਰਨਮਾਸ਼ੀ ੧੯੭੧ ਬਿਕਰਮੀ ਮੁਤਾਬਿਕ ੧੯੧੪ ਈਸਵੀ ਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਛੋਟੇ ਭਰਾਤਾ, ਮਹਾਰਾਜ ਨਿਹਾਲ ਸਿੰਘ ਜੀ ਦਾ ਅਨੰਦ ਕਾਰਜ, ਲਾਹੌਰ ਦੇ ਪ੍ਰਸਿੱਧ ਕੂਕਾ ਆਗੂ ਬਾਬਾ ਧਿਆਨ ਸਿੰਘ ਜੀ ਪੱਥਰਾਂ ਵਾਲੇ ਦੀ ਸਪੁੱਤਰੀ ਬੀਬੀ ਸਤਵੰਤ ਕੌਰ ਨਾਲ ਲਾਹੌਰ ਵਿਚ ਹੋਇਆ ਸੀ। ਇਸੇ ਅੱਸੂ ਤੋਂ ਬਾਅਦ ਜਿਹੜਾ ਪੋਹ ਦਾ ਮਹੀਨਾ ਆਇਆ ਸੀ ਉਸ ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਅਨੰਦ ਕਾਰਜ ਫੀਰੋਜ਼ਪੁਰ ਜ਼ਿਲ੍ਹੇ ਦੇ ਪਿੰਡ ਗੁਰੂ ਸਰ (ਗੱਦਾਂ ਡੋਬ) ਦੇ ਸ. ਸੁੰਦਰ ਸਿੰਘ ਸੋਹੂ ਦੀ ਸੁਪੱਤਰੀ ਬੀਬੀ ਭੁਪਿੰਦਰ ਕੌਰ ਜੀ ਨਾਲ ਹੋਇਆ ਸੀ। ਮਾਤਾ ਜੀਵਨ ਕੌਰ ਜੀ ਦੋਹਾਂ ਅਨੰਦ ਕਾਰਜਾਂ ਦੇ ਸ਼ੁਭ ਸਮੇਂ, ਡੇਰਾ ਸ੍ਰੀ ਭੈਣੀ ਸਾਹਿਬ ਵਿਚ ਰਹਿਣ ਵਾਲੇ ਜਿਹਨਾਂ ਪੁਰਾਤਨ ਸਿੰਘਾਂ ਨੂੰ ਨਾਲ ਲੈ ਕੇ ਲਾਹੌਰ ਅਤੇ ਗੁਰੂਸਰ ਗਏ ਸਨ ਉਹਨਾਂ ਵਿਚ ਮਹੰਤ ਜੀ ਵੀ ਸ਼ਾਮਲ ਸਨ। ਸਤਿਗੁਰੂ ਪਰਤਾਪ ਸਿੰਘ ਜੀ ਦੇ ਸਮੇਂ ਮਾਸਟਰ ਬਲਵੰਤ ਸਿੰਘ ਗੁਰੂ ਕੇ ਖਜ਼ਾਨਚੀ ਦੇ ਰੋਜ਼ਾਨਾ ਖਾਤੇ ਵਿੱਚ ਆਪ ਦੇ ਨਾ ਇੰਦਰਾਜ ਮਿਤੀ 12 ਮਾਰਚ 1926 ਨੂੰ 20 ਰੁਪੈ ਪੇਸ਼ਗੀ ਲੈਣ ਦਾ ਦਰਜ਼ ਹੈ। ਆਪ ਜੀ ਦਾ ਅਕਾਲ ਚਲਾਣਾ ੧੯੨੭ ਈ. ਵਿਚ ਸ੍ਰੀ ਭੈਣੀ ਸਾਹਿਬ ਵਿਖੇ ਹੋਇਆ ਸੀ। ਮਹੰਤ ਜੀ ਸਾਰੀ ਉਮਰ ਸਤਿਗੁਰੂ ਰਾਮ ਸਿੰਘ ਜੀ ਅਤੇ ਗੁਰੂ ਹਰੀ ਸਿੰਘ ਜੀ ਦੇ ਸਨੇਹ ਪਾਸ਼ ਵਿਚ ਬੱਝ ਕੇ ਆਪਣੇ ਪੰਥ ਦੇ ਪ੍ਰਚਾਰ ਪ੍ਰਸਾਰ ਨੂੰ ਸਮਰਪਿਤ ਰਹਿਣ ਵਾਲੇ ਬਿਹੰਗਮ ਸਿੰਘ ਹੀ ਸਨ। ਉਹਨਾਂ ਦੇ ਘਰ ਪਰਿਵਾਰ ਜਾਂ ਹੋਰਨਾਂ ਸਬੰਧੀ ਕੋਈ ਜਾਣਕਾਰੀ ਉਪਲਬਧ ਨਹੀਂ। ਮਾਲੂਮ ਹੁੰਦਾ ਹੈ ਕਿ ਉਹ ਅਵਿਵਾਹਿਤ ਹੀ ਡੇਰੇ ਵਿਚ ਆ ਗਏ ਸਨ। ਸਤਿਗੁਰੂ ਵਿਯੋਗ ਉਹਨਾਂ ਤੇ ਇਸ ਕਦਰ ਭਾਰੂ ਰਿਹਾ ਕਿ ਉਹਨਾਂ ਨੂੰ ਆਪਣਾ ਘਰ ਪਰਿਵਾਰ ਵਸਾਉਣ ਦਾ ਕਦੇ ਫੁਰਨਾ ਹੀ ਨਾ ਫੁਰਿਆ। ਸਤਿਗੁਰੂ ਜੀ ਦਾ ਸੰਗਤਾਂ ਤੋਂ ਵਿਛੋੜਾ, ਜਿਸਦੇ ਉਹ ਪਰਤੱਖ-ਦਰਸ਼ੀ ਸਨ, ਮਹੰਤ ਜੀ ਨੂੰ ਉਮਰ ਭਰ ਸੇਜਲ ਨੇਤਰਾਂ ਨਾਲ ਰਹਿਣ ਦਾ ਕਾਰਨ ਬਣਿਆ। ਗੱਡੇ ਤੇ ਬਹਿ ਕੇ ਜਾਣ ਵਾਲੇ ਉਸ ਚੀਨੀ ਵਾਲੇ ਮਾਹੀ ਦੀ ਕਾਲੀ ਕੰਬਲੀ ਓਹੜੀ ਮੂਰਤੀ, ਸਦਾ ਉਹਨਾਂ ਦੇ ਚੇਤਿਆਂ ਵਿਚ ਵੱਸਦੀ ਰਹੀ। ਸਮੂਹ ਰਾਮ ਵਿਓਗੀਆਂ ਨੂੰ ਜਦੋਂ ਉਹ ਦੇਸ਼ ਨਿਕਾਲੇ ਦੀ ਸਾਖੀ ਸੁਣਦੇ ਜਾਂ ਪੜ੍ਹਦੇ ਸਨ, ਭਾਈ ਗੁਰਦਿਤ ਸਿੰਘ ਮੋਰੋਂ ਵੀ ਇਕ ਵਾਰ ਅਵੱਸ਼ ਯਾਦ ਆਉਂਦਾ ਸੀ।

ਸ੍ਰੀ ਰਾਮ ਚੰਦਰ ਨੂੰ ਸੀਤਾ ਜੀ ਅਤੇ ਲਛਮਣ ਜੀ ਦੇ ਸਾਥ, ਬਨਵਾਸ ਸਮੇਂ ਜੰਗਲ ਵਿਚ ਛੱਡ ਕੇ, ਵਾਪਸ ਪਰਤਣ ਵਾਲੇ ਰਥ ਦੇ ਸਾਰਥੀ, ਸੁਮੰਤ ਜੀ ਦੀ ਦਸ਼ਾ ਦਾ ਵਰਣਨ ਕਰਦੇ ਹੋਏ ਗੋਸਾਈਂ ਤੁਲਸੀ ਦਾਸ ਜੀ, ਰਾਮ ਚਰਿਤ ਮਾਨਸ ਵਿਚ ਲਿਖਦੇ ਹਨ ਕਿ ਵਿਆਕੁਲ ਅਤੇ ਦੁਖੀ ਹੋਈ ਸੁਮੰਤ ਜੀ ਸੋਚਦੇ ਹਨ ਕਿ ਸ੍ਰੀ ਰਘੁਬੀਰ ਦੇ ਬਿਨਾਂ ਜਿਊਣਾ ਧ੍ਰਿਗ ਹੈ। ਆਖਿਰ ਇਸ ਨਾਸਵਾਨ ਸਰੀਰ ਨੇ ਰਹਿਣਾ ਤਾਂ ਹੈ ਹੀ ਨਹੀਂ। ਚੰਗਾ ਸੀ ਕਿ ਇਹ ਰਾਮ ਜੀ ਤੋਂ ਵਿਛੜਦਿਆਂ ਹੀ ਬਿਨਸ ਕੇ, ਜੱਸ ਖੱਟ ਜਾਂਦਾ—

"ਸੋਚ ਸੁਮੰਤਰ ਬਿਕਲ ਦੁਖ ਦੀਨਾ।
ਧਿਗ ਜੀਵਨ ਰਘੁਬੀਰ ਬਿਹੀਨਾ।
ਰਹਹਿ ਨ ਅੰਤਹੁੰ ਅਧਮ ਸਰੀਰੂ।
ਜਸੁ ਨ ਲਹੇਉ ਬਿਛੁਰਤ ਰਘੁਬੀਰੂ।"

ਇਸੇ ਸਥਿਤੀ ਦਾ, ਇਸੇ ਮਨੋਦਸ਼ਾ ਦਾ, ਭੁਗਤ ਭੋਗੀ ਸੀ ਮਹੰਤ ਗੁਰਦਿਤ ਸਿੰਘ ਮੋਰੋਂ। ਮਹੰਤ ਜੀ ਕੂਕਿਆਂ ਦੇ ਸੁਮੰਤ ਹੀ ਤਾਂ ਸਨ।

## ਹਵਾਲੇ ਅਤੇ ਟਿਪਣੀਆਂ


1. ਸਤਿਗੁਰੂ ਬਿਲਾਸ ਭਾਗ ਪਹਿਲਾ, ਭਾਈ ਸੰਤੋਖ ਸਿੰਘ 'ਬਾਹੋਵਾਲ', (ਸੰ. ਜਸਵਿੰਦਰ ਸਿੰਘ) ੨੦੦੨, ਨਾਮਧਾਰੀ ਦਰਬਾਰ, ਸ੍ਰੀ ਭੈਣੀ ਸਾਹਿਬ, ਸਫਾ ੪੮੧-੮੪
2. ਸੰਤ ਖਾਲਸਾ, ਹਰਨਾਮ ਸਿੰਘ ਬਗਲੀ ਵਾਲਾ, ੧੯੫੮. ਦੂਜੀ ਛਾਪ, ਅੰਮ੍ਰਿਤਸਰ ਸਫਾ ੫੨-੫੩
3. ਸਤਿਜੁਗ ਦਾ ਬਸੰਤ ਅੰਕ, ੧੨ ਮਾਘ ੧੯੯੪ ਬਿ. ਸ੍ਰੀ ਭੈਣੀ ਸਾਹਿਬ, "ਨਾਮਧਾਰੀ ਇਤਿਹਾਸ ਦੇ ਕੁਝ ਪੱਤਰੇ-ਸ੍ਰੀ ਮਾਤਾ ਜੀਵਨ ਕੌਰ ਜੀ ਦੀ ਰਸਨਾ ਤੋਂ", ਸ. ਅਵਤਾਰ ਸਿੰਘ ਆਜ਼ਾਦ ਦੀ ਕਲਮ ਤੋਂ, ਸਫਾ ੧੬੯-੭੨
4. ਕੂਕਾਜ਼ ਆਫ ਨੋਟ ਇਨ ਦਾ ਪੰਜਾਬ-੧੮੮੧, (ਸੰ. ਜਸਵਿੰਦਰ ਸਿੰਘ), ੧੯੮੫, ਦਿਲੀ ਸਫਾ ੩੦-੩੧
5. ਸਤਿਜੁਗ ਦਾ ਗੁਰੂ ਹਰੀ ਸਿੰਘ ਅੰਕ, ੨੫ ਭਾਦਰੋਂ ੨੦੨੨ ਬਿ. ਸ੍ਰੀ ਜੀਵਨ ਨਗਰ, ਪ੍ਰੀਤਮ ਸਿੰਘ 'ਕਵੀ' ਦਾ ਲੇਖ-'ਵਿਰਸੇ ਵਿਚ ਮਿਲਿਆ ਸ੍ਰੀ ਭੈਣੀ ਸਾਹਿਬ', ਸਫਾ ੮੮
6. ਉਹੀ, ਪ੍ਰੀਤਮ ਸਿੰਘ ਕਵੀ ਦਾ ਲੇਖ—"ਗੁਰੂ ਹਰੀ ਸਿੰਘ ਜੀ ਦਾ ਨਿਤ ਕਰਮ", ਸਫਾ ੫੨
7. ਸਤਿਗੁਰੂ ਬਿਲਾਸ, ਭਾਗ ਦੂਜਾ, ਸੰਤੋਖ ਸਿੰਘ ਬਾਹੋਵਾਲ (ਸੰ. ਜਸਵਿੰਦਰ ਸਿੰਘ), ੨੦੦੫, ਸ੍ਰੀ ਭੈਣੀ ਸਾਹਿਬ ਸਫਾ ੫੨
8. ਉਹੀ, ਸਫਾ ੮੨-੮੩
9. ਰੀਬੈਲਜ਼ ਅਗੇਂਸਟ ਦਾ ਬ੍ਰਿਟਿਸ਼ ਰੂਲ, (ਸੰ. ਨਾਹਰ ਸਿੰਘ ਕਿਰਪਾਲ ਸਿੰਘ), ੧੯੮੯, ਦਿੱਲੀ, ਸਫਾ ੭੧੫-੧੯
10. ਸਤਿਗੁਰੂ ਬਿਲਾਸ ਭਾਗ ਦੂਜਾ, ਸਫਾ ੨੬੧-੬੨
11. ਉਹੀ, ਸਫਾ ੨੭੨
12. ਲਾਲ ਏਹਿ ਰਤਨ ਭਾਗ ਪੰਜਵਾਂ (ਉਪਦੇਸ਼ ਸਤਿਗੁਰੂ ਪ੍ਰਤਾਪ ਸਿੰਘ) (ਸੰ. ਬੀਬੀ ਬੇਅੰਤ ਕੌਰ), ੨੦੦੪, ਸ੍ਰੀ ਭੈਣੀ ਸਾਹਿਬ ਸਫਾ ੬੩-੬੪
13. ਸਤਿਗੁਰੂ ਬਿਲਾਸ ਭਾਗ ਦੂਜਾ, ਸਫਾ ੩੯੬
14. ਉਹੀ, ਸਫਾ ੪੦੦

# ਸੰਤ ਖਾਲਸੇ ਦਾ ਮੋਢੀ ਕੀਰਤਨੀਆ—ਭਾਈ ਦਿੱਤੂ ਰਬਾਬੀ ਉਰਫ ਗੁਰਦਿਤ ਸਿੰਘ ਰਾਗੀ

ਸਿੱਖ ਪੰਥ ਦੇ ਮੋਢੀ, ਸ੍ਰੀ ਗੁਰੂ ਨਾਨਕ ਪਾਤਸ਼ਾਹ ਦੇ ਨਾਮ ਨਾਲ ਜਿਹੜਾ ਦੂਸਰਾ ਨਾਮ, ਪਰਛਾਵੇਂ ਵਾਂਗ ਜੁੜਿਆ ਰਿਹਾ ਹੈ ਉਹ ਹੈ ਭਾਈ ਮਰਦਾਨੇ ਦਾ ਨਾਮ। ਸਿੱਖ ਕੀਰਤਨ ਪਰੰਪਰਾ ਜਾਂ ਗੁਰਮਤਿ ਸੰਗੀਤ ਪਰਣਾਲੀ ਦਾ ਮੋਢੀ ਭਾਈ ਮਰਦਾਨਾ ਹੈ। ਭਾਈ ਮਰਦਾਨੇ ਨੂੰ ਵਿਸ਼ਵ ਭਰਮਣ ਤੇ ਜਾਣ ਸਮੇਂ, ਗੁਰੂ ਬਾਬਾ ਉਸ ਲਈ ਵਜਾਉਣ ਵਾਲਾ ਸਾਜ਼ ਪਹਿਲਾਂ ਮੰਗਵਾਉਂਦੇ ਹਨ ਫਿਰ ਜਦੋਂ ਵਿਸਮਾਦ ਦੀ ਅਵਸਥਾ ਵਿਚ ਆਉਂਦੇ ਹਨ ਤਾਂ ਕਹਿੰਦੇ ਹਨ—"ਮਰਦਾਨਿਆ, ਵਜਾ ਰਬਾਬ, ਬਾਣੀ ਆਈ ਊ!" ਮਰਦਾਨੇ ਦਾ ਜ਼ਿਕਰ ਭਾਈ ਗੁਰਦਾਸ ਆਪਣੀ ਰਚਨਾ ਵਿਚ ਬੜੇ ਮਾਣ ਨਾਲ ਕਰਦੇ ਹਨ—

"ਬਾਬਾ ਗਿਆ ਬਗਦਾਦ ਨੂੰ ਬਾਹਰ ਜਾਇ ਕੀਆ ਅਸਥਾਨਾ।
ਇਕੁ ਬਾਬਾ ਅਕਾਲ ਰੂਪ ਦੂਜਾ ਰਬਾਬੀ ਮਰਦਾਨਾ।"

ਗੁਰੂ ਨਾਨਕ ਜੀ ਦਾ ਸਾਰਾ ਉਪਦੇਸ਼ ਬਾਣੀ ਵਿਚ ਕਾਵਿ ਬੱਧ ਹੈ। ਬਾਬੇ ਦੀ ਸਾਰੀ ਬਾਣੀ ਰਾਗ ਬੱਧ ਹੈ। ਇਸ ਲਈ ਬਾਣੀ ਦਾ ਗਾਇਨ ਗੁਰੂ ਸਾਹਿਬ ਦੇ ਸਮੇਂ ਤੋਂ ਚੱਲ ਕੇ ਘਰ ਘਰ ਪਹੁੰਚ ਗਿਆ। ਭਾਈ ਗੁਰਦਾਸ ਫਿਰ ਕਹਿੰਦੇ ਹਨ—

"ਘਰ ਘਰ ਬਾਬਾ ਗਾਵੀਐ ਵੱਜਣ ਤਾਲ ਮ੍ਰਿਦੰਗ ਰਬਾਬਾ।"

ਗੁਰੂ ਦਰਬਾਰ ਨਾਲ ਭਾਈ ਮਰਦਾਨੇ ਕਿਆਂ ਦਾ ਇਕ ਅਟੁੱਟ ਰਿਸ਼ਤਾ ਹੈ। ਪੰਜਾਬ ਵਿਚ ਪੁਰਾਣੇ ਸਮੇਂ ਤੋਂ ਸੰਗੀਤ, ਮਰਾਸੀਆਂ, ਡੂੰਮਾਂ ਦੇ ਪਰਿਵਾਰ ਵਿਚ ਚੱਲਿਆ ਆਉਂਦਾ ਸੀ। ਇਸ ਲਈ ਮੁਹਾਵਰਾ ਵੀ ਹੈ ਕਿ ਮਰਾਸੀ ਦਾ ਪੁੱਤਰ ਜੇ ਰੋਏਗਾ ਤਾਂ ਵੀ ਰਾਗ ਵਿਚ। ਕਿਉਂਕਿ ਇਹਨਾਂ ਦਾ ਪਰਮੁਖ ਸਾਜ਼ ਰਬਾਬ ਹੁੰਦਾ ਸੀ ਇਸ ਲਈ ਇਹਨਾਂ ਕੀਰਤਨੀਆਂ ਨੂੰ ਗੁਰੂ ਕੇ ਰਬਾਬੀ ਵੀ ਕਿਹਾ ਜਾਂਦਾ ਸੀ। ਸਤਿਗੁਰੂ ਰਾਮ ਸਿੰਘ ਜੀ ਨੇ ਆਪਣੇ ਸਮੇਂ ਵਿਚ ਵਿਦੇਸ਼ੀ ਹਾਕਮਾਂ ਨਾਲ ਲੋਹਾ ਲੈਣ ਲਈ, ਸਿੱਖ ਪੁਨਰ ਉਥਾਨ ਦਾ ਕਾਰਜ ਅਰੰਭਣ ਸਮੇਂ, ਜਿੱਥੇ ਇਕ ਪਾਸੇ ਗੁਰੂ ਗ੍ਰੰਥ ਸਾਹਿਬ ਦੀਆਂ ਅਲਮਾਰੀਆਂ ਵਿਚ ਸੰਤੋਖ ਕੇ ਧਰੀਆਂ ਬੀੜਾਂ ਨੂੰ, ਪਿੰਡ ਪਿੰਡ ਧਰਮਸ਼ਾਲਾਵਾਂ ਦੀ ਮੁਰੰਮਤ, ਸਾਫ ਸਫਾਈ ਕਰਕੇ ਉਹਨਾਂ ਨੂੰ ਗੁਰਦੁਆਰਿਆਂ ਵਿਚ ਅਸਥਾਪਿਤ ਕਰਕੇ ਬਾਣੀ ਦੇ ਰੋਜ਼ਾਨਾ ਪਾਠ ਕਰਨ ਵਾਲੇ ਪਾਠੀ ਗਰੰਥੀ ਸਿੰਘ ਮੁਕੱਰਰ ਕੀਤੇ ਉਥੇ ਸੰਗਤ ਵਿਚ ਸੁਬਹਾ ਸ਼ਾਮ ਦੇ ਦੀਵਾਨਾਂ ਲਈ ਰਾਗੀ ਸਿੰਘਾਂ ਦੀਆਂ ਚੌਕੀਆਂ ਵੀ ਤਿਆਰ ਕਰਕੇ, ਉਹਨਾਂ ਨੂੰ ਸਾਰੇ ਪੰਜਾਬ ਵਿਚ ਕੀਰਤਨ ਲਈ ਭੇਜਿਆ। "ਦੀਵਾਨਾਂ ਵਿਚ ਸ਼ਬਦ ਬਾਣੀ ਪੜ੍ਹਨ ਲਈ ਪਹਿਲੋਂ ਪਹਿਲੋਂ ਤੰਤੀ ਸਾਜ਼ਾਂ, ਰਬਾਬ, ਤਾਊਸ ਅਤੇ ਤਬਲਿਆਂ ਵਾਲੀਆਂ ਤਿੰਨ ਚੌਕੀਆਂ

ਭੈਣੀ (ਸਾਹਿਬ) ਵਿਖੇ ਤਿਆਰ ਕੀਤੀਆਂ ਗਈਆਂ। ਧੁਲੇਤੇ ਦੇ ਭਾਈ ਦਿਤੂ, ਭਾਈ ਫਕੀਰੀਆ ਅਤੇ ਭਾਈ ਵਜ਼ੀਰੇ ਨੂੰ ਦੜਪ ਅਥਵਾ ਸਿਆਲਕੋਟ ਵਾਲੇ ਇਲਾਕੇ ਦੀ ਸੇਵਾ ਦਿੱਤੀ ਗਈ। ਭਾਈ ਪ੍ਰੇਮ ਸਿੰਘ, ਭਾਈ ਕ੍ਰਿਪਾਲ ਸਿੰਘ ਭਦੌੜ ਵਾਲੇ ਮਜ਼੍ਹਬੀ ਸਿੰਘ ਸਮੇਤ ਭਾਈ ਸਾਹਿਬ ਸਿੰਘ ਬੱਸੀਆਂ ਵਾਲੇ ਦੇ ਜਥੇ ਨੂੰ ਮਾਲਵੇ ਦੇ ਇਲਾਕੇ ਵਿਚ ਸੇਵਾ ਕਰਨ ਲਈ ਲਗਾਇਆ ਗਿਆ। ਅਟਾਰੀ ਦੇ ਭਾਈ ਤਾਰਾ ਅਤੇ ਭਾਈ ਮਾਲੀ ਨੂੰ ਮਾਝੇ ਵਿਖੇ ਸੰਗਤਾਂ ਨੂੰ ਕੀਰਤਨ ਸੁਨਾਵਣ ਲਈ ਮੁਕੱਰਰ ਕੀਤਾ। ਮੱਲ੍ਹੀਆਂ ਦੀ ਤਲਵੰਡੀ ਦੇ ਭਾਈ ਪਸ਼ੌਰਾ ਤੇ ਭਾਈ ਸੰਤੂ ਨੂੰ ਢੱਡ ਸਰੰਗੀ ਨਾਲ ਸੰਗਤਾਂ ਨੂੰ ਵਾਰਾਂ ਦੀ ਤਰਜ਼ ਤੇ ਗੁਰਬਾਣੀ ਸੁਨੌਣ ਲਈ ਲਗਾਇਆ। ਇਹ ਪੰਜਾਬ ਦੇ ਸਭ ਇਲਾਕਿਆਂ ਵਿਚ ਹੀ ਜਾਂਦੇ ਸਨ। ਪਿੰਡ ਮੋਰੋਂ ਦੇ ਰਾਗੀ ਸੂਬਾ ਸਿੰਘ ਤੇ ਉਸ ਦੇ ਸਾਥੀ ਦੁਆਬੇ ਵਿਚ ਪ੍ਰਚਾਰ ਕਰਦੇ ਸਨ। ਭਾਈ ਖਜ਼ਾਨ ਸਿੰਘ, ਰਤਨ ਸਿੰਘ, ਹਰਨਾਮ ਸਿੰਘ, ਸੁਜਾਨ ਸਿੰਘ ਅਤੇ ਅਤਰ ਸਿੰਘ ਪਿੰਡ ਛਾਪਾ ਦੇ ਰਾਗੀ ਸਿੰਘ ਜਿਨ੍ਹਾਂ ਦੇ ਬਜ਼ੁਰਗਾਂ ਨੂੰ ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸਰੰਦਾ ਬਖਸ਼ ਕੇ ਰਾਗ ਦੀ ਦਾਤ ਬਖਸ਼ੀ ਸੀ, ਭੈਣੀ (ਸਾਹਿਬ) ਰਹਿ ਕੇ, ਇਰਦ ਗਿਰਦ ਦੇ ਇਲਾਕਿਆਂ ਵਿਚ ਦੀਵਾਨਾਂ ਵਿਚ ਆਸਾ ਜੀ ਦੀ ਵਾਰ ਲਗਾ ਕੇ ਅਤੇ ਸ਼ਬਦ ਚੌਂਕੀਆਂ ਕਰਕੇ ਸੇਵਾ ਕਰਦੇ। ਰਾਗੀਆਂ ਅਤੇ ਢਾਡੀਆਂ ਲਈ ਇਕ ਰੁਪਈਆ ਸ਼ਬਦ ਚੌਂਕੀ ਦੀ ਭੇਟ ਮੁਕਰਰ ਕੀਤੀ ਗਈ।"[1]

ਭਾਈ ਦਿਤੂ ਉਰਫ ਭਾਈ ਗੁਰਦਿਤ ਸਿੰਘ ਰਾਗੀ ਨੇ ਕੋਈ ੪੦ ਸਾਲ ਸਤਿਗੁਰੂ ਰਾਮ ਸਿੰਘ ਜੀ ਅਤੇ ਗੁਰੂ ਹਰੀ ਸਿੰਘ ਜੀ ਦੇ ਸਮੇਂ ਵਿਚ ਕੀਰਤਨ ਦੀ ਸੇਵਾ ਕੀਤੀ। ਇਹ ਉਹ ਸੁਭਾਗਾ ਸੱਜਣ ਹੈ ਜਿਸ ਨੂੰ ੧੮੬੧ ਈ. ਦੀ ਹਰਦੁਆਰ ਦੀ ਅਰਧ ਕੁੰਭੀ ਤੇ ਸਤਿਗੁਰੂ ਰਾਮ ਸਿੰਘ ਜੀ ਦੇ ਨਾਲ, ਆਪਣੇ ਜਥੇ ਸਮੇਤ ਜਾਣ ਦਾ ਸ਼ਰਫ ਹਾਸਲ ਹੋਇਆ ਸੀ। ਇਸ ਦਾ ਮੇਲ ਬਚਪਨ ਵਿਚ ਹੀ ਸ੍ਰੀ ਸਤਿਗੁਰੂ ਜੀ ਦੇ ਨਾਲ ਹੋ ਗਿਆ ਸੀ। ਸੰਨ ੧੮੫੮ ਈ. ਵਿਚ ਨਾਮਧਾਰੀ ਸੰਤ ਖਾਲਸਾ ਦੀ ਸਾਜਨਾ ਤੋਂ ਅਗਲੇ ਸਾਲ ਹੀ ਸਤਿਗੁਰੂ ਜੀ, ਸ੍ਰੀ ਗੁਰੂ ਬਾਲਕ ਸਿੰਘ ਜੀ ਦੇ ਦਰਸ਼ਨ ਕਰਨ ਹਜ਼ਰੋ ਸਾਹਿਬ (ਅਟਕ–ਕੈਂਬਲਪੁਰ) ਪੱਛਮੀ ਪੰਜਾਬ ਵਿਚ ਗਏ ਸਨ। ਵਾਪਸੀ ਤੇ ਆਪ ਦਾ ਪੜਾਉ, ਸ੍ਰੀ ਭੈਣੀ ਸਾਹਿਬ ਦੀ ਡਿਊਢੀ ਦੇ ਤੌਰ ਤੇ ਜਾਣੇ ਜਾਂਦੇ, ਦੁਆਬੇ ਦੇ ਪ੍ਰਸਿੱਧ ਪਿੰਡ ਮੁਠੱਡੇ ਵਿਚ ਸੀ। ਮੁਠੱਡੇ ਦੇ ਨਾਲ ਹੀ ਇਕ ਪਿੰਡ ਧੁਲੇਤਾ ਹੈ ਜੋ ਭਾਈ ਦਿਤੂ ਦੇ ਪਰਿਵਾਰ ਦਾ ਨਿਵਾਸ ਸਥਾਨ ਸੀ। ਸਤਿਗੁਰੂ ਜੀ ਦੀ ਇਸ ਸਮੇਂ ਭਾਈ ਦਿੱਤੂ ਨਾਲ ਕਿਵੇਂ ਮੁਲਾਕਾਤ ਹੋਈ ਅਤੇ ਹੋਰ ਗੋਹਜ ਗਿਆਨ ਦੇ ਬਚਨਾਂ ਦਾ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਰੀਕਾਰਡ ਹੋਏ ਉਪਦੇਸ਼ਾਂ ਵਿਚ ਬੜਾ ਸਟੀਕ ਵਰਣਨ ਹੈ—

"ਸੱਚੇ ਪਾਤਸ਼ਾਹ (ਸਤਿਗੁਰੂ ਰਾਮ ਸਿੰਘ ਜੀ) ਹਜ਼ਰੋ ਸਾਹਿਬ ਤੋਂ ਆ ਕੇ ਮੁਠੱਡੇ ਨਗਰ ਵਿਚ ਇਕ ਵਜੀਰਾ ਲੁਹਾਰ ਸੀ, ਸਭ ਤੋਂ ਪਹਿਲੇ ਓਹਦੇ ਉਤੇ ਕ੍ਰਿਪਾ ਕੀਤੀ, ਉਹਨੂੰ ਭਜਨ ਦੱਸਿਆ। ਫੇਰ ਦੂਈ ਵੇਰ ਇਹ ਦਿਆਲ ਸਿੰਘ ਹੁਰੀਂ ਸਨ, ਹੁੱਕੇ ਪੀਣ ਵਾਲੇ ਦਿਆਲ ਜੱਟ। ਕਹਿਣ ਲੱਗੇ–ਆਓ ਤੁਹਾਨੂੰ ਕੁਛ ਦੱਸੀਏ। ਵਜੀਰੇ ਨੇ ਉਹਨਾਂ ਨੂੰ ਆਖਿਆ, "ਬਈ, ਮੈਨੂੰ ਕੁਛ ਦੱਸ ਗਏ ਹਨ।" ਮੁੜਕੇ ਸਤਿਗੁਰੂ ਆਏ ਤਾਂ ਉਹਨੂੰ

ਦਿਆਲੇ ਨੂੰ ਆਖਿਆ, "ਐਸ ਤਰ੍ਹਾਂ ਹੀ ਲੀੜਿਆਂ ਸਣੇ ਵੜ ਜਾ ਛੱਪੜ ਵਿਚ।" (ਭਾਵ ਇਸ਼ਨਾਨ ਕਰਕੇ ਭਜਨ ਲੈ ਲਵੇ)।

ਹੁਣ ਸਾਡੇ ਆਖੇ ਤੇ ਕੋਈ ਉਂਗਲ ਤੇ ਪਾਣੀ ਨਹੀਂ ਪਾਉਂਦਾ। ਉਹਨਾਂ ਦਾ ਪ੍ਰਤਾਪ ਹੀ ਐਸਾ ਸੀ, ਹੁੱਕਾ ਪੀਂਦੇ ਹੋਏ ਜੱਟ, ਛੱਡ ਕੇ ਹੁੱਕੇ ਛੱਪੜ ਵਿਚ ਵੜ ਗਏ। ਇਸ਼ਨਾਨ ਕਰ ਲਿਆ, ਭਜਨ ਦੱਸਿਆ। ਉਹ ਦਿਆਲ ਸਿੰਘ ਹੁਰੀਂ ਏਡੇ ਅਸਚਰਜ ਸਿੱਖ ਹੋਏ ਜਿਹਨਾਂ ਦੇ ਕਹਿਣ ਦੀ ਗੱਲ ਨਹੀਂ। ਉਥੋਂ ਤੁਰੇ ਸੱਚੇ ਪਾਤਸ਼ਾਹ ਧਲੇਤੇ ਚਲੇ ਗਏ। ਉੱਥੇ ਜਾ ਕੇ ਦੋ ਤਿੰਨ ਸਿੰਘ ਸਜਾਏ। ਉੱਥੇ ਕਹਿਣ ਲੱਗੇ, "ਬਈ, ਐਥੇ ਕੋਈ ਮਰਾਸੀਆਂ ਦਾ ਮੁੰਡਾ ਵੀ ਹੈ।" ਪਤਾ ਕੀਤਾ। ਕਹਿਣ ਲੱਗੇ-ਜੀ, ਦੋ ਬੱਚੇ ਹਨ ਜਿਹੜੇ ਬੱਕਰੀਆਂ ਚਾਰਦੇ ਹਨ। ਬੱਕਰੀਆਂ ਚਾਰਦੇ ਨੂੰ ਸੱਦਿਆ ਬਾਹਰੋਂ ਭਾਈ ਦਿੱਤੂ ਨੂੰ। ਛੋਟਾ ਜਿਹਾ ਬੱਚਾ ਸਤਿਗੁਰਾਂ ਦੇ ਪਾਸ ਆ ਗਿਆ। ਸਤਿਗੁਰੂ ਕਹਿੰਦੇ, "ਭਾਈ ਸਾਨੂੰ ਤੇਰੇ ਨਾਲ ਕੁਛ ਕੰਮ ਹੈ। ਅੱਛਾ ਭਾਈ, ਕੋਈ ਸ਼ਬਦ ਭੀ ਯਾਦ ਹੈ।"

"ਜੀ ਨਹੀਂ।"

ਅਖੇ, "ਕੋਈ ?"

"ਹਾਂ ਜੀ ਇਕ ਤੁਕ ਯਾਦ ਹੈ।"

"ਉਹ ਕੀ ਯਾਦ ਹੈ ?"

ਕਹਿੰਦਾ, "ਜਾ ਕੇ ਰਾਮ ਧਨੀ ਤਾਂ ਕਉ ਕਾਹੇ ਕੀ ਕਮੀ।"

ਸਤਿਗੁਰੂ ਕਹਿੰਦੇ, "ਹਾਂ ਭਾਈ, ਜਾ ਕੇ ਰਾਮ ਧਨੀ ਤਾ ਕਉ ਕਾਹੇ ਕੀ ਕਮੀ।"

ਗੱਲ ਇਹ ਸੀ, ਸਤਿਗੁਰਾਂ ਦਾ ਨਾਮ ਪਿਤਾ ਨੇ ਪਹਿਲੇ ਰਾਮ ਧਨ ਰੱਖਿਆ ਹੋਇਆ ਸੀ। ਉਹਦੇ ਮੂੰਹੋਂ ਓਹੋ ਹੀ ਸ਼ਬਦ ਨਿਕਲਿਆ। ਇਹਨੂੰ ਸਤਿਗੁਰੂ ਜਾਣਦੇ ਸਨ, ਹੋਰ ਨਹੀਂ ਸੀ ਕਿਸੇ ਨੂੰ ਪਤਾ। ਕਰ ਦਿੱਤੀ ਕ੍ਰਿਪਾ, ਅੰਮ੍ਰਿਤਸਰ ਭੇਜੇ ਕੁਛ ਚਿਰ ਵਾਸਤੇ ਕਿ ਜਾਓ ਕੁਛ ਸਿੱਖ ਕੇ ਆਓ। ਆਏ, ਸਤਿਗੁਰਾਂ ਦੇ ਨਾਲ ਲੱਗੇ। ਸਤਿਗੁਰ ਮਰਦਾਨਾ ਹੀ ਕਹਿੰਦੇ ਸੀ ਉਸਨੂੰ। ਜਾਂ ਮਰਦਾਨਾ ਆਪਣੀ ਖੁਸ਼ੀ ਨਾਲ ਜਲਿਆ ਹੈ ਗੁਰੂ ਨਾਨਕ ਵੇਲੇ ਜਾਂ ਭਾਈ ਗੁਰਦਿਤ ਸਿੰਘ ਨੇ ਆਪਣਾ ਸਰੀਰ ਚੜ੍ਹਨ ਵੇਲੇ।"[2]

ਸ੍ਰੀ ਅੰਮ੍ਰਿਤਸਰੋਂ ਗੁਰਮਤਿ ਸੰਗੀਤ ਵਿਚ ਪਰੰਪਰਾਗਤ ਰਬਾਬੀਆਂ ਪਾਸੋਂ ਸਿਖਿਆ ਦੀਖਿਆ ਲੈ ਕੇ ਭਾਈ ਦਿਤੂ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਆ ਰਹੇ। ਫਿਰ ਸਾਰੀ ਉਮਰ ਨਾਮਧਾਰੀ ਪੰਥ ਦੇ ਪ੍ਰਚਾਰ ਪ੍ਰਸਾਰ ਵਾਸਤੇ ਕੀਰਤਨ ਕਰਦਿਆਂ ਇਕ ਰਸ ਬਤੀਤ ਕੀਤੀ। ਸਤਿਗੁਰੂ ਰਾਮ ਸਿੰਘ ਜੀਦੀਆਂ ਖੁਸ਼ੀਆਂ ਦੇ ਪਾਤਰ ਉਹ ਸਮੇਂ ਸਮੇਂ ਬਣਦੇ ਰਹੇ। ਸ੍ਰੀ ਹਜ਼ੂਰ ਨੇ ਆਪਣੇ ਵਲੋਂ ਵਿਸ਼ੇਸ਼ ਪ੍ਰੇਮ ਦਾ ਪ੍ਰਦਰਸ਼ਨ ਕਰਦਿਆਂ ਆਪ ਨੂੰ ਸਮੇਂ ਸਮੇਂ ਰਾਗ ਵਿਦਿਆ ਵਿਚ ਪਰਬੀਣਤਾ ਅਤੇ ਸੁਰੀਲਾ ਕੰਠ ਬਖਸ਼ਣ ਦੇ ਵਰਦਾਨ ਦਿੱਤੇ ਸਨ ਜਿਹਨਾਂ ਦਾ ਜ਼ਿਕਰ, ਸਾਡੇ ਇਤਿਹਾਸ ਦੇ ਮੁੱਢਲੇ ਗਰੰਥ ਵਿਚ ਮਿਲਦਾ ਹੈ। ਪਰਸੰਗ ਸਤਿਗੁਰੂ ਜੀ ਦੇ ੧੯੬੧ ਈ. ਵਾਲੇ ਗੰਗਾ, ਹਰਦੁਆਰ ਅਰਧ ਕੁੰਭੀ ਸਮੇਂ ਜਾਣ ਦਾ ਹੈ। "ਏਕ ਅੰਬ ਕੇ ਬੂਟੇ ਨਾਲੋਂ ਸੱਕ ਲਾਹ ਕੇ, ਚਕਰ ਨਾਲ ਲੋਹੇ ਕੇ ਬਾਟੇ ਮੈ ਪਾਇਕੇ ਜਲ ਸਵੈਯੇ ਪੜ੍ਹੇ ਤੇ ਬਚਨ ਕੀਤਾ-ਇਹ ਸੁਟਣੇ ਦੀ ਲਾਇਕ ਨਹੀਂ ਹੈ। ਦਿੱਤੂ ਰਾਗੀ ਨੂੰ

ਬਚਨ ਕੀਤਾ, ਛਕ ਲੈ, ਤੇਰਾ ਕੰਠ ਨਹੀਂ ਬੈਠੇਗਾ। ਸਾਰੀ ਪਿਰਥੀ ਕੀ ਸੱਤਾ ਇਸ ਦੇ ਵਿਚ ਹੈ। ਉਸਨੇ ਛੱਕ ਲਿਆ। ਲੇਖਕ (ਭਾਈ ਸੰਤੋਖ ਸਿੰਘ ਬਾਹੋਵਾਲ) ਨੇ ਨੇਤਰੀਂ ਦੇਖਿਆ ਹੈ, ਬਾਲਕ ਵਰਗਾ ਕੰਠ ਸੀ ਮਰਦਿਆਂ ਤੱਕ।"[3]

"ਗੁਲ੍ਹਰ ਬ੍ਰਿਛ ਖੜਾ ਸੀ ਉਸਕੇ ਫਲ ਵੱਢਕੇ ਮਲ ਕੇ, ਦੋਨੋਂ ਹਾਥੋਂ ਸੇ ਰਸ ਕੱਢ ਕੇ ਦਿੱਤੂ ਰਾਗੀ ਨੂੰ ਪਿਲਾਇਆ। ਬਚਨ ਕੀਤਾ ਤੇਰਾ ਗਲਾ ਕਦੇ ਨਹੀਂ ਬੈਠੇਗਾ।"[4]

ਭਾਈ ਦਿਤੂ ਦੀ ਅਨੋਖੀ ਰਹਿਤ ਬਹਿਤ ਅਤੇ ਅਲੋਕਾਰੀ ਸੁਰ ਦਾ ਵਰਣਨ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਉਪਦੇਸ਼ਾਂ ਵਿਚ ਇਕ ਤੋਂ ਵਧੀਕ ਵੇਰ ਆਉਂਦਾ ਹੈ। ਸਤਿਗੁਰੂ ਪ੍ਰਤਾਪ ਸਿੰਘ ਜੀ ਅੰਬ ਦੇ ਸੱਕਾਂ ਵਾਲੀ ਸਾਖੀ ਨੂੰ, ਸਤਿਗੁਰੂ ਰਾਮ ਸਿੰਘ ਦੁਆਰਾ ਭਾਈ ਦਿਤੂ ਨੂੰ ਰਾਗ ਪਿਆਉਣ ਦੇ ਰੂਪ ਵਿੱਚ ਬਖਾਨ ਕਰਦੇ ਹਨ—

"ਸਤਿਗੁਰ ਕਦੇ-ਕਦੇ ਮਰਦਾਨਾ ਕਹਿ ਕੇ ਬੁਲਾਉਂਦੇ ਸੀ। ਕਹਿੰਦੇ ਭਾਈ ਮਰਦਾਨਿਆ, "ਇਹ ਹੁਣ ਡੋਲ੍ਹਣ ਵਾਲਾ ਨਹੀਂ ਰਹਿ ਗਿਆ, ਆ ਭਾਈ ਤੈਨੂੰ ਰਾਗ ਪਿਆਈਏ।" ਭਾਈ ਨੇ ਹੱਥ ਜਾ ਕੀਤੇ ਅੱਗੇ ਔਰ ਇਹੋ ਜਿਹਾ ਆਦਮੀ ਸੀ-ਜਨਮ ਮਰਾਸੀਆਂ ਦੇ ਘਰ ਦਾ ਅਜੇ ਜਦੋਂ ਅੰਮ੍ਰਿਤ ਵੀ ਨਹੀਂ ਛਕਿਆ, ਆਸਣ ਵਿਛਾ ਕੇ ਵੱਖਰੇ ਬਹਿਣਾ, ਰੋਜ਼ ਲੀੜੇ ਧੋਣੇ-ਕਿਸੇ ਦੇ ਦੁਨੀਆਂ ਦੇ ਆਮ ਆਦਮੀਆਂ ਦੇ ਨਾਲ ਨਹੀਂ ਸਨ ਲਗਦੇ। ਛਕਾ ਦਿੱਤਾ, ਕਹਿਣ ਲੱਗੇ, "ਜਾਹ ਤੇਰੀ ਸੁਰ ਨਹੀਂ ਕਦੇ ਵੀ ਬੈਠੇਗੀ।" ਔਰ ਉਹ ਕਦੇ ਐਓ.... ਗਰਦਨ ਨਹੀਂ ਸਨ ਕਰਦੇ ਜਦੋਂ ਗਾਉਂਦੇ ਸਨ ਜਸਿ ਤਰ੍ਹਾਂ ਮਾਈਆਂ ਦੀ ਆਵਾਜ਼ ਉਚੀ ਚਲੀ ਜਾਂਦੀ ਹੈ, ਸਿੱਧੇ ਐਸ ਤਰ੍ਹਾਂ ਬੈਠਿਆਂ ਦੀ ਆਵਾਜ਼ ਇੰਨੀ ਤਿੱਖੀ ਸੀ ਕਿ ਕੋਈ ਹਿਸਾਬ ਨਹੀਂ ਸੀ।"[5]

ਗੁਰਬਾਣੀ ਦਾ ਕੀਰਤਨ ਕਰਨ ਵਾਲਿਆਂ ਦੀ ਦੈਨਿਕ ਜੀਵਨ ਵਿਚ ਜਿਹੋ ਜਿਹੀ ਮਰਿਆਦਾ ਹੋਣੀ ਚਾਹੀਦੀ ਸੀ ਉਹ ਭਾਈ ਦਿਤੂ ਹੋਰਾਂ ਨੇ ਧਾਰਨ ਕਰ ਲਈ ਸੀ। ਪਿੰਡ ਧੁਲੇਤਾ ਫਲੌਰ ਤੋਂ ਪੁਰਾਣੇ ਸਮੇਂ ਦੀ ਮਿਣਤੀ ਦੇ ਪੈਮਾਨੇ ਅਨੁਸਾਰ ੩ ਜਾਂ ੪ ਕੋਹ ਦੀ ਵਾਟ ਤੇ ਸਥਿਤ ਹੈ। ਭਾਈ ਦਿਤੂ, ਭਾਈ ਫਕੀਰੀਆ, ਭਾਈ ਵਜੀਰਾ ਇਹ ਤਿੰਨੇ ਸਕੇ ਭਰਾ ਸਤਿਗੁਰੂ ਜੀ ਦੇ ਹਜੂਰੀ ਰਬਾਬੀ ਸਨ।[6]

ਭਾਈ ਦਿਤੂ ਅਤੇ ਹੋਰਨਾਂ ਸ਼ਬਦ ਚੌਕੀ ਵਾਲੇ ਹਜ਼ੂਰੀ ਰਾਗੀਆਂ ਲਈ ਸਤਿਗੁਰੂ ਰਾਮ ਸਿੰਘ ਜੀ ਨੇ ਇਕ ਰੁਪਈਆ ਰੋਜ਼ ਦਾ ਉਹਨਾਂ ਦੀ ਸ਼ਬਦ ਭੇਟ ਵਾਸਤੇ, ਸੰਗਤ ਨੂੰ ਹੁਕਮ ਕੀਤਾ ਸੀ। ਉਸ ਸਮੇਂ ਅਬੁਲ ਖੁਰਾਣੇ ਦਾ ਭਾਈ ਗੁਰਮੁਖ ਸਿੰਘ ਹਾਜ਼ਰ ਸੀ ਜੋ ਸਤਿਜੁਗ ਦੇ ਪ੍ਰਿੰਟ ਲਾਇਨ ਤੇ ਛਪਣ ਵਾਲੇ ਐਡੀਟਰ ਗੁਰਦਿਆਲ ਸਿੰਘ ਦਾ ਪਿਤਾ ਸੀ। ਉਸ ਭਾਈ ਗੁਰਮੁਖ ਸਿੰਘ ਦੇ ਹਵਾਲੇ ਨਾਲ ਸਤਿਗੁਰੂ ਪ੍ਰਤਾਪ ਸਿੰਘ ਆਪਣੇ ਉਪਦੇਸ਼ ਵਿਚ ਭਾਈ ਦਿੱਤੂ ਹੋਰਾਂ ਲਈ ਨਿਸ਼ਚਿਤ ਕੀਤੇ ਰੁਪਈਆ ਰੋਜ਼ ਨੂੰ, ਧਰਮ ਦੀ ਕਿਰਤ ਨਾਲ ਜੋੜ ਕੇ ਇਉਂ ਪੇਸ਼ ਕਰਦੇ ਹਨ—

"ਸਤਿਗੁਰੂ ਜੀ ਕਹਿੰਦੇ ਹਨ," "ਭਾਈ ਦਿਤੂ-ਇਹ ਇਕ ਰੁਪਇਆ ਨਾ ਜਾਣੀ। ਭਾਈ, ਇਹ ਧਰਮ ਦੀ ਕਿਰਤ ਵਾਲਿਆਂ ਦਾ ਰੁਪਇਆ ਹੈ।" ਸਾਖੀ ਸੁਣਾਉਂਦੇ ਹਨ, ਸਤਿਗੁਰੂ ਜੀ ਕਹਿੰਦੇ ਹਨ—

ਭਾਈ ਇਕ ਵੇਰ ਇਕ ਸ਼ਾਹੂਕਾਰ ਜਹਾਜ਼ ਲੈ ਕੇ ਸਮੁੰਦਰ ਵਿਚ ਗਿਆ। ਉਦੋਂ ਇਹ ਜਹਾਜ਼ ਨਹੀਂ ਸਨ ਕਿ ਅਸੀਂ ਐਨਿਆਂ ਘੰਟਿਆਂ ਵਿਚ ਕੰਢੇ ਲੱਗ ਜਾਵਾਂਗੇ ਜੇ ਤੂਫਾਨ ਆ ਗਿਆ ਤਾਂ ੨-੩ ਘੰਟਿਆਂ ਦਾ ਫਰਕ ਪਵੇ-ਤਰਪਾਲਾਂ ਵਾਲੇ ਜਹਾਜ਼ ਥੇ, ਕਿੰਨੇ-ਕਿੰਨੇ ਮਹੀਨੇ-ਸਾਲ ਲੰਘ ਜਾਂਦੇ ਲੋਕਾਂ ਨੂੰ ਵਿਚੇ ਤੁਰੇ ਫਿਰਦਿਆਂ ਨੂੰ। ..... ਸਤਿਗੁਰੂ ਕਹਿੰਦੇ ਹਨ, "ਭਾਈ ਉਹ ਜਹਾਜ਼ ਇਕ ਐਸੀ ਜਗ੍ਹਾ ਜਾ ਲਗਿਆ ਜਿੱਥੇ ਬਹੁਤ ਹੀਰੇ ਮੋਤੀ ਸਮੇਤ ਸੀ-ਲੋਕਾਂ ਨੇ ਉੱਥੇ ਕੰਢੇ ਤੋਂ ਹੀਰੇ ਮੋਤੀ ਖਰੀਦੇ ਜਵਾਹਰ ਲਏ।" ਇਕ ਗਰੀਬ ਆਦਮੀ ਸੀ ਵਿਚ, ਜਿਹੜਾ ਧਰਮ ਦੀ ਕਿਰਤ ਕਰਨ ਵਾਲਾ ਸੀ। ਉਹਨੂੰ ਲੋਕ ਕਹਿਣ ਲੱਗੇ, "ਭਾਈ ਤੂੰ ਵੀ ਲੈ-ਲੈ।"

ਉਹ ਕਹਿਣ ਲੱਗਾ, "ਭਾਈ, ਮੇਰਾ ਤਾਂ ਧਰਮ ਦਾ ਇਕੋ ਰੁਪਈਆ ਮੇਰੇ ਕੋਲ-ਕਿਰਤ ਕਮਾਈ ਮੇਰੀ ਦਾ-ਜੋੜਿਆ ਹੋਇਆ ਹੈ, ਹੱਕ ਹਲਾਲ ਦੀ ਦਾ, ਮੈਨੂੰ ਉਹ ਚੀਜ਼ ਇਥੋਂ ਲੈ ਕੇ ਦਿਓ ਜਿਹੜੀ ਸਭ ਤੋਂ ਸਸਤੀ ਹੈ।" ਉਥੇ ਹਰੀੜਾਂ ਬਹੁਤ ਸਸਤੀਆਂ ਸਨ। ਉਸਨੇ ਇਕ ਰੁਪਏ ਦੀ ਇਕ ਬੋਰੀ ਹਰੀੜਾਂ ਦੀ ਲੈ ਲਈ। ਉਹ ਲੈ ਕੇ ਬੋਰੀ ਜਹਾਜ਼ ਚੱਲ ਪਿਆ।

ਸਤਿਗੁਰੂ ਕਹਿੰਦੇ ਹਨ, "ਭਾਈ ਜਹਾਜ਼ ਚੱਲਿਆ, ਜਹਾਜ਼ ਵਿਚ ਆ ਕੇ ਬੀਮਾਰੀ ਪੈ ਗਈ। ਹੁਣ ਡਾਕਟਰ ਹਨ-ਉਦੋਂ ਵੈਦ ਸੀ। ਕਿਸੇ ਨੂੰ ਜ਼ਰੂਰਤ ਤੇ ਹਰ ਹਾਲਤ ਵਿਚ ਰਹਿੰਦੀ ਸੀ-ਨਾਲ ਰੱਖਣ ਦੀ। ਜਦੋਂ ਰਸਤੇ ਵਿਚ ਬੀਮਾਰੀ ਪਈ-ਲੱਗੇ ਲੋਕ ਮਰਨ ਤੇ ਉਹ ਜਹਾਜ਼ ਵਾਲਾ ਸ਼ਾਹੂਕਾਰ ਕਹਿੰਦਾ, "ਭਾਈ ਕਿਸ ਤਰ੍ਹਾਂ ਕਰੀਏ ?"

ਵੈਦ ਕਹਿੰਦਾ, "ਭਾਈ ਜੇ ਹਰੀੜਾਂ ਮਿਲਣ ਤੇ ਲੋਕ ਬਚ ਸਕਦੇ ਹਨ।"

ਤਾਂ ਭਾਈ, ਉਹਦੀ ਇਕ-ਇਕ ਹਰੀੜ ਇਕ-ਇਕ ਮੋਹਰ ਤੋਂ ਵਿਕੀ। ਤੂੰ ਇਹ ਨਾਮਧਾਰੀਆਂ ਦਾ ਇਕ ਰੁਪਇਆ ਨਾ ਸਮਝੀਂ-ਇਹ ਕਿਰਤ ਕਮਾਈ ਦਾ ਰੁਪਈਆ ਹੈ। ਸੋ ਭਾਈ ਹੁਣ ਵੀ ਜੇ ਕੋਈ ਧਰਮ ਦੀ ਕਿਰਤ ਕਰੇਗਾ ਤਾਂ ਧਰਮ ਦੀ ਕਿਰਤ ਦਾ ਇਕ ਰੁਪਈਆ ਵੀ ਉਹ ਲੱਖਾਂ ਵਰਗਾ ਬਣ ਜਾਂਦਾ ਹੈ, ਔਰ ਪਾਪ ਦੀ ਕਿਰਤ ਦੇ ਲੱਖਾਂ ਵੀ ਨਹੀਂ ਰਹਿੰਦੇ। .... ਕਦੇ ਖਿਆਲ ਨਾਂ ਲਿਆਇਆ ਕਰੋ ਦਿਲ ਵਿਚ ਕਿ ਅਸੀਂ ਪਾਪ ਨਾਲ ਪੈਸੇ ਕਮਾਈਏ। ਧਰਮ ਦੀ ਕਿਰਤ ਕਰੋ, ਫੇਰ ਘਾਟਾ ਕਦੇ ਨਹੀਂ ਆਉਂਦਾ।"[7]

ਭਾਈ ਦਿਤੂ ਬਹੁਤ ਸੰਤੋਖੀ ਸੁਭਾਉ ਦੇ ਸਨ। ਉਸ ਸਮੇਂ ਦੇ ਸਾਰੇ ਰਾਗੀ ਰਬਾਬੀ ਜੋ ਸਤਿਗੁਰੂ ਜੀ ਤੋਂ ਵਰੋਸਾਏ ਸਨ ਨਾ ਸਿਰਫ ਗੁਰਬਾਣੀ ਗਾਇਨ ਕਰਦੇ ਸਨ ਸਗੋਂ ਗੁਰਬਾਣੀ ਜਿਊਂਦੇ ਵੀ ਸਨ। ਗੁਰੂ ਉਪਦੇਸ਼ ਉਹਨਾਂ ਦੇ ਰੋਮ ਰੋਮ ਵਿਚ ਵੱਸ ਚੁੱਕਾ ਸੀ। ਜੜ੍ਹ ਅਤੇ ਚੇਤਨ ਮਾਇਆ ਉਹਨਾਂ ਤੇ ਕਦੇ ਹਮਲਾਵਰ ਨਹੀਂ ਸੀ ਹੋ ਸੱਕੀ। ਇਕੋ ਕਿੱਤੇ ਕਸਬ ਵਾਲੇ ਲੋਕ ਆਮ ਤੌਰ ਤੇ ਧੰਦਾਗਤ ਦੁਸ਼ਮਣੀ ਦੇ ਸ਼ਿਕਾਰ ਹੋ ਜਾਂਦੇ ਹਨ। ਪਰ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਅਤੇ ਬਾਅਦ ਵਿਚ ਵੀ ਰਾਗੀਆਂ ਦੀਆਂ ਇਹ ਸਾਰੀਆਂ ਜੋੜੀਆਂ, ਸ਼ਬਦ ਚੌਂਕੀ ਦੀ ਭੇਟਾ ਜਾਂ ਰਾਗੀਆਂ ਦੀ ਵਧ ਘਟ ਗਿਣਤੀ ਸਮੇਂ ਕਦੇ ਵੀ ਬਰੀਕ ਨਹੀਂ ਸਨ ਕੱਤਦੀਆਂ। ਇਹਨਾਂ ਦੀ ਇਸ ਆਪਸੀ ਸੁਹਿਰਦਤਾ ਅਤੇ

ਤਿਆਗ ਬਿਰਤੀ ਦੇ ਦਰਸ਼ਨ ਵੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਉਪਦੇਸ਼ਾਂ ਵਿਚੋਂ ਹੁੰਦੇ ਹਨ—

"ਧਰਮ ਦੀ ਕਿਰਤ ਦਾ ਤੁਸੀਂ ਇਕ ਰੁਪਈਆ ਨਾ ਸਮਝਣਾ। ਭਾਈ (ਦਿੱਤੂ) ਹੁਰਾਂ ਸਾਰੀ ਉਮਰ ਸਾਜ ਨਹੀਂ ਕਿਤੇ ਜਾ ਕੇ ਖੋਲ੍ਹਿਆ। (ਨਾਮਧਾਰੀ ਸੰਗਤ ਤੋਂ ਇਲਾਵਾ) ਇਕ ਇਕ ਮਹੀਨਾ ਇਕ ਇਕ ਪਿੰਡ 'ਚ ਦੀਵਾਨ ਲਾਉਂਦੇ ਰਹੇ। ਕਿਸੇ ਨੇ ਆਖਿਆ, ਕਹਿਣ ਲੱਗੇ-ਸਤਿਗੁਰਾਂ ਨੇ ਸਾਡਾ ਇਕ ਰੁਪਈਆ ਰੋਜ਼ ਲਾਇਆ ਹੈ, ਉਹ ਨਹੀਂ ਖੁੱਸਦਾ, ਜਿਸ ਦਿਨ ਤੀਹ ਦਿਨ ਪੂਰੇ ਹੋ ਗਏ, ਉਹ ਦਿਨ ਤੀਹ ਮਹੀਨੇ ਦੇ ਮਿਲ ਗਏ। ਕਿੰਨਾਂ ਸਬਰ ਸੀ ਆਪਸ ਵਿਚ, ਇਹਨਾਂ ਦੋਹਾਂ ਚੌਂਕੀਆਂ ਨੂੰ ਮੈਂ ਦੇਖਿਆ—ਭਾਈ ਤਾਰੇ ਹੁਰੀਂ ਤਾਂ ਮੇਰੇ ਤੋਂ ਪਹਿਲੇ ਗੁਜ਼ਰ ਗਏ-ਬਈ, ਇਕ ਭਾਈ ਦਿੱਤੂ ਆ ਜਾਏ ਜਾਂ ਭਾਈ ਜੈ ਸਿੰਘ ਭਾਈ ਦਿੱਤੂ ਦਾ ਪੁੱਤਰ ਆ ਜਾਏ, ਉਧਰੋਂ ਇਕ ਕਿਰਪਾਲ ਸਿੰਘ ਹੁਰਾਂ 'ਚੋਂ ਆ ਜਾਏ, ਜਿੱਥੇ ਚੌਂਕੀ ਮੇਲਿਆਂ 'ਚ ਕਰਨੀ, ਪੈਸੇ ਅੱਧੇ ਅੱਧੇ ਵੰਡ ਲੈਣੇ, ਉਹਨੂੰ ਇਕੱਲੇ ਨੂੰ ਅੱਧੇ ਦੇਣੇ। ਜੇ ਕਿਰਪਾਲ ਸਿੰਘ ਇਕੱਲਾ ਹੈ ਤਾਂ ਉਹਨਾਂ ਦੀ ਚੌਂਕੀ ਸਾਰੀ ਹੈ ਤਾਂ ਉਹ ਨੂੰ ਇਕੱਲੇ ਨੂੰ ਅੱਧੇ। ਜੇ ਉਹਨਾਂ 'ਚੋਂ ਇਕ ਆ ਗਿਆ ਤਾਂ ਉਹਨਾਂ ਨੇ ਸਾਰੀ ਚੌਂਕੀ 'ਚੋਂ ਅੱਧੇ। ਏਨਾ ਆਪਸ ਵਿਚ ਸਬਰ ਸੰਤੋਖ ਸੀ। ਸਤਿਗੁਰਾਂ ਉਹਨਾਂ ਦੇ ਦਿਨ ਲੰਘਾਏ।"[8]

੧੯੬੧ ਈ. ਦੇ ਗੰਗਾ ਦੌਰੇ ਸਮੇਂ ਸਤਿਗੁਰੂ ਜੀ ਮਸਤਾਨੀ ਬਿਰਤੀ ਵਿਚ ਸਨ। ਇਸ ਸਮੇਂ ਆਪਣੀ ਮੌਜ ਵਿੱਚ ਅਨੇਕ ਬਚਨ ਬੜੇ ਵਿਲੱਖਣ ਵੀ ਹੁੰਦੇ ਸਨ। ਇਕ ਦਿਨ ਭਾਈ ਦਿਤੂ ਨੂੰ ਆਸਾ ਦੀ ਵਾਰ ਤੋਂ ਬਾਅਦ ਪ੍ਰਸੰਨ ਹੋ ਕੇ ਰਾਗ ਉਸਨੂੰ ਦੇਣ ਦੀ ਬਖਸ਼ਿਸ਼ ਕੀਤੀ। ਖੁਸ਼ੀ ਵਿਚ ਉਸ ਨੂੰ ਦੀਨੀ ਅਤੇ ਦੁਨਿਆਵੀ ਦੋਹਾਂ ਰਾਗਾਂ ਵਿਚ ਹੀ ਨਿਪੁੰਨਤਾ ਹੋਣ ਦਾ ਵਰ ਦਿੱਤਾ। "ਆਸਾ ਕੀ ਵਾਰ ਕਾ ਅਰਦਾਸਾ ਸੋਧ ਕੇ ਤੁਰੇ। ਦਿੱਤੂ ਰਾਗੀ ਕੋ ਬਚਨ ਕੀਤਾ ਰਾਗ ਤੈਨੂੰ ਦਿੱਤਾ। ਕੰਜਰਾਂ ਕਾ ਬੀ ਤੈਨੂੰ ਦਿਤਾ।"[9]

੧੯੬੮ ਈ. ਦੀ ਦੀਪਮਾਲਾ ਦੇ ਸਮੇਂ ਸਤਿਗੁਰੂ ਜੀ ਆਪਣੇ ਹਜ਼ੂਰੀ ਰਾਗੀਆਂ ਰਬਾਬੀਆਂ ਸਮੇਤ ਸ੍ਰੀ ਅੰਮ੍ਰਿਤਸਰ ਗੁਰਧਾਮਾਂ ਦੀ ਯਾਤਰਾ ਸਮੇਂ ਪਧਾਰੇ। "ਸਤਿਗੁਰੂ ਜੀ ਮਸਤਾਨ ਸਿੰਘ ਕੀ ਝੋਲੀ ਮੇਂ ਪਤਾਸੇ ਪਾਏ। ਬਚਨ ਕੀਤਾ ਰਬਾਬੀਆਂ ਕੋ ਬਾਂਟ ਦੇਵੋ। ਦਿੱਤੂ ਰਾਗੀ ਸੀ ਉਸ ਕੋ ਦੇ ਦੀਏ। ਹੋਰ ਰਾਗੀਆਂ ਕੋ ਬੀ ਦੀਏ। ਬਸੰਤ ਸਿੰਘ ਕੋ ਭੀ ਦਿਤੇ। ਆਪ ਭੀ ਆਪਣਾ ਹਿੱਸਾ ਲੈ ਲਿਆ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਮਸਤਾਨ ਸਿੰਘ ਨੇ ਰਾਗ ਬਰਤਾਇਆ ਹੈ। ਜਿਨਾਂ ਜਿਨਾਂ ਨੇ ਪਤਾਸੇ ਛਕੇ ਸੋ ਸਰਬ ਰਾਗਾਂ ਕੋ ਜਾਨਣ ਵਾਲੇ ਹੋਏ।"[10]

੧੯੬੭ ਈ. ਦੇ ਅਨੰਦਪੁਰ ਸਾਹਿਬ ਦੇ ਹੋਲੇ ਮਹੱਲੇ ਸਮੇਂ ਸਤਿਗੁਰੂ ਜੀ ਅਤੇ ਨਾਮਧਾਰੀ ਸੰਗਤ ਦੀ ਅਲੌਕਿਕ ਛਬ ਦਾ ਵਰਣਨ, ਸਮਕਾਲੀ ਸਰਕਾਰੀ ਲਿਖਤਾਂ ਅਤੇ ਨਾਮਧਾਰੀ ਸਮਕਾਲੀ ਲੇਖਕਾਂ ਦੀਆਂ ਰਚਨਾਵਾਂ ਵਿਚ ਵੀ ਮਿਲਦਾ ਹੈ। ਇਸ ਹੋਲੇ ਮਹੱਲੇ ਸਮੇਂ ਗੁਰੂ ਕੀਆਂ ਫੌਜਾਂ-ਕੂਕੇ ਸਿੰਘ ਗੁਲਾਲ ਹੱਥਾਂ ਨਾਲ ਵੀ ਉਡਾ ਰਹੀਆਂ ਹਨ ਅਤੇ ਰੰਗਾਂ ਦੀਆਂ ਪਿਚਕਾਰੀਆਂ ਵੀ ਚੱਲ ਰਹੀਆਂ ਹਨ। ਖੁਸ਼ੀਆਂ ਖੇੜਿਆਂ ਦੇ ਪ੍ਰਤੀਕ ਹੋਲਾ ਮਹੱਲਾ ਪੁਰਬ ਸਮੇਂ, ਰਾਗੀਆਂ ਰਬਾਬੀਆਂ ਦੀਆਂ ਟੋਲੀਆਂ, ਸ਼ਬਦ-

ਸੁਰ-ਸੁਰਤ ਦੇ ਮੰਡਲ ਵਿਚ ਸੰਗਤ ਨੂੰ ਪੁਚਾਉਣ ਸਦਕਾ, ਇਸ ਸਾਰੀ ਸੁੰਦਰ ਰਚਨਾ ਵਿਚ ਬਹੁਤ ਫੱਬ ਰਹੀਆਂ ਹਨ। ਇਸ ਸਮੇਂ ਅਟਾਰੀ ਵਾਲੇ ਰਾਗੀ ਜਥੇ ਭਾਈ ਤਾਰਾ, ਮਾਲੀ ਅਤੇ ਖੁਸ਼ਹਾਲੀ ਹੋਰਾਂ ਤਿੰਨਾਂ ਦੀ ਮਹਿਮਾ ਹੋ ਰਹੀ ਹੈ। ਛੰਦਾ ਬੰਦੀ ਵਿਚ ਰਚੇ ਭਾਈ ਧਿਆਨ ਸਿੰਘ ਕਾਦਰਾਬਾਦੀ ਦੇ ਪੁਰਾਤਨ ਪੁਸਤਕ, "ਸ੍ਰੀ ਸਤਿਗੁਰੂ ਬਿਲਾਸ ਪਾਤਸ਼ਾਹੀ ਬਾਰ੍ਹਵੀਂ" ਵਿਚ ਇਲਾਹੀ ਰਾਗ ਰੰਗ ਦੀ ਇਸ ਅਦੁੱਤੀ ਸੰਗਤ ਵਿਚ, ਅਪਰੋਖ ਰੂਪ ਵਿਚ ਭਾਈ ਦਿਤੂ ਅਤੇ ਉਸਦੇ ਸਾਥੀਆਂ ਦੀ ਮਹਿਮਾ ਵੀ ਸ਼ਾਮਲ ਹੈ—

"ਫੌਜਾਂ ਮਿਲ ਭਾਰੀ ਗੁਰੂ ਅਗਾਰੀ,
ਭਰ ਪਿਚਕਾਰੀ ਗੁਣ ਖਾਨੀ।
ਸੰਗ ਅਲਤਾ ਡਾਰਤ ਰੰਗ ਉਡਾਰਤ,
ਆਨੰਦ ਧਾਰਤ ਗੁਰਬਾਨੀ।
ਵਿਚ ਰਹੇ ਰਬਾਬੀ ਰਚਨਾ ਫਾਬੀ,
ਰੰਗ ਸੁਹਾਬੀ ਚਾਰ ਧੁਨਾ।
ਤਾਰਾ ਜੁਗ ਮਾਲੀ ਔਰ ਖੁਸਾਲੀ,
ਮਹਿਮਾ ਆਲੀ ਤੀਨ ਜਨਾ॥ ੪੬ ॥
ਯਾ ਬਿਧ ਗੁਰ ਪੂਰੇ ਜਾਹਿ ਹਜੂਰੇ,
ਚਲਤ ਸਰੂਰੇ ਨਿਤ ਨਵੇਂ।
ਜਲਤੇ ਨਰ ਕੂਰੇ ਕਪਟੀ ਕੂਰੇ,
ਤਰਤੇ ਸੂਰੇ ਸਤਿ ਲਵੇਂ।
ਸਦ ਆਨੰਦ ਮੰਗਲ ਪ੍ਰਭ ਢਿਗ ਰੰਗਲ,
ਦੁਨੀਆਂ ਜੰਗਲ ਫੇਰ ਹਰਾ।
ਹਰ ਦਮ ਹਰਿ ਚਰਚਾ ਬਾਣੀ ਪਰਚਾ,
ਪੂਜਾ ਅਰਚਾ ਹੋਮ ਧਰਾ॥ ੪੭ ॥"[11]

ਸਤਿਗੁਰੂ ਜੀ ਦੀਆਂ ਸਮਾਜ ਸੁਧਾਰ ਦੀਆਂ ਸਰਗਰਮੀਆਂ ਸਿੱਖ ਪ੍ਰਚਾਰ ਲਈ ਨਵੇਂ ਵਿਸਤਾਰ ਗ੍ਰਹਿਣ ਕਰਦੀ ਕੂਕਾ ਜਥੇਬੰਦੀ ਵਿਚੋਂ ਅੰਗਰੇਜ਼ ਹਾਕਮਾਂ ਨੂੰ ਮੁੱਢ ਤੋਂ ਹੀ ਬਗਾਵਤ ਦੀ ਬੂ ਆਉਣੀ ਸ਼ੁਰੂ ਹੋ ਗਈ ਸੀ। ਵਿਦੇਸ਼ੀ ਸੰਸਥਾਵਾਂ ਅਤੇ ਵਸਤਾਂ ਦੇ ਕੂਕਿਆਂ ਵਲੋਂ ਅਸਹਿਯੋਗ ਬਾਈਕਾਟ, ਸਵਦੇਸ਼ੀ ਅਤੇ ਸਮਾਨੰਤਰ ਸਰਕਾਰ ਜਿਹੀਆਂ ਗੱਲਾਂ ਤੋਂ ਉਹਨਾਂ ਦੇ ਸਬਰ ਦਾ ਬੰਨ ਟੁੱਟਦਾ ਨਜ਼ਰ ਆਉਂਦਾ ਸੀ। ਅੰਮ੍ਰਿਤਸਰ, ਰਾਇਕੋਟ ਦੇ ਬੁੱਚੜ ਬੱਧ ਸਾਕਿਆਂ ਨੇ ਬਲਦੀ ਤੇ ਤੇਲ ਪਾ ਹੀ ਦਿੱਤਾ ਸੀ ਪਰ ਮਲੇਰਕੋਟਲੇ ਦੇ ਸਾਕੇ ਬਾਅਦ ਸਥਿਤੀ ਵਿਸਫੋਟਕ ਹੋ ਗਈ। ਸਤਿਗੁਰੂ ਜੀ ਸੂਬਿਆਂ ਸਮੇਤ ਜਲਾਵਤਨ ਕਰ ਦਿੱਤੇ ਗਏ। ਸੰਨ ੧੮੭੪-੭੫ ਤੋਂ ੧੮੮੦-੮੧ ਈ. ਤੱਕ ਬ੍ਰਿਟਿਸ਼ ਬਰ੍ਹਮਾ ਵਿਚ ਕੂਕਿਆਂ ਦਾ ਗੁਰੂ ਦਰਸ਼ਨਾਂ ਲਈ ਜਾਣ ਦਾ ਪ੍ਰਵਾਹ ਨਿਰੰਤਰ ਚੱਲਦਾ ਰਿਹਾ। ਨਵੰਬਰ ੧੮੭੮ ਤੱਕ ਹੀ ੫੦ ਕੂਕੇ, ਸ. ਅਤਰ ਸਿੰਘ ਭਦੌੜ ਦੀ ਸੂਚਨਾ ਮੁਤਾਬਿਕ, ਆਪਣੇ

ਸਤਿਗੁਰੂ ਪਾਸ ਰੰਗੂਨ ਦਰਸ਼ਨ ਕਰਨ ਅਤੇ ਹੁਕਮਨਾਮੇ ਲਿਆਉਣ ਲਈ ਜਾ ਚੁੱਕੇ ਸਨ।[12]

ਭਾਈ ਦਿਤੂ ਜਿਸ ਨੂੰ ਬੱਕਰੀਆਂ ਚਾਰਦੇ ਨੂੰ ਬੁਲਾ ਕੇ ਸਤਿਗੁਰੂ ਜੀ ਨੇ ਮਿਹਰ ਨਜ਼ਰ ਨਾਲ 'ਨਦਰੀ ਨਦਰਿ ਨਿਹਾਲ' ਵਾਲੀ ਅਵਸਥਾ ਬਖਸ਼ ਦਿੱਤੀ ਸੀ, ਜੋ ਆਪ ਦੀ ਕ੍ਰਿਪਾ ਸਦਕਾ ਅੰਮ੍ਰਿਤਸਰੋਂ ਗੁਰਮਤਿ ਕੀਰਤਨ ਵਿਚ ਪ੍ਰਵੀਨ ਹੋਇਆ ਸੀ, ਹੁਣ ਜਦੋਂ ਸਤਿਗੁਰੂ ਜੀ ਓਪਰੀ ਧਰਤੀ ਤੇ ਸਨ ਉਹ ਕਿਵੇਂ ਘਰ ਬੈਠਾ ਰਹਿ ਸਕਦਾ ਸੀ। ਕਿਉਂਕਿ ੧੮੭੨ ਤੋਂ ਬਾਅਦ ਭੈਣੀ ਸਾਹਿਬ ਦੇ ਗੁਰੂ ਦਰਬਾਰ ਵਿੱਚ ਉਹ ਰੌਣਕਾਂ ਨਹੀਂ ਸਨ, ਭਾਈ ਦਿੱਤੂ ਕੀਰਤਨ ਕਰਨ ਵਾਸਤੇ ਅਕਸਰ ਸ੍ਰੀ ਅੰਮ੍ਰਿਤਸਰ ਅਤੇ ਲਾਹੌਰ ਆਦਿ ਪੰਜਾਬ ਦੇ ਵੱਡੇ ਸ਼ਹਿਰ ਵਿਚ ਕਿਆਮ ਕਰਦਾ ਰਿਹਾ ਸੀ। ਗੁਰੂ ਦਰਸ਼ਨਾਂ ਦੀ ਤਾਂਘ ਪ੍ਰਬਲ ਹੋਈ ਤਾਂ ਉਸਨੇ ਰੰਗੂਨ ਦੇ ਰਾਹ ਤੇ ਪੈਂਦੇ ਵੱਡੇ ਸ਼ਹਿਰ ਕਲਕੱਤੇ ਵਿਚ ਜਾ ਡੇਰੇ ਲਾਏ। ਇੱਥੇ ਬੜੀ ਸੰਗਤ, ਛੋਟੀ ਸੰਗਤ ਆਦਿ ਗੁਰਦੁਆਰੇ ਸਨ ਜਿੱਥੇ ਉਹ ਕੀਰਤਨ ਵੀ ਕਰਦੇ ਅਤੇ ਪੰਜਾਬ ਤੋਂ ਆ ਕੇ ਰੰਗੂਨ ਗੁਰੂ ਦਰਸ਼ਨਾਂ ਲਈ ਜਾਣ ਵਾਲੇ ਸਿੰਘਾਂ ਦੇ ਦਰਸ਼ਨ ਮੇਲੇ ਵੀ ਕਰਦੇ ਅਤੇ ਅਗਲੇ ਗੁਪਤ ਸਫਰ ਦੀਆਂ ਯੋਜਨਾਵਾਂ ਵੀ ਬਣਾਉਂਦੇ ਰਹਿੰਦੇ। ਸਮਕਾਲੀ ਇਤਿਹਾਸ ਲੇਖਕ ਦੇ ਸ਼ਬਦਾਂ ਵਿਚ—

"ਗੁਰਦਿਤਾ ਰਾਮ ਰਬਾਬੀ ਤੇ ਬੂਟਾ ਰਾਮ ਕਲਕੱਤੇ ਰਹਿੰਦੇ ਸੇ। ਓਨਾਂ ਨੇ ਭੀ ਜਾਇ ਦਰਸ਼ਨ ਕੀਤਾ ਰੰਗੂਨ ਮੈਂ। ਮੁੜਦੇ ਹੋਏ ਪਟਨੇ ਸਾਹਿਬ ਭੀ ਉਤਰੇ। ਮੱਥਾ ਟੇਕਿਆ ਗੁਰਦੁਆਰੇ। ਪੁਜਾਰੀਆਂ ਨੇ ਨਾ ਅਰਦਾਸ ਕੀਤੀ। ਪੁਛਿਆ ਤੁਸੀਂ ਕਿਉਂ ਨਹੀਂ ਅਰਦਾਸ ਕਰਦੇ ਹੋ। ਕੀ ਤਨਖਾਹ ਲਾ ਕੇ ਸਾਡੇ ਨਾਲ ਸੁਲ੍ਹਾ ਕਰੋਗੇ। ਪੁਜਾਰੀਆ ਨੇ ਕਹਾ ਕਿ ਸਾਨੂੰ ਅੰਮ੍ਰਿਤਸਰ ਅਕਾਲ ਬੁੰਗੇ ਸੇ ਲਿਖਿਆ ਆਇਆ ਹੈ ਕਿ ਕੂਕੇ ਕਲਾਮ ਪੜ੍ਹਦੇ ਹੈ ਮੁਸਲਮਾਨੀ। ਏਨਾਂ ਨੂੰ ਤਖਤ ਨਾ ਚੜ੍ਹਨ ਦਿਓ ਨਾ ਅਰਦਾਸ ਕਰੋ। ਸੋ ਅਸੀਂ ਨਹੀਂ ਅਰਦਾਸ ਕਰਦੇ। ਸਿੰਘ ਮੱਥਾ ਟੇਕ ਕੇ ਮੁੜ ਆਏ। ਗੁਰੂ ਹਰੀ ਸਿੰਘ ਜੀ ਕਾ ਦਰਸ਼ਨ ਕੀਤਾ। ਹੁਕਮਨਾਮੇ ਸੁਣੇ। ਥਾਂ ਥਾਂ ਦੀਆਂ ਅਰਦਾਸਾਂ ਦਿੱਤੀਆਂ ਉਤਾਰ ਕੇ।"[13]

ਭਾਈ ਗੁਰਦਿਤਾ ਰਾਮ ਉਰਫ ਭਾਈ ਦਿਤੂ ਨੇ ਰੰਗੂਨ ਯਾਤਰਾ ੧੮੮੦ ਈ. ਦੇ ਦੂਜੇ ਅੱਧ ਵਿਚ ਕੀਤੀ ਮਾਲੂਮ ਹੁੰਦੀ ਹੈ। ਸ੍ਰੀ ਸਤਿਗੁਰੂ ਜੀ ਨੇ ਭਾਈ ਨਰੈਣ ਸਿੰਘ ਫਲੌਰ, ਬਾਬਾ ਸ਼ਾਮ ਸਿੰਘ ਸਰਹਾਲੀ ਆਦਿ ਸਿੰਘਾਂ ਨੂੰ ਕੀਤੀਆਂ ਹਦਾਇਤਾਂ ਮੁਤਾਬਿਕ ਭਾਈ ਦਿਤੂ ਨੂੰ ਵੀ ਸਿੱਖ ਤਖਤਾਂ ਤੇ ਜਾਣ ਅਤੇ ਕੂਕਿਆਂ ਬਾਰੇ ਉਹਨਾਂ ਦੇ ਮਨੋਭਾਵਾਂ ਵਿਚ ਆਏ ਕਿਸੇ ਸਾਕਾਰਤਮਕ ਜਾਂ ਨਕਾਰਾਤਮਕ ਪਰਿਵਰਤਨ ਬਾਰੇ ਜਾਨਣ ਲਈ ਕਿਹਾ ਸੀ। ਸਤਿਗੁਰੂ ਜੀ ਦੇਸ਼ ਪੰਜਾਬ ਤੋਂ ਬਾਹਰ, ਵੇਲੇ ਦੀ ਸਭ ਤੋਂ ਜਾਬਰ ਹਕੂਮਤ ਦੀ ਕੈਦ ਵਿਚ ਅੱਠ ਨੌਂ ਸਾਲ ਕੱਟਣ ਬਾਅਦ ਆਪਣੇ ਹਮਵਤਨਾਂ ਤੋਂ ਇਹ ਪੁੱਛਣ ਦਾ ਅਧਿਕਾਰ ਤਾਂ ਰੱਖਦੇ ਹੀ ਸਨ ਕਿ ਜਿਸ ਮਿੱਟੀ ਦਾ ਅੰਨ ਜਲ ਖਾ ਕੇ ਤੁਸੀਂ ਪਰਵਾਨ ਚੜ੍ਹੇ ਹੋ, ਉਸੇ ਮਿੱਟੀ ਦੇ ਮੋਹ ਸਦਕਾ ਹੀ ਜੇ ਮੈਨੂੰ ਅਤੇ ਮੇਰੇ ਹੋਰ ਸੰਗੀਆਂ ਸਾਥੀਆਂ ਨੂੰ, ਬੰਦੀਖਾਨੇ ਵਿਚ ਸੁੱਟਿਆ ਗਿਆ ਹੈ ਤਾਂ ਤੁਹਾਡੇ ਵਿਚ ਜੇ ਜ਼ਮੀਰ ਨਾਂ ਦੀ ਕੋਈ ਸ਼ੈ ਬਚੀ ਹੈ ਤਾਂ ਤੁਹਾਨੂੰ ਸਾਡੇ ਹਾਲਾਤ ਬਾਰੇ ਸੋਚਣ ਲਈ ਮਜ਼ਬੂਰ ਨਹੀਂ ਕਰਦੀ ? ਪਰ ਇਹਨਾਂ

ਤਖਤਾਂ ਦੇ ਪੁਜਾਰੀਆਂ ਦੀ ਭਾਈ ਕਾਦਰਾਬਾਦੀ ਦੇ ਸ਼ਬਦਾਂ ਵਿਚ "ਪੂਜਾ ਧਾਨ ਤੁਮਰੀ ਮਤ ਮਾਰੀ। ਤੁਮ ਰਾਖੋ ਕੌਡੀ ਕੀ ਯਾਰੀ", ਵਾਲੀ ਦਸ਼ਾ ਸੀ।

ਪੰਜਾਬ ਪੁਲਿਸ ਵਲੋਂ ਉਚ ਅਧਿਕਾਰੀਆਂ ਨੂੰ ਭੇਜੀਆਂ ਖੁਫੀਆਂ ਸੂਚਨਾਵਾਂ ਮੁਤਾਬਿਕ ਚੌਗਾਵਾਂ (ਮੋਗਾ) ਦਾ ਸੂਬਾ ਫੂਲਾ ਸਿੰਘ ਜੋ ਫੀਰੋਜ਼ਪੁਰ ਦੇ ਮਹੱਤਵਪੂਰਨ ਕੂਕਿਆਂ ਵਾਲੀ ਸੂਚੀ ਵਿਚ, ਦੂਜੇ ਨੰਬਰ ਤੇ ਆਉਂਦਾ ਹੈ, ੨੪ ਮਾਰਚ ੧੮੮੧ ਨੂੰ (ਭਾਈ) ਗੁਰਦਿੱਤੇ ਨੂੰ ਮਿਲਣ ਵਾਸਤੇ ਅੰਮ੍ਰਿਤਸਰ ਲਈ ਘਰੋਂ ਨਿਕਲਿਆ ਹੈ। ਨੋਟ ਵਿਚ ਦਰਜ ਹੈ ਕਿ ਫੀਰੋਜ਼ਪੁਰ ਦੇ ਪੁਲੀਸ ਕਪਤਾਨ ਨੂੰ ਲਿਖਿਆ ਗਿਆ ਹੈ ਕਿ ਉਹ ਪਤਾ ਕਰੇ ਕਿ ਇਹ ਬੰਦਾ ਗੁਰਾ ਦਿੱਤਾ ਰਬਾਬੀ ਕੂਕਾ ਹੈ ਜੋ ਲਾਹੌਰ ਰਹਿੰਦਾ ਹੈ। ਇਸੇ ਇੰਦਰਾਜ ਦੀ ਇਕ ਨਕਲ ਅੰਮ੍ਰਿਤਸਰ ਦੇ ਪੁਲਿਸ ਕਪਤਾਨ ਨੂੰ ਵੀ ਭੇਜ ਦਿੱਤੀ ਗਈ ਹੈ। ਇਸੇ ਰੀਪੋਰਟ ਦੇ ਅਗਲੇ ਪਹਿਰੇ ਵਿਚ ਦਰਜ ਹੈ ਕਿ ਬੂਟਾ ਸਿੰਘ (ਰੰਗੂਨ ਤੋਂ) ਕਲਕੱਤੇ ਆ ਗਿਆ ਹੈ। ਉਹ ਤਾਰਾ ਸਿੰਘ ਦੀ ਸੰਗਤ (ਇਕ ਗੁਰਦੁਆਰਾ) ਵਿਚ ਰਹਿ ਰਿਹਾ ਹੈ ਅਤੇ ਉਸ ਦਾ ਸਾਥੀ ਲਾਹੌਰ ਦਾ ਗੁਰਾਦਿਤਾ ਰਬਾਬੀ, ਹੈਦਰਾਬਾਦ ਦੱਖਣ ਨੂੰ ਚਲਾ ਗਿਆ ਹੈ (ਜ਼ਿਆਦਾ ਸੰਭਾਵਨਾ ਹੈ ਕਿ ਉਹ ਅਬਚਲ ਨਗਰ ਸੀ.ਪੀ.ਓ ਗਿਆ ਹੋਵੇਗਾ) ਜਦੋਂ ਇਹ ਦੋਵੇਂ (ਰੰਗੂਨ ਤੋਂ ਵਾਪਿਸ) ਪੰਜਾਬ ਨੂੰ ਆ ਰਹੇ ਸਨ ਤਾਂ ਉਹਨਾਂ ਨੂੰ ਉਹਨਾਂ ਦੇ ਹਮ ਮਜ਼੍ਹਬਾਂ ਨੇ ਦੱਸਿਆ ਹੋਵੇਗਾ ਕਿ ਪੰਜਾਬ ਵਿਚ (ਸਰਕਾਰ ਵਲੋਂ) ਉਹਨਾਂ ਬਾਰੇ ਪੁੱਛ ਗਿੱਛ ਹੋ ਰਹੀ ਹੈ ਅਤੇ ਉਹਨਾਂ ਨੂੰ ਤਾੜਨਾ ਕੀਤੀ ਗਈ ਕਿ ਉਹ ਵਾਪਸ ਮੁੜ ਜਾਣ। ਕਲਕੱਤੇ ਦੇ ਪੁਲਿਸ ਕਮਿਸ਼ਨਰ ਦੀ ੮-੪-੧੮੮੧ ਦੇ ਮੈਮੋਰੰਡਮ ਨੰ. ੧੦੮੦ ਮੁਤਾਬਿਕ ਬੂਟਾ ਸਿੰਘ ਕਹਿੰਦਾ ਹੈ ਕਿ ਉਹ ਗੁਰਦਾਸਪੁਰ ਜ਼ਿਲ੍ਹੇ ਦੇ ਪਿੰਡ ਕਿਆਮਪੁਰ ਦਾ ਰਹਿਣ ਵਾਲਾ ਹੈ।[14]

ਭਾਈ ਗੁਰਦਿਤਾ ਰਾਮ ਰਬਾਬੀ ਦੇ ਤਖਤ ਸ੍ਰੀ ਹਜ਼ੂਰ ਸਾਹਿਬ, ਅਬਚਲ ਨਗਰ (ਨਾਂਦੇੜ) ਵਿਖੇ ਜਾਣ ਦਾ ਇਕ ਕਾਰਨ ਇਹ ਵੀ ਸੀ ਕਿ ਇਸ ਤਖਤ ਦਾ ਰਵੱਈਆ ਕੂਕਿਆਂ ਪ੍ਰਤੀ ਉਤਨਾ ਕਠੋਰ ਨਹੀਂ ਸੀ ਜਿਤਨਾਂ ਪੰਜਾਬ ਅਤੇ ਪਟਨਾ ਸਾਹਿਬ ਦੇ ਤਖਤਾਂ ਦਾ ਸੀ। ਸ਼ਾਇਦ ਇਕ ਕਾਰਨ ਇਸ ਇਲਾਕੇ ਦਾ ਸਿੱਧੇ ਅੰਗਰੇਜ਼ੀ ਸ਼ਾਸ਼ਨ ਦੇ ਹੇਠ ਹੋਣ ਦੀ ਬਜਾਏ ਨਜ਼ਾਮ ਹੈਦਰਾਬਾਦ ਦੇ ਰਾਜ ਹੇਠ ਹੋਣਾ ਹੋਵੇ। ਨਜ਼ਾਮ ਹੈਦਰਾਬਾਦ ਦੇ ਮਹਾਰਾਜਾ ਰਣਜੀਤ ਸਿੰਘ ਨਾਲ ਵੀ ਸੁਖਾਵੇਂ ਸੰਬੰਧ ਸਨ। ਸਤਿਗੁਰੂ ਰਾਮ ਸਿੰਘ ਜੀ ਨੇ ਨਾਮਧਾਰੀ ਸੰਤ ਖਾਲਸੇ ਵਿੱਚ ਪ੍ਰਚਲਿਤ ਕਰਨ ਵਾਲੀ ਪ੍ਰਮਾਣਿਕ ਸਿੱਖ ਜਾਂ ਖ਼ਾਲਸਈ ਰਹਿਤ ਮਰਿਆਦਾ ਲਈ, ਇਕ ਨਾਮਧਾਰੀ ਭਾਈ ਰਾਇ ਸਿੰਘ ਨੂੰ ਹਜ਼ੂਰ ਸਾਹਿਬ ਭੇਜਿਆ ਸੀ ਉਨ੍ਹੀਵੀਂ ਸਦੀ ਦੇ ਛੇਵੇਂ ਦਹਾਕੇ ਦੇ ਅਖੀਰਲੇ ਸਾਲਾਂ ਵਿਚ। ਉਸ ਦੇ ਨਾਮਧਾਰੀ ਕਿਰਦਾਰ ਤੋਂ ਪ੍ਰਭਾਵਿਤ ਹੋ ਕੇ ਹਜ਼ੂਰ ਸਾਹਿਬ ਤੋਂ ਨਿਹੰਗ ਸਿੰਘਾਂ ਦਾ ਇਕ ਜਥਾ ਸ੍ਰੀ ਭੈਣੀ ਸਾਹਿਬ ਵਿਖੇ ਸਤਿਗੁਰੂ ਜੀ ਦੇ ਦਰਸ਼ਨਾਂ ਲਈ ਆਇਆ ਸੀ ਜਿਸ ਦਾ ਵੇਰਵਾ ਭਾਈ ਕਾਲਾ ਸਿੰਘ ਨੰਗਲ ਦੇ "ਸਿੰਘਾਂ ਨਾਮਧਾਰੀਆਂ ਦਾ ਪੰਥ ਪ੍ਰਕਾਸ਼" ਵਿਚ ਮਿਲਦਾ ਹੈ, ਇਸੇ ਗ੍ਰੰਥ ਵਿਚ ਦਰਜ ਹੈ ਕਿ ਅਕਾਲ ਤਖਤ ਦੇ ਪੁਜਾਰੀਆਂ ਵਲੋਂ

ਕੂਕਿਆਂ ਨੂੰ ਪੰਥ ਵਿਚੋਂ ਛੇਕਣ ਵਾਲਾ ਹੁਕਮ ਹਜ਼ੂਰ ਸਾਹਿਬ ਵਾਲਿਆਂ ਨੇ ਨਹੀਂ ਸੀ ਮੰਨਿਆ ਅਤੇ ਇਥੇ ਕੂਕਿਆਂ ਦੀ ਭੇਟਾ ਸਵੀਕਾਰ ਕੀਤੀ ਜਾਂਦੀ ਹੈ—

"ਰਾਏ ਸਿੰਘ ਜੀ ਹਾਲ ਹਵਾਲ ਸਾਰਾ,
ਏਸ ਪੰਥ ਦਾ ਆਖ ਸੁਣਾਇਆ ਜੇ।
ਓਹਨਾ ਆਖਿਆ ਸਾਨੂੰ ਅਰਦਾਸ ਆਈ,
ਅਸੀਂ ਨਹੀਂ ਸੀ ਅਮਲ ਕਮਾਇਆ ਜੇ।
ਦਰਸ ਕਰਾਂਗੇ ਜਾਏਕੇ ਸਤਿਗੁਰਾਂ ਦਾ,
ਹੱਥ ਜੋੜ ਕੇ ਸਰਬ ਅਲਾਇਆ ਜੇ।
ਨਾਮਧਾਰੀਆਂ ਨਾਲ ਨਾ ਰਾਰ ਓਥੇ,
ਹੁਣ ਤੱਕ ਵੀ ਹੈ ਅਜਮਾਇਆ ਜੇ।"[15]

ਭਾਈ ਕਿਰਪਾਲ ਸਿੰਘ ਰਾਗੀ ਭਦੌੜ ਵਾਲੇ ਵੀ ਹੋਰਨਾਂ ਸਿੰਘਾਂ ਸਮੇਤ ਜਦੋਂ ਗੁਰੂ ਦਰਸ਼ਨਾਂ ਲਈ ਰੰਗੂਨ ਗਏ ਸਨ ਤਾਂ ਜਿਹੜੇ ਹੁਕਮਨਾਮੇ ਉਹ ਸਤਿਗੁਰੂ ਜੀ ਪਾਸੋਂ ਲਿਆਏ ਸਨ ਉਹਨਾਂ ਦੋਹਾਂ ਹੁਕਮਨਾਮਿਆਂ (ਹੁਕਮਨਾਮਾ ਨੰ. ੪੧ ਅਤੇ ੪੨) ਵਿਚ ਪਹਿਲਾ ਨਾਮ ਸਤਿਗੁਰੂ ਜੀ ਨੇ "ਜੋਗ ਭਾਈ ਗੁਰਦਿਤ ਸਿੰਘ" ਜੀ ਲਿਖਿਆ ਹੈ। ਸਤਿਗੁਰੂ ਜੀ ਆਪਣੇ ਵਲੋਂ ਸਭ ਤੋਂ ਪਹਿਲਾਂ ਨਿਵਾਜੇ ਰਾਗੀ ਦਾ ਇਹ ਨਾਮ ਲਿਖ ਰਹੇ ਹਨ। ਹੁਕਮਨਾਮਾ ਨੰ: ੨੬ ਜੋ ਨਾਰਲੀ ਦੇ ਭਾਈ ਬਘੇਲ ਸਿੰਘ ਨੂੰ ਦਿਤੇ ਹੁਕਮਨਾਮਿਆਂ ਦੇ ਨਾਲ ਸ਼ਾਮਲ ਹੈ, ਉਸ ਵਿਚ ਭਾਈ ਦਿਤੂ ਦੇ ਪਿੰਡ ਜਾਣ ਅਤੇ ਸੰਗਤ ਨੂੰ ਸਤਿਗੁਰੂ ਜੀ ਦੇ ਫਰਮਾਨ ਇਉਂ ਸਾਦਰ ਹਨ—

"੨੬

੧ਓ ਸਤਿਗੁਰਿ ਪ੍ਰਸਾਦਿ।

ਧੁਲੇਤੇ ਛੋਕਰੀ ਖਬਰ ਦੇਣੀ, ਫਤੇ ਗਜਾਇ ਦੇਣੀ ਨਾਲੇ ਏ ਹੁਕਮ ਭੀ ਬਾਣੀ ਕੰਠ ਕਰਣ ਦਾ ਸਭਨੂੰ ਆਖ ਦੇਣਾ, ਅਰ ਤੜਕੇ ਨਾਉਣ ਦਾ। ਦੇਖਣਾ ਭਜਨ ਬਾਣੀ ਤੇ ਹਟ ਨਾ ਜਾਣਾ। ਅਰ ਜੋ ਕੁਛ ਪੁਜ ਔਣ ਸੋ ਭੋਗ ਸਾਡੇ ਨਮਿਤ ਭੀ ਪਾਵੇ ਜੋ ਸਾਨੂੰ ਸੰਗਤ ਦਾ ਦਰਸ਼ਨ ਗੁਰੂ ਕਰਾਵੇ। ਅਰ ਆਪਸ ਮੈਂ ਸਭ ਨੇ ਮਿਲ ਕੇ ਰਹਿਣਾ। ਭਾਈ ਬਘੇਲ ਸਿੰਘ ਜੀ ਮਠਡੀ ਦੇ ਜਾਣੀ ਨਾਲੇ ਸੰਗਤ ਦਾ ਦਰਸਨਿ ਭੀ ਕਰ ਜਾਣਾ। ਰਾਤ ਰਹਿ ਕੇ ਫਗਵਾੜੇ ਭਾਵੇ ਰੇਲ ਚੜ ਜਾਈ।"

ਭਾਈ ਰਾਮ ਸਿੰਘ ਲੰਗੇਆਣਾ, ਬਿਹਾਰੀ ਸਿੰਘ, ਸੁਆਮੀ ਤਖਤ ਸਿੰਘ ਆਦਿ ਕੁਝ ਕਲਕੱਤੇ ਵਿਖੇ ਰਹਿੰਦੇ ਸਿੰਘ ਸਨ ਤਾਂ ਪੰਜਾਬ ਦੇ ਪਰ ਇੱਥੇ ਪੰਥਕ ਸਰਗਰਮੀਆਂ ਸਦਕਾ ਟਿਕੇ ਹੋਏ ਸਨ। ਇਹਨਾਂ ਸਿੰਘਾਂ ਦੇ ਨਾਮ ਭੇਜੇ ਗਏ, ਹੁਕਮਨਾਮਾ ਨੰ. ੨੯ ਵਿਚ ਸ੍ਰੀ ਸਤਿਗੁਰੂ ਜੀ ਭਾਈ ਗੁਰਦਿਤਾ ਰਾਮ ਨੂੰ ਵੀ ਸਾਦਰ ਹੁੰਦੇ ਹਨ ਅਤੇ ਬਾਕੀ ਸੰਗਤ ਨੂੰ ਉਸ ਦੀ ਸੇਵਾ ਸੰਭਾਲ ਕਰਨ ਦਾ ਹੁਕਮ ਵੀ ਕਰਦੇ ਹਨ, ਜਿਸ ਵਿਚੋਂ ਆਪ ਜੀ ਦਾ ਗੁਰਬਾਣੀ ਅਤੇ ਗੁਰਮਤਿ ਕੀਰਤਨ ਪਰਥਾਇ ਅਦਬ, ਸਤਿਕਾਰ ਅਤੇ ਉਮਾਹ-ਉਤਸ਼ਾਹ, ਉਮੜਦਾ ਪ੍ਰਗਟ ਹੁੰਦਾ ਹੈ—

"ਹੋਰੁ ਜੀ ਭਾਈ ਗੁਰਦਿੱਤੇ ਰਾਮ ਦੀ ਸੇਵਾ ਜਰੂਰਿ ਕਰਨੀ ਜਿਤਨੀ ਬਨਿ ਆਵੇ। ਸ੍ਰਬ ਸਿਖਾ ਕੋ ਹੁਕਮੁ ਹੈ ਸਬਦੁ ਦੀ ਭੇਟਾ ਦੇਣੀ। ਸੋ ਗੁਰੂ ਜੀ ਕੋ ਪਹੁਚਿਦੀ ਹੈ ਜੋ ਸਬਦਿ ਦੀ ਭੇਟਾ ਦਿੰਦਾ ਹੈ ਕੋਈ। ਸਤਿ ਪ੍ਰਤੀਤ ਕਰਨੀ ਏਸ ਬਚਨ ਦੀ। ਅਰੁ ਏਹੁ ਬੀ ਕਹਾਬਤ ਹੈ ਜੋ ਦਸਾ ਮਾਨੁਖਾ ਕੀਆ ਲਾਠੀਆ ਇਕ ਆਦਮੀ ਦਾ ਭਾਰੁ ਹੋਇ ਜਾਂਦਾ ਹੈ। ਸੋ ਜੀ ਜੇ ਬਹੁਤ ਸਰੀਰ ਥੋੜੀ ਥੋੜੀ ਬੀ ਸੇਵਾ ਕਰਨਿ ਤਾਂ ਇਕ ਸਰੀਰ ਦਾ ਅਛਾ ਗੁਜਾਰਾ ਹੋਇ ਜਾਦਾ ਹੈ।

ਹੋਰੁ ਗੁਰਦਿਤਾ ਰਾਮ ਜੀ ਹਮਾਰੀ ਸਿਰੀ ਵਾਹਿਗੁਰੂ ਜੀ ਕੀ ਫਤੇ ਬੁਲਾਈ ਪ੍ਰਮਾਨ ਕਰਿਨੀ ਆਪ ਨੇ। ਜੇ ਮੇਰੇ ਕੋ ਗੁਰੂ ਜੀ ਪੰਜਾਬ ਮੈ ਲੈ ਜਾਉ ਤਾਂ ਤੁਮਕੋ ਬੀ ਅਛਾ ਹੋਊਗਾ। ਭਜਨੁ ਬਾਣੀ ਕਰਨਾ ਰਾਤ ਦਿਨ ਤਕੜੇ ਹੋ ਕੇ। ਸਬਦੁ ਬੀ ਪੜਨਾ ਵੇਲੇ ਸਬਦ ਦੇ। ਫੇਰਿ ਭਜਨੁ ਕਰਨਾ ਤਕੜੇ ਹੋ ਕੇ, ਫੇਰ ਕੋਈ ਥੁੜ ਨਾ ਕੋਈ ਦੁਖੁ ਰਹੂਗਾ। ਸਤਿ ਪ੍ਰਤੀਤ ਕਰਨੀ ਏਸ ਬਚਨ ਦੀ ਸਭਨੇ। ਏਹੁ ਹਰਿਦਾਸ ਦੇਣੀ ਕਲਕਤੇ ਭਾਈ ਰਾਮ ਸਿੰਘ ਜੀ ਕੋ ਬਡੀ ਸੰਗਤ ਮੈ।"[16]

ਜਿੱਥੇ ਭਾਈ ਗੁਰਦਿਤਾ ਰਾਮ ਰਬਾਬੀ ਜਿਹੇ ਆਪ ਦੇ ਹੱਥੀਂ ਸਾਜੇ ਹੋਏ ਗੁਰਬਾਣੀ ਦੇ ਕੀਰਤਨੀਏ ਅਤੇ ਹੋਰ ਲੱਖਾਂ ਗੁਰੂ ਪਿਆਰੇ ਵੱਸਦੇ ਸਨ, ਉਸ ਪੰਜਾਬ ਦੇਸ਼ ਦੇ ਪੁਨਰ ਦਰਸ਼ਨਾਂ ਦੀ ਸਿਕ ਸਤਿਗੁਰੂ ਜੀ ਦੇ ਤਕਰੀਬਨ ਹਰ ਕ੍ਰਿਪਾ ਪੱਤਰ ਦੇ ਸ਼ਬਦ ਆਪਣੇ ਵਿਚ ਸਮੇਟੇ ਬੈਠੇ ਹਨ। ਗੁਰੂ ਤੇ ਸਿੱਖਾਂ ਦੀ ਇਕ ਦੂਸਰੇ ਪ੍ਰਥਾਇ ਇਹ ਤੜਪ ਹੀ ਸੀ ਜਿਸਨੇ ਸਾਰੇ ਨਾਮਧਾਰੀ ਪੰਥ ਨੂੰ ਰਾਮ ਵਿਓਗੀਆਂ ਦਾ ਪੰਥ ਬਣਾ ਦਿੱਤਾ ਸੀ। ਭਾਈ ਦਿਤੂ ਜਹੇ ਰਬਾਬੀਆਂ ਤੋਂ ਵਰੋਸਾਏ ਬਾਅਦ ਵਾਲੇ ਸਮੇਂ ਦੇ ਸਾਡੇ ਕੀਰਤਨੀਏ ਭਾਈ ਕਾਲੂ ਤੇ ਮੱਤੂ ਆਪਣੇ ਦੀਵਾਨਾਂ ਵਿਚ ਇਸ ਸ਼ਬਦ ਦੇ ਗਾਇਨ ਦੁਆਰਾ ਸੰਗਤਾਂ ਨੂੰ ਮਸਤਾਨੇ ਕਰ ਦਿੰਦੇ ਸਨ—

"ਮਾਨ ਅਭਿਮਾਨ ਅਸਾਂ ਦੋਵੇਂ ਡਿਠੇ ਖੁੱਥੀਂ ਖੰਭੀਂ ਜਾਂਦੇ।
ਪਾਣੀ ਢਲ ਨੀਵੇਂ ਥਾਂ ਆਇਆ ਟਿੱਬੇ ਰਹੇ ਹੜਾਂਦੇ।
ਨੀਵਿਆਂ ਰੁੱਖਾਂ ਦੇ ਫਲ ਮਿਠੇ ਫਿਕੇ ਊਚ ਰਹਾਂਦੇ।
ਸਤਿਗੁਰੂ ਰਾਮ ਸਿੰਘ ਜੇ ਨਾ ਮਿਲਦਾ ਅਸੀਂ ਭੀ ਔਂਤਰ ਜਾਂਦੇ।"

ਆਪਣੇ ਪਿਆਰੇ ਰਾਗੀ ਰਬਾਬੀਆਂ ਨੂੰ ਸਿਖੀ ਮੰਡਲ ਵਿਚ ਸ਼ਾਮਲ ਕਰਾਉਣ ਲਈ ਸਤਿਗੁਰੂ ਜੀ ਨੇ ਰੰਗੂਨ ਤੋਂ ਸ੍ਰੀ ਗੁਰੂ ਹਰੀ ਸਿੰਘ ਜੀ ਪਾਸ ਇਕ ਹੁਕਮ ਭੇਜਿਆ ਸੀ। ਇਸੇ ਦੇ ਅਨੁਕੂਲ ਆਚਰਣ ਕਰਦਿਆਂ ਭਾਈ ਦਿੱਤੂ ਜੋ ਬਾਅਦ ਵਿਚ ਗੁਰਦਿਤਾ ਰਾਮ ਕਹਾਏ ਹੁਣ ਖੰਡੇ ਬਾਟੇ ਦਾ ਅੰਮ੍ਰਿਤ ਛਕ ਕੇ, ਤਿਆਰ ਬਰ ਤਿਆਰ ਗੁਰੂ ਕੇ ਸਿੰਘ ਭਾਈ ਗੁਰਦਿਤ ਸਿੰਘ ਰਾਗੀ ਬਣ ਗਏ ਸਨ। ਅੰਮ੍ਰਿਤ ਛਕਣ ਸਮੇਂ ਆਪ ਨੇ ਗੁਰੂ ਹਰੀ ਸਿੰਘ ਜੀ ਪਾਸ ਇਸ ਦੇ ਤੋੜ ਚੜ੍ਹਨ ਦੀ ਯਾਚਨਾ ਕਰਦਿਆਂ ਇਹ ਮੰਗ ਵੀ ਮੰਗੀ ਸੀ ਕਿ ਉਹਨਾਂ ਦਾ ਸਰੀਰ ਸ੍ਰੀ ਅੰਮ੍ਰਿਤਸਰ ਜਾਂ ਸ੍ਰੀ ਭੈਣੀ ਸਾਹਿਬ ਵਿਚ ਹੀ ਸ਼ਾਂਤ ਹੋਵੇ ਤਾਂ ਜੁ ਅੰਤਿਮ ਸੰਸਕਾਰ ਗੁਰ ਮਰਿਆਦਾ ਅਨੁਸਾਰ ਸੰਗਤ ਦੇ ਹੱਥਾਂ ਵਿਚ ਹੋਏ। ਉਹਨਾਂ ਦੀ

ਇਹ ਮੰਗ ਪੂਰੀ ਹੋਈ ਸੀ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਉਪਦੇਸ਼ਾਂ ਵਿਚ ਇਸ ਪ੍ਰਥਾਇ ਕੀਮਤੀ ਜਾਣਕਾਰੀ ਸਾਨੂੰ ਮਿਲਦੀ ਹੈ—

"ਉਹ ਭਾਈ ਹੁਰੀਂ-ਮੈਨੂੰ ਇਕ ਸਿੰਘ ਨੇ ਗੱਲ ਸੁਣਾਈ-ਦਾਤੇਵਾਲ ਗਏ ਭਾਈ ਦਿਤੂ ਹੁਰੀਂ, ਮੁੜ ਕੇ ਨਾਂ ਉਹਨਾਂ ਦਾ ਗੁਰਦਿਤ ਸਿੰਘ ਹੋ ਗਿਆ। ਸਤਿਗੁਰਾਂ ਹੁਕਮ ਭੇਜਿਆ ਰੰਗੂਨੋਂ-ਬਈ, ਅੰਮ੍ਰਿਤ ਛਕੋ, ਜਿਹੜਾ ਅੰਮ੍ਰਿਤ ਨਾ ਛਕੇ ਉਹਦਾ ਸ਼ਬਦ ਨਾ ਸੁਣਨਾ-ਰਬਾਬੀ ਦਾ।

ਗੁਰੂ ਹਰੀ ਸਿੰਘ ਜੀ ਨੇ ਹੁਕਮ ਦਿੱਤਾ। (ਭਾਈ ਦਿਤੂ) ਕਹਿਣ ਲੱਗੇ, "ਸੱਚਿਆ ਪਾਤਸ਼ਾਹ, ਜੇ ਅੰਮ੍ਰਿਤ ਛਕਾਉਣ ਲੱਗਿਆ ਹੈ ਤਾਂ ਲੱਜਿਆ ਭੀ ਤੂੰ ਹੀ ਰੱਖਣੀ ਹੈ, ਮੇਰਾ ਸਰੀਰ ਯਾ ਭੈਣੀ ਸਾਹਿਬ ਛੁੱਟੇ। ਜੇ ਇਹਨਾਂ ....'ਚ ਮੈਂ ਮਰਿਆ ਤਾਂ ਇਹਨਾਂ ਨੇ ਮੇਰਾ ਸਸਕਾਰ ਨਹੀਂ ਕਰਨਾ।"

ਮੇਰੇ ਦੇਖਦਿਆਂ ਹੀ ਉਹਨਾਂ ਦਾ ਸਰੀਰ, ਗੁਰੂ ਹਰੀ ਸਿੰਘ ਜੀ ਦੇ ਦੌਰੇ ਨਾਲ, ਅੰਮ੍ਰਿਤਸਰ ਛੁੱਟਿਆ। ਸਾਧ ਸੰਗਤ ਨੇ ਬਿਬਾਨ ਬਣਾਇਆ, ਦੋ ਸੌ ਸਿੰਘ ਗਿਆ, ਜਿਹਨਾਂ ਨੇ ਸਸਕਾਰ ਕੀਤਾ। ਭਾਈ ਜੈ ਸਿੰਘ ਹੁਰੀਂ ਉਹਨਾਂ ਦੇ ਪੁੱਤਰ ਸੀ, ਭਾਈ ਮੌਲੀ ਜੀ ਉਹਨਾਂ ਨੂੰ ਕਹਿੰਦੇ ਸੀ, ਸਾਡੇ ਨਾਲ ਰਹੇ। ....

.... ਤਾਂ, ਮੈਂ ਗੱਲ ਕਰ ਰਿਹਾ ਸੀ—ਜੇ ਕਰ ਦੂਜਾ ਦੇਖਦੀਆਂ ਜੇ ਕਰਿ ਦੂਜਾ ਦੇਖਦੇ ਜਨ ਨਾਨਕ ਕਢਿ ਦਿਚੰਨਿ॥

ਮ. ੪, ਪੰਨਾ-੧੩੧੮

ਤਾਂ ਭਾਈ ਹੁਰਾਂ ਨੇ ਸਾਰੀ ਜ਼ਿੰਦਗੀ ਬਿਨਾਂ ਸਤਿਗੁਰੂ ਰਾਮ ਸਿੰਘ ਦੀ ਸਾਧ ਸੰਗਤ ਤੋਂ, ਸਾਜ ਨਹੀਂ ਕਿਸੇ ਅੱਗੇ ਖੋਲ੍ਹਿਆ। ਉਹੋ ਹੀ ਉਹਨਾਂ ਦੇ ਪੁੱਤਰ ਭਾਈ, ਸਾਡੇ ਨਾਲ ਰਿਹਾ, ਮੌਲੀ ਨਾਂ ਸੀ ਪਹਿਲਾਂ, ਫੇਰ ਜੈ ਸਿੰਘ, ਗੁਰੂ ਹਰੀ ਸਿੰਘ ਜੀ ਧਰਿਆ। ਕੇਸ ਰੱਖੇ ਹੋਏ ਸੀ, ਕਛਹਿਰਾ ਪਾ ਲੈਂਦੇ ਸੀ ਕਦੇ ਲਾਹ ਲੈਂਦੇ ਸੀ। ਹਾਲਤ ਇਹ ਹੋਈ ਪੰਤਾਲੀ ਚੱਕ ੧੯੯੬ ਬਿਕਰਮੀ 'ਚ ਹੋਲਾ ਹੋਇਆ। ਉਸ ਹੋਲੇ ਵਿਚ ਏਨੇ ਰਬਾਬੀ, ਮਰਾਸੀ ਗਏ, ਕਈ ਸ਼ਰਾਬ ਪੀਣ ਵਾਲੇ ਦਾੜ੍ਹੀ ਮੁੰਨਣ ਵਾਲੇ, ਸਿਗਰਟ ਪੀਣ ਵਾਲੇ। ਉੱਥੇ ਸਾਧ ਸੰਗਤ 'ਚ ਇਹ ਬਚਨ ਬਿਲਾਸ ਸ਼ੁਰੂ ਹੋਇਆ, ਬਈ ਜਿਹੜਾ ਅੰਗੂਠਾ ਲਾ ਦੇਵੇ ਨ-ਕਿ ਮੈਨੂੰ ਸੜਨਾ ਮਨਜ਼ੂਰ ਹੈ (ਭਾਵ ਸਿਖੀ ਰਹਿਤ ਧਾਰਨ ਕਰੇ-ਲੇਖਕ) ਉਸ ਦਾ ਸ਼ਬਦ ਸੁਣਿਆ ਜਾਏ। ਤੰਗ ਜੁ ਕੀਤੇ, ਸਿਗਰਟ ਪੀਣ ਵਾਲੇ ਭੀ ਗਏ ਹੋਏ ਸੀ। ਉਥੋਂ ਫਿਰ ਇਹ ਭੱਜੇ, ਕਾਲੂ ਕੇ ਵੀ ਤੇ ਭਾਈ ਜੈ ਸਿੰਘ ਵੀ ਤੁਰ ਆਇਆ, ਅੰਗੂਠਾ ਨਾ ਲਾਇਆ। ਭਾਈ ਨੱਥਾ, ਕੱਥਾ ਸਿੰਘ ਹੁਰਾਂ ਲਾਇਆ। ਡੇਢ ਵਰ੍ਹਾ ਯਾ ਸਵਾ ਸਾਲ ਘਰ ਬੈਠਾ ਰਿਹਾ। ਘਰ ਵਿਚ ਬੜੇ ਵੱਡੇ ਮਹੰਤ ਸਨ, ਡੇਰੇ ਦੇ ਮਾਲਕ ਸਨ, ਜ਼ਮੀਨ ਬੜੀ ਸੀ। ਏਧਰੋਂ ਕੱਢੇ ਹੋਏ, ਸਾਜ ਨਹੀਂ ਹੋਰ ਕਿਸੇ ਅੱਗੇ ਖੁੱਲ੍ਹ ਸਕਦਾ, ਬਿਨਾਂ ਸਤਿਗੁਰੂ ਰਾਮ ਸਿੰਘ ਦੀ ਸਾਧ ਸੰਗਤ ਤੋਂ। ....ਭਾਈ ਜੈ ਸਿੰਘ ਨੇ ਡੂਢ ਸਾਲ ਕਿਸੇ ਅੱਗੇ ਸਾਜ ਨਹੀਂ ਖੋਲ੍ਹਿਆ।"[17]

ਸੰਬਤ ੧੯੫੪ ਬਿ. ਮੁਤਾਬਿਕ ੧੮੯੭ ਈ. ਦੇ ਭਾਦਰੋਂ ਦੇ ਮਹੀਨੇ ਬਾਬਾ ਜਮੀਅਤ ਸਿੰਘ ਗਿੱਲ ਸੂਬਾ ਜੀ ਦੇ ਚਲਾਣੇ ਦੇ ਬਾਅਦ ਜੋ ਮੇਲਾ ਹੋਇਆ ਉਸ ਵਿਚ ਗੁਰੂ ਹਰੀ

ਸਿੰਘ ਜੀ ਨੇ ਆਪਣੇ ਰਾਗੀ ਸਿੰਘਾਂ ਸਮੇਤ ਭਾਈ ਗੁਰਦਿਤ ਸਿੰਘ ਦੇ ਜਥੇ ਦੇ ਦਰਸ਼ਨ ਦਿੱਤੇ ਸਨ। ਫਿਰ ਸਤਿਗੁਰੂ ਜੀ ਦਾ ਮਾਝੇ ਦਾ ਦੌਰਾ ਸੀ। ਉਸ ਦੌਰੇ ਦੇ ਵਰਣਨ ਸਮੇਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਉਪਦੇਸ਼ਾਂ ਵਿਚੋਂ, ਭਾਈ ਜੀ ਦੇ ਉਹਨਾਂ ਪੁੱਤਰਾਂ ਦੇ ਨਾਵਾਂ ਦੀ ਜਾਣਕਾਰੀ ਮਿਲਦੀ ਹੈ ਜੋ ਆਪ ਦੇ ਨਾਲ ਹੀ ਉਸ ਸਮੇਂ, ਗੁਰੂ ਦਰਬਾਰ ਵਿਚ ਕੀਰਤਨ ਕਰਿਆ ਕਰਦੇ ਸਨ—

"ਰਾਗੀਆਂ ਦੇ ਨਾਮ ਕੁਛ ਕੁਛ ਜਿਹੜੇ ਮੈਨੂੰ ਯਾਦ ਆਉਂਦੇ ਨੇ, ਮੈਂ ਦੱਸਦਾ। ਪਹਿਲਾ ਤਾਂ ਭਾਈ ਗੁਰਦਿੱਤ ਸਿੰਘ ਜਿਸ ਦਾ ਦਿਤੂ ਨਾਮ ਸੀ ਪਹਿਲਾਂ। ਉਹ ਤੇ ਜੈ ਸਿੰਘ ਉਹਦਾ ਵੱਡਾ ਪੁੱਤਰ ਤੇ ਛੋਟਾ ਪੁੱਤਰ ਚੰਦਾ, ਤਿੰਨੇ ਇਹ।"[18] ਇਹਨਾਂ ਦੌਰਿਆਂ ਵਿਚ ਛੇ ਰਾਗੀਆਂ ਦੀਆਂ ਅਤੇ ਤਿੰਨ ਢਾਡੀਆਂ ਦੀਆਂ ਚੌਕੀਆਂ ਰੋਜ ਭਰਦੀਆਂ ਸਨ। ਗੁਰੂ ਕੇ ਰਾਗੀ ਰਬਾਬੀ ਘੋੜਿਆਂ ਤੇ ਸਫਰ ਕਰਦੇ ਸਨ। ਰਾਗੀਆਂ ਤੇ ਢਾਡੀਆਂ ਦੇ ਕੁੱਲ ਬਾਈ ਘੋੜੇ ਉਸ ਦੌਰੇ 'ਚ ਚੱਲਦੇ ਸਨ। ਹੋਰ ਰਥ, ਗੜਬੈਹਲਾਂ, ਗੱਡੇ ਅਤੇ ਪੈਦਲ ਸਿੰਘ ਵੀ ਹੁੰਦੇ। ਕੁਝ ਊਠ ਵੀ ਹੁੰਦੇ ਸਨ। ਬਾਬਾ ਜਮੀਅਤ ਸਿੰਘ ਦਾ ਭੋਗ ਗਿਲ (ਸਿਆਲਕੋਟ) ਵਿਖੇ ਭਾਦਰੋਂ ਦੀ ਪੂਰਨਮਾਸ਼ੀ ੧੧ ਸਿਤੰਬਰ ੧੯੯੭ ਈ. ਦਿਨ ਸ਼ਨੀਵਾਰ ਨੂੰ ਪਿਆ। ਸੰਗਤਾਂ ਦਾ ਵਿਸ਼ਾਲ ਇਕੱਠ ਸੀ। ਇਸੇ ਮੇਲੇ ਤੇ "ਦਿੱਤੂ ਰਾਗੀ ਨੇ ਅੰਮ੍ਰਿਤ ਛਕਿਆ। ਗੁਰਦਿਤ ਸਿੰਘ ਨਾਮ ਕੀ ਬਾਰਸ਼ ਹੋਈ। ਬੜੀ ਖੁਸ਼ੀ ਨਾਲ ਮੇਲਾ ਹੋਇਆ। ਭਾਈ ਨਥੂ ਕੱਥੂ ਆਦਿਕ ਭੀ ਅੰਮ੍ਰਿਤ ਛਕਿਆ।"[19]

ਬਾਹੋਵਾਲ ਜੀ ਦੀ ਲਿਖਤ ਮੁਤਾਬਿਕ ੧੯੯੨ ਈ. ਵਿਚ ਗੁਰੂ ਹਰੀ ਸਿੰਘ ਜੀ ਦੇ ਅੰਮ੍ਰਿਤਸਰ ਵਿਖੇ ਪਹਿਲੀ ਵੇਰ ਸੰਗਤ ਨੂੰ ਵੱਡੀ ਪੱਧਰ ਤੇ ਦਰਸ਼ਨ ਹੋਏ। ਇਹ ਕਤਕ ਦਾ ਮਹੀਨਾ ਸੀ। "ਗੁਰੂ ਜੀ ਫੇਰ ਸ੍ਰੀ ਅੰਮ੍ਰਿਤਸਰ ਜੀ ਆਏ। ਗੁਰਦਿਤੇ ਰਾਗੀ ਨੇ ਅਰਜ ਕੀਤੀ ਜੀ ਤਰਨ ਤਾਰਨ ਨਾਮਧਾਰੀਆਂ ਕਾ ਬੁੰਗਾ ਪਵੇ। ਬੁੰਗੇ ਕੇ ਲੀਏ ਰੁਪਯਾ ਉਗਰਾਹੀ ਜਾਇ ਕੀਤੀ। ਤਰਨ ਤਾਰਨ ਬੁੰਗੇ ਕੀ ਨਿਉਂ ਜਾਇ ਧਰੀ। ਛੁੱਟੀ ਪੰਦਰਾਂ ਦਿਨਾਂ ਦੀ ਪੂਰੀ ਹੋਈ। ਗੁਰੂ ਮਹਾਰਾਜ ਜੀ ਰਾਮਦਾਸ ਪੁਰੇ ਸਾਹਿਬ ਆਏ। ਬੜੀ ਖੁਸ਼ੀ ਹੋਈ।"[20]

ਵੈਸਾਖ ਦੇ ਮਹੀਨੇ ੧੯੫੭ ਬਿ. ਮੁਤਾਬਿਕ੧੯੦੦ ਈ. ਵਿਚ ਗੁਰੂ ਹਰੀ ਸਿੰਘ ਜੀ ਸ਼ੇਖੂਪੁਰਾ ਅਤੇ ਅੰਮ੍ਰਿਤਸਰ ਦੇ ਦੌਰੇ ਲਈ ਇਕ ਮਹੀਨੇ ਦੀ ਛੁੱਟੀ ਲੈ ਕੇ ਚੱਲੇ। ਸ਼ੇਖੂਪੁਰਾ ਜ਼ਿਲ੍ਹੇ ਦੇ ਦੌਰੇ ਤੋਂ ਬਾਅਦ ਲਾਹੌਰ, ਭੰਬੇ ਰਾਜਾ ਜੰਗ, ਆਸਲ, ਚੀਮੇ, ਵਲਟੋਹੇ, ਮੱਖੀ, ਤਰਨਤਾਰਨ ਤੋਂ ਅੰਮ੍ਰਿਤਸਰ ਸ਼ਹਿਰ ਵਿਚ ਪੁੱਜੇ। ਇਸ ਦੌਰੇ ਸਮੇਂ ਗਰਮੀ ਬਹੁਤ ਸੀ ਅਤੇ ਹੈਜ਼ਾ ਫੈਲ ਚੁੱਕਾ ਸੀ। ਗੁਰੂ ਹਰੀ ਸਿੰਘ ਜੀ ਅਤੇ ਅੱਠਾਂ ਕੁ ਸਾਲਾਂ ਦੇ ਮਹਾਰਾਜ ਨਿਹਾਲ ਸਿੰਘ ਵੀ ਹੈਜ਼ੇ ਦੀ ਲਪੇਟ ਵਿਚ ਆਏ ਪਰ ਬਚ ਗਏ। ਹੋਰ ਅਨੇਕ ਸਿੰਘ ਦੌਰੇ ਨਾਲ ਦੇ ਅਤੇ ਪਿੰਡਾਂ ਵਾਲੇ ਚਲਾਣਾ ਕਰ ਗਏ। ਇਸੇ ਮਹਾਂਮਾਰੀ ਦੀ ਲਪੇਟ ਵਿਚ ਭਾਈ ਗੁਰਦਿਤ ਸਿੰਘ ਆ ਗਏ। ਬਾਹੋਵਾਲ ਜੀ ਉਹਨਾਂ ਦੇ ਅੰਤਿਮ ਸਮੇਂ ਨੂੰ ਕਾਨੀਬੱਧ ਕਰ ਗਏ ਹਨ। "ਅੰਮ੍ਰਿਤਸਰ ਜੀ ਬਾਈ ਪੌੜੀਆਂ ਆਸਾ ਕੀ ਬਾਰ ਕੀਆ ਲਾਇਕੇ ਵਿਚੋਂ ਉਠ ਖੜਾ ਹੋਇਆ ਗੁਰਦਿਤ ਸਿੰਘ ਰਾਗੀ। ਦਸਤ ਆਉਣੇ ਤੇ ਖੱਲੀਆਂ ਪੈਣੀਆਂ ਸ਼ੁਰੂ ਹੋਈਆਂ। ਮਾਲਸ਼ ਬਦਾਮ ਰੋਗਨ ਕੀ ਕਰਨੇ ਲਗੇ। ਅਗਲੇ ਦਿਨ ਚੜ੍ਹਾਈ ਕਰ ਗਿਆ। ....

ਸਿੰਘਾਂ ਨੇ ਰੀਤੀ ਮਰਯਾਦਾ ਨਾਲ ਬਿਬਾਨ ਕਢਿਆ। ਸ਼ਬਦ ਅਗੇ ਹੁੰਦਾ ਜਾਏ। ਉਪਰ ਦੁਸ਼ਾਲਾ ਪਾਇਆ। ਸਭ ਸ਼ਹਿਰ ਦੇਖੇ-ਦੇਖੋ ਮਰਾਸੀ ਰਾਗੀ ਸੀ ਨਾਮਧਾਰੀਆਂ ਬਡੀ ਰੀਤੀ ਕਰੀ ਹੈ। ਹੋਰ ਨਹੀਂ ਐਸਾ ਕਰ ਸਕਦਾ। ਸਸਕਾਰ ਕੀਤਾ, ਆਰਤੀ ਸੋਹਿਲਾ ਪੜਿਆ। ਸਤਿ ਸ੍ਰੀ ਅਕਾਲ ਗਜਾਈ। ਸਵਾ ਰੁਪਯੇ ਕਾ ਕੜਾਹ ਪ੍ਰਸ਼ਾਦਿ ਕਰਵਾਇਆ। ਗੁਰਦਿਤ ਸਿੰਘ ਨੇ ਨਾਮਧਾਰੀਆਂ ਤੋਂ ਬਿਨਾਂ ਕਿਸੇ ਅਗੇ ਸਾਜ਼ ਨਹੀਂ ਖੋਲ੍ਹਿਆ। ਇਕ ਰੁਪਯਾ ਰੋਜ਼ ਸਤਿਗੁਰਾਂ ਦਾ ਲਗਾਯਾ ਹੋਇਆ ਸੀ।

ਅਗਲੇ ਦਿਨ ਗੁਰੂ ਜੀ ਰਾਮਦਾਸਪੁਰੇ ਸਾਹਿਬ ਆਏ। ਸਿੰਘ ਸਭਾ ਵਾਲਿਆਂ ਨੇ ਅਖ਼ਬਾਰ ਮੈਂ ਛਾਪਿਆ ਕਿ ਸੋ ਰਬਾਬੀ ਖਾਲਸੇ ਕੇ ਅਗੇ ਸ਼ਬਦ ਕਰੇ ਜੋ ਨਾਮਧਾਰੀਆਂ ਕੀ ਤਰ੍ਹਾਂ ਰੀਤੀ ਮਨਜ਼ੂਰ ਕਰੇ। ਜਿਸਨੇ ਨਹੀਂ ਮਨਜ਼ੂਰ ਕਰਨਾ ਸੋ ਖਾਲਸੇ ਕੇ ਅੱਗੇ ਆਇਕੇ ਸ਼ਬਦ ਨਾ ਪੜ੍ਹੇ।''[21]

ਸੰਨ ੧੯੦੦ ਈ. ਵਿਚ ਹੈਜ਼ੇ ਦਾ ਪ੍ਰਕੋਪ ਪੰਜਾਬ ਵਿਚ ਕੋਈ ਦੋ ਮਹੀਨੇ ਰਿਹਾ ਸੀ। ਜਿਸਨੇ ਭਾਈ ਗੁਰਦਿਤ ਸਿੰਘ ਜੈਸਾ ਕੀਮਤੀ ਹੀਰਾ ਆਪਣੀ ਲਪੇਟ ਵਿਚ ਲੈ ਲਿਆ। ਜਿਸ ਕੀਰਤਨੀਏ ਨੂੰ ਬਚਪਨ ਵਿਚ ਸਤਿਗੁਰੂ ਰਾਮ ਸਿੰਘ ਜੀ ਦਾ ਥਾਪੜਾ ਪ੍ਰਾਪਤ ਹੋਇਆ ਅਤੇ ਮਗਰਲੀ ਉਮਰ ਗੁਰੂ ਹਰੀ ਸਿੰਘ ਜੀ ਦੀ ਸਪੁਰਦਗੀ ਵਿਚ ਬਤੀਤ ਕਰਨ ਦਾ ਸੁਅਵਸਰ ਮਿਲਿਆ। ਉਹ ਨਾਮਬਾਣੀ ਦਾ ਰਸੀਆ, ਰਸਾਂ ਕਸਾਂ, ਲੋਭ ਲਾਲਚਾਂ ਤੋਂ ਮੁਕਤ, ਗੁਰੂ ਕ੍ਰਿਪਾ ਨਾਲ ਜੀਵਨ ਮਰਨ ਦੇ ਚੱਕਰ ਤੋਂ ਪਾਰ ਜਾ ਚੁੱਕਾ ਸੀ। ਪੰਜਾਬ ਵਿਚ ਸਿੱਖ ਪੁਨਰ ਉਥਾਨ ਅਤੇ ਬਸਤੀਵਾਦੀਆਂ ਵਿਰੁੱਧ ਛੋਹੀ ਜੰਗ ਵਿਚ, ਕੂਕਾ ਜਥੇਬੰਦੀ ਦੇ ਪ੍ਰਚਾਰ ਪ੍ਰਸਾਰ ਵਿਚ ਇਸ ਬੁਲੰਦ ਸੁਰਵਾਲੇ ਕੀਰਤਨਕਾਰ ਦੀ ਭੂਮਿਕਾ ਬਹੁਤ ਅਦੁੱਤੀ ਸੀ। ਜੇ ਸਤਿਗੁਰੂ ਜੀ ਨੂੰ ਪ੍ਰਿਥਮ ਮਿਲਣੀ ਸਮੇਂ ਉਸ ਦੀ ਉਮਰ ੧੪ ਕੁ ਸਾਲ ਵੀ ਗਿਣੀਏ ਤਾਂ ਜਨਮ ੧੯੪੪ ਈ. ਬਣਦਾ ਹੈ। ਭਾਈ ਗੁਰਦਿਤ ਸਿੰਘ ਹੋਰਾਂ ਨੇ ਕੁਝ ਵੀ ਹੋਵੇ ੬੦ ਵਰ੍ਹੇ ਤੋਂ ਲੰਮੀ ਆਰਜਾ ਨਹੀਂ ਭੋਗੀ।

ਭਾਈ ਮਰਦਾਨੇ ਕਿਆਂ ਵਿਚੋਂ ਗੁਰੂ ਵਾਲਾ ਬਣ ਕੇ ਤੋੜ ਨਿਭ ਜਾਣ ਵਾਲੇ, ਭਾਈ ਗੁਰਦਿਤ ਸਿੰਘ ਅਤੇ ਉਸ ਦੇ ਰਾਗੀ ਸਪੁੱਤਰਾਂ ਦੇ ਸਿਦਕ ਸਿਰੜ ਨੂੰ ਸਾਡਾ ਸਲਾਮ! ਉਹ ਪੰਜਾਬ ਦੀ ਰਾਗੀ ਰਬਾਬੀ ਪਰੰਪਰਾ ਵਿਚ ਇਕ ਵਿਲੱਖਣ ਨਾਮ ਹਨ।

## ਹਵਾਲੇ ਅਤੇ ਟਿਪਣੀਆਂ


1. ਨਾਮਧਾਰੀ ਇਤਿਹਾਸ, ਨਾਹਰ ਸਿੰਘ ਐਮ. ਏ., (ਸੰਪਾਦਕ ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ) ਦੂਸਰਾ ਐਡੀਸ਼ਨ, ੨੦੧੪, ਆਰਸੀ ਪਬਲਿਸ਼ਰਜ, ਦਿੱਲੀ, ਸਫਾ ੭੯.
2. ਲਾਲ ਏਹਿ ਰਤਨ-ਭਾਗ ੪ (ਸੰ, ਪ੍ਰਿੰ੦ ਬੇਅੰਤ ਕੌਰ) ੨੦੦੩ ਈ., ਸ੍ਰੀ ਭੈਣੀ ਸਾਹਿਬ, ਸਫਾ ੬੬-੬੭
3. ਸਤਿਗੁਰੂ ਬਿਲਾਸ ਭਾਗ ਪਹਿਲਾ-ਸੰਤੋਖ ਸਿੰਘ ਬਾਹੋਵਾਲ, ਸਫਾ ੧੭੪
4. ਉਹੀ, ਸਫਾ ੧੭੫
5. ਲਾਲ ਏਹਿ ਰਤਨਾ ਭਾਗ ੧, ਸਫਾ ੧੦੯

6. ਲਾਲ ਏਹਿ ਰਤਨ ਭਾਗ ੫, ਸਫਾ ੩੫੧
7. ਲਾਲ ਏਹਿ ਰਤਨ, ਭਾਗ ੧, ਸਫਾ ੧੦੯-੧੦
8. ਲਾਲ ਏਹਿ ਰਤਨ, ਭਾਗ ੫, ਸਫਾ ੩੫੨-੫੩
9. ਸਤਿਗੁਰੂ ਬਿਲਾਸ ਭਾਗ ਪਹਿਲਾ, ਸਫਾ ੧੯੧
10. ਉਹੀ, ਸਫਾ ੨੯੬
11. ਸਤਿਗੁਰੂ ਬਿਲਾਸ ਪਾਤਸ਼ਾਹੀ ਬਾਰ੍ਹਵੀਂ, ਭਾਈ ਧਿਆਨ ਸਿੰਘ ਕਾਦਰਾਬਾਦੀ ਤੀਜੀ ਛਾਪ, ਸਫਾ ੧੨੨
12. ਲਾਇਲ ਸਰਵਿਸ਼ਜ ਆਫ ਸਰਦਾਰ ਅਤਰ ਸਿੰਘ ਭਦੌੜ (ਸੰ. ਜਸਵਿੰਦਰ ਸਿੰਘ), ਸਫਾ ੧੦੧
13. ਸਤਿਗੁਰੂ ਬਿਲਾਸ ਭਾਗ ਦੂਜਾ, ਸਫਾ ੧੧੧-੧੨
14. ਕੂਕਾ ਮੂਵਮੈਂਟ (ਡਾਕੂਮੈਂਟਸ) (ਸੰ. ਜਸਵਿੰਦਰ ਸਿੰਘ), ਸਫਾ ੧੪੨
15. ਸਿੰਘਾਂ ਨਾਮਧਾਰੀਆਂ ਦਾ ਪੰਥ ਪ੍ਰਕਾਸ਼-ਸੰਤ ਕਾਲਾ ਸਿੰਘ ਨੰਗਲ (ਸੰ. ਦੇਵਿੰਦਰ ਸਿੰਘ ਗਿੱਲ) ਦੂਜੀ ਛਾਪ, ੨੦੧੪, ਸ੍ਰੀ ਭੈਣੀ ਸਾਹਿਬ, ਸਫਾ ੬੩
16. ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ, (ਸੰ. ਜਸਵਿੰਦਰ ਸਿੰਘ), ਸਫਾ ੩੦੪-੦੭
17. ਲਾਲ ਏਹਿ ਰਤਨ, ਭਾਗ ੪, ਸਫਾ ੮੮-੮੦
18. ਲਾਲ ਏਹਿ ਰਤਨ, ਭਾਗ ੫, ਸਫਾ ੭੩
19. ਸਤਿਗੁਰੂ ਬਿਲਾਸ ਭਾਗ ਦੂਜਾ, ਸਫਾ ੨੦੩-੦੪
20. ਉਹੀ, ਸਫਾ ੧੭੭
21. ਉਹੀ, ਸਫਾ ੨੬੨

# ਉਦਾਸੀ ਭੇਖ ਵਿਚ ਕੂਕਾ
# —ਸੰਤ ਹੀਰਾ ਦਾਸ 'ਚਿੱਟੀ'

ਆਦਿ ਗੁਰੂ, ਜ਼ਾਹਰ ਪੀਰ ਜਗਤ ਗੁਰ ਬਾਬਾ, ਸਤਿਗੁਰੂ ਨਾਨਕ ਦੇਵ ਜੀ ਨੇ ਜਦੋਂ ਰਾਣਾ ਰੰਕ ਦੀ ਬਰਾਬਰੀ ਵਾਲਾ ਆਪਣਾ ਮਾਰਗ, ਜਿਸ ਨੂੰ ਸਿੱਖ ਮੱਤ ਕਿਹਾ ਗਿਆ, ਅਰੰਭ ਕਰਨਾ ਸੀ ਤਾਂ ਉਸ ਵੇਲੇ ਦੇ ਹਾਲਾਤ ਦਾ ਸਟੀਕ ਵਰਣਨ ਭਾਈ ਗੁਰਦਾਸ ਕਰਦਾ ਹੈ—

"ਬਾਬਾ ਦੇਖੈ ਧਿਆਨੁ ਧਰਿ
ਜਲਤੀ ਸਭਿ ਪ੍ਰਿਥਵੀ ਦਿਸਿ ਆਈ।
ਬਾਝ ਗੁਰੂ ਗੁਬਾਰੁ ਹੈ,
ਹੈ ਹੈ ਕਰਦੀ ਸੁਣੀ ਲੁਕਾਈ।
ਬਾਬੇ ਭੇਖ ਬਣਾਇਆ,
ਉਦਾਸੀ ਕੀ ਰੀਤ ਚਲਾਈ।
ਚੜ੍ਹਿਆ ਸੋਧਣ ਧਰਤ ਲੁਕਾਈ॥ ੨੪ ॥ ਵਾਰ੧ ॥

ਚਹੁੰਆਂ ਦਿਸ਼ਾਵਾਂ ਵਿਚ ਵੱਖ-ਵੱਖ ਸਮੇਂ ਲੰਮੀਆਂ ਯਾਤਰਾਵਾਂ ਕੀਤੀਆਂ ਜਿਹੜੀਆਂ ਵਰ੍ਹਿਆਂ ਬੱਧੀ ਜਾਰੀ ਰਹੀਆਂ। ਸਾਡੇ ਇਤਿਹਾਸਕਾਰਾਂ ਨੇ ਇਹਨਾਂ ਨੂੰ ਬਾਬੇ ਦੀਆਂ ਉਦਾਸੀਆਂ ਦਾ ਨਾਂ ਦਿੱਤਾ ਹੈ ਜਿਹਾ ਕਿ ਪਹਿਲੀ ਉਦਾਸੀ, ਦੂਜੀ ਉਦਾਸੀ ਆਦਿ। ਉਦਾਸੀ ਇਕ ਬਿਰਤੀ ਦਾ ਨਾਮ ਵੀ ਹੈ—

"ਭਗਤੁ ਵਡਾ ਰਾਜਾ ਜਨਕ ਹੈ,
ਗੁਰਮੁਖਿ ਮਾਇਆ ਵਿਚ ਉਦਾਸੀ॥"

॥ ਵਾਰ ੧੦ ॥-ਭਾਈ ਗੁਰਦਾਸ

ਸਤਿਗੁਰੂ ਨਾਨਕ ਜੀ ਦੇ ਵੱਡੇ ਸਪੁੱਤਰ ਬਾਬਾ ਸ੍ਰੀ ਚੰਦ ਜੀ ਨੇ ਜਿਹੜਾ ਆਪਣਾ ਮੱਤ ਚਲਾਇਆ ਉਸ ਨੂੰ "ਉਦਾਸੀ" ਮੱਤ ਨਾਉਂ ਦਿੱਤਾ ਭਾਵੇਂ ਸੁਆਮੀ ਬ੍ਰਹਮ ਦੇਵ 'ਉਦਾਸੀ' ਜਿਹੇ ਵਿਦਵਾਨ, ਸਿੱਖ ਮੱਤ ਅਤੇ ਉਦਾਸੀ ਮੱਤ ਵਿਚ ਕੋਈ ਬੁਨਿਆਦੀ ਅੰਤਰ ਵਿਰੋਧ ਨਹੀਂ ਸਮਝਦੇ। ਵੀਹਵੀਂ ਸਦੀ ਦੇ ਪਹਿਲੇ ਦੋ ਦਹਾਕਿਆਂ ਤੱਕ, ਸਿੱਖ ਗੁਰ ਧਾਮਾਂ ਦੀ ਸੇਵਾ ਸੰਭਾਲ ਅਤੇ ਦੇਸਾਂ ਵਿਦੇਸਾਂ ਵਿਚ ਸਿੱਖੀ ਦੇ ਪ੍ਰਚਾਰ ਪ੍ਰਸਾਰ ਦੀ ਸੇਵਾ, ਉਦਾਸੀ ਬਾਬਿਆਂ ਦੇ ਹੱਥ ਹੀ ਰਹੀ। ਸਮਾਂ ਪਾ ਕੇ ਜਿਵੇਂ ਹਰ ਪਰੰਪਰਾ ਵਿਚ ਕੁਝ ਵਿਗਾੜ ਆ ਜਾਂਦੇ ਹਨ, ਕੁਝ ਵੇਲੇ ਦੀਆਂ ਸਥਿਤੀਆਂ ਇਸ ਤਰ੍ਹਾਂ ਦਾ ਘਟਨਾਕ੍ਰਮ ਬਣਾ ਦਿੰਦੀਆਂ ਹਨ ਕਿ ਇਸ ਤਰ੍ਹਾਂ ਦੇ ਮੱਤ ਆਪਣੇ ਮੂਲ ਸੋਮਿਆਂ ਤੋਂ ਨਿੱਖੜ ਜਾਂਦੇ ਹਨ। ਫਿਰ ਵੀ ਗੁਰੂ ਬਾਬੇ ਦੇ, ਜਲ਼ਦੀ ਪਿਰਥਮੀ ਤੇ ਠੰਢ ਵਰਤਾਉਣ ਵਾਲੇ ਉਪਰਾਲਿਆਂ

ਲਈ ਕੀਤੇ ਸਫਰਾਂ ਨੂੰ, ਇੱਕ ਪੱਕੀ ਪੀਡੀ ਯਾਦ ਵਿਚ ਬੰਨ੍ਹ ਲੈਣਾ, ਉਦਾਸੀ ਮੱਤ ਦੇ ਪਰਵਰਤਕ ਜੀ ਦਾ ਵੱਡਾ ਕਾਰਨਾਮਾ ਹੈ। ਇਹੋ ਜਿਹੀ ਇਕ ਮਿਸਾਲ ਦਸਵੇਂ ਪਾਤਸ਼ਾਹ ਦੇ ਇਕ ਅਦੁੱਤੀ ਸਫਰ ਨਾਲ ਵੀ ਜੁੜੀ ਮਿਲਦੀ ਹੈ। ਸਤਿਗੁਰੂ ਜੀ ਜੰਗ ਚਮਕੌਰ ਤੋਂ ਬਾਅਦ ਮਾਛੀਵਾੜੇ ਵਿਚੋਂ ਹੁੰਦੇ ਜਦੋਂ ਆਪਣੇ ਸ਼ਰੀਕੇ ਕਬੀਲੇ ਦੇ ਇਕ ਸੱਜਣ, ਸੋਢੀ ਕਉਲ ਰਾਇ ਜੀ ਪਾਸ, ਢਿੱਲਵਾਂ ਪੁੱਜੇ ਤਾਂ ਕਿਉਂਕਿ ਗੁਰੂ ਸਾਹਿਬ ਨੇ ਇਹ ਯਾਤਰਾ ਜੋ ਉਹਨਾਂ ਦੇ ਜੀਵਨ ਦੀ ਬਹੁਤ ਬਿਖਮ ਯਾਤਰਾ ਸੀ, ਨੀਲੇ ਬਸਤਰ ਪਹਿਨ ਕੇ ਉੱਚ ਦੇ ਪੀਰ ਦੇ ਰੂਪ ਵਿੱਚ ਕੀਤੀ ਸੀ, ਤਾਂ ਸੋਢੀ ਕਉਲ ਜੀ ਨੇ ਸਫੈਦ ਬਸਤਰ ਹਾਜ਼ਰ ਕੀਤੇ। ਗੁਰੂ ਸਾਹਿਬ ਨੇ ਉਹ ਬਸਤਰ ਪਹਿਰਨ ਬਾਦ ਇਕ-ਇਕ ਲੀਰ ਕਰਕੇ ਤੰਦੂਰ ਵਿਚ ਸਾੜ ਦਿੱਤੇ। ਭਾਈ ਮਾਨ ਸਿੰਘ ਜੋ ਮੰਜਾ ਚੁੱਕ ਕੇ ਲਿਆਇਆ ਸੀ ਹੋਰ ਸਿੰਘਾਂ ਅਤੇ ਦੋ ਪਠਾਣ ਭਰਾਵਾਂ ਨਾਲ, ਉਸਨੇ ਇਕ ਨੀਲੀ ਟਾਕੀ ਆਪਣੇ ਦਸਤਾਰੇ ਵਿਚ ਫੱਰਰੇ ਦੀ ਤਰ੍ਹਾਂ ਸਜਾ ਲਈ ਅਤੇ ਬਿਨੈ ਕੀਤੀ ਕਿ ਇਹ ਹਜ਼ੂਰ ਦੇ ਇਸ ਸਫ਼ਰ ਦੀ ਨਿਸ਼ਾਨੀ ਸਾਂਭ ਲਈ ਹੈ। ਗੁਰੂ ਕੀਆਂ ਲਾਡਲੀਆਂ ਫੌਜਾਂ, ਨਿਹੰਗ ਸਿੰਘ, ਉਸੇ ਦਿਲ ਕੰਬਾਊ ਸਫਰ ਦੀ ਵਿਰਾਸਤ ਹੀ ਤਾਂ ਹਨ। ਪੰਜਾਬੀ ਦੇ ਸ਼ਰੋਮਣੀ ਕਿੱਸਾਕਾਰ ਸੱਯਦ ਵਾਰਿਸ ਸ਼ਾਹ ਨੇ ਗੁਰੂ ਨਾਨਕ ਨੂੰ "ਨਾਨਕ ਪੀਰ ਹੈ ਜਿਵੇਂ ਉਦਾਸੀਆਂ ਦਾ" ਕਹਿ ਕੇ ਯਾਦ ਕੀਤਾ ਹੈ ਅਤੇ ਉਦਾਸੀ ਭੇਖ ਨੂੰ ਸਿਖੀ ਦੀ ਸਮਰੂਪਤਾ ਤੇ ਹੀ ਰੱਖਿਆ ਹੈ।

ਉਦਾਸੀ ਭੇਖ ਬਾਰੇ ਏਨੀ ਕੁ ਗੱਲ ਕਰਕੇ ਅਸੀਂ ਉਦਾਸੀ ਭੇਖ ਵਿਚ ਵਿਚਰਨ ਵਾਲੇ, ਇਕ ਕੂਕੇ ਸਾਧੂ ਬਾਰੇ ਸੰਖੇਪ ਚਰਚਾ ਕਰਾਂਗੇ ਜਿਹੜੇ ਨਾ ਸਿਰਫ ਨਾਮ ਹੀ ਜਪਦੇ ਸਨ ਸਗੋਂ ਲੋੜ ਪੈਣ ਤੇ ਸ਼ਸਤਰ ਵੀ ਵਾਹ ਲੈਂਦੇ ਸਨ, ਉਹ ਸਨ ਸੰਤ-ਸਿਪਾਹੀ, ਹੀਰਾ ਦਾਸ ਜੀ ਚਿੱਟੀ ਵਾਲੇ। ਨੇੜੇ ਹੀ ਉੱਗੀ ਪਿੰਡ ਹੋਣ ਕਾਰਨ 'ਉੱਗੀ ਚਿੱਟੀ' ਵੀ ਆਖ ਦਿੰਦੇ ਹਨ। ਜਲੰਧਰ ਤੋਂ ਨਕੋਦਰ ਵਾਲੀ ਸੜਕ ਤੇ ਇਹ ਪਿੰਡ ਕੋਈ ਜ਼ਿਆਦਾ ਦੂਰ ਨਹੀਂ ਪੈਂਦਾ ਹੈ।

ਨਾਮਧਾਰੀ ਪੰਥ ਅਤੇ ਉਦਾਸੀ ਮੱਤ ਦਾ ਆਪਸ ਵਿਚ ਤਾਲਮੇਲ ਵੀ ਚੰਗਾ ਰਿਹਾ ਹੈ। ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਜਿਹੜੇ ਕੂਕੇ ਸੂਬੇ, ਪੰਥਕ ਪ੍ਰਚਾਰ, ਦੇਸ਼-ਸੇਵਾ, ਲੋਕ-ਸੇਵਾ ਅਤੇ ਸਤਿਗੁਰੂ ਜੀ ਅਤੇ ਸੰਗਤ ਦੇ ਵਿਚਾਲੇ ਇਕ ਮੱਹਤਵਪੂਰਨ ਕੜੀ ਦੇ ਫਰਜ਼ ਨਿਬਾਹੁਣ ਲਈ ਥਾਪੇ ਗਏ ਸਨ ਉਹਨਾਂ ਵਿਚੋਂ ਕੁਝ ਮਹਾਂਪੁਰਖ ਤਾਂ ਉਦਾਸੀ ਸਾਧੂਆਂ ਵਿਚੋਂ ਹੀ ਆ ਕੇ ਕੂਕੇ ਬਣੇ ਸਨ ਜਿਹਾ ਕਿ ਸੂਬਾ ਸਾਹਿਬ ਸਿੰਘ ਬੰਗਾਲੀਪੁਰ, ਸੂਬਾ ਮਲੂਕ ਸਿੰਘ ਫੂਲੇਵਾਲ, ਸੂਬਾ ਪਹਾੜਾ ਸਿੰਘ ਮਲੌਦ, ਸੂਬਾ ਗੋਪਾਲ ਸਿੰਘ ਮੌੜੇ, ਸੂਬਾ ਲੱਖਾ ਸਿੰਘ ਮਲੌਦ, ਸੂਬਾ ਬ੍ਰਹਮਾ ਸਿੰਘ ਦਰੀਆਪੁਰ-ਕੈਲਾਣਾ, ਨਾਇਬ ਸੂਬਾ ਜੋਗਾ ਸਿੰਘ ਧੂੜਕੋਟ ਇਤਿਆਦਿਕ।

ਸੰਤ ਹੀਰਾ ਦਾਸ 'ਚਿੱਟੀ' ਦਾ ਜਨਮ ਪਿੰਡ ਮੂਮਾਂ ਦੇ ਪਾਸ ਗਹਿਲ (ਬਰਨਾਲਾ) ਸੀ। ਪਰਸਿਧ ਨਾਮਧਾਰੀ ਵਿਦਵਾਨ ਸੰਤ ਇੰਦਰ ਸਿੰਘ ਚਕ੍ਰਵਰਤੀ ਦੀ ਜੀਵਨ ਸਾਥਣ ਮਾਤਾ ਪ੍ਰਤਾਪ ਕੌਰ ਦਾ ਵੀ ਇਹੋ ਪਿੰਡ ਸੀ। ਉਹ ਪਿੰਡ ਉਸ ਸਮੇਂ ਰਿਆਸਤ ਪਟਿਆਲਾ ਦਾ ਪਿੰਡ ਸੀ। ਬਚਪਨ ਵਿਚ ਸੁਭਾਉ ਸਾਧੂਆਂ ਜਿਹਾ ਸੀ। ਨਾਮਧਾਰੀ ਪੰਥ ਦੇ, ਦੁਆਬੇ

ਦੇ, ਸਤਿਗੁਰੂ ਪ੍ਰਤਾਪ ਸਿੰਘ ਜੀ ਦੁਆਰਾ ਥਾਪੇ, ਸੂਬਾ ਸੱਈਆ ਸਿੰਘ ਜੀ ਦੀ ਲਿਖਤ ਮੁਤਾਬਿਕ ਆਪ ਦਾ ਜਨਮ ਵਰ੍ਹਾ, ੧੯੬੪ ਬਿਕਰਮੀ, ਮੁਤਾਬਿਕ ੧੯੦੭ ਈ. ਸੀ। ਆਪ ਦਾ ਪਰਿਵਾਰ ਜ਼ਿਮੀਦਾਰਾਂ ਦਾ ਪਰਿਵਾਰ ਸੀ। ਇਸ ਤੋਂ ਵੱਧ ਜਾਣਕਾਰੀ ਨਹੀਂ ਮਿਲਦੀ ਕਿਉਂਕਿ ਸਾਕਾ ਮਲੇਰਕੋਟਲਾ ਵਿਚ ਭਾਗ ਲੈ ਚੁੱਕਣ ਕਾਰਨ, ੧੯੭੨ ਈ. ਤੋਂ ੧੯੨੭ ਈ. ਤੱਕ ਦਾ ਆਪਦਾ ਸਾਰਾ ਜੀਵਨ, ਮਫ਼ਰੂਰੀ ਦੀ ਹਾਲਤ ਵਿਚ ਹੀ ਬਤੀਤ ਹੋਇਆ। ਇਸ ਤਰ੍ਹਾਂ ਦੇ ਵਿਅਕਤੀ ਆਪਣੇ ਪਿੰਡ ਪੀਹੜ ਜਾਂ ਅਗੇਤਰ ਪਛੇਤਰ ਬਾਰੇ ਕੁਝ ਵੀ ਦੱਸਣ ਤੋਂ ਅਕਸਰ ਸੰਕੋਚ ਕਰਦੇ ਹਨ। ਆਪ ਨੇ ਜੁਆਨੀ ਸਮੇਂ ਕਾਸ਼ੀ ਵਿਚ ਰਹਿ ਕੇ ਸੰਸਕ੍ਰਿਤ ਭਾਸ਼ਾ ਅਤੇ ਹੋਰ ਧਰਮ ਗ੍ਰੰਥਾਂ ਦਾ ਗੰਭੀਰ ਅਧਿਐਨ ਕੀਤੀ ਸੀ। "ਖਟ ਸ਼ਾਸ਼ਤਰ, ਗੀਤਾ, ਉਪਨਿਸ਼ਦ, ਬ੍ਰਹਮ ਸੂਤਰ ਅਤੇ ਹੋਰ ਅਨੇਕਾਂ ਗਰੰਥਾਂ ਦੇ ਸਿਧਾਂਤ ਤਾਂ ਉਹਨਾਂ ਦੇ ਕੰਠਸਥ ਸਨ। ਜਦੋਂ ਕਿਸੇ ਵਿਸ਼ੇ ਤੇ ਕਿਸੇ ਪੰਡਿਤ ਨਾਲ ਵਿਚਾਰ ਹੋਣ ਲੱਗਦਾ ਤਾਂ ਆਪ ਉਕਤੀਆਂ ਯੁਕਤੀਆਂ ਨਾਲ ਪ੍ਰਤੀਪੱਖ ਦਾ ਮੂੰਹ ਬੰਦ ਕਰ ਦਿੰਦੇ ਸਨ। ਪਰ ਬਾਵਜੂਦ ਇਸ ਗੱਲ ਦੇ ਆਪ ਬੜੇ ਨਿਰਮਾਣ ਅਤੇ ਕੋਮਲ ਸੁਭਾਵ ਵਾਲੇ ਸਨ।"[1]

ਪੰਜਾਬ ਵਿਚ ਫਰੰਗੀ ਸਰਕਾਰ ਕਾਇਮ ਹੋ ਚੁੱਕੀ ਸੀ। ਸਿੱਖ ਰਿਆਸਤਾਂ ਦੇ ਰਾਜੇ ਵੀ ਹੋਰ ਹਿੰਦੁਸਤਾਨੀ ਰਿਆਸਤਾਂ ਜਿਉਂ ਅੰਗਰੇਜ਼ ਸਰਕਾਰ ਨੂੰ, ਮਾਈ ਬਾਪ ਸਮਝ ਕੇ, ਉਸ ਦੀ ਤਾਬਿਆਦਾਰੀ ਵਿਚ ਰਹਿਣ ਨਾਲ ਹੀ ਆਪਣੇ ਸਿਆਸੀ ਹਿੱਤ ਸੁਰੱਖਿਅਤ ਸਮਝਦੇ ਸਨ। ਸਿੱਖ ਰਿਆਸਤਾਂ ਦੀਆਂ ਫੌਜਾਂ ਵੱਲੋਂ ਲਹੌਰ ਦਰਬਾਰ ਦੀਆਂ ਸੈਨਾਵਾਂ ਨੂੰ ਹਰਾਉਣ ਵਿਚ ਕੰਪਨੀ ਸਰਕਾਰ ਦੀਆਂ ਫੌਜਾਂ ਦਾ ਸਾਥ ਦੇਣਾ, ਕੌਮੀ ਜਜ਼ਬੇ ਨਾਲ ਲਬਰੇਜ਼ ਸਾਰੀਆਂ ਧਿਰਾਂ ਨੂੰ ਪਰੇਸ਼ਾਨ ਕਰ ਰਿਹਾ ਸੀ। ਰਿਆਸਤੀ ਜਨਤਾ ਵਿਚ ਵੀ ਬੇਚੈਨੀ ਪਨਪ ਰਹੀ ਸੀ। ਸੰਨ ੧੮੫੭ ਈ. ਦਾ ਜਨ ਵਿਦਰੋਹ ਸਖਤੀ ਨਾਲ ਦਬਾਉਣ ਵਿਚ, ਫਿਰ ਸਿੱਖ ਰਾਜਿਆਂ ਦੀਆਂ ਫੌਜਾਂ, ਰਾਜਪੂਤਾਨੇ ਦੀਆਂ ਰਿਆਸਤਾਂ ਦੀਆਂ ਫੌਜਾਂ ਜਿਉਂ ਪੇਸ਼ ਪੇਸ਼ ਰਹੀਆਂ। ਇਸੇ ਸਮੇਂ ਹੀ ਪੰਜਾਬ ਵਿਚ ਕੂਕਾ ਅੰਦੋਲਨ ਦਾ ਸੂਤਰਪਾਤ ਹੋਇਆ। ਸਤਿਗੁਰੂ ਰਾਮ ਸਿੰਘ ਦੀ ਸਰਬ ਕਲਿਆਣਕਾਰੀ ਸੋਚ ਅਤੇ ਕ੍ਰਿਸ਼ਮਾਈ ਮਹਾਂਮਾਨਵ ਜਹੀ ਸ਼ਖਸੀਅਤ ਦੇ ਇਰਦ ਗਿਰਦ ਬਣੇ, ਆਭਾ ਮੰਡਲ ਦੀਆਂ ਰਿਸ਼ਮਾਂ ਨੇ, ਥੋਹੜੇ ਸਮੇਂ ਵਿਚ ਹੀ ਲੱਖਾਂ ਹਿਰਦਿਆਂ ਵਿਚ ਨਵੀਂ ਆਸ਼ਾ ਦਾ ਸੰਚਾਰ ਕਰਨਾ ਸ਼ੁਰੂ ਕਰ ਦਿੱਤਾ। ਸਿੱਖ ਰਿਆਸਤਾਂ ਅਤੇ ਮਾਲਵਾ ਖਿੱਤੇ ਦੇ ਸਤਿਗੁਰੂ ਜੀ ਦੇ ਪ੍ਰਚਾਰ ਦੌਰਿਆਂ ਕਾਰਨ ਕਿਰਤੀ, ਕਿਸਾਨ, ਦਸਤਕਾਰ ਅਤੇ ਗੁਰਸਿੱਖ ਜੀਵਨ ਜਾਚ ਦੀ ਮੁੜ ਸੁਰਜੀਤੀ ਲੋਚਦੇ ਲੋਕ, ਵਹੀਰਾਂ ਘੱਟ ਕੇ ਆਪ ਦੇ ਕੌਮੀ ਮੁਕਤੀ ਦੇ ਉੱਚੇ ਆਦਰਸ਼ ਦੇ ਝੰਡੇ ਹੇਠ, ਨਾਮਧਾਰੀ ਸੰਤ ਖਾਲਸਾ ਦੀਆਂ ਸਫਾਂ ਵਿਚ ਸ਼ਾਮਲ ਹੋਣੇ ਸ਼ੁਰੂ ਹੋ ਗਏ ਸਨ। ਇਹੋ ਜਿਹੇ ਕਿਸੇ ਸੁਅਵਸਰ ਤੇ ਇਹ ਸਾਧੂ ਬਿਰਤੀ ਦਾ ਵਿਅਕਤੀ ਨਾਮਧਾਰੀ ਸੰਗਤ ਦਾ ਭਾਗ ਬਣ ਗਿਆ। ਇਸ ਘਟਨਾ ਤੋਂ ਕੋਈ ਸਾਲ ਦੋ ਸਾਲ ਬਾਅਦ ਹੀ ਭਾਈ ਹੀਰਾ ਸਿੰਘ ਲਹਿਣਾ ਸਿੰਘ ਹੋਰਾਂ ਦੇ ਮਸਤਾਨਾ ਦਲ ਨੇ ਕਾਬਲ ਵਾਲੇ ਸੂਬਾ ਬਿਸ਼ਨ ਸਿੰਘ ਅਰੋੜਾ ਦੀ ਪ੍ਰੇਰਨਾ ਨਾਲ, ਸ਼ਹੀਦੀ ਜਥੇ ਦਾ ਗਠਨ ਕਰ

ਲਿਆ ਅਤੇ ਖੁੱਲਮ ਖੁੱਲ੍ਹਾ ਫਰੰਗੀ ਹਕੂਮਤ ਅਤੇ ਉਸਦੇ ਹੱਥ ਠੋਕਿਆ ਨਾਲ ਦੋ ਦੋ ਹੱਥ ਕਰਨ ਦੀਆਂ ਵਿਉਂਤਾਂ ਗੁੰਦਣੀਆਂ ਸ਼ੁਰੂ ਕਰ ਦਿੱਤੀਆਂ। ਅੰਮ੍ਰਿਤਸਰ, ਰਾਇਕੋਟ ਦੇ ਬੁੱਚੜ ਬੱਧ ਸਾਕੇ ਵਾਪਰ ਚੁੱਕੇ ਸਨ। ਹਿੱਸਾ ਲੈਣ ਵਾਲੇ ਸਿੰਘ ਤਾਂ ਅੰਮ੍ਰਿਤਸਰ, ਰਾਇਕੋਟ ਵਿਖੇ ਫਾਸੀ ਦੀਆਂ ਤੰਦੀਆਂ ਗਲ਼ਾਂ ਵਿਚ ਪਾ ਕੇ ਝੂਲ ਹੀ ਚੁੱਕੇ ਸਨ, ੧੮੭੧ ਈ. ਦੇ ਮੁੱਕਣ ਤੋਂ ਮਹੀਨਾ ਕੁ ਪਹਿਲਾਂ ਬੁੱਚੜ ਕਤਲਾਂ ਵਿਚ ਸਿੱਧੇ ਤੌਰ ਤੇ ਸ਼ਾਮਲ ਨਾ ਹੋਣ ਵਾਲੇ ਸੂਬਾ ਗਿਆਨੀ ਰਤਨ ਸਿੰਘ ਅਤੇ ਨਾਇਬ ਸੂਬਾ ਰਤਨ ਸਿੰਘ (ਛੋਟਾ) ਵੀ ਲੁਧਿਆਣੇ ਵਿਚ ਸਰਕਾਰੀ ਅਤਾਬ ਦਾ ਸ਼ਿਕਾਰ ਹੋ ਕੇ ਸ਼ਹੀਦੀ ਬਾਟੇ ਛਕ ਚੁੱਕੇ ਸਨ। ੧੮੭੨ ਈ. ਦੇ ਮਾਘੀ ਮੇਲੇ ਤੇ ਸਤਿਗੁਰੂ ਜੀ ਦੇ ਮਹਿਲ ਮਾਤਾ ਜੱਸਾਂ ਜੀ ਅਤੇ ਇਹਨਾਂ ਸ਼ਹੀਦ ਹੋਏ ਗੁਰੂ ਪਿਆਰਿਆਂ ਦੀ ਯਾਦ ਵਿਚ, ਸ੍ਰੀ ਭੈਣੀ ਸਾਹਿਬ ਵਿਖੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ੧੦੧ ਪਾਠਾਂ ਦੇ ਭੋਗ ਪਾਏ ਜਾ ਰਹੇ ਸਨ। ਸੰਗਤਾਂ ਦੂਰੋਂ ਨੇੜਿਉਂ ਜੁੜ ਰਹੀਆਂ ਸਨ। ਅਕਾਲ ਬੁੰਗੇ ਵਾਲੇ ਖੂਹ ਤੇ ਸ਼ਹੀਦੀ ਜਥਾ ਧਰਮ ਜਹਾਜ ਛੇਤੀ ਹੀ ਠਿੱਲ੍ਹਣ ਦੇ ਹੋਕੇ ਦੇ ਦੇ ਕੇ, ਕੌਮੀ ਅਣਖ ਵਾਲੇ ਸੂਰਬੀਰਾਂ ਦਾ ਖੂਨ ਗਰਮਾ ਰਿਹਾ ਸੀ। ਭਾਈ ਹੀਰਾ ਦਾਸ ਨੂੰ ਵੀ ਆਪਣੇ ਜੀਵਨ ਦਾ ਸੁਨਹਿਰੀ ਅਵਸਰ ਹੱਥ ਆਉਂਦਾ ਨਜ਼ਰ ਆ ਰਿਹਾ ਸੀ ਜਦੋਂ ਉਹ ਧਰਮ ਦੋਖੀਆਂ ਨੂੰ ਸੋਧ ਕੇ ਮਨ ਦੀਆਂ ਮੁਰਾਦਾਂ ਪੂਰੀਆਂ ਕਰ ਸਕਦਾ ਸੀ। ਹੀਰਾ ਦਾਸ ਨੇ ਭਾਈ ਹੀਰਾ ਸਿੰਘ ਲਹਿਣਾ ਸਿੰਘ ਨੂੰ ਬੇਨਤੀ ਕੀਤੀ ਅਤੇ ਸ਼ਹੀਦੀ ਜਥੇ ਵਿਚ ਸ਼ਾਮਲ ਹੋ ਗਿਆ।

ਸ੍ਰੀ ਭੈਣੀ ਸਾਹਿਬ ਤੋਂ ਸ਼ਹੀਦੀ ਜਥੇ ਦੇ ਚੱਲਣ ਸਮੇਂ ਜਦੋਂ ਜਥੇਦਾਰ ਹੀਰਾ ਸਿੰਘ ਇਕ ਲਕੀਰ ਆਪਣੀ ਤਲਵਾਰ ਨਾਲ ਖਿੱਚਦੇ ਹਨ ਅਤੇ ਕਹਿੰਦੇ ਹਨ ਕਿ ਜਿਹਨਾਂ ਨੇ ਆਪਣੀ ਜਾਨ ਪਿਆਰੀ ਨਹੀਂ ਕਰਨੀ, ਉਹ ਟੱਪ ਜਾਣ ਬਾਕੀ ਜਾ ਸਕਦੇ ਹਨ ਤਾਂ ਉਸ ਸਮੇਂ ਸਾਡੇ ਨਾਮਧਾਰੀ ਸਰੋਤਾਂ ਅਨੁਸਾਰ ੧੪੦ ਸਿੰਘ ਇਹ ਲੀਕ ਟੱਪ ਕੇ ਚੱਲ ਪਏ ਸਨ—

"ਸੋਇ ਲਕੀਰ ਲੰਘੇ ਗੁਰ ਕੋ ਸਿੱਖ,
ਹੇਤ ਧਰੰਮ ਜੋ ਸੀਸ ਲਗਾਇ।
ਦੇਹ ਅਨਿਤ ਸੋ ਨਿਤ ਰਹੇ ਜਸ,
ਯੌਂ ਗਜ ਕੇ ਸਿੰਘ ਬੈਨ ਅਲਾਇ।
* ਬਿੰਸਤ ਸਾਤ ਸੁ ਕਾਰ ਲੰਘੇ,
ਅਰੁ ਸ਼ੇਸ ਹਟੇ ਛਤੀਆਂ ਧਰਕਾਇ।
ਗਾਜ ਪਰੇ ਸੋਊ ਸ਼ਹਿਰ ਮਲੇਰ,
ਇਕ ਰਾਤ ਬਿਖੇ ਦੁਸਟਾਂ ਝਟਕਾਇ ॥2 ॥"[2]

੧੫ ਜਨਵਰੀ ਨੂੰ ਮੂੰਹ ਹਨੇਰੇ ਹੀ ਮਲੇਰਕੋਟਲੇ ਦਾ ਸਾਕਾ ਵਰਤਾ ਕੇ ਸ਼ਹੀਦੀ ਜਥੇ ਦੇ ਸਿੰਘ, ਰੜ ਪਿੰਡ ਦੇ ਇਕ ਥੇਹ ਤੇ ਜਾ ਰੁਕੇ ਸਨ। ਰੜ ਪਿੰਡ ਵਿਚ ਜਥੇਦਾਰ ਹੀਰਾ ਸਿੰਘ ਹੋਰਾਂ ਦੇ ਨਾਨਕੇ ਵੀ ਸਨ। ਉਹਨਾਂ ਦੇ ਮਾਮਾ ਜੀ ਦਾ ਨਾਮ ਮਹਿਤਾਬ ਸਿੰਘ ਸੀ। ਉਹਨਾਂ ਦੇ ਤਿੰਨ ਪੁੱਤਰ ਨਰਾਇਣ ਸਿੰਘ, ਹੀਰਾ ਸਿੰਘ ਤੋਪਾਂ ਅੱਗੇ ਉਡਾਕੇ ਅਤੇ

ਬਿਸ਼ਨ ਸਿੰਘ ਤਲਵਾਰ ਨਾਲ ਕੱਟਕੇ ਕੇ ਸ਼ਹੀਦ ਕੀਤੇ ਗਏ ਸਨ। ਉਹਨਾਂ ਦੇ ਲੜਕੇ ਨਰਾਇਣ ਸਿੰਘ ਦਾ ਕੋਟਲੇ ਤੇ ਹੱਲੇ ਵੇਲੇ ਹੱਥ ਵੱਢਿਆ ਗਿਆ ਸੀ। ਰੜ ਪਿੰਡ ਵਿਚ ਹੀ ਹੀਰਾ ਸਿੰਘ ਨੇ ਤੇਲ ਦੀ ਕੜਾਹੀ ਗਰਮ ਕਰਕੇ ਆਪਣਾ ਟੁੰਡ ਅਤੇ ਮਾਮੇ ਦੇ ਪੁੱਤਰ ਨਰਾਇਣ ਸਿੰਘ ਦਾ ਹੱਥ ਤਲਿਆ ਸੀ। ੧੫ ਜਨਵਰੀ ਨੂੰ ਹੀਰਾ ਸਿੰਘ ਨੇ ਥੇਹ ਤੇ ਆ ਕੇ ਕਿਹਾ ਸੀ ਕਿ ਜਿਸਨੇ ਜਾਣਾ ਹੈ ਉਹ ਜਾ ਸਕਦਾ ਹੈ। ਮਾਲੂਮ ਹੁੰਦਾ ਹੈ ਕਿ ਭੈਣੀ ਸਾਹਿਬੋਂ ਤੁਰਨ ਵਾਲੇ ਅੰਦਾਜ਼ਨ ਇਕ ਸੌ ਚਾਲੀਆਂ ਨੇ ਮਲੇਰਕੋਟਲੇ ਤੇ ਹੱਲਾ ਬੋਲਿਆ ਉਹਨਾਂ ਵਿਚੋਂ ੬੬ ਸਿੰਘ ਜੋ ਤੋਪਾਂ ਅੱਗੇ ਉਡਾਏ ਗਏ, ਅੱਠ ਮਲੇਰਕੋਟਲੇ ਅਤੇ ਦੋ ਮਲੌਦ ਹੋਈ ਲੜਾਈ ਵਿਚ ਸ਼ਹੀਦ ਹੋਏ, ਚਾਰ ਮਲੌਦ ਵਾਲੇ ਜ਼ਖਮੀ ਜੋ ਪਕੜੇ ਗਏ ਸਨ, ਕਾਲੇ ਪਾਣੀ ਗਏ, ਦੋ ਮਾਈਆਂ ਇੰਦ ਕੌਰ ਤੇ ਖੇਮ ਕੌਰ ਫੱਟੜ ਹੋਈਆਂ। ਇਹ ਗਿਣਤੀ ੮੨ ਬਣਦੀ ਹੈ। ਭਾਈ ਬਾਹੋਵਾਲ ਸ਼ਹੀਦ ਸਿੰਘਾਂ ਦੀ ਸੂਚੀ ਸਤਿਗੁਰੂ ਬਿਲਾਸ ਵਿਚ ੯੨ ਨਾਵਾਂ ਦੀ ਦਿੰਦਾ ਹੈ। ਇਹਨਾਂ ਵਿਚੋਂ ਕੁਝ ਨਾਂ ਲੜਾਈ ਵਿਚ ਜੂਝਣ ਵਾਲਿਆਂ ਦੇ ਹੋ ਸਕਦੇ ਹਨ। ਪਿੰਡ ਗੱਗੜਪੁਰ ਦਾ ਖੜਕ ਸਿੰਘ ਬਾਹੋਵਾਲ ਜੀ ਦੀ ਸੂਚੀ ਵਿਚ ਹੈ। ਇਹ ਹੀਰ ਸਿੰਘ ਹੋਰਾਂ ਦੇ ਮਾਮੇ ਮਹਿਤਾਬ ਸਿੰਘ ਦਾ ਜੁਆਈ ਸੀ। ਰੜਪਿੰਡ ਦਾ ਹੀ ਜੁਆਨੀ ਚੜ੍ਹ ਰਿਹਾ ਬਿਸ਼ਨ ਸਿੰਘ ਸੀ। ਭਾਈ ਸੰਤੋਖ ਸਿੰਘ ਬਾਹੋਵਾਲ ਮੁਤਾਬਿਕ ਹੀਰਾ ਸਿੰਘ ਹੋਰਾਂ ਦੀ ਸ਼ਹੀਦੀ ਬਾਅਦ ਉਸਨੇ ਕਾਵਨ ਨੂੰ ਕਿਹਾ-ਅਰਜ਼ ਸੁਣੋ। ਉਸਨੇ ਸੋਚਿਆ ਕਿ ਸ਼ਾਇਦ ਮਾਫੀ ਮੰਗੇਗਾ ਨੇੜੇ ਹੋਏ ਤੋਂ ਇਕ ਹੱਥ ਨਾਲ ਕਾਵਨ ਦੀ ਦਾਹੜੀ ਫੜ ਲਈ ਦੂਜੇ ਦੀ ਵੱਟ ਕੇ ਚਪੇੜ ਮਾਰੀ। ਉਸ ਦੀ ਟੋਪੀ ਲਹਿ ਕੇ ਦੂਰ ਜਾ ਪਈ। ਨਾਭੇ ਦੇ ਸਿਪਾਹੀ ਨੇ ਸਿੰਘ ਦੀ ਗਰਦਨ ਉਡਾ ਦਿੱਤੀ।[3] ਰੜ ਪਿੰਡ ਦਾ ਹੀ ਤੋਪ ਅੱਗੇ ਸ਼ਹੀਦ ਹੋਣ ਵਾਲਾ ਬਿਸ਼ਨ ਸਿੰਘ ਜੀ ਦੇ ਲਗਭਗ ਉਮਰ ਦਾ ਹੀ ਭਾਈ ਹਰਨਾਮ ਸਿੰਘ, ਸਪੁੱਤਰ ਮਹਿਤਾਬ ਸਿੰਘ ਹੈ। ਇਹ ਵੇਰਵਾ ਪਟਿਆਲਾ ਮਹਾਫਿਜ਼ਾਖਾਨੇ ਵਾਲੀ ਸ਼ਹੀਦ ਸਿੰਘਾਂ ਦੀ ਸਰਕਾਰੀ ਸੂਚੀ ਵਿਚ ਕੁਝ ਫ਼ਰਕ ਨਾਲ ਦਰਜ ਹੈ।[4] ਬਹੁਤ ਦੇਰ ਤੱਕ ਭਾਈ ਬਿਸ਼ਨ ਸਿੰਘ ਅਤੇ ਹਰਨਾਮ ਸਿੰਘ ਹੋਰਾਂ ਨੂੰ ਇਕ ਦੂਜੇ ਨਾਲ ਰਲ ਗੱਡ ਕਰ ਦਿੱਤਾ ਜਾਂਦਾ ਰਿਹਾ।

ਗਹਿਲਾਂ ਦੇ ਗੁਆਢੀ ਪਿੰਡ ਮੂਮ ਦੇ ਸ਼ਹੀਦ ਹੋਣ ਵਾਲੇ ਦੋ ਸਿੰਘਾਂ ਦੇ ਨਾਮ ਪਟਿਆਲਾ ਦੀ ਉੱਪਰ ਵਰਣਿਤ ਸੂਚੀ ਵਿਚ ਦਰਜ ਹਨ। ਇਹ ਨਾਮ ਹਨ, ਵਰਿਆਮ ਸਿੰਘ ਪੁੱਤਰ ਨਗਾਹੀਆ ਸਿੰਘ ਅਤੇ ਬੀਰ ਸਿੰਘ ਪੁੱਤਰ ਸੁਹੇਲ ਸਿੰਘ। ਉਹ ਦੋਵੇਂ ਜ਼ਿੰਮੀਦਾਰ ਹਨ। ਇਹਨਾਂ ਵਿਚੋਂ ਪਹਿਲਾ ਮਲੇਰਕੋਟਲੇ ਲੜਾਈ ਵਿਚ ਫੱਟੜ ਵੀ ਹੋਇਆ ਹੈ। ਇਸ ਤਰ੍ਹਾਂ ਸੰਤ ਹੀਰਾ ਦਾਸ ਆਪਣੇ ਗੁਆਂਢੀ ਪਿੰਡਾਂ ਦੇ ਇਹਨਾਂ ਸਿੰਘਾਂ ਨਾਲ ਸ਼ਹੀਦੀ ਜਥੇ ਵਿਚ ਸ਼ਾਮਲ ਹੋ ਕੇ ਗਊ ਘਾਤੀਆਂ ਦੇ ਸਫਾਏ ਵਿਚ ਤਾਂ ਹਿੱਸੇਦਾਰ ਰਹੇ ਪਰ ਹੀਰਾ ਸਿੰਘ ਹੋਰਾਂ ਦੇ ਰੜ ਪਿੰਡ ਦੇ ਥੇਹੜ ਤੇ ਕਮਰਕੱਸੇ ਖੋਹਲਣ ਬਾਅਦ, ਜਿੱਥੇ ਸ਼ੇਰਪੁਰ ਕਿਲੇ ਵਿਚ ਪੁੱਜਣ ਤੋਂ ਪਹਿਲੀ ਰਾਤ ਸਿੰਘ ਰੜ ਹੀ ਬਿਤਾਉਂਦੇ ਹਨ, ਭਾਈ ਹੀਰਾ ਦਾਸ ਘੱਟੋ ਘੱਟ ਪੰਜ ਦਰਜਨ ਹੋਰ ਸਿੰਘਾਂ ਸਮੇਤ ਇੱਥੋਂ ਪੱਤਰਾ ਵਾਚ ਗਿਆ। ਆਪਣੇ ਭਾਵੀ ਜੀਵਨ ਵਿਚ ਸਤਿਗੁਰੂ ਰਾਮ ਸਿੰਘ ਜੀ ਦੇ ਮਿਸ਼ਨ ਦਾ ਪ੍ਰਚਾਰ, ਬਦਲੇ

ਹਾਲਾਤ ਵਿਚ ਨਵੇਂ ਢੰਗ ਨਾਲ ਕਰਨ ਵਾਸਤੇ। ਪੰਜਾਬ ਸਰਕਾਰ ਦੀ ੧੮੮੧ ਈ. ਦੀ ਜ਼ੇਰ ਨਿਗਰਾਨੀ ਰੱਖੇ ਜਾਂਦੇ ਖਤਰਨਾਕ ਕੂਕਿਆਂ ਦੀ ਸੂਚੀ ਵਿਚੋਂ ਸਾਕਾ ਮਲੇਰਕੋਟਲਾ ਵਿਚ ਹਿੱਸਾ ਲੈ ਕੇ ਫਿਰ ਘਰ ਮੁੜ ਆਉਣ ਵਾਲਿਆਂ ਦੇ ਨਾਮ ਮਿਲਦੇ ਹਨ। ਕਿਉਂਕਿ ਇਸ ਮੁਆਮਲੇ ਵਿਚ ੧੮੫੭ ਦੇ ਸਿਪਾਹੀ ਵਿਦਰੋਹ ਬਾਅਦ ਪਹਿਲੀ ਵੇਰ ਐਨੀ ਵੱਡੀ ਗਿਣਤੀ ਵਿਚ ਸਰਕਾਰੀ ਤੌਰ ਤੇ ਕੂਕਿਆਂ ਦਾ ਨਰ-ਸੰਘਾਰ ਕੀਤਾ ਗਿਆ ਸੀ ਜਿਸ ਲਈ ਦੇਸੀ ਅਤੇ ਵਿਦੇਸ਼ੀ ਪਰੈਸ ਵਿਚ ਸਰਕਾਰ ਦੀ ਦੂਰੇ ਦੂਰੇ ਹੋਈ ਸੀ। ਹੁਣ ਅੰਗਰੇਜ਼ ਸਰਕਾਰ ਦਾ ਰਵੱਈਆ ਮਲੇਰਕੋਟਲੇ ਵਾਲੇ ਮਫਰੂਰਾਂ ਪ੍ਰਤੀ ਪਹਿਲੋਂ ਜਿੰਨਾਂ ਸਖ਼ਤ ਨਹੀਂ ਸੀ ਰਿਹਾ। ੮-੧੦ ਸਾਲ ਲੰਘ ਜਾਣ ਬਾਅਦ ਘਟਨਾ ਵਿਚ ਸ਼ਾਮਲ ਹੋਣ ਵਾਲਿਆਂ ਨੂੰ ਪਕੜਨਾ, ਫਿਰ ਸਬੂਤ ਜੁਟਾ ਕੇ ਮੁਕਦਮਾ ਸਿਰੇ ਲਾਉਣਾ ਵੀ ਕਈ ਵੇਰ ਟੇਢੀ ਖੀਰ ਬਣ ਜਾਂਦਾ ਸੀ। ਡੇਰਾ ਭੈਣੀ ਸਾਹਿਬ ਵਿਚ ਅੰਮ੍ਰਿਤਸਰ ਸਾਕੇ ਦੇ ਮਫਰੂਰ ਵੀ ੧੯੧੩ ਈ. ਤੱਕ ਰਹਿੰਦੇ ਰਹੇ ਸਨ।

ਇਹ ਸਨ ਉਹ ਹਾਲਾਤ ਜਿਹਨਾਂ ਤਹਿਤ ਭਾਈ ਹੀਰਾ ਦਾਸ ਜਾਂ ਮਲੇਰਕੋਟਲਾ ਸਾਕੇ ਦੇ ਹੋਰ ਮਫਰੂਰਾਂ ਦੀ ਬਾਅਦ ਵਿਚ ਧਰ ਪਕੜ ਨਹੀਂ ਹੋਈ। ਬਹੁਤ ਸਾਰੇ ਤਾਂ ਭਾਈ ਹੀਰਾ ਦਾਸ ਜਿਉਂ ਨਾਮ ਅਤੇ ਭੇਸ ਬਦਲ ਕੇ ਰਹਿੰਦੇ ਰਹੇ। ਕਈ ਨਾਮਧਾਰੀ ਸਿੰਘ ਪਿੰਡਾਂ ਵਿਚ ਕੂਕੇ ਬਣ ਕੇ ਹੀ ਰਹੇ ਜਿਹਨਾਂ ਨੇ ਇਸ ਸਾਕੇ ਵਿਚ ਭਾਗ ਲਿਆ ਸੀ ਜਿਹਾ ਕਿ ਸੂਬਾ ਅਤਰ ਸਿੰਘ ਖਟੜਾ, ਕਾਹਨ ਸਿੰਘ ਲੰਬੜਦਾਰ ਲੋਹਗੜ੍ਹ ਅਤੇ ਇਸੇ ਪਿੰਡ ਦੇ ਸਰਦਾਰਾ ਸਿੰਘ, ਸਾਹਿਬ ਸਿੰਘ, ਦਲੀਪ ਸਿੰਘ, ਸਾਵਨ ਸਿੰਘ, ਜੀਵਨ ਸਿੰਘ ਸਾਰੇ ਜੱਟ ਸਿੱਖ, ਮਾਛੀਵਾੜੇ ਦਾ ਅਤਰ ਸਿੰਘ ਲੰਬੜਦਾਰ, ਲੁਧਿਆਣੇ ਜ਼ਿਲ੍ਹੇ ਦੇ ਹੀ ਇਹ ਅੱਠ ਸਿੰਘ ਬਣਦੇ ਹਨ। ਇਸ ਤਰ੍ਹਾਂ ਹੋਰਨਾਂ ਦੀ ਵੀ ਨਿਸ਼ਾਨਦੇਹੀ ਕੀਤੀ ਜਾ ਸਕਦੀ ਹੈ। "ਭਗਤ ਮਾਲ" ਪੁਸਤਕ ਦੇ ਲੇਖਕ ਸੰਤ ਹੀਰਾ ਲਾਲ ਬਾਰੇ ਵੀ ਇਹੋ ਮੱਤ ਪ੍ਰਸਿੱਧ ਹੈ ਕਿ ਸਾਕੇ ਤੋਂ ਬਾਅਦ ਮਫਰੂਰ ਹੋ ਗਏ। ਇਹ ਸੰਤ ਹੀਰਾ ਲਾਲ ਰਾਵਲਪਿੰਡੀ ਦੇ ਲਾਗੇ ਚਾਗੇ ਰਹਿੰਦੇ ਰਹੇ ਸਨ। ਸੰਤ ਇੰਦਰ ਸਿੰਘ ਚੱਕਰਵਰਤੀ ਆਪਣੀ ਕ੍ਰਿਤੀ "ਅੜਬੰਗੀ" ਵਿਚ ਮਰਹਾਣੇ ਵਾਲੇ ਭਾਈ ਭਗਵਾਨ ਸਿੰਘ ਅੜਬੰਗੀ ਸਮੇਤ ਸਾਕਾ ਮਲੇਰਕੋਟਲਾ ਵਿਚੋਂ ਮਫਰੂਰ ਹੋਣ ਵਾਲੇ ਸਿੰਘਾਂ ਦੀ ਗਿਣਤੀ ੧੫ ਦੱਸਦੇ ਹਨ। "ਪ੍ਰਸਿੱਧ ਉਪਨਿਆਸਕਾਰ ਸੁਰਿੰਦਰ ਸਿੰਘ 'ਨਰੂਲਾ' ਦੇ ਨਾਵਲ 'ਪਿਉ ਪੁੱਤਰ' ਵਿਚ ਇਸ ਦਾ ਇਕ ਪਾਤਰ ਹੀਰਾ ਵੀ ਮਲੇਰਕੋਟਲੇ ਦੇ ਸਾਕੇ ਤੋਂ ਆਇਆ ਦਰਸਾਇਆ ਗਿਆ ਹੈ। ਹੋ ਸਕਦਾ ਹੈ ਉਹ ਸੰਕੇਤ ਇਹਨਾਂ ਸੰਤ ਹੀਰਾ ਦਾਸ ਹੋਰਾਂ ਬਾਰੇ ਹੀ ਹੋਵੇ।"[5]

ਇਕ ਰਵਾਇਤ ਮੁਤਾਬਿਕ ਜੋ ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮ ਮੁਤਾਬਿਕ ਕੁਝ ਚਿਰ ਚਿੱਟੀ ਵਾਲੇ ਸੰਤ ਹੀਰਾ ਦਾਸ ਦੇ ਡੇਰੇ ਰਹਿੰਦੇ ਸਮੇਂ, ਕਾਮਰੇਡ ਬੂਟਾ ਸਿੰਘ 'ਪ੍ਰੀਤਮ' ਨੇ ਦੱਸੀ, ਸਾਕਾ ਮਲੇਰਕੋਟਲੇ ਤੋਂ ਫੌਰਨ ਬਾਅਦ ਹੀਰਾ ਦਾਸ ਜੀ ਦੁਆਬੇ ਦੇ ਇਕ ਮਸ਼ਹੂਰ "ਬੜਾ ਪਿੰਡ" ਜਲੰਧਰ ਦੇ ਉਦਾਸੀ ਸਾਧੂਆਂ ਦੇ ਡੇਰੇ ਵਿੱਚ ਜਾ ਟਿਕੇ। ਇੱਥੇ ਪਿਛਲੀ ਸਦੀ ਵਿਚ ਭਗਤ ਰਾਮ 'ਮੁਸਾਫਿਰ' ਉਦਾਸੀ, "ਮਹਾਤਮਾ" ਨਾਮ ਦਾ ਇਕ ਪਰਚਾ ਪੰਜਾਬੀ ਵਿਚ ਕੱਢਦੇ ਰਹੇ ਸਨ। ਹੀਰਾ ਦਾਸ ਜਿਹਨਾਂ ਪਾਸ ਗਿਆ ਉਹ

ਭਗਤ ਰਾਮ ਜੀ ਦੇ ਪਿਤਾ ਸਨ। ਕੁਝ ਚਿਰ ਤਾਂ ਹੀਰਾ ਦਾਸ ਉੱਥੇ ਟਿਕਿਆ ਰਿਹਾ ਜਦੋਂ ਉਹਨਾਂ ਸੰਤਾਂ ਨੂੰ ਇਹ ਜਾਣਕਾਰੀ ਮਿਲੀ ਕਿ ਇਹ ਗੱਭਰੂ ਤਾਂ ਕੂਕਿਆਂ ਵਾਲੇ ਸਾਕਾ ਮਲੇਰਕੋਟਲਾ ਦਾ ਭਾਗੀਦਾਰ ਹੈ ਤਾਂ ਉਹ ਉਸਦੇ ਅਤੇ ਸ਼ਾਇਦ ਪਨਾਹ ਦੇਣ ਵਾਲੇ ਦੇ ਭਵਿੱਖ ਪ੍ਰਤੀ ਚਿੰਤਾਤੁਰ ਹੋਏ ਜੋ ਕੁਦਰਤੀ ਗੱਲ ਸੀ। ਸੰਤ ਜੀ ਨੇ ਹੀਰਾਦਾਸ ਨੂੰ ਉੱਥੇ ਰਹਿਣ ਵਾਲੇ ਕੁਝਨਾਂ ਸਾਧੂਆਂ ਦੇ ਨਾਮ ਪਤੇ ਦੱਸ ਕੇ, ਕਾਸ਼ੀ ਭੇਜ ਦਿੱਤਾ ਕਿ ਉੱਥੇ ਜਾ ਕੇ ਵਿਦਿਆ ਪੜ੍ਹੋ ਤੇ ਫਿਰ ਮੁੜ ਆਉਣਾ। ਕਾਸ਼ੀ ਦੀ ਵਿਦਿਆ ਪ੍ਰਾਪਤੀ ਦਾ ਸਮਾਂ ਵੀ ਅਕਸਰ ਬਾਰਾਂ ਸਾਲ ਗਿਣਿਆ ਜਾਂਦਾ ਸੀ। ਏਨੇ ਸਮੇਂ ਵਿਚ ਪਿੱਛੇ ਵੀ ਕੁਝ ਠੰਢ ਠਢੌਰਾ ਹੋ ਜਾਣ ਦੀ ਆਸ ਹੁੰਦੀ ਸੀ। ਸੋ ਇਹ ਵਕਤ ਹੀਰਾ ਦਾਸ ਜੀ ਨੇ ਸੰਸਕ੍ਰਿਤ ਭਾਸ਼ਾ ਅਤੇ ਧਰਮ ਗ੍ਰੰਥਾਂ ਦੀ ਸਿਖਿਆ ਦੀਖਿਆ ਵਿਚ ਬਤੀਤ ਕੀਤਾ। ਆਪਣੇ ਇਸੇ ਗਿਆਨ ਦੇ ਬਲ ਤੇ ਅਤੇ ਸਤਿਗੁਰੂ ਰਾਮ ਸਿੰਘ ਜੀ ਦੀ ਕ੍ਰਿਪਾ ਸਦਕਾ, ਉਹ ਸਾਰੀ ਉਮਰ ਕਿਸੇ ਵਿਚਾਰ ਵਟਾਂਦਰੇ ਸਮੇਂ ਕਿਸੇ ਵਿਕਟ ਪ੍ਰਸਥਿਤੀ ਵਿਚ ਵੀ ਚੜ੍ਹਦੀ ਕਲਾ ਵਿਚ ਹੀ ਰਹਿੰਦੇ ਰਹੇ। ਸੰਸਕ੍ਰਿਤ, ਹਿੰਦੀ, ਪੰਜਾਬੀ ਦੇ ਗਿਆਨ ਤੋਂ ਇਲਾਵਾ ਉਹ ਅਰਬੀ, ਫ਼ਾਰਸੀ ਦੇ ਵੀ ਚੰਗੇ ਗਿਆਤਾ ਸਨ। ਇਸ ਦਾ ਸਬੂਤ ਉਹਨਾਂ ਦੁਆਰਾ, ਚਿੱਟੀ ਵਾਲੇ ਡੇਰੇ ਵਿਚ ਇਹਨਾਂ ਭਾਸ਼ਾਵਾਂ ਦੀਆਂ ਪੁਸਤਕਾਂ ਦੀ ਲਾਇਬਰੇਰੀ ਵਿਚ ਵੱਡੀ ਗਿਣਤੀ ਤੋਂ ਮਿਲਦਾ ਹੈ, ਜੋ ਆਪਣੇ ਉੱਥੇ ਰਹਿਣ ਸਮੇਂ ਬੂਟਾ ਸਿੰਘ 'ਪ੍ਰੀਤਮ' ਵੇਖਿਆ ਕਰਦੇ ਸਨ। ਇਹ ਵੀ ਹੋ ਸਕਦਾ ਹੈ ਕਿ ਦੂਜੀ ਕਾਸ਼ੀ ਫੇਰੀ ਪਹਿਲੀ ਤੋਂ ਛੋਟੀ ਹੋਵੇ।

ਪੁਰਾਣੇ ਉਦਾਸੀ ਸਾਧੂ ਗੁਰਮਤਿ ਅਤੇ ਵੈਦਿਕ ਸਾਹਿਤ ਦੇ ਗਿਆਨਵਾਨ ਹੋਣ ਦੇ ਨਾਲ ਨਾਲ, ਜਨ ਕਲਿਆਣ ਵਾਸਤੇ ਵੈਦਗੀ ਵੀ ਸਿੱਖਦੇ ਸਨ। ਸੰਤ ਹੀਰਾ ਦਾਸ ਵੀ ਇਸ ਗੁਣ ਵਿਚ ਨਿਪੁੰਨ ਸਨ। ਹੁਣ ਉਹਨਾਂ ਨੇ ਚਿੱਟੀ ਪਿੰਡ ਦੀ ਇਕ ਝਿੜੀ ਵਿਚ ਆਪਣਾ ਡੇਰਾ ਬਣਾ ਲਿਆ ਅਤੇ ਉੱਥੇ ਟਿਕਾਣਾ ਕਰਕੇ ਅਧਿਆਤਮ ਅਭਿਲਾਖੀਆਂ ਅਤੇ ਸਰੀਰਕ ਰੋਗਾਂ ਤੋਂ ਪੀੜਤ ਦੀਨਾਂ ਦੁਖੀਆਂ ਦਾ ਉਪਚਾਰ ਵੀ ਕਰਨ ਲੱਗ ਪਏ, ਜਿਸ ਕਾਰਨ ਆਲੇ-ਦੁਆਲੇ ਵਿਚ ਤਾਂ ਉਹਨਾਂ ਦੀ ਚੰਗੀ ਸੋਅ ਖਿੱਲਰਨੀ ਹੀ ਸੀ, ਦੂਰ ਦਰਾਜ਼ ਤੱਕ ਵੀ ਲੋੜਵੰਦ ਉਹਨਾਂ ਪਾਸ ਡੇਰਾ ਚਿੱਟੀ ਵਿਚ ਆਉਣ ਲੱਗ ਪਏ। ਚਿੱਟੀ ਪਿੰਡ ਦੀ ਭੂਗੋਲਿਕ ਸਥਿਤੀ ਦਰਸਾਉਂਦੀਆਂ ਕਿਸੇ ਲੋਕ ਕਵੀ ਦੀਆਂ ਦੋ ਤੁਕਾਂ ਵੀ ਸਾਥੀ ਪ੍ਰੀਤਮ ਹੋਰਾਂ ਤੋਂ ਸੁਣੀਆਂ ਸਨ—

"ਉੱਗੀ ਚਿੱਟੀ, ਲਾਂਬੜਾ, ਵਿਚਾਲੇ ਲੱਲੀਆਂ।"
"ਜੇ ਲੜਦਾ ਈ ਰਹੇਂਗਾ, ਮੈਂ ਪੇਕੇ ਚੱਲੀਆਂ।"

ਹੁਸ਼ਿਆਰਪੁਰ ਦੇ ਪਿੰਡ ਜੌੜਾ ਦੀ ਕਾਰੀਗਰ ਪਰਿਵਾਰ ਦੀ ਇਕ ਬੀਬੀ ਦੇ ਬੱਚੇ ਪੇਟ ਵਿਚ ਹੀ ਰਹਿ ਜਾਂਦੇ ਸਨ। ਉਹ ਸੰਤਾਂ ਦੀ ਸ਼ਰਨ ਵਿਚ ਆਈ। ਇਲਾਜ ਕੀਤਾ। ਛੇ ਬੱਚੇ ਤੇ ਫਿਰਇਕ ਸੱਤਵਾਂ ਵੀ ਹੋ ਗਿਆ। ਫਿਰ ਡੇਰੇ ਤੇ ਸਤਵੇਂ ਬੱਚੇ ਨੂੰ ਲੈ ਕੇ ਆਈ। ਕਹਿਣ ਲੱਗੀ ਬਾਬਾ ਜੀ ਮੈਂ ਛੇਆਂ ਬੱਚਿਆਂ ਦੀ ਚੰਗੀ ਸਿਹਤ ਤੋਂ ਤਾਂ ਬਾਗੋਬਾਗ ਹਾਂ ਪਰ ਇਸ ਸੱਤਵੇਂ ਨੇ ਮੈਨੂੰ ਡਾਢਾ ਸਤਾਇਆ ਹੈ। ਜਿਸ ਦਾ ਨੱਕ ਤੇ ਅੱਖਾਂ ਵਗਦੇ ਹੀ ਰਹਿੰਦੇ ਹਨ। ਬਾਬਾ ਹੀਰਾ ਦਾਸ ਜੀ ਨੇ ਉਸ ਮਾਈ ਨੂੰ ਕਿਹਾ ਕਿ ਬੀਬੀ ਤੁਸੀਂ ਇਸ ਬੱਚੇ

ਤੋਂ ਤੰਗ ਹੋ ਤਾਂ ਇਹ ਸਾਨੂੰ ਦੇ ਦਿਉ। ਮਾਤਾ ਨੇ ਬਚਨ ਮੰਨ ਲਿਆ। ਸੰਤਾਂ ਦੇ ਦੱਸੇ ਨੁਸਖਿਆਂ ਨਾਲ ਬੱਚਾ ਨਾ ਸਿਰਫ ਨੌਂ ਬਰ ਨੌਂ ਹੋ ਗਿਆ ਸਗੋਂ ਡੇਰੇ ਵਿਚ ਸੰਤ ਹੀਰਾ ਦਾਸ ਦੇ ਪਾਸ ਹੀ ਰਹਿ ਕੇ ਸੇਵਾ ਕਰਨ ਲੱਗ ਪਿਆ। ਸੰਤਾਂ ਦੇ ਚਲਾਣੇ ਤੋਂ ਬਾਅਦ ਉਹ ਸੰਤ ਦੈਆ ਨੰਦ ਜੀ ਇਸ ਡੇਰਾ ਚਿੱਟੀ ਦੇ ਮੁਖੀ ਥਾਪੇ ਗਏ ਅਤੇ ੫੨-੫੩ ਸਾਲ ਤੋਂ ਵਧ ਸਮਾਂ ਡੇਰਾ ਦੀ ਸੇਵਾ ਵਿਚ ਬਤੀਤ ਕਰਕੇ ਅਤੇ ਸੰਤ ਹੀਰਾ ਦਾਸ ਹੋਰਾਂ ਦੇ ਨਾਂ ਤੇ ਸਦਾ ਕਾਇਮ ਰਹਿਣ ਵਾਲੀਆਂ, ਚਿੱਟੀ (ਜਲੰਧਰ) ਅਤੇ ਗੁਆਂਢੀ ਪਿੰਡ ਕਾਲਾ ਸੰਘਿਆਂ (ਕਪੂਰਥਲਾ) ਵਿਚ ਵਿਦਿਅਕ ਸੰਸਥਾਵਾਂ ਸਕੂਲ, ਕਾਲਜ ਕਾਇਮ ਕਰਕੇ ਗਏ। ਇਸ ਸੰਤ ਦੈਆ ਨੰਦ ਦੇ ਵੀ ਨਾਮਧਾਰੀ ਪੰਥ ਨਾਲ ਘਨਿਸ਼ਠ ਸਬੰਧ ਸਨ। ਨਾਮਧਾਰੀ ਹੋਲਾ ਮਹੱਲਾ ੧੯੭੯, ਸ੍ਰੀ ਭੈਣੀ ਸਾਹਿਬ ਦੇ ਭੋਗ ਤੋਂ ਦੋ ਦਿਨ ਪਹਿਲਾਂ, ਇਹ ਸਤਿਗੁਰੂ ਜਗਜੀਤ ਸਿੰਘ ਜੀ ਦੇ ਦਰਸ਼ਨ ਕਰਨ ਸ੍ਰੀ ਭੈਣੀ ਸਾਹਿਬ ਆਏ। ਸਤਿਗੁਰੂ ਜੀ ਦੇ ਰੁਝੇਵਿਆਂ ਅਤੇ ਕੁਝ ਪ੍ਰਬੰਧਕਾਂ ਦੀ ਬੇਧਿਆਨੀ ਕਾਰਨ, ਉਹ ਦਰਸ਼ਨ ਕੀਤੇ ਬਿਨਾਂ ਹੀ ਵਾਪਸ ਚਲੇ ਗਏ। ਸ੍ਰੀ ਸਤਿਗੁਰੂ ਜੀ ਨੇ ਪਤਾ ਲੱਗਣ ਤੇ ਨਾਰਾਜ਼ਗੀ ਮੰਨੀ ਅਤੇ ੧੬ ਮਾਰਚ ੧੯੭੯ ਨੂੰ ਹੋਲੇ ਦਾ ਭੋਗ ਪੈਂਦਿਆਂ ਹੀ ਚਿੱਟੀ ਡੇਰੇ ਤੇ ਜਾ ਕੇ ਸੰਤ ਸੁਖਦੇਵ ਮੁਨੀ ਦੇ ਨਾਲ ਬਾਬਾ ਦੈਆ ਨੰਦ ਜੀ ਨੂੰ ਦਰਸ਼ਨ ਦਿੱਤੇ।[6] ਸਤਿਗੁਰੂ ਜੀ ਦੇ ਹੁਕਮ ਅਨੁਸਾਰ, ਨਾਮਧਾਰੀ ਲੇਖਕ, ਪ੍ਰੀਤਮ ਸਿੰਘ ਕਵੀ ਚਿੱਟੀ ਡੇਰੇ ਵਿਚ ਜਾ ਕੇ, ਇਸੇ ੧੧ ਅਪ੍ਰੈਲ ਨੂੰ ਸ੍ਰੀ ਜਗਦੀਸ਼ ਸਿੰਘ ਵਰਿਆਮ ਦੇ ਨਾਲ ਪਿੰਡ ਚਿੱਟੀ ਵਿਖੇ, ਸੰਤ ਦੈਆ ਨੰਦ ਉਦਾਸੀ ਹੋਰਾਂ ਦੀ ਮੁਲਾਕਾਤ ਰੀਕਾਰਡ ਕਰਕੇ ਲਿਆਏ ਸਨ। ਸੰਤਾਂ ਦਾ ਇਹ ਡੇਰਾ ਪਿੰਡੋਂ ਦੋ ਕੁ ਫਰਲਾਂਗ ਸੰਘਣੇ ਰੁੱਖਾਂ ਦੀ ਇਕ ਝਿੜੀ ਵਿਚ ਸੀ, ਇਸ ਵਿਚ ਇਕ ਸਮਾਧੀ ਤੇ ਦੋ ਖੁਲ੍ਹੇ ਮਕਾਨ ਸਨ। ਕਵੀ ਜੀ ਦੇ ਜਾਣ ਸਮੇਂ ਡੇਰੇ ਵਿਚ ਪੂਜਾ ਸਥਾਨ ਤੇ ਸਵਾਮੀ ਹੀਰਾ ਦਾਸ ਦਾ ਸਮਾਧ ਦੇ ਅੰਦਰ ਫੋਟੋ ਚਿਤਰ ਸੀ। ਪੁਰਾਣੇ ਅਖਬਾਰਾਂ ਦੀਆਂ ਫਾਇਲਾ ਅਤੇ ਰੁਮਾਲਿਆਂ ਵਿਚ ਧਾਰਮਕ ਗਰੰਥ ਆਦਿ ਡੇਰੇ ਦੇ ਬਾਬਿਆਂ ਦੇ ਵਿਦਿਆ ਦਾਤੇ ਹੋਣ ਦੀ ਅਗਵਾਹੀ ਦਿੰਦਾ ਸੀ। ਸੰਤਾਂ ਨਾਲ ਗੱਲਬਾਤ ਵਿਚੋਂ ਕਵੀ ਜੀ ਨੇ ਆਪਣੀ ਰਚਨਾ ਬੀਤੇ ਦੀਆਂ ਪੈੜਾਂ ਵਿਚ, ਦੋ ਸਫੇ ਦਰਜ ਕੀਤੇ ਹਨ, ਅਸੀਂ ਆਪਣੇ ਪ੍ਰਸੰਗ ਅਨੁਸਾਰ ਇਸ ਵਿਚੋਂ ਸਮੱਗਰੀ ਨੋਟ ਕਰਦੇ ਹਾਂ—

ਚਿੱਟੀ ਡੇਰਾਮੁਖੀ ਸੰਤ ਹੀਰਾ ਦਾਸ ੧੨੦ ਸਾਲ ਦੇ ਹੋ ਕੇ ਗੁਜ਼ਰੇ। ਮਲੇਰਕੋਟਲਾ ਬੁਚੜਬੱਧ ਸਾਕੇ ਵਿਚ ਸੰਤ ਜੀ ਸ਼ਾਮਲ ਸਨ। ਸੰਤ ਹੀਰਾ ਦਾਸ ਜੀ ਨੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਵੀ ਖੁਦ ਦੱਸਿਆ ਸੀ ਕਿ ਉਹਨਾਂ ਨੇ ਮਲੇਰਕੋਟਲਾ ਬੁੱਚੜਬੱਧ ਵਿਚ ਹਿੱਸਾ ਲਿਆ, ਫਿਰ ਉਹ ਭੱਜ ਆਏ ਤੇ ਸਾਧ ਬਣ ਕੇ ਇੱਥੇ ਰਹਿੰਦੇ ਰਹੇ। ਜਿਵੇਂ ਗੁਰੂ ਗੋਬਿੰਦ ਸਿੰਘ ਜੀ ਪਾਸ ਉਦਾਸੀ ਸਾਧੂ ਕਿਰਪਾਲ ਅਤੇ ਗੁਰਬਖਸ਼ ਜੀ ਆਦਿਕ ਰਹਿੰਦੇ ਸਨ, ਇਵੇਂ ਹੀ ਬਹੁਤ ਸਾਰੇ ਉਦਾਸੀ ਸਾਧੂ ਗੁਰੂ ਰਾਮ ਸਿੰਘ ਜੀ ਨਾਲ ਸਬੰਧ ਰੱਖਦੇ ਸਨ। ਗੁਰੂ ਰਾਮ ਸਿੰਘ ਜੀ ਦੇ ਸਮੇਂ ਬ੍ਰਹਮ ਬੂਟਾ ਅਖਾੜਾ ਅੰਮ੍ਰਿਤਸਰ ਦੇ ਮਹੰਤ ਸੰਤੋਖ ਦਾਸ ਸਨ। ਉਹ ਸੰਤ ਪ੍ਰੀਤਮ ਦਾਸ ਮਹੰਤ ਦੇ ਚੇਲੇ ਸਨ। ਜਦੋਂ ਸੰਗਤ ਵਾਲਾ ਅਖਾੜਾ ਬਣਿਆ ਤਾਂ

ਸੰਤੋਖ ਦਾਸ ਜੀ ਇਧਰ ਆ ਗਏ। ਨਾਮਧਾਰੀਆਂ ਅਤੇ ਉਦਾਸੀ ਸਾਧੂਆਂ ਦਾ ਸਬੰਧ ਪੁਰਾਣਾ ਹੈ। ਦੈਆ ਨੰਦ ਜੀ ਦਾ ਦਾਦਾ ਗ੍ਰਹਿਸਤੀ ਉਦਾਸੀ ਸੀ। ਹੁਸ਼ਿਆਰਪੁਰ ਜ਼ਿਲ੍ਹੇ ਵਿਚ 'ਜੌੜਾ' ਪਿੰਡ ਵਿਚ ਇਹ ਪੈਦਾ ਹੋਏ ਸਨ। ਸਤਵੀਂ ਵਿਚ ਪੜ੍ਹਦਿਆਂ ਦੈਆ ਨੰਦ (੧੩-੧੪ ਸਾਲ ਦੀ ਉਮਰੇ) ਚਿੱਟੀ ਡੇਰੇ ਵਿਚ ਆ ਗਏ। ਦੈਆਨੰਦ ਜੀ ਨੂੰ ਹਰਦੁਆਰ ਅਤੇ ਡੇਹਰਾਦੂਨ ਵਿਖੇ ਵੱਡੇ ਮੇਲਿਆਂ ਕੁੰਭ ਆਦਿਕ ਸਮੇਂ ਸਤਿਗੁਰੂ ਪ੍ਰਤਾਪ ਸਿੰਘ ਜੀ ਦਰਸ਼ਨਾਂ ਦਾ ਅਵਸਰ ਵੀ ਮਿਲਦਾ ਰਿਹਾ। ਮਹਾਰਾਜ ਗੁਰਦਿਆਲ ਸਿੰਘ (ਸਤਿਗੁਰੂ ਜੀ ਦੇ ਛੋਟੇ ਭਰਾਤਾ) ਤਾਂ ਇਹਨਾਂ ਪਾਸ ਕਾਸ਼ੀ (ਹਿੰਦੂ ਮਹਾਂ ਸਭਾ) ਵਿਚ ਜ਼ਿਆਦਾ ਠਹਿਰਦੇ ਸਨ। ਦੈਆਨੰਦ ਜੀ ਸੰਸਕ੍ਰਿਤ ਵਿਦਿਆਲੇ ਵਿਚ ਉਦੋਂ ਸਨ। ਮਹਾਰਾਜ ਜੀ ਤੋਂ ਬਿਨਾਂ ਉਘੇ ਨਾਮਧਾਰੀ ਆਗੂ ਨਿਧਾਨ ਸਿੰਘ ਆਲਿਮ, ਮੰਗਲ ਸਿੰਘ ਮਸਤਾਨਾ, ਇੰਦਰ ਸਿੰਘ ਚੱਕਰਵਰਤੀ ਵੀ ਇੱਥੇ ਕਾਸ਼ੀ ਆਉਂਦੇ ਰਹੇ। ਇਸ ਡੇਰੇ ਦੀ ਉਥੇ ਵੀ ਜਾਇਦਾਦ ਹੈ। ਸਤਿਗੁਰੂ ਜਗਜੀਤ ਸਿੰਘ ਜੀ ਪਿਛਲੇ ਦਿਨੀਂ ਡੇਰੇ ਵਿਚ ਆਏ ਤੇ ਇਥੋਂ ਦੇ ਸ਼ਾਂਤ ਵਾਤਾਵਰਨ ਤੋਂ ਬੜੇ ਪ੍ਰਸੰਨ ਹੋਏ। ਉਹਨਾਂ ਇਹ ਵੀ ਦੱਸਿਆ ਕਿ ਉਹ "ਕੂਕਾ" ਅਖ਼ਬਾਰ ਕੱਢਣ ਵਾਲਿਆਂ ਵਿਚ ਵੀ ਸਨ। ਨਿਰੰਕਾਰ ਸਿੰਘ (ਚੇਤਨ) ਨਾਮਧਾਰੀ ਉਸ ਵਿਚ ਕੰਮ ਕਰਦਾ ਸੀ। ਦੈਆਨੰਦ ਪਾਸ ਬਨਾਰਸ ਵਿਚ "ਕੂਕਾ" ਅਖਬਾਰ ਆਉਂਦਾ ਸੀ। ਮਹੰਤ ਲਛਮਣ ਦਾਸ ਡੇਹਰਾਦੂਨ ਵਾਲੇ ਸਾਰਾ ਖਰਚ ਕਰਦੇ ਸਨ ਪਰ ਅਖਬਾਰ ਕੂਕਿਆਂ ਦਾ ਸੀ। ਸਵਾਮੀ ਦੈਆਨੰਦ ਦੇ ਲੇਖ ਵੀ ਇਸ ਵਿਚ ਛਪਦੇ ਸਨ। ਹਿੰਦੀ ਰੋਜ਼ਾਨਾ "ਆਜ" ਵਿਚ ਵੀ ਦੈਆਨੰਦ ਤੇ ਹੋਰ ਉਦਾਸੀ ਸਾਧੂ ਨਾਮਧਾਰੀਆਂ ਦੇ ਗੁਣ ਗਾਉਂਦੇ ਰਹੇ। ਸੰਤ ਹੀਰਾ ਦਾਸ ਜੀ ਗਊਘਾਤੀਆਂ ਦੇ ਸਾਰੀ ਉਮਰ ਦੁਸ਼ਮਨ ਰਹੇ। ਹੈਦਰਾਬਾਦ, ਰਸੂਲਪੁਰ ਆਦਿ ਦੇ ਬੁੱਚੜਖਾਨਿਆਂ ਦੇ ਵਿਰੋਧ ਵਿਚ ਉਹ ਸੰਤਪੁਣਾ ਤੱਕ ਤਿਆਗ ਦਿੰਦੇ ਰਹੇ। ਇਸ ਡੇਰੇ ਦੇ ਦੁਆਲੇ ੫-੬ ਏਕੜ ਜ਼ਮੀਨ ਹੈ। ਕਵੀ ਜੀ ਦੇ ਇਹ ਪੁੱਛਣ ਤੇ ਕਿ ਸਤਿਗੁਰੂ ਜਗਜੀਤ ਸਿੰਘ ਕੈਸੇ ਲੱਗੇ ਸੰਤਾਂ ਦਾ ਜੁਆਬ ਸੀ, "ਸਥਾਨੋ ਪ੍ਰਧਾਨੰ ਵ ਬਲੇ ਪ੍ਰਧਾਨੇ। ਸ਼ਕਤੀ ਤਾਂ ਹੁੰਦੀ ਹੀ ਹੈ, ਮਹਾਨ ਸਥਾਨ ਤੇ ਮਹਾਨ ਵਿਅਕਤੀ ਹੀ ਬੈਠਦੇ ਹਨ।"[7]

ਰੁੜਕਾ ਖੁਰਦ (ਜਲੰਧਰ) ਦੇ ਸੰਤ ਸੁੰਦਰ ਸਿੰਘ ਜੀ ਹੁੰਦੇ ਸਨ ਜੋ ਗੁਰੂ ਹਰੀ ਸਿੰਘ ਜੀ ਦੇ ਸਮੇਂ ਗੁਰਦੁਆਰਾ ਭੈਣੀ ਸਾਹਿਬ ਦੀ ਲੋਹ ਲੰਗਰ ਦੀ ਸੇਵਾ ਨਿਬਾਹੰਦੇ ਰਹੇ। ਨਾਮਧਾਰੀ ਇਤਿਹਾਸ ਦੇ ਖੋਜੀ ਵਿਦਵਾਨ, ਸੁਵਰਨ ਸਿੰਘ ਸਨੇਹੀ ਹੋਰਾਂ ਦੇ ਸੰਤ ਸੁੰਦਰ ਸਿੰਘ ਜੀ ਭਜਨ ਗੁਰੂ ਸਨ। ਬਚਪਨ ਵਿਚ ਮਾਤਾ ਪਿਤਾ ਨੇ ਉਹਨਾਂ ਤੋਂ ਭਜਨ ਦਿਵਾਇਆ ਸੀ। ਉਹ ਦੱਸਿਆ ਕਰਦੇ ਸਨ ਕਿ ਉਹ ਵੀ ਸੰਤ ਹੀਰਾ ਦਾਸ ਦੇ ਜਥੇ ਵਿਚ ਕਾਫੀ ਸਮਾਂ ਵਿਚਰਦੇ ਅਤੇ ਸਤਿਗੁਰੂ ਰਾਮ ਸਿੰਘ ਜੀ ਦੀ ਸਿਖੀ ਦਾ ਪ੍ਰਚਾਰ ਕਰਦੇ ਰਹੇ ਸਨ। ਸੰਤ ਸੁੰਦਰ ਸਿੰਘ ਅਤੇ ਸੰਤ ਹੀਰਾ ਦਾਸ ਤੇ ਉਹਨਾਂ ਦਾ ਜਥਾ ਕਈ ਵੇਰ, ਕੂਕਿਆਂ ਨੂੰ ਅਨੰਦਪੁਰ ਸਾਹਿਬ ਤਖਤ ਸਾਹਿਬ ਦੇ ਦਰਸ਼ਨਾਂ ਵਾਸਤੇ, ਅੜਿਕੇ ਡਾਹੁਣ ਕਾਰਨ, ਉੱਥੇ ਦੇ ਪੁਜਾਰੀਆਂ/ਪ੍ਰਬੰਧਕਾਂ ਨੂੰ ਸਿੱਧੇ ਵੀ ਹੋ ਜਾਂਦੇ ਰਹੇ ਸਨ।

ਸਤਿਗੁਰੂ ਪ੍ਰਤਾਪ ਸਿੰਘ ਜੀ ਇਕ ਵੇਰ ਦੁਆਬੇ ਦਾ ਦੌਰਾ ਕਰਦੇ ਹੋਏ ਚਿੱਟੀ ਪਿੰਡ ਕੋਲੋਂ ਲੰਘ ਰਹੇ ਸਨ। ਸਤਿਗੁਰੂ ਜੀ ਦੇ ਦੌਰੇ ਦੀ ਸੂਹ ਮਿਲਣ ਤੇ ਸੰਤ ਹੀਰਾਦਾਸ ਜੀ ਲੰਘਣ ਵਾਲੇ ਰਾਹ ਤੇ ਜਾ ਖਲੋਤੇ। ਸਤਿਗੁਰੂ ਜੀ ਨੇ ਉਸ ਦਿਨ ਦਾ ਆਪਣਾ ਲੰਗਰ ਕਿਸੇ ਅਗਲੇ ਪਿੰਡ ਛਕਣਾ ਸੀ ਜਿੱਥੇ ਸੇਵਕ ਆਪ ਦੇ ਇਸ਼ਨਾਨ ਕਰਨ ਵਾਲੇ ਬਸਤਰਾਂ ਸਮੇਤ ਅੱਗੇ ਲੰਘ ਗਏ ਸਨ। ਸਤਿਗੁਰੂ ਜੀ ਨੇ ਜਦੋਂ ਬਾਬਾ ਜੀ ਦੀ ਲੰਗਰ ਇੱਥੇ ਹੀ ਕਰਨ ਦੀ ਬੇਨਤੀ ਬਾਰੇ, ਬਸਤਰਾਂ ਦੀ ਮਜ਼ਬੂਰੀ ਦੱਸੀ ਤਾਂ ਉਹਨਾਂ ਨੇ ਕਿਹਾ, "ਮੈਨੂੰ ਪਤਾ ਹੈ ਅਸੀਂ ਨਾਮਧਾਰੀ ਸਿੰਘ ਐਸੀ ਹਾਲਾਤ ਵਿਚ ਗਿੱਲਾ ਕਛਿਹਰਾ ਵੀ ਇਕ ਪਹੁੰਚਾ ਪੈਰ ਵਿਚ ਰੱਖ ਕੇ, ਨਚੋੜ ਲੈਂਦੇ ਰਹੇ ਤਾਂ ਮੈਂ ਹੁਣ ਤੁਹਾਨੂੰ ਅੱਗੇ ਨਹੀਂ ਜਾਣ ਦਿਆਂਗਾ। ਸਤਿਗੁਰੂ ਜੀ ਰੁਕੇ ਉੱਥੇ ਹੀ ਉਪਰੋਕਤ ਵਿਧੀ ਨਾਲ ਇਸ਼ਨਾਨ ਕਰਕੇ, ਕਛਿਹਰਾ ਨਿਚੋੜਿਆ। ਲੰਗਰ ਤਿਆਰ ਹੋਇਆ। ਛਕਿਆ ਤਾਂ ਫਿਰ ਬਾਬਾ ਜੀ ਨੇ ਆਪਣੀ ਭਾਵਨੀ ਪੂਰੀ ਹੋਣ ਤੇ ਅੱਗੇ ਜਾਣ ਦਿੱਤਾ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਟੇਪ ਹੋਏ ਉਪਦੇਸ਼ਾਂ ਵਿਚ ਇਸ ਪ੍ਰਸੰਗ ਦਾ ਬੜੀ ਰਸਦਾਰ ਅਤੇ ਕਲਾਤਮਕ ਸ਼ੈਲੀ ਵਿਚ ਵਰਣਨ ਹੈ। ਅਸੀਂ ਪਾਠਕਾਂ ਦੇ ਸੁਹਜ ਸੁਆਦ ਲਈ ਇਸ ਉਪਦੇਸ਼ ਦਾ ਭਾਗ ਹੇਠਾਂ ਲਿਖ ਰਹੇ ਹਾਂ—

"ਮਿਸਟਰ ਫੋਰਸਿਥ ਡਗਲਸ-ਕਮਿਸ਼ਨਰ ਵੀ ਆਪਣੀ ਕਿਤਾਬ ਵਿਚ ਇਹ ਗੱਲ ਮੰਨਦਾ ਹੈ ਕਿ ਸੱਤ ਵੀਹਾਂ ਆਦਮੀ ਸੀ। ਦੂਜੇ ਸਿੰਘ ਚਲੇ ਗਏ-ਜਿਨ੍ਹਾਂ ਵਿਚੋਂ ਕਈ-ਕਈ ਮਹਾਂਪੁਰਖਾਂ ਦੇ ਦਰਸ਼ਨ ਹੋਏ। ਇਕ ਭਾਈ ਹਜ਼ਾਰਾ ਸਿੰਘ ਜੀ-ਹਿੰਮਤਪੁਰੇ ਪਿੰਡ ਦੇ ਰਹਿਣ ਵਾਲੇ, ਬਹਾਵਲਪੁਰ ਵਿਚ ਬੁਕਾਰੇ ਪਿੰਡ ਵਿਚ ਉਹਨਾਂ ਨੂੰ ਲੰਬੜਦਾਰੀ ਜਾ ਕੇ ਮਿਲੀ। ਉਨ੍ਹਾਂ ਦਾ ਛੋਟਾ ਜਿਹਾ ਕੱਦ ਸੀ (ਈਸ਼ਰ ਸਿੰਘ) ਦਲੇਰ ਜਿੰਨਾ। ਮੈਂ ਉਨ੍ਹਾਂ ਨਾਲ ਬੜੇ ਬਚਨ ਕੀਤੇ-ਉਹ ਕਹਿੰਦੇ ਸੀ, "ਬਈ ਅਸੀਂ ਹੀਰਾ ਸਿੰਘ ਹੋਰਾਂ ਦੇ ਨਾਲ ਗਏ, ਪਿਓ ਸਾਡਾ ਮਮਤਾ ਦਾ ਮਾਰਾ ਮਗਰ ਗਿਆ।" ਸਤਿਗੁਰਾਂ ਨੇ ਕਿਹਾ, "ਅੱਛਾ ਭਾਈ, ਫਿਰ ਉਥੋਂ ਤੁਸੀਂ ਚਲੇ ਜਾਣਾ।"

"ਉਥੋਂ ਚਲੇ ਗਏ, ਖੇਡ ਸਤਿਗੁਰਾਂ ਦੀ ਸੀ। ਉਹ ਜਿਹੜੇ ਸੱਠ ਆਦਮੀ ਸਨ ਕਿਉਂਕਿ ਜੇ ਤੇ ਠਾਣੇਦਾਰ ਸਾਰਿਆਂ ਦੇ ਨਾਂ ਲਿਖ ਲੈਂਦਾ ਤਾਂ ਮਗਰੋਂ ਪਤਾ ਲੱਗ ਜਾਂਦਾ-ਕੌਣ-ਕੌਣ ਸੀ। ਜਿਹੜੇ ਚਲੇ ਗਏ, ਉਨ੍ਹਾਂ ਦੀ ਬਾਬਤ ਕਿਸੇ ਨੂੰ ਪਤਾ ਨਹੀਂ, ਉਹ ਕਿਹੜੇ-ਕਿਹੜੇ ਸਨ। ਅਸੀਂ ਬਹੁਤ ਸਾਰਿਆਂ ਦੇ ਦਰਸ਼ਨ ਮੇਲੇ ਕੀਤੇ ਹਨ।

"ਸੰਤ ਹੀਰਾ ਦਾਸ ਜੀ ਚਿੱਟੀ ਵਾਲੇ ਇਕ ਮਹਾਤਮਾ, ਜਿਨ੍ਹਾਂ ਦਾ ਕੱਦ ਕੋਈ ਸਾਢੇ ਛੇ ਫੁੱਟ ਦੇ ਕਰੀਬ ਹੋਵੇਗਾ, ਇਕ ਸੌ ਅੱਠ ਸਾਲ ਦੀ ਉਮਰ ਵਿਚ ਮੈਂ ਉਨ੍ਹਾਂ ਦਾ ਦਰਸ਼ਨ ਕੀਤਾ ਹੈ। ਉਨ੍ਹਾਂ ਦੇ ਮੇਰੇ ਨਾਲੋਂ ਬਹੁਤੇ ਥੋੜੇ ਧੌਲੇ ਆਏ ਸਨ* ਔਰ ਉਨ੍ਹਾਂ ਦੇ ਪਿੰਡੇ ਤੇ ਕਿਤੇ ਸਿਲਵਟ ਨਹੀਂ ਸੀ ਪੈਂਦਾ। ਰਸਤੇ ਵਿਚ ਸਾਨੂੰ ਰੋਕ ਲਿਆ—ਹੱਥ ਵਿਚ ਖੂੰਡਾ ਰੱਖਦੇ ਸੀ, ਬਚਨ ਬਿਲਾਸ ਬੜੇ ਕਰਦੇ ਸੀ—ਖੁੱਲ੍ਹੇ। ਜਿਸ ਵੇਲੇ ਵਿਖਿਆਨ ਕਰਦੇ ਸੀ, ਵਿਚ ਹੀ ਕਹਿ ਦਿੰਦੇ-ਵਿਖਿਆਨ ਕਰਦੇ-ਕਰਦੇ, 'ਜਿਹਦੀ ਮਰਜੀ ਹੈ ਗੱਲ ਕਰ ਲੋ,

ਮੈਨੂੰ ਇਹ ਲੋੜ ਨਹੀਂ ਕਿ ਮਗਰੋਂ ਨੋਟ ਕਰਕੇ ਕਰੋ'—ਇਹ ਉੱਥੇ ਹੀ ਉਹਨਾਂ ਨੂੰ ਜਵਾਬ ਦੇ ਦਿੰਦੇ ਸੀ। ਉਨ੍ਹਾਂ ਨੇ ਅੰਦਰ ਇਕ ਖੂਹੀ ਲਾਈ ਹੋਈ ਸੀ, ਉਸ ਖੂਹੀ ਤੇ ਕਿਸੇ ਨੂੰ ਨਹੀਂ ਸਨ ਜਾਣ ਦਿੰਦੇ। ਕਹਿੰਦੇ ਸੀ "ਕੋਈ ਦਿਨ ਆ ਜਾਵੇਗਾ, ਭ੍ਰਿਸ਼ਟਾਚਾਰ ਵਰਤ ਜਾਵੇਗਾ ਸੋਧ ਨਹੀਂ ਰਹਿਣੀ।" ਉਦਾਸੀ ਸਾਧੂ ਸੇ ਬਨੇ ਹੋਏ, ਉਸ ਵੇਲੇ। ਸਾਨੂੰ ਅੰਦਰ ਲਿਜਾ ਕੇ ਲੰਗਰ ਕੀਤਾ, ਕਹਿਣ ਲੱਗੇ, ਸੋਟਾ ਫੜਕੇ "ਭਾਈ ਜੇ ਇਉਂ ਅਟਕਣਾ ਹੈ ਤੇ ਇਉਂ ਨਹੀਂ ਅਸੀਂ ਜਾਣ ਨਹੀਂ ਦੇਣਾ-ਰਸਤੇ ਵਿਚ।" ਹੋਰ ਕਿਸੇ ਪਿੰਡ ਲੰਗਰ ਸੀ-ਸਾਡਾ, ਰਸਤੇ 'ਚ ਰੋਕਿਆ-ਦੁਪਹਿਰੇ ਲੰਗਰ ਕੀਤਾ। ਜਿਸ ਵੇਲੇ ਬਹਿ ਕੇ ਵਿਚ, ਪ੍ਰਸ਼ਾਦਾ ਛਕਣ ਲੱਗੇ ਕਹਿਣ ਲੱਗੇ, "ਸੱਠਾਂ-ਸੱਤਰਾਂ ਸਾਲਾਂ ਬਾਅਦ ਆਪਣੇ ਟੱਬਰ ਵਿਚ ਬਹਿ ਕੇ ਰੋਟੀ ਖਾਧੀ ਹੈ",— ਅੱਖਾਂ 'ਚੋਂ ਜਲ ਆ ਗਿਆ।

"ਇਕ ਮਹਾਂਪੁਰਖ ਗਿੱਲਾਂ ਦੇ ਸਨ—ਮਾਤਾ (ਜੀਵਨ ਕੌਰ) ਜੀ ਦੇ ਨਾਨਕਿਆਂ ਦੇ, ਉਹ ਮਾਤਾ ਜੀ ਨੂੰ ੧੯੨੧ (ਈਸਵੀ) ਨੂੰ ਰਾਵਲਪਿੰਡੀ ਵਿਚ ਮਿਲੇ ਸਨ। ਇਕ ਬਾਬਾ ਮਸਤਾਨ ਦਾਸ ਜੀ-ਜਿਹੜੇ ਪਟਿਆਲੇ ਰਹਿੰਦੇ ਸਨ, ਬਸਤਰ ਨਹੀਂ ਸਨ ਰੱਖਦੇ-ਉਨ੍ਹਾਂ ਨੂੰ ਜਾ ਕੇ ਮਿਲੇ-ਮੈਂ ਉਸ ਸਾਲ ਤੋਂ ਪਹਿਲਾ ਨਿਤਨੇਮ ਨਹਿਰ ਤੇ ਕੀਤਾ ਸੀ-ਨੇਤਰਾਂ ਵਿਚ ਜਲ ਆ ਗਿਆ, ਕਹਿਣ ਲੱਗੇ, "ਭਾਈ ਆਪਣੇ ਟੱਬਰ ਦੀ ਜੇ ਗੱਲ ਸੁਣੀਏ ਤੇ ਫਿਰ ਖੁਸ਼ੀ ਹੁੰਦੀ ਹੀ ਹੈ ਨਾ।"

"ਇਸ ਤਰ੍ਹਾਂ ਦੇ ਉਨ੍ਹਾਂ ਵਿਚ ਸੱਠ ਸਰੀਰ ਜਿਹੜੇ ਸਨ ਉਹ ਇਸ ਤਰ੍ਹਾਂ ਲਾਂਭੇ ਨਿੱਖੜੇ।"[8]

ਇਸ ਵਰਣਨ ਤੋਂ ਸਪੱਸ਼ਟ ਹੈ ਕਿ ਸੰਤ ਹੀਰਾ ਦਾਸ ਜੀ ਸਤਿਗੁਰੂ ਰਾਮ ਸਿੰਘ ਜੀ ਦੇ ਘਰ ਨਾਲ ਭਾਵਨਾਤਮਕ ਤੌਰ ਤੇ ਜੁੜੇ ਹੋਏ ਸਨ। ਸਤਿਗੁਰੂ ਜੀ ਨੇ ਮਾਨਵ ਮਾਤਰ ਦੀ ਸੇਵਾ, ਵਿਸ਼ੇਸ਼ ਕਰ ਉਜੜਿਆ ਥੁੜਿਆਂ ਨੂੰ ਨਿਵਾਜਣ ਦਾ ਰਸਤਾ ਜੋ ਵਿਖਾਇਆ ਸੀ, ਹੀਰਾ ਦਾਸ ਜੀ ਆਯੂ ਪਰਯੰਤ ਉਸੇ ਤੇ ਚਲਦੇ ਰਹੇ। ਭਾਰਤੀ ਆਰਥਿਕਤਾ ਦੀ ਰੀੜ੍ਹ ਸਮਝੀ ਜਾਂਦੀ ਸੀ ਉਹਨਾਂ ਸਮਿਆਂ ਵਿਚ ਗਊ। ਅੰਗਰੇਜ਼ ਹਾਕਮ ਗਊ ਭਖਸ਼ਕ ਸਨ। ਇਸੇ ਲਈ ਉਹਨਾਂ ਨਾਲ ਸਾਡੇ ਬਹੁਗਿਣਤੀ ਲੋਕਾਂ ਦੀ ਇਕਸੁਰਤਾ ਕਦੇ ਵੀ ਬਣ ਨਹੀਂ ਸੀ ਸੱਕੀ। ਗਊ ਗਰੀਬ ਦੀ ਰਾਖੀ ਸਿੱਖੀ ਦਾ ਮੂਲ ਤੱਤ ਸੀ। ਇਹੋ ਸਤਿਗੁਰੂ ਰਾਮ ਸਿੰਘ ਜੀ ਦਾ ਮਿਸ਼ਨ ਸੀ। ਇਸੇ ਨੂੰ ਸਮਰਪਿਤ ਰਿਹਾ ਸੰਤ ਜੀ ਦਾ ਲੰਮਾ ਜੀਵਨ। ਸੂਬਾ ਸੱਈਆ ਸਿੰਘ ਇਕ ਪ੍ਰਸਿੱਧ ਘਟਨਾ ਬਾਰੇ ਲਿਖਦੇ ਹਨ—

"ਹੈਦਰਾਬਾਦ (ਦੱਖਨ) ਦਾ ਇਕ ਬੜਾ ਮਸ਼ਹੂਰ ਵਾਕਿਆ ਹੈ ਕਿ ਉਥੋਂ ਦੇ ਮੁਸਲਮਾਨ ਸ਼ਰੇ ਬਾਜ਼ਾਰ ਗਊ ਕਤਲ ਕਰਨ ਲੱਗੇ। ਹਜ਼ਾਰਾਂ ਆਦਮੀ ਇਸ ਵਾਕਿਆ ਨੂੰ ਦੇਖਨ ਲਈ ਇਕੱਠੇ ਹੋ ਗਏ। ਤਮਾਸ਼ਬੀਨ ਬਹੁਤੇ ਅਤੇ ਗਊ ਲਈ ਸੱਚਾ ਦਰਦ ਰੱਖਣ ਵਾਲੇ ਥੋਹੜੇ ਸਨ। ਸੰਤ ਹੀਰਾਦਾਸ ਵੀ ਅਚਾਨਕ ਉਧਰ ਆ ਨਿਕਲੇ, ਸਾਰੀ ਵਾਰਤਾ ਸੁਣੀ, ਸਰੀਰ ਦਾ ਲਹੂ ਗਰਮਾਉਣ ਲੱਗਾ। ਦਿਲ ਵਿਚ ਜੋਸ਼ ਆਇਆ ਭੀੜ ਨੂੰ ਚੀਰਦੇ ਹੋਏ ਕਤਲਗਾਹ ਵਾਲੀ ਥਾਂ ਪਹੁੰਚ ਗਏ। ਸੰਤਾਂ ਦਾ ਜੋਸ਼ ਦੇਖ ਕੇ ਲੋਕ ਹੈਰਾਨ ਹੋ ਗਏ। ਸੰਤਾਂ

ਨੇ ਕਸਾਈਆਂ ਨੂੰ ਕਿਹਾ ਕਿ ਤੁਸੀਂ ਗਊ ਕਤਲ ਕਰਕੇ ਲੱਖਾਂ ਦੇ ਹਿਰਦੇ ਦੁਖੀ ਕਰ ਰਹੇ ਹੋ।

"ਜੇ ਹਿੰਦੂਆਂ ਨੂੰ ਵੀ ਜੋਸ਼ ਆ ਗਿਆ ਤਾਂ ਜ਼ਿੰਮੇਵਾਰ ਕੌਣ ਹੋਵੇਗਾ? ਜ਼ਿੰਮੇਵਾਰ ਤੁਹਾਨੂੰ ਹੀ ਠਹਿਰਾਇਆ ਜਾਵੇਗਾ। ਪਤਾ ਨਹੀਂ ਸੰਤਾਂ ਦੀ ਜ਼ੁਬਾਨ ਵਿਚ ਕੀ ਤਾਸੀਰ ਸੀ ਕਿ ਮੁਸਲਮਾਨ ਗਊ ਛੱਡਕੇ ਭੱਜ ਗਏ। ਇਹ ਘਟਨਾ ਹਿੰਦੁਸਤਾਨ ਦੇ ਕੋਨੇ-ਕੋਨੇ, ਵਿਚ ਫੈਲ ਗਈ।

"੧ ਨਵੰਬਰ ੧੯੨੫ ਦੇ 'ਹਿੰਦੂ' ਅਖਬਾਰ ਵਿਚ ਇਹ ਘਟਨਾ ਛਪੀ ਸੀ। ਹਿੰਦੂ ਅਖਬਾਰ ਵਾਲਿਆਂ ਨੇ ਸੰਤ ਹੀਰਾ ਦਾਸ ਨੂੰ ਭੀਸ਼ਮ ਪਿਤਾਮਾ ਦੇ ਨਾਮ ਨਾਲ ਸੰਬੋਧਿਤ ਕੀਤਾ ਸੀ।"

ਸੂਬਾ ਜੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਲੰਗਰ ਛਕਣ ਵਾਲੀ ਡੇਰਾ ਚਿੱਟੀ ਵਿਖੇ ਹੋਈ ਘਟਨਾ ਦਾ ਜ਼ਿਕਰ ਕਰਦਿਆਂ ਇਹ ਵੀ ਲਿਖਦੇ ਹਨ, "ਵਿਦਾ ਕਰਨ ਸਮੇਂ ਆਪ ਨੇ ਜੋ ਭੇਟਾ ਸੱਚੇ ਪਾਤਸ਼ਾਹ ਦੇ ਚਰਨਾਂ ਵਿਚ ਕੀਤੀ, ਹਜ਼ੂਰ ਨੇ ਸਤਿਕਾਰ ਪੂਰਵਕ ਵਾਪਸ ਕਰਦਿਆਂ ਹੋਇਆਂ ਕਿਹਾ ਕਿ ਸੰਤ ਜੀ ਆਪ ਮਹਾਂਪੁਰਖ ਹੋ ਤੇ ਇਸ ਮਾਇਆ ਨੂੰ ਕਿਸੇ ਉਪਕਾਰ ਦੇ ਕੰਮ ਤੇ ਲਾ ਦੇਣਾ। ....

"ਭਾਵੇਂ ਆਪ ਸਹਿਜਧਾਰੀ ਸਨ, ਪਰ ਫੇਰ ਵੀ ਆਪ ਨੇ ਚੀਨੀ ਵਾਲੇ ਪਾਤਸ਼ਾਹ ਦੀ ਆਗਿਆ ਅਨੁਸਾਰ ਦੇਸ਼ ਵਿਚ ਵਿਚਰ ਕੇ, ਪੂਰੇ ੩੨ ਸਾਲ ਅੰਮ੍ਰਿਤ ਪ੍ਰਚਾਰ ਕੀਤਾ। ਆਖਰ ੧੧੯ ਸਾਲ ਦੀ ਆਯੂ ਵਿਚ ੧੭ ਫੱਗਣ ੧੯੮੬ ਬਿ. ਇਕਾਦਸ਼ੀ ਵਾਲੇ ਦਿਨ ਮੁਤਾਬਿਕ ਮਾਰਚ ੧੯੨੭ ਈ. ਨੂੰ ਆਪਣੇ ਡੇਰੇ ਚਿੱਟੀ ਵਿਖੇ ਹੀ ਭਜਨ ਕਰਦੇ ਹੋਏ ਆਪ ਦਾ ਸਰੀਰ ਸ਼ਾਂਤ ਹੋਇਆ।"[9]

ਸੰਤ ਹੀਰਾ ਦਾਸ ਚਿੱਟੀ ਕੂਕਾ-ਉਦਾਸੀ ਸਬੰਧਾਂ ਦਾ ਇਕ ਸਜੀਵ ਚਿਤਰ ਸਨ। ਗੁਰੂ ਨਾਨਕ ਦੇਵ ਜੀ ਦੀ ਸਿਖਿਆ ਤੋਂ ਵਰੋਸਾਇਆ "ਉਦਾਸੀ ਮੱਤ" ਅਤੇ ਸਤਿਗੁਰੂ ਰਾਮ ਸਿੰਘ ਜੀ ਦਾ ਸਿਰਜਿਆ ਨਾਮਧਾਰੀ ਸੰਤ ਖਾਲਸਾ, ਪੰਜਾਬ ਦੇ ਜਾਂ ਭਾਰਤ ਦੇ ਇਤਿਹਾਸ ਨੂੰ ਹੀ ਨਹੀਂ ਸਗੋਂ ਵਿਸ਼ਵ ਘਟਨਾਕ੍ਰਮ ਨੂੰ, ਆਪਣੇ-ਆਪਣੇ ਢੰਗ ਨਾਲ ਪ੍ਰਭਾਵਿਤ ਕਰਦਾ ਰਿਹਾ ਹੈ। ਸੰਤ ਹੀਰਾ ਦਾਸ ਚਿੱਟੀ ਕਰਮ ਕਾਂਡ ਅਤੇ ਬਾਹਰੀ ਦਿੱਖ ਤੋਂ ਉਦਾਸੀ ਸਾਧੂ ਹੈ, ਪਰ ਸਦਾ ਜੂਝਣ ਦੇ ਚਾਉ ਵਿਚ ਮਖਮੂਰ ਦੀਨ ਦੁਖੀਆਂ ਦਾ ਦਰਦ ਵੰਡਾਉਣ ਲਈ, ਵਿਦੇਸ਼ੀ ਹਾਕਮਾਂ ਅਤੇ ਉਹਨਾਂ ਦੇ ਚਾਟੜਿਆਂ ਵਿਰੁੱਧ ਹਮੇਸ਼ਾਂ ਕਮਰਕੱਸੀ ਰੱਖਣ ਵਾਲੀ ਭਾਵਨਾ ਸਦਕਾ, ਉਹ ਨਾਮਧਾਰੀ ਸੰਤ ਖਾਲਸੇ ਦਾ ਹੀ ਇਕ ਜੁਜ਼ ਹੈ ਜਿਸ ਦੀ ਸੁਰਤਿ ਵਿਚ ਸਾਕਾ ਮਲੇਰਕੋਟਲਾ ਅਤੇ ਇੱਥੇ ਸ਼ਹੀਦੀਆਂ ਦੇਣ ਵਾਲਿਆਂ ਦੇ ਪ੍ਰੇਰਨਾ ਸਰੋਤ ਸਤਿਗੁਰੂ ਰਾਮ ਸਿੰਘ ਹਮੇਸ਼ਾ ਵੱਸਦੇ ਹਨ। ਇਹੋ ਕਾਰਨ ਹੈ ਕਿ ਅੱਧੀ ਸਦੀ ਬੀਤਣ ਬਾਅਦ ਸਤਿਗੁਰੂ ਰਾਮ ਸਿੰਘ ਦੀ ਲੋਹ-ਲੰਗਰ ਦੇ ਸੇਵਕ, ਸਤਿਗੁਰੂ ਪ੍ਰਤਾਪ ਸਿੰਘ ਜੀ ਤੇ ਉਹਨਾਂ ਦੀ ਸੰਗਤ ਨੂੰ ਬਾਬਾ ਜੀ ਮੇਰੇ ਆਪਣੇ ਆਏ ਆਖ ਕੇ ਵਿਸਮਾਦੀ ਰੰਗ ਵਿਚ ਹੋ ਜਾਂਦੇ ਹਨ। ਅੰਦਾਜ਼ਾ ਲਾਈਏ ਉਹ ਸਥਿਤੀ ਕਿੰਨੀ ਭਿਆਨਕ ਹੁੰਦੀ ਹੈ ਜਦੋਂ ਕਿਸੇ ਨੂੰ ਉਸਦੇ ਆਪਣਿਆਂ ਤੋਂ ਨਿੱਖੜ ਕੇ ਅੱਧੀ ਸਦੀ ਤੋਂ

ਵੀ ਲੰਮਾ ਉਮਰਾ ਪੰਧ ਕੱਟਣਾ ਪੈਂਦਾ ਹੈ। ਇਸ ਸਥਿਤੀ ਦੇ ਹੀ ਭੁਗਤ ਭੋਗੀ ਸਨ ਸੰਤ ਹੀਰਾ ਦਾਸ ਜੀ "ਚਿੱਟੀ"।

## ਹਵਾਲੇ ਅਤੇ ਟਿਪਣੀਆਂ


1. ਸਤਿਜੁਗ ਦਾ ਸੰਤ ਅੰਕ, ੯ ਚੇਤਰ ਸੰਬਤ ੧੯੯੬, ਸ੍ਰੀ ਭੈਣੀ ਸਾਹਿਬ, ਸਫਾ ੧੫੮-੫੯
2. ਸ੍ਰੀ ਸਤਿਗੁਰੂ ਬਿਲਾਸ ਪਾਤਸ਼ਾਹੀ ਬਾਰ੍ਹਵੀਂ, ਕ੍ਰਿਤ ਸੰਤ ਧਿਆਨ ਸਿੰਘ ਕਾਦਰਾਬਾਦ-ਮਿੰਟਗੁਮਰੀ, ਤੀਜੀ ਵਾਰ ੧੯੯੮ ਈ. ਸ੍ਰੀ ਭੈਣੀ ਸਾਹਿਬ, ਸਫਾ ੧੨੭
3. ਸਤਿਗੁਰੂ ਬਿਲਾਸ ਭਾਗ ਪਹਿਲਾ-ਸੰਤ ਸੰਤੋਖ ਸਿੰਘ ਬਾਹੋਵਾਲ (ਸੰ. ਜਸਵਿੰਦਰ ਸਿੰਘ) ਸਫਾ ੪੭੪
4. ਨਾਮਧਾਰੀ ਇਤਿਹਾਸ-ਨਾਹਰ ਸਿੰਘ ਐਮ. ਏ. (ਸੰਪਾਦਕ-ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ), ਦੂਜੀ ਛਾਪ ੨੦੧੪, ਆਰਸੀ ਪਬਲਿਸ਼ਰਜ ਦਿੱਲੀ, ਸਫਾ ੨੩੨-੩੬
5. ਕਵੀ ਨਿਰੰਜਨ ਸਿੰਘ ਮ੍ਰਿਗੇਸ਼ ਰਚਿਤ ਸਾਕਾ ਮਲੇਰਕੋਟਲਾ, (ਸੰ. ਸਵਰਨ ਸਿੰਘ ਸਨੇਹੀ), ੨੦੦੫ ਈ. ਮ੍ਰਿਗੇਸ਼ ਪਰਿਵਾਰ ਅੰਮ੍ਰਿਤਸਰ ਖੁਰਦ (ਸਿਰਸਾ), ਸਫਾ ੨੨
6. ਬੀਤੇ ਦੀਆਂ ਪੈੜਾਂ ਭਾਗ ੪, ਪ੍ਰੀਤਮ ਸਿੰਘ ਕਵੀ, ੧੯੯੩, ਜੇ-੩, ੧੯੯ ਏ, ਰਾਜੌਰੀ ਗਾਰਡਨ ਨਵੀਂ ਦਿੱਲੀ, ਸਫਾ ੧੯੨-੯੩
7. ਉਹੀ, ਸਫਾ ੨੪੧-੪੫
8. ਲਾਲ ਏਹਿ ਰਤਨ (ਉਪਦੇਸ਼ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ) ਭਾਗ ਪਹਿਲਾ (ਸੰ. ਪ੍ਰਿੰ. ਬੇਅੰਤ ਕੌਰ) ੧੯੯੫, ਨਾਮਧਾਰੀ ਦਰਬਾਰ ਸ੍ਰੀ ਭੈਣੀ ਸਾਹਿਬ, ਸਫਾ ੨੮੭-੮੮
9. ਸਤਿਜੁਗ ਦਾ ਸੰਤ ਅੰਕ-੧੯੯੬ ਬਿ. ਸਫਾ ੧੫੮-੫੯

# ਸਭਰਾਵਾਂ ਦੇ ਮੈਦਾਨ ਤੋਂ ਰੰਗਨ ਦੇ ਬੰਗਲੇ ਤੱਕ—
# ਬਾਬਾ ਦਰਬਾਰਾ ਸਿੰਘ ਰਾਇਪੁਰ

ਪੰਜਾਬ ਵਿਚ ਉਨ੍ਹੀਵੀਂ ਸਦੀ ਦੇ ਮਗਰਲੇ ਅੱਧ ਵਿਚ ਆਰੰਭ ਹੋਣ ਵਾਲੀ ਕੂਕਾ-ਲਹਿਰ ਨੇ, ਸਤਿਗੁਰੂ ਰਾਮ ਸਿੰਘ ਜੀ ਦੀ ਅਗਵਾਈ ਵਿਚ ਦੇਸ਼ ਕੌਮ ਦੀ ਬੰਦ ਖਲਾਸੀ, ਦੀਨਾਂ ਦੁਖੀਆਂ ਦੀ ਬਾਂਹ ਫੜਨ ਲਈ, ਮਰਜੀਵੜਿਆਂ ਦੇ ਪੂਰਾਂ ਦੇ ਪੂਰ ਤਿਆਰ ਕਰ ਦਿੱਤੇ ਸਨ। ਕੂਕਾ ਲਹਿਰ ਵਿਚ ਸ਼ਾਮਲ ਹੋਣ ਵਾਲੇ ਉਦਾਸੀ, ਨਿਰਮਲੇ, ਨਿਹੰਗ, ਬੈਰਾਗੀ, ਗੁਲਾਬਦਾਸੀਏ, ਸੇਵਾ ਪੰਥੀਏ ਆਦਿ ਪੰਜਾਬ ਵਿਚ ਵਿਚਰਨ ਵਾਲੀਆਂ ਪ੍ਰਸਿੱਧ ਧਾਰਮਿਕ ਸੰਪਰਦਾਵਾਂ ਵਿਚੋਂ ਵੀ ਆਏ। ਭਾਈ ਬੀਰ ਸਿੰਘ ਜੀ ਨੌਰੰਗਾਬਾਦੀਏ ਅਤੇ ਉਹਨਾਂ ਦੇ ਉੱਤਰਾ ਅਧਿਕਾਰੀ, ਭਾਈ ਮਹਾਰਾਜ ਸਿੰਘ ਹੋਰਾਂ ਨਾਲ ਫਰੰਗੀਆਂ ਵਿਰੁੱਧ ਜੂਝਣ ਵਾਲਿਆਂ ਵਿਚੋਂ ਵੀ ਆਏ। ਲਾਹੌਰ ਦਰਬਾਰ ਦੀ ਸਿੱਖ ਸੈਨਾ ਵਿਚੋਂ ਵੀ ਆਏ ਅਤੇ ਸੰਨ ੧੮੫੭ ਦੇ ਵਿਦਰੋਹ ਸਮੇਂ, ਕੰਪਨੀ ਸਰਕਾਰ ਦਾ ਤਖ਼ਤਾ ਪਲਟਣ ਲਈ ਜੁੱਟੇ, ਸਰਗਰਮ ਸੈਨਿਕਾਂ ਵਿਚੋਂ ਵੀ ਆਏ। ਇਹਨਾਂ ਵਿਚੋਂ ਬਹੁਤ ਸਾਰੇ ਉਹ ਵੀ ਸਨ, ਜਿਹਨਾਂ ਨੂੰ ਸਿੱਖ ਰਾਜ ਗੁਆਚਣ ਦਾ ਚੋਖਾ ਝੋਰਾ ਸੀ। ਜਿਹਨਾਂ ਨੇ ਅੰਗਰੇਜ਼ ਸਿੱਖ ਜੰਗਾਂ ਵਿਚ ਆਪਣਾ ਖ਼ੂਨ ਡੋਹਲਿਆ ਸੀ। ੧੦ ਫਰਵਰੀ ੧੮੪੬ ਈ. ਨੂੰ ਸਭਰਾਵਾਂ ਦੇ ਮੈਦਾਨ ਵਿਚ ਹੋਏ ਲਾਸਾਨੀ ਯੁੱਧ ਨੇ, ਜਿਸ ਵਿਚ ਬੁੱਢੇ ਜਰਨੈਲ ਸ. ਸ਼ਾਮ ਸਿੰਘ 'ਅਟਾਰੀ' ਨੇ "ਬੰਨ੍ਹ ਸ਼ਸ਼ਤਰੀ ਜੋੜ ਵਿਛੋੜ ਸੁੱਟੇ" ਸਨ ਅਤੇ ਕਮਾਂਡਰ ਇਨ ਚੀਫ ਤੇਜਾ ਸਿੰਘ ਨੇ ਬੇੜੀਆਂ ਦਾ ਪੁਲ ਵੱਢ ਕੇ ਆਪਣੀ ਹੀ ਫੌਜ ਨੂੰ ਡੁੱਬਣ ਤੇ ਮਜ਼ਬੂਰ ਕੀਤਾ ਸੀ, ਬਕੌਲ ਕੌਮੀ ਕਵੀ ਸ਼ਾਹ ਮੁਹੰਮਦ :

"ਤੇਜਾ ਸਿੰਘ ਸਰਦਾਰ ਪੁਲ ਵੱਢ ਦਿੱਤਾ, ਘਰੀਂ ਨੱਸ ਨਾ ਜਾਵੇ ਇਹ ਫੌਜ ਸਾਰੀ" ਇਸ ਯੁੱਧ ਵਿਚ ਸੂਰਮਗਤੀ ਵਿਖਾਉਣ ਵਾਲੇ ਅਤੇ ਆਪਣੇ ਨਾਲ ਦੇ ਸੈਨਿਕਾਂ ਨੂੰ ਆਪਣੇ ਘੋੜੇ ਦੀ ਮੱਦਦ ਨਾਲ, ਦਰਿਆ ਪਾਰ ਕਰਵਾਉਣ ਵਾਲੇ ਇਕ ਸਿੱਖ ਸੈਨਿਕ ਬਾਬਾ ਦਰਬਾਰਾ ਸਿੰਘ ਜੀ ਵੀ ਸਤਿਗੁਰੂ ਰਾਮ ਸਿੰਘ ਜੀ ਦੀ ਕਿਰਪਾ ਦੇ ਪਾਤਰ ਬਣੇ। ਨਾਮਧਾਰੀ ਸਰੋਤਾਂ ਮੁਤਾਬਿਕ ੧੮੭੫ ਈ. ਵਿਚ ਰੰਗੂਨ ਜਾ ਕੇ, ਸ੍ਰੀ ਸਤਿਗੁਰੂ ਜੀ ਦਾ ਦਰਸ਼ਨ ਕਰਨ ਵਾਲੇ ਅਤੇ ਨਾਮਧਾਰੀ ਇਤਿਹਾਸ ਅਤੇ ਪੰਥ ਲਈ ਬਹੁਤ ਮਹੱਤਵਪੂਰਨ ਹੁਕਮਨਾਮਾ ਲਿਆਉਣ ਵਾਲੇ, ਬਾਬਾ ਦਰਬਾਰਾ ਸਿੰਘ ਹੀ ਸਨ। ਗੁਰੂ ਹਰੀ ਸਿੰਘ ਜੀ ਵਲੋਂ ਸਰਕਾਰੇ ਦਰਬਾਰੇ ਭੁਗਤਣ ਲਈ ਆਪ ਨੂੰ ਹੀ ਲਗਭਗ ੨੫ ਵਰ੍ਹੇ 'ਮੁਖਤਿਆਰੇ ਆਮ' ਦੀ ਸੇਵਾ ਵੀ ਬਖਸ਼ੀ ਗਈ ਸੀ।

ਬਾਬਾ ਦਰਬਾਰਾ ਸਿੰਘ, ਜ਼ਿਲ੍ਹਾ ਲੁਧਿਆਣਾ ਦੇ ਗਰੇਵਾਲ ਸਰਦਾਰਾਂ ਦੇ ਪ੍ਰਸਿੱਧ ਪਿੰਡ ਰਾਇਪੁਰ ਦਾ ਵਸਨੀਕ ਸੀ। ਅੰਗਰੇਜ਼ ਸਰਕਾਰ ਦੀ ਮਹੱਤਵਪੂਰਨ ਕੂਕਿਆਂ ਦੀ,

ਜ਼ਿਲ੍ਹਾ ਪੁਲਿਸ ਕਪਤਾਨ ਦੁਆਰਾ ਜਿੰਦਰੇ ਵਿਚ ਰੱਖਣ ਵਾਲੀ ਗੁਪਤ ਸੂਚੀ ਵਿਚ ਦਰਜ ਇੰਦਰਾਜ ਮੁਤਾਬਿਕ, ਆਪ ਦੇ ਪਿਤਾ ਜੀ ਦਾ ਨਾਮ, ਮਹਿਤਾਬ ਸਿੰਘ ਸੀ। ਆਪ ਦਾ ਕਿੱਤਾ ਉੱਨ ਦੀਆਂ ਮਾਲਾਂ ਬਨਾਉਣੀਆਂ ਲਿਖਿਆ ਹੈ। ਇਸ ਸਮੇਂ (੧੮੮੧ ਈ.) ਭੈਣੀ ਸਾਹਿਬ ਵਿਚ ਨਿਵਾਸ ਰੱਖਦੇ ਸਨ। ਗੁਰੂ ਹਰੀ ਸਿੰਘ ਜੀ ਨੇ ਆਪ ਨੂੰ ਸੂਬਾ ਥਾਪਿਆ ਸੀ। ਰੰਗ ਪੱਕਾ, ਦਾਹੜਾ ਲੰਬਾ, ਮਜ਼ਬੂਤ ਜੁੱਸਾ, ਕੱਦ ਦਰਮਿਆਨਾ ਅਤੇ ਉਮਰ ਲਗਭਗ ੫੫ ਸਾਲ ਸੀ। ਵਿਸ਼ੇਸ਼ ਲੱਛਣਾਂ ਅਤੇ ਚਾਲ-ਚਲਨ ਵਾਲੇ ਖਾਨੇ ਵਿਚ ਇਹ ਇੰਦਰਾਜ ਹੈ : "ਇਹ ਇਕ ਪ੍ਰਭਾਵਸ਼ਾਲੀ, ਛੇਤੀ ਭੜਕ ਪੈਣ ਵਾਲਾ ਅਤੇ ਬਹੁਤ ਕੱਟੜ ਕੂਕਾ ਹੈ। ਪਹਿਲਾਂ ਉਹ ਥਾਣਾ ਡੇਹਲੋਂ ਦੇ ਪਿੰਡ ਰਾਇਪੁਰ ਦਾ ਲੰਬੜਦਾਰ ਸੀ, ਪ੍ਰੰਤੂ ਉਹਨੇ ਆਪਣੇ ਧਰਮ ਦੀ ਲੋੜ ਵਾਸਤੇ, ਆਪਣੀ ਸਾਰੀ ਜ਼ਮੀਨ ਜਾਇਦਾਦ ਵੇਚ ਦਿੱਤੀ ਸੀ। ਸਤੰਬਰ ੧੮੭੩ ਵਿਚ ੧੮੭੨ ਦੇ ਐਕਟ X ਦੀ ਦਫਾ ੫੦੫ ਦੇ ਤਹਿਤ ਉਸ ਤੇ ਮੁਕੱਦਮਾ ਚਲਾਇਆ ਗਿਆ ਸੀ। ਦਿਸੰਬਰ ੧੮੭੫ ਵਿਚ ਉਸ ਤੋਂ ਇਕ ਹਜ਼ਾਰ ਰੁਪੈ ਦੀ ਜ਼ਮਾਨਤ ਮੰਗੀ ਗਈ ਸੀ।"[1]

ਬਾਬਾ ਜੀ ਦੇ ਇਕ ਸੁਚੱਜੇ ਘੋੜ ਸਵਾਰ ਹੋਣ ਅਤੇ ੧੮੪੫-੪੬ ਦੀਆਂ ਜੰਗਾਂ ਵਿਚ ਬਹਾਦਰੀ ਨਾਲ ਭਾਗ ਲੈਣ ਤੋਂ ਮਾਲੂਮ ਹੁੰਦਾ ਹੈ ਕਿ ਰੀਕਾਰਡ ਵਿਚ ਆਪ ਦੀ ਉਮਰ ਕੁਝ ਘੱਟ ਲਿਖੀ ਗਈ ਹੈ ਸੋ ਕਿਸੇ ਵੀ ਤਰ੍ਹਾਂ ਆਪ ਦਾ ਜਨਮ ਵਰ੍ਹਾ ੧੮੨੦ ਈ. ਤੋਂ ਪਛੇਤਾ ਨਹੀਂ ਹੋ ਸਕਦਾ। ਆਪ ਨੇ ਅੰਤਿਮ ਸੁਆਸ, ਗੁਰੂ ਹਰੀ ਸਿੰਘ ਜੀ ਦੇ ਮਾਲਵੇ ਦੇ ਦੌਰੇ ਸਮੇਂ ਜਨਵਰੀ ੧੯੦੧ ਈ. ਵਿਚ ਲਏ। ਇਉਂ ਆਪ ਨੇ ੮੦-੮੧ ਵਰ੍ਹਿਆਂ ਦੀ ਲੰਮੀ ਉਮਰ ਭੋਗੀ ਅਤੇ ਇਸ ਦਾ ਵੱਡਾ ਹਿੱਸਾ, ਪਹਿਲਾਂ ਸਿੱਖ ਸੈਨਿਕ ਦੇ ਨਾਤੇ ਅਤੇ ਫਿਰ ਸਤਿਗੁਰੂ ਰਾਮ ਸਿੰਘ ਜੀ ਦੀ ਅਗੁਆਈ ਵਿਚ ਚੱਲੇ, ਕੌਮੀ ਸੁਤੰਤਰਤਾ ਸੰਗਰਾਮ ਨੂੰ, ਸਰਫ ਕਰ ਦਿੱਤਾ। ਆਪ ਦੁਆਰਾ ਸਤਿਗੁਰੂ ਜੀ ਦੀ ਸ਼ਰਨ ਵਿਚ ਆਉਣ ਦਾ ਸਮਾਂ ੧੮੬੦-੬੧ ਈ. ਦਾ ਮਾਲੂਮ ਹੁੰਦਾ ਹੈ। ਕਿਉਂਕਿ ਬਾਹੋਵਾਲ ਜੀ ਵਾਲੇ ਗਰੰਥ ਵਿਚ ਸਾਨੂੰ ਅੰਮ੍ਰਿਤਸਰ ੧੮੬੭ ਈ. ਦੀ ਦੀਵਾਲੀ ਸਮੇਂ ਆਪ ਦੇ ਸਤਿਗੁਰੂ ਜੀ ਨਾਲ ਨਿਕਟ ਸੰਬੰਧਾਂ ਦਾ ਆਭਾਸ ਹੁੰਦਾ ਹੈ ਅਤੇ ਇਹੋ ਜਿਹੇ ਸਬੰਧ ਇਕ ਦਿਨ ਵਿਚ ਤਾਂ ਨਹੀਂ ਬਣਦੇ ਕੁਝ ਵਕਤ ਲੱਗਦਾ ਹੈ। ਇਸ ਦੀਵਾਲੀ ਤੇ ਜਾਂਦੇ ਵਕਤ ਬਾਬਾ ਜੀ ਦੀ ਅਰਜ਼ ਤੇ ਸਤਿਗੁਰੂ ਜੀ ਨੇ ਸੰਗਤ ਦੇ ਵਿਸ਼ਾਲ ਸਮੂਹ ਸਮੇਤ ਆਪ ਦੇ ਨਗਰ ਵਿਖੇ ਦਰਸ਼ਨ ਦਿੱਤੇ। "ਬਾਬੇ ਦਰਬਾਰਾ ਸਿੰਘ ਨੇ ਅਰਜ਼ ਕਰੀ, 'ਜੀ ਰਾਇਪੁਰ ਦੇ ਵਿਚੋਂ ਦੀ ਦਰਸ਼ਨ ਦੇਂਦੇ ਜਾਓ। ਸੰਗਤ ਦੂਰ ਦੂਰ ਤੇ ਇਕੱਠੀ ਹੋਈ ਕਿ ਕਈ ਸਾਲ ਕੀ ਬੰਦਸ਼ ਹੋਈ ਹੋਈ ਐਤਕੀ ਮੇਲੇ ਕੋ ਭੀ ਛੁੱਟੀ ਮਿਲ ਗਈ ਹੈ। ਬੇਅੰਤ ਖ਼ਾਲਸਾ ਆਇਆ। ਛੁੱਟੀ ਕੀ ਸਾਰੇ ਦੇਸ ਮੇਂ ਖ਼ਬਰ ਹੋਇ ਗਈ।'

"ਸਤਿਗੁਰੂ ਜੀ ਰਾਇਪੁਰ ਗਏ। ਬਹੁਤ ਖਰਚ ਹੋਣ ਲੱਗਾ। ਬਚਨ ਕੀਤਾ ਏਹ ਸ਼ਬਦ ਪੜ੍ਹੋ-'ਸਬਦੁ ਅਖੁਟੁ ਬਾਬਾ ਨਾਨਕਾ ਖਾਹਿ ਖਰਚਿ ਧਨੁ ਮਾਲੁ।' ਸਿੰਘ ਏਹ ਸ਼ਬਦ ਪੜ੍ਹਦੇ ਰਹੇ। ਸਭ ਚੀਜ਼ ਮੈਂ ਬਰਕਤ ਪੈ ਜਾਇਆ ਕਰੇ। ਅਤੁੱਟ ਭੰਡਾਰਾ ਵਰਤਿਆ।

ਰਾਇਪੁਰ ਮੈਂ ਦੀਵਾਨ ਲੱਗੇ। ਸਿੰਘਾਂ ਕੋ ਮਹਾਂ ਅਨੰਦ ਪ੍ਰਾਪਤ ਹੁਆ। ਤੁਰ ਪਏ ਅਰਦਾਸਾ ਕਰਕੇ, ਮੁੱਠਡੀਂ ਆਇ ਪੜਾਉ ਕੀਤਾ।"[2]

ਦੀਪਮਾਲਾ ੧੮੬੭ ਈ. ਦੀ, ਨਾਮਧਾਰੀ ਇਤਿਹਾਸ ਵਿਚ ਬਹੁਤ ਮਹੱਤਤਾ ਹੈ। ਸਤਿਗੁਰੂ ਜੀ ਨਾਲ ਦਸ ਹਜ਼ਾਰ ਦੇ ਕਰੀਬ ਨਾਮਧਾਰੀ ਸੰਗਤ ਸੀ। ਬਹੁਤ ਸਾਰੇ ਖ਼ਾਲਸਾ ਰਾਜ ਦੇ ਦਰਬਾਰੀਆਂ ਅਤੇ ਸਰਦਾਰ ਘਰਾਣਿਆਂ ਦੇ ਮੁਖੀਆਂ ਨੇ, ਆਪ ਨੂੰ ਸਿਰ ਨਿਵਾ ਕੇ, ਆਪਣੇ ਲੋਕਾਂ ਦਾ ਜਨ ਕਲਿਆਣਕਾਰੀ, ਸੁਤੰਤਰ ਰਾਜ ਕਾਇਮ ਕਰਨ ਦੀ, ਆਪ ਦੀ ਭਾਵਨਾ ਦਾ ਸਤਿਕਾਰ ਕੀਤਾ। ਖ਼ਾਸ ਕਰਕੇ ਨਾਬਾਲਿਗ ਮਹਾਰਾਜਾ ਦਲੀਪ ਸਿੰਘ ਦਾ ਰਾਜ ਕਾਜ ਵੇਖਣ ਵਾਲੀ ਕੌਂਸਲ ਦੇ ਉਘੇ ਮੈਂਬਰ, ਸ. ਸ਼ਮਸ਼ੇਰ ਸਿੰਘ ਸੰਧਾ ਵਾਲੀਆ ਆਪਣੇ ਭਰਾਤਾ ਠਾਕੁਰ ਸਿੰਘ ਸਮੇਤ ਦਰਸ਼ਨਾਂ ਨੂੰ ਆਇਆ। ਉਸਨੇ, ਸਤਿਗੁਰੂ ਜੀ ਦੀ ਉਚੀ-ਸੁੱਚੀ ਸਿੱਖ ਰਹੁ ਰੀਤ ਵਿਚ ਮੀਨ-ਮੇਖ ਕੱਢਣ ਲਈ, ਅੰਮ੍ਰਿਤਸਰ ਦੇ ਪੁਜਾਰੀ ਭਾਈਚਾਰੇ ਨੂੰ ਵੀ ਖ਼ਰੀਆਂ-ਖ਼ਰੀਆਂ ਸੁਣਾਈਆਂ।[3] ਇੱਥੇ ਹੀ ਰਾਇ ਕੱਲੇ ਦੇ ਵੰਸ਼ਿਜ ਨੇ, ਜੋ ਸ੍ਰੀ ਸਾਹਿਬ (ਜਾਂ ਖੰਡਾ) ਉਸਦੇ ਵਡੇਰੇ ਨੂੰ ਆਪਣੇ ਮਾਲਵੇ ਦੇ ਇਤਿਹਾਸਕ ਸਫਰ ਦੌਰਾਨ ਗੁਰੂ ਗੋਬਿੰਦ ਸਿੰਘ ਜੀ ਨੇ ਬਖਸ਼ਿਸ਼ ਕੀਤਾ ਸੀ, ਸਤਿਗੁਰੂ ਜੀ ਦੇ ਅੱਗੇ ਭੇਟ ਕਰ ਦਿੱਤਾ। ਹਜ਼ੂਰ ਨੇ ਸਾਹਿਬਾਂ ਦੇ ਸ਼ਸਤਰ ਨੂੰ ਸੀਸ ਨਾਲ ਲਾ ਕੇ, ਲਿਆਉਣ ਵਾਲੇ ਨੂੰ ਕਿਹਾ ਕਿ ਜੇ ਤੁਸੀਂ ਇਸ ਨੂੰ ਮਰਿਆਦਾ ਪੂਰਵਕ ਆਪਣੇ ਪਾਸ ਨਹੀਂ ਰੱਖ ਸਕਦੇ ਤਾਂ ਸ੍ਰੀ ਅਨੰਦਪੁਰ ਸਾਹਿਬ ਤਖਤ ਕੇਸਗੜ੍ਹ ਸਾਹਿਬ ਵਿਖੇ, ਜਿੱਥੇ ਸਤਿਗੁਰੂ ਜੀ ਦੇ ਹੋਰ ਸ਼ਸ਼ਤਰ ਪਏ ਹਨ ਉੱਥੇ ਪੁਚਾ ਦਿਉ। ਆਮ ਲੋਕਾਂ ਦੇ ਦੂਹਰੇ ਕਿਰਦਾਰ ਤੋਂ ਕੁਝ ਚਿੰਤਾਤੁਰ ਹੋ ਕੇ, ਸਤਿਗੁਰੂ ਜੀ ਸਿੱਖਾਂ ਨੂੰ ਮਗਰ ਨਾ ਆਉਣ ਦੀ ਤਾੜਨਾ ਕਰਕੇ ਸੰਗਤ ਵਿਚੋਂ ਛੋਹਲੇ ਕਦਮੀਂ ਪਾਸੇ ਹੋ ਤੁਰੇ। ਇਸ ਸਮੇਂ ਦੋ ਪਰਮੁੱਖ ਸੂਬੇ ਬਾਬਾ ਜਵਾਹਰ ਸਿੰਘ ਅਤੇ ਸੂਬਾ ਸਾਹਿਬ ਸਿੰਘ ਅਤੇ ਤੀਜੇ ਬਾਬਾ ਦਰਬਾਰਾ ਸਿੰਘ ਜੀ ਵਿਸ਼ੇਸ਼ ਯਤਨਾਂ ਦੁਆਰਾ ਸਤਿਗੁਰੂ ਜੀ ਨੂੰ ਮਨਾਉਣ ਵਿਚ ਸਫਲ ਹੋਏ। "ਗੁਰੂ ਜੀ ਬਚਨ ਕੀਤਾ ਮੈਂ ਤਾਂ ਚੱਲਦਾ ਹਾਂ ਪਰ ਮੇਰੇ ਚਰਨੀਂ ਹੱਥ ਨਾ ਲਾਓ। ਗਊਆਂ ਕਸਾਈਆਂ ਕੋ ਵੇਚਣ ਵਾਲੇ ਅਤੇ ਕੁੜੀਆਂ ਮਾਰਨ ਵਾਲੇ, ਕੁੜੀਆਂ ਕਾ ਪੈਸਾ ਲੈਣ ਵਾਲੇ ਇਹ ਮੇਰੇ ਚਰਨੀਂ ਹੱਥ ਕਿਉਂ ਲਾਉਂਦੇ ਹੈ ?"[4]

੧੮੬੯ ਈ. ਦੀ ਵੈਸਾਖੀ ਤੇ ਵੀ ਸਤਿਗੁਰੂ ਜੀ ਨੇ ਫਿਰ ਸੰਗਤ ਸਮੇਤ, ਅੰਮ੍ਰਿਤਸਰ ਦਰਸ਼ਨ ਦਿੱਤੇ ਸਨ। ਵਾਪਸੀ ਤੇ ਆਪ ਰਾਤ ਚੌਗਾਂਵੇਂ ਪਿੰਡ ਵਿਚ ਰੁਕੇ। ਇਸ ਦੌਰੇ ਸਮੇਂ ਵੀ ਬਾਬਾ ਦਰਬਾਰਾ ਸਿੰਘ ਨਾਲ ਹੀ ਸੀ। ਇੱਥੇ ਸਤਿਗੁਰੂ ਜੀ ਨੇ, ਅੰਗਰੇਜ਼ ਸਰਕਾਰ ਵਿਰੁੱਧ ਵਿੱਢੇ ਆਪਣੇ ਫੈਸਲਾਕੁੰਨ ਘੋਲ ਦੇ ਮੰਤਕੀ ਨਤੀਜੇ ਨੂੰ ਸਾਹਮਣੇ ਰੱਖਦਿਆਂ ਅਤੇ ਉਸ ਸੂਰਤ ਵਿਚ ਆਪਣੇ ਅਨੁਆਈਆਂ ਨੂੰ ਧੀਰਜ ਬੰਨ੍ਹਾਉਣ ਲਈ, ਉਹਨਾਂ ਨੂੰ ਭਾਣੇ ਵਿਚ ਅਡੋਲ ਰਹਿਣ ਦਾ ਸੰਦੇਸ਼ ਵੀ ਬਾਬਾ ਦਰਬਾਰਾ ਸਿੰਘ ਦੀ ਮਾਰਫਤ ਹੀ ਦਿੰਦੇ ਹਨ। "ਖੁਸ਼ੀ ਸੇ ਰਾਤ ਕੋ ਬਚਨ ਕੀਤਾ ਬਾਬੇ ਦਰਬਾਰਾ ਸਿੰਘ ਕੋ ਕਿ ਮੈਨੂੰ ਫਰੰਗੀ ਜ਼ਰੂਰ ਹੱਥ ਪਾਵਣਗੇ। ਮੈਨੂੰ ਦੇਸਾਂ ਪ੍ਰਦੇਸਾਂ ਕੋ ਲੈ ਜਾਣਗੇ। ਮੈਨੂੰ ਮਰ ਗਿਆ ਲਿਖਣਗੇ ਪਰ ਤੁਸੀਂ ਨਹੀਂ ਮੰਨਣਾ ਕਿ ਮਰ ਗਿਆ ਹੈ। ਮੈਂ ਅਗਨੀ ਨਾਲ ਜਲਦਾ ਨਹੀਂ, ਪਾਣੀ

ਵਿਚ ਡੁੱਬਦਾ ਨਹੀਂ, ਪੌਣ ਨਾਲ ਉਡਦਾ ਨਹੀਂ। ਮੈਂ ਏਹ ਝੂਠੇ ਕਰਕੇ ਮਾਰਨੇ ਹਨ। ਤਦ ਆਵਾਂਗੇ ਜਦ ਸਾਰੀ ਪ੍ਰਿਥੀ ਨਿਰਾਸ ਹੋ ਜਾਵੇਗੀ। ਸਮਾਂ ਬਹੁਤ ਬੁਰਾ ਆਵੇਗਾ।"[5]

ਬਾਬਾ ਦਰਬਾਰ ਸਿੰਘ ਜੀ ਦੇ ਜੀਵਨ ਦੇ, ਸਤਿਗੁਰੂ ਜੀ ਨੂੰ ਮਿਲਣ ਤੋਂ ਪਹਿਲਾਂ ਅਤੇ ਬਾਅਦ ਦੇ ਵੇਰਵਿਆਂ ਦਾ, ਸਤਿਗੁਰੂ ਪਰਤਾਪ ਸਿੰਘ ਜੀ ਦੇ ਰੀਕਾਰਡ ਹੋਏ ਉਪਦੇਸ਼ਾਂ ਵਿਚ ਵੀ ਕਾਫੀ ਵਰਣਨ ਮਿਲਦਾ ਹੈ। ਤਿੰਨ ਸੰਦਰਭਾਂ ਵਿਚ ਬਾਬਾ ਜੀ ਦਾ ਵੇਰਵਾ ਮਿਲਦਾ ਹੈ। ਸਤਿਗੁਰੂ ਰਾਮ ਸਿੰਘ ਜੀ ਨੇ ਔਰਤ ਜਾਤੀ ਤੇ ਜੋ ਮਹਾਨ ਉਪਕਾਰ ਕੀਤੇ ਉਹਨਾਂ ਵਿਚ ਸ਼ਾਮਲ ਹੈ, ਜੰਮਦੀਆਂ ਲੜਕੀਆਂ ਨੂੰ ਮਾਰਨ ਦਾ ਕਲੰਕ, ਜੱਟ ਸਿੱਖ ਸਮਾਜ ਦੇ ਮੱਥੇ ਤੇ ਬਹੁਤ ਵੱਡਾ ਸੀ। ਜੱਟਾਂ ਵਿਚ ਵੀ ਸਰਹਾਲੀ ਗਿਰਦੇ ਦੇ ਸੰਧੂ ਅਤੇ ਰਾਇਪੁਰ ਦੁਆਲੇ ਦੇ ਗਰੇਵਾਲਾਂ ਤਾਂ ਆਪਣੇ ਪਿੰਡਾਂ ਵਿਚ ਲੜਕੀ ਨਾ ਬਚਣ ਦੇਣ ਦੀ ਜਿਵੇਂ ਸਹੁੰ ਖਾਧੀ ਹੋਵੇ। ਇਸੇ ਤਰ੍ਹਾਂ ਰਾਇਪੁਰ ਅਮਲੀਆਂ ਦਾ ਮਸ਼ਹੂਰ ਪਿੰਡ ਸੀ। ਸਤਿਗੁਰੂ ਜੀ ਨੇ ਆਪਣੇ ਨਸ਼ਾ ਮੁਕਤੀ ਅਭਿਆਨ ਦਾ ਸਿਖਰ ਵੀ ਰਾਇਪੁਰ ਵਿਚ ਵੇਖਿਆ, ਜਿੱਥੇ ਦਰਬਾਰ ਸਿੰਘ ਤੇ ਧੌਂਕਲ ਸਿੰਘ ਜਿਹੇ ਅਮਲੀਆਂ ਨੂੰ ਨਸ਼ੇ ਛੁਡਾ ਕੇ ਨਾਮ ਦੇ ਨਸ਼ੇ ਨਾਲ ਜੋੜ ਕੇ, ਵਡੇਰੇ ਜੀਵਨ ਮਨੋਰਥ ਦੇ ਲੜ ਲਾ ਦਿੱਤਾ। ਇਸੇ ਤਰ੍ਹਾਂ ਰੰਗੂਨ ਵਿਚ ਸਤਿਗੁਰੂ ਦਰਸ਼ਨਾਂ ਦਾ ਮੁੱਢ ਬੰਨ੍ਹਣ ਲਈ ਵੀ ਆਪ ਬਾਬਾ ਜੀ ਨੂੰ ਯਾਦ ਕਰਦੇ ਹਨ। ਸਤਿਗੁਰੂ ਪਰਤਾਪ ਸਿੰਘ ਜੀ ਨੇ ਬਾਬਾ ਜੀ ਦੀ ਸੰਗਤ ਵੀ ਮਾਣੀ ਉਹਨਾਂ ਦੇ ਨਾਲ ਗੁਰੂ ਹਰੀ ਸਿੰਘ ਜੀ ਦੇ ਦੌਰੇ ਸਮੇਂ ਇਕ ਘੋੜੇ ਦੀ ਸਵਾਰੀ ਕੀਤੀ ਅਤੇ ਬਾਬਾ ਜੀ ਦਾ ਦੇਹਾਂਤ ਵੀ ਆਪ ਦੇ ਸਾਹਵੇਂ ਹੀ ਹੋਇਆ। ਸਤਿਗੁਰੂ (ਪ੍ਰਤਾਪ ਸਿੰਘ) ਜੀ ਫੁਰਮਾਉਂਦੇ ਹਨः-

"ਬਾਬੇ ਦਰਬਾਰਾ ਸਿੰਘ ਜੀ ਰਾਇਪੁਰ ਦੇ ਸਨ। ਮੈਂ ਉਹਨਾਂ ਦੇ ਦਰਸ਼ਨ ਰੱਜ ਕੇ ਕੀਤੇ ਹਨ। ਇਹ ਉਹ ਮਹਾਂਪੁਰਸ਼ ਹਨ, ਜਿਨ੍ਹਾਂ ਸਭ ਤੋਂ ਪਹਿਲਾਂ ਸਤਿਗੁਰਾਂ ਦਾ ਰੰਗੂਨ ਦਰਸ਼ਨ ਕੀਤਾ ਹੈ। ਮੈਨੂੰ ਉਹਨਾਂ ਨੇ ਆਪਣੀ ਜ਼ਬਾਨੀ ਗੱਲਾਂ ਸੁਣਾਈਆਂ। ਛੋਟਾ ਸਾਂ ਭਾਵੇਂ, ਘੋੜਿਆਂ ਤੇ ਚੜ੍ਹਣ ਦਾ ਉਹਨਾਂ ਨੂੰ ਵੀ ਸ਼ੌਕ ਸੀ, ਮੈਂ ਉਹਨਾਂ ਦੇ ਨਾਲ ਚੜ੍ਹਦਾ ਰਿਹਾ ਹਾਂ। ਮੇਰੀ ਗਿਆਰਾਂ ਸਾਲ ਦੀ ਉਮਰ ਸੀ, ਜਦੋਂ ਉਹਨਾਂ ਦਾ ਸਰੀਰ ਮੁਕਤਸਰ ਚੜ੍ਹਿਆ ਹੈ (ਸੰਨ) ੧੯੦੧ ਵਿਚ। ਉਹ ਆਂਹਦੇ ਸੀ, "ਮੇਰਾ ਇਹ ਹਾਲ ਸੀ-ਉਹਨਾਂ ਦਿਨਾਂ 'ਚ 'ਫੀਮ ਦੀ ਬੰਦਿਸ਼ ਨਹੀਂ ਸੀ-ਜਿਹੜੇ ਬੰਨੇ ਜੰਗਲ ਜਾਣਾ ਉਧਰ ਦਰਖਤਾਂ ਨੂੰ 'ਫ਼ੀਮ ਲਾ ਆਉਣੀ ਕਿ ਕੱਲ੍ਹ ਨੂੰ ਫਿਰ ਆਵਾਂਗੇ ਤੇ ਇਥੋਂ ਲਾਹ ਕੇ ਖਾਵਾਂਗੇ।" ਆਂਹਦੇ ਸੀ, "ਮੈਂ ਸ਼ਰਾਬ ਜਦੋਂ ਕੱਢਦਾ ਸਾਂ, ਪੰਜ-ਪੰਜ ਸੌ ਚਿੜਾ, ਸੌ-ਸੌ ਮੁਰਗਾ, ਪੰਜ-ਪੰਜ ਬੱਕਰੇ ਮੈਂ ਲਾਹਣ 'ਚ ਪਾਉਂਦਾ ਹੁੰਦਾ ਸਾਂ, ਹੋਰ ਚੀਜ਼ਾਂ ਤੋਂ ਵੱਖਰਿਆ।" ਸਤਿਗੁਰਾਂ ਕੀਤੀ ਬਖਸ਼ਿਸ਼। ਡੱਬੀ ਸੁੱਟ ਦਿੱਤੀ, ਮੁੜ ਨਹੀਂ ਖਾਧੀ, ਮੁੜ ਨਹੀਂ ਪੀਤੀ, ਮੁੜ ਕੁਛ ਨਹੀਂ ਕੀਤਾ-ਹਮ ਐਸੇ ਥੇ ਨੀਚ ਮਿਲੇ ਸੁਖ ਧੌਰਾ-ਇਹ ਸੁਖ ਦਿੱਤੇ।... ਰਾਇਪੁਰ ਦੀ ਮਸ਼ਹੂਰ ਗੱਲ ਸੀ ਕਿ ਰਾਇਪੁਰ ਦੇ ਤਾਂ ਖੋਤੇ ਭੀ ਅਮਲੀ ਹਨ, ਕਿਉਂਕਿ ਪੋਸਤ ਏਨਾ ਲੋਕ ਪੀਂਦੇ ਸਨ, ਟਿੰਡਾਂ ਗਲ 'ਚ ਪਾ ਕੇ ਰੱਖਦੇ ਹਰ ਵੇਲੇ ਪੋਸਤ ਦੀਆਂ, ਮਲ ਮਲ ਕੇ ਪੀਈ ਜਾਣਾ।"[6] ਟਿੰਡਾਂ ਵਿਚੋਂ ਸੁੱਟਿਆ ਫੋਗ ਚੁੱਕ ਕੇ ਗਧੇ ਖਾ ਜਾਂਦੇ ਸਨ।

ਸ਼ਬਦ ਦੀ ਸ਼ਕਤੀ ਦਾ ਕਮਾਲ ਵਾਰਿਸ ਸ਼ਾਹ ਦੀ ਹੀਰ ਵਿਚ ਵੇਖਣ ਨੂੰ ਮਿਲਦਾ ਹੈ। ਜਦੋਂ ਬੇੜੀ ਵਿਚ ਆਪਣੀ ਸੇਜ ਤੇ ਸੁੱਤੇ ਰਾਂਝੇ ਨੂੰ ਵੇਖ ਕੇ, ਕ੍ਰੋਧਵਾਨ ਹੋਈ ਹੀਰ, ਉਸਨੂੰ ਛਮਕਾਂ ਮਾਰਨ ਆ ਰਹੀ ਹੈ ਤਾਂ ਰਾਂਝੇ ਦੇ ਮੁੱਖੋਂ ਨਿਕਲੇ ਦੋ ਸ਼ਬਦਾਂ ਨਾਲ ਹੀ, ਗੱਲ ਬਣ ਗਈ ਸੀ :

"ਰਾਂਝੇ ਉਠ ਕੇ ਆਖਿਆ ਵਾਹ ਸੱਜਣ! ਹੀਰ ਹੱਸ ਕੇ ਤੇ ਮਿਹਰਬਾਨ ਹੋਈ।"

ਇਉਂ ਬਾਬਾ ਦਰਬਾਰਾ ਸਿੰਘ ਹੋਰਾਂ ਨੂੰ ਵੀ, ਸਤਿਗੁਰੂ ਜੀ ਨੇ ਅਫੀਮ ਨਾ ਖਾਣ ਲਈ, ਇਉਂ ਆਦੇਸ਼ਾਤਮਕ ਸੁਰ ਵਿਚ ਜੋ ਬੋਲ ਉਚਾਰੇ ਸਨ, ਉਹਨਾਂ ਦਾ ਜਾਦੂਈ ਅਸਰ ਵਾਪਰ ਗਿਆ। ਪਰਿਵਰਤਨ ਹੋ ਗਿਆ। ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਉਪਦੇਸ਼ ਇਉਂ ਚਲਦਾ ਹੈ :-

"ਸਤਿਗੁਰੂ ਸੱਚੇ ਪਾਤਸ਼ਾਹ ਜੀ ਨੇ ਜਿਦਣ ਕਿਰਪਾ ਕਰੀ, ਸਤਿਗੁਰਾਂ ਕਿਹਾ, "ਸਿੱਟ ਦੇ ਦਰਬਾਰਾ ਸਿਹਾਂ ਡੱਬੀ।" ਉੱਥੇ ਹੀ ਸੁੱਟ ਦਿੱਤੀ ਮੁੜ ਕੇ ਨਹੀਂ ਦੇਖੀ।"[7]

ਜਿਵੇਂ ਕਿ ਉਪਰ ਦੱਸਿਆ ਗਿਆ ਹੈ ਰੰਗੂਨ ਵਿਚ ਜਾ ਕੇ ਜਲਾਵਤਨ ਸਤਿਗੁਰੂ ਜੀ ਤੋਂ ਹੁਕਮਨਾਮਾ ਪ੍ਰਾਪਤ ਕਰਨ ਵਿਚ ਪਹਿਲ ਕਰਨ ਸਦਕਾ, ਨਾਮਧਾਰੀ ਇਤਿਹਾਸ ਵਿਚ ਬਾਬਾ ਸੀ ਦਾ ਮੋਢੀਆਂ ਵਾਲਾ ਸਥਾਨ ਨਿਸ਼ਚਿਤ ਹੁੰਦਾ ਹੈ। ਆਪਣੇ ਦੇਸ਼ ਦੀ ਮਿੱਟੀ ਨਾਲ ਪ੍ਰੇਮ, ਉਹਨਾਂ ਦੇ ਖ਼ੂਨ ਵਿਚ ਰਚਿਆ ਸੀ। ਸਭਰਾਵਾਂ ਦੀ ਜੰਗ, ਵਰ੍ਹੇ ਬੀਤਣ ਬਾਅਦ ਵੀ ਉਹਨਾਂ ਦੇ ਦਿਲ ਦਿਮਾਗ ਨੂੰ ਕੁਰੇਦਦੀ ਰਹਿੰਦੀ ਸੀ ਕਿ ਜਿੱਤੀਆਂ ਫੌਜਾਂ ਕਿਵੇਂ ਆਗੂਆਂ ਦੀ ਗੱਦਾਰੀ ਕਰਕੇ, ਅੰਗਰੇਜ਼ਾਂ ਤੋਂ ਹਾਰ ਗਈਆਂ। ਵਿਦੇਸ਼ੀ ਹਾਕਮਾਂ ਤੋਂ ਆਪਣੀ ਧਰਤੀ ਨੂੰ ਮੁਕਤ ਕਰਾਉਣ ਦੀ ਲਾਲਸਾ ਤੋਂ ਉਹ ਤਾ ਜੀਵਨ ਮੁਕਤ ਨਹੀਂ ਹੋ ਸਕੇ। ਸਭਰਾਵਾਂ ਤੋਂ ਬਾਅਦ ਅਨੇਕਾਂ ਹੋਰ ਜੰਗਾਂ ਮੁਲਤਾਨ, ਚਿੱਲੀਆਂ ਵਾਲਾ, ਰਾਮਨਗਰ, ਗੁਜਰਾਤ ਆਦਿ ਦੇ ਭੇੜਾਂ ਬਾਅਦ, ਜਦੋਂ ੧੪ ਮਾਰਚ ੧੮੪੯ ਨੂੰ ਰਾਵਲਪਿੰਡੀ ਵਿਚ ਗਿਲਬਰਟ ਦੇ ਸਾਹਮਣੇ ਸਿੱਖ ਸੈਨਿਕਾਂ ਨੇ ਆਪਣੇ ਹਥਿਆਰ ਰੱਖੇ ਤਾਂ ਇਸ ਸਮੇਂ ਵੀ ਭਾਵੇਂ ਉਹ ਭੁੱਖੇ ਅਤੇ ਥੱਕੇ ਹੋਏ ਸਨ, ਉਹਨਾਂ ਦੀ ਰੂਹ ਮੁਰਝਾਈ ਨਹੀਂ ਸੀ ਜਿਸਦਾ ਵੇਰਵਾ ਕਈ ਅੰਗਰੇਜ਼ ਸੈਨਿਕ ਅਧਿਕਾਰੀ ਆਪਣੀਆਂ ਲਿਖਤਾਂ ਵਿਚ ਕਰਦੇ ਸਨ। ਇਸ ਮੌਕੇ ਕਈਆਂ ਦੇ ਨੇਤਰਾਂ ਵਿਚੋਂ ਹਥਿਆਰਾਂ ਦੇ ਵਿਛੋੜੇ ਦੇ ਅੱਥਰੂ ਵੀ ਸਨ, ਕੁਝ ਕਹਿ ਰਹੇ ਸਨ : "ਰਣਜੀਤ ਸਿੰਘ ਅੱਜ ਮਰਿਆ ਹੈ। ਕਈਆਂ ਨੂੰ ਅੰਗਰੇਜ਼ ਸੈਨਿਕਾਂ ਨੇ ਪੁੱਛਿਆ, "ਕੀ ਤੁਸੀ ਥੱਕ ਚੁੱਕੇ ਹੋ। ਹੁਣ ਹੋਰ ਨਹੀਂ ਲੜਨਾ ਚਾਹੁੰਦੇ ?" ਉਹਨਾਂ ਦਾ ਜੁਆਬ ਸੀ ਅਸੀਂ ਕੋਈ ਥੱਕੇ ਨਹੀਂ, ਮੁੜ ਲੜਨਾ ਚਾਹੁੰਦੇ ਹਾਂ ਅਤੇ ਜੇ ਤੁਸੀਂ ਲੜਾਈ ਦੇ ਨੈਤਿਕ ਅਸੂਲਾਂ ਤੇ ਚੱਲੋ ਅਤੇ ਸਾਡੇ ਆਗੂ, ਜਰਨੈਲ ਖਰੀਦਣ ਵਰਗੀਆਂ ਹੇਰਾਫੇਰੀਆਂ ਨਾ ਕਰੋ ਤਾਂ ਅਸੀਂ ਤੁਹਾਨੂੰ ਭਾਂਜ ਦੇਣ ਦੇ ਅਜੇ ਵੀ ਸਮਰੱਥ ਹਾਂ।[8] ਲੜਨ ਦੀ ਇਸ ਜਿਊਂਦੀ ਭਾਵਨਾ ਵਾਲੇ ਸੈਨਿਕ ਹੀ, ਬਾਬਾ ਦਰਬਾਰਾ ਸਿੰਘ ਜਿਉਂ ਕੂਕਾ ਅੰਦੋਲਨ ਵਿਚ ਛੇਤੀ ਹੀ ਕੁੱਦ ਪਏ ਸਨ। ਸਭਰਾਵਾਂ ਦਾ ਸੈਨਿਕ ਹੋਣ ਨਾਤੇ, ਜਿਸ ਲੜਾਈ ਵਿਚ ਆਪ ਨੇ ਕਈ ਸੈਨਿਕ ਦਰਿਆ ਪਾਰ ਕਰਾਏ, ਅੰਗਰੇਜ਼ ਸਰਕਾਰ ਦੀ ਕਰੜੀ ਨਜ਼ਰ ਦੇ ਆਪ ਉਮਰ ਭਰ ਸ਼ਿਕਾਰ ਰਹੇ, ਇਸ ਲਈ

ਆਪ ਨੂੰ ਨਿਗਰਾਨੀ ਹੇਠ ਰੱਖਿਆ ਜਾਂਦਾ ਸੀ। ਅਜਿਹੇ ਵਿਅਕਤੀ ਦਾ ਸਰਕਾਰ ਦੀਆਂ ਅੱਖਾਂ ਵਿਚ ਘੱਟਾ ਪਾ ਕੇ ਦੇਸੋਂ ਬਾਹਰ ਜਾਣਾ ਜੋਖਮ ਵਾਲਾ ਕੰਮ ਸੀ। ਪਹਿਲਾਂ ਤਾਂ ਆਪ ਨੇ ਪੁਲੀਸ ਕਪਤਾਨ ਲੁਧਿਆਣਾ ਐਸ. ਪੀ. ਵਾਰਬਰਟਨ ਦੀ ਮੇਮ ਤੋਂ, ਸਤਿਗੁਰੂ ਜੀ ਦੇ ਰੰਗੂਨ ਹੋਣ ਦੀ ਸੂਹ ਕੱਢੀ ਅਤੇ ਫਿਰ ਉੱਥੇ ਕਿਵੇਂ ਪੁੱਜ ਕੇ ਦਰਸ਼ਨ ਕੀਤਾ, ਇਹ ਹਿਰਦੇ ਵੇਧਕ ਕਥਾ, ਸਤਿਗੁਰੂ ਪਰਤਾਪ ਸਿੰਘ ਜੀ ਦੇ ਉਪਦੇਸ਼ਾਂ ਵਿਚ ਨਾਮਧਾਰੀ ਸੰਗਤਾਂ ਨੂੰ ਵਾਰ ਵਾਰ ਸੁਣਨ ਨੂੰ ਮਿਲਦੀ ਰਹੀ ਹੈ :

"ਇਹਨਾਂ ਬਾਬਾ ਜੀ ਤੇ ਅਖੀਰ ਤਕ ਨਿਗਰਾਨੀ ਰਹੀ, ਕਿਉਂਕਿ ਇਹ ਅੰਗਰੇਜ਼ ਦੇ ਵਿਰੁੱਧ ਸਭਰਾਵਾਂ ਦੀ ਲੜਾਈ 'ਚ ਲੜੇ ਸਨ। ਮੈਨੂੰ ਵੀ ਹੋਸ਼ ਹੈ, ਜਦੋਂ ਇਹਨਾਂ ਦੀ ਪੁੱਛ ਗਿੱਛ ਵਾਸਤੇ ਫਿਰ ਵੀ ਆਉਂਦੇ ਜਾਂਦੇ ਰਹਿੰਦੇ ਸਨ, ਕਿਉਂ ਬਾਗੀਆਂ ਵਿਚੋਂ ਸਨ-ਇਹ ਮੈਨੂੰ ਉਹਨਾਂ ਦੱਸਿਆ ਸੀ, "ਬਈ ਤੇਰਾਂ ਆਦਮੀ ਅਸੀਂ-ਉਸ ਵੇਲੇ ਜਦੋਂ ਭਾਂਜ ਪਈ ਹੈ-ਆਪਣੇ ਘੋੜੇ ਨਾਲ ਪਾਰ ਲੰਘਾਏ ਸਨ। ਚੀਨਾ ਸਾਡਾ ਘੋੜਾ ਸੀ,... ਕਿਸੇ ਦੁਮਚੀ ਫੜ ਲਈ, ਕਿਸੇ ਪੂਛ ਫੜ ਲਈ, ਉਤੇ ਘੋੜੇ ਦੇ ਸਮਾਨ ਸੀ, ਕਿਸੇ ਤਾਹਰੂ ਫੜ ਲਿਆ, ਕਿਸੇ ਨੇ ਕੁਝ ਫੜ ਲਿਆ, ਡੁੱਬਦੇ ਹੋਏ ਤੇਰਾਂ ਆਦਮੀ ਪਾਰ ਕੀਤੇ ਸਨ।"

..."ਇਹ ਗੁਰਦੁਆਰੇ ਭੈਣੀ ਸਾਹਿਬ ਰਹਿੰਦੇ ਸਨ। ਭੈਣੀ ਸਾਹਿਬ ਰਹਿੰਦਿਆਂ ਹੋਇਆ ਕੋਈ ਗੁਰਦੁਆਰੇ ਦਾ ਕੰਮ ਹੁੰਦਾ ਸੀ ਤਾਂ ਲੁਧਿਆਣੇ ਇਹ ਜਾਂਦੇ ਸਨ, ਸੱਦੇ ਬੁਲਾਏ ਜਾਂਦੇ ਸਨ। ਮੇਮ ਜਿਹੜੀ ਬਾਰ ਬਟਨ ਦੀ ਸੀ, ਉਹ ਕਹਿੰਦੀ ਹੈ ਇਹਨਾਂ ਨੂੰ ਗਿਆਂ ਨੂੰ, ਤੁਹਾਨੂੰ ਬਾਬਾ ਸਾਹਿਬ ਦਾ ਪਤਾ ਹੈ-ਬਾਬਾ ਰਾਮ ਸਿੰਘ ਜੀ ਕਿੱਥੇ ਹਨ, ਤੁਹਾਡੇ ਗੁਰੂ ?"

"ਤਾਂ ਬਾਬੇ ਹੋਰੀਂ ਆਖਣ ਲੱਗੇ," "ਸਾਨੂੰ ਤਾਂ ਕੋਈ ਪਤਾ ਨਹੀਂ ਮਹਾਰਾਜ।"

"ਬਾਰਬਟਨ ਉਹਨੂੰ ਘੂਰੇ," "ਤੂੰ ਕਿਉਂ ਦੱਸਦੀ ਹੈਂ।" ਉਹ ਕਹੇ, "ਕਿਆ ਹਰਜ ਹੈ, ਇਨ੍ਹਾਂ ਦੇ ਗੁਰੂ ਨੇ।"

"ਤਾਂ ਉਸਨੇ ਦੱਸਿਆ ਕਿ ਸਤਿਗੁਰੂ ਰੰਗੂਨ ਵਿਚ ਹਨ, ਇੱਥੋਂ ਕਲਕੱਤੇ ਜਾਈਦਾ ਹੈ, ਕਲਕੱਤਿਉਂ ਜਹਾਜ਼ ਜਾਂਦਾ ਹੈ, ਪੰਜਾਂ ਛਿਆਂ ਦਿਨਾਂ 'ਚ ਉਦੋਂ ਜਹਾਜ਼ ਆਉਂਦਾ ਸੀ, ਜਹਾਜ਼ ਤੋਂ ਉੱਤਰ ਕੇ ਫਲਾਣੇ ਪਾਸੇ, ਫਲਾਣੀ ਸੜਕ ਤੇ ਬੰਗਲਾ ਹੈ, ਤਿੰਨ ਸਾਲ ਬਾਅਦ ਇਹ ਪਤਾ ਲੱਗਾ।

"ਹੁਣ ਉਹਨਾਂ ਸਿੱਖਾਂ ਦੇ ਚਿਤ ਵਿਚ ਖਿੱਚ ਸੀ, ਉਨ੍ਹਾਂ ਨੂੰ ਉਹ ਕਿਵੇਂ ਗੱਲਾਂ ਭੁੱਲਦੀਆਂ ਸਨ। ਉਹ ਬਾਹਰ ਆ ਕੇ ਸਾਰੀ ਚੀਜ਼ ਨੋਟ ਕਰਕੇ ਆਏ ਭੈਣੀ ਸਾਹਿਬ, ਗੁਰੂ ਹਰੀ ਸਿੰਘ ਜੀ ਕੋਲ ਅਜੇ ਗੁਰੂ ਹਰੀ ਸਿੰਘ ਦਾ ਨਾਮ ਹਰੀ ਸਿੰਘ ਸਤਿਗੁਰਾਂ ਨਹੀਂ ਸੀ ਰੱਖਿਆ-ਆ ਕੇ ਦੱਸਿਆ। (ਗੁਰੂ ਹਰੀ ਸਿੰਘ ਜੀ) ਕਹਿਣ ਲੱਗੇ, "ਭਾਈ, ਫਿਰ ਤੂੰ ਹੀ ਜਾਹ, ਹੋਰ ਹੁਣ ਕੌਣ ਜਾਵੇ ਤੇ ਕਿਸ ਤਰ੍ਹਾਂ ਜਾਵੇ।"

"ਬਾਬਾ ਜੀ ਨੇ ਇਕ ਮਹੀਨੇ ਦੀ ਛੁੱਟੀ ਲਈ, ਭੈਣੀ ਸਾਹਿਬ 'ਚੋਂ ਤਾਂ ਨਿਕਲੇ।

ਕਹਿੰਦੇ, "ਮੇਰਾ ਪੁੱਤਰ ਰਹਿੰਦਾ ਹੈ ਪਟਿਆਲੇ, ਉਹ ਨੌਕਰ ਹੈ, ਮੈਂ ਉਹਦੇ ਕੋਲ ਜਾਣਾ ਹੈ।"

"ਪਟਿਆਲੇ ਆ ਕੇ ਉਸਨੂੰ ਕਹਿ ਦਿੱਤਾ, "ਮੈਂ ਤਾਂ ਜਾਣਾ ਹੈ ਚਲਿਆਂ, ਜੇ ਕੋਈ ਪੁੱਛੇ ਤੂੰ ਕਹੀਂ ਕਿ ਅੰਦਰ ਬੈਠਾ ਭਜਨ ਕਰਦਾ ਰਹਿੰਦਾ ਹੈ, ਨਿਕਲਦਾ ਨਹੀਂ-ਬਾਹਰ, ਕਿਤੇ ਰਾਤ ਨੂੰ ਜੰਗਲ ਜਾਂਦੈ।"

"ਜਦੋਂ ਕੋਈ ਪੁੱਛਣ ਆਵੇ ਉਹਨੂੰ ਇਵੇਂ ਕਹਿ ਛੱਡਣਾ-ਜਿਸ ਤਰ੍ਹਾਂ ਸੁਭਾਸ਼ ਜੀ ਇਥੋਂ ਨਿਕਲੇ ਹਨ-ਪਤਾ ਕਿਸ ਤਰ੍ਹਾਂ ਹੋ ਸਕਦਾ ਸੀ। ਫਿਰ ਬਾਬਾ ਜੀ ਗਏ ਰੰਗੂਨ। ਉਹਨਾਂ ਦਿਨਾਂ 'ਚ ਸੱਚੇ ਪਾਤਸ਼ਾਹ ਬੱਘੀ ਤੇ ਚੜ੍ਹ ਕੇ ਬਾਹਰ ਜਾਂਦੇ ਸਨ। ਦਰਸ਼ਨ ਕੀਤਾ। ਫਿਰ ਉਹਨਾਂ (ਸਤਿਗੁਰਾਂ) ਉਲਾਂਭਾ ਦਿੱਤਾ-ਮੌਜ ਦੇ ਮਾਲਕ ਹਨ-"ਕਿਸੇ ਦੀ ਵੱਛੀ ਗੁਆਚ ਜਾਏ, ਤੁਸਾਂ ਤਾਂ ਮੇਰਾ ਵੱਛੀ ਜਿੰਨਾ ਵੀ ਫ਼ਿਕਰ ਨਹੀਂ ਕੀਤਾ।" ਫਿਰ ਆਖਿਆ, "ਜੇ ਮੁਰਗੀ ਦਾ ਬੱਚਾ ਗੁਆਚ ਜਾਏ, ਤੁਸੀਂ ਮੇਰਾ ਓਨਾ ਫ਼ਿਕਰ (ਵੀ) ਨਹੀਂ ਕੀਤਾ।"

"ਬਾਬੇ ਹੁਰਾਂ ਹੱਥ ਜੋੜ ਕੇ ਅਰਜ਼ ਕੀਤੀ, "ਸੱਚੇ ਪਾਤਸ਼ਾਹ, ਅਸੀਂ ਕੀ ਭਾਲ ਕਰ ਸੱਕਦੇ ਸਾਂ, ਸਾਨੂੰ ਤੇ ਹੁਣ ਵੀ ਕੋਈ ਪਤਾ ਨਹੀਂ ਸੀ ਲੱਗਦਾ, ਇਹ ਭੀ ਤੁਸਾਂ ਕਿਰਪਾ ਕੀਤੀ ਹੈ, ਉਹ ਮੇਮ ਦੇ ਅੰਦਰ ਵੱਸੇ ਹੋ ਤੇ ਸਾਨੂੰ ਪਤਾ ਲੱਗਾ ਹੈ।"

ਕਹਿਣ ਲੱਗੇ, "ਲੰਗਰ ਦਾ ਕੀ ਹਾਲ ਹੈ ?"....

... "ਤਾਂ, ਬਾਬਾ ਜੀ ਗਏ, ਸਤਿਗੁਰਾਂ ਪਹਿਲਾਂ ਲੰਗਰ ਦੀ ਗੱਲ ਪੁੱਛੀ, ਫਿਰ ਇਕ ਹੁਕਮਨਾਮਾ ਲਿਖ ਕੇ ਦਿੱਤਾ, ਕਿਉਂਕਿ ਹੁਕਮਨਾਮੇ ਸਾਡੇ ਕੋਲ ਸਾਰੇ ਨਹੀਂ। ਕਈਆਂ ਦਾ ਅੱਧ-ਅੱਧ ਸਾਨੂੰ ਮਿਲਿਐ, ਉਸ ਵੇਲੇ ਸੜ ਗਏ, ਅੰਗਰੇਜ਼ ਲੈ ਗਏ-ਉਹ ਹੁਕਮਨਾਮਾ ਜੀਹਦੇ 'ਚ ਲਿਖਿਆ ਸੀ, "ਇਸਦਾ ਨਾਉਂ ਅੱਜ ਤੋਂ ਹਰੀ ਸਿੰਘ ਰੱਖਿਆ ਹੈ, ਔਰ ਇਸਨੂੰ ਸਿਰ ਕਰਤਾ ਜਾਣਨਾ, ਮੇਰੇ ਧੱਕੇ ਹੋਏ ਨੂੰ ਇਹ ਬਖਸ਼ ਲਵੇਗਾ, ਇਹਦੇ ਧੱਕੇ ਹੋਏ ਨੂੰ ਮੈਂ ਨਹੀਂ ਬਖਸ਼ਾਂਗਾ"... ਕਹਿ ਦਿੱਤਾ, "ਮੇਰੀ ਜਗ੍ਹਾ ਇਹ ਹਰੀ ਰੱਖੇਗਾ-ਸਿੱਖੀ।"[9]

ਸੋ ਆਪਣੀ ਜਗ੍ਹਾ ਨਾਮਧਾਰੀ ਪੰਥ ਦੀ ਅਗਵਾਈ ਗੁਰੂ ਹਰੀ ਸਿੰਘ ਜੀ ਨੂੰ ਸਉਂਪਣ ਵਾਲਾ ਬਹੁਤ ਜ਼ਰੂਰੀ ਕਿਰਪਾ ਪੱਤਰ, ਕਿਸੇ ਬਾਬਾ ਦਰਬਾਰਾ ਸਿੰਘ ਜਿਹੇ, ਅਤਿ ਵਿਸ਼ਵਾਸੀ ਸਿੱਖ ਨੂੰ ਹੀ ਸਉਂਪਿਆ ਜਾ ਸੱਕਦਾ ਸੀ ਅਤੇ 'ਮੇਰੀ ਭਾਲ ਨਾ ਕਰਨ' ਵਾਲੇ ਰੋਸੇ ਵੀ ਉਹਨਾਂ ਲੋਕਾਂ ਤੇ ਹੀ ਕੀਤੇ ਜਾ ਸੱਕਦੇ ਸਨ, ਜਿਹਨਾਂ ਨਾਲ ਬੜੇ ਨਿਕਟ ਸਬੰਧ ਰਹੇ ਹੋਣ। ਬਾਬਾ ਜੀ ਨੇ ਨਾਮਧਾਰੀ ਪਹਿਰਾਵਾ, ਇਸ ਯਾਤਰਾ ਲਈ ਤਿਆਗ ਕੇ, ਆਪਣਾ ਸਰੂਪ ਬਦਲ ਲਿਆ ਸੀ ਕਿਉਂਕਿ ਨਾਮਧਾਰੀ ਬਾਣੇ ਵਾਲੇ ਕਿਸੇ ਸਿੱਖ ਨੂੰ ਤਾਂ ਸਤਿਗੁਰੂ ਜੀ ਦੇ ਪਹਿਰੇਦਾਰਾਂ ਨੇ ਨੇੜੇ ਨਹੀਂ ਸੀ ਫਟਕਣ ਦੇਣਾ। ਇਉਂ ਜੋ ੯੫ ਸਿੱਖ ਆਪ ਤੋਂ ਬਾਅਦ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕਰਨ (੧੮੭੫ ਤੋਂ ੧੮੮੧ ਈ. ਤੱਕ) ਜਾਂਦੇ ਰਹੇ ਉਹਨਾਂ ਲਈ, ਮੋਢੀ ਪੈੜਾਂ ਪਾਉਣ ਦਾ ਕੰਮ ਵੀ, ਬਾਬਾ ਦਰਬਾਰਾ ਸਿੰਘ ਰਾਇਪੁਰੀਏ ਨੇ ਹੀ ਕੀਤਾ ਸੀ। ਬਾਬਾ ਦਰਬਾਰਾ ਸਿੰਘ

ਜਨਵਰੀ ੧੯੭੫ ਵਿਚ, ਸਤਿਗੁਰੂ ਜੀ ਦੇ ਪਰਦੇਸ ਆਉਣ ਦੇ ਤਿੰਨ ਸਾਲ ਬਾਅਦ ਸਤਿਗੁਰੂ ਜੀ ਦੇ ਦਰਸ਼ਨ ਕਰਕੇ ਆਏ ਸਨ। ਸਤਿਗੁਰੂ ਜੀ ਨੇ ਬਹੁਤ ਸਾਰੇ ਬਚਨ ਬਿਲਾਸ ਆਪ ਨਾਲ ਕੀਤੇ ਪੰਜਾਬ ਦੀਆਂ ਸੰਗਤਾਂ, ਡੇਰਾ ਭੈਣੀ ਸਾਹਿਬ ਅਤੇ ਹੋਰ ਪਰਿਵਾਰਿਕ ਜੀਆਂ ਦਾ ਹਾਲ ਚਾਲ ਪੁੱਛਿਆ। ਕਈ ਨੀਤੀਗਤ ਬਚਨ ਵੀ ਸਾਂਝੇ ਕੀਤੇ ਅਤੇ "ਬਾਬੇ ਦਰਬਾਰਾ ਸਿੰਘ ਨੇ ਏਹ ਭੀ ਕਹਿਆ ਸਤਿਗੁਰੂ ਜੀ ਬਚਨ ਕਰਦੇ ਸੇ ਕਿ ਜਿਸਨੇ ਪਦਾਰਥ ਖਰਚ ਕਰਨਾ ਹੈ ਮੇਰੇ ਨਮਿੱਤ, ਸੋ ਹੁਣ ਕਰੇ, ਅਖੰਡ ਪਾਠ ਕਰਵਾਏ।"[10] ਇਸ ਤੋਂ ਬਾਅਦ ਸ੍ਰੀ ਭੈਣੀ ਸਾਹਿਬ ਵਿਚ ਵੀ ਲੰਗਰ ਦੇ ਹੇਠਾਂ ਬਣਾਏ ਭੋਰੇ ਵਿਚ, ਪੁਲੀਸ ਚੌਕੀ ਤੋਂ ਚੋਰੀ, ਲਗਾਤਾਰ ਅਖੰਡ ਪਾਠਾਂ ਦਾ ਪ੍ਰਵਾਹ ਚੱਲ ਪਿਆ। ਦੂਸਰੇ ਇਲਾਕਿਆਂ ਦੀ ਨਾਮਧਾਰੀ ਸੰਗਤ ਨੇ ਵੀ ਸਰਕਾਰ ਤੋਂ ਮਨਜ਼ੂਰੀ ਲੈ ਕੇ, ਇਹ ਅਖੰਡ ਪਾਠ ਕਰਵਾਉਣੇ ਸ਼ੁਰੂ ਕੀਤੇ। ਕਈ ਨਾਮਧਾਰੀ ਸਿੰਘਾਂ ਜਿਹਨਾਂ ਨੇ ਅਖੰਡ ਪਾਠ ਕਰਵਾਏ, ਗੈਰ ਕਾਨੂੰਨੀ ਸਭਾ ਦਾ ਦੋਸ਼ ਲਾ ਕੇ ਗਿਰਫਤਾਰ ਕੀਤੇ ਗਏ। ਪਾਠੀ ਧੂਪੀਏ, ਪਹਿਰੂਏ ਲਾਂਗਰੀ ਅਤੇ ਇਸ ਮੌਕੇ ਹਾਜ਼ਰ ਸੰਗਤ ਤੱਕ ਦੇ ਚਲਾਣ ਕਰ ਦਿੱਤੇ ਜਾਂਦੇ ਸਨ। ਸੋ ਇਹ ਬਾਬੇ ਦਰਬਾਰਾ ਸਿੰਘ ਹੱਥ ਆਇਆ ਨਾਮਧਾਰੀ ਸੰਗਤ ਦੇ ਨਾਮ ਇਹ ਹੁਕਮ ਕਿ ਮੇਰੇ ਨਮਿਤ ਅਖੰਡ ਪਾਠ ਕਰਵਾਉ ਤਾਂ ਕਿ ਬੰਦੀਖਾਨੇ ਦੀ ਬੰਦ ਖਲਾਸ ਹੋਵੇ, ਗਊ ਗਰੀਬ ਦੇ ਗਲੋਂ ਛੁਰੀ ਉਤਰੇ, ਧਰਤੀ ਤੇ ਧਰਮ ਵਰਤੇ ਭਾਵ ਕੋਈ ਉਙਿਆ ਥੁੜਿਆ ਨਾ ਰਹੇ, ਇਸ ਪ੍ਰਥਾਇ ਹੁਣ ਤੱਕ ਲੱਖਾਂ ਦੀ ਗਿਣਤੀ ਵਿਚ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਧਾਰਨ ਅਤੇ ਅਖੰਡ ਪਾਠਾਂ ਦੇ ਭੋਗ ਪੁਆ ਕੇ, ਨਾਮਧਾਰੀਆਂ ਨੇ ਉਪਰੋਕਤ ਹੁਕਮਾਂ ਤੇ ਹੀ ਫੁੱਲ ਚੜ੍ਹਾਏ ਹਨ ਅਤੇ ਵਰਤਮਾਨ ਸਤਿਗੁਰੂ ਜੀ ਦੇ ਪਹਿਰੇ ਵਿਚ ਲਗਾਤਾਰ ਇਸ ਨੂੰ ਆਪਣੀ ਧਾਰਮਿਕ ਜ਼ਿੰਮੇਵਾਰੀ ਸਮਝ ਕੇ ਨਿਬਾਹ ਰਹੇ ਹਨ। ਬੜੇ ਸਪੱਸ਼ਟ ਸ਼ਬਦਾਂ ਵਿਚ ਸਤਿਗੁਰੂ ਜੀ ਦੇ ਇਸ ਆਦੇਸ਼ ਦਾ ਵਰਣਨ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਉਪਦੇਸ਼ਾਂ ਵਿਚ ਇਉਂ ਦਰਜ਼ ਹੈ :-

"ਮੈਂ ਹੁਣ ਏਨੀ ਅਰਜ਼ ਕਰਨੀ ਹੈ ਕਿ ਸਤਿਗੁਰਾਂ ਨੇ ਹੁਕਮ ਦਿੱਤਾ ਸੀ-ਜਿਸ ਵੇਲੇ ਪਰਦੇਸ ਗਏ, ਬਾਬਾ ਦਰਬਾਰਾ ਸਿੰਘ ਹੋਰਾਂ ਨੂੰ ਕਿਹਾ-ਕਿ ਜਿਹੜੇ ਓਦੋਂ ਕਹਿੰਦੇ ਸੀ ਕਿ ਸਾਡਾ ਸਰਬੰਸ ਤੁਹਾਡੇ ਨਮਿੱਤ ਲੱਗੇ, ਉਸ ਹੁਣ ਸਾਡੇ ਨਮਿਤ ਪਾਠ ਭੋਗ ਕਰਾਉਣ।"[11]

ਹੁਣ ਕਿਉਂਕਿ ਬਾਬਾ ਦਰਬਾਰਾ ਸਿੰਘ ਸ੍ਰੀ ਭੈਣੀ ਸਾਹਿਬ ਵਿਖੇ ਟਿਕੇ ਹੋਏ ਸਨ ਅਤੇ ਡੇਰੇ ਦਾ ਕਾਰ ਵਿਹਾਰ ਵੇਖਣ ਲਈ ਅਧਿਕਾਰੀਆਂ ਪਾਸ ਵੀ ਜਾਂਦੇ ਅਤੇ ਜਦੋਂ ਗੁਰੂ ਹਰੀ ਸਿੰਘ ਜੀ ਨੂੰ ਸਾਲ ਵਿਚੋਂ ਇਕ ਦੋ ਮਹੀਨੇ ਛੁੱਟੀ ਦੌਰਾ ਕਰਨ ਦੀ ਮਿਲਦੀ, ਬਾਬਾ ਜੀ ਆਪ ਦੇ ਨਾਲ ਦੌਰੇ ਤੇ ਵੀ ਚੜ੍ਹਦੇ ਸਨ। ੧੯੯੩ ਈ. ਦੀ ਦੀਪਮਾਲਾ ਤੇ ਗੁਰੂ ਹਰੀ ਸਿੰਘ ਜੀ ਨੇ ਛੁੱਟੀ ਲੈ ਕੇ ਅੰਮ੍ਰਿਤਸਰ ਦਰਸ਼ਨ ਦਿੱਤੇ, ਦੋ ਮਹੀਨੇ ਦੀ ਛੁੱਟੀ ਸੀ। ਪ੍ਰੰਤੂ ਗੁਰੂ ਹਰੀ ਸਿੰਘ ਜੀ ਨੂੰ ਛੁੱਟੀ ਦੀਵਾਲੀ ਸਮਾਪਤ ਹੋਣ ਤੋਂ ਬਾਅਦ ਅੰਮ੍ਰਿਤਸਰ ਜਾਣ ਦੀ ਮਿਲਦੀ ਸੀ ਜਾਂ ਮਾਘੀ ਮੁੱਕਣ ਬਾਅਦ ਮੁਕਤਸਰ ਜਾਣ ਦੀ। ਕਾਰਨ ਸੀ ਕਿ ਮੇਲੇ ਦੀ ਭੀੜ ਭਾੜ ਨਾਲ ਆਪਦਾ ਰਾਬਤਾ ਨਾ ਜੁੜੇ। ਦਰਬਾਰਾ ਸਿੰਘ ਦਾਨ ਸਿੰਘ ਦੋਹਾਂ ਮੁਖਤਿਆਰਾਂ ਨਾਲ ਦੀਵਾਲੀ ਤੋਂ ਬਾਅਦ ਗੁਰੂ ਜੀ ਸਿਆਲਕੋਟ ਦੇ ਜ਼ਿਲ੍ਹੇ ਵਿਚ

ਪੁੱਜ ਗਏ। ਹੁਣ ਇੱਥੇ ਪੁਲੀਸ ਕਪਤਾਨ ਲੁਧਿਆਣੇ ਵਾਲਾ ਬਾਰਬਰਟਨ ਹੀ ਸੀ, ਜਿਸ ਦੀ ਮਾਂ ਕਸ਼ਮੀਰਨ ਤੋਂ ਪਿਓ ਅੰਗਰੇਜ਼ ਸੀ-ਐਂਗਲੋ ਇੰਡੀਅਨ ਸੀ। ਪਰ ਕੂਕਿਆਂ ਨੂੰ ਤਾਂ ਇਹ ਜਿਵੇਂ ਜਮ ਹੋ ਕੇ ਟੱਕਰਿਆ ਸੀ। ਇਸ ਹੀ ਸਰਕਾਰ ਨੂੰ ਇਹ ਸਿਫਾਰਸ਼ ਕੀਤੀ ਸੀ ਕਿ ਗੁਰੂ ਰਾਮ ਸਿੰਘ ਜੀ ਦੇ ਰੰਗੂਨ ਦਰਸ਼ਨ ਕਰਨ ਜਾਣ ਅਤੇ ਹੁਕਮਨਾਮੇ ਲਿਆਉਣ ਵਾਲੇ ਨਾਮਧਾਰੀਆਂ ਦੀਆਂ ਜਾਇਦਾਦਾਂ ਜ਼ਬਤ ਕਰ ਕੇ, ਉਹਨਾਂ ਸਾਰਿਆਂ ਨੂੰ ਵੀ ਦੇਸ ਨਿਕਾਲਾ ਦੇ ਦੇਣਾ ਚਾਹੀਦਾ ਹੈ।[22] ਹੁਣ ਬਾਰ ਬਟਨ ਨੇ ਜੋ ਸਿਆਲਕੋਟ ਵਿਚ ਸਤਿਗੁਰੂ ਜੀ ਦਾ ਗੁਜਰਾਂਵਾਲੇ ਤੋਂ ਬਾਅਦ ਆਉਣ ਦਾ ਹੁਕਮ ਸੀ, ਉਸਦੀ ਉਲੰਘਣਾ ਦੇ ਦੋਸ਼ ਹੇਠ ਆਪ ਨੂੰ ਵਾਪਸ ਭੈਣੀ ਸਾਹਿਬ, ਬਿਨਾਂ ਦੌਰਾ ਕੀਤਿਆਂ ਭੇਜ ਦਿੱਤਾ। "ਗੁਰੂ ਜੀ ਗਏ ਸਿਆਲਕੋਟ। ਨਾਲ ਦਰਬਾਰਾ ਸਿੰਘ ਦਾਨ ਸਿੰਘ ਹੈਂ। ਬਟਨ ਨੇ ਕਿਹਾ ਕਿ ਮੇਰੇ ਇਲਾਕੇ ਔਣੇ ਕਾ ਪਾਛੇ ਹੁਕਮ ਥਾ ਤੁਸੀਂ ਪਹਿਲੇ ਕਿਉਂ ਆਏ ਹੋ ? ਗੁਰੂ ਮਹਾਰਾਜ ਜੀ ਬਚਨ ਕੀਤਾ ਸਿੰਘ ਲੈ ਆਏ ਹੈ ਤਾਂ ਆਇ ਗਏ। ਬਟਨ ਨੇ ਉਥੋਂ ਹੀ ਗੁਰੂ ਜੀ ਕੋ ਰਾਮਦਾਸਪੁਰੇ ਨੂੰ ਭੇਜ ਦਿੱਤਾ।"[13]

ਇਸੇ ਤਰ੍ਹਾਂ ੧੯੯੪ ਈ. ਦੀ ਜਨਵਰੀ ਵਿਚ ਮਾਘੀ ਤੋਂ ਬਾਅਦ ਗੁਰੂ ਜੀ ਨੇ ਮੁਕਤਸਰ ਦਰਸ਼ਨ ਦੇਣੇ ਸਨ। ਇਹ ਮਾਲਵੇ ਦਾ ਕਾਫੀ ਲੰਮਾ ਦੌਰਾ ਸੀ। ਬਾਬਾ ਦਰਬਾਰਾ ਸਿੰਘ ਹੱਥ ਦਾ ਸਖੀ ਸੀ ਅਤੇ ਸੰਗਤ ਨੂੰ ਪਦਾਰਥ ਖੁੱਲ੍ਹਾ ਵਰਤਾਉਣ ਵਿਚ ਭਰੋਸਾ ਰੱਖਦਾ ਸੀ ਅਤੇ ਪਦਾਰਥ ਵੀ ਜੇ ਗੁੜ ਹੋਵੇ ਤੇ ਬਾਬਾ, ਸਿੰਘਾਂ ਦਾ ਦੰਦੋੜੱਕਾ ਵੱਜਦਾ ਕਿਉਂ ਵੇਖੇ ? ਬਾਹੋਵਾਲ ਜੀ ਲਿਖਦੇ ਹਨ :-

"ਗੁਰੂ ਮਹਾਰਾਜ ਜੀ ਰਾਮਦਾਸਪੁਰੇ ਤੋਂ ਲੋਹਗੜ੍ਹ, ਗੁੱਜਰਵਾਲ, ਖੰਜਰਵਾਲ, ਛੱਜਾਵਾਲ, ਰੂਮੀ, ਬੋਪਾਰਾਇ, ਗਹਿਲ, ਬਿਲਾਸਪੁਰ, ਤਖਤੂਪੁਰਾ, ਘੋਟੇ, ਰੋਡੇ ਆਦਿ ਨਗਰਾਂ ਵਿਚੋਂ ਹੁੰਦੇ ਹੋਏ ਮੁਕਤਸਰ ਮਾਘੀ ਤੇ ਪਹੁੰਚੇ।"

"ਮੁਕਤਸਰ ਬੁਰਜ ਮੈਂ ਬਾਵੇ ਕੇ ਡੇਢ ਭੇਲੀ ਸੀ ਗੁੜ ਦੀ। ਬਾਬਾ ਦਰਬਾਰਾ ਸਿੰਘ ਖੁਲ੍ਹਾ ਬਰਤਾਵਣ ਲੱਗਾ। ਬਾਵੇ ਨੇ ਅਰਜ਼ ਕੀਤੀ ਜੀ ਡੇਢ ਭੇਲੀ ਹੈ ਬਹੁਤ ਖੁੱਲ੍ਹਾ ਬਰਤਾਂਵਦਾ ਹੈ। ਗੁਰੂ ਜੀ ਬਚਨ ਕੀਤਾ ਬਾਵਾ ਕਹਿੰਦਾ ਹੈ ਏਹੀ ਡੇਢ ਭੇਲੀ ਹੈ। ਬਾਬੇ ਦਰਬਾਰਾ ਸਿੰਘ ਨੇ ਕਹਾ ਕਿ ਬਾਵੇ ਦੇ ਤਾਂ ਡੇਢ ਭੇਲੀ ਹੈ, ਤੁਹਾਡੇ ਘਰ ਤਾਂ ਕੁਝ ਪ੍ਰਵਾਹ ਨਹੀਂ ਹੈ। ਉਸੀ ਡੇਢ ਭੇਲੀ ਸੇ ਸਾਰੀ ਸੰਗਤ ਕੋ ਸਰ ਗਿਆ। ਸਗੋਂ ਬਚ ਭੀ ਗਿਆ।"

"ਮੁਕਤਸਰ ਸੇ ਰੁਪਾਣੇ, ਤਾਮਕੋਟ, ਫੂਲੇਵਾਲ, ਡਬਲੇ, ਲੱਕੜਵਾਲੀ, ਗੁਰੂ ਸਰ, ਜੰਡ ਵਾਲੇ, ਫੇਰ (ਮਾਈਸਰ) ਖਾਨੇ ਤੋਂ ਭਾਈ ਬਖਤੌਰ, ਥਰਾਜ (ਹੁਣ ਜ਼ਿਲ੍ਹਾ ਸਿਰਸਾ-ਹਰਿਆਣਾ), ਨੰਗਲੇ, ਫਤੇਗੜ੍ਹ, ਲੱਲੂਵਾਲਾ, ਭਿਖੀ, ਉਚੇ, ਚਰਨ ਪਾਉਂਦੇ ਰਾਇਸਰ, ਲੋਹਟਬੱਦੀ, ਸਿਆੜ, ਖਟੜੀਂ, ਖਟੜਿਆਂ ਤੋਂ ਰਾਮਦਾਸਪੁਰੇ ਨੂੰ ਆਏ।"[14]

ਸੰਨ ੧੯੯੮ ਵਿਚ ਫਿਰ ਗੁਰੂ ਹਰੀ ਸਿੰਘ ਜੀ ਨੇ ਬਾਬਾ ਦਰਬਾਰਾ ਸਿੰਘ ਹੋਰਾਂ ਨੂੰ ਭੇਜਿਆ ਕਿ ਜਾਓ ਪੱਛਮੀ ਤੇ ਕੇਂਦਰੀ ਪੰਜਾਬ ਦੇ ਦੌਰੇ ਦੀ ਮਨਜ਼ੂਰੀ ਲੈ ਕੇ ਆਵੋ। ਪਹਿਲਾਂ ਤਾਂ ਉਹ ਅਧਿਕਾਰੀ ਪਿਛਲੇ ਛੁੱਟੀ ਦੇ ਸਮੇਂ ਵਿਚ, ਨਿਮਾਣੀ ਦਾ ਮੇਲਾ ਕਰਨ ਤੇ ਲੋਹਾ ਲਾਖਾ ਹੁੰਦਾ ਰਿਹਾ। ਫਿਰ ਜਦੋਂ ਬਾਬਾ ਜੀ ਡੇਰੇ ਆ ਗਏ ਤਾਂ ਉਸਨੇ ਤਿੰਨ

ਮਹੀਨਿਆਂ ਦੀ ਛੁੱਟੀ ਦਾ ਹੁਕਮ ਦੇ ਭੇਜਿਆ, ਜਿਹਨਾਂ ਵਿਚ ਪੰਜ ਜ਼ਿਲਿਆਂ, ਅੰਮ੍ਰਿਤਸਰ, ਲਾਹੌਰ, ਗੁਜਰਾਂਵਾਲਾ, ਸਿਆਲਕੋਟ ਅਤੇ ਝੰਗ ਸ਼ਾਮਲ ਸਨ। ਫਿਰ ਕਿਹੜੇ ਜ਼ਿਲ੍ਹੇ ਵਿਚ ਪਹਿਲੋਂ ਤੇ ਕਿਹੜੇ ਵਿਚ ਪਿਛੋਂ ਜਾਣ ਦਾ ਰੇੜਕਾ ਪਾ ਕੇ, ਲੁਧਿਆਣਾ ਦੇ ਹਾਕਮਾਂ ਨੇ ਗੁਰੂ ਹਰੀ ਸਿੰਘ ਜੀ ਨੂੰ ਤੁਰੰਤ ਦੌਰਾ ਬੰਦ ਕਰਕੇ, ਲੁਧਿਆਣੇ ਆਉਣ ਦਾ ਪਰਵਾਨਾ ਭੇਜਿਆ। ਆਪ ਨੇ ਬਾਬਾ ਦਰਬਾਰਾ ਸਿੰਘ, ਦਾਨ ਸਿੰਘ ਅਤੇ ਨਰਾਇਣ ਸਿੰਘ ਰੋਡਿਆਂ ਵਾਲੇ ਨੂੰ ਭੇਜਿਆ। ਬਾਬੇ ਹੋਰਾਂ ਨੇ ਮਨਜ਼ੂਰੀ ਵਾਲਾ ਕਾਗਜ਼ ਉਸਨੂੰ ਵਿਖਾ ਕੇ ਸ਼ਰਮਿੰਦਾ ਕੀਤਾ ਪਰ ਗੁਰੂ ਹਰੀ ਸਿੰਘ ਜੀ ਨੇ ਵੀਹ ਦਿਨ ਦੀ ਛੁੱਟੀ ਰਹਿੰਦੀਆਂ ਵੀ ਦੌਰਾ ਮੁਕਾ ਕੇ ਭੈਣੀ ਸਾਹਿਬ ਵਾਪਸੀ ਕਰ ਲਈ।[15]

ਪੁਲੀਸ ਚੌਕੀ ਦੀ ਗਾਰਦ ਸਿੰਘਾਂ ਨੂੰ, ਜੋ ਦਰਸ਼ਨਾਂ ਲਈ ਆਉਂਦੇ ਸਨ ਤੰਗ ਵੀ ਕਰਦੀ ਸੀ। ਡੇਰੇ ਵਿਚ ਰਹਿਣ ਵਾਲਿਆਂ ਨੂੰ ਵੀ ਪਰੇਸ਼ਾਨ ਕਰਦੀ ਸੀ। ਅਤੇ ਡੇਰੇ ਵਾਲਿਆਂ ਤੋਂ ਚੰਗੇ ਪਦਾਰਥ ਲੈਣ ਦੀ ਆਸ ਵੀ ਰੱਖਦੇ ਸਨ। ਜਦੋਂ ਗੁਰੂ ਹਰੀ ਸਿੰਘ ਜੀ ਨੇ, ਸਿੰਘਾਂ ਨੂੰ ਕਹਿ ਕੇ ਪੁਲੀਸ ਵਾਲਿਆਂ ਦੀਆਂ ਅਜੇਹੀਆਂ ਵਗਾਰਾਂ ਬੰਦ ਕਰਵਾ ਦਿੱਤੀਆਂ ਤਾਂ ਉਹਨਾਂ ਡਿਓੜੀ ਦੇ ਬੂਹੇ ਅੱਗੇ ਝਾੜੂ ਦੇਣ ਦੀ ਸੇਵਾ (ਜੋ ਇਤਿਹਾਸ ਲੇਖਕ ਭਾਈ ਸੰਤੋਖ ਸਿੰਘ ਬਾਹੋਵਾਲ ਕਰਦਾ ਸੀ) ਬੰਦ ਕਰਵਾ ਦਿੱਤੀ। ਬੂਹੇ ਅੱਗੇ ਕੂੜੇ ਦੇ ਢੇਰ ਲੱਗ ਗਏ। ਫਿਰ ਬਾਬਾ ਦਰਬਾਰਾ ਸਿੰਘ ਹੋਰਾਂ ਨੂੰ ਹੀ ਪੁਲੀਸ ਵਾਲਿਆਂ ਨੂੰ ਨਰਮੀ ਵਰਤਣ ਲਈ ਆਖਣਾ ਪਿਆ। ਕੁਝ ਤੇਲ ਤਮ੍ਹਾਂ ਦੇ ਕੇ ਫਿਰ ਇਹਨਾਂ ਕਰਮਚਾਰੀਆਂ ਨੂੰ ਰਾਜੀ ਕੀਤਾ ਗਿਆ।[16] ਇਹੋ ਜਹੀਆਂ ਮੁਸੀਬਤਾਂ ਦੇ ਦੌਰ ਵਿਚ ਗੁਰੂ ਹਰੀ ਸਿੰਘ, ਉਹਨਾਂ ਦੇ ਆਗੂ ਸਿੰਘਾਂ ਤੇ ਹੋਰ ਨਾਮਧਾਰੀ ਸੰਗਤ ਨੂੰ ਲੰਘਣਾ ਪੈਂਦਾ ਸੀ।

੧੯੦੧ ਈ. ਵਿਚ ਮੁੜ ਗੁਰੂ ਹਰੀ ਸਿੰਘ ਜੀ, ਲਾਹੌਰ ਅਤੇ ਅੰਮ੍ਰਿਤਸਰ ਦੇ ਦੌਰੇ ਤੇ ਆਏ। ਅੰਮ੍ਰਿਤਸਰ ਦੇ ਦੌਰੇ ਵਿਚ, ਸਤਿਗੁਰੂ ਜੀ ਨੂੰ ਸੰਗਤ ਨੇ ਬੇਨਤੀ ਕੀਤੀ ਕਿ ਸਤਿਗੁਰੂ ਰਾਮ ਸਿੰਘ ਜੀ ਨੂੰ, ਸਾਥੋਂ ਵਿਛੋੜਿਆਂ ੨੯ ਸਾਲ ਹੋ ਗਏ ਹਨ। ਉਹਨਾਂ ਦੇ ਬਾਰੇ ਸਰਕਾਰ ਤੋਂ ਪੁੱਛ ਗਿੱਛ ਕਰਨੀ ਚਾਹੀਦੀ ਹੈ ਕਿ ਉਹਨਾਂ ਨੂੰ ਕਿੱਥੇ ਡੱਕ ਛੱਡਿਆ ਹੈ ? ਗੁਰੂ ਹਰੀ ਸਿੰਘ ਜੀ ਨੇ ਸਿੰਘਾਂ ਨੂੰ ਕਿਹਾ ਕਿ ਦਰਬਾਰਾ ਸਿੰਘ, ਨਰਾਇਣ ਸਿੰਘ ਨਾਲ ਰਾਇ ਕਰਕੇ ਅਰਜ਼ੀ ਪਾ ਦਿਉ। ਦੱਸਣਾਂ ਇਹਨਾਂ ਸਾਨੂੰ ਕੁਝ ਨਹੀਂ। ਪਰ ਚਲੋ ਝੂਠੇ ਕਰਕੇ ਮਾਰ ਲਵੋ। ਤੇ ਇਉਂ ਹੀ ਹੋਇਆ।[17]

੧੯੦੦ ਈ. ਦੀ ਦੀਵਾਲੀ ਤੋਂ ਬਾਦ ਮਾਝੇ ਦਾ ਦੌਰਾ ਕਰਦੇ ਹੋਏ, ਗੁਰੂ ਹਰੀ ਜੀ ਮਾਲਵੇ ਵਿਚੋਂ ਹੁੰਦੇ ਹੋਏ ਮੁਕਤਸਰ ਤੋਂ ਸੋਥੇ ਅੱਪੜੇ। "ਏਥੇ ਬਾਬਾ ਦਰਬਾਰਾ ਸਿੰਘ ਜੀ ਬੀਮਾਰ ਹੋਏ। ਰੁਪਾਣੇ ਆਏ। ਰੁਪਾਣੇ ਆ ਕੇ ਬਾਬਾ ਦਰਬਾਰਾ ਸਿੰਘ ਜੀ ਚੜ੍ਹਾਈ ਕੀਤੀ।

"ਸਭ ਕਹਿੰਦੈ ਹੈਂ ਚੰਗੀ ਕਮਾਈ ਵਾਲਾ ਸੀ। ਦੁੱਖ ਨਹੀਂ ਪਾਇਆ। ਛਕਦਾ ਛਕਾਉਂਦਾ ਹੀ ਚੜ੍ਹਿਆ ਹੈ। ਦੁੱਧ ਛੱਕ ਕੇ ਕਹਿਣ ਲੱਗੇ ਕਿ ਪਾਲਾ ਲੱਗਦਾ ਹੈ। ਰਜਾਈਆਂ ਲੈ ਕੇ ਪੈ ਗਏ। ਪ੍ਰਾਣ ਜੁਦਾ ਹੋਏ। ਮਰਯਾਦਾ ਨਾਲ ਲੈ ਜਾਇਕੇ ਸਸਕਾਰ

ਕੀਤਾ। ਆਰਤੀ ਸੋਹਿਲਾ ਪੜ੍ਹਿਆ, ਅਰਦਾਸਾ ਕੀਤਾ। ਸਤਿ ਸ੍ਰੀ ਅਕਾਲ ਦਾ ਜੈਕਾਰਾ ਗਜਾਇਆ। ਰੁਪਾਣੇ ਤੋਂ ਮੁਕਤਸਰ ਆਏ।"[18]

ਯਾਦ ਰਹੇ ਕਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਵੱਡੀ ਭੈਣ ਬੀਬੀ ਸਾਹਿਬ ਕੌਰ, ਬਾਬਾ ਦਰਬਾਰਾ ਸਿੰਘ ਹੋਰਾਂ ਦੇ ਪਿੰਡ, ਰਾਇਪੁਰ ਵਿਚ ਹੀ ਲਾਹੌਰ ਦਰਬਾਰ ਦੇ ਤੋਪਖਾਨੇ ਦੇ ਅਧਿਕਾਰੀ ਸ. ਕਾਬਲ ਸਿੰਘ ਹੋਰਾਂ ਨਾਲ ਹੀ ਵਿਆਹੀ ਸੀ, ਜਿਹੜੇ ਸਿੱਖ ਅੰਗਰੇਜ਼ ਜੰਗ ਸਮੇਂ ਸ਼ਹੀਦ ਹੋ ਗਏ ਸਨ। ਉੱਘੇ ਨਿਸ਼ਾਨੇਬਾਜ਼ ਸਨ।

੧੯੯੭ ਈ. ਦੇ ਅੱਸੂ ਦੇ ਮਹੀਨੇ ਬਾਬਾ ਦਰਬਾਰਾ ਸਿੰਘ ਦਾ ਸੈਨਿਕ ਜੀਵਨ ਦਾ, ਲਾਹੌਰ ਦਰਬਾਰ ਦਾ ਸਾਥੀ, ਅਤੇ ਸਤਿਗੁਰੂ ਰਾਮ ਸਿੰਘ ਜੀ ਦਾ ਸਤਿਕਾਰਤ ਕੂਕਾ-ਸੂਬਾ, ਬਾਬਾ ਜਮੀਅਤ ਸਿੰਘ 'ਗਿੱਲ' ਚਲਾਣਾ ਕਰ ਗਿਆ ਸੀ। ਉਸਦੇ ਭੋਗ ਤੇ ਪਾਬੰਦੀਆਂ ਦੇ ਸਮੇਂ ਵਿਚ, ਕੁਝ ਸਮੇਂ ਦੀ ਗੁਰੂ ਹਰੀ ਸਿੰਘ ਜੀ ਨੂੰ ਛੁੱਟੀ ਮਿਲਣ ਕਾਰਨ, ਬਹੁਤ ਭਾਰੀ ਮੇਲਾ ਹੋਇਆ ਸੀ, ਜਿੱਥੇ ਗੁਰੂ ਹਰੀ ਸਿੰਘ ਜੀ ਦੀ ਹਜ਼ੂਰੀ ਵਿਚ ਬਾਬਾ ਦਰਬਾਰਾ ਸਿੰਘ ਹੋਰੀਂ ਵੀ ਪੁੱਜੇ ਸਨ ਅਤੇ ਪੂਜ ਮਾਤਾਵਾਂ ਸਮੇਤ, ਬਾਲ ਸਤਿਗੁਰੂ ਪਰਤਾਪ ਸਿੰਘ ਜੀ ਵੀ ਸਨ। ਅੰਮ੍ਰਿਤਸਰ ਦੇ ਰੇਲਵੇ ਸਟੇਸ਼ਨ ਦੇ ਕੋਲ, ਹਸਪਤਾਲ ਲਾਗੇ ਇਕ ਖੂਹੀ ਤੇ ਡੇਰਾ ਲੱਗਾ ਕਿਉਂਕਿ ਸ਼ਹਿਰ ਅੰਮ੍ਰਿਤਸਰ ਵਿਚ ਜਾਣ ਦਾ ਸਰਕਾਰ ਵੱਲੋਂ ਹੁਕਮ ਨਹੀਂ ਸੀ। ਬਾਬਾ ਦਰਬਾਰਾ ਸਿੰਘ ਪੰਜ ਯੱਕੇ (ਟਾਂਗੇ) ਕਿਰਾਏ ਤੇ ਕਰ ਕੇ ਲਿਆਏ ਜਿਹਨਾਂ ਤੇ ਚੜ੍ਹਕੇ ਅਜਨਾਲੇ ਤੱਕ ਪੱਕੀ ਸੜਕ ਤੇ ਅੱਗੇ ਕੱਚੇ ਰਾਹ ਗਿੱਲ (ਸਿਆਲਕੋਟ) ਨੂੰ ਗਏ ਸਨ। ਰਾਵੀ ਦਰਿਆ ਬੇੜੀਆਂ ਤੇ ਟਾਂਗੇ ਲੱਦ ਕੇ ਪਾਰ ਕੀਤਾ ਸੀ। ਰਾਤ ਰੱਈਏ ਦੀ ਧਰਮਸ਼ਾਲਾ ਵਿੱਚ ਕੱਟ ਕੇ ਅਗਲੇ ਦਿਨ ਗਿੱਲ ਪੁੱਜੇ ਸਨ।[19]

ਇਉਂ ਅਸੀਂ ਵੇਖਦੇ ਹਾਂ ਕਿ ਲਗਪਗ ਅੱਠ ਦਹਾਕਿਆਂ ਦੇ ਸਮੇਂ ਤੇ ਬਾਬਾ ਦਰਬਾਰਾ ਸਿੰਘ ਜੀ ਦੇ ਜੀਵਨ ਕੈਨਵਸ ਤੇ, ਵਿਵਿਧ ਰੰਗਾਂ ਦੇ ਚਿਤਰ ਵੇਖਣ ਨੂੰ ਮਿਲਦੇ ਹਨ, ਜੋ ਉਹਨਾਂ ਦੇ ਸਮਰਪਿਤ, ਸਿਰੜੀ, ਸਿਦਕੀ, ਸਦਾ ਸੰਘਰਸ਼ਸ਼ੀਲ ਕਿਰਦਾਰ ਦੇ ਦਰਸ਼ਨ ਕਰਾਉਂਦੇ ਹਨ। ਇਹ ਉਹਨਾਂ ਦਾ ਆਪਣੀ ਮਿਟੀ ਅਤੇ ਇਸ ਦੇ ਲੋਕਾਂ ਨਾਲ ਅਤੁੱਟ ਰਿਸ਼ਤਾ ਸੀ, ਜੋ ਪਹਿਲਾਂ ਉਹਨਾਂ ਨੂੰ ਗੋਰੇ ਹਮਲਾਵਰਾਂ ਵਿਰੁੱਧ ਤਲਵਾਰ ਫੜ ਕੇ ਜੂਝਣ ਦਾ ਬਲ ਬਖਸ਼ਦਾ ਹੈ ਅਤੇ ਫਿਰ ਜਦੋਂ ਕੁਝ ਸਮਾਂ ਉਹ ਰਾਜ ਗੁਆਚਣ ਬਾਦ ਨਿਰਾਸ਼ਤਾ ਦੀ ਡੂੰਘੀ ਖੱਡ ਵਿਚ ਡਿੱਗ ਪਏ ਸਨ ਤਾਂ ਸਤਿਗੁਰੂ ਰਾਮ ਸਿੰਘ ਜੀ ਦੀ ਮਿਕਨਾਤੀਸੀ ਸ਼ਖਸ਼ੀਅਤ ਦੇ ਖਿੱਚੇ, ਉਹ ਫਿਰ ਮੋਰਚਾ ਮੱਲ ਲੈਂਦੇ ਹਨ। ਕੂਕੇ ਸੰਗਰਾਮੀਏ ਬਣ ਕੇ ਗੁਰੂ ਹਰੀ ਸਿੰਘ ਜੀ ਦੇ ਹੁਕਮ ਤੇ ਸਤਿਗੁਰਾਂ ਦੇ ਓਪਰੀ ਧਰਤੀ ਦੇ ਦਰਸ਼ਨ ਮੇਲੇ ਕਰਕੇ, ਸੂਹ ਵੀ ਕੱਢ ਲਿਆਉਂਦੇ ਹਨ। ਆਪਣਾ ਸਰਦਾਰੀ ਠਾਠ, ਬਾਠ, ਰੁੱਤਬਾ, ਜ਼ਮੀਨ ਜਾਇਦਾਦਾ ਵੀ ਆਪਣੇ ਸਤਿਗੁਰੂ ਦਾ ਲੰਗਰ ਚੱਲਦਾ ਰੱਖਣ ਲਈ, ਨਿਉਛਾਵਰ ਕਰ ਦਿੰਦੇ ਹਨ ਅਤੇ ਬਾਲ ਸਤਿਗੁਰੂ ਪਰਤਾਪ ਸਿੰਘ ਜੀ ਦਾ ਬਚਪਨ, ਆਪਣੇ ਕਲੇਵਰ ਵਿਚ ਲੈਕੇ, ਉਹਨਾਂ ਨੂੰ ਨਾਮਧਾਰੀ ਇਤਿਹਾਸ ਦੇ ਹੀਰੇ ਮੋਤੀਆਂ ਨਾਲ ਮਾਲਾ ਮਾਲ ਕਰਕੇ, ਉਹਨਾਂ ਦੀ 'ਦਲ ਭੰਜਨ' ਅਤੇ 'ਪਰਉਕਾਰੀ" ਗੁਰ ਸੂਰਮੇ" ਵਾਲੀ ਹਸਤੀ ਨੂੰ ਤਰਬੀਅਤ ਦੇਣ ਵਿਚ, ਆਪਣਾ ਯੋਗਦਾਨ ਵੀ

ਪਾਉਂਦੇ ਹਨ। ਸਭਰਾਵਾਂ ਦੇ ਰਣ ਤੱਤੇ ਤੋਂ ਲੈ ਕੇ, ਖਾਰੇ ਸਮੁੰਦ ਸਾਗਰ ਉਲੰਘ ਕੇ ਆਪਣੇ ਸਤਿਗੁਰੂ ਜੀ ਦੇ ਨਿਵਾਸ ਸਥਾਨ 'ਰੰਗੂਨ ਦੇ ਬੰਗਲੇ ਤੱਕ' ਦਾ ਬਾਬਾ ਦਰਬਾਰਾ ਸਿੰਘ ਹੋਰਾਂ ਦਾ ਸਫ਼ਰ, ਸਾਡੇ ਇਤਿਹਾਸ ਵਿਚ ਪੰਧ ਵਿਖਾਊਆਂ ਜਿਹਾ ਮੋਢੀ ਮਾਣ ਰੱਖਦਾ ਹੈ।

## ਹਵਾਲੇ ਤੇ ਟਿੱਪਣੀਆਂ


1. ਕੂਕਾਜ਼ ਆਫ ਨੋਟ ਇਨ ਦਾ ਪੰਜਾਬ (ਦਸਾਵੇਜ਼-ਸੰ. ਜਸਵਿੰਦਰ ਸਿੰਘ) ਸਫਾ ੨੬-੨੭
2. ਸਤਿਗੁਰੂ ਬਿਲਾਸ ਭਾਗ ਪਹਿਲਾ- ਭਾਈ ਸੰਤੋਖ ਸਿੰਘ ਬਾਹੋਵਾਲ (ਸੰ. ਜਸਵਿੰਦਰ ਸਿੰਘ) ਸਫਾ ੨੬੨
3. ਉਹੀ- ਸਫਾ ੨੬੫
4. ਉਹੀ- ਸਫਾ ੨੬੭
5. ਉਹੀ - ਸਫਾ ੩੧੮
6. ਲਾਲ ਏਹਿ ਰਤਨ- ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪਵਿਤਰ ਉਪਦੇਸ਼-੩ (ਸੰ: ਪ੍ਰਿੰ. ਬੇਅੰਤ ਕੌਰ) ਸਫਾ- ੨੧੫-੧੬
7. ਲਾਲ ਏਹਿ ਰਤਨ- ਪਵਿਤਰ ਉਪਦੇਸ਼-੪, ਸਫਾ ੧੧੨
8. ਦਾ ਲਾਸਟ ਸੰਨ ਸੈਟ- (ਮਹਾਰਾਜਾ) ਅਮਰਿੰਦਰ ਸਿੰਘ ਮਾਰਚ-੨੦੧੦, ਲੋਟਸ, ਕੁਲੈਕਸ਼ਨ-ਨਵੀਂ ਦਿੱਲੀ, ਸਫਾ ੨੨੫-੨੬
9. ਲਾਲ ਏਹਿ ਰਤਨ- ੩, ਸਫਾ ੬੩-੭੨
10. ਸਤਿਗੁਰੂ ਬਿਲਾਸ ਭਾਗ 2- ਭਾਈ ਬਾਹੋਵਾਲ, ਸਫਾ ੪੯
11. ਲਾਲ ਏਹਿ ਰਤਨ-੪ ਸਫਾ ੧੧੭
12. ਕੂਕਾ ਮੂਵਮੈਂਟ (ਦਸਤਾਵੇਜ਼-ਸੰ ਜਸਵਿੰਦਰ ਸਿੰਘ) ਸਫਾ ੨੯-੩੧
13. ਸਤਿਗੁਰੂ ਬਿਲਾਸ (ਭਾਗ ੨) ਸਾਫ-੧੮੫
14. ਉਹੀ- ਸਫਾ ੧੮੭
15. ਉਹੀ - ਸਫਾ ੨੧੧-੧੫
16. ਉਹੀ- ਸਫਾ ੨੪੭-੪੮
17. ਉਹੀ - ਸਫਾ ੨੬੩
18. ਉਹੀ- ਸਫਾ ੨੭੭
19. ਲਾਲ ਏਹਿ ਰਤਨ-੫, ਸਫਾ ੬੮

# ਭਦੌੜ ਘਰਾਣੇ ਦੇ ਕੂਕੇ ਰਾਗੀ
# ਭਾਈ ਪ੍ਰੇਮ ਸਿੰਘ ਅਤੇ ਉਹਨਾਂ ਦਾ ਪਰਿਵਾਰ

ਕੀਰਤਨ ਨਾਮੁ ਸਿਮਰ ਰਹਉ ਜਬ ਲਗੁ ਘਟਿ ਸਾਸੁ ॥

(ਬਿਲਾਵਲ ਮਹਲਾ ੫, ੮੨੮)

ਕੀਰਤਨ ਨਿਰਮੋਲਕ ਹੀਰਾ ॥

(ਰਾਮ ਕਲੀ ਮਹਲਾ ੫,ਪੰਨਾ ੮੯੩)

ਕੀਰਤਨ ਪੁਰਾਣ ਨਿਤ ਪੁੰਨ ਹੋਵਿਹਿ
ਗੁਰਬਚਨਿ ਨਾਨਕਿ ਹਰਿ ਭਗਤ ਲਹੀ ॥

(ਤੁਖਾਰੀ ਮਹਲਾ, ਪੰਨਾ ੧੧੧੭)

ਆਵਹੁ ਸਿਖ ਸਤਿਗੁਰੂ ਦੇ ਪਿਆਰਿਹੋ
ਗਾਵਹੁ ਸਚੀ ਬਾਣੀ ॥

(ਅਨੰਦ, ਰਾਮਕਲੀ ਮ੦ ੩,ਪੰਨਾ ੯੨੦)

ਗੁਰਬਾਣੀ ਦੀਆਂ ਉਪਰੋਕਤ ਤੁਕਾਂ ਉਸ ਮਹਾਨਤਾ ਵੱਲ ਸੰਕੇਤ ਕਰਦੀਆਂ ਹਨ ਜਿਹੜੀ ਗੁਰਬਾਣੀ ਕੀਰਤਨ ਨਾਲ ਜੁੜੀ ਹੋਈ ਹੈ। ਸਿੱਖ ਦੀ ਹਰ ਖੁਸ਼ੀ ਗ਼ਮੀ ਦਾ ਅਵਸਰ, ਆਪਣੇ ਸਤਿਗੁਰੂ ਦੀ ਰਜ਼ਾ ਵਿੱਚ ਰਹਿੰਦਿਆਂ, ਕਥਾ ਕੀਰਤਨ, ਦੀਵਾਨ ਵਿਖੇ ਬਤੀਤ ਹੁੰਦਾ ਹੈ। ਸਿੱਖੀ ਦੇ ਆਰੰਭ ਤੋਂ ਹੀ ਕੀਰਤਨ ਦੀ ਪਰੰਪਰਾ ਇਸ ਨਾਲ ਜੁੜੀ ਤੁਰੀ ਆਉਂਦੀ ਹੈ।ਆਦਿ ਗੁਰੂ ਨਾਨਕ ਦੇਵ ਜੀ ਜਗਤ ਕਲਿਆਣ ਦੇ ਮਿਸ਼ਨ ਤੇ ਤੁਰਨ ਲੱਗਿਆਂ, ਆਪਣੇ ਪੁਰਾਣੇ ਮਿੱਤਰ, ਭਾਈ ਮਰਦਾਨਾ ਰਬਾਬੀ ਨੂੰ ਆਪਣੇ ਇਲਾਹੀ ਸਫਰ ਦਾ ਸਾਥੀ ਬਣਾਉਂਦੇ ਹਨ।ਯੁੱਗ-ਕਵੀ ਪ੍ਰੋ. ਮੋਹਨ ਸਿੰਘ ਆਪਣੇ ਮਹਾਂ ਕਾਵਿ ਵਿੱਚ ਗੁਰੂ ਬਾਬੇ ਦੇ ਵਿਆਹ ਦੇ ਉਤਸਵ ਸਮੇਂ, ਉਸ ਨਾਲ ਭਾਈ ਮਰਦਾਨਾ ਦੇ ਮੇਲ ਨੂੰ, ਬਹੁਤ ਵੱਡੇ ਵਰਦਾਨ ਜਾਂ ਕੀਮਤੀ ਦਾਤ ਦੇ ਤੌਰ ਤੇ ਲੈਂਦੇ ਹਨ :-

ਦਿੱਸੇ ਏਸ ਵਿਆਹ ਤੇ ਨਾਨਕ ਅਤ ਪਰਸੰਨ,
ਮਿਲ ਗਏ ਸਨ ਓਸ ਨੂੰ ਦੋ ਬਹੁਮੁੱਲੇ ਧੰਨ ।

ਸੀਲ, ਸੁਨੱਖੀ, ਸੋਹਣੀ, ਇੱਕ ਸੁਲੱਖਣੀ ਨਾਰ,
ਦੂਜਾ ਭਰਿਆ ਗੁਣਾਂ ਦਾ ਮਰਦਾਨਾ ਜਿਹਾ ਯਾਰ।

ਪੁਤ ਬਾਦਰੇ ਮੀਰ ਦਾ ਚੋਂਭੜ ਜਿਸ ਦੀ ਜ਼ਾਤ,
ਮਿਲੀ ਜਿੰਨੂੰ ਸੰਗੀਤ ਦੀ ਵਿਰਸੇ ਦੇ ਵਿੱਚ ਦਾਤ।

ਸੀ ਵੱਡਾ ਗੁਰਦੇਵ ਤੋਂ ਦੋ ਮਾਂਹ ਤੇ ਨੌਂ ਸਾਲ,
ਹਾਸਿਲ ਵਿੱਚ ਰਬਾਬ ਦੇ ਜਿਸ ਨੂੰ ਵੱਡਾ ਕਮਾਲ।

ਬੁੱਤ ਪਤਲਾ, ਨਕ ਸੂਤਵਾਂ, ਮਿਸਰੀ ਜਿਹੀ ਅਵਾਜ਼,
ਦੇਖਣ ਵਾਲਾ ਗਾਉਂਦਿਆਂ, ਅਖਾਂ ਦਾ ਅੰਦਾਜ਼ ।

ਵਿੱਚ ਬਟਾਲੇ ਦੇਖ ਕੇ ਉਸ ਦਾ ਕਸਬ ਕਮਾਲ,
ਰਸੀਆ ਮਨ ਗੁਰਦੇਵ ਦਾ ਹੋਇਆ ਬੜਾ ਨਿਹਾਲ।"[1]

ਸਾਡੇ ਗੁਰੂ ਸਾਹਿਬਨ ਨੇ ਭਾਰਤੀ ਸ਼ਾਸਤਰੀ ਗਾਇਨ, ਕੁਝ ਕੁ ਸਾਮੀ ਸਾਜ਼ਿੰਦਿਆਂ ਅਤੇ ਸਾਡੀਆਂ ਲੋਕ ਧਾਰਾਈ ਗਾਇਨ ਪਰਪਾਟੀਆਂ ਦਾ ਆਪੋ ਵਿੱਚ ਸਮਾਵੇਸ਼ ਕਰਕੇ, ਗੁਰਮਤਿ ਸੰਗੀਤ ਦੀ ਨੀਂਹ ਧਰੀ। ਇਸ ਤੇ ਅੱਜ ਬਹੁਤ ਸੁੰਦਰ ਇਮਾਰਤਸਾਜ਼ੀ ਹੋ ਚੁੱਕੀ ਹੈ। ਸਤਿਗੁਰੂ ਰਾਮ ਸਿੰਘ ਜੀ ਨੇ ਵੀ ਆਪਣੇ ਨਾਮਧਾਰੀ ਸੰਤ ਖਾਲਸੇ ਦੀ ਸਾਜਨਾ ਦੇ ਸਮੇਂ ਤੋਂ ਹੀ ਗੁਰੂ ਦਰਬਾਰ ਦੇ ਕੀਰਤਨੀਆਂ, ਰਾਗੀਆਂ, ਰਬਾਬੀਆਂ ਨੂੰ ਆਪਣੇ ਮਿਸ਼ਨ ਦੇ ਪਰਚਾਰ ਤੇ ਪਰਸਾਰ ਵਾਸਤੇ ਥਾਓਂ ਥਾਂਈ ਨਿਯੁਕਤ ਕੀਤਾ। ਆਪ ਜੀ ਸ੍ਰੀ ਭੈਣੀ ਸਾਹਿਬ ਜਾਂ ਸਿੱਖੀ ਪਰਚਾਰ ਦੌਰਿਆਂ ਵਿੱਚ ਜਿੱਥੇ ਵੀ ਪੜਾਉ ਕਰਦੇ , ਰੋਜ਼ਾਨਾ ਅੰਮ੍ਰਿਤ ਵੇਲੇ ਦੀ ਆਸਾ ਜੀ ਦੀ ਵਾਰ ਦੇ ਗਾਇਨ ਤੋਂ ਲੈ ਕੇ, ਪਿਛਲੇ ਪਹਿਰ ਦੇ ਦੀਵਾਨਾਂ ਤੱਕ ਕੀਰਤਨ ਅਤੁੱਟ ਅੰਗ ਬਣ ਚੁੱਕਾ ਸੀ। ਪੰਜਾਬ ਦੇ ਵੱਖ-ਵੱਖ ਭਾਗਾਂ ਵਿੱਚ ਗੁਰੂ ਕੀਰਤਨੀਏ ਨਿਯੁਕਤ ਕੀਤੇ ਗਏ। ਮਾਲਵੇ ਵਿੱਚ ਇਹ ਸੇਵਾ ਭਾਈ ਪ੍ਰੇਮ ਸਿੰਘ ਕਿਰਪਾਲ ਸਿੰਘ ਭਦੌੜ ਵਾਲੇ ਪਿਤਾ ਪੁੱਤਰਾਂ ਦੇ ਜਥੇ ਨੂੰ ਮਿਲੀ। ਇਸ ਜਥੇ ਦੀਆਂ ਚਾਰ ਪੀਹੜੀਆਂ ਨੇ ਨਾਮਧਾਰੀ ਦਰਬਾਰ, ਸ੍ਰੀ ਭੈਣੀ ਸਾਹਿਬ ਦੇ ਨਿਰਦੇਸ਼ਨ ਹੇਠ ਗੁਰਮਤਿ ਕੀਰਤਨ ਦੀ ਵੱਡੀ ਸੇਵਾ ਨਿਬਾਹੀ ਹੈ।

ਸਾਡੇ ਇਤਿਹਾਸ ਦਾ ਬਹੁਤ ਹੀ ਕੀਮਤੀ ਸਰਮਾਇਆ, ਵਕਤ ਦੀ ਧੂੜ ਵਿੱਚ ਅਲੋਪ ਹੋ ਚੁੱਕਾ ਹੈ। ਲਿਖਣ ਪੜ੍ਹਣ ਦਾ ਰਿਵਾਜ ਬਾਗੀਆਂ ਦੀ ਇਸ ਕੌਮ ਵਿੱਚ, ਬਹੁਤ ਘੱਟ ਸੀ। ਸਾਡੇ ਪੁਰਾਣੇ ਬਜ਼ੁਰਗਾਂ ਨੇ ਇਸਲਾਮੀ ਜਾਂ ਯੂਰਪੀਨ ਯਾਤਰੂਆਂ ਜਿਉਂ ਕਦੇ ਵੀ ਆਪਣੇ ਸਮਾਚਾਰ ਕਲਮਬੰਦ ਨਾ ਕੀਤੇ। ਸਿੱਖਾਂ ਜਿਉਂ ਕੂਕਿਆਂ ਦਾ ਵੀ ਵਧੇਰੇ ਇਤਿਹਾਸ ਉਹਨਾਂ ਦੇ ਵਿਰੋਧੀਆਂ ਦੁਆਰਾ ਹੀ ਲਿਖਿਆ ਗਿਆ ਸੀ। ਇਹ ਤੇ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੀ ਕਮਾਲ ਦੀ ਰਾਜਸੀ ਸੂਝ ਦਾ ਪ੍ਰਤੀਫ਼ਲ ਸੀ ਕਿ ਨਾਮਧਾਰੀ ਅਖਬਾਰ, ਕੂਕਾ ਰੋਜ਼ਾਨਾ ਅਤੇ ਸਤਿਜੁਗ ਸਪਤਾਹਿਕ ੧੯੨੦ ਈ. ਤੋਂ ਛਪਣੇ ਸ਼ੁਰੂ ਹੋਏ। ਕੂਕਾ ਅਖਬਾਰ ਜਾਂ ਕੁਝ ਉਸ ਦੇ ਹੋਰ ਸਹਿਯੋਗੀ ਤਾਂ ਛੇਤੀ ਹੀ ਕਾਲ ਦੀ ਗਰਤ ਵਿਚ ਸਮਾ ਗਏ, ਪਰ ਸਤਿਜੁਗ ਚਿਰਜੀਵੀ ਹੋ ਨਿਬੜਿਆ। ਆਪਣੇ ਪੰਥ ਵਾਸਤੇ ਮਹਾਨ ਯੋਗਦਾਨ ਪਾਉਣ ਵਾਲਿਆਂ ਬਾਰੇ, ਗਾਹੇ-ਬਿਗਾਹੇ ਇਸ ਦੇ ਪੰਨਿਆਂ ਤੇ, ਪਿਛਲੇ ਨੌਂ ਦਸ ਦਹਾਕਿਆਂ ਤੋਂ ਛਪਦਾ ਆ ਰਿਹਾ ਹੈ। ਇੱਕ ਦਿਨ ਪੁਰਾਣੇ ਅੰਕਾਂ ਦੀ ਫੋਲ ਫਾਲ ਵਿੱਚੋਂ, ਮੈਨੂੰ ਭਾਈ ਪ੍ਰੇਮ ਸਿੰਘ ਜੀ ਰਾਗੀ ਦੇ ਕੂਕਾ ਬਣਨ ਬਾਰੇ ਕੁਝ

ਸਮਾਚਾਰ ਪੜ੍ਹਨ ਨੂੰ ਮਿਲ ਗਏ ਅਤੇ ਵਧੇਰੇ ਖ਼ੁਸ਼ੀ ਇਸ ਗੱਲ ਦੀ ਹੋਈ ਕਿ ਲੇਖਕ ਹੋਰ ਕੋਈ ਨਹੀਂ ਸੀ, ਸਗੋਂ ਆਪ ਜੀ ਦਾ ਆਪਣਾ ਸਕਾ ਪੋਤਰਾ ਭਾਈ ਹਜੂਰਾ ਸਿੰਘ ਰਾਗੀ ਸੀ। ਇਸ ਲੇਖ ਅਤੇ ਜੱਸ ਜੀਵਨ ਵਿੱਚ ਵਹਿਮੀ ਜੀ ਦੁਆਰਾ ਵਰਣਿਤ ਵਾਕਿਆਤ ਦੁਆਰਾ, ਮੈਂ ਕੁਝ ਕੁ ਇਸ ਕਾਬਲ ਹੋ ਸਕਿਆ ਹਾਂ ਕਿ ਇਸ ਗੁਰੂ ਪਿਆਰੇ, ਕੌਮੀ ਅਣਖ ਨਾਲ ਲਬਰੇਜ਼ ਅਤੇ ਸੰਤ ਖਾਲਸੇ ਦੀ ਸਪਿਰਟ ਨਾਲ ਭਰਪੂਰ, ਰਾਗੀ ਭਾਈ ਪ੍ਰੇਮ ਸਿੰਘ ਜੀ ਬਾਰੇ ਕੁਝ ਕੁ ਸੂਚਨਾਵਾਂ ਦੇ ਸੱਕਾਂ। ਵਹਿਮੀ ਜੀ ਦੇ ਲਿਖਣ ਮੁਤਾਬਕ ਉਹਨਾਂ ਨੂੰ, ਸਤਿਗੁਰੂ ਪਰਤਾਪ ਸਿੰਘ ਜੀ ਨੇ ਉਚੇਚਾ ਹੁਕਮ ਕਰਕੇ, ਭਾਈ ਪ੍ਰੇਮ ਸਿੰਘ ਹੋਰਾਂ ਬਾਰੇ , ਹਜੂਰਾ ਸਿੰਘ ਜੀ, ਹੋਰਾਂ ਤੋਂ ਸੁਣ ਕੇ ਲਿਖਣ ਦਾ ਕਾਰਜ ਸੌਂਪਿਆ ਸੀ।[2] ਸਤਿਗੁਰੂ ਪਰਤਾਪ ਸਿੰਘ ਜੀ, ਨਾਮਧਾਰੀ ਇਤਿਹਾਸ ਦੇ ਖਿੱਲਰੇ ਪੱਤਰਿਆਂ ਦੇ ਇਕੱਤਰੀਕਰਣ ਲਈ ਬਹੁਤ ਫਿਕਰਮੰਦ ਸਨ। ਪਰ ਉਹਨਾਂ ਦਾ ਸਾਰਾ ਜੀਵਨ ਬਹੁਤ ਹੋਣੀਆਂ ਭਰਪੂਰ ਹੀ ਸੀ। ਪਹਿਲਾਂ ਆਜ਼ਾਦੀ ਦੀ ਲੜਾਈ ਨੂੰ ਇਸ ਦੇ ਮੰਤਕੀ ਨਤੀਜੇ ਤੱਕ ਪੁਚਾਉਣ ਦੀ ਕਾਹਲ ਅਤੇ ਫਿਰ ੧੦-੧੨ ਸਾਲ ਮੁੜ ਵਸੇਬੇ ਦੇ ਲੇਖੇ ਲੱਗ ਗਏ। ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪਣੇ ਸਮੇਂ ਫਿਰ ਮੁੱਢੋਂ-ਸੁੱਢੋਂ ਯਤਨ ਅਰੰਭੇ। ਜਿੱਥੋਂ ਜੋ ਮਿਲਿਆ ਜਿਵੇਂ ਮਿਲਿਆ, ਇਕੱਠਾ ਕੀਤਾ। ਨਾਮਧਾਰੀ ਇਤਿਹਾਸ ਦੀ ਰਸਾਈ ਅਕਾਦਮਿਕ ਖੇਤਰ ਤੱਕ ਹੋ ਗਈ। ਹਾਜ਼ਰਾ ਹਜ਼ੂਰ ਸਤਿਗੁਰੂ ਜੀ ਉਸੇ ਪਰੰਪਰਾ ਨੂੰ, ਹੋਰ ਵਿਸਤਰਿਤ ਕਰਨ ਲਈ ਯਤਨਸ਼ੀਲ ਹਨ। ਆਸ ਬੱਝ ਰਹੀ ਹੈ ਕਿ ਸਤਿਗੁਰੂ ਰਾਮ ਸਿੰਘ ਜੀ ਦੀ ਦੂਸਰੀ ਪਰਕਾਸ਼ ਸ਼ਤਾਬਦੀ ਦੀ ਸੰਪੂਰਨਤਾ ਦੇ ਨਾਲ, ਇਸ ਸੰਬੰਧੀ ਗਿਣਾਤਮਕ ਅਤੇ ਗੁਣਾਂਤਮਕ ਤੌਰ ਤੇ ਵੀ ਹੋਰ ਕਾਰਜ ਸਿਰੇ ਚੜ੍ਹਨਗੇ।

ਭਾਈ ਪ੍ਰੇਮ ਸਿੰਘ ਜੀ ਦੀ ਸਤਿਗੁਰੂ ਰਾਮ ਸਿੰਘ ਜੀ ਨਾਲ ਸਿੱਖ ਸੈਨਾ ਵਿੱਚ ਕਿਆਮ ਕਰਨ ਦੀ ਵੀ ਸਾਂਝ ਸੀ। ਬਾਬਾ ਜੀ ਉਮਰ ਵਿੱਚ ਸਤਿਗੁਰੂ ਜੀ ਤੋਂ ਘੱਟੋ ਘੱਟ ਦਸ ਸਾਲ ਵਡੇਰੇ ਸਨ। ਇਹੋ ਕਾਰਨ ਹੈ ਕਿ ਬਾਬਾ ਜੀ ਦੇ ਪੁੱਤਰ ਭਾਈ ਕਿਰਪਾਲ ਸਿੰਘ ਦੀ ੧੯੮੦ ਈ. ਵਿੱਚ ਰੰਗੂਨ ਯਾਤਰਾ ਸਮੇਂ ਬਾਬਾ ਪ੍ਰੇਮ ਸਿੰਘ ਬਿਰਧ ਸਰੀਰ ਕਾਰਨ, ਸਫਰ ਦੀਆਂ ਦੁਸ਼ਵਾਰੀਆਂ ਸਾਂਹਵੇ ਬੇਬਸ ਸਨ। ਸਤਿਗੁਰੂ ਜੀ ਤਾਂ ਅਨਿਯਮਤ ਸਿੱਖ ਸੈਨਾ ਦੇ ਸਿਪਾਹੀ ਸਨ, ਨੌਨਿਹਾਲ ਸਿੰਘ ਰੈਜੀਮੈਂਟ ਵਿੱਚ। ਉਸ ਸਮੇਂ "ਬਾਬਾ ਪ੍ਰੇਮ ਸਿੰਘ ਜੀ ਘੋੜ ਚੜ੍ਹਿਆਂ ਵਿੱਚ ਰਾਗੀ ਸੀ। ਬਾਬਾ ਜੀ ਸਿਰਫ ਕੀਰਤਨ ਕਰਦੇ ਹੁੰਦੇ ਸੀ। ਉੱਥੇ ਲੋਕਾਂ ਪਾਸੋਂ ਸੁਣਦੇ ਹੁੰਦੇ ਸਨ ਕਿ ਪਲਟਨ ਵਿੱਚ ਇਕ ਮਸਤਾਨਾ ਹੈ, ਇਤਨੀ ਹੀ ਸਰੋਤ ਸੀ। ਕੁਦਰਤੀ ਇਧਰੋਂ ਤਾਂ ਸਤਿਗੁਰਾਂ ਅਸਤੀਫਾ ਦੇ ਦਿੱਤਾ (ਬੰਦੂਕ ਦਰਿਆ ਵਿੱਚ ਸੁੱਟ ਦਿੱਤੀ ਦਿਸੰਬਰ ੧੮੪੫ ਮੁਦਕੀ ਦੀ ਲੜਾਈ ਸਮੇਂ, ਸਿੱਖ ਜਰਨੈਲਾਂ ਅਤੇ ਵਜ਼ੀਰਾਂ ਦੀ ਕੰਪਨੀ ਸਰਕਾਰ ਨਾਲ ਸਾਂਠ ਗਾਂਠ ਨੂੰ ਭਾਂਪਦਿਆਂ) ਉਧਰੋਂ ਬਾਬਾ ਜੀ ਵੀ ਨੌਕਰੀ ਛੱਡ ਦਿੱਤੀ। ਬਾਬੇ ਹੋਰੀਂ ਆਪਣੇ ਪਿੰਡ ਆ ਗਏ। ਪਿੰਡ ਭਦੌੜ ਰਿਆਸਤ ਪਟਿਆਲਾ ਵਿੱਚ ਸੀ। ਪਿੰਡ ਦੇ ਸ੍ਰੀ ਅਚਲ ਸਿੰਘ ਹੋਰਾਂ ਨੇ ਬਾਬੇ ਹੋਰਾਂ ਦੀਆਂ ਛੇ (੬) ਰਸਦਾਂ ਪੱਕੀਆਂ ਲਾ ਦਿੱਤੀਆਂ। ਬਾਬੇ ਹੋਰਾਂ ਦੋ ਵਕਤ ਕੀਰਤਨ ਕਰਨਾ ਸਰਦਾਰ ਦੇ ਪਾਸ। ਸਰਦਾਰ ਬਾਬੇ ਹੋਰਾਂ ਨੂੰ ਡੇਢ ਬੋਤਲ ਸ਼ਰਾਬ ਹਰ ਰੋਜ਼ ਦਿੰਦਾ ਹੁੰਦਾ ਸੀ। ਬਾਬੇ ਹੋਰਾਂ

ਉਹ ਵੀ ਡੇਢ ਬੋਤਲਾਂ ਪੀ ਛੱਡਣੀਆਂ ਅਤੇ ਜਿਹੜੀ ਘਰ ਕੱਢਣੀ ਉਹ ਵੱਖਰੀ। ਸਰਦਾਰ ਨੇ ਬਾਬੇ ਹੋਰਾਂ ਦੇ ਨਾਂ ਕੁਝ ਜ਼ਮੀਨ ਵੀ ਲੁਆ ਦਿੱਤੀ ਪਾਣੀ ਸਮੇਤ।[3]

ਰੇਲਵੇ ਸਟੇਸ਼ਨ ਤਪੇ ਤੋਂ ਭਦੌੜ ਅੱਠ ਮੀਲ ਉਤਰ ਦਿਸ਼ਾ ਵਿੱਚ ਸਥਿਤ ਪਿੰਡ, ਭਦੌੜ ਨੂੰ ਫੂਲਵੰਸ਼ੀ ਬਾਬਾ ਆਲਾ ਸਿੰਘ ਨੇ ਵਸਾਇਆ ਸੀ, ਜਿਸ ਵਿੱਚ ਉਸ ਦੇ ਪਿਤਾ ਰਾਮ ਸਿੰਘ ਦੇ ਵੱਡੇ ਪੁੱਤਰ, ਦੂੰਨੇ ਦੀ ਔਲਾਦ ਦੇ ਸਰਦਾਰ ਮਾਲਿਕ ਸਨ।[4] ਇਹ ਸਰਦਾਰ ਅਚਲ ਸਿੰਘ ਵੀ ਇਸੇ ਬਾਬੇ ਦੂੰਨੇ ਦਾ ਵੰਸ਼ਿਜ ਸੀ ਅਤੇ ਮਹਾਰਾਜਾ ਆਲਾ ਸਿੰਘ ਬਾਨੀ ਪਟਿਆਲਾ ਰਿਆਸਤ, ਦੂੰਨੇ ਦਾ ਸਕਾ ਭਰਾ ਸੀ। ਆਲਾ ਸਿੰਘ ਦਾ ਦੂਜਾ ਭਰਾ ਬਖਤਾ ਸੀ। ਜੋ ਨਾਮਧਾਰੀ ਇਤਿਹਾਸ ਵਿੱਚ ਚਰਚਿਤ ਸ੍ਰ. ਬਦਨ ਸਿੰਘ ਅਤੇ ਉਸ ਦੇ ਪਿਤਾ ਮਿੱਤ ਸਿੰਘ ਮਲੌਦ ਦਾ ਵਡੇਰਾ ਸੀ।[5] ਸਤਵੇਂ ਗੁਰੂ ਹਰ ਰਾਇ ਸਾਹਿਬ ਜੀ ਤੋਂ ਪੁਰਸ਼ਾਰਥੀ ਜੀਵਨ ਜਿਊਣ ਅਤੇ ਇਸ ਤਰ੍ਹਾਂ ਧਰਮ ਦੀ ਕਿਰਤ ਵਿਰਤ ਕਰਦਿਆਂ, ਵਧਣ ਫੁੱਲਣ ਅਤੇ ਮਾਲ ਮਿਲਖਦਾਰ ਬਣਨ ਦਾ, ਵਰਦਾਨ ਲੈਣ ਵਾਲੇ ਬਾਬੇ ਫੂਲ ਦੀ ਔਲਾਦ ਵਿੱਚ, ਉਨੀਵੀਂ ਸਦੀ ਵਿੱਚ ਆਉਂਦਿਆਂ ਆਉਂਦਿਆਂ ਬੇਸ਼ੱਕ ਸਿੱਖੀ ਉਪਰ ਸਾਮੰਤੀ ਜੀਵਨ ਦੀ ਪਰਤ ਚੜ੍ਹਨ ਸਦਕਾ, ਅਭੱਖ ਖਾਜ ਅਤੇ ਸੁਰਾ ਸੁੰਦਰੀ ਉਹਨਾਂ ਦੇ ਜੀਵਨ ਦਾ ਅੰਗ ਬਣ ਚੁੱਕੀ ਸੀ, ਪਰਉਪਕਾਰੀ ਸਤਿਗੁਰੂ ਦੀਆਂ ਬਖਸ਼ਿਸ਼ਾਂ ਨੂੰ ਚਿਤਾਰਦੇ ਹੋਏ, ਅਜੇ ਤੱਕ ਗੁਰਮਤਿ ਕੀਰਤਨ ਸੁਣਨ ਦੀ ਪਰੰਪਰਾ ਉਹਨਾਂ ਵਿੱਚ ਚਲੀ ਆਉਂਦੀ ਸੀ। ਇਹੋ ਕੇਂਦਰੀ ਨੁਕਤਾ ਸ੍ਰ. ਅਚਲ ਸਿੰਘ ਭਦੌੜ ਅਤੇ ਉਸ ਦੇ ਨਗਰ ਦੇ ਭਾਈ ਪ੍ਰੇਮ ਸਿੰਘ ਰਾਗੀ ਨੂੰ ਆਪ ਵਿੱਚ ਜੋੜ ਰਿਹਾ ਸੀ।

ਸਿੱਖੀ ਨੂੰ ਇਸ ਪਤਨੋਮੁਖੀ ਅਵਸਥਾ ਵਿੱਚੋਂ ਬਾਹਰ ਕੱਢਣ ਲਈ ਅਤੇ ਜ਼ਾਲਮ, ਵਿਦੇਸ਼ੀ, ਲੁਟੇਰੇ ਹਾਕਮਾਂ ਵਿਰੁੱਧ, ਲੋਕਾਈ ਨੂੰ ਇਕਜੁੱਟ ਕਰਨ ਲਈ, ਸਤਿਗੁਰੂ ਰਾਮ ਨੇ ਆਪਣਾ ਕੂਕਾ ਸੰਗਰਾਮ ਵਿੱਢ ਦਿੱਤਾ ਸੀ। ਉਹਨਾਂ ਦੀ ਸੋਅ ਸੂਰਜ ਦੀ ਰੌਸ਼ਨੀ ਵਾਂਗ ਚਾਰ-ਚੁਫੇਰੇ ਪਸਰ ਰਹੀ ਸੀ। ਲੋਕ ਧੜਾ-ਧੜ ਆਪਦੇ ਸੰਤ ਖਾਲਸੇ ਦੇ ਨਿਸ਼ਾਨ ਹੇਠ ਜੁੜਦੇ ਜਾ ਰਹੇ ਸਨ। ਭਦੌੜ ਦੇ ਖਿੱਤੇ ਵਿੱਚ ਹੀ ਮਾਲਵੇ ਦਾ ਮਸ਼ਹੂਰ ਪਿੰਡ ਤਖਤੂਪੁਰਾ ਹੈ, ਜਿੱਥੇ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਨੇ ਮਾਲਵੇ ਦੇ ਦੌਰੇ ਸਮੇਂ ਦਰਸ਼ਨ ਦਿੱਤੇ ਸਨ। ਸਤਿਗੁਰੂ ਰਾਮ ਸਿੰਘ ਜੀ ਪਰਚਾਰ ਦੇ ਅਸਰ ਹੇਠ ਇਸ ਇਤਹਾਸਕ ਪਿੰਡ ਸਮੇਤ ਤੇਜ਼ੀ ਨਾਲ ਕੂਕਾ ਮੱਤ ਵਧ ਫੁਲ ਰਿਹਾ ਸੀ। ਇੱਥੇ ਇੱਕ ਭਾਈ ਰਿਖੀ ਸਿੰਘ ਨਾਮੇ ਨਿਹੰਗ ਸਿੰਘ ਹੁੰਦਾ ਸੀ। ਉਂਜ ਬਾਬਾ ਪ੍ਰੇਮ ਸਿੰਘ ਵੀ ਕੂਕਾ ਬਣਨ ਤੋਂ ਪਹਿਲਾਂ ਨਿਹੰਗ ਸਿੰਘ ਹੀ ਸਨ ਅਤੇ ਨਿਹੰਗ ਸਿੰਘਾਂ ਵਾਲੇ ਬਾਣੇ ਵਿੱਚ ਹੀ ਵਿਚਰਦਾ ਸੀ। ਉਸ ਦਾ ਕੂਕਾ ਮੱਤ ਨਾਲ ਨਾਤਾ ਮਾਰਫਤ ਬਾਬਾ ਰਿਖੀ ਸਿੰਘ ਹੀ ਜੁੜਦਾ ਹੈ। ਸਤਿਗੁਰੂ ਜੀ ਦੇ ੧੮੬੨ ਈ. ਤੋਂ ੧੮੬੭ ਈ. ਤੱਕ ਦੇ ਪਰਚਾਰ ਦੌਰਿਆਂ ਵਿੱਚ ਇੱਕ ਮਸਤਾਨੇ ਰਿਖੀ ਸਿੰਘ ਦਾ ਕਾਫੀ ਜ਼ਿਕਰ ਹੈ। ਕੀ ਇਹ ਰਿਖੀ ਸਿੰਘ ਤਖਤੂਪੁਰੇ ਵਾਲੇ ਹੀ ਸਨ ਜਾਂ ਕੋਈ ਹੋਰ ਅਜੇ ਇਤਿਹਾਸਕ ਖੋਜ ਦਾ ਵਿਸ਼ਾ ਹੈ। ਉਂਜ ਥਰਾਜ ਵਾਲੇ ਦੀ ਪ੍ਰਸਿੱਧ ਕੂਕਾ ਬਗਾਵਤ ਵਿੱਚ ਵੀ ਸ਼ਾਮਲ ਇੱਕ ਸਿੰਘ ਮਸਤਾਨਾ ਰਿਖੀ ਸਿੰਘ ਸੀ। ਪਰ ਉਸ ਦਾ ਪਿੰਡ ਮੁਕਸਤਸਰ ਪਾਸ ਸੁਆਂਗ ਸੀ ਅਤੇ ਪਹਿਲਾ

ਨਾਉਂ ਭਗਵਾਨ ਸਿੰਘ ਸੀ। ਇਹ ਵੀ ਹੋ ਸਕਦਾ ਹੈ ਕਿ ਜਦੋਂ ਕੋਈ ਵਿਅਕਤੀ ਪਹਿਲੇ ਮੰਦ ਕਰਮਾਂ ਵਾਲਾ ਜੀਵਨ ਤਿਆਗ ਕੇ, ਉੱਚੀ ਸੁੱਚੀ ਬਿਰਤੀ ਵਾਲੇ ਦੇਵਤਾ ਸਰੂਪ ਹੋ ਕੇ ਗੁਰੂ ਕੇ ਤਿਆਰ ਬਰ ਤਿਆਰ ਸੰਤ ਖਾਲਸੇ ਦਾ ਰੂਪ ਧਾਰਨ ਕਰ ਲੈਂਦਾ ਤਾਂ ਆਮ ਜਨ ਦੀਆਂ ਨਜ਼ਰਾਂ ਵਿੱਚ ਉਹ ਸਾਧੂ ਸਰੂਪ ਹੋਣ ਕਾਰਨ ਰਿਖੀ ਸਿੰਘ ਕਹਿ ਕੇ ਬੁਲਾਇਆ ਜਾਣ ਲੱਗਦਾ ਹੋਵੇ। ਖ਼ੈਰ ਬਾਬਾ ਜੀ ਦਾ ਪੋਤਰਾ ਭਾਈ ਹਜ਼ੂਰ ਸਿੰਘ ਰਾਗੀ ਇਸ ਪਰਿਵਰਤਨਕਾਰੀ ਘਟਨਾ ਨੂੰ ਇਉਂ ਕਾਨੀਬਧ ਕਰ ਗਿਆ ਹੈ।

"ਬਾਬੇ ਹੋਰੀਂ ਬਹੁਤੀ ਸੌ ਸਾਖੀ ਪੜ੍ਹਦੇ ਹੁੰਦੇ ਸਨ। ਇੱਕ ਦਿਨ ਪੜ੍ਹਦਿਆਂ ਪੜ੍ਹਦਿਆਂ ਇਹ ਤੁਕ ਆ ਗਈ–"ਰਾਮ ਸਿੰਘ ਮੇਰੋ ਹੋਇ ਨਾਮਾ। ਬਾਢੀ ਸੁਤ ਭੈਣੀ ਕੋ ਧਾਮਾ।"

"ਇਤਨੀ ਤੁਕ ਸੁਣਦਿਆਂ ਮਨ ਨੂੰ ਖਿਚ ਲੱਗੀ, ਤਖਤੂਪੁਰੇ ਇੱਕ ਬਾਬੇ ਹੋਰਾਂ ਦਾ ਮਿਤਰ ਸੀ, ਉਸਦਾ ਨਾਮ ਬਾਬਾ ਰਿਖੀ ਸਿੰਘ ਸੀ, ਉਸੇ ਵਕਤ ਤਖਤੂਪੁਰੇ ਨੂੰ ਤਿਆਰੀ ਕੀਤੀ। ਇਹ ਬਾਬੇ ਹੋਰੀਂ ਵੀ ਨਿਹੰਗ ਸਿੰਘ ਸੀਤੇ ਜਿਹੜਾ ਇਹਨਾਂ ਦਾ ਮਿਤਰ ਸੀ ਉਹ ਵੀ ਨਿਹੰਗ ਸੀ, ਜਿਸ ਵਕਤ ਤਖਤੂਪੁਰੇ ਪਹੁੰਚੇ ਤਾਂ ਕੀ ਦੇਖਦੇ ਹਨ ਕਿ ਬਾਬਾ ਰਿਖੀ ਸਿੰਘ ਦੀ ਦਸਤਾਰ ਸਿੱਧੀ ਹੈ। ਵੇਖ ਕੇ ਹੈਰਾਨ ਰਹਿ ਗਏ। ਹੋਰ ਤਾਂ ਕੋਈ ਗੱਲਬਾਤ ਨਹੀਂ ਕੀਤੀ ਬੱਸ ਇਤਨੀ ਹੀ ਕੀਤੀ ਹੈ, "ਭਾਈ ਰਿਖੀ ਸਿੰਘ! ਜਿਹੜੀ ਸੌ ਸਾਖੀ ਵਿੱਚ ਤੁਕ ਲਿਖੀ ਹੋਈ ਹੈ ਕਿ–"ਰਾਮ ਸਿੰਘ ਮੇਰੋ ਹੋਇ ਨਾਮਾ ਬਾਢੀ ਸੁਤ ਭੈਣੀ ਕੋ ਧਾਮਾ" ਇਹ ਕਿੱਥੇ ਹੋਵੇਗਾ?" ਤਾਂ ਅੱਗੋਂ ਭਾਈ ਰਿਖੀ ਸਿੰਘ ਜੀ ਕਹਿੰਦਾ ਹੈ ਕਿ ਭਾਈ ਇਹ ਜਿਹੜੀ ਸਿੱਧੀ ਦਸਤਾਰ ਸਜਾਈ ਹੈ, ਉਸ ਦੀ ਹੀ ਕ੍ਰਿਪਾ ਹੈ। ਭੈਣੀ ਨਗਰ ਜ਼ਿਲ੍ਹਾ ਲੁਧਿਆਣੇ ਵਿੱਚ ਬਾਰਮਾਂ ਜਾਮਾ ਪ੍ਰਗਟਾਇਆ ਹੈ, ਜਿਸ ਬਾਰੇ ਸੌ ਸਾਖੀ ਮੈਂ ਲਿਖਿਆ ਹੈ, ਜਿਹੜੀ ਤੁੱਕ ਤੂੰ ਪੁੱਛਦਾ ਹੈਂ। ਛੇਤੀ ਜਾਹ ਤੇ ਜਾ ਕੇ ਭਜਨ ਲੈ ਤੇ ਜਨਮ ਸੁਫ਼ਲ ਕਰ। ਉਸੇ ਵਕਤ ਪਿੰਡ ਆਏ। ਸਰਦਾਰ ਪਾਸੋਂ ਇੱਕ ਮਹੀਨੇ ਦੀ ਛੁੱਟੀ ਮੰਗੀ ਤੇ ਬੈਲ ਗੱਡੀ ਜੋੜ ਕੇ, ਸਮੇਤ ਪਰਿਵਾਰ ਸ੍ਰੀ ਭੈਣੀ ਸਾਹਿਬ ਨੂੰ ਟੁਰ ਪਏ। ਰਸਤੇ ਵਿੱਚ ਬਾਬੇ ਹੋਰਾਂ ਦੇ ਅੰਦਰ ਇਹ ਫੁਰਨਾ ਫੁਰਿਆ ਕਿ ਮੈਂ ਤਾਂ ਮੰਨਾਂਗਾ, ਜੇ ਜਾਂਦੇ ਨੂੰ ਨਾਂਅ ਲੈ ਕੇ ਬੁਲਾਣ। ਕੁਝ ਦਿਨਾਂ ਬਾਦ ਜਦ ਭੈਣੀ ਸਾਹਿਬ ਪਹੁੰਚੇ ਤਾਂ ਸ੍ਰੀ ਸਤਿਗੁਰੂ ਜੀ ਅਕਾਲ ਬੁੰਗੇ ਦੇ ਦਰਵਾਜ਼ੇ ਵਿੱਚ ਖੜ੍ਹੇ ਹਨ। ਬਾਬੇ ਹੋਰੀਂ ਵੇਖਦੇ ਹਨ, ਉਹ ਚਿਤ ਵਿੱਚ ਇਹ ਆਖਦੇ ਹਨ ਕਿ ਜਿਹੜਾ ਬਾਰ੍ਹਮਾਂ ਜਾਮਾ ਪ੍ਰਗਟਿਆ ਹੈ, ਇਹ ਜਿਹੜਾ ਦਰਵਾਜੇ ਵਿੱਚ ਖੜਾ ਹੈ ਸ਼ਾਇਦ ਉਸ ਦਾ ਕੋਈ ਮਹੰਤ ਹੋਵੇਗਾ। ਜਿਸ ਵਕਤ ਉੱਥੇ ਸਿਰੇ ਤੇ ਪਹੁੰਚੇ ਤਾਂ ਅੱਗੋਂ ਸ੍ਰੀ ਸਤਿਗੁਰੂ ਜੀ ਬੋਲੇ ਕਿ ਆ ਭਾਈ ਪ੍ਰੇਮ ਸਿੰਘ! ਕੀ ਹਾਲ ਏ? ਬੱਸ ਫਿਰ ਕੀ ਸੀ, ਲੋਟ ਪੋਟ ਹੋ ਪਈਆਂ ਵਾਲਾ ਪਰਮਾਨ ਹੈ। ਤਾਂ ਫਿਰ ਗਰੀਬ ਨਿਵਾਜ਼ ਜੀ ਪੁੱਛਦੇ ਹਨ ਕਿ ਭਾਈ ਤੇਰਾ ਕੀ ਨਾਉਂ ਅਤੇ ਕਿਹੜਾ ਨਗਰ ਹੈ? ਤਾਂ ਬਾਬੇ ਹੋਰੀਂ ਬੋਲੇ ਕਿ ਦੀਨ ਦਿਆਲ ਹੁਣ ਮੇਰੇ ਦੱਸਣ ਦੀ ਤਾਂ ਗੱਲ ਹੀ ਨਾ ਰਹੀ, ਸਭ ਆਪ ਜਾਣਦੇ ਹੋ।

ਸਤਿਗੁਰੂ ਰਾਮ ਸਿੰਘ ਜੀ ਦੀ ਕਮਾਈ ਹੋਈ ਮਿਕਨਾਤੀਸੀ ਸ਼ਖਸੀਅਤ ਦੇ ਦਰਸ਼ਨ ਹੀ ਅਜਿਹੇ ਹੁੰਦੇ ਸਨ ਕਿ ਆਪ ਦੇ ਪ੍ਰਭਾ ਮੰਡਲ ਦੇ ਜਲੌਅ ਦੇ ਘੇਰੇ ਵਿੱਚ

ਆਇਆ ਕੋਈ ਵੀ ਵਿਅਕਤੀ, ਸਦਾ ਸਦਾ ਲਈ ਉਹਨਾਂ ਦਾ ਹੀ ਹੋ ਜਾਂਦਾ ਸੀ। ਐਸੇ ਦਰਸ਼ਨਾਂ ਬਾਬਤ ਗੁਰਬਾਣੀ ਵਿੱਚ ਬਹੁਤ ਸੰਕੇਤ ਮਿਲਦੇ ਹਨ-

ਦਰਸ਼ਨ ਪੇਖਤ ਸਭ ਦੁਖ ਪਰਹਰਿਆ ਜੀਉ ॥

(ਗਉੜੀ ਮ.੫,ਪੰਨਾ ੨੧੭)

ਦਰਸ਼ਨ ਸੰਤ ਦੇਹੁ ਕਰਿ ਕਿਰਪਾ
ਸਭੁ ਦਾਲਦੁ ਦੁਖੁ ਲਹਿ ਜਾਇ॥

(ਰਾਮਕਲੀ ਮ.੪,ਪੰਨਾ ੯੮੧)

ਦਰਸ਼ਨ ਦੇਖਤ ਹੀ ਮਨੁ ਮਾਨਿਆ
ਜਲ ਰਸਿ ਕਮਲ ਬਿਗਾਸੀ॥

(ਸਾਰੰਗ ਮਹਲਾ.੧, ਪੰਨਾ ੧੧੯੭)

ਦਰਸ਼ਨ ਦਾਤ ਦੇਣ ਉਪਰੰਤ, ਸਤਿਗੁਰੂ ਜੀ ਜਿਸ ਨਾਲ ਦੋ ਬੋਲ ਸਾਂਝੇ ਕਰ ਲੈਂਦੇ ਸਨ ਉਹ ਆਪਦੇ ਸ਼ਬਦ ਦੀ ਤਾਸੀਰ ਦੇ ਵਿਸਮਾਦੀ ਰੰਗ ਵਿਚ ਗੜੂੰਦ ਹੋ ਜਾਂਦਾ ਸੀ। ਭਾਈ ਪ੍ਰੇਮ ਸਿੰਘ ਜੀ ਉਪਰ ਵੀ ਇਸ ਪ੍ਰਿਥਮ ਦਰਸ਼ਨ ਦਾ ਅਨੰਦ ਉਮਰ ਭਰ ਦੀ ਪੱਕੀ ਪੀਡੀ ਸਾਂਝ ਵਿੱਚ ਬਦਲ ਗਿਆ। ਉਹ ਵੀ ਆਪਣੇ ਮਿੱਤਰ ਭਾਈ ਰਿਖੀ ਸਿੰਘ ਤਖਤੂਪੁਰੇ ਵਾਲੀ, ਸੰਤ ਮੰਡਲੀ ਵਿੱਚ ਪਰਵੇਸ਼ ਕਰ ਗਿਆ। ਹੁਣ ਨਾ ਸਰਦਾਰ ਦੀ ਨੌਕਰੀ ਦੀ ਚਿੰਤਾ ਰਹੀ। ਪੱਕਾ ਰੋਜ਼ੀਨਾ ਜੋ ਰਸਤ-ਬਸਤ, ਰੋਜ਼ ਹਮੇਸ਼ਾ ਤਰੋਤਾਜ਼ੀ ਮਿਲਦੀ ਸੀ ਉਹਦੀ ਖਿਚ ਵੀ ਮੁੱਕ ਗਈ। ਸਰਦਾਰ ਵੱਲੋਂ ਪਰਿਵਾਰ ਦੇ ਗੁਜ਼ਾਰੇ ਲਈ ਦਿੱਤੀ ਭੋਇੰ ਵੀ ਹੁਣ ਬਾਬਾ ਜੀ ਲਈ ਕੋਈ ਅਰਥ ਨਹੀਂ ਸੀ ਰੱਖਦੀ। ਉਹ ਮਾਲ ਮਿਲਖਾਂ ਵਾਲੇ ਸਿਕਦਾਰਾਂ ਦੀ ਸਿਰਦਾਰੀ ਉਲੰਘ ਕੇ, ਸੱਚੀ ਸਰਕਾਰ ਨਾਲ ਆਪਣੀ ਤਕਦੀਰ ਜੋੜ ਚੁੱਕੇ ਸਨ, ਜਿੱਥੇ ਮਾੜੇ ਤਕੜੇ, ਰਾਜੇ ਪਰਜਿਆਂ, ਅਮੀਰੀ, ਗਰੀਬੀ ਦਾ ਹਰ ਵਿਤਕਰਾ ਮਿਟ ਜਾਂਦਾ ਸੀ। ਜਿਸ ਦੇ ਦਰਬਾਰ ਵਿੱਚ ਸਾਰੇ ਹੀ ਉਸ ਦੇ ਲਾਡਲੇ ਧੀਆਂ ਪੁੱਤਰਾਂ ਜਿਉਂ ਵਿਚਰਦੇ ਸਨ। ਉਹ ਸਭ ਦਾ ਸੀ ਅਤੇ ਇਸੇ ਲਈ ਸਾਰੇ ਆਪਣੇ ਆਪ ਨੂੰ, ਉਸ ਦੇ ਹਲੀਮੀ ਰਾਜ ਦਾ ਅੰਗ ਬਣਾ ਕੇ, ਗਰਵਿਤ ਅਨੁਭਵ ਕਰਦੇ ਸਨ। ਜਿੱਥੇ ਆ ਕੇ ਸ਼ਾਹਾਂ ਸੁਲਤਾਨਾਂ ਦਾ ਸਾਰਾ ਅਤਾਬ ਚੁੱਕਿਆ ਜਾਂਦਾ ਸੀ। ਸਭ ਨੂੰ ਮਉਲਣ ਮਹਿਕਣ ਦੇ ਸਮਾਨ ਅਵਸਰ ਮਿਲ ਜਾਂਦੇ ਸਨ। ਇਸ ਪਰਿਵਰਤਨ ਤੋਂ ਅਗਲੀ ਸਥਿਤੀ ਭਾਈ ਹਜੂਰਾ ਸਿੰਘ ਬਿਆਨ ਕਰਦੇ ਹਨ। (ਪ੍ਰੇਮ ਸਿੰਘ ਨੇ ਬੇਨਤੀ ਕੀਤੀ) "ਬੱਸ ਆਪ ਹੁਣ ਨਾਮ ਦੀ ਦਾਤ ਬਖਸ਼ੋ ਤਾਂ ਦੀਨ ਦਿਆਲ ਜੀ ਬੋਲੇ ਕਿ ਭਾਈ ਤੂੰ ਤਾਂ ਅੱਗੇ ਹੀ ਭਜਨ ਕਰਦਾ ਹੈਂ। ਬਾਬੇ ਹੋਰੀਂ ਫਿਰ ਬੋਲੇ ਕਿ ਸੱਚੇ ਪਾਤਸ਼ਾਹ ਨਾਮ ਬਖਸ਼ੋ। ਤਾਂ ਸ੍ਰੀ ਸਤਿਗੁਰ ਜੀ ਨੇ ਬਾਬੇ ਹੋਰਾਂ ਦੇ ਕੰਨ ਵਿੱਚ ਆਪ ਭਜਨ ਦੱਸਿਆ। ਬਾਕੀ ਦੇ ਪਰਵਾਰ ਦੀ ਪੰਗਤ ਲੁਆ ਕੇ, ਆਪ ਵਿੱਚ ਖੜੇ ਹੋ ਕੇ, ਉਚੀ ਭਜਨ ਸੁਣਾ ਦਿੱਤਾ। ਬਾਬਾ ਜੀ ਤੋਂ ਛੋਟਾ ਭਾਈ ਨਿਹਾਲ ਸਿੰਘ ਜੀ ਤਾਂ ਤਿੰਨ ਦਿਨ ਬਦੇਹ ਹੋ ਕੇ ਪਏ ਰਹੇ ਤੇ ਤਿੰਨ ਦਿਨ ਨਾ ਅੰਨ ਤੇ ਨਾ ਜਲ ਕੁਝ ਨਹੀਂ ਖਾਧਾ ਪੀਤਾ। ਛੁੱਟੀ ਤਾਂ ਬਾਬੇ ਹੋਰੀਂ ਇੱਕ ਮਹੀਨੇ ਦੀ ਲੈ ਕੇ ਆਏ ਸਨ ਪਰ ਮਸਤੀ ਵਿੱਚ ਤਿੰਨਾਂ ਮਹੀਨਿਆਂ ਪਿਛੋਂ ਹੀ ਪਿੰਡ ਵਾਪਸ ਗਏ। ਜਾ

ਕੇ ਸਰਦਾਰ ਦੇ ਮੱਥੇ ਨਹੀਂ ਲੱਗੇ ਕਿ ਮੱਥੇ ਕੀ ਲੱਗਣਾ ਹੈ। ਸਰਦਾਰ ਚੌਰਾਸੀਆਂ ਪਿੰਡਾਂ ਦਾ ਮਾਲਕ ਸੀ। ਸਰਦਾਰ ਨੂੰ ਜਦੋਂ ਪਤਾ ਲੱਗਾ ਕਿ ਬਾਬੇ ਹੋਰੀਂ ਆਏ ਨੇ ਉਸੇ ਵਕਤ ਨੌਕਰ ਭੇਜਿਆ ਕਿ ਬਾਬੇ ਹੋਰਾਂ ਨੂੰ ਸੱਦ ਲਿਆਏ। ਜਿਸ ਵਕਤ ਨੌਕਰ ਆਇਆ ਤੇ ਜੋ ਸਰਦਾਰ ਵੱਲੋਂ ਅਰਜ਼ ਸੀ ਸੋ ਕੀਤੀ ਤਾਂ ਬਾਬੇ ਹੋਰੀਂ ਆਏ ਨੇ ਉਸੇ ਵਕਤ ਨੌਕਰ ਭੇਜਿਆ ਕਿ ਬਾਬੇ ਹੋਰਾਂ ਨੂੰ ਸੱਦ ਲਿਆਏ। ਜਿਸ ਵਕਤ ਨੌਕਰ ਆਇਆ ਤੇ ਜੋ ਸਰਦਾਰ ਵੱਲੋਂ ਅਰਜ਼ ਸੀ ਸੋ ਕੀਤੀ ਤਾਂ ਬਾਬੇ ਹੋਰੀਂ ਕਹਿਣ ਲੱਗੇ ਕਿ ਸਰਦਾਰ ਨੂੰ ਕਹੋ ਕਿ ਮੈਂ ਸੱਚੇ ਅਕਾਲ ਪੁਰਖ ਦੀ ਨੌਕਰੀ ਕਰ ਲਈ ਹੈ। ਇਸ ਵਾਸਤੇ ਮੈਂ ਤੇਰੀ ਨੌਕਰੀ ਨਹੀਂ ਕਰਨੀ।"[7]

ਭਾਈ ਪ੍ਰੇਮ ਸਿੰਘ ਨਿਹੰਗ ਬਾਣੇ ਵਿੱਚ ਵਿਚਰ ਚੁੱਕੇ ਸਨ। ਗੁਰਮਤਿ ਕੀਰਤਨ ਦੇ ਪਰਚਾਰਕ ਸਨ। ਸਿੱਖੀ ਦੀਆਂ ਰਮਜ਼ਾਂ ਤੇ ਬਾਰੀਕੀਆਂ ਨੂੰ ਸਮਝਣ ਵਾਲੇ ਸਨ। ਪਰ ਅਜੇ ਤੱਕ ਉਹਨਾਂ ਨੂੰ ਪੂਰਾ ਸਤਿਗੁਰੂ ਪੁਰਖ ਨਹੀਂ ਮਿਲਿਆ ਸੀ। ਜਦੋਂ ਉਹ ਮਿਲ ਗਿਆ ਤਾਂ ਹੁਣ ਉਹਨਾਂ ਲਈ ਗੁਰੂ ਦਰਬਾਰ ਤੋਂ ਬਿਨਾਂ ਕਿਸੇ ਹੋਰਸ ਦਰਬਾਰ ਦੀ ਚਾਕਰੀ ਸੰਭਵ ਨਾ ਰਹੀ। ਅਕਸਰ ਉਹ ਭਾਈ ਗੁਰਦਾਸ ਜੀ, ਸਿੱਖੀ ਦੇ ਮਹਾਨ ਵਿਆਖਿਆਕਾਰ ਦੀ ਇਹ ਪਉੜੀ ਪ੍ਰੇਮ ਨਾਲ ਪੜ੍ਹਦੇ ਵੀ ਸਨ ਅਤੇ ਕੀਰਤਨ ਸਮੇਂ ਵੀ ਇਸ ਦਾ ਗਾਇਨ ਕਰਦੇ ਸਨ। ਉਹਨਾਂ ਲਈ ਇਸ ਰਚਨਾ ਦੀ ਆਤਮਾ ਦੇ ਅਰਥਾਂ ਨਾਲ, ਆਤਮਸਾਤ ਹੋਣ ਦਾ ਹੁਣ ਮੌਕਾ ਮਿਲ ਗਿਆ ਸੀ–

ਸਤਿਗੁਰੁ ਸਾਹਿਬੁ ਛਡਿ ਕੈ
ਮਨਮੁਖ ਹੋਇ ਬੰਦੇ ਦਾ ਬੰਦਾ।
ਹੁਕਮੀ ਬੰਦਾ ਹੋਇ ਕੈ
ਨਿਤ ਉਠਿ ਜਾਇ ਸਲਾਮ ਕਰੰਦਾ।
ਆਠ ਪਹਰ ਹਥ ਜੋੜਿ ਕੈ
ਹੋਇਆ ਹਜੂਰੀ ਖੜਾ ਰਹੰਦਾ।
ਨੀਦ ਨ ਭੁਖ ਨ ਸੁਖ ਤਿਸੁ
ਸੂਲੀ ਚੜ੍ਹਿਆ ਰਹੈ ਡਰੰਦਾ।
ਪਾਣੀ ਪਾਲਾ ਧੁਪ ਛਾਉ
ਸਿਰ ਉਤੈ ਝਲਿ ਦੁੱਖ ਸਹੰਦਾ।
ਆਤਸਬਾਜੀ ਸਾਰੁ ਵੇਖਿ
ਰਣ ਵਿਚਿ ਘਾਇਲੁ ਹੋਇ ਮਰੰਦਾ।
ਗੁਰ ਪੂਰੇ ਵਿਣੁ ਜੂਨਿ ਭਵੰਦਾ ॥੪॥

(ਭਾਈ ਗੁਰਦਾਸ , ਵਾਰ ੧੫)

ਕੁਝ ਇਸ ਤਰ੍ਹਾਂ ਦਾ ਹੀ ਜੁਆਬ ਮਸਤਾਨਾ ਜਥੇ ਦੇ ਜਥੇਦਾਰਾਂ ਭਾਈ ਹੀਰਾ ਸਿੰਘ ਤੇ ਲਹਿਣਾ ਸਿੰਘ ਸਕਰੌਦੀ ਵਾਲਿਆਂ, ਮਹਾਰਾਜਾ ਪਟਿਆਲਾ ਮਹਿੰਦਰ ਸਿੰਘ ਨੂੰ, ਉਸ ਦੀ ਨੌਕਰੀ ਤਿਆਗਣ ਸਮੇਂ ਦਿੱਤਾ ਸੀ। ਸੂਬਾ ਕਾਹਨ ਸਿੰਘ ਚੱਕ ਵਾਲਿਆਂ

ਤੋਂ ਸਤਿਗੁਰੂ ਰਾਮ ਸਿੰਘ ਦੇ ਕੂਕੇ ਸਿੰਘ ਸਜਣ ਬਾਅਦ, ਸੰਤ ਇੰਦਰ ਸਿੰਘ ਚੱਕਰਵਰਤੀ ਦੇ ਸ਼ਬਦਾਂ ਵਿੱਚ, ਉਹਨਾਂ ਦਾ ਜੁਆਬ ਸੀ–

"ਸਤਿਗੁਰ ਸਾਹਿਬ ਛੱਡ ਕੇ , ਬੰਦੇ ਦੇ ਦਰਬਾਰ।
ਭੁੱਲ ਨਿਵਾਉਣਾ ਸੀਸ ਨਾ, ਏਸ ਵਿੱਚ ਦਰਕਾਰ।
ਦਿਲ ਵਿੱਚ ਇੱਛਾ ਰੱਖਣੀ, ਲੈਣਾ ਆਪਣਾ ਰਾਜ॥
ਹੋਇ ਹਕੂਮਤ ਆਪਣੀ, ਆਪਣਾ ਹੋਇ ਸਮਾਜ।[8]

ਸਤਿਗੁਰੂ ਰਾਮ ਜੀ ਦੀ ਦਰਸਾਈ ਉੱਚੀ ਸੁੱਚੀ ਜੀਵਨ ਜਾਚ ਦੇ ਬਾਬਾ ਜੀ ਤਾਂ ਪੂਰੇ ਤਿੰਨ ਮਹੀਨਿਆਂ ਤੋਂ ਅਨੁਸਾਰੀ ਬਣ ਕੇ ਰਹਿੰਦੇ ਆ ਰਹੇ ਸਨ। ਇਸ ਲਈ ਦੁਨਿਆਵੀ ਧਨ ਪਦਾਰਥ ਜਾਂ ਸਰਦਾਰ ਤੋਂ ਦਾਨ ਸਰੂਪ ਮਿਲਣ ਵਾਲੀ ਮਾਲ ਮਿਲਖ ਵਿੱਚ, ਆਪ ਦੀ ਕੋਈ ਦਿਲਚਸਪੀ ਨਾ ਰਹੀ। ਸਰਦਾਰ ਨਾਲੋਂ ਸੰਬੰਧ ਵਿਛੇਦ ਹੋਣ ਦੀ ਪਰਕਿਰਿਆ ਬਾਰੇ ਜਾਨਣ ਲਈ ਅਸੀਂ ਫਿਰ ਉਪਰੋਕਤ ਲਿਖਤ ਦੀ ਮਦਦ ਲਵਾਂਗੇ:

"ਨੌਕਰ ਨੇ ਸਰਦਾਰ ਨੂੰ ਸਭ ਹਾਲ ਕਹਿ ਸੁਣਾਇਆ। ਸਰਦਾਰ ਨੇ ਦੁਬਾਰਾ ਨੌਕਰ ਨੂੰ ਭੇਜਿਆ। ਬਾਬੇ ਹੋਰਾਂ ਇੱਕੋ ਹੀ ਜੁਆਬ ਫੜ ਛੱਡਿਆ। ਨੌਕਰ ਨੇ ਸਰਕਾਰ ਨੂੰ ਕਹਿ ਸੁਣਾਇਆ। ਤੀਸਰੀ ਵਾਰ ਸਰਦਾਰ ਨੌਕਰ ਨੂੰ ਕਹਿਣ ਲੱਗਾ ਕਿ ਬਾਬੇ ਹੋਰਾਂ ਨੂੰ ਜਾ ਕੇ ਕਹੋ ਕਿ ਆਪ ਦੀਆਂ ਤਿੰਨਾਂ ਮਹੀਨਿਆਂ ਦੀਆਂ ਰਸਦਾਂ ਜਮ੍ਹਾਂ ਹਨ, ਉਹ ਆ ਕੇ ਲੈ ਜਾਵੋ। ਆ ਕੇ ਕੀਰਤਨ ਜ਼ਰੂਰ ਕਰੋ। ਜਦੋਂ ਤੀਸਰੀ ਦਫਾ ਨੌਕਰ ਗਿਆ ਤਾਂ ਬਾਬੇ ਹੋਰੀਂ ਆਪਣੀ ਸਿੰਘਣੀ ਨੂੰ ਕਹਿਣ ਲੱਗੇ ਕਿ ਰਤਨ ਕੁਰੇ, ਜਿਹੜਾ ਜ਼ਮੀਨ ਵਾਲਾ ਕਾਗਜ਼, ਫੜਾ ਮੈਨੂੰ ਸਰਦਾਰ ਦੇ ਮੱਥੇ ਮਾਰ ਆਵਾਂ।" ...ਕਾਗਜ਼ ਲੈ ਕੇ ਸਰਦਾਰ ਦੇ ਪਾਸ ਪਹੁੰਚੇ ਤੇ ਸਰਦਾਰ ਨੂੰ ਕਹਿਣ ਲੱਗੇ ਕਿ ਆਹ ਲੈ ਆਪਣਾ ਕਾਗਜ਼ ਮੇਰੇ ਕਿਸੇ ਕੰਮ ਨਹੀਂ ਹੈ। ...ਮੈਂ ਤੇਰੀ ਨੌਕਰੀ ਨਹੀਂ ਕਰਨੀ ਉਸ ਅਕਾਲ ਪੁਰਖ ਦੀ ਨੌਕਰੀ ਕਰ ਲਈ ਹੈ।.... ਸਰਦਾਰ ਹੈਰਾਨ ਹੋ ਗਿਆ। ਕੁਝ ਦੇਰ ਬਾਅਦ ਬੋਲਿਆ ਕਿ ਬਾਬਾ ਜੀ! ਕਾਗਜ਼ ਤਾਂ ਸਾਂਭੋ ਆਪ ਦੇ ਪੁੱਤ ਪੋਤਰਿਆਂ ਦੇ ਕੰਮ ਆਵੇਗਾ। ਬਾਬੇ ਹੋਰਾਂ ਬਚਨ ਕੀਤਾ ਕਿ ਸਮਾਂ ਆਉਣ ਵਾਲਾ ਹੈ। ਮੇਰਿਆਂ ਪੁੱਤ ਪੋਤਰਿਆਂ ਤੇਰੀ ਜ਼ਮੀਨ ਕੀ ਕਰਨੀ ਹੈ? ਇਤਨੀ ਗੱਲ ਸੁਣ ਕੇ ਸਰਦਾਰ ਚੁੱਪ।... ਉੱਥੇ ਉਹ ਮਸਤੀ ਵਿੱਚ ਸਨ। ਅੰਮ੍ਰਿਤਸਰ ਗੁਰਦੁਆਰੇ ਦੇ ਸਾਹਮਣੇ ਆਪਣਾ ਮਕਾਨ ਸੀ। ਤਿੰਨ ਸੌ (ਰੁਪੈ) ਤੋਂ ਘਰਦਿਆਂ ਤੋਂ ਚੋਰੀ ਹੀ ਵੇਚ ਆਏ ਕਿ ਕੀ ਕਰਨਾ ਹੈ। ਮਕਾਨ ਕਿਸ ਕੰਮ ਸਮਾਂ ਆਉਣ ਵਾਲਾ ਹੈ।"[9]

ਇਹ ਸੀ ਮਾਤ–ਭੂਮੀ ਦੀ ਬੰਦ ਖਲਾਸੀ, ਸਮਤਾ ਮੂਲਕ ਪਰਬੰਧ ਤੇ ਆਧਾਰਿਤ, ਸਤਿਗੁਰੂ ਰਾਮ ਸਿੰਘ ਜੀ ਦੁਆਰਾ ਵਿੱਢੇ ਮਹਾਨ ਕੂਕਾ ਅੰਦੋਲਨ ਦੀ ਸ਼ਕਤੀ ਜਿਸ ਕਾਰਨ, ਪੇਂਡੂ ਕਿਰਤੀ ਕਿਸਾਨ ਅਤੇ ਦਸਤਕਾਰ ਸ਼ਰੇਣੀਆਂ, ਆਪ ਦੇ ਸੰਗਰਾਮ ਵਿੱਚ ਲੱਖਾਂ ਦੀ ਤਦਾਦ ਵਿੱਚ ਨਾ ਸਿਰਫ ਸ਼ਾਮਲ ਹੋ ਰਹੀਆਂ ਸਨ, ਸਗੋਂ ਇਸ ਨੂੰ ਇਸ ਦੇ ਮੰਤਕੀ ਨਤੀਜੇ ਤੱਕ ਪੁਚਾਉਣ ਲਈ, ਵੱਡੀ ਤੋਂ ਵੱਡੀ ਕੁਰਬਾਨੀ ਕਰਨ ਨੂੰ ਤਿਆਰ ਬੈਠੇ ਸਨ। ਮਜ਼ਬੀ ਸਿੱਖ ਪਰਿਵਾਰ ਜੋ ਰੋਜ਼ ਕਿਰਤ ਕਰਕੇ ਛਕਦਾ ਸੀ, ਉਸ ਵਿਚੋਂ ਪੈਦਾ ਹੋਏ ਭਾਈ ਪਰੇਮ ਸਿੰਘ ਜੀ ਦੁਆਰਾ ਰਸਤ–ਬਸਤ ਵਾਲੀ ਸੁਰੱਖਿਅਤ ਨੌਕਰੀ ਅਤੇ

ਪੁੱਤਾਂ ਪੋਤਰਿਆਂ ਦੇ ਭਵਿੱਖ ਤੋਂ ਨਿਸਚਿੰਤ ਹੋ ਕੇ ਜ਼ਮੀਨ, ਸ਼ਹਿਰੀ ਜਾਇਦਾਦ ਦਾ ਤਿਆਗ, ਕੋਈ ਛੋਟੀ ਗੱਲ ਨਹੀਂ ਸੀ। ਇਸ ਤੋਂ ਬਾਬਾ ਜੀ ਦੀ ਬੁਲੰਦ ਸ਼ਖਸੀਅਤ ਅਤੇ ਦ੍ਰਿੜ੍ਹ ਇੱਛਾ ਸ਼ਕਤੀ ਦਾ ਪਤਾ ਲੱਗਦਾ ਹੈ। ਸਤਿਗੁਰ ਰਾਮ ਸਿੰਘ ਜੀ ਨੇ ਜਦੋਂ ਨਾਮਧਾਰੀ ਪੰਥ ਦੇ ਪਰਚਾਰ ਪਰਸਾਰ ਲਈ ਸਾਰੇ ਪੰਜਾਬ ਵਿੱਚ ਸੱਤ ਰਾਗੀ /ਰਬਾਬ ਜਥੇ ਤਿਆਰ ਕੀਤੇ ਸਨ ਤਾਂ ਬਾਬਾ ਪ੍ਰੇਮ ਸਿੰਘ ਉਸ ਦੇ ਪੁੱਤਰ ਕਿਰਪਾਲ ਸਿੰਘ ਅਤੇ ਭਾਈ ਸਾਹਿਬ ਸਿੰਘ ਬੱਸੀਆਂ ਦੇ ਰਾਗੀ ਜਥੇ ਨੂੰ ਸਾਰਾ ਮਾਲਵਾ ਬਖਸ਼ ਦਿੱਤਾ ਸੀ। ਜਿਸ ਵਿੱਚ ਆਯੂ, ਪਰਯੰਤ ਭਿੰਨ ਭਿੰਨ ਸਥਾਨਾਂ ਤੇ ਵੱਖਰਿਆਂ ਜਾ ਕੇ ਜਾਂ ਸਤਿਗੁਰੂ ਜੀ ਦੇ ਦੌਰਿਆਂ ਨਾਲ ਜਾ ਕੇ, ਕੀਰਤਨ ਦੀ ਸੇਵਾ ਨਿਭਾਉਂਦੇ ਰਹੇ ਸਨ।

ਭਾਈ ਹਜ਼ੂਰਾ ਸਿੰਘ ਰਾਗੀ ਦੁਆਰਾ ਭਾਈ ਪ੍ਰੇਮ ਸਿੰਘ ਹੋਰਾਂ ਦੇ ਸਿੰਘ ਸਜਣ ਦੀ ਸਾਖੀ ਦਾ ਵਰਣਨ, ਸਾਡੇ ਪਹਿਲੇ ਇਤਿਹਾਸਕਾਰ ਦੇ ਇਕ ਸਦੀ ਤੱਕ ਅਣਛਪੇ ਰਹੇ ਤੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਜੀਵਨ ਦੇ ਅੰਤਿਮ ਦਹਾਕੇ ਵਿੱਚ ਛਪੇ, ਬਾਹੋਵਾਲ ਜੀ ਦੇ ਗਰੰਥ ਵਿੱਚੋਂ ਵੀ ਮਿਲਦੀ ਹੈ। ਗੁਰੂ ਹਰੀ ਸਿੰਘ ਜੀ ਜਦੋਂ ਕਦੇ ਸ੍ਰੀ ਭੈਣੀ ਸਾਹਿਬ, ਆਪਣੀ ਮੌਜ ਵਿੱਚ ਬੈਠੇ ਹੁੰਦੇ ਸਨ ਤਾਂ ਜਿਹੜਾ ਬਚਨ ਅੱਗੇ ਆ ਜਾਂਦਾ ਸੀ, ਸੰਗਤ ਨਾਲ ਸਾਂਝਾ ਕਰਦੇ। ਐਸੇ ਮੌਕਿਆਂ ਤੇ ਲਿਖਾਰੀ ਭਾਈ ਸੰਤੋਖ ਸਿੰਘ ਹਾਜ਼ਰ ਹੁੰਦਾ। ਉਹ ਲਿਖ ਲੈਂਦਾ ਸੀ।

"ਏਕ ਸਮੇਂ ਗੁਰੂ ਜੀ ਬਚਨ ਕੀਤਾ, ਪ੍ਰੇਮ ਸਿੰਘ ਭਦੌੜ ਦਾ ਰਾਗੀ ਤੇ ਛਾਪੇ ਵਾਲੇ ਭਾਈ ਖਜ਼ਾਨ ਸਿੰਘ ਤੇ ਅਤਰ ਸਿੰਘ, ਸਿੰਘਾਂ ਕੀ ਪਾਤਸ਼ਾਹੀ ਕੇ ਵਕਤ ਰਾਗ ਕਰਨ ਲੱਗੇ। (ਭਾਵ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ) ਜਾਂ ਪੰਥ ਪ੍ਰਗਟ ਹੋਇਆ ਤਾਂ ਪ੍ਰੇਮ ਸਿੰਘ ਨੇ ਸੌ ਸਾਖੀ ਦੇਖੀ, ਬਾਰ੍ਹਵਾਂ ਗੁਰੂ ਜੋ ਕਹਿਆ ਹੋਇਆ ਸੀ, ਸੋ ਪ੍ਰਗਟ ਹੋਇਆ ਹੈ ਦਰਸ਼ਨ ਕਰੀਏ। ਆਇ ਦਰਸ਼ਨ ਕੀਤਾ। ਬਚਨ ਹੋਇਆ ਤੁਸੀਂ ਅਕਾਲ ਪੁਰਖ ਦੀ ਨੌਕਰੀ ਕਰੋ ਹੋਰ ਨੌਕਰੀਆਂ ਛੱਡੋ। ਉਸੀ ਦਿਨ ਤੇ ਰਾਗ ਕਰਨ ਤੇ ਹਾਜ਼ਰ ਰਹਿਣ ਲੱਗੇ।"[10]

ਭਾਈ ਖਜਾਨ ਸਿੰਘ, ਰਤਨ ਸਿੰਘ, ਹਰਨਾਮ ਸਿੰਘ, ਸੁਜਾਨ ਸਿੰਘ ਅਤੇ ਅਤਰ ਸਿੰਘ ਦਾ ਪਿੰਡ ਛਾਪਾ ਸੀ ਮਾਲਵੇ ਵਿੱਚ ਇਹਨਾਂ ਦੇ ਬਜ਼ੁਰਗਾਂ ਨੂੰ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ, ਸਰੰਦਾ ਬਖਸ਼ ਕੇ ਰਾਗ ਦੀ ਦਾਤ ਬਖਸ਼ੀ ਸੀ। ਇਹ ਕੂਕਾ ਕੇਂਦਰ ਭੈਣੀ ਸਾਹਿਬ ਵਿੱਚ ਰਹਿ ਕੇ ਆਸ ਪਾਸ ਦੇ ਇਲਾਕਿਆਂ ਵਿੱਚ ਗੁਰਮਤਿ ਕੀਰਤਨ ਦੀ ਸੇਵਾ ਨਿਭਾਉਂਦੇ ਸਨ।[11] ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਹਰ ਰਾਗੀ ਰਬਾਬੀ ਜਾਂ ਢਾਡੀ ਜਥੇ ਲਈ ਇੱਕ ਰੁਪਈਆ ਸ਼ਬਦ ਚੌਕੀ ਦੀ ਭੇਟਾ ਮੁਕੱਰਰ ਸੀ। ਗੁਰੂ ਹਰੀ ਸਿੰਘ ਜੀ ਦੇ ਸਮੇਂ ਦੋ ਰੁਪੈ ਕਰ ਦਿੱਤੀ ਗਈ ਸੀ।

੧੧ ਸਿਤੰਬਰ ੧੯੯੭ ਈ. ਨੂੰ ਸਤਿਗੁਰੂ ਰਾਮ ਸਿੰਘ ਜੀ ਦੇ ਸੈਨਿਕ ਜੀਵਨ ਦੇ ਸਾਥੀ, ਗੁਰੂ ਬਾਲਕ ਸਿੰਘ ਜੀ ਦੇ ਬਾਰੇ ਸਤਿਗੁਰੂ ਰਾਮ ਸਿੰਘ ਜੀ ਨੂੰ ਹਜਰੋਂ ਸਾਹਿਬ ਵਿਖੇ ੧੮੪੧ ਈ. ਵਿੱਚ ਦੱਸ ਪਾਉਣ ਵਾਲੇ, ਬਾਬਾ ਜਮੀਅਤ ਸਿੰਘ ਦੀ ਯਾਦ ਵਿੱਚ ਅਕਾਲ ਚਲਾਣੇ ਤੋਂ ਬਾਅਦ ਭਾਰੀ ਮੇਲਾ ਹੋਇਆ। ਗੁਰੂ ਹਰੀ ਸਿੰਘ ਜੀ ਨੇ ਦੋ ਮਹੀਨੇ

ਦੀ ਛੁੱਟੀ ਲਈ। ਮਾਝਾ, ਦੜਪ ਅਤੇ ਹੋਰ ਇਲਾਕਿਆਂ ਦਾ ਭਰਵਾਂ ਦੌਰਾ ਕੀਤਾ। ਇਸ ਦੌਰੇ ਵਿੱਚ ਬਾਹੋਵਾਲ ਜੀ ਜਿਹਨਾਂ ਰਾਗੀ ਜਥਿਆਂ ਦਾ ਸ਼ਾਮਲ ਹੋਣਾ ਲਿਖਦੇ ਹਨ ਉਹਨਾਂ ਵਿੱਚ ਭਦੌੜ ਵਾਲਾ ਜਥਾ ਵੀ ਸ਼ਾਮਲ ਸੀ। ਸ਼ਬਦ ਚੌਕੀ ਵਿਚ, "ਭਾਈ ਕਿਰਪਾਲ ਸਿੰਘ, ਨਿਹਾਲ ਸਿੰਘ ਤੇ ਹਰਨਾਮ ਸਿੰਘ ਤੀਨੋ ਭਾਈ ਅਰ ਕਦੇ ਕਦੇ ਕਿਰਪਾਲ ਸਿੰਘ ਦਾ ਲੜਕਾ ਹਜ਼ੂਰ ਸਿੰਘ ਬੀ ਬੈਠਦਾ।"[12]

ਜੱਸ ਜੀਵਨ ਵਿੱਚ ਸੰਤ ਤਰਨ ਸਿੰਘ ਵਹਿਮੀ ਹੋਰਾਂ ਨੇ ਭਾਈ ਪ੍ਰੇਮ ਸਿੰਘ ਦੇ ਚਲਾਣੇ ਬਾਬਤ ਜਾਣਕਾਰੀ ਇਉਂ ਦਰਜ ਕੀਤੀ ਹੈ-"੧੯੫੦ ਸੰਬਤ (ਮੁਤਾਬਕ ੧੮੯੩-੯੪ ਈ.) ਨੂੰ ਇਸ਼ਨਾਨ ਕਰ ਬੈਠੇ, ਭਜਨ ਕਰਦੇ ਹੀ ਪ੍ਰੇਮ ਸਿੰਘ ਜੀ ਚੜ੍ਹੇ ਸੀ।"[13] ਬਾਬਾ ਜੀ ਦੀ ਪਤਨੀ ਦਾ ਨਾਮ ਰਤਨ ਕੌਰ ਅਤੇ ਤਿੰਨਾਂ ਪੁੱਤਰਾਂ ਦਾ ਕਿਰਪਾਲ ਸਿੰਘ, ਨਿਹਾਲ ਸਿੰਘ ਤੇ ਹਰਨਾਮ ਸਿੰਘ ਸੀ। ਸਾਰਿਆਂ ਨੂੰ ਇਕੱਠਿਆਂ ਸਤਿਗੁਰੂ ਰਾਮ ਸਿੰਘ ਜੀ ਦੁਆਰਾ, ਸੰਸਾਰ ਰੂਪ ਭਵ ਸਾਗਰ ਨੂੰ ਪਾਰ ਕਰਨ ਲਈ ਠੇਲੇ ਬੇੜੇ ਵਿੱਚ, ਸੁਆਰ ਹੋਣ ਦਾ ਸੁਅਵਸਰ ਮਿਲਿਆ ਸੀ। ਬਾਬਾ ਪ੍ਰੇਮ ਸਿੰਘ ਹੋਰਾਂ ਨੇ ਅੰਦਾਜ਼ਨ ੮੭-੮੮ ਸਾਲ ਦੀ ਉਮਰ ਭੋਗੀ। ਉਹ ਸਤਿਗੁਰੂ ਰਾਮ ਸਿੰਘ ਜੀ ਦੀ ਸੰਗਤ ਵਿੱਚ, ਪਿੰਡ ਖੋਟਿਆਂ ਵਿਖੇ ਅਨੰਦ ਮਰਿਆਦਾ ਸ਼ੁਰੂ ਕਰਨ ਤੋਂ ਪਹਿਲਾਂ, ੧੮੬੧-੬੨ ਈ. ਵਿੱਚ ਸ਼ਾਮਲ ਹੋ ਚੁੱਕੇ ਸਨ। ਇਸ ਤਰ੍ਹਾਂ ਆਪ ਨੇ ਪੂਰੇ ਤੀਹ ਵਰ੍ਹੇ ਆਪਣੇ ਕੀਰਤਨ ਦੁਆਰਾ ਸਤਿਗੁਰੂ ਰਾਮ ਸਿੰਘ ਜੀ ਦੇ ਕੂਕਾ ਮੱਤ ਦਾ ਪਰਚਾਰ ਕੀਤਾ। ਬਾਬਾ ਜੀ ਤੋਂ ਬਾਅਦ ਉਹਨਾਂ ਦੇ ਪੁਤਰ ਕਿਰਪਾਲ ਸਿੰਘ ਹੋਰਾਂ ਦੇ ਲੜਕੇ ਹਜ਼ੂਰਾ ਸਿੰਘ ਅਤੇ ਅੱਗੋਂ ਹਜ਼ੂਰਾ ਸਿੰਘ ਦਾ ਇੱਕ ਲੜਕਾ ਵੀ ਆਪਣੇ ਵੱਡਿਆਂ ਦੀ ਇਹ ਕੀਰਤਨ ਕਰਨ ਵਾਲੀ, ਸੇਵਾ ਨਿਭਾਉਂਦਾ ਰਿਹਾ।

ਮਾਲਵੇ ਵਿੱਚ ਆਕਲੀਏ ਪਿੰਡ ਵਿੱਚ ੧੮੮੦ ਈ. ਵਿੱਚ ਨਾਮਧਾਰੀ ਸੰਗਤ ਦਾ ਮੇਲਾ ਸੀ। ਉਸ ਮੇਲੇ ਵਿੱਚ, ਰਾਗੀ ਕਿਰਪਾਲ ਸਿੰਘ ਭਦੌੜ ਵਾਲਿਆਂ ਨੇ ਲਾਲ ਸਿੰਘ ਗੁਮਟੀ ਦੇ ਪੁੱਤਰ ਧੰਨਾ ਸਿੰਘ ਗੁਮਟੀ ਨਾਲ, ਸਤਿਗੁਰੂ ਰਾਮ ਸਿੰਘ ਜੀ ਦੇ ਰੰਗੂਨ ਜਾ ਕੇ ਦਰਸ਼ਨ ਕਰਨ ਦੀ ਅਰਦਾਸ ਕੀਤੀ। ਤਿੰਨ ਦਿਨ ਦਾ ਮੇਲਾ ਸੀ। ਭਾਈ ਧੰਨਾ ਸਿੰਘ ਨੇ ਕਿਹਾ ਕਿ ਅੱਠਾਂ ਦਿਨਾਂ ਤੱਕ ਤੁਰਾਂਗੇ। ਭਾਈ ਕਿਰਪਾਲ ਸਿੰਘ ਰਾਗੀ ਨੇ ਆਪਣੀ ਸਿੰਘਣੀ ਨਰਾਇਣ ਕੌਰ ਦੇ ਕੁਝ ਗਹਿਣੇ ਅਤੇ ਇੱਕ ਆਪਣੀ ਘੋੜੀ ਵੇਚ ਕੇ ਸਫਰ ਖਰਚ ਤਿਆਰ ਕੀਤਾ। ਇਸ ਤੋਂ ਬਾਅਦ ਦੋਹਾਂ ਨੇ ਸ੍ਰੀ ਭੈਣੀ ਸਾਹਿਬ ਜਾ ਕੇ ਗੁਰੂ ਹਰੀ ਸਿੰਘ ਜੀ ਤੋਂ ਰੰਗੂਨ ਸਫਰ ਦੀ ਆਗਿਆ ਲਈ। ਆਪ ਨੇ ਸੋਭਾ ਸਿੰਘ ਨਾਮ ਦੇ ਇਕ ਗੁਰੂ ਦਰਸ਼ਨ ਅਭਿਲਾਖੀ ਸਿੰਘ ਨੂੰ ਇਹਨਾਂ ਨਾਲ ਜਾਣ ਲਈ ਤੋਰ ਦਿੱਤਾ। ਕਲਕੱਤੇ ਦੇ ਵੱਡੇ ਗੁਰਦੁਆਰੇ ਬਡੀ ਸੰਗਤ ਵਿੱਚ ਤਿੰਨ ਸਿੰਘ ਹਰਨਾਮ ਸਿੰਘ ਨਥਾਣੇ ਦਾ, ਹਰਨਾਮ ਸਿੰਘ ਗੁਲਾਬੇ ਕੀ ਮੰਡੀ ਦਾ ਅਤੇ ਸੌਣ ਸਿੰਘ ਰੋਡਿਆਂ ਦਾ ਵੀ ਇਹਨਾਂ ਨਾਲ ਗੁਰੂ ਦਰਸ਼ਨਾਂ ਲਈ ਚੱਲ ਪਏ। ਡੇਰਾ ਭੈਣੀ ਸਾਹਿਬ ਵਿੱਚੋਂ ਡੇਰੇ ਦੇ ਕਾਰ ਵਿਹਾਰ ਦੀ ਸੂਚਨਾ ਦੇਣ ਵਾਲੀਆਂ ਚੌਵੀ ਅਰਦਾਸਾਂ ਅਤੇ ਸ੍ਰੀ ਸਤਿਗੁਰੂ ਜੀ ਤੇ ਭਾਈ ਨਾਨੂੰ ਸਿੰਘ ਹੋਰਾਂ ਵਾਸਤੇ ਦੋ ਉਨ ਦੀਆਂ ਮਾਲਾ ਵੀ ਆਈਆਂ ਸਨ। ਬਾਣੀ ਪੋਥੀ ਦੀਆਂ

ਸੈਂਚੀਆਂ ਦੇ ਜਿਲਦ ਵਾਲੇ ਗੱਤੇ ਵਿੱਚ ਅਰਦਾਸਾਂ ਖਾਮ ਕੀਤੀਆਂ ਹੋਈਆਂ ਸਨ। ਇਹ ਅਰਦਾਸਾਂ ਤੇ ਮਾਲਾ ਬਾਕੀ ਸਿੰਘਾਂ ਨੇ ਭਾਈ ਕਿਰਪਾਲ ਸਿੰਘ ਨੂੰ ਆਪਣੇ ਵਿੱਚੋਂ ਸਿਆਣਾ ਅਤੇ ਆਗੂ ਸਮਝ ਕੇ ਫੜਾ ਦਿੱਤੀਆਂ। ਕਿਰਪਾਲ ਸਿੰਘ ਨੇ ਦੋਵੇਂ ਮਾਲਾ ਇਕੱਠੀਆਂ ਕਰਕੇ ਗੇਂਦ ਵਾਂਗ ਬਣਾ ਕੇ ਉਤੋਂ ਦੀ ਚਿੱਟੀ ਟਾਕੀ ਬੰਨ੍ਹ ਕੇ ਲੱਡੂ ਵਾਂਗ ਬਣਾ ਕੇ ਲੱਡੂਆਂ ਵਿੱਚ ਰੱਖ ਲਈ। ਤਲਾਸ਼ੀ ਸਮੇਂ ਖਾਣ ਵਾਸਤੇ ਲੱਡੂ ਲਿਆਂਦੇ ਹਨ ਕਹਿ ਕੇ ਉਹਨਾਂ ਦੀ ਨਿਗਾਹ ਤੋਂ ਬਚਾ ਲਈਆਂ। ਤੇ ਉਹਨਾਂ ਨੇ ਜਹਾਜ਼ ਦੇ ਪੰਜ ਦਿਨ ਰਾਹ ਵਿੱਚ ਪਾਣੀ ਵੀ ਨਾ ਪੀਤਾ। ਰੰਗੂਨ ਪੁੱਜੇ ਤਾਂ ਸਤਿਗੁਰੂ ਜੀ ਬਚਨ ਕੀਤਾ ਭਲਕੇ ਫੇਰ ਆਉਣਾ। ਅਗਲੇ ਦਿਨ, ਫੇਰ ਗਏ। ਬਚਨ ਕੀਤਾ ਜੇ ਇਹ ਨੇੜੇ ਆਵਣ ਦੇਣ ਤਾਂ ਤੁਹਾਡੀ ਸੇਵਾ ਟਹਿਲ ਕਰੀਏ।[14]

ਦੂਸਰੇ ਦਿਨ ਸੱਤ ਵਜੇ ਗਏ ਸਿੰਘਾਂ ਪਾਸੋਂ ਖਾਸ ਕਰਕੇ ਕਿਰਪਾਲ ਸਿੰਘ ਰਾਗੀ ਹੋਰਾਂ ਤੋਂ, ਸਤਿਗੁਰੂ ਜੀ ਪੁੱਛਿਆ- ਤੁਸੀਂ ਸਾਰੀ ਸੰਗਤ ਮੈਂ ਫਿਰਦੇ ਹੋ ਅਖੰਡ ਪਾਠ ਬਚਨੀਆਂ ਹੋਇ ਰਹੇ ਹੈਂ ? ਸਿੰਘਾ ਕਿਹਾ ਜੀ ਧੁਆਡੇ ਦਰਸ਼ਨ ਦੀ ਪਿਆਸ ਬਹੁਤ ਲੱਗ ਰਹੀ ਹੈ। ਸਾਰੀ ਸੰਗਤ ਕੀ ਏਹ ਅਰਜ਼ ਹੈ ਕਿ ਸੋ ਦਿਨ ਦੱਸੋ ਸੱਚੇ ਪਾਤਸ਼ਾਹ ਜੀ ਕਿ ਜਿਸ ਦਿਨ ਪੰਜਾਬ ਧਰਤੀ ਕੇ ਸਿੰਘਾਂ ਕੋ ਆਪ ਕਾ ਦੀਦਾਰ ਹੋਵੇ।....ਬਚਨ ਕੀਤਾ....ਭਾਈ ਜੇ ਅੰਗਰੇਜ਼ ਕਹਿਣ ਜਾਂ ਪੁਜਾਰੀ ਕਹਿਣ ਹੁਣ ਨਈਂ ਔਂਦਾ ਹੈ ਤੁਸੀਂ ਨਹੀਂ ਮੰਨਣਾ।...ਕਾਲ ਮੇਰੇ ਅਖਤਿਆਰ ਹੈ। ਜਿਨਾਂ ਚਿਰ ਏਨਾਂ ਕੀਆਂ ਜੜ੍ਹਾਂ ਪੁੱਟ ਖਾਰੇ ਸਮੁੰਦਰ ਮੈਂ ਨਹੀਂ ਸਿੱਟ ਲੈਂਦਾ ਓਨਾ ਚਿਰ ਮੈਂ ਨਹੀਂ ਜਾਂਦਾ ਹਾਂ। ਜਿਨਾ ਚਿਰ ਗਊ ਗਰੀਬ ਦੇ ਗਲੋਂ ਛੁਰੀ ਨਹੀਂ ਲੈਂਹਦੀ ਓਨਾ ਚਿਰ ਨਹੀਂ ਜਾਂਦੇ ਹੈਂ।... ਬਚਨ ਕੀਤਾ ਮੈਂ ਕਿਸੇ ਦਾ ਲਿਆਂਦਾ ਨਹੀਂ ਆਇਆ। ਅਕਾਲ ਪੁਰਖ ਦੇ ਹੁਕਮ ਨਾਲ ਆਏ ਹੈਂ ਅਕਾਲ ਪੁਰਖ ਕੇ ਹੁਕਮ ਨਾਲ ਜਾਵਾਂਗੇ।"[15]

ਉਪਰੋਕਤ ਸ਼ਬਦਾਂ ਵਿੱਚ ਸਤਿਗੁਰੂ ਰਾਮ ਸਿੰਘ ਜੀ ਦੇ ਪੰਥ ਦੇ ਇਤਿਹਾਸਕ ਮਿਸ਼ਨ ਦੀ ਵਿਆਖਿਆ ਸੁੰਦਰ ਅਤੇ ਸਪੱਸ਼ਟ ਸ਼ਬਦਾਂ ਵਿੱਚ ਮਿਲਦੀ ਹੈ। ਸਾਰੀਆਂ ਅਰਦਾਸਾਂ, ਚਿੱਟੀਆਂ ਜੁਰਾਬਾਂ. ਮਾਲਾ ਅਤੇ ਭੇਟਾ, ਭਾਈ ਕਿਰਪਾਲ ਸਿੰਘ ਹੋਰਾਂ ਨੇ ਰੁਮਾਲ ਵਿੱਚ ਬੰਨ੍ਹ ਕੇ ਅੰਦਰ ਪੁਚਾਈਆਂ। ਸਤਿਗੁਰੂ ਜੀ ਨੇ ਕਿਹਾ ਕਿ ਸਵੇਰੇ ਸੱਤ ਵਜੇ ਦੁਪਹਿਰੇ ਬਾਰਾਂ ਵਜੇ, ਸ਼ਾਮ ਚਾਰ ਵਜੇ ਫਿਰ ਇਸੇ ਤਰ੍ਹਾਂ ਤੁਰਦੇ ਫਿਰਦੇ ਦਰਸ਼ਨ ਮੇਲਾ ਕਰਨਾ। ਜਦੋਂ ਪਹਿਰੇਦਾਰ ਸਿਪਾਹੀ ਸਤਿਗੁਰੂ ਜੀ ਦਾ ਕੋਈ ਤਾਬਿਆਦਾਰ ਬਣ ਜਾਂਦਾ ਤਾਂ ਪੰਜਾਬੀ ਵਿੱਚ ਬਚਨ ਬਿਲਾਸ ਵੀ ਹੋ ਜਾਂਦੇ। ਭਾਈ ਸੋਭਾ ਸਿੰਘ ਤੇ ਕਿਰਪਾਲ ਸਿੰਘ ਨੇ ਰਾਮਦਾਸ ਪੁਰੇ (ਸ੍ਰੀ ਭੈਣੀ ਸਾਹਿਬ) ਦੀ ਜੂਹ ਵਿੱਚ ਬਾਬਾ ਦਰਬਾਰ ਸਿੰਘ ਰਾਇਪੁਰੀਏ, ਡੇਰੇ ਦੇ ਕਾਰ ਮੁਖਤਿਆਰ ਨੂੰ ਬਾਹਰ ਹੀ ਸੱਦ ਕੇ ਹੁਕਮਨਾਮੇ ਅਤੇ ਸਤਿਗੁਰੂ ਜੀ ਵੱਲੋਂ ਭੇਜੀ ਮਾਇਆ ਸਉਂਪ ਕੇ ਹੋਰ ਬਚਨ ਬਿਲਾਸ ਵੀ ਦੱਸੇ।[16]

ਸਰਕਾਰੀ ਰੀਕਾਰਡ ਮੁਤਾਬਕ ਭਾਈ ਕਿਰਪਾਲ ਸਿੰਘ ਧੰਨਾ ਸਿੰਘ ਹੋਰੀਂ ੨੭ ਜੁਲਾਈ ੧੮੮੦ ਨੂੰ ਕਲਕੱਤੇ ਪੁੱਜ ਗਏ ਸਨ। ਕਿਰਪਾਲ ਸਿੰਘ ਹੋਰੀਂ ਧੰਨਾ ਸਿੰਘ ਦੀ ਗਰਿਫਤਾਰੀ ਤੋਂ ਦੋ ਦਿਨ ਬਾਅਦ ਅਗਸਤ ਦੇ ਪਹਿਲੇ ਹਫਤੇ ਕਲਕੱਤੇ ਨੂੰ ਮੁੜ ਪਏ

ਸਨ। ਇਹਨਾਂ ਦਿਨਾਂ ਵਿੱਚ ਹੀ ਘੱਟੋ ਘੱਟ ੨੬ ਸਿੰਘ, ਸਤਿਗੁਰੂ ਦਰਸ਼ਨਾਂ ਲਈ ਰੰਗੂਨ ਪੁੱਜੇ ਹੋਏ ਸਨ।[17] ਇਸੇ ਵਜ੍ਹਾ ਕਾਰਨ ਇਸੇ ਸਾਲ ਦੀ ਆਖਰੀ ਤਿਮਾਹੀ ਵਿੱਚ ਪੰਜਾਬ ਤੋਂ ਆਉਂਦੀਆਂ ਕੂਕਿਆਂ ਦੀਆਂ ਵਹੀਰਾਂ ਠੱਲ੍ਹਣ ਲਈ, ਸਫਰ ਦੇ ਨਜ਼ਰੀਏ ਤੋਂ ਹੋਰ ਦੁਰੇਡੇ ਤੇ ਦੁਰਗਮ ਸਥਾਨ ਮਰਗੋਈ ਵਿਖੇ ਸਤਿਗੁਰੂ ਰਾਮ ਸਿੰਘ ਜੀ ਨੂੰ ਭੇਜ ਦਿੱਤਾ ਗਿਆ ਸੀ।

ਨਾਮਧਾਰੀ ਦਰਬਾਰ ਵੱਲੋਂ ਪਰਕਾਸ਼ਿਤ ਹੁਕਮਨਾਮਿਆਂ ਦੇ ਕਰਮਾਂਕ ੪੧ ਅਤੇ ੪੨ ਵਿੱਚ ਜਿਹਨਾਂ ਪੰਜ ਸਿੰਘਾਂ ਦੇ ਨਾਮ ਹੁਕਮਨਾਮੇ ਆਏ ਹਨ ਉਹਨਾਂ ਦੇ ਨਾਮ ਹਨ ਗੁਰਦਿੱਤ ਸਿੰਘ, ਸਾਧੂ ਸਿੰਘ, ਅਰੂੜ ਸਿੰਘ, ਭਾਈ ਹਰੀ ਸਿੰਘ, ਕਿਰਪਾਲ ਸਿੰਘ। ਇਹ ਧੁਲੇਤੇ ਵਾਲੇ ਭਾਈ ਗੁਰਦਿੱਤ ਸਿੰਘ ਰਬਾਬੀ ਹਨ ਜੋ ਕਲਕੱਤੇ ਵੀ ਕੁਝ ਸਮਾਂ ਰਹਿੰਦੇ ਰਹੇ, ਪ੍ਰਸਿੱਧ ਨਾਂਅ ਭਾਈ ਦਿੱਤੂ ਰਾਗੀ। ਇਸ ਤਰ੍ਹਾਂ ਕਿਰਪਾਲ ਸਿੰਘ ਬਾਰੇ ਟਪਲਾ ਲੱਗਦਾ ਸੀ ਕਿ ਸ਼ਾਇਦ ਇਹ ਵੀ ਰਾਗੀ ਕਿਰਪਾਲ ਸਿੰਘ ਭਦੌੜ ਹੋਣ। ਪਰ ਗਿਆਨੀ ਕਾਲਾ ਸਿੰਘ ਨੰਗਲ ਦੇ ਸਿੰਘਾਂ ਨਾਮਧਾਰੀਆਂ ਦੇ ਪੰਥ ਪਰਕਾਸ਼ ਨੇ ਇਹ ਟਪਲਾ ਦੂਰ ਕਰ ਦਿੱਤਾ। ਉਹ ਗੁਰੂ ਦਰਸ਼ਨਾਂ ਨੂੰ ਜਾਣ ਵਾਲੇ ੪੬ ਸਿੰਘਾਂ ਦਾ ਜ਼ਿਕਰ ਇੱਕ ਬੰਦ ਵਿੱਚ ਕਰਦੇ ਹੋਏ ਲਿਖਦੇ ਹਨ :

"ਮੁਤਾਬ ਸਿੰਘ ਕਿਰਪਾਲ ਸਿੰਘ ਹਰੀ ਸਿੰਘ ਜੀ,
ਰਹਿੰਦੇ ਵਿੱਚ ਤਿੰਨੇ ਅਮਰਸਾਰ ਭਾਈ।
ਕ੍ਰਿਪਾਲ ਸਿੰਘ ਭਦੌੜ ਦੇ ਵਿੱਚ ਰਾਗੀ,
ਹਰਨਾਮ ਸਿੰਘ ਮੰਡੀ ਜਥੇਦਾਰ ਭਾਈ।
ਲਾਲ ਸਿੰਘ ਲਤਾਲੇ ਦੇ ਰਹਿਣ ਵਾਲਾ,
ਸੋਭਾ ਸਿੰਘ ਖੁਰਦ ਪੁਰੋਂ ਉਚਾਰ ਭਾਈ।"[18]

ਇਹ ਵੀ ਸਪੱਸ਼ਟ ਹੋ ਗਿਆ ਕਿ ਭੈਣੀ ਸਾਹਿਬੋਂ ਚੱਲਣ ਵਾਲਾ ਤੀਸਰਾ ਸਿੰਘ, ਭਾਈ ਸੋਭਾ ਸਿੰਘ ਖੁਰਦਪੁਰ (ਜਲੰਧਰ) ਦਾ ਸੀ। ਪੈਂਤੀ ਛੱਤੀ ਸਾਲ ਬਾਅਦ ਇਸੇ ਪਿੰਡ ਦਾ ਗ਼ਦਰੀ ਸੂਰਬੀਰ, ਭਾਈ ਰੰਗਾ ਸਿੰਘ ਖੁਰਦਪੁਰ ਪਹਿਲੇ ਲਾਹੌਰ ਸਪਲੀਮੈਂਟਰੀ ਸਾਜਿਸ਼ ਕੇਸ ਵਿੱਚ ਫਾਂਸੀ ਲਾ ਕੇ ਸ਼ਹੀਦ ਕੀਤਾ ਗਿਆ ਸੀ। ਭਾਈ ਕਿਰਪਾਲ ਸਿੰਘ ਅਤੇ ਉਸ ਦੇ ਸਾਥੀਆਂ ਦੇ ਨਾਮ ਆਇਆ ਹੁਕਮਨਾਮਾ ਨੰ: ੬੨ ਇਉਂ ਸ਼ੁਰੂ ਹੁੰਦਾ ਹੈ

ੴ ਸਤਿਗੁਰਿ ਪ੍ਰਸਾਦਿ।

ਲਿਖਤੋ ਦਿਆਲਿ ਸਿੰਘ, ਜੋਗ ਉਪਮਾ ਭਾਈ ਸਾਉਨਿ ਸਿੰਘ ਤੇ ਹਰਿਨਾਮ ਸਿੰਘ, ਦੂਆ ਹਰਿਨਾਮ ਸਿੰਘ, ਸੋਭਾ ਸਿੰਘ, ਧੰਨਾ ਸਿੰਘ, ਕ੍ਰਿਪਾਲ ਸਿੰਘ ਹੋਰੁ ਸਬੂੰਹਿ ਸੰਗਤ ਕੋ ਸਿਰੀ ਵਾਹਿਗੁਰੂ ਜੀ ਕੀ ਫਤੇ ਬੁਲਾਈ ਪ੍ਰਮਾਨ ਕਰਨੀ। ਮਾਈ ਬੀਬੀ ਕੋ ਰਾਮ ਸਤਿ ਵਾਚਣੀ।

.....

ਸਿਰੀ ਵਾਹਿਗੁਰੂ ਸ੍ਰਬ ਸੰਗਤ ਕੋ ਸਹਾਈ ਹੋਹੁ ਜੀ/ ਗੁਰਮਤਿ ਦਾਨੁ ਦੇਹ ਜੀ। ਗੁਰੂ ਸਾਹਿਬ ਜੀ ਤੇਰੀ ਸ੍ਰਨ ਹੈ ਜੀ। ਏਹੁ ਹਰਿਦਾਸ ਛੈਅ ਈ ਸਿੰਘਾ ਬਾਸਤੇ ਹੈ।[19]

'ਸਤਿਗੁਰੂ ਰਾਮ ਸਿੰਘ ਜੀ ਨੇ ਰਾਗੀ ਪ੍ਰੇਮ ਸਿੰਘ ਭਦੌੜ,. ਭਾਈ ਤਾਰਾ , ਭਾਈ ਮਾਲੀ (ਅੰਮ੍ਰਿਤਸਰ ਜ਼ਿਲ੍ਹੇ ਦੇ) ਅਤੇ ਭਾਈ ਦਿੱਤੂ ਧਲੇਤੇ ਵਾਲਿਆਂ ਆਦਿ ਨੂੰ ਉਹਨਾਂ ਦੀ ਉਪਜੀਵਕਾ ਲਈ ਜ਼ਿਲ੍ਹੇ ਵਾਰ ਹੁਕਮਨਾਮਾ ਦਿੱਤਾ ਸੀ। ਇੱਕ ਹੁਕਮਨਾਮਾ ਵਡਾਲੇ ਜੌਹਲਾਂ ਦੇ ਭਾਈ ਦਸੌਂਧਾ ਸਿੰਘ ਦੇ ਨਾਮ, ਕਿਰਪਾਲ ਸਿੰਘ ਦੇ ਅਨੰਦ ਦੀ ਪੱਕੀ ਕਰਾਉਣ ਬਾਰੇ ਵੀ ਸੀ। ਇਹ ਦੋਵੇਂ ਹੁਕਮਨਾਮੇ ਭਾਈ ਹਜ਼ੂਰਾ ਸਿੰਘ ਰਾਗੀ ਪਾਸ ਹੁੰਦੇ ਸਨ। ਇਹਨਾਂ ਦਾ ਉਤਾਰਾ ਸਤਿਗੁਰੂ ਪਰਤਾਪ ਸਿੰਘ ਜੀ ਨੇ ਕਰਵਾ ਲਿਆ ਸੀ। ਸਤਿਗੁਰੂ ਜੀ ਤਿੰਨਾਂ ਪੀੜ੍ਹੀਆਂ ਦੇ ਰਾਗੀ ਜਾਣ ਕੇ, ਅਦਬ ਕਰਦੇ ਸਨ। ਰਿਆਸਤ ਨਾਭਾ ਵਾਲੇ ਕੂਕਿਆਂ ਦੇ ਬੀੜ ਵਿੱਚ ਸਤਿਗੁਰੂ ਪਰਤਾਪ ਸਿੰਘ ਜੀ ਇਹਨਾਂ ਸਿੰਘਾਂ ਨੂੰ ਭੂਮੀ ਵੀ ਆਪ ਕੋਲੋਂ ਦੇ ਕੇ ਫਿਰ ਆਬਾਦ ਵੀ ਕਰਵਾ ਦਿੱਤੀ ਸੀ। ਪੁਲੀਸ ਕਪਤਾਨ ਵਾਰਬਰਟਨ ਸਮਝਦਾ ਸੀ ਕਿ ਕਿਰਪਾਲ ਸਿੰਘ, ਨਿਹਾਲ ਸਿੰਘ, ਹਰਨਾਮ ਸਿੰਘ ਤਿੰਨੇ ਭਰਾ ਜਦੋਂ ਤਬਲੇ ਤੇ ਹੋਰ ਤੰਤੀ ਸਾਜ਼ ਵਜਾਉਂਦੇ ਹਨ, ਕੂਕੇ ਇਕੱਠੇ ਹੋ ਕੇ ਗ਼ਦਰ ਮਚਾਉਣ ਲਈ ਜੁੜ ਜਾਂਦੇ ਹਨ। ਕਿਲ੍ਹਾ ਰਾਇਪੁਰ ਇੱਕ ਅਨੰਦ ਤੇ ਬਾਬਾ ਦਰਬਾਰਾ ਸਿੰਘ ਦੇ ਬੁਲਾਉਣ ਤੇ ਗਏ ਤਾਂ ਤਿੰਨਾਂ ਭਰਾਵਾਂ ਦੀ ਜੂਹਬੰਦੀ ਹੋ ਗਈ। ਬਾਠਾਂ ਵਾਲਾ (ਸਿਆਲ ਕੋਟ) ਦੀ ਸੰਗਤ ਨੇ ਪਾਬੰਦੀ ਦਾ ਸਮਾਂ ਆਪਣੇ ਪਾਸ ਕਟਾਇਆ। ਨਾਮਧਾਰੀ ਸਿੰਘ ਉਗਰਾਹੀ ਕਰਕੇ ਇਹਨਾਂ ਦੇ ਪਰਿਵਾਰ ਦੀ ਉਦਰ ਪੂਰਤੀ ਕਰਦੇ ਸਨ। ਹਜ਼ੂਰ ਸਿੰਘ ਨੇ ਸਾਰੀ ਉਮਰ ਸੋਧ ਰੱਖੀ। ਸਤਿਗੁਰੂ ਰਾਮ ਸਿੰਘ ਦੀ ਸੰਗਤ ਬਿਨਾਂ ਕਿਸੇ ਅੱਗੇ ਸਾਜ਼ ਨਹੀਂ ਖੋਹਲਿਆ। ਸਤਿਗੁਰੂ ਪਰਤਾਪ ਸਿੰਘ ਆਪ ਦੇ ਵੱਡੇ ਕਦਰਦਾਨ ਸਨ।'[20]

ਕੂਕਾ ਅੰਦੋਲਨ ਵਿੱਚ ਬਾਬਾ ਪ੍ਰੇਮ ਸਿੰਘ ਅਤੇ ਉਸ ਦੇ ਰਾਗੀ ਪੁੱਤਰ ਪੋਤਰਿਆਂ ਦਾ, ਭਦੌੜ ਦੇ ਰਾਗੀ ਘਰਾਣੇ ਦਾ ਬਹੁਤ ਉਚਾ ਸਥਾਨ ਹੈ।

## ਹਵਾਲੇ ਤੇ ਟਿੱਪਣੀਆਂ


1. ਪ੍ਰੋ. ਮੋਹਨ ਸਿੰਘ ਰਚਨਾਵਲੀ, ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿੱਚ ਮਹਾਂ ਕਾਵਿ 'ਨਾਨਕਾਇਣ', ਸਫਾ 351
2. ਜੱਸ-ਜੀਵਨ, ਭਾਗ -੬ ਸੰਤ ਤਰਨ ਸਿੰਘ ਵਹਿਮੀ, ਸਫਾ 61
3. ਸਤਿਜੁਗ, ਸ੍ਰੀ ਜੀਵਨ ਨਗਰ, ਬਸੰਤ ਅੰਕ, 29 ਮਾਘ 2007 ਬਿ., ਸਫਾ 56
4. ਮਹਾਨ ਕੋਸ਼, ਭਾਈ ਕਾਹਨ ਸਿੰਘ ਨਾਭਾ, ਭਾਸ਼ਾ ਵਿਭਾਗ ਦੀ ਛਾਪ 1990 ਈ., ਸਫਾ 905
5. ਉਹੀ, ਸਫਾ 821
6. ਸਤਿਜੁਗ, ਬਸੰਤ ਅੰਕ, ਉਪਰੋਕਤ, ਸਫਾ 56
7. ਉਹੀ, ਸਫਾ 56-57
8. ਮਾਲਵੇਂਦਰ, ਸੰਤ ਇੰਦਰ ਸਿੰਘ ਚੱਕਰਵਰਤੀ ਸਫਾ 170-71
9. ਉਪਰੋਕਤ ਬਸੰਤ ਅੰਕ, ਸਫਾ 57

10. ਸਤਿਗੁਰੂ ਬਿਲਾਸ, ਭਾਗ ਦੂਜਾ, ਭਾਈ ਸੰਤੋਖ ਸਿੰਘ ਬਾਹੋਵਾਲ ਸਫਾ 374
11. ਨਾਮਧਾਰੀ ਇਤਿਹਾਸ, ਨਾਹਰ ਸਿੰਘ ਐੱਮ.ਏ. (ਸੰਪਾਦਕ ਮਲਵਿੰਦਰਜੀਤ ਸਿੰਘ ਵੜੈਚ), ਦੂਜੀ ਛਾਪ, ਸਫਾ 78
12. ਸਤਿਗੁਰੂ ਬਿਲਾਸ, ਭਾਗ ਦੂਜਾ, ਸਫਾ 204
13. ਜੱਸ-ਜੀਵਨ, ਭਾਗ 6, ਸੰਤ ਤਰਨ ਸਿੰਘ ਵਹਿਮੀ, ਸਫਾ 61
14. ਸਤਿਗੁਰੂ ਬਿਲਾਸ ਭਾਗ ਦੂਜਾ, ਸਫਾ 113-115
15. ਉਹੀ, ਸਫਾ 115-116
16. ਉਹੀ, ਸਫਾ 116-118
17. ਕੂਕਾ ਮੂਵਮੈਂਟ, ਫਰੀਡਮ ਸਟ੍ਰਗਲ ਇਨ ਪੰਜਾਬ ਸੰ. ਜਸਵਿੰਦਰ ਸਿੰਘ, ਸਫਾ 1-18
18. ਸਿੰਘਾਂ ਨਾਮਧਾਰੀਆਂ ਦਾ ਪੰਥ ਪ੍ਰਕਾਸ਼ ਕ੍ਰਿਤ ਕਾਲਾ ਸਿੰਘ ਨੰਗਲ ਵਾਲੇ (ਸੰਪਾਦਕ, ਦੇਵਿੰਦਰ ਸਿੰਘ ਗਿੱਲ (ਜੀਆ ਨੱਥਾ ਸਿੰਘ), ਦੂਜੀ ਛਾਪ 2014 ਸ੍ਰੀ ਭੈਣੀ ਸਾਹਿਬ, ਸਫਾ 177
19. ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ ਸੰ. ਜਸਵਿੰਦਰ ਸਿੰਘ, ਪੰਨਾ 503-15
20. ਜੱਸ ਜੀਵਨ, ਭਾਗ 6, ਸੰਤ ਤਰਨ ਸਿੰਘ ਵਹਿਮੀ, ਸਫਾ 61-63

# ਗੁਰੂ ਕੇ ਲੰਗਰ ਦੇ ਮੋਢੀ ਸੇਵਕ-ਬਾਬਾ ਬਘੇਲ ਸਿੰਘ ਨਾਰਲੀ

ਸਤਿਗੁਰੂ ਨਾਨਕ ਦੇਵ ਜੀ ਨੇ ਸਿੱਖੀ ਪਰਚਾਰ ਲਈ, ਉਮਰ ਦੇ ਪਹਿਲੇ ਵਰ੍ਹੇ ਵਿਸ਼ਵ ਭਰਮਣ ਕਰਦਿਆਂ ਬਿਤਾਏ। ਆਖਰੀ ਉਮਰ ਆਪਣੇ ਦੁਆਰਾ ਸਥਾਪਿਤ ਸਿੱਖੀ ਨੂੰ ਸੰਸਥਾਗਤ ਰੂਪ ਦੇਣ ਲਈ, ਸ੍ਰੀ ਕਰਤਾਰਪੁਰ ਸਾਹਿਬ ਵਿਖੇ ਧਰਮਸ਼ਾਲਾ ਸਥਾਪਿਤ ਕਰਕੇ ਬਿਤਾਈ। ਸਿੱਖੀ ਨਾਲ ਜੁੜੇ ਹੋਰ ਵਿਧੀ ਵਿਧਾਨ ਦੀ ਸਿਰਜਣਾ ਕੀਤੀ। ਸਿੱਖ ਧਰਮਸ਼ਾਲਾ, ਜੋ ਹੁਣ ਗੁਰਦੁਆਰਿਆਂ ਵਿਚ ਪਰਵਰਿਤਿਤ ਹੋ ਚੁੱਕੀਆਂ ਹਨ ਨਾਲ ਲੰਗਰ ਦੀ ਪਰੰਪਰਾ ਅਭਿੰਨ ਰੂਪ ਵਿਚ ਜੁੜੀ ਹੋਈ ਹੈ। ਕਿਸੇ ਗੁਰਦੁਆਰੇ ਦੀ ਲੰਗਰ ਤੋਂ ਬਿਨਾਂ ਕਲਪਣਾ ਕੀਤੀ ਹੀ ਨਹੀਂ ਜਾ ਸੱਕਦੀ। ਇਹੀ ਗੁਰੂ ਘਰ ਦੀ ਵਿਲੱਖਣਤਾ ਹੈ ਕਿ ਆਏ ਅਭਿਆਗਤ ਦੀ ਖੁਧਿਆ ਸ਼ਾਂਤ ਕਰਨ  ਲਈ ਇਹ ਇਕ ਪਰਮੁੱਖ ਸਥਾਨ ਦਾ ਰੂਪ ਲੈ ਚੁੱਕਾ ਹੈ। ਗੁਰੂ ਨਾਨਕ ਪਾਤਸ਼ਾਹ ਦੁਆਰਾ ਸਥਾਪਿਤ ਕਰਤਾਰਪੁਰ ਸਾਹਿਬ ਵਾਲੇ ਲੰਗਰ ਵਿਖੇ, ਦੂਜੇ ਸਤਿਗੁਰੂ ਅੰਗਦ ਦੇਵ ਜੀ, ਸਿੱਖ ਲਹਿਣਾ ਰੂਪ ਵਿਚ ਜਦੋਂ ਆਉਂਦੇ ਹਨ ਤਾਂ ਲੂਣ ਦਾ ਇਕ ਵੱਡਾ ਢੇਲਾ, ਗੁਰੂ ਕੇ ਲੰਗਰ ਵਾਸਤੇ ਆਪਣੀ ਘੋੜੀ ਤੇ ਲੱਦ ਕੇ ਲਿਆਉਂਦੇ ਹਨ। ਫਿਰ ਆਪ ਆਪਣੀ ਸੁਪਤਨੀ ਮਾਤਾ ਖੀਵੀ ਜੀ ਨਾਲ, ਖਡੂਰ ਸਾਹਿਬ ਵਿਖੇ ਲੰਗਰ ਪ੍ਰਥਾ ਨੂੰ ਹੋਰ ਵਿਸਥਾਰਦੇ ਹਨ ਅਤੇ ਤੀਜੇ ਸਤਿਗੁਰੂ ਅਮਰਦਾਸ ਜੀ ਦੇ ਵਕਤ ਤੱਕ ਤਾਂ ਇਸ ਲੰਗਰ ਦੀ ਸੋਅ, ਦਿੱਲੀ ਦਰਬਾਰ ਤੱਕ ਪੁੱਜਦੀ ਹੈ। ਹਿੰਦ ਦਾ ਸ਼ਹਿਨਸ਼ਾਹ ਅਕਬਰ, ਇਸ ਲੰਗਰ ਵਿਚੋਂ ਪਰਸ਼ਾਦ ਪਾ ਕੇ ਗਰਵਿਤ ਮਹਿਸੂਸ ਕਰਦਾ ਹੈ। ਛੇਵੇਂ ਅਤੇ ਦਸਵੇਂ ਪਾਤਸ਼ਾਹ ਦੇ ਸਮੇਂ ਜੰਗਾਂ ਜੁੱਧਾਂ ਦੇ ਨਾਲ ਨਾਲ ਹੀ ਗੁਰੂ ਕਾ ਲੰਗਰ ਵੀ ਇਕ ਰਸ ਅਤੇ ਅਤੁੱਟ ਵਰਤਦਾ ਰਹਿੰਦਾ ਹੈ, ਭਾਵੇਂ ਸਮੇਂ ਦੇ ਉਤਰਾਵਾਂ ਚੜ੍ਹਾਵਾਂ ਤੋਂ ਇਹ ਕੁਝ ਸਮੇਂ ਲਈ ਪ੍ਰਭਾਵਿਤ ਜ਼ਰੂਰ ਹੁੰਦਾ ਹੈ। ਸਿੱਖੀ ਵਿਚ ਜਿੱਥੇ ਪਹਿਲਾਂ "ਸੰਗਤ ਪੰਗਤ" ਦੀ ਪ੍ਰਥਾ ਵਿਕਸਿਤ ਹੁੰਦੀ ਹੈ, ਗੁਰੂ ਕਾਲ ਅਤੇ ਅਠਾਰ੍ਹਵੀਂ ਸਦੀ ਦੇ ਜੰਗਜੂ ਮਾਹੌਲ ਵਿਚ, "ਦੇਗ ਤੇਗ ਫਤੇਹ" ਦਾ ਨਾਅਰਾ ਜਾਂ ਸਿੰਘ ਬੋਲ ਉਦਘੋਸ਼ਿਤ ਹੁੰਦਾ ਹੈ। ਨਾਮਧਾਰੀ ਸੰਤ ਖਾਲਸਾ ਦੀ, ਸ੍ਰੀ ਭੈਣੀ ਸਾਹਿਬ ਵਿਚ ਸਾਜਨਾ ਦੇ ਮੁੱਢਲੇ ਸਾਲਾਂ ਵਿਚ ਹੀ, ਸਤਿਗੁਰੂ ਰਾਮ ਸਿੰਘ ਜੀ ਆਪਣੇ ਕਰ-ਕਵਲਾਂ ਨਾਲ ਲੋਹ ਗੱਡ ਕੇ (ਜਿਸ ਦੇ ਦਰਸ਼ਨ ਸੰਗਤ ਅਜੇ ਵੀ ਕਰ ਰਹੀ ਹੈ), ਗੁਰੂ ਕਾ ਲੰਗਰ ਆਰੰਭ ਦਿੰਦੇ ਹਨ ਜਿੱਥੇ ਅੱਜ ਤੱਕ ਕਿਸੇ ਵੀ ਆਏ ਵਿਅਕਤੀ ਨੂੰ, ਅੱਠਾਂ ਪਹਿਰਾਂ ਵਿਚ ਕਿਸੇ ਵੀ ਸਮੇਂ ਪਹੁੰਚਣ ਤੇ ਪਰਸ਼ਾਦ ਪਾਣੀ ਨਾਲ ਨਿਵਾਜਿਆ ਜਾਂਦਾ ਹੈ। ਬਰਤਾਨਵੀ ਸਰਕਾਰ ਦੁਆਰਾ ਜਲਾਵਤਨ ਕਰ ਦਿੱਤੇ ਜਾਣ ਬਾਅਦ, ਰੰਗੂਨ ਕੈਦ ਵਿਚ ਬੈਠੇ ਸਤਿਗੁਰੂ ਰਾਮ ਸਿੰਘ ਜੀ ਜਿੱਥੇ ਬਹੁਤ ਸਾਰੀਆਂ ਹੋਰ

ਸਮੱਸਿਆਵਾਂ ਪ੍ਰਤੀ ਚਿੰਤਤ ਹਨ, ਉੱਥੇ ਆਪ ਦੁਆਰਾ ਸਥਾਪਿਤ ਇਸ "ਸਦਾ ਬਰਤ" ਜਿਸਨੂੰ ਹੁਣ ਗੁਰੂ ਹਰੀ ਸਿੰਘ ਛੋਟੇ ਭਾਈ, ਚਲਾ ਰਹੇ ਹਨ, ਉਸ ਪ੍ਰਤੀ ਆਪਣੀ ਚਿੰਤਾ ਆਪ ਪਾਸ ਪੁੱਜਣ ਵਾਲੇ ਪਹਿਲੇ ਸਿੰਘ, ਭਾਈ ਦਰਬਾਰਾ ਸਿੰਘ ਰਾਇਪੁਰੀਏ ਨਾਲ ਜ਼ਾਹਰ ਕਰਦੇ ਹਨ। "ਬਚਨ ਕੀਤਾ ਮੋਟਾ ਪਰਸਾਦਾ ਤੇ ਕਰੜਾ ਦਾਲਾ ਹੋਵੇ ਉਸਕੀ ਦੇਗ ਭੀ ਅਤੁਟ ਚਲੇਗੀ। ਜਿਸਕਾ ਪਤਲਾ ਦਾਲਾ ਤੇ ਪਤਲਾ ਪਰਸਾਦਾ ਉਸ ਕੀ ਕਲਾ ਭੀ ਪਤਲੀ ਹੁੰਦੀ ਹੈ।"[1] ਸਤਿਗੁਰੂ ਰਾਮ ਸਿੰਘ ਜੀ ਦੇ ਲੰਗਰ ਪ੍ਰਥਾਇ ਬਚਨ ਹੁਕਮਨਾਮਿਆਂ ਵਿਚ ਥਾਂ ਪਰ ਥਾਂ ਦਰਜ ਹਨ : "ਹੋਰ ਜੀ ਲੰਗਰ ਦੀ ਬਾਤ ਏਹੁ ਹੈ ਜਿਤਨਾ ਕੁਛ ਸਰੇ ਕਿਸੇ ਤੋਂ ਸੋ ਲੰਗਰ ਪਾਵੇ। ਲਿਖਣਾ ਕੀ ਹੈ ਹੋਰ ਕੀ ਲਿਖਣਾ ਹੈ ? ਗੁਰੂ ਸਾਹਿਬ ਜੀ ਸਰਬ ਦਾਨਾ ਤੇ ਉਪਰ ਅੰਨ ਦਾ ਦਾਨ ਬਡਾ ਲਿਖਾ ਹੈ ਸਾਖੀਆ ਮੈ। ਜੋ ਲੰਗਰ ਦੀ ਟਹਿਲ ਕਰੂਗਾ ਉਸ ਦਾ ਬਹੁਤ ਭਲਾ ਹੋਊਗਾ। ਸਤਿ ਕਰਿ ਮੰਨਣਾ। ਐਥੇ ਸਾਨੂੰ ਕੁਛ ਨਹੀਂ ਚਾਹੀਦਾ, ਰਾਮਦਾਸਪੁਰੇ ਲੰਗਰ ਪਾਓ।" (ਹੁਕਮਨਾਮਾ-੧੨)

ਭਾਈ ਦਰਬਾਰਾ ਸਿੰਘ ਰਾਹੀਂ ਇਹ ਸੰਦੇਸ਼ ਗੁਰੂ ਹਰੀ ਸਿੰਘ ਜੀ ਤੱਕ ਪੁੱਜਿਆ ਕਿ ਗੁਰੂ ਕਾ ਲੰਗਰ ਬੰਦ ਨਹੀਂ ਹੋਣਾ ਚਾਹੀਦਾ ਭਾਵੇਂ ਕਿਤਨਾ ਕਠਿਨ ਸਮਾਂ ਕਿਉਂ ਨਾ ਆਵੇ। ਇਸ ਲਈ ਗੁਰੂ ਹਰੀ ਸਿੰਘ ਜੀ ਨੂੰ ਸਤਿਗੁਰੂ ਜੀ ਨੇ ਜਿਹਨਾਂ ਜਿਹਨਾਂ ਪਾਸੋਂ ਮਾਇਆ ਲੈਣੀ ਸੀ, ਉਹਨਾਂ ਬਾਰੇ ਵੀ ਸੁਨੇਹੇ ਭੇਜੇ ਕਿ ਇਹ ਸਭ ਮਾਇਆ ਲੈ ਕੇ, ਲੰਗਰ ਵਿਚ ਪਾ ਦੇਣੀ। ਮਹੰਤ ਗੁਰਦਿੱਤ ਸਿੰਘ ਮੋਰੋਂ ਅਤੇ ਬਾਬਾ ਸਾਹਿਬ ਸਿੰਘ ਬੰਗਾਲੀਪੁਰੀਏ ਦੇ ਸਾਂਹਵੇਂ, ਸਤਿਗੁਰੂ ਰਾਮ ਸਿੰਘ ਜੀ ਨੇ ਕਿਸੇ ਸਮੇਂ ਸ੍ਰੀ ਭੈਣੀ ਸਾਹਿਬ ਦੇ ਤਬੇਲੇ ਵਿਚ, ਛੇ ਹਜ਼ਾਰ ਰੁਪੈ ਔਖੇ ਸਮੇਂ ਲਈ ਦਬਾ ਕੇ ਰੱਖੇ ਸਨ। ਗੁਰੂ ਹਰੀ ਸਿੰਘ ਨੇ ਉਹ ਰਕਮ ਜਦੋਂ ਕੱਢ ਕੇ ਲੰਗਰ ਦਾ ਕੁਝ ਸਮਾਂ ਪ੍ਰਬੰਧ ਕਰ ਲਿਆ ਤਾਂ ਇਸ ਤੋਂ ਬਾਅਦ ਆਪ ਅਕਸਰ ਇਸ ਪਰੇਸ਼ਾਨੀ ਵਿਚ ਰਹਿੰਦੇ ਸਨ ਕਿ ਗੁਰੂ ਕਾ ਲੰਗਰ ਨਿਰਵਿਘਨ ਕਿਵੇਂ ਚੱਲਦਾ ਰੱਖਿਆ ਜਾਵੇ ? ਲੰਗਰ ਜਾਰੀ ਰੱਖਣਾ, "ਸਿਰ-ਕਰਤਾ" ਗੁਰੂ ਹਰੀ ਸਿੰਘ ਲਈ ਸਤਿਗੁਰੂ ਰਾਮ ਸਿੰਘ ਜੀ ਦਾ ਪਰਮੁੱਖ ਆਦੇਸ਼ ਸੀ। ਇਸ ਆਦੇਸ਼ ਦਾ ਜ਼ਿਕਰ ਸਤਿਗੁਰੂ ਜੀ ਦੇ ਹੁਕਮਨਾਮਿਆਂ ਵਿਚ ਵੀ ਤੇ ਸਾਡੇ ਪੁਰਾਤਨ ਇਤਿਹਾਸ ਵਿਚ ਵੀ ਥਾਂ ਪਰ ਥਾਂ ਮਿਲਦਾ ਹੈ। "ਭੁਖੇ ਨੂੰ ਪ੍ਰਸਾਦਾ ਨੰਗੇ ਨੂੰ ਕਪੜਾ ਦੇਣਾ ਮੇਰੇ ਨਮਿਤ।"[2]

ਇਕ ਹੋਰ ਹੁਕਮਨਾਮੇ ਵਿਚ ਸਤਿਗੁਰੂ ਜੀ, ਡੇਰੇ ਵਿਚ ਆਉਣ ਵਾਲੇ ਕਿਸੇ ਵੀ ਭੇਖ ਦੇ ਅਤੇ ਬੇਸ਼ਕ ਨਿੰਦਿਆ ਕਰਨ ਵਾਲਾ ਵੀ ਹੋਵੇ, ਨੂੰ ਪਰਸ਼ਾਦਾ ਪਾਣੀ ਗੁਰੂ ਕੇ ਲੰਗਰ ਵਿਚੋਂ ਬਿਨਾਂ ਵਿਤਕਰੇ ਦੇਣ ਦਾ ਹੁਕਮ ਲਿਖ ਭੇਜਦੇ ਹਨ-

"ਭੁਖੇ ਨੂੰ ਰੋਟੀ ਕਪੜਾ ਜੋੜਾ, ਕਿਸੇ ਭੇਖ ਦਾ ਹੋਵੇ, ਭਾਵੇਂ ਨਿੰਦਾ ਬੀ ਕਰਦਾ ਹੋਵੇ, ਪਰ ਲੋੜਮਾਨ ਦੇਖ ਕੇ ਉਸਨੂੰ ਬੀ ਦੇਣਾ ਜਿਤਨਾ ਕੁ ਸਰੇ ਆਪ ਤੇ। ਪੁੰਨ ਤੇ ਘਾਟਾ ਨਹੀਂ ਆਉਂਦਾ ਪਰ ਦੇਨਾ ਔਖਾ ਹੈ। ਤੁਸੀਂ ਅਨੰਦ ਰਹਿਣਾ। ਜਿਸਨੂੰ ਏ ਪਿਆਦੇ ਔਣ ਦੇਣ ਓਸਨੂੰ ਅੰਨ ਪਾਣੀ ਦੇ ਦੇਣਾ। ਔਣ ਨਾ ਦੇਣ ਏ ਜਾਨਣ।"[3]

ਸਤਿਗੁਰੂ ਜੀ ਦੇ ਦਰਸ਼ਨਾਂ ਨੂੰ ਗੁਰਦਿਤ ਸਿੰਘ ਬੈਂਕੇ (ਗੁਜਰਾਂਵਾਲਾ) ਅਰੂੜ

ਸਿੰਘ ਸਹਾਰਨ ਚੱਠਿਆਂ ਦਾ (ਗੁਜਰਾਂਵਾਲਾ) ਸਾਧੂ ਸਿੰਘ, ਕਿਰਪਾਲ ਸਿੰਘ ਅਤੇ ਹਰੀ ਸਿੰਘ ਅੰਮ੍ਰਿਤਸਰ ਦਾ ਭਾਟੜਾ ਸਿੰਘ ਰੰਗੂਨ ਪੁੱਜੇ। ਇਹਨਾਂ ਵਿਚੋਂ ਕੁਝ ਸਿੰਘਾਂ ਨੇ ਸਤਿਗੁਰੂ ਜੀ ਤੋਂ ਸ਼ਾਇਦ ਮਾਇਆ ਦੀ ਕੁਝ ਲੋੜ ਵਜੋਂ, ਮੰਗ ਕੀਤੀ। ਆਪ ਜੀ ਦਾ ਜੋ ਜੁਆਬ ਹੁਕਮਨਾਮੇ ਵਿਚ ਦਰਜ ਹੈ, ਉਸ ਤੋਂ ਮਾਲੂਮ ਹੁੰਦਾ ਹੈ ਕਿ ਆਪ ਨੂੰ ਸ੍ਰੀ ਭੈਣੀ ਸਾਹਿਬ ਲੰਗਰ ਚੱਲਦਾ ਰੱਖਣ ਦੀ ਵੱਡੀ ਚਿੰਤਾ ਹੈ ਅਤੇ ਜੋ ਵੀ ਜਿੱਥੋਂ ਮਿਲਦਾ ਹੈ ਧਨ ਪਦਾਰਥ, ਆਪ ਲੰਗਰ ਵਿਚ ਪਾਉਣ ਲਈ ਭੇਜ ਦਿੰਦੇ ਹਨ। ਹੁਕਮਨਾਮਾ ਇਉਂ ਹੈ–

"ਜੋਗ ਭਾਈ ਗੁਰਦਿਤ ਸਿੰਘ, ਸਾਧੂ ਸਿੰਘ ਤੇ ਅਰੂੜ ਸਿੰਘ ਤੇ ਹਰੀ ਸਿੰਘ, ਕ੍ਰਿਪਾਲ ਸਿੰਘ ਹੋਰ ਭਾਈ ਸਾਨੂੰ ਰਸਤ ਖਾਣ ਦੀ ਮਿਲਦੀ ਹੈ। ਪੈਸਾ ਤਾਂ ਇਕ ਨਹੀਂ ਮਿਲਦਾ ਹੈ। ਕੁਛ ਰੁਪਈਯੇ ਘਰੋ ਆਏ ਥੇ ਤੇ ਕੁਛ ਸਿੰਘ ਲੈ ਆਏ ਥੇ ਜੋ ਏਥੇ ਆਏ ਥੇ। ਸੌ ਰਪਈਯੇ ਪਹਿਲਾ ਸ੍ਹਾਲੀ ਵਾਲੇ ਜੀਉਣ ਸਿੰਘ ਤੇ ਸਵੇਗ ਸਿੰਘ ਦੇ ਹੱਥ ਭੇਜ ਦਿੱਤੇ ਜੋ ਸਾਡੇ ਪਾਸ ਸੀ। ਫੇਰ ਭਗਵਾਨ ਸਿੰਘ ਹੁਰੀ ਜੋ ਸਾਨੂੰ ਦਿੱਤਾ ਸੋ ਵੀ ਅਸੀਂ ਓਨਾਂ ਦੇ ਹਥੀ ਈ ਮੋੜ ਦਿੱਤਾ। ਲੰਗਰ ਪਾਇ ਦੇਣ ਨੂੰ ਆਖ ਦਿੱਤਾ ਹੈ। ਫੇਰ ਆਏ ਮਲਵਈ ਸਿੰਘ ਤਿੰਨ। ਓਹ ਸਾਨੂੰ ਆਧੇ ਥੇ ਕੁਛ ਲੈ ਲਵੋ। ਅਸੀਂ ਓਨਾਂ ਦੇ ਪਾਸੋਂ ਇਕ ਪੈਸਾ ਨਹੀਂ ਲਿਆ। ਓਨਾਂ ਨੂੰ ਵੀ ਅਸੀਂ ਆਖ ਦਿੱਤਾ ਜੋ ਸਾਨੂੰ ਦੇਣਾ ਸੋ ਤੁਸੀਂ ਵੀ ਲੰਗਰ ਜਾਇ ਪਾਓ।

"ਇਕ ਸਾਨੂੰ ਚਾਦੀ ਦਾ ਕੌਲ ਦੇ ਗਿਆ ਸੀ ਭਗਵਾਨ ਸਿੰਘ। ਸੋ ਵੀ ਅਸੀਂ ਭੰਨ ਕੇ ਓਨਾਂ ਮਲਵਈਆ ਸਿੰਘਾਂ ਨੂੰ ਦੇ ਦਿੱਤਾ ਹੈ ਲੰਗਰ ਵਾਸਤੇ। ਹੁਣ ਤਾਂ ਸਾਡੇ ਪਾਸ ਦੇਣ ਨੂੰ ਕੁਛ ਨਹੀਂ ਹੈ। ਭਾਈ ਕ੍ਰਿਪਾਲ ਸਿੰਘ ਜੋ ਤੂੰ ਨੌ ਰੁਪਈਯੇ ਆਧਾ ਸੀ ਦੇਣ ਨੂੰ ਸੋ ਤੂ ਏਹੋ ਨੌ ਰੁਪਈਯੇ ਏਨਾ ਸਿੰਘਾ ਨੂੰ ਦੇ ਦੇਣੇ। ਤੇਰੇ ਪਹੁੰਚ ਗਏ ਲੰਗਰ।"4 ਸੁੰਦਰ ਸਿੰਘ ਕਲੈਹਰੀ ਅਤੇ ਭਗਵਾਨ ਸਿੰਘ ਅੜਬੰਗੀ (ਮਰਹਾਣਾ) ਵਾਲੇ ਹੁਕਮਨਾਮੇ ਵਿਚ ਲਿਖਦੇ ਹਨ, "ਕੀ ਡੇਰੇ ਵਿਚ ਲੰਗਰ ਦਾ ਪ੍ਰਬੰਧ ਸੁਚਾਰੂ ਰੂਪ ਵਿਚ ਹੈ ਜਾਂ ਛੋਟੇ ਪੈਮਾਨੇ ਤੇ ? ਕੀ ਡੇਰੇ ਵਿਚ ਅਨਾਜ ਜਮ੍ਹਾਂ ਹੈ ਵਾਹਵਾ ਹੈ ਜਾਂ ਥੋਹੜਾ ਹੈ।"

–ਕੂਕਾ ਮੂਵਮੈਂਟ (ਸ. ਜਸਵਿੰਦਰ ਸਿੰਘ) ਸਫਾ ੬੯

ਇਹ ਲੰਗਰ ਦੀ ਮਹੱਤਤਾ ਹੈ ਜਿਸ ਦਾ ਬਖਾਨ ਸਤਿਗੁਰੂ ਜੀ ਦੇ ਹੁਕਮਨਾਮਿਆਂ ਵਿਚ ਥਾਂ ਪਰ ਥਾਂ ਮਿਲਦਾ ਹੈ। ਸਤਿਗੁਰੂ ਰਾਮ ਸਿੰਘ ਜੀ ਦਾ ਸਮਾਂ ਨਾਮਧਾਰੀ ਪੰਥ ਦੀ ਚੜ੍ਹਦੀ ਕਲਾ ਦਾ ਸਮਾਂ ਸੀ। ਉਸ ਸਮੇਂ ਜਦੋਂ ਲੱਖਾਂ ਦੀ ਗਿਣਤੀ ਵਿਚ ਹਰ ਵਰ੍ਹੇ ਸੰਗਤ ਭੈਣੀ ਸਾਹਿਬ ਗੁਰੂ ਦਰਬਾਰ ਦੀ ਹਾਜ਼ਰੀ ਭਰਦੀ ਸੀ, ਲੰਗਰ ਚਲਾਉਣਾ ਕਠਿਨ ਨਹੀਂ ਸੀ। ਪਰ ਜਦੋਂ ਗੁਰੂ ਹਰੀ ਸਿੰਘ ਜੀ ਦੇ ਸਮੇਂ ਪਹਿਰਾਂ ਪੰਜ ਅਤੇ ਫਿਰ ਦਸ ਸਿੰਘ/ਸਿੰਘਣੀਆਂ ਹੀ ਅੱਠਾਂ ਪਹਿਰਾਂ ਵਿਚ, ਗੁਰਦੁਆਰੇ ਪਰਵੇਸ਼ ਕਰ ਸੱਕਦੇ ਸਨ। ਸਰਕਾਰੀ ਮਨਜ਼ੂਰੀ ਤੋਂ ਬਿਨਾਂ ਗੁਰੂ ਹਰੀ ਸਿੰਘ ਕਿਤੇ ਜਾ ਆ ਨਹੀਂ ਸੱਕਦੇ ਸਨ ਤਾਂ ਲੰਗਰ ਜਾਰੀ ਰੱਖਣ ਦੀਆਂ ਸੋਚਾਂ, ਆਪ ਨੂੰ ਵੱਡੀ ਪਰੇਸ਼ਾਨੀ ਵਿਚ ਪਾਈ ਰੱਖਦੀਆਂ ਸਨ। ਖਾਸ ਕਰਕੇ ਜਦੋਂ ਤਬੇਲੇ ਵਿਚੋਂ, ਸਤਿਗੁਰੂ ਜੀ ਦੇ ਸਮੇਂ ਦੀ ਨੱਪੀ ਮਾਇਆ, ਕੱਢ ਕੇ ਵਰਤ

ਲਈ ਗਈ ਤਾਂ ਆਪ ਲੰਗਰ ਦੇ ਭਵਿਖ ਬਾਰੇ ਹੀ ਸੋਚਾਂ ਵਿਚ ਰਹਿੰਦੇ। ਇਸ ਸਮੇਂ ਜਿਹੜੇ ਸਿੰਘਾਂ ਨੇ ਗੁਰੂ ਕਾ ਲੰਗਰ ਚੱਲਦਾ ਰੱਖਣ ਲਈ ਆਪਣਾ ਮੋਢਾ ਡਾਹਿਆ ਅਤੇ ਸਾਰੀ ਨਾਮਧਾਰੀ ਸੰਗਤ ਵਿਚ ਲੰਗਰ ਪ੍ਰਥਾਇ ਹਾੜ੍ਹੀ-ਸਾਉਣੀ, ਹਰ ਫਸਲ ਤੇ ਉਗਰਾਹੀ ਕਰਨ ਦੀ ਰੀਤ ਤੋਰੀ ਉਹਨਾਂ ਦਾ ਵੇਰਵਾ ਮੋਢੀ ਇਤਿਹਾਸਕਾਰ ਜੀ ਕਾਨੀ ਬੰਦ ਕਰ ਗਏ ਹਨ। "ਸਿੰਘ ਅੰਦਰ ਰਹਿੰਦੇ ਹੈਂ, ਗੁਪਤ ਪਾਠ ਤੁਰੇ ਹੈਂ। ਦੋ ਗ੍ਰੰਥ ਸਾਹਿਬ ਪ੍ਰਗਾਸੇ ਹੈਂ। ਧਰਮ ਕੀਆ ਧਮਕਾਂ ਸੁਣ ਕੇ ਨਾਲੇ ਸਤਿਗੁਰੂ ਜੀ ਕਾ ਜੋ ਬਚਨ ਹੈ ਮੇਰੇ ਨਮਿਤ ਭੋਗ ਪਾਵੋ ਸੋ ਬਚਨ ਸੁਣ ਕੇ ਜੇਹੜੇ ਧਨ ਵਾਲੇ ਸੇ ਤਿਨਾਂ ਨੂੰ ਪ੍ਰੇਰਨਾ ਹੋਈ ਜੋ ਅਸੀਂ ਧਨ ਵਾਲੇ ਹੈਂ ਸਾਨੂੰ ਭੀ ਕੁਝ ਮਦਦ ਕੀਤੀ ਚਾਹੀਏ। ਮਾਇਆ ਤਾਂ ਸਭ ਸਤਿਗੁਰੂ ਕੀ ਹੈ ਸਾਨੂੰ ਭੀ ਜਗ ਮੇਂ ਪਾਇਆ ਚਾਹੀਏ ਤਿਲ ਫੁਲ। ਜੋ ਜਗ ਮੈ ਪੈ ਜਾਵੇ ਸੋਈ ਚੰਗਾ ਹੈ। ਜੋ ਤਬੇਲੇ ਮੈ ਸੀ ਦਬਿਆ ਹੋਇਆ ਪਦਾਰਥ ਸੋ ਭੀ ਕਢ ਕੇ ਬਰਤਨ ਲਗੇ। ਅਖੰਡ ਪਾਠਾਂ ਕਾ ਪ੍ਰਤਾਪ ਸੁਣ ਕੇ ਕਾਹਨ ਸਿੰਘ ਬੁਰਜਾਂ ਕਾ ੧੦੦੦ ਰੁਪਯਾ ਲਿਆਇਆ, ਗੁਰੂ ਜੀ ਕੀ ਭੇਟਾ ਧਰਿਆ। ਗੁਰੂ ਹਰੀ ਸਿੰਘ ਜੀ ਕਾ ਦੀਦਾਰ ਕਰਕੇ ਹਰਿਆ ਹੋਇਆ। ਸਬੇਗ ਸਿੰਘ ਮਰਾਨੇ ਕਾ ਪੰਜ ਸੌ ਰੁਪਯਾ, ਨਾਰਲੀ ਕਾ ਬਘੇਲ ਸਿੰਘ ੧੦੦੦ ਰੁਪਯਾ, ਗਾਦੜੀ ਵਾਲੇ ਕਾ ਨੱਥਾ ਸਿੰਘ ੧੦੦੦ ਰੁਪਏ ਲਿਆਇਆ। ਬਾਬਾ ਬੂਟਾ ਸਿੰਘ ਭੀ ਉਗਰਾਹੀ ਕਰਕੇ ਲਿਆਏ। ਹੋਰ ਜਿਸ ਜਿਸਨੂੰ ਪ੍ਰੇਰਿਆ ਸੋ ਭੀ ਜਿਤਨੀ ਫੁਰਸਦ ਸੀ ਸੋ ਸਭ ਨੇ ਸੇਵਾ ਕੀਤੀ।"[5]

ਸੋ ਇਹ ਉਪਰੋਕਤ ਸਿੰਘ, ਭੈਣੀ ਸਾਹਿਬ ਲੰਗਰ ਦੀ ਉਗਰਾਹੀ ਸ਼ੁਰੂ ਕਰਨ ਵਿਚ ਮੋਢੀਆਂ ਵਾਲਾ ਸਥਾਨ ਰੱਖਦੇ ਹਨ। ਨੱਥਾ ਸਿੰਘ ਗਾਦੜੀਵਾਲਾ (ਫੀਰੋਜ਼ਪੁਰ) ਕਾਹਨ ਸਿੰਘ ਬੁਰਜ ਰਾਇਕੇ-ਨਜ਼ਦੀਕ ਸਰਹਾਲੀ (ਜ਼ਿਲ੍ਹਾ ਅੰਮ੍ਰਿਤਸਰ) ਦਾ ਸਕਾ ਮਾਸੜ ਸੀ। ਉਹ ਮਲਵਈ ਸਿੰਘ ਸੀ ਤੇ ਬਾਕੀ ਤਿੰਨੇ ਲਾਹੌਰ-ਅੰਮ੍ਰਿਤਸਰ ਜਿਲ੍ਹਿਆਂ ਦੇ ਮਝੈਲ ਸਿੰਘ ਸਨ। ਬਾਬਾ ਬੂਟਾ ਸਿੰਘ ਜੀ ਦਾ ਪਿੰਡ ਲਾਖਣਾ ਸੀ ਅਤੇ ਉਹਨਾਂ ਆਪਣਾ ਸਰੀਰ ਗੁਰਦੁਆਰੇ ਦੀ ਉਗਰਾਹੀ ਨੂੰ ਐਸਾ ਅਰਪਣ ਕਰ ਦਿੱਤਾ ਕਿ ਜੀਵਨ ਪ੍ਰਯੰਤ, ਗੁਰੂ ਹਰੀ ਸਿੰਘ ਜੀ ਦੇ ਸਮੇਂ ਤੋਂ ਬਾਅਦ, ਸਤਿਗੁਰੂ ਪਰਤਾਪ ਸਿੰਘ ਜੀ ਦੇ ਪਹਿਰੇ ਵਿਚ ਵੀ ਲੰਗਰ ਦੀ ਉਗਰਾਹੀ ਦੀ ਸੇਵਾ ਨਿਬਾਉਂਦੇ ਰਹੇ। ਇਹਨਾਂ ਸਿੰਘਾਂ ਦੀ ਇਸ ਮੋਢੀ ਘਾਲਣਾ ਤੋਂ ਗੁਰੂ ਹਰੀ ਸਿੰਘ ਜੀ ਚਿੰਤਾ-ਮੁਕਤ ਹੋ ਗਏ ਕਿ ਹੁਣ ਉਹਨਾਂ ਦੇ ਚੀਨੀ ਵਾਲੇ ਪਾਤਸ਼ਾਹ ਦੇ ਤੋਰੇ ਲੰਗਰ ਦੀ ਸੇਵਾ, ਕਠਿਨ ਹਾਲਤਾਂ ਵਿਚ ਸੰਭਾਲਣ ਲਈ ਗੁਰੂ ਕੇ ਸਿੰਘਾਂ ਨੇ ਕਮਰਕੱਸੇ ਕਰ ਲਏ ਹਨ। ਸਤਿਗੁਰੂ ਪਰਤਾਪ ਸਿੰਘ ਜੀ ਦੇ ਉਪਦੇਸ਼ਾਂ ਵਿਚ ਆਉਂਦਾ ਹੈ, ਗੁਰੂ ਹਰੀ ਸਿੰਘ ਜੀ ਦੇ ਤਬੇਲੇ ਵਿਚੋਂ ਦੱਬੀ ਗਾਗਰ ਪੁੱਟਣ ਸਮੇਂ ਬਣੇ, ਮਨੋਭਾਵਾਂ ਬਾਰੇ-

"ਗੁਰੂ ਹਰੀ ਸਿੰਘ ਜੀ ਕਹਿੰਦੇ, ਜਿਦਣ ਉਹ ਮਾਇਆ ਕੱਢ ਕੇ ਵਰਤੀ, ਫੇਰ ਅਸੀਂ ਆਖਿਆ, ਹੁਣ ਸੱਚੇ ਪਾਤਸ਼ਾਹ ਕਿਵੇਂ ਬਣੇਗੀ ਖੇਡ ? ਫੇਰ ਪਤਾ ਨਹੀਂ ਕਿਧਰੋਂ ਆਉਂਦੀ ਗਈ, ਸਾਨੂੰ ਨਹੀਂ ਫਿਰ ਪਤਾ ਲੱਗਿਆ, ਸਤਿਗੁਰਾਂ ਨੇ ਕਿਸ ਤਰ੍ਹਾਂ ਲੰਗਰ ਚਲਾਇਆ।"[6]

ਪਰਦੇਸ ਗਵਨ ਤੋਂ ਬਾਅਦ ਸਤਿਗੁਰੂ ਜੀ ਪਾਸ ੯੬ ਸਿੰਘ ਰੰਗੂਨ ਅਤੇ ਮਰਗੋਈ ਦਰਸ਼ਨ ਕਰਨ ਗਏ। ੧੮੭੫ ਤੋਂ ੧੮੮੧ ਈ. ਤੱਕ, ਛੇ ਸਾਲਾਂ ਦੇ ਸਮੇਂ ਵਿਚ। ਇਸ ਤੋਂ ਬਾਅਦ ਸਿੰਘਾਂ ਦੇ ਖਰਚ ਖੇਚਲ ਅਤੇ ਸਮੇਂ ਦੇ ਹਰਜੇ ਬਾਰੇ ਵਿਚਾਰ ਕੇ, ਕਿਉਂ ਜੁ ਦਰਸ਼ਨ ਮੇਲਾ ਤਾਂ ਮਲੇਛ ਕਰਨ ਨਹੀਂ ਸਨ ਦਿੰਦੇ ਚੰਗੀ ਤਰ੍ਹਾਂ, ਸਤਿਗੁਰੂ ਜੀ ਨੇ ਸਖਤੀ ਨਾਲ, ਗੁਰੂ ਹਰੀ ਸਿੰਘ ਜੀ ਨੂੰ ਲਿਖਿਆ ਕਿ ਹੁਣ ਕਿਸੇ ਸਿੰਘ ਨੂੰ ਸਾਡੇ ਪਾਸ ਨਹੀਂ ਭੇਜਣਾ ਤੁਸਾਂ। ਜਦੋਂ ਬਾਬਾ ਬਘੇਲ ਸਿੰਘ ਨਾਰਲੀ, ਹੋਰ ਸਿੰਘਾਂ ਸਮੇਤ ਗਏ ਤਾਂ ਆਪ ਅਤੇ ਦੂਜੇ ਸਿੰਘਾਂ ਦੀ ਰਾਮਸਰ ਸਰੋਵਰ ਦੇ ਕੰਢੇ ਖੂਹ ਲਾਉਣ ਦੀ ਬੇਨਤੀ ਸਤਿਗੁਰੂ ਜੀ ਨੇ ਪਰਵਾਨ ਨਾ ਕੀਤੀ। ਦਰਅਸਲ ਸਤਿਗੁਰੂ ਜੀ, ਹੋਰ ਪਾਸਿਆਂ ਦਾ ਖਰਚਾ ਸੰਕੋਚ ਕੇ, ਜੇ ਉਹਨਾਂ ਦੀ ਸੰਗਤ ਗੁਰੂ ਕਾ ਲੰਗਰ ਹੀ ਚਲਾਉਂਦੀ ਰਹੇ ਤਾਂ ਇਸਨੂੰ ਵੱਡੀ ਕਾਮਯਾਬੀ ਸਮਝਦੇ ਸਨ। ਇਹ ਬਚਨ ਵੀ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੇ ਰੀਕਾਰਡ ਹੋਏ ਉਪਦੇਸ਼ਾਂ ਵਿਚ ਦਰਜ ਹੈ–

"ਸਤਿਗੁਰਾਂ ਹੁਕਮਨਾਮੇ 'ਚ ਇਕ 'ਚ ਲਿਖ ਕੇ ਭੇਜਿਆ, ਪਹਿਲੇ ਬਾਬੇ ਕਾਹਨ ਸਿੰਘ ਹੁਰੀਂ ਬੁਰਜ ਵਾਲੇ, ਸ਼ਾਮ ਸਿੰਘ ਹੁਰੀਂ ਸਰਿਹਾਲੀ ਵਾਲੇ ਗਏ, ਇਹਨਾਂ ਜਾ ਕੇ ਅਰਜ ਕਰੀ, ਨਾਲ ਬਘੇਲ ਸਿੰਘ ਜੀ ਨਾਰਲੀਵਾਲੇ ਸਨ, "ਮਹਾਰਾਜ! ਖੂਹ ਲਾਈਏ ਸੱਚੇ ਪਾਤਸ਼ਾਹ, ਰਾਮਸਰ।" ਸਤਿਗੁਰਾਂ ਆਖਿਆ, "ਅਜੇ ਖੂਹ ਨਹੀਂ ਲਾਉਣਾ, ਜੇ ਤਾਂ ਮੈਂ ਆ ਗਿਆ ਤਾਂ ਉਹਦਾ ਨਾਮ ਰਾਮਦਾਸਪੁਰਾ ਸਦੀਂਏਗਾ ਔਰ ਉਹਦਾ ਨਾਮ ਰਾਮਸਰ, ਨਹੀਂ ਤਾਂ ਭੂੰਦੜ–ਭੈਣੀ ਤੇ ਕੁੱਪਾਂ ਵਾਲਾ ਛੱਪੜ।"[7]

ਸੋ ਸਤਿਗੁਰੂ ਰਾਮ ਸਿੰਘ ਜੀ ਅਤੇ ਗੁਰੂ ਹਰੀ ਸਿੰਘ ਜੀ ਦੇ ਸਮੇਂ ਵਿਚ ਲੰਗਰ ਪਰੰਪਰਾ ਵਿਚ ਅਹਿਮ ਯੋਗਦਾਨ ਪਾਉਣ ਵਾਲੇ, ਭਾਈ ਬਘੇਲ ਸਿੰਘ ਨਾਰਲੀ ਦੀ ਨਾਮਧਾਰੀ ਇਤਿਹਾਸ ਵਿਚ ਪਰਮੁੱਖ ਥਾਂ ਉਜਾਗਰ ਕਰਨ ਬਾਅਦ, ਉਹਨਾਂ ਦੇ ਜੀਵਨ ਵੇਰਵਿਆਂ ਤੇ ਪੰਛੀ ਝਾਤ ਪਾਉਣ ਦਾ ਉਪਰਾਲਾ ਕੀਤਾ ਜਾਂਦਾ ਹੈ। ਇਸ ਸਬੰਧ ਵਿਚ ਮਹੱਤਵਪੂਰਨ ਕੂਕਿਆਂ ਵਾਲੀ ਸੂਚੀ ਸਾਡੇ ਬੜੇ ਕੰਮ ਆਉਂਦੀ ਹੈ। ਜਿਸ ਦੇ ਲਾਹੌਰ ਜ਼ਿਲ੍ਹਾ ਵਾਲੇ ਇੰਦਰਾਜ ਵਿਚ ਆਪ ਦਾ ਨਾਮ ਸੀਰੀਅਲ ਨੰਬਰ ੧੦ ਤੇ ਦਰਜ ਹੈ– "ਬਘੇਲ ਸਿੰਘ, ਨਾਇਬ ਸੂਬਾ, ਪਿਤਾ ਦਾ ਨਾਂ–ਵਸਾਵਾ ਸਿੰਘ ਧੰਦੇ ਵਜੋਂ–ਵਾਹੀਵਾਨ ਅਤੇ ਸ਼ਾਹੂਕਾਰ, ਪਿੰਡ–ਨਾਰਲੀ, ਥਾਣਾ–ਖਾਲੜਾ, ਚਿਹਰਾ ਮੋਹਰਾ–ਲੰਮਾ ਸੰਘਣਾ ਦਾਹੜਾ, ਦਰਮਿਆਨਾ ਕੱਦ ਅਤੇ ਉਮਰ ੪੫ ਸਾਲ ਦੇ ਲਗਭਗ, ਖਾਸ ਲੱਛਣ ਅਤੇ ਚਰਿੱਤਰ–ਬਹੁਤ ਸਾਲ ਪਹਿਲਾਂ ਗੁਰੂ ਰਾਮ ਸਿੰਘ ਨੇ ਉਸਨੂੰ ਕੂਕਾ ਬਣਾਇਆ ਸੀ। ਸੰਨ ੧੮੭੧ ਈ. ਵਿਚ ਅੰਮ੍ਰਿਤਸਰ ਬੁੱਚੜਬੱਧ ਸਾਕੇ ਵਿਚ ਉਹਨੂੰ ਸ਼ੱਕ ਦੇ ਆਧਾਰ ਤੇ ਗਰਿਫਤਾਰ ਕੀਤਾ ਗਿਆ ਸੀ, ਬਾਅਦ ਵਿਚ ਛੱਡ ਦਿੱਤਾ ਗਿਆ ਸੀ। ਉਹ ਚੰਗੇ ਚਾਲ ਚੱਲਣ ਵਾਲਾ ਵਿਅਕਤੀ ਹੈ, ਪ੍ਰੰਤੂ ਉਹ ਬਹੁਤ ਕੱਟੜ (ਕੂਕਾ) ਹੈ। ਉਹ ਖੁੱਲ੍ਹਮ ਖੁੱਲ੍ਹਾ ਐਲਾਨ ਕਰਦਾ ਹੈ ਕਿ ਗੁਰੂ ਰਾਮ ਸਿੰਘ ਦੀ ਵਾਪਸੀ ਦੀ ਪੂਰੀ ਸੰਭਾਵਨਾ ਹੈ ਅਤੇ ਖਾਲਸਾ (ਰਾਜ) ਮੁੜ ਬਹਾਲ ਹੋਣਾ ਹੈ। ਉਹ ਕਿਸੇ ਹੱਦ ਤੱਕ ਪ੍ਰਭਾਵਸ਼ਾਲੀ ਅਤੇ ਦੌਲਤਮੰਦ ਵਿਅਕਤੀ ਹੈ।"[8]

ਯਾਦ ਰਹੇ ਕਿ ੧੪-੧੫ ਜੂਨ ੧੮੭੧ ਦੀ ਦਰਮਿਆਨੀ ਰਾਤ ਨੂੰ ਕੁਝ ਨਾਮਧਾਰੀ ਸਿੰਘਾਂ ਨੇ ਅੰਮ੍ਰਿਤਸਰ ਵਿਚ ਸਰਕਾਰੀ ਹੁਕਮ ਅਤੇ ਸ਼ਹਿ ਨਾਲ ਖੁੱਲ੍ਹੇ, ਗਊ ਘਾਤ ਕਰਨ ਵਾਲੇ ਬੁੱਚੜਖਾਨੇ ਤੇ ਹਮਲਾ ਬੋਲ ਕੇ ਕੁਝ ਬੁੱਚੜ ਸੋਧ ਦਿੱਤੇ ਅਤੇ ਕੁਝ ਫੱਟੜ ਕਰ ਦਿੱਤੇ ਸਨ। ਪਹਿਲਾਂ ਤਾਂ ਇਹ ਨਾਮਧਾਰੀ ਸਿੰਘ ਕਾਬੂ ਨਾ ਆਏ ਪਰ ਜਦੋਂ ਬੇਦੋਸ਼ਾਂ ਨੂੰ ਹੀ, ਪੰਜਾਬ ਪੁਲੀਸ ਨੇ ਆਪਣੇ ਰਵਾਇਤੀ ਬਦਨਾਮ ਢੰਗ ਤਰੀਕੇ ਵਰਤ ਕੇ ਇਕਬਾਲ ਕਰਵਾ ਲਿਆ ਅਤੇ ਉਹਨਾਂ ਨੂੰ ਫਾਹੇ ਟੰਗਣ ਦੀਆਂ ਸਾਰੀਆਂ ਤਿਆਰੀਆਂ ਮੁਕੰਮਲ ਹੋ ਚੁੱਕੀਆਂ ਸਨ ਤਾਂ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮ ਤੇ ਕਾਤਲ ਕੂਕੇ ਸਿੰਘ, ਭਾਈ ਬੀਹਲਾ ਸਿੰਘ ਨਾਰਲੀ (ਜੋ ਬਘੇਲ ਸਿੰਘ ਹੋਰਾਂ ਦੇ ਸੰਧੂ ਜੱਟ ਪਰਿਵਾਰ ਦੇ ਸ਼ਰੀਕੇ ਭਾਈਚਾਰੇ ਵਿਚ ਹੀ ਸਨ) ਆਦਿ ਅਧਿਕਾਰੀਆਂ ਪਾਸ ਗਏ। ਆਪਣਾ ਕਸੂਰ ਮੰਨਿਆ ਅਤੇ ਲਹੂ ਲਿੱਬੜੇ ਸ਼ਸਤਰ, ਤੂੜੀ ਦੇ ਕੁੱਪ ਵਿਚੋਂ ਕੱਢ ਕੇ ਤਫਤੀਸ਼ੀ ਅਧਿਕਾਰੀ ਨੂੰ ਸਬੂਤ ਵਜੋਂ ਸਉਂਪ ਕੇ ਆਪ ਸ਼ਹੀਦੀ ਬਾਟੇ ਛਕ ਗਏ। ਗਿਆਨੀ ਗਿਆਨ ਸਿੰਘ ਹੋਰੀਂ ਇਸ ਦੀ ਪੁਸ਼ਟੀ ਕਰਦੇ ਹਨ-

> "ਹਿੰਮਤ ਕਮਰ ਬਾਂਧਿ ਨਾਮਧਾਰੀ ਸਿੰਘੋਂ ਤਬਿ
> ਬੁੱਚੜ ਬਿਦਾਰੇ ਹਤਯਾਰੇ ਬਹੁ ਠੌਰ ਪੈ।
> ਸੁਧਾਸਰ ਆਦਿ ਠੌਰ ਔਰ ਹਿੰਦੂ ਨਾਮੀ ਗ੍ਰਾਮੀ
> ਅੰਗਰੇਜੋਂ ਗਹਿ ਕੈ ਦੁਖਯਾਰੇ ਕੀਨੇ ਗੌਰ ਪੈ।
> ਦੈਨ ਲਾਗੇ ਫਾਂਸੀ ਜਬਿ ਆਇ ਖੁਦ ਕੂਕੇ ਤਬਿ
> ਕਾਤਲ ਸਬੂਤ ਆਪ ਥੀਏ ਸਭ ਤੌਰ ਪੈ।
> ਖੁਸ਼ੀ ਹੋਇ ਦਏ ਸੀਸ ਗਏ ਈਸ ਲੋਕ ਮਾਂਹਿ
> ਕੋਟਲੇ-ਮਲੇਰ ਫੇਰ ਥਯੋ ਸਾਕਾ ਔਰ ਪੈ।"[9]

ਸੋ ਜਦੋਂ ਆਪ ਦੇ ਗਰਾਈਂ ਬੀਹਲਾ ਸਿੰਘ ਹੋਰੀਂ ਪੇਸ਼ ਹੋ ਗਏ ਤਾਂ ਬਘੇਲ ਸਿੰਘ ਸਮੇਤ ਹੋਰਨਾਂ ਬੇਦੋਸ਼ਿਆਂ ਨੂੰ ਛੱਡਿਆ ਹੀ ਜਾਣਾ ਸੀ। ਕੇਂਦਰੀ ਅਤੇ ਪੱਛਮੀ ਪੰਜਾਬ ਵਿਚ ਇਕ ਹੋਰ ਉੱਘੇ ਕੂਕਾ-ਆਗੂ, ਸੂਬਾ ਰਾਜਾ ਸਿੰਘ ਤਰਾਂਡੀਵਾਲੇ ਵੱਲ ਵੀ ਸਰਕਾਰ ਦੀ ਸ਼ੱਕ ਦੀ ਸੂਈ ਜਾਂਦੀ ਸੀ, ਅੰਮ੍ਰਿਤਸਰ ਵਾਲੇ ਸਾਕੇ ਦੇ ਸਬੰਧ ਵਿਚ। ਜਦੋਂ ਪਰਮੁਖ ਸੂਬੇ ਜਲਾਵਤਨ ਕੀਤੇ ਗਏ ਤਾਂ ਕੁਝ ਸਰਕਾਰੀ ਅਧਿਕਾਰੀਆਂ ਨੇ ਉਸ ਲਿਸਟ ਵਿਚ ਰਾਜਾ ਸਿੰਘ ਦਾ ਨਾਮ ਨਾ ਆਉਣ ਤੇ ਅਚੰਭਾ ਵੀ ਪ੍ਰਗਟ ਕੀਤਾ ਸੀ। ਅੰਮ੍ਰਿਤਸਰ ਵਾਲੇ ਸਾਕੇ ਦੇ ੪ ਨਾਮਧਾਰੀ ਸਿੰਘਾਂ, ਸਮੇਤ ਭਾਈ ਬੀਹਲਾ ਸਿੰਘ ਨਾਰਲੀ ਨੂੰ ੧੫ ਸਿੰਤਬਰ ੧੮੭੧ ਨੂੰ ਰਾਮਬਾਗ ਬੋਹੜ ਨਾਲ ਫਾਂਸੀ ਲਾ ਕੇ ਅੰਮ੍ਰਿਤਸਰ ਵਿਖੇ ਸ਼ਹੀਦ ਕਰ ਦਿੱਤਾ ਅਤੇ ਕੋਈ ਦੋ ਸਾਲ ਬਾਅਦ ਇਸੇ ਸਾਕੇ ਦੇ ਮਫਰੂਰ ਭਾਈ ਝੰਡਾ ਸਿੰਘ ਠੱਟਾ (ਅੰਮ੍ਰਿਤਸਰ) ਨੂੰ ਇਸੇ ਜਗ੍ਹਾ ਫਾਂਸੀ ਦੇ ਕੇ ਅੰਮ੍ਰਿਤਸਰ ਸਾਕੇ ਦੇ ਸ਼ਹੀਦਾਂ ਦੀ ਗਿਣਤੀ ਪੰਜ ਕਰ ਦਿੱਤੀ ਗਈ। ਬੀਹਲਾ ਸਿੰਘ ਅਤੇ ਬਾਕੀ ਸ਼ਹੀਦ ਸਿੰਘ ਭਾਈ ਬਘੇਲ ਸਿੰਘ ਹੋਰਾਂ ਦੇ ਪ੍ਰੇਰਣਾ ਸਰੋਤ ਬਣੇ ਰਹੇ। ਇਸ ਲਈ ਜਦੋਂ ੧੮੭੨ ਵਿਚ ਕੂਕਾ ਪੰਥ ਸਰਕਾਰ ਵਿਰੋਧੀ ਕਰਾਰ ਦੇ ਕੇ ਬਾਗੀਆਂ ਦਾ ਪੰਥ ਘੋਸ਼ਿਤ ਕੀਤਾ ਗਿਆ ਤਾਂ ਭਾਈ ਬਘੇਲ

ਸਿੰਘ ਨੇ, ਆਪਣੇ ਵਿਛੜੇ ਸਾਥੀਆਂ ਪ੍ਰਤੀ, ਆਪਣੀ ਵਚਨਬੱਧਤਾ ਨੂੰ, ਕਦੇ ਵੀ ਮੱਧਮ ਨਹੀਂ ਪੈਣ ਦਿੱਤਾ ਅਤੇ ਉਸਨੇ ਬਾਕੀ ਉਮਰ, ਸਤਿਗੁਰੂ ਰਾਮ ਸਿੰਘ ਅਤੇ ਗੁਰੂ ਹਰੀ ਸਿੰਘ ਦੇ ਮਿਸ਼ਨ ਦੇ ਲੇਖੇ ਲਾਉਣ ਵਿਚ ਹੀ ਆਪਣੇ ਧੰਨ ਭਾਗ ਸਮਝੇ। ਆਮ ਤੌਰ ਤੇ ਪੈਸੇ ਟਕੇ ਵਲੋਂ ਸੌਖੇ ਲੋਕ ਕਿਸੇ ਵੀ ਜੋਖਮ ਵਾਲੇ ਕੰਮ ਨੂੰ ਹੱਥ ਪਾਉਣ ਤੋਂ, ਗੁਰੇਜ਼ ਕਰਿਆ ਕਰਦੇ ਹਨ ਪਰ ਬਾਬਾ ਬਘੇਲ ਸਿੰਘ ਇਸ ਮਾਮਲੇ ਵਿਚ ਅਪਵਾਦ ਹੋ ਨਿੱਬੜਿਆ ਸੀ। ਉਸ ਆਪਣੀ ਧਨ ਦੌਲਤ ਨੂੰ, ਆਪਣੀਆਂ ਪੰਥਕ ਸਰਗਰਮੀਆਂ ਦੇ ਲੇਖੇ ਲਾਉਣ ਵਿਚ ਹਮੇਸ਼ਾ ਮਾਣ ਮਹਿਸੂਸ ਕੀਤਾ।

ਆਪ ਨੂੰ ਨਾਇਬ-ਸੂਬਾ ਵੀ ਗੁਰੂ ਹਰੀ ਸਿੰਘ ਜੀ ਨੇ ਥਾਪਿਆ ਸੀ। ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕਰਨ ਲਈ ਰੰਗੂਨ ਜਾਣ ਦਾ ਸੁਭਾਗ ਵੀ ਆਪ ਨੇ ਇਕ ਤੋਂ ਵਧ ਵਾਰ ਹਾਸਲ ਕੀਤਾ ਜਿਹਨਾਂ ਕੁਝ ਕੂ ਪਰਿਵਾਰਾਂ ਵਿਚ ਗਿਣਤੀ ਦੇ ਪੱਖੋਂ ਸਤਿਗੁਰੂ ਜੀ ਦੇ ਚੋਖੇ ਹੁਕਮਨਾਮੇ ਆਏ ਹਨ ਉਹਨਾਂ ਵਿਚ ਬਾਬਾ ਸ਼ਾਮ ਸਿੰਘ ਸਿਰਹਾਲੀ ਅਤੇ ਬਾਬਾ ਬਘੇਲ ਸਿੰਘ ਨਾਰਲੀ ਪਰਿਵਾਰ ਸ਼ਾਮਲ ਹੈ। ਨਾਰਲੀ ਪਿੰਡ ਕਿਉਂਕਿ ਖਾਲੜੇ ਥਾਣੇ ਵਿਚ ਸੀ ਅਤੇ ਲਾਹੌਰ ਦੇ ਚਾਰ ਥਾਣੇ ਖਾਲੜਾ, ਭਿੱਖੀ ਵਿੰਡ, ਵਲਟੋਹਾ, ਪੱਟੀ, ਭਾਰਤੀ ਪੰਜਾਬ ਵਿਚਲੇ ਅੰਮ੍ਰਿਤਸਰ ਜ਼ਿਲ੍ਹੇ ਵਿਚ ਆ ਗਏ ਸਨ, ਸੋ ਅੱਜ ਕੱਲ੍ਹ ਨਾਰਲੀ ਹਿੰਦੁਸਤਾਨ ਵਿਚ ਹੀ ਹੈ। ਉਂਜ ਬਾਬਾ ਬਘੇਲ ਸਿੰਘ ਨਾਰਲੀ ਪਰਿਵਾਰ ਦੇ ਕਈ ਘਰ ਬਹੁਤ ਸਾਰੇ ਹੋਰ ਨਾਮਧਾਰੀ ਸਿੰਘਾਂ ਜਿਉਂ ਹਰਿਆਣਾ ਦੇ ਸਿਰਸਾ ਜ਼ਿਲ੍ਹਾ ਵਿਚ ਆਬਾਦ ਹਨ।

ਗੁਰੂ ਦਰਸ਼ਨਾਂ ਲਈ ਜਦੋਂ ਨਾਮਧਾਰੀ ਸਿੰਘਾਂ ਦਾ ਪ੍ਰਵਾਹ ਚੱਲ ਪਿਆ ਤਾਂ ਭਾਈ ਬਘੇਲ ਸਿੰਘ ਨਾਰਲੀ, ਦੋ ਹੋਰ ਆਪਣੇ ਮਝੈਲ ਹੀ ਨਹੀਂ, ਸਗੋਂ ਸੰਧੂ ਭਰਾਵਾਂ ਅਤੇ ਚੌਥੇ ਭਾਈ ਨੱਥਾ ਸਿੰਘ ਗਾਦੜੀ ਵਾਲਾ ਨਾਲ, ਗੁਰੂ ਹਰੀ ਸਿੰਘ ਜੀ ਤੋਂ ਰੰਗੂਨ ਜਾਣ ਦੀ ਆਗਿਆ ਲੈ ਕੇ ਸਫਰ ਅਰੰਭਦੇ ਹਨ। "ਫੇਰ ਹੋਰ ਸਿੰਘ ਚੱਲੇ ਕਾਹਨ ਸਿੰਘ ਬੁਰਜ ਕਾ, ਬਘੇਲ ਸਿੰਘ ਨਾਰਲੀ ਕਾ, ਸ਼ਾਮ ਸਿੰਘ ਸਰਹਾਲੀ ਕਾ, ਨੱਥਾ ਸਿੰਘ ਗਾਦੜੀਵਾਲੇ ਕਾ। ਗੁਰੂ ਜੀ (ਗੁਰੂ ਹਰੀ ਸਿੰਘ) ਕਾ ਦਰਸ਼ਨ ਕਰ ਕੇ ਚਲੇ ਤਾਂ ਗੁਰੂ ਜੀ ਬਚਨ ਕੀਤਾ ਕਿ ਉਹ ਤਾਂ ਮਨਾਹੀ ਕਰ ਕੇ ਭੇਜਦੇ ਹੈਂ ਤੁਸੀਂ ਨਾ ਜਾਓ। ਦੁਰਾਹੇ ਕੇ ਪੜਾਓ ਜਾਂ ਚੜਨੇ ਕਾ ਵੇਲਾ ਹੋਇਆ ਤਾਂ ਬਘੇਲ ਸਿੰਘ ਕੋ ਅਵਾਜਾ ਕੀਤਾ ਪ੍ਰਤੱਖ ਹੋ ਕੇ, ਰੇਲ ਕਾ ਤੇ ਜਹਾਜ ਕਾ ਬਿਰਥਾ ਖਰਚਾ ਹੈ। ਏਹ ਪਦਾਰਥ ਲੰਗਰ ਮੈ ਪਾਇ ਦਿਓ ਰਾਮਦਾਸਪੁਰੇ ਮੈ। ਬਘੇਲ ਸਿੰਘ ਨੇ ਸ਼ਾਮ ਸਿੰਘ ਨੂੰ ਸਾਰਾ ਹਾਲ ਸੁਣਾਇਆ। ਸ਼ਾਮ ਸਿੰਘ ਨੇ ਕਹਾ ਕਿ ਤੇਰੀਆਂ ਤਾਂ ਏਹੋ ਬਾਤਾਂ ਰਹੀਆਂ, ਅਸੀਂ ਤਾਂ ਜ਼ਰੂਰ ਜਾਵਾਂਗੇ। ਦੋ ਦਲੀਲਾਂ ਹੋ ਗਈਆਂ ਸਿੰਘਾਂ ਦੀਆਂ। ਨੱਥਾ ਸਿੰਘ ਨੂੰ ਅਵਾਜ਼ਾ ਹੋਇਆ ਦਲੀਲਾਂ ਨਾ ਕਰੋ ਆਇ ਜਾਵੋ। ਫੇਰ ਜਿਓਂ ਚੜ੍ਹੇ ਹੈਂ ਰੇਲ ਕਲਕਤੇ ਜਾਇ ਉਤਰੇ। ਜਹਾਜ ਉਪਰ ਚੜ੍ਹ ਕੇ ਰੰਗੂਨ ਜਾਇ ਉਤਰੇ।

"ਠਾਕੁਰਬਾੜੀ ਮੈ ਡੇਰਾ ਕਰਕੇ ਫਿਰ ਜਾਇ ਦਰਸ਼ਨ ਕੀਤਾ। ਬਚਨ ਹੋਇਆ ਕਿਥੋਂ ਕੇ ਹੋ ? ਕਹਾ ਕਿ ਆਪ ਕੇ ਚਰਨਾਂ ਵਿਚੋਂ ਹੈਂ। ਤੀਨ ਫੇਰੀ ਪੁਛਿਆ ਤਾਂ ਚੌਹਾਂ ਨੇ ਪਿੰਡਾਂ ਦੇ ਨਾਮ ਦੱਸੇ ਨਾਲੇ ਸਿੰਘਾਂ ਨੂੰ ਪੁਛਿਆ ਮੋਰਮਈ ਜਾਣਾ ਹੈ ਕਿ ਮੁੜਨਾ ਹੈ। ਕਹਾ

ਜੀ ਦੋ ਜਣੇ ਜਾਵਾਂਗੇ, ਦੋ ਜਣੇ ਮੁੜਾਂਗੇ। ਲੱਖਾ ਸਿੰਘ ਨੇ ਬ੍ਰਹਮਾ ਸਿੰਘ ਨੂੰ ਮਾਰਿਆ ਸੀ, ਓਹ ਭੀ ਚਿੱਠੀ ਦੀਨਾਨਾਥ ਜੀ ਪਾਸ ਆਈ ਸੀ। ਉਸੀ ਸਮੇਂ ਸਿੰਘਾਂ ਨੂੰ ਉਸਦਾ ਉਤਰ ਲਿਖ ਦਿੱਤਾ, ਸੁਣੋ ਸਮਾਂ ਲੜਾਈ ਕਾ ਨਹੀਂ ਹੈ, ਹੁਣ ਤਾਂ ਚੁੱਪ ਕਰ ਕੇ ਦਿਨ ਕਟੋ। ਮਿਲ ਕੇ ਰਹੋ, ਭਜਨ ਬਾਣੀ ਕਰੋ। ਚਿੱਠੀ ਲੈ ਕੇ ਮੁੜ ਆਏ। ਹੁਕਮਨਾਮੇ ਸਭਨਾ ਨੂੰ ਮਿਲੇ।"[10]

ਬ੍ਰਹਮਾ ਦਾ ਸ਼ਹਿਰ, ਮੋਰਮਈ ਜਿਸਨੂੰ ਮੌਲਮੀਨ ਵੀ ਕਹਿੰਦੇ ਸਨ, ਉੱਥੇ ਸੂਬਾ ਜਵਾਹਰ ਸਿੰਘ, ਸੂਬਾ ਬ੍ਰਹਮਾ ਸਿੰਘ ਤੇ ਸੂਬਾ ਲੱਖਾ ਸਿੰਘ ਰਹਿੰਦੇ ਸਨ ਨਜ਼ਰਬੰਦੀ ਵਿਚ। ਸੂਬਾ ਲੱਖਾ ਸਿੰਘ ਕੁਝ ਗਰਮ ਸੁਭਾਅ ਦੇ ਸਨ, ਇਸ ਲਈ ਸਤਿਗੁਰੂ ਜੀ ਤਿੰਨਾਂ ਸੂਬਿਆਂ ਵਾਲੀ ਚਿਠੀ ਦੇ ਬਹਾਨੇ, ਸੂਬਾ ਲੱਖਾ ਸਿੰਘ ਹੋਰਾਂ ਨੂੰ ਸ਼ਾਂਤਗੀ ਨਾਲ ਦਿਨ ਕੱਟਣ ਦੀ ਤਾੜਨਾ ਕਰਦੇ ਹਨ।

ਭਾਈ ਬਘੇਲ ਸਿੰਘ ਹੋਰਾਂ ਦੇ ਨਾਮ ਹੁਕਮਨਾਮੇ ਵਿਚ ਮਾਝੇ ਦੇ ਅਨੇਕ ਸਿੰਘਾਂ ਦੇ ਨਾਮ ਪਿੰਡ ਲਿਖ ਕੇ ਉਹਨਾਂ ਨੂੰ ਯਾਦ ਕਰਦੇ ਹਨ ਅਤੇ ਫਿਰ ਉਹਨਾਂ ਨਾਲ ਨੀਤੀਗਤ ਬਚਨ ਵੀ ਸਾਂਝੇ ਕਰਦੇ ਹਨ–

"ਨਾਰਲੀ ਬਾਲੀ ਸੰਗਤ ਕੋ ਫਤੇ ਬੁਲਾਇ ਦੇਣੀ ਮੇਰੀ। ਅਰੁ ਭਾਈ ਬਘੇਲ ਸਿੰਘ ਤੈ ਸਾਰੀ ਸੰਗਤ ਨੂੰ ਏਹੁ ਹੁਕਮ ਸੁਣਾਇ ਦੇਣਾ, ਕਿਤੇ ਆਪ ਜਾ ਕੇ ਕਿਤੇ ਏਸ ਚਿਠੀ ਦਾ ਉਤਾਰ ਕਰਕੇ ਭੇਜ ਦੇਣਾ। ਅਰੁ ਸੰਗੀ ਸੁਣੇ ਉਹ ਰੌਲਾ ਨਾ ਪਾਵੇ, ਚੁਪ ਗੁਪ ਰਖੇ। ਜੇ ਗੋਰਾ ਸੁਣੂ ਜ਼ਿਲੇ ਬਾਲਾ ਤਾ ਤੁਰਤ ਏਥੇ ਬਾਲੇ ਗੋਰੇ ਨੂੰ ਲਿਖੂ ਤੁਸੀਂ ਰਾਮ ਸਿੰਘ ਨੂੰ ਕੈਦ ਕੀ ਕੀਤਾ ਹੈ ? ਰਾਮ ਸਿੰਘ ਨੂੰ ਲੋਕ ਮਿਲ ਮਿਲ ਆਉਂਦੇ ਹੈਨ, ਤਾਂ ਸਾਨੂੰ ਕਿਤੇ ਹੋਰ ਥੇ ਨਾ ਲੈ ਜਾਨਿ। ਦੇਖਣਾ ਅਛੇ ਆਦਮੀ ਤੋਂ ਬਿਨਾ ਤੂ ਨਾ ਦਸੀ ਕਿ ਮੈਂ ਮਿਲ ਕੇ ਆਇਆ ਹਾਂ। ਚਿਠੀ ਦਿਖਾਲਣੀ ਸਮੂਹ ਸੰਗਤ ਨੂੰ। ਮਰ੍ਹਾਣੇ ਬਾਲੇ ਸਿੰਘਾ ਨੂੰ ਤੇ ਸਵੇਗ ਸਿੰਘ ਨੂੰ ਫਤੇ ਗਜਾ ਦੇਣੀ, ਨਾਲੇ ਹੋਰ ਸਿਖਾ ਨੂੰ।..."

"ਭਾਈ ਬਘੇਲ ਸਿੰਘ ਜੀ ਇਕ ਤੈਨੂੰ ਬੀ ਅਰੁ ਸਾਰੀ ਸੰਗਤਿ ਨੂੰ ਸਾਰੋ ਹੁਕਮਨਾਮਾ ਤਾਂ ਤੇਰੇ ਈ ਪਾਸ ਲਿਖ ਕੇ ਦਿੱਤਾ ਹੈ, ਤੈਨੂੰ ਕਲੇ ਨੂੰ ਕੀ ਦੇਣਾ ਹੈ, ਤੂੰ ਸਾਰੀ ਸੰਗਤਿ ਨੂੰ ਸੁਣਾਈ। ਭਾਈ ਬਘੇਲ ਸਿੰਘ ਜੇ ਤੇਰੇ ਗਏ ਤੇ, ਤੇਰੇ ਤੇ ਸੁਣ ਕੇ ਲੋਕ ਭਜਨੁ ਬਾਣੀ ਕਰਣਗੇ, ਤਾਂ ਤੇਰਾ ਐਥੇ ਆਉਣ ਦਾ ਬਡਾ ਪੁੰਨ ਹੋਊਗਾ। ਸੋ ਭਾਈ ਉਪਦੇਸ ਤਾਂ ਸਾਰੀ ਸੰਗਤਿ ਨੂੰ ਇਕੋ ਹੈ, ਸੋ ਤੇਰੇ ਈ ਪਾਸ ਹੈ ਲਿਖਾ ਹੋਆ।"

"ਲੁਦਿਹਾਣੇ ਤੇ ਰੇਲ ਚੜੀ, ਭੋਲੀ ਦੇ ਘਰ ਜਾਈ। ਭੋਲੀ ਨੂੰ ਰਾਮ ਸਤਿ ਆਖੀ ਨਾਲੇ ਭੋਲੀ ਨੂੰ ਆਖੀ ਕੁੜੀ ਹਰਿਦੇਈ ਮਰੀ ਦਾ ਬੜਾ ਮਸੋਸ ਕਰਦੇ ਥੇ। ਆਧੇ ਥੇ ਦੇਖੋ ਭੋਲੀ ਨੂੰ ਬੜਾ ਦੁਖੁ ਉਤੇ ਦੁਖੁ ਰਿਹਾ। ਭਾਣਾ ਪ੍ਰਮੇਸਰ ਦਾ, ਪ੍ਰਮੇਸਰ ਨਾਲ ਤਾਂ ਕੋਈ ਚਾਰਾ ਨਹੀਂ, ਜਿਉਂ ਰਖੇ ਤਿਉਂ ਰਹਿਣਾ। ਇਹੁ ਬਾਤ ਭੋਲੀ ਨੂੰ ਸੁਣਾਈ ਲੁਦਿਹਾਣੇ ਜਾਦਾ ਜਾਦਾ। ਅਰੁ ਪਟਣੇ ਉਤਰ ਕੇ ਗੁਰਦੁਆਰੇ ਮਥਾ ਟੇਕੀ ਟੇਢਾ ਪਗੜਾ ਬੰਨ ਕੇ। ਆਖੀ ਜੀ ਏਹੁ ਕੂਕੇ ਕੌਣ ਹੈਨ ? ਗਲਾ ਸੁਣੀ, ਦੇਖੋ ਕੀ ਪਧਰ ਢਾਹਿਦੇ ਹੈਨ।

"ਭਾਈ ਬਘੇਲ ਸਿੰਘ ਤੂੰ ਬੀ ਬਾਣੀ ਕੰਠ ਕਰੀ ਆਪ, ਹੋਰੁ ਆਪ ਸਰਬੰਧੀਆ ਨੂੰ ਭੀ ਕੰਠ ਕਰਨ ਨੂੰ ਆਖੀ। ਅਰੁ ਭਾਈ ਪਿਛਾ ਰਾਤ ਨੂੰ ਕੋਈ ਬੀ ਨਾ ਸੌ ਰਹੇ। ਗ੍ਰੰਥ

ਸਾਹਿਬ ਮੈ ਲਿਖਾ ਹੈ 'ਫਰੀਦਾ ਪਿਛਲ ਰਾਤਿ ਨ ਜਾਗਿਓਹਿ ਜੀਵਦੜੋ ਮੁਇਓਹਿ।' ਸਭ ਨੇ ਬਾਣੀ ਪੜਨੀ ਅਰੁ ਭਜਨੁ ਬੀ ਕਰਨਾ ਜਿਤਨਾ ਪੁਜ ਆਵੇ। ਬਾਣੀ ਪੜਕੇ ਸਭ ਨੇ ਹਰਿਦਾਸ ਕਰਨੀ, ਗੁਰੂ ਸਾਹਿਬ ਪਾਸੋ ਸਿਦਕ ਦਾ ਦਾਨੁ ਮੰਗਣਾ। ਗੁਰੂ ਸਭਨਾ ਬਥੂ ਦਾ ਦਾਤਾ ਹੈ।..."

"ਏਹੁ ਹਰਿਦਾਸ ਤੇਰੀ ਹੈ ਭਾਈ ਬਘੇਲ ਸਿੰਘ। ਹੋਰ ਭਾਈ ਬਹੁਤਾ ਕੀ ਲਿਖੀਏ, ਬਡਾ ਲਿਖਿਆ ਹੈ ਅਗੇ ਮੰਨਣ ਵਾਲਾ ਚਾਹੀਏ।"[11]

ਭੋਲੀ, ਸਤਿਗੁਰੂ ਰਾਮ ਸਿੰਘ ਜੀ ਦੀ ਲੁਧਿਆਣੇ ਵਾਲੀ ਮਾਮੀ, ਰਾਮੀ ਦੀ ਨੂੰਹ ਸੀ। ਪਹਿਲੋਂ ਉਸਦਾ ਘਰ ਦਾ ਖਜ਼ਾਨ ਸਿੰਘ ਮਰਿਆ। ਫਿਰ ਸਹੁਰਾ ਹਰੀ ਸਿੰਘ ਮਰਿਆ। ਹੁਣ ਮਾਮੀ ਰਾਮੀ ਉਸਦੀ ਸੱਸ, ਮਰਨ ਬਾਅਦ, ਇਹ ਲੜਕੀ ਹਰਿਦੇਈ ਵੀ ਮਰ ਗਈ। ਇਉਂ ਕੁਦਰਤ ਦੀਆਂ ਕਰੋਪੀਆਂ ਦਾ ਜ਼ਿਕਰ ਕਰਦੇ ਹੋਏ ਸਤਿਗੁਰੂ ਜੀ ਭਾਈ ਬਘੇਲ ਸਿੰਘ ਰਾਹੀਂ, ਉਸਨੂੰ ਆਪਣੇ ਵਲੋਂ ਹਿਰਖ ਕਰਕੇ, ਧੀਰਜ ਬੰਨ੍ਹਾਉਣੀ ਚਾਹੁੰਦੇ ਹਨ ਅਤੇ ਸਿੱਖ ਤਖਤਾਂ ਦੇ ਪੁਜਾਰੀਆਂ ਦਾ ਕੂਕਿਆਂ ਪ੍ਰਤੀ ਕੀ ਰਵੱਈਆ ਹੈ ਇਹ ਵੀ ਆਪਣੇ ਪਰਬੁੱਧ ਸੰਗ-ਸਖਾ, ਬਘੇਲ ਸਿੰਘ ਹੋਰਾਂ ਦੁਆਰਾ ਜਾਨਣਾ ਚਾਹੁੰਦੇ ਹਨ।

ਇਕ ਹੋਰ ਹੁਕਮਨਾਮੇ (ਨੰ. ੨੬) ਵਿਚ ਧੁਲੇਤੇ ਛੋਕਰੀ ਉੱਥੋਂ ਦੀ ਸੰਗਤ ਨੂੰ ਨਾਮਬਾਣੀ ਪਾਠ ਭੋਗ ਪੁਆਉਣ ਵਿਚ ਲੀਨ ਹੋਣ ਬਾਰੇ ਅਤੇ ਆਪਣੇ ਵਲੋਂ ਫਤੇਹ ਗਜਾਉਣ ਬਾਰੇ ਸਰਬਤ ਸੰਗਤ ਨੂੰ ਲਿਖਦੇ ਹੋਏ ਇਹ ਹੁਕਮ ਸਾਦਰ ਕਰਦੇ ਹਨ ਕਿ ਇਹ ਹਰਿਦਾਸ (ਜਾਂ ਅਰਦਾਸ) "ਭਾਈ ਬਘੇਲ ਸਿੰਘ ਜੀ ਮਠਡੀ ਦੇ ਜਾਣੀ ਨਾਲੇ ਸੰਗਤਿ ਦਾ ਦਰਸਨਿ ਭੀ ਕਰ ਜਾਣਾ। ਰਾਤ ਰਹਿ ਕੇ ਫਗਵਾੜੇ ਭਾਵੇ ਰੇਲ ਚੜ ਜਾਈ।"[12]

ਅੰਮ੍ਰਿਤਸਰ ਵਿਚ ਰਹਿਣ ਵਾਲੀ ਪਿੰਡ ਫੱਤੇਵਾਲ ਦੇ ਆਹਲੂਵਾਲੀਆ ਖਾਨਦਾਨ ਵਿਚੋਂ ਬੀਬੀ ਜੁਆਲਾ ਦੇਈ ਜੋ ਸਤਿਗੁਰੂ ਜੀ ਦੇ ਰੰਗੂਨ ਦਰਸ਼ਨ ਕਰਨ ਲਈ ਚੱਲ ਪਈ ਸੀ, ਪਰ ਆਪ ਵਲੋਂ ਨਾ ਆਉਣ ਦਾ ਹੁਕਮ ਸੁਣ ਕੇ ਕਲਕੱਤੇ ਤੋਂ ਵਾਪਸ ਮੁੜ ਗਈ ਸੀ; ਉਸਦੇ ਨਮਿੱਤ ਵੀ ਸਤਿਗੁਰੂ ਜੀ ਨੇ ਕਈ ਹੁਕਮਨਾਮੇ ਭੇਜੇ। ਹੁਕਮਨਾਮਾ ਨੰ. ੩੭ ਇਸ ਤਰ੍ਹਾਂ ਸਮਾਪਤ ਹੁੰਦਾ ਹੈ-"ਇਹ ਚਿਠੀ ਦੇਣੀ ਭਾਈ ਬਘੇਲ ਸਿੰਘ ਜੁਆਲੀ ਨੂੰ ਅੰਮ੍ਰਿਤਸਰ।"[13]

ਇਕ ਹੋਰ ਹੁਕਮਨਾਮੇ ਵਿਚ ਜੋ ਮਾਲੂਮ ਹੁੰਦਾ ਹੈ ਕਿ ਭਾਈ ਬਘੇਲ ਸਿੰਘ ਦੀ ਰੰਗੂਨ ਦੀ ਦੂਸਰੀ ਫੇਰੀ ਸਮੇਂ ਦਾ ਹੈ, ਸਤਿਗੁਰੂ ਜੀ ਜਿੱਥੇ ਮਾਝੇ ਦੇ ਮਸ਼ਹੂਰ ਪਿੰਡਾਂ ਦੇ ਸਿੰਘਾਂ ਦੀ ਖਬਰ ਸੁਰਤ ਭਾਈ ਜੀ ਤੋਂ ਪੁੱਛਦੇ ਹਨ, ਉੱਥੇ ਦੇਸ ਪਰਦੇਸ ਦੇ ਕੁਝ ਇਹੋ ਜਿਹੇ ਸੁਆਲ ਵੀ ਪੁੱਛਦੇ ਹਨ ਜੋ ਕਿਸੇ ਰਾਜਨੀਤਕ ਤੌਰ ਤੇ ਚੇਤੰਨ ਵਿਅਕਤੀ ਤੋਂ ਹੀ ਪੁੱਛੇ ਜਾ ਸਕਦੇ ਹਨ। ੧੪ ਅਪ੍ਰੈਲ ੧੯੭੬ ਈ. ਨੂੰ ਮਰਨ ਵਾਲੇ, ਪਟਿਆਲੇ ਦੇ ਮਹਾਰਾਜੇ, ਮਹਿੰਦਰ ਸਿੰਘ ਬਾਰੇ ਵੀ ਪੁੱਛਦੇ ਹਨ ਜਿਸ ਬਾਰੇ ਚਰਚਾ ਸੀ ਕਿ ਮੁਸਲਮਾਨ ਵਜ਼ੀਰ ਨੇ ਅਹਿਲਕਾਰਾਂ ਨਾਲ ਮਿਲ ਕੇ ਉਸਨੂੰ ਜ਼ਹਿਰ ਦੇ ਦਿੱਤਾ ਸੀ। ਭਾਈ ਬਘੇਲ ਸਿੰਘ ਨੂੰ "ਭਾਈ ਤੇਰਾ ਧੰਨ ਜਨਮ ਹੈ ਜੋ ਤੈ ਦਰਸ਼ਨ ਦਿੱਤਾ ਹੈ" ਆਖ ਕੇ ਆਪਣੇ ਸਿੱਖ

ਦਾ ਮਾਨ ਤਾਨ ਵੀ ਕਰਦੇ ਹਨ। ਇਸ ਸਾਰੇ ਹੁਕਮਨਾਮੇ (ਨੰ. ੩੮) ਦਾ ਪਾਠ ਕਈ ਕਾਰਨਾਂ ਤੋਂ ਮਹੱਤਵਪੂਰਨ ਹੈ, ਜੋ ਨਾਮਧਾਰੀ ਪੰਥ ਵਿਚ ਭਾਈ ਬਘੇਲ ਸਿੰਘ ਦੀ ਬੁਲੰਦ ਹਸਤੀ ਦੀ ਨਿਸ਼ਾਨਦੇਹੀ ਕਰਦਾ ਹੈ–

"੧ੳ ਸਤਿਗੁਰ ਪ੍ਰਸਾਦਿ।"

"ਲਿਖਤੋ ਦਿਆਲ ਸਿੰਘ ਤੇ ਕ੍ਰਿਪਾਲ ਸਿੰਘ ਜੋਗੁ ਉਪਮਾ ਭਾਈ ਬਘੇਲ ਸਿੰਘ ਜੀ ਸਿਰੀ ਵਾਹਿਗੁਰੂ ਜੀ ਕੀ ਫਤੇ ਬੁਲਾਈ ਬਾਚਣੀ। ਹੋਰ ਭਾਈ ਜੋ ਅਸੀਂ ਲਿਖਿਆ ਹੈ ਏਸ ਕਾਗਤੁ ਉਤੇ ਸੋ ਤੂੰ ਸਾਨੂੰ ਏਸ ਲਿਖੇ ਦਾ ਉੱਤਰ ਲਿਖ ਕੇ ਦੇਹੁ। ਹੋਰੁ ਜੋ ਤੈਨੂੰ ਖਬਰ ਹੈ ਸੋ ਵੀ ਤੂੰ ਲਿਖ ਦੇਹਿ। ਮੂੰਹ ਜਵਾਨੀ ਤਾ ਬਾਤਾ ਥੋੜੀਆ ਹੁੰਦੀਆ ਹੈਨ, ਲਿਖ ਕੇ ਬਾਤਾ ਅਛੀਆ ਹੁੰਦੀਆ ਹੈ।"

"ਹੋਰੁ ਸਾਨੂੰ ਦੱਸ ਤੂੰ ਭੈਣੀ (ਸਾਹਿਬ) ਮਿਲ ਕੇ ਆਇਆ ਹੈ ਕਿ ਨਹੀ? ਭੈਣੀ ਤੇ ਕੋਈ ਚਿੱਠੀ ਲਿਆਦੀ ਹੈ ਕਿ ਨਹੀ? ਹੋਰੁ ਮਾਝੇ ਦੇ ਸਿੰਘਾ ਦੀ ਖਬਰ ਦੱਸ। ਉਬੋਕੇ, ਬਰਾਹਾਂ ਕੇ, ਠਰੂ ਕੇ, ਸਭਰਾਮਾਂ ਕੇ, ਸਰਹਾਲੀ ਦੇ, ਜੌਹਲਾ ਦੇ, ਠਟੇ ਦੇ, ਲੋਪੋਕੇ, ਚੇਲੇਕੇ, ਕਕੜਾ ਦੇ, ਨਾਰਲੀ ਦੇ, ਪੜ੍ਹਾਣੇ ਦੇ, ਮੁਰ੍ਹਾਣੇ ਦੇ, ਅੰਮ੍ਰਿਤਸਰ ਜੀ ਕੇ, ਲਹੌਰ ਕੇ ਫਤੇ ਬੁਲਾ ਕੇ ਏਨਾ ਸਭਨਾ ਦੀ ਸੁਖ ਸਾਦ ਦੀ ਖਬਰ ਲਿਖ ਕੇ ਦੇਹੁ। ਹੋਰੁ ਜੋ ਤੈਨੂ ਖਬਰ ਹੋਵੇ ਸੋ ਤੂ ਬੀ ਲਿਖ ਦੇ।

"ਹੋਰੁ ਸਮਾ ਕੈਸਾ ਹੈ? ਕੀ ਭਾਉ ਅਨਾਜ ਬਿਕਦਾ ਹੈ? ਹੋਰੁ ਕੁਛ ਰੂਸ ਦੀ ਖਬਰ ਹੋਵੇ ਕੇ ਬੁਖਾਰੇ ਈ ਹੈ ਕੇ ਕਾਬਲ ਦੀ ਤਰਫ ਚਲਿਆ ਹੈ ਕਿ ਨਾਹੀ। ਹੋਰੁ ਸਿੰਘ ਭਜਨੁ ਬਾਣੀ ਕਰਦੇ ਹੈਨ ਕੇ ਨਾਹੀ। ਗਰੰਥ ਸਾਹਿਬ ਦੇ ਭੋਗ ਪੈਦੇ ਹੈਨ? ਕੁਛੁ ਮੈ ਮਨੀ ਸਿੰਘ ਨੂੰ ਭੋਗ ਪਾਉਣ ਨੂੰ ਆਖਿਆ ਥੀ, ਕੁਛ ਤੁਰੇ ਹੈਨ ਕੇ ਨਹੀ? ਹੋਰ ਕੁਛ ਸ੍ਰਕਾਰ ਫਰੰਗੀ ਸਿੰਘਾਂ ਨੂੰ ਅਕਾਉਂਦੇ ਤੇ ਨਹੀ ਕੇ ਅਕਾਉਂਦੇ ਹੈਨ? ਹੋਰੁ ਹੁਕਮੀ ਬਿਰਾਹਾ ਬਾਲੀ ਸਾਹੁਰੇ ਘਰਿ ਗਈ ਹੈ ਕੇ ਐਮੇ ਵੇਹਲੀ ਖੁਲੀ ਫਿਰਦੀ ਹੈ?

ਹੋਰੁ ਠਟੇ ਬਾਲਾ ਝੰਡਾ ਸਿੰਘ ਤੇ ਮਿਹਰ ਸਿੰਘ ਕਿਥੇ ਹੈਨ? ਹੋਰ ਗੁਲਾਬੂ ਚਮਾਰੁ ਮੁਰ੍ਹਾਣੇ ਬਾਲਾ ਸੰਗਤਿ ਵਿਚਿ ਆਉਂਦਾ ਹੈ ਕੇ ਨਹੀਂ ਬੜਨ ਦਿੰਦੇ ਸਿੰਘ। ਹੋਰੁ ਖਰਚਾ ਤੈਨੂੰ ਹੋਰੁ ਬੀ ਦਿੱਤਾ ਹੈ ਕਿ ਤੈ ਆਪਣੇ ਪਲਿਉਂ ਹੀ ਖਰਚਾ ਲਾਇਆ ਹੈ। ਜੇ ਤੂੰ ਭੈਣੀ ਮਿਲ ਕੇ ਆਇਆ, ਜੇ ਚਿਠੀ ਆਦੀ ਹੈ ਤਾਂ ਚਿਠੀ ਦੇਹ ਨਹੀਂ ਤਾਂ ਮੂਹੁ ਜੁਬਾਨੀ ਆਪ ਲਿਖ ਕੇ ਭੈਣੀ ਦੀ ਕੁਛੁ ਖਵਰ ਦੇਹੁ। ਹੋਰੁ ਜਗਤ ਸਿੰਘ ਮਾਝੇ ਦਾ ਸਿੰਘ ਵਿਮਾਰ ਹੋ ਕੇ ਗਿਆ ਸੀ। ਉਹ ਜਾਇ ਪਹੁਚਾ ਹੈ, ਕੁਛੁ ਮਾਲੂਮ ਹੋਵੇ। ਹੋਰੁ ਕੁਛੁ ਦੜਪਿ ਦੀ ਖਬਰ ਹੋਵੇ, ਸੰਗਤਿ ਭਜਨੁ ਬਾਣੀ ਕੁਛ ਕਰਦੀ ਹੈ ਕਿ ਨਾਹੀ। ਸਾਰੇ ਹਵਾਲੁ ਸਾਨੂੰ ਲਿਖ ਕੇ ਦੇਹਿ ਇਕ ਬਾਰੀ।

"ਹੋਰੁ ਕਲਾ ਈ ਆਇਆ ਹੈ ਕੇ ਕੋਈ ਹੋਰੁ ਹੈ ਤੇਰੇ ਨਾਲ। ਡੇਰਾ ਕਿਥੇ ਕੀਤਾ ਹੈ? ਹੋਰੁ ਤੂੰ ਦਿਨ ਵਿਚ ਕਈ ਬਾਰ ਫਿਰਦਾ ਤੁਰਦਾ ਰਿਹਾ ਕਰੁ। ਜੇ ਕੋਈ ਸੰਤਰੀ ਸਾਡਾ ਜਾਣੂ ਹੁੰਦਾ ਹੈ ਅਸੀਂ ਬਾਤ ਕਰ ਲੈਂਦੇ ਹਾਂ। ਜੇ ਬਾਕਬੁ ਨਹੀਂ ਹੁੰਦਾ ਤਾਂ ਨਹੀਂ ਕਰਦੇ। ਤੂੰ ਆਪਣਾ ਭੇਤੁ ਨਾ ਕਿਸੇ ਨੂੰ ਦਸੀ। ਜੇ ਕੋਈ ਪੁਛੇ ਤਾ ਆਖੀ ਮੈ ਨੌਕਰੀ ਵਾਸਤੇ

ਆਇਆ ਹਾ। ਹੋਰੁ ਭਾਈ ਖਰਚਾ ਤਾ ਅਜੇ ਸਾਡੇ ਪਾਸ ਕੁਛ ਹੈ, ਤੈ ਖਰਚੇ ਦੀ ਖੇਚਲ ਕਿਉਂ ਕੀਤੀ ਏਤਨੀ। ਏਥੇ ਤਾਂ ਸਾਨੂੰ ਦਰਸਨ ਹੀ ਬਡੀ ਬਾਤ ਹੈ। ਭਾਈ ਤੇਰਾ ਧੰਨ ਜਨਮ ਹੈ ਜੋ ਤੈ ਦਰਸਨ ਦਿੱਤਾ ਹੈ।"

"ਹੋਰੁ ਖਬਰ ਹੋਵੇ, ਪਟਿਆਲੇ ਬਾਲਾ ਰਾਜਾ ਆਖੀਦਾ ਮੁਸਲੇ ਨੇ ਮਾਰ ਦਿੱਤਾ। ਉਹ ਝਗੜਾ ਕਿਸ ਤਰ੍ਹਾਂ ਨਿਵੜਿਆ ਹੈ ? ਮੁਸਲਾ ਆਖੀਦਾ ਮੰਨਦਾ ਨਹੀਂ। ਕਿਵੇਂ ਹੋਈ ਕੁਛ ਮਲੂਮ ਹੋਵੇ। ਏਥੇ ਲਿਖ ਕੇ ਬਾਤ ਅਛੀ ਹੁੰਦੀ ਹੈ। ਮੂੰਹ ਜੁਵਾਨੀ ਥੋੜੀ ਹੁੰਦੀ ਹੈ।"[14]

ਇਸ ਕ੍ਰਿਪਾ ਪੱਤਰ ਤੋਂ ਇਹ ਮਾਲੂਮ ਹੁੰਦਾ ਹੈ ਕਿ ਭਾਈ ਬਘੇਲ ਸਿੰਘ, ਸਮੇਂ ਦੀ ਲੋੜ ਮੁਤਾਬਿਕ ਚੰਗੀ ਤਰ੍ਹਾਂ ਪੜ੍ਹਿਆ ਲਿਖਿਆ ਵਿਅਕਤੀ ਸੀ। ਉਪਰੋਕਤ ਪੱਤਰ ਭਾਈ ਨੈਣਾਂ ਸਿੰਘ ਵਰਿਆਹ ਵਾਲੇ ਦੇ ਸਤਿਗੁਰੂ ਜੀ ਦੇ ਰੰਗੂਨ ਜਾ ਕੇ ਦਰਸ਼ਨ ਕਰਨ (ਜੂਨ ੧੮੭੭) ਤੋਂ ਰਤਾ ਪਹਿਲਾਂ ਦਾ ਮਾਲੂਮ ਹੁੰਦਾ ਹੈ। ਕਿਉਂਕਿ ਨੈਣਾ ਸਿੰਘ ਵਾਲੇ ਹੁਕਮਨਾਮੇ ਵਿਚ ਸਤਿਗੁਰੂ ਜੀ ਸੂਬਾ (ਬੀਬੀ) ਹੁਕਮੀ ਦੇ ਵਿਧਵਾ ਹੋ ਜਾਣ ਦਾ ਅਫਸੋਸ ਕਰਦੇ ਹਨ ਜਾਂ ਫਿਰ ਨੈਣਾ ਸਿੰਘ ਦੇ ੧੮੮੦ ਈ. ਵਿਚ ਦੂਜੀ ਫੇਰੀ ਸਮੇਂ ਹੁਕਮੀ ਵਾਲਾ ਹੁਕਮਨਾਮਾ ਆਇਆ ਹੋਵੇ। ਕੁਛ ਵੀ ਹੋਵੇ ਭਾਈ ਬਘੇਲ ਸਿੰਘ ਵੀ ੧੮੭੬ ਤੋਂ ੧੮੮੦ ਈ. ਤੱਕ ਦੋ ਵੇਰ ਰੰਗੂਨ ਜਾ ਕੇ ਗੁਰੂ ਦਰਸ਼ਨ ਕਰ ਚੁੱਕਾ ਸੀ।

ਹੁਕਮਨਾਮਾ ੪੩ ਭਾਈ ਸਿਆਮ ਸਿੰਘ (ਸ਼ਾਮ ਸਿੰਘ) ਸਰਹਾਲੀ ਅਤੇ ਭਾਈ ਬਘੇਲ ਸਿੰਘ ਨਾਰਲੀ ਦੋਹਾਂ ਪ੍ਰਥਾਇ ਸੰਯੁਕਤ ਰੂਪ ਵਿਚ ਲਿਖਿਆ ਹੈ। ਇਸ ਵਿਚ ਪਹਿਲਾ ਤਾਂ ਆਪਣੀ ਸੁਖ ਸਾਂਦ ਲਿਖ ਕੇ ਲਿਖਿਆ ਹੈ, "ਸਾਰੀ ਸੰਗਤ ਨੂੰ ਗੁਰੂ ਸਾਹਿਬ ਜੀ ਸੁਖੀ ਅਨੰਦ ਰਖੇ, ਰਾਜੀ ਰਖੇ, ਸਿਖੀ ਦਾਨ ਦੇਵੈ, ਇਹੁ ਮੰਗਦੇ ਹਾ ਗੁਰੂ ਜੀ ਤੇ ਹਮੇਸਾ। ਨਾਲੇ ਟੁਟੀ ਮੇਲੇ ਜੇੜਾ ਖਾਲਸਾ ਐਮੇ ਭਉਕਦਾ ਹੈ, ਨਿੰਦਾ ਕਰਦਾ ਹੈ ਗੁਰੂ ਜੀ ਦੇ ਹੁਕਮ ਦੀ। ਅੱਗੇ ਭਾਈ ਗੁਰੂਜਾਣੇ, ਹੋਣੀ ਸੋਈ ਹੈ ਜੋ ਗੁਰੂ ਜੀ ਨੇ ਕਰਨੀ ਹੈ।" ਅੱਗੇ ਚੱਲ ਕੇ ਲਿਖਦੇ ਹਨ-

"ਭਾਈ ਨਿੰਦਕ ਹਾਰ ਜਾਣਗੇ ਠੀਕ, ਕਿਉਂ ਜੋ ਝੂਠ ਮੈਂ ਫੁਰਤੀ ਚਲਾਕੀ ਤਾ ਬਹੁਤ ਹੈ ਪਰ ਝੂਠ ਦਾ ਦਮ ਥੋੜਾ ਹੈ। ਸਚ ਬਰਾਬਰ ਦਮ ਨਹੀ। ਅਗੇ ਭਾਈ ਗੁਰੂ ਜਾਣੇ। ਕੁਛ ਖਬਰ ਨਹੀ ਗੁਰੂ ਜੀ ਨੂੰ ਕੌਣ ਅੱਛਾ ਲੱਗਦਾ ਹੈ। ਪਰ ਹਮੇਸ਼ਾ ਭੰਡੀ ਸਾਡੇ ਈ ਮਗਰ ਨਹੀਂ ਰਹਿਣੀ। ਹੁਣ ਦੇਖ ਲੈਣਾ ਕੀ ਰੰਗ ਖੁਲਦਾ ਹੈ। ਸਮਾ ਤੇ ਆਇ ਪੁਜਾ ਹੈ ਅਗੇ ਗੁਰੂ ਜੀ ਦੀ ਗੁਰੂ ਜਾਣੇ।"[15]

ਹੁਕਮਨਾਮਾ ਨੰ. ੪੬ ਵੀ ਭਾਈ ਸ਼ਾਮ ਸਿੰਘ ਸਰਹਾਲੀ ਤੇ ਬਘੇਲ ਸਿੰਘ ਨਾਰਲੀ, ਦੋਹਾਂ ਨੂੰ ਸਾਂਝਾ ਸੰਬੋਧਿਤ ਹੈ। ਇਸ ਵਿਚ ਉਹਨਾਂ ਨੂੰ ਇਹ ਹਦਾਇਤ ਹੈ ਕਿ ਉਹ ਤਖਤ ਪਟਣਾ ਸਾਹਿਬ ਵਿਖੇ ਜਾ ਕੇ ਮੱਥਾ ਟੇਕਣ। ਉਹ ਨਾਮਧਾਰੀ ਸਿੰਘਾਂ ਦੀ ਅਰਦਾਸ ਹੁਣ ਕਰਦੇ ਹਨ ਜਾਂ ਨਹੀਂ, ਇਹ ਸਭ ਗੱਲਾਂ ਨੋਟ ਕਰ ਲੈਣੀਆਂ। ਹੋਰ ਨਾਮਧਾਰੀ ਸਿੰਘ ਵੀ ਜਿਸ ਗੁਰਦੁਆਰੇ ਜਾਣ, ਜੋ ਵੀ ਉਹ ਕਹਿਣ ਸਿੰਘ ਨੋਟ ਕਰਨ। ਸ਼ਾਇਦ ਸਤਿਗੁਰੂ ਜੀ ਦੀ ਰੁਚੀ ਆਮ ਸਿੱਖ ਜਗਤ ਨਾਲ ਸੰਵਾਦ ਜਾਰੀ ਰੱਖਣ ਦੀ ਹੈ।

ਹੁਕਮਨਾਮਾ ਨੰ. ੫੭, ਜੋ ੨੧ ਅਪ੍ਰੈਲ ੧੮੮੦ ਈ. ਦਾ ਰੰਗੂਨ ਤੋਂ ਲਿਖਿਆ ਹੈ ਇਸ ਵਿਚ ਮਾਝੇ ਦੇ ਹੋਰ ਸਿੰਘਾਂ ਅਤੇ ਨੱਥਾ ਸਿੰਘ ਗਾਦੜੀਵਾਲੇ ਤੋਂ ਇਲਾਵਾ ਭਾਈ ਬਘੇਲ ਸਿੰਘ ਜੀ ਨੂੰ ਵੀ ਸਤਿਗੁਰੂ ਜੀ ਸੰਬੋਧਿਤ ਹੁੰਦੇ ਹਨ। ਇਉਂ ਮਾਲੂਮ ਹੁੰਦਾ ਹੈ ਕਿ ਸ਼ਾਮ ਸਿੰਘ ਸਿਰਹਾਲੀ ਅਤੇ ਬਘੇਲ ਸਿੰਘ ਨਾਰਲੀ ਵਾਲਿਆਂ ਨੂੰ ਸਤਿਗੁਰੂ ਜੀ ਨੇ ਤਕਰੀਬਨ ਇਕੋ ਜਿੰਨੇ ਕਿਰਪਾ ਪੱਤਰ ਭੇਜੇ ਸਨ। ਨਾਮਧਾਰੀ ਸਤਿਗੁਰੂ ਸਾਹਿਬਾਨ ਅਤੇ ਰੂਸ ਸਰਕਾਰ ਵਿਚਾਲੇ ਭਾਰਤ ਦੇ ਮੁਕਤੀ ਸੰਗਰਾਮ ਲਈ ਚਿੱਠੀ ਪੱਤਰ ਸੂਬਾ ਗੁਰਚਰਨ ਸਿੰਘ ਚੱਕ ਰਾਮਦਾਸ ਦੇ ਰਾਹੀਂ ਚਲਦਾ ਸੀ। ਇਹਨਾਂ ਸੂਬਾ ਸਾਹਿਬ ਉਪਰ ਨਿਗਰਾਨੀ ਲਈ ਇਕ ਗੁਲਾਬ ਖਾਨ ਨਾਮ ਦਾ ਸੂਹੀਆ ਅੰਗਰੇਜ਼ ਸਰਕਾਰ ਨੇ ਛੱਡਿਆ ਸੀ ਕਿਉਂਕਿ ਗੁਲਾਬ ਖਾਨ ਰੂਸ ਅਤੇ ਅੰਗਰੇਜ਼ ਸਰਕਾਰ ਦੋਹਾਂ ਦਾ (ਡਬਲ) ਏਜੰਟ ਸੀ। ਓਹ ਆਪਣੇ ਬਿਆਨ ਵਿਚ ਦੱਸਦਾ ਹੈ ਕਿ ਸੂਬਾ ਗੁਰਚਰਨ ਸਿੰਘ, ਜਦੋਂ ਉਸ ਨੂੰ ਚੱਕ ਰਾਮਦਾਸ ਵਿਚ ਨਾ ਮਿਲਿਆ ਤਾਂ ਉਹ ਲਾਹੌਰ ਤੋਂ ਯੱਕਾ (ਟਾਂਗਾ) ਲੈ ਕੇ, ਏਥੋਂ ਪੂਰਬ ਵਲ ਬਾਰੀ ਦੁਆਬ ਨਹਿਰ ਦੇ ਉੱਤੇ ੨੪ ਕੋਹ ਦੀ ਵਿੱਥ ਤੇ ਪਿੰਡ ਨਾਰਲੀ, ੩੧ ਦਸੰਬਰ ੧੮੮੦ ਦੀ ਸ਼ਾਮ ਨੂੰ ਸੂਬਾ ਗੁਰਚਰਨ ਸਿੰਘ ਦੇ ਪੁੱਤਰ ਦੀਵਾਨ ਸਿੰਘ ਸਮੇਤ ਪੁੱਜਾ। ਬਘੇਲ ਸਿੰਘ ਹੋਰਾਂ ਤੋਂ ਸੂਬਾ ਗੁਰਚਰਨ ਸਿੰਘ ਜੀ ਦੇ ਏਥੋਂ ਪਿੰਡੋ ਪਿੰਡ ਭੈਣੀ ਸਾਹਿਬ ਜਾਣ ਦਾ ਪਤਾ ਲੱਗਾ। ਬਘੇਲ ਸਿੰਘ ਹੋਰਾਂ ਨੇ ਓਸ ਨੂੰ ਇਹ ਵੀ ਦੱਸਿਆ ਕਿ ਉਹ ਹੁਣੇ ਜਿਹੇ ਹੀ (ਭਾਵ ੧੮੮੦ ਈ. ਦੇ ਮਗਰਲੇ ਪੱਖ ਵਿਚ) ਰੰਗੂਨ ਸਤਿਗੁਰੂ ਰਾਮ ਸਿੰਘ ਜੀ ਪਾਸੋਂ ਕੁਝ ਪੱਤਰ ਤੁਰਕਿਸਤਾਨ ਵਿਚਲੇ ਰੂਸੀ ਹਾਕਮਾਂ ਲਈ ਲਿਆਏ ਸਨ ਜਿਹੜੇ ਦੋ ਹਿੰਦੂਆਂ ਅਤੇ ਦੋ ਮੁਸਲਮਾਨਾਂ ਹੱਥ ਓਧਰ ਭੇਜ ਦਿੱਤੇ ਗਏ ਹਨ। ਇਓਂ ਕੂਕਿਆਂ ਦੇ ਕੌਮਾਂਤਰੀ ਸਬੰਧਾਂ ਵਿਚ ਵੀ ਬਾਬਾ ਬਘੇਲ ਸਿੰਘ ਦਾ ਨਾਮ ਜੁੜ ਜਾਂਦਾ ਹੈ।[16]

ਲਾਹੌਰ ਵਿਖੇ ਉੱਥੋਂ ਦੀ ਨਾਮਧਾਰੀ ਸੰਗਤ ਦਾ ਮੁਖੀ ਭਾਈ ਦੇਵਾ ਸਿੰਘ ਸਪੁੱਤਰ ਸ੍ਰੀ ਸੋਭਾ ਸਿੰਘ ਰਾਮਗੜ੍ਹੀਆ ਸਿੰਘ ਸੀ। ਇਹਨੂੰ ਵੀ ਗੁਰੂ ਰਾਮ ਸਿੰਘ ਜੀ ਨੇ ਲਾਹੌਰ ਵਿਖੇ ਨਾਮਧਾਰੀ ਪੰਥਕ ਪਰਚਾਰ ਲਈ ੧੮੭੧ ਵਿਚ ਸੂਬਾ ਥਾਪਿਆ ਸੀ ਅਤੇ ੧੮੭੨ ਵਿਚ ਇਸ ਕਿਸੇ ਸਰਕਾਰੀ ਹੁਕਮ ਦੀ ਉਲੰਘਣਾ ਤਹਿਤ ਦੋ ਮਹੀਨੇ ਕੈਦ ਕੱਟੀ ਸੀ। ਸਾਰੇ ਦੇਸ਼ ਦੇ ਕੂਕੇ ਸਿੰਘ, ਉਸ ਪਾਸ ਆ ਕੇ ਗੁਪਤ ਮਸ਼ਵਰੇ ਵੀ ਕਰਿਆ ਕਰਦੇ ਸਨ ਅਤੇ ਉਹ ਵੀ ਸਿੱਖ ਰਾਜ ਦੀ ਪੁਨਰ ਸਥਾਪਨਾ ਦੀ ਭਵਿੱਖ ਬਾਣੀ ਕਰਿਆ ਕਰਦਾ ਸੀ।[17] ਉਹ ਲਾਹੌਰ ਦਾ ਉੱਘਾ ਕਾਰਖਾਨੇਦਾਰ ਵੀ ਸੀ। ਇਕ ਵੇਰ ਦੇਵਨੇਤ ਉਸ ਦੇ ਕਾਰਖਾਨੇ ਵਿਚ ਅੱਗ ਲੱਗ ਗਈ, ਮਸ਼ੀਨਾਂ ਸਮੇਤ ਕੱਚਾ ਪੱਕਾ ਮਾਲ ਵੀ ਅਗਨ ਭੇਟ ਹੋ ਗਿਆ। ਸਰਦਾਰ ਜੀ ਨੂੰ ਕਾਰਖਾਨਾ ਦੁਬਾਰਾ ਲੀਹ ਤੇ ਲਿਆਉਣ ਲਈ ਵੱਡੀ ਰਕਮ ਦੀ ਲੋੜ ਸੀ। ਕਿਉਂਕਿ ਭਾਈ ਬਘੇਲ ਸਿੰਘ ਵੀ ਪੈਸੇ ਟਕੇ ਵਲੋਂ ਸੌਖਾ ਮਾਲਗੁਜ਼ਾਰ ਸੀ। ਅੱਗ ਲੱਗਣ ਤੋਂ ਅਗਲੇ ਭਲਕ ਭਾਈ ਦੇਵਾ ਸਿੰਘ ਨਾਰਲੀ ਪੁੱਜ ਗਏ। ਵਿਥਿਆ ਸ਼ਾਮ ਨੂੰ ਬਘੇਲ ਸਿੰਘ ਹੋਰਾਂ ਨੂੰ ਦੱਸ ਕੇ ਛੱਤੀ ਹਜ਼ਾਰ ਰੁਪੈ ਦੀ ਲੋੜ ਦੱਸੀ। ਬਘੇਲ ਸਿੰਘ ਹੋਰਾਂ ਰਾਤ ਦੇਵਾ ਸਿੰਘ ਜੀ ਦੀ ਲੰਗਰ ਪਾਣੀ ਦੀ ਸੇਵਾ ਕੀਤੀ। ਸਵੇਰੇ ਉਠ ਕੇ ਲੋੜ

ਮੁਤਾਬਿਕ ੩੬੦੦੦ ਰੁਪੈ ਦੀ ਉਸ ਸਮੇਂ ਦੀ ਵੱਡੀ ਰਕਮ, ਘੋੜੀ, ਗੱਡਿਆਂ ਤੇ ਲੱਦ ਕੇ ਭਾਈ ਦੇਵਾ ਸਿੰਘ ਹੋਰਾਂ ਨੂੰ ਲਾਹੌਰ ਨੂੰ ਤੋਰ ਦਿੱਤਾ। ਦੇਵਾ ਸਿੰਘ ਹੋਰਾਂ ਤੁਰਨ ਤੋਂ ਪਹਿਲਾਂ ਕਿਹਾ ਸਰਦਾਰ ਬਘੇਲ ਸਿੰਘ ਜੀ ਰਕਮ ਬਹੁਤ ਵੱਡੀ ਹੈ। ਆਪਾਂ ਕੋਈ ਲਿਖਤ ਪੜਤ ਅਸ਼ਟਾਮ ਪਰਨੋਟ ਵਗੈਰਾ ਤੇ ਕਰ ਲਈਏ। ਸ. ਬਘੇਲ ਸਿੰਘ ਦਾ ਕਹਿਣਾ ਸੀ "ਭਾਈ ਦੇਵਾ ਸਿੰਘ ਜੀ ਤੁਸੀਂ ਵੀ ਗੁਰੂ ਰਾਮ ਸਿੰਘ ਦੇ ਸਿੱਖ। ਮੈਂ ਵੀ ਉਹਨਾਂ ਦਾ ਅਦਨਾ ਸੇਵਕ। ਇਹ ਧਨ ਪਦਾਰਥ ਵੀ ਸਾਰਾ ਗੁਰੂ ਰਾਮ ਸਿੰਘ ਦਾ। ਫਿਰ ਕਾਗਜ਼ ਪੱਤਰ ਜਾਂ ਲਿਖਤ ਪੜ੍ਹਤ ਦਾ ਕੀ ਮਤਲਬ ?" ਇਹੋ ਜਹੀ ਉਚੀ ਬਿਰਤੀ ਵਾਲਾ ਸੀ ਗੁਰੂ ਕਾ ਲਾਲ, ਭਾਈ ਬਘੇਲ ਸਿੰਘ ਨਾਰਲੀ। ਜਿਸ ਤੇ ਸੱਯਦ ਵਾਰਿਸ ਸ਼ਾਹ ਦੀ ਇਹ ਤੁਕ ਢੁਕਦੀ ਸੀ–

"ਮਹੀਂ ਜੇਡ ਨਾ ਕਿਸੇ ਦੇ ਹੋਣ ਜੇਰੇ
ਰਾਜ ਹਿੰਦ ਪੰਜਾਬ ਨਾ ਬਾਬਰੀ ਵੇ।"

੧੯੯੨ ਈ. ਵਿਚ ਗੁਰੂ ਹਰੀ ਸਿੰਘ ਜੀ ਨੂੰ ਅੰਮ੍ਰਿਤਸਰ ਜ਼ਿਲ੍ਹੇ ਦਾ ਦੌਰਾ ਕਰਨ ਦੀ ਸਰਕਾਰ ਤੋਂ ਦੀਵਾਲੀ ਸਮੇਂ ਮਨਜ਼ੂਰੀ ਮਿਲੀ। ਪਰ ਦੀਵਾਲੀ ਖ਼ਤਮ ਹੋਣ ਤੋਂ ਬਾਅਦ ਆਪ ਅੰਮ੍ਰਿਤਸਰ ਜਾ ਸੱਕਦੇ ਸਨ ਤਾਂ ਕਿ ਜ਼ਿਆਦਾ ਜਨਸਮੂਹ ਨਾਲ ਆਪ ਦਾ ਸੰਵਾਦ ਨਾ ਹੋਏ। ਨਾਮਧਾਰੀ ਸੰਗਤ ਇਸ ਸਮੇਂ ਆ ਜਾਂਦੀ ਅਤੇ ਪਿੰਡਾਂ ਵਿਚ ਲੋਕ ਇਸ ਚਾਅ ਨਾਲ ਚਰਨ ਪੁਆਉਂਦੇ "ਲੋਕ ਦਰਸ਼ਨਾਂ ਨੂੰ ਆਏ ਕਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਕੇ ਭਾਈ ਆਏ ਹੈਂ। ਦਰਸ਼ਨ ਕਰਕੇ ਸ਼ਾਂਤ ਔਂਦੀ ਹੈ। ਕਈਆਂ ਨੇ ਭਜਨ ਭੀ ਲਏ, ਨਵੇ ਸਿੰਘ ਸਾਜੇ।"[18] ਫਿਰ ਜਦੋਂ ੧੯੯੭ ਈ. ਦਾ ਮਾਝੇ ਵਿਖੇ ਦੌਰਾ ਕੀਤਾ ਬਾਬੇ ਜਮੀਅਤ ਸਿੰਘ ਗਿੱਲ ਦੇ ਭੋਗ ਤੇ ਜਾਣ ਸਮੇਂ ਉਦੋਂ ਵੀ ਗੁਰੂ ਜੀ ਨੇ ਨਾਰਲੀ ਵਿਖੇ ਦਰਸ਼ਨ ਦਿੱਤੇ। ਇਸ ਤੋਂ ਪਹਿਲ੍ਹਾਂ ਬਾਬਾ ਬਘੇਲ ਸਿੰਘ ਹੋਰਾਂ ਨੂੰ ਰੰਗੂਨ ਜਾਣ ਸਮੇਂ ਸਤਿਗੁਰੂ ਰਾਮ ਸਿੰਘ ਜੀ ਨੇ ਆਪ ਦੀ ਇਕਲੌਤੀ ਪੁੱਤਰੀ ਭਾਵਾਂ ਵਾਸਤੇ ਹੁਕਮ ਕੀਤਾ ਸੀ ਕਿ ਕੋਈ ਕਛਹਿਰੇ ਵਾਲਾ (ਭਾਵ ਸਿੱਖੀ ਵਿਚ ਪਰਪੱਕ ਲੜਕਾ) ਵੇਖ ਕੇ ਪੁੱਤਰੀ ਦਾ ਆਨੰਦ ਕਰ ਦਿਉ। ਬਾਬਾ ਬਘੇਲ ਸਿੰਘ ਨੇ ਚੇਲੇਕੇ (ਅੰਮ੍ਰਿਤਸਰ) ਦੇ ਨਾਮਧਾਰੀ ਨੌਜੁਆਨ ਨੱਥਾ ਸਿੰਘ ਹੋਰਾਂ ਨਾਲ ਪੁੱਤਰੀ ਪਰਣਾ ਦਿੱਤੀ ਸੀ ਭਾਵੇਂ ਦੋਹਾਂ ਪਰਿਵਾਰਾਂ ਦੇ ਆਰਥਿਕ ਸਤਰ ਵਿਚ ਅੰਤਰ ਸੀ। ਇਹ ਨੱਥਾ ਸਿੰਘ ਸਤਿਗੁਰੂ ਪਰਤਾਪ ਸਿੰਘ ਜੀ ਦੇ ਬਹੁਤ ਸਿਦਕੀ ਅਤੇ ਨਾਮਬਾਣੀ ਪੜ੍ਹਨ ਪੜ੍ਹਾਉਣ ਵਾਲੇ, ਮਾਝੇ ਵਿਚ ਗੁਰੂ ਕੇ ਉਗਰਾਹੀਏ, ਸੰਤ ਪਰੀਤਮ ਸਿੰਘ ਚੇਲੇਕਿਆਂ ਵਾਲਿਆਂ ਦਾ ਪਿਤਾ ਸੀ। ਸੰਨ ੧੯੦੦ ਈ. ਵਿਚ ਜਦੋਂ ਦੀਵਾਲੀ ਬਾਦ ਫਿਰ ਗੁਰੂ ਹਰੀ ਸਿੰਘ ਜੀ ਮਾਝੇ ਦੇ ਦੌਰੇ ਤੇ ਚੜ੍ਹੇ ਤਾਂ ਉਸ ਸਮੇਂ ਵਡੇਰੀ ਉਮਰ ਦਾ ਬਾਬਾ ਬਘੇਲ ਸਿੰਘ ਅਸਵਸਥ ਚੱਲ ਰਿਹਾ ਸੀ। ਸੋ ਉਸਨੇ ਸਰੀਰਕ ਅਸਮਰੱਥਾ ਸਮਝ ਕੇ ਕਿ ਸੰਗਤ ਦੀ ਸੇਵਾ ਟਹਿਲ ਵਿਚ ਫਰਕ ਨਾ ਆਵੇ, ਸਿੰਘਾਂ ਹੱਥ ਨਾਰਲੀ ਦਾ ਦੌਰਾ ਨਾ ਲੈ ਸੱਕਣ ਦੀ ਮਜ਼ਬੂਰੀ ਪ੍ਰਗਟ ਕੀਤੀ। ਪਰ ਗੁਰੂ ਹਰੀ ਸਿੰਘ ਜੀ ਨੇ ਆਪ ਉਦਮ ਕਰਕੇ ਨਾਰਲੀ ਦਾ ਦੌਰਾ ਵੀ ਸਿਰੇ ਚੜ੍ਹਾਇਆ ਅਤੇ ਬਾਬਾ ਜੀ ਨੂੰ ਰਾਜੀ ਬਾਜੀ ਕਰਕੇ ਖੁਸ਼ੀਆਂ ਵੀ ਬਖਸ਼ੀਆਂ। ਇਸ ਦੌਰੇ ਦਾ ਵਿਵਰਣ

ਬਾਹੋਵਾਲ ਜੀ ਨੇ ਇਉਂ ਕਾਨੀਬੰਦ ਕੀਤਾ ਹੈ– "ਨਾਰਲੀ ਵਾਲੇ ਬਘੇਲ ਸਿੰਘ ਨੇ ਆਖ ਭੇਜਿਆ ਕਿ ਮੈਂ ਬੀਮਾਰ ਹਾਂ। ਗੁਰੂ ਮਹਾਰਾਜ ਜੀ ਬਚਨ ਕੀਤਾ ਅਸੀਂ ਤਾਂ ਚੱਲਾਂਗੇ। ਅਗੇ ਸੇ ਬਘੇਲ ਸਿੰਘ ਨੇ ਆਇਕੇ ਦਸ ਰੁਪਈਏ ਮੱਥਾ ਟੇਕ ਅਗੇ ਧਰ ਕੇ ਕਹਾ ਕਿ ਮੈਂ ਤਾਂ ਮਨ੍ਹਾ ਕੀਤਾ ਸੀ ਤੁਸੀਂ ਆਇ ਗਏ ਹੋ। ਬਚਨ ਹੋਇਆ ਤੂੰ ਕੋਈ ਚਿੰਤਾ ਨਾ ਕਰ ਸਭ ਕੁਛ ਠੀਕ ਹੋਇ ਜਾਏਗਾ। ਖਰਾਸ ਜੋੜ ਦੀਆ, ਖੰਡ ਮੁੱਲ ਲੈ ਲਈ। ਬਘੇਲ ਸਿੰਘ ਬੀਮਾਰ ਸੀ ਫਿਰਨ ਤੁਰਨ ਲੱਗਾ। ਕਹੇ ਗੁਰੂ ਜੀ ਕਾ ਦਰਸ਼ਨ ਕਰਕੇ ਤਾਕਤ ਹੋਇ ਆਈ ਹੈ। ਆਸਾ ਕੀ ਵਾਰ ਲਗੀ ਅਰਦਾਸਾ ਕੀਤਾ। ਸੌ ਰੁਪਯਾ ਭੇਟ ਕੀਤਾ ਤੇ ਕਹਾ ਜੀ ਮੇਰੇ ਤੇ ਭੁੱਲ ਹੋ ਗਈ ਹੈ ਜੋ ਮੈਂ ਕਹਿੰਦਾ ਸ੍ਰੀ ਗੁਰੂ ਮਹਾਰਾਜ ਜੀ ਨਾ ਆਵਣ। ਮੇਰੇ ਵਾਸਤੇ ਮਾੜੀ ਸੀ। ਬਡੀ ਮਿਹਰਬਾਨੀ ਕੀਤੀ ਆਪ ਜੀ ਦਰਸ਼ਨ ਦਿੱਤਾ ਹੈ ਨਹੀਂ ਤਾਂ ਬੇ-ਬਖਸ਼ ਵਾਲਿਆਂ ਵਿਚ ਦਾਖ਼ਲ ਹੋਣਾ ਸੀ।... ਆਪ ਕਾ ਹੀ ਧਨ ਦੀਆ ਹੂਆ ਹੈ।... ਧੰਨ ਅੰਤਰਜਾਮੀ ਆਪ ਜੀ ਕਿਰਪਾ ਕਰਕੇ ਤਾਰਿਆ ਹੈ। ਮੇਰੀ ਬੀਮਾਰੀ ਭੀ ਹਟ ਗਈ ਹੈ।"[19] ਭਾਈ ਬਘੇਲ ਸਿੰਘ ਉਸ ਸਮੇਂ ਵਿਚ, ਜਦੋਂ ਵੀ ਗੁਰੂ ਸਾਹਿਬ ਨੂੰ ਮੱਥਾ ਟੇਕਦਾ ਸੌ ਰੁਪੈ ਹੀ ਟੇਕਦਾ ਸੀ।

ਬਾਬਾ ਬਘੇਲ ਸਿੰਘ ਜੀ ਦੀ ਮਾਤਾ ਦਾ ਨਾਮ ਗੁਜਰੀ ਸੀ, ਕਿਉਂ ਜੁ ਪਿੰਡ ਨਾਰਲੀ ਵਿਚ ਉਹਨਾਂ ਦੇ ਨਾਮ ਦਾ ਇਕ ਖੂਹ ਲੱਗਾ ਹੋਣ ਦੀ ਪੁਰਾਣੇ ਬੰਦੇ ਤਸਦੀਕ ਕਰਿਆ ਕਰਦੇ ਸਨ। ਬਾਬਾ ਜੀ ਦੀ ਸ਼ਾਦੀ ਪਿੰਡ ਮੰਦਰ (ਲਾਹੌਰ) ਦੀ ਬੀਬੀ ਪਰੀਤਮ ਕੌਰ ਨਾਲ ਹੋਈ ਸੀ। ਇਸ ਦੰਪਤੀ ਦੇ ਉਪਰ ਵਰਣਿਤ ਪੁੱਤਰੀ ਤੋਂ ਬਿਨਾਂ ਚਾਰ ਪੁੱਤਰ ਸਨ ਝੰਡਾ ਸਿੰਘ, ਚੰਦਾ ਸਿੰਘ, ਸ਼ਾਮ ਸਿੰਘ ਅਤੇ ਹਰਨਾਮ ਸਿੰਘ। ਝੰਡਾ ਸਿੰਘ ਦੀਆਂ ਦੋ ਪੁੱਤਰੀਆਂ ਹੀ ਸਨ। ਜੀਵਨ ਨਗਰ ਮਹਾਂ ਵਿਦਿਆਲੇ ਵਿਚ ਪੜ੍ਹਾਉਂਦੇ ਰਹੇ, ਮਾਸਟਰ ਹਰਸਾ ਸਿੰਘ ਬਾਠ ਹੋਰੀਂ ਉਹਨਾਂ ਦੇ ਦੋਹਤਰੇ ਸਨ। ਚੰਦਾ ਸਿੰਘ ਤਹਿਸੀਲਦਾਰ ਲੱਗ ਗਿਆ ਸੀ। ਉਸਦਾ ਇਕ ਪੁੱਤਰ ਸੰਗਤ ਸਿੰਘ ਅਤੇ ਇਕ ਪੁੱਤਰੀ ਸੀ। ਇਹ ਪਰਿਵਾਰ ਕੈਨੇਡਾ ਰਹਿ ਰਿਹਾ ਹੈ। ਸ਼ਾਮ ਸਿੰਘ ਦੇ ਦੋ ਪੁੱਤਰ ਸਨ ਬਬੇਕ ਸਿੰਘ ਅਤੇ ਕਿਰਪਾਲ ਸਿੰਘ। ਬਬੇਕ ਸਿੰਘ ਸਤਿਗੁਰੂ ਪਰਤਾਪ ਸਿੰਘ ਜੀ ਦੁਆਰਾ ਲਾਹੌਰ ਜ਼ਿਲ੍ਹੇ ਦਾ ਨਾਮਧਾਰੀ ਸੂਬਾ ਥਾਪਿਆ ਗਿਆ ਸੀ। ਮਾਤਾ ਜੀਵਨ ਕੌਰ ਜੀ ਉਸ ਨਾਲ ਬਹੁਤ ਸਨੇਹ ਰੱਖਦੇ ਸਨ। ਬਬੇਕ ਸਿੰਘ ਦੇ ਗੁਜ਼ਰਨ ਦਾ ਸਮਾਚਾਰ ਮਾਤਾ ਜੀ ਤੋਂ ਛੇ ਮਹੀਨੇ ਤੱਕ ਛੁਪਾ ਕੇ ਰੱਖਿਆ ਗਿਆ। ਜਦੋਂ ਕਿਸੇ ਤਰ੍ਹਾਂ ਆਪ ਨੂੰ ਪਤਾ ਲੱਗਾ ਤਾਂ ਕੁਝ ਦਿਨਾਂ ਵਿਚ ਹੀ ਸਰੀਰ ਤਿਆਗ ਗਏ ਸਨ। ਲੇਖਕ ਦੇ ਪਿਤਾ, ਜਥੇਦਾਰ ਗੁਰਮੁਖ ਸਿੰਘ ਝੱਬਰ ਨਾਲ ਸੂਬਾ ਬਬੇਕ ਸਿੰਘ ਹੋਰਾਂ ਦਾ ਬੜਾ ਪ੍ਰੇਮ ਸੀ। ਕਿਰਪਾਲ ਸਿੰਘ ਜੀਵਨ ਨਗਰ, ਸਤਿਗੁਰੂ ਪਰਤਾਪ ਸਿੰਘ ਜੀ ਦੇ ਹੁਕਮ ਅਨੁਸਾਰ ਗੁਰੂਘਰ ਦੀ ਸੇਵਾ ਕਰਦੇ ਰਹੇ। ਮਾਤਾ ਜੀਵਨ ਕੌਰ ਜੀ ਦੇ ਭਤੀਜੇ ਸ. ਦਿਆਲ ਸਿੰਘ ਥਰਾਜੀਏ ਦੀ ਸਪੁੱਤਰੀ ਨਾਲ ਅਨੰਦ ਕਾਰਜ ਹੋਇਆ। ਆਪ ਦੇ ਦੋ ਸਪੁੱਤਰ ਗੁਰਦੇਵ ਸਿੰਘ ਅਤੇ ਹਰਮੀਤ ਸਿੰਘ ਹਨ। ਹਰਮੀਤ ਸਿੰਘ ਦੋ ਵੇਰ ਐਲਨਾਬਾਦ ਪੰਚਾਇਤ ਸੰਮਤੀ ਦੇ ਚੇਅਰਮੈਨ ਅਤੇ ਦੋ ਵੇਰ ਹੀ ਜੀਵਨ ਨਗਰ ਦੇ ਸਰਪੰਚ ਰਹੇ ਹਨ। ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮ

ਅਨੁਸਾਰ, ਇਲਾਕਾ ਜੀਵਨ ਨਗਰ ਵਿਖੇ ਸੰਗਤ ਦੀ ਸੇਵਾ, ਚਾਰ ਦਹਾਕਿਆਂ ਤੋਂ ਵਧ ਸਮੇਂ ਤੋਂ ਕਰ ਰਹੇ ਹਨ। ਬਿਬੇਕ ਸਿੰਘ ਹੋਰਾਂ ਦੇ ਦੋ ਸਪੁੱਤਰ ਹਨ, ਜਿਊਣ ਸਿੰਘ ਅਤੇ ਦਰਸ਼ਨ ਸਿੰਘ। ਪਰਿਵਾਰ ਦੋਹਾਂ ਦੇ ਮਿਰਜ਼ਾਪੁਰ ਅਤੇ ਝੋਰੜਨਾਲੀ (ਸਿਰਸਾ) ਵਿਚ ਵੱਸਦੇ ਹਨ। ਹਰਨਾਮ ਸਿੰਘ ਦੇ ਚਾਰ ਪੁੱਤਰ ਚੈਂਚਲ ਸਿੰਘ, ਚੰਨਣ ਸਿੰਘ, ਤਾਰਾ ਸਿੰਘ ਅਤੇ ਨਰਿੰਜਣ ਸਿੰਘ ਹੋਏ। ਤਾਰਾ ਸਿੰਘ ਵੇਖ ਬੋਲ ਨਹੀਂ ਸੱਕਦੇ ਸਨ। ਚੰਨਣ ਸਿੰਘ ਬੰਬਈ ਵਿਖੇ ਨੌਕਰੀ ਕਰਦਾ ਸੀ। ਹੁਣ ਪਰਿਵਾਰ ਅਮਰੀਕਾ ਵਿਚ ਹੈ। ਕੁਝ ਪਰਿਵਾਰ ਬਾਬਾ ਜੀ ਦਾ ਜੱਦੀ ਪਿੰਡ ਨਾਰਲੀ ਵਿਖੇ ਵੀ ਵੱਸ ਰਿਹਾ ਹੈ। ਯਾਦ ਰਹੇ ਕਿ ਮਿਸਲਾਂ ਵੇਲੇ ਇਸੇ ਨਾਰਲੀ ਵਿਚੋਂ ਉੱਠ ਕੇ, ਸ਼ਹੀਦੇ-ਆਜ਼ਮ ਸ. ਭਗਤ ਸਿੰਘ ਜੀ ਦੇ ਵਡੇਰੇ, ਖਟਕੜ ਕਲਾਂ (ਨਵਾਂਸ਼ਹਿਰ) ਵਿਖੇ ਜਾ ਵੱਸੇ ਸਨ।

ਗੁਰੂ-ਭਗਤੀ, ਦੇਸ਼-ਭਗਤੀ, ਕੌਮ-ਭਗਤੀ ਅਤੇ ਮਾਨਵਤਾ ਪ੍ਰਤੀ ਸੇਵਾ, ਵਿਸ਼ੇਸ਼ ਕਰਕੇ, ਗੁਰੂ ਕੇ ਲੰਗਰ ਪ੍ਰਤੀ ਸੇਵਾ ਦੇ ਨਵੇਂ ਪ੍ਰਤੀਮਾਨ ਸਿਰਜਣ ਵਾਲੇ, ਗੁਰੂ ਕੇ ਲੰਗਰ ਦੇ ਮੋਢੀ ਉਗਰਾਹੀਆਂ ਵਿਚੋਂ ਇਕ, ਨਾਇਬ ਸੂਬਾ ਬਾਬਾ ਬਘੇਲ ਸਿੰਘ ਹੋਰਾਂ ਦੀ ਨਾਮਧਾਰੀ ਇਤਿਹਾਸ ਨੂੰ ਦੇਣ, ਹਮੇਸ਼ਾ ਯਾਦ ਰਹੇਗੀ। ਉਹਨਾਂ ਦਾ ਜੀਵਨ ਕਾਲ ਅਨੁਮਾਨਤ ੧੮੩੦ ਤੋਂ ੧੯੦੫ ਈ. ਤੱਕ ਫੈਲਿਆ ਹੋਇਆ ਹੈ। ਹੋਰ ਸੰਗਤ ਤੋਂ ਇਲਾਵਾ ਜਲਾਵਤਨ ਸੂਬਿਆਂ ਵਿਚੋਂ ਇਕ, ਸੂਬਾ ਬ੍ਹਮਾ ਸਿੰਘ ਜੀ ਵੀ ਮਾਝੇ ਦੇ ਦੌਰੇ ਸਮੇਂ ਆਪ ਪਾਸ ਹੀ ਟਿਕਿਆ ਕਰਦੇ ਸਨ। ਇਵੇਂ ਹੀ ਮੁਲਤਾਨ ਜੇਲ੍ਹ ਵਿਚ ਵਰ੍ਹਿਆਂ ਬੱਧੀ ਕੈਦ ਕਟਣ ਵਾਲੇ, ਉਘੇ ਕੂਕਾ ਗੁਰਚਰਨ ਸਿੰਘ ਦੀ ਮਫਰੂਰੀ ਸਮੇਂ, ਆਪ ਦਾ ਘਰ ਵੱਡੀ ਠਾਹਰ ਸੀ ਜਿਸਦਾ ਜ਼ਿਕਰ ਉਪਰ ਆ ਚੁੱਕਾ ਹੈ।

## ਹਵਾਲੇ ਤੇ ਟਿੱਪਣੀਆਂ


1. ਸਤਿਗੁਰੂ ਬਿਲਾਸ, ਭਾਈ ਸੰਤੋਖ ਸਿੰਘ ਬਾਹੋਵਾਲ, (ਸੰ. ਜਸਵਿੰਦਰ ਸਿੰਘ), ਸਫਾ ੪੭ (ਜਿਲਦ ਦੂਜੀ)
2. ਉਹੀ, ਸਫਾ ੪੯
3. ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ (ਸੰ. ਜਸਵਿੰਦਰ ਸਿੰਘ) ਸਫਾ ੨੩੯-੪੦
4. ਉਹੀ-ਸਫਾ ੩੬੬-੬੮
5. ਸਤਿਗੁਰੂ ਬਿਲਾਸ ਜਿਲਦ ਦੂਜੀ-ਸਫਾ ੬੬
6. ਲਾਲ ਏਹਿ ਰਤਨ ਭਾਗ ੪-(ਸੰਃ ਪ੍ਰਿ. ਬੇਅੰਤ ਕੌਰ)-ਸਫਾ ੬੪
7. ਉਹੀ-ਸਫਾ ੬੩
8. ਕੂਕਾਜ਼ ਆਫ ਨੋਟ ਇਨ ਦਾ ਪੰਜਾਬ (ਦਸਤਾਵੇਜ਼ ੧੮੮੧)- (ਸੰਃ ਜਸਵਿੰਦਰ ਸਿੰਘ)-ਸਫਾ ੧੦੨-੦੩
9. ਨਾਮਧਾਰੀ ਸਿੱਖ-ਸੰਖੇਪ ਵਿਵਰਨ-(ਗਿਆਨੀ ਗਿਆਨ ਸਿੰਘ ਜੀ ਦੇ ੨੮ ਕਥਿੱਤ)-ਸਫਾ ੮੨

10. ਸਤਿਗੁਰੂ ਬਿਲਾਸ-ਜਿਲਦ ਦੂਜੀ-ਸਫਾ ੧੧੦-੧੧
11. ਹੁਕਮਨਾਮੇ-ਸਫਾ ੧੮੨ ਤੋਂ ੧੮੯
12. ਉਹੀ-ਸਫਾ ੨੮੭-੮੮
13. ਉਹੀ-ਸਫਾ ੩੪੩
14. ਉਹੀ-ਸਫਾ ੩੪੪ ਤੋਂ ੪੯
15. ਉਹੀ-ਸਫਾ-੩੭੧ ਤੋਂ ੭੩
16. ਕੂਕਾ ਮੂਵਮੈਂਟ (ਦਸਤਾਵੇਜ਼ ਸ. ਜਸਵਿੰਦਰ ਸਿੰਘ ਸਫਾ-੧੧੩)
17. ਕੂਕਾਜ਼ ਆਫ ਨੋਟ ਇਨ ਦਾ ਪੰਜਾਬ-ਸਫਾ ੯੪-੯੫
18. ਸਤਿਗੁਰੂ ਬਿਲਾਸ ਜਿਲਦ ਦੂਜੀ-ਸਫਾ ੧੭੯-੮੦
19. ਉਹੀ-ਸਫਾ ੨੭੬

# ਸ਼ਿਰੋਮਣੀ ਰਾਮ-ਵਿਓਗੀ, ਸੰਤ ਜਿਊਣ ਸਿੰਘ ਸਰਹਾਲੀ

*—ਸੁਵਰਨ ਸਿੰਘ ਵਿਰਕ*

ਮਾਝੇ ਦਾ ਪਰਸਿੱਧ ਪਿੰਡ ਸਰਹਾਲੀ (ਸਿਰਹਾਲੀ, ਸਰਿਹਾਲੀ), ਸਤਿਗੁਰੂ ਰਾਮ ਸਿੰਘ ਅਤੇ ਸਤਿਗੁਰੂ ਹਰੀ ਸਿੰਘ ਜੀ ਦੇ ਸਮੇਂ ਤੱਕ, ਸਮੇਤ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਗੁਰੂ ਕਾਲ ਦੇ ਪਹਿਲੇ ੧੦ ਵਰ੍ਹੇ, ਕੂਕਾ ਅੰਦੋਲਨ ਦਾ ਗੜ੍ਹ ਰਿਹਾ ਹੈ। ਸਰਹਾਲੀ ਪਿੰਡ ਦੇ ਮੁੱਢ ਬਾਰੇ ਇਕ ਵਿਚਾਰ ਤਾਂ ਗਜ਼ਨੀ ਤੋਂ ਸਿੱਧੇ ਇਥੇ ਆਉਣ ਵਾਲਾ ਹੈ। ਦੂਜੀ ਧਾਰਨਾ ਡਾ. ਬਿਕਰਮ ਸਿੰਘ ਘੁੰਮਣ ਹੋਰੀਂ "ਗਦਰੀ ਬਾਬਾ ਵਿਸਾਖਾ ਸਿੰਘ" ਜੋ ਦਦੇਹਰ ਪਿੰਡ ਦੇ ਸਨ ਦੀ ਜੀਵਨੀ ਵਿਚ ਇਹ ਜਾਣਕਾਰੀ ਦਰਜ ਕਰਦੇ ਹਨ : "ਦਦੇਹਰ ਤੇ ਸਰਹਾਲੀ ਬਾਰੇ ਇਥੋਂ ਦੇ ਲੋਕਾਂ ਵਿਚ ਇਕ ਆਮ ਪ੍ਰਚਲਿਤ ਰਵਾਇਤ ਇਹ ਹੈ ਕਿ ਇਹ ਦੋਵੇਂ ਪਿੰਡ ਅੱਜ ਤੋਂ ਲਗਭਗ ੧੨੦੦ ਸਾਲ ਪਹਿਲਾਂ, ਮਾਲਵੇ ਦੇ ਕਿਸੇ ਪਿੰਡੋਂ ਉੱਠ ਕੇ ਹਰੀਕੇ ਪੱਤਣ ਰਾਹੀਂ ਸਤਿਲੁਜ ਦਰਿਆ ਲੰਘ ਕੇ ਆਏ ਚਾਚੇ ਭਤੀਜੇ ਸੰਧੂ ਜੱਟਾਂ ਨੇ ਬੰਨ੍ਹੇ। ਚਾਚੇ ਦਾ ਨਾਂ 'ਦਦੇਹਰ' ਅਤੇ ਭਤੀਜੇ ਦਾ ਨਾਂ ਜਾਗੋ ਸੀ। ਇਥੇ ਉਦੋਂ ਜੰਗਲ ਹੀ ਜੰਗਲ ਸਨ। ਦਦੇਹਰ ਵਾਲੀ ਥਾਂ ਇਕ ਉੱਚਾ ਥੇਹ ਤੇ ਰੁੱਖਾਂ ਦਾ ਝੁੰਡ ਸੀ ਅਤੇ ਸਰਹਾਲੀ ਵਾਲੀ ਥਾਂ ਦੇ ਲਾਗੇ ਇਕ ਵੱਡਾ ਛੱਪੜ ਸੀ। ਆਲੇ ਦੁਆਲੇ ਦੇ ਸਾਰੇ ਇਲਾਕੇ ਵਿਚ ਖੁੱਲ੍ਹੀ ਚਰਾਂਦ ਸੀ। ਚਾਚੇ ਭਤੀਜੇ ਕੋਲ ਮਾਲ ਡੰਗਰ ਕਾਫੀ ਸੀ। ਮਾਲਵੇ ਦੇ ਇਲਾਕੇ ਵਿਚ ਮੀਂਹ ਨਾ ਪੈਣ ਕਰਕੇ ਸਖਤ ਔੜ ਲੱਗ ਗਈ ਤੇ ਪੱਠੇ ਦੱਥੇ ਸੁੱਕ ਗਏ ਤਾਂ ਉਹ ਖੁਲ੍ਹੀ ਚਰਾਂਦ ਦੀ ਭਾਲ ਵਿਚ ਇਧਰ ਨੂੰ ਨਿਕਲੇ। ਇਥੇ ਆ ਕੇ ਉਹ ਸਭ ਤੋਂ ਪਹਿਲਾਂ, ਦਦੇਹਰ ਪਿੰਡ ਵਾਲੀ ਥਾਂ ਦੇ ਥੇਹ ਉਤੇ ਆ ਕੇ ਟਿਕੇ ਤੇ ਇਸ ਦੇ ਨਾਲ ਹੀ ਦਦੇਹਰ ਨਾਮੀਂ ਪਿੰਡ ਦੇ ਬੱਝਣ ਦਾ ਸ੍ਰੀ ਗਣੇਸ਼ ਹੋ ਗਿਆ। ਘਾਹ ਪੱਠਾ ਤਾਂ ਇਥੇ ਕਾਫੀ ਸੀ ਪਰ ਪਾਣੀ ਕਿਤੇ ਨੇੜੇ ਤੇੜੇ ਨਜ਼ਰ ਨਹੀਂ ਸੀ ਆਉਂਦਾ। ਉਹ ਕਿਸੇ ਟੋਏ ਜਾਂ ਛੱਪੜ ਦੀ ਤਲਾਸ਼ ਕਰਨ ਲੱਗੇ। ਲੌਢਾ ਵੇਲਾ ਹੋਇਆ ਤਾਂ ਉਨ੍ਹਾਂ ਨੂੰ ਮਿੱਟੀ ਗਾਰੇ ਨਾਲ ਲਿਬੜਿਆ ਇਕ ਸਾਨ੍ਹ ਚੜ੍ਹਦੇ ਵੱਲੋਂ ਆਉਂਦਾ ਦਿਸਿਆ।...ਚਾਚੇ ਨੇ ਭਤੀਜੇ ਨੂੰ ਜਿਧਰੋਂ ਸਾਨ੍ਹ ਆਇਆ ਸੀ, ਓਧਰ ਨੂੰ ਤੋਰਿਆ। ਉਹ ਖੁਰਾ ਨੱਪਦਾ ਨੱਪਦਾ ਵੱਡੀ ਢਾਬ ਉਤੇ ਪਹੁੰਚ ਗਿਆ। ਢਾਬ ਨੂੰ ਵੇਖ ਕੇ ਬਹੁਤ ਖੁਸ਼ ਹੋਇਆ। ਢਾਬ ਦੇ ਕੰਢੇ ਜੋਗੀਆਂ ਦਾ ਇਕ ਮੱਠ (ਡੇਰਾ) ਸੀ। (ਸਰਹਾਲੀ ਪਿੰਡ ਦੇ ਲਹਿੰਦੇ ਪਾਸੇ ਵੱਡੀ ਢਾਬ ਅਤੇ ਜੋਗੀਆਂ ਦਾ ਮੱਠ ਅੱਜ ਵੀ ਮੌਜੂਦ ਹੈ) ਜੋਗੀਆਂ ਦੇ ਡੇਰੇ ਨੂੰ ਵੇਖ ਕੇ ਜਾਗੋ ਉਨ੍ਹਾਂ ਦੇ ਡੇਰੇ ਜਾ ਵੜਿਆ। ਸਾਮ੍ਹਣੇ ਵੱਡੇ ਜੋਗੀ ਨੂੰ ਬੈਠਾ ਤੱਕ ਕੇ ਉਸ ਨੇ ਪ੍ਰਣਾਮ ਕੀਤੀ। ਜੋਗੀ ਨੇ ਅਸੀਸ ਦਿੱਤੀ ਅਤੇ ਉਹ ਉਹਨੀਂ ਪੈਰੀਂ ਵਾਪਸ ਚਾਚੇ ਕੋਲ ਦਦੇਹਰ ਪਹੁੰਚ ਗਿਆ। ਮੱਠ ਦੇ ਵੱਡੇ ਜੋਗੀ ਦਾ ਨਾਂ ਭੀਮਨਾਥ ਸੀ। ਉਨ੍ਹੀਂ ਦਿਨੀਂ ਉੱਤਰੀ ਭਾਰਤ

ਵਿਚ ਜੋਗ ਮਤਿ ਦੀ ਬੜੀ ਮਾਨਤਾ ਸੀ ਅਤੇ ਬਾਬਾ ਭੀਮਨਾਥ ਇਕ ਵੱਡਾ ਤਪੱਸਵੀ ਤੇ ਕਰਨੀ ਵਾਲਾ ਜੋਗੀ ਮੰਨਿਆ ਜਾਂਦਾ ਸੀ।

"ਭਤੀਜੇ ਨੇ ਇਹ ਖ਼ੁਸ਼ੀ ਭਰੀ ਖ਼ਬਰ ਚਾਚੇ ਨੂੰ ਜਾ ਦੱਸੀ। ਡੰਗਰਾਂ ਦੇ ਚਾਰਨ ਲਈ ਖੁੱਲ੍ਹੀ ਜਗ੍ਹਾ ਤੇ ਪਾਣੀ ਵਾਸਤੇ ਵੱਡੀ ਢਾਬ ਵੇਖ ਕੇ, ਉਨ੍ਹਾਂ ਦੇ ਮਨ ਵਿਚ ਇਥੇ ਹੀ ਵੱਸਣ ਦਾ ਮੋਹ ਜਾਗ ਪਿਆ। ਉਹ ਰੋਜ਼ ਡੰਗਰ ਚਾਰਦੇ ਚਾਰਦੇ ਢਾਬ ਤੇ ਆਉਂਦੇ ਤੇ ਜੋਗੀ ਭੀਮਨਾਥ ਨਾਲ ਬਚਨ ਬਿਲਾਸ ਕਰਦੇ। ਜੋਗੀ ਨੇ ਇਨ੍ਹਾਂ ਨੂੰ ਇਥੇ ਪਿੰਡ ਬੰਨ੍ਹਣ ਦੀ ਪ੍ਰੇਰਣਾ ਦਿੱਤੀ। ਸੋ ਇਨ੍ਹਾਂ ਨੇ ਇਥੇ ਵੱਸਣ ਦਾ ਪੱਕਾ ਇਰਾਦਾ ਬਣਾ ਲਿਆ ਅਤੇ ਪਿਛੋਂ ਪਰਿਵਾਰ ਵੀ ਮੰਗਵਾ ਲਿਆ। ਪਹਿਲਾਂ ਕੁਝ ਸਮਾਂ ਉਹ ਸਾਰੇ ਇਕੱਠੇ ਹੀ ਦਦੇਹਰ ਵਿਚ ਵੱਸਦੇ ਰਹੇ, ਪਿਛੋਂ ਪਰਿਵਾਰ ਦੇ ਵਾਧੇ ਨਾਲ ਜਾਗੋ ਨੇ ਆਪਣੇ ਬਾਲ ਬੱਚੇ ਸਮੇਤ ਸਰਹਾਲੀ ਪਿੰਡ ਵਾਲੀ ਥਾਂ ਆਪਣਾ ਡੇਰਾ ਲਾ ਲਿਆ ਤੇ ਇਕ ਵੱਖਰਾ ਪਿੰਡ ਬੰਨ੍ਹ ਲਿਆ। ਸਮੇਂ ਦੇ ਬੀਤਣ ਨਾਲ ਦਦੇਹਰ ਤੇ ਜਾਗੋ ਦੀ ਸੰਤਾਨ ਵਧਦੀ ਗਈ। ਆਖ਼ਰ ਇਨ੍ਹਾਂ ਦੋਹਾਂ ਪਿੰਡਾਂ ਵਿਚੋਂ ਨਿਕਲ ਕੇ ਲਾਗੇ ਬੰਨੇ ਦੇ ਬਹੁਤ ਪਿੰਡ ਵੱਸੇ। ਇਸ ਕਰਕੇ ਹੀ ਇਸ ਇਲਾਕੇ ਦੇ ਪਿੰਡਾਂ ਵਿਚ ਸੰਧੂ ਜੱਟਾਂ ਦੀ ਬਹੁ-ਗਿਣਤੀ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਅੰਮ੍ਰਿਤ ਛਕ ਕੇ ਇੱਥੋਂ ਦੇ ਵਸਨੀਕ ਤਿਆਰ-ਬਰ-ਤਿਆਰ ਸਿੰਘ ਸਜ ਗਏ।"[1]

ਪੰਜਾਬੀ ਕਿਸਾਨੀ ਦੇ ਸੁਭਾਅ ਦੇ ਐਨ ਅਨੁਕੂਲ ਇਸ ਪਿੰਡ ਦੇ ਲੋਕ ਵੀ ਸਾਰੀਆਂ ਧਾਰਮਿਕ, ਸਮਾਜਿਕ ਅਤੇ ਰਾਜਨੀਤਿਕ ਲਹਿਰਾਂ ਦੇ ਅਸਰ ਕਬੂਲਣ ਵਾਲੇ ਸਨ। ਸਿੱਖ ਗੁਰੂ ਸਾਹਿਬਾਨ ਦੀ ਚਰਨ ਛੋਹ ਨਾਲ ਇਹ ਧਰਤੀ ਪਵਿਤਰ ਹੋਈ। ਸਿੱਖ ਸੰਘਰਸ਼, ਮਿਸਲ ਕਾਲ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ, ਇਹ ਲੋਕ ਘੋੜਿਆਂ ਦੀਆਂ ਕਾਠੀਆਂ ਤੇ ਵੀ ਰਹੇ ਅਤੇ ਮੈਦਾਨੇ ਜੰਗ ਵਿਚ ਵੀ ਅਸਤਰ ਸ਼ਸਤਰਾਂ ਸਮੇਤ ਕੁੱਦਦੇ ਰਹੇ। ਸ. ਸ਼ਾਮ ਸਿੰਘ ਬਾਰੇ ਅਸੀਂ ਪਹਿਲਾਂ ਦੱਸ ਚੁੱਕੇ ਹਾਂ ਕਿ ਉਹ ਵੀ ਸਿੱਖ ਰਾਜ ਦਾ ਇਕ ਘੋੜ ਸੁਆਰ ਸੈਨਿਕ ਸੀ। ਉਹਨਾਂ ਦੇ ਘਰ ਬੀਬੀ ਦੈਆ ਕੌਰ ਤੋਂ ਪਹਿਲੀ ਸਿੰਘਣੀ ਦੀ ਕੁੱਖੋਂ ੧੯੦੨ ਬਿਕਰਮੀ ਮੁਤਾਬਿਕ ੧੮੪੫-੪੬ ਈ. ਵਿਚ ਵੱਡੇ ਪੁੱਤਰ ਜਿਊਣ ਸਿੰਘ ਦਾ ਜਨਮ ਹੋਇਆ। ਇਹ ਵਕਤ ਸਿੱਖਾਂ ਤੇ ਅੰਗਰੇਜ਼ਾਂ ਵਿਚਾਲੇ ਫੈਸਲਾਕੁੰਨ ਯੁੱਧਾਂ ਦਾ ਸਮਾਂ ਸੀ। ਸ਼ਾਹ ਮੁਹੰਮਦ ਲਿਖ ਗਿਆ ਹੈ-"ਸੰਬਤ ਉੱਨੀ ਸੈ ਬਿਕਰਮੀ ਦੂਸਰਾ ਸੀ, ਜਦੋਂ ਹੋਈ ਫਰੰਗੀ ਦੀ ਜੰਗ ਮੀਆਂ।...ਸ਼ਾਹ ਮੁਹੰਮਦਾ ਸਿਰਾਂ ਦੀ ਲਾਈ ਬਾਜੀ, ਨਹੀਂ ਮੋੜਦੇ ਸੂਰਮੇ ਅੰਗ ਮੀਆਂ।"

ਘਰ ਵਿਚ ਬਾਪੂ ਸ਼ਾਮ ਸਿੰਘ, ਬਾਲਕ ਜਿਊਣ ਸਿੰਘ ਨੂੰ ਗੁਰਮਤਿ ਗੁਰਬਾਣੀ ਦੀ ਜਾਣਕਾਰੀ ਦੇਣ ਦੇ ਨਾਲ ਨਾਲ ਸਿੱਖ ਸ਼ਹੀਦਾਂ ਅਤੇ ਸੂਰਬੀਰਾਂ ਦੇ ਅਦੁੱਤੀ ਪਰਸੰਗ ਵੀ ਸੁਣਾਉਂਦਾ। ਉਹ ਦੱਸਦਾ ਕਿ ਅਟਕ ਦਰਿਆ ਤੋਂ ਜਮਨਾ ਨਦੀ ਤੱਕ ਇਸ ਸਾਰੇ ਦੇਸ਼ ਤੇ ਕਦੇ ਇੱਥੋਂ ਦੇ ਲੋਕਾਂ ਦਾ ਆਪਣਾ ਰਾਜ ਹੁੰਦਾ ਸੀ। ਫਿਰ ਕੰਪਨੀ ਸਰਕਾਰ ਦੇ ਫਰੰਗੀਆਂ ਨੇ ਛਲ ਕਪਟ ਤੇ ਹੇਰਾ ਫੇਰੀ ਨਾਲ ਇਹ ਰਾਜ ਖੋਹ ਲਿਆ। ਪਰੰਤੂ ਸਾਡੀਆਂ ਰਗਾਂ ਵਿਚ ਜਿਹਨਾਂ ਪੁਰਖਿਆਂ ਦਾ ਖ਼ੂਨ ਦੌੜ ਰਿਹਾ ਹੈ, ਉਹ ਸਾਨੂੰ ਬੇਗ਼ੈਰਤ ਗੁਲਾਮੀ

ਦਾ ਜੀਵਨ ਜਿਊਣ ਨਹੀਂ ਦੇਣਗੇ। ਅਸੀਂ ਮੌਕੇ ਦੀ ਉਡੀਕ ਵਿਚ ਹਾਂ। ਕਦੋਂ ਕੋਈ ਮਰਦ ਅਗੰਮੜਾ, ਵਰਿਆਮ, ਸਾਨੂੰ ਲੱਭੇ ਤੇ ਅਸੀਂ ਬੰਦ ਖਲਾਸੀ ਲਈ ਜੁੱਟ ਜਾਈਏ। ੧੨ ਅਪਰੈਲ ੧੮੫੭ ਨੂੰ ਸ੍ਰੀ ਭੈਣੀ ਸਾਹਿਬ (ਲੁਧਿਆਣਾ) ਵਿਖੇ ਸਤਿਗੁਰੂ ਰਾਮ ਸਿੰਘ ਜੀ ਨੇ ਨਾਮਧਾਰੀ ਸੰਤ ਖਾਲਸੇ ਦਾ ਗਠਨ ਕਰ ਕੇ ਆਪਣਾ ਸਫੈਦ ਕੌਮੀ ਨਿਸ਼ਾਨ ਝੁਲਾ ਦਿੱਤਾ। ਛੇਤੀ ਹੀ ਬਾਬਾ ਸ਼ਾਮ ਸਿੰਘ ਮਾਝੇ ਦੇ ਹੋਰ ਅਨੇਕ ਸਿੰਘਾਂ ਜਿਉਂ ਸਤਿਗੁਰੂ ਜੀ ਦੇ ਲੜ ਲੱਗ ਗਿਆ। ਕਿਉਂ ਜੁ ਸਤਿਗੁਰੂ ਜੀ ਦੇ ਸਾਜੇ ਨਵੇਂ ਪੰਥ ਅਤੇ ਉਹਨਾਂ ਦੇ ਸਵਦੇਸ਼ੀ, ਬ੍ਰਿਟਿਸ਼ ਹਕੂਮਤ ਪ੍ਰਤੀ ਅਸਹਿਯੋਗ ਅਤੇ ਉਹਨਾਂ ਦੇ ਮਾਲ, ਸੰਸਥਾਵਾਂ ਦੇ ਬਾਈਕਾਟ ਦੀ ਸਿਖਿਆ ਵਿਚੋਂ, ਤਿਆਰ ਬਰ ਤਿਆਰ ਗੁਰੂ ਕੀ ਸਿੱਖੀ ਵਿਚ ਸ਼ਾਮਲ ਹੋਣ ਦੇ ਉਮਾਹ ਵਿਚੋਂ, ਉਸਨੂੰ ਮੁਕਤੀ ਯੁੱਧ ਦੇ ਨਾਦ ਸੁਣਾਈ ਦੇਣ ਲੱਗੇ। ਜਿਊਣ ਸਿੰਘ ਬਚਪਨ ਬਾਪੂ ਦੇ ਲਾਡ ਮਲ੍ਹਾਰ ਅਤੇ ਤਾਏ ਬੋਘ ਸਿੰਘ ਦੇ ਵਾਧੂ ਸਨੇਹ ਹੇਠ ਬਿਤਾਉਣ ਬਾਅਦ, ਬਹੁਤ ਛੇਤੀ ਜੁਆਨੀ ਦੀਆਂ ਪੌੜੀਆਂ ਚੜ੍ਹਨ ਲੱਗ ਪਿਆ। ਸ਼ਾਮ ਸਿੰਘ ਦੇ ਵੱਡੇ ਭਰਾ ਦਾ ਪੁੱਤਰ ਨਾ ਹੋਣ ਕਾਰਨ ਉਸ ਨੇ ਸ਼ਾਮ ਸਿੰਘ ਦੇ ਚਾਰ ਹੋਰ ਛੋਟੇ ਪੁੱਤਰ ਹੋਣ ਕਾਰਨ ਵੱਡਾ ਜਿਊਣ ਸਿੰਘ ਮੰਗ ਲਿਆ ਕਿ ਵੱਡੀ ਢੇਰੀ ਨੂੰ ਆਪੇ ਸਾਂਭੇ ਵਰਤੇ ਇਸ ਲਈ ਮੈਂ ਪਿਛਲੀ ਉਮਰੇ ਬੇਫਿਕਰ ਹੋ ਜਾਵਾਂ। ਸੋ ਹੁਣ ਬਾਪੂ ਸ਼ਾਮ ਸਿੰਘ ਦੀ ਸੈਨਿਕ ਅਨੁਸ਼ਾਸਨ ਵਿਚ ਰੱਖਣ ਵਾਲੀ ਕਰੜੀ ਨਜ਼ਰ ਤੋਂ ਬਚ ਜਾਣ ਕਾਰਨ ਤਾਏ ਬੋਘ ਸਿੰਘ ਦੀ ਖੁੱਲ੍ਹੀ ਮਾਲਕੀ ਦੇ ਇਕ ਮਾਤਰ ਵਾਰਿਸ ਜਿਊਣ ਸਿੰਘ ਨੇ ਵੀ ਖੁੱਲ੍ਹੀਆਂ ਖੇਡਾਂ ਖੇਡਣੀਆਂ ਸ਼ੁਰੂ ਕਰ ਦਿੱਤੀਆਂ। ਪੈਸਾ ਟਕਾ ਆਮ ਹੋਵੇ ਤਾਂ ਫਿਰ ਜੱਟਾਂ ਦੇ ਗੱਭਰੂ ਪੁੱਤਰ ਜਿਹੋ ਜਿਹੇ ਹੁੰਦੇ ਹਨ, ਉਹੋ ਜਿਹਾ ਜਿਊਣ ਸਿੰਘ ਵੀ ਹੋ ਗਿਆ। ਸਮਾਂ ਆਪਣੀ ਤੋਰ ਤੁਰਦਾ ਰਿਹਾ। ੧੮੬੩ ਤੋਂ ੧੮੬੬ ਈ. ਤੱਕ ਦੀ ਸ੍ਰੀ ਭੈਣੀ ਸਾਹਿਬ ਵਿਚ ਜੂਹਬੰਦੀ ਮੁੱਕਣ, ਬਾਅਦ ਸਤਿਗੁਰੂ ਰਾਮ ਸਿੰਘ ਜੀ ਨੇ ਆਪਣੇ ਪਰਚਾਰ ਦੌਰਿਆਂ ਵਿਚ ਤੇਜ਼ੀ ਲੈ ਆਂਦੀ। ਸੂਬੇ ਥਾਪ ਦਿੱਤੇ ਗਏ ਸਨ। ਰਾਜਨੀਤਕ ਸਬੰਧ ਵਿਕਸਿਤ ਹੋ ਰਹੇ ਸਨ। ਅੰਤਿਮ ਨਿਸ਼ਾਨਾ ਆਪਣਾ ਰਾਜ ਹਾਸਲ ਕਰਨ ਲਈ ਕੂਕਾ ਅੰਦੋਲਨ ਦੀ ਵਿਆਪਕ ਲਾਮਬੰਦੀ ਹੋ ਰਹੀ ਸੀ। ਮਾਝੇ ਦੇ ਇਕ ਦੌਰੇ ਸਮੇਂ ਬਾਬਾ ਸ਼ਾਮ ਸਿੰਘ ਜੀ ਨੇ ਸਤਿਗੁਰੂ ਜੀ ਦੇ ਸਰਹਾਲੀ ਵਿਖੇ ਚਰਨ ਪੁਆਏ। ਹੁਣ ਬਾਬਾ ਸ਼ਾਮ ਸਿੰਘ ਜੀ ਨੇ ਜੋ ਉਸ ਸਮੇਂ ਇਕ ਉਚ ਕੋਟੀ ਦੇ ਸੰਤ ਬਣ ਚੁਕੇ ਸਨ, ਆਪਣੇ ਸਤਿਗੁਰੂ ਜੀ ਨੂੰ ਅਰਜ਼ ਕੀਤੀ–"ਦੀਨ ਦਯਾਲ, ਜਿਊਣ ਸਿੰਘ ਤੇ ਕਿਰਪਾ ਕਰੋ, ਇਸਦੀ ਸੰਗਤ ਲੁੱਚਿਆਂ ਲੰਡਿਆਂ ਨਾਲ ਹੈ", ਤਾਂ ਅੱਗੋਂ ਹੁਕਮ ਹੋਇਆ–"ਲਿਆਓ ਬਾਬਾ ਜੀ ਆਪਣੇ ਮੁੰਡੇ ਨੂੰ ਉਸਨੂੰ ਭਜਨ ਦਸੀਏ।" ਜਿਸ ਵੇਲੇ ਆਪ ਨੂੰ ਇਹ ਪਤਾ ਲੱਗਾ ਕਿ ਮੈਨੂੰ ਭੀ ਕੂਕਾ ਬਨਾਉਣ ਦੇ ਮਨਸੂਬੇ ਹੁੰਦੇ ਹਨ ਤਾਂ ਆਪ ਪਿੰਡ ਦੀ ਦੂਸਰੀ ਪੱਤੀ ਜਾ ਕੇ ਅਲੋਪ ਹੋ ਗਏ। ਪਰ ਪਿਤਾ ਜੀ ਨੇ ਆਪ ਨੂੰ ਫੜ ਕੇ ਆਣ ਹਜ਼ੂਰੀ ਵਿਚ ਹਾਜ਼ਰ ਕੀਤਾ। ਸ੍ਰੀ ਜੀ ਨੇ ਆਪ ਦੇ ਕੰਨ ਵਿਚ ਅਜੇਹੀ ਫੂਕ ਮਾਰੀ (ਨਾਮ ਦਿੱਤਾ), ਕਿ ਇਕਦਮ ਕਾਇਆ ਹੀ ਪਲਟ ਗਈ ਅਤੇ ਇਸ ਵਾਕ ਨੂੰ ਪੂਰਾ ਕੀਤਾ ਕਿ–"ਪਸੂ ਪਰੇਤ ਅਗਿਆਨ ਉਧਾਰੇ ਇਕ ਖਣੇ ॥ (੬੬੩) ਭਜਨ ਪੁੱਛਦਿਆਂ ਸਾਰ ਹੀ ਮਸਤ ਹੋ ਗਏ। ਉਚੀ ਉਚੀ ਆਪਣੇ

ਆਪ ਨੂੰ ਸੰਬੋਧਨ ਕਰ ਕੇ ਬਾਰ ਬਾਰ ਕਹਿੰਦੇ, 'ਜਿਊਨਿਆ ਅੱਜ ਤੈਨੂੰ ਖ਼ੁਦ ਖ਼ੁਦਾਈ ਦਿਤੀ।' ਬੱਸ ਅੱਠੇ ਪਹਿਰ ਏਹੋ ਹੀ ਬੋਲਾ ਹੁੰਦਾ ਰਹਿੰਦਾ। ਭਜਨ ਹੀ ਆਪ ਜੀ ਦਾ ਆਸਰਾ ਬਣ ਗਿਆ। ਇੱਥੋਂ ਤੱਕ ਕਿ ਨੀਂਦਰ ਨੂੰ ਵੀ ਜਵਾਬ ਦੇ ਦਿੱਤਾ ਕਿ ਹੁਣ ਤੇਰਾ ਮੇਰੇ ਨਾਲ ਕੋਈ ਵਾਸਤਾ ਨਹੀਂ।"[2] ਜਦੋਂ ਸਤਿਗੁਰੂ ਰਾਮ ਸਿੰਘ ੧੮੭੧ ਈ. ਦੀ ਦੀਵਾਲੀ ਬਾਅਦ ਸਿਰਹਾਲੀ ਤੋਂ ਹੋ ਕੇ ਤਰਨਤਾਰਨ ਅੱਪੜੇ ਤਾਂ ਇਥੇ ਵੀ ਸੰਤ ਜਿਊਣ ਸਿੰਘ ਦੀ ਮਸਤਾਨੀ ਬਿਰਤੀ ਵਿਚ ਕੀਤੇ ਬਚਨ "ਮੈਂ ਰਾਮ ਹਾਂ" ਦਾ ਬਾਹੋਵਾਲ ਜੀ ਜ਼ਿਕਰ ਕਰਦੇ ਹਨ।[3] ਸੰਤ ਜੀ ਦੀ ਹਾਲਤ "ਰਾਂਝਣ ਰਾਂਝਣ ਕਰਦੀ ਨੀ ਮੈਂ ਆਪੇ ਰਾਂਝਣ ਹੋਈ" ਦੇ ਸੂਫੀ ਕਲਾਮ ਜਿਹੀ ਹੋ ਗਈ ਸੀ।

ਮਸਤੀ ਆਪਣੇ ਪੂਰੇ ਜੋਬਨ ਤੇ ਸੀ ਜਦੋਂ ਇਸ ਤੇ ਵਿਛੋੜੇ ਦੇ ਝੱਖੜ ਝੁੱਲ ਗਏ। ਜਨਵਰੀ ੧੮੭੨ ਦੇ ਸਤਿਗੁਰੂ ਪਰਦੇਸ ਗਮਨ ਨੇ, ਵੈਸੇ ਤਾਂ ਸਮੁੱਚੇ ਨਾਮਧਾਰੀ ਸੰਸਾਰ ਨੂੰ ਹੀ ਪਰ ਸੰਤ ਜਿਊਣ ਸਿੰਘ ਜੈਸੇ ਪ੍ਰੇਮ ਦੀਵਾਨਿਆਂ ਦੀ ਮਸਤਾਨੀ ਬਿਰਤੀ ਉੱਪਰ ਹੋਰ ਗਹਿਰੀ ਰੰਗਣ ਚਾੜ੍ਹ ਦਿੱਤੀ। ਨਾਮ ਬਾਣੀ ਦੇ ਅਭਿਆਸੀ ਤਾਂ ਗੁਰਮੰਤਰ ਦੀ ਦਾਤ ਪਰਾਪਤ ਕਰਦਿਆਂ ਹੀ ਹੋ ਗਏ ਸਨ। ਗੁਰਮੁਖੀ ਪਿੰਡ ਦੇ ਗੁਰਦੁਆਰੇ ਵਿਚ ਭਾਈ ਜੀ ਤੋਂ ਸਿੱਖੀ। ਇਹ ਸਰਹਾਲੀ ਪਿੰਡ ਜਿੱਥੇ ਸ਼ੁਰੂ ਤੋਂ ਹੀ ਮਾਰ- ਖੋਰੇ ਜੱਟਾਂ, ਸੂਰਮਿਆਂ, ਵਰਿਆਮਾਂ ਦਾ ਪਿੰਡ ਵੀ ਸੀ, ਇੱਥੇ ਸਾਧੂ ਮਹਾਂਪੁਰਖਾਂ ਦੀ ਵੀ ਕਮੀ ਨਹੀਂ ਸੀ ਜੋ ਸੰਗਤ ਨੂੰ ਗੁਰਮਤ ਨਾਲ ਜੋੜਦੇ ਸਨ। ਉਨ੍ਹੀਵੀਂ ਸਦੀ ਦੇ ਇਕ ਐਸੇ ਹੀ ਮਹਾਂਪੁਰਖ ਸੰਤ ਬਾਬਾ ਨੰਦ ਸਿੰਘ ਜੀ ਵੀ ਹੋਏ ਹਨ। ਸਤਿਗੁਰੂ ਰਾਮ ਸਿੰਘ ਜੀ ਜਦੋਂ ਸਰਹਾਲੀ ਦਰਸ਼ਨ ਦਿੱਤੇ ਤਾਂ ਬਾਬਾ ਨੰਦ ਸਿੰਘ ਨਾਲ ਵੀ ਪਰਸਪਰ ਬਚਨ ਬਿਲਾਸ ਹੁੰਦੇ ਰਹੇ ਸਨ। ਸੋ ਐਸੇ ਭਗਤੀ ਭਾਵ ਵਾਲੇ ਸਾਧੂਆਂ ਦੇ ਨਗਰ ਵਿਚ ਹੋਣ ਦਾ ਲਾਭ, ਸਿੱਖ ਬਾਲਕਾਂ ਨੂੰ ਛੋਟੀ ਉਮਰ ਤੋਂ ਧਾਰਮਿਕ ਪੁਸਤਕਾਂ ਦਾ ਅਧਿਐਨ ਕਰਨ ਦੀ ਸੁਵਿਧਾ ਮਿਲ ਜਾਂਦੀ ਹੈ। ਕਿਉਂਕਿ ਪਰਿਵਾਰ ਦਾ ਸਬੰਧ ਲਾਹੌਰ ਦਰਬਾਰ ਨਾਲ ਕਿਸੇ ਨਾ ਕਿਸੇ ਰੂਪ ਵਿਚ ਰਿਹਾ ਸੀ, ਸੋ ਬਾਬਾ ਸ਼ਾਮ ਸਿੰਘ ਹੋਰਾਂ ਦੀ ਇੱਛਾ ਅਨੁਸਾਰ ਸੰਤ ਜੀਊਣ ਸਿੰਘ ਜੀ ਨੇ ਮੁੱਢਲੀ ਆਯੂ ਵਿਚ ਅਰਬੀ ਫ਼ਾਰਸੀ ਦੀ ਸਿੱਖਿਆ ਵੀ ਪਿੰਡ ਦੀ ਮਸਜਿਦ ਦੇ ਮੌਲਵੀ ਤੋਂ ਗ੍ਰਹਿਣ ਕਰ ਲਈ ਸੀ। ਇਹਨਾਂ ਸਾਰੀਆਂ ਵਿਦਿਆਵਾਂ ਨੇ ਆਪ ਨੂੰ ਸਨਾਤਨੀ, ਸਾਮੀ ਅਤੇ ਸਿੱਖ ਧਰਮ ਗਰੰਥਾਂ ਦੇ ਚੰਗੇ ਖੋਜੀ ਬਣਾ ਦਿੱਤਾ ਸੀ। ਗੁਰਬਾਣੀ ਦੇ ਪਾਠ ਪ੍ਰਤੀ ਜਦੋਂ ਸਤਿਗੁਰੂ ਰਾਮ ਸਿੰਘ ਜੀ ਦਾ ਪਰਦੇਸ ਵਿਚੋਂ ਵਿਸ਼ੇਸ਼ ਹੁਕਮਨਾਮਾ ਆਇਆ ਤਾਂ ਉਸ ਸਮੇਂ ਦੀ ਮਾਝੇ ਦੀ ਸੰਤ ਮੰਡਲੀ, ਸੰਤ ਕੇਸਰ ਸਿੰਘ ਜੀ ਮੁਹਾਵੇ ਵਾਲੇ, ਬਾਬਾ ਨੈਣਾ ਸਿੰਘ ਵਰਿਆਂਹ, ਬੁੱਢਾ ਸਿੰਘ ਜੀ ਵਾਂ, ਬਾਬਾ ਕਾਹਨ ਸਿੰਘ ਜੀ ਬੁਰਜ, ਭਾਈ ਭਾਨ ਸਿੰਘ ਜੀ ਉੱਬੋਕੇ ਆਦਿ ਨਾਲ ਮਿਲ ਕੇ ਪਿੰਡ ਪਿੰਡ ਫਿਰ ਕੇ ਕਿਤੇ ਸਰਕਾਰ ਤੋਂ ਮਨਜ਼ੂਰੀ ਲੈ ਕੇ ਕਿਤੇ ਚੋਰੀ ਛਿਪੇ ਵੀ ਅਖੰਡ ਪਾਠ ਕਰਦੇ ਅਤੇ ਕਰਾਉਂਦੇ। ਬਾਅਦ ਵਿਚ ਸੰਤ ਲਾਲ ਸਿੰਘ ਭੂਰੇ ਗਿੱਲੀਏ ਵੀ ਇਸ ਮੰਡਲੀ ਵਿਚ ਸ਼ਾਮਲ ਹੋ ਗਏ। ਰਾਵੀ ਤੋਂ ਪਾਰ ਜਿਊਣ ਭਿੰਡਰ ਦੇ ਬਾਬਾ ਮਿੱਤ ਸਿੰਘ ਹੋਰਾਂ ਨਾਲ ਵੀ ਆਪ ਦਾ ਚੰਗਾ ਜੋੜ ਸੀ। ਸੰਤ ਮੁਹਾਵੇ ਵਾਲੇ ਕੇਸਰ ਕਿੱਲੀ ਜੀ ਨਾਲ ਤਾਂ ਆਪ ਦੀ

ਕੁੜਮਾਚਾਰੀ ਵੀ ਬਣ ਗਈ ਸੀ। ਆਪ ਦਾ ਵੱਡਾ ਸਪੁੱਤਰ ਸੰਤ ਖੜਕ ਸਿੰਘ ਮੁਹਾਵੇ ਵਾਲਿਆਂ ਦੀ ਸਪੁੱਤਰੀ ਬੀਬੀ ਅੱਤੋ (ਜਿਨ੍ਹਾਂ ਨੂੰ ਸਹੁਰੇ ਘਰ ਚੰਦ ਕੌਰ ਨਾਂ ਦਿੱਤਾ ਗਿਆ) ਨਾਲ ਵਿਆਹਿਆ ਸੀ। ਇੱਬਣ ਦਾ ਸੰਤ ਗੰਡਾ ਸਿੰਘ ਵੀ ਇਸ ਸਮੇਂ ਮਾਝੇ ਵਿਚ ਵੱਡਾ ਕੂਕਾ ਸੰਤ ਸੀ। ਇਉਂ ਬਾਬਾ ਜੀਊਣ ਸਿੰਘ ਜੀ ਕਿਉਂਕਿ ਪੁੱਤਰ ਕੰਮਕਾਰ ਸਾਂਭਣ ਵਾਲੇ ਕੁਝ ਹੋ ਗਏ ਸਨ ਅਤੇ ਜਦੋਂ ਛੋਟੇ ਵੀ ਸਨ ਤਾਂ ਗ੍ਰਹਿਸਤ ਵਿਚ ਆਪ ਖੁੱਭੇ ਨਹੀਂ ਸਨ, ਸਾਧੂਆਂ ਦਾ ਸੰਗ ਮਾਨਣ ਨੂੰ ਹੀ ਅਤੇ ਸਤਿਗੁਰੂ ਰਾਮ ਸਿੰਘ ਜੀ ਦੇ ਬਚਨ ਬਿਲਾਸ ਉਹਨਾਂ ਨਾਲ ਸਾਂਝੇ ਕਰਨ ਨੂੰ ਅਤੇ ਹੋਰ ਲੋਕਾਂ ਨੂੰ ਵੀ ਸਤਿਗੁਰੂ ਦੇ ਮਾਰਗ ਤੇ ਅੱਗੇ ਤੋਰਨ ਦੇ ਪਰਚਾਰ ਨੂੰ ਹੀ ਉਹਨਾਂ ਆਪਣੇ ਜੀਵਨ ਦਾ ਇਕੋ ਇਕੋ ਮਨੋਰਥ ਬਣਾ ਲਿਆ ਸੀ। ਇਉਂ ਥੋੜ੍ਹੇ ਸਮੇਂ ਵਿਚ ਹੀ ਨਾ ਸਿਰਫ ਮਾਝੇ ਵਿਚ ਹੀ ਸਗੋਂ ਸਮੁੱਚੇ ਪੰਜਾਬ ਦੇ ਨਾਮਧਾਰੀ ਸਿੰਘਾਂ ਵਿਚ, ਆਪ "ਸਰਹਾਲੀ ਵਾਲੇ ਸੰਤ" ਦੇ ਤੌਰ ਤੇ ਵਿਖਿਆਤ ਹੋ ਗਏ।

ਹੁਣ ਇਸ ਸਮੇਂ ਕੂਕਿਆਂ ਤੇ ਦਮਨ ਚੱਕਰ ਚਲਾਉਣ ਬਾਅਦ ਪੰਜਾਬ ਸਰਕਾਰ ਦੀ ਵੱਡੀ ਚਿੰਤਾ, ਰੰਗੂਨ ਵਿਚ ਨਜ਼ਰਬੰਦੀ ਦੀ ਹਾਲਤ ਵਿਚ ਰੱਖੇ ਗਏ ਸਤਿਗੁਰੂ ਰਾਮ ਸਿੰਘ ਜੀ ਨਾਲੋਂ, ਪੰਜਾਬ ਵਿਚਾਲੇ ਉਹਨਾਂ ਦੇ ਅਨੁਯਾਈਆਂ ਨਾਲ ਮੇਲ ਮੁਲਾਕਾਤਾਂ ਦੁਆਰਾ ਜਾਂ ਪੱਤਰਾਂ ਦੇ ਆਦਾਨ ਪਰਦਾਨ ਦੁਆਰਾ, ਕਿਸੇ ਕਿਸਮ ਦੇ ਵੀ ਸੰਪਰਕ ਨੂੰ ਸਿਰੇ ਨਾ ਚੜ੍ਹਣ ਦੇਣਾ ਸੀ। ਪ੍ਰੰਤੂ ੧੮੭੫ ਈ. ਵਿਚ ਗੁਰੂ ਦਰਸ਼ਨਾਂ ਲਈ ਰੰਗੂਨ ਵੱਲ ਉਮਡਿਆ ਕੂਕਿਆਂ ਦਾ ਇਹ ਪਰਵਾਹ ਤਾਂ ਉਦੋਂ ਵੀ ਨਾ ਰੁਕਿਆ ਜਦੋਂ ਸਤਿਗੁਰੂ ਜੀ ਨੂੰ ੨੧ ਸਤੰਬਰ ੧੮੮੦ ਨੂੰ ਮਰਗੋਈ ਟਾਪੂ ਨੂੰ, ਰੰਗੂਨ ਤੋਂ ਵਧ ਸੁਰੱਖਿਅਤ ਸਮਝ ਕੇ ਉੱਥੇ ਪੁਚਾ ਦਿੱਤਾ ਗਿਆ ਸੀ। ਇਸ ਸਮੇਂ ਵਿਚ ੯੬ ਸਿੰਘ, ਜੋ ਗਾਹੇ-ਬਗਾਹੇ ਆਪ ਜੀ ਦੇ ਦਰਸ਼ਨ ਅਤੇ ਕਿਰਪਾ ਪੱਤਰ ਪ੍ਰਾਪਤ ਕਰਕੇ ਮੁੜਨ ਵਿਚ ਸਫਲ ਹੋਏ, ਉਹਨਾਂ ਵਿਚੋਂ ਸੰਤ ਜਿਊਣ ਸਿੰਘ ਸਰਹਾਲੀ ਵੀ ਪਰਮੁੱਖ ਸਨ। ਨਾਮਧਾਰੀ ਸਰੋਤਾਂ ਅਤੇ ਹੁਕਮਨਾਮਿਆਂ ਦੀ ਘੋਖ ਪੜਤਾਲ ਤੋਂ ਸਿੱਧ ਹੁੰਦਾ ਹੈ ਕਿ ਸੰਤ ਜਿਊਣ ਸਿੰਘ ਸਰਹਾਲੀ ਦੋ ਵੇਰ ਸਤਿਗੁਰੂ ਜੀ ਦੇ ਉਸ ਦੇਸ ਵਿਚ ਦਰਸ਼ਨ ਕਰਕੇ ਆਏ ਸਨ।[4] "ਸ੍ਰੀ ਸਤਿਗੁਰੂ ਜੀ ਹੁਕਮ ਦੀਆ ਕਿ ਤੀਨ ਵੇਰੀ ਦਰਸ਼ਨ ਦਿਆ ਕਰੋ। ਆਠ ਬਜੇ ਤੇ ਬਾਰਾਂ ਬਜੇ ਤੇ ਚਾਰ ਬਜੇ। ਬਚਨ ਹੋਇਆ ਭਾਈ ਦੇਖੋ ਕੈਸੀ ਔਖੀ ਜਗਾ ਹੈ। ਐਸਾ ਹੁਕਮ ਹੈ ਕਿ ਪੰਜਾਬੀ ਆਦਮੀ ਸਿਰ ਤੇ ਹਥ ਧਰਦਾ ਦੇਖੋ ਤਾਂ ਉਸਕੋ ਪਕੜੋ ਸਜਾਇ ਦੇਵੋ। ਜੁਰਮਾਨਾ, ਕੈਦ, ਬੈਂਤ ਮਾਰੋ, ਏਹ ਸਜਾਇ ਦੇਵਣ। ਜੇ ਮੇਰੇ ਕੋਲ ਦੀ ਕੋਈ ਲੰਘ ਜਾਵੇ ਤਾਂ ਝਾਕਦੇ ਰਹਿੰਦੇ ਹੈਂ। ਪੰਜਾਬ ਦਾ ਪੰਛੀ ਵੀ ਨਹੀਂ ਉਤੋਂ ਦੀ ਲੰਘਣ ਦਿੰਦੇ। ਇਤਨੀ ਕਰੜਾਈ ਹੈ।"[5] ਪਹਿਲੀ ਵੇਰ ੧੮੭੭ ਦੇ ਲਾਗੇ ਚਾਗੇ ਅਤੇ ਦੁਬਾਰਾ ਆਪ ੧੮੮੦ ਈ. ਵਿਚ ਦਰਸ਼ਨ ਕਰਨ ਗਏ ਮਲੂਮ ਹੁੰਦੇ ਹਨ। ਪਹਿਲੀ ਵੇਰ ਆਪ ਦੇ ਨਾਲ ਆਪਣੇ ਹੀ ਗੁਆਂਢ ਦੇ ਸੰਧੂ ਭਾਈਚਾਰੇ ਦੇ ਮਸ਼ਹੂਰ ਪਿੰਡ ਮਰਹਾਣਾ ਵਿਚੋਂ ਭਾਈ ਸ਼ੁਬੇਗ ਸਿੰਘ ਗਏ ਸਨ। ਦੂਸਰੀ ਵੇਰ ਆਪ ਆਪਣੇ ਪਿਤਾ ਬਾਬਾ ਸ਼ਾਮ ਸਿੰਘ ਜੀ ਨਾਲ ਗਏ ਮਲੂਮ ਹੁੰਦੇ ਹਨ। ਹੁਣ ਜਿੰਨੀਆਂ ਪਾਬੰਦੀਆਂ ਤੇ ਸਖਤੀਆਂ ਸਤਿਗੁਰੂ ਜੀ, ਭਾਈ ਬਾਹੋਵਾਲ ਦੇ

ਸ਼ਬਦਾਂ ਵਿਚ ਬਿਆਨ ਕਰਦੇ ਹਨ ਇਹ ਕੋਈ ਸੌਖੀ ਖੇਡ ਨਹੀਂ ਸੀ ਇਹਨਾਂ ਨੂੰ ਉਲੰਘ ਕੇ, ਦਰਸ਼ਨ ਕਰਨਾ ਹਾਰੀ-ਸਾਰੀ ਦੇ ਵੱਸ ਦੀ ਗੱਲ ਨਹੀਂ ਸੀ। ਇਹ ਤੇ ਪ੍ਰੇਮ ਪੰਥ ਦੇ ਪਾਂਧੀ ਸਨ ਜੋ ਸਿਰ ਤਲੀ ਤੇ ਰੱਖ ਕੇ ਤੁਰਿਆ ਕਰਦੇ ਹਨ। ਪਿਘਲੇ ਹੋਏ ਲੋਹੇ ਨੂੰ ਪੀਣ ਜਿਹਾ ਕੰਮ ਸੀ ਅਤੇ ਜਿਹਬਾ ਤੇ ਫਨੀਅਰ ਲੜਾਉਣ ਜਿਹਾ ਅਮਲ ਸੀ। ਤਲਵਾਰ ਦੀ ਧਾਰ ਤੇ ਨੱਚਣ ਦੀ ਕਿਰਿਆ ਸੀ। ਸਿਰ ਦਿੱਤਿਆਂ ਵੀ ਜੇ ਪਿਆਰਾ ਮਿਲਦਾ ਹੋਵੇ ਤਾਂ ਸੌਦਾ ਸਸਤਾ ਸਮਝਿਆ ਜਾਂਦਾ ਸੀ। ਪੰਜਾਬ ਦੀਆਂ ਪ੍ਰੀਤ ਕਥਾਵਾਂ ਵਿਚ ਜਿਹੜੇ ਪਰੇਮੀ ਸਦਾ ਲਈ ਅਮਰ ਹੋ ਗਏ ਹਨ, ਸਤਿਗੁਰੂ ਰਾਮ ਸਿੰਘ ਜੀ ਦੇ ਸੰਤ ਜਿਊਣ ਸਿੰਘ ਜਿਹੇ ਪ੍ਰੀਤ ਪਰਵਾਨੇ, ਉਹਨਾਂ ਕਥਾਵਾਂ ਦੇ ਅਗਲੇ ਸੰਸਕਰਣ ਹੀ ਤਾਂ ਹਨ। ਹੁਣ ਜੇ ਇਹ ਸਿੰਘ ਸਤਿਗੁਰੂ ਜੀ ਪ੍ਰਤੀ ਅਥਾਹ ਸ਼ਰਧਾ ਪ੍ਰੇਮ, ਸਾਗਰੋਂ ਪਾਰ, ਬਿਗਾਨੀਆਂ ਜੂਹਾਂ ਵਿਚ ਸਖਤੀਆਂ ਝੱਲ ਕੇ, ਪਰਦਰਸ਼ਿਤ ਕਰਦੇ ਹਨ ਤਾਂ ਸਤਿਗੁਰੂ ਜੀ ਦੇ ਹਿਰਦੇ ਅੰਦਰ, ਇਹਨਾਂ ਪਿਆਰਿਆਂ ਲਈ ਵਾਤਸਲ ਦਾ ਸਮੁੰਦਰ ਕਿਵੇਂ ਉਛਾਲੇ ਮਾਰਦਾ ਹੈ ਇਹ ਉਸ ਹੁਕਮਨਾਮੇ ਦੇ ਸ਼ਬਦਾਂ ਤੋਂ ਮਾਲੂਮ ਹੁੰਦਾ ਹੈ ਜੋ ਆਪ ਇਹਨਾਂ ਨੂੰ ਬਖਸ਼ਦੇ ਹਨ-

......

੬

"੧ਓ ਸਤਿਗੁਰਿ ਪ੍ਰਸਾਦਿ

ਲਿਖਤੋ ਦਿਆਲ ਸਿੰਘ ਤੇ ਕ੍ਰਿਪਾਲ ਸਿੰਘ* ਅਗੇ ਜੋਗ ਭਾਈ ਸਵੇਗ ਸਿੰਘ ਤੇ ਜੀਵਣ ਸਿੰਘ, ਹੋਰ ਸਮੂਹ ਸਾਧ ਸੰਗਤ ਕੋ ਸਿਰੀ ਵਾਹਿਗੁਰੂ ਜੀ ਕੀ ਫਤੇ ਬੁਲਾਈ ਪ੍ਰਮਾਨ ਕਰਨੀ। ਮਾਈਆ ਬੀਬੀਆ ਕੋ ਰਾਮ ਸਤਿ ਬਾਚਣੀ।

ਹੋਰੁ ਜੀ ਏਥੇ ਸੁਖ ਅਨੰਦ ਹੈ, ਆਪ ਕੀ ਸੁਖ ਗੁਰੂ ਮਹਾਰਾਜ ਜੀ ਪਾਸੋ ਮੰਗਦੇ ਹਾ ਜੀ। ਤੁਸਾ ਦਾ ਧੰਨ ਜਨਮ ਹੈ ਜੋ ਤੁਸੀ ਸਾਨੂ ਐਤਨੀ ਦੂਰ ਸਮੁੰਦਰੋ ਪਾਰ ਚਲ ਕੇ ਦਰਸਨ ਦਿਤੇ ਨਾਲੇ ਪਦਾਰਥ ਦੀਆ। ਏਹੁ ਕੰਮ ਹਰ ਕਿਸੇ ਤੇ ਨਹੀ ਹੋਇ ਸਕਦਾ। ਗੁਰੂ ਦੀ ਕਿਰਪਾ ਨਾਲ ਧਰਮ ਡੰਡ ਕੋਈ ਹੀ ਸਹਿ ਸਕਦਾ ਹੈ। ਐਥੇ ਆ ਕੇ ਬੀ ਕਈ ਸਿੰਘ ਦੋ ਦੋ ਬਰਸ ਰਹਿ ਕੇ ਖਾਲੀ ਚਲੇ ਗਏ ਹੈਨ ਨਾਲੇ ਵੇਮਾਰਿ ਹੋ ਕੇ ਗਏ ਹੈਨ। ਤੁਸੀ ਤਾ ਭਾਈ ਸਿਖਾ ਵਾਲੀ ਕੀਤੀ, ਮੇਰੇ ਵਿਚ ਤਾ ਗੁਰੂ ਲਛਨ ਬਾਲ ਜਿਨਾ ਬੀ ਨਹੀ ਹੈ।

ਅਸੀਂ ਕੁਛ ਪਦਾਰਥ ਜੋ ਥੁਆਨੂ ਦਿੱਤਾ ਹੈ, ਤੁਸੀਂ ੧੦੦ ਸੌ ਰੁਪਈਆ ਤਾ ਰੁੜਕੀ ਦੇ ਜਾਣਾ ਦਿਆ ਸਿੰਘ** ਨੂ, ੨੦੦ ਦੋ ਸੌ ਡੇਰੇ ਭਾਈ ਹਰੀ ਸਿੰਘ ਨੂੰ ਦੇਣਾ। ੧੦ ਦਸ ਸਰਫੀਆ ਭਾਈ ਹਰੀ ਸਿੰਘ ਜੀ ਨੂ ਦੇ ਦੇਣੀਆ। ਦੇਖਣਾ ਪਦਾਰਥ ਖਰੇ ਤਕੜੇ ਹੋ ਕੇ ਲੈ ਜਾਣਾ। ਕਿਸੇ ਦਾ ਵਸਾਹੁ ਨਹੀ ਕਰਨਾ, ਰਖ ਕੇ ਨਹੀ ਨਾਉਣਾ। ਇਕ ਨਾਏ ਤਾ ਇਕ ਸਰੀਰ ਗੰਡੜੀ ਖੂਬ ਕਛ ਮੈ ਦਬਾਇਕੇ ਰਖੇ, ਫੇਰ ਦੂਆ ਨਾਏ। ਉਹ ਬੀ ਗੰਡੜੀ ਖੂਬ ਸਾਭ ਕੇ ਰਖੇ। ਨਾ ਕਿਸੇ ਨੂੰ ਦਸਣਾ, ਨਾ ਦਿਖਾਲਣਾ ਧਨ।

* ਦਿਆਲ ਸਿੰਘ ਸਤਿਗੁਰੂ ਜੀ ਦਾ ਲੁਕਵਾ ਨਾਮ। ਕ੍ਰਿਪਾਲ ਸਿੰਘ ਭਾਈ ਨਾਨੂ ਸਿੰਘ ਦਾ ਕੂਟਨਾਮ ਵਰਤਿਆ ਗਿਆ।

* * ਦਿਆ ਸਿੰਘ ਸੇਵਕ ਨਾਨੂੰ ਸਿੰਘ ਦਾ ਭਾਈ

ਹੋਰ ਜੋ ਹਰਦਾਸਾ ਹੈ ਸੋ ਭੀ ਸਾਭ ਕੇ ਲੈ ਜਾਣੀਆ। ਨਾ ਕਿਤੇ ਡੇਗ ਦੇਣੀਆ ਨਾ ਕਿਸੇ ਨੂ ਦਿਖਾਉਣੀਆ, ਨਾ ਅਖਰ ਜੁੜ ਜਾਣ। ਦੇਖਣਾ ਬੜੀ ਮਿਹਨਤ ਕਰਕੇ ਲਿਖੀਆ ਹੈਨ। ਡਿਗਣ ਤੇ ਅਰ ਜੁੜਣ ਤੇ, ਕਿਸੇ ਨੂ ਦਖਾਣ ਤੇ ਹਰਿਦਾਸਾ ਦੀ ਬਹੁਤ ਤਕੜਾਈ ਰਖਣੀ।

ਅਰ ਮੁਠਡੀ* ਉਤਰ ਕੇ ਸਾਡੀ ਸੁਖ ਅਨੰਦ ਦੀ ਖਬਰ ਦੇ ਦੇਣੀ ਅਰ ਆਪਣੇ ਬਾਲੀ ਹਰਿਦਾਸ ਦਖਾਉਣੀ। ਮੁਠਡੀ ਆਖਣਾ ਭਾਈ ਸਾਰੀ ਸੰਗਤ ਨੂ ਏਹੁ ਹੁਕਮ ਹੈ ਸੋ ਸਭ ਹੀ ਕੋ ਮੰਨਣਾ ਜੋਗ ਹੈ। ਅਰੁ ਨਾਲੇ ਸਾਡੀ ਸਿਰੀ ਵਾਹਿਗੁਰੂ ਜੀ ਦੀ ਫਤੇ ਬੁਲਾਉਣੀ ਮੁਠਡਿਆ ਕੀ ਸਾਰੀ ਸੰਗਤ ਕੋ ਨਾਲੇ ਆਖਣਾ ਭਾਈ ਸਾਡੀ ਬਲਿ ਬੀ ਮੁਠਡਿਆ ਤੇ ਕਿਸੇ ਆਉਣ ਬਾਲੇ ਸਿੰਘ ਪਾਸ ਆਪਣੀ ਸੁਖ ਅਨੰਦ ਦੀ ਖਬਰ ਲਿਖ ਕੇ ਭੇਜਣੀ।

ਜਿਊਣ ਸਿੰਘ ਤੁਸੀਂ ਆਪ ਜਾਣਾ ਮੁਠਡੀ। ਨੇ ਜਾਣੀਏ ਕੋਈ ਦੇਖੇ ਪੁਛੇ ਕਿਥੋ ਆਦਾ ਹੈ ਪਦਾਰਥ ? ਕਹਿਣਾ ਨੌਕਰੀ ਲਗੀ ਤਾ ਕਰਾਗੇ ਨਹੀ ਕੁਛ ਸੌਦਾ ਲੈ ਜਾਵਾਗੇ ਕਲਕਤੇ ਤੇ ਬਨਾਤ ਹੋਰ ਲੀੜਾ, ਇਉ ਆਖ ਦੇਣਾ। ਅਬਲਾ ਤਾ ਕੌਣ ਪੁਛਦਾ ਹੈ। ਇਹੁ ਚਿਠੀ ਤੁਸੀ ਆਪਣੇ ਪਾਸ ਰਖਣੀ। ਇਹੁ ਚਿਠੀ ਤੁਸਾਡੀ ਹੈ ਖਬਰਦਾਰੀ ਦੀ ਭੀ ਹੈ।"

ਹੋਰੁ ਭਾਈ ਸੁਵੇਗ ਸਿੰਘ ਜੀ ਤੇ ਜੀਵਣ ਸਿੰਘ ਜੀ ਪਹਿਰੇ ਦਾ ਸਾਨੂ ਕੋਈ ਦੁਖ ਨਹੀ। ਇਕ ਐਤਨਾ ਦੁਖ ਹੈ ਆਏ ਸਿੰਘ ਨਾਲ ਅਛੀ ਤਰਾ ਮੇਲਾ ਨਹੀਂ ਹੁੰਦਾ। ਹੋਰ ਸਾਨੂ ਪਹਿਰੇ ਦਾ ਕੋਈ ਦੁਖ ਨਹੀ। ਏਨਾ ਨੂ ਏਹੁ ਬਡਾ ਭਰਮੁ ਹੈ, ਚਿਠੀ ਦੀ ਬਡੀ ਤਕੜਾਈ ਰਖਦੇ ਹੈਨ ਮੇਰੀ। ਕਹਿੰਦੇ ਹੈਨ ਕਿਤੇ ਚਿਠੀ ਭੇਜ ਕੇ ਸੂੜ ਨ ਕਰਾਇ ਦੇਵੇ ਏਧੇ ਪਿਛੇ ਬਹੁਤ ਆਦਮੀ ਹੈ।

ਏਨਾ ਦਾ ਐਥੇ ਬੀ ਇਕ ਸਾਡੇ ਪਾਸ ਆਦਮੀ ਰਹਿੰਦਾ ਸੀ, ਉਸਨੇ ਬਡੇ ਗੋਰੇ ਪਾਸ ਜਾ ਕੇ ਆਖਿਆ, ਮੇਰਾ ਨਾਉ ਲੈ ਕੇ ਆਖੇ, ਏਹੁ ਆਧਾ ਥੀ ਜੇ ਮੈ ਜਾਣਦਾ ਮੈਨੂ ਕਾਲੇ ਪਾਨੀ ਲੈ ਆਉਣਗੇ ਤਾ ਮੈ ਪੰਜਾਬ ਭਰ ਦੀ ਕੁਰਸੀ ਸਭ ਖਾਲੀ ਕਰਾਇ ਦਿੰਦਾ। ਇਹੁ ਏਨਾ ਨੂ ਮੇਰਾ ਬਡਾ ਭਰਮ ਹੈ ਕਿਤੇ ਬਿਲਿਆ ਦਾ ਸੂੜ੍ਹ ਨ ਕਰਾ ਦੇਵੇ। ਅਰੁ ਮੈ ਭਾਈ ਆਪਣੀ ਰਸਨਾ ਤੇ ਕੁਛ ਨਹੀ ਬੋਲਾ

ਅਸੀਂ ਤਾ ਭਾਈ ਕਿਸੇ ਨੂ ਕੁਛ ਨਹੀ ਆਧੇ। ਏਨਾ ਨੂ ਇਨਾ ਦੀ ਕਰਨੀ ਹੀ ਪਈ ਡਰਾਉਦੀ ਹੈ ਰਾਤ ਦਿਨ। ਪੰਜਾਬ ਮੈ ਭੀ ਏਨਾ ਨੂ ਏਹੁ ਭਰਮ ਹੋਇਆ ਜਿਸ ਤਰਾਂ ਅਗੇ ਸਿਖਾ ਨੇ ਦੇਸ ਮਲ ਲਿਆ ਸੀ ਦਿਲੀ ਦਾ, ਉਸੇ ਤਰਾ ਏ ਹੁਣ ਬੀ ਮਲ ਲੈਣਗੇ, ਤੁਸੀ ਕੋਈ ਏਨਾ ਦਾ ਬੰਦੋਬਸਤ ਕਰੋ। ਏਨਾ ਨੂ ਬਹੁਤ ਲੋਕਾ ਨੇ ਏਹ ਭ੍ਰਮ ਪਾਇਆ ਗਿਆਨੀ ਸਿੰਘ ਲੰਝੇ** ਬੀ ਕਹਾ ਏਨ ਨਹੀ ਕਹਾ। ਏਹੁ ਤਾ ਮੁੰਡਿਆ ਦੀ ਖੇਲ ਹੋਈ। ਜੋ ਏਹੁ

* ਮੁੱਠਡਾ-ਜ਼ਿਲਾ ਜਲੰਧਰ

** ਸੂਬਾ ਗਿਆਨੀ ਰਤਨ ਸਿੰਘ ਸਿੰਘ ਸ਼ਹੀਦ, ਲੰਝੇ (ਲੰਗੜਾ ਪਨ) ਸੁਚਲਾ ਸਿੰਘ

ਆਖਦਾ ਤਾਂ ਤੁਸੀ ਏਥੇ ਨਾ ਬੈਠੇ ਰਹਿੰਦੇ। ਏ ਜਾਣੀ ਜੇ ਏਹੁ ਬੀ ਆਖ ਦੇਉ ਤਾ ਬੜਾ ਗਜਬ ਹੈ। ਇਸ ਨੂ ਕਿਤੇ ਦੂਰ ਲੈ ਜਾਓ ਛੇਤੀ ਚੁਪ ਚੁਪਾਤੇ।

ਸੋ ਭਾਈ ਮੈ ਤਾ ਕਿਸੇ ਨੂ ਕੁਛ ਨਹੀ ਆਖਦਾ, ਗੁਰੂ ਦੇ ਘਰ ਸਭੋ ਕੁਛ ਬਥੇਰਾ ਹੈ। ਦੇਸ ਮੈ ਸਾਰੇ ਸਿਖਾ ਨੇ, ਸਾਧਾ ਨੇ ਵੈਰ ਕੀਤਾ ਪੁਜ ਕੇ ਵੇਕਾਰਨ। ਅਕਾਲ ਬੁੰਗੇ ਵਾਲਿਆ ਨੇ ਵੇਕਾਰਨ ਸਾਰੇ ਦੇਸ ਮੈ ਕਲਾਮ ਲਿਖ ਕੇ ਫੇਰ ਦਿਤੀ ਅਵਚਲਾ ਨਗਰ ਸਾਹਿਬ ਤਾਈ। ਸੋ ਕਲਾਮ ਕਹਿਣ ਵਾਲਿਆ ਦੇ, ਤੁਸੀ ਸਤਿ ਕਰਕੇ ਮੰਨਣਾ, ਦੁਹੀ ਜਹਾਨੀ ਮੁਹ ਕਾਲਾ ਅਰ ਰੂਈ ਸਿਆਹੁ ਹੋਵੇਗਾ।

ਭਾਈ ਸਾਡੇ ਤਾ ਕੁਛ ਬਸ ਨਹੀ, ਪ੍ਰਮੇਸਰ ਦੀ ਆਗਿਆ ਏਸੇ ਤ੍ਰਾ ਹੈ। ਨਹੀ ਤਾ ਤੁਸੀ ਤਾ ਆਪਣੇ ਸਰੀਰ ਹੋ, ਕੋਈ ਪੰਜਾਬੀ ਆਵੇ ਤਾ ਉਸਦੀ ਅਛੀ ਤਰਾ ਸੇਵਾ ਟਹਿਲ ਕਰੀਏ। ਭਾਈ ਗੁਰੂ ਜੀ ਦਾ ਹੁਕਮ ਥਾ 'ਬਹੁ ਦੁਖ ਪਾਵੈ ਖਾਲਸਾ' ਸੋ ਹੋਆ ਹੈ। ਰਛਿਆ ਦਾ ਬੀ ਹੁਕਮ ਹੈ ਗੁਰੂ ਸਾਹਿਬ ਦਾ। ਸੋ ਰਛਿਆ ਬੀ ਠੀਕ ਹੋਊਗੀ। ਈਸਰਾ ਦਾ ਕਹਿਣਾ ਸਤਿ ਹੁੰਦਾ ਹੈ, ਸਭ ਦਿਨ ਇਕੋ ਜੇਹੇ ਨਹੀ ਹੁੰਦੇ। ਅਗੇ ਭਾਈ ਗੁਰੂ ਦੀ ਗੁਰੂ ਜਾਣੇ।

ਹੋਰੁ ਏਥੇ ਰੁਤਿ ਤਾ ਅਛੀ ਰਹਿੰਦੀ ਹੈ, ਨਾ ਪਾਲਾ ਹੁੰਦਾ ਹੈ ਨਾ ਗਰਮੀ। ਆਪਣੇ ਸਿੰਘਾ ਨੂ ਏਹ ਮਛਰ ਲੜਦਾ ਹੈ ਤਾ ਨੀਲਾ ਧਫੜ ਪੈ ਜਾਂਦਾ ਹੈ। ਮਛਰਦਾਨੀ ਲਾਈ ਤੇ ਮਛਰ ਨਹੀ ਲੜਦਾ। ਹੋਰ ਕੋਈ ਦੁਖ ਨਹੀ ਗੁਰੂ ਸਾਹਿਬ ਦੀ ਕਿਰਪਾ ਤੇ, ਪਰ ਸੰਗਤ ਦੇ ਵਿਛੋੜੇ ਦਾ ਬਡਾ ਦੁਖ ਹੈ। ਗੁਰੂ ਸਾਹਿਬ ਮੇਟੂਗਾ ਤਾ ਏਹੁ ਮਿਟ ਜਾਊ। ਜੇ ਕਰਤੇ ਪੁਰਖ ਕੋ ਏਮੇ ਭਾਉਦੀ ਹੋਈ ਤਾ ਹੋਰ ਕਿਸੇ ਦੇ ਕੀ ਬਸ ਹੈ, ਤਾ ਏਮੇ ਅਛੀ ਹੈ ਜੋ ਸਾਨੂ ਕਰਨਹਾਰੇ ਦਾ ਭਾਣਾ ਈ ਮਿਠਾ ਲਗੇ।

ਜਹਾ ਜਹਾ ਤੁਸੀ ਜਾਮੋ ਤਹਾ ਤਹਾ ਸਰਬਤਿ ਸੰਗਤ ਨੂ ਸਾਡੀ ਸਿਰੀ ਵਾਹਿਗੁਰੂ ਜੀ ਕੀ ਫਤੇ ਗਜਾਇ ਦੇਣੀ। ਹੋਰ ਪਾਠ ਦਾ ਹੋਰ ਸਭ ਬਚਨ ਸੁਣਾ ਦੇਣੇ। ਅਗੇ ਮੰਨਣ ਵਾਲੇ ਜਾਨਣ।"[6]

ਉਪਰੋਕਤ ਹੁਕਮਨਾਮੇ ਵਿਚ ਸਤਿਗੁਰੂ ਜੀ ਨੇ ਰੰਗੂਨ ਦੇ ਮੌਸਮ ਤੋਂ ਲੈ ਕੇ, ਮੁਲਕ ਦੇ ਸਿਆਸੀ ਮੌਸਮ ਦਾ ਵੀ ਚਿਤਰਣ ਕਰ ਦਿੱਤਾ ਹੈ। ਸਿੱਖ ਤਖਤਾਂ ਦੇ ਪੁਜਾਰੀਆਂ ਤੋਂ ਲੈ ਕੇ, ਉਹਨਾਂ ਦੀ ਪੁਸ਼ਤ ਪਨਾਹੀ ਕਰਨ ਵਾਲੀ ਅੰਗਰੇਜ਼ੀ ਸਰਕਾਰ ਸਤਿਗੁਰੂ ਜੀ ਤੇ ਕੂਕਾ ਅੰਦੋਲਨ ਬਾਰੇ ਕੀ ਵਿਚਾਰ ਰੱਖਦੇ ਹਨ, ਇਹ ਵੀ ਸਪਸ਼ਟ ਹੈ। ਕੂਕਿਆਂ ਅਤੇ ਉਹਨਾਂ ਦੇ ਰੁਹਾਨੀ ਪੇਸ਼ਵਾ ਦਾ ਕਿੰਨਾ ਭੈ ਬੈਠਾ ਹੈ ਹਾਕਮਾਂ ਦੇ ਮਨਾਂ ਵਿਚ, ਇਸ ਦਾ ਵੀ ਸਾਫ ਵਰਣਨ ਹੈ ਕਿ ਕਿਵੇਂ ਉਹ ਹਿੰਸਕ ਵਾਰਦਾਤਾਂ ਵੀ ਜਿਹਨਾਂ ਲਈ ਆਪ ਨੇ ਕੋਈ ਆਦੇਸ਼ ਨਹੀਂ ਦਿੱਤਾ ਸੀ, ਆਪ ਦੇ ਨਾਮ ਨਾਲ ਜੋੜ ਰਹੇ ਹਨ। ਸਤਿਗੁਰੂ ਜੀ ਸਭ ਕਾਸੇ ਪ੍ਰਤੀ ਇਕ ਵਿਸ਼ੇਸ਼ ਨਿਰਲੇਪਤਾ ਦੇ ਭਾਉ ਨਾਲ ਵੇਖ ਰਹੇ ਹਨ। ਆਪਣੇ ਸਿੰਘਾਂ ਪ੍ਰਤੀ ਅਥਾਹ ਦਰਦ ਹੈ ਆਪ ਦੀ ਸੀਨੇ ਵਿਚ। ਭੈਣੀ ਸਾਹਿਬ ਦਾ ਲੰਗਰ ਚੱਲਦਾ ਰੱਖਣ ਲਈ ਜੋ ਧਨ ਪਦਾਰਥ ਸਿੰਘ ਭੇਟ ਕਰਦੇ ਹਨ ਕੋਲੋਂ ਹੋਰ ਮਿਲਾ ਕੇ, ਉੱਥੇ ਲੰਗਰ

ਵਿਚ ਪਾਉਣ ਦੀ ਹਦਾਇਤ ਕਰਦੇ ਹਨ। ਇਹੋ ਜਿਹੇ ਨੀਤੀਗਤ ਮਾਮਲੇ ਕਿਸੇ ਅਤਿ ਨਿਕਟੀ ਸੱਜਣ, ਸਖਾ, ਬੰਧਪ ਨਾਲ ਹੀ ਵਿਚਾਰੇ ਜਾ ਸੱਕਦੇ ਹਨ ਅਤੇ ਆਪ ਜੀ ਦੇ ਐਸੇ ਹੀ ਨਿਕਟਵਰਤੀ ਸਿੱਖ, ਪ੍ਰੇਮੀ ਭਗਤ, ਸੰਤ ਜਿਊਣ ਸਿੰਘ ਜੀ ਸਨ। ਇਸੇ ਕਾਰਨ ਸੰਤਾਂ ਦੀ ਹਾਲਤ ਸੂਫੀ ਸ਼ਾਇਰ ਬਾਬਾ ਹਾਸ਼ਮ ਦੇ ਉਸ ਦੋਹੜੇ ਜਿਹੀ ਹੋ ਗਈ ਸੀ, ਜਿਹੜੀ ਗੁਰੂ ਵਿਛੋੜੇ ਦੀਆਂ ਤਰਾਟਾਂ ਕਾਰਨ ਬਣੀ ਸੀ–

"ਜਿਸ ਦਾ ਦਰਦ ਤਿਸੇ ਹੱਥ ਦਾਰੂ,
ਹੋਰ ਕੌਣ ਤਬੀਬ ਗੰਵਾਵੇ ?
ਕੂਕ ਦਿਲਾ ! ਕੋਈ ਕੂਕ ਕਹਿਰ ਦੀ,
ਮਤ ਸਾਹਿਬ ਸੁਣ ਆਵੇ।"

ਇਹ ਕੂਕਾਂ ਹੀ ਸਨ ਜਿਹੜੀਆਂ ਸੰਤ ਜੀ ਦੇ ਹਿਰਦੇ ਵਿਚੋਂ ਅਕਸਰ ਉਠਦੀਆਂ ਰਹਿੰਦੀਆਂ ਸਨ। ਬੇਸ਼ਕ ਉਹ ਦੋ ਵੇਰ ਦਰਸ਼ਨ ਰੰਗੂਨ ਜਾ ਕੇ ਕਰ ਆਏ ਸਨ, ਪਰ ਇਹ ਪਪੀਹੇ ਵਾਲੀ ਪੁਕਾਰ ਨਾ ਕਦੇ ਖ਼ਤਮ ਹੁੰਦੀ ਹੈ ਤੇ ਨਾ ਹੀ ਇਕ ਦੋ ਵੇਰ ਦੇ ਦਰਸ਼ਨ ਘਰ ਪੂਰਾ ਕਰਦੇ ਹਨ। ਸਾਨੂੰ ਫਿਰ ਬਾਬਾ ਹਾਸ਼ਮ ਯਾਦ ਆ ਰਿਹਾ ਹੈ ਜਿਹਨੇ ਵਿਛੋੜੇ ਦੀ ਅੱਗ ਦਾ ਚਿਤਰਣ ਕਰਦਿਆਂ, ਪ੍ਰੇਮੀ ਜਿਊੜਿਆਂ ਨੂੰ ਇਸੇ ਬਿਰਹਾ ਅਗਨੀ ਵਿਚ ਫ਼ਨਾਹ ਫਿੱਲਾ ਹੁੰਦੇ ਵਿਖਾਇਆ ਹੈ–

"ਆਤਸ਼ ਜਾਣ ਬਿਰਹੋਂ ਦੀ ਆਤਸ਼,
ਵਿਚ ਤੇਜੀ ਖ਼ੂਬ ਪਛਾਤੀ
ਸੋਹਣੀ ਰੋਜ ਮਿਲੇ ਤਰ ਨਦੀਆਂ,
ਪਰ ਸਰਦ ਨਾ ਹੋਵੇ ਛਾਤੀ
ਓੜਕ ਏਸ ਹਿਜਰ ਦੇ ਪਾਰੋਂ,
ਉਹ ਬੈਠ ਖ਼ੂਨ ਵਿਚ ਨਹਾਤੀ।
'ਹਾਸ਼ਮ' ਮੁਇਆਂ ਬਾਝ ਨਹੀਂ ਮਿਲਦਾ,
ਅਸਾਂ ਖ਼ੂਬ ਸਹੀ ਕਰ ਜਾਤੀ।"

ਹੁਣ ਸੰਤ ਜਿਊਣ ਸਿੰਘ ਹੋਰਾਂ ਲਈ ਅੱਠੇ ਪਹਿਰ ਪਰਦੇਸੀ ਪ੍ਰੀਤਮ ਦੀਆਂ ਯਾਦਾਂ ਦਾ ਧੂਆਂ ਫੋਲਣ ਤੋਂ ਬਿਨਾ ਦੁਨਿਆਵੀ ਕੰਮਕਾਰ ਕੋਈ ਨਹੀਂ ਸੀ ਰਿਹਾ। ਨਾਮਧਾਰੀਆਂ ਵਿਚ ਇਹ ਪਰਸੰਗ ਪਰਸਿੱਧ ਹੈ ਕਿ ਸਤਿਗੁਰੂ ਜੀ ਦੇ ਬਿਰਹੋਂ ਭੱਠ ਵਿਚ ਭੁੱਜ ਕੇ ਮਨੂਰ ਹੋਏ ਹਿਰਦੇ ਵਿਚੋਂ ਜਦੋਂ 'ਹਾਇ ਰਾਮਿਆ ! ਹੁਣ ਤੇ ਆ ਮਿਲ' ਦੀ ਲੇਰ ਨਿਕਲੀ ਤਾਂ ਦਰਸ਼ਨ ਹੋ ਗਏ ਨਹਿਰ ਦੇ ਕੰਢੇ ਤੇ ਪੰਜਾਬ ਵਿਚ ਰੰਗੂਨ ਬੈਠਿਆਂ ਦੇ। ਕਿਵੇਂ ਹੋਏ ਇਸ ਦੀ ਖੋਜ ਤਾਂ ਸਾਡਾ ਵਿਸ਼ਾ ਨਹੀਂ। ਪਰ ਜਿਊਂਦੇ ਜੀਅ ਮਿਥ ਬਣ ਜਾਣ ਵਾਲੀਆਂ ਕੁਝ ਕੁ ਇਣੀਆਂ ਗਿਣੀਆਂ ਹਸਤੀਆਂ ਵਿਚੋਂ ਸੰਤ ਜੀ ਇਕ ਸਨ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ, ਜੋ ਆਪ ਵੀ ਵੱਡੇ ਰਾਮ–ਵਿਓਗੀ ਹੋਏ ਹਨ, ਜਿਹਨਾਂ ਨੇ ਸਤਿਗੁਰੂ ਜੀ ਦੇ ਦਰਸ਼ਨਾਂ ਲਈ ਜਪ, ਤਪ, ਜ਼ੁਹਦ, ਇਬਾਦਤ ਕਰਨ ਦਾ ਕੋਈ ਲੇਖਾ

ਹੀ ਨਹੀਂ ਛੱਡਿਆ, ਉਹਨਾਂ ਦੇ ਮੁਖਾਰਬਿੰਦ ਵਿਚੋਂ ਇਹ ਪਰਵਚਨ ਰੂਪੀ ਸਾਖੀ ਸਰਵਣ ਕਰੋ–

"ਮੈਨੂੰ ਇਹ ਗੱਲ ਯਾਦ ਹੈ, ਸੰਤ ਜਿਊਣ ਸਿੰਘ ਸਰਿਹਾਲੀ ਦੇ ਰਹਿਣ ਵਾਲੇ ਔਰ, ਸਤਿਗੁਰਾਂ ਤੋਂ ਭਜਨ ਪੁੱਛ ਕੇ, ਇਥੋਂ ਤੱਕ ਗੱਲ—ਸੰਤ ਮੰਗਲ ਸਿੰਘ ਹੋਰੀਂ ਇਕ ਦਿਨ ਘੋੜੀ ਫੜ ਕੇ ਤੁਰੇ ਜਾਂਦੇ ਨੇ, ਬਿਰਧ ਸਰੀਰ ਹੋ ਗਿਆ—ਕਹਿੰਦੇ ਨੇ, "ਉਇ ਮੰਗਲਾ"–ਬੱਚਿਆਂ ਵਾਂਗੂੰ ਬਲਾਉਂਦੇ ਸੀ–ਦੇਖੀਂ ਓਏ ਮੇਰਾ ਨਿਯਮ ਨਾ ਤੋੜ ਦੇਈਂ।"

ਸੰਤ ਜੀ, "ਕਿਆ ਨਿਯਮ ਹੈ ?"

"ਕਹਿੰਦੇ ਨੇ, ਮੈਂ ਸਤਿਗੁਰਾਂ ਕੋਲੋਂ ਜਿਦਣ ਦਾ ਭਜਨ ਪੁੱਛਿਆ ਹੈ, ਮੈਂ ਕਿਸੇ ਦੀ ਬੀਜੀ ਹੋਈ ਪੈਲੀ 'ਚ ਪੈਰ ਨਹੀਂ ਧਰਿਆ। ਮੇਰੀ ਘੋੜੀ ਨਾ ਪੈਲੀ ਦੇ ਵਿਚ ਦੀ ਲੰਘਾ ਦੇਈਂ, ਭਾਵੇਂ ਨਾ ਖਾਵੇ"–ਇਸਨੂੰ ਬੇਗਾਨਾ ਹੱਕ ਸਮਝਿਆ।...

"ਸੰਤਾਂ ਦਾ ਮਤਲਬ ਅਸਲੀ ਏਹੋ ਸੀ ਕਿ ਕਿਸੇ ਦੀ ਪੈਲੀ ਵਿਚ ਪੈਰ ਨਾ ਧਰੀਏ। ਜਿੰਨਾ ਚਿਰ ਆਪਣੀ ਜ਼ਿੰਦਗੀ ਰਹੀ ਉਸੇ ਤਰ੍ਹਾਂ ਰਹੇ। ਸਤਿਗੁਰੂ ਪ੍ਰਦੇਸ ਆ ਗਏ, ਇਧਰ ਸੰਤ ਜਿਊਣ ਸਿੰਘ ਜੀ ਇਕ ਦਿਨ ਤੁਰੇ ਜਾਂਦੇ ਨੇ–ਤਰਨਤਾਰਨ ਨੂੰ, ਨਹਿਰ ਦੇ ਕੰਢੇ ਉਤੇ ਜਾ ਕੇ ਖਲੋਤੇ। ਯਾਦ ਆਈ–ਖਿੱਚ ਲੱਗੀ। ਹੌਕਾ ਲਿਆ ਸੱਚੇ ਪਾਤਸ਼ਾਹ! ਐਡੀ ਦੂਰ!!"

"ਸਤਿਗੁਰੂ ਰੰਗੂਨ ਇਸ਼ਨਾਨ ਕਰਕੇ ਕਛਹਿਰਾ ਬਦਲਦੇ ਸਨ, ਇਕ ਪੌਂਚਾ ਲੱਤ ਵਿਚ ਪਾਇਆ, ਇਕ ਹੱਥ 'ਚ ਫੜਿਆ ਹੋਇਆ ਸੀ, ਉਸੇ ਤਰ੍ਹਾਂ ਉੱਥੇ ਜਾ ਕੇ ਖਲੋ ਗਏ। ਸਤਿਗੁਰੂ ਜੀ ਕਹਿੰਦੇ ਹਨ, "ਭਾਈ ਜਿਊਣ ਸਿੰਘ, ਇਸ ਤਰ੍ਹਾਂ ਨਾ ਕਰਿਆ ਕਰੋ।"

"ਜਿਊਣ ਸਿੰਘ ਜੀ ਕਹਿੰਦੇ ਨੇ, ਸੱਚੇ ਪਾਤਸ਼ਾਹ, ਸਾਡੇ ਕੋਲ ਵੀ ਹੋਰ ਕੀ ਹੈ। ਅਸੀਂ ਸਾਰੇ ਗਹਿਣੇ ਭਨਾ ਕੇ ਇੱਕੋ ਹੱਸ ਘੜਾਇਆ। ਅਸੀਂ ਕੀ ਕਰੀਏ ?"

"ਸਤਿਗੁਰੂ ਜੀ ਕਹਿੰਦੇ ਨੇ, "ਭਾਈ ਸਿੰਘਾਂ ਵਿਚੋਂ ਦਰਸ਼ਨ ਕਰਿਆ ਕਰ ਸਾਡਾ।"

"ਅੱਛਾ ਸੱਚੇ ਪਾਤਸ਼ਾਹ, ਫਿਰ ਦੱਸੋ ਨਿਸ਼ਾਨੀ ਕੀ ਹੋਵੇਗੀ ?"

"ਅੰਮ੍ਰਿਤਸਰ ਦੀ ਪਰਕਰਮਾ ਕਰਦੇ ਹੋਵਾਂਗੇ–ਪੁੱਠੀ, ਲੋਕ ਐਉਂ ਦੀ ਜਾਂਦੇ ਹਨ ਅਸੀਂ ਐਉਂ ਦੀ ਜਾਵਾਂਗੇ ਔਰ ਇਕ ਪੌਂਚਾ ਹੱਥ 'ਚ ਹੋਵੇਗਾ ਇਕ ਲੱਤ 'ਚ ਹੋਵੇਗਾ–ਕੱਛ ਦਾ।"

"ਸੰਤ ਕਦੇ ਨਹੀਂ ਸਨ ਜਾਂਦੇ ਗੁਰਦਵਾਰੇ ਕਿਉਂਕਿ ਉਹਨਾਂ ਦੇ ਅੰਦਰ ਗੁਰਦਵਾਰਾ ਬਣ ਚੁੱਕਾ ਸੀ–ਰਾਮਾਨੰਦ ਵਾਂਗੂੰ। ਉਹ ਕਹਿੰਦੇ ਸੀ–

ਜਹਾ ਜਾਈਐ ਤਹ ਜਲ ਪਖਾਨ॥
ਤੂ ਪੂਰਿ ਰਹਿਓ ਹੈ ਸਭ ਸਮਾਨ॥ (ਪੰਨਾ ੧੧੯੫)

"ਉਥੇ ਕੋਈ ਰੌਲਾ ਨਹੀਂ ਸੀ ਰਹਿ ਗਿਆ, ਉਹਨਾਂ ਦਾ ਇਕੋ ਹੀ ਗੁਰਦਵਾਰਾ ਸੀ, ਗੁਰਦਵਾਰਾ ਉਹਨਾਂ ਦੇ ਅੰਦਰ ਵਸ ਗਿਆ ਸੀ। ਉੱਥੇ ਹੀ ਉਹਨਾਂ ਦੀ ਗੱਲ

ਰਹਿੰਦੀ-ਸਾਰੀ ਰਾਤ ਆਪਸ ਵਿਚ, ਬਚਨ ਬਿਲਾਸ ਸਤਿਗੁਰਾਂ ਨਾਲ ਹੁੰਦੇ ਰਹਿੰਦੇ, ਜਾਗਦੇ ਰਹਿੰਦੇ ਸਾਰੀ ਰਾਤ। ਕੁਝ ਸਰੀਰ ਜਿਹੜੇ ਨੇੜੇ ਹੋਣ ਤਾਂ ਉਨ੍ਹਾਂ ਨੂੰ ਪਤਾ ਲਗਦਾ-ਕਦੇ ਆਖਣਾ,

"ਬੱਚਾ ਜਿਊਣ"

"ਹਾਂ, ਸੱਚੇ ਪਾਤਸ਼ਾਹ!" ਇਸ ਤਰ੍ਹਾਂ ਬਚਨ ਰਾਤ ਭਰ ਹੁੰਦੇ ਰਹਿੰਦੇ।

"ਤੁਰ ਪਏ, ਚਲੇ ਗਏ ਅੰਮ੍ਰਿਤਸਰ ਜੀ। ਜਾ ਕੇ ਲੱਗੇ ਪਰਕਰਮਾਂ 'ਚ ਘੁੰਮਣ। ਬਾਬਾ ਰਿਖੀ ਸਿੰਘ ਜੀ ਮਹਾਤਮਾ ਸਨ-ਮਦਾਰ ਦਾ ਜਨਮ ਸੀ-ਜ਼ਿਲ੍ਹਾ ਸ਼ੇਖ਼ੂਪੁਰਾ, ਗਿਲ ਜ਼ਿਮੀਂਦਾਰ ਸਨ...ਉੱਨੀ ਸੌ ਅਠਾਰਾਂ ਦੀ ਅੱਧ-ਕੁੰਭੀ ਉਤੇ ਸਤਿਗੁਰਾਂ ਨੂੰ ਉਥੇ (ਹਰਿਦੁਆਰ) ਜਾ ਕੇ ਮਿਲੇ, ਸਿੰਘ ਸਜੇ ਅਰ ਬੜੇ ਉਚੇ ਮਹਾਤਮਾ ਥੇ।...

"ਸੰਤ ਜੀ ਅੰਮ੍ਰਿਤਸਰ ਜੀ ਆਏ ਨੇ। ਅੱਗੋਂ ਸੰਤਾਂ ਨੂੰ-ਬਾਬੇ ਰਿਖੀ ਸਿੰਘ ਹੋਰਾਂ ਨੇ ਇਕ ਹੱਥ 'ਚ ਪੌਂਚਾ ਫੜਿਆ ਏ ਕਛੈਹਿਰੇ ਦਾ, ਤੁਰੇ ਜਾਂਦੇ ਹਨ ਪਰਕਰਮਾਂ 'ਚ ਕਹਿੰਦੇ ਨੇ, "ਮੈਂ ਰਾਮ ਸਿੰਘ"।

"ਸੰਤਾਂ ਜਾ ਕੇ ਚਰਨਾਂ ਉਤੇ ਮੱਥਾ ਟੇਕਿਆ।

"ਯਾਦ ਕਰਨ ਵਾਲਿਆਂ ਦੀ ਗੱਲ ਹੈ, ਜਿੱਥੇ ਚਾਹੁਣ ਉਥੇ ਸਦ ਲੈਂਦੇ ਹਨ।"[7]

ਇਸ ਪਰਸੰਗ ਨੂੰ ਅਨੇਕ ਨਾਮਧਾਰੀ ਕਵੀਆਂ ਨੇ ਵੀ ਆਪਣੀ ਕਵਿਤਾ ਦਾ ਵਿਸ਼ਾ ਬਣਾਇਆ ਹੈ-

"ਆਹ ਜਿਊਣ ਸਿੰਘ ਵਾਲੀ ਸੁਣੀ ਪਰਦੇਸ ਰਾਮ,
ਓਸੇ ਵੇਲੇ ਪੁੱਜਾ ਇਕਪਲ ਨਾ ਸਹਾਰਦਾ
ਇਕ ਪੌਂਚਾ ਹੱਥ ਇਕ ਲੱਤ 'ਮ੍ਰਿਗੇਸ਼,' ਕਵਿ,
ਕੀਤਾ ਸੀ ਦੀਦਾਰ ਉਸ ਚੀਨੀ ਅਸਵਾਰ ਦਾ।"

-ਭਾਈ ਨਿਰੰਜਨ ਸਿੰਘ 'ਮ੍ਰਿਗੇਸ਼'

"ਚੀਨੀ ਵਾਲੇ ਦੇ ਵਾਂਗਰਾਂ ਜਿਊਣ ਸਿੰਘ ਨੇ,
ਤੈਨੂੰ ਨਹਾਉਂਦੇ ਦੇ ਤਾਈਂ ਬੁਲਾ ਲਿਆ ਏ"

—ਮਾ. ਅਜੀਤ ਸਿੰਘ ਚੀਮਾ

ਪਰਦੇਸ ਜਾਣ ਤੋਂ ਪਹਿਲਾਂ ਜਦੋਂ ਸਤਿਗੁਰੂ ਜੀ ਨੇ ਆਪਣੀ ਦਿੱਬ ਦ੍ਰਿਸ਼ਟੀ ਨਾਲ ਇਹ ਭਾਂਪ ਲਿਆ ਸੀ ਤਾਂ ਉਹ ਅਕਸਰ ਇਹ ਬੋਲਾ ਕਰਿਆ ਕਰਦੇ ਸਨ ਕਿ ਫ਼ਰੰਗੀ ਹਕੂਮਤ ਨਾਮਧਾਰੀ ਸੰਤ ਖਾਲਸੇ ਦੇ ਹੋ ਰਹੇ ਵਿਸਥਾਰ ਤੋਂ ਭੈ ਭੀਤ ਹੋ ਰਹੀ ਹੈ ਅਤੇ ਕਿਸੇ ਸਮੇਂ ਵੀ ਉਹਨਾਂ ਤੇ ਹੱਥ ਪਾ ਸਕਦੀ ਹੈ। ਪਹਿਲੇ ਦੇਸ਼ ਭਗਤਾਂ ਨੂੰ ਮੁਲਕ ਬਦਰ ਕੀਤਾ ਗਿਆ ਸੀ ਅਤੇ ਆਪ ਵੀ ਆਪਣੀ ਹੋਣੀ ਉਹਨਾਂ ਨਾਲ ਜੋੜ ਕੇ ਹੀ ਵੇਖ ਰਹੇ ਸਨ। ਇਸੇ ਲਈ ੧੯੬੭ ਈ. ਦੀ ਸ੍ਰੀ ਅੰਮ੍ਰਿਤਸਰ ਦੀ ਦੀਪਮਾਲਾ ਸਮੇਂ, ਆਪ ਨੇ ਬਚਨ ਕੀਤਾ ਸੀ-"ਅਬ ਰਾਮ ਸਿੰਘ ਸਸਤਾ ਹੈ ਫਿਰ ਮਹਿੰਗਾ ਹੋ ਜਾਏਗਾ।" ਗੁਰੂ ਪਿਆਰੇ ਭਾਈ ਜਿਊਣ ਸਿੰਘ ਹੋਰਾਂ ਪੁੱਛਿਆ ਸੀ, "ਸੱਚੇ ਪਾਤਸ਼ਾਹ! ਫਿਰ ਅਸੀਂ ਆਪ ਜੀ ਨੂੰ ਕਿਵੇਂ ਲੱਭਾਂਗੇ।" ਫੁਰਮਾਇਆ, "ਭਾਈ ਜਿਊਣ ਸਿੰਘ! ਓਦੋਂ ਵੀ ਤਾਂ ਨਾਮ

ਦੇਣ ਵੇਲੇ ਸਿਰਹਾਲੀ ਦੀ ਦੂਜੀ ਪੱਤੀ ਵਿਚ ਲੁਕਿਆਂ ਨੂੰ ਮੈਂ ਹੀ ਤੁਹਾਨੂੰ ਲੱਭਿਆ ਸੀ। ਧੀਰਜ ਰੱਖਿਉ ! ਸਮਾਂ ਆਉਣ ਤੇ ਫਿਰ ਮੈਂ ਹੀ ਤੁਹਾਨੂੰ ਲੱਭ ਲਵਾਂਗਾ।"

ਇਕ ਰੰਗੂਨ ਯਾਤਰਾ ਸਮੇਂ ਸਤਿਗੁਰੂ ਜੀ ਤੋਂ ਬਿਨਾਂ ਆਪ ਮੌਲਮੀਨ ਵਿਖੇ ਕੈਦ ਤਿੰਨਾਂ ਮੁਖੀ ਸੂਬਿਆਂ ਜਵਾਹਰ ਸਿੰਘ, ਬ੍ਰਹਮਾ ਸਿੰਘ ਅਤੇ ਲੱਖਾ ਸਿੰਘ ਹੋਰਾਂ ਦੇ ਦਰਸ਼ਨ ਵੀ ਕਰ ਕੇ ਆਏ ਸਨ। ਸੂਬਿਆਂ ਪਾਸੋਂ ਕਿਰਪਾ ਪੱਤਰ ਵੀ ਆਇਆ ਸੀ ਜੋ ਬਾਬਾ ਸ਼ਾਮ ਸਿੰਘ ਅਤੇ ਉਸਦੇ ਚਾਰ ਪੁੱਤਰਾਂ ਜੀਊਣ ਸਿੰਘ, ਮੀਹਾਂ ਸਿੰਘ, ਕਿਸ਼ਨ ਸਿੰਘ ਤੇ ਇੰਦਾ ਸਿੰਘ ਦੇ ਨਾਮ ਸੀ। ਇਹ ਪੱਤਰ ਬੁੱਢੀ ਮਾੜੀ (ਤਸੀਲ-ਐਲਨਾਬਾਦ (ਸਿਰਸਾ) ਵਿਖੇ ਰਹਿਣ ਵਾਲੇ ਸਰਹਾਲੀ ਪਰਿਵਾਰ ਦੇ ਵਾਰਸਾਂ ਪਾਸ ਮੌਜੂਦ ਹੈ। ਇਸ ਪੱਤਰ, ਜੋ ੧੧ ਭਾਦਰੋਂ ਸੰਮਤ ੧੯੩੯ (ਮੁਤਾਬਿਕ ੧੮੮੨ ਈ., ਅਗਸਤ) ਵਿਚ ਸੂਬਿਆਂ ਨੇ ਆਪਣੇ ਨਾਂ ਸੰਕੇਤਕ ਭਾਸ਼ਾ ਵਿਚ ਲਿਖੇ ਹਨ ਜਿਹਾ ਕਿ ਮਾਲਾ ਸਿੰਘ (ਜਵਾਹਰ ਸਿੰਘ), ਬਾਬਾ ਜੀ ਨਿਰਬਾਣ ਜੀ (ਬ੍ਰਹਮਾ ਸਿੰਘ) ਅਤੇ ਸੌ ਸਹੰਸਰ ਮ੍ਰਿਗ ਰਾਜ ਜੀ (ਲੱਖਾ ਸਿੰਘ)। ਇਸੇ ਸਮੇਂ ਮੀਹਾਂ ਸਿੰਘ ਕੈਦ ਕੱਟ ਕੇ ਰੰਗੂਨ ਤੋਂ ਪੰਜਾਬ ਨੂੰ ਮੁੜਿਆ ਸੀ ਤੇ ਮੀਹਾਂ ਸਿੰਘ ਦੀ ਪਹੁੰਚਦੇ ਹੀ ਸੁਖ ਅਨੰਦ ਦੀ ਖਬਰ ਪੁਚਾਉਣ ਦੀ ਸੂਬਾ ਸਾਹਿਬਾਨ ਇਸ ਪੱਤਰ ਵਿਚ ਤਾਕੀਦ ਵੀ ਕਰਦੇ ਹਨ।

ਗੁਰੂ ਹਰੀ ਸਿੰਘ ਜੀ ਪਾਸ ਇਕ ਵੇਰ ਦੜਪ ਦੇ ਇਕ ਦੌਰੇ ਸਮੇਂ ਕੋਈ ਵਿਦਵਾਨ ਪੰਡਿਤ, ਹਉਮੈ ਦਾ ਨਪੀੜਿਆ ਕਿਤਾਬਾਂ ਦਾ ਗੱਡਾ ਭਰ ਕੇ ਪੁੱਜਾ। ਕਹਿਣ ਲੱਗਾ ਕਿ ਉਹ ਕੂਕਿਆਂ ਦੇ ਗੁਰੂ ਨਾਲ ਗਿਆਨ ਚਰਚਾ ਕਰਨੀ ਚਾਹੁੰਦਾ ਹੈ। ਪਿੰਡ ਗੁਰੂ ਚੱਕ ਜ਼ਿਲ੍ਹਾ ਸਿਆਲਕੋਟ ਵਿਖੇ। (ਗੁਰੂ ਹਰੀ ਸਿੰਘ)" ਮਹਾਰਾਜ ਨੇ ਆਖਿਆ, "ਭਾਈ, ਸੰਤਾਂ ਜਿਊਣ ਸਿੰਘ ਹੋਰਾਂ ਕੋਲ ਲੈ ਜਾਓ।"

"ਉਸੇ ਤਰ੍ਹਾਂ ਹੀ ਬੰਨ੍ਹੇ ਬੰਨ੍ਹਾਏ ਓਹ ਸੰਤਾਂ ਜਿਊਣ ਸਿੰਘ ਹੋਰਾਂ ਕੋਲ ਆ ਗਏ। ਸੰਤ ਜਿਊਣ ਸਿੰਘ ਹੁਰੀਂ, ਲਾਲ ਸਿੰਘ ਹੁਰੀਂ, ਮਿਤ ਸਿੰਘ ਹੁਰੀਂ-ਇਹ ਸਾਰੀ ਮੰਡਲੀ ਬੈਠੇ ਸੀ, ਪਰਾਲੀ ਵਿਛਾਈ ਸੀ-ਥੱਲੇ। ਕੱਢ ਕੇ ਪਰਾਲੀ ਪੰਡਿਤ ਜੀ ਨੂੰ ਵੀ ਦੇ ਦਿੱਤੀ, ਬਹਾਇਆ। "ਆਉ ਮਹਾਰਾਜ ਕਿਸ ਤਰ੍ਹਾਂ ਆਏ ਹੋ ?"

"ਓਹਦੇ ਨਾਲ ਦੇ ਆਖਣ ਲੱਗੇ, ਬਈ, ਏਹ ਪੰਡਿਤ ਜੀ ਕੁਛ ਗਿਆਨ ਚਰਚਾ ਵਾਸਤੇ ਆਏ ਹਨ।"

"ਆਉ ਬੈਠੋ।"

"ਜਦੋਂ ਬਹਿ ਗਏ ਤਾਂ ਸੰਤ ਜਿਊਣ ਸਿੰਘ ਜੀ ਆਂਹਦੇ ਹਨ, "ਪੰਡਿਤ ਜੀ ਤੁਸੀਂ ਗਿਆਨੀ ਹੋ ਕੇ ਅਗਿਆਨੀ ?"

"ਬੱਸ ਹੋ ਗਈ, ਐਨੇ ਬਚਨ 'ਚ ਹੀ। ਹੁਣ ਜਿਹੜੀ ਵਿਦਿਆ ਦਾ ਲੋਕਾਂ ਦੇ ਦਿਲ 'ਚ ਖਿਆਲ ਹੈ ਨਾ, ਵਿੱਦਿਆ ਪੜ੍ਹਿਆ ਹੋਇਆ ਸੀ ਉਹ। ਏਨਾ ਹੀ ਬਚਨ ਸੰਤਾਂ ਕੀਤਾ ਹੈ-ਬਈ ਪੰਡਿਤ ਜੀ ਤੁਸੀਂ ਗਿਆਨੀ ਹੋ ਕਿ ਅਗਿਆਨੀ ਹੋ। ਹੁਣ ਪੰਡਿਤ ਕੀ ਕਵ੍ਹੇ, ਜੇ ਤੇ ਕਹੇ ਅਗਿਆਨੀ ਤਾਂ ਗੱਲਬਾਤ ਕਰੇ ਤੇ ਜੇ ਗਿਆਨੀ ਹੈ ਤਾਂ ਲੋੜ ਕਿਹੜੀ ਗੱਲ ਦੀ ਹੈ। ਓਥੇ ਚਰਨੀ ਸੰਤਾਂ ਦੇ ਡਿਗ ਪਿਆ।

"ਉਹ ਲੋਕ ਕਹਿਣ, "ਬਈ ਸਾਡੇ ਤਾਂ ਪੱਲੇ ਕੁਛ ਨਾ ਪਿਆ।"

"ਉਹ ਕਹਿੰਦੇ, "ਜੀ ਮੇਰਾ ਤਾਂ ਘਰ ਪੂਰਾ ਹੋ ਗਿਆ।"[8]

ਸੰਤਾਂ ਦੀ ਦਸ਼ਾ ਦਾ ਵਰਣਨ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਉਪਦੇਸ਼ਾਂ ਵਿਚ ਕਈ ਜਗ੍ਹਾ ਤੇ ਆ ਚੁੱਕਾ ਹੈ-

"ਸੰਤ ਜਿਊਣ ਸਿੰਘ ਹੁਰੀਂ-ਸੰਤ ਆਲਾ ਸਿੰਘ ਹੁਰੀਂ ਬਚਨ ਕਰਦੇ, ਨਾਲ ਰਹਿਣਾ-ਸਰਿਹਾਲੀ ਵਾਲਿਆਂ, ਰਾਤ ਨੂੰ ਕਦੇ ਐਸ ਪਾਵੇ ਤੇ ਕਲੇਜਾ, ਕਦੇ ਇਹਦੇ ਉੱਤੇ। ਇਸ ਤਰ੍ਹਾਂ ਹੀ ਰਾਤ ਲੰਘਦੀ।"[9]

ਲੇਖਕ ਨੇ ਬਚਪਨ ਵਿਚ ਆਪਣੇ ਨਾਨੇ ਸੰਤ ਆਤਮਾ ਸਿੰਘ ਬੁਰਜ ਰਾਇਕੇ ਤੋਂ ਇਹ ਬਚਨ ਸੁਣਿਆ ਸੀ ਕਿ ਕਈ ਵੇਰ ਉਹ ਅਤੇ ਸੰਤ ਜਿਊਣ ਸਿੰਘ ਜੀ ਜੋ ਉਹਨਾਂ ਦੇ ਸਕੇ ਤਾਏ ਸਨ, ਰਾਤ ਨੂੰ ਲਾਗੇ ਲਾਗੇ ਸੁੱਤੇ ਹੁੰਦੇ ਸਨ। ਇਹੋ ਜਹੀਆਂ ਆਵਾਜ਼ਾਂ ਉਹਨਾਂ ਦੇ ਕੰਨੀ ਪੈਂਦੀਆਂ "ਹਾਇ ਨਾ ਮਾਰ" ਜਾਂ "ਜੀ ਸੱਚੇ ਪਾਤਸ਼ਾਹ" ਤਾਂ ਉਸ ਪੁੱਛਣਾ "ਬਾਬਾ ਜੀ ਰਾਤੀਂ ਕਿਹਨਾਂ ਨਾਲ ਬਚਨ ਕਰਦੇ ਸਉ।" ਬਾਬਾ ਜੀ ਨੇ ਕਹਿਣਾ, "ਓਇ ਆਤੂ ! ਤੂੰ ਜਾਗਦੈ ਸੈਂ ਪੁੱਤ ਸਤਿਗੁਰ ਆਏ ਸਨ।" ਐਸੀ ਪ੍ਰੀਤ ਗਹਿਰੀ ਹੋ ਚੁੱਕੀ ਸੀ। ਉਹਨਾਂ ਤੋਂ ਵਰੋਸਾਏ ਸਾਂਦਲ ਬਾਰ ਅਤੇ ਦੜਪ ਦੇ ਇਲਾਕੇ ਵਿਚ, ਮਾਝੇ ਵਿਚ ਅਨੇਕਾਂ ਗੁਰੂ ਪਿਆਰਿਆਂ ਵਿਚੋਂ ਸਾਡੇ ਇਲਾਕੇ ਦੇ ਪਿੰਡ ਵਰਨ ਦੇ ਸੰਤ ਆਲਾ ਸਿੰਘ ਅਤੇ ਬਾਬਾ ਲਾਭ ਸਿੰਘ ਕੱਕਾ ਵੱਡੇ ਰਾਮ ਵਿਓਗੀ ਵੀ ਸਨ ਅਤੇ ਪ੍ਰਸਿੱਧ ਕੂਕੇ ਆਗੂ ਵੀ ਬਣੇ। ਕਿਉਂਕਿ ਸੰਤ ਜੀ ਦਾ ਇਕ ਸਕਿਆਂ ਵਿਚੋਂ ਭਤੀਜਾ ਜ਼ੈਲਦਾਰ ਸਾਉਣ ਸਿੰਘ ਰੱਤੇ ਚੋਏ (ਲਾਇਲਪੁਰ) ਵਿਖੇ ਰਹਿੰਦਾ ਸੀ, ਆਖਰੀ ਸਮੇਂ ਸੰਤਾਂ ਨੇ ਸਰੀਰ ਵੀ, ਜ਼ੈਲਦਾਰ ਹੋਰਾਂ ਦੇ ਘਰ ਹੀ, ਪੋਹ ਦੇ ਮਹੀਨੇ ਦਿਸੰਬਰ ਜਾਂ ਜਨਵਰੀ (੧੯੧੪-੧੫ ਈ.) ਵਿਚ ਤਿਆਗਿਆ ਸੀ।

ਮੁਕਤਸਰ ਦੀ ਮਾਘੀ ਦੇ ਇਕ ਮੇਲੇ ਸਮੇਂ ਰੇਲਵੇ ਸਟੇਸ਼ਨ ਤੇ ਆਪ ਦੀ ਭੇਟ ਸੰਤ ਅਤਰ ਸਿੰਘ ਜੀ ਮਸਤੂਆਣਾ ਸਾਹਿਬ ਵਾਲਿਆਂ ਨਾਲ ਹੋ ਗਈ। ਨਾਲਦਿਆਂ ਨੇ ਦੱਸਿਆ ਕਿ ਇਹ ਬਹੁਤ ਪਹੁੰਚੇ ਹੋਏ ਸੰਤ ਹਨ। ਸੰਤ ਸਰਹਾਲੀ ਵਾਲੇ ਕਹਿੰਦੇ ਕਿ ਹੁਣੇ ਵੇਖ ਲੈਨੇ ਆਂ। ਆਪ ਨੇ ਸਾਹਮਣੇ ਜਾ ਕੇ ਕਿਹਾ, "ਮੈਨੂੰ ਜਾਣਦੈਂ ?" ਸੰਤ ਮਸਤੂਆਣਾ ਜੀ ਦਾ ਜੁਆਬ ਸੀ, "ਜੀ ਦੱਸਿਆਂ ਹੀ ਪਤਾ ਲੱਗੇ" ਤਾਂ ਆਪ ਨੇ ਕਿਹਾ, "ਭਾਈ ਦੱਸਿਆਂ ਤਾਂ ਸਾਰੇ ਦੱਸ ਦਿੰਦੇ ਹਨ ? ਤੂੰ ਐਵੇਂ ਹੀ ਏਨੇ ਮਗਰ ਲਾਈ ਫਿਰਦਾ ਹੈਂ।" ਤਾਂ ਮਸਤੂਆਣਾ ਜੀ ਦੇ ਇਹ ਕਹਿਣ ਤੇ ਕਿ ਆਪਾਂ ਸਾਰੇ ਇਕੋ ਹੀ ਡਾਲ ਦੇ ਪੰਛੀ ਹਾਂ, ਸਰਹਾਲੀ ਵਾਲਿਆਂ ਨੇ ਵੀ ਆਪ ਨੂੰ ਪੂਰਾ ਸਾਧ ਹੋਣ ਦਾ ਪਰਮਾਣ ਦੇ ਦਿਤਾ।

੧੯੦੪ ਈ. ਵਿਚ ਪਿੰਡ ਉੱਬੋਕੇ (ਅੰਮ੍ਰਿਤਸਰ) ਗੁਰੂ ਹਰੀ ਸਿੰਘ ਜੀ ਦੇ ਇਕ ਦੌਰੇ ਸਮੇਂ, ਨਿਰਮਲਿਆਂ ਨੇ ਪੁਛਿਆ, ਗੁਰੂ ਹਰੀ ਸਿੰਘ ਜੀ ਪਾਸੋਂ ਕਿ ਨਾਮ ਦਾ ਜਾਪ ਜਾਂ ਬਾਣੀ ਵੀ ਅਸੀਂ ਤੁਹਾਡੇ ਸਿੰਘਾਂ ਵਾਲੀ ਹੀ ਪੜ੍ਹਦੇ ਹਾਂ, ਪਰ ਤੁਹਾਡੇ ਸਿੰਘਾਂ ਨੂੰ ਨਾਮ ਦਾ ਅਸਰ ਹੁੰਦਾ ਹੈ ਸਾਡੇ ਵਾਲਿਆਂ ਨੂੰ ਕਿਉਂ ਨਹੀਂ ਹੁੰਦਾ ? ਗੁਰੂ ਹਰੀ ਸਿੰਘ ਜੀ ਨੇ

ਸੰਤਾਂ ਨੂੰ ਇਸ਼ਾਰਾ ਕੀਤਾ ਕਿ ਦਿਓ ਜੁਆਬ। "ਸਤਿਗੁਰੂ ਰਾਮ ਸਿੰਘ ਕੀ ਰਸਨਾ ਕੀ ਬਰਕਤ ਹੈ, ਜਿਊਣ ਸਿੰਘ ਨੇ ਕਿਹਾ, "ਇਹ ਨਾਮ ਪੂਰੇ ਗੁਰੂ ਕੀ ਕਮਾਈ ਹੈ..ਤੁਸੀਂ ਭੀ ਏਸ ਘਰੋਂ ਲੈ ਕੇ ਤੇ ਕਮਾਇਕੇ ਦੇਖੋ, ਤੁਹਾਨੂੰ ਭੀ ਅਸਰ ਹੋਏਗਾ।"[10]

ਸੰਤ ਜਿਊਣ ਸਿੰਘ ਗ੍ਰਿਹਿਸਤੀ ਜਾਂ ਬਿਹੰਗਮ ਸਿੰਘਾਂ ਨੂੰ ਆਪਣੇ ਜਤ ਸਤ ਵਿਚ ਕਾਇਮ ਰਹਿਣ ਲਈ, ਨੇਕ ਕਮਾਈ ਅਤੇ ਦਸਾਂ ਨਹੁੰਆਂ ਦੀ ਕਿਰਤ ਵੰਡ ਵਰਤ ਕੇ ਲੋੜਵੰਦਾਂ ਵਿਚ ਛਕਣ ਦਾ ਉਪਦੇਸ਼ ਦਿਆ ਕਰਦੇ ਸਨ। ਆਪ ਦੇ ਘਰੋਂ ਮਾਤਾ ਦਾ ਨਾਮ ਸੁੱਖੋ ਸੀ ਜਿਸਨੂੰ ਸੰਤ ਜੀ ਦੀ ਮਾਤਾ ਦੈਆ ਕੌਰ ਦੇ ਨਾਲ ਹੀ ਸਤਿਗੁਰੂ ਜੀ ਨੇ ਕਈ ਹੁਕਮਨਾਮਿਆਂ ਵਿਚ ਆਪਣੇ ਵਲੋਂ ਰਾਮ ਸੱਤ ਆਖੀ ਸੀ। ਇਹ ਸਰਹਾਲੀ ਪਰਿਵਾਰ ਦਾ ਮਾਣ ਹੈ ਕਿ ਸਤਿਗੁਰੂ ਜੀ ਦੇ ਹਸਤ ਕੰਵਲਾਂ ਦੇ ਅੱਠ ਹੁਕਮਨਾਮੇ ਇਸ ਪਰਿਵਾਰ ਨੂੰ ਸਾਦਰ ਹਨ ਅਤੇ ਚਾਰ ਹੋਰ ਹੁਕਮਨਾਮਿਆਂ ਵਿਚ ਇਹਨਾਂ ਨੂੰ ਸਤਿਗੁਰੂ ਜੀ ਯਾਦ ਕਰਦੇ ਹਨ।[11] ਆਪ ਜੀ ਦੇ ਤਿੰਨ ਲੜਕੇ ਸਨ ਖੜਕ ਸਿੰਘ, ਜਗਤ ਸਿੰਘ ਅਤੇ ਸੁਰਜਨ ਸਿੰਘ। ਸੰਤ ਜੀ ਜਦੋਂ ਵੀ ਬਾਹਰੋਂ ਘਰ ਆਉਂਦੇ ਪੁੱਤਰਾਂ ਦੇ ਕਾਰ ਵਿਹਾਰ ਨੂੰ ਵੇਖ ਕੇ ਉਹਨਾਂ ਨੂੰ ਸ਼ੁਭ ਕਿਰਤ ਅਤੇ ਨੇਕ ਅਮਲ ਵਾਲੇ ਜੀਵਨ ਦਾ ਉਪਦੇਸ਼ ਦਿੰਦੇ। ਸੁਰਜਨ ਸਿੰਘ ਹੋਰਾਂ ਦੇ ਛੋਟੇ ਸਪੁੱਤਰ ਸੰਤ ਮਹਿੰਦਰ ਸਿੰਘ 'ਪਨਿਹਾਰੀ' ਨੇ ਗੁਰਮਤ ਅਤੇ ਵੇਦਾਂਤ ਨਾਲ ਸਬੰਧਿਤ ਪੁਸਤਕ ਲਿਖ ਕੇ ਆਪਣੇ ਵਡੇਰਿਆਂ ਦੀ ਦਾਰਸ਼ਨਿਕ ਪਹੁੰਚ ਜੀਵਤ ਰੱਖੀ। ਪਰਿਵਾਰ ਸਿਰਹਾਲੀ ਤੋਂ ਸਖਰੀ ਫਿਰ ਚੱਕ ੧੭ ਓ (ਸ੍ਰੀ ਕਰਨਪੁਰ ਨੇੜੇ-ਰਾਜਸਥਾਨ) ਅਤੇ ਹੁਣ ਕੁਝ ਉੱਥੇ ਹੀ ਅਤੇ ਕੁਝ ਨਾਈਵਾਲਾ, ਮੁਸਾਹਿਬ ਵਾਲਾ, ਪਨਿਹਾਰੀ ਆਦਿ ਸਿਰਸਾ ਜ਼ਿਲ੍ਹੇ ਦੇ ਪਿੰਡਾਂ ਵਿਚ ਆਬਾਦ ਹੈ। ਸੰਤ ਜਗਤਾਰ ਸਿੰਘ 'ਪਨਿਹਾਰੀ' ਸੰਤ ਮਹਿੰਦਰ ਸਿੰਘ ਦੇ ਸੁਪੱਤਰ ਹਨ। ਮਸਤੀ ਦੀ ਹਾਲਤ ਵਿਚ ਸੰਤਾਂ ਨੇ ਵੱਡੇ ਵੱਡੇ ਕੌਤਕ ਕੀਤੇ। ਵੱਡੇ ਵੱਡੇ ਅਭਿਮਾਨੀ ਪੀਰਾਂ, ਫਕੀਰਾਂ ਅਤੇ ਅਖੌਤੀ ਸਾਧੂ ਸੰਤਾਂ ਦਾ ਮਾਣ ਤੋੜਿਆ। ਸੰਤ ਮੁਹਾਵੇ ਵਾਲਿਆਂ ਨਾਲ ਵੱਡਾ ਜੋੜ ਸੀ। ਉਨ੍ਹੀਵੀਂ ਸਦੀ ਦੇ ਆਖਰੀ ਤਿੰਨ ਅਤੇ ਵੀਹਵੀਂ ਦੇ ਪਹਿਲੇ ਦੋ ਦਹਾਕੇ ਐਸੀ ਬਿਰਤੀ ਵਿਚ ਲੰਘਾਏ ਕਿ ਨਾਮਧਾਰੀ ਪੰਥ ਦੇ ਕੁਝ ਕੁ ਇਣੇ ਗਿਣੇ ਸ਼ਿਰੋਮਣੀ ਮਸਤਾਨਿਆਂ ਦੀ ਕਤਾਰ ਵਿਚ ਆਪ ਦਾ ਸ਼ੁਮਾਰ ਹੁੰਦਾ ਹੈ। ਰਾਮ ਵਿਓਗੀਆਂ ਦੇ ਇਸ ਪੰਥ ਦੇ ਐਸੇ ਸਾਧੂ ਪ੍ਰੇਰਣਾ ਸਰੋਤ ਹਨ।

## ਹਵਾਲੇ ਤੇ ਟਿੱਪਣੀਆਂ


1. ਗਦਰੀ ਬਾਬਾ ਵਿਸਾਖਾ ਸਿੰਘ, ਬਿਕਰਮ ਸਿੰਘ ਘੁੰਮਣ, ਪੰਜਾਬੀ ਅਧਿਐਨ ਸਕੂਲ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ੧੯੯੨, ਸਫਾ ੯-੧੦-੧੧
2. ਸਤਿਜੁਗ ਦਾ ਸੰਤ ਅੰਕ, ੯ ਚੇਤਰ ਸੰਮਤ ੧੯੯੬ ਬਿ., ਸ੍ਰੀ ਭੈਣੀ ਸਾਹਿਬ, ਲੇਖ ਸਰਹਾਲੀ ਪਰਿਵਾਰ, ਵਲੋਂ ਸੰਤ ਮੰਗਲ ਸਿੰਘ ਜੀ ਲੋਪੋਕੀ (ਫਿਰ ਲਾਇਲਪੁਰੀ ਬਣੇ), ਸਫਾ ੧੨੪-੨੫

3. ਸਤਿਗੁਰੂ ਬਿਲਾਸ ਭਾਗ ਪਹਿਲਾ-ਭਾਈ ਸੰਤੋਖ ਸਿੰਘ ਬਾਹੋਵਾਲ, ਸਫਾ ੪੫੦
4. ਸਤਿਗੁਰੂ ਬਿਲਾਸ ਭਾਗ ਦੂਜਾ-ਭਾਈ ਸੰਤੋਖ ਸਿੰਘ ਬਾਹੋਵਾਲ, ਸਫਾ ੧੦੮, ਫੁੱਟ ਨੋਟ ਨੰ. ੪
5. ਸਤਿਗੁਰੂ ਬਿਲਾਸ ਭਾਗ ਦੂਜਾ-ਭਾਈ ਸੰਤੋਖ ਸਿੰਘ ਬਾਹੋਵਾਲ, ਸਫਾ ੧੦੯
6. ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ, ਨਾਮਧਾਰੀ ਦਰਬਾਰ, ਸ੍ਰੀ ਭੈਣੀ ਸਾਹਿਬ, ਸਫਾ ੧੪੨-੫੧
7. ਲਾਲ ਏਹਿ ਰਤਨ-ਭਾਗ ਪਹਿਲਾ (ਉਪਦੇਸ਼ ਸ੍ਰੀ ਸਤਿਗੁਰੂ ਪਰਤਾਪ ਸਿੰਘ) ਸੰ. ਬੇਅੰਤ ਕੌਰ, ੧੯੯੫, ਨਾਮਧਾਰੀ ਦਰਬਾਰ, ਸ੍ਰੀ ਭੈਣੀ ਸਾਹਿਬ, ਸਫਾ ੧੨੬-੨੮
8. ਉਹੀ-ਭਾਗ ੩, ਸਫਾ ੧੬੨
9. ਉਹੀ-ਸਫਾ ੩੪੮-੪੯
10. ਸਤਿਗੁਰੂ ਬਿਲਾਸ-ਭਾਗ ਦੂਜਾ, ਭਾਈ ਸੰਤੋਖ ਸਿੰਘ ਬਾਹੋਵਾਲ, ਸਫਾ ੩੭੩
11. ਹੁਕਮਨਾਮੇ ਨੰ. ੬, ੧੬, ੩੮, ੪੨, ੪੭, ੫੦, ੫੭, ੩੭, ੪੩, ੪੯, ੫੦

# ਨਾਮਧਾਰੀ ਪੰਥ ਨੂੰ ਜੀਵਨ ਦਾਨ ਕਰਨ ਵਾਲਾ
# ਬਾਬਾ ਲਾਲ ਸਿੰਘ 'ਲਤਾਲਾ'

ਸੂਬਾ ਜਵਾਹਰ ਸਿੰਘ ਜੀ, ਸਤਿਗੁਰੂ ਰਾਮ ਸਿੰਘ ਜੀ ਦੁਆਰਾ ਸਥਾਪਿਤ ਸੂਬਿਆਂ ਵਿਚੋਂ ਸ਼ਿਰੋਮਣੀ ਸੂਬਾ ਸਨ। ਸੂਬਾ ਜੀ ਦੀ ਨਿੱਜੀ ਸੇਵਾ ਅਤੇ ਲੰਗਰ ਆਦਿ ਸਾਜਣ ਦੀ ਸੇਵਾ, ਜਦੋਂ ਆਪ ਇਕੱਲੇ, ਪੰਥਕ ਪ੍ਰਚਾਰ ਤੇ ਚੜ੍ਹਦੇ ਸਨ, ਇਕ ਭਾਈ ਲਾਲ ਸਿੰਘ 'ਲਤਾਲਾ' ਨਾਮ ਦਾ ਕੂਕਾ ਸਿੰਘ ਨਿਬਾਹਿਆ ਕਰਦਾ ਸੀ। ਭਾਈ ਲਾਲ ਸਿੰਘ ਨੇ ਕੋਈ ੭-੮ ਸਾਲ ਸੂਬਾ ਜੀ ਦੀ ਸੇਵਾ ਵਿਚ ਉਹਨਾਂ ਦੇ ਅੰਗ ਸੰਗ ਰਹਿ ਕੇ ਬਤੀਤ ਕੀਤੇ ਸਨ। ਜਦੋ ਸੂਬਾ ਜੀ ਜਲਾਵਤਨ ਕਰਕੇ ਮੌਲਮੀਨ (ਬ੍ਰਿਟਿਸ਼ ਬਰਮਾ) ਵਿਖੇ ਕੈਦ ਰੱਖੇ ਗਏ ਸਨ ਤਾਂ ਆਪ ਨੇ ਪਹਿਲਾਂ ਰੰਗੂਨ ਵਿਚ ਜਾ ਕੇ ਸਤਿਗੁਰੂ ਰਾਮ ਸਿੰਘ ਜੀ ਦੇ ਚਰਨ ਪਰਸੇ ਅਤੇ ਫਿਰ ਸੂਬਾ ਜਵਾਹਰ ਸਿੰਘ, ਸੂਬਾ ਬ੍ਰਹਮਾ ਸਿੰਘ ਅਤੇ ਸੂਬਾ ਲੱਖਾ ਸਿੰਘ ਹੋਰਾਂ ਪਾਸ ਮੌਲਮੀਨ ਵਿਚ ਸਥਿੱਤ ਕਿਓਕਤਾਨ ਜਿਹਲ ਵਿਚ ਉਹਨਾਂ ਨਾਲ ਵੀ ਕਿਸੇ ਤਰ੍ਹਾਂ ਮੁਲਾਕਾਤ ਕੀਤੀ ਸੀ। ਯੁਵਾ ਅਵਸਥਾ ਵਿਚ ਹੀ ਭਾਈ ਲਾਲ ਸਿੰਘ ਲਤਾਲਾ ਗੁਰਦੁਆਰਾ ਸ੍ਰੀ ਭੈਣੀ ਸਾਹਿਬ ਵਿਚ ਆ ਗਏ ਸਨ ਅਤੇ ਫਿਰ ਸ੍ਰੀ ਸਤਿਗੁਰੂ ਜੀ ਦੀ ਜਲਾਲੀ ਸ਼ਖ਼ਸੀਅਤ ਦਾ ਉਹਨਾਂ ਤੇ ਐਸਾ ਪ੍ਰਭਾਵ ਪਿਆ ਕਿ ਉਹ ਹਮੇਸ਼ਾ ਲਈ ਉਹਨਾਂ ਦੇ ਹੋ ਗਏ ਸਨ। ਸਤਿਗੁਰੂ ਜੀ ਦੀ ਸੰਗਤ ਵਿਚ ਰਹਿ ਕੇ ਉਹਨਾਂ ਨੂੰ ਆਪਣੇ ਜੀਵਨ ਦੇ ਅਸਲ ਮਨੋਰਥ ਦੀ ਸੋਝੀ ਆ ਗਈ ਸੀ। ਉਹ ਇਕ ਪੂਰਨ ਗੁਰਸਿੱਖ ਦਾ ਜੀਵਨ ਬਤੀਤ ਕਰਦੇ ਹੋਏ ਸਤਿਗੁਰੂ ਜੀ ਦੁਆਰਾ ਵਿੱਢੇ, ਆਜ਼ਾਦੀ ਸੰਗਰਾਮ ਵਿਚ ਆਪਣਾ ਬਣਦਾ ਯੋਗਦਾਨ ਪਾ ਕੇ, ਗੁਰੂ ਕੀਆਂ ਬੇਅੰਤ ਖੁਸ਼ੀਆਂ ਦੇ ਪਾਤਰ ਬਣ ਗਏ। ਸੂਬਾ ਜਵਾਹਰ ਸਿੰਘ ਜੀ ਅਤੇ ਸਤਿਗੁਰੂ ਜੀ ਦੀ ਸੰਗਤ ਇਕੋ ਸਮੇਂ ਮਾਨਣ ਨੂੰ ਮਿਲਦੀ ਰਹੀ। ਮਨ ਦੇ ਸਾਰੇ ਸੰਕਲਪਾਂ ਵਿਕਲਪਾਂ ਤੇ ਕਾਬੂ ਪਾ ਕੇ ਉਹ ਕੂਕਾ ਕਾਜ਼ ਅਤੇ ਸਤਿਗੁਰੂ ਜੀ ਪ੍ਰਤੀ ਇਉਂ ਸਮਰਪਿਤ ਹੋ ਗਏ—

"ਤੇਰੇ ਵਾਸਤੇ ਬਹੁਤ ਉਦਾਸ ਹਾਂ ਮੈਂ,
ਪੈਰੋਂ ਸਾਡਿਉਂ ਲਾਹ ਜੰਜ਼ੀਰ ਸਾਈਂ।
ਤੈਨੂੰ ਛੱਡ ਕੇ ਜਾਂ ਮੈਂ ਹੋਰ ਕਿੱਥੇ,
ਨਜ਼ਰ ਆਂਵਦਾ ਹੈਂ ਜ਼ਾਹਰਾ ਪੀਰ ਸਾਈਂ।"

—ਵਾਰਿਸ ਸ਼ਾਹ

ਲਾਲ ਸਿੰਘ ਹੋਰੀਂ ਪਿੰਡ ਲਤਾਲਾ, ਥਾਣਾ ਡੇਹਲੋਂ, ਜ਼ਿਲ੍ਹਾ ਲੁਧਿਆਣਾ ਦੇ ਜ਼ਿੰਮੀਦਾਰ ਸ. ਗੁਰਦਿਆਲ ਸਿੰਘ ਦੇ ਸਪੁੱਤਰ ਸਨ। ਮਹੱਤਵਪੂਰਨ ਕੂਕਿਆਂ ਵਾਲੀ ਪੰਜਾਬ ਪੁਲਿਸ ਦੀ ੧੮੮੧ ਵਾਲੀ ਸੂਚੀ ਵਿਚ ਉਹਨਾਂ ਦੇ ਨਖਸ਼ਿਖ ਇਉਂ ਅੰਕਿਤ ਕੀਤੇ ਗਏ ਹਨ-

ਰੰਗ ਪੱਕਾ, ਗੋਲ ਚਿਹਰਾ, ਚਿਹਰੇ ਤੇ ਚੇਚਕ ਦੇ ਦਾਗ, ਲਾਲ ਸੂਹੇ ਨੇਤਰ, ਕੱਦ ਲੰਬਾ ਅਤੇ ਸਰੀਰ ਦਰਮਿਆਨਾ, ਉਮਰ ੪੦ ਸਾਲ ਦੇ ਲਗਭਗ।[1] ਇਹ ਰੀਪੋਰਟ ਫਰਵਰੀ, ੧੮੮੧ ਵਿਚ ਲਿਖੀ ਗਈ। ਇਸ ਦਾ ਭਾਵ ਆਪ ਦਾ ਜਨਮ ਸੰਨ ੧੮੪੦ ਈ. ਦੇ ਲਾਗੇ ਚਾਗੇ ਦਾ ਹੈ। ਆਪ ਦਾ ਦੇਹਾਂਤ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪਹਿਰੇ ਹੇਠ, ਗੁਰਦੁਆਰਾ ਸ੍ਰੀ ਭੈਣੀ ਸਾਹਿਬ ਵਿਖੇ, ੨੮ ਕੱਤਕ ੧੯੮੭ ਬਿਕਰਮੀ (ਮੁਤਾਬਿਕ ਨਵੰਬਰ ੧੯੩੦ ਈ.) ਨੂੰ ਹੋਇਆ।[2] ਇਸ ਤਰ੍ਹਾਂ ਆਪ ਨੇ ੯੦ ਸਾਲ ਦੀ ਆਯੂ ਬਤੀਤ ਕੀਤੀ। ਬਜ਼ੁਰਗਾਂ ਨਾਲ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਇਕ ਸਮੂਹਿਕ ਫੋਟੋ ਵਿਚ ਵੀ ਆਪ ਮੌਜੂਦ ਹਨ। ਬਾਬਾ ਜੀ ਦੀ ਉਹੋ ਫੋਟੋ ਸਤਿਜੁਗ ਦੇ ੯ ਚੇਤਰ ੧੯੯੬ ਬਿਕਰਮੀ ਵਾਲੇ ਸ੍ਰੀ ਭੈਣੀ ਸਾਹਿਬ ਤੋਂ ਛਪਣ ਵਾਲੇ, ਇਕ ਸੰਤ ਅੰਕ ਵਿਚ ਛਪੀ ਸੀ ਜੋ ਕਿ ਉਹਨਾਂ ਦੀ ਪ੍ਰਭਾਵਸ਼ਾਲੀ ਨਾਮਧਾਰੀ ਸਾਧੂਆਂ ਦੀ ਸ਼ਾਨਦਾਰ ਦਿੱਖ ਦਾ ਇਕ ਸੁੰਦਰ ਨਮੂਨਾ ਹੈ। ਉਸੇ ਅੰਕ ਵਿਚ ਆਪ ਬਾਰੇ ਸੰਖੇਪ ਜਿਹੀ ਜਾਣਕਾਰੀ, ਸੰਤ ਬਿਸ਼ਨ ਸਿੰਘ ਹਿਸਟੋਰੀਅਨ ਨੰਗਲ ਵਾਲਿਆਂ ਦੀ ਕਲਮ ਤੋਂ, ਲਿਖੀ ਗਈ ਹੈ। ਮੁੱਢਲੀ ਵਿਦਿਆ ਆਪ ਨੇ ਨਿਰਮਲੇ ਸੰਤਾਂ ਤੋਂ ਪੜ੍ਹੀ ਸੀ। ਸੂਬਾ ਜਵਾਹਰ ਸਿੰਘ ਕੂਕਾ ਬਨਣ ਤੋਂ ਪਹਿਲਾਂ, ਨਿਰਮਲ ਭੇਖ ਵਿਚ ਵਿਚਰਦੇ ਸਨ। ਇਸ ਲਈ ਸੂਬਾ ਜੀ ਦੇ ਸੰਪਰਕ ਵਿਚ ਆਉਣ ਕਾਰਨ ਉਹਨਾਂ ਨੇ ਆਪ ਨੂੰ ਵੀ, ਸਤਿਗੁਰੂ ਰਾਮ ਸਿੰਘ ਜੀ ਦੇ ਸਾਜੇ ਨਾਮਧਾਰੀ ਸੰਤ ਖਾਲਸੇ ਵਿਚ, ਸ਼ਾਮਲ ਹੋਣ ਦਾ ਮਾਣ ਬਖਸ਼ਿਆ। ਮਾਤਾ ਪਿਤਾ ਨੇ ਪਿੰਡ ਹੁੰਦਿਆਂ ਆਪ ਦਾ ਆਨੰਦ ਕਾਰਜ ਕਰ ਦਿੱਤਾ ਸੀ ਪਰ ਸ਼ਾਦੀ ਤੋਂ ਛੇਤੀ ਬਾਅਦ ਸਿੰਘਣੀ ਚਲਾਣਾ ਕਰ ਗਈ। ਦੋਬਾਰਾ ਆਪ ਨੇ ਗ੍ਰਹਿਸਤ ਮਾਰਗ ਵਿਚ ਪਰਵੇਸ਼ ਕਰਨ ਦੀ ਬਜਾਏ, ਸਤਿਗੁਰੂ ਜੀ ਦੇ ਮਿਸ਼ਨ ਨੂੰ ਹੀ ਆਪਾ ਸਮਰਪਿਤ ਕਰਨਾ ਹਿਤਕਰ ਸਮਝਿਆ। ਸੂਬਾ ਸਾਹਿਬ ਸਿੰਘ ਬੰਗਾਲੀਪੁਰ ਦੁਆਰਾ, ਅਸਹਿਯੋਗ ਨੀਤੀ ਦੇ ਤਹਿਤ ਜੋ "ਕੂਕਾ ਪੋਸਟਲ ਸਰਵਿਸ ਸ਼ੁਰੂ ਕੀਤੀ ਗਈ ਸੀ, ਭਾਈ ਲਾਲ ਸਿੰਘ ਲਤਾਲਾ ਨੇ ਇਸ ਵਿਚ ਵੀ ਅਹਿਮ ਯੋਗਦਾਨ ਪਾਇਆ। ਇਹ ਆਪ ਦੇ ਸੁਚੱਜੇ ਪ੍ਰਬੰਧ ਸਦਕਾ ਹੀ ਸੀ ਕਿ ਕੂਕਾ ਡਾਕ ਇਕ ਦਿਨ ਵਿਚ ਹੀ, ਸ੍ਰੀ ਭੈਣੀ ਸਾਹਿਬ ਤੋਂ ਮੁਕਤਸਰ ਸਾਹਿਬ ਪੁੱਜ ਜਾਂਦੀ ਸੀ। ਕੌਮੀ ਮੁਕਤੀ ਸੰਗਰਾਮ ਵਿਚ ਆਪ ਨੂੰ ਜਿਹਲ ਯਾਤਰਾ ਵੀ ਕਰਨੀਆਂ ਪਈਆਂ ਸਨ। ਆਪ ਜੀ ਦੇ ਪ੍ਰਭਾਵ ਸਦਕਾ ਲਤਾਲਾ ਪਿੰਡ ਨੇ ਬਹੁਤ ਸਾਰੇ ਕੂਕੇ ਸੰਗਰਾਮੀਏ ਅਤੇ ਗ਼ਦਰ ਪਾਰਟੀ ਆਦਿਕ ਉੱਤਰਕਾਲੀ ਲਹਿਰਾਂ ਦੇ, ਬਸਤੀਵਾਦੀ ਸਰਕਾਰ ਨਾਲ ਲੋਹਾ ਲੈਣ ਵਾਲੇ, ਬਹੁਤ ਸਾਰੇ ਸਿਰਲੱਥ ਯੋਧਿਆਂ ਨੂੰ ਜਨਮ ਦਿੱਤਾ। ਮਲੇਰਕੋਟਲਾ ਸਾਕਾ ਦੇ ਸ਼ਹੀਦਾਂ ਵਿਚ ਭਾਈ ਗੁਰਮੁਖ ਸਿੰਘ ਤਜਾਰ, ਲਤਾਲੇ ਵਾਲੇ ਤੋਪ ਨਾਲ ਸ਼ਹੀਦ ਕੀਤੇ ਗਏ। ਇਸੇ ਨਗਰ ਦੇ ਭਾਈ ਮੀਹਾਂ ਸਿੰਘ ਦਾ ਵੀ ਸ਼ਹੀਦੀ ਜਥੇ ਵਿਚ ਸ਼ਾਮਲ ਹੋਣ ਦਾ ਜ਼ਿਕਰ ਸਤਿਗੁਰੂ ਬਿਲਾਸ ਗਰੰਥ ਵਿਚ ਭਾਈ ਸੰਤੋਖ ਸਿੰਘ ਬਾਹੋਵਾਲ ਕਰਦੇ ਹਨ। ੧੮੭੨ ਦੇ ਜਲਾਵਨ ਸਾਕੇ ਤੋਂ ਬਾਅਦ, ਭਾਈ ਲਾਲ ਸਿੰਘ ਹੋਰਾਂ ਨੂੰ ਸ੍ਰੀ ਭੈਣੀ ਸਾਹਿਬ ਤੋਂ ਲਿਆ ਕੇ ਉਹਨਾਂ ਦੇ ਪਿੰਡ ਵਿਚ ਨਜ਼ਰਬੰਦ ਰੱਖਿਆ ਗਿਆ। ਕਿਤਨਾ ਹੀ ਸਮਾਂ ਆਪ ਨੂੰ ਸਰਕਾਰੀ ਸਖਤੀਆਂ ਅਤੇ ਪਾਬੰਦੀਆਂ ਦਾ ਸਾਹਮਣਾ ਕਰਨਾ ਪਿਆ। ਮਾਲੂਮ

ਹੁੰਦਾ ਹੈ ਕਿ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਗੁਰਗੱਦੀ ਤੇ ਬਿਰਾਜਣ ਤੋਂ ਬਾਅਦ ਜਦੋਂ ਦੇਸ਼ ਵਿਚ ਸੁਤੰਤਰਤਾ ਸੰਗਰਾਮ ਦੀਆਂ ਲਹਿਰਾਂ ਜ਼ੋਰ ਫੜਨ ਲੱਗ ਪਈਆਂ ਤਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪ ਸਮੇਤ ਹੋਰ ਬਹੁਤ ਸਾਰੇ ਪੁਰਾਣੇ ਕੂਕਾ ਬਜ਼ੁਰਗਾਂ, ਬਿਹੰਗਮ ਸਾਧੂਆਂ ਨੂੰ, ਸ੍ਰੀ ਭੈਣੀ ਸਾਹਿਬ ਨਿਵਾਸ ਰੱਖਣ ਲਈ ਪ੍ਰੇਰ ਲਿਆ ਸੀ ਤਾਂ ਕਿ ਉਹਨਾਂ ਦਾ ਬੁਢਾਪਾ ਕੁਝ ਸੁਵਿਧਾ ਜਨਕ ਬਣਾਇਆ ਜਾ ਸੱਕੇ। "ਆਪਣੀ ਬਿਰਧ ਅਵਸਥਾ ਸ੍ਰੀ ਭੈਣੀ ਸਾਹਿਬ ਸਤਿਗੁਰੂ ਜੀ ਦੇ ਚਰਨਾਂ ਵਿਚ ਰਹਿ ਕੇ ਬਤੀਤ ਕੀਤੀ। ਆਪ ਬੜੇ ਪੂਰਨ ਮਹਾਂ ਪੁਰਖ ਸਨ।"[3]

੧੮੬੮ ਈ. ਜੀ ਦੀਪਮਾਲਾ ਤੇ ਸਤਿਗੁਰੂ ਰਾਮ ਸਿੰਘ ਜੀ ਗੁਰਧਾਮਾਂ ਦੀ ਯਾਤਰਾ ਕਰਨ ਅਤੇ ਸੰਗਤਾਂ ਨਾਲ ਦਰਸ਼ਨ ਮੇਲਾ ਕਰਨ ਵਾਸਤੇ, ਸ੍ਰੀ ਭੈਣੀ ਸਾਹਿਬ ਤੋਂ ਸੂਬਿਆਂ ਅਤੇ ਸੰਗਤ ਸਮੇਤ ਚੱਲੇ। ਦੀਵਾਲੀ ਤੋਂ ਬਾਅਦ ਕੇਂਦਰੀ ਅਤੇ ਪੱਛਮੀ ਪੰਜਾਬ ਦੇ ਅੰਮ੍ਰਿਤਸਰ ਲਾਹੌਰ, ਸਿਆਲਕੋਟ ਗੁਜਰਾਂਵਾਲਾ ਆਦਿ ਜ਼ਿਲ੍ਹਿਆਂ ਦਾ ਦੌਰਾ ਕੀਤਾ। ਭਾਈ ਲਾਲ ਸਿੰਘ ਲਤਾਲਾ ਦਾ ਸ੍ਰੀ ਭੈਣੀ ਸਾਹਿਬ ਵਿਚ ਆਉਣਾ ੧੮੬੨ ਈ. ਵਿਚ ਮਾਲੂਮ ਹੁੰਦਾ ਹੈ ਕਿਉਂਕਿ ਗੰਗਾ ਦੀ ੧੮੬੧ ਈ. ਵਾਲੀ ਹਰਦੁਆਰ ਯਾਤਰਾ ਨਾਲ ਨਾਮਧਾਰੀ ਪੰਥ ਦੇ ਪ੍ਰਚਾਰ ਵਿਚ ਸਿਫਤੀ ਤਬਦੀਲੀ ਆ ਚੁੱਕੀ ਸੀ। ਇਸ ਅਸਥਾਨ ਤੇ ਤਕਰੀਬਨ ਉੱਤਰੀ ਭਾਰਤ ਸਮੇਤ ਸਾਰਾ ਹੀ ਪੰਜਾਬ ਜੁੜਦਾ ਸੀ। ਇਉਂ ਸਤਿਗੁਰੂ ਜੀ ਦੇ ਸਰਕਾਰੀ ਹਾਕਮਾਂ ਅਤੇ ਸਥਾਪਿਤ ਧਾਰਮਿਕ ਮਾਨਤਾਵਾਂ ਵਾਲਿਆਂ ਅਦਾਰਿਆਂ ਤੋਂ, ਬੇਖੌਫ ਹੋ ਕੇ ਵਿਚਰਨ ਅਤੇ ਗੁਰਬਾਣੀ ਜੀਵਨ ਜਾਚ ਨਾਲ ਆਮ ਲੋਕਾਂ ਨੂੰ ਜੋੜਨ ਨੇ, ਸਧਾਰਨ ਜਨ ਉਪਰ ਹਾਂਦਰੂ ਪ੍ਰਭਾਵ ਪਾਇਆ ਅਤੇ ਲੋਕ ਧੜਾਧੜ ਕੂਕੇ ਬਨਣੇ ਸ਼ੁਰੂ ਹੋ ਗਏ ਸਨ। ਲੁਧਿਆਣਾ ਜ਼ਿਲ੍ਹਾ ਦਾ ਥਾਣਾ ਡੇਹਲੋਂ, ਨਾ ਸਿਰਫ ਕੂਕਿਆਂ ਦੇ ਵਿਆਪਕ ਪ੍ਰਭਾਵ ਵਾਲਾ ਖਿੱਤਾ ਹੋ ਨਿਬੱੜਿਆ ਸਗੋਂ ਇਥੋਂ ਦੇ ਕੂਕੇ ਸਿੰਘ, ਜਥੇਬੰਦੀ ਵਿਚ ਸਰਗਰਮ ਭੂਮਿਕਾ ਨਿਬਾਹੁਣ ਵਾਲੇ ਸਨ। ਐਸੇ ਹੀ ਸਿੰਘ ਭਾਈ ਲਾਲ ਸਿੰਘ ਲਤਾਲਾ, ਉੱਪਰ ਵਰਣਿਤ ਦੌਰੇ ਵਿਚ ਸੂਬਾ ਜਵਾਹਰ ਸਿੰਘ ਅਤੇ ਸਤਿਗੁਰੂ ਰਾਮ ਸਿੰਘ ਦੀ ਨਿਕਟਤਾ ਮਾਣ ਰਹੇ ਸਨ। ਉਹ ਭਰ ਜੁਆਨੀ ਵਿਚ ਸਨ ਅਤੇ ਇਹੋ ਸਮਾਂ ਕਿਸੇ ਵੀ ਮਨੁੱਖ ਦੇ ਜੀਵਨ ਵਿਚ ਆਪਣੇ ਮਿਸ਼ਨ ਦੀ ਪੂਰਤੀ ਹਿੱਤ ਜੂਝਣ ਦੇ ਸ਼ੌਕ ਨਾਲ ਭਰਪੂਰ ਹੁੰਦਾ ਹੈ। ਇਸ ਤਰ੍ਹਾਂ ਦੇ ਭਖਦੀ ਜੀਵਨ ਚੰਗਿਆੜੀ ਵਾਲੇ ਸਿੰਘਾਂ ਨੂੰ, ਸਤਿਗੁਰੂ ਜੀ ਆਪਣੀ ਲੋਕ ਸ਼ਕਤੀ ਦੇ ਬਿਹਤਰ ਨਮੂਨੇ ਸਮਝ ਕੇ, ਉਹਨਾਂ ਨਾਲ ਸੰਵਾਦ ਰਚਾਉਂਦੇ ਰਹਿੰਦੇ ਸਨ।

"ਇਕ ਦਿਨ ਬਚਨ ਕੀਤਾ ਕਿ ਤੁਹਾਨੂੰ ਪਰਮ ਸੁਖ ਜੋ ਹੈ ਸੋ ਦੇਵਾਂਗਾ। ਲਾਲ ਸਿੰਘ ਲਤਾਲੇ ਵਾਲੇ ਨੇ ਕਹਾ ਜੀ ਕਦ ਦੇਵੋਗੇ ਪਰਮ ਸੁਖ ? ਸਤਿਗੁਰੂ ਜੀ ਬਚਨ ਕੀਤਾ ਸਾਨੂੰ ਫਰੰਗੀ ਲੈ ਜਾਣਗੇ। ਫੇਰ ਆਇਆ ਤੇ ਸੁਖ ਹੋਊਗਾ। ਬਚਨ ਹੋਇਆ ਲਾਲ ਸਿੰਘ ਤੂੰ ਜਾਣਦਾ ਹੈ ਪਰਮ ਸੁਖ ਕੋ ? ਉਸ ਨੇ ਕਹਾ ਜੀ ਮੈਂ ਨਹੀਂ ਜਾਣਦਾ ਹਾਂ। ਬਚਨ ਕੀਤਾ ਕਿ ਇਸ ਲੋਕ ਕੇ ਅਰ ਪਰਲੋਕ ਕੇ ਸੁਖ ਸੋ ਧੁਆਨੂੰ ਭੁਗਾਵਣੇ ਹੈ ਏਥੇ ਹੀ। ਲਾਲ ਸਿੰਘ ਨੇ ਕਹਾ ਜੀ ਤੁਸੀਂ ਕਹਿੰਦੇ ਹੋ ਚਲੇ ਜਾਣਾ ਹੈ, ਧੁਹਾਡੇ ਗਏ ਤੇ ਅਸੀਂ ਮਰ ਜਾਵਾਂਗੇ। ਸਾਡੇ

ਤਾਂ ਖ਼ਰਚ ਦਾ ਕੋਈ ਅੰਤ ਨਹੀਂ। ਮੇਰੀ ਘੋੜੀ ਕੀ ਚਾਰ ਸੇਰ ਨਿਹਾਰੀ ਹੈ, ਦਸ ਸੇਰ ਦਾਣਾ ਹੈ ਅਤੇ ਮੇਰੇ ਖਰਚ ਕਾ ਅੰਤ ਨਹੀਂ ਹੈ। ਹਜ਼ੂਰ ਕੀ ਮੂਰਤੀ ਕੇ ਪ੍ਰਤਾਪ ਸੇ ਏਤਨਾ ਖ਼ਰਚ ਸਾਨੂੰ ਮਿਲਦਾ ਹੈ। ਧੁਆਡੇ ਪਿੱਛੇ ਸਾਡਾ ਕੀ ਹਾਲ ਹੋਊਗਾ? ਕਿਨ ਦੇਖਣਾ ਹੈ ਪਰਮ ਸੁਖ? ਬਚਨ ਕੀਤਾ ਏਹ ਜੇੜੇ ਸੁਖ ਹੈਨ, ਉਨ੍ਹਾਂ ਸੁਖਾਂ ਕੇ ਆਗੇ ਤੁੱਛ ਹੈਨ। ਤਿੰਨ ਵੇਰੀ ਬਚਨ ਕੀਤਾ ਨਾਮ ਜਪਣ ਵਾਲਿਆਂ ਕੋ ਪਰਮ ਸੁਖ ਹੋਣਗੇ।"[4]

ਨਾਮਬਾਣੀ ਦਾ ਜਾਪ ਗੁਰਸਿਖ ਜੀਵਨ ਦੀ ਮੁੱਢਲੀ ਲੋੜ ਸੀ। ਇਸ ਲਈ ਆਪਣੇ ਸਿੰਘਾਂ ਨੂੰ ਸਿਖੀ ਵਿਚ ਪਰਪੱਕ ਕਰਨ ਲਈ, ਸਤਿਗੁਰੂ ਜੀ ਉਸ ਸਮੇਂ ਦੇ ਅਧਿਆਤਮਕ ਜੀਵਨ ਦੀਆਂ ਬਾਰੀਕ ਰਮਜ਼ਾਂ, ਗੁਰੂ ਪਿਆਰਿਆਂ ਲਾਲ ਸਾਂਝੀਆਂ ਕਰਦੇ ਰਹਿੰਦੇ ਸਨ। ਸਿੱਖ ਕਦੇ ਗੁਰੂ ਉਪਦੇਸ਼ਾਂ ਬਾਰੇ ਲੋੜੋਂ ਵੱਧ ਜਗਿਆਸੂ ਵੀ ਹੋ ਜਾਂਦਾ ਹੈ। ਸਤਿਗੁਰੂ ਰਾਮ ਸਿੰਘ ਜੀ, ਸੂਬਾ ਲੱਖਾ ਸਿੰਘ ਹੋਰਾਂ ਉਤੇ ਬਹੁਤ ਖੁਸ਼ੀਆਂ ਬਖਸ਼ਦੇ ਸਨ ਅਤੇ ਕਦੇ ਕਦੇ ਫਰਮਾਇਆ ਕਰਦੇ ਸਨ "ਜਦੋਂ ਲੱਖਾਂ ਸਿੰਘ ਮੇਰੇ ਸਾਹਮਣੇ ਆਵੇ ਤਾਂ ਮਨ ਠੰਢਾ ਠਾਰ ਹੋ ਜਾਂਦਾ ਹੈ।" ਇਸ ਬਚਨ ਦੀ ਪੁਸ਼ਟੀ ਲਈ ਭਾਈ ਲਾਲ ਸਿੰਘ ਲਤਾਲਾ ਕਿਸੇ ਮੌਕੇ ਦੀ ਭਾਲ ਵਿਚ ਸਨ। ਉਪਰ ਵਰਣਿਤ ੧੯੬੮ ਵਾਲੇ ਸਿਆਲਕੋਟ ਜ਼ਿਲ੍ਹੇ ਦੇ ਦੌਰੇ ਵਿਚ, ਇਕ ਦਿਨ ਉਹ ਮੌਕਾ ਆ ਗਿਆ। ਸੂਬਾ ਲੱਖਾ ਸਿੰਘ ਕਾਫੀ ਗਰਮ ਸੁਭਾਅ ਦੇ ਸਨ ਇਸੇ ਕਾਰਨ ਜਲਾਵਤਨ ਸੂਬਿਆਂ ਵਿਚੋਂ, ਬਾਕੀ ਜੀਵਿਤ ਸੂਬਿਆਂ ਦੀਆਂ ਰਿਹਾਈਆਂ ਬਾਅਦ ਵੀ ਉਹਨਾਂ ਦੀ ਵਤਨ ਵਾਪਸੀ ਨੂੰ, ਫਰੰਗੀ ਸਰਕਾਰ ਨੇ ਪ੍ਰਵਾਨਗੀ ਨਾ ਦਿਤੀ। ਇਕ ਦਿਨ ਕਿਤੇ ਆਪਸੀ ਬਚਨ ਅੜਨ ਸਦਕਾ, ਸੂਬਾ ਲੱਖਾ ਸਿੰਘ ਨੇ ਸੂਬਾ ਬ੍ਰਹਮਾ ਸਿੰਘ ਹੋਰਾਂ ਤੇ ਹੱਥ ਚੁੱਕ ਲਿਆ। ਸਤਿਗੁਰੂ ਜੀ ਸੂਬਾ ਸਾਹਿਬ ਸਿੰਘ ਨੂੰ ਕਿਹਾ "ਲੱਖੇ ਕੋਹੜੀ ਨੂੰ ਕਹੋ ਇਥੋਂ ਤੁਰ ਜਾਏ।" ਲੱਖਾ ਸਿੰਘ ਹੋਰਾਂ ਨੇ ਸਾਹਿਬ ਸਿੰਘ ਹੋਰਾਂ ਤੋਂ ਦੋ ਚਾਰ ਦਿਨ ਆਸੇ ਪਾਸੇ ਕੱਟਣ ਦੀ ਦਲੀਲ ਸੁਣਕੇ ਕਿਹਾ ਕਿ ਮੈਂ ਹੁਣੇ ਬਾਪੂ ਜੀ ਨੂੰ ਜਾ ਕੇ ਪੁੱਛ ਲੈਂਦਾ ਹਾਂ। ਉਹਨਾਂ ਦੇ ਮਗਰ ਹੀ ਭਾਈ ਲਾਲ ਸਿੰਘ ਲਤਾਲਾ ਖੜੇ ਸਨ। ਉਹ ਦਵਾ ਦਵ ਸਤਿਗੁਰੂ ਜੀ ਪਾਸ ਪੁੱਜ ਗਏ। ਇਹ ਵੇਖਣ ਲਈ ਕਿ ਹੁਣ ਕੀ ਭਾਣਾ ਵਰਤੇਗਾ। ਸਤਿਗੁਰੂ ਜੀ ਨੇ ਦੂਰੋਂ ਲੱਖਾ ਸਿੰਘ ਨੂੰ ਆਉਂਦਾ ਵੇਖ ਕੇ, ਅਤਰ ਸਿੰਘ ਹਜ਼ੂਰੀਏ ਨੂੰ ਮਿਸ਼ਰੀ ਲਿਆਉਣ ਤੇ ਲੱਖਾ ਸਿੰਘ ਨੂੰ ਜਲ ਛਕਾਉਣ ਲਈ ਕਿਹਾ। ਜਦੋਂ ਉਸ ਆ ਕੇ ਸਤਿਗੁਰੂ ਜੀ ਨੂੰ ਸੀਸ ਨਿਵਾਇਆ ਤਾਂ ਆਪ ਨੇ ਬ੍ਰਹਮਾ ਸਿੰਘ ਵਾਲੇ ਬਚਨ ਦੀ ਕੋਈ ਵੀ ਤੰਦ ਛੋਹੇ ਬਿਨਾਂ ਲੱਖਾ ਸਿੰਘ ਹੋਰਾਂ ਤੇ ਉਹਨਾਂ ਦੇ ਘੋੜੇ ਅਤੇ ਹੋਰ ਸਿੰਘਾਂ ਦੀਆਂ ਘੋੜੀਆਂ ਦਾ ਹਾਲ ਚਾਲ ਪੁੱਛਦੇ ਰਹੇ। ਆਮ ਸਿੰਘਾਂ ਦੁਆਰਾ ਇਸ ਵਤੀਰੇ ਤੇ ਹੈਰਾਨੀ ਪ੍ਰਗਟ ਕਰਨ ਕਾਰਨ, ਆਪ ਨੇ ਲੱਖਾ ਸਿੰਘ ਨੂੰ ਗਵਾਲੀਅਰ ਦੇ ਕਿਲ੍ਹੇ ਦਾ ਦਰੋਗਾ ਦੱਸ ਕੇ, ਛੇਵੇਂ ਜਾਮੇ ਸਮੇਂ ਵੱਡੀ ਸੇਵਾ ਕੀਤੀ ਹੋਣ ਨੂੰ, ਉਸ ਦਾ ਐਸਾ ਕਰਮ ਦੱਸਿਆ ਜੋ ਉਸ ਦੀ ਬਖਸ਼ਸ਼ੰਦੀ ਲਈ ਹਮੇਸ਼ਾ ਅੱਗੇ ਆ ਜਾਂਦਾ ਸੀ।[5]

ਇਸੇ ਤਰ੍ਹਾਂ ਹੀ ੧੮੭੧ ਈ. ਦੇ ਖੋਟਿਆਂ ਦੇ ਹੋਲੇ ਤੋਂ ਬਾਅਦ, ਦਮਦਮਾ ਸਾਹਿਬ ਦੀ ਵੈਸਾਖੀ ਤੋਂ ਮਗਰੋਂ ਮਾਲਵੇ ਦੇ ਦੌਰੇ ਸਮੇਂ, ਭਾਈ ਹੀਰਾ ਸਿੰਘ, ਲਹਿਣਾ ਸਿੰਘ ਹੋਰਾਂ ਦੇ ਮਸਤਾਨੇ ਜਥੇ ਦੇ ਸਿੰਘਾਂ ਦੁਆਰਾ ਗਿਆਨੀ ਰਤਨ ਸਿੰਘ, ਅਦਾਲਤੀ ਸੂਬਾ ਦੇ ਛੋਟੇ

ਭਾਈ, ਹਰਨਾਮ ਸਿੰਘ ਮੰਡੀਕਲਾਂ ਦੁਆਰਾ ਉਹਨਾਂ ਦੇ ਕਿਸੇ ਅਯੋਗ ਬਚਨ ਤੋਂ ਚਿੜ ਕੇ ਕੁੱਟ ਮਾਰ ਕਰਨ ਦੀ ਸੂਚਨਾ ਵੀ ਲਾਲ ਸਿੰਘ ਲਤਾਲਾ ਨੇ ਹੀ ਘੋੜੀ ਭਜਾ ਕੇ, ਸੂਬਿਆਂ ਨੂੰ ਦਿੱਤੀ ਸੀ ਤਾਂਕਿ ਉਸ ਨੂੰ ਜਲਦੀ ਸੰਭਾਲਿਆ ਜਾਵੇ ਅਤੇ ਹੋਰ ਵਧਾਣ ਨਾ ਵਧੇ।[6]

ਸਾਕਾ ਮਲੇਰਕੋਟਲਾ ਤੋਂ ਬਾਅਦ ਅੰਗਰੇਜ਼ ਸਰਕਾਰ ਅਤੇ ਸਿੱਖ ਰਿਆਸਤਾਂ ਦੁਆਰਾ ਕਈ ਸਾਲ ਸਮੁੱਚੇ ਨਾਮਧਾਰੀ ਪੰਥ ਲਈ ਮੁਸੀਬਤਾਂ ਦੇ ਪਹਾੜ ਟੁੱਟਦੇ ਰਹੇ ਸਨ, ਜਿਹਨਾਂ ਦਾ ਮੁਕਾਬਲਾ ਦਿਲ ਗੁਰਦੇ ਵਾਲੇ ਕੂਕੇ ਸਿੰਘ ਹੀ ਕਰ ਸਕੇ ਸਨ। ਇਸ ਸਮੇਂ ਭਾਈ ਲਾਲ ਸਿੰਘ ਲਤਾਲਾ ਕਦੇ ਆਪਣੇ ਨਗਰ ਅਤੇ ਕਦੇ ਘਣੀਏ ਦੇ ਪਾਸ ਬਾਜਾਖਾਨਾ, ਰਿਆਸਤ ਫਰੀਦਕੋਟ ਵਿਚ, ਪ੍ਰਸਿੱਧ ਕੂਕਾ ਆਗੂ ਭਾਈ ਕਾਹਨ ਸਿੰਘ (ਢਿੱਲੋਂ ਪੱਤੀ) ਕੋਲ ਅਤੇ ਮੂਮ (ਰਿਆਸਤ ਪਟਿਆਲਾ) ਦੇ ਭਾਈ ਮੰਗਲ ਸਿੰਘ ਪਾਸ ਵੀ ਨਿਵਾਸ ਰੱਖਦੇ ਰਹੇ ਅਤੇ ਰਿਆਸਤੀ ਕੂਕੇ ਸਿੰਘਾਂ ਦੇ ਹੌਂਸਲੇ ਬੁਲੰਦ ਰੱਖਣ ਲਈ, ਤੁਰ ਫਿਰ ਕੇ ਪ੍ਰਚਾਰ ਕਰਦੇ ਅਤੇ ਥੋਹੜ੍ਹੇ ਥੋਹੜ੍ਹੇ ਅਰਸੇ ਬਾਅਦ, ਡੇਰਾ ਭੈਣੀ ਸਾਹਿਬ ਵਿਚ ਗੁਰੂ ਹਰੀ ਸਿੰਘ ਜੀ ਦੇ ਜਾ ਦਰਸ਼ਨ ਕਰਦੇ ਅਤੇ ਜਿਹੋ ਜਿਹੀ ਸੇਵਾ ਉਹ ਆਪਦੇ ਜ਼ਿੰਮੇ ਲਾਉਂਦੇ ਉਸਨੂੰ ਨਿਬਾਹੁੰਦੇ।[7] ਉਸ ਸਮੇਂ ਦਾ ਇਕ ਸਮਕਾਲੀ ਕਵੀ ਭਾਈ ਕਾਲਾ ਸਿੰਘ ਨੰਗਲ ਹਕੂਮਤਾਂ ਵਲੋਂ, ਕੂਕਿਆਂ ਉਪਰ ਕੀਤੀ ਸਖਤੀ ਨੂੰ ਇਉਂ ਕਲਮਬੰਦ ਕਰਦਾ ਹੈ—

"ਕਈ ਸਿੰਘ ਬਿਸਿਦਕ ਹੋ ਗਏ ਬਹੁਤੇ,
ਜਦੋਂ ਰਾਜਿਆਂ ਏਹ ਘੁਢੰਗ ਕੀਤਾ।
ਕਈ ਦੇਖ ਸੁਣ ਘਣੇ ਬਿਸਿਦਕ ਹੋਏ,
ਕਈਆਂ ਬੇ-ਸਿਦਕਾਂ ਵਾਲਾ ਰੰਗ ਕੀਤਾ।
ਕਈ ਮੁਕਬਰਾਂ ਸਿੰਘ ਫੜਾ ਦਿਤੇ,
ਸਿਦਕ ਕਈਆਂ ਨੇ ਅੰਗ ਤੇ ਭੰਗ ਕੀਤਾ।
ਕਈ ਨਮੇਂ ਬਹੀਰ ਵਿਚ ਸਿੰਘ ਹੋਏ,
ਕਈਆਂ ਹੋਣ ਦਾ ਚਿਤ ਤੁਰੰਗ ਕੀਤਾ।
ਕਿਰਤ ਕਰਦਿਆਂ ਰਹਿਤ ਨੂੰ ਰੱਖਦਿਆਂ ਨੂੰ,
ਇਨਾਂ ਰਾਜਿਆਂ ਸਿੰਘਾਂ ਨੂੰ ਤੰਗ ਕੀਤਾ।
ਸੰਮਤ ਉਨੀ ਸੈ ਵਿਚ ਅਠਾਈਏ ਦੇ,
ਕਾਲਾ ਸਿੰਘ ਏ ਰਾਜਿਆਂ ਢੰਗ ਕੀਤਾ।"[8]

ਸਤਿਗੁਰੂ ਪ੍ਰਤਾਪ ਸਿੰਘ ਜੀ ਸ੍ਰੀ ਭੈਣੀ ਸਾਹਿਬ ਜਾਂ ਹੋਰ ਨਾਮਧਾਰੀ ਦੀਵਾਨਾਂ ਵਿਚ, ਕਥਾ ਕਰਦੇ ਸਮੇਂ, ਨਾਮਧਾਰੀ ਇਤਿਹਾਸ ਦੇ ਬਹੁਤ ਸਾਰੇ ਪ੍ਰਸੰਗ, ਸਾਖੀਆਂ ਜਾਂ ਬਚਨ ਸੰਗਤਾਂ ਨੂੰ ਸੁਣਾਇਆ ਕਰਦੇ ਸਨ। ਇਸ ਤਰ੍ਹਾਂ ਆਪ ਤੋਂ ਸੁਣੇ ਅਨੇਕ ਇਤਿਹਾਸਕ ਬਚਨ, ਸੰਤ ਤਰਨ ਸਿੰਘ ਵਹਿਮੀ ਕ੍ਰਿਤ, "ਜੱਸ ਜੀਵਨ" ਗਰੰਥ ਦਿਆਂ, ਛੇਆਂ ਭਾਗਾਂ ਵਿਚ ਹੀ ਮਿਲਦੇ ਹਨ। ਬਾਬਾ ਲਾਲ ਸਿੰਘ ਲਤਾਲਾ ਨਾਲ ਸਬੰਧਿਤ ਬਚਨ ਵੀ ਸਤਿਗੁਰੂ ਜੀ ਸੁਣਾਇਆ ਕਰਦੇ ਸਨ। ਇਕ ਕਥਾ ਸਮੇਂ ਸਤਿਗੁਰੂ ਪ੍ਰਤਾਪ ਸਿੰਘ ਜੀ, ੧੭ ਜਨਵਰੀ

੧੮੭੨ ਦੀ ਉਸ ਭਿਆਨਕ ਰਾਤ ਦਾ ਜ਼ਿਕਰ ਕਰਦੇ ਹਨ, ਜਿਸ ਦਿਨ ਸਤਿਗੁਰੂ ਜੀ ਨੂੰ ਦੇਸ਼ ਨਿਕਾਲਾ ਦਿੱਤਾ ਗਿਆ ਸੀ। ਭੈਣੀ ਸਾਹਿਬ ਵਿਚ ਇਕ ਸੁੱਖੂ ਲੰਬੜਦਾਰ ਸੀ। ਉਸਦੇ ਨਾਲ ਭਾਈ ਲਾਲ ਸਿੰਘ ਹੋਰਾਂ ਦੀ ਰਿਸ਼ਤੇਦਾਰੀ ਸੀ। ਇਹ ਸੁੱਖੂ ਗੁਰੂ ਘਰ ਦਾ ਮੁੱਢ ਤੋਂ ਹੀ ਨਿੰਦਕ ਅਤੇ ਪਿੰਡ ਦੇ ਦੂਸਰੇ ਲੰਬੜਦਾਰ ਘੁਮੰਡੇ ਨਾਲ ਮਿਲ ਕੇ, ਅਕਸਰ ਕੂਕਿਆਂ ਬਾਰੇ ਸਰਕਾਰੀ ਹਾਕਮਾਂ ਪਾਸ ਮੁਖਬਰੀ ਕਰਿਆ ਕਰਦਾ ਸੀ। ਇਸ ਲਈ ਉਹਨੂੰ ਸਰਕਾਰੀ ਕਾਰਵਾਈ ਦੀ ਅਗਾਊਂ ਸੂਹ ਵੀ ਲੱਗ ਜਾਂਦੀ ਸੀ। 'ਸੰਤ ਲਾਲ ਸਿੰਘ ਜੀ ਲਤਾਈਏ ਹੋਰਾਂ ਦੀ ਸੁੱਖੂ ਨਾਲ ਸਕੀਰੀ ਸੀ। ਸੁੱਖੂ ਕਿਹਾ ਹੁਣ ਡੇਰੇ ਤੇ ਭਾਰਾ ਭਾਣਾ ਵਰਤਣੈ, ਤੂੰ ਸਾਡੇ ਘਰ ਟੁਰ ਆ। ਸੰਤ ਜੀ ਉਤਰ ਦਿੱਤਾ-ਇਕ ਬਾਗ ਵਿਚ ਪੰਛੀ ਰਹਿ ਫਲ ਖਾਂਦਾ ਤੇ ਛਾਂ ਮਾਣਦਾ ਸੀ। ਉਸ ਬਾਗ ਨੂੰ ਅੱਗ ਲੱਗੀ ਤਾਂ ਉਸ ਨੂੰ ਕਿਸੇ ਤੇਰੇ ਜਿਹੇ ਕਿਹਾ, 'ਤੂੰ ਲਾਂਭੇ ਹੋ ਬਚ ਜਾ।' ਤਾਂ ਉਸ ਪੰਛੀ ਉਤਰ ਦਿੱਤਾ—"ਫਲ ਖਾਧੇ ਜਿਸ ਰੁੱਖ ਦੇ ਠੰਢੀ ਮਾਣੀ ਛਾਂ। ਅੱਗ ਲੱਗੀ ਜੇ ਇਸ ਨੇ ਉੱਡ ਹੁਣ ਜਾਣ ਕਿੱਥੇ ਜਾਂ ?" ਤਿਵੇਂ ਮੈਂ ਨੌਂ ਸਾਲ ਦਾ ਇੱਥੇ ਆਇਆ ਹਾਂ ਤੇ ਹੁਣ ੧੯ ਸਾਲ ਦਾ ਹਾਂ। ਏਥੇ ਹੀ ਸੁਖ ਲਿਆ ਹੈ ਤੇ ਏਥੇ ਹੀ ਦੁੱਖ ਭੀ ਭੋਗਾਗਾਂ। ਤੂੰ ਮੈਨੂੰ ਇਹ ਗੱਲ ਆਖ ਹੀ ਨਾ, ਕਹਿ ਲਾਲ ਸਿੰਘ ਸੀ ਚੁੱਪ ਕਰ ਗਏ। ਤੇ ਸੁਖੂ ਸ਼ਰਮਿੰਦਾ ਹੋ ਘਰ ਟੁਰ ਗਿਆ।"[9]

ਉਮਰ ਦੇ ਸਾਲਾਂ ਦੀ ਗਿਣਤੀ ਬਾਰੇ ਵਹਿਮੀ ਜੀ ਨੂੰ ਕੁਝ ਟਪਲਾ ਲੱਗਾ ਹੈ। ਉਹ ੧੮-੧੯ ਸਾਲ ਦੀ ਉਮਰ ਵਿਚ ਡੇਰੇ ਵਿਚ ਆਏ ੧੮੬੨ ਈ. ਵਿਚ। ਦਸ ਸਾਲ ਬਾਅਦ ਇਹ ਜਲਾਵਤਨੀ ਵਾਲਾ ਸਾਕਾ ਵਰਤਿਆ। ਫਿਰ ਬਾਕੀ ਕੂਕਿਆਂ ਜਿਉਂ ਅਗਲੇ ਦਿਨ ਸੁਬਹਾ ਉਹਨਾਂ ਨੂੰ ਵੀ ਲੁਧਿਆਣੇ ਤੌਰ ਦਿੱਤਾ ਅਤੇ ਉੱਥੇ ਕੁਝ ਦਿਨ ਰੱਖ ਕੇ ਪਿੰਡ ਲਤਾਲੇ ਵਿਚ, ਉਹਨਾਂ ਨੂੰ ਕੁਝ ਪਾਬੰਦੀਆਂ ਲਾ ਕੇ, ਭੇਜ ਦਿੱਤਾ ਗਿਆ ਸੀ। ਇਕ ਸਾਧੂ ਖਟੜੇ (ਲੁਧਿਆਣੇ) ਦੇ ਰਘੁਬੀਰ ਸਿੰਘ ਜੀ ਹੋਏ ਹਨ। ਉਹ ਉਦਾਸੀ ਸਾਧੂ ਸਨ ਅਤੇ ਵੈਦਗੀ ਵਿਚ ਵੀ ਚੰਗੀ ਮੁਹਾਰਤ ਰੱਖਦੇ ਸਨ। ਲਾਲ ਸਿੰਘ ਜੀ ਕੂਕਾ ਬਨਣ ਤੋਂ ਪਹਿਲਾਂ ਉਹਨਾਂ ਦੇ ਚੇਲੇ ਸਨ। ਜਦੋਂ ਉਹ ਨਾਮਧਾਰੀ ਪੰਥ ਵਿਚ ਸ਼ਾਮਲ ਹੋ ਗਏ ਤਾਂ ਇਕ ਦਿਨ ਕਿਤੇ ਹੱਸਦਿਆਂ ਖੇਡਦਿਆਂ ਰਘੁਬੀਰ ਸਿੰਘ ਜੀ ਨੇ ਉਹਨਾਂ ਨੂੰ ਕਹਿ ਦਿੱਤਾ ਕਿ ਕੂਕਾ ਬਣ ਗਏ ਹੋ ਤਾਂ ਕੀ ! ਹਾਂ ਤੇ ਆਪਾਂ ਪੁਰਾਣੇ ਮੇਲੀ ਜੋਲੀ। ਇਸ ਤੇ ਮਜ਼ਾਕੀਆ ਅੰਦਾਜ ਵਿਚ ਲਾਲ ਸਿੰਘ ਹੋਰਾਂ ਨੇ ਟਕੋਰ ਲਾਈ ਕਿ ਗਊ ਅਤੇ ਗਧੇ ਦਾ ਕੀ ਮੇਲ ਹੋ ਸਕਦਾ ਹੈ। ਲਾਲ ਸਿੰਘ ਹੋਰਾਂ ਦੇ ਦੁਬਾਰਾ ਇਹ ਕਹਿਣ ਤੇ ਕਿ ਗਊ ਤਾਂ ਉਹ ਹੀ ਹੈ, ਰਘੁਬੀਰ ਸਿੰਘ ਹੋਰਾਂ ਸੋਚਿਆ ਕਿ ਵੇਖੀਏ ਤਾਂ ਸਹੀ ਇਹ ਕੈਸਾ ਪੰਥ ਹੈ ਜਿਸ ਦੀ ਲਾਲ ਸਿੰਘ ਇਤਨੀ ਸਿਫਤ ਕਰ ਰਿਹਾ ਹੈ ਤੇ ਫਿਰ ਵੇਖਣ ਗਏ ਉਹ ਵੀ ਰਸਨਾ ਤੋਂ ਸੁਣ ਕੇ, ਵਹਿਮੀ ਜੀ ਨੇ ਇਸ ਨੂੰ ਜੱਸ ਜੀਵਨ ਵਿਚ ਕਾਨੀ ਬੰਦ ਕਰ ਦਿੱਤਾ। "ਸਤਿਗੁਰੂ ਜੀ ਰਘਬੀਰ ਸਿੰਘ ਜੀ ਖਟੜਿਆਂ ਤੇ ਲਾਲ ਸਿੰਘ ਜੀ ਲਤਾਲੀਆ ਦੀ ਗਊ ਗਧੇ ਦੇ ਮੇਲ ਵਾਲੀ ਸਾਖੀ ਸੁਣਾ ਬਚਨ ਕੀਤਾ-ਸੰਤ ਰਘੁਬੀਰ ਸਿੰਘ ਜੀ ਐਸੇ ਸਿਆਣੇ ਸੀ, ਲਾਲ ਸਿੰਘ ਦੇ ਨੇਤਰ ਬੰਦ ਹੋ ਗਏ ਤਾਂ ਪਹਿਲੋਂ ਕਈ ਦਿਨ ਈਸਗਬੋਲ ਦਾ ਛਿਲਕਾ ਤੜਕਾ ਕਰ ਐਸੀ ਦਵਾਈ ਕੀਤੀ ਫਿਰ ਕਦੇ ਕਸਰ ਨਾ ਪਈ। ਬਵਾਸੀਰ ਭੀ ਲਾਲ ਸਿੰਘ ਜੀ

ਦੀ ਹਟਾਈ ਸੀ। ਉਹ ਕਹਿੰਦੇ ਸੀ—ਲਾਲ ਸਿੰਘ ਹੈ ਤਾਂ ਤੂੰ ਚੇਲਾ ਸੈ, ਪਰ ਉਪਕਾਰੀ ਗੁਰੂ ਵਾਂਗੂੰ ਹੋ ਮਿਲਿਉਂ। ਜੇ ਤੂੰ ਮੈਨੂੰ ਗਊ ਗਧੇ ਦੇ ਮੇਲ ਦੀ ਬੋਲੀ ਨਾ ਮਾਰਦੋਂ ਤਾਂ ਮੈਂ ਕਿਥੋਂ ਸਤਿਗੁਰੂ ਰਾਮ ਸਿੰਘ ਜੀ ਦੀ ਸ਼ਰਨ ਆਉਣਾ ਸੀ। ਸਤਿਗੁਰੂ ਜੀ ਬਚਨ ਕੀਤਾ, ਹਰ ਬਚਨ ਦੂਏ ਦੇ ਕੀਤੇ ਤੋਂ ਬੰਦਾ ਸਬਰ ਕਰੇ ਤੇ ਸਮਝੇ। ਸਹਿਜ ਧੀਰਜ ਨਾਲ ਵਿਚਾਰ ਕਰਨ ਤੇ ਵਰਤਣ ਵਾਲਾ ਵੀ ਕੋਈ ਸਰੇਸ਼ਟ ਪੁਰਸ਼ ਹੀ ਹੁੰਦੈ।"[10]

ਇਸੇ ਤਰ੍ਹਾਂ ਕੂਕਾ ਪੰਥ ਤੇ ਵਾਪਰੇ ਵੱਡੇ ਭਾਣੇ ਤੋਂ ਬਾਅਦ, ਕਈ ਲੋਕ ਚਰਚਾ ਦਾ ਟਾਕਰਾ ਕਰਨ ਤੋਂ ਅਸਮੱਰਥ ਹੋ ਕੇ ਸਤਿਗੁਰੂ ਜੀ ਦੇ ਮਿਸ਼ਨ ਤੋਂ ਮੂੰਹ ਮੋੜ ਗਏ ਸਨ। ਅਜਿਹੇ ਸਮੇਂ ਭਾਈ ਲਾਲ ਸਿੰਘ ਡਾਵਾਂ ਡੋਲ ਹੋਏ ਕੂਕਿਆਂ ਨੂੰ, ਫਿਰ ਭੈਣੀ ਸਾਹਿਬ ਨਾਲ ਜੋੜਨ ਦਾ ਕਾਰਜ ਨਿਬਾਹੁੰਦੇ ਰਹੇ। ਇਸ ਕਾਰਜ ਵਿਚ ਆਸਥਾਵਾਨ ਮਨੁੱਖ ਹੀ ਸਹਾਈ ਹੁੰਦਾ ਹੈ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹੁਕਮ ਨਾਲ, ਸੂਬਾ ਮਸਤਾਨ ਸਿੰਘ ਰਾਇਸਰ ਤੋਂ ਸੁਣਿਆ ਇਕ ਬਚਨ ਵੀ ਵਹਿਮੀ ਜੀ ਲਿਖ ਗਏ ਹਨ। "ਫਿਰ ਸੂਬਾ ਜੀ ਦਸਿਆ, ਇਕ ਕਢਾਣੀ ਘਲੋਟੀ ਦਾ ਉਦਾਸੀ ਸਾਧੂ ਸੀ, ਜੋ ਭਜਨ ਪੁੱਛ ਕੂਕਾ ਸਿੱਖ ਸਜ ਗਿਆ ਸੀ। (੧੮੭੨ ਦੇ ਸਾਕਿਆਂ ਬਾਦ) ਲੋਕਾਂ ਉਸ ਨੂੰ ਕਿਹਾ ਤੂੰ ਸ੍ਰੀ ਚੰਦ ਜੀ ਦਾ ਸਾਥ ਛੱਡ ਕੂਕਾ ਹੋਇਆ ਸੈਂ, ਹੁਣ ਲੈ ਸੁਆਦ ? ਉਸ ਕੱਛ ਲਾਹ ਦਿਤੀ ਤੇ ਸਿਰ ਮੂੰਹ ਮੁਨਾ ਲਿਆ। ਪਰ ਥੋੜੇ ਚਿਰ ਬਾਅਦ ਹੀ ਉਸ ਦੇ ਸਰੀਰ ਨੂੰ ਜਲਨ ਲੱਗ ਗਈ। ਉਹ ਗੁਰੂ ਹਰੀ ਸਿੰਘ ਜੀ ਪਾਸ ਭੈਣੀ ਸਾਹਿਬ ਗਿਆ ਤੇ ਬਖਸ਼ਿਸ਼ ਦੀ ਅਰਜ਼ ਕੀਤੀ। ਗੁਰੂ ਜੀ ਕਿਹਾ-ਸੰਗਤ ਬਖਸ਼ੇਗੀ। ਉਹ ਸਾਧ ਲਾਲ ਸਿੰਘ ਜੀ ਲਤਾਲੀਆ ਪਾਸ ਗਿਆ। ਲਾਲ ਸਿੰਘ ਜੀ ਕਿਹਾ—ਗੁਰੂ ਹਰੀ ਸਿੰਘ ਹੀ ਬਖਸ਼ਣਗੇ। ਗੁਰੂ ਜੀ ਫੇਰ ਕਿਹਾ—ਸੰਗਤ ਹੀ ਬਖਸ਼ੇਗੀ। ਇਸੇ ਤਰ੍ਹਾਂ ੬੦ ਕੋਹ ਪੰਧ ਉਸ ਤਿੰਨ ਵੇਰੀ ਕੀਤਾ, ਤੇ ਅੰਤ ਸੰਤ ਲਾਲ ਸਿੰਘ ਜੀ ਗੁਰੂ ਕਾ ਹੁਕਮ ਮੰਨ, ਉਸ ਨੂੰ ਅੰਮ੍ਰਿਤ ਛਕਾਇਆ, ਰਹਿਤ ਰਖਾਈ, ਭਜਨ ਦੱਸਿਆ, ਤਾਂ ਉਸ ਨੂੰ ਜਲਨ ਦੇ ਦੁਖੋਂ ਅਰਾਮ ਹੋਇਆ। ਭਜਨ ਭੀ ਫੇਰ ਹੋਣ ਲੱਗਾ। ਮੈਂ ਇਹ ਬਚਨ ਸਤਿਗੁਰੂ ਜੀ ਨੂੰ ਸੁਣਾਇਆ ਤਾਂ ਉਹਨਾਂ ਬਚਨ ਕੀਤਾ, ਕਈਆਂ ਨੂੰ ਇਸੇ ਤਰ੍ਹਾਂ ਸਿੱਝਦੈ।"[11]

ਸਤਿਗੁਰੂ ਰਾਮ ਸਿੰਘ ਜੀ, ਪ੍ਰਮੁੱਖ ਸੂਬਾ ਜਵਾਹਰ ਸਿੰਘ ਜੀ ਅਤੇ ਹੋਰ ਮਹੱਤਵਪੂਰਨ ਕੂਕਾ ਆਗੂਆਂ ਦੀ ੧੮੬੨ ਤੋਂ ਜਨਵਰੀ ੧੮੭੨ ਤੱਕ ਨਿਕਟਤਾ ਮਾਨਣ ਵਾਲੇ ਲਾਲ ਸਿੰਘ ਜੀ ਲਤਾਲਾ ਨੇ, ਕੂਕਾ ਇਤਿਹਾਸ ਦੀਆਂ ਅਨੇਕ ਰੌਚਕ ਅਤੇ ਇਤਿਹਾਸਿਕ ਘਟਨਾਵਾਂ ਨੂੰ, ਵੇਖਦਿਆਂ, ਹੀ ਇਹ ਵਕਤ ਬਤੀਤ ਕੀਤਾ ਸੀ। ਉਹ ਸਤਿਗੁਰੂ ਰਾਮ ਸਿੰਘ ਜੀ ਦੀ ਅਦੁੱਤੀ ਸ਼ਖਸੀਅਤ ਦੇ, ਵਿਭਿੰਨ ਪਸਾਰਾਂ ਦੇ ਰੰਗ ਵਿਚ ਤਾਂ ਪੂਰੀ ਤਰ੍ਹਾਂ ਰੰਗੇ ਹੀ ਗਏ ਸਨ। ਉਹਨਾਂ ਨੂੰ ਆਪਣੇ ਨੇੜੇ ਦੇ ਅਤੇ ਹੋ ਗੁਜ਼ਰੇ ਇਤਿਹਾਸ ਦੀ ਵੀ ਚੋਖੀ ਸਮਝ ਸੀ। ਇਸ ਲਈ ਉਹ ਆਪਣੇ ਇਸ ਗਿਆਨ ਦਾ ਪ੍ਰਗਟਾਵਾ ਉਹਨਾਂ ਬਚਨਾਂ ਵਿਚ ਅਕਸਰ ਹੀ ਕਰਦੇ ਸਨ ਜੋ ਉਹ ਗੁਰੂ ਮਹਿਮਾ ਦੇ ਬਖਾਨ ਸਮੇਂ ਵਰਤਦੇ। ਨੰਗਲੇ ਪਿੰਡ ਵਿਚ ਸਤਿਗੁਰੂ ਰਾਮ ਸਿੰਘ ਨੇ ਸੌ ਸਵਾ ਸੌ ਦੇ ਮਸਤਾਨਾ ਦਲ ਨੂੰ ਜਿਵੇਂ

ਡਾਂਗਾਂ ਖਾਣ ਲਈ ਇਕ ਕਤਾਰ ਵਿਚ ਖੜੇ ਹੋ ਜਾਣ ਦਾ ਹੁਕਮ ਕੀਤਾ ਅਤੇ ਜਿਵੇਂ ਉਹਨਾਂ ਸਿਰ ਨਿਵਾ ਕੇ ਇਹ ਬਚਨ ਮੰਨਿਆ, ਉਸਨੂੰ ਭਾਈ ਲਾਲ ਸਿੰਘ ਲਤਾਲੀਏ ਦੇ ਸ਼ਬਦਾਂ ਦੇ ਸਹਾਰੇ, ਸਤਿਗੁਰੂ ਪ੍ਰਤਾਪ ਸਿੰਘ ਜੀ ਨਾਮਧਾਰੀ ਸੰਗਤ ਨੂੰ ਆਪਣੇ ਉਪਦੇਸ਼ਾਂ ਵਿਚ ਅਨੇਕ ਵਾਰ ਸੁਣਾਉਂਦੇ ਰਹੇ ਹਨ—

"ਇਹ (ਮਸਤਾਨੇ) ਸੂਬਿਆਂ ਨੂੰ ਕਹਿੰਦੇ ਹੁੰਦੇ ਸਨ ਕਦੇ-ਕਦੇ "ਤੁਹਾਡੇ ਕਾਲਜੇ ਮੁਸ਼ਕਦੇ ਹਨ ਜਿਸ ਤਰ੍ਹਾਂ ਡੈਣ ਕਹਿੰਦੀ ਹੈ।" ਕਿਸ ਕਰਕੇ-ਕੋਈ ਛਕਣ ਛਕਾਉਣ ਵਾਲੇ ਸਰੀਰ ਸਨ, ਕੋਈ ਰੌਲਾ ਗੌਲਾ ਕਿਸੇ ਗੱਲ ਦਾ ਹੁੰਦਾ ਹੈ। ਉਹ ਬਿਲਕੁਲ ਨਿਹੰਗ ਆਦਮੀ ਸਨ ਜਿਹੜੇ ਸੱਚ ਬੋਲਦੇ ਸੀ। ਸਤਿਗੁਰਾਂ ਕੋਲ ਅਰਜ਼ ਹੋਈ ਕਿ ਹਰਨਾਮ ਸਿੰਘ ਨੂੰ ਮਾਰਿਆ ਹੈ। ਗਿਆਨੀ ਸਿੰਘ ਹੋਰੀਂ ਬੜੇ ਨਰਾਜ਼ ਹੋਏ। ਸਾਰੇ ਸੂਬੇ ਇਕੱਠੇ ਹੋ ਕੇ, ਆ ਕੇ ਅਰਜ਼ ਕਰਦੇ ਨੇ, "ਤੁਸਾਂ ਇਹਨਾਂ ਨੂੰ ਮਸਤਾ ਦਿੱਤਾ ਹੈ, ਇਹ ਹਰ ਇਕ ਦੀ ਇਜ਼ਤ ਲਾਹੁੰਦੇ ਹਨ।"

"ਸਤਿਗੁਰਾਂ ਨੇ ਬੁਲਾਏ, ਦੋ ਮਾਈਆਂ ਵੀ ਨਾਲ ਸੀਆਂ-ਇਕ ਮਾਈ ਦਿੱਤੂਪੁਰੇ ਦੀ ਸੀ, ਇਕ ਹੰਡਿਆਏ ਦੀ ਸੀ। ਸਤਿਗੁਰਾਂ ਨੇ ਸੋਟਾ ਬਾਂਸ ਦਾ ਮੰਗਵਾਇਆ, ਲੈ ਕੇ ਜ਼ਮੀਨ ਤੇ ਮਾਰਿਆ-ਟੁੱਟ ਗਿਆ, ਹੋਰ ਮੰਗਵਾਇਆ ਤੇ ਦੋ ਵਾਰ ਜ਼ਮੀਨ ਤੇ ਮਾਰ ਕੇ ਵੇਖਿਆ, ਨਾ ਟੁੱਟਿਆ ਨੰਗਲੇ ਪਿੰਡ ਵਿਚ ਸੁੱਕਾ ਹੋਇਆ ਛੱਪੜ ਸੀ, ਇਕ ਕੰਢੇ ਤੇ ਖੜੇ ਹੋ ਗਏ। ਉਹਨਾਂ (ਮਸਤਾਨਿਆਂ) ਨੇ ਚੱਕਰ ਬੰਨ੍ਹਿਆ-ਸਤਿਗੁਰੂ ਜੀ ਵਿਚ ਆਏ, ਇਕ-ਇਕ ਡਾਂਗ, ਇਕ ਪਾਸੇ ਵੱਜਦੀ ਗਈ-ਸਾਰਿਆਂ ਨੂੰ। ਸੀ-ਹਾਏ ਕਿਸੇ ਨੇ ਨਹੀਂ ਕੀਤੀ। ਜਿਸ ਵੇਲੇ ਚੱਕਰ ਪੂਰਾ ਹੋ ਗਿਆ, ਕਹਿੰਦੇ ਹਨ, "ਸੱਚੇ ਪਾਤਸ਼ਾਹ! ਐਸ ਪਾਸੇ ਦੇ ਪਾਪ ਰਹਿੰਦੇ ਹਨ—ਇਹ ਵੀ ਝਾੜੋ।"

ਜਉ ਤਉ ਪ੍ਰੇਮ ਖੇਲਣ ਕਾ ਚਾਉ।
ਸਿਰੁਧਰਿ ਤਲੀ ਗਲੀ ਮੇਰੀ ਆਉ।
ਇਤੁ ਮਾਰਗਿ ਪੈਰੁ ਧਰੀਜੈ।
ਸਿਰੁ ਦੀਜੈ ਕਾਣਿ ਨ ਕੀਜੈ।(ਮ. ੧, ਪੰਨਾ ੧੪੧੨)

"ਦੂਸਰੇ ਪਾਸੇ ਵਜੀਆਂ। ਹੁਕਮ ਮਿਲ ਗਿਆ, "ਭਾਈ, ਕੋਈ ਇਨ੍ਹਾਂ ਨੂੰ ਰੋਟੀ ਨਾ ਦੇਵੇ, ਕੋਈ ਇਨ੍ਹਾਂ ਨੂੰ ਘਰ ਨਾ ਵੜਨ ਦੇਵੇ।"

"ਅੱਜ ਕੱਲ੍ਹ ਵਰਗਾ ਸੌਦਾ ਨਹੀਂ ਸੀ, ਜੇ ਇੱਥੋਂ ਕਿਸੇ ਨੂੰ ਆਖੀਏ, "ਕੱਢ ਦਿਓ" ਤਾਂ ਦਸ ਉਹਦੇ ਨਾਲ ਦੇ ਸਾਥੀ ਹੁੰਦੇ ਹਨ। ਸਤਿਗੁਰਾਂ ਦਾ ਹੁਕਮ ਸੀ-ਬਾਬੇ ਲਾਲ ਸਿੰਘ ਹੋਰੀਂ ਲਤਾਲੀਏ ਕਹਿੰਦੇ ਸਨ, ਕਿ ਨਾਦਰ ਸ਼ਾਹੀ ਹੁਕਮ ਸੀ ਸਤਿਗੁਰਾਂ ਦਾ-ਕੀ ਮਜਾਲ ਹੈ ਰਤਾ ਭੀ ਕੋਈ ਫਰਕ ਪਵੇ। ਉਹਨਾਂ ਨੂੰ ਹੁਕਮ ਦਿੱਤਾ, "ਜਾਓ ਤੁਰ ਜਾਓ।"

"ਹੁਣ ਜਾਣ ਕਿੱਧਰ-ਥਾਂ ਤੇ ਕੋਈ ਰਹਿ ਨਾ ਗਿਆ, ਨਾ ਕਿਸੇ ਨਾਲ ਪਿਆਰ ਰਹਿ ਗਿਆ, ਨਾ ਕੋਈ ਚੀਜ਼ ਰਹਿ ਗਈ, ਇਕੋ ਸੌਦਾ ਸਭ ਕੁਛ ਤੋੜ ਕੇ-

ਹਭੇ ਸਾਕ ਕੂੜਾਵੇ ਡਿਠੇ ਤਉ ਪਲੈ ਤੈਡੈ ਲਾਗੀ।(ਮ: ੫ ਪੰਨਾ ੯੬੩)"।[12]

ਪਰਸੰਗ ਲੰਮਾ ਹੈ। ਚਾਰ ਪੰਜ ਦਿਨ ਬਾਅਦ ਸ. ਗੁਰਦਿਤ ਸਿੰਘ ਕਸਾਈਵਾੜਾ

(ਕਰਤਾਰਗੜ੍ਹ) ਦੇ ਅਰਜ਼ ਕਰਨ ਤੇ ਬਖਸ਼ਬੰਦੀ ਹੋਈ। ਐਸੇ ਦੌਰ ਵਿਚ ਉਹਨਾਂ ਸਿਦਕੀ ਸਿੱਖਾਂ ਦੇ ਅੰਗ ਸੰਗ ਵਿਚਰਨ ਵਾਲੇ, ਲਾਲ ਸਿੰਘ ਜੈਸੇ ਸਿੰਘ ਵਡਭਾਗੇ ਸਨ, ਜਿਹਨਾਂ ਤੋਪਾਂ ਅੱਗੇ ਤੂੰਬਾ ਤੂੰਬਾ ਹੋ ਕੇ ਖਿੜੇ ਮੱਥੇ ਉਡਣ ਵਾਲਿਆਂ ਸ਼ਹੀਦ ਸਿੰਘਾਂ ਅਤੇ ਉਹਨਾਂ ਦੇ ਮਹਾਨ ਸਤਿਗੁਰੂ ਨੂੰ, ਆਪਣੇ ਨੈਣਾਂ ਨਾਲ ਨਿਹਾਰਿਆ ਸੀ।

ਜਿਵੇਂ ਕਿ ਅਕਸਰ ਹਰ ਵਾਰ ਹੁੰਦਾ ਹੈ ਜਦੋਂ ਵੀ ਗੁਰੂ ਜੋਤ ਬਦਲਦੀ ਹੈ ਤਾਂ ਉਹਨਾਂ ਦੀ ਦੇਹ ਨਾਲ ਲੰਮਾ ਸਮਾਂ, ਦਰਸ਼ਨ ਰੂਪ ਵਿਚ ਜੁੜੇ ਸਿੰਘਾਂ ਨੂੰ, ਨਵੇਂ ਸਤਿਗੁਰੂ ਤੇ ਇਤਕਾਦ ਲਿਆਉਣ ਵਿਚ ਕੁਝ ਦਿੱਕਤਾਂ ਆਉਂਦੀਆਂ ਹਨ। ਰਵਾਇਤ ਹੈ ਕਿ ਮਜਨੂੰ ਨੂੰ ਜੋ ਲੈਲਾ ਦੀ ਭਾਲ ਵਿਚ ਫਿਰ ਰਿਹਾ ਸੀ ਕਿਸੇ ਨੇ ਦੱਸਿਆ ਕਿ ਮੀਆਂ ਮਜਨੂੰ, ਅੱਲਾ ਤਾਅਲਾ ਤੈਨੂੰ ਮਿਲਣ ਆ ਰਹੇ ਹਨ, ਸਾਵਧਾਨ ਹੋ ਜਾ। ਮਜਨੂੰ ਦਾ ਜੁਆਬ ਸੀ ਕਿ ਆਪਣੇ ਅੱਲਾ ਤਾਅਲਾ ਨੂੰ ਕਹਿ ਦਿਉ ਕਿ ਮਜਨੂੰ ਨੂੰ ਮਿਲਣਾ ਹਈ ਤਾਂ ਲੈਲਾ ਦੇ ਰੂਪ ਵਿਚ ਆ ਕੇ ਹੀ ਮਿਲ ਸੱਕੇਗਾਂ। ਵੈਸੇ ਨਹੀਂ। ਇਸੇ ਤਰ੍ਹਾਂ ਸਾਖੀ ਹੈ ਕਿ ਜੰਗਲ ਵਿਚ ਬੈਠੇ ਹਨੂਮਾਨ ਨੂੰ ਕਰਿਸ਼ਨ ਜੀ ਦੇ ਚੇਲਿਆਂ ਨੇ ਕਿਹਾ ਕਿ ਇਹ ਦੁਆਪਰ ਯੁੱਗ ਦੇ ਭਗਵਾਨ ਕਰਿਸ਼ਨ ਹਨ, ਦਰਸ਼ਨ ਕਰ ਲਉ। ਰਾਮਭਗਤ ਹਨੂਮਾਨ ਦਾ ਜੁਆਬ ਸੀ, "ਭਾਈ ਆਪਣੇ ਭਗਵਾਨ ਨੂੰ ਆਖੋ ਹਨੂਮਾਨ ਤਾਂ ਰਾਮ ਚੰਦਰ ਜੀ ਦਾ ਉਪਾਸ਼ਕ ਹੈ। ਉਹਨਾਂ ਦੇ ਰੂਪ ਵਿਚ ਆ ਕੇ ਹੀ ਮਿਲ ਸਕਦੇ ਹਨ। ਇਹੋ ਜਿਹੀ ਦਸ਼ਾ ਸਤਿਗੁਰੂ ਰਾਮ ਸਿੰਘ ਜੀ ਦੇ ਪਰਦੇਸ਼ ਗਮਨ ਤੋਂ ਬਾਅਦ ਕੂਕਿਆਂ ਦੀ ਹੋ ਗਈ ਸੀ। ਉਹ ਕਈ ਚਿਰ ਭੈਣੀ ਸਾਹਿਬ ਗੁਰੂ ਹਰੀ ਸਿੰਘ ਜੀ ਦੇ ਦਰਸ਼ਨਾਂ ਲਈ ਨਾ ਗਏ। ਪਰ ਫਿਰ ਸਮਾਂ ਪਾ ਕੇ ਨਵੇਂ ਸਤਿਗੁਰੂ ਸਾਹਿਬ ਦੇ ਪ੍ਰੇਮ ਨੇ ਉਹਨਾਂ ਦੇ ਹਿਰਦੇ ਵਿਚ ਉਛਾਲਾ ਖਾਧਾ ਅਤੇ ਉਹ ਨਵੀਂ ਮੂਰਤੀ ਤੇ ਇਤਕਾਦ ਲਿਆ ਕੇ ਗੁਰੂ ਵਾਲੇ ਬਣਨ ਵਿਚ ਸਫਲ ਹੋਏ। ਭਾਈ ਲਾਲ ਸਿੰਘ ਲਤਾਲੀਏ ਵਿਚ ਇਹ ਰੂਪਾਂਤਰਣ ਕਿਵੇਂ ਹੋਇਆ? ਇਸਦਾ ਸਟੀਕ ਵਰਣਨ ਵੀ ਲਾਲ-ਰਤਨਾਂ ਦੀ ਖਾਨ, ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਉਪਦੇਸ਼ਾਂ ਵਿਚ ਮਿਲਦਾ ਹੈ।

"ਏਥੇ ਹੁਣ ਮੈਨੂੰ ਪ੍ਰਸੰਗ ਯਾਦ ਆ ਗਿਆ ਹੈ। ਬਹੁਤ ਸਾਰੇ ਨਾਮਧਾਰੀ ਸਿੱਖ, ਸੱਚੇ ਪਾਤਸ਼ਾਹ ਦੇ ਪਰਦੇਸ ਜਾਣ ਤੋਂ-ਸਤਿਗੁਰੂ ਰਾਮ ਸਿੰਘ ਦੇ-ਭੈਣੀ ਸਾਹਿਬ ਜਾਣਾ ਛੱਡ ਬੈਠੇ। ਸਤਿਗੁਰਾਂ ਦਰਸ਼ਨ ਦੇ ਕੇ, ਉਨ੍ਹਾਂ ਨੂੰ ਆਖਿਆ ਜਾਓ। ਔਰ ਉਨ੍ਹਾਂ ਇਹ ਚਿੱਤ 'ਚ ਧਾਰੀ ਕਿ ਗੁਰੂ ਹਰੀ ਸਿੰਘ ਦਾ ਦਰਸ਼ਨ ਜੇ ਸਤਿਗੁਰੂ ਰਾਮ ਸਿੰਘ ਦਾ ਦਰਸ਼ਨ ਹੋਵੇ ਤਾਂ ਅਸੀਂ ਮੰਨਾਗੇ। ਉਹ ਜਿਸ ਵੇਲੇ ਗਏ—ਜਿਸ ਤਰ੍ਹਾਂ ਹਨੂਮਾਨ ਨੂੰ ਰਾਮ ਚੰਦਰ ਜੀ ਤੇ ਲਛਮਣ ਜੀ ਬਣ ਕੇ ਤੇ ਮਰਦਾਨਾ ਸੀਤਾ ਬਣ ਕੇ ਗੁਰੂ ਨਾਨਕ ਨੇ ਦਿਖਾਇਆ ਸੀ, ਉਹਨਾਂ ਨੂੰ ਇਸੇ ਤਰ੍ਹਾਂ ਦਰਸ਼ਨ ਹੋਇਆ। ਬਾਬਾ ਲਾਲ ਸਿੰਘ ਜੀ ਲਤਾਲੀਏ, ਮੈਨੂੰ ਲੱਗੇ ਦੱਸਣ, "ਮੈਂ ਕਈ ਸਾਲ ਨਾ ਗਿਆ, ਸਤਿਗੁਰਾਂ ਦਾ ਦਰਸ਼ਨ ਹੋਇਆ ਦ੍ਰਿਸ਼ਟਾਂਤ 'ਚ। ਮੈਂ ਸਤਿਗੁਰਾਂ ਦੇ ਅੱਗੇ ਦੋ ਰੁਪਈਏ ਮੱਥਾ ਟੇਕੇ-ਪਿੱਛੇ ਹਟ ਗਏ। ਕਹਿੰਦੇ-ਅਸੀਂ ਨਹੀਂ ਤੇਰੇ ਰੁਪਈਏ ਲੈਣੇ।

ਕਿਉਂ?

ਕਹਿੰਦੇ, "ਜੇ ਰੁਪਈਏ ਮੱਥਾ ਟੇਕਣੇ ਨੇ ਤਾਂ ਉੱਥੇ ਗੁਰੂ ਹਰੀ ਸਿੰਘ ਜੀ ਦੇ ਅੱਗੇ ਜਾ ਕੇ ਟੇਕ।"

ਕਹਿੰਦੇ, "ਮੈਂ ਆਇਆ। ਜਿਸ ਵੇਲੇ ਮੈਂ ਆਇਆ ਮੱਥਾ ਟੇਕਿਆ। ਮੈਨੂੰ (ਗੁਰੂ ਹਰੀ ਸਿੰਘ ਜੀ) ਕਹਿੰਦੇ-ਭਾਈ ਲਾਲ ਸਿਹਾਂ ਤੈਨੂੰ ਅਸੀਂ ਬੜੇ ਚਿਰ ਦੇ ਯਾਦ ਕਰਦੇ ਸੀ।"

ਤਾਂ ਇਹ ਇਕ ਕੁਦਰਤੀ ਗੱਲ ਹੈ—

ਜਿਸ ਨੋ ਤੂ ਜਾਣਾਇਹਿ ਸੋਈ ਜਨੁ ਜਾਣੈ ॥

—ਆਸਾ ਮਹਲਾ ੪, ਪੰਨਾ ੧੧[13]

ਜਨਵਰੀ ੧੮੭੫ ਤੋਂ ਕੂਕੇ ਸਿੰਘ ਬਾਬਾ ਦਰਬਾਰਾ ਸਿੰਘ ਕਿਲ੍ਹਾ ਰਾਇਪੁਰੀਏ ਤੋਂ ਸ਼ੁਰੂ ਹੋ ਕੇ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਲਈ ਭੇਸ ਬਦਲ ਕੇ, ਸਫ਼ਰ ਦੀਆਂ ਦੁਸ਼ਵਾਰੀਆਂ ਝੱਲ ਕੇ ਰੰਗੂਨ ਪਹੁੰਚਦੇ ਅਤੇ ਸਰਕਾਰੀ ਪਹਿਰੇ ਤੋਂ ਨਜ਼ਰਾਂ ਬਚਾ ਕੇ ਮਹਿਬੂਬ ਸਤਿਗੁਰੂ ਦੇ ਦਰਸ਼ਨ ਦੀਦਾਰ ਕਰਦੇ। ਪੱਤਰ ਉਹਨਾਂ ਨੂੰ ਸਉਂਪਦੇ ਆਪਣੇ ਹਾਲਾਤ ਬਾਰੇ ਅਤੇ ਹੁਕਮਨਮੇ ਉਹਨਾਂ ਤੋਂ ਪੰਜਾਬ ਦੀ ਸੰਗਤ ਨਮਿਤ ਹਾਸਲ ਕਰਦੇ। ਸਰਕਾਰੀ ਰੀਕਾਰਡ ਵਿਚ ਭਾਈ ਲਾਲ ਸਿੰਘ ਲਤਾਲਾ ਦਾ ਇੱਕੋ ਸਾਲ ੧੮੮੦ ਈ. ਵਿਚ ਹੀ ਜੂਨ ਅਤੇ ਫਿਰ ਅਗਸਤ ਦੇ ਮਹੀਨੇ ਦੋ ਵੇਰ, ਸਤਿਗੁਰੂ ਦਰਸ਼ਨਾਂ ਲਈ ਰੰਗੂਨ ਜਾਣ ਦਾ ਵਰਣਨ ਮਿਲਦਾ ਹੈ। ਭਾਈ ਲਾਲ ਸਿੰਘ ਲਤਾਲਾ ਬਾਬਤ, ਮਹੱਤਵਪੂਰਨ ਕੂਕਿਆਂ ਵਾਲੀ ਸੂਚੀ ਦੇ ਉਹਨਾਂ ਦੇ ਨਾਂ ਵਾਲੀ ਲਿਸਟ ਦੇ, ਖਾਨਾ ਨੰਬਰ 9 ਵਿਚ, ਇਸ ਪਰਥਾਇ ਵਡਮੁੱਲੀ ਜਾਣਕਾਰੀ ਦਰਜ ਹੈ—

"ਫਰਵਰੀ ੧੮੮੦ ਦੇ ਆਸ ਪਾਸ ਇਹ ਵਿਅਕਤੀ, ਪਿੰਡ ਘਣੀਆਂ ਬਾਜਾ (ਬਾਜਾ ਖਾਨਾ), ਰਿਆਸਤ ਫਰੀਦਕੋਟ ਵਿਚ ਜਾ ਰਿਹਾ ਜਿਥੇ ਉਸਦਾ ਡੇਰਾ ਕਾਹਨ ਸਿੰਘ ਪਾਸ ਸੀ। ਜੂਨ ਮਹੀਨੇ ਵਿਚ ਉਹ ਗੁਰੂ ਰਾਮ ਸਿੰਘ ਨੂੰ ਰੰਗੂਨ ਜਾ ਕੇ ਮਿਲ ਕੇ ਆਇਆ। ਉਥੋਂ ਆ ਕੇ ਉਸਨੇ ਆਪਣੀ ਜ਼ਮੀਨ ਜਾਇਦਾਦ ਵੇਚ ਦਿੱਤੀ ਅਤੇ ਹੁਣ ਪਟਿਆਲਾ ਰਿਆਸਤ ਦੇ ਪਿੰਡ ਮੂਮ ਵਿਚ ਇਕ ਮੰਗਲ ਸਿੰਘ ਪਾਸ ਰਹਿਣ ਲੱਗ ਪਿਆ। ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਗੁਰੂ ਰਾਮ ਸਿੰਘ ਦੇ ਕੁਝ ਮਹੱਤਵਪੂਰਨ ਪੱਤਰ (ਹੁਕਮਨਾਮੇ) ਲਾਲ ਸਿੰਘ ਦੇ ਪਾਸ ਹਨ। (ਵੇਖੋ ਪੈਰਾ ੨੯, ਸਫਾ ੧੬੦, ਭਾਗ ਦੂਜਾ ਸੰਖੇਪ ਖੁਫੀਆ ਸਿਆਸੀ) ਦੂਸਰੀ ਵਾਰ ਉਹ ਰੰਗੂਨ ਅਗਸਤ ੧੮੮੦ ਵਿਚ, ਮਹੰਤ ਹੀਰਾ ਸਿੰਘ ਉਰਫ "ਲੰਬੂ", ਸਢੌਰਾ, ਅੰਬਾਲਾ ਜ਼ਿਲ੍ਹਾ ਅਤੇ ਹੋਰਨਾਂ ਨਾਲ ਗਿਆ। ਵਾਪਸੀ ਤੇ 1 ਸਿਤੰਬਰ ਨੂੰ ਉਹਨਾਂ ਨੂੰ ਕਲਕੱਤਾ ਵਿਖੇ ਗ੍ਰਿਫਤਾਰ ਕਰ ਲਿਆ ਗਿਆ ਅਤੇ ਪੁਲੀਸ ਦੇ ਪਹਿਰੇ ਹੇਠ ਅੰਬਾਲੇ ਭੇਜਿਆ ਗਿਆ। ਜਿੱਥੇ ਪੰਜਾਬ ਸਰਕਾਰ ਦੇ ਹੁਕਮ ਅਨੁਸਾਰ ਉਹਨਾਂ ਨੂੰ ਬਿਨਾਂ ਸ਼ਰਤ ਰਿਹਾ ਕਰ ਦਿੱਤਾ ਗਿਆ ਸੀ। ਉਹ ਭੈਣੀ (ਸਾਹਿਬ) ਵਿਖੇ ਬਾਬਾ ਬੁੱਧ ਸਿੰਘ (ਗੁਰੂ ਹਰੀ ਸਿੰਘ ਜੀ) ਕੋਲ ਅਕਸਰ ਜਾਂਦਾ ਰਹਿੰਦਾ ਹੈ ਅਤੇ ਉਸ ਨੂੰ ਇਕ ਗੁਸੈਲ ਅਤੇ ਭੈੜੇ ਸੁਭਾਉ ਦੇ ਵਿਅਕਤੀ ਦੇ ਤੌਰ ਤੇ ਜਾਣਿਆ ਜਾਂਦਾ ਹੈ।"[14]

ਬਸਤੀਵਾਦੀ ਹਕੂਮਤ ਆਪਣੇ ਰਾਜ ਦੀ ਸਲਾਮਤੀ ਲਈ ਖ਼ਤਰਾ ਬਣੇ, ਇਹੋ

ਜਿਹੇ ਕੂਕੇ ਮਰਜੀਵੜਿਆਂ ਨੂੰ, ਜਿਹਨਾਂ ਨੂੰ ਆਪਣੇ ਕੌਮੀ ਜਜ਼ਬੇ ਦੇ ਤਹਿਤ ਘਰ ਘਾਟ ਅਤੇ ਜ਼ਮੀਨ ਜਾਇਦਾਦਾਂ ਨੂੰ ਠੋਕਰ ਮਾਰ ਕੇ, ਖਾਨਾਬਦੋਸ਼ਾਂ ਵਾਲਾ ਜੀਵਨ ਧਾਰਨ ਕਰਨ ਲਿਆ ਹੋਵੇ, ਇਹੋ ਜਿਹੇ ਵਿਸ਼ੇਸ਼ਣਾਂ ਨਾਲ ਹੀ ਨਿਵਾਜਿਆ ਕਰਦੀ ਸੀ, ਜਿਹੋ ਜਿਹੇ ਬਾਬਾ ਲਾਲ ਸਿੰਘ ਲਤਾਲਾ ਹੋਰਾਂ ਦੇ ਸੁਭਾਉ ਬਾਰੇ, ਉਹਨਾਂ ਆਪਣੀ ਰੀਪੋਰਟ ਵਿਚ ਵਰਤੇ ਹਨ। ਉਨ੍ਹੀਵੀਂ ਸਦੀ ਦੇ ਅਠਵੇਂ ਨੌਵੇਂ ਦਹਾਕੇ ਵਿਚ, ਅੰਗਰੇਜ਼ ਹਾਕਮਾਂ ਨੂੰ ਪੰਜਾਬ ਦੇ ਲੋਕਾਂ ਦੀ ਮੱਦਦ ਲਈ, ਰੂਸੀ ਸੈਨਿਕ ਹਮਲੇ ਦਾ ਖ਼ਤਰਾ ਲਗਾਤਾਰ ਸਤਾਉਂਦਾ ਰਹਿੰਦਾ ਸੀ। ਇਸੇ ਲਈ ਉਹ ਹਿੰਦੁਸਤਾਨ ਦੇ ਪੱਛਮੀ ਗੁਆਂਢੀ, ਅਫਗਾਨਿਸਤਾਨ ਦੀ ਸੁਤੰਤਰ ਸਰਕਾਰ ਤੋੜ ਕੇ, ਆਪਣੇ ਪਿੱਠੂਆਂ ਦੀ ਹਕੂਮਤ ਕਾਇਮ ਕਰਨ ਲਈ, ਵਾਰ ਵਾਰ ਸਫਲ, ਅਸਫਲ ਪ੍ਰਯਾਸ ਕਰਦੀ ਰਹਿੰਦੀ ਸੀ। ਰੰਗੂਨ ਵਿਚ ਬੈਠੇ ਸਤਿਗੁਰੂ ਰਾਮ ਸਿੰਘ ਜੀ ਵੀ ਅਕਸਰ ਆਪਣੇ ਹੁਕਮਨਾਮਿਆਂ ਦੁਆਰਾ ਪੇਸ਼ਾਵਰ ਤੋਂ ਅੱਗੇ ਕਾਬਲ ਵਿਚ ਲੱਗਣ ਵਾਲੀ ਕਿਸੇ ਵੀ ਲੜਾਈ ਅਤੇ ਰੂਸੀ ਸੈਨਾ ਕਿੱਥੋਂ ਤੱਕ ਅੱਪੜੀ ਹੈ, ਇਹੋ ਜਿਹੀਆਂ ਪੁੱਛਾਂ ਕਰਦੇ ਰਹਿੰਦੇ ਸਨ। ਸੂਬਾ ਬਿਸ਼ਨ ਸਿੰਘ ਪਹਿਲਾਂ ਅਤੇ ਸੂਬਾ ਗੁਰਚਰਨ ਸਿੰਘ ਰਤਾ ਮਗਰੋਂ, ਕੂਕਾ ਮਿਸ਼ਨ ਦੀ ਸਫਲਤਾ ਲਈ, ਰੂਸੀ ਹਾਕਮਾਂ ਨਾਲ ਸੰਪਰਕ ਸਾਧਣ ਦੇ ਸਿਰ ਤੋੜ ਜਤਨ ਕਰ ਰਹੇ ਸਨ। ਕੂਕੇ ਮਸਤਾਨੇ ਖੁੱਲ੍ਹਮ ਖੁੱਲ੍ਹਾ, ਭਾਈ ਚੰਦਾ ਸਿੰਘ ਦੇ ਉਸ ਸਮੇਂ ਲਿਖੇ ਬਾਰਾਂਮਾਹ ਦੀਆਂ ਇਹ ਤੁਕਾਂ, ਵਜਦ ਵਿਚ ਆਏ, ਕਿਸੇ ਸੁਨਹਿਰੇ ਭਵਿੱਖ ਦੀ ਆਸ ਵਿਚ, ਜਿਸ ਨਾਲ ਸਤਿਗੁਰੂ ਜੀ ਦੀ ਦੇਸ਼ ਵਾਪਸੀ ਜੁੜਦੀ ਸੀ, ਪਿੰਡੋ ਪਿੰਡ ਸ਼ਹਿਰੋ ਸ਼ਹਿਰ ਪੜ੍ਹਦੇ, ਅਗੰਮੀ ਰੰਗ ਵਿਚ ਵਿਚਰਦੇ ਸਨ—

"ਸਤਿਗੁਰ ਬੋਲਨ ਮੁੱਖ ਥੀਂ ਬੈਣ,
ਘੱਲੇ ਸ਼ਹੀਦ ਰੂਸ ਨੂੰ ਲੈਣ,
ਉਹਦੇ ਜਾਇ ਪਲੰਘ ਤੇ ਬੈਹਣ,
ਫੜ ਸਲੋਤਰ ਮਾਰਨ ਪੈਣ,
ਲਿਖੇ ਹੁਕਮਨਾਮੇ ਹੱਥ ਦੇਣ,
ਆਪ ਅਕਾਲ ਦੇ।
ਦੋਹਿਰਾ—
ਹੁਕਮਨਾਮਾ ਹੱਥ ਦੇ ਕੇ, ਬਚਨ ਸੁਣਾਇਆ ਏਹ।
ਇਹ ਤੈਨੂੰ ਹੁਕਮ ਅਕਾਲ ਦਾ, ਚੜ੍ਹ ਲਾਹੌਰ ਲੈ ਦੇਹ।
ਜਦੋਂ ਰੂਸ ਕਚਹਿਰੀ ਆਇਆ,
ਪਾਸ ਸਦ ਵਜ਼ੀਰ ਬਹਾਇਆ,
ਰਾਤੀਂ ਨਜ਼ਰ ਖਾਲਸਾ ਆਇਆ,
ਉਸਨੇ ਭਵਜਲ ਬੁਰਾ ਦਿਖਾਇਆ,
ਮੁੱਖ ਥੀਂ ਕਰੜਾ ਬਚਨ ਸੁਣਾਇਆ,
ਚੜ੍ਹੋ ਲਾਹੌਰ ਤੇ।
ਵਜ਼ੀਰ ਨੇ ਸੁਣੀ ਹਕੀਕਤ ਸਾਰੀ,

ਆਪਣੇ ਚਿਤ ਵਿਚ ਇਹ ਧਾਰੀ,
ਪੈਂਡੇ ਦੂਰ ਤੇ ਮੁਸ਼ਕਿਲ ਭਾਰੀ,
ਕੀਤੀ ਫੌਜਾਂ ਦੀ ਤਿਆਰੀ,
ਵਜੇ ਧਉਂਸੇ ਸ਼ੁਤਰੀਂ ਕਾਲੀ,
ਚੜ੍ਹੇ ਪੰਜਾਬ ਤੇ।
ਫੌਜਾਂ ਚੜ੍ਹ ਰੂਸ ਦੀਆਂ ਆਈਆਂ,
ਫਿਰ ਗਈਆਂ ਨੰਦਨ ਵਿਚ ਦੁਹਾਈਆਂ,
ਓਧਰ ਗੋਰੇ ਕਰਦੇ ਧਾਈਆਂ,
ਦਿਨੋ ਦਿਨ ਹੋਸਨ ਬਹੁਤ ਲੜਾਈਆਂ,
ਮਰਸਨ ਬੇਟੇ ਜਾਏ ਮਾਈਆਂ,
ਬਹਿ ਬਹਿ ਰੋਵਨ ਧੀਆਂ ਪਰਾਈਆਂ, ਪੱਲੂ ਪਾਇਕੇ।
ਬਿਸ਼ਨ ਸਿੰਘ ਗੁਰੂ ਕਾ ਲਾਲ,
ਫੌਜਾਂ ਰਹਿਣ ਸ਼ਹੀਦੀ ਨਾਲ,
ਕੀਤੇ ਸਤਿਗੁਰ ਨਾਲ ਕਰਾਰ,
ਉਹ ਵੀ ਹੋਇਆ ਨਾਲ ਤਿਆਰ,
ਅੱਗੇ ਜੋ ਭਾਵੇਂ ਕਰਤਾਰ,
ਹੁਕਮ ਅਕਾਲ ਦਾ।
ਪਠਾਣ ਨਿਤ ਉਠ ਕਰਦੇ ਸ਼ੋਰ,
ਗੋਰੇ ਹਟ ਲੱਥੇ ਪਸ਼ੌਰ,
ਪਿਛੇ ਰਖ ਲਿਆ ਲਾਹੌਰ,
ਦਿਲ ਵਿਚ ਕਰਨ ਸਲਾਹੀਂ ਹੋਰ,
ਭਾਣਾ ਕੋਈ ਨਾ ਸਕਦਾ ਮੋੜ,
ਜੋ ਆਪ ਅਕਾਲ ਦਾ।
ਜਦ ਰੂਸ ਪੰਜਾਬੇ ਆਵੈ,
ਪਵੇ ਕਾਲ ਮੁਲਖ ਰੁਲ ਜਾਵੈ
ਦੁਨੀਆਂ ਮਰੇ ਅੰਨ ਕੇ ਹਾਵੈ,
ਠੱਗ ਚੋਰ ਬਹੁ ਲੁੱਟ ਲੁੱਟ ਖਾਵੈ,
ਬਚੇ ਸੋ ਜੋ ਗੁਰ ਸਰਨੀ ਆਵੈ,
ਇਕ ਮਨ ਹੋਇ ਕੇ ਨਾਮ ਧਿਆਵੈ, ਓਸ ਅਕਾਲ ਦਾ।
ਸਤਿਗੁਰ ਫੇਰ ਪੰਜਾਬੇ ਆਵਣ,
ਅਗਲੀਆਂ ਸਫਾਂ ਸਭ ਉਠਾਵਣ,
ਨਵੇਂ ਹੋਰ ਨਿਸ਼ਾਨ ਝੁਲਾਵਣ,
ਜੱਗ ਵਿਚ ਸ੍ਰੀ ਅਕਾਲ ਜਪਾਵਨ, ਅਸੁਰ ਸੰਘਾਰ ਕੇ।"[15]

ਦੇਸ਼ ਦੁਨੀਆਂ ਦੀ ਇਸ ਨਾਜ਼ੁਕ ਸਥਿਤੀ ਵਿਚ, ਸਤਿਗੁਰੂ ਰਾਮ ਸਿੰਘ ਜੀ ਦੇ ਰੂਹਾਨੀ ਦਰਸ਼ਨ ਕਰਨ ਅਤੇ ਸਿਆਸੀ ਨਿਸ਼ਾਨੇ, ਕੌਮੀ ਮੁਕਤੀ ਲਈ ਗੁਆਂਢੀ ਅਜ਼ਾਦ ਮੁਲਖਾਂ ਨਾਲ ਸੰਪਰਕ ਸਾਧਣ ਲਈ, ਖਤ ਪੱਤਰ ਚੱਲਦੇ ਰੱਖਣ ਵਾਲੇ, ਭਾਈ ਲਾਲ ਸਿੰਘ ਲਤਾਲਾ ਜਿਹੇ ਸੂਰਬੀਰ, ਉਸ ਸਮੇਂ ਕੌਮੀ ਮੁਕਤੀ ਸੰਗਰਾਮ ਲਈ ਹੀ ਤਾਂ ਜੂਝ ਰਹੇ ਸਨ।

ਭਾਈ ਸੰਤੋਖ ਸਿੰਘ ਬਾਹੋਵਾਲ ਬਾਬਾ ਲਾਲ ਸਿੰਘ ਲਤਾਲਾ ਦੀ ਇਕੋ ਹੀ ਰੰਗੂਨ ਯਾਤਰਾ ਦਾ ਜ਼ਿਕਰ ਆਪਣੇ ਇਤਿਹਾਸਿਕ ਗਰੰਥ ਵਿਚ ਕਰਦੇ ਹਨ। ਅਗਸਤ ੧੮੮੦ ਈ. ਵਿਚ ਸ. ਹੀਰਾ ਸਿੰਘ 'ਲੰਮੂ' ਸਢੌਰਾ ਅੰਬਾਲਾ, ਸਾਹਿਬ ਸਿੰਘ ਜੌਹਲਾਂ (ਅੰਮ੍ਰਿਤਸਰ), ਵਸਾਖਾ ਸਿੰਘ ਭੋਮਾ ਵਡਾਲਾ (ਅੰਮ੍ਰਿਤਸਰ), ਚੰਦਾ ਸਿੰਘ ਸਕਤੂ ਨੰਗਲ (ਅੰਮ੍ਰਿਤਸਰ), ਲਾਲ ਸਿੰਘ ਲਤਾਲਾ (ਲੁਧਿਆਣਾ) ਅਤੇ ਈਸ਼ਰ ਸਿੰਘ ਚੂੰਨ੍ਹੀ (ਅੰਬਾਲਾ) ਇਹ ਛੇ ਸਿੰਘ ਗੁਰੂ ਦਰਸ਼ਨਾਂ ਲਈ ਗੁਰੂ ਹਰੀ ਸਿੰਘ ਜੀ ਤੋਂ ਭੈਣੀ ਸਾਹਿਬ ਵਿਖੇ ਆਗਿਆ ਲੈ ਕੇ ਰੰਗੂਨ ਨੂੰ ਵੱਖ-ਵੱਖ ਸਮੇਂ ਤੇ ਇਥੋਂ ਤੁਰੇ। ਲਾਲ ਸਿੰਘ ਤੇ ਈਸ਼ਰ ਸਿੰਘ ਪਹਿਲਾਂ ਅੰਬਾਲੇ ਪੁੱਜ ਗਏ ਸਨ। ਗੁਰੂ ਹਰੀ ਸਿੰਘ ਜੀ ਨੇ ਹੀਰਾ ਸਿੰਘ ਆਦਿ ਬਾਕੀ ਚਾਰਾਂ ਸਿੰਘਾਂ ਨੂੰ ਦਸਿਆ ਕਿ ਲਾਲ ਸਿੰਘ ਹੋਰਾਂ ਨੂੰ ਅੰਬਾਲੇ ਤੋਂ ਨਾਲ ਲੈ ਲੈਣਾ। ਅੰਬਾਲੇ ਇਕ ਨਾਮਧਾਰੀ ਵੇਸਧਾਰੀ ਲੱਖਾ ਸਿੰਘ ਰਹਿੰਦਾ ਸੀ। ਉਸਨੇ ਇਹਨਾਂ ਸਿੰਘਾਂ ਨੂੰ ਇਹਨਾਂ ਦਾ ਮਨੋਰਥ ਜਾਨਣ ਲਈ ਘਰ ਲੈ ਜਾ ਕੇ ਪ੍ਰਸ਼ਾਦਾ ਛਕਾਇਆ ਅਤੇ ਫਿਰ ਇਹਨਾਂ ਦੇ ਜਾਣ ਬਾਅਦ ਕਲਕੱਤੇ ਪੁਲੀਸ ਨੂੰ ਸੂਚਿਤ ਕਰ ਦਿੱਤਾ ਕਿ ਇਤਨੇ ਕੂਕੇ, ਗੁਰੂ ਰਾਮ ਸਿੰਘ ਪਾਸ ਰੰਗੂਨ ਜਾਣ ਲਈ ਆ ਰਹੇ ਹਨ। ਖਬਰਦਾਰੀ ਕਰ ਲਈ ਜਾਵੇ।" .... ਸਿੰਘ ਰੇਲ ਪਰ ਜਾਇ ਚੜੇ। .... ਲਾਲ ਸਿੰਘ ਕੋ ਨੀਂਦ ਆਇ ਗਈ ਰੇਲ ਮੇਂ। ਅੰਤਰਜਾਮੀ ਗੁਰੂ ਜੀ ਦਰਸ਼ਨ ਦੇ ਕੇ ਮੁਕਬਰ ਕਾ ਨਾਮ ਲੈ ਕੇ ਬਚਨ ਕੀਤਾ ਤੁਸਾਂ ਕੀ ਮੁਕਬਰੀ ਕੀਤੀ ਹੈ ਕੋਹੜੀ ਨੇ। ਤੁਸਾਂ ਦਾ ਨਾਮ ਕਹਿ ਦਿੱਤਾ ਹੈ, ਲਾਈਨ ਬਦਲ ਲਵੋ। ਲਾਲ ਸਿੰਘ ਨੇ ਸਿੰਘਾਂ ਨੂੰ ਸੁਣਾਇਆ ਕਿ ਮੈਨੂੰ ਸ੍ਰੀ ਸਤਿਗੁਰੂ ਜੀ ਏਹ ਬਚਨ ਕੀਤਾ ਹੈ। ਸਿੰਘਾਂ ਉਤਰ ਕੇ ਅਜੁਧਿਆ ਕਾ ਟਿਕਟ ਲੈ ਲੀਆ। ਅਜੁਧਿਆ ਜਾਇ ਉਤਰੇ। ਚਾਰ ਦਿਨ ਓਥੇ ਰਹੇ। ਫੇਰ ਕਾਂਸ਼ੀ ਜਾਇ ਰਹੇ। ਚਾਰ ਦਿਨ ਓਥੇ ਰਹੇ। ਫੇਰ ਰੇਲ ਚੜ੍ਹੇ ਕਲਕੱਤੇ ਜਾਇ ਉਤਰੇ। ਮੁਕਬਲ ਭੀ ਜਾਇ ਹਾਜਰ ਹੋਏ। ਸਿੰਘਾਂ ਨੂੰ ਪੁੱਛਿਆ ਤੁਮ ਕਿੱਥੋਂ ਕੇ ਹੋ। ਸਿੰਘਾਂ ਨੇ ਬਦਲ ਕੇ ਨਾਮ ਆਪਣੇ ਭੀ ਤੇ ਪਿੰਡਾਂ ਕੇ ਭੀ ਲਖਾਏ। ਸਿਪਾਹੀ ਥਾਣੇਦਾਰ ਨੂੰ ਸੱਦਣ ਗਿਆ, ਸਿੰਘ ਭੀ ਵੱਡੀ ਸੰਗਤ ਮੈਂ ਜਾਇ ਰਹੇ। ਦਿਨ ਲੱਥੇ ਕਾ ਵੇਲਾ ਸੀ। ਕੁਸ਼ਾਲ ਸਿੰਘ ਓਥੇ ਰਹਿੰਦਾ ਸੀ। ਉਸ ਨੂੰ ਕਹਿਕੇ ਜਗ੍ਹਾ ਕਰਾਏ ਲੈ ਕੇ ਰਹੇ।

"ਜਿਸ ਦਿਨ ਜਹਾਜ ਛੁੱਟਨਾ ਸੀ ਜਹਾਜ਼ ਪਰ ਜਾਇ ਚੜੇ। ਪੁਲਿਸ ਵਾਲੇ ਰੋਜ਼ ਤਲਾਸ਼ੀ ਲੈਣ ਜਾਂਦੇ ਹੁੰਦੇ ਸਨ। ਪੁਲਿਸ ਤਲਾਸ਼ੀ ਲੈਣ ਲੱਗੀ। ਕਿਉਂਕਿ ਕੂਕਾ ਸਿੰਘ ਨਾ ਕੋਈ ਜਹਾਜ਼ ਚੜ੍ਹਕੇ ਚਲਿਆ ਜਾਵੇ। ਏਸ ਗੱਲ ਦੀ ਬੜੀ ਤਕੜਾਈ ਕੀਤੀ ਹੋਈ ਸੀ ਕਿ ਸਿੰਘਾ ਰਾਜਾ ਰਾਮ ਸਿੰਘ ਕੋ ਨਾ ਮਿਲਣ। ਬਰਮਾ ਵਿਚ ਸਰਕਾਰੀ ਕਰਿੰਦੇ ਅਤੇ

ਆਮ ਲੋਕ ਸਤਿਗੁਰ ਜੀ ਨੂੰ ਰਾਜਾ ਰਾਮ ਸਿੰਘ ਕਹਿਣ ਲੱਗੇ। ਪੁਲਿਸ ਤਲਾਸ਼ੀ ਲੈਣ ਲਈ ਚਲੀ ਔਂਦੀ ਸੀ। ਸਿੰਘਾਂ ਸਾਰਿਆਂ ਨੇ ਰਲ ਕੇ ਅਰਦਾਸ ਕੀਤੀਂ ਅੰਤਰਜਾਮੀ ਗੁਰੂ ਜੀ ਸਾਡੀ ਲੱਜਿਆ ਰੱਖੋ, ਸਾਡੀ ਤਲਾਸ਼ੀ ਕੋਈ ਨਾ ਲਵੇ। ਜਹਾਜ਼ ਕੇ ਕਪਤਾਨ ਨੇ ਸੰਗਲ ਚੁੱਕ ਲਏ। ਜਹਾਜ ਤੁਰ ਪਿਆ। ਤਲਾਸ਼ੀ ਕਿਸੇ ਨਾ ਲਈ। ਸਿੰਘਾਂ ਨੇ ਸ਼ੁਕਰ ਕੀਤਾ। ਉਸਤਤ ਕਰਨੇ ਲੱਗੇ ਤਾਂ ਪੁਲਿਸ ਨੇ ਪੁਛਿਆ ਤੁਮ ਕਿਧਰ ਚੱਲੇ ਹੋ। ਸਿੰਘਾਂ ਨੇ ਕਿਹਾ ਕਿ ਨੌਕਰੀ ਵਾਸਤੇ ਆਏ ਹੈ। ਠਾਕਰ ਵਾੜੀ ਜਾਇ ਉਤਰੇ। ਪੰਜਾਬ ਕੇ ਬੱਤੀ ਸਿੰਘ ਪਹਿਲੇ ਹੀ ਉਥੇ ਸੀ ਉਮੀਦਵਾਰਾਂ ਮੈਂ ਨੌਕਰੀ ਵਾਸਤੇ ਗਏ ਹੋਏ।"[16]

ਇਸ ਤਰ੍ਹਾਂ ਭਾਈ ਲਾਲ ਸਿੰਘ ਹੋਰਾਂ ਨੇ ਰੰਗੂਨ ਵਿਖੇ ਸਤਿਗੁਰੂ ਜੀ ਦੇ ਦਰਸ਼ਨ ਹੋਰ ਸਿੰਘਾਂ ਦੇ ਨਾਲ ਹੀ ਕੀਤੇ। ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਫਿਰ ਮੋਰਮਈ ਪੁਰਾਣੇ ਸੰਗੀ, ਤਿੰਨਾਂ ਸੂਬਿਆਂ ਜਵਾਹਰ ਸਿੰਘ, ਬ੍ਰਹਮਾ ਸਿੰਘ, ਲੱਖਾ ਸਿੰਘ ਹੋਰਾਂ ਨੂੰ ਮਿਲ ਕੇ ਆਏ। ਵਾਪਸੀ ਤੇ ਕਲਕੱਤੇ ਵਿਖੇ ਹੀ ਰੰਗੂਨੋਂ ਚੱਲਣ ਤੋਂ ਪੰਜ ਦਿਨ ਬਾਅਦ ਪ੍ਰਸ਼ਾਦ ਪਾਣੀ ਛਕਿਆ। ਪੁਲਿਸ ਦੀ ਪੁੱਛ ਗਿੱਛ ਦਾ ਮੁਕਾਬਲਾ ਕੀਤਾ ਅਤੇ ਵਾਪਿਸ ਪੰਜਾਬ ਵਿਚ ਮੁੜ ਆਏ। ਉਹ ਆਪਣੀ ਰੰਗੂਨ ਯਾਤਰਾ ਦੇ ਬਚਨ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਸੁਣਾਇਆ ਕਰਦੇ ਸਨ। ਉਥੋਂ ਦੇ ਰਸਮਾਂ ਰਿਵਾਜਾਂ ਬਾਰੇ ਦੱਸਦੇ ਸਨ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ੨੨-੬-੧੯੫੩ ਨੂੰ ਥਾਈਲੈਂਡ (ਸਿਆਮ) ਦੀ ਸੰਗਤ ਨੂੰ ਉਪਦੇਸ਼ ਦਿੱਤਾ ਸੀ।

"ਨਿਮਾਣੀ ਦਾ ਜੋੜ ਮੇਲਾ ਹੈ, ਮੈਂ ਇਹਦੇ ਥੋੜੀ ਜਿਹੀ ਅਰਜ਼ ਕਰਨੀ ਹੈ। ਪਤਾ ਮੈਨੂੰ ਹੁਣ ਵੀ ਏਥੇ ਆ ਕੇ ਲੱਗਾ ਹੈ—ਬਾਬਾ ਲਾਲ ਸਿੰਘ ਜੀ ਲਤਾਲੇ ਵਾਲੇ ਸਤਿਗੁਰਾਂ ਦੇ ਦਰਸ਼ਨ ਕਰਨ ਰੰਗੂਨ ਆਏ ਸਨ—ਉਹਨਾਂ ਤੋਂ ਉਦੋਂ ਪਤਾ ਲੱਗਾ ਸੀ ਕਿ ਬਰਮਾਂ ਦੇ ਲੋਕ ਜਲ ਲੈ ਕੇ ਘੜਿਆਂ 'ਚ ਪਾ ਕੇ, ਵਿਸਾਖੀ ਵਾਲੇ ਦਿਨ ਮੰਦਰ ਦੇ ਅੱਗੇ ਜਾ ਕੇ ਪ੍ਰਾਰਥਨਾ ਕਰਦੇ ਸਨ, "ਹੇ ਮਹਾਰਾਜ, ਬਾਰਸ਼ ਹੋਵੇ।" ਹੁਣ ਵੀ ਪਤਾ ਲੱਗਾ ਹੈ ਕਿ ਵਿਸਾਖੀ ਦੇ ਦਿਨ ਏਥੇ ਲੋਕ ਪਾਣੀ ਪਾਉਂਦੇ ਨੇ—ਉੱਤੇ, ਉਹਦਾ ਵੀ ਮਤਲਬ ਇਹੋ ਹੀ ਹੈ ਕਿ ਬਾਰਸ਼ ਸ਼ੁਰੂ ਹੋਵੇ। ਏਸ ਮੁਲਕ ਵਿਚ ਬਾਰਸ਼ ਦੀ ਜ਼ਰੂਰਤ ਵਿਸਾਖੀ ਨੂੰ ਪੈ ਜਾਂਦੀ ਹੈ, ਪਰ ਸਾਡੇ ਮੁਲਕ ਵਿਚ ਵਿਸਾਖੀ ਨੂੰ ਨਹੀਂ ਸੀ ਪੈਂਦੀ—ਇਸਦਾ ਨਾਉਂ ਸੀ ਨਿਰਜਲਾ ਏਕਾਦਸ਼ੀ। ਨਿਰਜਲਾ ਤੋਂ ਮਤਲਬ ਹੈ ਜਦੋਂ ਜਲ ਨਾ ਹੋਵੇ। ਤਾਂ, ਓਸ ਵਕਤ ਫੇਰ ਲੋਕ ਏਸ ਨੂੰ ਇਹਨੀ ਦਿਨੀਂ ਛਬੀਲਾਂ ਲਾ ਕੇ ਜਲ ਛਕਾਉਂਦੇ ਸੀ ਔਰ ਇਹ ਵਕਤ ਹੈ ਬਾਰਸ਼ ਦਾ-ਮੁਲਕ ਵਿਚ ਵੀ।"[17]

ਅਗਸਤ ੧੯੯੦ ਈ, ਤੋਂ ਛੇਤੀ ਹੀ ਬਾਅਦ ਮੀਹਾਂ ਸਿੰਘ ਸਰਹਾਲੀ ਵੀ ਰੰਗੂਨ ਗੁਰੂ ਦਰਸ਼ਨਾਂ ਦਾ ਲਾਹਾ ਲੈ ਕੇ ਮੁੜਿਆ ਸੀ। ਉਸ ਨੂੰ ਬਖਸ਼ੇ ਹੁਕਮਨਾਮੇ ਵਿਚ, ਸਤਿਗੁਰੂ ਜੀ ਬਾਬਾ ਲਾਲ ਸਿੰਘ ਨੂੰ ਹੁਕਮਨਾਮਾ ਨਾਂ ਦੇ ਸੱਕਣ ਦੀ ਮਜਬੂਰੀ ਪ੍ਰਗਟ ਕਰਦੇ ਹਨ—"ਆਖਣਾ ਜੋ ਲਾਲ ਸਿੰਘ ਹੋਰਾਂ ਨੂੰ ਹਰਿਦਾਸ ਤਾਂ ਨਹੀਂ ਦਿੱਤੀ, ਓਸ ਦਿਨ ਅਰਦਾਸ ਦੇਣ ਦੀ ਬਡੀ ਲਾਚਾਰੀ ਸੀ, ਦੇ ਨਹੀਂ ਥੀ ਹੁੰਦੀ, ਤਾਂ ਨਹੀਂ ਦਿਤੀ।" (ਹੁਕਮਨਾਮਾ ਨੰ. ੪੯)

ਬਾਬਾ ਲਾਲ ਸਿੰਘ ਲਤਾਲਾ ਜਿਸ ਤਰ੍ਹਾਂ ਘੋੜਿਆਂ ਦੇ ਚੰਗੇ ਪਾਰਖੂ ਸਨ ਇਸੇ ਤਰ੍ਹਾਂ ਮਨੁੱਖਾਂ ਦੇ ਬਾਰੇ ਵੀ ਪੈਨੀ ਦ੍ਰਿਸ਼ਟੀ ਰੱਖਦੇ ਸਨ। ਡੇਰਾ ਸ੍ਰੀ ਭੈਣੀ ਸਾਹਿਬ ਵਿਚ ਰਹਿਣ ਵਾਲਾ ਹਰ ਛੋਟਾ ਵੱਡਾ ਸਿੰਘ, ਉਹਨਾਂ ਦੀ ਪਾਰਖੂ ਦ੍ਰਿਸ਼ਟੀ ਦੀ ਪਕੜ ਵਿਚ ਰਹਿੰਦਾ ਸੀ। ਸੰਨ ੧੯੨੦-੨੨ ਈ. ਦੇ ਸਮੇਂ ਵਿਚ ਜਦੋਂ ਬਾਬਾ ਜੀ ਭੈਣੀ ਸਾਹਿਬ ਰਹਿੰਦੇ ਸਨ ਤਾਂ ਲੇਖਕ ਦਾ ਪਿਤਾ, ਗੁਰਮੁਖ ਸਿੰਘ ਝੱਬਰ, ਜੋ ਜੁਆਨੀ ਦੀਆਂ ਪੁਲਾਂਘਾ ਪੁੱਟਦਾ ਹੋਇਆ, ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹੁਕਮ ਨਾਲ ਡੇਰੇ ਵਿਚ ਜ਼ਿੰਮੇ ਲੱਗੀਆਂ ਸੇਵਾਵਾਂ ਨਿਬਾਹੁੰਦਾ ਸੀ ਉਸ ਸਮੇਂ, ਬਾਬਾ ਜੀ ਨੇ ਬਾਪੂ ਜੀ ਬਾਰੇ, ਇਕ ਭਵਿੱਖ ਬਾਣੀ ਕੀਤੀ ਸੀ ਜੋ ਹੂਬਹੂ ਪੂਰੀ ਹੋਈ ਸੀ। "ਉਹ ਅਜੇ ਜਥੇਦਾਰ ਨਹੀਂ ਬਣੇ ਸਨ, ਜਦੋਂ ਸਤਿਗੁਰੂ ਰਾਮ ਸਿੰਘ ਜੀ ਦੇ ਵੇਲੇ ਦੇ ਪ੍ਰਸਿੱਧ ਸਿੱਖ ਲਾਲ ਸਿੰਘ ਲਤਾਲੀਏ ਦੀ ਪਾਰਖੂ ਅੱਖ ਨੇ, ਇਸ ਉਤਸ਼ਾਹੀ ਨੌਜੁਆਨ ਦੇ ਭਵਿੱਖ ਨੂੰ ਤਾੜ ਲਿਆ ਸੀ ਅਤੇ ਬਾਬੇ ਲਾਲ ਸਿੰਘ ਹੋਰਾਂ ਇਹ ਰਹੱਸ ਯੁਵਾ ਝੱਬਰ ਨਾਲ ਸਾਂਝਾ ਕਰਦਿਆਂ ਕਿਹਾ ਸੀ, "ਕਾਕਾ ਸਮਾਂ ਆਏਗਾ, ਜਦੋਂ ਇਸ ਡੇਰੇ ਦੀ ਮੁਖ਼ਤਿਆਰੀ ਤੈਨੂੰ ਸੌਂਪੀ ਜਾਏਗੀ। ਇਕ ਗੱਲ ਮੇਰੀ ਹੁਣੇ ਪੱਲੇ ਬੰਨ੍ਹ ਲਵੀਂ, ਜਦੋਂ ਇਸ ਜ਼ਿੰਮੇਵਾਰੀ ਤੇ ਪੁੱਜ ਜਾਵੇਂ ਤਾਂ ਕਿਸੇ ਵੀ ਸਿੱਖ ਨੂੰ ਗੁਰੂ ਘਰ ਨਾਲੋਂ ਤੋੜਨ ਵਿਚ ਹਿੱਸਾ ਨਾ ਪਾਵੀਂ। ਜੋੜਨ ਦੀ ਕੋਸ਼ਿਸ਼ ਕਰੀਂ।"[18]

ਡੇਰੇ ਵਿਚ ਰਹਿਣ ਵਾਲੇ ਸੰਤ ਇੰਦਰ ਸਿੰਘ ਚੱਕਰਵਰਤੀ ਜਿਹੇ ਧੁਰੰਧਰ ਨਾਮਧਾਰੀ ਵਿਦਵਾਨਾਂ ਸਾਹਿਤਕਾਰਾਂ ਨੇ ਬਾਬਾ ਲਾਲਾ ਸਿੰਘ ਜੀ ਲਤਾਲਾ ਤੋਂ, ਨਾਮਧਾਰੀ ਇਤਿਹਾਸ ਦੇ ਖ਼ੂਨੀ ਪੱਤਰਿਆਂ ਦਾ ਪਾਠ, ਜੋ ਉਹਨਾਂ ਦੇ ਹਿਰਦੇ ਪਰ ਅੰਕਿਤ ਸੀ, ਅਨੇਕ ਵਾਰ ਸਰਵਣ ਕੀਤਾ ਸੀ। ਉਹ 'ਮਾਲਵੇਂਦ੍ਰ' ਮਹਾਂਕਾਵਿ ਦੀ ਸਮਾਪਤੀ ਕਰਦੇ ਹੋਏ ਆਪਣੇ ਇਤਿਹਾਸ-ਸਰੋਤਾਂ ਦਾ ਜ਼ਿਕਰ ਕਰਦਿਆਂ, ਬਾਬਾ ਜੀ ਪ੍ਰਤੀ ਸਤਿਕਾਰ ਪ੍ਰਗਟ ਕਰਦੇ ਹਨ—

"ਓਹਨਾਂ ਜਾਂ ਰੰਗੂਨ ਵਿਚ, ਦਰਸ ਕਰੇ ਭਗਵਾਨ
ਲਾਲ ਸਿੰਘ ਲਤਾਲੀਏ, ਸਾਹਿਬ ਸਿੰਘ ਦੇ ਬਿਆਨ
ਇਹ ਰਿਆਸਤ ਸੰਗਰੂਰ ਦੇ, ਰਾਜੇ ਦਏ ਉਜਾੜ
ਬਿਸਵੇਦਾਰ ਰਾਈਸ ਸਨ, ਉਘੇ ਸਨ ਸਰਦਾਰ (ਪੰਨਾ ੪੬੪)

ਬਾਬਾ ਜੀ ਦਾ ਨਿੱਤ ਕਰਮ ਬਹੁਤ ਅਨੁਸ਼ਾਸਿਤ ਸੀ। ਸੂਬਾ ਜਵਾਹਰ ਸਿੰਘ ਹੋਰਾਂ ਦੀ ਸੰਗਤ ਅਤੇ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਤੋਂ ਵਰੋਸਾਏ ਹੋ ਕੇ, ਉਹ ਪੂਰੇ ਕਰਮਜੋਗੀ ਹੋ ਗਏ ਸਨ। ਰਸਾਂ ਕਸਾਂ, ਦੁਨਿਆਵੀਂ ਮੋਹ ਮਾਇਆ ਤੋਂ ਬਹੁਤ ਉੱਪਰ ਉੱਠ ਗਏ ਸਨ। ਉਹ ਅੰਮ੍ਰਿਤ ਵੇਲੇ ਉੱਠ ਕੇ ਪੰਜ ਮਾਲਾ ਭਜਨ ਦੀਆਂ ਫੇਰਦੇ ਸਨ ਫਿਰ ਪੰਜ ਗਰੰਥੀ ਦਾ ਪਾਠ ਕਰਦੇ ਸਨ। ਉਹਨਾਂ ਤਿੰਨ ਗੁਰੂ ਸਾਹਿਬਾਨ, ਸਤਿਗੁਰੂ ਰਾਮ ਸਿੰਘ, ਗੁਰੂ ਹਰੀ ਸਿੰਘ ਅਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਨਿਕਟਤਾ ਮਾਣੀ ਸੀ। ਉਹ ਭੈਣੀ ਸਾਹਿਬ ਦੇ ਬੱਚਿਆਂ ਨੂੰ, ਉਹਨਾਂ ਵਿਚ ਸਿੱਖੀ ਸਿਦਕ ਪਰਪੱਕ ਕਰਨ ਲਈ, ਗੁਰ ਇਤਿਹਾਸ ਦੀਆਂ ਸਾਖੀਆਂ ਸੁਣਾਇਆ ਕਰਦੇ ਸਨ। ਬਸਤੀਵਾਦੀ ਹਾਕਮਾਂ ਵਿਰੁੱਧ, ਸਤਿਗੁਰੂ ਰਾਮ ਸਿੰਘ ਜੀ ਦੁਆਰਾ ਵਿੱਢੇ ਕੂਕਾ ਅੰਦੋਲਨ ਵਿਚ ਯੋਗਦਾਨ

ਪਾਉਣ ਵਾਲੇ ਨਾਮਧਾਰੀ ਸਿੰਘਾਂ ਵਿਚ, ਬਾਬਾ ਲਾਲ ਸਿੰਘ ਜੀ ਲਤਾਲਾ ਦਾ ਅਹਿਮ ਯੋਗਦਾਨ ਹੈ।

## ਹਵਾਲੇ ਅਤੇ ਟਿਪਣੀਆਂ


1. ਕੂਕਾਜ਼ ਆਫ ਨੋਟ ਇਨ ਦਾ ਪੰਜਾਬ-੧੯੮੧, (ਸੰ. ਜਸਵਿੰਦਰ ਸਿੰਘ), ਸਫਾ ੪੪-੪੫
2. ਜੱਸ ਜੀਵਨ ਭਾਗ ਦੂਜਾ-ਸੰਤ ਤਰਨ ਸਿੰਘ ਵਹਿਮੀ, ਸਫਾ ੨੩੭
3. ਸਤਿਜੁਗ ਦਾ ਸੰਤ ਅੰਕ, ੯ ਚੇਤਰ ਸੰਬਤ ੧੯੯੬, ਸੀ ਭੈਣੀ ਸਾਹਿਬ, ਸਫਾ ੧੬੪-੬੫
4. ਸਤਿਗੁਰੂ ਬਿਲਾਸ ਭਾਗ ਪਹਿਲਾ, ਸੰਤ ਸੰਤੋਖ ਸਿੰਘ ਬਾਹੋਵਾਲੀ (ਸੰ. ਜਸਵਦਿੰਰ ਸਿੰਘ), ਸਫਾ ੩੦੫
5. ਉਹੀ, ਸਫਾ ੩੦੭
6. ਉਹੀ, ਸਫਾ ੩੯੨
7. ਕੂਕਾਜ਼ ਆਫ਼ ਨੋਟ ਇਨ ਦਾ ਪੰਜਾਬ-੧੯੮੧, ਸਫਾ ੪੪
8. ਸਿੰਘਾਂ ਨਾਮਧਾਰੀਆਂ ਦਾ ਪੰਥ ਪ੍ਰਕਾਸ਼, ਸੰਤ ਕਾਲਾ ਸਿੰਘ ਨੰਗਲ ਵਾਲੇ (ਸੰ. ਦਵਿੰਦਰ ਸਿੰਘ ਗਿੱਲ ਜੀਆਂ ਨੱਥਾ), ਦੂਜੀ ਛਾਪ ੨੦੧੪, ਸ੍ਰੀ ਭੈਣੀ ਸਾਹਿਬ ਸਫਾ ੧੭੫-੭੬
9. ਜੱਸ ਜੀਵਨ, ਪੰਜਵਾਂ ਭਾਗ, ਸਫਾ ੬੧-੬੨
10. ਉਹੀ, ਸਫਾ ੧੮੩
11. ਉਹੀ, ਸਫਾ ੨੩੯
12. ਲਾਲ ਏਹਿ ਰਤਨ (ਪਹਿਲਾ ਭਾਗ), ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪਵਿੱਤਰ ਉਪਦੇਸ਼, (ਸੰ. ਪ੍ਰਿੰ. ਬੀਬੀ ਬੇਅੰਤ ਕੌਰ), ਸਫਾ ੨੭
13. ਲਾਲ ਏਹਿ ਰਤਨ-੩, ਸਫਾ ੩੨੫-੨੬
14. ਕੂਕਾਜ਼ ਆਫ ਨੋਟ ਇਨ ਦਾ ਪੰਜਾਬ, ਸਫਾ ੪੪-੪੭
15. ਰਾਮ ਵਿਯੋਗੀਆਂ ਦੇ ਬਾਰਾਂ ਮਾਹ (ਸੰ. ਤਾਰਾ ਸਿੰਘ ਅਨਜਾਣ), ੧੯੯੫, ਸ੍ਰੀ ਭੈਣੀ ਸਾਹਿਬ, ਸਫਾ ੪੩-੪੬
16. ਸਤਿਗੁਰੂ ਬਿਲਾਸ ਭਾਗ ਦੂਜਾ, ਭਾਈ ਸੰਤੋਖ ਸਿੰਘ ਬਾਹੋਵਾਲ, (ਸੰ. ਜਸਵਿੰਦਰ ਸਿੰਘ), ਸਫਾ ੧੧੯-੨੦
17. ਲਾਲ ਏਹਿ ਰਤਨ-੩, ਸਫਾ ੭੫
18. ਅੱਖੀਂ ਡਿੱਠਾ ਕਿੱਸਾ ਕੀਤਾ, ਜਥੇਦਾਰ ਗੁਰਮੁਖ ਸਿੰਘ ਝੱਬਰ ਦੀਆਂ ਯਾਦਾਂ ਦੇ ਝਰੋਖੇ ਵਿਚੋਂ, (ਸੰ. ਸੁਵਰਨ ਸਿੰਘ ਵਿਰਕ), ੨੦੧੩, ਸ੍ਰੀ ਭੈਣੀ ਸਾਹਿਬ, ਸਫਾ ੨੫।

# ਤ੍ਰਿਕਾਲ-ਦਰਸ਼ੀ
# ਬਾਬਾ ਜਿਊਣ ਸਿੰਘ ਚੁੰਨ੍ਹੀ ਅਤੇ ਉਥੋਂ ਦੇ ਹੋਰ ਸਿੰਘ

"ਸਮੇਂ ਦੀ ਕੁਚਾਲ ਨੇ ਭੁਚਾਲ ਆਂਦਾ ਦੇਸ਼ ਵਿਚ,
ਸਿੰਘ ਨਾ ਸੰਭਾਲ ਸੱਕੇ ਰਾਜ ਭਾਗ ਭਾਰਾ ਸੀ।
ਭਾਰਾ ਹੈਸੀ ਰੋਗ ਸੋਗ ਫੁੱਟ ਮਾਰੇ ਕੁੱਟ ਕੁੱਟ,
ਪੁੱਟ-ਪੁੱਟ ਬਾਗ ਸਤਲੁਜ ਬੀਚ ਡਾਰਾ ਸੀ।
ਡਾਰਾ ਸੀ ਗਵਾਂਢੀਆਂ ਨੇ ਜਾਲ ਆ ਵਸਾਲ ਸਾਰੇ,
ਘਰ ਘਰ ਪੈਰ ਆ ਪਖੰਡ ਨੇ ਪਸਾਰਾ ਸੀ।
ਸਾਰਾ ਸੀ ਕਰਤਾਰ ਸਿੰਘਾ ਕਿਸੇ ਵੀ ਨਾ ਕਾਜ ਕੋਈ,
ਚਲਕੇ ਕੁਪੰਖ ਪੰਥ ਰਾਜ ਭਾਗਾ ਹਾਰਾ ਸੀ।
"ਕਲਾ ਵਰਤਾਈ ਮਹਾਰਾਜ ਨੇ ਜਗਾਈ ਜੋਤ,
ਭੈਣੀ ਪਿੰਡ ਵਿਚ ਭਯੋ ਭਾਨ ਉਜਿਆਰਾ ਸੀ।
ਪੂਰਨ ਪ੍ਰਤਾਪੀ ਨਾਮ ਜਾਪੀ ਥਾਪੀ ਸਿਖੀ ਸਾਖ,
ਸਿਦਕ ਭਰੋਸੇ ਤੋਸੇ ਬੋਲ ਤੋਲ ਭਾਰਾ ਸੀ।
ਭਾਰਾ ਸੀ ਜਮਾਲ ਤੇ ਕਮਾਲ ਦੀ ਤਾਸੀਰ ਭਾਰੀ,
ਨਾਮ ਦਾ ਵਜਾਇਆ ਸਾਰੇ ਜੱਗ ਤੇ ਨਗਾਰਾ ਸੀ।
ਗਾਰਾ ਸੀ ਕਰਤਾਰ ਸਿੰਘ ਬਾਬੇ ਰਾਮ ਸਿੰਘ ਜੀ ਨੇ
ਕਾਮ ਕ੍ਰੋਧ, ਮੋਹ, ਲੋਭ ਦੁਸ਼ਟ ਹੰਕਾਰਾ ਸੀ॥[1]

ਪ੍ਰਸਿੱਧ ਇਤਿਹਾਸਕਾਰ ਕਵੀ ਅਤੇ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਜੀ ਦੇ ਸਾਬਕਾ ਹੈਡ ਗਰੰਥੀ, ਗਿਆਨੀ ਕਰਤਾਰ ਸਿੰਘ ਜੀ ਕਲਾਸਵਾਲੀਆ ਦੀ ਉਪਰੋਕਤ ਕਾਵਿ ਰਚਨਾ, ਸਤਿਗੁਰੂ ਰਾਮ ਸਿੰਘ ਜੀ ਦੀ ਅਦੁੱਤੀ ਅਤੇ ਅਲੌਕਿਕ ਸ਼ਖਸੀਅਤ ਦੇ ਚਮਤਕਾਰੀ ਦੀਦਾਰੇ ਕਰਵਾਉਣ ਵਾਲੀ ਹੈ। ਆਪ ਦੇ ਆਭਾ ਮੰਡਲ ਦੇ ਤੇਜ ਦੇ ਆਕਰਸ਼ਿਤ ਲੱਖਾਂ ਗੁਰੂ ਪਿਆਰੇ ਆਪ ਦੇ ਲੜ ਲੱਗ ਕੇ ਨਾ ਸਿਰਫ ਆਪਣੇ ਜੰਮਣ ਮਰਨ ਦੇ ਬੰਧਨ ਕੱਟ ਗਏ ਬਲਕਿ ਅਨੇਕਾਂ ਹੋਰਨਾਂ ਦੇ ਬੰਧਨ ਮੁਕਤ ਹੋਣ ਦਾ ਵੀ ਕਾਰਨ ਬਣ ਗਏ। ਚੁੰਨ੍ਹੀ ਮਛਲੀ ਇਲਾਕਾ ਫਤਹਿਗੜ੍ਹ ਸਾਹਿਬ (ਸਰਹਿੰਦ) ਵਿਚ ਜੀਵਨ ਦਾ ਆਖਰੀ ਲੰਮਾ ਸਮਾਂ ਬਿਤਾਉਣ ਵਾਲੇ ਬਾਬਾ ਜਿਊਣ ਸਿੰਘ ਜੀ ਵੀ ਆਪ ਤੋਂ ਵਰੋਸਾਏ ਉੱਘੇ ਨਾਮਧਾਰੀ ਸਾਧੂ ਹੋਏ ਹਨ। ਜਿਨ੍ਹਾਂ ਦੀ ਕੀਰਤੀ ਦੇਸ਼ ਕਾਲ ਦੀਆਂ ਹੱਦਾਂ ਨੂੰ ਪਾਰ ਕਰ ਗਈ ਸੀ। ਉਹਨਾਂ ਨੇ ਸਤਿਗੁਰੂ ਜੀ ਦੇ ਮਿਸ਼ਨ ਦਾ ਆਯੂ ਪਰਯੰਤ ਪ੍ਰਚਾਰ ਕੀਤਾ। ਆਪ ਭਜਨ ਮੂਰਤ ਸਨ ਅਤੇ ਆਪਣੇ ਪਾਸ ਆਉਣ ਵਾਲਿਆਂ ਨੂੰ

ਵਿਕਾਰਾਂ ਵੱਲੋਂ ਮੋੜ ਕੇ, ਗੁਰਮਤਿ ਮਾਰਗ ਦੇ ਪਾਂਧੀ ਬਣਾ ਕੇ, ਨਾਮ ਦੀ ਰੰਗਣ ਵਿਚ ਰੰਗ ਦਿਆ ਕਰਦੇ ਸਨ।

ਆਪ ਦਾ ਜਨਮ ਕਾਰੀਗਰ ਪਰਿਵਾਰ ਵਿਚ ਪਿੰਡ ਦੁੱਲੀਵਾਲ (ਸੰਗਰੂਰ) ਵਿਖੇ ਹੋਇਆ। ਸ਼ੁਰੂ ਤੋਂ ਹੀ ਬਿਰਤੀ ਆਤਮਿਕ ਰੰਗਣ ਵਾਲੀ ਸੀ। ਸੂਲਰ ਪਿੰਡ ਵਿਚ ਇਕ ਉਦਾਸੀ ਸਾਧੂ ਰਹਿੰਦਾ ਸੀ। ਭਾਈ ਜਿਊਣ ਦਾਸ ਜੋ ਕਿ ਪਹਿਲਾਂ ਨਾਮ ਸੀ ਸੂਲਰ ਆਕੇ ਉਸ ਸਾਧੂ ਦੀ ਸੰਗਤ ਨਾਲ ਉਦਾਸੀ ਭੇਖ ਵਿਚ ਆ ਗਿਆ। ਸਾਡੇ ਪਹਿਲੇ ਇਤਿਹਾਸ ਲੇਖਕ, ਭਾਈ ਜਿਊਣ ਦਾਸ ਦੇ ਸਤਿਗੁਰੂ ਰਾਮ ਸਿੰਘ ਜੀ ਦੀ ਸ਼ਰਨ ਵਿਚ ਆਉਣ ਅਤੇ ਉਸ ਦੇ ਪੂਰਬਲੇ ਜੀਵਨ ਦੇ ਪੜਾਵਾਂ ਦਾ ਸਵਿਸਥਾਰ ਵਰਣਨ ਆਪਣੇ ਪ੍ਰਸਿੱਧ ਗ੍ਰੰਥ ਸਤਿਗੁਰੂ ਬਿਲਾਸ ਵਿੱਚ ਕਾਨੀ ਬੰਦ ਕਰ ਗਏ ਹਨ।

"ਏਕ ਕਾਰੀਗਰ ਕਾ ਲੜਕਾ ਵੈਰਾਗੀ ਸੁਭਾਓ ਹੋਇਕੇ ਘਰੋਂ ਤੁਰਿਆ। ਸੂਲਰ ਗਾਉਂ ਮੇਂ ਉਦਾਸੀ ਸਾ ਤ੍ਰਿਕਾਲ ਦਰਸ਼ੀ, ਉਹ ਬੀ ਕਹਿੰਦਾ ਹੁੰਦਾ ਸੀ ਕਿ ਗੁਰੂ ਕਲਾ ਪ੍ਰਗਟ ਹੋਵੇਗੀ। ਕੇਸਾਧਾਰੀ ਪੰਥ ਪ੍ਰਗਟ ਕਰੇਗਾ। ਚਾਰ ਅੱਖਰਾ ਨਾਮ ਜਪਾਵੇਗਾ। ਰਾਜਾ ਪਰਜਾ ਸਭ ਭੈ ਕਰਨਗੇ। ਅਰ ਜੇ ਕੋਈ ਫੁਰਨਾ ਫੁਰੇਗਾ ਦਿਲ ਵਿੱਚ ਉਹ ਭੀ ਦੱਸੇਗਾ। ਸਾਧੂ ਰਿਧੀਆਂ ਸਿਧੀਆਂ ਕੇ ਸ਼ੁਮਾਰ ਕਰਕੇ ਤ੍ਰਿਕੁਟੀ ਕਾ ਧਿਆਨ ਧਰਦਾ ਸੀ। ਦਸਮੇਂ ਦੁਆਰੇ ਭੀ ਸਮਾਧੀ ਲੌਂਦਾ ਸੀ। ਜੋ ਆਵੇ ਲੋੜ ਵਾਲਾ ਤਾਂ ਰਸਤਾ ਦਸਣਾ ਤ੍ਰਿਕੁਟੀ ਕੇ ਧਿਆਨ ਕੀ ਬਿਧ ਕਾ।

"ਉਹ ਤਰਖਾਣ ਕਾ ਪੁਤ ਸੂਲਰ ਮੇਂ ਆਇਆ ਵੈਰਾਗੀ ਹੋ ਇਕੇ। ਪਹਿਲੇ ਉਦਾਸੀਆਂ, ਦੀਵਾਨਿਆਂ ਨੂੰ ਮਿਲ ਕੇ ਸਾਰੰਗੀ ਬਜੌਣੀ ਸਿਖੀ। ਦੇਵੀ ਦਾ ਸੰਗ ਜਦ ਤੁਰੇ ਤਾਂ ਨਾਲ ਜਾਣਾ, ਸਾਰੰਗੀ ਬਜਾਉਣੀ। ਢੋਲ ਵੱਜਣਾਂ ਤਾਂ ਅੱਗੇ ਨੱਚਣਾ। ਟੋਪੀ ਫੁੰਮਣਾਂ ਵਾਲੀ ਸਿਰ ਤੇ ਰੱਖਣੀ। ਹੀਰ ਰਾਂਝਾ ਗਾਉਣਾ। ਮਨਸਾ ਦੇਵੀ ਦੇ ਸੰਗ ਜਾਂ ਤੁਰਦੇ ਤਾਂ ਨਾਲ ਉਸਨੇ ਜਾਣਾ। ਇਕ ਵਾਰ ਸੰਗ ਚੁੰਨੀ ਮੈਂ ਆਇ ਉਤਰਿਆ। ਬੀਸ ਦਿਨ ਰਿਹਿਆ ਫੇਰ ਚਲਾ ਗਿਆ। ਸਿੰਘਾਂ ਦੇ ਵੇਲੇ ਦੇ ਲੋਕ ਭੋਲੇ ਸੇ। ਫਰੰਗੀ ਕੇ ਕਾਨੂੰਨ ਕੁਝ ਨ ਸੀ ਜਾਣਦੇ। ਚੌਕੀਦਾਰ ਜੋ ਕਰੇ ਸੋ ਮੰਨਦੇ ਸੀ। ਸਾਰੇ ਡਰਦੇ ਸੀ। ਉਸ ਸਮੇਂ ਫਰੰਗੀ ਨਾ ਆਇਆ ਸੀ। ਸਾਰੰਗੀ ਵਾਲੇ ਜਿਊਣ ਦਾਸ ਨੇ ਸਾਰੰਗੀ ਮਾਲਵੇ ਦੇਸ ਜਾਇਕੇ ਵੈਰਾਗੀ ਹੋ ਇਕੇ ਭੱਠੀ ਵਿੱਚ ਦੇ ਦਿੱਤੀ।

"ਕਾਲੇ ਦੀ ਦੁਗਾਲ (ਸਮਾਣੇ ਤੋਂ ਅੱਗੇ, ਘੱਗੇ ਕੋਲ) ਜੋਗਾ ਅਭਿਆਸੀ ਜੋ ਸੰਤ ਥੇ ਜੀਉਣ ਦਾਸ ਉਨ੍ਹਾਂ ਦੀ ਉਸਤਤ ਸੁਣ ਕੇ ਗਿਆ। ਜਾਇਕੇ ਕਹਿਣੇ ਲਗਾ ਸੰਤਾਂ ਦਾ ਦਰਸ਼ਨ ਕਰਨਾ ਹੈ। ਉਨ੍ਹਾਂ ਨੇ ਕਹਾ ਕਿ ਹੁਣ ਨਹੀਂ ਜਦ ਟਹਿਲ ਵਾਲਾ ਜਾਵੇਗਾ ਤਦ ਨਾਲ ਜਾਈਂ। ਨਾਲ ਗਿਆ ਟਹਿਲ ਵਾਲੇ ਦੇ। ਮੋਗਰੀ ਮਾਰ ਕੇ ਫਲ੍ਹਾ ਉਖੇੜ ਕੇ ਅੰਦਰ ਗਿਆ। (ਸੰਤਾਂ ਦੀ ਕੁਟੀਆਂ ਦੇ ਚੌਫੇਰੇ ਵਾੜ ਕੀਤੀ ਹੋਈ ਸੀ)। ਜਲ ਦਾ ਘੜਾ ਰਖਿਆ। ਸੰਤ ਜੋ ਸੀ ਉਸਨੇ ਆਇਕੇ ਇਸ਼ਨਾਨ ਕੀਤਾ, ਪ੍ਰਸ਼ਾਦ ਛਕਿਆ। ਜੀਉਣ ਦਾਸ ਨੇ ਹੱਥ ਜੋੜ ਕੇ ਕਹਾ "ਜੀ ਮੈਨੂੰ ਨਾਮ ਦਾ ਉਪਦੇਸ਼ ਦੱਸੋ।" ਸੰਤ ਜੋਗਾ ਅਭਿਆਸੀ ਨੇ ਕਹਾ ਕਿ ਸਾਡਾ ਉਪਦੇਸ਼ ਸੋ ਸੁਣੇ ਜੋ ਜੀਉਂਦਾ ਮਰ ਜਾਏ। ਪਹਿਲਾਂ ਤਾਂ ਛਕਣਾ

ਥੋੜਾ, ਨੀਂਦ ਥੋੜੀ ਕਰਨੀ। ਦੁਨੀਆਂ ਕੇ ਰੂਪ ਦੇਖਣੇ ਤੇ ਹੋਰ ਭਟਕਣਾ ਛਡੇ। ਕੋਈ ਰਸ ਨਾ ਲਵੇ। ਸਾਰੇ ਸੁਭਾਉ ਛੱਡੇ ਸੋ ਸਾਡਾ ਉਪਦੇਸ਼ ਲਵੇ। ਜੀਉਣ ਦਾਸ ਨੇ ਕਹਾ ਨੀਂਦ ਤਾਂ ਅਸੀਂ ਅੱਗੇ ਹੀ ਥੋੜੀ ਲੈਂਦੇ ਹੈਂ। ਸਾਡੇ ਕੋਈ ਵਿਸ਼ਾ ਨਹੀਂ ਹੈ ਕਿਸੇ ਤਰ੍ਹਾਂ ਦਾ। ਧੁਆਡੀ ਮਿਹਰ ਕਰਕੇ ਕੋਈ ਹੱਛਾ ਨਹੀਂ ਲਗਦਾ ਹੈ। ਜੋਗਾ ਅਭਿਆਸੀ ਨੇ ਕਹਾ ਚਾਰ ਉਪਦੇਸ਼ ਹਨ ਰਾਮ-ਰਾਮ, ਓਅੰ, ਸੋਹੰ, ਵਾਹਿਗੁਰੂ! ਜੇੜ੍ਹਾ ਤੈਨੂੰ ਹੱਛਾ ਲਗਦਾ ਹੈ ਸੋ ਕਰ। ਜੀਉਣ ਦਾਸ ਨੇ ਕਿਹਾ ਵਾਹਿਗੁਰੂ ਮੰਤਰ ਜਪਾਂਗਾ।

"ਸਮਾਂ ਪਾਇਕੇ ਸਮਾਧੀ ਲਗਣ ਕੀ ਵਿਧੀ ਦੱਸ ਦਿਤੀ। ਸੰਤਾਂ ਨੇ ਕਿਹਾ ਕਿ ਜਿੰਨਾਂ ਚਿਰ ਪਹਿਲੇ ਦਿਨ ਆਸਣ ਲਾਕੇ ਬੈਠੇਂਗਾ ਉਤਨਾ ਚਿਰ ਰੋਜ਼ ਦਾ ਪੱਕ ਜਾਏਗਾ। ਪਦਮ ਆਸਣ ਲਗਾਇਕੇ ਤ੍ਰਿਕੁਟੀ ਕਾ ਧਿਆਨ ਧਰਨਾ, ਸਭ ਰੈਹਣੀ ਬੈਹਣੀ ਸਮਝਾਈ ਤੇ ਕਹਾ ਹੁਣ ਜਿੱਥੇ ਮਰਜੀ ਹੈ ਉਥੇ ਬੈਠ ਕੇ ਕਮਾਇ ਲੈ। ਸਵਾਸ ਨਾਲ ਭਜਨ ਕਰਨਾ। ਆਪਣੇ ਕੋਲ ਅਸੀਂ ਨਹੀਂ ਅਟਕਣ ਦਿੰਦੇ। ਛੁੱਟੀ ਲੈ ਕੇ ਜਿਉਣ ਦਾਸ ਜਨਮ ਦੇ ਨਗਰ ਦੁੱਲੀਵਾਲ ਆਇਆ। ਇਕ ਛੰਨ ਬਣਾਇਕੇ ਬੈਠਾ। ਸਮਾਧੀ ਲਗਣੇ ਲਗੀ।

"ਜਾਂ ਬਰਸ ਰੋਜ਼ ਹੋਇਆ ਸਮਾਧੀ ਲਗਦਿਆਂ ਤੇ ਭਜਨ ਕਰਦਿਆਂ ਤਾਂ ਇਕ ਦਿਨ ਸਮਾਧੀ ਮੇਂ ਬੈਠਾ ਸੀ, ਏਕ ਸਰਪ ਫੁੰਕਾਰੇ ਮਾਰਨੇ ਲਗਾ। ਮੁੱਖ ਪਰ ਚੌੜੇ ਫਨ ਸੇ। ਜਾਂ ਨੇਤਰ ਖੋਲ੍ਹ ਕੇ ਦੇਖਿਆ ਤਾਂ ਸਰਪ ਫੁੰਕਾਰੇ ਮਾਰਦਾ ਹੈ। ਜਿਉਣ ਦਾਸ ਡਰਕੇ ਆਸਨ ਛੱਡ ਕੇ ਦੂਰ ਜਾ ਖਲੋਇਆ। ਫੇਰ ਦੇਖੇ ਤਾਂ ਕੋਈ ਸਰਪ ਨਹੀਂ ਹੈ। ਉਸਨੇ ਜਾਣਿਆ ਜੋ ਛਲੀਆ ਛਲ ਗਿਆ ਜੇਕਰ ਨਾ ਉਠਦੇ ਤਾਂ ਮਹਾਰਾਜ ਜੀ ਗੋਦ ਮੇਂ ਲੈ ਲੈਂਦੇ। ਪਛਤਾਇਆ ਕੇ ਪਰਮੇਸ਼ਰ ਕੇ ਮਿਲਨੇ ਦਾ ਵੇਲਾ ਸੀ। ਬੈਠ ਗਿਆ। ਪਛਤਾਵਾ ਬਹੁਤ ਕੀਤਾ। ਪਛਤਾਵੇ ਦੇ ਵਿਚ ਜੋਗ ਅਭਿਆਸ ਦੀ ਬਿਰਤੀ ਛੱਡ ਕੇ ਉਦਾਸ ਹੋਇ ਕਰ ਚੁੰਨ੍ਹੀ ਮੇਂ ਆਇ ਡੇਰਾ ਲਾਇਆ।

"ਸਗੀਰ ਕ੍ਰਿਸ ਹੋਇਆ ਸੀ ਬੰਦਗੀ ਕਰਦਿਆਂ ਦਾ। ਧਰਮਸਾਲ ਮੇਂ ਰੌਲਾ ਕਰਕੇ ਬ੍ਰਿਤੀ ਨਾ ਲਗੇ ਤਾਂ ਚੁਬਾਰੇ ਮੇਂ ਜਾਇ ਰਹੇ। ਦੋ ਬਰਸ ਤਾਂ ਕੱਟੇ, ਫੇਰ ਘਰ ਵਾਲਿਆਂ ਕੇ ਮਨ ਮੇਂ ਫਰਕ ਕੀ ਬਾਤ ਹੋਈ। ਸੰਤ ਨੇ ਫਰਕ ਕੀ ਬਾਰਤਾ ਜਾਣਕੇ ਚੁੰਨ੍ਹੀ ਵਿਚ ਹੀ ਗੁੱਗੇ ਮਾੜੀ ਬਾਰਾਦਰੀ ਹੈ, ਉਥੇ ਡੇਰਾ ਜਾਇ ਲਾਇਆ। ਤਿਸ ਜਗ੍ਹਾ ਮੈਂ ਸੰਤ ਜਿਉਣ ਦਾਸ ਜੀ ਲਗੇ ਬੰਦਗੀ ਕਰਨ। ਸੁਆਲ ਨਾ ਸੇ ਕਰਦੇ। ਜੋ ਹੁਕਮ ਨਾਲ ਆਇ ਜਾਵੇ ਤਾਂ ਵਰਤਨਾ। ਜੋ ਕੋਈ ਆਵੇ ਉਸਨੂੰ ਕਹਿਣਾ ਹੋਰ ਗੱਲ ਨਾ ਕਰੋ, ਜਾਂ ਪਰਮੇਸ਼ਰ ਦੀ ਗੱਲ ਸੁਣੋ ਜਾਂ ਸੁਣਾਵੋ। ਹੋਰ ਗੱਲਾਂ ਜਿਨ ਕਰਨੀਆਂ ਹੈਂ ਸੋ ਬਾਹਰ ਜਾਇਕੇ ਕਰੋ। ਸਾਧ ਕੀ ਉਪਮਾ ਸੁਣ ਕੇ ਸਾਧ ਆਵਣੇ ਲੱਗੇ। ਗਿਆਨ ਚਰਚਾ ਕਰਨੀ। ਜਾਂ ਕਿਸੇ ਨੇ ਬ੍ਰਹਮ ਕਹਿਣਾ ਤਾਂ ਸੰਤਾਂ ਨੇ ਕਹਿਣਾ ਜਦ ਜਾਣ ਲਿਆ ਬ੍ਰਹਮ ਤਾਂ ਬੋਲਣਾ ਕਿੱਥੇ ਰਿਹਾ? ਜਾਂ ਸਾਰੇ ਈ ਇਕ ਬ੍ਰਹਮ ਹੈਂ। ਜਿਉਣ ਦਾਸ ਸੰਤ ਨੇ ਕਹਾ ਕਿ ਮੈਨੂੰ ਗੁਗੇ ਨੇ ਦਰਸ਼ਨ ਦਿਤਾ ਹੈ। ਜਾਂ ਮੇਰੇ ਕੋਲ ਆਇਆ ਤਾਂ ਸ਼ਾਂਤ ਵਰਤ ਗਈ। ਲੋਕ ਕਹਿੰਦਾ ਹੈਂ ਭੈ ਦਿਤਾ ਹੈ। ਮੈਨੂੰ ਤਾਂ ਕੋਈ ਭੈ ਨਹੀਂ ਹੋਇਆ।

"ਭਾਦ੍ਰੋਂ ਕਾ ਮਹੀਨਾ ਆਇਆ। ਗੁੱਗੇ ਦਾ ਮੇਲਾ ਲੱਗਾ। ਸਭ ਚੇਲੇ ਇੱਕਠੇ ਹੋ ਕੇ

ਖੇਡੇ। ਕਹਿਣ ਏਥੇ ਮੰਜਾ ਡਾਹੁਣ ਕਾ ਹੁਕਮ ਨਾ ਸੀ, ਇਹ ਕਿਉਂ ਮੰਜਾ ਡਾਹੁੰਦਾ ਹੈ। ਭਾਦ੍ਰੋ ਬਦੀ ਕੀ ਨੌਮੀ ਕੋ ਗੁੱਗੇ ਨੇ ਜਨਮ ਧਾਰਿਆ ਹੈ।.....ਜੀਉਣ ਦਾਸ ਨੇ 24 ਸਾਲ (ਹਰ) ਸਵਾਸ ਨਾਲ ਭਜਨ ਕੀਤਾ।

ਉਸੀ ਸਮੇਂ ਸ੍ਰੀ ਸਤਿਗੁਰੂ ਜੀ ਨੇ ਸੂਬਾ ਕਾਹਨ ਸਿੰਘ ਨੂੰ ਭਜਨ ਦੇਣ ਵਾਸਤੇ ਭੇਜਿਆ ਮੈਨ ਦਵਾਬ ਮੈ। ਸੂਬਾ ਕਾਹਨ ਸਿੰਘ ਚੂੰਨ੍ਹੀ ਮੈਂ ਆਇਆ, ਦੀਵਾਨ ਲੌਣਾ ਸ਼ੁਰੂ ਕੀਤਾ। ਸ਼ਬਦ ਦੀ ਧੁਨ ਸੁਣਕੇ ਕਈਆਂ ਕਾ ਸੂਤਰ ਭੀ ਨਿਕਲਨੇ ਲਗਾ। (ਮਸਤਾਨੇ ਹੋਣ ਲੱਗੇ) ਲੋਕ ਕਹਿੰਦੇ ਹੈਂ ਪੰਥ ਕੈਸਾ ਪ੍ਰਗਟ ਹੋਇਆ ਹੈ ? ਮੰਤਰ ਸੁਣ ਕੇ ਲੋਕ ਖੇਡਣ ਲੱਗ ਪੈਂਦੇ ਹੈਂ। ਖਵਰੇ ਕੀ ਜਾਦੂ ਕਲਾਮ ਸੁਣਾਇ ਦੇਂਦੇ ਹੈ। ਸਢੌਰੇ ਵਲ ਜਾਇਕੇ ਬਾਬਾ (ਸੂਬਾ) ਕਾਹਨ ਸਿੰਘ ਆਇਆ। ਅਗੇ ਤਾਂ ਬਡੀ ਚੂੰਨ੍ਹੀ ਸਿੰਘਾਂ ਨੇ ਭਜਨ ਲਏ ਸੇ, ਫੇਰ ਛੋਟੀ ਚੂੰਨ੍ਹੀ ਦੇ ਭੀ ਦਲੀਲਾਂ ਕਰਦੇ ਹੈਂ ਭਜਨ ਲੈਣ ਦੀਆਂ। ਜਿਉਣ ਦਾਸ ਨੂੰ ਦ੍ਰਿਸ਼ਟਾਂਤ ਮੈਂ ਦਰਸ਼ਨ ਹੋਇਆ ਕਿ ਪਾਂਚ ਅਸਵਾਰ ਹੈਂ, ਸਿਰ ਪਰ ਖੰਡਾ ਲਿਸ਼ਕਦਾ ਹੈ। ਇਕ ਰਸਤੇ ਪਰ ਖੜ੍ਹਾ ਸੀ। ਪੁਛਿਆ ਕੌਣ ਹੈ ? ਅੱਗੇ ਤੇ ਆਵਾਜ਼ ਹੋਇਆ ਨਾ ਏਹ ਰਾਜਾ ਨਾ ਏਹ ਪਰਜਾ। ਹੋਰ ਈ ਪ੍ਰਗਟ ਹਇਆ ਹੈ। ਖੰਡੇ ਕੀ ਲਿਸ਼ਕ ਬਿਜਲੀ ਵਾਂਗੂ ਪੈਂਦੀ ਹੈ ਜੋ ਬਾਬੇ ਕੇ ਸੀਸ ਪਰ ਸੀ।

"ਜਾਂ ਬਾਬਾ ਕਾਹਨ ਸਿੰਘ ਮੁੜਕੇ ਆਇਆ ਤਾਂ ਉਸੀ ਰਸਤੇ ਆਇਕੇ ਲੰਘੇ। ਬਾਬਾ ਨਿਹੰਗ ਸਿੰਘ ਦਾ ਚਿਟਾ ਬਾਣਾ ਤੇ ਸੀਸ ਪਰ ਖੰਡਾ ਚਮਕਦਾ ਹੈ। ਸੂਰਜ ਦੀਆਂ ਰਿਸ਼ਮਾਂ ਵਾਂਗੂ ਝਲਕ ਪਵੇ। ਜਿਉਣ ਦਾਸ ਨੇ ਦੇਖਿਆ ਤਾਂ ਬਿਜਲੀ ਵਾਂਗੂ ਚਮਕਿਆ। ਪੰਜ ਸਿੰਘਾਂ ਸਹਿਤ ਅਸਵਾਰ ਹੋਇ ਚਲੇ ਔਂਦੇ ਹੈ। ਜੇੜ੍ਹਾ ਦ੍ਰਿਸਟਾਂਤ ਸਾ ਸੋ ਪੂਰਾ ਹੋਇਆ।

"ਜੀਊਣ ਦਾਸ ਨੇ ਸੇਵਕ ਭੇਜਿਆ ਕਿ ਮੇਰੇ ਨਿਓਤਾ ਲਉ। ਬਾਬੇ ਕਾਹਨ ਸਿੰਘ ਨੇ ਪੁੱਛਿਆ ਕੌਣ ਸਾਧ ਹੈ ? ਕਿਹਾ ਕਿ ਉਦਾਸੀ ਸਾਧ ਹੈ, ਬੰਦਗੀ ਵਾਲਾ ਹੈ। ਨਿਓਂਦਾ ਮੰਨ ਲਿਆ। ਲਾਂਗਰੀ ਆਇਕੇ ਲੰਗਰ ਕਰਨੇ ਲਗੇ। ਜਿਉਣ ਦਾਸ ਨੂੰ ਭਜਨ ਦੇ ਕੇ ਫੇਰ ਪਰਸਾਦ ਛਕਿਆ। ਇੰਦਰ ਸਿੰਘ ਨੇ ਭਜਨ ਲਿਆ, ਈਸ਼ਰ ਸਿੰਘ ਨੇ ਭਜਨ ਲਿਆ। ਹੋਰ ਚਾਰ ਪਾਂਚ ਸਰੀਰਾਂ ਨੇ ਭਜਨ ਲਿਆ। ਜਿਉਣ ਦਾਸ ਕੋ ਬਾਬੇ (ਕਾਹਨ ਸਿੰਘ) ਨੇ ਬਚਨ ਕੀਤਾ ਰਾਮਦਾਸਪੁਰੇ ਆਉ। ਗੁਰੂ ਜੀ ਕਾ ਦਰਸ਼ਨ ਕਰੋ ਨਾਲੇ ਮੋਹਰ ਲੁਆ ਲਵੋ। ਅਤਰ ਸਿੰਘ ਕੋ ਸੂਤਰ ਹੋਇ ਗਿਆ। ਰਾਤ ਨੂੰ ਉਸ ਸਾਧ ਕੋ ਦੀਦਾਰ ਹੋਇਆ ਸ੍ਰੀ ਸਤਿਗੁਰੂ ਜੀ ਦਾ। ਬਚਨ ਕੀਤਾ ਰਾਮਦਾਸਪੁਰੇ ਆਇਕੇ ਭਜਨ ਲੈਕੇ ਫੇਰ ਕਰੋ।

"ਸਾਧ ਨੇ ਆਪਣੇ ਸੇਵਕਾਂ ਨੂੰ ਕਹਾ ਕਿ ਮੈਨੂੰ ਰਾਮਦਾਸਪੁਰੇ (ਭੈਣੀ) ਸਾਹਿਬ ਜਾਣ ਦਾ ਹੁਕਮ ਚੜ੍ਹਿਆ ਹੈ। ਜਿਉਂ ਤੁਰੇ ਹੈਂ ਖੜੇ ਨਹੀਂ ਹੋਏ, ਰਾਤੋਂ ਰਾਤ ਰਾਮਦਾਸਪੁਰੇ ਆਏ। ਦਰਸ਼ਨ ਕੀਤਾ, ਸ਼ਾਂਤ ਆਈ। ਨਿਸ਼ਚਾ ਹੋਇਆ ਕਿ ਏਹੋ ਹੀ ਸੱਚੇ ਗੁਰੂ ਹੈਂ। ਏਹੋ ਹੀ ਮੂਰਤੀ ਹੈ ਜੋ ਦ੍ਰਿਸ਼ਟਾਂਤ ਮੇਂ ਦਰਸ਼ਨ ਦੇ ਕੇ ਕਹਿ ਆਏ ਹੈਂ। ਮੰਗ ਕੇ ਭਜਨ ਲਿਆ। ਸ੍ਰੀ ਸਤਿਗੁਰੂ ਜੀ ਆਪ ਭਜਨ ਦਿੱਤਾ। ਲੈਂਦੇ ਸਾਰ ਲੇਟਣ ਲੱਗ ਪਿਆ। ਅੱਗੇ ਭੀ

ਮਸਤ ਸੇ ਫਿਰ ਜ਼ਿਆਦਾ ਮਸਤ ਹੋਏ। ਬਿਰਤੀ ਇਕਾਗਰ ਹੋਇਕੈ ਫੇਰ ਆਤਮ ਸੁਖ ਮੈਂ ਲੀਨ ਹੋਈ। ਅੰਮ੍ਰਿਤ ਛਕਿਆ ਤੇ ਕਛਹਿਰੇ ਪਹਿਨ ਲਏ। ਜਿਉਣ ਸਿੰਘ ਨਾਮ ਹੋਇਆ। ਅੰਤਰਯਾਮੀ ਜੀ ਬਚਨ ਕੀਤਾ ਸੁਆਸਾਂ ਦਾ ਨਾਮ ਜਪਣਾ ਪਿਛਲੇ ਜੁਗਾਂ ਦਾ ਹੈ। 24 ਸਾਲ ਸੁਆਸਾਂ ਦਾ ਨਾਮ ਜਪਦੇ ਰਹੇ ਹੋ, ਹੁਣ ਰਸਨਾਂ ਨਾਲ ਜਪਣੇ ਕਾ ਸਮਾਂ ਹੈ। ਸੁਆਸਾਂ ਕਾ ਸਮਾਂ ਨਹੀਂ ਹੈ। ਜਿਉਣ ਸਿੰਘ ਉਸ ਦਿਨ ਥੀਂ ਰਸਨਾ ਨਾਲ ਭਜਨ ਕਰਨ ਲੱਗਾ। ਅੱਗੇ ਤਾਂ ਚਾਰ ਬਰਨ ਦਾ ਪ੍ਰਸਾਦ ਛਕਦੇ ਹੁੰਦੇ ਸੀ, ਹੁਣ ਉਸ ਦਿਨ ਤੇ ਸੁੱਚ ਸੋਧ ਧਾਰ ਲਈ। ਪਰਸਾਦਾ ਸਿੰਘ ਸੇਵਕ ਬਨਾਵਣ ਲਗੇ। ਚੁੰਨ੍ਹੀ ਕੇ ਲੋਕ ਕਹਿੰਦੇ ਹੈਂ ਧੰਨ ਗੁਰੂ ਜੀ ਹੈ ਜਿਨ੍ਹਾਂ ਨੇ ਐਸੇ ਬੰਦਗੀ ਵਾਲੇ ਸੰਤ ਕੋ ਬਸੀ ਕਰ ਲਿਆ ਹੈ, ਬੜਾ ਬਲੀ ਗੁਰੂ ਹੈ।

"ਫੇਰ ਮਾੜੀ ਸੰਤ ਜਿਉਣ ਸਿੰਘ ਪਾਸ ਹੀਰਾ ਸਿੰਘ ਅਤੇ ਅਗੰਮ ਸਿੰਘ ਆਦਿ ਸਿੰਘਾਂ ਨੇ ਦੀਵਾਨ ਲੌਣਾ ਸ਼ੁਰੂ ਕੀਤਾ। ਸ਼ਬਦ ਪੜ੍ਹਨਾ ਦੁਨੀਆਂ ਸੂਤਰ ਨੂੰ ਦੇਖ ਕੇ ਭੁੱਲ ਜਾਂਦੀ ਹੈ। ਅਕਲ ਟਿਕਾਣੇ ਨਹੀਂ ਰਹਿੰਦੀ ਹੈ। ਕੋਈ ਉਸਤਤ ਕਰਦਾ ਹੈ, ਕੋਈ ਨਿੰਦਿਆਂ ਕਰਦਾ ਹੈ। ਜਿਊਣ ਸਿੰਘ ਫੇਰ ਇੱਕ ਫੇਰੀ ਰਾਮਦਾਸਪੁਰੇ ਆਇਆ। ਜਾ ਦਰਵਾਜੇ ਕੇ ਅੰਦਰ ਲੱਤ ਧਰੀ ਤਾਂ ਅੰਦਰੋਂ ਆਵਾਜਾ ਆਇਆ ਕਿ ਮੁੜ ਜਾਓ ਪਿਛਾਂ ਨੂੰ। ਫੇਰ ਅੰਦਰਲਾ ਪੈਰ ਪਿਛਾਂਹ ਹੀ ਕਰ ਲਿਆ ਤੇ ਮੁੜ ਆਇਆ ਚੁੰਨ੍ਹੀ ਮੈਂ। ਤੇਈ ਫੇਰੀ ਫੇਰ ਆਏ ਦਰਸ਼ਨ ਨੂੰ। ਦਰਸ਼ਨ ਕੀਤਾ।

"ਜੋ ਹੁਕਮ ਰਾਮਦਾਸਪੁਰੇ ਸਾਹਿਬ ਦਾ ਹੋਵੇ ਸੋ ਆਪਣੇ ਸੇਵਕਾਂ ਕੋ ਸੁਣਾਇ ਦੇਣਾ। ਸੰਤ ਫੁਰਨੇ ਪਰ ਚਲਦੇ ਹੈਂ। ਜਿਵੇਂ ਜੈਸਾ ਫੁਰਨਾ ਹੋਵੇ ਸੋ ਗੱਲ ਕਰਨੀ। ਤ੍ਰਿਕਾਲ ਦਰਸੀ ਹੋਇਆ ਸੰਤ ਜਿਉਣ ਸਿੰਘ। ਅਗਲੇ ਆਏ ਕਾ ਫੁਰਨਾ ਸਮਝ ਲੈਣਾ। ਜੈਸੀ ਧਾਰ ਕੇ ਆਵੇ ਓਸੀ ਸੇਵਾ ਕਰਵਾਇ ਦੇਣੀ। ਸਮਾਧੀ ਮੈਂ ਜਾਇਕੇ ਦਿਲ ਪਰਚੌਂਦੇ ਹੈਂ। ਬਿਵਹਾਰਕ ਬੋਲਾ ਕੋਈ ਨਾ ਕਰਦੇ ਨਾ ਕਰਨ ਦੇਂਦੇ ਹੈਂ। ਅੱਠੇ ਪਹਿਰ ਭਜਨ ਕਰਨਾ। ਫੁਰਨੇ ਜੋ ਸੀ ਸੋ ਅਫੁਰ ਕਰੀ ਬੈਠੇ ਹੈ।[2]

ਸੂਬਾ ਕਾਹਨ ਸਿੰਘ ਜੀ ਤੋਂ ਭਜਨ ਲੈਣ ਦਾ ਸਮਾਂ 1868-69 ਈ. ਦਾ ਹੈ। ਦੁੱਲੀਵਾਲ ਤੋਂ ਆਪ ਦੁਆਰਾ ਚੁੰਨ੍ਹੀ ਆਉਣ ਦਾ ਵੇਲਾ 1844-45 ਈ. ਬਣਦਾ। ਇਸ ਤਰ੍ਹਾਂ ਆਪ ਦਾ ਜਨਮ 1820 ਈ. ਦੇ ਲਾਗੇ ਚਾਗੇ ਮਾਲੂਮ ਹੁੰਦਾ ਹੈ। ਚੁੰਨ੍ਹੀ ਵਿਚ ਆਪ ਤੋਂ ਬਾਅਦ ਆਪ ਦੇ ਭਤੀਜੇ ਬਾਬਾ ਬੀਰ ਸਿੰਘ ਜੀ ਬੜੇ ਸਾਧੂ ਹੋਏ ਹਨ।[3] ਆਪ ਦਾ ਦੇਹਾਂਤ ਉਨ੍ਹੀਂਵੀ ਸਦੀ ਦੇ ਅੱਠਵੇਂ ਦਹਾਕੇ ਦੇ ਅੰਤ ਵਿਚ ਹੋਇਆ ਸੰਭਾਵਿਤ ਹੈ।

ਨਾਮਧਾਰੀ ਪੰਥ ਵਿਚ ਇਕ ਸਾਖੀ ਰਵਾਇਤ ਬਹੁਤ ਪ੍ਰਸਿੱਧ ਹੈ ਸਤਿਗੁਰੂ ਰਾਮ ਸਿੰਘ ਜੀ ਦੇ ਪਿਤਾ ਬਾਬਾ ਜੱਸਾ ਸਿੰਘ ਹੋਰਾਂ ਦੇ ਅੰਤਿਮ ਸਮੇਂ ਬਾਰੇ, ਜੋ ਉਹਨਾਂ ਸਤਿਗੁਰੂ ਜੀ ਤੋਂ ਬਚਨ ਲਿਆ ਸੀ ਕਿ ਮੇਰੇ ਸਸਕਾਰ ਸਮੇਂ ਦਰਸ਼ਨ ਦੇਣਾ। ਇਸ ਸਾਖੀ ਦਾ ਸੰਬੰਧ ਵੀ ਬਾਬਾ ਜਿਊਣ ਸਿੰਘ ਚੁੰਨ੍ਹੀ ਹੋਰਾਂ ਦੀ ਉੱਚ ਆਤਮਿਕ ਅਵਸਥਾ ਨਾਲ ਜਾ ਜੁੜਦਾ ਹੈ। ਉਹ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰੇਮ ਵਿੱਚ ਇਸ ਕਦਰ ਖੀਵੇ ਹੋਏ ਵਿਚਰਦੇ ਸਨ ਕਿ ਉਹਨਾਂ ਨੂੰ ਜ਼ਰੇ-ਜ਼ਰੇ ਵਿਚੋਂ ਸਤਿਗੁਰੂ ਰਾਮ ਸਿੰਘ ਜੀ ਦਾ ਸੰਗ ਸਾਥ

ਮਹਿਸੂਸ ਹੁੰਦਾ ਸੀ। ਉਹਨਾਂ ਨੂੰ ਆਪਣੇ ਚਾਰ ਚੌਂਫੇਰੇ ਸਤਿਗੁਰੂ ਸਰੂਪ ਦੇ ਹੀ ਝਉਲੇ ਪੈਂਦੇ ਸਨ। ਦੁਨਿਆਵੀ ਪ੍ਰੇਮੀਆਂ ਨੂੰ ਵੀ ਪ੍ਰੇਮ ਦੀ ਉੱਚ ਅਵਸਥਾ ਵਿਚ ਆਪਣੇ ਚਾਹੁਣ ਵਾਲਿਆਂ ਦੇ ਭੁਲੇਖੇ ਅਕਸਰ ਪੈਂਦੇ ਹਨ.... "ਮੈਨੂੰ ਮੱਸਿਆ 'ਚ ਪੈਣ ਭੁਲੇਖੇ, ਤੇਰੀ ਵੇ ਸੰਧੂਰੀ ਪੱਗ ਦੇ।" ਫਿਰ ਗੁਰੂ ਦਰਸ਼ਨਾਂ ਦੀ ਸਿੱਕ ਵਾਲਿਆਂ ਦੀ ਬਾਬਾ ਜਿਊਣ ਸਿੰਘ ਜਿਹੇ ਆਰਿਫਾਂ ਦੀ ਪ੍ਰੀਤ ਤਾਂ ਬਹੁਤ ਉੱਚੀ ਸੀ, ਉਹ ਆਪਣੇ ਸਤਿਗੁਰੂ ਦੇ ਦਰਸ਼ਨਾਂ ਦਾ ਅਨੰਦ ਜਿਸ ਘੜੀ ਚਾਹੁੰਦੇ ਚਿਤਵ ਲੈਂਦੇ ਸਨ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਰਿਕਾਰਡ ਹੋਏ ਉਪਦੇਸ਼ ਵਿਚ ਬਾਬਾ ਜੱਸਾ ਸਿੰਘ ਜੀ ਦੇ ਅੰਤਿਮ ਸਮੇਂ ਦਾ ਪ੍ਰਸੰਗ ਵੀ ਆਉਂਦਾ ਹੈ ਅਤੇ ਸਤਿਗੁਰੂ ਰਾਮ ਸਿੰਘ ਜੀ ਦੇ ਅਵਤਾਰ ਧਾਰਨ ਤੋਂ ਪਹਿਲਾਂ ਦਾ ਗੁਰੂ ਨਾਨਕ ਦੇਵ ਜੀ ਵੰਸ਼ਿਜ ਸੰਤ ਸਿਪਾਹੀ ਬਾਬਾ ਸਾਹਿਬ ਸਿੰਘ ਬੇਦੀ ਊਨੇ ਵਾਲਿਆਂ ਦਾ ਗੁਰ ਅਵਤਾਰ ਬਾਰੇ ਭਵਿੱਖਤ ਬਚਨ ਵੀ ਮਿਲਦਾ ਹੈ। ਪਾਠਕਾਂ ਦੀ ਦਿਲਚਸਪੀ ਲਈ ਅਸੀਂ ਇਹ ਪ੍ਰਸੰਗ ਪੇਸ਼ ਕਰਨ ਦੀ ਖੁਸ਼ੀ ਲੈਂਦੇ ਹਾਂ।

ਪ੍ਰਸੰਗ ਬਾਬਾ (ਜੱਸਾ ਸਿੰਘ) ਜੀ ਦਾ, ਜਿਹੜੀ ਬਿਰਤੀ ਸੀ ਪਹਿਲੇ, ਉਹ ਰਾਮ-ਰਾਮ ਭਜਨ ਕਰਦੇ ਸਨ। ਸਤਿਗੁਰੂ ਜੀ ਦੇ ਪ੍ਰਦੇਸ ਜਾਣ ਵੇਲੇ, ਉਹਨਾਂ (ਬਾਬਾ ਜੱਸਾ ਸਿੰਘ ਜੀ) ਨੇ ਬਚਨ ਕੀਤਾ। ਸਤਿਗੁਰੂਾਂ ਆਖਿਆ, "ਮੰਗ ਕੁਛ" ਬਾਬਾ ਜੀ ਨੇ ਤਿੰਨ ਬਚਨ ਕੀਤੇ▯

▯ ਕਿ ਇਕ ਤਾਂ ਮੇਰਾ ਸਰੀਰ ਜਿਸ ਵੇਲੇ ਚੱਲੇ ਤੁਸੀਂ ਪਾਸ ਹੋਵੋ।

▯ ਦੂਸਰਾ ਇਹ ਬਚਨ ਕਿ ਪੰਚਕਾਂ ਨਾ ਹੋਣ। ਪੁਰਾਣੇ ਖਿਆਲ ਸਨ, ਉਸ ਵੇਲੇ ਦੇ ਲੋਕ ਇਹ ਜਾਣਦੇ ਸੀ ਕਿ ਪੰਚਕੀਆਂ ਜਿਹੜੀਆਂ ਹੁੰਦੀਆਂ ਨੇ, ਉਹਨਾਂ ਵਿਚ ਅਗਰ ਸਰੀਰ ਚੱਲੇ ਤਾਂ ਠੀਕ ਨਹੀਂ ਰਹਿੰਦਾ▯

▯ ਤੀਸਰਾ ਇਹ ਬਚਨ ਕਿ ਮੇਰਾ ਜੋ ਸਸਕਾਰ ਹੋਵੇ, ਉਹ ਬਾਬੇ ਮਨਸਾ ਰਾਮ ਦੀ ਸਮਾਧ ਕੋਲ ਹੋਵੇ▯

ਬਾਬੇ ਮਨਸਾ ਰਾਮ ਜੀ ਮਹਾਂਪੁਰਖ ਸਨ, ਜਿਹਨਾਂ ਨੂੰ ਪਹਿਲੇ ਕੁਸ਼ਟ ਹੋ ਗਿਆ ਸੀ▯ ਵੱਡਾ ਦੁੱਖ...। ਬਾਬਾ ਜੀ ਨੇ ਗਊਆਂ ਚਾਰਨ ਦੀ ਸੇਵਾ ਸਾਂਭੀ ਔਰ ਪੱਲੇ ਨਾਲ ਗਊ ਮੋੜਨੀ, ਹੱਥ ਨਾਲ ਚਪੇੜ (ਜਾਂ ਸੋਟੀ) ਨਹੀਂ ਮਾਰਨੀ। ਇਹ ਕੁਛ ਕਰਦਿਆਂ ਕਰਦਿਆਂ ਬਾਬਾ ਜੀ ਦੇ ਹੱਥ ਸਾਬਤ ਹੋ ਗਏ। ਰਾਈਆਂ ਵਿੱਚ ਉਹਨਾਂ ਦਾ ਡੇਰਾ ਹੈ ਔਰ ਓਸ ਡੇਰੇ ਦੇ ਅੰਦਰ ਉਹ ਜਗ੍ਹਾ ਆਈ ਹੈ ਜਿਥੇ ਸਤਿਗੁਰੂਾਂ ਦਾ ਪ੍ਰਕਾਸ਼ ਹੋਇਆ ਹੈ। ਬਾਬਾ ਜੀ ਨਾਲ ਬਾਬੇ ਜੱਸਾ ਸਿੰਘ ਹੁਰਾਂ ਦਾ ਬਹੁਤ ਪਿਆਰ ਸੀ ਔਰ ਬਾਬਾ ਜੀ ਬੜੇ ਮਹਾਂਪੁਰਖ ਸੇ, ਗਊਆਂ ਚਾਰਦੇ। ਕਾਲ ਪੈ ਗਿਆ ਬੇਟ ਦੇ ਇਲਾਕੇ 'ਚ ਦਰਿਆ ਦੇ ਕੰਢੇ। ਮੁਸਲਮਾਨ ਰਾਤ ਨੂੰ ਆਏ, ਆਕੇ ਪੰਡਾਂ ਬੰਨ੍ਹ ਲਈਆਂ ਤੂੜੀ, ਮੂਸਲ ਭੰਨ ਲਿਆ ਬਾਬਾ ਜੀ ਦਾ। ਜਿਸ ਵੇਲੇ ਪੰਡਾਂ ਚੁੱਕ ਕੇ ਤੁਰਨ ਅੰਨ੍ਹੇ ਹੋ ਜਾਣ। ਦਿਨ ਚੜ੍ਹੇ ਤਾਈਂ ਉੱਥੇ ਬੈਠੇ ਰਹੇ। ਬਾਬਾ ਜੀ ਨੇ ਦਿਨੇ ਆਖਿਆ, "ਭਾਈ ਤੁਸੀਂ ਰਾਤ ਨੂੰ ਕਿਉਂ ਔਖੇ ਹੋਣਾ ਸੀ, ਅਸੀਂ ਤਾਂ ਇਹ ਗਊਆਂ ਵਾਸਤੇ ਰੱਖਿਆ ਹੈ, ਤੁਸੀਂ ਮੰਗ ਕੇ ਲੈ

ਜਾਂਦੇ।" ਓਹਨਾਂ ਬਾਬੇ ਹੋਰਾਂ ਨਾਲ ਬਾਬਾ ਜੱਸਾ ਸਿੰਘ ਦਾ ਪਿਆਰ ਸੀ। ਉਹਨਾਂ ਤੋਂ ਹੀ ਰਾਮ ਰਾਮ ਦਾ ਸਿਮਰਨ ਕਰਨ ਲੱਗੇ ਸੀ। ਉਹ ਬਾਬਾ ਜੀ ਕਦੇ ਕਦੇ ਊਨੇ ਸਾਹਿਬ ਬਾਬਾ ਸਾਹਿਬ ਸਿੰਘ ਜੀ ਕੋਲ ਜਾਂਦੇ ਬੇਦੀਆਂ ਕੋਲ। ਬਾਬੇ (ਬਾਬੇ ਸਾਹਿਬ ਸਿੰਘ) ਹੋਰਾਂ ਨੇ ਆਖਿਆ, "ਤੁਹਾਨੂੰ ਹੁਣ ਏਥੇ ਆਉਣ ਦੀ ਲੋੜ ਨਹੀਂ, ਉੱਥੇ ਹੀ ਮਹਾਂ ਪੁਰਖ ਪ੍ਰਗਟ ਹੋਣਗੇ।"[4]

ਅੱਗੇ ਉਪਦੇਸ਼ ਵਿਚ ਪਰਦੇਸ ਗਮਨ ਤੋਂ ਦੋ ਸਾਲ ਬਾਅਦ ਬਾਬਾ ਜੱਸਾ ਸਿੰਘ ਜੀ ਦੇ ਚਲਾਣੇ ਦਾ ਜ਼ਿਕਰ ਮਿਲਦਾ ਹੈ ਅਤੇ ਫਿਰ ਇਸ ਤਰ੍ਹਾਂ ਮਹਾਂਪੁਰਖ ਬਾਬਾ ਜਿਊਣ ਸਿੰਘ ਜੀ ਚੁੰਨ੍ਹੀ ਦਾ ਕੂਕਾ ਬਣਨ ਦਾ ਉਪਰ ਬਾਹੋਵਾਲ ਜੀ ਵਰਣਿਤ ਪ੍ਰਸੰਗ ਹੀ ਉਪਦੇਸ਼ ਵਿਚ ਬਿਆਨ ਕੀਤਾ ਹੈ। ਜੋ ਵਧੇਰੇ ਜਾਣਕਾਰੀ 'ਉਪਦੇਸ਼' ਵਿਚ ਦਰਜ਼ ਹੈ, ਬਾਬਾ ਜੀ ਦੇ ਬੰਦਗੀ ਕਰਨ ਦੇ ਢੰਗ ਦੇ ਪਰਿਵਰਤਨ, ਸੁਭਾਉ ਅਤੇ ਬਾਬਾ ਜੱਸਾ ਸਿੰਘ ਜੀ ਦੇ ਚਲਾਣੇ ਨਾਲ ਸਬੰਧਿਤ ਸਾਖੀ, ਉਹ ਪਵਿੱਤਰ ਉਪਦੇਸ਼ ਦੇ ਹਵਾਲੇ ਨਾਲ ਫਿਰ ਸ਼ੁਰੂ ਕਰਾਂਗੇ।

"ਗੁਰਦਵਾਰੇ ਆਏ। ਸਤਿਗੁਰੂ (ਰਾਮ ਸਿੰਘ ਜੀ) ਸੱਚੇ ਪਾਤਸ਼ਾਹ ਜੀ ਏਥੇ ਸਨ। ਉਹਨਾਂ ਆਖਿਆ, "ਬਈ ਹੁਣ ਸੁਆਸ ਦਾ ਵਕਤ ਨਹੀਂ।" ਕਿਉਂਕਿ, ਮਹਾਰਾਜ ਨੇ ਬਾਣੀ ਵਿਚ ਲਿਖਿਆ ਹੈ ਕਿ ਜੁਗ-ਜੁਗ ਆਪੋ ਆਪਣਾ ਧਰਮ ਹੈ

ਸਤਿਜੁਗਿ ਸਤੁ ਤੇਤਾ ਜਗੀ
(ਸਤਿਜੁਗ ਵਿਚ ਸੱਚ ਬੋਲਣਾ ਹੀ ਧਰਮ ਸੀ, ਤ੍ਰੇਤੇ ਵਿਚ ਜੱਗ ਕਰਨੇ)
ਦੁਆਪਰਿ ਪੂਜਾ ਚਾਰ ॥
ਤੀਨੌ ਜੁਗ ਤੀਨੌ ਦਿੜੇ ਕਲਿ ਕੇਵਲ ਨਾਮ ਆਧਾਰ ॥

ਗਉੜੀ ਬੈਰਾਗਣ ਰਵਿਦਾਸ ਜੀ ਪੰਨਾ 346

ਅਬ ਕਲੂ ਆਇਓ ਰੇ ॥
ਇਕੁ ਨਾਮੁ ਬੋਵਹੁ ਬੋਵਹੁ ॥
ਅਨ ਰੂਤਿ ਨਾਹੀ ਨਾਹੀ ॥
ਮਤੁ ਭਰਮਿ ਭੂਲਹੁ ਭੂਲਹ ॥
...........................
ਮਨ ਰੁਤਿ ਨਾਮ ਰੇ ॥

(ਬਸੰਤ ਮ. ੫. ਪੰਨਾ ੧੧੮੫)

ਕਿਹਾ "ਭਾਵੇਂ ਕੋਈ ਆਖੇ ਤੈਨੂੰ ਉਡਾ ਕੇ ਲੈ ਜਾਂਦਾ ਹਾਂ, ਇਸ ਨਾਮ ਤੋਂ ਬਿਨਾਂ ਹੋਰ ਕਿਸੇ ਪਾਸੇ ਨਹੀਂ ਝਾਕਣਾ। ਬਾਬਾ ਜੀ ਜਾ ਕੇ ਲੱਗੇ ਜਪਣ। ਇਸ ਤਰ੍ਹਾਂ ਦਾ ਸੁਭਾ ਸੀ, ਇਕ ਸਿੰਘ ਘਰ ਲੈ ਗਿਆ, ਕਈ ਸਰੀਰ ਨਾਲ ਹੋਰ ਸਤਸੰਗੀ ਹੋ ਗਏ। ਪਹਿਲਾਂ ਸੁਆਸਾਂ ਨਾਲ ਹੀ ਜਪਦੇ ਸੀ ਰਸਨਾਂ ਦਾ ਹੁਕਮ ਬਾਬੇ ਨਿਰੰਗ ਸਿੰਘ (ਸੂਬਾ ਕਾਹਨ ਸਿੰਘ) ਹੁਰਾਂ ਦੇ ਹੀ ਦਿਤਾ ਸੀ। ਬਾਬੇ ਹੁਰਾਂ ਆਖਿਆ ਭਜਨ ਅਸੀਂ ਦੱਸ ਦਿੱਤਾ ਹੈ ਮੋਹਰ ਲਵਾ ਲਿਆਓ।

ਫੇਰ ਸਤਿਗੁਰੂਾਂ ਕੋਲ ਜਾ ਕੇ ਪੁਛਿਆ ਰਸਨਾ ਦਾ–ਹੁਕਮ ਹੀ ਰਸਨਾ ਦਾ ਹੈ। ਦੇਖੋ ਹਰ ਇਕ ਵਕਤ ਦੀ ਆਪੋ ਆਪਣੀ ਗੱਲ ਹੈ–

ਬਿਨੁ ਜਿਹਵਾ ਜੋ ਜਪੈ ਹਿਆਇ॥
ਕੋਈ ਜਾਣੈ ਕੈਸਾ ਨਾਉ॥

—ਮਲਾਰ ਮ. ੧, ਪੰਨਾ ੧੨੫੬

ਏਸ ਜੁਗ ਦਾ ਧਰਮ ਇਸੇ ਤਰ੍ਹਾਂ ਹੈ। ਹਰ ਜੁਗ ਦਾ ਆਪੋ ਆਪਣਾ ਧਰਮ ਹੈ। ਇਹ ਸੰਸਕ੍ਰਿਤ ਦੇ ਗ੍ਰੰਥਾਂ ਵਿੱਚ ਵੀ ਲਿਖਿਆ ਹੈ ਅਨਥਾ ਨਾਸਤੀ। ਉਥੇ ਲਿਖਿਆ ਹੈ ਇੱਕ ਨਾਮ ਹੀ ਨਾਮ ਜਪਣਾ ਇਸ ਜੁਗ ਦਾ ਧਰਮ ਹੈ। ਗਏ, ਲੱਗੇ ਜੱਪਣ। ਏਸ ਤਰ੍ਹਾਂ ਦੀ ਬਿਰਤੀ ਹੋਈ, ਇੱਕ ਸਿੱਖ ਦੇ ਘਰ ਪ੍ਰਸਾਦ ਬਣਾਇਆ ਤਸ ਮਈ ਤਿਆਰ ਕੀਤੀ, ਭੁਲੇਖੇ ਨਾਲ ਖੰਡ ਦੀ ਥਾਂ ਲੂਣ ਪਾ ਦਿੱਤਾ। ਜਿੰਨੇ ਸਰੀਰ ਗਏ, ਸਾਰੇ ਓਸੇ ਤਰ੍ਹਾਂ ਹੀ ਛਕ ਕੇ, ਕਿਸੇ ਨੇ ਨਹੀਂ ਆਖਿਆ ਸਾਨੂੰ ਕੌੜੀ ਲੱਗੀ ਹੈ, ਆਪਣੇ ਡੇਰੇ ਆ ਗਏ। ਉਹ ਜਦੋਂ ਮਗਰੋਂ ਛਕਣ ਲੱਗਾ ਤਾਂ ਉਹ ਬੜਾ ਦੁਖੀ ਹੋਇਆ। ਆ ਕੇ ਅਰਜ਼ ਕਰੀ। ਆਖਣ ਲੱਗੇ ਨਾ ਭਾਈ ਕੋਈ ਗੱਲ ਨਹੀਂ, ਕੋਈ ਇਖਤਿਆਰ ਦੀ ਗੱਲ ਨਹੀਂ, ਕਿਉਂਕਿ

ਰਸ ਕਸ ਸਾਦਾ ਬਾਹਰਾ ਸਚੀ ਵਡਿਆਈਐ॥

(ਰਾਮਕਲੀ ਵਾਰ ੩ ਪੰਨਾ ੯੫੧)

ਰਸ ਨਹੀਂ ਰਹਿ ਜਾਂਦੇ, ਓਦੋਂ ਦੁਨੀਆਂ ਦੇ ਰਸ ਸਭ ਫਿੱਕੇ ਲਗਦੇ ਹਨ।
ਜਿੰਨਾ ਚਿਰ ਆਨ ਰਸਾ ਸਭ ਹੋਛੇ ਰੇ  ਕਬੀਰ ਜੀ ਕਹਿੰਦੇ ਹਨ 
ਰਾਮ ਰਸੁ ਪੀਆ ਰੇ॥
ਜਿਹ ਰਸ ਬਿਸਰਿ ਗਏ ਰਸ ਅਉਰ।

(ਗਉੜੀ ਕਬੀਰ ਜੀ, ਪੰਨਾ ੩੩੭)

ਫੇਰ ਐਸੀ ਬਿਰਤੀ ਹੋ ਗਈ, ਅੱਗੇ ਕੀਰਤਨ ਕਰਾਉਣਾ ਰਾਗੀਆਂ ਦਾ, ਆਸਣ ਸਤਿਗੁਰਾਂ ਦਾ ਵਿਛਾ ਲੈਣਾ ਚੌਰ ਕਰਨਾ। ਦਰਸ਼ਨ ਹੁੰਦਾ ਹੀ ਸੀ ਤਾਂ ਕਰਦੇ ਸੀ। ਇਸ ਸ਼ੰਕਾ ਨੂੰ ਨਵਿਰਤ ਕਰਨ ਵਾਸਤੇ, ਉਹਨਾਂ ਨੇ ਸਤਿਗੁਰੂ ਸੱਚੇ ਪਾਤਸ਼ਾਹ ਨਾਲ ਕਈ ਸਾਡੇ ਵਰਗੇ ਜਿਹੜੇ ਅਸੀਂ, ਭਾਵੇਂ ਸਤਿਗੁਰਾਂ ਦੇ ਲੜ ਲੱਗੀਏ, ਪਰ ਜਿੰਨਾਂ ਚਿਰ ਕਿਰਪਾ ਨ ਕਰਨ ਪੂਰਾ ਸਿਦਕ ਕਿਸੇ ਕਿਸੇ ਨੂੰ ਦਿੰਦੇ ਹਨ। ਜਿਹੜਾ ਸਤਿਗੁਰਾਂ ਬਚਨ ਕੀਤਾ ਸੀ, "ਅਸੀਂ ਓਸ ਵਕਤ ਪਾਸ ਹੋਵਾਂਗੇ ਤੁਹਾਡੇ" ਸਵਾ ਪਹਿਰ ਦਾ ਤੜਕਾ ਹੈ, ਗੜਵੇ ਵਾਲੇ ਹੀਰਾ ਸਿੰਘ ਹੁਰੀਂ, ਇਕ ਰਾਗੀ ਮਜ਼ਬੀ ਹੁੰਦੇ ਸਨ, ਗੋਬਿੰਦਗੜ੍ਹ ਵਾਲੇ ਅਗਮ ਸਿੰਘ ਹੁਰਾਂ ਦੇ ਤਾਏ ਲੱਗਦੇ ਸਨ, ਓਹ ਜੋੜੀ ਵਜਾਉਂਦੇ ਸਨ, ਅਗਮ ਸਿੰਘ ਹੁਰਾਂ ਦਾ ਪਿਤਾ ਸਰੰਦਾ ਵਜਾਉਂਦਾ ਹੈ, ਸਤਿਗੁਰੂ ਆ ਕੇ ਆਸਣ ਤੇ ਬੈਠੇ, ਉਹਨਾਂ ਨੂੰ ਦਿਸੇ। ਉਹਨਾਂ ਨੂੰ ਤਾਂ ਹਰ ਵਕਤ ਦਿਸਦੇ ਸੀ, ਉਹ ਐਵੇਂ ਹੀ ਤਾਂ ਕਰ ਹੀ ਨਹੀਂ ਸਕਦੇ ਚੌਰ। ਹੀਰਾ ਸਿੰਘ ਹੁਰਾਂ ਦੀ ਜੋੜੀ ਕਿਧਰੇ ਉਲਟ ਕੇ ਜਾ ਪਈ। ਵੀਹ ਕੋਹ ਪੈਂਡਾ ਭੈਣੀ ਸਾਹਿਬ ਤੋਂ ਚੂੰਨ੍ਹੀ ਹੈ। ਸੰਤ ਮਸਤ ਹੋ ਕੇ ਹੱਸਣ ਲੱਗ ਪਏ – ਓ ਹੀਰਾ ਸਿੰਘ ਕੀ ਹੋਇਆ ਓ ਕੀ ਹੋਇਐ ਹੀਰਾ ਸਿੰਘ ?

ਕਹਿੰਦੈ ਕੀ ਹੋਣੈ, ਆਹ ਸਤਿਗੁਰੂ ਆਏ ਸੀ, ਆਸਣ ਤੇ ਬੈਠੇ ਸੀ। ਕਹਿੰਦੇ □ ਅਸੀਂ ਭੈਣੀ ਸਾਹਿਬ ਚੱਲੇ ਹਾਂ, ਬਾਬੇ ਦੀ ਚੜ੍ਹਾਈ ਹੈ।

ਵਕਤ ਲਿਖ ਲਿਆ, ਓਸੇ ਵੇਲੇ ਆਦਮੀ ਭੇਜਿਆ। ਅੱਜ ਕੱਲ ਵਰਗਾ ਆਦਮੀ ਹੁੰਦਾ ਤਾਂ ਖਵਰੇ ਤਿੰਨੀ ਚੌਹੀਂ ਦਿਨੀਂ ਵੀ ਨਾ ਪੈਦਲ ਪਹੁੰਚਦਾ। ਉਸ ਵੇਲੇ ਦੇ ਆਦਮੀ ਵੀ ਇਹੋ ਜਿਹੇ ਸੀ, ਜਿਹੜੇ ਸੱਠ ਕੋਹ ਪੈਂਡਾ ਵੀ ਕਰ ਸਕਦੇ ਸੀ।

ਬਾਬਾ ਜੀ ਨੇ ਉਸ ਦਿਨ ਸਰੀਰ ਛੱਡਿਆ। ਉਹ ਬਚਨ ਜਿਹੜਾ ਸੀ ਕਿ ਤੇਰੇ ਕੋਲ ਹੋਵਾਂਗੇ ਪੂਰਾ ਕੀਤਾ।

ਉਸ ਤੋਂ ਬਾਅਦ ਦਿਨ ਚੜ੍ਹਿਆ ਤਾਂ ਗੁਰੂ ਹਰੀ ਸਿੰਘ ਜੀ ਕਹਿਣ ਰਾਮਸਰ ਸਸਕਾਰ ਕਰਨੈ। ਪਿੰਡ ਵਾਲੇ ਜ਼ਿੰਮੀਦਾਰ ਕਹਿਣ ਅਸੀਂ ਮੜ੍ਹੀਆਂ ਵਿਚ ਜਾ ਕੇ ਸਸਕਾਰ ਕਰਨੈ। ਉਹ ਬਚਨ ਭੁਲਿਆ ਹੋਇਆ ਸੀ ਸਾਰਿਆਂ ਨੂੰ। ਓਦੋਂ ਨੂੰ ਓਹ ਬਾਬੇ ਮਨਸਾ ਰਾਮ ਦਾ ਸੇਵਕ ਜਿਹੜਾ ਡੇਰੇ ਵਾਲਾ ਮਹੰਤ ਸੀ ਉਹ ਆ ਗਿਆ, ਉਹਨੇ ਆਖਿਆ, " ਮਹਾਰਾਜ ਸਸਕਾਰ ਉੱਥੇ ਚਲ ਕੇ ਕਰੋ।" ਉਥੇ ਹੀ ਬਾਬਾ ਮਨਸਾ ਰਾਮ ਦੇ ਡੇਰੇ ਦੇ ਕੋਲ ਉਹ ਤਲਾਅ ਹੈ, ਉਹਦੇ ਤਲਾਅ ਦੇ ਪਹਾੜ ਵਾਲੇ ਪਾਸੇ ਪਿੱਪਲ ਖੜਾ ਹੈ □ ਖ਼ਬਰੇ ਹੁਣ ਹੈ ਕਿ ਵੱਢ ਦਿਤੈ□ ਉਥੇ ਬਾਬਾ ਜੀ ਦਾ ਸਸਕਾਰ ਹੋਇਆ। ਇਹ ਸਾਰਾ ਬਚਨ ਉਸ ਵੇਲੇ ਪੂਰਾ ਕੀਤਾ।"[5]

ਸਤਿਗੁਰੂ ਰਾਮ ਸਿੰਘ ਜੀ ਦੇ ਪਰਦੇਸ ਗਮਨ ਕਰ ਜਾਣ ਬਾਅਦ ਕਾਫੀ ਸਮਾਂ ਨਾਮਧਾਰੀ ਸੰਗਤ ਨੂੰ ਆਪਦੇ ਨਿਵਾਸ ਕਿੱਥੇ ਹਨ ਇਸ ਦੀ ਸੂਹ ਨਾਂ ਮਿਲੀ। ਨਾਮਧਾਰੀ ਰਵਾਇਤ ਅਨੁਸਾਰ ਭਾਈ ਦਰਬਾਰਾ ਸਿੰਘ ਕਿਲਾ ਰਾਏਪੁਰ ਨੂੰ ਸਤਿਗੁਰੂ ਜੀ ਦੇ ਰੰਗੂਨ ਵਿਖੇ ਨਜ਼ਰਬੰਦੀ ਵਿਚ ਹੋਣ ਦਾ ਪਤਾ, ਲੁਧਿਆਣਾ ਦੇ ਪੁਲਿਸ ਕਪਤਾਨ ਵਾਰਬਰਟਨ ਦੀ ਮੇਮ ਤੋਂ ਲੱਗਾ। ਭਾਈ ਦਰਬਾਰਾ ਸਿੰਘ ਹੀ ਭੇਸ ਬਦਲ ਕੇ ਦਰਸ਼ਨ ਕਰਕੇ ਆਉਣ ਵਾਲੇ ਅਤੇ ਗੁਰੂ ਹਰੀ ਸਿੰਘ ਜੀ ਦੀ ਗੁਰਿਆਈ ਵਾਲਾ ਹੁਕਮਨਾਮਾ ਲੈ ਕੇ ਆਉਣ ਵਾਲੇ ਪਹਿਲੇ ਸਿੱਖ ਸਨ। ਜਨਵਰੀ 1875 ਈ. ਤੋਂ ਜਨਵਰੀ 1881 ਈ. ਤੱਕ ਰੰਗੂਨ ਅਤੇ ਮਰਗੋਈ ਟਾਪੂ ਵਿੱਚ, 96 ਨਾਮਧਾਰੀ ਸਤਿਗੁਰੂ ਜੀ ਦੇ ਦਰਸ਼ਨ ਕਰਨ, ਗੁਪਤ ਰੂਪ ਵਿਚ ਪੁੱਜੇ ਸਨ। ਇਹਨਾਂ ਵਿਚੋਂ ਬਾਬਾ ਜਿਊਣ ਸਿੰਘ ਚੁੰਨ੍ਹੀ ਹੋਰਾਂ ਦੇ ਨਾਲ ਹੀ ਸੂਬਾ ਕਾਹਨ ਸਿੰਘ ਹੋਰਾਂ ਤੋਂ ਨਾਮ ਦੀ ਦਾਤ ਪ੍ਰਾਪਤ ਕਰਨ ਵਾਲਾ ਚੁੰਨ੍ਹੀ ਨਿਵਾਸੀ ਭਾਈ ਈਸ਼ਰ ਸਿੰਘ ਵੀ ਸੀ। ਭਾਈ ਈਸ਼ਰ ਸਿੰਘ ਅਗਸਤ 1880 ਈ. ਵਿਚ ਗੁਰੂ ਦਰਸ਼ਨਾਂ ਲਈ ਰੰਗੂਨ ਗਏ। ਭਾਈ ਈਸ਼ਰ ਸਿੰਘ ਪਹਿਲਾਂ ਹੀਰਾਂ ਸਿੰਘ ਲੰਮੂ ਸਢੌਰਾ ਸਾਹਿਬ ਸਿੰਘ ਜੌਹਲਾਂ ਦਾ, ਵਸਾਖਾ ਸਿੰਘ ਭੋਮੇ ਵਡਾਲੇ ਦਾ, ਚੰਦਾ ਸਿੰਘ ਸਕਤੂ ਨੰਗਲ ਅਤੇ ਲਾਲ ਸਿੰਘ ਲਤਾਲਾ ਨਾਲ ਸ੍ਰੀ ਭੈਣੀ ਸਾਹਿਬ ਗੁਰੂ ਹਰੀ ਸਿੰਘ ਜੀ ਪਾਸੋਂ ਯਾਤਰਾ ਦੀ ਮਨਜ਼ੂਰੀ ਲੈਣ ਗਏ। ਗੁਰੂ ਹਰੀ ਸਿੰਘ ਜੀ ਕਿਹਾ ਕਿ ਸਤਿਗੁਰੂ ਜੀ ਤਾਂ ਮਨਾਂਹ ਕਰਦੇ ਹਨ ਕਿ ਸਿੰਘ ਖਰਚ ਖੇਚਲ ਕਰਕੇ ਫਰੰਗੀ ਸਰਕਾਰ ਦੀਆਂ ਸਖਤੀਆਂ ਝੱਲ ਕੇ ਆਉਂਦੇ ਹਨ। ਪਰ ਦਰਸ਼ਨ ਮੇਲਾ ਤਾਂ ਚਮਤਕਾਰੇ ਮਾਤਰ ਹੀ ਹੁੰਦਾ ਹੈ ਸੋ ਨਾਂ

ਆਉਣ, ਘੱਟ ਆਉਣ, ਜਾਂ ਵਰ੍ਹੇ ਛਿਮਾਹੀਂ ਇਕ ਅੱਧਾ ਆਵੇ। ਈਸ਼ਰ ਸਿੰਘ ਸ੍ਰੀ ਭੈਣੀ ਸਾਹਿਬ ਤੋਂ ਹੋ ਕੇ ਬਾਬਾ ਸੁੱਧ ਸਿੰਘ ਨੂੰ ਵੀ ਜਦੋਂ ਉਹ ਸਢੌਰੇ ਗਏ ਹੋਏ ਸਨ ਮਿਲਿਆ। ਬਾਬੇ ਸੁੱਧ ਸਿੰਘ ਨੇ ਕਿਹਾ ਮੇਰੀ ਅਰਜ਼ ਕਰਕੇ ਕੈਹਣਾ ਜੇਹੜਾ ਕੰਮ ਕਿਸੇ ਨਹੀਂ ਕੀਤਾ ਸੋ ਕੰਮ ਮੈਂ ਕੀਤਾ ਹੈ। ਤੂੰ ਬਖਸ਼ਿੰਦ ਹੈਂ।"[6]

ਬਾਬਾ ਸੁੱਧ ਸਿੰਘ ਨੇ ਰਤਾ ਵਡੇਰੀ ਉਮਰ ਵਿਚ ਫੂਲਾ ਸਿੰਘ ਨਾਮੇ ਇੱਕ ਸਿੱਖ ਦੀ ਲੜਕੀ ਨਾਲ ਅਨੰਦ ਕਰਵਾਇਆ ਸੀ। ਪਰ ਸਤਿਗੁਰੂ ਜੀ ਨੇ ਇਕ ਹੁਕਮਨਾਮੇ ਵਿਚ ਉਸ ਨੂੰ ਇਸ ਕਾਰਜ ਦੀ ਪਰਵਾਨਗੀ ਦੇ ਦਿਤੀ ਸੀ।

ਸਤਿਗੁਰੂ ਰਾਮ ਸਿੰਘ ਜੀ ਨੇ ਭਾਈ ਈਸ਼ਰ ਸਿੰਘ ਚੁੰਨ੍ਹੀ ਨੂੰ ਗੁਰੂ ਹਰੀ ਸਿੰਘ ਜੀ ਅਤੇ ਬੀਬੀ ਨੰਦਾਂ ਵਾਸਤੇ ਇਕ ਹੁਕਮਨਾਮਾ ਦੇ ਕੇ ਲਿਖਿਆ ਸੀ

ਈਸ਼ਰ ਸਿੰਘ ਏਹੁ ਹਰਿਦਾਸ ਦੇਣੀ ਡੇਰੇ

..........................................

ਇਹੁ ਹਰਿਦਾਸ ਦੇਣੀ ਡੇਰੇ ਹਰੀ ਸਿੰਘ ਕੋ।[7]

ਰੰਗੂਨ ਪਹੁੰਚਣ ਬਾਅਦ ਭਾਈ ਈਸ਼ਰ ਸਿੰਘ ਇਕੱਲਾ ਹੀ ਸਤਿਗੁਰੂ ਜੀ ਦੇ ਦਰਸ਼ਨ ਕਰਨ ਗਿਆ ਕਿਉਂਕਿ ਧੰਨਾ ਸਿੰਘ ਗੁਮਟੀ ਦੀ ਗ੍ਰਿਫਤਾਰੀ ਕਾਰਨ ਸਾਰੇ ਸਿੰਘਾਂ, ਇੱਕਠੇ ਵਿਚਰਨ ਦੀ ਬਜਾਏ ਵੱਖ ਵੱਖ ਜਾਣਾ ਠੀਕ ਸਮਝਿਆ। "ਈਸ਼ਰ ਸਿੰਘ ਇੱਕਲਾ ਹੀ ਗਿਆ ਅਰਦਾਸਾ ਕਰਕੇ ਜਿੱਥੇ ਭੁੱਲ ਜਾਏ ਤਾਂ ਆਕਾਸ਼ਬਾਣੀ ਨਾਲ ਦੱਸਣਾ। ਜਾਂ ਕੋਲ ਗਿਆ ਤਾਂ ਦਰਸ਼ਨ ਹੋਇਆ। ਬਚਨ ਕੀਤਾ ਸੁੱਟ ਅਰਦਾਸ। ਈਸ਼ਰ ਸਿੰਘ ਨੇ ਕਿਹਾ ਕਿ ਮੈਂ ਅਨਪੜ੍ਹ ਹਾਂ ਬਚਨ ਹੋਇਆ ਸਿੰਘਾਂ ਨੂੰ ਲੈ ਆਓ, ਜੋ ਚਿੱਠੀ ਲਿਆਂਦੀ ਹੈ ਸਾਨੂੰ ਏਸੇ ਪਹਿਰੇ ਮੇਂ ਦੇ ਜਾਵਣ। ਏਹ ਸਿਪਾਹੀ ਵਾਕਫ ਹੈਨ। ਈਸ਼ਰ ਸਿੰਘ ਨੇ ਹੌਲੀ ਹੌਲੀ ਸਿੰਘਾਂ ਨੂੰ ਕਹਿਆ ਕਿ ਸਤਿਗੁਰੂ ਜੀ ਸੱਦਦੇ ਹਨ ਤੁਹਾਨੂੰ। ਸਿੰਘਾਂ ਨੇ ਆਪਸ ਮੇਂ ਸਲਾਹ ਕੀਤੀ ਕਿ ਚਲੋ ਰਾਜਾ ਰਾਮ ਸਿੰਘ ਪੰਜਾਬ ਦੇਸ਼ ਕਾ ਏਥੇ ਆਇਆ ਹੈ ਦਰਸ਼ਨ ਕਰ ਆਵੀਏ। ਜੇੜੇ ਦੋ ਉਮੈਦਵਾਰ ਸੇ ਓਨਾ ਨੇ ਭੀ ਕਹਾ ਚਲੋ ਅਸੀਂ ਭੀ ਦਰਸ਼ਨ ਕਰਾਂਗੇ। ਸਿੰਘ ਓਨ੍ਹਾਂ ਨੂੰ ਏਹ ਨਾ ਆਖ ਸਕਣ ਕਿ ਤੁਸੀਂ ਨਾ ਜਾਓ। ਆਪਣੇ ਭੀ ਸਾਰੇ ਸਿੰਘ ਤੇ ਉਮੈਦਵਾਰ ਸਾਰੇ ਈ ਨਾਲ ਜਾਇ ਖੜੇ ਹੋਏ। ਸਭਨੇ ਦੀਦਾਰ ਕੀਤਾ।

"ਦੀਨਾ ਨਾਥ ਜੀ ਬਚਨ ਕੀਤਾ ਕਿ ਸਾਰੇ ਨਾਮਧਾਰੀਏ ਹੈਨ ਕਿ ਦੂਏ ਹੈਨ। ਈਸ਼ਰ ਸਿੰਘ ਨੇ ਕਿਹਾ ਕਿ ਤੇਰੇ ਜੰਤ ਹੈਂ ਸਰਬ ਈ ਪਰ ਉਮੈਦਵਾਰ (ਕੂਕੇ ਬਣਨ ਦੇ ਉਡੀਕਵਾਨ) ਸਿੰਘ ਭੀ ਹੈਨ। ਤੇਜੀ ਮੈਂ ਬਚਨ ਕੀਤਾ ਸਤਿਗੁਰੂ ਜੀ ਕਿ ਮੈਂ ਤਾਂ ਮਨ੍ਹੇ ਕਰਦਾ ਹਾਂ ਪਰ ਸਿੰਘ ਡਾਰਾਂ ਦੀਆਂ ਡਾਰਾਂ ਔਣ ਲੱਗੇ ਹੈਨ। ਜਿਉਂ ਜਿਉਂ ਮਨੇ ਕਰਦੇ ਹੈਂ ਤਿਓਂ ਤਿਓਂ ਜ਼ਿਆਦਾ ਔਂਦੇ ਹੈਨ। ਬਚਨ ਹੋਇਆ ਤੁਰੇ ਜਾਂਦੇ ਈ ਗੱਲਾਂ ਕਰੋ ਖੜੋਇਕੇ ਨਾ ਕਰੋ। ਸਾਡੀ ਪੰਜਾਬੀ ਬੋਲੀ ਕੀ ਏਨਾਂ ਕੋ ਸਮਝ ਨਹੀਂ ਪੈਂਦੀ।[8] ਬਾਬਾ ਲਾਲ ਸਿੰਘ ਲਤਾਲੀਆਂ ਤਾਂ ਹੁਕਮਨਾਮਾ ਨਾਂ ਲੈ ਸਕੇ ਪਰ ਭਾਈ ਈਸ਼ਰ ਸਿੰਘ ਚੁੰਨ੍ਹੀ ਨੂੰ ਸਤਿਗੁਰੂ ਜੀ ਨੇ ਲਾਲ ਸਿੰਘ ਹੋਰਾਂ ਦੇ ਖਾਲੀ ਮੁੜਨ ਤੋਂ "ਅਗਲੇ ਦਿਨ ਹੁਕਮਨਾਮਾ

ਦਿਤਾ ਤੇ ਬਚਨ ਕੀਤਾ ਕਿ ਦੂਏ ਆਦਮੀ ਕੋ ਨਹੀਂ ਦਿਖਾਲਣਾ। ਪੜ੍ਹਕੇ ਸਮਝਕੇ ਪਾਣੀ ਮੈਂ ਗਾਲ ਦੇਣਾ ਜਾਂ ਅਗਨੀ ਮੈਂ ਦਾਹ ਕਰ ਦੇਈ, ਪਾਸ ਨਹੀਂ ਰੱਖਣਾ। ਜੇ ਏਨਾ ਕੇ ਹੱਥ ਆਇ ਗਇਆ ਤਾਂ ਮੈਨੂੰ ਤਾਂ ਖਵਰੇ ਕੇਹੜੇ ਦੇਸ ਪੁਚਾਇ ਦੇਣਗੇ ਨਾਲੇ ਧੁਹਾਨੂੰ ਦੁੱਖ ਦੇਣਗੇ.......... ਹੁਕਮ ਏਹ ਦੀਆ ਕਿ ਜਾਓ ਦੇਸ ਨੂੰ।"[9]

ਈਸ਼ਰ ਸਿੰਘ ਹੁਕਮਨਾਮਾ ਲੈ ਕੇ ਜਦੋਂ ਜਹਾਜ ਲੱਗਾ ਤਾਂ ਰਾਤੋਂ ਰਾਤ ਉਸ ਵਿਚ ਜਾਇ ਸਵਾਰ ਹੋਇਆ। ਦੂਸਰੇ ਸਿੰਘ ਬਾਅਦ ਵਿਚ ਜਹਾਜ਼ ਤੁਰਨ ਸਮੇਂ ਹੀ ਕਿਸ਼ਤੀਆਂ ਦੁਆਰਾ ਚੜ੍ਹੇ। ਕਲੱਕਤੇ ਤੋਂ ਰੇਲ ਰਾਹੀਂ ਅੰਬਾਲੇ ਪਹੁੰਚਿਆ। ਉੱਥੇ ਅੰਗ੍ਰੇਜ਼ ਅਧਿਕਾਰੀ ਨੇ ਪੁੱਛ ਗਿੱਛ ਕੀਤੀ। ਸਿੰਘ ਨੇ ਹੁਕਮਨਾਮਾ ਸੁਰੱਖਿਅਤ ਭੈਣੀ ਸਾਹਿਬ ਪੁਚਾਉਣ ਦਾ ਵੱਡਾ ਕਾਰਜ ਕਰ ਦਿਖਾਇਆ। ਭੈਣੀ ਸਾਹਿਬ ਉਹ ਹੁਕਮਨਾਮੇ ਸਣੇ ਨਹੀਂ ਗਿਆ। ਸਗੋਂ ਇਹ ਹੁਕਮਨਾਮਾ ਕੁਰਕੀ (ਛੋਟੀ ਕਟਾਣੀ) ਦੇ ਦਲੇਲ ਸਿੰਘ ਰਾਹੀਂ ਗੁਰੂ ਹਰੀ ਸਿੰਘਾ ਜੀ ਪਾਸ ਪੁਚਾਇਆ। ਆਪ ਬਾਅਦ ਵਿਚ ਦਰਸ਼ਨ ਕਰਕੇ ਗੁਰੂ ਦੀਆਂ ਖੁਸ਼ੀਆਂ ਲਈਆਂ।[10]

ਬਾਬਾ ਜਿਊਣ ਸਿੰਘ ਜੀ ਦੀ ਵਜ੍ਹਾ ਕਰਕੇ ਚੁੰਨ੍ਹੀ ਦੇ ਸਿੰਘਾਂ ਨਾਲ ਸਤਿਗੁਰੂ ਜੀ ਦੇ ਗਹਿਰੇ ਪ੍ਰੇਮ ਦਾ ਸੂਚਕ, ਉਹ ਹੁਕਮਨਾਮਾ ਵੀ ਹੈ ਜਿਸ ਵਿਚ ਆਪ ਜੀ ਬੀਬੀ ਅਤਰੀ ਦੇ ਚਾਚਾ ਭਾਈ ਮਨੀ ਸਿੰਘ ਮਾਈਸਰਖਾਨਾ ਨੂੰ ਜੋ ਰੰਗੂਨ ਦਰਸ਼ਨ ਕਰਨ ਆਇਆ ਸੀ ਲਿਖਦੇ ਹਨ ਦੇਸ ਪਰਤ ਕੇ

ਚੁੰਨ੍ਹੀ ਤੇ ਖਮਾਣੋ ਜਾਈ,
ਬਚਨ ਬਲਾਸ ਸੁਣਾਈ ਨਾਲੇ ਹਰਿਦਾਸ ਸੁਣਾਈ।
ਸਭ ਨੂੰ ਬਾਣੀ ਕੰਠ ਕਰਨ ਦਾ ਹੁਕਮ ਸੁਣਾਈ।[11]

ਮਹੱਤਵਪੂਰਨ ਕੂਕਿਆਂ ਵਾਲੀ ਪੁਲਿਸ ਵਿਭਾਗ ਦੀ ਸੂਚੀ ਵਿਚ ਚੁੰਨ੍ਹੀ ਕਲਾਂ ਦੇ ਹੀਰਾ ਸਿੰਘ ਪੁੱਤਰ ਦੀਦਾਰ ਸਿੰਘ, ਵਾਹੀਵਾਨ ਦਾ ਜ਼ਿਕਰ ਵੀ ਮਿਲਦਾ ਹੈ ਜੋ 1880 ਈ. ਵਿਚ 50 ਸਾਲ ਉਮਰ ਦਾ ਹੈ। ਗੁਰਮੁਖੀ ਪੜ੍ਹ ਲਿਖ ਸਕਦਾ ਹੈ। ਇਸ ਤੋਂ ਪਹਿਲਾਂ ਚੁੰਨ੍ਹੀ ਦੇ ਨਾਮਧਾਰੀਆਂ ਦਾ ਆਗੂ ਮਹਿਤਾਬ ਸਿੰਘ ਸੀ ਜੋ ਬਿਰਧ ਤੇ ਆਪੰਗ ਹੋ ਗਿਆ ਹੈ ਸੋ ਉਸਦੀ ਜਗ੍ਹਾ ਹੀਰਾ ਸਿੰਘ ਨੇ ਲੈ ਲਈ ਹੈ। ਹੀਰਾ ਸਿੰਘ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਨ, ਭੋਗ ਪਾਉਣ ਵਿਚ ਮਾਹਿਰ ਹੈ।[12]

ਜਿਸ ਤਰ੍ਹਾਂ ਉਪਰ ਜ਼ਿਕਰ ਆਇਆ ਹੈ ਕਿ ਪ੍ਰਸਿੱਧ ਕੂਕਾ ਬਾਬਾ ਬੀਰ ਸਿੰਘ ਜੀ ਚੁੰਨ੍ਹੀ ਵਾਲੇ ਬਾਬਾ ਜਿਊਣ ਸਿੰਘ ਜੀ ਦੇ ਭਤੀਜੇ ਸਨ। ਜਦੋਂ ਕੁ ਜਿਹੇ ਬਾਬਾ ਜਿਊਣ ਸਿੰਘ ਚੁਨ੍ਹੀਂ ਆਏ ਆਪ ਉਸ ਤੋਂ ਕੁਝ ਸਮਾਂ ਬਾਅਦ ਚੁਨ੍ਹੀ ਆ ਕੇ ਸਤਿਗੁਰੂ ਰਾਮ ਸਿੰਘ ਜੀ ਦੇ ਪੰਥ ਦੇ ਲੜ ਲੱਗ ਗਏ ਸਨ। ਉਹਨਾਂ ਦੇ ਦਰਸ਼ਨ ਮੇਰੇ ਪਿਤਾ ਜਥੇਦਾਰ ਗੁਰਮੁਖ ਸਿੰਘ ਝੱਬਰ ਨੇ ਕੀਤੇ ਸਨ ਸ੍ਰੀ ਭੈਣੀ ਸਾਹਿਬ ਰਹਿਣ ਸਮੇਂ। ਜੱਥੇਦਾਰ ਝੱਬਰ ਦੇ ਸੰਸਮਰਣ ਵਾਲੀ ਕਿਤਾਬ ਵਿੱਚ ਬਾਬਾ ਚੁੰਨ੍ਹੀ ਦੇ ਹਵਾਲੇ ਨਾਲ ਬਾਬਾ ਜੱਸਾ ਸਿੰਘ ਜੀ ਦੇ ਚਲਾਣੇ ਦਾ ਪ੍ਰਸੰਗ ਇਸ ਤਰ੍ਹਾਂ ਮਿਲਦਾ ਹੈ। ਵੇਰਵਾ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਮੁੱਢਲੇ ਦੌਰਿਆਂ ਵਿਚ ਸ਼ਾਮਲ ਹੋਣ ਵਾਲੇ ਪੁਰਾਤਨ ਸਿੰਘਾਂ ਦਾ ਹੈ।

"ਬਾਬਾ ਵੀਰ ਸਿੰਘ ਜੀ ਚੁੰਨ੍ਹੀ ਮਛਲੀ ਵਾਲੇ ਇਹ ਜੋ ਬਾਲ ਜਤੀ ਬੜੇ ਵਿਦਵਾਨ ਸਨ। ਗੁਰੂ ਹਰੀ ਸਿੰਘ ਜੀ ਨਾਲ ਵੀ ਦੌਰਿਆਂ ਵਿਚ ਰਹਿੰਦੇ ਸਨ। ਬਾਕੀ ਜੀਵਨ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਛਤਰ ਛਾਇਆ ਹੇਠ ਬਤੀਤ ਕੀਤਾ। ਇਹ ਵੀਰ ਸਿੰਘ ਉਹ ਸੀ, ਜਿਹਨੂੰ ਸਤਿਗੁਰੂ ਰਾਮ ਸਿੰਘ ਜੀ ਨੇ ਦਰਸ਼ਨ ਦੇ ਕੇ ਆਖਿਆ ਸੀ ਕਿ ਬਾਬਾ ਜੱਸਾ ਸਿੰਘ (ਸਤਿਗੁਰੂ ਜੀ ਦਾ ਪਿਤਾ) ਚੜ੍ਹਾਈ ਕਰ ਗਿਆ ਹੈ ਅਤੇ ਸਾਡਾ ਉਹਨਾਂ ਨਾਲ ਸਸਕਾਰ ਸਮੇਂ ਹਾਜ਼ਰ ਹੋਣ ਦਾ ਬਚਨ ਸੀ। ਸੋ ਆਉ ਭੈਣੀ ਸਾਹਿਬ ਚੱਲੀਏ, ਬਾਬੇ ਦਾ ਸਸਕਾਰ ਕਰੀਏ। ਬਾਬਾ ਵੀਰ ਸਿੰਘ ਉਸੇ ਪਲ ਪੈਦਲ ਹੀ ਪਿੰਡੋਂ ਚੱਲ ਪਏ ਅਤੇ ਤੀਹ ਕੋਹ ਦਾ ਸਫਰ ਮੁਕਾ ਕੇ ਭੈਣੀ ਸਾਹਿਬ ਪੁੱਜ ਗਏ। ਇਹਨਾਂ ਦੇ ਜਾਂਦਿਆਂ ਨੂੰ ਸਸਕਾਰ ਹੋ ਗਿਆ ਸੀ। ਗੁਰੂ ਹਰੀ ਸਿੰਘ ਜੀ ਨੂੰ ਸਤਿਗੁਰਾਂ ਦੇ ਸੁਨੇਹੇ ਬਾਬਤ ਦੱਸਿਆ ਕਿ ਉਹਨਾਂ ਕਿਹਾ ਸੀ ਕਿ ਅਸੀਂ ਸਸਕਾਰ ਕਰਨ ਬਾਰੇ ਜਾ ਰਹੇ ਹਾਂ ਤੂੰ ਵੀ ਆ ਜਾਈਂ। ਮੈਂ ਤਾਂ ਆਇਆ ਹਾਂ। ਗੁਰੂ ਹਰੀ ਸਿੰਘ ਜੀ ਨੇ ਫੁਰਮਾਇਆ ਕਿ ਉਹ ਆਪਣਾ ਬਚਨ ਪੂਰਾ ਕਰ ਗਏ ਹਨ।"[13]

ਵਿਸ਼ਵਾਸ ਵਾਲਿਆਂ ਦੀ ਪ੍ਰੇਮ ਕਰਨ ਵਾਲਿਆਂ ਦੀ ਦੁਨੀਆਂ ਵੱਖਰੀ ਹੁੰਦੀ ਹੈ। ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰੇਮ ਪਿਆਰ ਵਿਚ ਗੜੂੰਦ ਕੂਕੇ ਮਸਤਾਨਿਆਂ ਦੀਆਂ ਇਸ ਪ੍ਰਕਾਰ ਦੀਆਂ ਅਨੇਕ ਸਾਖੀਆਂ ਪੜ੍ਹਨ ਸੁਣਨ ਨੂੰ ਮਿਲਦੀਆਂ ਹਨ। ਤਰਕ ਦਾ ਆਪਣਾ ਖੇਤਰ ਹੈ, ਸ਼ਰਧਾਵਨਾਂ ਦਾ ਆਪਣਾ ਬਾਬਾ ਬੀਰ ਸਿੰਘ ਚੁੰਨ੍ਹੀ ਬਾਰੇ ਇਕ ਹੋਰ, ਸਾਖੀ ਵੀ ਨਾਮਧਾਰੀ ਪੰਥ ਵਿਚ ਆਮ ਪ੍ਰਚਲਿਤ ਹੈ। ਸ੍ਰੀ ਭੈਣੀ ਸਾਹਿਬ ਵਿਦਿਆਲੇ ਦੇ ਇਕ ਪੁਰਾਣੇ ਵਿਦਿਆਰਥੀ ਅਤੇ ਕਦੇ ਸਤਿਜੁਗ ਦੇ ਸੰਪਾਦਕ ਰਹੇ, ਰਜਿੰਦਰ ਸਿੰਘ ਗੁਰੂ ਸਰ ਨੇ ਇਸ ਨੂੰ ਇਉਂ ਕਲਮ ਬੰਦ ਕੀਤਾ ਹੈ।

2 ਕੱਤਕ 1980 (ਬਿਕ੍ਰਮੀ) ਨੂੰ ਮਾਤਾ ਭੂਪਿੰਦਰ ਕੌਰ ਜੀ ਦੀ ਕੁੱਖੋਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਘਰ ਸ੍ਰੀ ਭੈਣੀ ਸਾਹਿਬ ਵਿਚ ਛੋਟੇ ਸਾਹਿਬਜ਼ਾਦੇ ਨੇ ਜਨਮ ਲਿਆ। ਮਾਤਾ ਫਤੇਹ ਕੌਰ ਜੀ (ਬੋਲੇ ਮਾਤਾ ਜੀ) ਨੇ ਵੇਖਣ ਸਾਰ ਹੀ ਕਹਿ ਦਿਤਾ ਏਹ ਤਾਂ ਬੀਰ ਸਿੰਘ ਹੀ ਹੈ ਚੁੰਨ੍ਹੀ ਮਛਲੀ ਵਾਲਾ।

"ਬਾਬਾ ਬੀਰ ਸਿੰਘ ਜੀ ਚੁੰਨ੍ਹੀ ਵਾਲੇ ਬੜੇ ਭਜਨ ਬਾਣੀ ਕਰਨ ਵਾਲੇ ਸਿੱਧ ਪੁਰਸ਼ ਸਨ ਅਤੇ ਭੈਣੀ ਸਾਹਿਬ ਰਹਿ ਕੇ ਹੀ ਸਾਧ ਸੰਗਤ ਅਤੇ ਸਤਿਗੁਰੂ ਜੀ ਦੀ ਸੇਵਾ ਕਰਦੇ ਸਨ। ਮੂੰਹੋਂ ਜੋ ਕਹਿੰਦੇ ਪੂਰਾ ਹੁੰਦਾ ਸੀ। ਉਸ ਤਰ੍ਹਾਂ ਹੈਗੇ ਵੀ ਸਨ, ਤ੍ਰਿਕਾਲ - ਦਰਸ਼ੀ। ਭਾਈ ਵਜੀਰ ਸਿੰਘ (ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹਜ਼ੂਰੀ ਸੇਵਕ) ਨਾਲ ਬਹੁਤ ਪਿਆਰ ਸੀ। ਬਾਬਾ ਵੀਰ ਸਿੰਘ ਜੀ ਜਿੰਨਾਂ ਚਾਹੁੰਦੇ ਸਨ ਭਾਈ ਜੀ ਨੂੰ ਭਾਈ ਸਾਹਿਬ ਉਨਾਂ ਹੀ ਦੂਰ ਰਹਿਣ ਦਾ ਜਤਨ ਕਰਦੇ। ਇਕ ਵਾਰ ਜਦੋਂ ਭਾਈ ਜੀ ਨੂੰ ਕੋਲ ਸੱਦ ਕੇ ਬਚਨ ਬਿਲਾਸ ਕਰਨੇ ਚਾਹੇ ਤਾਂ ਭਾਈ ਜੀ ਛੇਤੀ ਉਠ ਕੇ ਚਲੇ ਗਏ। ਬਾਬਾ ਜੀ ਨੇ ਕਿਹਾ

"ਵਜੀਰ ਸਿੰਘਾ ਹੁਣ ਤਾਂ ਤੂੰ ਮੇਰੇ ਵੱਲ ਧਿਆਨ ਨਹੀਂ ਦਿੰਦਾ, ਪਰ ਮੈਂ ਤੇਰੇ ਢਿੱਡ

ਤੇ ਲੇਟਿਆ ਕਰਨਾ ਹੈ। ਏਸੇ ਘਰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਗ੍ਰਹਿ ਵਿਖੇ ਹੀ ਮੈਂ ਦੂਸਰਾ ਜਨਮ ਧਾਰਨ ਕਰਨਾ ਹੈ।"

"ਬਾਬਾ ਜੀ ਦੀ ਕੀਤੀ ਏਹ ਭਵਿੱਖ ਬਾਣੀ ਸਾਰੇ ਗੁਰੂ ਘਰ ਵਿਚ ਫੈਲ ਗਈ ਤੇ ਨੇੜੇ ਤੇੜੇ ਰਹਿਣ ਵਾਲੀ ਸੰਗਤ ਵਿਚ ਵੀ। ਜੋ ਹਰਫ਼ ਬਹਰਫ਼ ਸਹੀ ਸਾਬਤ ਹੋਈ ਅਤੇ ਸਾਹਿਬਜ਼ਾਦੇ ਦਾ ਨਾਮ ਵੀ ਬੀਰ ਸਿੰਘ ਹੀ ਰਖਿਆ।"[14] ਭਾਈ ਵਜੀਰ ਸਿੰਘ ਜੀ ਨੂੰ ਛੋਟੇ ਸਾਹਿਬਜ਼ਾਦੇ ਜਿਨ੍ਹਾਂ ਨੂੰ ਵੱਲਭ ਜੀ ਜਾਂ ਬੱਲੋ ਜੀ ਵੀ ਕਿਹਾ ਜਾਂਦਾ ਸੀ, ਨਾਲ ਬਹੁਤ ਪ੍ਰੇਮ ਸੀ ਅਤੇ ਉਹ ਵੀ ਭਾਈ ਜੀ ਦੇ ਢਿੱਡ ਤੇ ਚੜ੍ਹ ਕੇ ਕੁਦਾੜੀਆਂ ਲਾਉਂਦੇ ਰਹਿੰਦੇ ਸਨ। ਇਉਂ ਬਾਬਾ ਬੀਰ ਸਿੰਘ ਚੁੰਨ੍ਹੀ ਹੋਰਾਂ ਦਾ ਬਚਨ ਇਸ ਰੂਪ ਵਿਚ ਪੂਰਾ ਹੋਇਆ।

ਸੰਤ ਜਿਊਣ ਸਿੰਘ ਜੀ ਦੇ ਸਰੀਰ ਛੱਡਣ ਦਾ ਜ਼ਿਕਰ ਬਾਹੋਵਾਲ ਜੀ ਕਾਨੀ ਬੰਦ ਕਰ ਗਏ ਹਨ। ਇਸ ਵਿਚ ਉਨ੍ਹਾਂ ਦੇ ਭਤੀਜੇ ਬੀਰ ਸਿੰਘ ਦੇ ਗੁਰੂ ਹਰੀ ਸਿੰਘ ਜੀ ਤੋਂ ਹੀ ਨਾਮ ਲੈਣ ਦਾ ਜ਼ਿਕਰ ਇਉਂ ਮਿਲਦਾ ਹੈ...

"ਸਤਿਗੁਰੂ ਜੀ ਦੇ ਪ੍ਰਦੇਸ ਜਾਣ ਤੋਂ ਪਿਛੋਂ ਬੀਰ ਸਿੰਘ ਪਟਿਆਲੇ ਰਾਜਗੀਰੀ ਕਰਦਾ ਸੀ। ਭਤੀਜਾ ਲੱਗਦਾ ਸੀ ਸੰਤ ਜਿਊਣ ਸਿੰਘ ਦੁੱਲੀਵਾਲੇ ਕਾ। ਗੁਰੂ ਹਰੀ ਸਿੰਘ ਜੀ ਦ੍ਰਿਸ਼ਟਾਨ ਮੇਂ ਬੋਲਾ ਕੀਤਾ ਲੁਚਿਆ ਹਟਦਾ ਨਹੀਂ ਹੈ ਮਾੜਿਆਂ ਕਰਮਾਂ ਥੀਂ ? ਪੰਜੇ ਐਬ ਕਰਦਾ ਸੀ। ਹੁਕਮ ਏਹ ਦੀਆ ਰਾਮਦਾਸ ਪੁਰੇ ਮੇ ਆਇਕੇ ਭਜਨ ਲੈ ਲੈ। ਆਇਕੇ ਰਾਮਦਾਸ ਪੁਰੇ ਸਾਹਿਬ ਮੇਂ ਗੁਰੂ ਹਰੀ ਸਿੰਘ ਜੀ ਦਾ ਦਰਸ਼ਨ ਕੀਤਾ, ਭਜਨ ਲੈ ਲਿਆ। ਸਾਰਾ ਹਾਲ ਸੁਣਾਇਆ।

"ਗੁਰੂ ਜੀ ਬਚਨ ਕੀਤਾ ਚੁੰਨ੍ਹੀ ਜਾਇ ਰਹੋ। ਸੰਤਾਂ ਦੀ ਖਿਦਮਤ ਮੇ ਹਾਜਰ ਰਹਿਣ ਲੱਗਾ। ਸੁੱਚ ਸੋਧ ਧਾਰੀ। ਜਾਂ ਬੀਰ ਸਿੰਘ ਨੇ ਸੁੱਚ ਸੋਧ ਧਾਰੀ ਤਾਂ ਸੰਤ ਜੀਊਣ ਸਿੰਘ ਨੇ ਕਿਹਾ ਕਿ ਗੁਰੂ ਜੀ ਕਾ ਵਾਕ ਹੈ

ਕਰਮ ਕਰਤ ਹੋਵੈ ਨਿਹ ਕਰਮ॥<br>
ਤਿਸੁ ਬੈਸਨੋ ਕਾ ਨਿਰਮਲ ਧਰਮ॥

(ਗਉੜੀ ਮ. 5, ਪੰਨਾ 274)

"ਸੋ ਬਿਰਤੀ ਧਾਰ ਲਈ ਹੈ। ਸੰਤਾਂ ਬਚਨ ਕੀਤਾ ਹੁਣ ਜਿਸ ਦਿਨ ਕਮਰ ਕੱਸਾ ਕਰਾਂਗੇ (ਭਾਵ ਚਲਾਣਾ ਕਰਾਂਗੇ) ਤਾਂ ਇਸ਼ਨਾਨ ਕਰਾਂਗੇ। ਬਿਦੇਹ ਰੂਪ ਹੋਇ ਬੈਠੇ। ਤੁਰੀਆ ਅਵਸਥਾ ਧਾਰੀ। ਪਾਂਚ ਬਰਸ ਪਾਸੇ ਸਰੀਰ ਛੱਡਿਆ। ਪਾਛੇ ਸੇਵਕ ਬੀਰ ਸਿੰਘ ਸੋ ਭੀ ਜਪੀ ਤਪੀ ਹੈ। ਪਾਂਚ ਬਰਸ ਸੰਤਾਂ ਇਸ਼ਨਾਨ ਨਾ ਸੀ ਕੀਤਾ। ਤਬ ਭੀ ਦੇਹੀ ਕੰਚਨ ਜੈਸੀ ਰਹੀ। ਮੈਲੀ ਨਹੀਂ ਹੋਈ। ਮੁਸ਼ਕੀ ਨਹੀਂ। ਜਿਓ ਕੀ ਤਿਓ ਰਹੀ। ਬੇਅੰਤ ਨਾਮ ਜਪਿਆ ਹੈ। ਸੰਤਾਂ ਨੇ ਏਹ ਬੋਲਾ ਕਰਨਾ ਸਤਿਗੁਰੂ ਰਾਮ ਸਿੰਘ ਜੀ ਬੈਠੇ ਹੈਂ, ਏਹੇ ਗੁਰੂ ਹਰੀ ਸਿੰਘ ਜੀ ਬੈਠੇ ਹੈ। ਬੀਰ ਸਿੰਘ ਨੂੰ ਏਹੇ ਨਿਸਚਾ ਹੋਇਆ ਤਿੰਨੋਂ ਮੂਰਤਾਂ ਅਕਾਲ ਪੁਰਖ ਕੀਆਂ ਹੈ। ਜੀਓਣ ਸਿੰਘ ਕੀ ਮੂਰਤੀ ਨੇ ਨਾਮ ਰਾਤ ਦਿਨ ਜਪਿਆ ਹੈ। ਲਾਲ ਨੇਤਰ ਪ੍ਰੇਮ ਕੇ ਭਰੇ ਹੋਏ। ਜੋ ਆ ਕੇ ਦਰਸ਼ਨ ਕਰਦਾ ਉਸ ਕੋ ਪਰਮੇਸ਼ਰ ਚਿਤ

ਔਂਦਾ ਹੈ, ਸ਼ਾਂਤ ਆਇ ਜਾਂਦੀ ਹੈ। ਭਲੇ ਕੀ ਕਰਨੀ। ਨਾਮ ਜਪਣ ਵਾਲੇ ਪਰ ਖੁਸ਼ ਮਾੜਾ ਕਰਮ ਕਰਨੇ ਵਾਲੇ ਕੇ ਉਪਰ ਨਰਾਜ਼। ਕਿਸੀ ਜੀਅ ਕੋ ਦੁਖ ਨਾ ਸੇ ਦਿੰਦੇ। ਪੂਰਨ ਸੰਤ ਸੇ, ਪੂਰੀ ਨਿਬਾਹੀ। ਸਾਰੀ ਉਮਰ ਮਾੜਾ ਕਰਮ ਨਹੀਂ ਕੀਤਾ। ਲੋਕ ਪਰਲੋਕ ਵਿਚ ਜੈ ਜੈਕਾਰ ਹੋਇਆ।"[15]

ਸੰਨ 1876 ਈ. ਵਿਚ ਸ੍ਰੀ. ਹੀਰਾ ਸਿੰਘ ਲੰਮੂ ਸਢੌਰਾ ਦੇ ਪੁੱਤਰ ਦਾ ਅਨੰਦ ਕਾਰਜ ਹੋਣਾ ਸੀ। ਗੁਰੂ ਹਰੀ ਸਿੰਘ ਜੀ ਛੁਟੀ ਲੈ ਕੇ ਦਰਸ਼ਨ ਦਿੱਤੇ। ਵਾਪਸੀ ਤੇ ਆਪ ਜੀ ਨੇ ਚੂੰਨ੍ਹੀ ਵਿਖੇ ਸੰਗਤਾਂ ਨੂੰ ਦਰਸ਼ਨ ਦਿੱਤੇ। ਇਸ ਤੋਂ ਬਾਅਦ ਵੀ ਗੁਰੂ ਜੀ ਚੂੰਨ੍ਹੀ ਕਈ ਵੇਰ ਗਏ। ਚੂੰਨ੍ਹੀ ਦੇ ਸਿੰਘ ਵੀ ਸਖਤੀਆਂ ਦੇ ਸਮੇਂ ਸ੍ਰੀ ਭੈਣੀ ਸਾਹਿਬ ਆ ਕੇ ਆਸੇ ਪਾਸੇ ਲੁਕ ਛਿਪ ਕੇ ਗੁਰੂ ਹਰੀ ਸਿੰਘ ਜੀ ਦੇ ਦਰਸ਼ਨ ਕਰ ਜਾਂਦੇ ਸਨ। ਜੂਨ 1899 ਈ. ਵਿਚ ਮੈਨ ਦੁਆਬ ਦੇ ਦੌਰੇ ਸਮੇਂ, ਗੁਰੂ ਹਰੀ ਸਿੰਘ ਅਗਲੇ ਦਿਨ 13 (ਹਾੜ) ਨੂੰ ਚੂੰਨ੍ਹੀ ਕੋ ਚੱਲੇ। ਅਗੋਂ ਵੱਡੀ ਚੂੰਨੀ ਦੀ ਸੰਗਤ ਨਦੀ ਵਿਚ ਆਕੇ ਮਿਲੀ ਜਿਨ੍ਹਾਂ ਮੈਂ ਮਹੰਤ ਗੰਗਾ ਸਿੰਘ, ਅਤਰ ਸਿੰਘ, ਬਾਬਾ ਹੀਰਾ ਸਿੰਘ ਥੇ। ਜਿਸ ਵਕਤ ਦਰਸ਼ਨ ਕੀਤਾ ਮੱਥਾ ਟੇਕ ਕੇ ਕਹਾ ਜੀ ਤੁਸੀਂ 22 ਸਾਲ ਬਾਦ ਦਰਸ਼ਨ ਦਿੱਤਾ ਹੈ। ਅਗਲੇ ਦਿਨ ਅਤਰ ਸਿੰਘ ਦੀ ਲੜਕੀ ਦਾ ਆਨੰਦ ਪੜਾਇਆ। ਉਸ ਦਿਨ ਭੀ ਬਡੀ ਚੂੰਨੀ ਰਹੇ। 15 ਹਾੜ ਨੂੰ ਛੋਟੀ ਚੂੰਨ੍ਹੀ ਆਏ।"[16]

17 ਮਈ 1906 ਈ. ਵਿਚ ਗੁਰੂ ਹਰੀ ਸਿੰਘ ਜੀ ਦੇਹ ਦਾ ਓਹਲਾ ਕੀਤਾ। "ਤੀਜੇ ਦਿਨ ਸਤਿਗੁਰੂ ਹਰੀ ਸਿੰਘ ਜੀ ਕੇ ਚੁਬਾਰੇ ਮੇ ਵੀਰ ਸਿੰਘ, ਨਰੈਣ ਸਿੰਘ ਰੋਡੇ, ਗੁਰਦਿੱਤ ਸਿੰਘ, ਹਜਾਰਾ ਸਿੰਘ ਅਰ ਮਾਈ ਜੀਉਣ ਕੌਰ ਸਭਨੇ ਅਰਦਾਸ ਕਰ ਸਤਿਗੁਰੂ ਪ੍ਰਤਾਪ ਸਿੰਘ ਜੀ ਕੋ ਦਸਤਾਰ ਬੀਧਾਈ।"[17]

ਇਹ ਬੀਰ ਸਿੰਘ ਚੂੰਨ੍ਹੀ ਵਾਲੇ ਹੀ ਸਨ ਜੋ ਉਸ ਤੋਂ ਕਈ ਵਰ੍ਹੇ ਪਹਿਲਾਂ ਸ੍ਰੀ ਭੈਣੀ ਸਾਹਿਬ ਡੇਰੇ ਵਿਖੇ ਆ ਰਹੇ ਸਨ। ਸਤਿਗੁਰ ਪ੍ਰਤਾਪ ਸਿੰਘ ਜੀ ਵੀ ਚੂੰਨ੍ਹੀ ਕਲਾ ਵਿਚ ਅਨੇਕ ਵੇਰ ਦਰਸ਼ਨ ਦਿੱਤੇ। 1916 ਈ. ਨਗਰ ਦੀ ਅਰਜ਼ ਕਰਨ ਤੇ ਮਾਤਾ ਭੂਪਿੰਦਰ ਕੌਰ ਜੀ ਸਮੇਤ ਅੰਬਾਂ ਦੇ ਮੌਸਮ ਵਿੱਚ ਚੂੰਨ੍ਹੀ ਨੂੰ 15 ਦਿਨ ਲਗਾਤਾਰ ਭਾਗ ਲਾਏ ਸਨ।

ਸਤਿਗੁਰੂ ਰਾਮ ਸਿੰਘ ਜੀ ਤੋਂ ਵਰੋਸਾਏ ਬਾਬਾ ਜਿਊਣ ਸਿੰਘ ਚੂੰਨੀ ਨੇ ਬਹੁਤ ਕਠਿਨ ਦੌਰ ਵਿਚ ਮੈਨ ਦੁਆਬ ਦੇ ਇਲਾਕੇ ਵਿਚ ਸਤਿਗੁਰੂ ਰਾਮ ਸਿੰਘ ਜੀ ਦੀ ਸਿੱਖੀ ਦਾ ਝੰਡਾ ਝੁੱਲਦਾ ਰੱਖਿਆ। ਸਾਦਾ ਰਹਿਣੀ ਬਹਿਣੀ ਦਾ ਪ੍ਰਚਾਰ ਕੀਤਾ। ਆਪਣੇ ਸਾਧੂ ਸੁਭਾਉ ਵਿਚ ਪਰੱਪਕ ਰਹਿੰਦਿਆਂ ਵੀ ਦੇਸ਼ ਕੌਮ ਦੀ ਉਨਤੀ ਅਤੇ ਬੰਦ ਖਲਾਸੀ ਲਈ ਆਪਣੇ ਢੰਗ ਨਾਲ ਪ੍ਰਚਾਰ ਕਰਦੇ ਰਹੇ। ਨਾਮਧਾਰੀ ਇਤਿਹਾਸ ਵਿਚ ਬਾਬਾ ਜੀ ਦਾ ਨਾਮ ਅਤੇ ਉਹਨਾਂ ਦੇ ਨਿਵਾਸ ਸਦਕਾ ਚੂੰਨ੍ਹੀ ਕਲਾਂ ਨਗਰ ਦੀ ਮਹਿਮਾ ਸਦੀਵ ਕਾਲ ਤੱਕ ਬਣੀ ਰਹੇਗੀ।

## ਹਵਾਲੇ ਤੇ ਟਿੱਪਣੀਆਂ


1. 'ਸਤਿਜੁਗ' ਦਾ 'ਬਸੰਤ ਨੰਬਰ,' 22 ਮਾਘ 1986 ਬਿ. ਸ੍ਰੀ ਭੈਣੀ ਸਾਹਿਬ, ਪੰਨਾ 118

2. ਸਤਿਗੁਰੂ ਬਿਲਾਸ ਭਾਗ ਪਹਿਲਾ, ਸੰਤ ਸੰਤੋਖ ਸਿੰਘ ਬਾਹੋਵਾਲ, ਸਫਾ 331-35
3. ਸਤਿਜੁਗ ਦਾ ਸੰਤ ਅੰਕ ਸ੍ਰੀ ਭੈਣੀ ਸਾਹਿਬ, 9 ਚੇਤਰ ਸੰ. 1996, ਸਫਾ 165-67 ਪ੍ਰੀਤਮ ਸਿੰਘ ਪੰਛੀ ਦਾ ਲੇਖ□ ਬਾਬਾ ਜੀਊਣ ਸਿੰਘ ਜੀ ਚੰਨ੍ਹੀ ਮਛਲੀ।
4. ਲਾਲ ਏਹਿ ਰਤਨ, ਭਾਗ 4 (ਸੰ. ਪ੍ਰਿ. ਬੇਅੰਤ ਕੌਰ), ਉਪਦੇਸ਼ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਬੰਕੋਕ 19-10-1955, ਸਫ਼ਾ 138-139।
5. ਉਹੀ, ਸਫ਼ਾ 140-43
6. ਸਤਿਗੁਰੂ ਬਿਲਾਸ ਭਾਗ ਦੂਜਾ ਸੰਤੋਖ ਸਿੰਘ ਬਾਹੋਵਾਲ, ਸਫਾ 119
7. ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ (ਸੰ. ਜਸਵਿੰਦਰ ਸਿੰਘ) □ ਹੁਕਮ ਨਾਮਾ ਨੰ. 15
8. ਸਤਿਗੁਰੂ ਬਿਲਾਸ ਭਾਗ ਦੂਜਾ, ਸਫਾ 120
9. ਉਹੀ ਸਫਾ 124
10. ਉਹੀ ਸਫਾ 124-25
11. ਹੁਕਮਨਾਮਾ ਨੰ. 13
12. ਕੂਕਾਜ਼ ਆਫ ਨੋਟ ਇਨ ਦਾ ਪੰਜਾਬ 1881 ਸਫਾ 10-11
13. ਅੱਖੀ ਡਿੱਠਾ ਕਿੱਸਾ ਕੀਤਾ (ਜਥੇਦਾਰ ਗੁਰਮੁਖ ਸਿੰਘ ਝੱਬਰ ਦੀਆਂ ਯਾਦਾਂ ਦੇ ਝਰੋਖੇ ਚੋਂ) ਸੰਪਾਦਕ ਸੁਵਰਨ ਸਿੰਘ ਵਿਰਕ 61
14. ਬਾਬਾਣੀਆਂ ਕਹਾਣੀਆਂ □ ਰਜਿੰਦਰ ਸਿੰਘ ਨਾਮਧਾਰੀ ਗੁਰੂ ਸਰ, ਸੰ : 2000 ਈ. ਸ੍ਰੀ ਭੈਣੀ ਸਾਹਿਬ, ਸਫਾ 39
15. ਸਤਿਗੁਰੂ ਬਿਲਾਸ ਭਾਗ ਦੂਜਾ, ਸਫਾ 71-72
16. ਉਹੀ, ਸਫਾ 219
17. ਉਹੀ, ਸਫਾ 400.

# ਦੁੱਲੇ ਦੀ ਬਾਰ ਦੇ 'ਰਾਮ-ਵਿਯੋਗੀ'—ਸੰਤ ਟਹਿਲ ਸਿੰਘ ਸੇਖਵਾਂ ਵਾਲੇ

ਆਦਿ ਗੁਰੂ ਬਾਬਾ ਨਾਨਕ, ਜਗਤ ਜਲੰਦੇ ਨੂੰ ਤਾਰਨ ਵਾਸਤੇ ਆਇਆ ਸੀ। ਭਾਈ ਗੁਰਦਾਸ ਆਪਣੀਆਂ ਵਾਰਾਂ ਵਿਚ ਗੁਰੂ ਬਾਬੇ ਦੇ ਵਿਸ਼ਵ ਭਰਮਣ ਪਰਚਾਰ ਦੇ ਢੰਗ ਤਰੀਕਿਆਂ ਅਤੇ ਸਿੱਖੀ ਨੂੰ ਫੈਲਾਉਣ ਲਈ ਵਰਤੀਆਂ ਜੁਗਤਾਂ ਦਾ ਜ਼ਿਕਰ ਕਰਦਿਆਂ, ਉਹਨਾਂ ਦਾ ਮਿਸ਼ਨ "ਚੜ੍ਹਿਆ ਸੋਧਣਿ ਧਰਤਿ ਲੁਕਾਈ" ਲਿਖਦਾ ਹੈ। ਫਿਰ ਵੀ ਗੁਰੂ ਨਾਨਕ ਦੇਵ ਦੀ ਪੰਜਵੀਂ ਜੋਤ, ਗੁਰੂ ਅਰਜਨ ਦੇਵ ਜੀ ਦੇ ਸਮੇਂ ਤੱਕ ਸਾਰਾ ਪੰਜਾਬ ਉਹਨਾਂ ਦੀ ਮਹਿਮਾਂ ਦਾ ਕਾਇਲ ਹੋ ਚੁੱਕਾ ਸੀ ਜਸਿਦਾ ਵਰਣਨ ਭਾਈ ਸਾਹਿਬ, "ਪੰਜਾਬੈ ਗੁਰ ਦੀ ਵਡਿਆਈ" ਦੇ ਰੂਪ ਵਿਚ ਕਰਦੇ ਹਨ। ਬਹੁਤ ਸਾਰੇ ਸਾਡੇ ਆਧੁਨਿਕ ਚਿੰਤਕ, ਜਿਹਨਾਂ ਵਿਚ ਲਹਿੰਦੇ ਪੰਜਾਬ ਦੇ ਜਨਾਬ ਸਿਬਤੁਲ ਹਸਨ ਜ਼ੈਗਮ ਵੀ ਸ਼ਾਮਲ ਹਨ, ਗੁਰੂ ਨਾਨਕ ਨੂੰ ਹੀ ਪੰਜਾਬੀਅਤ ਦਾ ਬਾਨੀ ਆਖਦੇ ਹਨ। ਹਕੀਕਤ ਵਿਚ ਬਾਬਾ ਹੈ ਵੀ ਸਾਂਝੀ ਪੰਜਾਬੀਅਤ ਦਾ ਹੀ ਪ੍ਰਤੀਕ ਸੀ। ਇਸੇ ਲਈ ਉਸਦਿਆਂ ਬਚਨਾਂ ਨਾਲ, ਸਦੀਆਂ ਤੋਂ ਲੁੱਟੀ ਪੁੱਟੀ ਅਤੇ ਜਾਬਰਾਂ ਦੇ ਪੈਰਾਂ ਹੇਠ ਲਿਤਾੜੀਂਦੀ, ਪੰਜਾਬੀ ਜਨਤਾ ਨੂੰ ਰਾਹਤ ਵੀ ਮਿਲੀ ਤੇ ਉਹ ਸਿਰ ਚੁੱਕ ਕੇ ਤੁਰਨ ਦੇ ਸਮਰੱਥ ਵੀ ਬਣੇ। ਸਾਡੀ ਆਧੁਨਿਕ ਕਵਿਤਾ ਦਾ ਮੋਢੀ ਕਵੀ, ਪ੍ਰੋ. ਪੂਰਨ ਸਿੰਘ ਠੀਕ ਹੀ ਤਾਂ ਕਹਿੰਦਾ ਹੈ—"ਪੰਜਾਬ ਨਾ ਹਿੰਦੂ ਨਾ ਮੁਸਲਮਾਨ, ਪੰਜਾਬ ਜਿਊਂਦਾ ਗੁਰਾਂ ਦੇ ਨਾਮ ਤੇ।" ਤੇ ਗੁਰੂ ਨਾਨਕ ਦੇਵ ਜੀ ਦਾ ਇਹ ਪੰਜਾਬੀਅਤ ਦਾ ਉੱਚਾ ਸੁੱਚਾ ਬਿੰਬ, ਦਸਵੇਂ ਪਾਤਸ਼ਾਹ ਦੇ ਸਮੇਂ ਅਨੰਦਪੁਰ ਦਰਬਾਰ ਵਿਚ ਪ੍ਰਗਟ ਹੋਇਆ। ਜਿੱਥੇ ਬੇਸ਼ਕ ਭਾਰਤ ਦੇ ਦੂਰ ਦਰਾਜ਼ ਖਿੱਤਿਆਂ ਤੋਂ ਵੀ ਸੰਗਤ ਪੁੱਜਦੀ ਸੀ ਪਰ ਪੰਜਾਬ ਦੀ ਵਿਦਰੋਹੀ ਆਤਮਾ, ਹੁਣ ਇੱਥੇ ਹੀ ਨਿਵਾਸ ਕਰਦੀ ਸੀ। ਮੈਨੂੰ ਪ੍ਰੋ. ਕਿਰਪਾਲ ਸਿੰਘ ਕਸੇਲ ਹੋਰਾਂ ਤੋਂ ਪਤਾ ਲੱਗਾ ਕਿ ਪ੍ਰੋ. ਪੂਰਨ ਸਿੰਘ ਹੋਰਾਂ ਦੀ ਇਕ ਰਚਨਾ ਵਿਚ ਕੁਝ ਇਸ ਤਰ੍ਹਾਂ ਦੀਆਂ ਸਤਰਾਂ ਹਨ— "ਅਨੰਦਪੁਰੀ ਦਰਬਾਰ ਦੀਆਂ ਰੌਣਕਾਂ, ਹੁਣ ਭੈਣੀ ਦਰਬਾਰ ਵਿਚ ਵੇਖੀਆਂ ਜਾ ਸਕਦੀਆਂ ਹਨ।" ਇਸਦਾ ਭਾਵ ਕਿ ਪੰਜਾਬ ਦੀ ਆਤਮਾ, ਸਤਿਗੁਰੂ ਰਾਮ ਸਿੰਘ ਜੀ ਅਤੇ ਉਹਨਾਂ ਦੇ ਉੱਤਰਾਅਧਿਕਾਰੀ ਸਤਿਗੁਰੂ ਸਾਹਿਬਾਨ ਦੇ ਰੂਪ ਵਿਚ, ਭੈਣੀ ਸਾਹਿਬ ਵਿਖੇ ਨਿਵਾਸ ਕਰ ਰਹੀ ਸੀ। ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮਿਆਂ ਵਿਚੋਂ ਜਿਹੜਾ ਪੰਜਾਬ ਪਿਆਰ ਡੁੱਲ੍ਹ ਡੁੱਲ੍ਹ ਕੇ ਪੈਂਦਾ ਹੈ, ਉਸ ਦਾ ਪਾਠ ਕੀਤਿਆਂ ਹੀ, ਉਸ ਗਹਿਰਾਈ ਵਿਚ ਉਤਰਿਆ ਜਾ ਸਕਦਾ ਹੈ। ਸਤਿਗੁਰੂ ਜੀ ਦਾ ਪੰਜਾਬ ਅਟਕ ਤੋਂ ਜਮਨਾ ਤਕ ਫੈਲਿਆ ਹੋਇਆ ਹੈ। ਇਸ ਵਿਚ ਪੰਜਾਬ ਦੇ ਪੋਠੋਹਾਰ, ਸਾਂਦਲਬਾਰ, ਦੜਪ, ਮਾਝਾ, ਮਾਲਵਾ, ਨੱਕਾ, ਲੰਮਾ, ਉੱਚਾ, ਦੁਆਬਾ, ਮੈਨ ਦੁਆਬ, ਜੰਗਲ, ਪੁਆਧ ਆਦਿ ਅਨੇਕਾਂ ਖਿੱਤਿਆਂ

ਅਤੇ ਉਹਨਾਂ ਖਿੱਤਿਆਂ ਨਾਲ ਲਗਾਉ ਜ਼ਾਹਰ ਕਰਨ ਲਈ ਪਿੰਡਾਂ ਅਤੇ ਸਿੰਘਾਂ ਸਿੰਘਣੀਆਂ ਦੇ ਨਾਮ ਦਰਜ ਹਨ ਜੋ ਵੱਖ ਵੱਖ ਥਾਵਾਂ ਤੇ ਰਹਿੰਦੇ ਹਨ।

ਬੇਸ਼ਕ ਸਤਿਗੁਰੂ ਜੀ ਦੇ ਹੁਣ ਤਕ ਉਪਲਬਧ ੬੫ ਹੁਕਮਨਾਮਿਆਂ ਵਿਚੋਂ ਬਹੁਗਿਣਤੀ ਮਾਝੇ, ਮਾਲਵੇ, ਦੁਆਬੇ ਜਾਂ ਮੈਨ ਦੁਆਬ ਅਤੇ ਦੜਪ ਨਾਲ ਸਬੰਧਿਤ, ਸਿੰਘਾਂ ਅਤੇ ਬੀਬੀਆਂ ਬਾਰੇ ਮਿਲਦੇ ਹਨ ਪਰ ਪੰਜਾਬ ਦੇ ਇਕ ਮਸ਼ਹੂਰ ਖਿੱਤੇ, ਜਿਸਨੇ ਬਾਲ ਗੁਰੂ ਨਾਨਕ ਦੀ ਪਹਿਲੀ ਚਰਨ ਛੋਹ ਹਾਸਲ ਕੀਤੀ, ਜਿਹੜਾ ਆਪਣੀ ਵਰਿਆਮਗੀ ਕਾਰਨ, 'ਸਾਂਦਲ' ਤੇ ਮੁੜ ਉਸਦੇ ਪੋਤਰੇ 'ਦੁੱਲੇ' ਦੇ ਨਾਂ ਤੇ 'ਦੁੱਲੇ ਦੀ ਬਾਰ' ਅਖਵਾਇਆ, ਉਸ ਖਿੱਤੇ ਨਾਲ, ਜੁੱਗ-ਪਲਟਾਊ ਸਤਿਗੁਰੂ ਰਾਮ ਸਿੰਘ ਜੀ ਦਾ ਸ਼ਬਦ ਜਾਂ ਕਰਮ ਦਾ ਗਹਿਰਾ ਸਬੰਧ ਨਾ ਜੁੜਿਆ ਹੋਵੇ, ਇਸ ਖਿੱਤੇ ਦੇ ਸਿੰਘਾਂ 'ਦੁਆਰਾ', ਇਹ ਕਿਵੇਂ ਸੰਭਵ ਹੋ ਸਕਦਾ ਸੀ। ਆਪ ਜੀ ਪਾਸੋਂ ਦਰਸ਼ਨ ਪਰਸਨ ਬਾਅਦ ਲਿਆਂਦੇ ਹੁਕਮਨਾਮੇ ਤਾਂ ਸਮੇਂ ਦੀ ਪਰਤ ਹੇਠ ਨੱਪੇ ਗਏ ਹਨ। ਵੇਲਾ ਐਸਾ ਸੀ। ਬਹੁਤ ਸਾਰੇ ਹੁਕਮਨਾਮੇ ਆਪਣੀ ਮੰਜ਼ਿਲ ਤੱਕ ਭਾਵੇਂ ਪੁੱਜ ਗਏ ਪਰ ਸਰਕਾਰੀ ਦਮਨ ਤੰਤਰ ਦੀ ਚੱਕੀ ਵਿਚ ਪਿਸ ਕੇ ਆਪਣੀ ਹੋਂਦ ਬਚਾ ਨਾ ਸੱਕੇ। ਜਿਸ ਬਾਰ ਦੇ ਖਿੱਤੇ ਦੇ ਪਿੰਡ ਚੂਹੜਕਾਣੇ, ਸੈਨਿਕ ਜੀਵਨ ਸਮੇਂ ਲਾਹੌਰ ਛਾਉਣੀ ਤੋਂ ਭਰਮਣ ਕਰਦੇ, ਸਤਿਗੁਰੂ ਜੀ, ਹਵਾਲਦਾਰ ਕਾਹਨ ਸਿੰਘ ਹੋਰਾਂ ਨਾਲ ਪੁੱਜ ਜਾਂਦੇ ਸਨ, ਜਿਸ ਖਿੱਤੇ ਦਾ ਪਹਿਲਾ ਮਨੁੱਖ ਭਾਈ ਅਮਰੀਕ ਸਿੰਘ ਲੰਬੜਦਾਰ ਚੂਹੜਕਾਣਾ, ਉਦੋਂ ਹੀ ਕੂਕਾ ਬਣ ਗਿਆ ਸੀ, ਜਦੋਂ ਠਾਠਾਂ ਮਾਰਦੀ ਝਨਾਂ ਨੂੰ ਚੀਰ ਕੇ, ਸਤਿਗੁਰੂ ਜੀ ਵਜ਼ੀਰਾਬਾਦ ਦੇ ਪੱਤਣ ਤੇ ਆ ਲੱਗੇ ਸਨ ਤਾਂ ਆਪਣੇ ਪੇਸ਼ੇ ਦੇ ਕੰਮ ਲਈ ਉੱਥੇ ਖਲੋਤਾ, ਭਾਈ ਅਮਰੀਕ ਸਿੰਘ ਅਸ਼-ਅਸ਼ ਕਰ ਉਠਿਆ ਸੀ ਤੇ ਹੁਣ ਉਹ ਇਕ ਬਦਲਿਆ ਮਨੁੱਖ ਸੀ। ਖੈਰ ਸਤਿਗੁਰੂ ਜੀ ਦੀਆਂ ਇਸ ਗੁਜਰਾਂਵਾਲੇ-ਸ਼ੇਖੂਪੁਰੇ ਦੇ ਭੂਖੰਡ ਨਾਲ ਯਾਦਾਂ ਤਾਂ ਬੇਅੰਤ ਜੁੜੀਆਂ ਹਨ ਪਰ ਮੈਨੂੰ ਦਿਲੀ ਅਫਸੋਸ ਸੀ ਕਿ ਇਸ ਖਿੱਤੇ ਦੇ ਕਿਸੇ ਸਿੰਘ ਦੇ ਨਾਮ ਹਜ਼ੂਰ ਦਾ ਕੋਈ ਕ੍ਰਿਪਾ ਪੱਤਰ ਕਿਉਂ ਨਹੀਂ ਮਿਲਦਾ ? ਪਰ ਮੇਰਾ ਇਹ ਸੰਸਾ ਦੂਰ ਹੋ ਗਿਆ ਜਦੋਂ ਸਤਿਜੁਗ ਦੇ ੧੯੪੧ ਈ. ਵਿਚ ਛਪੇ ਸੰਤ ਅੰਕ ਵਿਚ, ਸੰਤ ਇੰਦਰ ਸਿੰਘ 'ਚੱਕਰਵਰਤੀ' ਹੋਰਾਂ ਦਾ ਸੰਤ ਟਹਿਲ ਸਿੰਘ 'ਸੇਖਵ' ਬਾਰੇ ਰੌਚਕ ਸ਼ੈਲੀ ਵਿਚ ਲਿਖਿਆ ਲੇਖ ਪੜ੍ਹਨ ਨੂੰ ਮਿਲਿਆ। ਇਸ ਲੇਖ ਦੇ ਆਧਾਰ ਤੇ ਹੀ ਮੈਂ ਹੱਥਲੀ ਰਚਨਾ ਵਿਚ ਸੰਤ ਟਹਿਲ ਸਿੰਘ ਸੇਖਵ ਅਤੇ ਇਸ ਦੁੱਲੇ ਜਾਂ ਸਾਂਦਲ ਬਾਰ ਦੇ ਖਿੱਤੇ ਦੇ, ਉਹਨਾਂ ਹੋਰ ਦੋ ਨਾਮਧਾਰੀ ਸਿੰਘਾਂ ਬਾਰੇ ਚਰਚਾ ਕਰਾਂਗਾ ਜੋ ਰੰਗੂਨ ਜਾ ਕੇ, ਆਪਣੇ ਪਰਦੇਸੀ ਪ੍ਰੀਤਮ ਦੇ ਦਰਸਨ ਪਰਸਨ ਦਾ ਸੁਭਾਗ ਹਾਸਲ ਕਰ ਚੁੱਕੇ ਸਨ। ਪਹਿਲਾਂ ਗੱਲ ਸੰਤ ਟਹਿਲ ਸਿੰਘ ਹੋਰਾਂ ਤੋਂ ਸ਼ੁਰੂ ਕਰਦੇ ਹਾਂ।

ਪਿੰਡ ਸੇਖਵ ਜਾਂ ਸੇਖਮ ਭਾਈ ਬਾਲ ਸਿੰਘ ਵਾਲੇ, ਇਲਾਕਾ ਸ਼ੇਖੂਪੁਰਾ ਦਾ ਪਿੰਡ ਸੀ। ਪਹਿਲਾਂ ਜ਼ਿਲ੍ਹਾ ਗੁਜਰਾਂਵਾਲਾ ਸੀ ਫਿਰ ਸ਼ੇਖੂਪੁਰਾ ਬਣ ਗਿਆ। ਇੱਥੇ ਇਕ ਪਰਮਾਰਥੀ ਬਿਰਤੀ ਵਾਲੇ ਸਾਧੂ ਸੁਭਾਉ, ਬਾਬਾ ਸ਼ਰਮ ਸਿੰਘ ਜੀ ਵੱਸਦੇ ਸਨ ਜਿਹਨਾਂ ਦੀ ਸਿੰਘਣੀ ਮਾਈ ਉਤਮ ਕੌਰ ਦੇ ਉਦਰ ਥੀਂ, ਚਾਰ ਪੁੱਤਰ ਪੈਦਾ ਹੋਏ ਜਿਹਨਾਂ ਦਾ ਨਾਮ ਚੰਦਾ ਸਿੰਘ,

ਨਿਹਾਲ ਸਿੰਘ, ਟਹਿਲ ਸਿੰਘ ਅਤੇ ਵਸਾਵਾ ਸਿੰਘ ਸੀ। ਇਹ ਉਹ ਸਮਾਂ ਸੀ ਜਦੋਂ ਪੰਜਾਬ ਵਿਚ ਸਤਿਗੁਰੂ ਰਾਮ ਸਿੰਘ ਜੀ ਦਾ ਤੇਜ ਸੂਰਜ ਦੀ ਰੋਸ਼ਨੀ ਜਿਉਂ ਚਮਕ ਰਿਹਾ ਸੀ। ਖੋਜੀ ਬਿਰਤੀ ਵਾਲੇ ਬਾਬਾ ਸ਼ਰਮ ਸਿੰਘ ਅਕਸਰ ਆਪਣੇ ਸੰਗੀਆਂ ਸਾਥੀਆਂ ਨਾਲ ਇਹ ਚਰਚਾ ਕਰਦੇ ਰਹਿੰਦੇ ਸਨ ਕਿ ਪੰਜਾਬ ਵਿਚ ਫਰੰਗੀਆਂ ਦੀ ਹਕੂਮਤ ਕਾਇਮ ਹੋਣ ਬਾਅਦ, ਆਮ ਲੁਕਾਈ ਤੇ ਜੋ ਭੁੱਖ ਦੁੱਖ ਦੇ ਪਹਾੜ ਟੁੱਟ ਪਏ ਹਨ ਅਤੇ ਸੂਰਬੀਰ ਪੰਜਾਬੀਆਂ ਨੂੰ ਇਸ ਪਰਾਧੀਨਤਾ ਦੀ ਚੱਕੀ ਹੇਠ ਪਿਸਣ ਤੋਂ ਬਚਾਉਣ ਲਈ, ਕਿਸੇ ਸਮੂਹਿਕ ਯਤਨ ਦੀ ਅਤੇ ਕਿਸੇ ਸੁਯੋਗ ਆਗੂ ਦੀ ਲੋੜ ਹੈ, ਜੋ ਉਹਨਾਂ ਦੇ ਦੀਨੀ ਅਤੇ ਦੁਨਿਆਵੀ ਦੋਹਾਂ ਪੰਧਾਂ ਨੂੰ ਰੁਸ਼ਨਾ ਸੱਕੇ। ਸਤਿਗੁਰੂ ਸੂਰਜ ਦੀਆਂ ਰਿਸ਼ਮਾਂ ਦਾ ਤੇਜ ਤਾਂ ਫੈਲ ਹੀ ਰਿਹਾ ਸੀ। ਬਾਬਾ ਜੀ ਤੱਕ ਵੀ ਸੋਅ ਪੁੱਜ ਗਈ। ਆਪ ਆਪਣੇ ਦੋ ਹੋਰ ਹਮਖ਼ਿਆਲ ਸੱਜਣਾਂ, ਬਾਬਾ ਜੀਵਨ ਸਿੰਘ ਘਰਜਾਖ ਅਤੇ ਬਾਬਾ ਹੀਰਾ ਸਿੰਘ ਬਾਢੋ ਕੇ ਮਹਿਲ (ਜ਼ਿਲ੍ਹਾ ਗੁਜਰਾਂਵਾਲਾ), ਸਮੇਤ ਸ੍ਰੀ ਭੈਣੀ ਸਾਹਿਬ ਗੁਰੂ ਦਰਬਾਰ ਦੀਆਂ ਹਾਜ਼ਰੀਆਂ ਭਰਨ ਪੁੱਜ ਗਏ। ਸਤਿਗੁਰੂ ਜੀ ਦੇ ਤੇਜਸਵੀ ਵਿਅਕਤੀਤਵ, ਸ਼ੁਭ ਉਪਦੇਸ਼ਾਂ ਨੇ, ਆਪ ਨੂੰ ਉਹਨਾਂ ਦੇ ਲੜ ਲਾ ਦਿੱਤਾ। ਨਾਮ ਦੀ ਦਾਤ ਅਤੇ ਖੰਡੇ ਬਾਟੇ ਦਾ ਅੰਮ੍ਰਿਤ ਗ੍ਰਹਿਣ ਕਰਕੇ, ਤਿਆਰ ਬਰ ਤਿਆਰ ਸੰਤ ਖਾਲਸੇ ਦੇ ਰੂਪ ਵਿਚ, ਘਰ ਆਏ। ਇਹਨਾਂ ਤਿੰਨੇ ਸਿੰਘਾਂ ਬਾਰੇ ਕਿਹਾ ਜਾਂਦਾ ਹੈ ਕਿ ਸੁਵਰਨਕਾਰਾਂ (ਸੁਨਿਆਰਿਆਂ) ਦੀ ਕੁਲ ਦੇ, ਇਹ ਤਿੰਨੇ ਸਿੰਘ, ਇਸ ਇਲਾਕੇ ਵਿਚ, ਉਸ ਭਾਈਚਾਰੇ ਵਿਚੋਂ, ਪਹਿਲਾਂ ਕੂਕੇ ਬਣੇ। ਬਾਬਾ ਸ਼ਰਮ ਸਿੰਘ ਹੋਰਾਂ ਨੇ ਪਿੰਡ ਵਿਚ ਧਰਮਸ਼ਾਲਾ ਬਣਾ ਕੇ, ਨਾਮਧਾਰੀ ਪ੍ਰਚਾਰ ਦਾ ਮੁੱਢ ਬੰਨ੍ਹ ਦਿੱਤਾ। ਲੋਹ ਲੰਗਰ ਵੀ ਚਲਾ ਦਿੱਤਾ। ਜਿਥੋਂ ਹਰ ਕਿਸੇ ਦੀ ਖੁਧਿਆ ਸ਼ਾਂਤ ਹੁੰਦੀ। ਮਾਈ ਉਤਮ ਕੌਰ ਹੱਥਚੱਕੀ ਤੇ ਆਟਾ ਪੀਹ ਕੇ, ਧਰਮਸ਼ਾਲਾ ਵਿਚ ਰਹਿਣ ਵਾਲੇ, ਸਾਧੂ ਸੰਤਾਂ ਦੀ ਲੰਗਰ ਦੀ ਸੇਵਾ ਕਰਦੀ।[1]

ਬਾਬਾ ਸ਼ਰਮ ਸਿੰਘ ਇਸ ਤੋਂ ਪਹਿਲਾਂ, ਸੱਚਾ ਸੌਦਾ (ਚੂਹੜਕਾਣਾ) ਦੇ ਉਦਾਸੀ ਸੰਤਾਂ ਦੇ ਚੇਲੇ ਸਨ। ਸ਼ਰਮ ਸਿੰਘ ਤੋਂ ਪ੍ਰਭਾਵਿਤ ਹੋ ਕੇ ਉਹ ਸੰਤ ਵੀ ਨਾਮਧਾਰੀ ਪੰਥ ਵਿਚ ਸ਼ਾਮਲ ਹੋ ਗਏ। ਜਿਸ ਕਾਰਨ ਚੂਹੜਕਾਣੇ ਅਤੇ ਆਸ ਪਾਸ ਦੇ ਵਿਰਕ ਤੱਪੇ ਦੇ ਪਿੰਡਾਂ ਵਿਚ ਕੂਕਾ ਲਹਿਰ ਦਾ ਕਾਫੀ ਵਿਕਾਸ ਹੋਇਆ। ਮਦਾਰ (ਸ਼ੇਖੂਪੁਰਾ) ਵਿਚ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਇਕ ਰਿਖੀ ਸਿੰਘ ਨਾਮ ਦਾ ਗਿੱਲ ਜੱਟ ਬਹੁਤ ਉੱਘਾ ਸਾਧੂ ਹੋਇਆ ਹੈ ਜਿਸਨੇ ਹਰਿਦੁਆਰ ਦੀ ਅਰਧ ਕੁੰਭੀ ਸਮੇਂ, ਗੰਗਾ ਦੌਰੇ ਵਿਖੇ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਦੇ ਮਸਤ-ਬਿਰਤੀ ਸਾਧੂਆਂ, ਸੰਤ ਜਿਊਣ ਸਿੰਘ ਸਰਹਾਲੀ ਜਿਹਾਂ ਦਾ ਵੀ ਚੰਗਾ ਮੇਲੀ ਜੋਲੀ ਸੀ। ਰਿਖੀ ਸਿੰਘ ਸਤਿਗੁਰੂ ਪਰਤਾਪ ਸਿੰਘ ਜੀ ਦੇ ਸਮੇਂ ਦੇ ਉੱਘੇ ਨਾਮਧਾਰੀ ਸਿੱਖ, ਭਾਈ ਘਸੀਟਾ ਸਿੰਘ ਦਾ ਦਾਦਾ ਸੀ। ਬਾਬਾ ਸ਼ਰਮ ਸਿੰਘ ਦੇ ਘਰਵਾਲੀ, ਮਾਈ ਉੱਤਮ ਕੌਰ ਨੇ, ਇਕ ਸਮੇਂ ਸਤਿਗੁਰੂ ਰਾਮ ਸਿੰਘ ਪਾਸ ਬੇਨਤੀ ਕੀਤੀ ਕਿ ਮੈਂ ਆਪਣੇ ਪਿੰਡ ਦੀ ਧਰਮਸ਼ਾਲਾ ਵਿਚ, ਦਸ ਸਾਧੂ ਰੱਖ ਕੇ ਉਹਨਾਂ ਦੀ ਸੇਵਾ ਕਰਨੀ ਚਾਹੁੰਦੀ ਹਾਂ ਤਾਂ ਜੁ ਕਥਾ ਕੀਰਤਨ ਦੁਆਰਾ ਆਸੇ ਪਾਸੇ ਆਪਦਾ ਪੰਥਕ ਪ੍ਰਚਾਰ ਵਧੇ ਫੁੱਲੇ। ਸਤਿਗੁਰੂ ਜੀ ਨੇ ਸੰਤ ਰਿਖੀ ਸਿੰਘ ਜੀ ਨੂੰ, ਮਾਤਾ ਦੀ ਮੰਗ ਤੇ,

ਸੇਖਵਾਂ ਭੇਜ ਦਿੱਤਾ ਤੇ ਕਿਹਾ ਕਿ ਇਕੱਲਾ ਹੀ ਦਸਾਂ ਵਰਗਾ ਹੈ। ਸੋ ਇਸ ਸਾਧ ਸੇਵੀ ਦੰਪਤੀ ਦੇ ਜਿਹੜੇ ਚਾਰੇ ਪੁੱਤਰ ਸਨ, ਉਹ ਵੀ ਸਤਿਗੁਰੂ ਰਾਮ ਸਿੰਘ ਜੀ ਤੋਂ ਨਾਮ ਦੀ ਦਾਤ ਲੈ ਕੇ, ਨਾਮਧਾਰੀ ਪੰਥ ਵਿਚ ਸ਼ਾਮਲ ਹੋ ਚੁੱਕੇ ਸਨ।

ਸੰਤ ਟਹਿਲ ਸਿੰਘ ਜੀ ਦਾ ਜਨਮ ਸੇਖਵਾਂ ਵਿਖੇ ੧੯੧੪ ਬਿਕਰਮੀ ਮੁਤਾਬਿਕ ੧੯੫੭ ਈ. ਨੂੰ ਹੋਇਆ। ਸੋ ਆਪ ਨੂੰ ਨਾਮ ਦੀ ਦਾਤ ਬਚਪਨ ਵਿਚ ਹੀ ਪ੍ਰਾਪਤ ਹੋ ਗਈ ਸੀ। ਆਪ ਦਾ ਅਨੰਦ ਕਾਰਜ ਘਰਜਾਖ (ਗੁਜਰਾਂਵਾਲਾ) ਦੇ ਬਾਬਾ ਜੀਵਨ ਸਿੰਘ ਦੀ ਪੁੱਤਰੀ ਬੀਬੀ ਲੱਛਮੀ ਨਾਲ ਹੋਇਆ। ਆਪ ਆਪਣੇ ਪਿਤਾ ਦੁਆਰਾ ਸਥਾਪਿਤ ਧਰਮਸ਼ਾਲਾ ਵਿਚ ਸਾਰੀ ਉਮਰ ਕਥਾ ਕੀਰਤਨ ਕਰਦੇ ਰਹੇ ਅਤੇ ਪਿਤਾ ਦੁਆਰਾ ਸਾਧ ਸੰਗਤ ਲਈ ਘਰ ਵਿਚ ਜਾਰੀ ਲੋਹ ਲੰਗਰ ਨੂੰ ਵੀ ਜੀਵਨ ਪ੍ਰਯੰਤ ਚਲਾਉਂਦੇ ਰਹੇ। ਆਪਣੇ ਪਿਤਾ ਬਾਬਾ ਸ਼ਰਮ ਸਿੰਘ ਹੋਰਾਂ ਦੇ ਨਾਲ ਸੰਤ ਟਹਿਲ ਸਿੰਘ ਗਭਰੂਟ ਉਮਰੇ, ੧੮੭੨ ਈ. ਦੇ ਮਾਘੀ ਦੇ ਮੇਲੇ ਤੇ ਵੀ, ਗੁਰੂ ਦਰਸ਼ਨਾਂ ਲਈ ਅੱਪੜੇ। ਇਸੇ ਮੇਲੇ ਤੋਂ ਤੁਰੰਤ ਮਗਰੋਂ ਸਾਕਾ ਮਲੇਰਕੋਟਲਾ ਵਾਪਰਿਆ। ਸਤਿਗੁਰੂ ਜੀ ਤੇ ਪਰਮੁੱਖ ਸੂਬੇ ਨਜ਼ਰਬੰਦ ਕਰ ਦਿੱਤੇ ਗਏ। ੧੮ ਜਨਵਰੀ ੧੮੭੨ ਦੀ ਸਵੇਰ ਨੂੰ ਡੇਰਾ ਸ੍ਰੀ ਭੈਣੀ ਸਾਹਿਬ ਵਿਚ ਮੌਜੂਦ ੧੭੨ ਸਿੰਘਾਂ ਸਿੰਘਣੀਆਂ ਨੂੰ ਪੁਲੀਸ ਹਿਰਾਸਤ ਵਿਚ ਲੁਧਿਆਣੇ ਉੱਚ ਅਧਿਕਾਰੀਆਂ ਦੇ ਪੇਸ਼ ਕੀਤਾ ਗਿਆ। ਕੁਝ ਸੇਵਾਦਾਰ ਵਾਪਸ ਡੇਰੇ ਮੋੜ ਦਿੱਤੇ। ਕੁਝਨਾਂ ਦੀਆਂ ਜ਼ਮਾਨਤਾਂ ਲਈਆਂ ਗਈਆਂ। ਜ਼ਮਾਨਤਾਂ ਨਾ ਦੇ ਸਕਣ ਵਾਲਿਆਂ ਨੂੰ ਜਿਹਲ ਭੇਜ ਦਿੱਤਾ। ਅਜੇ ੧੫ ਕੁ ਸਾਲ ਦੀ ਲਵੀ ਉਮਰ ਸਮਝ ਕੇ, ਲੁਧਿਆਣਾ ਪੁਲੀਸ ਨੇ ਸੰਤ ਟਹਿਲ ਸਿੰਘ ਨੂੰ ਇਹ ਪੱਟੀ ਵੀ ਪੜ੍ਹਾਈ ਕਿ ਜੇ ਬਚਣਾ ਈ ਤਾਂ ਕਹਿ ਦੇ ਕਿ ਮਲੇਰਕੋਟਲੇ ਤੇ ਹਮਲਾ ਕਰਨ ਲਈ ਸਿੰਘ, ਸਤਿਗੁਰੂ ਰਾਮ ਸਿੰਘ ਨੇ ਹੀ ਤੋਰੇ ਸਨ। ਨਾ ਆਖੇਂਗਾ ਤਾਂ ਤੈਨੂੰ ਵੀ ਤੋਪ ਨਾਲ ਉਡਾਵਾਂਗੇ। ਪਰ ਟਹਿਲ ਸਿੰਘ ਜਾਂ ਕਿਸੇ ਵੀ ਉਹਨਾਂ ਦੇ ਸਾਥੀ ਸਿੰਘ ਤੇ ਧਮਕੀਆਂ ਡਰਾਵਿਆਂ ਜਾਂ ਪ੍ਰਲੋਭਨਾਂ ਦਾ ਕੋਈ ਅਸਰ ਨਾ ਹੋਇਆ। ਸਿੰਘ ਸਾਬਤ ਕਦਮ ਰਹੇ। ਹੁਣ ਉਹਨਾਂ ਨੂੰ ਥਾਨਿਉਂ ਥਾਣੀ, ਸ਼ੇਖੂਪੁਰਾ ਥਾਣੇ ਵਿਚ ਤੇ ਉਥੋਂ ਪਿੰਡ ਸੇਖਵਾਂ ਭੇਜ ਦਿੱਤਾ ਗਿਆ। ਇਹ ਵੱਖਰੀ ਗੱਲ ਹੈ ਕਿ ਆਪਣੇ ਘਰ ਵਿਚ ਹਾਜ਼ਰ ਹੋਣ ਦੀ ਤਸੱਲੀ, ਪਿੰਡ ਦੇ ਲੰਬੜਦਾਰ, ਚੌਕੀਦਾਰ ਨੂੰ, ਜਦ ਚਾਹੁੰਦੇ ਕਰਾਉਣੀ ਪੈਂਦੀ। ਉਹ ਸੁਬਹਾ ਸ਼ਾਮ ਕੂਕਿਆਂ ਦੇ ਘਰਾਂ ਵਿਚ ਗੇੜੇ ਮਾਰਦੇ ਹੀ ਸਨ ਕਿ ਸਰਕਾਰ ਦਾ ਬਾਗੀ ਘਰ ਵਿਚ ਹੀ ਹੈ ਜਾਂ ਸਾਡੇ ਰਾਜ ਵਿਰੁੱਧ ਕੋਈ ਨਵੀਂ ਗੋਂਦ ਗੁੰਦਣ ਜਾਂ ਸਾਜ਼ਿਸ਼ ਘੜਨ ਲਈ, ਹੋਰ ਪਿੰਡ ਦੇ ਕੂਕਿਆਂ ਪਾਸ ਤਾਂ ਨਹੀਂ ਪੁੱਜ ਗਿਆ।[2]

ਜਦੋਂ ਬਾਬਾ ਦਰਬਾਰਾ ਸਿੰਘ ਰਾਇਪੁਰੀਆ, ਉਹ ਹੁਕਮਨਾਮਾ ਲੈ ਕੇ ਪਰਤਿਆ ਸੀ ਜਿਸ ਵਿਚ ਸਤਿਗੁਰੂ ਜੀ ਨੇ ਸਮੂਹ ਨਾਮਧਾਰੀ ਸਾਧ ਸੰਗਤ ਨੂੰ ਸੇਵਾ, ਸਿਮਰਨ, ਅਤੇ ਗੁਰਬਾਣੀ ਪਾਠਾਂ ਦੇ ਵੱਧ ਤੋਂ ਵੱਧ ਭੋਗ ਪੁਆਉਣ ਲਈ ਜੁੱਟ ਜਾਣ ਲਈ ਆਦੇਸ਼ ਦਿੱਤਾ ਸੀ ਤਾਂ ਭਾਈ ਟਹਿਲ ਸਿੰਘ ਨੇ ਵੀ ਪਿੰਡ ਸੇਖਵਾਂ ਵਿਚ ਅਤੇ ਇਲਾਕੇ ਦੇ ਹੋਰ ਪਿੰਡਾਂ ਵਿਚ ਵੀ ਨਾਮ ਬਾਣੀ ਦੇ ਪਰਵਾਹ ਚਲਵਾ ਦਿੱਤੇ। ਕੁਝ ਸਮਾਂ ਇਸ ਤਰ੍ਹਾਂ ਬਤੀਤ ਹੋਇਆ। ਰੋਜ਼ਾਨਾ ਦੇ ਨਿਯਮ ਜਿਉਂ ਇਕ ਦਿਨ ਆਪ ਸ੍ਰੀ ਆਦਿ ਗੁਰੂ ਗ੍ਰੰਥ

ਸਾਹਿਬ ਦਾ, ਧਰਮਸ਼ਾਲਾ ਵਿਚ ਪਾਠ ਕਰ ਰਹੇ ਸਨ ਕਿ ਬਾਣੀ ਦੀ ਕਿਸੇ ਤੁਕ ਨੇ, ਮਨ ਵੈਰਾਗੀ ਕਰ ਦਿੱਤਾ। ਪਾਠ ਸੰਤੋਖ ਕੇ ਬਾਬਾ ਜੀ ਮਸਤੀ ਵਿਚ ਵੱਟੇ ਵੱਟ ਤੇ ਵਾਹਣੋ ਵਾਹਣ, ਖੇਤ ਬੇਲੇ ਛਾਣਦੇ ਰਹੇ। ਕੁਝ ਟਿਕਾਉ ਵਿਚ ਆਏ ਤਾਂ ਸਾਥੀਆਂ ਦੇ ਪੁੱਛਣ ਤੇ ਦੱਸਿਆ ਕਿ ਇਉਂ ਮਾਲੂਮ ਹੁੰਦਾ ਸੀ, ਜਿਵੇਂ ਮੈਨੂੰ ਰੰਗੂਨ ਵਿਚ ਨਜ਼ਰਬੰਦ ਸਤਿਗੁਰੂ ਜੀ ਕਹਿ ਰਹੇ ਹੋਣ "ਸਿੱਖਾ ਘਰ ਬੈਠਿਆ ਸੁੱਕਾ ਈ ਪ੍ਰੇਮ ਕਰ ਰਿਹਾ ਏਂ। ਜੇ ਦਰਸ਼ਨ ਦੀ ਸਿੱਕ ਈ ਤਾਂ ਸਮੁੰਦਰੋਂ ਪਾਰ ਆ ਜਾ।" ਬੱਸ ਹੁਣ ਭਾਈ ਟਹਿਲ ਸਿੰਘ ਹੋਰਾਂ ਨੇ ਸਫਰ ਦੀ ਤਿਆਰੀ ਵੱਟ ਲਈ। ਇਹ ਜਾਣਦਿਆਂ ਕਿ ਸਤਿਗੁਰੂ ਜੀ ਦੇ ਦਰਸ਼ਨਾਂ ਦੀ ਦਾਤ ਵੀ ਫਰੰਗੀ ਸਰਕਾਰ, ਸੌਖਿਆਂ ਹਾਸਲ ਨਹੀਂ ਹੋਣ ਦਿੰਦੀ। ਆਪ ਪਿੰਡ ਸੇਖਵਾਂ ਦੇ ਲੰਬੜਦਾਰ ਬਾਬਾ ਮਹਿਤਾਬ ਸਿੰਘ ਹੋਰਾਂ ਨੂੰ ਨਾਲ ਲੈ ਕੇ, ਰੰਗੂਨ ਦੇ ਸਫਰ ਦੀ ਗੁਰੂ ਹਰੀ ਸਿੰਘ ਜੀ ਤੋਂ ਆਗਿਆ ਵੀ ਲੈਣ ਅਤੇ ਕੋਈ ਗੁਪਤ ਸੰਦੇਸ਼ ਵੀ ਜੇ ਉਹਨਾਂ ਤੱਕ ਪੁਚਾਉਣਾ ਹੋਵੇ ਲੈਣ ਲਈ ਸ੍ਰੀ ਭੈਣੀ ਸਾਹਿਬ ਪੁੱਜ ਗਏ। ਸੱਤ ਦਿਨਾਂ ਤੱਕ ਗੁਰੂ ਹਰੀ ਸਿੰਘ ਜੀ ਨੇ ਕਿਸੇ ਨੀਤੀਗਤ ਵਿਚਾਰ ਤਹਿਤ ਆਪ ਨੂੰ ਜਾਣ ਦੀ ਇਜਾਜ਼ਤ ਨਾ ਦਿੱਤੀ। ਅਠਵੇਂ ਦਿਨ ਆਗਿਆ ਦਿੱਤੀ "ਭਾਈ ਟਹਿਲ ਸਿੰਘ ਜੀ ਜਾਉ! ਚੀਨੀ ਵਾਲਾ ਪਾਤਸ਼ਾਹ ਤੁਹਾਡੇ ਅੰਗ ਸੰਗ ਹੈ!! ਕੋਈ ਫਿਕਰ ਨਾ ਕਰਨਾ!!!"[3]

ਸੰਤ ਜੀ ਦੇ ਨਾਲ ਚੱਕਰਵਰਤੀ ਹੋਰਾਂ ਦੀ ਲਿਖਤ ਮੁਤਾਬਿਕ ਤਾਂ ਪਿੰਡ ਸੇਖਵਾਂ ਦੇ ਉਪਰ ਵਰਣਿਤ ਲੰਬੜਦਾਰ ਮਹਿਤਾਬ ਸਿੰਘ ਜੀ ਹੀ ਸਨ ਪਰ ਸਮਕਾਲੀ ਲੇਖਕ ਭਾਈ ਸੰਤੋਖ ਸਿੰਘ ਬਾਹੋਵਾਲ ਦੇ ਮੁਤਾਬਿਕ ਆਪ ਦੋ ਨਹੀਂ ਤਿੰਨ ਸਿੰਘ ਸਨ। ਦੂਸਰੇ ਦੋ ਸਨ ਸਹਾਰਨ (ਚੱਠਿਆਂ) ਜ਼ਿਲ੍ਹਾ ਗੁਜਰਾਂਵਾਲਾ ਦੇ ਅਰੂੜ ਸਿੰਘ ਅਤੇ ਇਸ ਜ਼ਿਲ੍ਹੇ ਦੇ ਪਿੰਡ ਬੈਂਕੇਚੀਮੇ ਦੇ ਭਾਈ ਗੁਰਦਿਤ ਸਿੰਘ। ਸਹਾਰਨ ਪਿੰਡ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਤੋਂ ਹੀ ਕੂਕਿਆਂ ਦਾ ਪਰਮੁੱਖ ਨਗਰ ਬਣ ਚੁੱਕਾ ਸੀ। ਇਸੇ ਕਾਰਨ ਨਾਮਧਾਰੀ ਕਵੀ, ਭਾਈ ਚੰਦਾ ਸਿੰਘ ਜੋ ਇਤਿਹਾਸਕ ਕੂਕਾ ਬਾਰਾਂਮਾਹ ਦੇ ਕਰਤਾ ਸਨ, ਜਨਮੇ ਬੇਸ਼ਕ ਉਹ ਪਿੰਡ ਝੱਬਰ (ਸ਼ੇਖੂਪੁਰਾ) ਵਿਚ ਸਨ, ਦੁਕਾਨਦਾਰੀ ਗੁਜਰਾਂਵਾਲੇ ਸ਼ਹਿਰ ਵਿਚ ਕਰਦੇ ਰਹੇ ਪਰ ਆਪਣੇ ਜ਼ਿਆਦਾ ਵਕਤ ਸਹਾਰਨ ਪਿੰਡ ਦੇ ਭਾਈ ਦੀਵਾਨ ਸਿੰਘ ਪਾਸ ਬਿਤਾਇਆ ਕਰਦੇ ਸਨ। ਉਹ ਆਪਣੇ ਬਾਰਾਂ ਮਾਂਹ ਦੇ ਅਖੀਰ ਵਿਚ ਲਿਖਦੇ ਹਨ—

> "ਚੰਦਾ ਸਿੰਘ ਸੂਰਮਾ* ਝੱਬਰਾਂ ਦਾ,
> ਰਹੇ ਸਹਾਰਨ ਦੀਵਾਨ ਸਿੰਘ ਦੇ ਪਾਸ।
> ਬਾਰਾਂ ਮਾਹ ਸ੍ਰੀ ਸਤਿਗੁਰੂ,
> ਮਾਨੋ ਗੁਰੂ ਬਿਲਾਸ।"

ਭਾਈ ਟਹਿਲ ਸਿੰਘ ਦੇ ਤੀਸਰੇ ਸਾਥੀ ਗੁਰਦਿਤ ਸਿੰਘ ਦਾ ਪਿੰਡ ਬੈਂਕਾਚੀਮਾ ਵੀ ਕੂਕਿਆਂ ਦੇ ਮਸ਼ਹੂਰ ਪਿੰਡਾਂ ਵਿਚ ਗਿਣਿਆ ਜਾਂਦਾ ਸੀ। ਕੂਕਾ ਅੰਦੋਲਨ ਵੇਲੇ ਦੀ ਨਾਬਰੀ ਦੀ ਭਾਵਨਾ ਇਸ ਪਿੰਡ ਦੇ ਬਸ਼ਿੰਦਿਆ ਵਿਚ ਪੀੜ੍ਹੀ ਦਰ ਪੀੜ੍ਹੀ ਤੁਰਦੀ ਆਈ

ਸੀ। ਭਾਈ ਗੁਰਦਿਤ ਸਿੰਘ ਬਾਰੇ ਖੁਫੀਆ ਪੁਲੀਸ ਰੀਪੋਰਟ ਵਿਚ ਇਹ ਇੰਦਰਾਜ ਮਿਲਦਾ ਹੈ—

"**ਸਰਕਲ : ਰਾਵਲਪਿੰਡੀ**, ਜ਼ਿਲ੍ਹਾ ਗੁਜਰਾਂਵਾਲਾ, ਸੀਰੀਅਲ ਨੰ: ੧੭, ਨਾਂ ਅਤੇ ਕੂਕਿਆਂ ਵਿਚ ਰੁਤਬਾ : ਗੁਰਦਿਤ ਸਿੰਘ "ਨਾਇਬ ਮਹੰਤ", ਪਿਤਾ : ਰਾਮ ਰੱਖਾ, ਧੰਦਾ : ਦੁਕਾਨਦਾਰ, ਪਿੰਡ : ਬੈਂਕਾਚੀਮਾ, ਥਾਣਾ : ਵਜ਼ੀਰਾਬਾਦ, ਨਖਸ਼ਿਖ : ਰੰਗ ਕਣਕਵੰਨਾ, ਕੱਦ ਲੰਮਾ, ਉਮਰ ੫੦ ਸਾਲ ਦੇ ਲਗਭਗ, ਸੁਭਾਉ ਤੇ ਲੱਛਣ : ਉਹ ਉਤਸ਼ਾਹੀ ਲਗਨ ਵਾਲਾ ਸਨਮਾਨਿਤ ਕੂਕਾ ਹੈ—ਵਿਸ਼ਵਾਸ ਕੀਤਾ ਜਾਂਦਾ ਹੈ ਕਿ ਉਹ ਗੁਰੂ ਰਾਮ ਸਿੰਘ ਨੂੰ ਮਿਲਣ ਰੰਗੂਨ ਗਿਆ।"[4]

ਉਪਰੋਕਤ ਵੇਰਵਾ ਭਾਈ ਗੁਰਦਿਤ ਸਿੰਘ ਹੋਰਾਂ ਦੀ ਜਿਸ ਤਰ੍ਹਾਂ ਦੀ ਨਿਸ਼ਾਨਦੇਹੀ ਕਰਦਾ ਹੈ ਉਸ ਤੋਂ ਇਹਨਾਂ ਤਿੰਨਾਂ ਦੀ ਪਰਦੇਸ ਜਾਣ ਵਾਲੀ ਟੀਮ ਦਾ ਆਗੂ ਰੋਲ ਉਹਦਾ ਮਾਲੂਮ ਹੁੰਦਾ ਹੈ, ਪਰ ਤਿੰਨਾਂ ਵਿਚ ਸਭ ਤੋਂ ਛੋਟੀ ਉਮਰ ਦਾ ਹੋਣ ਕਾਰਨ, ਬਾਕੀ ਦੋਹਾਂ ਮੈਂਬਰਾਂ ਲਈ ਸਫਰ ਨੂੰ ਜ਼ੋਖਿਮ ਰਹਿਤ ਬਨਾਉਣ, ਉਹਨਾਂ ਦੀ ਸੇਵਾ ਸੁਵਿਧਾ ਮੁਤਾਬਿਕ ਲੋੜੀਂਦੇ ਸਾਧਨ ਜੁਟਾਉਣ ਲਈ ਵੱਧ ਨੱਸ ਭੱਜ ਕਰਨ ਸਦਕਾ, ਟੀਮ ਸਕੱਤਰ ਦੀ ਸੇਵਾ, ਟਹਿਲ ਸਿੰਘ ਹੋਰੀਂ ਨਿਬਾਹੁੰਦੇ ਰਹੇ।ਅੰਬਾਲੇ ਦੀ ਇਕ ਧਰਮਸ਼ਾਲਾ ਵਿਚ, ਰੰਗੂਨ ਜਾਣ ਵਾਲੇ ਸਿੰਘ, ਆਪਣੇ ਭੇਸ ਬਦਲਦੇ, ਕਛੈਹਰਿਆਂ ਉੱਪਰ ਚਾਦਰੇ ਬੰਨ੍ਹਦੇ, ਜੱਟਾਂ ਵਾਂਗੂੰ, ਟੇਢ ਮੇਢੀਆਂ ਪੱਗਾਂ ਬੰਨ੍ਹਦੇ। ਕੁਝ ਸਾਜ਼ ਸਮਾਨ ਵੀ ਇੱਥੇ ਰੱਖ ਜਾਂਦੇ ਅਤੇ ਵਾਪਸੀ ਤੇ ਲੈ ਲੈਂਦੇ। ਭਾਈ ਸੰਤੋਖ ਸਿੰਘ ਬਾਹੋਵਾਲ ਦੇ ਵੱਡ ਮੁੱਲੇ ਗਰੰਥ ਵਿਚ ਗੁਰੂ ਦਰਸਨਾਂ ਨੂੰ ਜਾਣ ਵਾਲੇ ਚੌਥੇ ਪੰਜਵੇਂ ਪੂਰ ਵਾਲੇ ਸਿਖਾਂ ਵਿਚ, ਟਹਿਲ ਸਿੰਘ ਵਾਲੇ ਜਥੇ ਦਾ ਵੇਰਵਾ ਮਿਲਦਾ ਹੈ।ਉਹਨਾਂ ਦਾ ਦਰਸ਼ਨਾਂ ਨੂੰ ਜਾਣ ਦਾ ਸਮਾਂ ੧੮੭੭-੭੮ ਈ. ਹੀ ਸਿੱਧ ਹੁੰਦਾ ਹੈ। ਕਿਉਂ ਜੁ ਕੁਝ ਸਿੰਘਾਂ ਦੇ ਉੱਥੇ ਵਾਹਵਾ ਗਿਣਤੀ ਵਿਚ ਪੁੱਜਣ ਬਾਅਦ ਅਤੇ ਫਰੰਗੀ ਸਰਕਾਰ ਦੇ ਸਤਿਗੁਰੂ ਜੀ ਤੇ ਨਿਗਰਾਨੀ ਤਿੱਖੀ ਕਰਨ ਬਾਅਦ ਹੀ ਸਤਿਗੁਰੂ ਜੀ, ਗੁਰੂ ਹਰੀ ਸਿੰਘ ਜੀ ਨੂੰ ਲਿਖਦੇ ਹਨ ਕਿ ਸਾਲ ਜਾਂ ਛਿਮਾਹੀ ਬਾਅਦ ਹੀ ਇੱਕ ਅੱਧ ਸਿੰਘ ਆਏ। ਸਿੰਘਾਂ ਦੇ ਖਰਚ ਖੇਚਲ ਦੀ ਵੀ ਚਿੰਤਾ ਹੈ। ਇਹ ਵੀ ਚਿੰਤਾ ਹੈ ਕਿ ਖੁੱਲ੍ਹੇ ਦਰਸ਼ਨ ਦੀਦਾਰ ਤਾਂ ਹੁੰਦੇ ਨਹੀਂ। ਇਸ ਲਈ ਸਿੰਘ ਦੇਸ਼ ਵਿਚ ਹੀ ਆਪਣੇ ਢੰਗ ਨਾਲ ਭਜਨ, ਬਾਣੀ, ਪਾਠ, ਹਵਨ, ਵਰਨੀਆਂ ਦੇ ਬਹਾਨੇ ਜੁੜ ਮਿਲ ਕੇ ਚੜ੍ਹਦੀ ਕਲਾ ਵਿਚ ਵੀ ਰਹਿਣ ਅਤੇ ਅੰਗਰੇਜ਼ ਸਰਕਾਰ ਨੂੰ ਵੀ ਇਹ ਅਹਿਸਾਸ ਕਰਵਾ ਕੇ ਕਿ ਕੂਕੇ ਆਪਣੀਆਂ ਸਰਗਰਮੀਆਂ ਵਿਚ ਜੁੱਟੇ ਹੋਏ ਹਨ ਉਹਨਾਂ ਤੇ ਮਾਨਸਿਕ ਦਬਾਉ ਵੀ ਬਣਾਈ ਰੱਖਿਆ ਜਾਏ। ਇਕ ਸੁਯੋਗ ਸੰਗਠਨ ਕਰਤਾ ਜਿਉਂ, ਆਪਣੇ ਮਰਜੀਵੜੇ ਗੁਰਸਿੱਖਾਂ ਦੁਆਰਾ, ਸਤਿਗੁਰੂ ਰਾਮ ਸਿੰਘ ਜੀ ਬਿਪਤਾ ਦੇ ਸਮੇਂ ਵਿਚ ਵੀ ਸਰਕਾਰ ਵਿਰੁੱਧ ਆਪਣਾ ਸ਼ਾਂਤੀਪੂਰਣ ਢੰਗ ਵਾਲਾ ਅਸਹਿਯੋਗ ਅੰਦੋਲਨ ਜਾਰੀ ਰੱਖ ਰਹੇ ਹਨ। ਜਿਹੜੇ ਕੂਕੇ ਰੰਗੂਨ ਗੁਰੂ ਦਰਸ਼ਨਾਂ ਲਈ ਜਾਂਦੇ ਹਨ ਉਹ ਵੀ ਸਰਕਾਰ ਦੇ ਆਦੇਸ਼ਾਂ ਦੀਆਂ ਧੱਜੀਆਂ ਉਡਾ ਕੇ ਹੀ ਉੱਥੇ ਜਾਂਦੇ ਹਨ। ਗੁਪਤ ਢੰਗ ਤਰੀਕੇ ਨਾਲ ਸੰਵਾਦ ਵੀ ਰਚਾਉਂਦੇ ਹਨ ਅਤੇ ਸਤਿਗੁਰੂ ਜੀ ਤੋਂ ਆਪਣੇ ਅੰਦੋਲਨ ਨੂੰ

ਊਰਜਾਵਾਨ ਬਣਾਈ ਰੱਖਣ ਲਈ, ਹੁਕਮਨਾਮਿਆਂ ਦੇ ਰੂਪ ਵਿਚ ਉਤਸ਼ਾਹ ਦੇ ਸੋਮੇ ਵੀ ਲੈ ਕੇ ਆਉਂਦੇ ਹਨ। ਭਾਈ ਸੰਤੋਖ ਸਿੰਘ ਬਾਹੋਵਾਲ ਇਸ ਯਾਤਰਾ ਬਾਰੇ ਇਉਂ ਲਿਖਦੇ ਹਨ—"ਹੋਰ ਸਿੰਘ ਭੀ ਚਲੇ, ਚੜਤ ਸਿੰਘ ਬਦਨ ਭੂਪਾਲ ਵਾਲੇ ਕਾ, ਨਾਲ ਸਿੰਘ ਵੀ ਮਾਈ ਲੱਛਮੀ ਭੂਪਾਲ ਵਾਲੇ ਦੀ ਸੀ। ਟੈਹਲ ਸਿੰਘ ਸੇਖਵਾਂ ਦਾ, ਅਰੂੜ ਸਿੰਘ ਸਹਾਰਨ ਕਾ, ਗੁਰਦਿਤ ਸਿੰਘ ਬੈਂਕਿਆਂ ਕਾ। ਜਾਂ ਗੁਰੂ ਹਰੀ ਸਿੰਘ ਜੀ ਪਾਸ ਆਏ ਰਾਮਦਾਸਪੁਰੇ ਸਾਹਿਬ ਤਾਂ ਗੁਰੂ ਜੀ ਬਚਨ ਕੀਤਾ ਕਿ ਭਾਈ ਲਿਖਿਆ ਸਤਿਗੁਰੂ ਜੀ ਕਾ ਆਇਆ ਹੈ ਬਰੇ ਪਿਛੋਂ ਏਕ ਆਵੋ। ਤੁਸੀਂ ਨਾ ਜਾਓ, ਬੰਦ ਕਰਕੇ ਭੇਜਿਆ ਹੈ। ਪਰ ਸਿੰਘ ਗਏ ਜਿਸ ਬਿਧ ਨਾਲ ਸੁਣਿਆ ਹੋਇਆ ਸੀ। ਓਥੋਂ ਦੀ ਫਤੇ ਕੀ ਨਸ਼ਾਨੀ ਸੁਣੀ ਹੋਈ ਸੀ। ਉਸੀਂ ਤਰ੍ਹਾਂ ਜਾਇ ਦਰਸ਼ਨ ਕੀਤਾ। ਮੁਖ ਮਸਤਕ ਪਰ ਹੱਥ ਫੇਰਨਾ ਜਾਂ ਛਾਤੀ ਪਰ ਹੱਥ ਰੱਖਣਾ। ਟੈਹਲ ਸਿੰਘ ਨੇ ਚੇਹਰੇ ਪਰ ਹੱਥ ਫੇਰਿਆ, ਸ੍ਰੀ ਸਤਿਗੁਰੂ ਜੀ ਵੀ ਮੁਖ ਪਰ ਹੱਥ ਫੇਰਿਆ। ਬਚਨ ਹੋਇਆ ਚਲੇ ਜਾਓ ਦੇਸ਼ ਨੂੰ। ਧੁਆਡੇ ਏਥੇ ਆਇਆ ਕਾ ਬਡਾ ਮਹਾਤਮ ਹੋਵੇਗਾ। ਹੁਕਮਨਾਮੇ ਲਿਖ ਕੇ ਅੰਦਰੋਂ ਬਾਹਰ ਸੁਟ ਦਿੱਤੇ। ਸਿੰਘਾਂ ਨੇ ਚੁਕ ਲੀਏ। ਏਨੇ ਮੇਂ ਬਾਰਸ਼ ਉਤਰੀ। ਟੈਹਲ ਸਿੰਘ ਅੰਬ ਦੇ ਬ੍ਰਿਛ ਹੇਠ ਹੋਇਆ। ਜਾਂ ਬਾਰਸ਼ ਬੰਦ ਹੋਈ ਤਾਂ ਸੰਤਰੀ ਨੇ ਸੱਦ ਕੇ ਪੁਛਿਆ ਕਿ ਏਥੇ ਕਿਉਂ ਖੜਾ ਹੈਂ। ਤੀਨ ਫੇਰੀ ਪੁਛਿਆ। ਸਿੰਘ ਨੇ ਕਿਹਾ ਕਿ ਮੈਨੂੰ ਧੁਆਡੀ ਬੋਲੀ ਦੀ ਸਮਝ ਨਹੀਂ ਪੈਂਦੀ। ਫੇਰ ਕਿਹਾ ਕਿ ਤੂੰ ਏਥੇ ਕਿਉਂ ਖੜਾ ਥਾ ? ਸਿੰਘ ਨੇ ਕਿਹਾ ਕਿ ਬਾਰਸ਼ ਕਰਕੇ ਖੜਾ ਥਾ। ਸਿੰਘ ਨੂੰ ਬੈਰਾਗ ਹੋਇਆ "ਭਿਜਉ ਸਿਜਉ ਕੰਬਲੀ ਅਲਹ ਵਰਸਉ ਮੇਹੁ। ਜਾਇ ਮਿਲਾ ਤਿਨ ਸਜਣਾ ਤੁਟਉ ਨਾਹੀ ਨੇਹੁ" ਵੈਰਾਗ ਮੇਂ ਹੋਇਕੇ ਉਚੀ ਉਚੀ ਪੜਿਆ। ਸੰਤਰੀ ਨੇ ਸੰਸਾ ਕੀਤਾ ਹੈ ਕਿ ਕਿਸ ਦੇ ਨਾਲ ਬਾਤਾਂ ਕਰਦਾ ਹੈ। ਫੇਰ ਸਦਿਆ ਟੈਹਲ ਸਿੰਘ ਕੋ। ਸੰਤਰੀ ਨੇ ਕਿਹਾ ਤੂੰ ਉੱਚੀ ਉਚੀ ਕੀਹਦੇ ਨਾਲ ਬੋਲਦਾ ਸੈਂ। ਸਿੰਘ ਨੇ ਕਿਹਾ ਕਿ ਮੇਰਾ ਸਾਥੀ ਪਿਛੇ ਔਂਦਾ ਹੈ ਉਸਕੋ ਅਵਾਜ਼ ਮਾਰੀ ਸੀ। ਸੰਤਰੀ ਨੇ ਕਿਹਾ ਕਿ ਰਾਜਾ ਰਾਮ ਸਿੰਘ ਕੋ ਤੁਮ ਜਾਨਤਾ ਹੈ ? ਸਿੰਘ ਨੇ ਸੋਚਿਆ ਝੂਠ ਬੋਲਣਾ ਵੀ ਮਾੜਾ ਹੈ ਦਸਣਾ ਵੀ ਜ਼ਰੂਰ ਪੈਣਾ ਹੈ। ਸਤਿਗੁਰੂ ਜੀ ਅਗੇ ਅੰਦਰੋਂ ਅਰਦਾਸ ਕੀਤੀ ਕਿ ਮੇਰੀ ਲਜਿਆ ਰੱਖੋ। ਸਤਿਗੁਰਾਂ ਏਹ ਜਣਾਈ ਕਿ ਮੈਂ ਏਹਨਾਂ ਦੀ ਗਤ ਨਹੀਂ ਜਾਣਦਾ। ਸੰਤਰੀ ਨੇ ਕਿਹਾ ਕਿ ਤੁਮ ਕਿਓਂ ਆਏ ਇਸ ਦੇਸ ਮੇਂ। ਸਿੰਘ ਨੇ ਕਿਹਾ ਕਿ ਨੌਕਰੀ ਨੂੰ ਆਏ ਹਾਂ। ਜਿਥੇ ਨੌਕਰੀ ਮਿਲੇਗੀ ਓਥੇ ਹੀ ਕਰਾਂਗੇ। ਅਗਲੇ ਦਿਨ ਜਹਾਜ ਪਰ ਚੜ੍ਹ ਕੇ ਮੁੜ ਆਏ ਸੁਖ ਸਾਂਦ ਨਾਲ ਹੁਕਮਨਾਮੇ ਲਿਆਂਦੇ, ਸਿੰਘਾਂ ਨੂੰ ਪੜ੍ਹ ਕੇ ਸ਼ਾਂਤ ਔਣੇ ਲਗੀ।"[5]

ਉਪਰ ਵਰਣਿਤ ਅੰਬ ਦਾ ਰੁੱਖ ਸਤਿਗੁਰੂ ਜੀ ਦੇ ਬੰਗਲੇ ਦੇ ਸਾਹਮਣੇ ਜੋ ਸੜਕ ਸੀ ਉਸ ਤੇ ਸੀ ਜਿੱਥੇ ਹੋਰ ਵੀ ਕਈ ਅੰਬਾਂ ਦੇ ਰੁਖ ਸਨ। ਸੜਕ ਦਾ ਉਸ ਸਮੇਂ ਨਾ ਵਾਈਲਜ਼ ਰੋਡ ਸੀ। ਹੁਣ ਇਸ ਨੂੰ ਊ-ਵਿਜ਼ਾਰਾ ਰੋਡ ਕਹਿੰਦੇ ਹਨ।[6]

ਸਤਿਗੁਰੂ ਪਰਤਾਪ ਸਿੰਘ ਜੀ ਵੀ ਉਨ੍ਹੀਵੀਂ ਸਦੀ ਦੇ ਬਹੁਤ ਸਾਰੇ ਨਾਮਧਾਰੀ ਸਿੰਘਾਂ ਜਿਉਂ, ਸਤਿਗੁਰੂ ਰਾਮ ਸਿੰਘ ਜੀ ਦੇ ਆਪਣੇ ਪੰਥ ਅਤੇ ਮਾਤਭੂਮੀ ਤੋਂ ਵਿਛੋੜੇ ਨੂੰ ਯਾਦ ਕਰਕੇ, ਮਸਤੀ ਦੇ ਸਾਗਰ ਵਿਚ ਤਾਰੀਆਂ ਲਾਇਆ ਕਰਦੇ ਸਨ। ਖਾਸ ਕਰਕੇ

ਹਜ਼ੂਰ ਜਦੋਂ ਵੀ ਨਾਮਧਾਰੀ ਇਤਿਹਾਸ ਦੇ ਖ਼ੂਨੀ ਪੱਤਰਿਆਂ ਦੀ ਕਥਾ ਕਰਦੇ ਕਰਦੇ, ਗੁਰੂ ਪਿਆਰਿਆਂ ਦੀ ਬ੍ਰਿਹੋਂ ਵੇਦਨਾ ਦਾ ਨਕਸ਼ਾ ਖਿੱਚਦੇ ਹਨ ਤਾਂ ਸਾਰੀ ਸੰਗਤ ਵੈਰਾਗ ਮੂਰਤ ਬਣੀ ਨਜ਼ਰ ਆਉਂਦੀ ਸੀ। ਉਹਨਾਂ ਦੇ ਰੀਕਾਰਡ ਹੋਏ ਉਪਦੇਸ਼ਾਂ ਵਿਚ, ਅਨੇਕਾਂ ਰਾਮ ਵਿਓਗੀਆਂ ਦੀ, ਬਿਰਹਾ ਗਾਥਾ ਦਾ ਗਾਇਨ ਮਿਲਦਾ ਹੈ। ਇਸੇ ਤਰ੍ਹਾਂ ਆਪ ਸੰਤ ਟਹਿਲ ਸਿੰਘ ਸੇਖਵਾਂ ਵਾਲਿਆਂ ਦੇ ਬਾਰੇ ਆਪਣੇ ਉਦਗਾਰ ਪ੍ਰਗਟ ਕਰਦੇ ਹਨ—

"ਸੰਤ ਟਹਿਲ ਸਿੰਘ ਹੋਰੀ ਸੇਖੂਆਂ ਵਾਲੇ-ਜਿਨ੍ਹਾਂ ਨੇ ਉਨ੍ਹਾਂ ਦਾ ਦਰਸ਼ਨ ਕੀਤਾ ਹੈ, ਉਨ੍ਹਾਂ ਨੂੰ ਪਤਾ ਹੈ। ਆਹ ਉਹਨਾਂ ਦੀਆਂ ਗੰਨੀਆਂ ਜਿਹੜੀਆਂ ਸਨ—ਮੈਂ ਉਨ੍ਹਾਂ ਦਾ ਦਰਸ਼ਨ ਕੀਤਾ ਹੈ-ਹਰ ਵੇਲੇ ਭਰੀਆਂ ਰਹਿੰਦੀਆਂ ਸਨ ਜਲ ਦੀਆਂ ਛਲਕਦੀਆਂ ਰਹਿੰਦੀਆਂ-ਚਸ਼ਮਤਰ* ਮਾਲਾ ਮੈਲੀ ਜਹੀ ਹੱਥ ਵਿਚ ਹੋਣੀ ਹਰ ਵੇਲੇ। ਬਹੁਤ ਹੌਲੀ ਬਚਨ ਕਰਨਾ। ਰੰਗੂਨ ਗਏ ਦਰਸ਼ਨ ਕਰਨ। ਅੰਬ ਹੇਠ ਜਾ ਕੇ ਖਲੋਤੇ, ਬਾਰਸ਼ ਉਤਰ ਪਈ-ਅੰਬ ਹੇਠ ਖਲੋ ਗਏ। ਫਰੀਦ ਜੀ ਦਾ ਸਲੋਕ ਯਾਦ ਆ ਗਿਆ—

ਫਰੀਦਾ ਗਲੀਏ ਚਿਕੜੁ ਦੂਰਿ ਘਰੁ ਨਾਲਿ ਪਿਆਰੇ ਨੇਹੁ ॥
ਚਲਾ ਤਾ ਭਿਜੈ ਕੰਬਲੀ।

ਪੰਨਾ ੧੩੭੯

ਨਾਲ ਹੀ ਚੀਕ ਨਿਕਲ ਗਈ। ਉਹ ਸਿਪਾਹੀ ਆ ਦੁਆਲੇ ਹੋਏ-ਕੀ ਹੋਇਆ, ਕੀ ਕਰਦਾ ਹੈਂ ?

"ਕਹਿੰਦੈ, "ਮੈਂ ਆਪਣੇ ਸਾਥੀ ਨੂੰ ਉਡੀਕਦਾ ਹਾਂ।" ਝੂਠ ਭੀ ਨਹੀਂ ਬੋਲਿਆ, ਉਨ੍ਹਾਂ ਨੂੰ ਪਤਾ ਭੀ ਨਹੀਂ ਲੱਗਣ ਦਿੱਤਾ।

ਫੇਰ ਉਨ੍ਹਾਂ ਆਖਿਆ-ਤੂੰ ਇਨ੍ਹਾਂ ਨੂੰ ਜਾਣਦਾ ਹੈਂ-ਸਤਿਗੁਰਾਂ ਵਲ ਹੱਥ ਕਰਕੇ ਆਖਿਆ।

ਹੁਣ ਜੇ ਆਖੇ-ਨਹੀਂ ਜਾਣਦਾ-ਤਾਂ ਝੂਠ ਜੇ ਆਖੇ-ਜਾਣਦਾ ਹਾਂ-ਤਾਂ ਫੜਦੇ ਹਨ। ਕਹਿੰਦੈ-ਮੈਂ ਇਹਦੀ ਗਤਿ ਨਹੀਂ ਜਾਣਦਾ-ਤਾਂ, ਚਸ਼ਮਤਰ।"[7]

ਚੱਕਰਵਰਤੀ ਜੀ ਦੀ ਲਿਖਤ ਮੁਤਾਬਿਕ ਜਿਹੜੇ ਚਾਰ ਸਿੰਘ, ਟਹਿਲ ਸਿੰਘ ਹੋਰਾਂ ਤੋਂ ਪਹਿਲਾਂ ਇੱਥੇ ਠਹਿਰੇ ਹੋਏ ਸਨ 'ਠਾਕੁਰ ਬਾੜੀ' ਵਿਚ, ਉਹਨਾਂ ਨੇ ਆਪ ਨੂੰ ਸਤਿਗੁਰੂ ਜੀ ਨਾਲ ਭੇਟ ਕਰਨ ਦਾ ਢੰਗ ਤਰੀਕਾ ਸਮਝਾਇਆ ਕਿ ਕਿਵੇਂ ਸੜਕ ਤੇ ਤੁਰੇ ਫਿਰੇ ਜਾਂਦਿਆਂ ਹੀ ਦਰਸ਼ਨ ਕਰਨੇ, ਖਲੋਣਾ ਨਹੀਂ। ਸਿਪਾਹੀਆਂ ਤੋਂ ਅੱਖ ਬਚਾਕੇ ਅੰਦਰ ਅਰਦਾਸ ਸੁੱਟਣੀ ਛੋਟੇ ਟੁੱਕੜੇ ਪੱਥਰ ਦੇ ਨਾਲ ਬੰਨ੍ਹ ਕੇ ਅਤੇ ਅੱਖ ਬਚਾ ਕੇ ਹੀ ਹੁਕਮਨਾਮਾ ਚੁੱਕਣਾ। ਆਪ ਦੀ ਅਰਦਾਸ ਅਤੇ ਹੋਰ ਵਸਤ ਭਾਈ ਨਾਨੂੰ ਸਿੰਘ ਹੋਰਾਂ ਚੁੱਕ ਲਈ। ਅਗਲੇ ਦਿਨ ਉਸੇ ਵੇਲੇ ਫਿਰ ਗਏ ਤਾਂ ਹੁਕਮਨਾਮੇ ਲੈ ਆਏ। ਸਤਿਗੁਰੂ ਜੀ ਨੇ ਝਬਦੇ ਹੀ ਜਹਾਜ਼ ਫੜਨ ਬਾਰੇ ਕਿਹਾ ਸੀ। ਰੰਗੂਨ ਤੋਂ ਕਲਕੱਤੇ ਤੱਕ ਜਿਹੜੇ ਵੀ ਚਾਰ ਜਾਂ ਪੰਜ ਦਿਨ ਲੱਗਦੇ ਸਨ ਜ਼ਿਆਦਾਤਰ ਨਾਮਧਾਰੀ ਸਿੰਘ ਆਪਣੀ ਮਰਿਆਦਾ ਵਾਲੀ ਖਾਧ ਖ਼ੁਰਾਕ ਨਾ ਮਿਲਣ ਕਾਰਨ ਨਿਰਾਹਾਰ ਹੀ ਰਹਿੰਦੇ। ਭਾਈ ਟਹਿਲ ਸਿੰਘ ਹੋਰਾਂ ਵੀ ਰੰਗੂਨ

* ਨੇਤਰ ਸਿੱਲ੍ਹੇ

ਤੋਂ ਚੱਲ ਕੇ ਨਾਰੀਅਲ ਜਲ ਕਲਕੱਤੇ ਹੀ ਛਕਿਆ। ਜਲ ਛਕਦਿਆਂ ਨੂੰ ਹੀ ਪੁਲੀਸ ਨੇ ਘੇਰ ਲਿਆ। ਕੱਪੜੇ ਲੁਹਾ ਕੇ ਤਲਾਸ਼ੀ ਲਈ ਕਿ ਰੰਗੂਨ ਤੋਂ ਕੋਈ ਹੁਕਮਨਾਮਾ ਤਾਂ ਨਹੀਂ ਲਿਆਏ, ਸਤਿਗੁਰੂ ਜੀ ਤੋਂ। ਭਾਈ ਟਹਿਲ ਸਿੰਘ ਨੇ ਹੁਕਮਨਾਮਾ ਦਸਤਾਰ ਦੇ ਹੇਠਲੇ ਪੱਲੇ ਤੇ ਰੱਖ ਕੇ ਪਹਿਲੇ ਪੇਚਾਂ ਵਿਚ ਲੁਕਾਇਆ ਸੀ। ਜਦੋਂ ਦਸਤਾਰ ਲੁਹਾਉਣ ਲੱਗੇ ਆਪ ਇਕ ਇਕ ਪੇਚ ਕਰਕੇ ਲਾਹ ਰਹੇ ਸਨ, ਜਦੋਂ ਦੋ ਕੁ ਪੇਚ ਪੱਗ ਦੇ ਰਹਿ ਗਏ ਤਾਂ ਆਪ ਵੀ ਘਬਰਾਏ ਕਿ ਹੁਣ ਨਹੀਂ ਬਚਦੇ। ਪੁਲੀਸ ਅਫਸਰ ਕੋਈ ਪੰਜਾਬੀ ਸੀ ਕਹਿੰਦਾ, “ਸਿੱਖਾ ਬੰਨ੍ਹ ਲੈ ਪੱਗ ਤੇਰੇ ਕੋਲ ਕੁਝ ਨਹੀਂ।” ਫਿਰ ਵੀ ਖੁਫ਼ੀਆ ਪੁਲੀਸ ਦੇ ਬੰਦੇ ਆਪ ਦੀ ਨਿਗਰਾਨੀ ਕਰਦੇ ਰਹੇ। ਜਦੋਂ ਕਲਕੱਤੇ ਤੋਂ ਵਾਪਸ ਅੰਬਾਲੇ ਪੁੱਜੇ ਤਾਂ ਧਰਮਸ਼ਾਲਾ ਵਾਲੇ ਭਾਈ ਨੇ ਕਿਹਾ ਕਿ ਤੁਹਾਡੀ ਭਾਲ ਵਿਚ ਪੁਲੀਸ ਕਈ ਕਈ ਗੇੜੇ ਮਾਰਦੀ ਰਹੀ ਹੈ। ਜਿਤਨੀ ਦੇਰ ਇੱਥੇ ਰਹਿਣਾ ਹੈ ਧਰਮਸ਼ਾਲਾ ਦੀ ਪਿਛਲੀ ਕੋਠੜੀ ਵਿਚ ਹੀ ਰਹਿਣਾ ਬਾਹਰ ਨਹੀਂ ਆਉਣਾ। ਇਉਂ ਜਿਤਨੇ ਦਿਨ ਪੁਲੀਸ ਨੇ ਧਰਮਸ਼ਾਲਾ ਘੇਰੀ ਰੱਖੀ ਆਪ ਉਸ ਭਾਈ ਜੀ ਦੀ ਸਹਾਇਤਾ ਨਾਲ ਪਿਛਲੀ ਕੋਠੜੀ ਵਿਚ ਹੀ ਡੱਕੇ ਰਹੇ। ਅਠਵੇਂ ਦਿਨ ਉਹ ਇਧਰ ਉਧਰ ਹੋਏ ਤਾਂ ਅੱਧੀ ਰਾਤ ਗੱਡੀ ਫੜ ਕੇ ਭੈਣੀ ਸਾਹਿਬ ਦੇ ਲਾਗਲੇ ਕਿਸੇ ਸਟੇਸ਼ਨ ਤੇ ਆ ਉੱਤਰੇ। ਆਮ ਤੌਰ ਤੇ ਸਾਹਨੇਵਾਲ ਤੋਂ ਇਕ ਸਟੇਸ਼ਨ ਅੱਗੇ ਜਾਂ ਪਿੱਛੇ ਉੱਤਰਦੇ ਸਨ ਕਿਉਂ ਜੁ ਸਾਹਨੇਵਾਲ ਪੁਲੀਸ ਸਦਾ ਕੂਕਿਆਂ ਦੀ ਭਾਲ ਵਿਚ ਬਹੁਤ ਸਰਗਰਮ ਰਹਿੰਦੀ ਸੀ।

ਭਾਈ ਟਹਿਲ ਸਿੰਘ ਅਤੇ ਦੋਵੇਂ ਸਾਥੀ ਗੁਰੂ ਹਰੀ ਸਿੰਘ ਜੀ ਦੇ ਚਰਨ ਪਰਸਣ ਲਈ ਡੇਰੇ ਅੰਦਰ ਪੁੱਜੇ। ਸਤਿਗੁਰੂ ਜੀ ਵਾਲੇ ਹੁਕਮਨਾਮੇ ਦਿੱਤੇ ਅਤੇ ਰੰਗੂਨ ਦੇ ਹੋਰ ਸਮਾਚਾਰਾਂ ਦੀ ਜਾਣਕਾਰੀ ਦਿੱਤੀ। ਕੁਝ ਦਿਨ ਭੈਣੀ ਸਾਹਿਬ ਕੱਟ ਕੇ ਆਪਣੇ ਪਿੰਡ ਸੇਖਵਾਂ ਪੁੱਜ ਗਏ ਅਤੇ ਸੰਗਤ ਸਾਰੀ ਬਾਰ ਵਿਚੋਂ ਦੂਰੋਂ ਦੂਰੋਂ ਆ ਕੇ ਆਪ ਨੂੰ ਮਿਲ ਕੇ ਸਤਿਗੁਰੂ ਜੀ ਦੇ ਬਚਨ ਸੁਣਦੀ। ਬਾਬਾ ਜੀ ਵਾਲਾ ਹੁਕਮਨਾਮਾ ਕਿਹੜਾ ਸੀ, ਇਸਦਾ ਹੁਣ ਤਕ ਮਿਲਦੇ ਜਾਂ ਪਰਕਾਸ਼ਿਤ ਹੁਕਮਨਾਮਿਆਂ ਤੋਂ ਪਤਾ ਨਹੀਂ ਲੱਗਦਾ, ਉਹਨਾਂ ਸਮਿਆਂ ਵਿਚ ਬਹੁਤ ਸਾਰੇ ਹੁਕਮਨਾਮੇ ਸਰਕਾਰੀ ਸਖਤੀ ਕਾਰਨ ਸਮੇਂ ਦੀ ਧੂੜ ਵਿਚ ਗੁੰਮ ਵੀ ਹੋ ਗਏ ਸਨ। ਸਰਕਾਰੀ ਰੀਕਾਰਡ ਵਿਚ ਵੀ ਨਾ ਤਾਂ ਉਹਨਾਂ ਸਾਰੇ ਸਿੰਘਾਂ ਦਾ ਹੀ ਜ਼ਿਕਰ ਮਿਲਦਾ ਹੈ ਜਿਹੜੇ ਗੁਰੂ ਦਰਸ਼ਨਾਂ ਨੂੰ ਰੰਗੂਨ ਗਏ ਸਨ। ਕਿਉਂ ਜੁ ਕਈਆਂ ਸਿੰਘ ਨੂੰ ਪਹਿਚਾਨਣ ਜਾਂ ਉਹਨਾਂ ਦਾ ਅਤਾ ਪਤਾ ਲਾਉਣ ਵਿਚ ਸਰਕਾਰੀ ਸੂਹੀਆ ਏਜੰਸੀਆਂ ਸਫਲ ਵੀ ਨਹੀਂ ਹੁੰਦੀਆਂ ਸਨ। ਕੁਝ ਵੀ ਹੋਵੇ ਭਾਈ ਟਹਿਲ ਸਿੰਘ ਅਤੇ ਦੂਜੇ ਦੋਹਾਂ ਸਿੰਘਾਂ ਨੇ ਸਾਂਦਲਬਾਰ ਜਾਂ ਦੁੱਲੇ ਦੀ ਬਾਰ ਦਾ ਨਾਂ, ਸਤਿਗੁਰੂ ਰਾਮ ਸਿੰਘ ਜੀ ਦੇ ਉਹਨਾਂ ਪਿਆਰਿਆਂ ਦੇ ਨਾਂ ਨਾਲ ਜੋੜ ਦਿੱਤਾ, ਜਿਹੜੇ ਸਰਕਾਰੀ ਸਖਤੀਆਂ, ਕਾਲ ਕੋਠੜੀਆਂ ਦੀ ਪਰਵਾਹ ਨਾ ਕਰਦੇ ਹੋਏ, ਚੀਨੀ ਵਾਲੇ ਪਾਤਸ਼ਾਹ ਦੇ ਦਰਸ਼ਨਾਂ ਵਾਸਤੇ, ਸਾਗਰ ਦੀ ਹਿੱਕ ਚੀਰ ਕੇ ਬ੍ਰਿਟਿਸ਼ ਬਰਮਾ ਵਿਚ ਪੁੱਜੇ ਸਨ। ਇਹਨਾਂ ਸਮਿਆਂ ਵਿਚ, ਗੁਰੂ ਦਰਸ਼ਨਾਂ ਲਈ ਜਾਣ ਵਾਲਾ, ਹਰ ਕੂਕਾ ਵਿਦੇਸ਼ੀ ਸਰਕਾਰ ਦੀ ਅੱਖ ਦੀ ਕੰਕਰੀ ਬਣ ਜਾਂਦਾ ਸੀ। ਬਾਬਾ ਜੀ ਲਾਹੌਰ ਦੇ ਵੱਡੇ ਆੜ੍ਹਤੀਆਂ ਵਾਸਤੇ, ਆਪਣੇ

ਇਲਾਕੇ ਦੇ ਪਿੰਡਾਂ ਵਿਚੋਂ ਜਿਨਸਾਂ ਖਰੀਦਿਆ ਕਰਦੇ ਸਨ। ਇਸਦੇ ਕਮਿਸ਼ਨ ਨਾਲ ਉਹ ਆਪਣਾ ਪਰਿਵਾਰ ਵੀ ਪਾਲਦੇ ਅਤੇ ਆਈ ਸਾਧ ਸੰਗਤ ਦਾ, ਪਿਤਾ ਜੀ ਦੁਆਰਾ ਗੱਡੀ ਲੋਹ ਤੋਂ, ਲੰਗਰ ਪਾਣੀ ਵੀ ਚਲਾਉਂਦੇ। ਜਦੋਂ ਜਿਹੇ ਆਪ ਦੇ ਰੰਗੂਨ ਜਾਣ ਬਾਰੇ ਉਹਨਾਂ ਆੜ੍ਹਤੀਆਂ ਨੇ ਸੁਣਿਆ ਤਾਂ ਉਹਨਾਂ ਨੇ ਸਰਕਾਰੀ ਡਰ ਤੋਂ ਆਪ ਪਾਸੋਂ ਇਹ ਸੇਵਾ ਲੈਣੀ ਬੰਦ ਕਰ ਦਿੱਤੀ। ਤੰਗੀ ਦੇ ਸਮੇਂ ਆਪ ਨੇ ਗੁਰੂ ਹਰੀ ਸਿੰਘ ਜੀ ਤੋਂ ਵੀ ਕੁਝ ਰਕਮ ਲਿਆ ਕੇ ਵਰਤੀ ਪਰ ਸੰਗਤ ਲਈ ਲੰਗਰ ਬੰਦ ਨਾ ਹੋਣ ਦਿੱਤਾ।

ਇਕ ਵੇਰ ਆਪ ਦੇ ਸੰਬੰਧੀਆਂ ਵਿਚ ਕਿਸੇ ਵਿਆਹ ਸਮਾਗਮ ਤੇ ਨਾਮਧਾਰੀ ਮਰਿਆਦਾ ਦੇ ਉਲਟ, ਕੁਝ ਵਿਹਾਰ ਕੀਤੇ ਗਏ। ਸੰਤ ਜੀ ਵੀ ਉੱਥੇ ਗਏ ਸਨ। ਗੁਰੂ ਹਰੀ ਸਿੰਘ ਜੀ ਨੇ ਉਸ ਵਿਆਹ ਤੇ ਭਾਗ ਲੈਣ ਵਾਲੀ ਸਾਰੀ ਨਾਮਧਾਰੀ ਸੰਗਤ ਨੂੰ ਤਨਖਾਹ ਲਾਈ। ਸ਼ੇਖੂਪੁਰਾ ਬੇਦਾਦ ਦੇ ਭਾਈ ਮੂਲਾ ਸਿੰਘ ਦੀ ਭੈਣ ਬੀਬੀ ਬੁੱਧਾਂ ਦੇ ਅਨੰਦ ਕਾਰਜ ਦੀ ਰਸਮ ਲਈ ਗੁਰੂ ਹਰੀ ਸਿੰਘ ਜੀ, ਪਹਿਲੀ ਵੇਰ ਇਸ ਖਿੱਤੇ ਵਿਚ ਉਨ੍ਹੀਂਵੀਂ ਸਦੀ ਦੇ ਆਖਰੀ ਦਹਾਕੇ ਦੇ ਪਹਿਲੇ ਅੱਧ ਵਿਚ ਪੁੱਜੇ ਸਨ। ਹਜ਼ਾਰਾਂ ਦੀ ਗਿਣਤੀ ਵਿਚ ਨਾਮਧਾਰੀ ਸੰਗਤ ਆਪ ਦੀ ਆਮਦ ਤੇ ਜੁੜੀ। ਬੇਸ਼ਕ ਆਪ ਦੇ ਪੰਥ ਵਿਚ ਉੱਚੇ ਰੁਤਬੇ ਨੂੰ ਮੁੱਖ ਰੱਖਦਿਆਂ ਗੁਰੂ ਹਰੀ ਸਿੰਘ ਜੀ ਨੇ ਬਾਕੀ ਸੰਗਤ ਨੂੰ ਜੋ ਬਖਸ਼ਬੰਦੀ ਲਈ ਆਈ ਪਹਿਲੇ ਦਿਨ ਹੀ ਬਖਸ਼ ਦਿੱਤਾ ਪਰ ਬਾਬਾ ਟਹਿਲ ਸਿੰਘ ਅਤੇ ਮਾਈ ਲੱਛਮੀ ਉਹਨਾਂ ਦੀ ਪਤਨੀ ਨੂੰ ਨਾ ਬਖਸ਼ਿਆ। ਸੂਬੇ ਸੰਤ, ਮਹੰਤ ਵੀ ਸਿਫਾਰਿਸ਼ ਕਰ ਹਟੇ। ਇਹ ਦੰਪਤੀ ਹਰ ਸਿੱਖ ਸਾਧ ਦੀ ਪੈਰੀਂ ਪੈ ਰਿਹਾ ਸੀ ਕਿ ਸਾਨੂੰ ਬਖਸ਼ਾਉ! ਪਿਛਲੇ ਪਹਿਰ ਦੇ ਦੀਵਾਨ ਵਿਚ ਆਪ ਦੇ ਸਿੱਖੀ ਸਿਦਕ ਅਤੇ ਨਿਰਮਾਣਤਾ ਨੂੰ ਵੇਖ ਕੇ, ਗੁਰੂ ਹਰੀ ਸਿੰਘ ਜੀ ਬਖਸ਼ਿਸ਼ ਦੇ ਘਰ ਵੀ ਆਏ ਅਤੇ ਆਪ ਨੂੰ ਬੇਅੰਤ ਖੁਸ਼ੀਆਂ ਵੀ ਬਖਸ਼ੀਆਂ। ਫਿਰ ਗੁਰੂ ਹਰੀ ਸਿੰਘ ਆਪ ਦੇ ਗ੍ਰਹਿ ਵਿਖੇ ਚਰਨ ਪਾਉਣ ਲਈ ਪਿੰਡ ਸੇਖਵਾਂ ਵੀ ਗਏ।

ਕੁਝ ਸਮੇਂ ਬਾਅਦ ਲਾਹੌਰ ਦੇ ਆੜ੍ਹਤੀਆਂ ਨੇ, ਆਪ ਜਿਹੇ ਸੁੱਚੇ ਵਿਹਾਰ ਵਾਲਾ ਦੂਜਾ ਵਿਅਕਤੀ ਨਾ ਮਿਲਣ ਕਾਰਨ ਆਪ ਨੂੰ ਫਿਰ ਜਿਨਸਾਂ ਖਰੀਦਣ ਲਈ ਰੱਖ ਲਿਆ। ਸੋ ਸਮਾਂ ਬਦਲਿਆਂ। ਗੱਫੇ ਫਿਰ ਆਉਣ ਲੱਗੇ। ਵੱਡੇ ਪੁੱਤਰ ਖੜਕ ਸਿੰਘ ਨੂੰ ਨਾਲ ਲੈ ਕੇ ਭੈਣੀ ਸਾਹਿਬ ਗੁਰੂ ਹਰੀ ਸਿੰਘ ਜੀ ਦਾ ਉਧਾਰ ਵੀ ਮੋੜਿਆ। ਹੋਰ ਭੇਟਾ ਵੀ ਗੁਰੂ ਕੇ ਲੰਗਰ ਵਿਚ ਪਾਈ। ਆਪਣੇ ਪਿੰਡ ਸੇਖਵਾਂ ਵਿਚ ੧੯੯੨ ਅਤੇ ੧੯੯੩ ਈ. ਵਿਚ ਹੋਲੇ ਦੇ ਸਮੇਂ ਵੱਡੇ ਜੋੜ ਮੇਲੇ ਕੀਤੇ ਪਰ ਗੁਰੂ ਹਰੀ ਸਿੰਘ ਜੀ ਇਹਨਾਂ ਵਿਚ ਸਰਕਾਰੀ ਰੋਕਾਂ ਕਾਰਨ ਦਰਸ਼ਨ ਨਹੀਂ ਦੇ ਸੱਕੇ।

ਫਿਰ ਜਦੋਂ ਗੁਰੂ ਹਰੀ ਸਿੰਘ ਜੀ ਨੂੰ ਦੌਰਿਆਂ ਦੀ ਮਨਜ਼ੂਰੀ ਪੰਜਾਬ ਸਰਕਾਰ ਦੇਣ ਲੱਗ ਪਈ ਤਾਂ ੧੯੯੪ ਈ. ਵਿਚ ਗੁਰੂ ਹਰੀ ਸਿੰਘ ਜੀ ਫਿਰ ਦੁੱਲੇ ਦੀ ਬਾਰ ਦੇ ਪਿੰਡਾਂ ਵਿਚ ਪੁੱਜ ਗਏ। ਸਤਿਗੁਰੂ ਜੀ ਦਾ ਪ੍ਰੋਗਰਾਮ ਪਿੰਡ ਵਰਨ ਤੋਂ ਸ਼ੇਖੂਪੁਰਾ ਬੇਦਾਦ ਅਤੇ ਉਥੋਂ ਸੇਖਵੀਂ ਜਾਣ ਦਾ ਸੀ। ਪਰ ਆਪ ਵਰਨਾਂ ਤੋਂ ਹੀ ਸਿੱਧੇ ਸੇਖਵੀਂ ਪੁੱਜ ਗਏ। ਸੰਤ ਟਹਿਲ ਸਿੰਘ ਜੀ ਰਸਦ ਸਮੱਗਰੀ ਲੈਣ ਗਏ ਹੋਏ ਸਨ। ਪੰਜ ਸੌ ਸੰਗਤ ਦਾ ਲੰਗਰ

ਪਾਣੀ, ਬਿਨਾਂ ਰਸਦ ਦੇ ਕਿੰਜ ਚੱਲੇਗਾ ਸਾਰੇ ਸੋਚ ਹੀ ਰਹੇ ਸਨ ਕਿ ਇਹ ਜਾਣ ਕੇ ਘਰ ਵਿਚ ਛੋਲੇ ਪਏ ਹਨ ਗੁਰੂ ਜੀ ਦੇ ਹੁਕਮ ਨਾਲ ਛੋਲੇ ਉਬਾਲੇ ਜਾਣ ਲੱਗੇ। ਮਾਈ ਲੱਛਮੀ ਨੇ ਘਿਓ ਦਾ ਪੀਪਾ ਰੱਖ ਕੇ ਛੋਲਿਆਂ ਦੀ ਬੁਖਾਰੀ ਦਾ ਮੂੰਹ ਖੋਹਲ ਦਿੱਤਾ। ਹਜ਼ੂਰੀ ਸੇਵਕ ਭਾਈ ਦਾਨ ਸਿੰਘ ਹੋਰਾਂ, ਦਿਨ ਭਰ ਸੰਗਤ ਨੂੰ ਘੁੰਗਣੀਆਂ ਦੇ ਲੰਗਰ ਨਾਲ ਨਿਹਾਲ ਕੀਤਾ। ਰਾਤੀਂ ਸੰਤ ਟਹਿਲ ਸਿੰਘ ਜੀ ਛੇ ਗੱਡੇ ਰਸਦ ਦੇ ਲੈ ਕੇ ਪੁੱਜ ਗਏ। ਸੋ ਅੱਠ ਨੌਂ ਵਜੇ ਤੱਕ ਸੰਗਤ ਲੰਗਰ ਨਾਲ ਤ੍ਰਿਪਤ ਹੋ ਗਈ। ਬਾਬਾ ਜੀ ਆਪਣੇ ਪਿੰਡ ਸੇਖਵਾਂ ਵਿਚ ਗੁਰੂ ਹਰੀ ਸਿੰਘ ਜੀ ਦੇ ਦਰਸ਼ਨਾਂ ਦਾ ਕੋਈ ਨਾ ਕੋਈ ਸਬੱਬ ਬਣਾਉਂਦੇ ਹੀ ਰਹਿੰਦੇ ਸਨ। ਸ਼ੇਖੂਪੁਰਾ ਬੇਦਾਦ ਵਾਲੇ ਸੰਤ ਮੂਲਾ ਸਿੰਘ ਆਪ ਦੇ ਅੰਤਰੰਗ ਮਿੱਤਰ ਵਿਚੋਂ ਸਨ।[8]

ਸਹਾਰਨ ਦੇ ਭਾਈ ਅਰੂੜ ਸਿੰਘ ਹੋਰੀਂ ਜੋ ਟਹਿਲ ਸਿੰਘ ਹੋਰਾਂ ਦੇ ਨਾਲ ਰੰਗੂਨ ਦਰਸ਼ਨ ਕਰਨ ਗਏ ਸਨ ਉਹ ਅਰੋੜੇ ਸਿੱਖ ਸਨ। ਉਹਨਾਂ ਨੂੰ ਦਰਸ਼ਨਾਂ ਤੋਂ ਬਾਅਦ ਬਾਬਾ ਜੀ ਦੀ ਮੰਗ ਤੇ ਸਤਿਗੁਰੂ ਜੀ ਨੇ ਆਪਣਾ ਇਕ ਕੁੜਤਾ ਵੀ ਇੱਟ ਨਾਲ ਬੰਨ੍ਹ ਕੇ ਦਿੱਤਾ ਸੀ। ਜੋ ਬਾਬਾ ਜੀ ਨੇ ਆਪਣੀ ਪੁੱਤਰੀ ਭਾਗਣ ਨੂੰ ਦੇ ਦਿੱਤਾ ਸੀ। ਬਾਅਦ ਵਿਚ ਇਹ ਕੁੜਤਾ, ਭਾਗਣ ਦੀ ਨੂੰਹ ਬੀਬੀ ਹਰ ਕੌਰ ਪਾਸ ਆ ਗਿਆ ਸੀ, ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਪਿੰਡ ਅੰਮ੍ਰਿਤਸਰ ਕਲਾਂ (ਸਿਰਸਾ) ਵਿਚ।[9] ਹੁਣ ਇਹ ਪਰਿਵਾਰ ਉੱਥੇ ਨਹੀਂ ਹੈ।

ਸੰਤ ਟਹਿਲ ਸਿੰਘ ੬੦ ਸਾਲ ਦੀ ਉਮਰ ਭੋਗ ਕੇ, ਆਪਣੇ ਢੰਗ ਨਾਲ ਨਾਮਧਾਰੀ ਪੰਥ ਦਾ ਪ੍ਰਚਾਰ ਕਰਦੇ ਹੋਏ ਪਿੰਡ ਮਾਨਾਂਵਾਲਾ (ਸ਼ੇਖੂਪੁਰਾ) ਵਿਖੇ ੨੬ ਕੱਤਕ ਸੰਬਤ ੧੯੭੩ ਬਿਕਰਮੀ (ਮੁਤਾਬਿਕ ੧੯੧੬ ਈ.) ਵਿਚ ਅਕਾਲ ਚਲਾਣਾ ਕਰ ਗਏ। ਸੰਤ ਅੰਕ ਛਪਣ ਸਮੇਂ, ਭਾਵ ੧੯੪੨ ਈ. ਵਿਚ, ਸੰਤ ਜੀ ਦੇ ਤਿੰਨ ਸਪੁੱਤਰ ਖੜਕ ਸਿੰਘ, ਦਾਨ ਸਿੰਘ ਤਾਂਘੀ ਅਤੇ ਸੁੰਦਰ ਸਿੰਘ ਬੈਂਕੌਂਕ (ਥਾਈਲੈਂਡ), ਵਿਖੇ ਨਿਵਾਸ ਰੱਖਦੇ ਸਨ। ਸੰਤ ਜੀ ਦੇ ਪੋਤਰੇ ਸੰਤ ਭਗਤ ਸਿੰਘ ਪ੍ਰੇਮੀ, ਸੰਤ ਤਖਤ ਸਿੰਘ "ਕੰਵਲ ਨੈਨ" ਅਤੇ ਪੁੱਤਰ ਸੰਤ ਦਾਨ ਸਿੰਘ ਤਾਂਘੀ ਅੱਛੇ ਕਵੀ ਸਨ ਜਿਹਨਾਂ ਦੀਆਂ ਰਚਨਾਵਾਂ ਨਾਮਧਾਰੀ ਦਰਬਾਰ ਦੇ ਪਰਚੇ ਸਤਿਜੁਗ ਦੇ ਪੰਨਿਆਂ ਦਾ ਸ਼ਿੰਗਾਰ ਬਣਦੀਆਂ ਸਨ।[10]

ਸੰਤ ਟਹਿਲ ਸਿੰਘ ਜੀ ਅਤੇ ਉਹਨਾਂ ਦੇ ਨਾਲ ਦੇ ਦੋਵੇਂ ਸਿੰਘ, ਛੋਟੇ ਕਾਰੋਬਾਰੀ ਜਾਂ ਗੈਰ ਕਿਸਾਨੀ ਕਿੱਤੇ ਕਰਨ ਵਾਲੇ ਸਨ। ਇਉਂ ਅਸੀਂ ਸਤਿਗੁਰੂ ਰਾਮ ਸਿੰਘ ਜੀ ਵਲੋਂ ਅਰੰਭੇ ਕੂਕਾ ਅੰਦੋਲਨ ਦੀਆਂ, ਭਿੰਨ ਭਿੰਨ ਸਮਾਜਿਕ ਪਰਤਾਂ ਤੋਂ ਵੀ ਜਾਣੂ ਹੁੰਦੇ ਹਾਂ। ਭਾਵੇਂ ਲਹਿਰ ਵਿਚ, ਪੇਂਡੂ, ਸ਼ਹਿਰੀ ਤਬਕੇ ਦੀਆਂ, ਸਾਰੀਆਂ ਹੀ ਸ਼੍ਰੇਣੀਆਂ ਨੂੰ ਆਕਰਿਸ਼ਤ ਕਰਨ ਦੀ ਸ਼ਕਤੀ ਸੀ, ਜਿਹਾ ਕਿ ਹਰ ਲੋਕ ਲਹਿਰ ਦਾ ਖ਼ਾਸਾ ਹੁੰਦਾ ਹੈ ਪਰ ਇਸ ਦੀ ਧੁਰੀ ਕਿਸਾਨ-ਦਸਤਕਾਰ ਸ਼੍ਰੇਣੀ ਹੀ ਸੀ। ਸ਼ਾਇਦ ਇਸੇ ਵਜ੍ਹਾ ਕਾਰਨ ਬਰਤਾਨਵੀ ਸਰਕਾਰ ਅਤੇ ਹੋਰ ਇਤਿਹਾਸ ਲੇਖਕਾਂ ਦਾ ਧਿਆਨ, ਗ਼ੈਰ ਕਿਸਾਨੀ ਕਿੱਤੇ ਵਾਲਿਆਂ ਦਾ, ਇਸ ਲਹਿਰ ਵਿਚ ਯੋਗਦਾਨ ਉਭਾਰਨ ਵਿਚ ਜਾਂ ਉਸਨੂੰ ਰੇਖਾਂਕਿਤ ਕਰਨ ਵਿਚ ਕੁਝ ਘੱਟ ਰਿਹਾ ਹੈ। ਭਾਵੇਂ ਸਿੱਖ ਮੱਤ ਦੇ ਮੂਲ ਸਿਧਾਂਤਾਂ ਜਿਉਂ, ਸਤਿਗੁਰੂ ਰਾਮ ਸਿੰਘ ਜੀ ਦੇ ਮਿਸ਼ਨ ਵਿਚ ਵੀ ਹਰ ਜਾਤ ਬਰਾਦਰੀ ਦੇ ਲੋਕਾਂ ਦਾ, ਖਿੜੇ ਮੱਥੇ ਸੁਆਗਤ ਹੁੰਦਾ ਸੀ।

ਸੰਤ ਟਹਿਲ ਸਿੰਘ ਅਤੇ ਉਹਨਾਂ ਦੇ ਦੋਵੇਂ ਸਾਥੀ ਉਸ ਔਖੇ ਸਮੇਂ ਸਰਕਾਰੀ ਪਾਬੰਦੀਆਂ ਉਲੰਘ ਕੇ ਰੰਗੂਨ ਗਏ ਅਤੇ ਹੁਕਮਨਾਮਾ ਲਿਆ ਕੇ ਆਪਣੇ ਅੰਦੋਲਨ ਨੂੰ ਜਵਲੰਤ ਰੱਖਣ ਵਿਚ ਹਿੱਸਾ ਪਾਇਆ। ਬਾਕੀ ਉਮਰ ਵੀ ਉਹਨਾਂ ਦੀ ਸਤਿਗੁਰੂ ਰਾਮ ਸਿੰਘ ਦੇ ਮਿਸ਼ਨ ਨੂੰ ਸਮਰਪਿਤ ਰਹੀ। ਇਉਂ ਇਹ ਤਿੰਨੇ ਸਿੰਘ ਕੂਕਾ ਲਹਿਰ ਦੇ ਅਮਰ ਪਾਤਰਾਂ ਵਿਚ ਸ਼ਾਮਲ ਹੋ ਗਏ।

## ਹਵਾਲੇ ਅਤੇ ਟਿਪਣੀਆਂ


1. ਸਤਿਜੁਗ ਦਾ ਸੰਤ ਅੰਕ 1998 ਬਿਕ੍ਰਮੀ ਸ੍ਰੀ ਭੈਣੀ ਸਾਹਿਬ, ਸੰਤ ਇੰਦਰ ਸਿੰਘ ਚੱਕਰਵਰਤੀ ਦਾ ਲੇਖ–ਸੰਤ ਟਹਿਲ ਸਿੰਘ ਸੇਖਵਾਂਵਾਲੇ, ਸਫਾ ੫੬
2. ਉਹੀ, ਸਫਾ ੫੮–੫੯
3. ਉਹੀ, ਸਫਾ ੫੯–੩੦
4. ਕੂਕਾਜ਼ ਆਫ ਨੋਟ ਇਨ ਪੰਜਾਬ–੧੯੮੧ ਈ. (ਸੰ. ਜਸਵਿੰਦਰ ਸਿੰਘ), ਸਫਾ ੧੨੦–੨੧
5. ਸਤਿਗੁਰੂ ਬਿਲਾਸ (ਭਾਗ ਦੂਜਾ), ਭਾਈ ਸੰਤੋਖ ਸਿੰਘ ਬਾਹੋਵਾਲ (ਸੰ. ਜਸਵਿੰਦਰ ਸਿੰਘ), ਸਫਾ ੧੦੨–੦੩
6. ਉਪਰੋਕਤ, ਫੁੱਟ ਨੋਟ, ਸਫਾ ੧੦੩
7. ਲਾਲ ਏਹਿ ਰਤਨ (ਸ੍ਰੀ ਸਤਿਗੁਰੂ ਪ੍ਰਤਾਪਾ ਸਿੰਘ ਜੀ ਦੇ ਪਵਿੱਤਰ ਉਪਦੇਸ਼–੩) ਸੰ. ਪ੍ਰਿੰ. ਬੇਅੰਤ ਕੌਰ, ਸਫਾ ੩੪੮
8. ਸਤਿਜੁਗ ਦਾ ਸੰਤ ਅੰਕ ੧੯੯੮ ਬਿ. ਸਫਾ ੬੩–੬੪
9. ਜੱਜ ਜੀਵਨ ਸੰਤ ਤਰਨ ਸਿੰਘ ਵਹਿਮੀ, ਦੂਜੀ ਛਾਪ, ਸਫਾ ੨੬੪ (ਜਿਲਦ ਪਹਿਲੀ)
10. ਉਪਰੋਕਤ ਸੰਤ ਅੰਕ–ਸਫਾ ੬੫

# ਇਤਿਹਾਸ ਦਾ ਰੌਸ਼ਨ ਮੀਨਾਰ—ਸ਼ਹੀਦ ਅਤਰ ਸਿੰਘ "ਲੋਹਗੜ੍ਹ"

ਹਾੜ ਵਦੀ ੪ ਸੰਬਤ ੧੯੨੯ ਬਿਕ੍ਰਮੀ ਮੁਤਾਬਿਕ ੨੪ ਜੂਨ ੧੮੭੨ ਨੂੰ, ਰੰਗੂਨ ਜਿਹਲ ਤੋਂ ਸਤਿਗੁਰੂ ਰਾਮ ਸਿੰਘ ਜੀ ਨੇ ਮਹਾਰਾਜ ਬੁੱਧ ਸਿੰਘ (ਗੁਰੂ ਹਰੀ ਸਿੰਘ) ਅਤੇ ਗੋਪਾਲ ਸਿੰਘ ਭੈਣੀ ਸਾਹਿਬ ਦੇ ਨਾਮ ਤੇ ਇਕ ਪੱਤਰ ਭੇਜਿਆ ਸੀ। ਪੰਜਾਬ ਦੇ ਲੈਫਟੀਨੈਂਟ ਗਵਰਨਰ ਦੀ ਸਿਫਾਰਸ਼ ਤੇ ਹਿੰਦ ਦੇ ਗਵਰਨਰ ਜਨਰਲ ਨੇ ੧੭ ਸਿਤੰਬਰ ੧੮੭੨ ਨੂੰ, ਚੀਫ ਕਮਿਸ਼ਨਰ ਬ੍ਰਿਟਿਸ਼ ਬਰਮਾ ਨੂੰ ਲਿਖ ਦਿੱਤਾ ਸੀ ਕਿ ਸਰਕਾਰ ਗੁਰੂ ਰਾਮ ਸਿੰਘ ਅਤੇ ਉਸਦੇ ਪੰਜਾਬ ਵਿਚਲੇ ਦੋਸਤਾਂ ਵਿਚਾਲੇ, ਕੋਈ ਵੀ ਪੱਤਰ ਵਿਹਾਰ ਭਾਵੇਂ ਉਹ ਸਿਆਸੀ ਤੌਰ ਤੇ ਕਿੰਨਾ ਵੀ ਨਿਗੂਣਾ ਕਿਉਂ ਨਾ ਹੋਵੇ ਨਹੀਂ ਹੋਣ ਦੇਣਾ ਚਾਹੁੰਦੀ।[1] ਉਪਰ ਵਰਣਿਤ ਪੱਤਰ ਜਾਂ ਹੁਕਮਨਾਮਾ, ਜਿਵੇਂ ਨਾਮਧਾਰੀ ਸਿੰਘ ਅਦਬ ਨਾਲ ਆਖਦੇ ਹਨ, ਪੰਜਾਬੀ ਵਿਚ ਸੀ ਅਤੇ ਸਰਕਾਰ ਨੇ ਉਸਦਾ ਅੰਗਰੇਜ਼ੀ ਵਿਚ ਅਨੁਵਾਦ ਕਰਵਾ ਲਿਆ ਸੀ। ਇਸ ਵਿਚ ਘਰ, ਪਰਿਵਾਰ, ਡੇਰਾ ਭੈਣੀ ਸਾਹਿਬ ਅਤੇ ਸੇਵਕ ਨਾਨੂੰ ਸਿੰਘ ਦੇ ਘਰ ਪ੍ਰਥਾਇ ਸਰਸਰੀ ਪੁੱਛ ਗਿੱਛ ਤੋਂ ਇਲਾਵਾ ਆਮ ਸੰਗਤ ਲਈ ਇਹ ਹਦਾਇਤ ਸੀ :

"ਮੇਰੇ ਭਲੇ ਵਾਸਤੇ (ਆਦਿ ਸ੍ਰੀ ਗੁਰੂ) ਗਰੰਥ ਸਾਹਿਬ ਦੇ ਪਾਠ ਕਰਵਾਉ। ਮੇਰੇ ਨਮਿੱਤ ਪੁੰਨ ਦਾਨ ਵੀ ਕਰੋ ਅਤੇ ਪਰਮੇਸ਼ਰ ਅੱਗੇ ਬੇਨਤੀ ਵੀ ਕਰੋ।"[2]

ਸੰਗਤ ਦੇ ਨਾਮ ਸਤਿਗੁਰੂ ਜੀ ਦਾ ਇਹ ਆਦੇਸ਼, ਬਾਅਦ ਵਿਚ ਆਉਣ ਵਾਲੇ, ਤਕਰੀਬਨ ਹਰ ਹੁਕਮਨਾਮੇ ਵਿਚ ਦੁਹਰਾਇਆ ਗਿਆ ਹੈ। ਨਾਮਧਾਰੀ ਸੰਗਤ ਉਸ ਸਮੇਂ ਤੋਂ ਲੈ ਕੇ ਅੱਜ ਤੱਕ ਇਸ ਹੁਕਮ ਉਤੇ ਫੁੱਲ ਚੜ੍ਹਾਉਂਦੀ ਆ ਰਹੀ ਹੈ। ਪਰ ਉਨ੍ਹੀਵੀਂ ਸਦੀ ਦੇ ਜਲਾਵਤਨੀ ਦੇ ਮਗਰਲਿਆਂ ਵਰ੍ਹਿਆਂ ਵਿਚ, ਇਸ ਹੁਕਮ ਦੀ ਪਾਲਣਾ ਲਈ ਜਿਹਨਾਂ ਸਰਕਾਰੀ ਸਖਤੀਆਂ ਦੇ ਦੌਰ ਵਿਚੋਂ, ਨਾਮਧਾਰੀ ਸਿੰਘਾਂ ਨੂੰ ਲੰਘਣਾ ਪਿਆ ਹੈ, ਉਸ ਦੀ ਯਾਦ ਮਾਤਰ ਹੀ ਲੂੰ ਕੰਡੇ ਖੜੇ ਕਰ ਦਿੰਦੀ ਹੈ। ਸਾਡੇ ਇਤਿਹਾਸ ਦੀ ਇਹ ਹਿਰਦੇ ਵੇਧਰ ਗਾਥਾ ਹੈ ਕਿ ਆਪਣੇ ਸਤਿਗੁਰੂ ਜੀ ਦੇ ਹੁਕਮ ਦੀ ਪਾਲਣਾ ਬਦਲੇ ਨਾਮਧਾਰੀ ਸਿੰਘਾਂ ਨੂੰ, ਕਿੰਨੀਆਂ ਵੱਡੀਆਂ ਕੁਰਬਾਨੀਆਂ ਦੇਣੀਆਂ ਪਈਆਂ। ਇਹਨਾਂ ਵਿਚੋਂ ਸਭ ਤੋਂ ਵੱਡੀ ਕੁਰਬਾਨੀ ਹੈ ਭਾਈ ਅਤਰ ਸਿੰਘ ਲੋਹਗੜ੍ਹ (ਲੁਧਿਆਣਾ) ਦੀ ਸ਼ਹੀਦੀ।

ਭਾਈ ਅਤਰ ਸਿੰਘ ਦਾ ਜਨਮ ਪਿਤਾ ਹਕੂਮਤ ਸਿੰਘ ਅਤੇ ਮਾਤਾ ਸਾਹਿਬ ਕੌਰ ਜੀ ਦੇ ਘਰ ਪਿੰਡ ਲੋਹਗੜ੍ਹ ਵਿਖੇ ਜ਼ਿੰਮੀਦਾਰਾਂ ਦੇ ਗਰੇਵਾਲ ਘਰਾਣੇ ਵਿਚ, ੧੮੪੬ ਈ. ਵਿਚ ਹੋਇਆ। ਆਪ ਤੋਂ ਦੋ ਕੁ ਸਾਲ ਵੱਡੇ ਸਨ, ਆਪ ਦੇ ਭਾਈ ਦੇਵਾ ਸਿੰਘ,

ਜਿਹਨਾਂ ਨੇ ੧੮੭੨ ਈ. ਦੇ ਸਾਕਾ ਮਲੇਰਕੋਟਲਾ ਸਮੇਂ ੧੭ ਜਨਵਰੀ ੧੮੭੨ ਨੂੰ ਤੋਪ ਦਾ ਗੋਲਾ ਛਾਤੀ ਤੇ ਝੱਲ ਕੇ ਜਾਮੇ ਸ਼ਹਾਦਤ ਨੋਸ਼ ਕੀਤਾ ਸੀ। ਉਹਨਾਂ ਦੀ ਸ਼ਹੀਦੀ ਸਮੇਂ ਇਕ ਦਿਲਚਸਪ ਘਟਨਾ ਇਉਂ ਘਟਿਤ ਹੋਈ। ਲੋਹਗੜ੍ਹ ਦੇ ਪਾਸ ਕਿਲਾ ਰਾਇਪੁਰ, ਨਾਰੰਗਵਾਲ, ਗੁੱਜਰਵਾਲ, ਮਹਿਮਾ ਸਿੰਘ ਵਾਲਾ ਆਦਿਕ ਗਰੇਵਾਲ ਜੱਟਾਂ ਦੇ ਪਿੰਡ ਹਨ। ਵੈਸੇ ਤਾਂ ਗਰੇਵਾਲਾਂ ਨੂੰ ਜੱਟਾਂ ਦੇ ਅਗਰਵਾਲ ਵੀ ਕਿਹਾ ਜਾਂਦਾ ਹੈ ਜੋ ਲੜਾਈ ਭਿੜਾਈ ਤੋਂ ਅਮੂਮਨ ਦੂਰ ਰਹਿੰਦੇ ਹਨ। ਮਾਲਵੇ ਦੇ ਉਘੇ ਕਿੱਸਾਕਾਰ ਬਾਬੂ ਰੱਜਬ ਅਲੀ ਹੋਰਾਂ ਦਾ ਕਥਨ ਹੈ :

"ਜੱਟ ਨੇ ਵੈਰੀ ਬੁੱਧ ਦੇ, ਬੁੜ੍ਹੀ ਨਾਂ ਲਾਹੁਣ ਦੁੱਧ ਦੇ,
ਅਗਰਵਾਲ ਯੁੱਧ ਦੇ, ਕਦੇ ਨਾ ਨੇੜੇ ਢੁੱਕਦੇ।"

ਪ੍ਰੰਤੂ ਹਰ ਕਾਇਦੇ ਕਾਨੂੰਨ ਜਾਂ ਲੋਕ ਵਿਵਹਾਰ ਵਿਚ ਕੁਝ ਅਪਵਾਦ ਵੀ ਹੁੰਦੇ ਹਨ। ਉੱਨ੍ਹੀ ਸਾਲਾਂ ਦੀ ਅਲਪ ਆਯੂ ਵਿਚ ਕੌਮੀ ਮੁਕਤੀ ਸੰਗਰਾਮ ਵਿਚ, ਵਲਾਇਤ ਦੇ ਬਾਦਸ਼ਾਹ ਵਿਰੁੱਧ ਜੰਗ ਛੇੜਨ ਦੇ ਦੋਸ਼ ਹੇਠ, ਫਾਂਸੀ ਦਾ ਫੰਧਾ ਚੁੰਮਣ ਵਾਲਾ, ਸਰਾਭਾ ਪਿੰਡ ਦਾ ਅਮਰ ਸ਼ਹੀਦ ਕਰਤਾਰ ਸਿੰਘ ਵੀ ਗਰੇਵਾਲਾਂ ਵਿਚੋਂ ਸੀ। ਅਤੇ ਉਪਰ ਵਰਣਿਤ ਮਲੇਰਕੋਟਲੇ ਸਾਕੇ ਦਾ ਵਿਲੱਖਣ ਸ਼ਹੀਦ ਭਾਈ ਦੇਵਾ ਸਿੰਘ ਵੀ ਇਸੇ ਭਾਈਚਾਰੇ ਵਿਚੋਂ ਸੀ। ਅਖੰਡ ਕੀਰਤਨੀ ਜਥੇ ਦੇ ਬਾਨੀ, ਪ੍ਰਸਿੱਧ ਗਦਰੀ ਸੰਗਰਾਮੀਏ ਭਾਈ ਸਾਹਿਬ ਭਾਈ ਰਣਧੀਰ ਸਿੰਘ ਇਸੇ ਤਪੇ ਦੇ ਨਾਰੰਗਵਾਲ ਪਿੰਡ ਦੇ ਸਨ। ਆਪ ਦਾ ਪਿਤਾ ਸ. ਨੱਥਾ ਸਿੰਘ ਗਰੇਵਾਲ, ਰਿਆਸਤ ਨਾਭਾ ਦੀ ਕਾਨੂੰਨੀ ਜਾਂ ਅਦਾਲਤੀ ਪ੍ਰਣਾਲੀ ਦਾ ਉੱਘਾ ਰੁਕਨ ਸੀ। ਨਾਮਧਾਰੀ ਸਿੰਘਾਂ ਦੀ ਸ਼ਹੀਦੀ ਸਮੇਂ ਦੇਵਨੇਤ ਉਹ ਵੀ ਰਿਆਸਤੀ ਸੈਨਾ ਦੇ ਨਾਲ ਨਾਭੇ ਤੋਂ ਮਲੇਰਕੋਟਲੇ ਪੁੱਜਾ ਸੀ। ਉਸਨੇ ਜਦੋਂ ਭਾਈ ਦੇਵਾ ਸਿੰਘ ਹੋਰਾਂ ਦਾ ਨਾਮ ਪਤਾ ਸੁਣ ਕੇ, ਉਹਨਾਂ ਨੂੰ ਤੋਪ ਅੱਗੇ ਖੜ੍ਹਾ ਵੇਖਿਆ ਤਾਂ ਭਾਈਚਾਰਕ ਸਾਂਝ ਦੀ ਤੰਦ ਨੇ ਅੰਗੜਾਈ ਲਈ। ਸ. ਨੱਥਾ ਸਿੰਘ ਨੇ ਭਾਈ ਦੇਵਾ ਸਿੰਘ ਹੋਰਾਂ ਨੂੰ ਮਾਫੀ ਮੰਗ ਕੇ ਛੁੱਟ ਜਾਣ ਦਾ ਪ੍ਰਸਤਾਵ ਪੇਸ਼ ਕੀਤਾ ਜੋ ਆਪ ਨੇ ਨਾਮੰਨਜ਼ੂਰ ਕਰ ਦਿੱਤਾ। ਕਵੀ ਨਿਰੰਜਨ ਸਿੰਘ 'ਮ੍ਰਿਗੇਸ਼' ਦੇ ਸ਼ਬਦਾਂ ਵਿਚ –

"ਦੇਵਾ ਸਿੰਘ ਲੋਹਗੜ੍ਹ ਗਰੇਵਾਲ ਗੋਤ ਹੈਸੀ,
ਅਹਿਲਕਾਰ ਨੱਥਾ ਸਿੰਘ ਕਹਿੰਦਾ ਸੁਣ ਵੀਰਨਾ।
ਤੇਰਾ ਮੇਰਾ ਗੋਤ ਇਕ ਕਾਸ ਨੂੰ ਗਵਾਇੰ ਜਿੰਦ,
ਮੰਗ ਲੈ ਤੂੰ ਮਾਫੀ ਕਹਿਦੇ ਮੇਰਾ ਇਥੇ ਸੀਰ ਨਾ।
ਚੜ੍ਹਿਆ ਸਰੂਰ ਸਿੰਘ ਤੋਪ ਸਾਂਹਵੇ ਗਿਆ ਚੱਲ,
ਗੱਜ ਕੇ ਭਬਕ ਮਾਰੀ ਹੋਇਆ ਦਿਲਗੀਰ ਨਾ।
ਕਹਿੰਦਾ ਗੋਲਾ ਛੱਡ ਮੈਂ ਸ਼ਹੀਦੀ ਦੀ ਰਸੀਦ ਮੰਗਾਂ,
ਗੋਲਾ ਮ੍ਰਿਗੇਸ਼ ਖਾਇ ਡੋਲਿਆ ਫਕੀਰ ਨਾ।"[3]

੧੮੭੦ ਈ. ਦੀਆਂ ਗਰਮੀਆਂ ਦੇ ਆਰੰਭ ਵਿਚ, ਸਤਿਗੁਰੂ ਰਾਮ ਸਿੰਘ ਜੀ ਨੇ ਮਾਲਵੇ ਦਾ ਦੌਰਾ ਕੀਤਾ ਸੀ। ਵਾਪਸੀ ਸਮੇਂ ਆਪ ਜੀ ਨੇ ਗਰੇਵਾਲਾਂ ਦੇ ਪਰਸਿੱਧ ਪਿੰਡਾਂ

ਰਾਇਪੁਰ, ਲੋਹਗੜ੍ਹ, ਨਾਰੰਗਵਾਲ ਆਦਿ ਵਿਖੇ ਸੰਗਤਾਂ ਨੂੰ ਦਰਸ਼ਨ ਦਿੱਤੇ। ਰਾਇਪੁਰ ਵਿਖੇ ਉਤਮ ਸਿੰਘ ਲੰਬੜਦਾਰ ਨੇ ਹਵੇਲੀ ਪਾਉਣ ਲਈ ਆਵਾ ਲਾਇਆ ਸੀ ਉਸ ਨੂੰ ਹਵੇਲੀ ਪਾਉਣ ਦੀ ਬਜਾਏ, ਆਵਾ ਵੇਚ ਦੇਣ ਲਈ ਕਿਹਾ ਕਿਉਂ ਜੁ ਸਤਿਗੁਰੂ ਜੀ ਸਰਕਾਰ ਅੰਗਰੇਜ਼ੀ ਵਿਰੁੱਧ ਵਿਆਪਕ ਵਿਦਰੋਹ ਦੀ ਤਿਆਰੀ ਕਰ ਰਹੇ ਸਨ। ਸਰਦਾਰ ਮੰਗਲ ਸਿੰਘ ਬਿਸ਼ਨਪੁਰੀਏ ਨੂੰ ਵੀ ਇਸੇ ਸਮੇਂ ਹਵੇਲੀ ਪਾਉਣ ਤੋਂ ਰੋਕ ਦਿੱਤਾ। ਉਸਨੇ ਉਹ ਇਟਾਂ ਸ੍ਰੀ ਭੈਣੀ ਸਾਹਿਬ ਭੇਜ ਕੇ, ਡਿਉੜੀ ਪਾਸ ਵਾਲਾ ਵੱਡਾ ਖੂਹ ਉਹਨਾਂ ਇਟਾਂ ਨਾਲ ਲੁਆ ਦਿੱਤਾ। "ਲੋਹਗੜ੍ਹੀਏ ਸਰਦਾਰਾ ਸਿੰਘ ਦੇ ਘਰ ਦੀਵਾਨ ਲੱਗਾ ਹੋਇਆ ਸੀ। ਬਚਨ ਕੀਤਾ ਦੇਖੀਂ ਸਰਦਾਰਾ ਸਿੰਘ ਕਿਧਰੇ ਘਰਾਂ ਮੇਂ ਹੀ ਨਾ ਭੁੱਲ ਜਾਣਾ। ਸਮਾਂ ਆਇ ਗਿਆ ਹੈ।...

"ਸ੍ਰੀ ਸਤਿਗੁਰੂ ਜੀ ਦਰਸ਼ਨ ਦੇਂਦੇ ਨਾਮ ਦਾ ਗੱਫਾ ਵਰਤਾਂਵਦੇ ਸੁੱਤੇ ਜੀਆਂ ਨੂੰ ਜਗੌਂਦੇ ਤੇ ਨਾਮ ਵੰਨੇ ਲੌਂਦੇ ਨਾਰੰਗਵਾਲ ਦਰਵਾਜੇ ਮੈ ਜਾਇ ਬੈਠੇ। ਕਾਲਾ ਸੜਿਆ ਨਾਮ ਕਰਕੇ ਲੰਬੜਦਾਰ ਕਹਿੰਦੇ ਸੀ। ਕਹਿਣੇ ਲਗਾ ਧੁਆਡੇ ਨਾਲ ਗਿਆਨ ਚਰਚਾ ਕਰਨੀ ਹੈ। ਗੁਰੂ ਜੀ ਬਚਨ ਕੀਤਾ ਗੁਰੂ ਗੁਰੂ ਜਪਣਾ ਏਹੋ ਸਾਡਾ ਗਿਆਨ ਹੈ। ਚੁੱਪ ਕਰ ਰਹਿਆ, ਕੋਈ ਉਤਰ ਨਾ ਫੁਰਿਆ। ਛੁਰ ਹੋਇ ਗਿਆ।"[4]

ਇਸ ਭਾਈ ਸਰਦਾਰਾ ਸਿੰਘ ਲੋਹਗੜ੍ਹੀਏ ਨੂੰ ਹੀ ਇਸ ਪਿੰਡ ਦੇ ਨਾਮਧਾਰੀ ਜਾਂ ਕੂਕੇ ਸਿੰਘਾਂ ਦਾ ਮੁਖੀ ਸਮਝਿਆ ਜਾਂਦਾ ਸੀ। ਇਸ ਦੇ ਬਾਰੇ ਦਸਤਾਵੇਜ਼ਾਂ ਵਿਚੋਂ ਇਹ ਜਾਣਕਾਰੀ ਮਿਲਦੀ ਹੈ : 'ਸਰਦਾਰਾ ਸਿੰਘ ਵਾਹੀਵਾਨੀ ਕਰਦਾ ਅਤੇ ਲਾਲ ਸਿੰਘ ਦਾ ਪੁੱਤਰ ਸੀ। ਰੰਗ ਪੱਕਾ, ਗੋਲ ਚਿਹਰਾ, ਮੱਥਾ ਤੇ ਤਿਊੜੀਆਂ, ਲੰਮਾ ਨੱਕ, ਲੰਬਾ ਤੇ ਭੂਰਾ ਦਾਹੜਾ, ਕੱਦ ਲੰਮਾਂ ਤੇ ਔਸਤ ਕਾਠੀ, ਉਮਰ ੪੫ ਵਰ੍ਹੇ (੧੮੮੦ ਈ. ਵਿਚ) ਸੀ। ਇਸਨੂੰ ਸਾਕਾ ਮਲੇਰਕੋਟਲਾ ਤੋਂ ਬਾਅਦ ਹਰਨ ਹੋਣ ਵਾਲੇ ਸਿੰਘਾਂ ਵਿਚ ਸ਼ਾਮਲ ਦੱਸਿਆ ਹੈ। ਉਹ ਇਕ ਖ਼ਤਰਨਾਕਕ ਵਿਅਕਤੀ ਹੈ, ਝਗੜਾਲੂ ਸੁਭਾਉ ਦਾ ਹੈ ਅਤੇ ਕੂਕੇ ਅਕਸਰ ਉਸ ਪਾਸ ਆਉਂਦੇ ਜਾਂਦੇ ਹਨ।"[5] ਸੰਤ ਇੰਦਰ ਸਿੰਘ 'ਚੱਕਰਵਰਤੀ' ਦੀ ਲਿਖਤ ਮੁਤਾਬਿਕ ਅਤਰ ਸਿੰਘ ਅਤੇ ਉਸਦੇ ਭਾਈ ਦੇਵਾ ਸਿੰਘ ਨੂੰ ਸਤਿਗੁਰੂ ਰਾਮ ਸਿੰਘ ਜੀ ਪਾਸ ਲੈ ਕੇ ਜਾਣ ਵਿਚ ਅਤੇ ਕੂਕਾ ਜਥੇਬੰਦੀ ਵਿਚ ਸ਼ਾਮਲ ਕਰਾਉਣ ਵਿਚ ਮੁੱਖ ਭੂਮਿਕਾ ਭਾਈ ਸਰਦਾਰਾ ਸਿੰਘ ਹੋਰਾਂ ਦੀ ਹੀ ਸੀ।[6] ਮਹਿਤਾਬ ਸਿੰਘ ਪੁੱਤਰ ਵਸਾਵਾ ਸਿੰਘ, ਵੀ ਇਸ ਪਿੰਡ ਦਾ ਉੱਘਾ ਕੂਕਾ ਆਗੂ ਸੀ ਜਿਸਨੂੰ ਸਰਕਾਰ ਨੇ ਅੰਗਰੇਜ਼ੀ ਇਲਾਕੇ ਵਿਚੋਂ ਕੱਢ ਕੇ ਰਿਆਸਤ ਪਟਿਆਲਾ ਦੇ ਪਿੰਡ ਬਰਮਾਲੀਪੁਰ ਆਪਣੀ ਭੈਣ ਪਾਸ ਜਾ ਕੇ ਰਹਿਣ ਤੇ ਮਜਬੂਰ ਕਰ ਦਿੱਤਾ ਸੀ। ਉਹ ਭੈਣੀ ਸਾਹਿਬ ਗੁਰੂ ਹਰੀ ਸਿੰਘ ਜੀ ਪਾਸ ਵੀ ਅਕਸਰ ਜਾ ਟਿਕਦਾ ਸੀ ਅਤੇ ਪਿੰਡ ਪਿੰਡ ਘੁੰਮ ਕੇ, ਸਰਕਾਰ ਅੰਗਰੇਜ਼ੀ ਵਿਰੁੱਧ ਜਨ ਲਾਮਬੰਦੀ ਕਰਦਾ ਹੋਇਆ "ਕੂਕਾ ਰਾਜ" ਸਥਾਪਿਤ ਹੋਣ ਦੀ ਭਵਿੱਖ ਬਾਣੀ ਵੀ ਕਰਿਆ ਕਰਦਾ ਸੀ।[7] ਪਿੰਡ ਲੋਹਗੜ੍ਹ ਦੀ ਨਾਮਧਾਰੀ ਇਤਿਹਾਸ ਵਿਚ ਮਹੱਤਤਾ ਦਾ ਇਸ ਗੱਲ ਤੋਂ ਪਤਾ ਲੱਗਦਾ ਹੈ ਕਿ ਭਾਈ ਸਰਦਾਰਾ ਸਿੰਘ ਤੋਂ ਬਿਨਾਂ ਇਸ ਪਿੰਡ ਦੇ ਪੰਜ ਹੋਰ ਨਾਮਧਾਰੀ ਸਿੰਘ ਵੀ ਮਲੇਰਕੋਟਲਾ ਤੇ ਹਮਲਾ ਕਰਨ ਵਾਲੇ

ਸ਼ਹੀਦੀ ਜਥੇ ਵਿਚ ਸ਼ਾਮਲ ਸਨ ਜੋ ਬਾਅਦ ਵਿਚ ਕੁਝ ਠੰਢ ਠੰਢਉਰਾ ਹੋ ਜਾਣ ਕਾਰਨ, ਸਰਕਾਰੀ ਦਮਨ ਦਾ ਸ਼ਿਕਾਰ ਬੇਸ਼ਕ ਨਹੀਂ ਹੋਏ ਪਰ ਉਹਨਾਂ ਤੇ ਅੰਤ ਤਕ ਨਿਗਰਾਨੀ ਰੱਖੀ ਜਾਂਦੀ ਸੀ। ਉਹ ਸਿੰਘ ਸਨ, ਸਾਹਿਬ ਸਿੰਘ ਉਰਫ ਕਰਾੜਾ ਸਿੰਘ ਪੁੱਤਰ ਕੇਸਰਾ ਸਿੰਘ (੩੫), ਦੀਪ ਸਿੰਘ ਪੁੱਤਰ ਜਵਾਹਰ ਸਿੰਘ (੩੫), ਸਾਵਣ ਸਿੰਘ ਪੁੱਤਰ ਕੂੰਮਾ ਸਿੰਘ (੫੫), ਜੀਵਨ ਸਿੰਘ ਪੁੱਤਰ ਗਰਬਾ ਸਿੰਘ (੪੦)। ਇਹ ਸਾਰੇ ਸਿੰਘ ਜ਼ਿੰਮੀਦਾਰ ਸਨ ਅਤੇ ਮਲੇਰਕੋਟਲੇ ਤੇ ਹਮਲੇ ਵੇਲੇ ਸਾਵਣ ਸਿੰਘ ਨੂੰ ਛੱਡ ਕੇ ਬਾਕੀ ੨੭-੨੮ ਜਾਂ ੩੫ ਵਰ੍ਹਿਆਂ ਤੋਂ ਘੱਟ ਉਮਰ ਦੇ ਹੀ ਸਨ। ਇੱਥੇ ਹੋਏ ਸ਼ਹੀਦ ਸਿੰਘ ਅਤੇ ਉਹਨਾਂ ਦੇ ਆਗੂ ਵੀ ਜ਼ਿਆਦਾ ਤਰ ਇਸੇ ਉਮਰ ਗਰੁੱਪ ਦੇ ਸਨ। ਸਾਵਣ ਸਿੰਘ ਦੇ ਪਰਿਵਾਰ ਬਾਰੇ ਰੀਕਾਰਡ ਵਿਚ ਇਹ ਟਿਪਣੀ ਦਰਜ ਹੈ ਕਿ ਜੇ ਉਹ ਕੂਕਾ ਕਾਜ਼ ਵਾਸਤੇ ਆਪਣੀਆਂ ਜਾਨਾਂ ਕੁਰਬਾਨ ਕਰਦੇ ਹਨ ਤਾਂ ਨਿਸ਼ਚੇ ਹੀ ਸੱਚਖੰਡ ਵਿਚ ਪਰਵੇਸ਼ ਕਰਨਗੇ।[8]

ਲੋਹਗੜ੍ਹ ਤੇ ਇਸ ਦੇ ਆਸ ਪਾਸ ਦੇ ਪਿੰਡਾਂ ਵਿਚ, ਦੇਸ਼ ਦੀ ਸੁਤੰਰਤਾ ਲਈ, ਅੱਠੇ ਪਹਿਰ ਤਿਆਰ ਬਰਤਿਆਰ ਕਮਾਨਾਂ ਕੱਸੀ ਫਿਰਦੇ ਕੂਕੇ ਸਿੰਘਾਂ ਦੀ ਵਜਾ ਕਰਕੇ ਹੀ, ਸਰਕਾਰੀ ਕਰੋਪੀ ਗਾਹੇ ਬਗਾਹੇ ਇਸ ਪਿੰਡ ਤੇ ਨਾਜ਼ਲ ਹੁੰਦੀ ਰਹਿੰਦੀ ਸੀ। ਸੰਤ ਅਤਰ ਸਿੰਘ ਹੋਰਾਂ ਦਾ ਜੀਵਨ ਸਤਿਗੁਰੂ ਜੀ ਦੀ ਸ਼ੁਭ ਸਿੱਖਿਆ ਅਤੇ ਦਰਸ਼ਨ ਦੀਦਾਰਿਆਂ ਨਾਲ ਉਚੀਆਂ ਬਿਰਤੀਆਂ ਨੂੰ ਛੋਹਣ ਲੱਗਾ। ਭਾਈ ਦੇਵਾ ਸਿੰਘ ਹੋਰਾਂ ਦੀ ਸ਼ਹੀਦੀ ਤੋਂ ਬਾਅਦ ਆਪ ਦੀ ਮਾਤਾ ਸਾਹਿਬ ਕੌਰ ਆਪ ਪ੍ਰਥਾਇ ਕਾਫੀ ਫ਼ਿਕਰਮੰਦ ਰਹਿੰਦੀ ਸੀ ਕਿ ਸਰਕਾਰੀ ਅਤੇ ਭਾਈਚਾਰਕ ਕਰੋਪੀ ਨਾਮਧਾਰੀ ਸਿੰਘਾਂ ਤੇ ਬਹੁਤ ਜ਼ਿਆਦਾ ਰਹਿੰਦੀ ਸੀ। ਇਹ ਉਹ ਸਮਾਂ ਸੀ ਜਦੋਂ ਸੰਤ ਕਿਸ਼ਨ ਸਿੰਘ ਜੀ ਛੂਤੀਏ, (ਆਪ ਲੋਹਗੜ੍ਹ ਦੇ ਹੀ ਉਪਰ ਵਰਣਿਤ ਭਾਈ ਸਰਦਾਰਾ ਸਿੰਘ ਦੇ ਪੁੱਤਰ ਸਨ) ਇਕ ਵੇਰ ਸਿੱਖ ਗੁਰਧਾਮ ਸ੍ਰੀ ਦਮਦਮਾ ਸਾਹਿਬ (ਤਲਵੰਡੀ ਸਾਬੋ) ਦੀ ਯਾਤਰਾ ਕਰਨ ਗਏ ਸਨ ਤਾਂ ਨਾ ਸਿਰਫ ਆਪ ਨੂੰ ਦਰਸ਼ਨਾਂ ਤੋਂ ਵਿਰਵੇ ਰੱਖਿਆ ਸਗੋਂ ਪੁਲੀਸ ਨੂੰ ਪਕੜਵਾ ਦਿੱਤਾ। ਇਸੇ ਸਮੇਂ ਇਕ ਵੇਰ ਸੰਤ ਅਤਰ ਸਿੰਘ ਜੀ ਨੇ ੧੯੭੨ ਈ. ਦੇ ਸਾਕੇ ਤੋਂ ਬਾਅਦ ੧੯੭੩ ਜਾਂ ੭੪ ਈ. ਵਿਚ ਮੁਕਤਸਰ ਸਾਹਿਬ ਦੇ ਦਰਸ਼ਨ ਕਰਨ ਲਈ ਮਾਤਾ ਤੋਂ ਕਾਫੀ ਹਿਚਕਚਾਹਟ ਬਾਅਦ ਆਗਿਆ ਲਈ। ਗੁਰਦੁਆਰਾ ਤੰਬੂ ਸਾਹਿਬ ਦੇ ਬਾਹਰ ਇਕ ਪੁਜਾਰੀ ਸਿੰਘ ਆਪ ਨਾਲ ਖਹਿਬੜ ਪਿਆ ਅਤੇ ਇਕ ਨਿਹੰਗ ਸਿੰਘ ਨੇ ਸਲੋਤਰ ਮਾਰਕੇ ਆਪ ਦਾ ਸਿਰ ਪਾੜ ਦਿੱਤਾ। ਨਾਮਧਾਰੀ ਸਿੰਘ ਪਤਾ ਲੱਗਣ ਤੇ ਆਪ ਨੂੰ ਆਪਣੇ ਬੁੰਗੇ ਵਿਚ ਲੈ ਗਏ। ਉੱਥੇ ਰੱਖ ਕੇ ਆਪ ਦੀ ਬਹੁਤ ਸੇਵਾ ਕੀਤੀ। ਜਦੋਂ ਆਪ ਠੀਕ ਹੋ ਗਏ ਤਾਂ ਇਕ ਦਿਨ ਜਲ ਦਾ ਗੜਵਾ ਲੈ ਕੇ ਜੰਗਲ ਮੈਦਾਨ ਚੱਲੇ। ਇਸ ਸਮੇਂ ਡਾਕੀ ਦੀ ਵਬਾਅ ਫੈਲ ਚੁੱਕੀ ਸੀ ਅਤੇ ਘਰਾਂ ਦੇ ਘਰ ਖਾਲੀ ਹੋ ਰਹੇ ਸਨ। ਇਕ ਝਾੜ ਦੇ ਉਹਲਿਉਂ ਆਪ ਨੂੰ "ਪਾਣੀ! ਹਾਇ ਪਾਣੀ!" ਦੀ ਦਿਲ ਚੀਰਵੀਂ ਆਵਾਜ਼ ਆਈ। ਸੰਤ ਜੀ ਨੇ ਸੋਚਿਆ ਕਿ ਨੇੜੇ ਹੋ ਕਿ ਵੇਖੀਏ ਕੌਣ ਹੈ। ਜਦੋਂ ਲਾਗੇ ਗਏ ਨਿਗਾਹ ਮਾਰੀਂ ਤਾਂ ਆਪ ਦੇ ਪੈਰ ਥਾਏਂ ਗੱਡੇ ਗਏ ਕਿ ਇਹ ਤਾਂ ਉਹੋ ਨਿਹੰਗ

ਸਿੰਘ ਹੈ ਜਿਸ ਮੇਰਾ ਸਿਰ ਪਾੜਿਆ ਸੀ। ਪਲ ਕੁ ਵਿਚਾਰ ਆਈ ਮਰਨ ਦਿਉ। ਦੂਜੇ ਪਲ ਸਤਿਗੁਰੂ ਰਾਮ ਸਿੰਘ ਜੀ ਦੀ ਸ਼ੁਭ ਸਿਖਿਆ ਯਾਦ ਆ ਗਈ। "ਸੇਵਾ ਸਭ ਦੀ ਕਰਨੀ। ਭਾਵੇਂ ਕੋਈ ਨਿੰਦਾ ਕਰਨ ਵਾਲਾ ਹੋਵੇ। ਨਿੰਦਾ ਵਾਲੇ ਨੂੰ ਨਿੰਦਾ ਦਾ ਫਲ। ਸੇਵਾ ਵਾਲੇ ਨੂੰ ਸੇਵਾ ਦਾ ਫਲ।" ਭਾਈ ਜੀ ਨੇ ਗੜਵਾ ਉਸਦੇ ਮੂੰਹ ਨੂੰ ਲਾ ਦਿੱਤਾ। ਉਸ ਅੱਖਾਂ ਪੁੱਟੀਆਂ, ਵੇਖ ਕੇ ਡਰਿਆ ਕਿ ਇਹ ਤਾਂ ਉਹੋ ਕੂਕਾ ਹੈ ਮੈਂ ਜਿਸ ਦਾ ਸਿਰ ਪਾੜਿਆ ਸੀ। ਅਤਰ ਸਿੰਘ ਹੋਰਾਂ ਨੇ ਕਿਹਾ "ਸਿੰਘ ਸਾਹਿਬ ਘਬਰਾਉ ਨਾ! ਜਿੱਥੇ ਆਖੋ ਪੁਚਾ ਦਿੰਦਾ ਹਾਂ। ਉਸ ਨੂੰ ਚੁੱਕ ਕੇ ਟਿਕਾਣੇ ਤੇ ਪੁਚਾਇਆ ਅਤੇ ਮੌਤ ਦੇ ਮੂੰਹ ਵਿਚੋਂ ਕੱਢ ਲਿਆਂਦਾ। ਗੁਰਬਾਣੀ ਵਿਚ ਦਰਜ ਉਸ ਸ਼ਲੋਕ ਨੂੰ, ਸੰਤ ਅਤਰ ਸਿੰਘ ਜੀ ਨੇ ਆਪਣੀ ਕਰਨੀ ਵਿਚ ਹੂ ਬ ਹੂ ਉਤਾਰ ਲਿਆ ਸੀ :

"ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ॥
ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ॥ ੭੮॥"

ਵਕਤ ਗੁਜ਼ਰਦਾ ਗਿਆ! ਕੁਝ ਤਾਂ ਜਨਵਰੀ ੧੯੭੫ ਈ. ਦੇ ਅਰੰਭ ਵਿਚ, ਬਾਬਾ ਦਰਬਾਰਾ ਸਿੰਘ ਰਾਇਪੁਰੀਆ, ਸਤਿਗੁਰੂ ਜੀ ਦੇ ਦਰਸ਼ਨਾਂ ਉਪਰੰਤ ਜੋ ਹੁਕਮਨਾਮਾ ਰੰਗੂਨ ਤੇ ਲਿਆਇਆ ਸੀ, ਉਸ ਵਿਚ ਆਪ ਨੇ ਸੰਗਤ ਨੂੰ ਤਕੜੇ ਹੋ ਕੇ ਭਜਨ ਬਾਣੀ ਕਰਨ ਅਤੇ ਸਾਧਾਰਨ ਜਾਂ ਅਖੰਡ ਪਾਠਾਂ ਦੇ ਵੱਧ ਤੋਂ ਵੱਧ ਭੋਗ ਪੁਆਉਣ ਦੀ ਤਾਕੀਦ ਕੀਤੀ ਸੀ। ਦੂਸਰਾ ਸੰਤ ਅਤਰ ਸਿੰਘ ਜੀ ਦੇ ਘਰ ਪੁੱਤਰ ਰਤਨ ਦੀ ਪਰਾਪਤੀ ਹੋਈ ਸੀ। ਇਸ ਲਈ ਆਪ ਨੇ ਸਰਕਾਰ ਤੋਂ ਇਜਾਜ਼ਤ ਲੈ ਕੇ, ਆਪਣੇ ਗ੍ਰਹਿ ਵਿਖੇ ਪੰਜ ਅਖੰਡ ਪਾਠਾਂ ਦਾ ਭੋਗ ਪੁਆਉਣ ਦਾ ਸੰਕਲਪ ਕੀਤਾ। ਕਿਉਂਕਿ ਇਕ ਤਾਂ ਪੰਜ ਤੋਂ ਵੱਧ ਕੂਕੇ ਕਿਤੇ ਇਕੱਠੇ ਹੋ ਨਹੀਂ ਸਨ ਸੱਕਦੇ। ਦੂਜਾ ਸਰਕਾਰ ਅੰਗਰੇਜ਼ੀ ਸਮਝਦੀ ਸੀ ਕਿ ਪਾਠਾਂ ਦੇ ਬਹਾਨੇ ਜਦੋਂ ਕੂਕੇ ਸਿੰਘ ਕਿਸੇ ਇਕ ਜਗ੍ਹਾ ਤੇ ਇਕੱਠੇ ਹੁੰਦੇ ਹਨ ਤਾਂ ਉਹ ਸਾਡੇ ਵਿਰੁੱਧ ਬਾਗੀਆਨਾ ਪਰਚਾਰ ਕਰਦੇ ਹਨ। ਉਹ ਕੂਕਿਆਂ ਦੇ ਪੂਜਾ ਪਾਠ ਆਦਿ ਧਾਰਮਿਕ ਕਾਰਜਾਂ ਵਿਚੋਂ ਵੀ ਬਗਾਵਤ ਦੀ ਬੂੰ ਸੁੰਘਦੇ ਫਿਰਦੇ ਸਨ। ਉਹ ਸਮਝਦੇ ਸਨ ਕਿ ਸਮਾਪਤੀ ਤੇ ਅਰਦਾਸ ਵਿਚ "ਮਲੇਛ ਰਾਜ ਦੀ ਸਮਾਪਤੀ ਅਤੇ ਸੰਤ ਖਾਲਸੇ ਦੇ ਪਰਕਾਸ਼" ਦੀ ਯਾਚਨਾ ਨਾਲ, ਇਹਨਾਂ ਦੇ ਹੌਂਸਲੇ ਫਿਰ ਬੁਲੰਦ ਹੋ ਜਾਂਦੇ ਹਨ। ਇਸ ਲਈ ਇਹਨਾਂ ਦੇ ਹਰ, ਇਸ ਪਰਕਾਰ ਦੇ ਕਾਰਜ ਵਿਚ ਵਿਘਨ ਪਾ ਕੇ, ਇਹਨਾਂ ਨੂੰ ਨਿਰਉਤਸ਼ਾਹਿਤ ਕੀਤੇ ਜਾਣਾ, ਪੰਜਾਬ ਵਿਚ ਗੋਰਾਸ਼ਾਹੀ ਦੀ ਲੰਮੀ ਉਮਰ ਲਈ, ਜ਼ਰੂਰੀ ਸ਼ਰਤ ਬਣ ਗਈ ਹੈ। ਡੇਰਾ ਭੈਣੀ ਸਾਹਿਬ ਵਿਚ ਵੀ ਅਖੰਡ ਪਾਠਾਂ ਦੀ ਲੜੀ ਲੰਗਰ ਦੇ ਹੇਠ ਬਣੇ ਭੋਰੇ ਵਿਚ ਤੁਰੀ ਰਹਿੰਦੀ ਸੀ ਜਿਸ ਦਾ ਮੂੰਹ ਦਾਣਿਆਂ ਜਾਂ ਹੋਰ ਸਮੱਗਰੀ ਨਾਲ ਢੱਕ ਕੇ ਰੱਖਿਆ ਜਾਂਦਾ ਸੀ।

ਪਿੰਡ ਫਰਵਾਹੀ (ਰਿਆਸਤ ਪਟਿਆਲਾ) ਦੇ ਸਤਿਗੁਰੂ ਰਾਮ ਸਿੰਘ ਜੀ ਤੋਂ ਵਰੋਸਾਏ ਸੰਤ ਸੱਦਾ ਸਿੰਘ 'ਕਬੀਰ' ਤੋਂ ਨਾਮਧਾਰੀ ਪੰਥ ਵਿਚ ਇਕ 'ਛੂਤੀਆਂ' ਦੀ ਉਪ ਸੰਪ੍ਰਦਾਇ ਚੱਲੀ ਸੀ। ਇਹ ਸਿੰਘ ਰਹਿਤ ਮਰਿਆਦਾ ਦੇ ਕੱਟੜ ਧਾਰਨੀ ਸਨ। ਚੱਕੀ ਤੇ ਆਪ ਆਟਾ ਪੀਹਣ ਤੋਂ ਪਹਿਲਾਂ ਕਣਕ ਅਨਾਜ ਆਦਿ ਤਾਂ ਧੋਂਦੇ ਹੀ ਸਨ ਲੰਗਰ ਵਿਚ

ਵਰਤਣ ਵਾਲੀਆਂ ਲੱਕੜੀਆਂ ਵੀ ਧੋ ਕੇ ਵਰਤਦੇ ਸਨ। ਲੰਗਰ ਆਪਣਾ ਸਤਿਗੁਰੂ ਜੀ ਦੇ ਦੌਰਿਆਂ ਵਿਚ ਜਾਂ ਭੈਣੀ ਸਾਹਿਬ ਵੀ ਵੱਖਰਾ ਤਿਆਰ ਕਰਦੇ। ਇਸ ਲਈ ਇਹਨਾਂ ਦਾ ਨਾਮ 'ਛੂਤੀਆ' ਪੈ ਗਿਆ। ਸੰਤ ਇੰਦਰ ਸਿੰਘ ਚੱਕਰਵਰਤੀ ਮੁਤਾਬਿਕ ਸੰਤ ਸੱਦਾ ਸਿੰਘ ਦੇ ਜਥੇ ਵਿਚ ੧੦੦ ਦੇ ਕਰੀਬ ਸਿੰਘ ਹੁੰਦੇ। ਉਂਜ ਇਸ ਸ਼ਾਖਾ ਦੀ ਗਿਣਤੀ ੩੦੦੦ ਦੇ ਕਰੀਬ ਸੀ। ਬਹੁਤ ਸਾਰਿਆਂ ਨੇ ਜ਼ਮੀਨ ਜਾਇਦਾਦਾਂ ਵੇਚ ਕੇ ਸੰਤਾਂ ਦੇ ਜਥੇ ਵਿਚ ਜਾਂ ਸ੍ਰੀ ਭੈਣੀ ਸਾਹਬਿ ਦੇ ਲੰਗਰ ਵਿਚ ਪਾ ਦਿੱਤੀਆਂ ਅਤੇ "ਕਮਿਊਨ ਜੀਵਨ' ਬਿਤਾਉਣ ਲੱਗ ਪਏ। ਭੂਰੇ ਦੇ ਬਸਤਰ ਪਹਿਨਦੇ। ਲੰਗਰ ਅੱਠੀਂ ਪਹਿਰੀਂ ਛਕਦੇ। ਇਸ ਸੰਪ੍ਰਦਾਇ ਵਿਚੋਂ ਹੀ ਸੰਤ ਅਤਰ ਸਿੰਘ ਲੋਹਗੜ੍ਹ, ਸੰਤ ਕਿਸ਼ਨ ਸਿੰਘ ਛੂਤੀਏ, ਸੰਤ ਹਰਨਾਮ ਸਿੰਘ ਜੀ ਛੂਤੀਏ, ਸੰਤ ਬਾਬਾ ਸਾਹਿਬ ਸਿੰਘ ਜੀ ਜਨਮੇਜਾ ਭੰਮਾਂ ਬੱਧੀ ਵਾਲੇ ਸਨ।[9] ਲੋਹਗੜ੍ਹ ਵਿਚ ਵੀ ਇਸ ਜਥੇ ਦੇ ਕੁਝ ਸਿੰਘ ਰਹਿੰਦੇ ਸਨ। ਸੋ ਅਤਰ ਸਿੰਘ ਹੋਰਾਂ ਦੇ ਘਰ ਅਖੰਡ ਪਾਠ ਕਰਨ ਲਈ ਛੂਤੀਏ ਸਿੰਘਾਂ ਦੀ ਮੰਡਲੀ ਅਤੇ ਕੁਝ ਹੋਰ ਨਾਮਧਾਰੀ ਸਿੰਘ ਪਹਿਲੀ ਮਾਘ ੧੯੩੧ ਬਿਕ੍ਰਮੀ, ਮੁਤਾਬਿਕ ਜਨਵਰੀ ੧੯੭੫ ਈ. ਵਿਚ ਪੁੱਜ ਗਏ। "ਸੂਬਾ ਚੈਨ ਸਿੰਘ ਜੀ ਧਮੋਟ, ਝਾਬਾ ਸਿੰਘ ਜੀ ਖੇੜਾ, ਬਾਬਾ ਸਾਹਿਬ ਸਿੰਘ ਤੇ ਹਰਨਾਮ ਸਿੰਘ ਜੀ ਭੰਮਾਵੱਧੀ, ਸ. ਮਤਾਬ ਸਿੰਘ ਜੀ ਜਰਗ ਕਾਲਾ ਸਿੰਘ ਜੀ, ਸ. ਚੈਨ ਸਿੰਘ ਜੀ, ਬੀਬੀ ਕਰਮ ਕੌਰ ਤੇ ਵਰਿਆਮ ਸਿੰਘ ਜੀ ਗੁੱਜਰ ਵਾਲ, ਮਤਾਬ ਸਿੰਘ ਜੀ ਗੁਜਰਵਾਲੀਏ ਮਜ਼੍ਹਬੀ ਸਿੰਘਾਂ ਦਾ ਜਥਾ, ਪੰਜਾਬ ਸਿੰਘ ਝੋਰੜਾਂ ਤੋਂ ਟਿੱਕਾ ਹੀਰਾ ਸਿੰਘ ਤੇ ਉਸਦਾ ਬਾਪ (ਸੂਬਾ) ਬਚਿੱਤਰ ਸਿੰਘ ਮੂੰਡੀਆਂ ਵਾਲੇ, ਅਰ ਬਾਬਾ ਸੱਦਾ ਸਿੰਘ ਜੀ ਦਾ ਜਥਾ ਕੀਰਤਨ ਕਰਦੇ ਤੇ ਘੁੰਮਰ ਪਾਉਂਦੇ, ਪਾਠਾਂ ਵਾਲੇ ਘਰ ਪੁੱਜ ਗਏ।"[10]

ਉਧਰ ਪਾਠ ਦਾ ਆਰੰਭ ਹੋਇਆ। ਸਿੰਘ ਸ਼ਬਦ ਕੀਰਤਨ ਕਰਨ ਲੱਗੇ ਤੇ ਉਧਰ ਪਿੰਡ ਦੇ ਇਕ ਮੁਖਬਰ ਜੈ ਸਿੰਘ ਨੇ ਡੇਹਲੋਂ ਦੇ ਥਾਣੇ ਜਾ ਕੇ ਰੀਪੋਰਟ ਦਿੱਤੀ–" ਸਾਡੇ ਪਿੰਡ ਲੋਹਗੜ੍ਹ ਵਿਚ ਕੂਕੇ 'ਕੱਠੇ ਹੋਏ ਨੇ। ਅਤਰ ਸਿੰਘ ਕੂਕੇ ਦੇ ਘਰ। ਅਖੰਡ ਪਾਠਾਂ ਦੇ ਬਹਾਨੇ ਅੰਗਰੇਜ਼ੀ ਸਰਕਾਰ ਦੀ ਬਰਖਲਾਫੀ ਬਾਹਲੀ ਕਰਦੇ ਹਨਗੇ, ਬਈ ਅੰਗਰੇਜ਼ ਦਾ ਰਾਜ ਨਹੀਂ ਰਹਿਣਾ, ਸਾਰੇ ਦੇਸ ਵਿਚ ਰੌਲਾ ਪੈ ਜਾਏਗਾ। ਬਾਗ੍ਹੀਂ ਕੋਹੀਂ ਦੀਵਾ ਜਲੂਗਾ।...ਚੱਲ ਕੇ ਇੰਤਜ਼ਾਮ ਕਰ ਲਓ। ਜੇ ਬਾਰਬਟਣ ਸਾਹਿਬ ਨੂੰ ਪਤਾ ਲੱਗ ਗਿਆ ਤਾਂ ਤੁਹਾਨੂੰ ਜੁਆਬ ਦੇਣਾ ਪਊ।" ਮਾਨ ਸਿੰਘ ਆਹਲੂਵਾਲੀਆ ਡੇਹਲੋਂ ਥਾਣੇ ਦਾ ਥਾਣੇਦਾਰ ਸੀ। ਉਸਨੇ ਲੁਧਿਆਣੇ ਦੇ ਪੁਲੀਸ ਕਪਤਾਨ ਵਾਰਬਰਟਨ ਵਲ ਦੋ ਸਿਪਾਹੀ ਭੇਜ ਦਿਤੇ ਅਤੇ ਆਪ ਗਾਰਦ ਲੈ ਕੇ ਘੋੜ ਸੁਆਰ ਹੋ ਲੋਹਗੜ੍ਹ ਨੂੰ ਚੱਲ ਪਿਆ। ਪਿੰਡ ਪੁੱਜ ਕੇ ਹਮਕੀ ਤੁਮਕੀ ਕਰਨ ਲੱਗਾ। ਭਾਈ ਅਤਰ ਸਿੰਘ ਨੇ ਮਨਜ਼ੂਰੀ ਵਾਲਾ ਕਾਗਜ਼ ਵਿਖਾਇਆ। ਉਸ ਫੜ ਕੇ ਪਾੜ ਦਿੱਤਾ। ਸਿੰਘਾਂ ਨੂੰ ਕੜਕਦੀ ਸਰਦੀ ਵਿਚ ਬਿਨਾਂ ਭਾਰੇ ਕੱਪੜਿਆਂ ਤੋਂ ਇਕ ਹਵੇਲੀ ਵਿਚ ਪੁਲੀਸ ਨਿਗਰਾਨੀ ਹੇਠ ਫੜ ਫੜ ਕੇ ਬਹਾਈ ਗਿਆ। ਗੁੱਜਰਵਾਲ ਦੇ ਦੋ ਸਰਦਾਰ ਜੋ ਕੂਕੇ ਨਹੀਂ ਸਨ, ਉਹਨਾਂ ਦੇ ਇਤਨਾ ਕਹਿਣ ਤੇ ਕਿ ਅਖੰਡ ਪਾਠ ਸੰਪੂਰਨ ਕਰ ਲੈਣ ਦਿਉ ਫਿਰ ਲੈ ਜਾਣਾ, ਉਹਨਾਂ ਦੋਹਾਂ ਨੂੰ ਵੀ

ਕੂਕਿਆਂ ਦੇ ਨਾਲ ਹੀ ਬਹਾ ਲਿਆ। ਓਨੇ ਨੂੰ ਬਾਰਬਟਨ ਜਾਂ ਵਾਰਬਟਨ ਵੀ ਇਕ ਰਸਾਲੇ ਸਮੇਤ ਪੁੱਜ ਗਿਆ। ਉਹਨੇ ਸਾਰੇ ਕੂਕਿਆਂ ਦੇ ਘਰਾਂ ਨੂੰ ਜਿੰਦਰੇ ਲਾਉਣ ਅਤੇ ਘਰਾਂ ਵਿਚ ਬੰਦ ਕਰਨ ਦਾ ਹੁਕਮ ਦੇ ਕੇ, ਅਖੰਡ ਪਾਠ ਵਾਲੇ ਸਿੰਘ ਦੇ ਘਰ ਦਾ ਸਭ ਸਾਮਾਨ ਕੁਰਕ ਕਰਨ ਦੇ ਆਦੇਸ਼ ਸੁਣਾਏ। ਭਾਈ ਲਾਲ ਸਿੰਘ ਖਟੜਿਆਂ ਵਾਲੇ ਪਾਠ ਕਰ ਰਹੇ ਸਨ ਅਤੇ ਭਾਈ ਲਾਲ ਸਿੰਘ ਸਿਆਹੜ ਵਾਲੇ ਧੂਪੀਏ ਸਨ। ਉਹਨਾਂ ਦੋਹਾਂ ਤੋਂ ਬਿਨਾਂ ਬਾਕੀ ਸਭਨਾਂ ਨੂੰ ਗਿਰਫਤਾਰ ਕਰਕੇ ਤੋਰ ਦਿੱਤਾ। ਬਾਅਦ ਵਿਚ ਉੱਪਰਲੇ ਦੋਹਾਂ ਸਿੰਘਾਂ ਨੇ ਹੀ ਸਾਰਾ ਰਹਿੰਦਾ ਪਾਠ ਸੰਪੂਰਨ ਕਰਕੇ, ਬਿਨਾਂ ਕੜਾਹ ਪ੍ਰਸ਼ਾਦ ਤੋਂ ਅਰਦਾਸ ਕਰ ਦਿੱਤੀ। "ਮੇਲੇ ਦੀ ਸਾਰੀ ਰਸਦ, ਗੁੜ, ਸ਼ੱਕਰ, ਘਿਓ, ਆਟਾ, ਹੋਰ ਘਰ ਵਿਚ ਰੱਖੀਆਂ ਹੋਈਆਂ ਕਣਕ ਦੀਆਂ ਬੋਰੀਆਂ ਗੱਡੇ ਤੇ ਲੱਦੀਆਂ ਗਈਆਂ। ਸੰਤਾਂ ਦਾ ਗੱਡਾ, ਬੈਲ, ਹਲ, ਪੰਜਾਲੀਆਂ ਤੇ ਮੈਸਾਂ ਆਦਿਕ ਮਾਲ ਜ਼ਬਤ ਕਰਕੇ ਲੁਧਿਆਣੇ ਪੁਚਾਇਆ ਗਿਆ। ਉਪਰੰਤ ਪਾਠੀਆਂ, ਧੂਪੀਆਂ, ਲਾਂਗਰੀਆਂ, ਪਹਿਰੂਆਂ, ਜਥੇਦਾਰ, ਸਬਦੀਆਂ ਸਭ ਨੂੰ ਪੈਦਲ ਤੋਰ ਕੇ ਲੁਧਿਹਾਣੇ ਲੈ ਗਏ। ਰਾਤ ਹਵਾਲਾਤ ਵਿਚ ਬਿਨਾਂ ਕੰਬਲਾਂ ਤੋਂ ਕੱਟਣੀ ਪਈ।"[11]

ਸੰਤ ਨਿਧਾਨ ਸਿੰਘ 'ਆਲਿਮ' ਦੇ ਲਿਖਣ ਮੁਤਾਬਿਕ, ਗੋਰਾਸ਼ਾਹੀ ਦੀ ਇਹ ਵੱਡੀ ਧੱਕੇਸ਼ਾਹੀ ਸੀ ਕਿ ਦੂਜੇ ਦਿਨ ਵਾਰਬਰਟਨ ਨੇ ਹੀ, ਨਾ ਕਿ ਕਿਸੇ ਨਿਆਇਕ ਅਧਿਕਾਰੀ ਨੇ ਪਕੜ ਕੇ ਲਿਆਂਦੇ ਕੂਕੇ ਸਿੰਘਾਂ ਨੂੰ ਫੌਰੀ ਤੌਰ ਤੇ ਸਜ਼ਾਵਾਂ ਸੁਣਾਈਆਂ। ਬਸਾਵਾ ਸਿੰਘ, ਲਾਲ ਸਿੰਘ ਤੇ ਅਮਰ ਸਿੰਘ ਸਿਆਹੜ ਵਾਲਿਆਂ ਨੂੰ ਇਹ ਚੇਤੇ ਕਰਵਾਕੇ ਕਿ ਜਿਸ ਦਿਨ ਕੂਕੇ ਤੋਪਾਂ ਨਾਲ ਉਡਾਏ ਜਾ ਰਹੇ ਸਨ, ਗੁਰੂ ਰਾਮ ਸਿੰਘ ਤੁਹਾਡੇ ਹੀ ਪਿੰਡ ਵਿਚ ਰੁਕੇ ਹੋਏ ਸਨ, ੬-੬ ਮਹੀਨੇ ਕੈਦ ਦੀ ਸਜ਼ਾ ਸੁਣਾਈ। ਪੰਜਾਹ ਪੰਜਾਹ ਰੁਪੈ ਜੁਰਮਾਨਾ ਵੀ ਕੀਤਾ। ਰੁੜਕੇ ਦੇ ਸੰਤ ਜੀਵਾ ਸਿੰਘ, ਕਾਹਨ ਸਿੰਘ ਤੇ ਚੜ੍ਹਤ ਸਿੰਘ ਮਹਿਮਾ ਸਿੰਘ ਵਾਲੇ ਦੇ ਸਿੰਘ ਨੂੰ ਜਿਸ ਸਾਹਿਬੇ ਜ਼ੈਲਦਾਰ ਨੂੰ ਰਾਇਪੁਰ ਦੇ ਭਾਈ ਧੌਂਕਲ ਸਿੰਘ ਨਾਲ ਮਿਲ ਕੇ ਸੌ ਛਿੱਤਰ ਮਾਰਿਆ ਸੀ, ਤਿੰਨ ਤਿੰਨ ਮਹੀਨੇ ਕੈਦ ਕੀਤੀ। ਰੁੜਕੇ ਦਾ ਸਾਹਿਬਾ, ਗੁਰੂ ਦੋਖੀਆਂ ਨੂੰ ਉਕਸਾ ਕੇ ਸਤਿਗੁਰੂ ਜੀ ਦੇ ਦੀਵਾਨ ਦੀ ਮਰਿਆਦਾ ਭੰਗ ਕਰਨੀ ਚਾਹੁੰਦਾ ਸੀ। ਜਰਗ ਦੇ ਸ. ਮਹਿਤਾਬ ਸਿੰਘ ਨੂੰ ਬਹੁਤ ਵੱਡਾ ਬਾਗੀ ਦੱਸਦਿਆਂ ਡੇਢ ਸਾਲ ਕੈਦ ਦਾ ਹੁਕਮ ਦਿੱਤਾ। ਗੁੱਜਰਵਾਲ ਦੇ ਸ. ਬੂਟਾ ਸਿੰਘ, ਹਜਾਰਾ ਸਿੰਘ, ਸਰਦਾਰਾ ਸਿੰਘ, ਜੀਵਨ ਸਿੰਘ, ਖੇਮ ਸਿੰਘ, ਗੱਜਾ ਸਿੰਘ ਤੇ ਖਜ਼ਾਨ ਸਿੰਘ ਆਦਿ ਨੂੰ ੩-੩ ਮਹੀਨਿਆਂ ਦੀ ਕੈਦ ਸੁਣਾਈ। ਸੂਬਾ ਚੈਨ ਸਿੰਘ ਭੁੱਟੇ ਨੂੰ ਬਾਗੀਆਂ ਦਾ ਜਰਨੈਲ ਦੱਸਦਿਆਂ ਤੇ ਬੁਢਾਪੇ ਕਾਰਨ ਸਿਰਫ ੬ ਮਹੀਨੇ ਕੈਦ ਸੁਣਾਈ। ਉਹਨਾਂ ਕਿਹਾ ਕਿ ਇਹ ਤਾਂ ਥੋਹੜੀ ਹੈ, ਹੋਰ ਕਰ ਲੈ। ਭਾਈ ਹਰਨਾਮ ਸਿੰਘ ਗ੍ਰੰਥੀ, ਸਾਹਿਬ ਸਿੰਘ ਭੰਮਾਬੱਧੀ, ਝਾਬਾ ਸਿੰਘ ਖੇੜਾ ਤੇ ਕਾਹਨ ਸਿੰਘ ਨੂੰ ਵੀ ਸਜ਼ਾਵਾਂ ਸੁਣਾਈਆਂ। ਸੰਤ ਅਤਰ ਸਿੰਘ ਜੀ ਨੂੰ ਘਰ ਦਾ ਸਾਮਾਨ ਜ਼ਬਤ ਅਤੇ ਦੋ ਸਾਲ ਕੈਦ ਦੀ ਸਜ਼ਾ ਸੁਣਾਈ।

ਜਿਹਲਾਂ ਵਿਚ ਸਰਕਾਰ ਦੇ ਦੁਸ਼ਮਣਾਂ ਤੋਂ ਕੰਮ, ਪਸ਼ੂਆਂ ਜਿਤਨਾ ਲਿਆ ਜਾਂਦਾ

ਸੀ ਅਤੇ ਖੁਰਾਕ ਤਾਂ ਕਹਿਣ ਨੂੰ ਹੀ ਖੁਰਾਕ ਸੀ। ਦਾਲ ਦੇ ਨਾਂ ਤੇ ਪਾਣੀ ਵਿਚ ਰਲੀ ਲੂਣ ਮਿਰਚ ਆਟੇ ਦੇ ਨਾਂ ਤੇ ਸੁੰਡੀਆਂ ਅਤੇ ਮਿਟੀ ਮਿਲੀ ਹੋਈ। ਜਿਹਲ ਦੀ ਖੁਰਾਕ ਤਾਂ ੭੧ (੨੦੧੮ ਈ.) ਸਾਲ ਦੀ ਆਜ਼ਾਦੀ ਬਾਅਦ ਅੱਜ ਵੀ, ਭਾਰਤੀ ਕੈਦੀ ਨੂੰ ਅਫਸਰਸ਼ਾਹੀ ਦੇ ਜਬਾੜਿਆਂ ਤੋਂ ਬਚੀ ਹੋਈ ਹੀ ਮਿਲਦੀ ਹੈ। ਅੰਗਰੇਜ਼ੀ ਰਾਜ ਦਾ ਤਾਂ ਬਾਬਾ ਆਦਮ ਹੀ ਨਿਰਾਲਾ ਸੀ, ਫਿਰ ਸੰਨ ੧੮੭੫ ਈ. ਜਦੋਂ ਮੁਲਕ ਦੇ ਇਸ ਖਿੱਤੇ ਵਿਚ ਉਠੇ, ਇਕੋ ਇਕ ਜਨ ਅੰਦੋਲਨ ਤੇ ਲੋਹੇ ਦਾ ਸੁਹਾਗਾ ਫੇਰਿਆ ਗਿਆ ਸੀ। ਉਦੋਂ ਕੈਦੀਆਂ ਦੇ ਹੱਕਾਂ ਵਿਚ ਆਵਾਜ਼ ਬੁਲੰਦ ਕਰਨ ਵਾਲੇ ਨਾ ਮਨੁੱਖੀ ਅਧਿਕਾਰ ਸੰਗਠਨ ਸਨ ਨਾ ਪੱਤਰਕਾਰ ਭਾਈਚਾਰਾ ਅਤੇ ਨਾ ਹੀ ਕੋਈ ਰਾਜਸੀ ਤਹਿਰੀਕ ਸੀ। ਫਿਰ ਵਾਰਬਰਟਨ ਵਰਗੇ ਕੱਟੜ ਕੂਕਾ ਵਿਰੋਧੀ ਦੀ ਹਦਾਇਤ ਤੇ ਭਾਈ ਅਤਰ ਸਿੰਘ ਹੋਰਾਂ ਨਾਲ ਐਸਾ ਜ਼ਾਲਮਾਨਾ ਸਲੂਕ ਕੀਤਾ ਗਿਆ ਕਿ ਉਹ ਸਿਰਫ ਪੰਦਰਾਂ ਦਿਨਾਂ ਦੀ ਕੈਦ ਕੱਟਣ ਬਾਅਦ ਹੀ ਜਿਹਲ ਵਿਚ ਅਕਾਲ ਚਲਾਣਾ ਕਰ ਕੇ ਆਪਣੇ ਭਾਈ ਦੇਵਾ ਸਿੰਘ ਅਤੇ ਹੋਰ ਕੂਕੇ ਸ਼ਹੀਦਾਂ ਦੀ ਕਤਾਰ ਵਿਚ ਜਾ ਸ਼ਾਮਲ ਹੋਏ। ਸੰਤ ਜੀ ਦਾ ਅਨੰਦ ਕਲਾਲ ਪਿੰਡ ਦੀ ਬੀਬੀ ਜੀਵਨ ਕੌਰ ਨਾਲ ਹੋਇਆ ਸੀ। ਸਿਹਤ ਢਿੱਲੀ ਹੋਣ ਦੀ ਖਬਰ ਤੇ ਮਾਤਾ ਸਾਹਿਬ ਕੌਰ ਤੇ ਧਰਮਪਤਨੀ ਬੀਬੀ ਜੀਵਨ ਕੌਰ ਜੀ ਜਦੋਂ ਮੁਲਾਕਾਤ ਲਈ ਲੁਧਿਆਣੇ ਜਿਹਲ ਵਿਚ ਪੁੱਜੇ ਤਾਂ ਦਰੋਗੇ ਨੇ ਦੱਸਿਆ ਕਿ ਉਹ ਨਹੀਂ ਰਹੇ। ਪਿੰਡ ਲਿਆ ਕੇ ਸਸਕਾਰ ਕਰਨ ਲਈ ਲਾਸ਼ ਤਾਂ ਕੀ ਦੇਣੀ ਸੀ, ਬਹੁਤ ਮਿੰਨਤ ਮਾਜਰਾ ਕਰਨ ਬਾਅਦ, ਸਤਿਲੁਜ ਦੇ ਕੰਢੇ ਉਹਨਾਂ ਦੀ ਬਲਦੀ ਚਿਤਾ ਦਿਖਾ ਦਿੱਤੀ।

ਇਉਂ ਮਾਲੂਮ ਹੁੰਦਾ ਹੈ ਕਿ ਸੰਤ ਜੀ ਦਾ ਪਿਤਾ ਹਕੂਮਤ ਸਿੰਘ ਦੋਹਾਂ ਭਰਾਵਾਂ ਨੂੰ ਛੋਟੀ ਉਮਰ ਵਿਚ ਹੀ ਛੱਡ ਕੇ ਪਰਲੋਕ ਪਿਆਨਾ ਕਰ ਗਿਆ ਸੀ। ਇਸ ਲਈ ਆਪ ਦੀ ਮਾਤਾ ਸਾਹਿਬ ਕੌਰ ਨੇ ਇਹਨਾਂ ਸਾਰੇ ਦੁੱਖਾਂ ਕਲੇਸ਼ਾਂ ਨੂੰ ਗੁਰੂ ਕੇ ਭਾਣੇ ਵਿਚ ਅਡੋਲ ਰਹਿ ਕੇ ਖਿੜੇ ਮੱਥੇ ਸਹਾਰਿਆ। ਸੰਤ ਇੰਦਰ ਸਿੰਘ ਚੱਕਰਵਰਤੀ ਮੁਤਾਬਿਕ "ਸਰਦਾਰ ਅਤਰ ਸਿੰਘ ਦੇ ਸਪੁੱਤਰ ਸਰਦਾਰ ਗੁਰਚਰਨ ਸਿੰਘ ਜੀ ਤੇ ਚੜ੍ਹਾਈ ਕਰ ਗਏ ਹਨ। ਆਪ ਜੀ ਦੇ ਵੱਡੇ ਸਪੁੱਤਰ ਡਾਕਟਰ ਅਮਰ ਸਿੰਘ ਜੀ ਹਨ, ਛੋਟੇ ਪ੍ਰਸਿੱਧ ਅਕਾਲੀ ਵਰਕਰ ਸ. ਗੁਲਬਦਨ ਸਿੰਘ ਵੀ ਸੁਰਗ ਸਿਧਾਰ ਗਏ ਹਨ।

"(ਦੂਜੇ ਸਪੁੱਤਰ) ਸੰਤ ਸਰਨ ਸਿੰਘ ਜੀ ਬੜੇ ਮਹਾਂਪੁਰਸ਼ ਅਜੇ ਜ਼ਿੰਦਾ ਹਨ। ਗਰੇਵਾਲਾਂ ਦੇ ਚਵ੍ਹਾਂ ਪੰਜਾਂ ਪਿੰਡਾਂ ਵਿਚ ਚੰਗੇ ਸਤਿਕਾਰੇ ਜਾਂਦੇ ਹਨ। ਆਪ ਇਕਾਂਤ ਪਸੰਦ ਹਨ, ਇਸ ਲਈ ਆਪਣੇ ਖੂਹ, ਕਿਆਰੀਵਾਲੇ ਹੀ ਨਿਵਾਸ ਰੱਖਦੇ ਹਨ।"[12] *(ਇਹ ਤੱਥ ਚਕ੍ਰਵਰਤੀ ਲਿਖਤ ਸੰਨ ੧੯੪੧ ਤੇ ਆਧਾਰਿਤ ਹੈ)*

ਇਸੇ ਪਿੰਡ ਲੋਹਗੜ੍ਹ ਦੇ ਦੂਲੋ ਭਰਾਈ ਅਤੇ ਸੋਭਾ ਸਿੰਘ ਰਵਿਦਾਸੀਆ ਸਤਿਗੁਰੂ ਰਾਮ ਸਿੰਘ ਜੀ ਦੇ ਚਰਨ ਭੌਰੇ ਸਨ। ਸੰਤ ਆਲਿਮ ਅਤੇ ਚੱਕਰਵਰਤੀ ਜੀ ਦੀਆਂ ਲਿਖਤਾਂ, ਜੋ ਬਿਸ਼ਨ ਸਿੰਘ ਹਿਸਟੋਰੀਅਨ ਦੇ ਖੋਜ ਨੋਟਾਂ ਤੇ ਆਧਾਰਿਤ ਸਨ, ਉਹਨਾਂ ਦੀ ਚਰਚਾ ਕਰਨ ਬਾਅਦ ਕੂਕਾ ਕਰਾਂਤੀ ਦੇ ਇਸ ਦੌਰ ਦੇ, ਮਹਾਨ ਸ਼ਹੀਦ ਭਾਈ

ਅਤਰ ਸਿੰਘ ਬਾਰੇ, ਸਾਡਾ ਸਮਕਾਲੀ ਇਤਿਹਾਸਕਾਰ ਕੀ ਲਿਖਦਾ ਹੈ, ਉਸਦਾ ਹਵਾਲਾ ਵੀ ਪਾਠਕਾਂ ਲਈ ਲਾਹੇਵੰਦਾਂ ਰਹੇਗਾ।

"ਏਕ ਸਮੇਂ ਲੋਹਗੜ੍ਹ ਮੇਂ ਅਤਰ ਸਿੰਘ ਨੇ ਭੋਗ ਪਾਉਣਾ ਸੀ। ਅਰਜੀ ਬਿਨਾ ਅਖੰਡ ਭੋਗ ਪਾਉਨ ਕਾ ਹੁਕਮ ਨਹੀਂ ਸੀ ਬਿਨਾ ਇਤਲਾਹ। ਅਤਰ ਸਿੰਘ ਨੇ ਅਰਜੀ ਦਿੱਤੀ ਕਿ ਭੋਗ ਪਾਉਨਾ ਹੈ। ਪਾਂਚ ਸਿੰਘਾਂ ਕੀ ਛੁੱਟੀ ਲਈ। ਏਹ ਛੁਤੀਏ ਸਿੰਘ ਓਥੇ ਸਭ ਜਾਇ ਇਕੱਠੇ ਹੋਏ। ਭੋਗ ਤੁਰਿਆ ਤਾਂ ਸਿੰਘ ਹੋਰ ਆਇ ਇਕੱਠੇ ਹੋਏ। ਥਾਨੇਦਾਰ ਨੇ ਮਨਾ ਨਹੀਂ ਕੀਤੇ। ਜੇਹੜੇ ਆਈ ਗਏ ਸੋ ਲਿਖੀ ਗਿਆ।

"ਥਾਨੇਦਾਰ ਵਿਚ ਸੀ ਤੇ ਹਰਨਾਮ ਸਿੰਘ ਛੁਤੀਆ ਸਾਥੀਆਂ ਦੇ ਬਚਨ ਕਰਨ ਲਗਾ ਕੇ ਹੋਰ ਭੀ ਉਠੇਗਾ ਮਰਦ ਕਾ ਚੇਲਾ ਮਹਾਬਲੀ ਪਛਮ ਦਿਸਾ ਸੇ ਸੰਤ ਖਾਲਸੇ ਦੀ ਰਛਿਆ ਵਾਸਤੇ, ਮਲੇਛਾਂ ਕਾ ਨਾਸ ਕਰਨ ਵਾਸਤੇ। ਥਾਨੇਦਾਰ ਮਾਨ ਸਿੰਘ ਨੇ ਪੁਛਿਆ ਕੌਣ ਹੈ ਮਲੇਛ ? ਹਰਨਾਮ ਸਿੰਘ ਨੇ ਕਹਿਆ ਜੋ ਸੰਤ ਖਾਲਸੇ ਨੂੰ ਦੁਖ ਦੇਂਦਾ ਹੈ ਉਹ ਹੈ ਮਲੇਛ। ਥਾਨੇਦਾਰ ਨੇ ਕਹਾ ਕਿ ਅਸੀਂ ਹਾਂ ਮਲੇਛ! ਔਰ ਗੁੱਸੇ ਨਾਲ ਭਰ ਗਿਆ। ਬਟਨ ਫਰੰਗੀ ਕਪਤਾਨ ਪੁਲਿਸ ਕਾ ਬੜਾ ਖਚਰਾ ਸੀ, ਓਹ ਅਗੇ ਈ ਏਹੁ ਚਾਹੁੰਦਾ ਸੀ। ਥਾਨੇਦਾਰ ਨੇ ਕਹਾ ਕਿ ਕੂਕੇ ਰਾਜ ਲੈਨ ਨੂੰ ਚਾਹੁੰਦੇ ਹੈਨ, ਮੇਰੇ ਸਾਮ੍ਹਨੇ ਕਹਾ ਹੈ। ਬਹੁਤ ਕੂਕੇ ਇਕੱਠੇ ਹੋਏ ਹੋਏ ਹੈਂ ਉਹਾਂ। ਲੋਹਗੜ੍ਹ ਕੇ ਲੋਕ ਭੀ ਦੈਂਤ ਸਭਾਉ ਵਾਲੇ ਥੇ। ਕਹਿੰਦੇ ਸੇ ਕੇ ਸਾਡੇ ਕੂਕਾ ਨਾ ਬੜੇ ਕੋਈ। ਜਾਂ ਸਤਿਗੁਰੂ ਜੀ ਜਾਂਦੇ ਹੁੰਦੇ ਸੀ ਤਾਂ ਲੋਹਗੜ੍ਹ ਦੇ ਲੋਕ ਜਲਦੇ ਰਹਿੰਦੇ ਸੇ ਕੇ ਖਵਰੇ ਕੀ ਕਲਾਮ ਸੁਨਾਇਕੇ ਕਮਲਾ ਕਰ ਦਿੰਦੇ ਹੈਨ। ਜੇੜਾ ਕੂਕਾ ਹੋਇਆ ਸੋ ਘਰ ਕੇ ਕੰਮੋਂ ਗਿਆ। ਕੋਲੋਂ ਮੁਕਬਲ ਨੇ ਕਹਾ ਕਿ ਜਮੀਨਾਂ ਬੇਚ ਕੇ ਕਠਾ ਤੁੰਮਲ ਹੋਇਆ ਫਿਰਦਾ ਹੈ। ਮਲੇਰਕੋਟਲੇ ਮਾਂਗੂ ਗਲਬਾ ਕਰੇਂਗੇ। ਬਹੁਤ ਸਿੰਘ ਇਕੱਠੇ ਹੋਇ ਹੋਇ ਹੈ। ਬਟਨ ਪੁਲਿਸ ਕੋ ਨਾਲ ਲੇਕਰ ਪਿਛਲੇ ਪਹਿਰ ਜਾਇ ਰਹਿਆ। ਪਿੰਡ ਕੇ ਦੁਆਲੇ ਪਹਿਰਾ ਖੜਾ ਕੀਤਾ ਕਿ ਕੋਈ ਕੂਕਾ ਨਾ ਬਾਹਰ ਨਿਕਲੇ।

ਬਟਨ ਘਰ ਗਿਆ। ਸਰਦਾਈ ਸਿੰਘ ਕਰਦੇ ਸੇ। ਪੁਛਨੇ ਲਗਾ ਭਾਂਗ ਹੈ ? ਸਿੰਘਾਂ ਨੇ ਕਹਾ ਕਿ ਸਰਦਾਈ ਹੈ। ਤੀਨ ਸਿੰਘ ਛੱਡੇ ਕੇ ਜਦ ਭੋਗ ਪਾਇ ਲੈਨ ਤਾ ਇਨਕੋ ਭੀ ਲੈ ਆਵੋ ਲੁਦਿਹਾਣੇ ਮੈ। ਸਾਰੇ ਇਕੱਠੇ ਕਰਕੇ ਸਿੰਘ ਲੁਧਿਹਾਣੇ ਲੈ ਆਇਆ। ਭੋਗ ਪਏ ਤੇ ਉਹ ਭੀ ਸਿੰਘ ਲੈ ਆਂਦੇ। ਚਾਰ ਵਿਚ ਜਨਾਨੀਆਂ ਸੀਆਂ, ਓ ਤਾਂ ਛੋਡ ਦਿੱਤੀਆਂ। ਫਰੰਗੀ ਨੇ ਪੁਛਾ ਤੁਮਨੇ ਜ਼ਮੀਨਾਂ ਬੇਚ ਲਈਆਂ ਹਨ ਤੁਮ ਕਿਆ ਖਾਉਗੇ ? ਸਿੰਘਾਂ ਨੇ ਕਹਾ ਕੇ ਜੋ ਜਾਨਵਰ ਹੈਂ ਸੋ ਭੀ ਰੋਜ ਖਾਂਦੇ ਹੈ ਅਕਾਲ ਪੁਰਖ ਦੇਂਦਾ ਹੈ। ਪਰਮੇਸ਼ਰ ਜੀਆ ਕਾ ਦਾਤਾ ਹੈ ਦੇ ਰਹਿਆ ਹੈ ਸਭ ਜੀਆਂ ਕੋ। ਸਣੇ ਸੱਦਾ ਸਿੰਘ ਪਾਂਚ ਤਾਂ ਪਟਿਆਲੇ ਭੇਜੇ, ਤੀਨ ਮਹੀਨੇ ਅੰਦਰ ਰੱਖ ਕੇ ਨੰਬਰਦਾਰਾਂ ਕੀਆਂ ਜਮਾਨਤਾਂ ਲੈ ਕੇ ਛੱਡੇ। ਲੁਦਿਹਾਣੇ ਬਾਲਿਆਂ ਵਿਚੋਂ ਜਿਸਕੇ ਘਰ ਅਖੰਡ ਪਾਠ ਹੋਇਆ ਸੀ ਅਤਰ ਸਿੰਘ ਕੋ ਦੋ ਬਰਸ ਕੀ ਕੈਦ ਤਿੰਨ ਸੌ ਰੁਪਈਆ ਜੁਰਮਾਨਾ ਕੀਤਾ। ਅਤਰ ਸਿੰਘ ਕੈਦ ਮੇਂ ਚੜ੍ਹ ਗਿਆ। ਹਰਨਾਮ ਸਿੰਘ ਜਿਸਨੇ ਸਾਖੀ ਦਾ ਬਚਨ ਕੀਤਾ ਸੀ ਤਿਸਕੋ ਭੀ ਬਰਸ ਰੋਜ ਕੀ ਕੈਦ ਤੇ ਸੌ ਰੁਪਿਆ ਜੁਰਮਾਨਾ ਕੀਤਾ। ਹੋਰਨਾ ਕੋ ਭੀ ਬਰਸ ਬਰਸ ਕੀ ਕੈਦ ਕੀਤੀ।"[13]

ਇਤਨੀ ਸਖਤੀ ਨਾਲ ਵੀ ਪੁਲਿਸ ਕਪਤਾਨ ਵਾਰਬਰਟਨ ਦਾ ਕਾਲਜਾ ਠੰਢਾ ਨਹੀਂ ਹੋਇਆ। ਇਹ ਸੋਚ ਕੇ ਕਿ ਭਾਈ ਅਤਰ ਸਿੰਘ ਦੀ ਸ਼ਹਾਦਤ ਬਾਅਦ ਉਸ ਦੀ ਬਿਰਾਦਰੀ ਦੇ ਇਹਨਾਂ ਗਰੇਵਾਲਾਂ ਦੇ ਪਿੰਡਾਂ ਵਿਚ ਲਹਿਰ ਜੋਰ ਨਾ ਫੜ ਜਾਏ ਉਸ ਇਹ ਯੋਜਨਾ ਬਣਾਈ ਪਰ ਕੂਕੇ ਸਿੰਘਾਂ ਅਤੇ ਵਿਸ਼ੇਸ਼ ਕਰਕੇ ਗੁਰੂ ਹਰੀ ਸਿੰਘ ਉਸਦੇ ਇਸ ਚੈਲੰਜ ਨੂੰ ਕਬੂਲ ਕਰਦੇ ਹਨ। ਲੋਹਗੜ੍ਹ ਭਾਈ ਅਤਰ ਸਿੰਘ ਹੋਰਾਂ ਦੇ ਅਖੰਡ ਪਾਠਾਂ ਸਮੇਂ ਮੂੰਡੀਆਂ ਦਾ ਸੂਬਾ ਬਚਿੱਤਰ ਸਿੰਘ ਤੇ ਉਸਦਾ ਪੁੱਤਰ ਹੀਰਾ ਸਿੰਘ ਟਿੱਕਾ ਵੀ ਗਏ ਸਨ। ਇਸ ਹੀਰਾ ਸਿੰਘ ਨੂੰ ਟਿੱਕਾ ਇਸ ਲਈ ਕਹਿੰਦੇ ਸਨ ਕਿ ਜੇ ਗੁਰੂ ਹਰੀ ਸਿੰਘ ਜੀ ਦੇ ਘਰ ਸਾਹਿਬਜ਼ਾਦਾ ਪ੍ਰਗਟ ਨਹੀਂ ਹੁੰਦਾ ਤਾਂ ਇਸ ਸੁੰਦਰ ਸਰੂਪ ਅਤੇ ਗੁਰਬਾਣੀ ਦੇ ਚੰਗੇ ਗਿਆਤਾ ਹੀਰਾ ਸਿੰਘ ਨੂੰ ਆਪ ਤੋਂ ਬਾਅਦ ਸੰਗਤ ਗੁਰਗੱਦੀ ਤੇ ਬੈਠਾ ਦੇਵੇ। ਹੁਣ ਇਸ ਹੀਰਾ ਸਿੰਘ ਦੇ ਅਨੰਦ ਦੇ ਬਹਾਨੇ ਗੁਰੂ ਹਰੀ ਸਿੰਘ ਜੀ ਲੋਹਗੜ੍ਹ ਦਾ ਇਹ ਬਟਨ ਦਾ ਉਸਾਰਿਆ ਕੂਕਾ ਵਿਰੋਧ ਦਾ ਕਿਲਾ ਫਤੇਹ ਕਰਨ ਚੜ੍ਹਦੇ ਹਨ-

"ਬਟਨ ਨੇ ਹੁਕਮ ਦੇ ਦੀਆ ਲੋਹਗੜ ਤੇ ਰਾਇਪੁਰ, ਗੁਜਰਵਾਲ, ਨਾਰੰਗਵਾਲ ਚਾਰ ਪਿੰਡਾਂ ਮੇਂ ਕੋਈ ਕੂਕਾ ਨਾ ਬੜੇ। ਜੋ ਬੜੇਗਾ ਉਸਕੋ ਕੈਦ ਕਰਾਂਗੇ। ਸਖਤ ਸਜ਼ਾਇ ਦੇਵਾਂਗੇ ਚੱਕੀ ਕੀ। ਸਿੰਘ ਔਣੋਂ ਜਾਣੋਂ ਹਟ ਗਏ।

"ਕੋਈ ਦਿਨ ਪਾਇਕੇ ਲੋਹਗੜ੍ਹ ਮੇਂ ਪੰਜਾਬ ਸਿੰਘ ਕੀ ਲੜਕੀ ਕਾ ਅਨੰਦ ਸੀ। ਗੁਰੂ ਹਰੀ ਸਿੰਘ ਜੀ ਪਾਸ ਆਇ ਅਰਜ ਕੀਤੀ। ਬਚਨ ਕੀਤਾ ਚਲੋ ਆਕੀਗੜ੍ਹ ਤੋੜੀਏ। ਖੂਹ ਪਰ ਅਨੰਦ ਪੜ੍ਹਾਵਾਂਗੇ। ਤੂੰ ਜਾਇਕੇ ਅਰਜੀ ਲਖਾਈਂ। ਖੁੱਲ੍ਹੇ ਸਿੰਘ ਲਿਖਾਵਨੇ, ਅਨੰਦ ਕਾ ਕੰਮ ਹੈ ਸੁਣ ਸੁਣਾਇਕੇ ਸਿੰਘ ਆਇ ਜਾਂਦੇ ਹੈਂ। ਛੁੱਟੀ ਮਿਲ ਗਈ ਗੁਰੂ ਮਹਾਰਾਜ ਜੀ ਕੇ ਜਾਨੇ ਕੀ। ਚਾਰ ਕੁ ਸੌ ਸਿੰਘ ਆਇ ਇਕੱਠਾ ਹੋਇਆ। ਗੁਰੂ ਜੀ ਕਾ ਆਉਣਾ ਸੁਣ ਕੇ ਆਏ ਸਿੰਘ।

"ਮੁੰਡੀਆ ਜ਼ਿਲ੍ਹਾ ਲੁਦਿਹਾਣੇ ਵਾਲੇ ਬਚਿਤ੍ਰ ਸਿੰਘ ਕਾ ਲੜਕਾ ਸੀ ਹੀਰਾ ਸਿੰਘ ਜਿਸ ਕਾ ਅਨੰਦ ਪੜ੍ਹਾਉਣਾ ਸੀ। ਖੁੱਲ੍ਹੇ ਦੀਦਾਰ ਕੀਤੇ ਸਿੰਘਾਂ ਨੇ।... ਪਾਪੀਆਂ ਜੀਆਂ ਨੂੰ ਸਾਂਤ ਆਇ ਜਾਂਦੀ ਹੈ। ਗੁਰੂ ਜੀ ਧੀਰਜ ਧਰਾਉਂਦੇ ਹੈ ਨਾਮ ਜਪੋ ਬਾਨੀ ਪੜ੍ਹੋ। ਸਤਿਗੁਰੂ ਜੀ (ਗੁਰੂ ਰਾਮ ਸਿੰਘ) ਭੀ ਦਰਸ਼ਨ ਸ਼ਤਾਬੀ ਦੇਨਗੇ ਕੋਈ ਦਿਨ ਕਾ ਹੀ ਕਸ਼ਟ ਹੈ। ਭੋਗ ਪਾਠ ਪਵਾਵੋ ਗੁਰੂ ਜੀ ਕੇ ਨਮਿੱਤ ਇਸਨਾਨ ਨਾਮ ਦਾਨ ਕਰੋ। ਧਰਮ ਰੀਤੀ ਪਰ ਚਲੋ ਇਹ ਬਚਨ ਕਰਦੇ ਹੈਂ।"[14]

ਕਾਹਨ ਸਿੰਘ ਪੁੱਤਰ ਅਲਬੇਲ ਸਿੰਘ ਲੰਬੜਦਾਰ ਲੋਹਗੜ੍ਹ, ਜੋ ਤੋਪਖਾਨੇ ਵਿਚ ਨੌਕਰ ਸੀ ਮਲੇਰਕੋਟਲੇ ਹਮਲੇ ਵਿਚ ਸ਼ਾਮਲ ਹੋਇਆ। ਪਰ ਇਸ ਨੇ ਆਪਣੀ ਪਹਿਚਾਨ ਛੁਪਾਈ ਰੱਖੀ।[15] ਬਸਾਵਾ ਸਿੰਘ ਪੁੱਤਰ ਦਸੌਂਧਾ ਸਿੰਘ, ਵਾਹੀਵਾਨ, ਪਿੰਡ ਸਿਆਹੜ, ਥਾਣਾ ਡੇਹਲੋਂ, ਉਮਰ ੪੨ ਵਰ੍ਹੇ, ੧੫ ਜਨਵਰੀ ੧੯੭੫ ਨੂੰ ਇਕ ਗੈਰ ਕਾਨੂੰਨੀ ਸਭਾ ਦੇ ਮੈਂਬਰ ਹੋਣ ਦੇ ਦੋਸ਼ ਹੇਠ ਮੁਕਦਮੇ ਹੇਠ ਲਿਆਂਦਾ ਗਿਆ। ਦਫਾ ੫੦੫, ੧੯੭੨ ਦੇ ਐਕਟ ਦੱਸ ਹੇਠ ਉਸਨੂੰ ੨੦੦ ਰੁ. ਦੀ ਜ਼ਮਾਨਤ ਦੇਣ ਲਈ ਕਿਹਾ ਗਿਆ ਅਤੇ ਅਜੇਹਾ ਨਾ ਕਰ ਸਕਣ ਕਾਰਨ ਉਹਨੂੰ ੨ ਮਾਰਚ ੧੯੭੫ ਨੂੰ ੯ ਮਹੀਨੇ ਦੀ ਕੈਦ ਦੀ

ਸਜ਼ਾ ਸੁਣਾਈ ਗਈ। ਉਹ ਕੋਈ ਕੰਮ ਨਹੀਂ ਕਰਦਾ। ਘੁੰਮਦਾ ਫਿਰਦਾ ਹੈ ਅਤੇ ਜਿੱਥੇ ਵੀ ਕੂਕਿਆਂ ਦੇ ਇਕੱਠੇ ਹੁੰਦੇ ਹਨ ਉਹਨਾਂ ਵਿਚ ਮੌਜੂਦ ਦਿਸਦਾ ਹੈ। ਕਹਿੰਦੇ ਹਨ ਕਿ ਉਹ ਬੁਰਾ ਵਿਅਕਤੀ ਹੈ।[16] ਕੂਕਿਆਂ ਦੀ ਹਰ ਸਭਾ ਵਿਚ ਪੁੱਜਣਾ ਮਤਲਬ ਕਿ ਸਰਕਾਰ ਵਿਰੋਧੀ ਹਰ ਪਰਚਾਰ ਮੁਹਿੰਮ ਵਿਚ ਸ਼ਾਮਲ ਹੋਣ ਵਾਲਾ ਵਿਅਕਤੀ ਵਿਹਲਾ ਕਿਵੇਂ ਹੋਇਆ ? ਅਤੇ ਚੰਗਾ ਜਾਂ ਭੈੜਾ ਤਾਂ ਆਪੋ ਆਪਣੇ ਪੈਂਤੜੇ ਤੋਂ ਹੁੰਦਾ ਹੈ। ਲੋਕ ਲਹਿਰ ਨਾਲ ਜੁੜੇ, ਵਕਤ ਦੇ ਲੋਕ ਪੈਂਤੜੇ ਤੋਂ ਜੂਝਣ ਵਾਲਿਆਂ ਨੂੰ, ਸਰਕਾਰਾਂ ਉਦੋਂ ਵੀ ਤੇ ਭਾਵੇਂ ਹੁਣ ਵੀ, ਭੈੜਾ ਬੰਦਾ ਹੀ ਲਿਖਣਗੀਆਂ। ਸੋ ਇਹ ਸੰਤ ਬਸਾਵਾ ਸਿੰਘ ਜੀ ਸਿਆਹੜ ਵਾਲਿਆਂ ਨੂੰ ਸਜਾ ਵੀ ਸਰਕਾਰੀ ਰੀਕਾਰਡ ਮੁਤਾਬਿਕ ਭਾਈ ਅਤਰ ਸਿੰਘ ਹੋਰਾਂ ਵਾਲੇ ਅਖੰਡ ਪਾਠ ਵਿਚ ਹੀ ਹੋਈ, ਤਦੋਕਾ ਰੀਕਾਰਡ ਸਾਬਤ ਕਰਦਾ ਹੈ। ਅੱਗੇ ਇਸੇ ਰੀਕਾਰਡ ਵਿਚ ਲਾਲ ਸਿੰਘ ਜਮਾਦਾਰ ਪੁੱਤਰ ਗੋਪਾਲ ਸਿੰਘ ਲੰਬੜਦਾਰ, ਧੰਧਾ ਕੋਈ ਨਹੀਂ, ਪਿੰਡ ਸਿਆਹੜ, ਉਮਰ ੩੮ ਸਾਲ ਬਾਰੇ ਰੀਕਾਰਡ ਸਾਫ ਸ਼ਬਦਾਂ ਵਿਚ ਦੱਸਦਾ ਹੈ-ਅਤਰ ਸਿੰਘ ਲੋਹਗੜ੍ਹ ਦੇ ਘਰ, ਉਪਰੋਕਤ ਤਾਰੀਖ ਤੇ, ਗੈਰ ਕਾਨੂੰਨੀ ਸਭਾ ਵਿਚ ਸ਼ਾਮਲ ਹੋਣ ਲਈ ਇਸਨੂੰ ੯ ਮਹੀਨੇ ਦੀ ਕੈਦ ਅਤੇ ੨੦੦ ਰੁਪੈ ਜੁਰਮਾਨਾ ਕੀਤਾ ਗਿਆ।[17] ਰਾਇ ਸਿੰਘ ਬਾਬਾ ਪੁੱਤਰ ਨੱਥਾ ਸਿੰਘ, ਪਿੰਡ ਖਟੜੇ ਚੌਹਾਰਮੀ ਥਾਣਾ ਡੇਹਲੋਂ, ਉਮਰ ੪੫ ਸਾਲ, ਪਿਛਲੇ ੫ ਸਾਲਾਂ ਤੋਂ ਘੁੰਮ ਫਿਰ ਕੇ ਕਦੇ ਕਦਾਈਂ ਵਾਪਸ ਘਰ ਆ ਜਾਂਦਾ ਹੈ। ੧੪ ਜਨਵਰੀ ੧੮੭੫ (ਹੋ ਸਕਦਾ ਹੈ ਇਕ ਦਿਨ ਦਾ ਅੱਗਾ ਪਿਛਾ ਤਾਰੀਖ ਲਿਖਣ ਸਮੇਂ ਹੋ ਗਿਆ) ਨੂੰ ੨੦੦ ਰੁਪੈ ਦੀ ਜ਼ਮਾਨਤ ਨਾ ਦਿੱਤੇ ਜਾਣ ਤੇ ਇਕ ਸਾਲ ਦੀ ਕੈਦ ਸੁਣਾਈ ਗਈ। ਉਸੇ ਮਾਰਚ ਮਹੀਨੇ ੧੪੩ ਆਈ. ਪੀ. ਸੀ. ਦੇ ਤਹਿਤ ੯ ਮਹੀਨੇ ਸਖਤ ਕੈਦ ਦੀ ਸਜ਼ਾ ਸੁਣਾਈ ਗਈ।[18] ਸਰਕਾਰ ਨੇ ਇਕ ਕੇਸ ਵਿਚ ਹੀ ਭਾਈ ਅਤਰ ਸਿੰਘ ਲੋਹਗੜ੍ਹ ਦਾ ਰੀਕਾਰਡ ਵਿਚ ਜ਼ਿਕਰ ਕੀਤਾ ਹੈ ਬਾਕੀਆਂ ਨੂੰ ੧੫ ਜਨਵਰੀ ੧੮੭੫ ਦੀ ਗੈਰ ਕਾਨੂੰਨੀ ਸਭਾ ਦੇ ਘੇਰੇ ਵਿਚ ਲਿਆਂਦਾ ਹੈ। ਇਉਂ ਪਤਾ ਲੱਗਦਾ ਹੈ ਕਿ ਵਿਦੇਸ਼ੀ ਹੁਕਮਰਾਨ ਭਾਈ ਅਤਰ ਸਿੰਘ ਦੀ ਸ਼ਹੀਦੀ ਤੋਂ ਕਿਤਨੇ ਭੈ ਭੀਤ ਸਨ। ਉਸ ਤੇ ਪਰਦਾਪੋਸ਼ੀ ਕਰਨਾ ਚਾਹੁੰਦੇ ਸਨ। ਇਹ ਲੋਹਗੜ੍ਹ ਸਾਕੇ ਵਰਗੀਆਂ ਸਖਤੀਆਂ ਹੀ ਤਾਂ ਸਨ ਜਿਹਨਾਂ ਦਾ ਜ਼ਿਕਰ ਲੋਕਗੀਤਾਂ ਵਿਚ ਮਿਲਦਾ ਹੈ-

"ਕਿਉਂ ਜ਼ੁਲਮ ਕਮਾਉਂਦਾ ਹੈਂ
ਤੇਰਾ ਰਾਜ ਸਦਾ ਨਹੀਂ ਰਹਿਣਾ"

....................................

"ਰਾਜ ਮੁੱਕ ਜਾਊ ਫਰੰਗੀਆਂ ਤੇਰਾ
ਕੂਕੇ ਤੈਥੋਂ ਨਹੀਂ ਮੁੱਕਣੇ"

ਕੂਕਾ ਸਾਹਿਤ ਵਿਚ ਭਾਈ ਅਤਰ ਸਿੰਘ ਹੋਰਾਂ ਦੀ ਸ਼ਹੀਦੀ ਬਾਰੇ, ਦੋ ਸਿਰਮੌਰ ਨਾਮਧਾਰੀ ਲੇਖਕਾਂ, ਸੰਤ ਨਿਧਾਨ ਸਿੰਘ ਆਲਿਮ ਅਤੇ ਸੰਤ ਇੰਦਰ ਸਿੰਘ ਚੱਕਰਵਰਤੀ ਹੋਰਾਂ ਨੇ ਆਪਣੀ ਅਨੂਠੀ ਸ਼ੈਲੀ ਵਿਚ ਕਲਮ ਚਲਾਈ ਹੈ। ਚੱਕਰਵਰਤੀ ਜੀ ਨੇ ੧੯੯੮ ਬਿਕਰਮੀ ੨੦ ਭਾਦਰੋਂ ਦੇ ਸਤਿਜੁਗ, ਸ੍ਰੀ ਭੈਣੀ ਸਾਹਬਿ ਦੇ ਸੰਤ ਅੰਕ (੨)

ਵਿਚ ਮੁੱਖ ਲੇਖ ਨਾਮਧਾਰੀ ਇਤਿਹਾਸ ਦੀ ਸੱਚੀ ਘਟਨਾ "ਸੰਤ ਸਿਪਾਹੀ" ਵਿਚ ਭਾਈ ਅਤਰ ਸਿੰਘ ਦੀ ਵਿਲੱਖਣ ਕੁਰਬਾਨੀ ਦਾ ਹਿਰਦੇ ਵੇਧਕ ਸ਼ਬਦਾਂ ਵਿਚ ਜ਼ਿਕਰ ਕੀਤਾ ਹੈ। ਜਦੋਂ ਮੁਖਬਰ ਅਖੰਡ ਪਾਠ ਦੇ ਬਹਾਨੇ ਬਾਗੀਆਨਾ ਪਰਚਾਰ ਦੀ ਥਾਣੇ ਰਪਟ ਦਿੰਦੇ ਹਨ–

"ਇਹ ਖਬਰ ਸੁਣਦਿਆਂ ਹੀ ਪੁਲਸ ਦੀ ਧਾੜ ਲੈ ਕੇ ਠਾਣੇਦਾਰ ਚੜ੍ਹ ਆਇਆ। ਅੱਗੇ ਸ੍ਰੀਮਾਨ ਸੰਤ ਹਰਨਾਮ ਸਿੰਘ ਜੀ ਭੰਮਾ ਵਦੀ ਵਾਲੇ 'ਵੱਡ ਤੀਰਥ' ਦੀ ਸਾਖੀ ਦੀ ਕਥਾ ਕਰ ਰਹੇ ਸਨ, ਜਿਸਦਾ ਭਾਵ ਏਹ ਸੀ ਕਿ– "ਗਊ ਗਰੀਬ ਨੂੰ ਦੁਖ ਦੇਣ ਵਾਲੇ ਮਲੇਛਾਂ ਦਾ ਨਾਸ ਇਸ ਵੀਹਵੀਂ ਸਦੀ ਵਿਚ ਜ਼ਰੂਰ ਹੋ ਜਾਏਗਾ।"

"ਮਲੇਛ ਕੌਣ ਨੇ ?" ਹਰਨਾਮ ਸਿੰਘ ਜੀ ਨੂੰ ਠਾਣੇਦਾਰ ਨੇ ਕਿਹਾ।

"ਜੋ ਬਿਨਾਂ ਕਸੂਰੋਂ ਸੰਤ ਖਾਲਸੇ ਨੂੰ ਦੁਖ ਦੇਣ, ਓਹ ਮਲੇਛ ਨੇ।" ਹਰਨਾਮ ਸਿੰਘ ਜੀ ਨੇ ਦ੍ਰਿੜਤਾ ਅਤੇ ਨਿਰਭੈਤਾ ਨਾਲ ਕਿਹਾ।

"ਇਹ ਗੱਲ ਸੁਣਦਿਆਂ ਹੀ ਠਾਣੇਦਾਰ ਲੋਹਾ ਲਾਖਾ ਹੋ ਗਿਆ। ਸਿਪਾਹੀਆਂ ਨੂੰ ਹੁਕਮ ਦਿੱਤਾ ਕਿ ਸੰਤ ਅਤਰ ਸਿੰਘ ਜੀ ਸਮੇਤ ਸਭਨਾਂ ਨੂੰ ਗ੍ਰਿਫਤਾਰ ਕਰ ਲਓ।...ਅਤਰ ਸਿੰਘ ਜੀ ਸਮੇਤ ਜੋ ਸਿੰਘ ਪਾਠ ਕਰਨ ਆਏ ਸਨ, ਹਥਕੜੀਆਂ ਲਾ ਕੇ ਲੁਦਿਹਾਨੇ ਨੂੰ ਤੋਰ ਦਿੱਤੇ...ਸ. ਅਤਰ ਸਿੰਘ ਜੀ ਦੇ ਘਰੋਂ ਬੇਬੇ ਜੀਵਨ ਕੌਰ ਨੇ ਜਦ ਇਹ ਗੱਲ ਸੁਣੀ ਤਾਂ ਕਲੇਜਾ ਫੜ ਕੇ ਬਹਿ ਗਈ। ਹਉਕੇ ਭਰਦੀ ਹੋਈ ਆਖੇ–

"ਹਛਾ! ਸਤਿਗੁਰੂ, ਜੋ ਤੇਰੀ ਰਜ਼ਾ। ਇਕ ਦੀ ਭੇਟ ਤੂੰ ਮਲੇਰਕੋਟਲੇ ਲੈ ਲਈ, ਦੂਜੇ ਨੂੰ ਏਥੇ ਸੱਦ ਲਿਆ। ਮੈਂ ਹੁਣ ਕੀ ਕਰਾਂਗੀ, ਮੇਰਾ ਮੱਥਾ ਕਿਉਂ ਠਣਕਦਾ ਏ। ਮੈਨੂੰ ਇਹ ਭੈੜੇ ਖਿਆਲ ਕਿਉਂ ਔਂਦੇ ਨੇ। ਅਜੇ ਤਾਂ ਉਨ੍ਹਾਂ ਦੇ ਮੁਕਦਮੇ ਦਾ ਫੈਸਲਾ ਵੀ ਨਹੀਂ ਹੋਇਆ। ਲੋਕੀ ਆਂਹਦੇ ਨੇ ਉਹਨਾਂ ਨੂੰ ਸੱਤ ਸਾਲ ਦੀ ਸਜ਼ਾ ਹੋਵੇਗੀ। ਕਦ ਸੱਤ ਸਾਲ ਬੀਤੇ, ਕਦ ਉਹ ਘਰ ਆਏ, ਕਦ ਓਹਨਾਂ ਸਰਨ ਸਿੰਘ ਤੇ ਗੁਰਚਰਨ ਸਿੰਘ ਨੂੰ ਲਾਡ ਲਡਾਏ। ਪਤਾ ਨਹੀਂ, ਕਿਉਂ ਰਹਿ ਰਹਿ ਕੇ ਮੈਨੂੰ ਇਹ ਭੈੜੇ ਖਿਆਲ ਔਂਦੇ ਨੇ ਕਿ ਓਹ ਹੁਣ ਮੁੜਕੇ ਨਹੀਂ ਆਉਣਗੇ। ਆਪਣੇ ਭਰਾਵਾਂ ਦੇ ਨਾਲ ਮਲੇਰਕੋਟਲੇ ਦੇ ਸ਼ਹੀਦਾਂ ਨਾਲ ਜਾ ਰਲਣਗੇ। ਮੈਂ ਪਾਪਨ ਪਿਛੇ ਰਹਿ ਕੇ ਕੀ ਕਰਾਂਗੀ ? ਕਿਹਾ ਚੰਗਾ ਹੁੰਦਾ ਜੇ ਉਸ ਦਿਨ ਮੈਂ ਵੀ ਨਾਲ ਚਲੀ ਜਾਂਦੀ। ਹਾਇ! ਹੁਣ ਮੈਂ ਕੀ ਕਰਾਂ ? ਇਕ ਅੱਗੇ ਜ਼ਾਲਮਾਂ ਲੈ ਲਿਆ, ਦੂਜੇ ਨੂੰ ਫਿਰ ਮੈਥੋਂ ਖੋਹੀ ਜਾਂਦੇ ਨੇ। ਸਤਿਗੁਰੂ ਜੀ! ਮੇਰੇ ਸਾਈਂ ਨੂੰ ਤੱਤੀ ਵਾ ਨਾ ਲਗਣ ਦੇਈਂ, ਉਹਨਾਂ ਦੇ ਬਦਲੇ ਸਾਰੇ ਦੁਖ ਮੈਨੂੰ ਦੇ ਦੇਵੀਂ। ਇਹ ਆਖਦੀ ਹੋਈ ਮਾਈ ਜੀਵਨ ਕੌਰ ਬੇਹੋਸ਼ ਹੋ ਗਈ। ਜਿਸਨੂੰ ਮਸਾਂ ਮਸਾਂ ਸੰਤ ਅਤਰ ਸਿੰਘ ਜੀ ਦੀ ਮਾਤਾ ਸਾਹਿਬ ਕੌਰ ਨੇ ਧੀਰਜ ਦਿੱਤੀ ਤੇ ਹੌਂਸਲਾ ਬੰਧਾਇਆ।"[19]

ਸੰਤ ਨਿਧਾਨ ਸਿੰਘ ਆਲਿਮ ਜੀ ਨੇ ਆਪਣੀ ਰਚਨਾ "ਕੂਕਾ ਇਤਿਹਾਸ ਦਾ ਇਕ ਸ਼ਾਨਦਾਰ ਵਰਕਾ"– "ਅਖੰਡ ਪਾਠਾਂ ਦੀ ਸਜ਼ਾ ਕੈਦ, ਜੁਰਮਾਨਾਂ ਤੇ ਮੌਤ"– ਸਤਿਜੁਗ ਦੇ ਬਸੰਤ ਅੰਕ ੨੦੧੦ ਬਿਕਰਮੀ ਵਿਚ ਪਰਕਾਸ਼ਿਤ ਕਰਵਾਇਆ। ਇਸ

ਰਚਨਾ ਦੀ ਵੰਨਗੀ ਲਈ ਅਸੀਂ ਮੁਖਬਰ ਜੈ ਸਿੰਘ ਦੀ ਡਾਇਰੀ ਦਾ ਅਵਲੋਕਨ ਕਰਦੇ ਹਾਂ ਜਿਸ ਵਿਚ ਉਸ ਸਮੇਂ ਦੀ ਕੂਕਾ ਲਹਿਰ ਦੀ ਅੰਦਰੂਨੀ ਤਸਵੀਰ ਅੱਧ ਪਚੱਧ ਮਲਵਈ ਉਪਭਾਖਾ ਵਿਚ ਬਿਆਨਣ ਵਿਚ, ਮਝੈਲ ਲੇਖਕ ਸਫਲ ਹੋਇਆ ਹੈ।

"ਜੈ ਸਿੰਘ ਡੈਰੀ ਪੜ੍ਹਦਾ ਹੈ-"

"ਜਨਾਬ ਠਾਣੇਦਾਰ ਸੈਹਬ! ਥਾਣਾਂ ਡੇਹਲੋਂ। ਮੇਰੀ ਅਰਜ਼ ਇਹ ਹੈ ਕਿ ਮੇਰੇ ਪਿੰਡ ਲੋਹਗੜ੍ਹ ਵਿਚ ਕੂਕੇ ਅਤਰ ਸਿਓ ਦੇ ਘਰ ਬਹੁਤ ਸਾਰੇ ਕੂਕੇ ਆਏ ਹੋਏ ਨੇ। ਥੋਨੂੰ ਪਤਾ ਹੀ ਹੈ ਕਿ ਇਹ ਭੈਣੀ ਵਾਲੇ ਰਾਮ ਸੋਂਹ ਦੇ ਸਿੱਖ ਨੇ। ਸਰਕਾਰ ਨੇ ਏਨ੍ਹਾਂ ਦੇ ਗੁਰੂ ਨੂੰ ਦੇਸੋਂ ਜਿਲਾਵਤਨ ਕਰ ਦਿੱਤਾ ਹੈ। ਭੈਣੀ ਦੇ ਬਾਰ ਮੂਹਰੇ ਪੁਲਿਸ ਦਾ ਪਹਿਰਾ ਬਹਾਇਆ ਹੋਇਆ ਹੈ। ਸੱਤਰ ਅੱਸੀ ਕੂਕਿਆਂ ਨੂੰ ਮਲੇਰਕੋਟਲੇ ਤੋਪਾਂ ਮੂਹਰੇ ਉਡਾਇਆ ਗਿਆ ਸੀ। ਹਜ਼ਾਰਾਂ ਕੂਕਿਆਂ ਦੀਆਂ ਜੈਦਾਤਾਂ ਸਰਕਾਰ ਨੇ ਜਪਤ ਕਰ ਲਈਆਂ ਹੈਨ। ਸਰਕਾਰ ਦਾ ਹੁਕਮ ਲਏ ਤੋਂ ਬਿਨਾਂ ਪੰਜ ਕੂਕੇ ਵੀ ਕੱਠੇ ਨਹੀਂ ਹੋ ਸਕਦੇ। ਏਨ੍ਹਾਂ ਦੇ ਕੋਲ ਖਲੋਣ ਵਾਲਿਆਂ ਨੂੰ ਵੀ ਪੁਛਗਿਛ ਹੁੰਦੀ ਹੈ। ਰਾਜਿਆਂ ਦੀ ਵੀ ਏਹਨਾਂ ਤੇ ਕੈਰੀ ਅੱਖ ਹੈ। ਸਾਨੂੰ ਹੁਕਮ ਹੈ ਕਿ ਜਿਸ ਪਿੰਡ ਵਿਚ ਏਹ ਕੱਠੇ ਹੋਣ ਥਾਣੇ ਤਲਾਹ ਦੇਣੀ। ਮੇਰੇ ਪਿੰਡ ਵਿਚ ੧ ਮਾਘ ਸੰਮਤ ੧੯੩੧ ਤੋਂ ਸਬਾਰਾ ਸੈਹਬ ਦੇ ਪੰਜ ਪਾਠ ਤੋਰੇ ਹੋਏ ਹਨਗੇ। ਥਾਣੇਦਾਰ ਜੀ ਕੂਕੇ ਜਦ ਦਮਾਨ ਲੌਂਦੇ ਹਨ ਬੜਾ ਖਰੂਦ ਕਰਦੇ ਨੇ। ਸਰਕਾਰ ਦੀ ਬਰਖਲਾਫੀ ਕਰਦੇ ਰੱਜਦੇ ਨਹੀਂ। ਬਾਹਲਾ ਹੀ ਰੌਲਾ ਪਾਈ ਰਖਦੇ ਹਨਗੇ। ਕਹਿੰਦੇ ਨੇ ਅੰਗਰੇਜ਼ਾਂ ਦਾ ਰਾਜ ਨਹੀਂ ਰਹਿਣ ਦੇਣਾ। ਬੇੜਾ ਡੋਬਕੇ ਛੱਡਣਾ ਏ। ਏਹ ਸਾਡੇ ਪਾਤਸ਼ਾਹਾਂ ਨੂੰ ਫੜ ਕੇ ਲੈ ਗਏ ਹਨ।

"ਕਲ੍ਹ ਜਦੋਂ ਅਰਦਾਸੀਆ ਕੂਕਾ ਅਰਦਾਸ ਕਰਦਾ ਸੀ, ਉਹ ਉੱਚੀ ਉੱਚੀ ਕਹਿੰਦਾ ਸੀ, ਪਾਤਸ਼ਾਹ! ਮਲੇਛ ਰਾਜ ਦਾ ਨਾਸ ਕਰ। ਸੰਤ ਖਾਲਸੇ ਦਾ ਪ੍ਰਕਾਸ਼ ਕਰ। ਗਊਆਂ ਦੀ ਰਿੱਛਿਆ ਕਰ, ਅੰਗਰੇਜ਼ ਗਊਆਂ ਖਾਈ ਜਾਂਦੇ ਹਨ। ਏਨ੍ਹਾਂ ਦਾ ਸੱਤਿਆਨਾਸ ਕਰ। ਠਾਣੇਦਾਰ ਸਾਹਿਬ ਮੈਂ ਵੇਲੇ ਸਿਰ ਖਬਰ ਕਰ ਦਿੱਤੀ ਹੈ। ਆਪ ਇੰਤਜ਼ਾਮ ਕਰ ਲਵੋ ਮਤਾਂ ਕੋਈ ਉਪੱਦ੍ਰ ਕਰ ਦਿੰਦੇ ਹੋਣ। ਜੇ ਤੁਸੀਂ ਬੰਦੋਬਸਤ ਨਾਂ ਕਰੋਗੇ ਤਾਂ ਮੈਂ ਪੁਲਸ-ਕਪਤਾਨ ਕੋਲ ਜਾਵਾਂਗਾ।

ਬਾਰ-ਬਾਰ ਤਾਕੀਦ ਹੈ।
ਸਰਕਾਰ ਦਾ ਖ਼ੈਰ-ਖਾਹ-
ਜੈ ਸਿੰਘ ਲੋਹਗੜ੍ਹ।"[20]

ਅੱਜ ਦੇ ਯੁੱਗ ਵਿਚ ਕੋਈ ਸੋਚ ਵੀ ਸੱਕਦਾ ਹੈ ਕਿ ਸਾਧਾਰਨ ਜਾਂ ਅਖੰਡ ਪਾਠ ਕਰਨ ਬਦਲੇ ਵੀ ਐਡੀ ਸਖਤ ਸਜ਼ਾ ਮਿਲਦੀ ਹੈ। ਕੂਕੇ ਸੰਗਰਾਮੀਆਂ ਨੇ ਸੁਤੰਤਰਤਾ ਦੀ ਬਲੀ ਵੇਦੀ ਤੇ ਆਪਣੇ ਪ੍ਰਾਣ ਭਾਈ ਅਤਰ ਸਿੰਘ ਜਿਉਂ ਤਿਲ ਤਿਲ ਕਰਕੇ ਹੋਮ ਕਰ ਦਿੱਤੇ ਸਨ। ਮਹਿੰਗਾ ਮੁੱਲ ਤਾਰ ਕੇ ਲਈ ਆਜ਼ਾਦੀ ਦੀ ਹੁੰਦੀ ਦੁਰਦਸ਼ਾ ਵੇਖ ਕੇ ਮਨ ਉਪਰਾਮ ਤਾਂ ਹੁੰਦਾ ਹੈ। ਪਰ ਇਸ ਲਈ ਜੱਦੋ ਜਹਿਦ ਜਾਰੀ ਰੱਖਣਾ ਕਿ ਗਊ ਗਰੀਬ ਦੇ ਗਲੇ ਤੋਂ ਛੁਰੀ ਲਹੇ, ਉਹੋ ਜਿਹੇ ਮੁਲਕ ਦਾ ਨਕਸ਼ਾ ਹੀ, ਸਤਿਗੁਰੂ ਰਾਮ

ਸਿੰਘ ਅਤੇ ਉਸਦੀ ਵਾਟ ਤੇ ਚੱਲਣ ਵਾਲਿਆਂ ਸੂਰਬੀਰਾਂ ਨੇ ਮਿਥਿਆ ਸੀ। ਸ਼ਹੀਦ ਭਾਈ ਅਤਰ ਸਿੰਘ ਲੋਹਗੜ੍ਹ ਮਨੁੱਖ ਮਾਤਰ ਦੀ ਬੰਦਖਲਾਸੀ ਲਈ ਵਿੱਢੇ ਮਹਾਨ ਘੋਲ ਦਾ ਵੱਡਾ ਸ਼ਹੀਦ ਸੀ। ਉਹਦੀ ਯਾਦ ਆਉਣ ਵਾਲੀਆਂ ਨਸਲਾਂ ਲਈ ਚਾਨਣ ਮੁਨਾਰੇ ਦਾ ਕੰਮ ਦੇਵੇਗੀ।

**ਨੋਟ**-ਕਿਉਂਕਿ ਸਰਕਾਰ ਅੰਗਰੇਜ਼ੀ ਨੇ ਲੋਹਗੜ੍ਹ ਕੇਸ ਦੇ ਰਿਕਾਰਡ ਨੂੰ ਆਪਣੇ ਦਸਤਾਵੇਜ਼ਾਂ (ਕਾਗਜ਼ਾਂ) ਵਿਚ ਭਾਈ ਅਤਰ ਸਿੰਘ ਹੋਰਾਂ ਦੀ ਸ਼ਹੀਦੀ ਦੇ ਸੰਦਰਭ ਵਿਚ ਲੁਕਾ ਕੇ ਰੱਖਣ ਦੀ ਪੂਰੀ ਕੋਸ਼ਿਸ਼ ਕੀਤੀ, ਮਹੱਤਵਪੂਰਨ ਕੂਕਿਆਂ ਵਾਲੀ ਸੂਚੀ ਵਿਚ ਸਿਰਫ ਇਕ ਥਾਂ ਤੇ ਹੀ ਭਾਈ ਅਤਰ ਸਿੰਘ ਦੀ ਸ਼ਹੀਦੀ ਦਾ ਜ਼ਿਕਰ ਆਇਆ ਹੈ। ਸਾਡੇ ਕੋਲ ਰਿਕਾਰਡ ਤੋਂ ਬਿਨਾਂ ਭਾਈ ਬਾਹੋਵਾਲ, ਆਲਿਮ ਜੀ ਅਤੇ ਚੱਕ੍ਰਵਰਤੀ ਜੀ ਦੀਆਂ ਲਿਖਤਾਂ ਵਿਚ ਇਹ ਵੇਰਵੇ, ਨਾਵਾਂ ਥਾਵਾਂ ਅਤੇ ਕੈਦ ਦੀ ਮਿਆਦ ਬਾਰੇ ਕੁਝ ਅੰਤਰ ਦਰਸਾਉਂਦੇ ਹਨ। ਜੇ ਤਾਂ ਇਸ ਕੇਸ ਦੀ ਮਿਸਲ ਦਸਤਾਵੇਜ਼ਾਂ 'ਚੋਂ ਉਪਲਬਧ ਹੋ ਜਾਵੇ ਤਾਂ ਬਿਹਤਰ। ਨਹੀਂ ਤਾਂ ਕੈਦ ਕਟਣ ਵਾਲੇ ਸਿੰਘਾਂ ਦੀ ਸੂਚੀ ਨੂੰ ਦੁਬਾਰਾ ਸਾਰੇ ਸੋਮਿਆਂ ਨਾਲ ਮਿਲਾ ਕੇ ਸੋਧਿਆ ਜਾਵੇ। ਪਰ ਅਸੀਂ ਆਪਣੇ ਵਲੋਂ ਆਲਿਮ ਜੀ ਦੀ ਸੂਚੀ ਨੂੰ ਪ੍ਰਮਾਣੀਕ ਮੰਨਦੇ ਹਾਂ ਕਿਉਂਕਿ ਸਮਕਾਲੀ ਇਤਿਹਾਸਕਾਰ ਕਾਲ੍ਹਾ ਸਿੰਘ ਨੰਗਲ ਦੇ ਪੁੱਤਰ ਬਿਸ਼ਨ ਸਿੰਘ ਹਿਸਟੋਰੀਅਨ ਜੋ ਕਿ ਇਸ ਖਿੱਤੇ ਦਾ ਸੀ, ਉਸਦੇ ਖੋਜ ਨੋਟਾਂ ਨੂੰ ਆਲਿਮ ਜੀ ਨੇ ਆਪਣੀ ਰਚਨਾ ਦਾ ਆਧਾਰ ਬਣਾਇਆ ਸੀ।

## ਹਵਾਲੇ ਤੇ ਟਿੱਪਣੀਆਂ


1. ਗੁਰੂ ਰਾਮ ਸਿੰਘ ਐਂਡ ਦਾ ਕੂਕਾ ਸਿਖਜ਼ ਨਾਹਰ ਸਿੰਘ ਐਮ. ਏ., ਸਫਾ ੧੩੩ (ਜਿਲਦ ਤੀਜੀ)
2. ਉਹੀ- ਸਫਾ ੧੩੦
3. ਸਾਕਾ ਮੇਲਰ ਕੋਟਲਾ- ਕਵੀ ਨਿਰੰਜਨ ਸਿੰਘ ਮ੍ਰਿਗੇਸ਼ (ਸੰ. ਸੁਵਰਨ ਸਿੰਘ ਸਨੇਹੀ) ੨੦੦੫ ਈ. ਮ੍ਰਿਗੇਸ਼ ਪਰਿਵਾਰ ਅੰਮ੍ਰਿਤਸਰ ਖੁਰਦ (ਸਿਰਸਾ) ਸਫਾ ੧੦੮
4. ਸਤਿਗੁਰੂ ਬਿਲਾਸ- ਭਾਗ ਪਹਿਲਾ- ਭਾਈ ਸੰਤੋਖ ਸਿੰਘ ਬਾਹੋਵਾਲ ਸਫਾ ੩੫੭
5. ਕੂਕਾਜ਼ ਆਫ ਨੋਟ ਇਨ ਦਾ ਪੰਜਾਬ- ੧੯੮੧ (ਸੰ. ਜਸਵਿੰਦਰ ਸਿੰਘ ) ਸਫਾ ੪੦-੪੧
6. ਸਤਿਜੁਗ ਦਾ ਸੰਤ ਅੰਕ (੨)- ਸ੍ਰੀ ਭੈਣੀ ਸਾਹਿਬ ੧੯੯੮ ਮੁਤਾਬਿਕ ੧੯੪੨ ਈ. ਸਫਾ- (੧-੧੮)
7. ਕੂਕਾਜ਼ ਆਫ ਨੋਟ ਇਨ ਦਾ ਪੰਜਾਬ- ਸਫਾ ੪੦-੪੧
8. ਉਹੀ- ਸਫਾ ੪੨-੪੩
9. ਸਤਿਜੁਗ ਦਾ ਸੰਤ ਅੰਕ (੨) ਸਫਾ ੨੩

10. ਸਤਿਗੁਰੂ ਦਾ ਬਸੰਤ ਅੰਕ (ਮਾਘ ਫਗਣ ੨੦੧੦ ਬਿ., ਸ੍ਰੀ ਜੀਵਨ ਨਗਰ, ਸਫ਼ਾ ੧੫੧
11. ਉਹੀ ਸਫ਼ਾ ੧੫੫-੧੫੬
12. ਸਤਿਜੁਗ ਦਾ ਸੰਤ ਅੰਕ (੨) ਸਫ਼ਾ ੧੭
13. ਸਤਿਗੁਰੂ ਬਿਲਾਸ ਭਾਗ ਦੂਜਾ ਭਾਈ ਸੰਤੋਖ ਸਿੰਘ ਬਾਹੋਵਾਲ- ਸਫ਼ਾ ੭੬-੭੭
14. ਉਹੀ- ਸਫ਼ਾ ੭੬-੭੭
15. ਕੂਕਾਜ਼ ਆਫ ਨੋਟ ਇਨ ਦਾ ਪੰਜਾਬ- ਸਫ਼ਾ ੩੦-੩੧
16. ਉਹੀ ਸਫ਼ਾ ੩੮-੩੯
17. ਉਹੀ ਸਫ਼ਾ ੩੮-੩੯
18. ਉਹੀ, ਸਫ਼ਾ, ੧੬-੧੭
19. ਸਤਿਜੁਗ ਦਾ ਸੰਤ ਅੰਕ (੨)- ਸਫ਼ਾ ੧੫
20. ਸਤਿਜੁਗ ਦਾ ਬਸੰਤ ਅੰਕ ੨੦੧੦ ਬਿ., ਸਫ਼ਾ ੧੫੬-੫੭

# ਅੰਮ੍ਰਿਤਸਰ ਨਿਵਾਸੀ
# ਭਾਈ ਮਹਿਤਾਬ ਸਿੰਘ ਪਕੌੜੀਆ

ਨਾਮਧਾਰੀ ਇਤਿਹਾਸ ਵਿੱਚ, ਅੰਬਾਲਾ ਡਿਵੀਜ਼ਨ ਦੇ ਕਾਰਜਕਾਰੀ ਕਮਿਸ਼ਨਰ ਮਿ. ਜੇ. ਡਬਲਯੂ. ਮੈਕਨੇਬ ਦੀ ੪ ਨਵੰਬਰ ੧੮੭੧ ਦੀ ਇੱਕ ਯਾਦਦਾਸ਼ਤ, ਬਹੁਤ ਮਹੱਤਵਪੂਰਨ ਸਮਝੀ ਜਾਂਦੀ ਹੈ ਅਤੇ ਇਸ ਨੂੰ "ਮੈਕਨੇਬ ਰੀਪੋਰਟ" ਕਿਹਾ ਜਾਂਦਾ ਹੈ। ਇਸ ਵਿੱਚ ਦਰਜ ਹੈ ਕਿ ਹਰ ਕੂਕਾ ਜੋ ਪੜ੍ਹ ਸਕਦਾ ਹੈ, ਲਾਹੌਰ ਦੇ ਆਮ ਜਾਣੇ ਜਾਂਦੇ ਬਾਗ਼ੀਆਨਾ ਤਬੀਅਤ ਵਾਲੇ, ਦੀਵਾਨ ਬੂਟਾ ਸਿੰਘ ਦੇ ਛਾਪੇਖਾਨੇ ਵਿੱਚੋਂ ਛਪੀ, ਇੱਕ ਪੋਥੀ ਆਪਣੇ ਪਾਸ ਰੱਖਦਾ ਹੈ। ਜਿਸ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੇ (ਦਸਮ) ਗਰੰਥ ਵਿੱਚੋਂ ਉਗਰਦੰਤੀ ਅਤੇ ਜੰਗ ਲਈ ਉਕਸਾਉਣ ਵਾਲੀਆਂ ਬਾਣੀਆਂ ਦਰਜ ਹੁੰਦੀਆਂ ਹਨ। ਇਹਨਾਂ ਤੋਂ ਬਿਨਾਂ 'ਸੌ ਸਾਖੀ' ਪੁਸਤਕ ਜਿਸ ਵਿੱਚ ਗੁਰੂ ਰਾਮ ਸਿੰਘ ਅਤੇ ਉਹਨਾਂ ਦੇ ਪਿਤਾ ਦਾ ਨਾਮ ਦਰਜ ਹੈ, ਬਾਬਾ ਅਜਿੱਤਾ ਦੀ ਗੋਸ਼ਟਿ ਜਾਂ ਬਾਬਾ ਅਜਿਤਾ (ਰੰਧਾਵਾ) ਦੀ ਭਵਿੱਖ ਬਾਣੀ, ਜੋ ਪਹਿਲੀ ਕਿਤਾਬ ਜਿਉਂ ਭਵਿਖ ਬਾਣੀਆਂ ਬਾਰੇ ਹੀ ਹੈ ਅਤੇ "ਕਰਨੀ ਨਾਮਾ" ਜਿਸ ਵਿੱਚ ਇਹ ਭਵਿੱਖ ਬਾਣੀਆਂ ਹਨ ਕਿ ਖਾਲਸਾ ਕਿਵੇਂ ਅੰਗਰੇਜ਼ਾਂ ਨੂੰ ਕੱਢ ਕੇ ਦਿੱਲੀ ਤੇ ਕਬਜ਼ਾ ਕਰ ਲਵੇਗਾ। ਇਹ ਤਿੰਨ ਅਣਛਪੀਆਂ ਕਿਤਾਬਾਂ ਵੀ ਕੂਕਿਆਂ ਵਿੱਚ ਪਰਚਿਲਤ ਹਨ। ਇੰਸਪੈਕਟਰ ਇਮਦਾਦ ਅਲੀ ਨੇ ਅੰਮ੍ਰਿਤਸਰ ਬੁੱਚੜ ਬੁੱਧ ਸਾਕੇ ਦਾ ਇਕਬਾਲ ਕਰਨ ਵਾਲੇ, ਭਾਈ ਬੀਹਲਾ ਸਿੰਘ ਨਾਰਲੀ ਦੇ ਘਰੋਂ, ਇਹ ਤਿੰਨੇ ਕਿਤਾਬਾਂ ਪਕੜੀਆਂ ਅਤੇ ਜ਼ਿਲ੍ਹੇ ਦੇ ਪੁਲਸ ਅਧਿਕਾਰੀ ਟਰਟਨ ਸਮਿੱਥ ਨੂੰ ਦੇ ਦਿੱਤੀਆਂ। ਜਿਹਨੇ ਇਹਨਾਂ ਤਿੰਨਾਂ ਕਿਤਾਬਾਂ ਦਾ ਅੰਗਰੇਜ਼ੀ ਵਿੱਚ ਤਰਜਮਾ ਕੀਤਾ। ਇਹ ਕਿਤਾਬਾਂ ਬਿਲਕੁਲ ਬਗਾਵਤ ਦਾ ਪਰਚਾਰ ਕਰਨ ਵਾਲੀਆਂ ਹਨ।[1]

ਅੰਗਰੇਜ਼ ਸਰਕਾਰ ਇਹਨਾਂ ਸਾਖੀਆਂ ਦੀ ਆਪਣੇ ਰਾਜ ਲਈ ਪਰਿਹਾਰਿਕ (ਹਮਲਾਵਰ), ਸਮਰੱਥਾ ਤੋਂ ਭਲੀ ਭਾਂਤ ਜਾਣੂ ਸੀ। ਉਸ ਨੂੰ ਪਤਾ ਸੀ ਕਿ ਪੂਰਬ ਦੇ ਦੇਸ਼ਾਂ ਵਿੱਚ ਲੋਕ ਮਨਾਂ ਨੂੰ, ਸੀਨਾ-ਬਸੀਨਾ ਤੁਰੀਆਂ ਆਉਂਦੀਆਂ ਇਹ ਸਾਖੀਆਂ ਜਾਂ ਭਵਿੱਖਤ ਵਾਕ, ਕਿਸ ਤਰ੍ਹਾਂ ਉਤੇਜਿਤ ਕਰਕੇ, ਉਹਨਾਂ ਨੂੰ ਸੰਘਰਸ਼ ਦੇ ਪਿੜ ਵਿੱਚ ਲਿਆ ਸੁੱਟਦੇ ਹਨ। ਇਸ ਲਈ ਅੰਗਰੇਜ਼ ਸਰਕਾਰ ਨੇ ਆਪਣੇ ਇਕ ਖੁਫੀਆ ਸੂਹੀਏ ਅਤੇ ਕੂਕਿਆਂ ਜਾਂ ਹੋਰ ਦੇਸ਼ ਭਗਤ ਤਹਿਰੀਕਾਂ ਬਾਰੇ , ਉਹਨਾਂ ਨੂੰ ਲਗਾਤਾਰ ਸਲਾਹ-ਮਸ਼ਵਰਾ ਦਿੰਦੇ ਰਹਿਣ ਵਾਲੇ ਅੰਗਰੇਜ਼ੀ ਪੜ੍ਹੇ ਲਿਖੇ, ਸ੍ਰ. ਅਤਰ ਸਿੰਘ ਭਦੌੜ ਦੇ ਜ਼ਿੰਮੇ, "ਸੌ ਸਾਖੀ" ਅਤੇ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ ਪਰਾਪਤ ਕਰਕੇ ਉਹਨਾਂ ਨੂੰ ਅਨੁਵਾਦਤ ਕਰਨ ਦਾ ਕੰਮ ਲਾਇਆ ਸੀ, ਜਿਹੜਾ ਉਹ ੧੮੭੩ ਤੋਂ ੧੮੮੫ ਈ.

ਤੱਕ, ਕੂਕਿਆਂ ਬਾਰੇ ਆਪਣੀਆਂ ਰੀਪੋਰਟਾਂ ਭੇਜਣ ਦਾ, ਲਗਾਤਾਰ ਕਰਦਾ ਰਿਹਾ। ਇਸ ਵਿੱਚ ਉਹ ਸੰਨ ੧੯੭੬ ਦੇ ਅਕਤੂਬਰ ਮਹੀਨੇ ਉਸ ਸਮੇਂ ਦੇ ਸਿਰਸਾ (ਹੁਣ ਫਾਜ਼ਿਲਕ) ਜ਼ਿਲ੍ਹਾ ਦੇ ਅਬੋਹਰ ਲਾਗੇ ਦੇ ਪਿੰਡ ਹਰੀਪੁਰਾ ਵਿੱਚੋਂ ਇੱਕ ਸਾਖੀ-ਪੋਥੀ ਮਿਲਣ ਦਾ ਜ਼ਿਕਰ ਵੀ ਕਰਦਾ ਹੈ। ਜਿਸ ਦਾ ਉਤਾਰਾ ਗੁਰੂ ਰਾਮ ਸਿੰਘ ਜੀ ਪਾਸ ਵੀ ਕੂਕਿਆਂ ਨੇ ਪਹੁੰਚਾ ਦਿੱਤਾ, ਜਿਸ ਨੂੰ ਬਡ ਤੀਰਥ ਵਾਲੀ ਪੋਥੀ ਕਿਹਾ ਜਾਂਦਾ ਸੀ। ਇਸ ਦਾ ਕੁਝ ਭਾਗ ਵੀ ਇਹਨਾਂ ਭਵਿੱਖਤ ਬਚਨਾਂ ਵਾਲੀਆਂ ਸਾਖੀਆਂ ਜੋ ਕੂਕਾ ਅੰਦੋਲਨ ਦੀ ਮਜ਼ਬੂਤੀ ਅਤੇ ਸਤਿਗੁਰੂ ਰਾਮ ਸਿੰਘ ਜੀ ਦੇ ਪੰਜਾਬ ਵਾਪਸ ਆਉਣ ਵਾਲੇ ਸੰਕੇਤ ਕਰਦੀਆਂ ਸਨ ਵੀ ਸਰਕਾਰ ਦੇ ਰੀਕਾਰਡ ਵਿੱਚ, ਅੰਗਰੇਜ਼ੀ ਵਿੱਚ ਅਨੁਵਾਦਿਤ ਹੋਈਆਂ ਮਿਲਦੀਆਂ ਹਨ।[2]

ਇਸੇ ਸਮੇਂ ਹੀ ਕੂਕਿਆਂ ਵਿੱਚ ਭਵਿੱਖਤ ਬਚਨਾਂ ਨਾਲ ਸੰਬੰਧਤ ਇੱਕ ਹੋਰ ਰਚਨਾ ਵੀ ਪੰਜਾਬੀ ਵਿੱਚ ਪਹਿਲਾਂ ਲਿਖ ਕੇ ਅਤੇ ਫਿਰ ਉਨੀਵੀਂ ਸਦੀ ਦੇ ਅਖੀਰ ਜਾਂ ਵੀਹਵੀਂ ਦੇ ਪਹਿਲੇ ਸਾਲਾਂ ਵਿੱਚ ਛਪਵਾ ਕੇ ਵੰਡੀ ਜਾਂਦੀ ਹੈ, ਜਿਸ ਦਾ ਨਾਮ "ਗੁਰਿੰਡ-ਨਾਮਾ" ਹੈ। ਇਹ ਭਾਰਤੀ ਪੌਰਾਣਿਕ ਸਾਹਿਤ ਵਿੱਚ ਮਿਲਦੇ ਗਰੰਥ ਸ੍ਰੀ ਭਾਗਵਤ ਪੁਰਾਣ ਦੇ ਬਾਹਰਵੇਂ ਸਕੰਧ ਦੇ ਭੋਗਲ ਅਧਿਆਇ ਦਾ ਰੂਪਾਂਤਰਣ ਹੈ ਜਿਸ ਵਿੱਚ ਸੁਕਦੇਵ ਮੁਨੀ ਰਾਜੇ ਪਰੀਛਤ ਨੂੰ ਚੌਦਾਂ ਗੁਰੂਆਂ ਦੀ ਮਹਿਮਾ ਵੀ ਵਰਨਣ ਕਰਦਾ ਹੈ। ਇਸ ਗਰੰਥ ਵਿੱਚ ਹੇਠਲੇ ਹਵਾਲੇ ਮਿਲਦੇ ਹਨ ਜਿਹਨਾਂ ਨੂੰ ਨਾਮਧਾਰੀ ਸਿੰਘ, ਸਤਿਗੁਰੂ ਰਾਮ ਸਿੰਘ ਜੀ ਅਤੇ ਉਹਨਾਂ ਦੇ ਪੰਥ ਦੇ ਪਰਗਟ ਹੋਣ ਬਾਰੇ ਅਤੇ ਸਤਿਗੁਰੂ ਜੀ ਦੇ ਫਿਰ ਪੰਜਾਬ ਵਿੱਚ ਆ ਕੇ, ਆਪਣਾ ਤਖਤ ਤਾਜ ਸੰਭਾਲਣ ਬਾਰੇ ਪਰਮਾਣ ਵਜੋਂ ਲੈਂਦੇ ਹਨ-

"ਜਾਮੇ ਧਾਰੇ ਦਸ ਗੁਰੂ ਨਵ ਸਤਿ ਕਲਾ ਸੁਧਾਰ ॥
ਗੁਪਤ ਗਿਯਾਰਵਾਂ ਖੇਲਸੀ ਕੋਈ ਨਾ ਪਾਵੇ ਪਾਰ ॥੭॥
ਜਾਮਾ ਪਹਿਰੈ ਯਾਰਵਾਂ ਬਾਜਾਪੁਰ ਕੇ ਮਾਹਿੰ ॥
ਸੰਗਤ ਮਿਲੈ ਕ੍ਰੋੜ ਦੋਇ ਦਰਸ ਦਿਖਾਵੈਂ ਤਾਹਿੰ ॥੮॥

ਜਾਮਾ ਪਹਿਰੈ ਬਾਰਵਾਂ ਪ੍ਰਗਟੈ ਆਦਿ ਰਘੁਬੰਸ ॥
ਸੰਗਤ ਮਿਲੈ ਆਨੰਤ ਤਬ ਮਾਨੋ ਕੋਟ ਸਹੰਸ ॥੧੧॥

ਦੁਆਦਸ ਪੁਰਖ ਹੈ ਆਦਿ ਸੇ ਸਬਹਨ ਕੇ ਸਿਰਮੌਰ ॥
ਸਕਤਿ ਅਨੰਤੀ ਆਇੰਗੇ ਆਦਿ ਇਹੈ ਨਹੀਂ ਔਰ ॥੧੨॥

ਯਾਹੀ ਕੁਲ ਤੇ ਪ੍ਰਗਟ ਹੋਇ ਤਾਹੀ ਕੁਲ ਕੋ ਨਾਮ ॥
ਪੁਨ ਦੁਆਦਸ ਗੁਰਿੰਡ ਕੋ ਮੇਰੀ ਹੈ ਪ੍ਰਨਾਮ ॥੧੫॥

ਪ੍ਰਗਟ ਬਾਰਵਾਂ ਬੱਪ ਦਰਸਾਵੈ ॥

ਨਰ ਨਾਰੀ ਕੋ ਨਾਮ ਜਪਾਵੈ ॥

ਥਿਤ ਖਸ਼ਟਮੀ ਸੁਰ ਗੁਰ ਵਾਰਾ ॥
ਭਸਮੰਤ ਨਗਰ ਸਤਲੁਧਰ ਕਨਾਰਾ ॥੧੭ ॥

ਕਲਿਜੁਗ ਤੇ ਸਤਿਗੁਰ ਕਰ ਠਾਨੋ ॥
ਤਬ ਹੀ ਬਾਰਵਾਂ ਬੱਪ ਪਹਿਚਾਨੋ ॥ (੨੭)

ਜੀਤ ਬਗਦਾਦ ਰਾਮਸਰ ਆਵੈ ।
ਚਮੂੰ ਅਪਾਰ ਗਣਤ ਨਹੀਂ ਪਾਵੈ ॥ ੬੧ ॥

ਜਗ ਅਸੂਮੇਧ ਰਾਮ ਸਰ ਕਰੈ ।
ਕੁਲ ਪੂਜਨ ਲਛ ਬਹੁ ਧਰੈਂ ॥

ਇਸ ਪਰਕਾਰ ਉਪਰੋਕਤ ਰਚਨਾ , ਉਸ ਸਮੇਂ ਕੂਕਾ ਪਰਚਾਰ ਦਾ ਇੱਕ ਮੁੱਖ ਸਾਧਨ ਸੀ। ਇਸ ਦੀਆਂ ਤੁਕਾਂ ਨੂੰ ਪਰਮਾਣ ਵਜੋਂ ਵਰਤ ਕੇ ਨਾਮਧਾਰੀ ਭਾਈਚਾਰਾ ਸਤਿਗੁਰੂ ਰਾਮ ਸਿੰਘ ਜੀ ਪਰਥਾਇ ਆਪਣੀ ਆਸਥਾ ਵੀ ਦਰਿੜ ਕਰਦਾ ਸੀ ਅਤੇ ਸਰਕਾਰ ਵਿਰੁੱਧ ਚੱਲ ਰਹੀ, ਕੂਕਾ ਲਹਿਰ ਵਿੱਚ ਵੀ ਨਵੀਂਆਂ ਅਸ਼ਾਵਾਂ ਤੇ ਉਮੰਗਾਂ ਭਰਦਾ ਸੀ ਕਿ ਜਦੋਂ ਵੀ ਮੌਕਾ ਮਿਲੇ ਜ਼ਾਲਮ ਵਿਦੇਸ਼ੀ ਸਰਕਾਰ ਵਿਰੁੱਧ ਰਣ ਤੱਤੇ ਵਿੱਚ ਜੂਝਣ ਤੋਂ ਗੁਰੇਜ ਨਹੀਂ ਕਰਨਾ ਚਾਹੀਦਾ। ਇਸ ਤਰ੍ਹਾਂ ਦੀ ਰਚਨਾ ਨੂੰ ਇਸ ਸਮੇਂ ਛਪਵਾ ਕੇ ਵੀ ਵੰਡਣ ਦਾ ਕੰਮ ਕੋਈ ਦਿਲ ਗੁਰਦੇ ਵਾਲਾ ਹੀ ਕਰ ਸਕਦਾ ਸੀ। ਇਸ ਤਰ੍ਹਾਂ ਦੀ ਹਰ ਭਵਿੱਖ ਬਾਣੀ ਦੇ ਛਾਪਕ ਤੇ ਪਰਚਾਰ ਕਰਨ ਵਾਲੇ ਤੇ ਸਰਕਾਰ ਆਪਣੀ ਗਹਿਰੀ ਨਜ਼ਰ ਰੱਖਦੀ ਸੀ। ਅੰਮ੍ਰਿਤਸਰ ਸ਼ਹਿਰ ਵਿਚ ਹੀ ਸਤਿਗੁਰੂ ਰਾਮ ਸਿੰਘ ਜੀ ਤੋਂ ਵਰੋਸਾਇਆ ਇਕ ਮਹਿਤਾਬ ਸਿੰਘ ਪਕੌੜੀਆ ਰਿਹਾ ਕਰਦਾ ਸੀ। ਉਸ ਨੇ ਕਿਹਨਾਂ ਹਾਲਾਤ ਵਿੱਚ ਅਤੇ ਕਿਸ ਤਰ੍ਹਾਂ ਇਸ ਰਚਨਾ ਨੂੰ, ੧੯੦੮-੦੯ ਈ. ਵਿੱਚ , ਜਦੋਂ ਪੰਜਾਬ ੧੯੦੭ ਦੇ ਕਿਸਾਨ ਉਭਾਰ ਵਾਲੇ ਅੰਦੋਲਨ ਵਿੱਚੋਂ ਲੰਘ ਰਿਹਾ ਸੀ, ਛਪਵਾਇਆ, ਇਸ ਦਾ ਰੌਚਕ ਵਰਣਨ ਸਾਨੂੰ ਜਥੇਦਾਰ ਗੁਰਮੁਖ ਸਿੰਘ ਜੀ ਦੇ ਸੰਸਮਰਣਾਂ ਵਿੱਚੋਂ ਮਿਲਦਾ ਹੈ। ਇਹਨਾਂ ਨੂੰ ਪਿਤਾ ਨੇ ਅੰਮ੍ਰਿਤਸਰ ਸਾਹਿਬ ਵਿੱਚ ਵਿਦਿਆ ਗ੍ਰਹਿਣ ਵਾਸਤੇ ਭੇਜਿਆ ਸੀ। ਪਰ ਸਾਧੂਆਂ ਦੇ ਡੇਰਿਆਂ ਤੇ ਜਾਂ ਅਖਾੜਿਆਂ ਵਿੱਚ ਉਸ ਬਾਲਕ ਦਾ ਜੀਅ ਨਾਂ ਲੱਗਦਾ ਤਾਂ ਉਹ ਆਪਣੇ ਟਿਕਾਣੇ ਤੋਂ ਨੱਸ ਕੇ ਭਾਈ ਮਹਿਤਾਬ ਸਿੰਘ ਪਕੌੜੀਏ ਦੀ ਦੁਕਾਨ ਤੇ ਪੁੱਜ ਜਾਂਦੇ ਸਨ। " ਉਥੇ ਕੁਝ ਸਮਾਂ (ਗਾਲਬਨ ੧੯੧੦ ਈ. ਦਾ ਨਵੰਬਰ ਦਸੰਬਰ ਮਹੀਨਾ) ਫਿਰ ਮੈਂ ਭਾਈ ਮਹਿਤਾਬ ਸਿੰਘ ਪਕੌੜਿਆਂ ਵਾਲੇ" ਦੀ ਦੁਕਾਨ ਤੇ ਵੀ ਬਤੀਤ ਕੀਤਾ। ਭਾਈ ਜੀ ਦਿਨੇ ਜ਼ਿਆਦਾ ਸਮਾਂ ਬਾਹਰ ਰਹਿੰਦੇ। ਉਹ ਉਦੋਂ 'ਗੁਰਿੰਡ ਨਾਮਾ' ਛਪਵਾ ਰਹੇ ਸਨ। ਮੈਨੂੰ ਉਹਨਾਂ ਨੇ ਪੁੜੀਆਂ (ਜਾਂ ਪੁੜੇ) ਬੰਨ੍ਹ ਕੇ ਦੇ ਜਾਣੀਆਂ ਕਿ ਪੈਸਾ, ਟਕਾ, ਆਨੇ, ਦੁਆਨੀ ਦੇ ਐਨੇ ਪਕੌੜੇ ਦੇਣੇ ਹਨ। ਮੈਂ ਉਸ

ਤਰ੍ਹਾਂ ਹੀ ਦੁਕਾਨ ਤੋਂ ਪਕੌੜਿਆਂ ਦਾ ਪੁੜਾ ਹੇਠਾਂ ਖਲੋਤੇ ਗਾਹਕ ਵੱਲ ਸੁੱਟ ਦਿੰਦਾ ਅਤੇ ਪੈਸੇ ਗੱਲੇ ਵਿੱਚ ਪਾ ਛੱਡਦਾ। ਇਹ ਗੁਰਿੰਡਨਾਮਾ ਹਿੰਦੂ ਜਾਂ ਸਿੱਖ ਪ੍ਰੈਸਾਂ ਵਾਲੇ ਤਾਂ ਅੰਗਰੇਜ਼ ਤੋਂ ਡਰਦਿਆਂ ਛਾਪਦੇ ਨਹੀਂ ਸਨ। ਇਕ ਮੁਸਲਮਾਨ ਪ੍ਰੈਸ ਵਾਲਾ ਜੋ ਅੰਮ੍ਰਿਤਸਰ ਵਿਚ ਹੀ ਸੀ, ਉਹ ਮੰਨ ਗਿਆ ਸੀ। ਪਰ ਉਹਦੇ ਨਰਾਜ਼ ਹੋਣ ਤੋਂ ਬਚਣ ਲਈ ਦੋ ਤੁਕਾਂ ਦੀ ਭਾਈ ਜੀ ਨੇ ਥਾਂ ਖਾਲੀ ਛੁਡਾ ਲਈ ਸੀ ਤੇ ਉਹ ਬਾਅਦ ਵਿੱਚ ਹੱਥ ਨਾਲ ਲਿਖੀਆਂ ਸਨ। ਤੁਕਾਂ ਸਨ :

"ਵੋਹ ਫੁਨ ਕਾਟੇ ਵੋਹ ਫੁਨ ਲਾਈ।
ਤੁਰਕਨ ਤੇਜ ਛੀਨ ਹੋ ਜਾਈ।"
(ਗੁਰਿੰਡਨਾਮੇ ਵਿੱਚ ਅਸਲੀ ਤੁਕਾਂ ਇਉਂ ਹਨ :
"ਵੋਹ ਕਾਟੇ ਵੋਹ ਪੁਨ ਲੱਗ ਜਾਵੇ॥
ਤੇਜ ਜੋਤ ਐਸੇ ਬਲ ਪਾਵੈ ॥੨੨॥
ਤੇਜ ਤੁਰਕ ਤੇ ਐਸੇ ਜਾਈ॥
ਜੈਸੇ ਘਾਸ ਕੋ ਅਗਨ ਲਗਾਈ ॥੨੦॥

ਭਾਈ ਮਹਿਤਾਬ ਸਿੰਘ ਵਿੱਚ ਕੂਕਿਆਂ ਵਾਲੀ ਸਪਿਰਟ ਭਰੀ ਸੀ।

ਏਨੇ ਨੂੰ ਊਠਾਂ ਵਾਲੇ ਬਾਬੇ ਸੰਤਾ ਸਿੰਘ, ਸੁਰਜਨ ਸਿੰਘ, ਵੀਰ ਸਿੰਘ ਹੋਰੀਂ ਆ ਗਏ। ਇਹ ਮੈਨੂੰ ਮੁਕਤਸਰ ਦੀ ਮਾਘੀ ਦੇ ਮੇਲੇ 'ਤੇ ਲੈ ਗਏ। ਇੱਥੇ ਸਤਿਗੁਰੂ ਜੀ ਦੇ ਦਰਸ਼ਨ ਦੀਦਾਰੇ ਕੀਤੇ। (ਇਹ ਮਾਘੀ ਜਨਵਰੀ ੧੯੧੧ ਈ. ਦੀ ਸੀ)।[4]

ਉਪਰੋਕਤ ਤੁਕਾਂ ਵਿੱਚ ਪਰਕਿਰਤੀ ਦੇ ਨਿਯਮ ਦੇ ਉਲਟ ਇਸਲਾਮੀ ਭਾਈਚਾਰੇ ਦੀ ਸੁੰਨਤ ਕਰਨ ਦੀ ਪਰੰਪਰਾ ਵੱਲ ਇਸ਼ਾਰਾ ਹੈ। ਭਾਈ ਮਹਿਤਾਬ ਸਿੰਘ ਨਹੀਂ ਸਨ ਚਾਹੁੰਦੇ ਕਿ ਉਹਨਾਂ ਦਾ ਬਣਿਆ ਬਣਾਇਆ ਕੰਮ, ਕਿਸੇ ਮੁਸਲਮਾਨ ਭਾਈ ਦੀ ਮਜ਼ਹਬੀ ਕੱਟੜਤਾ ਨੂੰ ਟੁੰਬਣ ਵਾਲੀਆਂ ਤੁਕਾਂ ਕਾਰਨ ਵਿੱਚੇ ਰਹਿ ਜਾਏ। ਸੋ ਬਾਅਦ ਵਿੱਚ ਉਪਰੋਕਤ ਪਾਠ ਆਪ ਲਿਖ ਕੇ ਗੁਰਿੰਡਨਾਮਾ ਸੰਪੂਰਣ ਕੀਤਾ। ਉਸ ਵੇਲੇ ਤੱਕ ਗੁਰਿੰਡਨਾਮਾ ਕੂਕਿਆਂ ਦੇ ਪਰਚਾਰ ਤੰਤਰ ਦਾ ਇੱਕ ਅਹਿਮ ਭਾਗ ਬਣ ਚੁੱਕਾ ਸੀ। ਇਸ ਵਿੱਚ ਇਹ ਵਿਖਾਇਆ ਗਿਆ ਸੀ ਕਿ ਤਬਦੀਲੀ ਕੁਦਰਤੀ ਨਿਯਮ ਹੈ। ਜਿਵੇਂ ਪਹਿਲੇ ਜਾਬਰ ਤੁਰਕ ਰਾਜ ਨਹੀਂ ਰਹੇ, ਜਾਂ ਧੱਕਾਸ਼ਾਹੀ ਕਰਨ ਵਾਲੇ ਸਿੱਖ ਨਹੀਂ ਰਹੇ, ਇਵੇਂ ਹੁਣ ਇਹ ਲੋਟੂ ਫਰੰਗੀ ਸਰਕਾਰ ਵੀ ਆਪਣੇ ਦਿਨ ਪੁਗਾ ਚੁਕੀ ਹੈ। ਸਤਿਗੁਰੂ ਰਾਮ ਸਿੰਘ ਜੀ ਆਉਣਗੇ ਤੇ ਫਿਰ ਆਮ ਲੋਕਾਂ ਨੂੰ ਹੱਕ ਸੱਚ ਅਤੇ ਨਿਆਂ ਦਾ ਸ਼ਾਸ਼ਨ ਯਕੀਨੀ ਬਣਾਇਆ ਜਾਏਗਾ। ਇਸ ਤੋਂ ਪਹਿਲਾਂ ਸਿਆਲਕੋਟ ਜ਼ਿਲ੍ਹੇ ਦੇ ਹੀ ਇੱਕ ਨਾਮਧਾਰੀ ਸਿੱਖ, ਭਾਈ ਧਰਮ ਸਿੰਘ, ਜਿਸ ਨੇ ਗੁਰਿੰਡਨਾਮਾ ਛਪਵਾਇਆ ਸੀ ਉਹ ਪਕੜਿਆ ਗਿਆ ਸੀ ਅਤੇ ਉਸ ਤੇ ਮੁਕੱਦਮਾ ਚਲਾ ਕੇ ਸਜ਼ਾ ਵੀ ਸੁਣਾਈ ਗਈ। ਮੇਰਾ ਖਿਆਲ ਹੈ ਕਿ ਇਹ ਉਹੋ ਧਰਮ ਸਿੰਘ ਸੀ ਜਿਸ ਦੇ ਪ੍ਰਭਾਵ ਹੇਠ ਬਾਅਦ ਵਿੱਚ ਭਾਈ ਨੱਥੂ ਰਾਮ ਗੁੱਲੂ ਸ਼ਾਹ (ਸਿਆਲਕੋਟ) ਦੇ ਮੇਲੇ ਤੇ, ਸਿੰਘ ਸਭਾ ਦੇ ਦੀਵਾਨ ਵਿੱਚ ਅੰਮ੍ਰਿਤਪਾਨ ਕਰਕੇ, ਸਾਹਿਬ ਸਿੰਘ ਬਣ ਗਿਆ ਸੀ, ਸਿਤੰਬਰ ੧੯੦੬ ਈ. ਵਿਚ। ਪ੍ਰੋ.

ਸਾਹਿਬ ਸਿੰਘ, ਪਰਸਿੱਧ ਸਿੱਖ ਵਿਦਵਾਨ ਦੀ ਆਤਮ ਕਥਾ "ਮੇਰੀ ਜੀਵਨ ਕਹਾਣੀ" ਅਨੁਸਾਰ, ਧਰਮ ਸਿੰਘ ਨੇ ਸੌ ਸਾਖੀ ਦੇ ਪਰਭਾਵ ਹੇਠ, ਦੋ-ਤਿੰਨ ਵੇਰ ਅੰਗਰੇਜ਼ ਸਰਕਾਰ ਵਿਰੁੱਧ ਵਿਦਰੋਹ ਦੀਆਂ ਕੋਸ਼ਿਸ਼ਾਂ ਕੀਤੀਆਂ ਜਿਹਨਾਂ ਵਿੱਚ ਅਲੂੰਆਂ ਸਾਹਿਬ ਸਿੰਘ ਅਤੇ ਕੁਝ ਹੋਰ ਯੁਵਾ ਜਨ ਵੀ ਸ਼ਾਮਲ ਹੋ ਚੱਲੇ ਸਨ। ਬਾਅਦ ਵਿੱਚ ਧਰਮ ਸਿੰਘ ਨੂੰ ਪੰਜ ਸਾਲ ਸਜ਼ਾ ਹੋਈ ਤੇ ਉਹ ਜਿਹਲ ਵਿੱਚ ਹੀ ਸ਼ਹੀਦ ਹੋ ਗਏ।[5] ਉਸ ਸਮੇਂ 'ਸੌ ਸਾਖੀ' ਜਾਂ ਹੋਰ ਅਜਿਹੇ "ਗੁਰਿੰਡਨਾਮੇ" ਆਦਿਕ ਧਾਰਮਿਕ ਪੁਸਤਕਾਂ ਦਾ ਗਹਿਰ ਗੰਭੀਰ ਅਧਿਅਨ ਅਤੇ ਅੰਗਰੇਜ਼ ਸਰਕਾਰ ਵਿਰੁੱਧ ਖੁੱਲ੍ਹਮ-ਖੁੱਲ੍ਹਾ ਬਗਾਵਤ ਦੇ ਯਤਨਾਂ ਲਈ ਤੁਰ ਪੈਣਾ, ਕੂਕਿਆਂ ਦਾ ਹੀ ਵੱਡਾ ਹੌਂਸਲਾ ਭਰਪੂਰ ਉਦਮ ਗਿਣਿਆ ਜਾਂਦਾ ਸੀ। ਅਜਿਹੇ ਮਾਹੌਲ ਵਿੱਚ ਆਪਣੇ ਅੰਮ੍ਰਿਤਸਰ ਸ਼ਹਿਰ ਵਿੱਚ ਚੱਲਦੇ ਪਕੌੜਿਆਂ ਦੇ ਕਾਰੋਬਾਰ ਨੂੰ ਇੱਕ ਬਾਲਕ ਦੇ ਹਵਾਲੇ ਕਰਕੇ, ਸਾਰਾ ਸਾਰਾ ਦਿਨ ਦੁਕਾਨ ਤੋਂ ਗਾਇਬ ਰਹਿਣਾ, ਇਹ ਭਾਈ ਮਹਿਤਾਬ ਸਿੰਘ ਜੈਸਾ ਸਤਿਗੁਰੂ ਦਾ ਪਿਆਰਾ ਦੇਸ਼ ਭਗਤ ਹੀ ਕਰ ਸਕਦਾ ਸੀ, ਜਿਸ ਦੇ ਸੀਨੇ ਵਿੱਚ ਅੱਠੋ ਪਹਿਰ ਵਿਦੇਸ਼ੀ ਰਾਜ ਦੇ ਖਾਤਮੇ ਦੀ ਲਾਟ ਬਲਦੀ ਰਹਿੰਦੀ ਹੋਵੇ।

ਭਾਈ ਮਹਿਤਾਬ ਸਿੰਘ ਨਾਲ ਮੁੱਢਲੀ ਜਾਣ ਪਹਿਚਾਣ ਲਈ, ਅਸੀਂ ਪੰਜਾਬ ਸਰਕਾਰ ਵੱਲੋਂ ਜ਼ੇਰ-ਨਿਗਰਾਨੀ, ੧੮੮੦ ਈ. ਵਿੱਚ ਤਿਆਰ ਕੀਤੀ, ਖੁਫੀਆ ਰੀਪੋਰਟ ਵਿੱਚ, ਅੰਮ੍ਰਿਤਸਰ ਜ਼ਿਲ੍ਹੇ ਨਾਲ ਸੰਬੰਧਤ ਸੂਚੀ ਵਿੱਚ ਆਪ ਦਾ ਨਾਮ ੬ ਨੰਬਰ ਤੇ ਦਰਜ ਵੇਖਦੇ ਹਾਂ। ਉਹਨਾਂ ਦੇ ਪਿਤਾ ਜੀ ਦਾ ਨਾਮ ਸ੍ਰ. ਪਰੇਮ ਸਿੰਘ ਸੀ। ਨਿਵਾਸ ਅਸਥਾਨ ਅੰਮ੍ਰਿਤਸਰ ਸ਼ਹਿਰ ਅਤੇ ਕਿੱਤਾ ਪਕੌੜੇ ਵੇਚਣ ਦਾ ਕਰਦੇ ਸਨ। ਉਹਨਾਂ ਦੇ ਨਾਮ ਨਾਲ ਮਹਿਤਾਬ ਸਿੰਘ "ਪਕੌੜਾ ਵਾਲਾ" ਲਿਖਿਆ ਹੈ ਜਦੋਂ ਕਿ ਸੰਗਤ ਵਿੱਚ ਪ੍ਰਚਲਿਤ ਨਾਮ ਮਹਿਤਾਬ ਸਿੰਘ ਪਕੌੜੀਆ ਹੀ ਸੀ। ਉਹ ਉਚੇ ਲੰਮੇ ਪਤਲੇ ਸਰੀਰ ਅਤੇ ਚੰਗੀ ਸ਼ਕਲ ਸੂਰਤ ਵਾਲੇ ੩੫ ਕੁ ਸਾਲ ਦੀ ਉਮਰ ਦੇ ਗੱਭਰੂ ਸਿੰਘ ਸਨ ਉਸ ਸਮੇਂ। ਇਸ ਦਾ ਭਾਵ ਕਿ ਆਪ ਦਾ ਜਨਮ ੧੮੪੫ ਈ. ਵਿੱਚ ਅੰਗਰੇਜ਼ਾਂ ਤੇ ਸਿੱਖਾਂ ਦੀਆਂ ਪਹਿਲੀਆਂ ਲੜਾਈਆਂ ਸਮੇਂ, ਆਜ਼ਾਦ ਪੰਜਾਬ ਦੀ ਧਰਤੀ ਤੇ ਹੋਇਆ ਅਤੇ ਆਪ ਦੇ ਬਾਲਪਨ ਵਿੱਚ ਹੀ ਅੰਗਰੇਜ਼ਾਂ ਨੇ ਪੰਜਾਬ ਤੇ ਆਪਣਾ ਮੁਕੰਮਲ ਅਧਿਕਾਰ ਕਰ ਲਿਆ। ਮਨ ਵਿੱਚ ਦੇਸ਼ ਭਗਤੀ ਅਤੇ ਕੌਮੀ ਸਵੈਮਾਨ ਦੀਆਂ ਭਾਵਨਾਵਾਂ ਜਾਗਿਰਤ ਹੋਣ ਕਾਰਨ, ਜਵਾਨੀ ਚੜ੍ਹਦਿਆਂ ਹੀ ਉਹ ਪਰਾਧੀਨਤਾ ਦੇ ਜੀਵਨ ਤੋਂ ਮੁਕਤੀ ਵਾਸਤੇ ਹੱਥ ਪੈਰ ਮਾਰਨ ਲੱਗ ਪਿਆ। ਸੰਨ ੧੮੬੭ ਈ. ਦੀ ਦੀਵਾਲੀ ਸਮੇਂ ਸਤਿਗੁਰੂ ਰਾਮ ਸਿੰਘ ਜੀ ਦੇ ਅੰਮ੍ਰਿਤਸਰ ਦੌਰੇ ਵਕਤ, ਆਪਦੀ ਜਲਾਲੀ ਪ੍ਰਤਿਭਾ ਦਾ ਸੂਰਜ ਸਿਖਰ ਤੇ ਸੀ, ਜਿਸ ਦੀਆਂ ਰਿਸ਼ਮਾਂ ਨੇ ਭਾਈ ਮਹਿਤਾਬ ਸਿੰਘ ਦੇ ਹਿਰਦੇ ਨੂੰ ਰੁਸ਼ਨਾ ਦਿੱਤਾ ਅਤੇ ਉਹ ਵੀ ਆਪਣੇ ਕੌਮੀ ਜਜ਼ਬੇ ਦੀ ਪ੍ਰੇਰਣਾ ਹੇਠ ਕੂਕਾ ਅੰਦੋਲਨ ਦਾ ਇੱਕ ਅਭਿੰਨ ਅੰਗ ਬਣ ਗਿਆ। ਉਹਨਾਂ ਦੇ ਸੁਭਾਉ ਵਰਣਨ ਵਾਲੇ ਰੀਪੋਰਟ ਦੇ ਖਾਨੇ ਵਿੱਚ ਕਾਫੀ ਮਹੱਤਵਪੂਰਨ ਜਾਣਕਾਰੀ ਦਰਜ ਹੈ।[6]

ਕਿਹਾ ਗਿਆ ਹੈ ਕਿ ਉਹ ਬਹੁਤ ਸਤਿਕਾਰਯੋਗ ਵਿਅਕਤੀ ਸਨ ਪਰ ਇੱਕ ਲੜਕੀ ਨਾਲ ਅਨੰਦ ਪੜ੍ਹਾਉਣ ਕਰਕੇ ਉਹਨਾਂ ਨੂੰ ਸੰਗਤ ਵਿੱਚੋਂ ਛੇਕ ਦਿੱਤਾ। ਹੁਣ ਵੇਖਣ ਵਾਲੀ ਗੱਲ ਹੈ ਕਿ ੩੦-੩੨ ਸਾਲ ਦਾ ਕੁਆਰਾ ਸਿੱਖ ਜੇ ਵਿਆਹ ਕਰਵਾ ਲੈਂਦਾ ਹੈ ਤਾਂ ਐਸਾ ਅਪਰਾਧ ਨਹੀਂ ਬਣਦਾ। ਭਾਈ ਮਹਿਤਾਬ ਸਿੰਘ ਨੇ ਸੰਗਤ ਦੇ ਫੈਸਲੇ ਨੂੰ ਨਿਮਰਤਾ ਸਹਿਤ ਪਰਵਾਨ ਕੀਤਾ। ਇਸੇ ਕਰਕੇ ਸੰਗਤ ਨੇ ਆਪ ਦੀ ਭੁੱਲ ਚੁੱਕ ਜੇ ਕੋਈ ਸੀ ਮੁਆਫ ਕਰਕੇ ਫਿਰ ਆਪਨੂੰ ਆਪਣੇ ਵਿੱਚ ਸ਼ਾਮਲ ਕਰ ਲਿਆ। ਉਪਰਲੀ ਰੀਪੋਰਟ ਇਹ ਵੀ ਦੱਸਦੀ ਹੈ ਕਿ ਮੁੜ ਉਹਨਾਂ ਨੇ, ਆਪਣਾ ਕੁਝ ਸਮੇਂ ਲਈ ਗੁਆਚਿਆ ਪਰਭਾਵ, ਫਿਰ ਬਹਾਲ ਕਰ ਲਿਆ। ਐਸਾ ਉਹਨਾਂ ਦੀ ਹਲੀਮੀ ਅਤੇ ਅਭਿਮਾਨ ਦੇ ਕੰਡੇ ਤੋਂ, ਮੁਕਤ ਹੋਣ ਕਰਕੇ ਹੀ ਸੰਭਵ ਹੋਇਆ। ਇਹ ਵੀ ਲਿਖਿਆ ਹੈ ਕਿ ਇਹਨਾਂ ਦਾ ਛੋਟਾ ਭਾਈ ਖੁਸ਼ਹਾਲ ਸਿੰਘ ਜਾਂ ਖੁਸ਼ਾਲ ਸਿੰਘ, ਚਿੰਤਪੁਰ ਰੋਡ, ਕਲਕੱਤਾ ਵਿਖੇ ਇੱਕ ਦੁਕਾਨ ਕਰਦਾ ਹੈ। ਰੰਗੂਨ ਨੂੰ ਗੁਰੂ ਦਰਸ਼ਨਾਂ ਲਈ ਜਾਣ ਵਾਲੇ ਅਤੇ ਗੁਰੂ ਹਰੀ ਸਿੰਘ ਜੀ ਅਤੇ ਪੰਜਾਬ ਦੀ ਨਾਮਧਾਰੀ ਸੰਗਤ ਦੇ ਸਮਾਚਾਰ, ਸਤਿਗੁਰੂ ਜੀ ਤੱਕ ਅਤੇ ਉਹਨਾਂ ਦੇ ਵਾਪਸ ਭੈਣੀ ਸਾਹਿਬ ਅਤੇ ਹੋਰ ਸੰਗਤ ਲਈ ਹੁਕਮਨਾਮੇ ਲਿਆਉਣ ਵਾਲੇ ਕੂਕੇ ਸੰਦੇਸ਼ ਵਾਹਕ ਜਾਂ ਦੀਦ ਪਿਆਸੇ, ਇਸੇ ਭਾਈ ਖੁਸ਼ਾਲ ਸਿੰਘ ਪਾਸ ਕਲਕੱਤੇ ਟਿਕਾਣਾ ਕਰਦੇ ਸਨ। ਅਗਲੇ ਸਫਰ ਲਈ ਨਵੀਂ ਤਿਆਰੀ ਹੇਠ ਜੋ ਪਹਿਰਾਵਾ ਸਰਕਾਰੀ ਬੰਦਿਆਂ ਦੀ ਨਜ਼ਰ ਤੋਂ ਬਚਣ ਲਈ ਧਾਰਨ ਕਰਨਾ ਹੁੰਦਾ ਹੈ, ਉਹ ਇੱਥੇ ਪਹਿਰ ਕੇ ਜਹਾਜ਼ ਤੇ ਚੜ੍ਹਦੇ ਹਨ। ਪਿਛਲੇ ਸਫ਼ਰ ਵਾਲੇ ਬਸਤਰ ਆਦਿਕ ਇੱਥੇ ਰੱਖਦੇ ਹਨ ਅਤੇ ਵਾਪਸੀ ਤੇ ਹਾਸਲ ਕਰਦੇ ਸਨ। ਅਜਿਹੇ ਕੂਕੇ ਸੰਗਰਾਮੀਆਂ ਦਾ ੧੮੭੫-੮੧ ਦੇ ਦੌਰਾਨ ਭਾਈ ਖੁਸ਼ਾਲ ਸਿੰਘ ਦੇ ਘਰ ਅਕਸਰ ਤਾਂਤਾ ਲੱਗਾ ਰਹਿੰਦਾ ਸੀ। ਇਸ ਤੋਂ ਅੰਦਾਜ਼ਾ ਲਗਦਾ ਹੈ ਕਿ ਭਾਈ ਪਰੇਮ ਸਿੰਘ ਅਤੇ ਉਸ ਦਾ ਸਾਰਾ ਪਰਿਵਾਰ, ਨਾਮਧਾਰੀ ਮੱਤ ਵਿੱਚ ਪਰਵਰਤਿਤ ਹੋ ਚੁੱਕਾ ਸੀ। ਰੀਪੋਰਟ ਇਹ ਵੀ ਦੱਸਦੀ ਹੈ ਕਿ ਅਕਤੂਬਰ 1879 ਵਿੱਚ ਮਹਿਤਾਬ ਸਿੰਘ ਵਿਉਪਾਰ ਦੀ ਮਨਸ਼ਾ ਨਾਲ ਕਾਫੀ ਸੌਦਾ ਪੱਤਾ ਲੈ ਕੇ ਕਲਕੱਤੇ ਪੁੱਜਾ ਸੀ। ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਉਸ ਦਾ ਅਸਲ ਇਰਾਦਾ ਗੁਰੂ ਰਾਮ ਸਿੰਘ ਜੀ ਦੇ ਰੰਗੂਨ ਜਾ ਕੇ ਦਰਸ਼ਨ ਕਰਨ ਦਾ ਸੀ ਪਰ ਜਾਪਦਾ ਹੈ ਕਿ ਉਹ ਅਜਿਹਾ ਕਰ ਨਹੀਂ ਸੱਕਿਆ। ਇਸੇ ਵਰ੍ਹੇ ਦੇ ਆਰੰਭ ਵਿੱਚ ਉਸ ਨੂੰ (ਸੰਗਤ ਵੱਲੋਂ) ਦੋ ਸੌ ਰੁਪੈ ਦਿੱਤੇ ਗਏ ਰੰਗੂਨ ਦੇ ਸਫਰ ਲਈ ਤਾਂ ਕਿ ਉਹ ਗੁਰੂ ਸਾਹਿਬ ਦੇ ਸਮਾਚਾਰ ਵਾਪਸ ਆ ਕੇ ਸੁਣਾ ਸੱਕੇ।[7]

ਪ੍ਰੰਤੂ ਰੀਪੋਰਟ ਵਿੱਚ ਦਰਜ ਵੇਰਵਾ ਦਰੁਸਤ ਨਹੀਂ ਭਾਈ ਮਹਿਤਾਬ ਸਿੰਘ ਅਜੇਹੇ ਗੁਰੂ ਪਿਆਰਿਆਂ ਵਿੱਚੋਂ ਸੀ ਜਿਹਨਾਂ ਬਾਰੇ ਗੁਰਬਾਣੀ ਦਾ ਫਰਮਾਨ ਹੈ-

ਝਖੜੁ ਝਾਗੀ ਮੀਹੁ ਵਰਸੈ  
ਭੀ ਗੁਰੁ ਦੇਖਣ ਜਾਈ।  
ਸਮੁੰਦੁ ਸਾਗਰੁ ਹੋਵੈ ਬਹੁ ਖਾਰਾ  
ਗੁਰਸਿਖ ਲੰਘਿ ਗੁਰ ਪਹਿ ਜਾਈ॥

ਜਿਉ ਪ੍ਰਾਣੀ ਜਲੁ ਬਿਨੁ ਹੈ ਮਰਤਾ
ਤਿਓ ਸਿਖੁ ਗੁਰ ਬਿਨੁ ਮਰਿ ਜਾਈ ॥
ਜਿਉ ਧਰਤੀ ਸੋਭ ਕਰੇ ਜਲੁ ਬਰਸੈ
ਤਿਉ ਸਿਖੁ ਗੁਰ ਮਿਲਿ ਬਿਗਸਾਈ ॥
(ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਗ ਸੂਹੀ ਮਹਲਾ ੪ ਅੰਗ ੭੫੭-੫੮)

ਸੋ ਭਾਈ ਮਹਿਤਾਬ ਸਿੰਘ ਕਲਕੱਤੇ ਆ ਕੇ ਵਾਪਸ ਮੁੜਨ ਵਾਲਿਆਂ ਵਿਚੋਂ ਨਹੀਂ ਸਨ। ਆਪ ਨੇ ਕਲਕੱਤੇ ਤੋਂ ਚਾਲੇ ਮਾਰੇ ਅਤੇ ਰੰਗੂਨ ਪੁੱਜ ਕੇ ਲਗਾਤਾਰ ਦਸਾਂ ਦਿਨਾਂ ਤੱਕ ਰੋਜ਼ਾਨਾ ਲੰਘਦੇ ਟੱਪਦੇ, ਗੁਰ ਦਰਸ਼ਨਾਂ ਦਾ ਲਾਹਾ ਖੱਟਦੇ ਰਹੇ। ਸਾਡਾ ਪਹਿਲਾ ਇਤਿਹਾਸਕਾਰ ਭਾਈ ਸੰਤੋਖ ਸਿੰਘ ਬਾਹੋਵਾਲ ਪਕੌੜੀਆ ਜੀ ਦੀ ਰੰਗੂਨ ਯਾਤਰਾ ਦਾ ਵਿਵਰਣ ਕਾਨੀਬੰਦ ਕਰ ਗਿਆ ਹੈ। ਇਸ ਲਈ ਆਪ ਦੇ ਰੰਗੂਨ ਪਹੁੰਚਣ ਬਾਰੇ ਸ਼ੱਕ-ਸ਼ੁਬਹੇ ਦੀ ਕੋਈ ਗੁੰਜਾਇਸ਼ ਨਹੀਂ ਬਚਦੀ। ਇਹ ਵੱਖਰੀ ਗੱਲ ਹੈ ਕਿ ਆਪ ਨੇ ਜਿਸ ਚਤੁਰਾਈ ਨਾਲ, ਸਰਕਾਰੀ ਸੂਹੀਆ ਲੋਕਾਂ ਦੀ ਅੱਖੀਂ ਘੱਟਾ ਪਾ ਕੇ, ਇਹ ਯਾਤਰਾ ਸਿਰੇ ਚੜ੍ਹਾਈ ਹੋਵੇ ਕਿ ਕਲਕੱਤੇ ਤੋਂ ਅੱਗੇ ਆਪ ਦੇ ਵੇਰਵੇ ਉਹਨਾਂ ਨੂੰ ਉਪਲਬੱਧ ਨਾ ਹੋਣ ਕਾਰਨ, ਉਹਨਾਂ ਲਿਖ ਦਿੱਤਾ ਹੋਵੇ ਕਿ ਉਹ ਰੰਗੂਨ ਨਹੀਂ ਪੁੱਜ ਸਕੇ। ਬਾਹੋਵਾਲ ਜੀ ਲਿਖਦੇ ਹਨ-

"ਜਾਂ ਮਤਾਬ ਸਿੰਘ ਪਕੌੜੀਆ ਗਿਆ ਸੀ ਦਸ ਦਿਨ ਦਰਸ਼ਨ ਕਰਦੇ ਰਹੇ। ਇੱਕ ਦਿਨ ਹੁਕਮਨਾਮਾ ਸੁੱਟਿਆ ਤਾਂ ਬੰਗਲੇ ਦੁਆਲੇ ਖਾਈ ਸੀ ਉਸ ਮੈ ਡਿੱਗ ਪਿਆ। ਮਤਾਬ ਸਿੰਘ ਨੇ ਖਾਈ ਮੈ ਬੜ ਕੇ ਚੁੱਕਿਆ। ਖਾਈ ਮੈ ਚਿਕੜ ਸੀ। ਸਣੇ ਜੋੜੇ ਜਾਇ ਬੜਿਆ। ਫੇਰ ਜੋੜਾ ਕੱਢਿਆ ਪਹਿਲੇ ਹੁਕਮਨਾਮਾ ਫੜਿਆ। ਸਪਾਹੀ ਕਹੇ ਮੈਂ ਗੋਲੀ ਮਾਰ ਦੇਊਂਗਾ ਤੂੰ ਕੌਣ ਆਦਮੀ ਹੈਂ, ਚਲਾ ਜਾਉ। ਸਭ ਸੁਖ ਸਾਂਦ ਨਾਲ ਮੁੜ ਆਏ। ਗੁਰੂ ਹਰੀ ਸਿੰਘ ਜੀ ਕਾ ਆਇ ਦਰਸ਼ਨ ਕੀਤਾ। ਬਚਨ ਬਿਲਾਸ ਹੁਕਮਨਾਮੇ ਸੁਣਾਏ।[8]

ਇਹ ਭਾਈ ਮਹਿਤਾਬ ਸਿੰਘ ਜੈਸੇ ਗੁਰੂ ਕੇ ਲਾਲ ਸਨ, ਜਿਹਨਾਂ ਉਪਰ ਆਪਣੇ ਮੁਰਸ਼ਦ ਦੇ ਬਿਰਹੇ ਵਿੱਚੋਂ ਨਿਕਲਦੇ, ਸ਼ੇਖ ਫਰੀਦ ਜੀ ਦੇ ਬੋਲ, ਅੱਖਰ ਅੱਖਰ ਸਹੀ ਉੱਤਰਦੇ ਸਨ :

ਫਰੀਦਾ ਗਲੀਏ ਚਿਕੜੁ ਦੂਰਿ ਘਰੁ ਨਾਲਿ ਪਿਆਰੇ ਨੇਹੁ ॥
ਚਲਾ ਤ ਭਿਜੈ ਕੰਬਲੀ ਠਹਾ ਤ ਤੁਟੈ ਨੇਹੁ ॥੨੪॥
ਭਿਜਉ ਸਿਜਉ ਕੰਬਲੀ ਅਲਹ ਵਰਸਉ ਮੇਹੁ ॥
ਜਾਇ ਮਿਲਾ ਤਿਨਾ ਸਜਣਾ ਤੁਟਉ ਨਾਹੀ ਨੇਹੁ ॥੨੫॥
(ਸਲੋਕ ਸ਼ੇਖ ਫਰੀਦ ਜੀ ਸ੍ਰੀ ਆਦਿ ਗ੍ਰੰਥ ਸਾਹਿਬ ਜੀ ਪੰਨਾ ੧੩੭੯)

ਸਤਿਗੁਰੂ ਰਾਮ ਸਿੰਘ ਜੀ ਦੇ ਇਹ ਸਿਖ ਪ੍ਰੇਮ ਦੀ ਜਿਸ ਉਚੀ ਅਵਸਥਾ ਵਿੱਚ ਪੁੱਜੇ ਸਨ ਉਸ ਤੇ ਕਾਇਮ ਰਹਿਣ ਲਈ, ਕੋਈ ਵੀ ਕੁਰਬਾਨੀ ਉਹਨਾਂ ਦੀਆਂ ਨਜ਼ਰਾਂ ਵਿੱਚ ਬਹੁਤ ਛੋਟੀ ਸੀ। ਖਾਈ ਦਾ ਚਿੱਕੜ ਜਾਂ ਪੁਲੀਸ ਦੇ ਸਿਪਾਹੀ ਦੀ ਗੋਲੀ ਮਾਰ

ਦੇਣ ਦੀ ਧਮਕੀ, ਉਹਨਾਂ ਨੂੰ ਕੀ ਡਰਾ ਸਕਦੀ ਸੀ, ਜਦੋਂ ਉਹ ਪਾਤਸ਼ਾਹ ਦੇ ਇਸ ਸਲੋਕ ਨੂੰ ਰੋਜ਼ ਪੜ੍ਹਦੇ ਸਨ, ਜਿਸ ਵਿਚ ਉਹ ਗੁਰੂ ਜੀ ਨੂੰ ਭਾਈ ਸੰਮਣ ਨਾਲ ਇਹ ਵਿਚਾਰ ਕਰਦਿਆਂ ਵੇਖਦੇ ਸਨ ਕਿ ਜੇ ਪ੍ਰੇਮ ਨੂੰ ਦਮੜਿਆਂ ਬਦਲੇ ਖਰੀਦਿਆ ਜਾ ਸੱਕਦਾ ਤਾਂ ਆਪਣੇ ਏਸ਼ਟ ਸ਼ਿਵ ਜੀ ਨੂੰ, ਆਪਣੇ ਸਿਰ ਕੱਟ ਕੱਟ ਕੇ ਭੇਟ ਚੜ੍ਹਾਉਣ ਵਾਲਾ, ਸੋਨੇ ਦੀ ਲੰਕਾ ਦਾ ਸੁਆਮੀ ਰਾਵਣ ਕੋਈ ਕੰਗਲਾ ਤਾਂ ਨਹੀਂ ਸੀ ਜੋ ਇਸ ਵਣਜ ਨੂੰ ਦਮੜਿਆਂ ਨਾਲ ਨਹੀਂ ਸੀ ਵਟਾ ਸਕਦਾ–

ਸੰਮਨ ਜਉ ਇਸ ਪ੍ਰੇਮ ਕੀ ਦਮ ਕਿਹੁ ਹੋਤੀ ਸਾਟ ॥
ਰਾਵਨ ਹੁਤੇ ਸੁ ਰੰਕ ਨਹਿ ਜਿਨਿ ਸਿਰ ਦੀਨੇ ਕਾਟਿ ॥੧॥

(ਚਉਬੋਲੇ ਮਹਲਾ ੫, ਪੰਨਾ ੧੩੬੩)

ਭਾਈ ਬਾਹੋਵਾਲ ਦੇ ਲਿਖਣ ਮੁਤਾਬਕ ਭਗਵਾਨ ਸਿੰਘ ਮਰਹਾਣਾ (ਅੜਬੰਗੀ) ਅਤੇ ਸੁੰਦਰ ਸਿੰਘ ਚੀਮਿਆਂ ਦਾ ਵੀ ਇਸ ਸਮੇਂ ਰੰਗੂਨ ਵਿੱਚ ਸਨ। ਸਰਕਾਰੀ ਰੀਕਾਰਡ ਮੁਤਾਬਕ ਇਹ ਭਾਈ ਸੁੰਦਰ ਸਿੰਘ ਕਲੈਹਿਰੀ (ਮਾਨਸਾ) ਸੀ। ਇਹਨਾਂ ਦੋਹਾਂ ਦੇ ਲਿਆਂਦੇ ਹੁਕਮਨਾਮੇ ੧੯ ਮਾਰਚ ੧੮੮੧ ਈ. ਨੂੰ ਲੁਧਿਆਣੇ ਦੇ ਪੁਲੀਸ ਕਪਤਾਨ ਜੇ.ਪੀ. ਵਾਰਬਰਟਨ ਦੁਆਰਾ ਪਕੜੇ ਗਏ ਸਨ। ਸੋ ਉਹਨਾਂ ਦਾ ਰੰਗੂਨ ਤੋਂ ਹੁਕਮਨਾਮੇ ਲਿਆਉਣ ਦਾ ਸਮਾਂ ੧੮੮੦ ਈ. ਹੈ।[9] ਇਸੇ ਸਾਲ ਭਾਈ ਮਹਿਤਾਬ ਸਿੰਘ ਪਕੌੜੀਏ ਦਾ ਰੰਗੂਨ ਜਾਣਾ ਅਤੇ ਦਰਸ਼ਨ ਕਰਕੇ ਵਾਪਸ ਪੰਜਾਬ ਆਉਣਾ ਸਿੱਧ ਹੁੰਦਾ ਹੈ।

ਲਾਹੌਰ ਵਿੱਚ ਭਾਈ ਦੇਵਾ ਸਿੰਘ ਪੁੱਤਰ ਸੋਭਾ ਸਿੰਘ ਨਾਮ ਦਾ ਇੱਕ ਰਾਮਗੜ੍ਹੀਆ ਸਿੰਘ ਰਹਿੰਦਾ ਸੀ, ਜਿਸ ਨੂੰ ਸਤਿਗੁਰੂ ਰਾਮ ਸਿੰਘ ਜੀ ਨੇ ੧੮੭੧ ਈ. ਵਿੱਚ ਸੂਬਾ ਥਾਪਿਆ ਸੀ। ਇਉਂ ਉਹ ਲਾਹੌਰ ਦੀ ਨਾਮਧਾਰੀ ਸੰਗਤ ਦੀ ਹਰ ਖੇਤਰ ਵਿੱਚ ਅਗਵਾਈ ਕਰਨ ਦੇ ਸਮਰੱਥ ਸੀ। ਉਹਨਾਂ ਦਾ ਲਾਹੌਰ ਵਿੱਚ ਕਾਰਖਾਨਾ ਸੀ। ਆਇਆ ਗਿਆ ਨਾਮਧਾਰੀ ਸਿੰਘ ਭਾਵੇਂ ਕਿਸੇ ਇਲਾਕੇ ਦਾ ਹੋਵੇ ਉਹਨਾਂ ਪਾਸ ਹੀ ਕਮਰਕੱਸਾ ਖੋਹਲਦਾ ਸੀ। ਮਈ ੧੮੭੨ ਈ. ਵਿੱਚ ਕੂਕਿਆਂ ਦੀ ਇੱਕ ਗ਼ੈਰ ਕਾਨੂੰਨੀ ਸਭਾ ਵਿੱਚ ਭਾਗ ਲੈਣ ਬਦਲੇ ਉਹਨੂੰ ਅਤੇ ਦੂਸਰੇ ਸਿੰਘਾਂ ਨੂੰ ਦੋ ਦੋ ਮਹੀਨੇ ਸਖਤ ਕੈਦ ਦੀ ਸਜ਼ਾ ਵੀ ਦਿੱਤੀ ਗਈ। ਉਸ ਬਾਰੇ ਇਹ ਵੀ ਲਿਖਿਆ ਹੈ ਕਿ ਉਸ ਦੇ ਨਿਵਾਸ ਤੇ ਹੀ ਕੂਕੇ ਗੁਪਤ ਗੱਲਬਾਤ ਕਰਨ ਲਈ ਇਕੱਠੇ ਹੁੰਦੇ ਹਨ ਅਤੇ ਦੇਵਾ ਸਿੰਘ, ਸਿੱਖ ਰਾਜ ਦੀ ਪੁਨਰ ਸਥਾਪਨਾ ਦੀਆਂ ਭਵਿੱਖ ਬਾਣੀਆਂ ਵੀ ਕਰਦਾ ਰਹਿੰਦਾ ਹੈ।[10] ਭਾਈ ਬਘੇਲ ਸਿੰਘ ਨਾਰਲੀ ਦੇ ਨਾਮ ਇਕ ਹੁਕਮਨਾਮੇ ਵਿੱਚ ਸ੍ਰੀ ਸਤਿਗੁਰੂ ਜੀ ਮਾਝੇ ਦੇ ਜਿਹਨਾਂ ਸਿੰਘਾਂ ਦਾ ਨਾਮ ਲਿਖ ਲਿਖ ਕੇ ਉਹਨਾਂ ਨੂੰ ਗੁਰ ਫਤਿਹ ਬੁਲਾਈ ਪ੍ਰਵਾਨ ਕਰਨੀ ਜੀ ਕਹਿੰਦੇ ਹਨ ਉਹਨਾਂ ਵਿੱਚ ਭਾਈ ਦੇਵਾ ਸਿੰਘ ਦਾ ਨਾਮ ਵੀ ਸ਼ਾਮਲ ਹੈ।[11] ਕੁਝ ਹੋਰ ਹੁਕਮਨਾਮਿਆਂ ਵਿੱਚ ਵੀ ਸਤਿਗੁਰੂ ਜੀ ਆਪ ਨੂੰ ਯਾਦ ਕਰਦੇ ਹਨ ਤੇ ਕੁਝ ਕੰਮ ਆਪ ਦੇ ਜ਼ਿੰਮੇ ਲਾਉਂਦੇ ਹਨ। ਇਹ ਭਾਈ ਦੇਵਾ ਸਿੰਘ ੧੯੦੧ ਈ. ਵਿੱਚ ਮਾਰਚ ਦੇ ਮਹੀਨੇ, ਅਕਾਲ ਚਲਾਣਾ ਕਰ ਗਿਆ ਸੀ। ਇਸ ਦੇ ਭੋਗ ਤੇ ਸੱਦੋਵਾਲ ਦੇ ਹੋਲੇ ਉਪਰੰਤ ਗੁਰੂ

ਹਰੀ ਸਿੰਘ ਜੀ, ਗੁਰੂ-ਪੁੱਤਰੀ ਬੀਬੀ ਨੰਦਾ, ਮਾਈ ਅਤਰੀ ਮਾਈਸਰਖਾਨਾ ਆਦਿਕ ਨਾਮਧਾਰੀ ਪੰਥ ਦੀਆਂ ਸਮੂਹ ਸਤਿਕਾਰਤ ਸ਼ਖਸੀਅਤਾਂ, ਦੇਵਾ ਸਿੰਘ ਜੀ ਦੀ ਪੰਥਕ ਸੇਵਾ ਨੂੰ ਧਿਆਨ ਵਿੱਚ ਰੱਖਦਿਆਂ ਪੁੱਜੀਆਂ ਸਨ। ਗੁਰੂ ਹਰੀ ਸਿੰਘ ਜੀ ਨੇ ਦੇਵਾ ਸਿੰਘ ਵਾਲੀ ਮਹੰਤੀ ਉਸ ਦੇ ਵੱਡੇ ਪੁੱਤਰ ਸੰਤਾ ਸਿੰਘ ਨੂੰ ਬਖਸ਼ੀ। ਉਸ ਦੇ ਕਦੇ ਕਦੇ ਕਾਰੋਬਾਰ ਸਦਕਾ ਝਾਂਸੀ ਚਲੇ ਜਾਣ ਕਾਰਨ ਛੋਟੇ ਪੁੱਤਰ ਭਗਤ ਸਿੰਘ ਨੂੰ ਵੀ ਭਜਨ ਦੇਣ ਦਾ ਅਧਿਕਾਰ ਬਖਸ਼ਿਆ।[12]

ਸੰਨ ੧੯੦੩ ਈ. ਵਿੱਚ ਲਾਹੌਰ ਵਿੱਚ ਇੱਕ ਕਾਰੀਗਰ ਨਕਲੀ ਨੋਟ ਬਣਾਉਂਦਾ ਸੀ। ਉਸ ਨੇ ਭਗਤ ਸਿੰਘ ਦੇ ਨੌਕਰ ਨੂੰ, ਉਹ ਨੋਟ ਵੇਚਣ ਲਈ ਦਿੱਤੇ। ਉਸ ਨੇ ਆਪਣੇ ਸਾਲੇ ਨੂੰ, ਵੇਚਣ ਲਈ ਦੇ ਦਿੱਤੇ। ਉਸ ਨੇ ਬਾਜ਼ਾਰ ਵਿੱਚ ਨੋਟ ਫੜਾਇਆ ਤਾਂ ਲੈਣ ਵਾਲੇ ਦੇ ਹੱਥ ਨੂੰ ਰੰਗ ਲੱਗਣ ਤੇ ਉਸ ਨੂੰ ਭਰਮ ਪੈ ਗਿਆ ਕਿ ਨੋਟ ਨਕਲੀ ਹੈ। ਮੁੰਡੇ ਨੂੰ ਬੈਠਾਲ ਲਿਆ। ਪਿੱਛੋਂ ਉਹਦਾ ਭਣਵੱਈਆ ਜਾ ਕੇ ਦੁਕਾਨਦਾਰ ਨਾਲ ਖਹਿਬੜਨ ਲੱਗਾ ਕਿ ਮੁੰਡਾ ਛੱਡ ਤਾਂ ਉਹ ਵੀ ਬਹਾ ਲਿਆ। ਦੋਹਾਂ ਤੇ ਪੁਲੀਸ ਵੱਲੋਂ ਸਖਤੀ ਹੋਈ ਤਾਂ ਉਹਨਾਂ ਕਾਰੀਗਰ ਦਾ ਨਾਮ ਲੈ ਦਿੱਤਾ। ਤਿੰਨੇ ਪਕੜੇ ਗਏ। ਕਾਰੀਗਰ ਦੀ ਮਾਸੀ ਭਗਤ ਸਿੰਘ ਪਾਸ ਗਈ ਕਿ ਸਾਨੂੰ ਪੈਸੇ ਲਾ ਕੇ ਛੁਡਾ ਦਿਓ। ਭਗਤ ਸਿੰਘ ਨੇ ਕਿਹਾ ਕਿ ਇਸ ਕੰਮ ਵਿੱਚ ਮੈਂ ਕੋਈ ਮੱਦਦ ਨਹੀਂ ਕਰ ਸਕਦਾ। ਮਾਈ ਨੇ ਕਿਹਾ ਕਿ ਤੈਨੂੰ ਵੀ ਨਾਲ ਹੀ ਰੱਖਾਂਗੇ। ਉਸ ਨੇ ਫਰੰਗੀ ਹਾਕਮਾਂ ਨੂੰ ਕਿਹਾ-ਭਗਤ ਸਿੰਘ ਵੀ ਨਾਲ ਹੈ। ਸਰਕਾਰ ਬਾਗੀ ਦੇਵਾ ਸਿੰਘ ਦੇ ਪਰਿਵਾਰ ਨਾਲ ਖੁਣਸ ਰੱਖਦੀ ਹੀ ਸੀ। ਝੂਠੇ ਸੱਚੇ ਅਗਵਾਹ ਭੁਗਤਾਏ। ਭਾਈ ਭਗਤ ਸਿੰਘ ਨੂੰ ਸਖਤ ਸਜ਼ਾ ਸੱਤ ਸਾਲ ਬੋਲ ਗਈ। ਇਸ ਘਟਨਾ ਤੋਂ ਭਾਈ ਮਹਿਤਾਬ ਸਿੰਘ ਦਾ ਹਿਰਦਾ ਦਰਵਿਤ ਹੋ ਉੱਠਿਆ। ਉਹ ਭਗਤ ਸਿੰਘ ਨਾਲ ਮੁਲਾਕਾਤ ਕਰਕੇ, ਉਸ ਨੂੰ ਕਹਿ ਗਿਆ ਕਿ ਚਿੰਤਾ ਨਾ ਕਰੀਂ ਮੈਂ ਗੁਰੂ ਹਰੀ ਸਿੰਘ ਜੀ ਪਾਸ ਤੇਰੇ ਬੇਦੋਸ਼ੇ ਫਸਣ ਦੀ ਖ਼ਬਰ ਕਰਾਂਗਾ। ਬੇਸ਼ੱਕ ਦੋਹਾਂ ਭਰਾਵਾਂ ਦੇ ਮਸਲੇ ਵਿੱਚ ਜਦੋਂ ਗੁਰੂ ਹਰੀ ਸਿੰਘ ਦੋਹਾਂ ਨੂੰ ਮਿਲ ਜੁਲ ਕੇ ਚੱਲਣ ਦੀ ਤਾਕੀਦ ਕੀਤੀ ਸੀ ਤਾਂ ਭਗਤ ਸਿੰਘ ਦੇ ਮਨੋ, ਐਸੀ ਗੱਲ ਨਿਕਲੀ ਜੋ ਉਸ ਦਾ, ਗੁਰੂ ਜੀ ਪ੍ਰਤੀ ਸਤਿਕਾਰ ਘਟਾਉਣ ਵਾਲੀ ਸੀ। ਅਗਲੀ ਵਾਰਤਾ ਕਿ ਸਤਿਗੁਰੂ ਸਿੱਖ ਦੀ ਕਿਵੇਂ ਮਦਦ ਕਰਦਾ ਹੈ, ਬਾਹੋਵਾਲ ਜੀ ਦੇ ਸ਼ਬਦਾਂ ਵਿੱਚ ਪੜ੍ਹਾਂਗੇ-

"ਸੁਣ ਕੇ ਗੁਰੂ ਹਰੀ ਸਿੰਘ ਜੀ ਬਚਨ ਕੀਤਾ ਏਹ ਬਾਰਤਾ ਹੱਛੀ ਨਹੀਂ ਹੋਈ। ਸੱਤ ਬਰਸ ਕਦ ਪੂਰੇ ਹੋਏ। ਨਿਹੱਕਾ ਹੀ ਵਿੱਚ ਫਸ ਗਿਆ ਹੈ। ਜ਼ੁੰਮੇ ਤਾਂ ਉਸ ਦੇ ਕੁਝ ਨਹੀਂ ਹੈ। ਭਾਵੀ ਪਰਮੇਸ਼ਰ ਕੀ। ਮਤਾਬ ਸਿੰਘ ਪਕੌੜੀਏ ਆਇਕੇ ਗੁਰੂ ਜੀ ਪਾਸ ਅਰਜ਼ ਕੀਤੀ ਜੀ ਇਸ ਵਕਤ ਉਸ ਕਾ ਕੋਈ ਨਹੀਂ ਹੈ। ਆਪ ਜੀ ਬਿਨਾਂ ਕੌਣ ਸਹਾਇਤਾ ਕਰੇ ? ਨਾਮਦੇਵ ਮਾਂਗੂੰ ਅੰਦਰੋਂ ਸਹਾਇਤਾ ਕਰੋ ਜੋ ਕੈਦ ਤੋਂ ਛੁੱਟ ਜਾਏ ਜੈਸੇ ਗਜ ਗਰਾਹ ਤੇ ਛੁਡਾਇਆ ਸੀ, ਨਹੀਂ ਤਾਂ ਸੱਤਾਂ ਬਰਸਾਂ ਵਿੱਚ ਮਰ ਜਾਇਗਾ। ਗੁਰੂ ਜੀ ਬਚਨ ਕੀਤਾ ਦਰੋਗੇ ਕੋ ਕਹੋ ਜੋ ਮੁਸ਼ੱਕਤ ਕੀ ਨਰਮਾਈ ਹੋਵੇ ਨਾਲੇ ਅਪੀਲ ਕਰੋ ਛੁੱਟ ਜਾਇਗਾ।

ਦਾਨ ਸਿੰਘ ਭੇਜਿਆ। ਦਾਨ ਸਿੰਘ ਜਾਣ ਵਕਤ ਅਰਦਾਸਾ ਕੀਤਾ –ਮੇਰਾ ਸਰੀਰ ਬੇਸ਼ਕ ਚੜ੍ਹ ਜਾਵੇ ਪਰ ਭਗਤ ਸਿੰਘ ਛੁੱਟ ਜਾਵੇ। ਜਾਂ ਦਾਨ ਸਿੰਘ ਮੁੜ ਕੇ ਆਇਆ ਤਾਂ ਬੀਮਾਰ ਹੋ ਕੇ ਚੜ੍ਹਾਈ ਕਰ ਗਿਆ। ਉਸੀ ਦਿਨ ਤਾਰ ਆਈ ਕਿ ਭਗਤ ਸਿੰਘ ਛੁੱਟ ਗਿਆ ਹੈ।

"'ਦਰੋਗੇ ਕੋ ਭੀ ਨਰਮ ਕੀਤਾ ਅਪੀਲ ਭੀ ਕੀਤੀ। ਤਾਂ ਤਾਰੀਖ ਵਾਲੇ ਰੋਜ਼ ਅਖੰਡ ਪਾਠ ਭੀ ਤੋਰਿਆ। ਚੌਪਈ ਕੀ ਭੀ ਬਰਨੀ ਕੀਤੀ। ਪਾਂਚ ਸੌ ਕਾ ਵਕੀਲ ਕੀਤਾ। ਫਰੰਗੀ ਨੂੰ ਵਕੀਲ ਨੇ ਕਹਾ ਬਨਾਉਣ ਮੇਂ ਨਹੀਂ ਹੈ, ਬੇਚਣੇ ਮੇਂ ਨਹੀਂ ਹੈ। ਭਗਤ ਸਿੰਘ ਕੇ ਘਰੋਂ ਨਹੀਂ ਨਿਕਲੇ। ਕੋਈ ਸਹੀ ਸਬੂਤ ਨਹੀਂ, ਏਸ ਨੂੰ ਕਿਓਂ ਕੈਦ ਕੀਤਾ ਹੈ ਬੁੱਢੀ ਕੇ ਕਹੇ ਤੇ। ਉਸੀ ਵਕਤ ਰਿਹਾਈ ਹੋਈ. ਗੁਰੂ ਜੀ ਕੀ ਮੇਹਰ ਨਾਲ ਬੰਦ ਖਲਾਸ ਹੋਈ। ਫੇਰ ਰਾਮਦਾਸਪੁਰੇ ਸਾਹਿਬ ਆਇਆ ਭਗਤ ਸਿੰਘ। ਗੁਰੂ ਜੀ ਕਾ ਦਰਸ਼ਨ ਕੀਤਾ। ਜਿਸ ਸਿੰਘ ਨੇ ਉਸ ਦੇ ਕਹਿਆਂ ਸੁਣਿਆ ਸੀ ਓਸ ਨੇ ਕਹਿਆ ਤੂੰ ਤਾਂ ਆਖਦੇ ਸਾਏਂ ਕਿ ਨਾਮ ਦਾ ਗੁਰੂ ਹੈ ਅਦਾਲਤ ਕਾ ਗੁਰੂ ਨਹੀਂ ਹੈ। ਤੈਨੂੰ ਗੁਰੂ ਜੀ ਆਪਣਾ ਪ੍ਰਤਾਪ ਦਿਖਾਇਆ ਹੈ। ਚੁੱਪ ਕਰ ਰਹਿਆ ਕੋਈ ਉਤਰ ਨਹੀਂ ਦਿੱਤਾ।"[13]

ਫਿਰ ਇਸੇ ਭਗਤ ਸਿੰਘ ਨੇ ਬੀਬੀ ਨੰਦਾ ਦੇ ਵਿਚਕਾਰਲੇ ਪੁੱਤਰ ਭਾਈ ਸੂਰਤ ਸਿੰਘ ਨੂੰ ਕਿਹਾ ਕਿ ਜਿਹੜਾ ਗਰੰਥ ਸੰਤੋਖ ਸਿੰਘ ਬਾਹੋਵਾਲ ਜੀ ਨੇ ਲਿਖਿਆ ਹੈ ਸਤਿਗੁਰਾਂ ਵਾਲਾ, ਉਸ ਨੂੰ ਖੁਸ਼ਖੱਤ ਲਿਖ ਦਿਓ। ਸੂਰਤ ਸਿੰਘ ਦੀ ਲਿਖਤ ਅੱਛੀ ਸੁੰਦਰ ਸੀ। ਉਸ ਜੁਆਬ ਦਿੱਤਾ ਕਿ ਮੈਂ ਸਿੰਘ ਸਭੀਆਂ ਤੋਂ ਛੇ ਰੁਪੈ ਮਹੀਨੇ ਲੈਂਦਾ ਹਾਂ। ਭਗਤ ਸਿੰਘੇ ਨੇ ਉਸ ਨੂੰ ਕਿਹਾ ਕਿ ਮੈਂ ਤੁਹਾਨੂੰ ਦਸ ਰੁਪੈ ਮਹੀਨਾ ਦਿਆਂਗਾ। ਪਰ ਉਹ ਨਾ ਮੰਨੇ। ਉਸ ਸਮੇਂ ਬਿਰਤੀ ਹੀ ਇਹੋ ਜਿਹੀ ਹੋ ਗਈ ਸੀ। ਇਉਂ ਭਾਈ ਮਹਿਤਾਬ ਸਿੰਘ ਪਕੌੜੀਏ ਦੇ ਉੱਦਮ ਕਰਨ ਨਾਲ, ਭਾਈ ਦੇਵਾ ਸਿੰਘ ਜੈਸੇ ਮੁਖੀ ਸਿੰਘ ਦੇ ਪੁੱਤਰ ਦੀ ਬੰਦ ਖਲਾਸ ਵੀ ਹੋ ਗਈ ਅਤੇ ਉਸ ਦੇ ਮਨ ਵਿੱਚ ਗੁਰੂ ਹਰੀ ਸਿੰਘ ਜੀ ਪ੍ਰਤੀ ਜਿਹੜਾ ਸ਼ੰਕਾ ਉਪਜਿਆ ਸੀ ਉਹ ਵੀ ਨਵਿਰਤ ਹੋ ਗਿਆ। ਗੁਰੂ ਘਰ ਤੋਂ ਦੂਰ ਜਾਣ ਵਾਲਿਆਂ ਨੂੰ, ਨੇੜੇ ਲਾਉਣ ਦਾ ਵੱਡਾ ਕਾਰਜ ਭਾਈ ਪਕੌੜੀਆ ਜੈਸੇ ਪਰਉਪਕਾਰੀ ਸਿੱਖ ਹੀ ਕਰਦੇ ਆਏ ਹਨ। ਆਪ ਦਾ ਕਾਰੋਬਾਰ ਅੰਮ੍ਰਿਤਸਰ ਸ਼ਹਿਰ ਵਿੱਚ ਕਿਸ ਤਰ੍ਹਾਂ ਵਧਿਆ ਫੁੱਲਿਆ ਸੀ, ਇਸ ਬਾਰੇ ਵੀ ਸਤਿਗੁਰੂ ਰਾਮ ਸਿੰਘ ਜੀ ਦੀ ਕਿਰਪਾ ਦਾ ਉਲੇਖ, ਬਾਹੋਵਾਲ ਜੀ ਦੀ ਮਨੋਹਰ ਰਚਨਾ ਵਿੱਚ ਮਿਲਦਾ ਹੈ।

"ਸਤਿਗੁਰਾਂ ਦੇ ਵਕਤ ਦੀ ਬਾਤ ਹੈ। ਮਤਾਬ ਸਿੰਘ ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਬਚਨ ਕੀਤਾ ਪਕੌੜਿਆਂ ਦੀ ਦੁਕਾਨ ਕਰ ਲੈ ਛਕਣ ਜੋਗਾ ਬਹੁਤ ਕੁਛ ਹੋ ਜਾਇਗਾ। ਸ੍ਰੀ ਅੰਮ੍ਰਿਤਸਰ ਜੀ ਪਕੌੜਿਆਂ ਦੀ ਦੁਕਾਨ ਪਾਈ। ਵਧਦਾ-ਵਧਦਾ ਹਜ਼ਾਰਾਂ ਰੁਪਯਾਂ ਦਾ ਹੋਇ ਗਿਆ। ਪਕੌੜੀਆ ਨਾਮ ਪੈ ਗਿਆ ? ਬਾਅਦ ਅਨੰਦ ਪੜ੍ਹਾਇਆ। ਦੋ ਲੜਕੇ ਹੋਏ। ਬਡਾ ਲੜਕਾ ਰਾਮਦਾਸ ਪੁਰੇ ਆਇਆ ਦਰਸ਼ਨ ਕੀਤਾ।[14]

ਭਾਈ ਪਕੌੜੀਏ ਦਾ ਅਨੰਦ ਕਾਰਜ ਸੰਨ ੧੯੭੫-੭੬ ਈ. ਵਿੱਚ ਹੋਇਆ ਮਾਲੂਮ ਹੁੰਦਾ ਹੈ। ਵੱਡਾ ਲੜਕਾ ੧੯੦੪ ਈ. ਵਿੱਚ ਗੁਰੂ ਹਰੀ ਸਿੰਘ ਜੀ ਦੇ ਦਰਸ਼ਨ

ਪਰਸਨ ਨੂੰ ਜਦੋਂ ਭੈਣੀ ਸਾਹਿਬ ਆਇਆ ਹੋਏਗਾ, ਉਸ ਦੀ ਉਮਰ ੨੫-੨੬ ਸਾਲ ਹੋ ਸਕਦੀ ਹੈ। ਭਾਈ ਮਤਾਬ ਸਿੰਘ ਜੀ ਦੇ ਅੰਤ ਸਮੇਂ ਬਾਰੇ ਜਾਂ ਬਾਅਦ ਵਿੱਚ ਪਰਵਾਰ ਦੀ ਕੀ ਸਥਿੱਤੀ ਸੀ ਸਾਡੇ ਇਤਿਹਾਸ ਵਿੱਚੋਂ ਕੋਈ ਜਾਣਕਾਰੀ ਨਹੀਂ ਮਿਲਦੀ। ਅੰਦਾਜ਼ਨ ੭੦ ਕੁ ਸਾਲ ਦੀ ਉਮਰ ਭੋਗ ਕੇ ਉਹ ੧੯੧੪-੧੫ ਈ. ਤੱਕ ਅਕਾਲ ਚਲਾਣਾ ਕਰ ਗਏ ਮਾਲੂਮ ਹੁੰਦੇ ਹਨ। ਨਾਮਧਾਰੀ ਇਤਿਹਾਸ ਵਿੱਚ ਜਿੱਥੇ ਉਹਨਾਂ ਦੀ ਕੀਰਤੀ ਇੱਕ ਸਿਦਕਵਾਨ, ਉਦਾਰ, ਦਇਆਲੂ ਲੋੜਵੰਦਾਂ ਦੇ ਕੰਮ ਆਉਣ ਵਾਲੇ ਪਰਉਪਕਾਰੀ ਅਤੇ ਖ਼ਤਰਿਆਂ ਨੂੰ ਮੁੱਲ ਲੈਣ ਤੋਂ ਸੰਕੋਚ ਨਾ ਕਰਨ ਵਾਲੇ, ਸੂਰਮੇ ਸਿੱਖ ਦੀ ਨਜ਼ਰ ਆਉਂਦੀ ਹੈ, ਉਥੇ ਉਹ ਜ਼ੋਖਮ ਸਹੇੜ ਕੇ ਵੀ ਗੁਰਿੰਡਨਾਮਾ ਜਹੀਆਂ ਸਰਕਾਰ ਨੂੰ ਚੁਭਣ ਵਾਲੀਆਂ ਰਚਨਾਵਾਂ ਛਪਵਾ ਕੇ, ਆਪਣੇ ਪੰਥ ਦੇ ਪਰਚਾਰ ਤੰਤਰ ਲਈ ਵੀ ਕਾਰਜਸ਼ੀਲ ਰਹਿਣ ਵਾਲਾ ਬੁੱਧੀਜੀਵੀ ਸਿੱਧ ਹੁੰਦਾ ਹੈ। ਉਸ ਦੇ ਪਰਿਵਾਰ ਵਿੱਚੋਂ ਉਸ ਦੇ ਭਾਈ ਖੁਸ਼ਹਾਲ ਸਿੰਘ ਦਾ ਨਾਮ ਵੀ ਕੂਕਾ ਲਹਿਰ ਦੇ ਇੱਕ ਅਹਿਮ ਪਾਤਰ ਜਿਉਂ ਉੱਭਰਦਾ ਹੈ, ਜਿਸ ਬਾਰੇ ਸਰਕਾਰੀ ਦਸਤਾਵੇਜ਼ਾਂ ਵਿੱਚ ਉਲੇਖ ਮਿਲਦਾ ਹੈ।

ਕਲਕੱਤਾ ਪੁਲੀਸ ਦੇ ਕਮਿਸ਼ਨਰ ਦੀ ੭ ਸਿਤੰਬਰ ੧੮੮੦ ਦੀ ਗੁਪਤ ਰਿਪੋਰਟ ਵਿੱਚ ਦਰਜ ਹੈ ਕਿ ਖੁਸ਼ਹਾਲ ਸਿੰਘ, ਜੋ ਕੂਕਾ ਏਜੰਟ ਹੈ ਕਲਕੱਤੇ ਵਿੱਚ ਮਿ. ਬਰਨਰਡ ਦੀ ੧੫ ਅਗਸਤ ੧੮੭੯ ਦੀ ਰੀਪੋਰਟ ਵਿੱਚ ਜਿਸ ਦਾ ਜ਼ਿਕਰ ਹੈ, ਉਹ ਇਸ ਤੋਂ ਕੁਝ ਹੀ ਸਮਾਂ ਪਹਿਲਾਂ, ਰੰਗੂਨ ਤੋਂ ਆਉਣ ਵਾਲੇ, ਸਟੀਮਰ (ਸਮੁੰਦਰੀ ਜਹਾਜ਼) "ਅਰਬੀਆ" ਦੇ ਕਲਕੱਤੇ ਘਾਟ ਤੇ ਲੱਗਣ ਸਮੇਂ ਹਾਜ਼ਰ ਸੀ, ਜਿਸ ਜਹਾਜ਼ ਵਿਚੋਂ ਭਾਈ ਹੀਰਾ ਸਿੰਘ ਲੰਮੂ ਸਢੌਰਾ ਅਤੇ ਉਸ ਦੇ ਨਾਲ ਦੇ ਹੋਰ ਸਿੰਘ ਉਤਰਨ ਵਾਲੇ ਸਨ। ਇਹ ਰੰਗੂਨ ਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕਰਕੇ ਹੁਕਮਨਾਮੇ ਆਦਿ ਪਰਾਪਤ ਕਰਕੇ ਮੁੜ ਰਹੇ ਸਨ। ਕਸ਼ਮੀਰ ਕੂਕਾ ਰੈਜੀਮੈਂਟ ਦਾ ਬਾਨੀ ਹੋਣ ਕਾਰਨ, ਹੀਰਾ ਸਿੰਘ ਕੂਕਿਆਂ ਦੇ ਸਤਿਕਾਰ ਦਾ ਪਾਤਰ ਸੀ ਤੇ ਸਰਕਾਰ ਅੰਗਰੇਜ਼ੀ ਦੀ ਅੱਖ ਦੀ ਕਿਰਕਿਰੀ। ਪੁਲਿਸ ਅਧਿਕਾਰੀ ਦੱਸਦਾ ਹੈ ਕਿ ਹੀਰਾ ਸਿੰਘ ਅਤੇ ਹੋਰ ਕੂਕਿਆਂ ਦੇ ਪਹਿਰਨ ਵਾਲੇ ਬਸਤਰ, ਇਸੇ ਖੁਸ਼ਹਾਲ ਸਿੰਘ ਪਾਸ ਉਹ ਸੁਰੱਖਿਅਤ ਛੱਡ ਗਏ ਸਨ। ਇਸ ਲਈ ਬਿਹਤਰ ਹੋਵੇਗਾ ਜੇ ਸਰਕਾਰ ਖੁਸ਼ਹਾਲ ਸਿੰਘ ਨੂੰ ਚੁੱਪ ਚਾਪ ਕਲਕੱਤੇ ਤੋਂ ਕਿਧਰੇ ਪਾਸੇ ਹਟਾ ਦੇਵੇ।[15]

ਭਾਈ ਨਰਾਇਣ ਸਿੰਘ ਰੋਡਿਆਂ ਪਾਸੋ ੧੮ ਜੁਲਾਈ ੧੮੭੯ ਈ. ਨੂੰ ਐੱਸ. ਪੀ., ਵਾਰਬਰਟਨ ਨੇ ਜਿਹੜੇ ਕਾਗਜ਼ ਪੱਤਰ (ਹੁਕਮਨਾਮੇ) ਸਤਿਗੁਰੂ ਜੀ ਪਾਸੋਂ ਰੰਗੂਨ ਵਿੱਚੋਂ ਆਏ ਪਕੜੇ ਸਨ, ਉਹਨਾਂ ਵਿੱਚੋਂ ਕਾਗਜ਼ ਨੰ. ੭ ਵਿੱਚ ਸਤਿਗੁਰੂ ਜੀ ਦੁਆਰਾ ਪੰਜਾਬੀ ਵਿੱਚ ਲਿਖਿਆ ਸਿਰਨਾਵਾਂ ਸੀ, "ਬੜੀ ਬਾਜ਼ਾਰ, ਤੁੱਲਾ ਪੱਟੀ, ਛੋਟੀ ਸੰਗਤ, ਗੋਪਾਲ ਸਿੰਘ ਦੀ ਬਾੜੀ ਪੁਜਾਰੀ ਦੀ" ਸਾਥ ਹੀ ਪੁਲਿਸ ਅਧਿਕਾਰੀ ਦਾ ਇੰਦਰਾਜ ਹੈ ਕਿ ਇਹ ਉਹ ਸਿਰਨਾਵਾਂ ਹੈ, ਜਿੱਥੇ ਭਾਈ ਖੁਸ਼ਹਾਲ ਸਿੰਘ ਰਹਿੰਦਾ ਹੈ।[16]

ਇਸੇ ਤਰ੍ਹਾਂ ਹੁਕਮਨਾਮਿਆਂ ਦੇ ਕਾਗਜ਼ ਨੰਬਰ 12 ਵਿੱਚ ਅੰਗਰੇਜ਼ੀ ਅਨੁਵਾਦਿਤ ਤੋਂ ਫਿਰ ਪੰਜਾਬੀ ਇਉਂ ਬਣਦੀ ਹੈ, " ਹੋਰ ਭਾਈ ਨਰਾਇਣ ਸਿੰਘ ਹੁਣ ਬਰਸ ਤੱਕ

ਇਥੇ ਕੋਈ ਨਾ ਆਵੇ। ਪਰ ਜੇ ਸ਼ਾਮ ਸਿੰਘ ਤੁਹਾਥੋਂ ਪੱਤਰ ਲੈਣੇ ਮੰਨ ਜਾਵੇ ਅਤੇ ਬਾਅਦ ਵਿੱਚ ਮੈਨੂੰ ਭੇਜ ਦੇਵੇ ਤਾਂ ਉਹਨੂੰ ਦੇ ਦੇਣੇ। ਤੁਸੀਂ (ਪੰਜਾਬ ਤੋਂ ਕੋਈ ਵੀ) ਖ਼ਬਰ ਖੁਸ਼ਹਾਲ ਸਿੰਘ ਪਾਸ ਪੁਚਾ ਸਕਦੇ ਹੋ। ਸ਼ਾਮ ਸਿੰਘ (ਜੋ ਰੰਗੂਨ ਰੇਲਵੇ ਸਟੇਸ਼ਨ ਤੇ ਰਹਿੰਦਾ ਅੰਮ੍ਰਿਤਸਰ ਦਾ ਤਰਖਾਣ ਸਿੰਘ ਸੀ ਜਿਸ ਦਾ ਭਾਈ, ਸ਼ੇਰ ਸਿੰਘ ਖਰਾਸੀਆ ਡੇਰਾ ਸ੍ਰੀ ਭੈਣੀ ਸਾਹਿਬ ਵਿਖੇ ਸੇਵਾ ਕਰਦਾ ਸੀ) ਪਾਸੋਂ ਉਸ ਦਾ ਸਿਰਨਾਵਾਂ ਲੈ ਕੇ ਖੁਸ਼ਹਾਲ ਸਿੰਘ ਨੂੰ (ਕਲਕੱਤੇ) ਪੁਚਾ ਦਿਉ ? ਡੇਰੇ ਭੈਣੀ ਸਾਹਿਬ ਵਿੱਚੋਂ ਪੱਤਰ ਖੁਸ਼ਹਾਲ ਸਿੰਘ ਪਾਸ ਭੇਜ ਸੱਕਦੇ ਹੋ ਜੋ ਇਹਨਾਂ ਨੂੰ ਅੱਗੇ ਸ਼ਾਮ ਸਿੰਘ ਪਾਸ ਪੁਚਾ ਦੇਵੇਗਾ ਤੇ ਸ਼ਾਮ ਸਿੰਘ ਇਹਨਾਂ ਨੂੰ ਸਾਡੇ ਰੰਗੂਨ ਨਿਵਾਸ ਤੇ ਸੁੱਟ ਜਾਵੇਗਾ। ਸ਼ਾਮ ਸਿੰਘ ਨੂੰ ਖੁਸ਼ਹਾਲ ਸਿੰਘ ਦਾ ਸਿਰਨਾਵਾਂ ਦੇ ਦੇਣਾਂ ( ਜੋ ਉਪਰਲੇ ਕਾਗਜ਼ ਵਿੱਚ ਦਿੱਤਾ ਗਿਆ ਹੈ)। ਜਦੋਂ ਸਮਾਂ ਮਿਲਿਆ ਮੈਂ ਆਪਣੇ ਪੱਤਰ ਸ਼ਾਮ ਸਿੰਘ ਨੂੰ ਦੇ ਦਿਆਂਗਾ ਜੋ ਇਸ ਨੂੰ ਖੁਸ਼ਹਾਲ ਸਿੰਘ ਪਾਸ ਪਹੁੰਚਾ ਦੇਵੇਗਾ ਅਤੇ ਅੱਗੋਂ ਉਹ ਡੇਰਾ ਸ੍ਰੀ ਭੈਣੀ ਸਾਹਿਬ ਪੁਚਾ ਦੇਵੇਗਾ। ਜੇ ਸ਼ਾਮ ਸਿੰਘ ਮੰਨ ਜਾਵੇ ਪੱਤਰ ਸਵੀਕਾਰ ਕਰਨੇ ਤਾਂ ਚਾਰ ਜਾਂ ਛੇ ਮਹੀਨਿਆਂ ਵਿੱਚ ਉਸ ਨੂੰ ਭੇਜ ਦਿਆ ਕਰੋ। ਪਰ ਜੇ ਕਿਸੇ ਭੈਅ ਕਾਰਨ ਉਹ ਪੱਤਰ ਲੈਣਾ ਨਾ ਮੰਨੇ ਤਾਂ ਵੀ ਵਾਹ ਭਲਾ। ਗੁਰੂ ਵਿੱਚ ਭਰੋਸਾ ਰੱਖੋ, ਜਦੋਂ ਚਾਹੇਗਾ ਮੇਲ ਹੋ ਜਾਏਗਾ।.... ਸਾਡੇ ਦੋਹਾਂ ਵੱਲੋਂ ਖੁਸ਼ਹਾਲ ਸਿੰਘ ਨੂੰ ਵਾਹਿਗੁਰੂ ਜੀ ਕੀ ਫਤਹਿ। ਕਲਕੱਤੇ ਵਿੱਚ ਆਉਣ ਵਾਲੇ ਸਮੂਹ ਸਿੱਖਾਂ ਦੀ ਉਹ ਬਹੁਤ ਚੰਗੀ ਵੇਖ ਭਾਲ ਕਰਦਾ ਹੈ।...”

ਸਤਿਗੁਰੂ ਜੀ ਇਸ ਸਮੇਂ ਪੰਜਾਬ ਦੇ ਗੁਆਂਢੀ ਰਾਜਾਂ ਨੈਪਾਲ, ਰੂਸ ਆਦਿ ਨਾਲ ਸੰਬੰਧਾਂ ਬਾਰੇ ਯੋਜਨਾਵਾਂ ਬਣਾਉਂਦੇ ਸਨ। ਉਹ ਅੰਗਰੇਜ਼ਾਂ ਅਤੇ ਰੂਸੀਆਂ ਵਿਚਾਲੇ ਵਧ ਰਹੇ ਤਨਾਓ ਤੇ ਵੀ ਪੈਨੀ ਦ੍ਰਿਸ਼ਟੀ ਰੱਖ ਰਹੇ ਸਨ। ਇਸ ਲਈ ਉਹ ਚਾਹੁੰਦੇ ਸਨ ਕਿ ਇਸ ਸੰਬੰਧ ਵਿੱਚ ਸ੍ਰੀ ਭੈਣੀ ਸਾਹਿਬ ਅਤੇ ਆਪਣੇ ਵਿਚਾਲੇ ਸੰਪਰਕ ਸੂਤਰ ਵਿਕਸਿਤ ਕਰਕੇ, ਉਹ ਕਿਸੇ ਤਰ੍ਹਾਂ ਆਪਣੇ ਸਿੰਘਾਂ ਅਤੇ ਗੁਆਂਢੀ ਏਸ਼ੀਅਨ ਤਾਕਤਾਂ ਦੇ ਸਹਿਯੋਗ ਨਾਲ , ਆਪਣੇ ਮੁਕਤੀ ਸੰਗਰਾਮ ਨੂੰ ਅੰਤਿਮ ਟੀਚੇ ਤੱਕ ਪੁਚਾ ਸੱਕਣ। ਇਸ ਕਾਰਜ ਵਿੱਚ ਭਾਈ ਮਤਾਬ ਸਿੰਘ ਪਕੌੜੀਏ ਦੇ ਭਾਈ ਖੁਸ਼ਹਾਲ ਸਿੰਘ ਦੀ ਭੂਮਿਕਾ ਬਹੁਤ ਵੱਡਾ ਆਕਾਰ ਗ੍ਰਹਿਣ ਕਰ ਜਾਂਦੀ ਹੈ।

ਐਸੇ ਮਰਜੀਵੜੇ ਸਤਿਗੁਰੂ ਰਾਮ ਜੀ ਨੇ ਵੱਡੀ ਗਿਣਤੀ ਵਿੱਚ ਤਿਆਰ ਕਰ ਦਿੱਤੇ ਸਨ। ਇਹ ਸਭ ਆਪ ਦੁਆਰਾ ਵਿੱਢੇ ਕੂਕਾ ਅੰਦੋਲਨ ਦੀ ਬੇਸ਼ਕੀਮਤੀ ਧਰੋਹਰ ਬਣ ਚੁੱਕੇ ਹਨ। ਉਹਨਾਂ ਦੀ ਯਾਦ ਵਿੱਚ ਨਤਮਸਤਕ ਹੋਣਾ ਸਾਡੇ ਧੰਨ ਭਾਗ ਹਨ।

## ਹਵਾਲੇ ਤੇ ਟਿੱਪਣੀਆਂ


1. ਰੀਬੈਲਜ਼ ਅਗੇਂਸਟ ਦਾ ਬ੍ਰਿਟਿਸ਼ ਰੂਲ (ਦਸਤਾਵੇਜ ਸੀ. ਭਾਈ ਨਾਹਰ ਸਿੰਘ ਕਿਰਪਾਲ ਸਿੰਘ ਸਫਾ ੧੪੯
2. ਕੂਕਾ ਮੂਵਮੈਂਟ (ਫਰੀਡਮ ਸਟਰੈਲ ਇਨ ਪੰਜਾਬ)–ਮੰ. ਜਸਵਿੰਦਰ ਸਿੰਘ, ਸਫਾ (੨੮੬–੨੯੩)

3. ਸਤਿਗੁਰੂ ਬਿਲਾਸ ਭਾਗ ਪਹਿਲਾ-ਭਾਈ ਸੰਤੋਖ ਸਿੰਘ ਬਾਹੋਵਾਲ, (ਸਫਾ ੫੭-੬੨ ਵਿੱਚ ਉਚਰਿਤ
4. ਅੱਖੀਂ ਡਿੱਠਾ ਕਿੱਸਾ ਕੀਤਾ (ਜਥੇਦਾਰ ਗੁਰਮੁਖ ਸਿੰਘ ਝੱਬਰ ਦੀਆਂ ਯਾਦਾਂ ਦੇ ਝਰੋਖੇ 'ਚੋਂ) ਸੰਃ ਸੁਵਰਨ ਸਿੰਘ ਵਿਰਕ, ੨੦੧੩, ਸ੍ਰੀ ਭੈਣੀ ਸਾਹਿਬ, ਸਫਾ ੫੧-੫੨
5. ਮੇਰੀ ਜੀਵਨ ਕਹਾਣੀ-ਪ੍ਰੋ. ਸਾਹਿਬ ਸਿੰਘ ਜੀ, ਦੂਜੀ ਛਾਪ, ਅੰਮ੍ਰਿਤਸਰ, ਸਫਾ ੫੬ ਤੋਂ ੬੨ ਅਤੇ ੯੪-੯੫
6. (7) ਕੂਕਾਜ਼ ਆਫ ਨੋਟ ਇਨ ਦਾ ਪੰਜਾਬ, ਸੰਃ ਜਸਵਿੰਦਰ ਸਿੰਘ।, ਸਫਾ ੯੦-੯੧
8. ਸਤਿਗੁਰ ਬਿਲਾਸ-ਭਾਗ ਦੂਜਾ, ਭਾਈ ਸੰਤੋਖ ਸਿੰਘ ਬਾਹੋਵਾਲ (ਸੰ.ਜਸਵਿੰਦਰ ਸਿੰਘ), ਸਫਾ ੧੧੨
9. ਕੂਕਾ ਮੂਵਮੈਂਟ-ਸਫਾ ੬੮
10. ਕੂਕਾਜ਼ ਆਫ ਨੋਟ ਇਨ ਦਾ ਪੰਜਾਬ, ਸਫਾ 94-95
11. ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ, (ਹੁਕਮਨਾਮਾ ਨੰ. ੧੦) ਸਫਾ 179
12. ਸਤਿਗੁਰੂ ਬਿਲਾਸ -ਭਾਗ ਦੂਜਾ ਸਫਾ 286
13. ਉਹੀ, ਸਫਾ 345-45
14. ਉਹੀ, ਸਫਾ356
15. ਕੂਕਾ ਮੂਵਮੈਂਟ, ਸਫਾ 12
16. ਉਹੀ, ਸਫਾ 54
17. ਉਹੀ, ਸਫਾ 58-59

# ਸਤਿਲੁਜ ਦੇ ਢਾਹੇ ਦਾ ਕੂਕਾ ਸੂਰਮਾ,
# ਸੁੱਧ ਸਿੰਘ ਬਗਲੀ ਕਲਾਂ

ਕੂਕਾ ਅੰਦੋਲਨ ਦੇ ਕੇਂਦਰੀ ਸਥਾਨ ਸ੍ਰੀ ਭੈਣੀ ਸਾਹਿਬ ਨੂੰ ਆਮ ਤੌਰ ਤੇ ਪੰਜਾਬ ਦੇ ਮਾਲਵੇ ਦੇ ਉਪ-ਖਿੱਤੇ, ਪੁਆਧ ਵਿਚ ਹੀ ਸਥਿਤ ਸਮਝਿਆ ਜਾਂਦਾ ਹੈ। ਮੇਰੀ ਵੀ ਇਹੋ ਸਮਝ ਸੀ। ਪਿਛਲੇ ਦਿਨਾਂ ਵਿੱਚ ਮੈਂ ਪੰਜਾਬੀ ਨਾਵਲ ਦੇ ਸਫਰ ਨੂੰ ਅੱਗੇ ਤੋਰਨ ਵਾਲੇ, ਅਵਤਾਰ ਸਿੰਘ ਬਿਲਿੰਗ ਦਾ ਨਾਵਲ "ਖੇੜੇ ਸੁੱਖ ਵਿਹੜੇ ਸੁੱਖ ਪੜ੍ਹਿਆ।" ਵੀਹਵੀਂ ਸਦੀ ਦੀਆਂ ਪੰਜਾਬ ਵਿੱਚ ਚੱਲਣ ਵਾਲੀਆਂ ਲੋਕ ਲਹਿਰਾਂ ਅਤੇ ਮੱਧ ਉਨੀਂਵੀਂ ਸਦੀ ਵਿਚ ਚੱਲਣ ਵਾਲੀ ਕੂਕਾ ਲਹਿਰ ਦਾ ਪਰਭਾਵ ਖੇਤਰ ਵੀ ਇਸ ਨਾਵਲ ਵਿੱਚ, ਕਿਸਾਨ ਜੀਵਨ ਦੀ ਵਿਆਖਿਆ ਦੇ ਨਾਲ ਨਾਲ ਮਿਲਦਾ ਹੈ। ਬੇਸ਼ੱਕ ਇਸ ਦੇ ਕਥਾਨਕ ਵਿੱਚ ਕੂਕਾ ਲਹਿਰ ਦਾ ਸ਼ਕਤੀਸ਼ਾਲੀ ਵਰਤਾਰਾ ਤਾਂ ਬੀਤ ਚੁੱਕਾ ਹੈ, ਪ੍ਰੰਤੂ ਉਸ ਦੀਆਂ ਥੋਕ ਵਿੱਚ ਵਰੀਆਂ ਸ਼ਹੀਦੀਆਂ, ਗਊ ਗਰੀਬ ਦੀ ਰਾਖੀ, ਦੇਸ਼ ਭਗਤੀ, ਲੋਕ ਸ਼ੈਲੀ ਵਾਲੇ ਜੀਵਨ ਦਾ ਮਾਰਮਿਕ ਚਿਤਰਣ, ਇਸ ਵਿਚ ਵਿੱਦਮਾਨ ਹੈ। ਪੁਆਧ ਦੇ ਇਸ ਖੇਤਰ ਬਾਰੇ ਜੋ ਮੇਰੀ ਸਮਝ ਸੀ ਬਿਲਿੰਗ ਹੋਰਾਂ ਨੇ ਉਸ ਨੂੰ ਦਰੁਸਤ ਕੀਤਾ ਹੈ। ਉਹਨਾਂ ਨੇ ਇਸ ਖਿੱਤੇ ਨੂੰ ਢਾਹੇ ਦਾ ਨਾਮ ਦਿੱਤਾ ਹੈ ਜਿਸ ਵਿੱਚ ਉਹਨਾਂ ਦਾ ਪਿੰਡ ਸੇਹ ਦਾਦਨ ਖਾਂ ਅਤੇ ਖੰਨਾ ਥਾਣੇ ਦੇ ਬਗਲੀ ਕਲਾਂ ਆਦਿ ਪਿੰਡ ਆਉਂਦੇ ਹਨ। ਲੇਖਕ ਅਵਤਾਰ ਸਿੰਘ ਬਿਲਿੰਗ ਦੇ ਸ਼ਬਦਾਂ ਵਿੱਚ ਢਾਹੇ ਦੀ ਵਿਆਖਿਆ ਇਉਂ ਕੀਤੀ ਗਈ ਹੈ-"ਸਤਿਲੁਜ ਦਰਿਆ ਦੀ ਖਾਰ ਨਾਲ ਬਣਿਆ ਉੱਚਾ ਇਲਾਕਾ ਜਿਹੜਾ ਲੁਧਿਆਣਾ, ਮਾਛੀਵਾੜਾ ਖਮਾਣੋਂ, ਸਰਹਿੰਦ, ਅਮਲੋਹ, ਸਾਹਨੇਵਾਲ, ਲੁਧਿਆਣਾ ਵਿਚਕਾਰ ੧੬੦੦ ਵਰਗ ਕਿਲੋਮੀਟਰ ਵਿੱਚ ਪੁਆਧ ਅਤੇ ਮਾਲਵੇ ਵਿਚਾਲੇ ਫੈਲਿਆ ਖਿੱਤਾ ਹੈ, ਜਿਸ ਦੀ ਬੋਲੀ ਵੀ ਇਹਨਾਂ ਦੋਹਾਂ ਤੋਂ ਵੱਖਰੀ ਹੈ।"[1]

ਢਾਹੇ ਦੇ ਇਸ ਖਿੱਤੇ ਦੇ ਲੋਕ ਬੜੇ ਜ਼ਿੰਦਾ ਦਿਲ ਇਨਸਾਨ ਹਨ। ਉਹਨਾਂ ਵਿਚ ਜ਼ਿੰਦਗੀ ਜੀਣ ਦੀ ਪਰਬਲ ਇੱਛਾ ਸ਼ਕਤੀ ਹੈ। ਉਹ ਕਠਿਨ ਅਤੇ ਵਿਪਰੀਤ ਹਾਲਾਤ ਵਿੱਚ ਵੀ ਚੜ੍ਹਾਈ ਕਲਾ ਵਿਚ ਰਹਿਣ ਦਾ ਗੁਰ ਮੰਤਰ ਜਾਣਦੇ ਹਨ। ਆਪਣੇ ਸੁਭਾਅ ਤੋਂ ਉਹ ਬੇਸ਼ਕ ਧਰਮ ਨਿਰਪੱਖ ਲੋਕ ਹਨ ਪਰ ਸਿੱਖੀ ਦੀਆਂ ਮਹਾਨ ਕੁਰਬਾਨੀਆਂ, ਸਿੱਖੀ ਦੀਆਂ ਨੀਹਾਂ ਦਾ ਇਹ ਖਿੱਤਾ ਗੁਆਹ ਰਿਹਾ ਹੋਣ ਕਾਰਨ, ਸਿੱਖ ਧਰਮ ਵਿੱਚ ਲੋਕਾਂ ਦੀ ਅਟੁੱਟ ਆਸਥਾ ਹੈ। ਗੁਰੂ ਕਾਲ ਤੋਂ ਬਾਅਦ ਬੰਦਾ ਬਹਾਦਰ ਅਤੇ ਸਿੱਖ ਮਿਸਲਾਂ ਦੀ ਕਾਇਮੀ ਵੇਲੇ ਵੀ ਇੱਥੋਂ ਦੇ ਰਣ ਬਾਂਕਿਆਂ ਨੇ ਜਾਨਾਂ ਹਥੇਲੀ ਤੇ ਰੱਖ ਕੇ ਇਤਿਹਾਸ ਦਾ ਰੁਖ ਮੋੜਨ ਵਾਲੀਆਂ ਲੜਾਈਆਂ ਲੜੀਆਂ। ਬੇਸ਼ਕ ਚੰਗੇ ਮਾੜੇ ਲੋਕ ਹਰ ਥਾਂ ਤੇ ਹੁੰਦੇ ਹਨ ਪਰ ਬਹੁਗਿਣਤੀ ਸਾਊ, ਪਰਉਪਕਾਰੀ ਅਤੇ ਸਿੱਧੇ ਸਾਦੇ ਲੋਕਾਂ

ਦੀ ਹੈ। ਇਹੋ ਕਾਰਨ ਹੈ ਕਿ ਸਤਿਗੁਰੂ ਰਾਮ ਸਿੰਘ ਜੀ ਵੱਲੋਂ ਵਿੱਢੇ ਕੂਕਾ ਸੰਗਰਾਮ ਨੂੰ ਇੱਕ ਤਾਂ ਆਪਣੇ ਇਲਾਕੇ ਦੀ ਸਾਂਝ ਸਦਕਾ ਤੇ ਦੂਜਾ ਜੁਝਾਰੂ ਸਿੱਖ ਵਿਰਸੇ ਕਾਰਨ, ਢਾਹੇ ਦੇ ਲੋਕਾਂ ਨੇ ਭਰਪੂਰ ਸਹਿਯੋਗ ਦਿੱਤਾ। ਬਿਲਿੰਗ ਹੋਰਾਂ ਦੇ ਪਿੰਡ ਸੇਹ ਦੇ ੬ ਉੱਘੇ ਕੂਕਿਆਂ ਦਾ ਜ਼ਿਕਰ ੧੮੮੦ ਈ. ਦੀ ਪੰਜਾਬ ਵਿਚ ਜ਼ੇਰੇ ਨਿਗਰਾਨੀ ਰੱਖੇ ਜਾਣ ਵਾਲੇ ਕੂਕਿਆਂ ਦੀ ਲਿਸਟ ਵਿੱਚ ਆਉਂਦਾ ਹੈ। ਢਾਹੇ ਦੇ ਖਿੱਤੇ ਦੇ ਥਾਣਾ ਖੰਨੇ ਵਿੱਚ ੩੯ ਕੂਕਿਆਂ ਦੇ ਨਾਮ ਹਨ, ਸਾਹਨੇਵਾਲ ਥਾਣੇ ਦੇ ੨੩ ਅਤੇ ਮਾਛੀਵਾੜਾ ਥਾਣੇ ਦੇ ੭ ਕੂਕੇ ਲੁਧਿਆਣਾ ਜ਼ਿਲ੍ਹਾ ਦੀ ੧੫੨ ਕੂਕਿਆਂ ਵਾਲੀ ਸੂਚੀ ਵਿਚ ਦਰਜ ਹਨ। ਜੇ ਲੁਧਿਆਣਾ ਦੇ ਸਮੁੱਚੇ ਜ਼ਿਲ੍ਹੇ ਤੇ ਨਜ਼ਰ ਮਾਰੀਏ ਤਾਂ ਢਾਹੇ ਦੇ ਬਾਗੀ ਕੂਕੇ ਸੱਤਰਾਂ ਤੋਂ ਵੀ ਵਧ ਜਾਂਦੇ ਹਨ। ਇਸ ਲਈ ਐਸੇ ਮਹੱਤਵਪੂਰਨ ਖਿੱਤੇ ਦੇ ਕੂਕਾ ਸੰਗਰਾਮੀਆਂ ਦੀ ਗੱਲ ਕਰਨੀ ਬਣਦੀ ਹੈ ਜਿਹਨਾਂ ਦੀ ਕੀਰਤੀ ਅੱਜ ਵੀ ਜੀਵਿਤ ਹੈ।

ਢਾਹੇ ਦੇ ਕੂਕਿਆਂ ਵਿੱਚ, ਜਾਨ ਤੋਂ ਖੇਡ ਜਾਣ ਵਾਲਾ ਭਾਈ ਸੁੱਧ ਸਿੰਘ ਬਗੁਲੀ ਕਲਾਂ, ਪਰਸਿੱਧ ਕੂਕਾ ਸੂਰਮਾ ਹੋਇਆ ਹੈ। ਬਿਲਿੰਗ ਹੋਰਾਂ ਦੇ ਨਾਵਲ ਵਿੱਚ ਸੇਹ ਪਿੰਡ ਦੇ ਉਸ ਨਾਮਧਾਰੀ ਸ਼ਹੀਦ ਦਾ ਵਰਨਣ ਮਿਲਦਾ ਹੈ ਜੋ ਬਗੁਲੀ ਕਲਾਂ ਵਿੱਚ ਖੁੱਲ੍ਹਣ ਵਾਲੇ ਬੁੱਚੜਖਾਨੇ ਦਾ ਵਿਰੋਧ ਕਰਦਾ ਹੋਇਆ ਸ਼ਹੀਦ ਹੋਇਆ ਸੀ। ਬੇਸ਼ਕ ਨਾਵਲ ਇਤਿਹਾਸ ਨਹੀਂ ਹੁੰਦਾ ਪਰ ਇਤਿਹਾਸ ਦੇ ਬੀਜ ਅਤੇ ਹੋਰ ਚਿੰਨ੍ਹ ਇਸ ਵਿਚੋਂ ਲੋਕ ਮਾਨਸ ਦੀ ਸਹਾਇਤਾ ਨਾਲ ਪਹਿਚਾਣੇ ਜਾ ਸਕਦੇ ਹਨ। ਪਿੰਡ ਵਿੱਚ ਸ਼ਹੀਦ ਦੀ ਕਿਆਰੀਆਂ ਵਾਲੇ ਸ਼ਹੀਦ ਦੇ ਤੌਰ ਤੇ ਮਾਨਤਾ ਹੁੰਦੀ ਹੈ। ਅੱਗੇ ਚੱਲ ਕੇ ਅਸੀਂ ਵੇਖਾਂਗੇ ਕਿ ਉਹ ਸੂਰਮਾ ਵੀ ਭਾਈ ਸੁੱਧ ਸਿੰਘ ਬਗਲੀ ਕਲਾਂ ਦੇ ਜਥੇ ਦਾ ਹੀ ਕੋਈ ਸ਼ਹੀਦ ਜਾਂ ਜ਼ਿੰਦਾ ਸ਼ਹੀਦ ਹੋ ਕੇ ਵਿਚਰਦਾ ਰਿਹਾ ਹੋਵੇਗਾ। ਲੋਕ ਸੰਗਰਾਮਾਂ ਵਿੱਚ ਜੂਝਣ ਦਾ ਚਾਅ ਮਨ ਵਿੱਚ ਲੈ ਕੇ ਵਿਚਰਨ ਵਾਲੇ, ਅਨੇਕ ਮਰਦੇ-ਮੁਜਾਹਿਦ ਮਿਲ ਜਾਂਦੇ ਹਨ।

ਭਾਈ ਸੁੱਧ ਸਿੰਘ ਬਾਗੁਲੀ ਕਲਾਂ, ਥਾਣਾ ਖੰਨਾ ਜ਼ਿਲ੍ਹਾ ਲੁਧਿਆਣਾ ਵਿੱਚ ੧੮੮੦ ਈ. ਵਿਚ ਰਿਹਾਇਸ਼ ਰੱਖਦਾ ਸੀ। ਉਸ ਦਾ ਜੁੱਸਾ ਅਤੇ ਕੱਦ ਦਰਮਿਆਨਾ ਸੀ। ਰੰਗ ਕਣਕਵੰਨਾ, ਦਾਹੜਾ ਅਤੇ ਮੁਛਹਿਰੇ ਕਾਲੇ ਉਮਰ ੩੦ ਸਾਲ ਦੇ ਲੱਗਭੱਗ ਸੀ। ਉਸ ਦਾ ਪਹਿਰਾਵਾ ਕੂਕਿਆਂ ਵਰਗਾ ਸੀ। ਸਤਿਗੁਰੂ ਰਾਮ ਸਿੰਘ ਜੀ ਦੇ ਇਸ ਹੁਕਮ ਤੇ ਅਮਲ ਕਰਦਿਆਂ ਜੋ ਆਪ ਨੇ ਰੰਗੂਨ ਤੋਂ ਹੁਕਮਨਾਮਿਆਂ ਵਿਚ ਲਿਖ ਭੇਜਿਆ ਸੀ ਕਿ ਵੱਧ ਤੋਂ ਵੱਧ ਪਾਠ ਆਦਿ ਸ੍ਰੀ ਗੁਰੂ ਗਰੰਥ ਸਾਹਿਬ ਦੇ ਕੀਤੇ ਜਾਣ, ਭਾਈ ਸੁੱਧ ਸਿੰਘ ਆਪਣਾ ਸਾਰਾ ਸਮਾਂ ਗੁਰਬਾਣੀ ਦੇ ਪਾਠ ਵਿੱਚ ਹੀ ਬਿਤਾਉਂਦਾ ਹੈ।[2] ਸੁੱਧ ਸਿੰਘ ਦੇ ਪਿਤਾ ਜੀ ਦਾ ਨਾਮ ਸੁੱਖਾ ਸਿੰਘ ਹੈ ਅਤੇ ਉਹ ਖੇਤੀਬਾੜੀ ਕਰਨ ਵਾਲੇ ਪਰਿਵਾਰ ਹੈ। ਸੁੱਖਾ ਸਿੰਘ ਵੀ ਸਤਿਗੁਰੂ ਰਾਮ ਸਿੰਘ ਜੀ ਦੇ ਮੱਤ ਵਿੱਚ ਸ਼ਾਮਲ ਹੋ ਚੁੱਕਾ ਹੈ ਇਸ ਲਈ ਸੁੱਧ ਸਿੰਘ ਤੇ ਉਸ ਦੇ ਦੋਵੇਂ ਭਾਈ ਵੀ ਕੂਕੇ ਬਣ ਚੁੱਕੇ ਹਨ। ਦੋਹਾਂ ਦਾ ਸਰਕਾਰ ਦੀਆਂ ਨਜ਼ਰਾਂ ਵਿਚ ਖਤਰਨਾਕ ਸਮਝੇ ਜਾਣ ਵਾਲੇ ਕੂਕਿਆਂ ਦੀ ਸੂਚੀ ਵਿੱਚ ਨਾਮ ਆਉਂਦਾ ਹੈ। ਸਭ ਤੋਂ ਵੱਡਾ ਵਜ਼ੀਰ ਸਿੰਘ ਉਮਰ ੫੦ ਸਾਲ ਦੀ, ਸਰੀਰ ਪਤਲਾ ਤੇ ਲੰਮਾ, ਰੰਗ ਗੋਰਾ ਅਤੇ ਅੱਖਾਂ ਨੀਲੀਆਂ ਹਨ। ਉਹ ਆਪਣੇ ਧਾਰਮਕ ਕਾਰਜ ਦੀ ਪੂਰਤੀ ਲਈ

ਪਟਿਆਲਾ ਰਿਆਸਤ ਦੇ ਦੋਰਾਹਾ ਥਾਣੇ ਦੇ ਗਰਧਾਣਾ ਪਿੰਡ ਵਿੱਚ ਰਹਿ ਰਿਹਾ ਹੈ। ਵਿਹਾਰ ਕਾਰ ਵਾਲੇ ਖਾਨੇ ਵਿੱਚ ਉਸ ਨੂੰ "ਭਿੱਖ ਮੰਗਾ" ਲਿਖਿਆ ਹੈ। ਦਰਅਸਲ ਉਹ ਨਵੇਂ ਪਿੰਡ ਵਿੱਚ ਗਰੰਥੀ ਦੀਆਂ ਸੇਵਾਵਾਂ ਨਿਭਾਉਂਦਾ ਹੈ ਇਸ ਲਈ ਉਸ ਪ੍ਰਤੀ ਲਿਖਣ ਵਾਲਿਆਂ ਨੂੰ ਟਪਲਾ ਲੱਗਾ ਹੈ। ਸਤਿਗੁਰੂ ਰਾਮ ਸਿੰਘ ਜੀ ਦੇ ਨਾਮਧਾਰੀ ਪੰਥ ਵਿੱਚ ਤਾਂ ਇੱਕ ਵੀ ਭਿਖਾਰੀ ਨਹੀਂ ਸੀ। ਸੁੱਧ ਸਿੰਘ ਦੇ ਵਿਚਕਾਰਲੇ ਭਾਈ ਦਾ ਨਾਮ, ਬੁੱਧ ਸਿੰਘ ਉਰਫ ਅਤਰ ਸਿੰਘ ਹੈ। ਉਸ ਦਾ ਰੰਗ ਵੀ ਦੋਹਾਂ ਭਰਾਵਾਂ ਜਿਹਾ ਹੈ ਪਰ ਚਿਹਰੇ ਤੇ ਮਾਤਾ ਦੇ ਦਾਗ ਹਨ। ਉਸ ਦਾ ਜੁੱਸਾ ਪਤਲਾ, ਕੱਦ ਦਰਮਿਆਨਾ, ਦਾਹੜਾ ਛੋਟਾ, ਉਮਰ ੪੦ ਸਾਲ ਦੇ ਲਗਪੱਗ ਕਿੱਤਾ ਖੇਤੀਬਾੜੀ ਲਿਖਿਆ ਹੈ। ਪਹਿਰਾਵਾ ਕੂਕਿਆਂ ਜੈਸਾ ਹੈ। ਉਸ ਨੇ ਆਪਣੀ ਸਾਰੀ ਜ਼ਮੀਨ ਜਾਇਦਾਦ, ਚਲ ਅਚਲ ਸੰਪਤੀ ਵੇਚ ਕੇ , ਭੈਣੀ ਸਾਹਿਬ ਦੇ ਲੰਗਰ ਵਿੱਚ ਪਾ ਦਿੱਤੀ ਹੈ। ਇਉਂ ਗੁਰਬਾਣੀ ਪਾਠਾਂ ਦੇ ਨਾਲ-ਨਾਲ, ਭੈਣੀ ਸਾਹਿਬ ਲੰਗਰ ਨੂੰ ਹਰ ਹਾਲਤ ਚੱਲਦਾ ਰੱਖਣ ਵਾਲਾ ਪਰਦੇਸੀ ਪ੍ਰੀਤਮ ਦਾ ਹੁਕਮ, ਬਗੁਲੀ ਕਲਾਂ ਦੇ ਕੂਕੇ, ਜੱਟ/ਕਿਸਾਨੀ ਲਈ ਜਾਨ ਤੋਂ ਪਿਆਰੀ ਸ਼ੈ,ਜ਼ਮੀਨ ਵੇਚ ਕੇ ਵੀ ਪੂਰਾ ਕਰ ਰਹੇ ਹਨ। ਉਸ ਬਾਰੇ ਲਿਖਿਆ ਹੈ ਕਿ ਉਹ ਝਗੜਾਲੂ ਸੁਭਾਅ ਵਾਲਾ ਅਤੇ ਕੂਕਿਆਂ ਤੋਂ ਇਲਾਵਾ ਹੋਰਨਾਂ ਮੱਤਾਂ ਵਾਲਿਆਂ ਦੇ (ਹਮਲਾਵਰ ਰੁਖ ਨੂੰ) ਸਹਿਣ ਕਰਨ ਵਾਲਾ ਨਹੀਂ। ਬਗਲੀ ਕਲਾਂ ਦਾ ਹੀ ਭਾਈ ਦੇਵਾ ਸਿੰਘ ਉਰਫ ਦੀਵਾਨਾ ਕੂਕਿਆਂ ਦਾ ਸੰਦੇਸ਼ ਵਾਹਕ, ੩੫ ਸਾਲਾ ਗੱਭਰੂ ਹੈ। ਇਸੇ ਤਰ੍ਹਾਂ ਰਾਮ ਸਿੰਘ ਉਰਫ ਬਸਾਵਾ ਸਿੰਘ, ਕਿਸਾਨ ਆਂਢ ਗੁਆਂਢ ਹੋਣ ਵਾਲੇ ਕੂਕਿਆਂ ਦੇ ਸਾਰੇ ਦੀਵਾਨਾਂ ਵਿਚ ਪੁਜਦਾ ਹੈ। ਇਹੋ ਜਿਹਾ ਰਵੱਈਆ ਹੀ ਖੇਤੀਬਾੜੀ ਕਰਨ ਵਾਲੇ ਮਸਤਾਨ ਸਿੰਘ ਦਾ ਹੈ। ਇਹ ਦੋਵੇਂ ੪੦-੪੦ ਸਾਲ ਦੀ ਉਮਰ ਦੇ ਹਨ। ਬਗਲੀ ਕਲਾਂ ਦਾ ਹੀ ੫੦ ਸਾਲਾ ਸਾਹਿਬ ਸਿੰਘ ਲੰਬੜਦਾਰ ਕੂਕਿਆਂ ਦੇ ਹਰ ਦੀਵਾਨ ਵਿਚ ਪੁੱਜਦਾ ਹੈ ਅਤੇ ਅੱਠੇ ਪਹਿਰ ਬਾਗੀ ਕੂਕਿਆਂ ਜਿਉਂ ਸਰਕਾਰ ਪਿਛੇ ਕਮਾਨਾਂ ਕੱਸੀ ਫਿਰਦਾ ਹੈ। ਗੁਆਂਢੀ ਪਿੰਡ ਬਗਲੀ ਖੁਰਦ ਦਾ ਕਾਮਗਾਰ ਭਾਈ ਜੈਮਲ ਸਿੰਘ ੨੬ ਕੁ ਸਾਲ ਦੀ ਉਮਰ ਦਾ ਬੜਾ ਖਾੜਕੂ ਕੂਕਾ ਲਿਖਿਆ ਹੈ। ਇਸ ਤਰ੍ਹਾਂ ਸਰਕਾਰੀ ਨਜ਼ਰ ਵਿੱਚ ਆਉਣ ਵਾਲੇ ਇਹਨਾਂ ੭ ਬਾਗੀ ਕੂਕਿਆਂ ਦਾ ਇੱਥੇ ਹੋਣਾ ਸਾਡੇ ਇਤਿਹਾਸ ਵਿੱਚ ਬਗਲੀ ਕਲਾਂ ਦੇ ਉਚੇ ਮੁਰਾਤਬੇ ਦੀ ਨਿਸ਼ਾਨਦੇਹੀ ਕਰਦਾ ਹੈ। ਭਾਈ ਸੁੱਧ ਸਿੰਘ ਹੋਰਾਂ ਦਾ ਪਰਿਵਾਰ ਤਾਂ ਸਾਰਾ ਹੀ ਕੂਕਾ ਬਣ ਚੁੱਕਾ ਹੈ। ਉਹਨਾਂ ਨੇ ਬਾਲਪਨ ਲੰਘਦਿਆਂ, ਜੁਆਨੀ ਵਿਚ ਪੈਰ ਧਰਦਿਆਂ, ੧੫-੧੬ ਸਾਲ ਦੀ ਉਮਰ ਵਿਚ ਹੀ ਗੁਰੂ ਰਾਮ ਸਿੰਘ ਜੀ ਦੀ ਸੰਗਤ ਨਾਲ ਆਪਣੀ ਤਕਦੀਰ ਜੋੜ ਦਿੱਤੀ ਸੀ। ਉਹਨਾਂ ਦੀ ਜ਼ਿਆਦਾ ਸੰਗਤ ਆਪਣੇ ਖਿੱਤੇ ਦੇ ਪਿੰਡ ਮਲੌਦ ਦੇ ਪਰਸਿੱਧ ਗਰਮ ਖਿਆਲੀ ਕੂਕਾ ਆਗੂ, ਸੂਬਾ ਲੱਖਾ ਸਿੰਘ ਜੀ ਮਲੌਦ ਵਾਲਿਆਂ ਨਾਲ ਹੁੰਦੀ ਸੀ। ਉਹ ਸੂਬਾ ਜੀ ਦੇ ਨਾਲ ਉਹਨਾਂ ਦੇ ਸਹਾਇਕ ਦੇ ਤੌਰ ਤੇ ਵਿਚਰਦਿਆਂ, ਕਈ ਦਫਾ ਸਤਿਗੁਰੂ ਜੀ ਦੀ ਦੀਵਾਨਾਂ ਸਮੇਂ ਜਾਂ ਉਹਨਾਂ ਦੇ ਕਿਸੇ ਅਸਥਾਨ ਤੇ ਆਰਾਮ ਕਰਨ ਸਮੇਂ, ਆਪ ਜੀ ਦੀ ਪਹਿਰੇਦਾਰੀ ਵੀ ਕਰਿਆ ਕਰਦੇ

ਸਨ। ਇਸ ਸਮੇਂ ਵਾਪਰਨ ਵਾਲੇ ਕੁਝ ਰੌਚਕ ਪਰਸੰਗਾਂ ਵਿੱਚ ਭਾਈ ਸੁੱਧ ਸਿੰਘ ਜੀ ਦੀ ਹਾਜ਼ਰੀ ਦਾ ਵਰਣਨ ਮਿਲਦਾ ਹੈ। ਇਹ ਵੀ ਇਕ ਸੁਖਦਾਈ ਸੰਜੋਗ ਹੈ ਕਿ ਪੰਜਾਬੀ ਬੈਂਤਾਂ ਵਿੱਚ 1935 ਈ. ਵਿੱਚ "ਸੰਤ ਖਾਲਸਾ" ਨਾਂ ਦਾ ਕਾਵਿ-ਪੁਸਤਕ ਰਚ ਕੇ ਛਪਾਉਣ ਵਾਲਾ, ਭਾਈ ਹਰਨਾਮ ਸਿੰਘ ਬਗੁਲੀ ਕਲਾਂ, ਇਸੇ ਭਾਈ ਸੁੱਧ ਸਿੰਘ ਦਾ ਸਪੁੱਤਰ ਹੋਇਆ ਹੈ। ਪੁਸਤਕ ਸ੍ਰੀ ਭੈਣੀ ਸਾਹਿਬ ਦੀ ਸ੍ਰੀ ਰਾਮ ਹਰੀ ਪ੍ਰਿੰਟਿੰਗ ਪਰੈੱਸ" ਵਿਚ ਛਪੀ ਸੀ ਅਤੇ ਨਾਮਧਾਰੀ ਸ਼ਹੀਦਾਂ ਅਤੇ ਸਤਿਗੁਰੂ ਜੀ ਦੇ ਦੇਸ਼ ਨਿਕਾਲੇ ਦੇ ਹਿਰਦੇ ਵੇਧਕ ਸਮਾਚਾਰਾਂ ਦਾ ਪੰਜਾਬੀ ਕਾਵਿ ਵਿੱਚ ਦਿਲ ਟੁੰਬਵਾਂ ਬਿਆਨ ਹੋਣ ਕਾਰਨ, ਅੰਗਰੇਜ ਸਰਕਰ ਨੇ ੧੯੩੬ ਈ. ਵਿਚ, ਇਹ ਪੁਸਤਕ ਜਬਤ ਕਰਕੇ ਹੀ ਆਪਣੇ ਰਾਜ ਦੀ ਸਲਾਮਤੀ ਦੀ ਖ਼ੈਰ ਮੰਗੀ। ਉਹਨਾਂ ਦੇ ਪਿਤਾ ਸੁੱਧ ਸਿੰਘ ਅਤੇ ਪਰਿਵਾਰ ਬਾਰੇ ਕਾਫੀ ਜਾਣਕਾਰੀ ਮਿਲ ਜਾਂਦੀ ਹੈ, ਜਿਸ ਦਾ ਉਪਯੋਗ ਅਸੀਂ ਸੁੱਧ ਸਿੰਘ ਹੋਰਾਂ ਦੇ ਬਹਾਨੇ ਬਗੁਲੀ ਕਲਾਂ ਦੇ ਕੂਕਿਆਂ ਨੂੰ ਯਾਦ ਕਰਨ ਲਈ ਕਰ ਰਹੇ ਹਾਂ।

ਸਤਿਗੁਰੂ ਜੀ ਬਿਸ਼ਨਪੁਰਾ ਪਿੰਡ ਵਿੱਚ ਦਰਸ਼ਨ ਦੇ ਰਹੇ ਸਨ। ਇਹ ਪਿੰਡ, ਸਰਦਾਰ ਮੰਗਲ ਸਿੰਘ ਦਾ ਪਿੰਡ ਸੀ , ਜੋ ਮਹਾਰਾਜਾ ਪਟਿਆਲਾ ਦਾ ਰਿਸ਼ਤੇਦਾਰ ਸੀ ਅਤੇ ਕੂਕਾ ਬਣ ਚੁੱਕਾ ਸੀ। ਸਤਿਗੁਰੂ ਜੀ ਦੁਪਹਿਰੇ ਬਿਰਾਜ ਗਏ। ਹੁਕਮ ਹੋਇਆ ਕਿ ਘੰਟਾ ਕੁ ਆਰਾਮ ਕਰਾਂਗੇ। ਹੁਣ ਆਏ ਕੋਈ ਨਾ। ਸੁੱਧ ਸਿੰਘ ਪਹਿਰੇ ਤੇ ਸੀ। ਕੁਝ ਸਰਦਾਰ ਆ ਕੇ ਛੇਤੀ ਮਿਲਣ ਦੀ ਕਾਹਲ ਕਰਨ ਲੱਗੇ ਅਤੇ , ਸੁੱਧ ਸਿੰਘ ਦੇ ਰੋਕਣ ਤੇ ਤੱਤੇ ਠੰਢੇ ਵੀ ਹੋਏ। ਸਤਿਗੁਰੂ ਜੀ ਨੇ ਇਸ ਸਮੇਂ ਜਿਹੜੇ ਇਤਿਹਾਸਕ ਬਚਨ ਕੀਤੇ, ਉਹ ਰਜਵਾੜਾਸ਼ਾਹੀ ਅਤੇ ਜਗੀਰਦਾਰੀ ਪ੍ਰਣਾਲੀ ਦੇ ਖਾਤਮੇ ਵੱਲ ਸੰਕੇਤ ਕਰਦੇ ਹਨ। ਭਾਈ ਹਰਨਾਮ ਸਿੰਘ ਦੇ ਸ਼ਬਦਾਂ ਵਿਚ ਇਹ ਪਰਸੰਗ ਪੜ੍ਹਨ ਵਾਲਾ ਹੈ।

"ਬਿਸ਼ਨਪੁਰਾ ਦੁਰਾਹੇ ਦੇ ਕੋਲ ਨੂੰ ਹੈ,
ਜਿਥੇ ਸਤਿਗੁਰਾਂ ਲਾਏ ਦਰਬਾਰ ਸੋਹਣੇ
ਦੂਰੋਂ ਦੂਰੋਂ ਰਾਈਸ ਸਰਦਾਰ ਬਾਂਕੇ,
ਦਿੱਤੇ ਆਣ ਕੇ ਜਿਨ੍ਹਾਂ ਦੀਦਾਰ ਸੋਹਣੇ
ਪਿਛੋਂ ਉਠ ਦੀਵਾਨ ਤੋਂ ਸਤਿਗੁਰਾਂ ਨੇ,
ਸੱਦੇ ਕੋਲ ਆਪਣੇ ਸੇਵਾਦਾਰ ਸੋਹਣੇ
ਲੱਖਾ ਸਿੰਘ ਸੂਬਾ, ਸੁਧ ਸਿੰਘ ਬਗੁਲੀ,
ਇਨ੍ਹਾਂ ਉਤੇ ਥੇ ਖਾਸ ਇਤਬਾਰ ਸੋਹਣੇ
ਅਸਾਂ ਇੱਕ ਘੰਟਾ ਕਿਤੇ ਬਾਹਰ ਜਾਣਾ,
ਸਤਿਗੁਰ ਮੁਖ ਥੋਂ ਕਹਿਣ ਉਚਾਰ ਸੋਹਣੇ
ਸਤਿਗੁਰ ਵੜੇ ਅੰਦਰ ਬੂਹੇ ਭੇੜ ਸਾਰੇ,
ਸੇਵਕ ਕਰੇ ਚੌਕਸ ਪਹਿਰੇਦਾਰ ਸੋਹਣੇ
ਅੰਦਰ ਸੁਧ ਸਿੰਘਾ ਕੋਈ ਨਾ ਵੜਨ ਦੇਣਾ,
ਲੋਕੀ ਕਰਨਗੇ ਕਈ ਤਕਰਾਰ ਸੋਹਣੇ

ਕੋਠੇ ਵਿਚ ਵੜ ਗਏ ਹਰਨਾਮ ਸਿੰਘ,
ਪੈਹਰੇ ਖੜੇ ਕਰਕੇ ਖਬਰਦਾਰ ਸੋਹਣੇ।

**-ਪੈਹਰੇਦਾਰ ਸੁਧ ਸਿੰਘ ਬਗੁਲੀ ਵਾਲੇ ਨਾਲ ਸਰਦਾਰਾਂ ਦਾ ਤਕਰਾਰ ਹੋਣਾ**

ਕਈ ਸਿੰਘ ਸਰਦਾਰ ਰਾਈਸ ਰਾਣੇ,
ਮੇਲਾ ਸਮਝ ਕੇ ਗਏ ਸੀ ਆਇ ਉਥੇ,
ਜੇਹੜੇ ਵਿਚ ਮਕਾਨ ਦੇ ਸਤਿਗੁਰੂ ਥੇ,
ਪਹੁੰਚ ਗਏ ਉਹ ਸ਼ੋਰ ਮਚਾਇ ਓਥੇ।
ਅੰਦਰ ਜਾਣ ਦੇ ਲਈ ਤਕਰਾਰ ਕਰਦੇ,
ਸਿਰਦਾਰੀ ਦਾ ਜੋਰ ਜਿਤਲਾਇ ਓਥੇ
ਏਹ ਕੋਈ ਰਾਜਾ ਰਾਈਸ ਹੈ ਕਿਸੇ ਥਾਂ ਦਾ,
ਪੈਹਰਾ ਜਿਸ ਨੇ ਲਿਆ ਬਠਾਇ ਉਥੇ
ਪੈਹਰੇਦਾਰ ਸਰਦਾਰਾਂ ਨੂੰ ਕਹਿਣ ਲੱਗੇ,
ਸਾਨੂੰ ਸਤਿਗੁਰੂ ਗਏ ਫਰਮਾਇ ਓਥੇ
ਅੰਦਰ ਆਉਣ ਨਾ ਕਿਸੇ ਨੂੰ ਮੂਲ ਦੇਣਾ,
ਹੁਕਮ ਸਤਿਗੁਰੂ ਗਏ ਲਗਾਏ ਓਥੇ
ਹੁਕਮ ਗੁਰੂ ਦਾ ਪਾਲਾਂਗੇ ਸੀਸ ਦੇ ਕੇ,
ਮਰ ਮਿਟਾਂਗੇ ਤੇਗਾ ਚਲਾਇ ਓਥੇ
ਜਾਨਾਂ ਲਵਾਂਗੇ ਦੇਵਾਂਗੇ ਫੇਰ ਲੰਘਣ,
ਜਿੰਦਾਂ ਲਿਉਂ ਨਾ ਕਿਤੇ ਗਵਾਇ ਓਥੇ
ਸਿਰ ਜੁਦੇ ਹੋਵਣ ਥੋਡੇ ਧੜਾਂ ਨਾਲੋਂ,
ਅਗ੍ਹਾ ਲਮੋ ਜੇ ਪੈਰ ਵਧਾਇ ਓਥੇ
ਸੁਧ ਸਿੰਘ ਬਗੁਲੀ ਸ਼ੇਰ ਵਾਂਗ ਗਰਜਾ,
ਤੇਗ ਮਿਆਨ ਤੇ ਬਾਹਰ ਕਢਾਇ ਓਥੇ
ਮੁੜ ਚਲੇ ਸਰਦਾਰ ਹਰਨਾਮ ਸਿੰਘਾ,
ਪੈਹਰੇਦਾਰਾਂ ਤੇ ਗਏ ਘਬਰਾਇ ਓਥੇ।

**—ਰਈਸਾਂ ਸਰਦਾਰ ਦਾ ਅੰਦਰ ਔਣਾ ਅਤੇ ਸਤਿਗੁਰ ਜੀ ਦਾ ਅਲੋਪ ਹੋਣਾ**

ਅੰਦਰ ਔਣ ਦੋ ਇਨ੍ਹਾਂ ਨੂੰ ਸੇਵਾਦਾਰੋ,
ਏਹ ਆਈ ਆਵਾਜ਼ ਮਕਾਨ ਵਿਚੋਂ
ਤਖਤੇ ਖੋਲ੍ਹ ਦਿਤੇ ਸੁਧ ਸਿੰਘ ਜੀ ਨੇ,
ਅੰਦਰ ਚਲੇ ਜੋ ਕਿਹਾ ਜਵਾਨ ਵਿਚੋਂ
ਅੰਦਰ ਵੜੇ ਰਈਸ ਸਰਦਾਰ ਫੌਜੀ,
ਖਾਲੀ ਪਿਆ ਕੋਠਾ ਸੁੰਨਸਾਨ ਵਿਚੋਂ

ਸਤਿਗੁਰ ਹੋ ਗਏ ਅਲੋਪ ਹਰਨਾਮ ਸਿੰਘਾ,
ਫੇਰ ਆਈ ਅਵਾਜ਼ ਅਸਮਾਨ ਵਿਚੋਂ

**-ਗੈਬੀ ਅਵਾਜ਼**

ਮੈਂ ਤਾਂ ਨਹੀਂ ਰਈਸ ਸਰਦਾਰ ਰਾਜਾ,
ਪਰ ਮੈਂ ਰਾਜਿਆਂ ਨੂੰ ਦਊਂ ਗਾਲ ਪੈਹਲਾਂ।
ਆਟਾ ਪੀਸ ਦੂੰ ਰਾਜੇ ਮਹਾਰਾਜਿਆਂ ਦਾ,
ਬਚਿਆਂ ਖੁਚਿਆਂ ਦੀ ਕਰ ਦਊ ਦਾਲ ਪੈਹਲ।
ਰਾਜ ਭਾਗ ਖੋ ਦੂੰ ਰਾਜੇ ਰਾਣਿਆਂ ਦਾ,
ਬਾਦਸ਼ਾਹਾਂ ਨੂੰ ਕਰੂੰ ਕੰਗਾਲ ਪੈਹਲਾਂ।
ਪਿਛੇ ਹੋਣਗੇ ਜੰਗ ਹਰਨਾਮ ਸਿੰਘਾ,
ਖ਼ੂਨ ਨਾਲ ਧਰਤੀ ਹੋਜੂ ਲਾਲ ਪੈਹਲਾਂ।"

ਗੁਰੂ ਨੂੰ ਗਰੀਬ ਨਿਵਾਜ ਕਿਹਾ ਜਾਂਦਾ ਹੈ। ਉਹ ਆਉਂਦਾ ਹੈ ਉਜੜਿਆਂ , ਥੁੜਿਆਂ, ਡਿਗਿਆਂ, ਢੱਠਿਆਂ ਨੂੰ ਬਾਹੋਂ ਫੜ ਕੇ ਉਠਾਲਣ ਵਾਸਤੇ। ਉਸ ਨੇ ਮਲਕ ਭਾਗੋ ਨੂੰ ਦੁਤਕਾਰਨਾ ਹੁੰਦਾ ਹੈ ਕਿਉਂ ਜੁ ਉਸ ਦੀ ਦੌਲਤ, ਗਰੀਬਾਂ, ਮਜ਼ਲੂਮਾਂ ਦਾ ਖ਼ੂਨ ਨਿਚੋੜ ਕੇ ਹੀ ਇਕੱਠੀ ਹੋਈ ਹੁੰਦੀ ਹੈ। ਸਤਿਗੁਰ ਨੇ ਭਾਈ ਲਾਲੋ ਦੇ ਰੂਪ ਵਿੱਚ ਸਮੁੱਚੇ ਕਿਰਤੀ ਕਿਸਾਨ ਵਰਗ ਨੂੰ ਆਪਣੀਆਂ ਜੀਵਨ ਸਥਿਤੀਆਂ ਬਦਲਣ ਲਈ ਜੱਦੋ ਜਹਿਦ ਦੇ ਰਸਤੇ ਤੇ ਅੱਗੇ ਵਧਣ ਦੀ ਸ਼ੁਭ ਸਿਖਿਆ ਦੇਣੀ ਹੁੰਦੀ ਹੈ। ਉਹ ਤਾਂ ਹੀ ਨਿਤਾਣਿਆਂ ਦਾ ਤਾਣ, ਨਿਥਾਂਵਿਆਂ ਦਾ ਥਾਂ, ਨਿਮਾਣਿਆਂ ਦਾ ਮਾਣ, ਨਿਪੱਤਿਆਂ ਦੀ ਪੱਤ, ਨਿਗੱਤਿਆਂ ਦੀ ਗਤ, ਨਿਓਟਿਆਂ ਦੀ ਓਟ ਬਣਦਾ ਹੈ। ਗੁਰਸਿਖੀ ਦੀ ਇਸੇ ਸਮਤਾ ਮੂਲਕ ਭਾਵਨਾ ਦਾ ਲਖਾਇਕ ਹੈ ਸਤਿਗੁਰੂ ਰਾਮ ਸਿੰਘ ਜੀ ਦੁਆਰਾ, ਸੁੱਧ ਸਿੰਘ ਬਗੁਲੀ ਕਲਾਂ ਦੀ ਮਾਰਫਤ, ਜਗੀਰਦਾਰੀ ਵਰਗ ਦੇ ਨੁਮਾਇੰਦਿਆਂ ਨਾਲ ਰਚਾਇਆ ਇਹ ਕਉਤਕ ਨੁਮਾ ਸੰਵਾਦ। ਪੰਜਾਬ ਦੀ ਰਜਵਾੜਾ ਸ਼ਾਹੀ, ਸਾਮੰਤ ਸ਼ਾਹੀ ਅਤੇ ਪੁਰਾਣੀਆਂ ਮਨਾਉਤਾਂ ਤੇ ਆਧਾਰਿਤ, ਪੁਜਾਰੀ ਪੁਰੋਹਿਤ ਸ਼ਰੇਣੀ ਨੂੰ, ਬਰਤਾਨਵੀ ਬਸਤੀਵਾਦੀਆਂ ਜਿਉਂ ਹੀ ਸਤਿਗੁਰੂ ਰਾਮ ਸਿੰਘ ਜੀ ਦੇ ਕੂਕਾ ਸੰਗਰਾਮ ਦੀ ਧਮਕਾਰ ਵਿਚੋਂ, ਆਪਣੀਆਂ ਮਿਰਤੂ ਘੰਟੀਆਂ ਦੀ ਟੁਣਕਾਰ ਪਰਤੱਖ ਸੁਣਾਈ ਦਿੰਦੀ ਸੀ। ਇਸੇ ਲਈ ਅਲਾਹਾਬਾਦ ਕਿਲ੍ਹੇ ਵਿੱਚ ੧੯੭੨ ਦੀ ਪਹਿਲੀ ਤਿਮਾਹੀ ਨਜ਼ਰਬੰਦੀ ਸਮੇਂ ਜਦੋਂ ਬਰਤਾਨਵੀ ਸਰਕਾਰ ਨੇ. ਪੰਜਾਬ ਦੀਆਂ ਉਪਰੋਕਤ ਰਸੂਖਵਾਨ ਅਤੇ ਸੰਪਤੀਵਾਨ ਸ਼ਰੇਣੀਆਂ ਨੂੰ, ਸਤਿਗੁਰੂ ਜੀ ਨੂੰ ਵਾਪਸ ਪੰਜਾਬ ਭੇਜੇ ਜਾਣ ਬਾਬਤ ਪੁੱਛਿਆ ਸੀ, ਤਾਂ ਸਭ ਦਾ ਇਕਮੱਤ ਹੋ ਕੇ ਦਿਤਾ ਜੁਆਬ ਸੀ–"ਜੇ ਤੁਸੀਂ ਏਸ ਨੂੰ ਛੋਡ ਦੀਆਂ ਤਾਂ ਨਾ ਸਾਨੂੰ ਛੱਡੇ ਨਾ ਧੁਆਨੂੰ ਛੱਡੇ। ਇਸ ਕੀ ਫੌਜ ਬਿਨਾਂ ਦਮਾਂ ਥੀਂ ਨੌਕਰ ਹੁੰਦੀ ਹੈ। ਜਿੱਧਰ ਕਹਿੰਦਾ ਹੈ ਓਧਰੇ ਈ ਅੱਗੇ ਹੋ ਕੇ ਸੀਸ ਦਿੰਦੇ ਹੈ । ਤਨ ਮਨ ਧਨ ਕਰਕੇ ਪੂਰੇ ਸਿਦਕ ਵਾਲੀ ਹੈ।...ਕਹਿੰਦੇ ਹੈਨ ਹੇ ਗੁਰੂ ਜੀ ਸੀਸ ਤੁਸਾਂ ਦਾ ਈ ਹੈ। ਜਿਥੇ ਮਰਜੀ ਹੈ ਤਿੱਥੇ

ਬਰਤੋ।[5] ਭਾਈ ਸੁਧ ਸਿੰਘ ਵੀ ਸਤਿਗੁਰੂ ਜੀ ਦੀ ਫੌਜ ਦਾ ਬਿਨਾਂ ਦੰਮਾਂ ਤੋਂ ਐਸਾ ਈ ਸਿਪਾਹੀ ਸੀ ਜੋ ਕੂਕਾ ਪੰਥ ਦੀ ਆਨ ਸ਼ਾਨ ਅਤੇ ਪ੍ਰਾਣ ਪਿਆਰੇ, ਸਤਿਗੁਰੂ ਜੀ ਦੇ ਰਤਾ ਭਰ ਕਹਿਣ ਤੇ ਵੀ ਸੀਸ ਭੇਟ ਲਈ, ਹਰਦਮ ਤਿਆਰ ਬਰ ਤਿਆਰ ਹੋ ਕੇ ਵਿਚਰਦਾ ਸੀ।

ਜਦੋਂ ਉਪਰੋਕਤ ਖਾਲੀ ਮਕਾਨ ਅਤੇ ਸ਼ਾਂ ਸ਼ਾਂ ਦੀ ਅਵਾਜ਼ ਹੀ ਸਿਰਫ ਅੰਦਰੋਂ ਆਉਣ ਦਾ ਕਉਤਕ ਇਹਨਾਂ ਸਰਦਾਰਾਂ ਨੇ ਵੇਖਿਆ ਤਾਂ ਸੰਤ ਸੁੱਧ ਸਿੰਘ ਦੇ ਚਰਨੀ ਲੱਗ ਕੇ ਖ਼ਿਮਾ ਯਾਚਨਾ ਕਰਨ ਲੱਗੇ। ਸੰਤ ਜੀ ਨੇ ਕਿਹਾ ਭਾਈ ਮੁਆਫੀ ਤਾਂ ਸਤਿਗੁਰੂ ਜੀ ਤੋਂ ਮੰਗੋ ਜਿਸ ਦੀ ਰਜ਼ਾ ਵਿਚ ਤੁਸੀਂ ਖ਼ਲਲ ਪਾਉਣ ਆਏ ਸੀ। ਸੰਗਤ ਦੇ ਬਿਨੈ ਕਰਨ ਤੇ ਫਿਰ ਸਤਿਗੁਰੂ ਜੀ ਨੇ "ਪਰਗਟ ਹੋ ਕੇ ਦਰਸ਼ਨ ਦਿੱਤੇ।" ਸਰਦਾਰਾਂ ਨੂੰ ਬਖਸ਼ ਕੇ ਨਾਮ ਦਾਨ ਪਰਦਾਨ ਕੀਤਾ। ਜਿਨ੍ਹਾਂ ਵਿੱਚੋਂ ਸ੍ਰੀ ਨਾਨੂੰ ਸਿੰਘ ਜੀ ਰਈਸ ਤੇ ਜਗੀਰਦਾਰ ਸਢੌਰਾ (ਅੰਬਾਲਾ) ਦੇ ਸਨ। ਜੋ ਅੰਤ ਤੱਕ ਸੰਤ ਸੁੱਧ ਸਿੰਘ ਜੀ ਨਾਲ ਬੜਾ ਪਿਆਰ ਕਰਦੇ ਰਹੇ ਹਨ।"[6]

ਸੰਤ ਸੁੱਧ ਸਿੰਘ ਜੀ ਦਾ ਜਨਮ ਬਗਲੀ ਪਿੰਡ ਵਿੱਚ ਸੰਬਤ 1900 ਬਿਕ੍ਰਮੀ ਮੁਤਾਬਿਕ ੧੮੪੩ ਈ. ਵਿੱਚ ਹੋਇਆ। ਸੰਨ 1861 ਈ. ਵਿੱਚ ਆਪਣੇ ਵੱਡੇ ਭਾਈ ਵਜ਼ੀਰ ਸਿੰਘ ਨਾਲ ਜੋ ਆਪ ਤੋ ਵੀਹ ਸਾਲ ਵੱਡੇ ਸਨ ਸ੍ਰੀ ਭੈਣੀ ਸਾਹਿਬ ਪੁੱਜ ਕੇ ਸਤਿਗੁਰ ਜੀ ਤੋਂ ਨਾਮਦਾਨ ਲਿਆ ਅਤੇ ਫਿਰ 1919 ਈ. ਵਿੱਚ ਆਪਣੀ ਮਿਰਤੂ ਤੱਕ, ਸਤਿਗੁਰੂ ਰਾਮ ਸਿੰਘ ਜੀ ਦੇ ਮਿਸ਼ਨ ਤੇ ਡਟ ਕੇ ਪਹਿਰਾ ਦਿੰਦੇ ਰਹੇ। ਆਪ ਦਾ ਜੀਵਨ, ਸੇਵਾ, ਸਿਮਰਨ ਅਤੇ ਤੱਪ ਤਿਆਗ ਦਾ ਜੀਵਨ ਸੀ। "ਆਪ ਦਾ ਨਿੱਤ-ਕਰਮ ਇਹ ਸੀ- ਰੋਜ਼ਾਨਾ ਸਵੇਰੇ ਦੋ ਵਜੇ ਉਠ ਕੇ ਇਸ਼ਨਾਨ ਕਰਨਾ, ਸਮਾਧੀ ਸਥਿੱਤ ਹੋ ਕੇ ਭਜਨ ਕਰਨਾ, ਸੂਰਜ ਚੜ੍ਹੇ ਤੋਂ ਗੁਰਬਾਣੀ ਦਾ ਪਾਠ ਕਰਨਾ, ਜੈਸਾ ਕਿ ਸ੍ਰੀ ਗੁਰੂ ਜੀ ਨੇ ਲਿਖਿਆ ਹੈ-

ਫਿਰਿ ਚੜੈ ਦਿਵਸ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥

(1) ਗੱਲ ਕੀ ਆਪ ਦਾ ਸਾਰਾ ਦਿਨ ਹੀ ਭਜਨ ਬਾਣੀ ਵਿੱਚ ਬਤੀਤ ਹੁੰਦਾ ਸੀ।"[7]

ਭਾਈ ਸੁੱਧਾ ਸਿੰਘ ਦੀ ਅਰਜ਼ ਤੇ ਸ੍ਰੀ ਗੁਰੂ ਰਾਮ ਸਿੰਘ ਜੀ ਨੇ ਦੋ ਵੇਰ ਉਨ੍ਹਾ ਦੇ ਪਿੰਡ ਦਰਸ਼ਨ ਦਿੱਤੇ, ਦੀਵਾਨ ਸਜਾਏ ਅਤੇ ਬਹੁਤ ਲੋਕ ਸਿੰਘ ਸਜੇ। "ਸੰਤ ਖਾਲਸਾ" ਦੀ ਪਹਿਲੀ ਛਾਪ (ਐਡੀਸ਼ਨ) ਵਿਚ ਕਵੀ ਲਿਖਦਾ ਹੈ ਕਿ - ਉਨ੍ਹਾਂ ਦੇ ਪਿੰਡ ਸਤਿਗੁਰੂ ਜੀ ਬਿਸ਼ਨਪੁਰੇ ਵਾਲੇ ਕੌਂਤਰ ਤੋਂ ਪਹਿਲਾਂ ਪੁਜੇ ਸਨ ਅਤੇ ਇਥੋਂ ਹੀ ਉਹ ਸੁੱਧ ਸਿੰਘ ਹੋਰਾਂ ਨੂੰ ਆਪਣੇ ਨਾਲ ਲੈ ਕੇ ਬਿਸ਼ਨਪੁਰੇ ਗਏ ਸਨ। ਕਵੀ ਦੇ ਸ਼ਬਦਾਂ ਵਿੱਚ :

"ਹੱਥ ਜੋੜ ਖੜ੍ਹ ਕੇ ਕਿਹਾ ਪਿਤਾ ਜੀ ਨੇ,
ਅਰਜ਼ ਸੁਣੇ ਸਾਡੀ ਸਿਰਜਣਹਾਰ ਪ੍ਰਭੂ।
ਸਣੇ ਸੰਗਤੀਂ ਸਾਡੇ ਗਰੀਬਖਾਨੇ,
ਬਗੁਲੀ ਚਲ ਕੇ ਦਿਓ ਦੀਦਾਰ ਪ੍ਰਭੂ।

ਜਿਵੇਂ ਤਾਰ ਦਿਤੇ ਤੁਸੀਂ ਹੋਰ ਨੱਗਰ,
ਸਾਡੇ ਪਿੰਡ ਨੂੰ ਵੀ ਦਿਓ ਤਾਰ ਪ੍ਰਭੂ।
ਖੁਸ਼ੀ ਬਹੁਤ ਹੋਏ ਸਤਿਗੁਰ ਪਿਤਾ ਜੀ ਤੇ,
ਕੀਤੀ ਅਰਜ਼ ਮਨਜ਼ੂਰ ਕਰਤਾਰ ਪ੍ਰਭੂ।
ਬਗਲੀ ਪਿੰਡ ਆਏ ਸਣੇ ਸੰਗਤਾਂ ਦੇ,
ਭਾਰੇ ਆਣ ਕੇ ਲਾਏ ਦਰਬਾਰ ਪ੍ਰਭੂ।
ਸੋ ਕੁ ਸਿੰਘ ਸਜਿਆ ਪੱਕਾ ਨਾਮਧਾਰੀ,
ਕੀਤੇ ਧਰਮ ਦੇ ਬੜੇ ਪ੍ਰਚਾਰ ਪ੍ਰਭੂ।
ਪਾ ਕੇ ਚਰਨ ਸਾਡੇ ਘਰੀਂ ਦੀਨਬੰਧੂ,
ਬਖਸ਼ ਗਏ ਸਾਨੂੰ ਫਲ ਚਾਰ ਪ੍ਰਭੂ।
ਸਾਡੇ ਪਿੰਡ ਦੇ ਕਹੇ ਹਰਨਾਮ ਸਿੰਘਾ,
ਦਰਸ਼ਨ ਫੇਰ ਦੇ ਗਏ ਦੂਜੀ ਵਾਰ ਪ੍ਰਭੂ।"[7](ੳ)

ਜਦੋਂ ਤੋਂ ਲੱਖਾ ਸਿੰਘ ਮਲੌਦ ਵਾਲੇ ਨੂੰ, ਸਤਿਗੁਰੂ ਜੀ ਨੇ ਸੂਬਾ ਥਾਪਿਆ ਸੀ, ਅੰਦਾਜ਼ਨ ੧੮੬੫ ਈ. ਵਿੱਚ ਤਾਂ ਸੁੱਧ ਸਿੰਘ ਬਗੁਲੀ ਕਲਾਂ ਪੰਥਕ ਮੁਹਿੰਮਾਂ ਵਿਚ ਉਹਨਾਂ ਦੇ ਨਾਲ ਹੀ ਵਿਚਰਦਾ ਸੀ। ਸਤਿਗੁਰੂ ਜੀ ਤੋਂ ੧੮੬੭ ਈ. ਵਿੱਚ ਪਾਬੰਦੀਆਂ ਹਟਾਈਆਂ ਗਈਆਂ। ਆਪ ਨੇ ਖਾਲਸਾ ਸਾਜਣਾ ਦੇ ਅਸਥਾਨ ਤਖਤ ਕੇਸਗੜ੍ਹ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਵਿਖੇ, ਮਾਰਚ ੧੮੬੭ ਈ. ਦਾ ਹੋਲਾ ਮਹੱਲਾ ਮਨਾਉਣ ਦਾ ਇਰਾਦਾ ਕੀਤਾ। ਇਹ ਹੋਲਾ ਬਹੁਤ ਧੂਮ-ਧਾਮ ਨਾਲ ਹੋਇਆ। ਸਾਰੇ ਪੰਜਾਬ ਵਿੱਚੋਂ ਪੰਝੀ ਤੀਹ ਹਜ਼ਾਰ ਨਾਮਧਾਰੀ ਮਾਈ ਭਾਈ ਸਤਿਗੁਰੂ ਜੀ ਦੀ ਅਗੁਆਈ ਹੇਠ ਇਸ ਗੁਰਧਾਮ ਵਿੱਚ ਪੁੱਜਿਆ। ਅੰਗਰੇਜ਼ ਉੱਚ ਅਧਿਕਾਰੀ ਸਤਿਗੁਰੂ ਜੀ ਦਾ ਆਪਣੀ ਸੰਗਤ ਤੇ ਵਿਆਪਕ ਪਰਭਾਵ ਵੇਖਕੇ ਅਤੇ ਉਹਨਾਂ ਦੇ ਇੱਕ ਇੱਕ ਇਸ਼ਾਰੇ ਮੁਤਾਬਕ ਅਮਲ ਕਰਨ ਦੀ ਕਿਰਿਆ ਤੇ, ਬਹੁਤ ਦੰਗ ਹੋਏ। ਹੋਲਾ ਸਮਾਪਤ ਹੋ ਗਿਆ ਤਾਂ ਸੁੱਧ ਸਿੰਘ ਬਗੁਲੀ ਕਲਾਂ ਅਤੇ ਕਾਹਨ ਸਿੰਘ ਗੜ੍ਹੀ (ਜਲੰਧਰ) ਦੋ ਸੂਰਬੀਰ ਕੂਕਿਆਂ ਨਾਲ ਥੋਹੜੇ ਜਿਹੇ ਦੋ ਚਾਰ ਸਰੀਰ ਹੋਰ ਪਿੱਛੇ ਛੱਡ ਕੇ ਸਤਿਗੁਰੂ ਜੀ ਨੇ ਸੰਗਤ ਸਮੇਤ ਮੁਹਾਰਾਂ ਵਾਪਸ ਮੋੜ ਲਈਆਂ। ਇਹਨਾਂ ਦੇ ਜ਼ਿੰਮੇ ਕੰਮ ਇਹ ਰਹਿ ਗਿਆ ਸੀ ਕਿ ਉਹ ਤੰਬੂ ਤੰਬੋਟੀਆਂ ਅਤੇ ਹੋਰ ਸਾਮਾਨ ਜਿਹਨਾਂ ਪਾਸੋਂ ਲਿਆ ਸੀ ਉਹਨਾਂ ਨੂੰ ਸੰਭਾਲ ਦੇਣ। ਹੋਲੇ ਦੇ ਦਿਨਾਂ ਵਿੱਚ ਕੁਝ ਨਿਹੰਗ ਸਿੰਘਾਂ ਨੇ ਤਖਤਾਂ ਦੇ ਪੁਜਾਰੀਆਂ ਦੇ ਬਹਿਕਾਵੇ ਵਿੱਚ ਆ ਕੇ ਨਾਮਧਾਰੀ ਸੰਗਤ ਨਾਲ ਉਲਝਣਾ ਚਾਹਿਆ ਸੀ। ਪਰ ਸੰਗਤ ਦੀ ਭਾਰੀ ਗਿਣਤੀ ਅਤੇ ਪਰਬੰਧਕੀ ਸਰਕਾਰੀ ਅਮਲੇ ਫੈਲੇ ਦੀ ਥਾਂ-ਥਾਂ ਤਾਇਨਾਤੀ ਕਾਰਨ, ਇਹ ਸੰਭਵ ਨਹੀਂ ਸੀ ਹੋਇਆ। ਹੁਣ ਇਹਨਾਂ ਦੋ ਸਿੰਘਾਂ ਦੀ ਅਗਵਾਈ ਵਿੱਚ ਦੋ ਚਾਰ ਬਿਰਧ ਕੂਕਿਆਂ ਨੂੰ ਵੇਖ ਕੇ ਉਹ ਫਿਰ ਭੂਤਰ ਗਏ। ਉਹਨਾਂ ਦਿਨਾਂ ਵਿੱਚ ਕੂਕਿਆਂ ਬਾਰੇ ਅਕਸਰ ਦੁਹਰਾਈ ਜਾਂਦੀ ਊਜ ਕਿ ਕੂਕਾ ਗੁਰੂ ਰਾਮ ਸਿੰਘ ਨੇ ਇਕ ਮੁਸਲਿਮ

ਸੱਯਦਾਣੀ ਤੋਂ ਆਤਮਿਕ ਸ਼ਕਤੀ ਹਾਸਲ ਕੀਤੀ ਹੈ ਤੇ ਕੂਕੇ ਮੁਸਲਮਾਨੀ ਕਲਾਮ ਪੜ੍ਹਦੇ ਹਨ, ਫਿਰ ਦੂਹਰਾ ਦਿੱਤੀ। ਹਾਲਾਂਕਿ ਪਰਸਿੱਧ ਇਤਿਹਾਸਕਾਰ ਗਿਆਨੀ ਗਿਆਨ ਸਿੰਘ ਇਸ ਊਜ ਦਾ ਖੰਡਨ ਕੂਕਿਆਂ ਬਾਰੇ ੨੮ ਕਬਿੱਤਾਂ ਵਿੱਚ, ਪੰਥ ਪਰਕਾਸ਼ ਵਿਚ ਆਪਣੇ ਨਿਜੀ ਅਨੁਭਵ ਦੇ ਆਧਾਰ ਤੇ ਕਰ ਚੁੱਕੇ ਹਨ–

"ਕੋਊ ਜੋ ਕਹਿਤ ਥੇ ਕਲਾਮ ਦੇਤ ਸਯਦਾਣੀ
ਸੋਊ ਸਭ ਕੂਰ ਹਮ ਪੇਖਿਓ ਅਜ਼ਮਾਇ ਕੇ।"

ਸਤਿਗੁਰੂ ਜੀ ਦੀ ਸ਼ਾਨ ਵਿਚ ਵਾਧੇ ਘਾਟੇ ਦੇ ਸ਼ਬਦ ਸੁਣ ਕੇ, ਭਾਈ ਸੁੱਧ ਸਿੰਘ ਜ਼ਰ ਨਾ ਸਕੇ। ਉਹਨਾਂ ਆਪਣੇ ਨਾਲ ਲੜਨ ਵਾਲੇ ਇਕ ਮਾਤਰ ਸਿੰਘ, ਭਾਈ ਕਾਹਨ ਸਿੰਘ ਗੜ੍ਹੀ ਨੂੰ ਕਮਰ ਕੱਸਾ ਕਰਕੇ, ਗੁਰਨਿੰਦਕਾ ਨੂੰ ਖਦੇੜਨ ਲਈ ਲਲਕਾਰਾ ਮਾਰਿਆ। ਦੋਹਾਂ ਸਿੰਘਾਂ ਨੇ ਪਿੱਠਾਂ ਜੋੜ ਕੇ ਉਹ ਡਾਂਗ ਚਲਾਈ ਕਿ ਦੂਜੀ ਧਿਰ ਦੇ ਵੀਹ ਬੰਦੇ ਫੱਟੜ ਕਰਕੇ ਭਾਜੜਾਂ ਪਾ ਦਿੱਤੀਆਂ। ਸਰਕਾਰੀ ਅਧਿਕਾਰੀਆਂ ਨੇ ਵੀ ਵਾਧਾ ਕਰਕੇ ਕੂਕਿਆਂ ਦੇ ਗਲ ਪੈਣ ਵਾਲੀ ਹਾਰੀ ਧਿਰ ਦੀਆਂ ਦਲੀਲਾਂ ਨੂੰ ਰੱਦ ਕਰਕੇ ਕੋਈ ਕਾਰਵਾਈ ਨਾ ਕੀਤੀ। ਇਸ ਪਰਸੰਗ ਨੂੰ ਵੀ ਕਰਤਾ–ਸੰਤ ਖਾਲਸਾ ਇਓਂ ਬਿਆਨ ਕਰਦਾ ਹੈ–

"ਸਾਏ ਬਾਨ ਤੰਬੂ ਕੱਠੇ ਕਰਨ ਖਾਤਰ,
ਦੋ ਕੁ ਰਹਿ ਗਏ ਸੀ ਕਾਰਦਾਰ ਪਿਛੋਂ
ਝੋਲੀ ਚੁੱਕ ਮਹੰਤ ਪੁਜਾਰੀਆਂ ਨੇ,
ਕੂਕੇ ਪੰਥ ਪਰ ਕੀਆ ਤਕਰਾਰ ਪਿਛੋਂ
ਨਿੰਦਿਆ ਗੁਰਾਂ ਦੀ ਪਿਤਾ ਨਾ ਝੱਲਦੇ ਥੇ,
ਮਰਨ ਮਾਰਨੇ ਨੂੰ ਹੋਏ ਤਿਆਰ ਪਿਛੋਂ
ਡਾਂਗਾਂ ਸੋਟੇ ਬਰਸਾਏ ਪੁਜਾਰੀਆਂ ਨੇ,
ਰਿਹਾ ਰੋਕਦਾ ਸੁੱਧ ਸਿੰਘ ਵਾਰ ਪਿਛੋਂ
ਸੁੱਧ ਸਿੰਘ ਥਾ ਗਤਕੇਬਾਜ ਭਾਰਾ,
ਕੁੱਦਦਾ ਮਿਰਗ ਵਾਂਗੂੰ ਲਾਠੀ ਮਾਰ ਪਿਛੋਂ
ਜਦੋਂ ਲੜ ਰਿਹਾ ਸੀ ਕੱਲਾ ਬਲੀ ਯੋਧਾ,
ਕਾਹਨ ਸਿੰਘ ਆ ਗਿਆ ਸਰਦਾਰ ਪਿਛੋਂ
ਪਿੱਠਾਂ ਜੋੜ ਲਈਆਂ ਦੋਨੋਂ ਜੋਧਿਆਂ ਨੇ,
ਬਿਜਲੀ ਵਾਂਗ ਘੁੰਮਦੇ ਲਗਾਤਾਰ ਪਿਛੋਂ
ਹੱਡ ਭੰਨ ਦਿਤੇ ਮਾਰ ਮਾਰ ਡਾਂਗਾਂ,
ਹੋਇਆ ਬਹੁਤ ਭਾਰੀ ਘਲੂਘਾਰ ਪਿਛੋਂ
ਫੱਟੜ ਤੀਹ ਕੁ ਪੁਜਾਰੀ ਮਹੰਤ ਹੋ ਗਏ,
ਭਜ ਗਈ ਸੀ ਗਾਂਢਮੀ ਧਾੜ ਪਿਛੋਂ

ਕੁਝ ਨਾ ਹਾਕਮਾਂ ਕਿਹਾ ਹਰਨਾਮ ਸਿੰਘਾ,

ਕੀਤਾ ਬੜਾ ਇਨਸਾਫ ਸਰਕਾਰ ਪਿਛੋਂ। ”[8]

ਪਿੰਡ ਗੜੀ ਦੁਆਬੇ ਦਾ ਇਹ ਭਾਈ ਕਾਹਨ ਸਿੰਘ ਵੀ ਨਾਮਧਾਰੀ ਇਤਿਹਾਸ ਦਾ ਅਮਰ ਪਾਤਰ ਹੋਇਆ ਹੈ। ਇਸ ਸੰਬੰਧ ਵਿੱਚ ਬਾਹੋਵਾਲ ਜੀ ਇਹ ਸਾਖੀ ਲਿਖਦੇ ਹਨ–

“ ਏਕ ਸਮੇਂ ਗੜ੍ਹੀ ਵਾਲੇ ਕਾਨ੍ਹ ਸਿੰਘ ਨੂੰ ਬਚਨ ਕੀਤਾ–ਪ੍ਰਤਾਪ ਸਿੰਘ ਹੋਵੇਗਾ ਵੱਡੇ ਪਰਤਾਪ ਵਾਲਾ। ਬਾਬੇ ਕਾਨ੍ਹ ਸਿੰਘ ਪੁੱਛਿਆ–ਕਿੱਥੋਂ ਹੋਵੇਗਾ ? ਗੁਰੂ ਜੀ ਬਚਨ ਕੀਤਾ ਏਕ ਸਮੇਂ ਮੈਂ ਬਾਬੇ ਜੱਸਾ ਸਿੰਘ ਨੂੰ ਪੁੱਛਿਆ ਸੀ–ਬਾਬਾ ਤੂੰ ਰਾਜੀ ਖੁਸ਼ੀ ਹੈ ? ਬਾਬੇ ਨੇ ਕਹਿਆ ਤਾਂ ਮੈਂ ਰਾਜੀ ਖੁਸ਼ੀ ਹਾਂ ਕਿ ਤੁਹਾਡੇ ਘਰ ਬਾਲਕ ਹੋਵੇ ਜਾਂ ਬੁੱਧ ਸਿੰਘ ਦੇ ਘਰ ਖੇਡਦਾ ਦੇਖਾਂ, ਤਾਂ ਮੈਂ ਰਾਜੀ ਹਾਂ। ਮੈਂ ਕਹਿਆ ਬਾਬਾ ਮੇਰੇ ਤਾਂ ਨਹੀਂ ਪਰ ਬੁੱਧ ਸਿੰਘ ਦੇ ਘਰ ਸਮਾਂ ਪਾ ਕੇ ਹੋਵੇਗਾ।”[9]

੧੮੭੨ ਈ. ਵਿੱਚ ਮਲੇਰਕੋਟਲੇ ਦੇ ਸਾਕੇ ਸਮੇਂ ਬਗੁਲੀ ਕਲਾਂ ਦੇ ਰਾਮ ਸਹਾਈ, ਪੰਡਿਤ ਦੇਵੀ ਦਿਆਲ ਤੇ ਸਮੁੰਦ ਸਿੰਘ ਕਿਸੇ ਕੰਮ ਰੜ ਪਿੰਡ ਵਿਖੇ ਗਏ ਹੋਏ ਸਨ। ਅਗਲੇ ਦਿਨ ਜਦੋਂ ਸ਼ਹੀਦੀ ਜਥੇ ਨੂੰ ਤੋਪਾਂ ਨਾਲ ਉਡਾਇਆ ਜਾ ਰਿਹਾ ਸੀ ਤਾਂ ਹੋਰ ਮੁਲਖੱਈਏ ਨਾਲ ਇਹ ਲੋਕ ਵੀ ਕੋਟਲੇ ਦੇ ਰੱਕੜ ਵਿਚ ਪੁੱਜੇ। ਉਹਨਾਂ ਪਾਸੋਂ ਅੱਖੀਂ ਡਿੱਠੀ ਵਾਰਤਾ ਦੇ ਆਧਾਰ ਤੇ ਹੀ ਸੁੱਧ ਸਿੰਘ ਦਾ ਪੁੱਤਰ ਭਾਈ ਹਰਨਾਮ ਸਿੰਘ ਆਪਣੇ ਕਿਸੇ “ਸੰਤ ਖਾਲਸਾ” ਵਿੱਚ ਲਿਖਦਾ ਹੈ ਕਿ ਰੜ ਤੋਂ ਸ਼ਹੀਦੀ ਜਥਾ ਖੁਦ ਸ਼ੇਰਪੁਰ ਦੇ ਕਿਲ੍ਹੇ ਵਿੱਚ ਜਾ ਕੇ ਗਰਿਫਤਾਰ ਹੋਇਆ ਸੀ। ਇਸੇ ਤਰ੍ਹਾਂ ਇਹ ਕੂਕੇ ਸ਼ਹੀਦ, ਹੱਸਦੇ ਹੱਸਦੇ ਆਪ ਤੋਪਾਂ ਅੱਗੇ ਛਾਤੀ ਤਾਣ ਕੇ ਸ਼ਹੀਦ ਹੋਏ। ਸਤਿਗੁਰੂ ਜੀ ਦੀ ਜਲਾਵਤਨੀ ਤੋਂ ਬਾਅਦ ਸਮੁੱਚੇ ਨਾਮਧਾਰੀ ਪੰਥ ਤੇ ਇੱਕ ਵੇਰ ਪੱਤਝੜ ਦੀ ਰੁੱਤ ਛਾ ਗਈ ਸੀ। ਸਤਿਗੁਰੂ ਜੀ ਨਾਲ ਸੰਗਤ ਦਾ ਪ੍ਰੇਮ ਹੀ ਇਤਨਾ ਸੀ ਕਿ ਆਪ ਤੋਂ ਬਗੈਰ ਉਹ ਕਿੰਜ ਜ਼ਿੰਦਾ ਰਹਿਣਗੇ ਇਹੋ ਸੁਆਲ ਉਹਨਾਂ ਦੇ ਮਨ ਮਸਤਕ ਵਿਚ ਉੱਸਲਵੱਟੇ ਲੈ ਰਿਹਾ ਸੀ। ਆਪਣੇ ਪਿਤਾ ਸੰਤ ਸੁੱਧ ਸਿੰਘ ਦੀ ਮਨੋ ਸਥਿਤੀ ਦਾ ਬੜਾ ਸੁੰਦਰ, ਕਾਵਿਕ–ਚਿਤਰ, ਹਰਨਾਮ ਸਿੰਘ ਜੀ ਆਪਣੀ ਰਚਨਾ ਵਿਚ ਸਿਰਜ ਗਏ ਹਨ–

“ਸਤਿਗੁਰੂ ਵਿਛੜਿਆਂ ਤੇ ਸਾਡੇ ਪਿਤਾ ਜੀ ਨੇ,<br>
ਦਿਤੇ ਤਿਆਗ ਘਰ ਦੇ ਕਾਰੋਬਾਰ ਸਾਰੇ<br>
ਵਿਚ ਟਿਬਿਆਂ, ਜੰਗਲਾਂ, ਰੋਹੀਆਂ ਦੇ,<br>
ਫਿਰਦੇ ਰਹਿਣ ਐਸੇ ਕੂਕਾਂ ਮਾਰ ਸਾਰੇ<br>
ਸੱਚੇ ਇਸ਼ਕ ਵਿਛੋੜੇ ਦੇ ਤੀਰ ਖਾ ਕੇ,<br>
ਦਿਤੇ ਘਰਾਂ ਦੇ ਕੰਮ ਬਿਸਾਰ ਸਾਰੇ<br>
ਬੌਰੇ ਹੋ ਫਿਰਦੇ ਹੀਰੇ ਹਰਨ ਵਾਂਗੂੰ,<br>
ਲੋਕੀਂ ਕਮਲੇ ਕਹਿਣ ਗਵਾਰ ਸਾਰੇ<br>
ਦਿੱਤੀ ਬੇਚ ਜ਼ਮੀਨ ਜਾਇਦਾਦ ਸਾਰੀ,

ਝੂਠੇ ਮਿਥਿਆ ਸਮਝ ਬਿਹਾਰ ਸਾਰੇ
ਭੈਣੀ ਸਾਹਿਬ ਲੰਗਰ ਸਾਰੀ ਰਕਮ ਪਾ ਕੇ,
ਹੋਏ ਸਰਖਰੂ ਵਿਚ ਸੰਸਾਰ ਸਾਰੇ
ਦਿਤੇ ਨੀਲੋ ਬਸਾਇ ਹਰਨਾਮ ਸਿੰਘ,
ਮੱਝਾਂ ਗਾਈਆਂ ਦੇ ਬਖਸ਼ ਅਖਤਿਆਰ ਸਾਰੇ।"[10]

ਕੂਕਿਆਂ ਦਾ ਨੀਲੋ ਨਹਿਰ ਤੇ ਇਹ ਡੇਰਾ ਉਨੀਵੀਂ ਸਦੀ ਦੇ ਆਖਰੀ ਦਹਾਕੇ ਦੇ ਚੜ੍ਹਦਿਆਂ ਹੀ ਆਬਾਦ ਹੋ ਗਿਆ ਸੀ, ਸਰਹਿੰਦ ਨਹਿਰ ਵਿੱਚ ਪਾਣੀ ਛੱਡੇ ਜਾਣ ਦੇ ਇੱਕ ਦਹਾਕੇ ਦੇ ਵਿਚ ਵਿਚ ਹੀ। ਇਥੇ ਡੇਰਾ ਸ੍ਰੀ ਭੈਣੀ ਸਾਹਿਬ ਦਾ ਮਾਲ ਪਸ਼ੂ ਨਹਿਰ ਦੇ ਕਿਨਾਰੇ, ਉਹਨਾਂ ਜ਼ਮੀਨਾਂ ਵਿਚ ਚਰਦਾ ਸੀ ਜੋ ਡੇਰੇ ਵਾਲੇ ਕਈ ਵੇਰ ਨਿਲਾਮੀ ਤੇ ਲੈ ਲੈਂਦੇ ਸਨ। ਗੁਰੂ ਹਰੀ ਸਿੰਘ ਜੀ ਤੀਜੇ ਦਿਨ ਨੀਲੋਂ ਨਹਿਰ ਤੇ ਭਾਈ ਸੁੱਧ ਸਿੰਘ ਪਾਸੋਂ ਆਪਣੇ ਮਾਲ ਦੀ ਜਾਣਕਾਰੀ ਲੈਣ ਆਉਂਦੇ। ਆਪ ਦੇ ਨਾਲ ਬਾਲਕ ਰੂਪ ਵਿੱਚ ਸਾਹਿਬਜ਼ਾਦਾ ਪਰਤਾਪ ਸਿੰਘ ਜੀ ਵੀ ਆਉਂਦੇ ਸਨ। ਸਤਿਗੁਰੂ ਜੀ ਵਕਤ ਦੇ ਸਾਰੇ ਪੱਖਾਂ ਤੇ, ਸੁੱਧ ਸਿੰਘ ਨਾਲ ਵਿਚਾਰ ਚਰਚਾ ਕਰਦੇ ਸਨ। ਇਹ ਆਪ ਦਾ ਸੁੱਧ ਸਿੰਘ ਨਾਲ ਗੂਹੜਾ ਸਨੇਹ ਸੀ ਜਿਸ ਕਾਰਨ ਉਸ ਦੇ ਲੜਕੇ ਹਰਨਾਮ ਸਿੰਘ ਦੇ ਅਨੰਦ ਕਾਰਜ ਦੀ ਰਸਮ ਲਈ, ਰਿਆਸਤ ਨਾਹਣ ਦੇ ਪਿੰਡ ਬਰਾਲ (ਹਿਮਾਚਲ ਪਰਦੇਸ਼) ਵਿੱਚ, ਦੇਵਾ ਸਿੰਘ ਹਜ਼ਾਰਾ ਸਿੰਘ ਲੰਬੜਦਾਰ ਕੂਕਿਆਂ ਦੇ ਘਰ, ਗੁਰੂ ਹਰੀ ਸਿੰਘ ਜੀ ਨੇ ਸਿਰਫ ਛੇ ਸਾਲ ਦੀ ਉਮਰ ਵਿੱਚ ਹੀ ਸਾਹਿਬਜ਼ਾਦਾ ਪਰਤਾਪ ਸਿੰਘ ਨੂੰ ਸ੍ਰੀ ਭੈਣੀ ਸਾਹਿਬ ਤੋਂ ਹੋਰ ਸੰਗਤ ਅਤੇ ਸੁੱਧ ਸਿੰਘ ਹੋਰਾਂ ਦੇ ਨਾਲ ਭੇਜਿਆ ਸੀ। ਭਾਈ ਸੁੱਧ ਸਿੰਘ ਉਸ ਸਮੇਂ ਦਾ ਇਕ ਖਾੜਕੂ ਕੂਕਾ ਗਿਣਿਆ ਜਾਂਦਾ ਸੀ। ਉਸ ਦਾ ਭਗਵਾਨ ਸਿੰਘ ਅੜਬੰਗੀ ਜਿਹੇ ਸਿਰਲੱਥ ਕੂਕੇ ਸੂਰਮਿਆਂ ਨਾਲ ਬੜਾ ਵਾਹ ਰਹਿੰਦਾ ਸੀ। ਆਪਣੇ ਪਿਤਾ ਸੁੱਧ ਸਿੰਘ ਦੇ ਇਸ ਬਾਗੀ ਸੁਭਾਉ ਦਾ ਚਿਤਰਣ, ਕਵੀ ਹਰਨਾਮ ਸਿੰਘ ਬਖੂਬੀ ਕਰਦੇ ਹਨ–

"ਲੜਦੇ ਉਨ੍ਹਾਂ ਦੇ ਨਾਲ ਹਮੇਸ਼ ਰਹਿੰਦੇ,
ਗੌਰਮਿੰਟ ਦੇ ਜੋ ਵਫੇਦਾਰ ਸੀਗੇ
ਓਨਾਂ ਨਾਲ ਭਾਰਾ ਪ੍ਰੇਮ ਪਿਆਰ ਰੱਖਦੇ,
ਗੌਰਮਿੰਟ ਤੇ ਜੇਹੜੇ ਫਰਾਰ ਸੀਗੇ
ਭੱਜੇ ਨੱਠੇ ਹੋਏ ਜੇਹੜੇ ਮਰਦ ਜੋਧੇ,
ਰੱਖਦੇ ਉਨ੍ਹਾਂ ਦੇ ਨਾਲ ਪਿਆਰ ਸੀਗੇ
ਦੇਸ ਭਗਤ ਬਣ ਕੇ ਖੱਦਰ ਪਹਿਨਦੇ ਥੇ,
ਰਹਿੰਦੇ ਸਦਾ ਖਲਾਫ ਸਰਕਾਰ ਸੀਗੇ
ਤੜਕੇ ਉਠ ਕੇ ਬਾਣੀ ਦਾ ਪਾਠ ਕਰਕੇ,
ਕਰਦੇ ਸਦਾ ਕਰਤਾਰ ਕਰਤਾਰ ਸੀਗੇ
ਸ਼ਾਸਤ੍ਰ ਬਿਦਿਆ ਗਤਕੇਬਾਜ਼ ਭਾਰੇ,

ਵਾਹੁਣੀ ਜਾਣਦੇ ਜੰਗ ਤਲਵਾਰ ਸੀਗੇ
ਜ਼ਾਲਮ ਪਾਪੀਆਂ ਨੂੰ ਸਜ਼ਾ ਦੇਣ ਖਾਤਰ,
ਚੋਰੀ ਰੱਖਦੇ ਕਈ ਹਥਿਆਰ ਸੀਗੇ
ਸਾਡੇ ਸੁੱਧ ਸਿੰਘ ਪਿਤਾ ਹਰਨਾਮ ਸਿੰਘਾ,
ਲੜਨ ਭਿੜਨ ਵਾਲੇ ਖੜਕੇਦਾਰ ਸੀਗੇ।[11]

ਸਤਿਗੁਰੂ ਰਾਮ ਸਿੰਘ ਜੀ ਦੇ ਪਰਦੇਸ ਗਵਨ ਬਾਅਦ ਆਪ ਨੇ ਵੈਰਾਗੇ ਨੈਣਾਂ ਨਾਲ ਹੀ ਵਿਚਰਨਾ। ਖਾਣ ਪੀਣ ਦੀ ਵੀ ਸੁਰਤ ਨਾ ਰਖੀ। ਸਰੀਰ ਸੁੱਕ ਕੇ ਪਿੰਜਰ ਹੋ ਗਿਆ। ਆਪ ਨੂੰ ਧੀਰਜ ਬਨਾਉਣ ਲਈ ਸਤਿਗੁਰੂ ਜੀ ਨੇ ਸੁਪਨ ਦਰਸ਼ਨ ਦੇ ਕੇ ਫਰਮਾਇਆ-ਧੀਰਜ ਰੱਖੋ। ਜਿਤਨਾ ਚਿਰ ਗਊ ਗਰੀਬ ਦੇ ਗਲ ਤੋਂ ਛੁਰੀ ਨਹੀਂ ਲਹਿੰਦੀ ਮੈਂ ਕਿਤੇ ਨਹੀਂ ਜਾਂਦਾ। ਧਰਤੀ ਤੇ ਧਰਮ ਦਾ, ਨਿਆਂ ਦਾ, ਸਮਤਾ ਦਾ ਰਾਜ ਕਾਇਮ ਕਰਨ ਲਈ ਮੈਂ ਅਵੱਸ਼ ਆਵਾਂਗਾ। ਮੇਰੀ ਉਡੀਕ ਰੱਖਣੀ। ਅੱਜ ਵੀ ਦੁਨੀਆਂ ਦੇ ਹੋਰ ਨਿਆਂ ਪਸੰਦ ਲੋਕਾਂ ਜਿਉਂ ਨਾਮਧਾਰੀ ਸੰਗਤ ਵੀ ਸਤਿਗੁਰੂ ਜੀ ਨੂੰ ਆਪਣੇ ਮੁਕਤੀ ਦਾਤੇ ਦੇ ਰੂਪ ਵਿੱਚ ਨਿੱਤ ਉਡੀਕਦੀ ਹੈ। ਯਾਦ ਕਰਦੀ ਹੈ। ਉਹ ਸੁਭਾਗਾ ਸਮਾਂ ਜਲਦੀ ਆਵੇ। ਜਦੋਂ ਸਤਿਗੁਰੂ ਰਾਮ ਸਿੰਘ ਜੀ ਦੇ ਸੁਪਨਿਆਂ ਦਾ ਹਿੰਦੁਸਤਾਨ ਬਣੇਗਾ, ਜਿਸ ਵਿੱਚ ਨੰਗਾ, ਭੁੱਖਾ, ਲੋੜਵੰਦ ਜਾਂ ਕੋਈ ਸੁਆਲੀ ਦਰ ਦਰ ਭਟਕਦਾ ਨਜ਼ਰ ਨਹੀਂ ਆਵੇਗਾ।

ਸੰਤ ਸੁੱਧ ਸਿੰਘ ਹੋਰਾਂ ਪਰਿਵਾਰ ਸਮੇਤ ਨੀਲੋਂ ਨਹਿਰ ਤੇ ਰਹਿ ਕੇ 15 ਸਾਲ ਲਗਾਤਾਰ ਗੁਰੂ ਕੇ ਮਾਲ ਡੰਗਰ ਦੀ ਸੇਵਾ ਕੀਤਾ। ਸੇਵਾ ਕਰਦਿਆਂ ਇਕ ਦਿਨ ਆਪ ਨੇ ਭੂਮੀ ਹੀਣ ਹੋਏ ਜੱਟ ਕਿਸਾਨ ਦੀ ਜੋ ਹਾਲਤ, ਉਸ ਦੇ ਆਲੇ ਦੁਆਲੇ ਵਿਚ ਹੁੰਦੀ ਹੈ ਉਹ ਵੀ ਗੁਰੂ ਹਰੀ ਸਿੰਘ ਜੀ ਨੂੰ ਬਿਆਨ ਕਰ ਦਿੱਤੀ। ਗੁਰੂ ਜੀ ਖੁਸ਼ੀਆਂ ਦੇ ਘਰ ਵਿਚ ਆਏ ਅਤੇ ਸੁੱਧ ਸਿੰਘ ਹੋਰਾਂ ਨੂੰ ਕਹਿਣ ਲੱਗੇ ਕਿ ਜ਼ਮੀਨ ਮਿਲ ਜਾਏਗੀ ? ਚਿੰਤਾ ਨਹੀਂ ਕਰਨੀ। ਆਪ ਦੇ ਸਕਿਆਂ ਵਿਚੋਂ ਕੋਈ ਬੇਉਲਾਦ ਬੀਬੀ ਅਕਾਲ ਚਲਾਣਾ ਕਰ ਗਈ। ਉਸ ਦਾ ਹੱਕ ਆਪ ਨੂੰ ਵੀ ਪੈਂਦਾ ਸੀ। ਮਹਿਕਮਾ ਮਾਲ ਦੇ ਅਧਿਕਾਰੀਆਂ ਨੇ ਉਸ ਦੀ ਜ਼ਮੀਨ ਆਪ ਦੇ ਨਾਮ ਦਰਜ ਕਰ ਦਿਤੀ। ਫਿਰ ਪਿੰਡ ਦੇ ਵਾਸੀ ਬਣ ਗਏ। ਮੁੜ ਕੇ ਲਹਿਰਾਂ ਬਹਿਰਾਂ ਹੋ ਗਈਆਂ। ਕਵੀ ਹਰਨਾਮ ਸਿੰਘ ਇਸ ਅਲੌਕਿਕ ਘਟਨਾ ਨੂੰ ਗੁਰੂ ਹਰੀ ਸਿੰਘ ਜੀ ਦੀ ਕਿਰਪਾ ਦੇ ਰੂਪ ਵਿੱਚ ਆਪਣੇ ਪੁਸਤਕ ਵਿੱਚ ਦਰਜ ਕਰ ਗਏ ਹਨ-

"ਇਕ ਰੋਜ ਸਾਡੇ ਪਿਤਾ ਸੁੱਧ ਸਿੰਘ ਨੇ,
ਨੇਤਰ ਭਰ ਕੀਤੀ ਨਿਮਸ਼ਕਾਰ ਜਾਣੋ,
ਸੱਚੇ ਪਾਤਸ਼ਾਹ ਮਾਰਦੇ ਲੋਕ ਤਾਹਨੇ,
ਪਾਹੀ ਸਤਿਗੁਰੋ ਸਾਡਾ ਪਰਿਵਾਰ ਜਾਣੋ।
ਮੇਰੇ ਪੁੱਤਾਂ ਨੂੰ ਲੋਕ ਸਿਖਾਉਂਦੇ ਨੇ,
ਥੋਡੀ ਭੌਂ ਕਿੱਥੇ ਘਰ ਬਾਰ ਜਾਣੋ ।

ਪਿਆਰੇ ਸਿੰਘ ਨੂੰ ਛਾਤੀ ਦੇ ਨਾਲ ਲਾ ਕੇ,
ਬੋਲੇ ਮੁੱਖ ਥੋ ਰੂਪ ਕ ਰਤਾਰ ਜਾਣੋ ।
ਕੱਲ੍ਹ ਜ਼ਮੀਨ ਤੇਰੀ ਘਰ ਬਾਰ ਤੇਰੇ,
ਬਖਸ਼ ਦੇਣ ਤੈਨੂੰ ਸਿਰਜਨਹਾਰ ਜਾਣੋ।
"ਅਗਲੇ ਰੋਜ਼ ਡਿਪਟੀ ਅਫਸਰ ਮਾਲ ਉਤੇ,
ਗੇਰਿਆ ਬ੍ਰਹਮ ਦੀ ਮਾਇਆ ਦਾ ਜਾਲ ਓਥੇ।
ਕੋਈ ਝਗੜਾ ਜੈ ਦਾਤ ਦਾ ਚੱਲਦਾ ਥਾ,
ਸੁਪਨੇ ਵਿਚ ਨਾਂ ਸਾਡੇ ਖਿਆਲ ਓਥੇ।
ਡਿਪਟੀ ਸਾਹਿਬ ਦਾ ਰਿਦਾ ਪਰੇਰ ਦਿੱਤਾ,
ਕੁਰਸੀ ਨਾਮੇ ਦੀ ਕੜੀ ਨਿਕਾਲ ਓਥੇ।
ਹੱਕ ਦੂਰ ਦਾ ਖਿੱਚ ਨਜ਼ਦੀਕ ਕੀਤਾ,
ਖੇਡ ਖੇਡਦੇ ਪੁਰਖ ਅਕਾਲ ਓਥੇ।
ਝੱਟ ਪੱਟ ਬਗਲੀ ਜਾ ਕੇ ਕਰੇ ਕਬਜ਼ੇ,
ਲਈ ਸਾਂਭ ਧਰਤੀ ਡੰਗਰ ਮਾਲ ਓਥੇ।
ਅੱਜ ਤੱਕ ਜ਼ਮੀਨ ਉਹ ਪਾਸ ਸਾਡੇ,
ਬਖਸੀ ਅਸਾਂ ਨੂੰ ਦੀਨ ਦਿਆਲ ਓਥੇ।
ਮੁੜ ਕੇ ਦਿੱਤੇ ਬਸਾ ਹਰਨਾਮ ਸਿੰਘਾ,
ਕਰਾਮਾਤਾਂ ਦੇ ਜ਼ੌਹਰ ਦਿਖਾਲ ਓਥੇ।"[12]

ਪਿੰਡ ਬਗੁਲੀ ਕਲਾਂ ਰਹਿੰਦਿਆਂ ਇੱਕ ਦਿਨ ਸੰਤ ਸੁੱਧ ਸਿੰਘ ਜੀ ਸੜਕ ਦੇ ਪਾਸ ਆਏ ਖੂਹ ਤੇ ਬੈਠੇ. ਬਾਣੀ ਪੜ੍ਹ ਰਹੇ ਸਨ। ਮਾਛੀਵਾੜੇ ਦੇ ਚਾਰ ਬੁੱਚੜ ਚਾਲੀ ਗਊਆਂ ਦਾ ਵੱਗ ਲਈ ਜਾਂਦੇ ਸਨ। ਸੰਤ ਜੀ ਨੇ ਕਿਹਾ ਕਿ ਮੈਂ ਇਹਨਾਂ ਗਊਆਂ ਦੀ ਜਾਨ ਬਚਾਉਣੀ ਹੈ, ਤੁਸੀਂ ਮੈਥੋਂ ਇਹਨਾਂ ਦਾ ਮੁੱਲ ਲੈ ਲਉ। ਉਹਨਾਂ ਦਾ ਜੁਆਬ ਸੀ ਕਿ ਕੱਲ੍ਹ ਈਦ ਹੈ ਤੇ ਅਸੀਂ ਇਹਨਾਂ ਨੂੰ ਜ਼ਿਬਾਹ ਕਰਕੇ ਈਦ ਮਨਾਉਣੀ ਹੈ। ਇਸ ਤੇ ਸੰਤ ਜੀ ਨੇ ਸ਼ਸ਼ਤਰ ਸੂਤ ਕੇ ਉਹਨਾਂ ਨੂੰ ਵੰਗਾਰਿਆ। ਉਦੋਂ ਜਿਹੇ ਹੀ ਕਿਸੇ ਨੇ ਬੁੱਚੜਾਂ ਨੂੰ ਕਿਹਾ ਕਿ ਕੂਕਿਆਂ ਨੇ ਮਲੇਰਕੋਟਲੇ ਬੁੱਚੜ ਮਾਰ ਕੇ ਗਊਆਂ ਬਚਾਈਆਂ ਹਨ ਅਤੇ ਹੁਣ ਦੋ ਸਨੱਧ ਬੱਧ ਕੂਕੇ ਇਧਰ ਆ ਰਹੇ ਹਨ। ਉਹ ਨੱਸ ਗਏ ਅਤੇ ਥਾਣੇ ਵਿਚ ਪਰਚਾ ਦੇ ਦਿੱਤਾ। ਪਿੰਡ ਦਾ ਲੰਬੜਦਾਰ ਵੀ ਸੁੱਧ ਸਿੰਘ ਦੇ ਖਿਲਾਫ ਭੁਗਤਿਆ ਪਰ ਸੰਤ ਜੀ ਨੇ ਕਿਹਾ ਕਿ ਮੈਂ ਗਊਆਂ ਇਹਨਾਂ ਤੋਂ ਮੁੱਲ ਲੈ ਕੇ ਬੰਨ੍ਹੀਆਂ ਹਨ। ਪੁਲੀਸ, ਵਾਲਿਆਂ ਨੇ ਰਸੀਦ ਮੰਗ ਲਈ। ਠੀਕ ਇਸੇ ਸਮੇਂ ਇੱਕ ਅਜਨਬੀ ਸਿੱਖ ਆਇਆ ਤੇ ਉਸ ਨੇ ਰਸੀਦ ਪੇਸ਼ ਕਰ ਦਿਤੀ। ਇਸ ਤੇ ਆਪ ਦੀ ਬੰਦ ਖਲਾਸੀ ਹੋ ਗਈ। ਬਾਅਦ ਵਿੱਚ ਗਾਈਆਂ ਦੀ ਮਾਇਆ ਜਿਹਨਾਂ ਤੋਂ ਖੋਹੀਆਂ ਸਨ ਉਹਨਾਂ ਪਾਸ ਪੁਚਾ ਦਿੱਤੀ।[13]

ਗੁਰੂ ਹਰੀ ਸਿੰਘ ਜੀ, ਸੁੱਧ ਸਿੰਘ ਹੋਰਾਂ ਦੇ ਪ੍ਰੇਮ ਦੇ ਬੰਨ੍ਹੇ ਹੋਇਆਂ ਨੇ ਤਿੰਨ ਵੇਰ ਬਗੁਲੀ ਕਲਾਂ ਵਿਚ ਆਪਣੇ ਦਰਬਾਰ ਸਜਾਏ ਸਨ।

"ਸਾਡੇ ਪਿਤਾ ਦੀ ਅਰਜ਼ ਮਨਜੂਰ ਕਰਕੇ,
ਬਗਲੀ ਪਿੰਡ ਜਾ ਲਾਏ ਦਰਬਾਰ ਸੋਹਣੇ।
ਨਾਮ ਦਾਨ ਭਗਤੀ ਸ਼ਕਤੀ ਬਖਸ਼ ਕਰਕੇ,
ਗੁਨ੍ਹਾਗਾਰ ਬੰਦੇ ਦਿੱਤੇ ਤਾਰ ਸੋਹਣੇ।
ਸਾਡੇ ਪਿਤਾ ਦਾ ਦੇਖ ਕੇ ਪ੍ਰੇਮ ਸੱਚਾ,
ਦਿੱਤੇ ਫੇਰ ਦਰਸ਼ਨ ਤਿੰਨ ਵਾਰ ਸੋਹਣੇ।
ਉਤੇ ਪਿਤਾ ਦੇ ਬਹੁਤ ਹਰਨਾਮ ਸਿੰਘਾ,
ਖੁਸ਼ੀ ਰਹੇ ਸਤਿਗੁਰ ਮੇਹਰਧਾਰ ਸੋਹਣੇ।"[14]

ਮਾਲੂਮ ਹੁੰਦਾ ਹੈ ਕਿ ਸੁੱਧ ਸਿੰਘ ਹੋਰਾਂ ਜੋ ੧੫ ਸਾਲ ਡੇਰਾ ਸ੍ਰੀ ਭੈਣੀ ਸਾਹਿਬ ਦੇ ਮਾਲ ਪਸ਼ੂਆਂ ਦੀ ਨਹਿਰ ਤੇ ਸੇਵਾ ਕੀਤੀ ਉਹ ੧੮੮੬ ਈ. ਤੋਂ ੧੯੦੧ ਈ. ਤੱਕ ਕੀਤੀ। ਸੰਨ 1887 ਵਿੱਚ ਮਾਤਾ ਜੀਵਨ ਕੌਰ ਜੀ ਦਾ ਅਰਦਾਸਾ ਗੁਰੂ ਹਰੀ ਸਿੰਘ ਜੀ ਨਾਲ ਹੋਇਆ ਸੀ। ਮਾਈ ਗੁਰਦੇਈ ਧੰਨੇ ਵਾਲੀ ਪਾਸ ਡੇਰੇ ਦੀ ਮੁਖਤਿਆਰੀ ਸੀ। ਸੰਨ ੧੮੯੯ ਈ. ਵਿੱਚ ਸੁੱਧ ਸਿੰਘ ਬਗਲੀ ਵਾਲਿਆਂ ਹੋਰ ਸਿੰਘਾਂ ਨਾਲ ਸਲਾਹ ਕਰਕੇ, ਗੁਰੂ ਹਰੀ ਸਿੰਘ ਜੀ ਨੂੰ ਅਰਜ਼ ਕੀਤੀ–" ਗੁਰਦੇਈ ਤੁਸਾਂ ਖਾਲਸੇ ਦੀ ਬਰਤਾਵੀ ਲਾਇ ਛਡੀ ਹੈ। ਖਾਲਸਾ ਗੁਰੂ ਕਾ ਭੈ ਕਰਕੇ ਬਿਚੇ ਬਿਚ ਚੁੱਪ ਕਰ ਰਹਿੰਦਾ।... ਗੁਰੂ ਕਾ ਘਰ ਜਾਣਕੇ ਸਭ ਨੇ ਸੁਆਲ ਪਾਵਣਾ ਹੈ। ਇਸ ਨੇ ਥੋੜ੍ਹੀ ਚੀਜ਼ ਤੇ ਭੀ ਜਵਾਬ ਦੇ ਦੇਣਾ। ਜਿਨਾਂ ਨੇ ਡੇਰੇ ਟੈਹਲਾ ਕਰਨਾ ਹੈ ਉਹਨਾਂ ਮੰਗਣਾ ਭੀ ਏਥੋਂ ਹੈ। ਏਹ ਕੁੰਜੀਆਂ ਜੇ ਦੇਣੀਆਂ ਹੈਨ ਤੇਂ ਮਾਈ ਜਿਊਣ ਕੌਰ ਨੂੰ ਦੇਵੋ ਜਿਨਾਂ ਨੂੰ ਸਾਰੇ ਖਾਲਸੇ ਦੀ ਸਾਰ ਹੈ। ਸੁੱਧ ਸਿੰਘ ਦੇ ਕਹੇ ਤੇ ਗੁਰੂ ਜੀ ਗੁਰਦੇਈ ਨੂੰ ਬਚਨ ਕੀਤਾ ਕਿ ਤੂੰ ਭਜਨ ਬਾਣੀ ਕਰਿਆ ਕਰ ਬਥੇਰੀ ਹੋਈ ਹੈ।" ਸੁੱਧ ਸਿੰਘ ਹੁਰਾਂ ਦੀ ਇਸ ਅਰਜ਼ ਤੋਂ ਬਾਅਦ ਵੀ ਸੰਗਤ ਦੀ ਇਛਿਆ ਦੇ ਅਨੁਰੂਪ, ਮਾਤਾ ਜੀਵਨ ਕੌਰ ਜੀ ਪਾਸ ਕੁੰਜੀਆਂ ਪੁੱਜਦੀਆਂ ਵੇਖਣ ਲਈ ਉਹਨਾਂਵੱਲੋਂ ਗੁਰਦੇਈ ਦਾ ਮਾਣ ਤਾਣ ਬਰਕਰਾਰ ਰੱਖਣ ਕਾਰਨ, ਕੁਝ ਹੋਰ ਸਮਾਂ ਲੱਗਾ। ਅਖੀਰ 1 ਅਗਸਤ ੧੮੯੯ ਨੂੰ ਮਾਤਾ ਜੀ ਦੇ ਪਾਸ ਡੇਰੇ ਦੀਆਂ ਕੁੰਜੀਆਂ ਆ ਗਈਆਂ।[15] ਸੁੱਧ ਸਿੰਘ ਜੀ ਦੀ ਇਸ ਪਹਿਲ ਕਦਮੀ 'ਤੇ ਡੇਰੇ ਵਿੱਚ ਰਹਿਣ ਵਾਲੀ ਸਾਰੀ ਸੰਗਤ ਨੂੰ ਚਾਅ ਚੜ੍ਹ ਗਿਆ। ਫਿਰ ਮਾਤਾ ਜੀਵਨ ਕੌਰ ਜੀ ਨੇ ਜਿਸ ਤਰ੍ਹਾਂ ਡੇਰੇ ਵਿੱਚ ਆਉਣ ਵਾਲੇ , ਹਰ ਨਾਮਧਾਰੀ ਜਾਂ ਗ਼ੈਰ ਨਾਮਧਾਰੀ ਨੂੰ ਨਿਵਾਜਿਆ, ਉਹਨਾਂ ਦੀ ਸਖਾਵਤ ਦੇ ਉਹ ਕਿੱਸੇ, ਸਮੁੱਚੇ ਪੰਜਾਬ ਵਿੱਚ ਦੁਹਰਾਏ ਜਾਂਦੇ ਸਨ।

੧੮੮੧ ਈ. ਦੀ ਆਖਰੀ ਤਿਮਾਹੀ ਵਿੱਚ , ਸਤਿਗੁਰੂ ਰਾਮ ਸਿੰਘ ਜੀ ਦਾ ਹਜ਼ੂਰੀ ਸੇਵਕ ਭਾਈ ਨਾਨੂੰ ਸਿੰਘ ਆਪਣੇ ਪਿੰਡ ਰੁੜਕੀ ਆ ਗਿਆ ਸੀ। ਉਸ ਉਤੇ ਭੈਣੀ ਸਾਹਿਬ ਜਾਂ ਕਿਸੇ ਵੀ ਕੂਕੇ ਦੇ ਘਰ ਜਾਣ ਦੀ ਪਾਬੰਦੀ ਸੀ। ਗੁਰੂ ਹਰੀ ਸਿੰਘ ਜੀ ਉਸਦੀ ਖ਼ਬਰ ਸਾਰ ਲੈਂਦੇ ਰਹਿੰਦੇ ਸਨ। ਉਸ ਨੂੰ ਗੁਪਤ ਰੂਪ ਵਿੱਚ ਮਿਲ ਕੇ ਆਉਣ ਅਤੇ ਸਤਿਗੁਰੂ ਜੀ ਵੱਲੋਂ ਸੰਦੇਸ਼ ਜਾਂ ਹੋਰ ਸਮੱਗਰੀ ਮਾਇਆ ਆਦਿਕ ਪੁਚਾਉਣ ਦਾ

ਬਿਖਮ ਕਾਰਜ ਵੀ ਭਾਈ ਸੁੱਧ ਸਿੰਘ ਵਰਗਾ ਕੁਸ਼ਾਗਰ ਬੁੱਧ, ਹਿੰਮਤੀ, ਦਲੇਰ ਅਤੇ ਖ਼ਤਰਿਆਂ ਪ੍ਰਤੀ ਜੂਝਣ ਤੋਂ ਬੇਖੌਫ ਸਿੰਘ ਹੀ ਕਰ ਸਕਦਾ ਸੀ। ਸੰਨ ੧੯੦੧ ਈ. ਦੀ ਬਸੰਤ ਰੁੱਤੇ ਗੁਰੂ ਹਰੀ ਸਿੰਘ ਜੀ ਦੇ ਹੁਕਮ ਤੇ ਆਪ ਪਾਸ, ਭਾਈ ਸੁੱਧ ਸਿੰਘ ਗਏ ਅਤੇ ਫਿਰ ਗੁਪਤ ਰੂਪ ਵਿੱਚ ਨਾਨੂੰ ਸਿੰਘ ਜੀ ਦੀ, ਭੈਣੀ ਸਾਹਿਬ ਯਾਤਰਾ ਦਾ ਪਰਬੰਧ ਵੀ ਕਰ ਆਏ ਸਨ।

ਭਾਈ ਸੁੱਧ ਸਿੰਘ ਹੋਰਾਂ ਦੇ ਚਾਰ ਪੁੱਤਰ ਅਤੇ ਦੋ ਪੁੱਤਰੀਆਂ ਸਨ। ਉਹਨਾਂ ਦਾ ਸਪੁੱਤਰ ਕਵੀ ਹਰਨਾਮ ਸਿੰਘ ਆਪਣੀ ਰਚਨਾ ਦੀ ਪਹਿਲੀ ਛਾਪ ਵਿਚ ਮਾਤਾ ਦਾ ਨਾਮ ਦੱਸਦੇ ਹੋਏ ਲਿਖਦੇ ਹਨ–

"ਸਾਡੀ ਮਾਤਾ ਮਹਿਤਾਬ ਕੌਰ ਭਗਤਣੀ ਸੀ,
ਜਿਸ ਤੇ ਮਿੰਟ ਨਾ ਰੱਬ ਵਿਸਾਰ ਹੋਇਆ।"

ਹਰਨਾਮ ਸਿੰਘ ਦੇ ਸ਼ਬਦਾਂ ਵਿੱਚ ਹੀ ਅਸੀਂ 'ਸੰਤ ਸੁੱਧ ਸਿੰਘ ਦੇ ਭਰਾਂਵਾਂ ਅਤੇ ਬੱਚਿਆਂ ਦੀ ਜਾਣਕਾਰੀ ਪੇਸ਼ ਕਰਦੇ ਹਾਂ:–

"ਸਾਡੇ ਪਿਤਾ ਜੀ ਤੇ ਦੋਨੋ ਤਾਏ ਚਾਚੇ,
ਸਤਿਗੁਰ ਹਰੀ ਸਿੰਘ ਦੇ ਤਾਬੇਦਾਰ ਹੋਏ।
ਮਨੋ ਤਨੋ ਤੇ ਧਨੋ ਕੁਰਬਾਨ ਹੋ ਕੇ,
ਭੈਣੀ ਸਾਹਿਬ ਜਾ ਕੇ ਸੇਵਾਦਾਰ ਹੋਏ।
ਕੜੀਆਂ ਕੋਠੇ ਦੀਆਂ ਘਰ ਜ਼ਮੀਨ ਸਾਰੀ,
ਲੰਗਰ ਪਾਇਕੇ ਸ਼ੁਕਰ ਗੁਜਾਰ ਹੋਏ।
ਚਰਨਾਂ ਸਤਿਗੁਰਾਂ ਵਿਚ ਹੀ ਉਮਰ ਕੱਟੀ,
ਓਨਾਂ ਨਾਲ ਸਤਿਗੁਰਾਂ ਦੇ ਪਿਆਰ ਹੋਏ।
ਸੁੱਧ ਸਿੰਘ ਦੀ ਅਸੀਂ ਉਲਾਦ ਸਮਝੋ,
ਭੈਣਾਂ ਦੋ ਭਾਈ ਅਸੀਂ ਚਾਰ ਹੋਏ।
ਵੱਡੇ ਭਾਈ ਗੁਰਮੁਖ ਸਿੰਘ ਬਿਸ਼ਨ ਸਿੰਘ ਥੇ,
ਕਰਮ ਸਿੰਘ ਜੀ ਸੂਵਰਗ ਸਿਧਾਰ ਹੋਏ।
ਇਕ ਭੈਣ ਸਾਡੀ ਕੋਟ ਗੰਗੂਰਾ ਦੇ,
ਚੰਗੇ ਭੈਣ ਦੇ ਅੱਗੇ ਪਰਿਵਾਰ ਹੋਏ।
ਦੂਜੀ ਭੈਣ ਦੁਆਬੇ ਗੜ੍ਹ ਪਿੰਡ ਸਾਡੀ,
ਹਰ ਕੁਰ ਨਾਮ ਦੇ ਨਾਲ ਉਚਾਰ ਹੋਏ।"[17]

ਸੰਤ ਸੁੱਧ ਸਿੰਘ ਦੇ ਚਹੁੰਆਂ ਸਪੁੱਤਰਾਂ ਵਿਚੋਂ ਕਿੱਸਾਕਾਰ ਭਾਈ ਹਰਨਾਮ ਸਿੰਘ ਛੋਟਾ ਮਾਲੂਮ ਹੁੰਦਾ ਹੈ। ਸੰਨ ੧੯੫੯ ਈ. ਦੇ ਅੰਤ ਤਕ ਕਰਮ ਸਿੰਘ ਤੋਂ ਇਲਾਵਾ ਉਹ ਤਿੰਨੇ ਭਾਈ ਜ਼ਿੰਦਾ ਸਨ। ਸੰਨ ੧੯੫੪–੫੫ ਵਿੱਚ ਆਪਣੇ ਬਾਲਪਨ ਸਮੇਂ, ਮੈਂ ਡੇਰਾ ਭੈਣੀ ਸਾਹਿਬ ਵਿਖੇ ਰਹਿੰਦਿਆਂ, ਭਾਈ ਹਰਨਾਮ ਸਿੰਘ ਜੀ ਦੇ ਬੇਮਲੂਮੇ ਜਿਹੇ ਦਰਸ਼ਨ

ਕੀਤੇ ਸਨ। ਉਹਨਾਂ ਦਾ ਮੇਰੇ ਬਾਪੂ ਜੀ ਨਾਲ ਚੰਗਾ ਪ੍ਰੇਮ ਸੀ। ਉਹਨਾਂ ਦਾ ਦਿਹਾਂਤ ਤਾਂ ਪਿਛਲੀ ਸਦੀ ਦੇ ਨੌਂਵੇਂ ਦਹਾਕੇ ਦੇ ਅੰਤ ਜਿਹੇ ਹੋਇਆ ਸੀ। ਸੁੱਧ ਸਿੰਘ ਹੋਰਾਂ ਦੀ ਭੈਣੀ ਸਾਹਿਬ ਦੇ ਨੇੜੇ ਕੋਟ ਗੰਗੂ ਰਾਇ ਰਹਿੰਦੀ ਪੁੱਤਰੀ ਦਾ ਨਾਮ ਭੋਲੀ ਸੀ। ਉਹ ਗਰੂ ਕੇ ਸਿੰਘਾਂ ਨੂੰ ਆਪਣੇ ਘਰੋਂ ਦੁੱਧ ਛਕਾਇਆ ਕਰਦੀ ਸੀ। ਅਜਿਹੇ ਇੱਕ ਸਮੇਂ ਨੀਲੋਂ ਡੇਰੇ ਤੇ ਜਾ ਰਹੇ, ਗੁਰੂ ਹਰੀ ਸਿੰਘ ਜੀ ਨੇ ਉਸ ਨੂੰ ਵਰ ਦਿੱਤਾ ਸੀ ਕਿ ਭੋਲੀਏ ਤੇਰੇ ਘਰ ਦੁੱਧ ਬਾਰਾਂ ਮਹੀਨੇ ਰਹੇਗਾ। ਕਵੀ ਹਰਨਾਮ ਸਿੰਘ ਮੁਤਾਬਿਕ ਉਸ ਦੇ ਭਣੇਵਿਆਂ, ਹਜ਼ੂਰਾ ਸਿੰਘ, ਲਾਲ ਸਿੰਘ, ਸਰਬਣ ਸਿੰਘ, ਬੰਤਾ ਸਿੰਘ ਦੇ ਘਰ, ਬਾਰਾਂ ਮਹੀਨੇ ਦੁੱਧ ਰਹਿੰਦਾ ਸੀ। ਪਰੀਤਮ ਸਿੰਘ ਗੜ੍ਹੀ (ਜਲੰਧਰ) ਰਹਿਣ ਵਾਲਾ, ਉਸ ਦਾ ਭਣੇਵਾਂ, ਹਰਨਾਮ ਸਿੰਘ ਦਾ ਗੂਹੜਾ ਮਿੱਤਰ ਵੀ ਸੀ।

ਭਾਈ ਹਰਨਾਮ ਸਿੰਘ ਦੇ ਵੀ ਅੱਗੋਂ ਚਾਰ ਪੁੱਤਰ ਅਤੇ ਦੋ ਪੁੱਤਰੀਆਂ ਹੋਈਆਂ ? ਉਹ ਬਗਲ (ਨਾਹਣ) ਦੇ ਲੰਬੜਦਾਰ ਦੇਵਾ ਸਿੰਘ ਕੂਕੇ ਦੀ ਪੁੱਤਰੀ ਬੀਬੀ ਸੰਤ ਕੌਰ ਨਾਲ ਵਿਆਹਿਆ ਗਿਆ ਸੀ। ਉਸ ਨੇ ਸੰਤ ਖਾਲਸੇ ਵਿੱਚ ਆਪਣੇ ਧੀਆਂ ਪੁੱਤਰਾਂ ਦਾ ਵੇਰਵਾ ਦਿੰਦਿਆਂ ਲਿਖਿਆ ਹੈ ਕਿ ਉਸ ਦੇ ਵੱਡੇ ਦੋਵੇਂ ਪੁੱਤਰ ਬਰਾਲ ਰਹਿੰਦੇ ਹਨ ਅਤੇ ਛੋਟੇ ਉਸ ਦੇ ਨਾਲ "ਚਾਵਾ ਪੈਲ" ਦੇ ਰੇਲਵੇ ਸਟੇਸ਼ਨ ਨਾਲ ਲੱਗਦੇ ਪਿੰਡ, ਬਗੁਲੀ ਕਲਾਂ ਵਿੱਚ ਰਹਿੰਦੇ ਸਨ। ਆਪਣੀ ਪਰਵਾਰਿਕ ਜਾਣਕਾਰੀ ਨੂੰ ਕਵੀ ਅਖੀਰ ਵਿੱਚ ਅਧਿਆਤਮਿਕ ਦਾਰਸ਼ਨਿਕ ਅੰਦਾਜ ਵਿੱਚ ਇਹਨਾਂ ਤੁਕਾਂ ਨਾਲ ਸਮੇਟਦਾ ਹੈ-

" ਨਾ ਕੋਈ ਧੀ ਨਾਂ ਪੁਤ ਨਾ ਭੈਣ ਭਾਈ,
'ਕੱਠੇ ਬ੍ਰਹਮ ਦੀ ਮਾਯਾ ਅਨੁਸਾਰ ਹੋਏ।
ਟੱਬਰ ਟੀਹਰ ਘਰ ਬਾਰ ਹਰਨਾਮ ਸਿੰਘਾ,
ਸਾਰੇ ਮਿਥਯਾ ਵਿੱਚ ਸੰਸਾਰ ਹੋਏ।"[19]

ਸਤਿਲੁਜ ਦੇ ਢਾਹੇ ਖਿੱਤੇ ਦੇ ਪਿੰਡਾਂ ਵਿੱਚ ਰਹਿਣ ਵਾਲੇ ਕੂਕਿਆਂ ਦਾ ਜਿਸ ਤਰ੍ਹਾਂ ਬਗੁਲੀ ਕਲਾਂ ਇਕ ਮਸ਼ਹੂਰ ਪਿੰਡ ਹੋ ਗੁਜ਼ਰਿਆ ਹੈ, ਉਸੇ ਤਰ੍ਹਾਂ ਇਸ ਪਿੰਡ ਅਤੇ ਸਮੁੱਚੇ ਢਾਹੇ ਦੀ ਕੀਰਤੀ ਨੂੰ ਬੁਲੰਦੀ ਤੇ ਪੁਚਾਉਣ ਵਾਲੇ, ਭਾਈ ਸੁੱਧ ਸਿੰਘ ਜੀ ਨੂੰ ਤੰਗੀਆਂ ਤੁਰਸ਼ੀਆਂ, ਮਿਹਣੇ ਤਾਹਨੇ ਬਰਦਾਸ਼ਤ ਕਰਦਿਆਂ, ਅਡੋਲ ਨਿਸ਼ਚੇ ਨੂੰ ਪਰਪੱਕ ਰੱਖਦਿਆਂ, ਆਪਣੀ ਮਿਟੀ ਦੇ ਰਿਣ ਨੂੰ ਉਤਾਰਨ ਲਈ ਸਮਰਪਿਤ ਕਰ ਦਿੱਤਾ। ਉਹਨਾਂ ਦੀ ਸਾਰੀ ਜ਼ਿੰਦਗੀ ਕੂਕਾ ਲਹਿਰ ਦੇ ਬਸਤੀਵਾਦ ਵਿਰੋਧੀ ਮੋਰਚੇ ਤੇ ਲੜਦਿਆਂ, ਮਨੁੱਖੀ ਮੁਕਤੀ ਲਏ ਵਿੱਢੇ ਗੁਰੂ ਰਾਮ ਸਿੰਘ ਜੀ ਦੇ ਵੱਡੇ ਘੋਲ ਦਾ ਹਿੱਸੇਦਾਰ ਬਣ ਕੇ ਬਤੀਤ ਹੋਈ। ਸੁੱਧ ਸਿੰਘ ਹੋਰਾਂ ਦੀ ਕਿੱਸਾ ਕਾਰ ਪੁੱਤਰ ਦੇ ਰੂਪ ਵਿੱਚ, ਨਾਮਧਾਰੀ ਸੰਗਤ ਅਤੇ ਪੰਜਾਬੀ ਸਾਹਿਤ ਜਗਤ ਨੂੰ ਦਿੱਤੀ ਦੇਣ ਵੀ ਲਾਜੁਆਬ ਹੈ।

## ਹਵਾਲੇ ਤੇ ਟਿੱਪਣੀਆਂ

1. ਖੇੜੇ ਸੁੱਖ ਵਿਹੜੇ ਸੁਖ (ਨਾਵਲ), ਅਵਤਾਰ ਸਿੰਘ ਬਿਲਿੰਗ 2012 ਲੋਕ ਗੀਤ ਪ੍ਰਕਾਸ਼ਨ ਚੰਡੀਗੜ੍ਹ, ਸਫਾ 391

2-3. ਕੂਕਾਜ਼ ਆਫ ਨੋਟ ਇਨ ਦਾ ਪੰਜਾਬ-1880, (ਸੰ. ਜਸਵਿੰਦਰ ਸਿੰਘ), ਸਫਾ 58, 59

3-ੳ. ਉਹੀ, ਸਫਾ 56-57)

4. ਸੰਤ ਖਾਲਸਾ, ਸੰਤ ਹਰਨਾਮ ਸਿੰਘ ਬਗੁਲੀ ਕਲਾਂ, ਦੂਜੀ ਛਾਪ, 1958, ਅੰਮ੍ਰਿਤਸਰ, ਸਫਾ 18-19

5. ਸਤਿਗੁਰੂ ਬਿਲਾਸ ਭਾਗ ਦੂਜਾ, ਸੰਤ ਸੰਤੋਖ ਸਿੰਘ ਬਾਹੋਵਾਲ (ਸੰ. ਜਸਵਿੰਦਰ ਸਿੰਘ), ਸਫਾ 21

6. ਸਤਿਗੁਰੂ ਦਾ ਸੰਤ ਅੰਕ-20 ਭਾਦਰੋਂ ਸੰਬਤ 1998 ਬਿ. ਸ੍ਰੀ ਭੈਣੀ ਸਾਹਿਬ, ਗਿਆਨੀ ਬਲਵੰਤ ਸਿੰਘ ਅਤੇ ਪ੍ਰੀਤਮ ਸਿੰਘ ਪੰਛੀ ਦਾ ਲੇਖ-ਸੀਮਾਨ ਸੰਤ ਸੁੱਧ ਸਿੰਘ ਜੀ, ਸਫਾ 00

7. ਉਹੀ , ਸਫਾ 98, 7(ੳ) ਸੰਤ ਖਾਲਸਾ ਪਹਿਲੀ ਛਾਪ, ਸਫਾ 18

8. ਸੰਤ ਖਾਲਸਾ, ਸਫਾ 22

9. ਸਤਿਗੁਰੂ ਬਿਲਾਸ ਭਾਗ ਪਹਿਲਾ, ਸੰਤ ਸੰਤੋਖ ਸਿੰਘ ਬਾਹੋਵਾਲ (ਸੰ. ਜਸਵਿੰਦਰ ਸਿੰਘ), ਸਫਾ 29।

10. ਸੰਤ ਖਾਲਸਾ ਦੂਜਾ ਛਾਪ, ਸਫਾ 62

11. ਉਹੀ, ਸਫਾ 62-63

12. ਉਹੀ, ਸਫਾ 63-64

13. ਸੰਤ ਅੰਕ, ਸਫਾ 100

14. ਸੰਤ ਖਾਲਸਾ , ਸਫਾ 61-62

15. ਸਤਿਗੁਰੂ ਬਿਲਾਸ , ਭਾਗ ਦੂਜਾ, ਸਫਾ 221

16. ਉਹੀ, ਸਫਾ 234

17. ਸੰਤ ਖਾਲਸਾ, ਸਫਾ 74

18. ਉਹੀ, ਸਫਾ 62

19. ਉਹੀ, ਸਫਾ 75

# ਦਾਨਵੀਰ, ਸੰਗਰਾਮੀਆ, ਸੂਬਾ ਨੱਥਾ ਸਿੰਘ ਗਾਦੜੀਵਾਲਾ

ਰੰਗੂਨ ਜਿਹਲ ਵਿੱਚ ਆਪਣੀ ਨਜ਼ਰਬੰਦੀ ਸਮੇਂ, ਸਤਿਗੁਰੂ ਰਾਮ ਸਿੰਘ ਜੀ ਨੇ ਸ੍ਰੀ ਭੈਣੀ ਸਾਹਿਬ ਵਿੱਚ ਆਪਣੇ ਕਰ ਕਮਲਾਂ ਨਾਲ ਲੋਹ ਗੱਡ ਕੇ ਜੋ ਸਦਾ ਬਰਤ (ਲੰਗਰ) ਨਾਮਧਾਰੀ ਪੰਥ ਦੀ ਸਾਜਣਾ ਤੋਂ ਕੁਝ ਕੁ ਵਰ੍ਹੇ ਬਾਅਦ ਹੀ ਤੋਰਿਆ ਸੀ, ਉਸ ਦੇ ਚੱਲਦੇ ਰਹਿਣ ਦਾ ਫ਼ਿਕਰ, ਉਹਨਾਂ ਦਾ ਪ੍ਰਮੁੱਖ ਫ਼ਿਕਰ ਸੀ। ਇਸ ਲੰਗਰ ਦੀ ਚਿੰਤਾ ਉਹ ਆਪਣੇ ਛੋਟੇ ਭਰਾਤਾ ਗੁਰੂ ਹਰੀ ਸਿੰਘ ਜੀ ਨਾਲ ਸਾਂਝੀ ਕਰਦੇ ਹਨ ਅਤੇ ਆਪਣੇ ਪਾਸ ਆਉਣ ਵਾਲੇ ਸਿੰਘਾਂ ਨੂੰ ਵੀ ਇਹੋ ਕਹਿੰਦੇ ਹਨ ਕਿ ਜੋ ਚੜ੍ਹਾਵਾ ਉਹਨਾਂ ਲਈ ਲੈ ਕੇ ਆਏ ਹਨ, ਇਹ ਆਪਣੀ ਵਾਪਸੀ ਤੇ ਗੁਰਦੁਆਰਾ ਭੈਣੀ ਸਾਹਿਬ ਦੇ ਲੰਗਰ ਵਿੱਚ ਪਾ ਦੇਣ। ਇੱਕ ਹੁਕਮਨਾਮੇ ਵਿੱਚ ਗੁਰੂ ਹਰੀ ਸਿੰਘ ਜੀ ਨੂੰ ਇਹ ਹਦਾਇਤ ਕਰਦੇ ਹਨ ਕਿ ਜਿਹਨਾਂ ਜਿਹਨਾਂ ਤੋਂ ਅਸਾਂ ਰਕਮਾਂ ਲੈਣੀਆਂ ਸਨ ਉਹ ਲਈਆਂ ਜਾਣ ਤਾਂ ਕਿ ਗੁਰੂ ਕੇ ਲੰਗਰ ਵਿੱਚ ਵਰਤੀਆਂ ਜਾਣ। ਭਾਈ ਮਨੀ ਸਿੰਘ ਮਾਈਸਰਖਾਨਾ (ਰਿਆਸਤ ਪਟਿਆਲਾ, ਹੁਣ ਜ਼ਿਲ੍ਹਾ ਬਠਿੰਡਾ) ਜੋ ਕਿ ਨਾਮਧਾਰੀ ਇਤਿਹਾਸ ਦੀ ਉੱਘੀ ਹਸਤੀ, ਬੀਬੀ ਅਤਰ ਕੌਰ ਉਰਫ ਮਾਈ ਅਤਰੀ ਦਾ ਚਾਚਾ ਸੀ, ਉਸਦੀ ਮਾਰਫਤ ਭੇਜੇ ਇੱਕ ਹੁਕਮਨਾਮੇ ਵਿੱਚ ਗੁਰੂ ਹਰੀ ਸਿੰਘ ਜੀ ਪ੍ਰਥਾਇ ਇਉਂ ਸੰਬੋਧਿਤ ਹੁੰਦੇ ਹਨਃ-

"ਹੋਰੁ ਭਾਈ ਹਰੀ ਸਿੰਘ ਜੀ ਆਦਮੀ ਐਤਨੀ ਦੂਰ ਆਉਂਦਾ ਬੀ ਹੈ ਤੁਸੀਂ ਅਛੀ ਤਰਾ ਸਭ ਬਾਤ ਲਿਖਕੇ ਨਹੀ ਦਿੰਦੇ। ਕੁਛ ਮਖਣੇ ਦੀ ਬਾਤ ਨਹੀ ਲਿਖੀ। ਹੋਰ ਏਹੁ ਬੀ ਨਹੀ ਲਿਖਿਆ ਜੋ ਰੁਪਏ ਮਾਝੇ ਤੇ ਲੈਣੇ ਥੇ ਸੋ ਲੈ ਲਏ ਹੈਨ ਕਿ ਨਾਹੀ। ਔਰ ਬੀ ਕੁਛ ਸਾਰਾ ਹਵਾਲ ਨਹੀ ਲਿਖਦੇ। ਦੇਖੋ ਤਾ ਮੈ ਕੈਸੀ ਕੈਸੀ ਬਾਤਾ ਲਿਖਦਾ ਹਾਂ।"[1]

ਇਹ ਮੱਖਣਾ ਜਾਂ ਮੱਖਣ ਸਿੰਘ ਸਤਿਗੁਰੂ ਜੀ ਦੁਆਰਾ ਸਥਾਪਿਤ ਦੁਕਾਨ ਦਾ ਕੰਮ ਵੇਖਦਾ ਸੀ ਅਤੇ ਹਿਸਾਬ ਕਿਤਾਬ ਵਿਚ ਹੇਰਾ ਫੇਰੀ ਕਾਰਨ, ਇਸਨੂੰ ਕੱਢ ਦਿੱਤਾ ਗਿਆ ਸੀ। ਸਤਿਗੁਰੂ ਜੀ ਦੁਕਾਨ ਦੀ ਮਾਇਆ ਵੀ ਲੰਗਰ ਵਿਚ ਹੀ ਪਾਉਂਦੇ ਸਨ। ਇਸ ਲਈ ਆਪ ਜੀ ਗੁਰੂ ਹਰੀ ਸਿੰਘ ਜੀ ਤੋਂ ਇਸ ਪ੍ਰਥਾਇ, ਪੂਰੀ ਜਾਣਕਾਰੀ ਹਾਸਲ ਕਰਨ ਦੀ ਆਸ ਰੱਖਦੇ ਹਨ। ਇਸੇ ਹੁਕਮਨਾਮੇ ਵਿਚ ਅੱਗੇ ਚਲ ਕੇ ਲੰਗਰ ਦੀ ਮਹੱਤਤਾ ਉਪਰ ਪਰਕਾਸ਼ ਪਾਉਂਦੇ ਹਨ-

"ਹੋਰੁ ਜੀ ਲੰਗਰ ਦੀ ਬਾਤ ਏਹੁ ਹੈ ਜਿਤਨਾ ਕੁਛ ਸਰੇ ਕਿਸੇ ਤੇ ਸੋ ਲੰਗਰ ਪਾਵੇ। ਲਿਖਣਾ ਕੀ ਹੈ, ਹੋਰ ਕੀ ਲਿਖਣਾ ਹੈ ? ਗੁਰੂ ਸਾਹਿਬ ਜੀ ਸਰਬ ਦਾਨਾ ਤੇ ਉਪਰ ਅੰਨ ਦਾ ਦਾਨ ਬਡਾ ਲਿਖਾ ਹੈ ਸਾਖੀਆ ਮੈ। ਜੋ ਲੰਗਰ ਦੀ ਟਹਿਲ ਕਰੂਗਾ ਉਸਦਾ ਬਹੁਤ ਭਲਾ ਹੋਊਗਾ। ਸਤਿ ਕਰ ਮੰਨਣਾ। ਐਥੇ ਸਾਨੂੰ ਕੁਛ ਨਹੀ ਚਾਹੀਦਾ, ਰਾਮਦਾਸ ਪੁਰੇ (ਸ੍ਰੀ ਭੈਣੀ ਸਾਹਿਬ) ਲੰਗਰ ਪਾਓ। ਅਛਾ ਕਰਾ ਨਾ ਸਿਟਾ ਪਦਾਰਥ।"[2]

ਇਸੇ ਤਰ੍ਹਾਂ ਜਦੋਂ ਭਾਈ ਸੁਬੇਗ ਸਿੰਘ ਮਰਹਾਣਾ ਅਤੇ ਜਿਊਣ ਸਿੰਘ ਸਰਹਾਲੀ, ਦੋਵੇਂ ਮਝੈਲ ਸਿੰਘ. ਦਰਸ਼ਨ ਕਰਨ ਆਏ ਤਾਂ ਉਹਨਾਂ ਦੀ ਮਾਰਫਤ ੨੦੦ ਰੁਪੈ ਅਤੇ ਦਸ ਅਸ਼ਰਫੀਆਂ ਲੰਗਰ ਵਿੱਚ ਪਾਉਣ ਲਈ ਗੁਰੂ ਹਰੀ ਸਿੰਘ ਜੀ ਪਾਸ ਭੇਜਦੇ ਹਨ।[3] ਇਸੇ ਤਰ੍ਹਾਂ ਚਾਂਦੀ ਦੇ ਦੋ ਗਲਾਸ ਅਤੇ ਚਾਂਦੀ ਦਾ ਹੀ ਇੱਕ ਜਾਨਵਰ, ਚਿੜੀ ਦੀ ਸ਼ਕਲ ਦਾ ਸੀ। ਇਹ ਭਾਈ ਕਾਹਨ ਸਿੰਘ ਜੀ ਬੁਰਜਾਂ ਵਾਲਿਆਂ ਨੇ ਭੇਟਾ ਕੀਤੇ ਸਨ।[4] ਜਾਨਵਰ ਵੇਖ ਕੇ ਸਤਿਗੁਰੂ ਜੀ ਨੇ ਕਾਹਨ ਸਿੰਘ ਨੂੰ ਸਾਹਮਣੇ ਉਡਦੀਆਂ ਚਿੜੀਆਂ ਵਿਖਾ ਕੇ ਕਿਹਾ ਸੀ– "ਵੇਖ ਭਾਈ ਕਾਹਨ ਸਿੰਘ ਕਿਤਨੀਆਂ ਚਿੜੀਆਂ ਹੈਨ ਸਾਡੇ ਪਾਸ।" ਇਹ ਜਾਨਵਰ ਤੇ ਗਲਾਸ, ਆਪ ਨੇ ਭੰਨਾ ਕੇ ਲੰਗਰ ਵਿੱਚ ਪਾਉਣ ਲਈ, ਭੈਣੀ ਸਾਹਿਬ ਭੇਜ ਦਿੱਤੇ ਸਨ।

ਪਰਦੇਸ ਆਉਣ ਤੋਂ ਪਹਿਲਾਂ ਤਬੇਲੇ ਵਿੱਚ, ਸਤਿਗੁਰੂ ਜੀ ਨੇ ਗੁਰੂ ਹਰੀ ਸਿੰਘ ਅਤੇ ਕੁਝ ਸਿੱਖਾਂ ਦੇ ਸਾਹਮਣੇ, ਕੁਝ ਚਾਂਦੀ ਦੇ ਰੁਪੈਆਂ ਦੀ ਮਾਇਆ ਭਰ ਕੇ ਗਾਗਰਾਂ ਵਿੱਚ ਨਪਵਾਈ ਸੀ, ਉਸ ਮਾਇਆ ਬਾਰੇ ਵੀ ਆਪ ਪੁੱਛ ਪੜਤਾਲ ਕਰਦੇ ਹਨ ਅਤੇ ਲਹਿਣਾਂ ਲੈ ਕੇ ਵੀ ਗੁਰੂ ਕੇ ਲੰਗਰ ਨੂੰ ਤੋਰੀ ਰੱਖਣ ਦੀ ਤਾਕੀਦ ਕਰਦੇ ਹਨ–

"ਹੋਰੁ ਭਾਈ ਹਰੀ ਸਿੰਘ ਜੀ ਜੇਹੜੇ ਪੈਸੇ ਰਖੇ ਥੇ ਉ ਵਰਤ ਲਏ ਹੈ ਕਿ ਨਹੀ, ਕੇ ਸਾਰੇ ਬਰਤੇ ਹੈ ਕੇ ਅਜੇ ਨਹੀ ਬਰਤੇ। ਜਦ ਕੋਈ ਫੇਰ ਆਵੇ ਤਾ ਏਸ ਬਾਤ ਦੀ ਖਬਰ ਲਿਖੀ, ਅਰੁ ਜੋ ਮੇਰੀ ਬਹੀ ਉਤੇ ਲਹਿਣਾ ਲੈਣਾ ਲਿਖਾ ਥਾ ਸੋ ਸਭ ਨੇ ਦਿਤਾ ਹੈ ਕਿ ਨਹੀ। ਜਿਨ ਨਹੀ ਦਿਤਾ ਸੋ ਵੀ ਲਿਖਣਾ।[5]

ਇਸੇ ਹੁਕਮਨਾਮੇ ਵਿੱਚ ਘੋੜੇ ਦਾਨ ਵਿੱਚ ਲੈਣ ਦੀ ਬਜਾਏ ਗੁਰੂ ਹਰੀ ਸਿੰਘ ਜੀ ਨੂੰ ਤਾਗੀਦ ਕਰਦੇ ਹਨ ਕਿ ਉਹ ਅਨਾਜ ਅਤੇ ਕੱਪੜਾ ਲੈ ਲਿਆ ਕਰਨ ਅਤੇ ਬਿਨਾਂ ਵਿਤਕਰੇ ਸਭ ਦੀ ਲੀੜੇ ਕੱਪੜੇ ਤੇ ਪਰਸ਼ਾਦੇ ਪਾਣੀ ਦੀ ਲੋੜ ਪੂਰੀ ਕਰਨ। ਹੱਟੀ ਦੇ ਕਰਿੰਦਿਆਂ ਨੂੰ ਤਾੜਦੇ ਹਨ ਕਿ ਉਹ ਗੋਧੇ ਤੇ ਮੱਖਣੇ ਜਿਉਂ, ਗੁਰੂ ਕੇ ਲੰਗਰ ਵਿੱਚ ਵਰਤੀ ਜਾਣ ਵਾਲੀ ਮਾਇਆ ਵਿੱਚ ਗਬਨ ਨਾ ਕਰਨ–

"ਹੋਰੁ ਭਾਈ ਹਰੀ ਸਿੰਘ ਜੀ.........। ਅਗੇ ਘੋੜਾ ਨਾ ਲੈਣਾ ਹੁਣਿ ਕਿਸੇ ਦਾ। ਕਹਣਾ ਜਿਤਨਾ ਸਰੇ ਤੇਰੇ ਪਾਸ ਥੋ ਅੰਨ ਬਸਤ੍ਰ ਦੇ ਜਾਇ। ਅੰਨੁ ਸਭ ਕੋ ਦੇਣਾ ਜਿੰਨਾ ਸਰੇ। ਭਾਵੇ ਕਿਸੇ ਭੇਖ ਦਾ ਹੋਵੇ, ਕਿਸੇ ਨੂ ਫਿਕਾ ਨਹੀ ਬੋਲਣਾ।

"ਹੋਰੁ ਖਾਲਸਾ ਜੀ ਹਟੀ ਹੋਰ ਵਣਜ ਦਾ ਟਹਿਲਾ ਕਰਿਨ ਬਾਲੇ ਸਿੰਘ ਹੈਨ, ਕਿਨੇ ਗੋਦੇ ਦਾ ਤੇ ਮਖਣੇ ਦਾ ਸੁਭਾਉ ਨਹੀ ਬਰਤਣਾ। ਜੋ ਏਹੁ ਬਰਤੇਗਾ ਠਿਠੁ ਹੋਊਗਾ। ਜਗਤ ਵਿਚਿ ਕਿਤੇ ਮੂਹ ਦੇਣ ਜੋਗਾ ਨਾ ਰਹੂਗਾ। ਅਗੇ ਤੁਸੀ ਜਾਣੋ।[6]

ਇਕ ਹੋਰ ਹੁਕਮਨਾਮੇ ਵਿੱਚ ਵੀ ਸਭ ਕੁਝ, ਉਹਨਾਂ ਨੂੰ ਜੋ ਭੇਟਾ ਕਰਦੇ ਹਨ, ਸ੍ਰੀ ਭੈਣੀ ਸਾਹਿਬ ਲੰਗਰ ਵਿੱਚ ਪਾਉਣ ਦਾ ਆਦੇਸ਼ ਹੀ ਦਿੰਦੇ ਹਨ–

"ਹੋਰੁ ਭਾਈ ਸਾਨੂ ਤਾ ਏਥੇ ਇਕ ਪੈਸੇ ਦੀ ਬੀ ਲੋੜ ਨਹੀ। ਸਾਨੂ ਸਭੁ ਕੁਛੁ ਮਿਲ ਜਾਂਦਾ ਹੈ, ਸ੍ਰਕਾਰੋ। ਖਾਣ ਪੈਨਣ ਦਾ ਕੋਈ ਬੀ ਘਾਟਾ ਨਹੀ। ਜਿੰਨਾ ਕੁਛੁ ਸਰੇ ਓਤਨਾ ਲੰਗਰ ਪਾਇ ਦੇਣਾ ਡੇਰੇ। ਓਥੋ ਬਹੁਤ ਲੋਕ ਰੋਟੀ ਖਾਦੇ ਹੈ।"[7]

ਇਸੇ ਤਰ੍ਹਾਂ ਭਾਈ ਮੀਹਾਂ ਸਿੰਘ ਸਰਹਾਲੀ ਨੂੰ ਵੀ ਇਹੋ ਹਦਾਇਤ ਕਰਦੇ ਹਨ–

"ਹੋਰੁ ਮੀਹਾ ਸਿੰਘ ਏਥੇ ਸਾਨੂ ਤੇ ਦਮੜਿਆ ਦੀ ਲੋੜ ਨਹੀ। ਰਸਤੁ ਪਾਣੀ ਸਭੋ ਕੁਛ ਮਿਲ ਜਾਦਾ ਹੈ, ਤੂ ਖਰਚ ਲੈ। ਜੇ ਤੇਰੇ ਪਾਸ ਖਰਚਾ ਹੈ ਤਾ ਤੂ ਭੈਣੀ ਜਾ ਕੇ ਨਾਲੇ ਹਮਾਰੀ ਸੁਖ ਦੀ ਖਵਰ ਦੇਣੀ ਨਾਲੇ ਏਹ ਦਮੜੇ ਲੰਗਰ ਪਾਇ ਦੇਈ। ਓਥੇ ਗਰੀਬ ਬਹੁਤ ਖਾਂਦੇ ਹੈ। ਤੇਰੇ ਓਥੇ ਸੁਫਲੇ ਹੋਇ ਜਾਣਗੇ, ਨਾਲੇ ਸਾਰੇ ਸਿੰਘਾਂ ਨੂ ਸਾਡੀ ਫਤੇ ਗਜਾਈ। ਬੀਬੀ ਨੰਦਾ ਨੂ ਹੋਰ ਸ੍ਰਬਤਿ ਨੂ ਰਾਮ ਸਤਿ ਬੁਲਾਈ।"[8]

ਇੱਕ ਹੋਰ ਹੁਕਮਨਾਮੇ ਵਿੱਚ ਕੁਝ ਮਾਇਆ ਭੇਜਦੇ ਹੋਏ ਗੁਰੂ ਹਰੀ ਸਿੰਘ ਜੀ ਨੂੰ ਲੰਗਰ ਵਿੱਚ ਪਾਉਣ ਦਾ ਹੁਕਮ ਦਿੰਦੇ ਹਨ–

"ਹੋਰੁ ਭਾਈ ੧੫੧ (ਇਕ ਸੌ ਇਕਵੰਜਾ ਰੁਪੈ) ਰੋਕੁ ਭੇਜੇ ਹੈਨ ਸੋ ਲੰਗਰ ਪਾ ਦੇਣ।"[9]

ਉਪਰੋਕਤ ਹੁਕਮਨਾਮਿਆਂ ਵਿੱਚ ਆਈਆਂ ਟੂਕਾਂ ਤੋਂ ਸ੍ਰੀ ਭੈਣੀ ਸਾਹਿਬ ਦੇ ਲੰਗਰ ਜੋਗ ਸਤਿਗੁਰੂ ਜੀ ਦੀ ਫ਼ਿਕਰਮੰਦੀ ਭਲੀ ਭਾਂਤ ਪ੍ਰਗਟ ਹੁੰਦੀ ਹੈ। ਉਹ ਕੂਕੇ ਸਿੰਘ ਵੀ ਧੰਨਤਾ ਦੇ ਜੋਗ ਸਨ, ਜਿਹਨਾਂ ਨੇ ਗੁਰੂ ਕੇ ਲੰਗਰ ਪ੍ਰਥਾਇ ਇਸ ਚਿੰਤਾ ਨੂੰ ਭਾਂਪਦਿਆਂ ਆਪਣਾ ਤਨ,ਮਨ, ਧਨ, ਗੁਰੂ ਕੇ ਲੰਗਰ ਤੋਂ ਨਿਉਛਾਵਰ ਕਰ ਦਿੱਤਾ ਸੀ। ਉਪਰ ਵਰਣਿਤ ਤਬੇਲੇ ਵਾਲੀ ਮਾਇਆ ਅਤੇ ਹੋਰ ਲਹਿਣੇ ਦੀ ਮਾਇਆ ਗੁਰੂ ਹਰੀ ਸਿੰਘ ਜੀ ਵਲੋਂ ਵਰਤ ਲਈ ਜਾਣ ਬਾਅਦ, ਨਾਮਧਾਰੀ ਸੰਗਤ ਨੇ ਗੁਰੂ ਕੇ ਲੰਗਰ ਨੂੰ ਚੱਲਦਾ ਰੱਖਣ ਲਈ ਹਰ ਹਾੜ੍ਹੀ, ਸਾਉਣੀ ਫਸਲ ਆਉਣ ਤੇ ਲੰਗਰ ਲਈ ਉਗਰਾਹੀ ਦਾ ਮੁੱਢ ਬੰਨ੍ਹਿਆ। ਇਸ ਲਈ ਪੰਜ ਪਿਆਰਿਆਂ ਜਿਉਂ ਹੀ ਪੰਜ ਨਾਮਧਾਰੀ ਸਿੰਘਾਂ ਦੇ ਨਾਮ, ਮੋਢੀ ਉਗਰਾਹਿਆਂ ਦੇ ਤੌਰ ਤੇ ਸਾਡੇ ਇਤਿਹਾਸ ਵਿੱਚ ਸਦੀਵ ਕਾਲ ਲਈ ਅੰਕਿਤ ਹੋ ਗਏ ਹਨ। ਇਹਨਾਂ ਵਿੱਚੋਂ ਇਕ ਨਾਮ ਭਾਈ ਨੱਥਾ ਸਿੰਘ ਜੀ ਗਾਦੜੀਵਾਲ ਦਾ ਵੀ ਸੀ।

ਸੰਨ ੧੮੮੧ ਈ. ਦੀ ਅੰਗਰੇਜ਼ ਸਰਕਾਰ ਦੀ ਸੂਚੀ ਵਿੱਚ, ਆਪ ਬਾਰੇ ਇਹ ਵੇਰਵਾ ਦਰਜ ਕੀਤਾ ਗਿਆ ਹੈ। ਸਰਕਲ ਅੰਬਾਲਾ, ਜ਼ਿਲ੍ਹਾ ਫੀਰੋਜ਼ਪੁਰ ਦੀ ਸੂਚੀ ਵਿੱਚ ਸੀਰੀਅਲ ਨੰਬਰ ੧੩ ਉਪਰ, ਨੱਥਾ ਸਿੰਘ ਸੂਬਾ, ਪੁੱਤਰ ਦਲ ਸਿੰਘ, ਵਾਹੀਵਾਨ, ਪਿੰਡ ਗਾਦੜੀਵਾਲ, ਥਾਣਾ ਜ਼ੀਰਾ ਦਾ ਨਾਮ ਦਰਜ ਹੈ। ਉਸਦਾ ਹੁਲੀਆ ਇਸ ਪ੍ਰਕਾਰ ਹੈ, ਛੋਟੇ ਨੇਤਰ, ਲਗਾਤਾਰ ਝਮਕਣ ਵਾਲੇ, ਲੰਬਾ ਕਾਲਾ ਦਾਹੜਾ, ਕੋਈ ਕੋਈ ਵਾਲ ਸਫੈਦ, ਸਰੀਰ ਤੇ ਵਾਲ, ਖੱਬੀ ਕੂਹਣੀ ਥੱਲੇ ਫਿਨਸੀ ਦਾ ਨਿਸ਼ਾਨ, ਕੱਦ ੫ ਫੁੱਟ ੧੦ ਇੰਚ ਅਤੇ ਉਮਰ ੩੮ ਸਾਲ ਦੇ ਲਗਪਗ। ਸੁਭਾਉ ਵਾਲੇ ਖਾਨੇ ਵਿਚ ਦਰਜ ਹੈ, ਉਹ ਚੰਗੀ ਜ਼ਮੀਨ ਜਾਇਦਾਦ ਵਾਲਾ, ਕੱਟੜ ਪਰ ਚੰਗੇ ਸਲੀਕੇ ਵਾਲਾ ਕੂਕਾ ਹੈ। ਭੈਣੀ (ਸਾਹਿਬ) ਦੇ ਬਾਬਾ ਬੁੱਧ ਸਿੰਘ (ਗੁਰੂ ਹਰੀ ਸਿੰਘ) ਜੀ ਨੇ ਹੁਣੇ ਹੁਣੇ ਹੀ ਉਹਨੂੰ ਸੂਬਾ ਥਾਪਿਆ ਹੈ। ਕੁਝ ਮਹੀਨੇ ਪਹਿਲਾਂ ਉਹਨੇ (ਗੁਰੂ) ਗਰੰਥ (ਸਾਹਿਬ) ਦੀਆਂ ਲਾਵਾਂ ਦੁਆਰਾ ਆਪਣੀ ਪਤਨੀ ਨਾਲ ਅਨੰਦ ਕਾਰਜ ਦੀ ਰਸਮ ਵੀ ਨਿਭਾਹੀ ਹੈ।[10] ਗਿਆਤ ਹੋਵੇ ਕਿ ਗੁਰੂ ਹਰੀ ਸਿੰਘ ਜੀ ਨੇ ਹੁਕਮ ਕੀਤਾ ਸੀ ਕਿ ਜਿਹਨਾਂ ਸਿੰਘ ਸਿੰਘਣੀਆਂ ਦੇ

ਅਨੰਦ ਕਾਰਜ ਪਹਿਲਾਂ ਨਹੀਂ ਹੋਏ, ਵੇਦ ਰੀਤੀ ਨਾਲ ਫੇਰੇ ਹੋਏ ਹੋਣ, ਉਹ ਦੁਬਾਰਾ ਅਨੰਦ ਕਾਰਜ ਜ਼ਰੂਰ ਕਰਵਾਉਣ। ਇਸ ਤੇ ਬਹੁਤ ਸਾਰੇ ਸਿੰਘਾਂ ਸਿੰਘਣੀਆਂ ਨੇ ਆਪੋ ਆਪਣੇ ਅਨੰਦ ਕਾਰਜ ਕਰਵਾਏ ਸਨ, ਭਾਵੇਂ ਉਹ ਗੱਭਰੂ ਧੀਆਂ ਪੁੱਤਰਾਂ ਵਾਲੇ ਵੀ ਸਨ। ਇਸੇ ਤਰ੍ਹਾਂ ਦਾ ਹੀ ਸਤਿਗੁਰੂ ਜੀ ਦਾ ਸਿਦਕੀ ਸਿੱਖ ਭਾਈ ਨੱਥਾ ਸਿੰਘ ਗਾਦੜੀਵਾਲਾ ਸੀ, ਜਿਹੜਾ ਧਨੀ ਮਾਨੀ ਹੁੰਦਿਆਂ ਵੀ ਦੁਨੀਆਂ ਦਾਰੀ ਦੀ ਲੋਕਾਚਾਰੀ ਤੋਂ ਉਪਰ ਉਠ ਕੇ ਸਮਰਪਿਤ ਸਿੱਖ ਬਣ ਚੁੱਕਾ ਸੀ। ਥਾਣਾ ਜ਼ੀਰਾ ਵਿੱਚ ਜ਼ੀਰਾ ਕਸਬੇ ਸਮੇਤ, ਬਨ ਖੰਡੀ, ਚੱਬਾ, ਚੋਹਲਾ, ਗਾਦੜੀਵਾਲਾ, ਹੋਲਾਂ ਵਾਲੀ, ਲਹੁਕੇ ਕਲਾਂ, ਮਨਸੂਰ ਵਾਲਾ, ਮੱਲੋਕੀ, ਮਾਣੋ ਚਾਹਲ, ਵਰਨਾਲਾ ਆਦਿ ਪਿੰਡਾਂ ਵਿੱਚ, ੧੮੮੦ ਈ. ਦੀ ਸੂਚੀ ਮੁਤਾਬਿਕ, ਕੂਕੇ ਸਿੰਘਾਂ ਦਾ ਨਿਵਾਸ ਸੀ।

ਗਾਦੜੀਵਾਲਾ ਤੋਂ ਹਰੀਕੇ ਪੱਤਣ ਲੰਘ ਕੇ, ਪੱਟੀ ਸ਼ਹਿਰ ਦੇ ਪਾਸ ਹੀ ਬੁਰਜ ਰਾਇ ਕੇ ਜ਼ਿਲ੍ਹਾ ਅੰਮ੍ਰਿਤਸਰ ਦਾ ਪਿੰਡ ਸੀ। ਇਸ ਪਿੰਡ ਵਿੱਚ ਸਰਹਾਲੀ ਵਿੱਚੋਂ ਆਏ ਹੋਏ ਸੰਧੂ ਸਰਦਾਰਾਂ ਦੇ ਘਰ ਸਨ ਜਿਹਨਾਂ ਵਿੱਚ ਸਤਿਗੁਰੂ ਰਾਮ ਸਿੰਘ ਜੀ ਦੇ ਕੂਕੇ ਸਿੰਘਾਂ ਦਾ ਚੰਗਾ ਬੋਲਬਾਲਾ ਸੀ। ਉਪਰ ਵਰਣਿਤ ਹੁਕਮਨਾਮਿਆਂ ਵਿੱਚ ਜਿਹਨਾਂ ਦਾ ਜ਼ਿਕਰ ਆਉਂਦਾ ਹੈ, ਉਹ ਭਾਈ ਕਾਹਨ ਸਿੰਘ ਵੀ ਬੁਰਜ ਰਾਇ ਕੇ ਹੀ ਵੱਸਦੇ ਸਨ। ਭਾਈ ਕਾਹਨ ਸਿੰਘ, ਦੇ ਨੱਥਾ ਸਿੰਘ ਸਕੇ ਮਾਸੜ ਸਨ। ਇਹ ਗੱਲ ਪੱਕੀ ਹੈ ਕਿ ਦੋਹਾਂ ਦਾ ਆਪੋ ਵਿੱਚ ਪ੍ਰੇਮ ਪਿਆਰ ਬਹੁਤ ਜ਼ਿਆਦਾ ਸੀ। ਇਸੇ ਲਈ ਉਹ ਅਕਸਰ ਇੱਕ ਦੂਜੇ ਪਾਸ ਅੱਪੜ ਜਾਂਦੇ ਅਤੇ ਇਕੱਠੇ ਹੀ ਨਾਮਧਾਰੀ ਸੰਗਤ ਦੇ ਹੋਣ ਵਾਲੇ ਸਮਾਗਮਾਂ, ਸਤਿਗੁਰੂ ਰਾਮ ਸਿੰਘ ਜੀ ਜਾਂ ਗੁਰੂ ਹਰੀ ਸਿੰਘ ਜੀ ਦੇ ਦਰਸ਼ਨਾਂ ਲਈ ਇਕੱਠੇ ਹੀ ਭੈਣੀ ਸਾਹਿਬ ਜਾਂਦੇ ਜਾਂ ਫਿਰ ਇਕੱਠੇ ਹੀ ਉੱਥੇ ਪੁੱਜ ਕੇ ਸਤਿਗੁਰੂ ਜੀ ਦੇ ਦਰਸ਼ਨ ਕਰਦੇ ਜਿੱਥੇ ਸਤਿਗੁਰੂ ਜੀ ਦੇ ਦੌਰੇ ਦਾ ਪ੍ਰੋਗਰਾਮ ਹੁੰਦਾ। ਹੋਰ ਤੇ ਹੋਰ, ਸਤਿਗੁਰੂ ਜੀ ਦੇ ਪਰਦੇਸ ਗਮਨ ਬਾਅਦ, ਰੰਗੂਨ ਵਿਖੇ ਜਾ ਕੇ ਗੁਰੂ ਦਰਸ਼ਨਾਂ ਦਾ ਲਾਹਾ ਲੈਣ ਦਾ ਮਹਾਨ ਕਾਰਜ ਵੀ ਦੋਹਾਂ ਗੁਰਸਿੱਖਾਂ ਨੇ ਇਕੱਠਾ ਹੀ ਕੀਤਾ। ਸਤਿਗੁਰੂ ਜੀ ਦੇ ਔਖੇ ਸਮੇਂ ਵਿੱਚ ਜਿਹੜੇ ੯੬ ਸਿੰਘ ਸਿੰਘਣੀਆਂ, ਸੀਸ ਤਲੀ ਤੇ ਰੱਖ ਕੇ, ਮੌਤ, ਕੈਦ, ਦਮਨ ਦੇ ਭੈਅ ਤੋਂ ਮੁਕਤ ਹੋ ਕੇ ਦਰਸ਼ਨ ਕਰਨ ਗਏ ਉਹਨਾਂ ਵਿੱਚੋਂ ੪੭ ਜਣਿਆਂ ਦੇ ਨਾਮ ਗਿਆਨੀ ਕਾਲਾ ਸਿੰਘ ਨੰਗਲ ਆਪਣੀ ਰਚਨਾ ਵਿੱਚ ਦਰਜ ਕਰਦੇ ਹਨ। ਇਹਨਾਂ ਦੋਹਾਂ ਉੱਪਰਲਿਆਂ ਸਿੰਘਾਂ ਦੇ ਨਾਮ ਵੀ ਉਹਨਾਂ ਲਿਖ ਦਿੱਤੇ ਹਨ–

"ਹਰਨਾਮ ਸਿੰਘ ਮੋਰੋਂ ਈਸ਼ਰ ਸਿੰਘ ਚੁਨ੍ਹੀ, ਕਾਹਨ ਸਿੰਘ ਬੁਰਜਾ ਵਾਲਾਂ ਤਿਆਰ ਭਾਈ।

ਨੱਥਾ ਸਿੰਘ ਹੈ ਗਾਦੜੀ ਵਿੱਚ ਰਹਿੰਦਾ, ਗੁਲਾਬ ਸਿੰਘ ਹੋਲਾਂ ਵਾਲੀਓਂ ਟਾਰ ਭਾਈ।

ਮਸਤਾਨ ਸਿੰਘ ਰਾਈਆਂ ਗੋਧਾ ਸਿੰਘ ਅਵਲੂ, ਲੰਘ ਗਏ ਸਮੁੰਦਰੋਂ ਪਾਰ ਭਾਈ।

ਕਾਲਾ ਸਿੰਘ ਬਹੁਤੇ ਗਏ ਲਿਖੇ ਥੋੜੇ, ਜਿਨਾਂ ਗੁਰਾਂ ਦੇ ਕਰੇ ਦੀਦਾਰ ਭਾਈ ॥੧੮੩ ॥[11]

ਰੰਗੂਨ ਜਾਣ ਦੇ ਅਭਿਲਾਖੀ ਸਿੰਘ ਪਹਿਲਾਂ ਸ੍ਰੀ ਗੁਰੂ ਹਰੀ ਸਿੰਘ ਜੀ ਪਾਸ ਭੈਣੀ ਸਾਹਿਬ ਪੁੱਜ ਜਾਂਦੇ ਸਨ। ਉੱਥੋਂ ਗੁਰੂ ਜੀ ਡੇਰੇ ਦੇ ਕਾਰ ਵਿਹਾਰ ਬਾਰੇ, ਦੇਸ਼ ਦੀ ਸਮੁੱਚੀ ਸਥਿਤੀ ਬਾਰੇ, ਸਤਿਗੁਰੂ ਜੀ ਦੇ ਨਾਮ ਪੱਤਰ ਸਾਦਰ ਕਰਦੇ ਸਨ। ਇਹ ਸਿੰਘ ਇਹਨਾਂ ਪੱਤਰਾਂ ਨੂੰ ਬੜੀ ਹੁਸ਼ਿਆਰੀ ਨਾਲ ਸਰਕਾਰੀ ਮੁਖਬਰਾਂ ਅਤੇ ਪਹਿਰੇ ਵਾਲਿਆਂ ਦੀ ਅੱਖ ਬਚਾ ਕੇ, ਸਤਿਗੁਰੂ ਜੀ ਤੱਕ ਪੁਚਾਉਂਦੇ ਸਨ। ਸਤਿਗੁਰੂ ਜੀ ਇਹਨਾਂ ਦਾ ਭਾਵ ਅਰਥ ਸਮਝ ਕੇ ਤੁਰੰਤ ਇਹਨਾਂ ਨੂੰ ਅਗਨ ਭੇਟ ਕਰ ਦਿੰਦੇ ਸਨ। ੧੯ ਜੁਲਾਈ ੧੮੭੯ ਨੂੰ ਭਾਈ ਨਰੈਣ ਸਿੰਘ ਰੋਡਿਆਂ ਵਾਲੇ ਪਾਸੋਂ ਮਿਲੇ ਹੁਕਮਨਾਮੇ, ਪੁਲੀਸ ਕਪਤਾਨ ਲੁਧਿਆਣਾ ਨੇ ਅੰਗਰੇਜ਼ੀ ਵਿਚ ਅਨੁਵਾਦ ਕਰਕੇ, ਉਹਨਾਂ ਵਿਚਲਾ ਸਿਆਸੀ ਤੱਤ, ਸਰਕਾਰ ਹਿੰਦ ਦੇ ਅਵਲੋਕਨ ਲਈ ਭੇਜਿਆ ਸੀ। ਨਰਾਇਣ ਸਿੰਘ ਜੂਨ ੧੮੭੯ ਈ ਵਿਚ ਰੰਗੂਨ ਗਏ ਸਨ । ਉਹਨਾਂ ਤੋਂ ਛੇਤੀ ਮਗਰੋਂ ਭਾਈ ਕਾਹਨ ਸਿੰਘ ਬੁਰਜ ਅਤੇ ਨੱਥਾ ਸਿੰਘ ਗਾਦੜੀ ਹੋਰੀਂ ਵੀ ਰੰਗੂਨ ਪੁੱਜੇ। ਭਾਈ ਕਾਹਨ ਸਿੰਘ ਬੁਰਜਾਂ ਵਾਲੇ ਤੇ ਨੱਥਾ ਸਿੰਘ ਗਾਦੜੀ ਵਾਲੇ ਨੂੰ ਭੀ ਹੁਕਮਨਾਮਾ ਆ ਗਿਆ।[12] ਇਸ ਹੁਕਮਨਾਮੇ ਦਾ ਮੂਲ ਪਾਠ ਇਸ ਪਰਕਾਰ ਹੈ।

੨੦

੧ਓ ਸਤਿਗੁਰਿ ਪ੍ਰਸਾਦਿ॥

ਲਿਖਤੁਮ ਦਇਆਲ ਸਿੰਘ ਤੇ ਕ੍ਰਿਪਾਲ ਸਿੰਘ ਜੋਗ ਉਪਮਾ ਭਾਈ ਕਾਨ੍ਹ ਸਿੰਘ ਤੇ ਨਥਾ ਸਿੰਘ ਹੋਰ ਸੰਬੂਹ ਖਾਲਸੇ ਕੋ ਸਿਰੀ ਵਾਹਿਗੁਰੂ ਜੀ ਕੀ ਫਤੇ ਬੁਲਾਈ ਪ੍ਰਮਾਨ ਕਰਨੀ ਜੀ। ਹੋਰ ਸੰਬੂਹ ਮਾਈਆਂ ਬੀਬੀ ਕੋ ਰਾਮ ਸਤਿ ਬੁਲਾਈ ਬਾਚਨੀ ਜੀ।

ਹੋਰੁ ਸ੍ਰਬਤ ਖਾਲਸੇ ਕੋ ਏਹੁ ਹੁਕਮ ਹੈ ਇਕ ਤਾ ਬਾਣੀ ਕੰਠ ਕਰਨੀ ਗ੍ਰੰਥ ਪੰਜ ਤਾਈ। ਜੇ ਨਾ ਕੰਠ ਹੋਵੇ ਤਾ ਜਪੁ ਜਾਪੁ ਰਹਿਰਾਸ ਆਰਤੀ ਸੋਹਿਲਾ ਇਹ ਚਾਰੇ ਸਿਖ ਜਰੂਰ ਕੰਠ ਕਰੇ। ਹੋਰ ਸੁਖਮਨੀ ਆਸਾ ਦੀ ਵਾਰ ਤਾਈ ਕਰੇ ਜਰੂਰ। ਇਸਨਾਨ ਪਿਛਲੀ ਰਾਤ ਕਰਨਾ ਵਰ ਜ਼ਰੂਰ। ਗੁਰੂ ਜੀ ਦਾ ਹੁਕਮੁ ਸਵਾ ਪਹਿਰ ਰਾਤ ਦਾ ਹੈ, ਫੇਰ ਜਿਤਨੀ ਰਾਤ ਤੇ ਪੁਜ ਆਵੇ, ਚਾਰ ਘੜੀ, ਏਤਨਾ ਕਰਨਾ। ਸਵਾ ਪਹਿਰ ਦਾ ਗੁਰੂ ਜੀ ਨੇ ਬਡਾ ਮਹਾਤਮ ਕਹਿਆ ਹੈ ਰਾਤ ਕਾ। ਬਾਣੀ ਪੜਨੀ, ਦਿਨ ਕੋ ਭਜਨ ਕਰਨਾ ਫੇਰ ਤੁਰਦੇ ਫਿਰਦੇ ਕੰਮ ਕਿਰਤ ਕਰਦੇ। ਫੇਰ ਕੰਮ ਥੀ ਬੇਲ ਲਗੇ ਤਾ ਇਕੰਤ ਅਕੇਲੇ ਬੈਠ ਕੇ ਭਜਨ ਬਾਣੀ ਕਰਨਾ। ਹੋਰ ਲਟਕੇ ਲਟਕੀਆ ਨੂ ਅਖਰ ਪੜਾਇ ਦੇਣੇ।

ਹੋਰ ਲਟਕੀ ਨਾ ਕਿਸੇ ਮਾਰਨੀ, ਨਾ ਕਿਸੇ ਵਟਾ ਕਰਨਾ, ਨਾ ਲਟਕੀ ਦੇ ਦੰਮ ਲੈਣੇ। ਜੇਹੜਾ ਲਟਕੀ ਮਾਰੇ, ਬੇਚੇ, ਵਟਾ ਕਰੇ, ਉਸਦੇ ਹਥ ਦਾ, ਘਰ ਦਾ ਅੰਨ ਪਾਣੀ ਨਹੀ ਵਰਤਨਾ। ਉਸਨੂ ਸੰਗਤ ਵਿਚ ਨਹੀ ਬੜਨ ਦੇਣਾ। ਹੁਣ ਤੇ ਪਿਛੇ ਭਾਵੇ ਕੁਛ ਕੀਤਾ ਹੋਵੇ ਅਗੇ ਸਮਝਕੇ ਵਰਤਨਾ।

ਕਿਸੇ ਦਾ ਧਨ ਪਦਾਰਥ ਨਹੀ ਲੈਣਾ। ਕਿਸੇ ਦਾ ਧਕਾ ਕਰਕੇ ਨਾ ਚੋਰੀ ਕਰਕੇ ਨਾ ਠਗੀ ਕਰਕੇ, ਕਖ ਆਦਿਕ ਬੀ ਨਹੀ ਲੈਣਾ। ਗੁਰੂ ਜੀ ਦਾ ਹੁਕਮ ਹੈ 'ਹਕੁ ਪਰਾਇਆ

ਨਾਨਕਾ ਉਸੁ ਸੂਅਰ ਉਸੁ ਗਾਇ'। ਗਾਇ ਖਾਇ ਕੇ ਹਿੰਦੂ ਕਹਾ ਰਹਿਆ ਤੇ ਸੂਰ ਖਾਇ ਕੇ ਮੁਸਲਮਾਨ ਕਹਾ ਰਹਿਆ ? ਸੋ ਜੀ ਐਸ ਬਖਤ ਬਹੁਤ ਅਪਰਾਧ ਕਰਕੇ ਬਗਾਨੇ ਹਕ ਨੂ ਲੈਂਦੇ ਹੈ। ਸੋ ਏਸ ਕਰਕੇ ਵਡਾ ਦੁਖ ਹੋ ਰਹਾ ਹੈ ਜਗਤ ਮੈ। ਹੋਰ ਭਾਈ ਕੋਈ ਮੰਦਾ ਫਿਕਾ ਬੀ ਬੋਲੇ ਤਾ ਬੀ ਸਿੰਘ ਨੂ ਧੀਰਜ ਕਰਨੀ, ਚਾਹੀਦੀ ਹੈ। ਛੇਤੀ ਹੀ ਗਲ ਨਹੀ ਪੈ ਜਾਣਾ ਚਾਹੀਦਾ।

ਹੋਰ ਭਾਈ ਏਹੁ ਬੀ ਸਿੰਘ ਨੂ ਚਾਹੀਦਾ ਹੈ ਜਰੂਰ ਜਥਾ ਸਕਤ ਭੁਖੇ ਨੂ ਅੰਨ ਬੀ ਦੇਣਾ, ਨੰਗੇ ਨੂ ਕਪੜਾ ਜੋੜਾ ਬੀ ਦੇਣਾ ਜਿਨਾ ਸਰੇ। ਪੁੰਨ ਦਾਨ ਤੇ ਧਨ ਨਹੀ ਘਟਦਾ। ਧਨ ਤੇ ਕੁਚਾਲ ਚਲਣ ਤੇ ਘਟ ਜਾਦਾ ਹੈ। ਹਰਿ ਬਖਤ ਗੁਰੂ ਸਾਹਿਬ ਅਗੇ ਬੇਨਤੀ ਕਰਨੀ ਜੋ ਹੇ ਗੁਰੂ ਜੀ ਮੈ ਪਾਪੀ ਅਪਰਾਧੀ ਜੀਉ ਹਾ। ਤੇਰਾ ਪਤਿਤ ਪਾਵਨ ਸੁਨਕੇ ਤੇਰੀ ਸਰਨਿ ਆਇਆ ਹਾ, ਹੁਣ ਮੈਨੂ ਬਖਸ ਲੈ। ਤੂ ਕਦੇ ਨਾ ਮੈਨੂ ਬਿਸਾਰੀ, ਨਾ ਦੁਖ ਬਿਚ ਨਾ ਸੁਖ ਬਿਚ। ਸਦਾ ਹੀ ਮੇਰੇ ਹਿਰਦੇ ਬਸਿਆ ਰਹੀ।

ਜਿਥੇ ਮੇਰਾ ਜੀਉ ਜਾਵੇ ਓਥੇ ਸਦਾ ਈ ਆਪਣਾ ਹੁਕਮ ਮਨਾਈ। ਜੋ ਤੈ ਗੁਰੂ ਰੂਪ ਧਾਰ ਕੇ ਹੁਕਮ ਦਿਤਾ ਹੈ ਗ੍ਰੰਥ ਸਾਹਿਬ ਮੈ, ਉਹ ਹੁਕਮ ਤੂ ਮੈਨੂ ਸਦਾ ਈ ਮਨਾਈ। ਏਹੁ ਦਾਨ ਵੀ ਦੇਈ ਆਪਨੀ ਦਰਗਾਹੋ ਮਨਮੁਖਾ ਦੀ ਸੰਗਤਿ ਤੇ ਰਖ ਲਈ ਹਥ ਦੇ ਕੇ, ਅਰ ਮਨਮੁਖੀ ਚਾਲੇ ਤੇ ਰਖ ਲਈ ਸਭਨੀ ਥਾਈ। ਹਰਿ ਬਖਤ ਏਹੁ ਬੇਨਤੀ ਕਰਨੀ ਗੁਰੂ ਜੀ ਦੇ ਚਰਨਾ ਬਿਚ ਅਰੁ ਸਾਰੀ ਸੰਗਤ ਨੂ ਏਹੁ ਹੁਕਮ ਹੈ ਜਨਾਨੇ ਮਰਦਾਨੇ ਨੂ, ਵਡੇ ਨਿਕੇ ਨੂ ਸਭਨੇ ਚੰਡੀ ਦੀ ਬਾਰ ਦਾ ਪਾਠ ਜਰੂਰ ਕਰਨਾ ਹਮੇਸਾ। ਸੂਰਜ ਦੇ ਚੜਨ ਤੇ ਘੜੀ ਅਧੀ ਪਹਿਲਾ ਪਾਠ ਤੋਰਨਾ, ਬਡਾ ਮਹਾਤਮੁ ਲਿਖਾ ਹੈ।

ਜੇ ਉਗ੍ਰਦੰਤੀ, ਚੰਡੀ ਚਰਿਤ੍ਰ ਤਿੰਹਾ ਦਾ ਹੋਵੇ ਤਾ ਬਹੁਤ ਅੱਛਾ ਹੈ। ਨਹੀ ਤਾ ਚੰਡੀ ਦੀ ਬਾਰ ਦਾ ਪਾਠ ਜਰੂਰ ਕਰਨਾ ਲਿਖਾ ਹੈ ਗੁਰੂ ਜੀ ਨੇ। ਭੋਗ ਤੇ 'ਫੇਰਿ ਨ ਜੂਨੀ ਆਇਆ ਜਿਨਿ ਇਹੁ ਗਾਇਆ' ਕਰਨ ਲਗੇ ਪਾਠ ਅਰ ਪਾਠ ਕਰਕੇ ਏਹੁ ਬੇਨਤੀ ਕਰਣੀ ਜੋ ਹੇ ਸਕਤਿ ਮਾਤਾ ਮੇਰੇ ਸਰੀਰ ਬਿਚ ਜੋ ਮਨਮੁਖੀ ਸੁਭਾਇ ਹੈਨ, ਅਰੁ ਜੋ ਬਾਹਰਿ ਤਾਮਸੀ ਸੁਭਾਅ ਬਾਲੇ ਦੁਖ ਦੇਣ ਬਾਲੇ ਹੈ, ਹੇ ਸਕਤਿ ਮਾਤਾ ਏਨਾ ਸਭਨਾ ਦਾ ਨਾਸੁ ਕਰੀ ਹੇ ਮਾਤਾ ਸਕਤਿ। ਹੋਰ ਬੇਨਤੀ ਕਰਨੀ ਜੈਸੀ ਓਸ ਬੇਲੇ ਫੁਰੇ ਮਾਤਾ ਭਗਵਤੀ ਕੀ।

ਅਰ ਭਗੌਤੀ ਚੰਡੀ ਦੀ ਬਾਰ ਦੀ ਪਹਿਲੀ ਪੌੜੀ ਦਾ ਨਾਉ ਹੈ । ਭਗਉਤੀ ਪੜਨੀ, ਸਿਰੀ ਗੁਰੂ ਗੋਬਿੰਦ ਸਿੰਘ ਜੀ ਸਿਰੀ ਅਕਾਲ ਪੁਰਖ ਜੀ ਸਭ ਥਾਈ ਹੋਇ ਸਹਾਇ। ਭਗੌਤੀਆਂ ਦੇ ਪਾਠ ਦਾ ਬੀ ਗੁਰੂ ਜੀ ਨੇ ਬਡਾ ਮਹਾਤਮ ਲਿਖਾ ਹੈ ਸੌ ਸਾਖੀ ਮੈ। ਜੇ ਇਕੋਤ੍ਰ ਸੌ ਪਾਠ ਹੋਵੇ ਤਾ ਬਡਾ ਚੰਗਾ ਹੈ ਨਹੀ ਤਾ ਸਠ ਕੇ ਚਾਲੀ ਬੀ ਹੋਇ ਤਾ ਬੀ ਚੰਗਾ ਹੈ।

ਅਰੁ ਹਰਿਦਾਸ ਤੂ ਸਭ ਨੂ ਸੁਣਾ ਦੇਈ, ਸਤਿਸੰਗੀ ਨੂ ਪੜਦੇ ਮੇ ਸੁਣਾਉਣੀ। ਮਨਮੁਖ ਨ ਕੋਈ ਸੁਣੇ। ਚੰਡੀ ਦੀ ਬਾਰ ਦਾ ਪਾਠ ਗੁਪਤ ਕਰਨਾ, ਉਚੀ ਨਹੀ ਕਰਨਾ।

ਜੋ ਏਸ ਹਰਿਦਾਸ ਨੂ ਪੜਕੇ ਸੁਣਿਕੇ ਮੰਨੂਗਾ ਉਸਨੂ ਬਹੁਤ ਲਾਭ ਹੋਊਗਾ, ਸਤਿ ਕਰਕੇ ਮੰਨਣਾ। ਮੈ ਤਾ ਸੋਈ ਹੁਕਮੁ ਲਿਖਦਾ ਹਾਂ ਸੰਗਤਿ ਨੂ ਜੋ ਗੁਰੂ ਜੀ ਦਾ ਹੁਕਮੁ ਹੈ। ਮੈ ਗੁਰੂ ਨਹੀ ਮੈ ਤਾ ਰਪਟੀਏ ਕੀ ਮਾਫਕ ਹਾ ਜੀ, ਅਗੇ ਮੰਨਣਾ ਸੰਗਤਿ ਨੇ ਹੈ ਅਰ ਮਨਾਉਣਾ ਗੁਰੂ ਜੀ ਨੇ ਹੈ।

ਹੋਰ ਭਾਈ ਸਵੇਗ ਸਿੰਘ ਜੀ ਕੋ ਸਿਰੀ ਵਾਹਿਗੁਰੂ ਜੀ ਦੀ ਫਤੇ ਬੁਲਾਈ ਬਾਚਣੀ ਬਹੁਤ ਕਰਕੇ। ਹੋਰ ਸਵੇਗ ਸਿੰਘ ਜੀ ਤੁਸੀ ਏਥੇ ਨਹੀਂ ਆਉਣਾ। ਜੋ ਤੁਸਾ ਦੇ ਪਾਸੋ ਸਰੇ ਸੋ ਏਥੇ ਈ ਦਾਨ ਪੁੰਨ, ਭੋਗ ਪਾਠ ਕਰਾਇ ਦੇਣਾ। ਏਥੇ ਆਉਣ ਮੈ ਬਪੇਖਤਾ ਬਹੁਤ ਹੈ। ਦਰਸਨ ਮੇਲਾ ਨਹੀ ਹੋਣ ਦਿੰਦੇ ਮਹਾ ਮਲੇਛ। ਰੇਲ ਜਹਾਜ ਉਤੇ ਜੋ ਪੈਸਾ ਖਰਚ ਹੁੰਦਾ ਹੈ ਸੋ ਵੇਅਰਥ ਜਾਂਦਾ ਹੈ। ਮਲੇਛਾ ਦੀ ਪੂਜਾ ਹੁੰਦੀ ਹੈ।

ਜੋ ਮੇਰਾ ਹੁਕਮ ਮੰਨੂਗਾ, ਜੋ ਹਰਿਦਾਸਾ ਮੈ ਲਿਖਦਾ ਹਾ ਸੋ ਮੈ ਉਸਦੇ ਪਾਸ ਹਾ, ਓਹ ਮੇਰੇ ਪਾਸ ਹੈ ਸਦਾ ਹੀ। ਜੋ ਹੁਕਮੁ ਨਾ ਮੰਨਿਆ ਤਾ ਓਹ ਸਰੀਰ ਭਾਮੇ ਕਈ ਬੇਰ ਆਵੇ, ਕੁਛ ਲਾਭ ਨਾ ਪ੍ਰਾਪਤ ਹੋਵੇਗਾ ਓਸ ਨੂ। ਸੋ ਤੁਸੀ ਏਥੇ ਈ ਬੈਠੇ ਭਜਨ ਬਾਣੀ ਕਰੋ ਪੁੰਨੁ ਦਾਨੁ ਜਥਾ ਸਕਤੁ, ਤੁਮਾਰੇ ਸਾਰੇ ਈ ਕੰਮ ਸਰ ਜਾਣਗੇ ਏਥੇ ਈ, ਪ੍ਰਤੀਤ ਜਾਣਨੀ।

ਅਰ ਭਾਈ ਕਾਨ੍ਹ ਸਿੰਘ, ਮਿਹਰ ਸਿੰਘ ਨੂ ਆਖਣਾ ਏਥੇ ਨਾ ਆਵੇ ਸਾਡੇ ਪਾਸ। ਏਧਰੇ ਲੁਕ ਛਿਪ ਕੇ ਦਿਨ ਕਟ ਲੈ। ਕੋਈ ਦਿਨ ਦਾ ਈ ਕਸਟ ਹੈ। ਭਾਈ ਤੁਸਾ ਦੇ ਈ ਪੈਰੋ ਕੰਗ ਉਠੀ ਹੈ ਪਹਿਲੇ। ਅਛਾ ਕੋਈ ਚਿੰਤਾ ਨਹੀ, ਗੁਰੂ ਜੀ ਦਾ ਹੁਕਮ ਏਸੇ ਤਰਾ ਦਾ ਸੀ ਜੀ, ਸਾਡੇ ਕੀ ਬਸ ਹੈ। ਜੇ ਏਥੇ ਮਿਲਣ ਦੇਣ ਤਾ ਭਾਵੇ ਸੈਕੜੇ ਆਇ ਜਾਣ। ਬਾਤਿ ਤੇ ਏਹੁ ਹੈ ਬਡੀ ਜੋ ਖਰਚੁ ਖੇਚਲ ਬਹੁਤੁ ਹੈ ਏਥੇ ਆਉਣ ਦੀ ਅਰ ਮੇਲਾ ਕੁਛ ਨਾਹੀ ਹੁੰਦਾ ਹੈ, ਜੈਸਾ ਮੇਲਾ ਹੁੰਦਾ ਹੈ ਕੁਛ ਤਿਰਿਪਤਿ ਨਹੀ ਹੁੰਦੀ ਦਰਸਨ ਮੇਲੇ ਦੀ। ਨਾ ਬੋਲਣ ਦਿੰਦੇ ਹੈ ਨਾ ਖੜਾ ਈ ਹੋਣ ਦਿੰਦੇ ਹੈ ਹਮਾਰੇ ਪਾਸ। ਐ ਹਵਾਲ ਹੈ ਏਥੇ ਦਾ, ਅਗੇ ਗੁਰੂ ਜਾਣੇ ਗੁਰੂ ਨੇ ਜੋ ਕਰਨੀ ਹੈ।

ਹੋਰੁ ਭਾਈ ਕਾਨ੍ਹ ਸਿੰਘ ਜੀ ਤੁਸੀ ਜੋ ਰਾਮਸਰ ਉਤੇ ਖੂਹਾ ਲੌਣੇ ਦੀ ਬਾਤ ਪੁਛੀ ਹੈ ਜੀ ਜੇ ਤਾ ਮੈ ਡੇਰੇ ਆ ਗਿਆ ਤਾ ਖੂਹਾ ਬੀ ਲਗ ਜਾਊਗਾ ਅਰ ਤਲਾਇ ਦਾ ਨਾਉ ਬੀ ਰਾਮਸਰ ਸਦੀਏਗਾ, ਅਰ ਪਿੰਡ ਦਾ ਨਾਉ ਰਾਮਦਾਸ ਪੁਰਾ ਹੋਇ ਜਾਊਗਾ। ਜੇ ਨਾ ਮੈ ਡੇਰੇ ਪਹੁੰਚਾ, ਓਧਾ ਨਾਓਂ ਅਗਲਾ ਈ ਰਹੂਗਾ ਕੁਪਾ ਵਾਲਾ ਛਪੜ। ਪਿੰਡ ਦਾ ਬੀ ਨਾਉ ਅਗਲਾ ਈ ਰਹੂਗਾ ਭੂਦੜ ਭੈਣੀ। ਹੁਣੇ ਨਹੀ ਖੂਹ ਦਾ ਉਦਮ ਕਰਨਾ। ਏਸ ਹਰਿਦਾਸ ਦੀ ਜੇ ਕਿਸੇ ਨੂ ਹੋਰ ਬੀ ਲੋੜ ਹੋਵੇ ਤਾ ਓਹ ਬੀ ਉਤਾਰ ਕਰਕੇ ਆਪ ਦੇ ਪਾਸ ਰਖ ਲਵੇ।

ਏਹੁ ਹਰਿਦਾਸ ਸਾਰੀ ਸੰਗਤ ਦੇ ਵਾਸਤੇ ਹੈ, ਪਰ ਜੇ ਕਿਸੇ ਨੂ ਸੁਣਾਓ ਤਾ ਪੜਦੇ ਮੈ ਸੁਣਾਉਣੀ, ਪਰਗਟ ਨਹੀ ਸੁਣਾਉਣੀ। ਅਰ ਜੋ ਏਸ ਹਰਿਦਾਸ ਮੈ ਲਿਖਾ ਹੈ, ਜੋ ਲਿਖੇ ਨੂ ਮੰਨੂਗਾ ਓਸ ਨੂ ਠੀਕ ਲਾਭ ਹੋਊਗਾ। ਮੰਨੇ ਬਿਨਾ ਸੁਖ ਕੁਛ ਨਹੀ ਹੁੰਦਾ ਭਾਵੇ

ਇਸ ਤੇ ਸੌ ਗੁਣੀਆ ਲਿਖ ਭੇਜੀਏ। ਹਰੀ ਸਿੰਘ ਏਤਨੀ ਦੂਰ ਆਇਆ ਅਰੁ ਓਥੇ ਜਾ ਕੇ ਮਨਮਤ ਕੀਤੀ ਨਾਲੇ ਦੁਖੀ ਹੋਆ, ਨਾਲੇ ਬਦਨਾਉ ਹੋਆ। ਮੇਰੀ ਤਾ ਗੁਰੂ ਜੀ ਪਾਸ ਏਹੁ ਬੇਨਤੀ ਹੈ ਹੇ ਗੁਰੂ ਜੀ ਸਾਰੀ ਸੰਗਤ ਨੂ ਰਖ ਲੈ ਮਨਮਤ ਤੇ, ਅਗੇ ਜੋ ਗੁਰੂ ਸਾਹਿਬ ਦੀ ਰਜਾਇ। ਗੁਰੂ ਭਾਣੇ ਦਾ ਮਾਲਿਕ ਹੈ।

ਹੋਰ ਭਾਈ ਜਦ ਜਹਾਜ ਤੁਰੇ ਤਾ ਚੜ ਜਾਣਾ। ਦੇਸ ਜਾ ਕੇ ਸਾਨੇ ਦੇ ਪੜਾ ਨਹੀ ਉਤਰਨਾ। ਕਿਤੇ ਉਰੇ ਹੀ ਉਤਰ ਪੈਣਾ। ਓਹ ਤਲਾਸੀ ਲੈ ਲੈਦੇ ਹੈ ਕਿਸੇ ਕਿਸੇ ਸਿੰਘ ਦੀ। ਅਰ ਜੋ ਥੁਹਾਨੂ ਹਰਿਦਾਸ ਦਿਤੀ ਹੈ, ਸੋ ਅਖਰ ਜੁੜਨ ਤੇ ਬਚਾਉਣੀ, ਜੁੜ ਨ ਜਾਣ ਅਖਰ, ਭਜਨ ਬਾਣੀ ਛਡ ਕੇ ਲਿਖੀ ਹੈ ਬਡੀ ਮੇਹਨਤ ਨਾਲ।[13]

ਇਸ ਹਕਮਨਾਮੇ ਵਿੱਚ ਜਿਸ ਮਿਹਰ ਸਿੰਘ ਦਾ ਜ਼ਿਕਰ ਆਇਆ ਹੈ ਉਹ ਅੰਮ੍ਰਿਤਸਰ ਬੁੱਚੜਬੱਧ ਸਾਕੇ ਦਾ ਮਫਰੂਰ ਸੀ। ਭਾਈ ਕਾਹਨ ਸਿੰਘ ਬੁਰਜ ਰਾਇ ਕਾ ਦੇ ਹੱਥ ਉਸ ਸਤਿਗੁਰੂ ਜੀ ਪਾਸੋਂ ਇਧਰ ਆ ਕੇ ਦਰਸ਼ਨ ਕਰਨ ਦੀ ਆਗਿਆ ਮੰਗੀ ਸੀ। ਸਤਿਗੁਰੂ ਜੀ ਉਸ ਨੂੰ ਕਹਿੰਦੇ ਹਨ ਕਿ ਕੂਕਾ ਅੰਦੋਲਨ ਦੇ ਬੁੱਚੜ ਬੱਧ ਸਾਕਿਆਂ ਦੀ ਲਹਿਰ ਤੋਰਨ ਵਾਲੇ ਉਹ ਅੰਮ੍ਰਿਤਸਰ ਵਾਲੇ ਸਿੰਘ ਹੀ ਹਨ। ਕਾਨੂੰਨ ਦੀਆਂ ਨਜ਼ਰਾਂ ਵਿੱਚ ਭਗਾਉੜਾ ਸਿੱਖ ਦਰਸ਼ਨਾਂ ਨੂੰ ਆਇਆ ਜੇ ਪਕੜਿਆ ਗਿਆ ਤਾਂ ਸਿਧਾ ਫਾਂਸੀ ਦੇ ਤਖਤੇ ਤੱਕ ਪੁਚਾ ਦਿੱਤਾ ਜਾਏਗਾ। ਸੋ ਉਹਦਾ ਇਧਰ ਨਾ ਆਉਣਾ ਬੇਹਤਰ ਹੈ। ਸੰਤਾ ਸਿੰਘ ਨਾ ਰੱਖ ਕੇ ਲੋਪੋਕੇ (ਅੰਮ੍ਰਿਤਸਰ) ਦਾ ਇਹ ਮਿਹਰ ਸਿੰਘ, ਬਹੁਤ ਸਾਲ ਸ੍ਰੀ ਭੈਣੀ ਸਾਹਿਬ ਰਿਹਾ ਅਤੇ ੧੯੧੩ ਈ. ਵਿੱਚ ਇੱਥੇ ਹੀ ਅਕਾਲ ਚਲਾਣਾ ਕਰ ਗਿਆ। ਸੁਬੇਗ ਸਿੰਘ ਮਰਹਾਣਾ (ਅੰਮ੍ਰਿਤਸਰ) ਨੂੰ ਵੀ ਰੰਗੂਨ ਆਉਣ ਦੀ ਬਜਾਏ, ਇੱਥੇ ਯਾਤਰਾ ਤੇ ਖਰਚ ਹੋਣ ਵਾਲਾ ਪੈਸਾ, ਉਧਰ ਹੀ ਪੁੰਨ ਦਾਨ, ਸੰਗਤ ਦੇ ਭਲੇ ਤੇ ਲਾਉਣ ਦਾ ਆਦੇਸ਼ ਦਿੰਦੇ ਹਨ। ਹਰੀ ਸਿੰਘ ਅੰਮ੍ਰਿਤਸਰ ਦਾ ਭਾਟੜਾ ਸਿੰਘ ਸੀ।

ਭੈਣੀ ਸਾਹਿਬ ਦੇ ਨੇੜੇ ਦੇ ਰੇਲਵੇ ਸਟੇਸ਼ਨ ਸਾਹਨੇਵਾਲ ਤੇ ਨਾਮਧਾਰੀ ਸਿੰਘਾਂ ਦੀ ਹੋਣ ਵਾਲੀ ਪੁਲੀਸ ਤਲਾਸ਼ੀ ਤੋਂ ਬਚਾਉਣ ਲਈ ਉਹਨੂੰ ਕਿਸੇ ਹੋਰ ਸਟੇਸ਼ਨ ਤੇ ਉਤਰਨ ਦੀ ਹਦਾਇਤ ਕਰਦੇ ਹਨ। ਨੀਤੀ ਨਿਪੁੰਨ ਸਤਿਗੁਰੂ ਜੀ ਜਾਣਦੇ ਸਨ ਕਿ ਭੈਣੀ ਸਾਹਿਬ ਵਿੱਚ ਬੈਠੀ ਪੁਲੀਸ ਅਤੇ ਪਿੰਡ ਵਿੱਚ ਲਾਲਾ ਲਾਲਾ ਕਰਕੇ ਕੂਕਿਆਂ ਦੇ ਪਿੱਛੇ ਪਏ ਰਹਿਣ ਵਾਲੇ ਸਰਕਾਰੀ ਸੂਹੀਏ, ਮੁਖਬਰ ਅਜੇ ਰਾਮਸਰ ਦੇ ਪਾਸ ਖੂਹ ਨਹੀਂ ਲੱਗਣ ਦੇਣਗੇ ਇਸ ਲਈ ਭਾਈ ਕਾਹਨ ਸਿੰਘ ਤਰੱਦਦ ਨਾ ਕਰੇ।

ਇਉਂ ਮਾਲੂਮ ਹੁੰਦਾ ਹੈ ਕਿ ਪਹਿਲੀ ਵੇਰ ਕਾਹਨ ਸਿੰਘ ਅਤੇ ਉਸਦਾ ਮਾਸੜ ਨੱਥਾ ਸਿੰਘ ਦੋਵੇਂ ਗਏ ਸੀ ਦਰਸ਼ਨਾਂ ਨੂੰ, ਫੇਰ ਇੱਕ ਡੇਢ ਸਾਲ ਬਾਦ ਇਹ ਦੋਵੇਂ ਸਿੰਘ, ਅਤੇ ਦੋ ਹੋਰ ਮੁਖੀ ਕੂਕੇ, ਸ਼ਾਮ ਸਿੰਘ ਸਰਹਾਲੀ ਤੇ ਬਘੇਲ ਸਿੰਘ ਨਾਰਲੀ ਗੁਰੂ ਦਰਸ਼ਨਾਂ ਨੂੰ ਦੁਬਾਰਾ ਗਏ। "ਫੇਰ ਹੋਰ ਸਿੰਘ ਚਲੇ ਕਾਹਨ ਸਿੰਘ ਬੁਰਜਕਾ, ਬਘੇਲ ਸਿੰਘ ਨਾਰਲੀ ਕਾ, ਸ਼ਾਮ ਸਿੰਘ ਸਰਹਾਲੀ ਕਾ ਨੱਥਾ ਸਿੰਘ ਗਾਦੜੀ ਵਾਲੇ ਕਾ। ਗੁਰੂ (ਹਰੀ ਸਿੰਘ) ਜੀ ਕਾ ਦਰਸ਼ਨ ਕਰਕੇ ਚਲੇ ਤਾਂ ਗੁਰੂ ਜੀ ਬਚਨ ਕੀਤਾ ਕਿ ਉਹ ਤਾ ਮਨਾਹੀ ਕਰਕੇ ਭੇਜਦੇ ਹੈਂ ਤੁਸੀਂ ਨਾ ਜਾਓ। ਦੁਰਾਹੇ ਕੇ ਪੜਾਓ ਜਾਂ ਚੜਨੇ ਕਾ ਵੇਲਾ ਹੋਇਆ ਤਾਂ

ਬਘੇਲ ਸਿੰਘ ਕੋ ਅਵਾਜਾ ਕੀਤਾ ਪ੍ਰਤੱਖ ਹੋ ਕੇ, ਰੇਲ ਕਾ ਤੇ ਜਹਾਜ ਕਾ ਬਿਰਥਾ ਖਰਚਾ ਹੈ। ਏਹ ਪਦਾਰਥ ਲੰਗਰ ਮੈ ਪਾਇ ਦਿਓ ਰਾਮਦਾਸ ਪੁਰੇ ਮੈ। ਬਘੇਲ ਸਿੰਘ ਨੇ ਸ਼ਾਮ ਸਿੰਘ ਨੂੰ ਸਾਰਾ ਹਾਲ ਸੁਣਾਇਆ। ਸ਼ਾਮ ਸਿੰਘ ਨੇ ਕਹਾ ਕਿ ਤੇਰੀਆਂ ਤਾਂ ਏਹੋ ਬਾਤਾਂ ਰਹੀਆਂ, ਅਸੀਂ ਤਾਂ ਜਰੂਰ ਜਾਵਾਂਗੇ। ਦੋ ਦਲੀਲਾਂ ਹੋ ਗਈਆਂ ਸਿੰਘਾਂ ਦੀਆਂ। ਨੱਥਾ ਸਿੰਘ ਨੂੰ ਅਵਾਜਾ ਹੋਇਆ ਦੀਲਲਾਂ ਨਾ ਕਰੋ, ਆਇ ਜਾਵੋ। ਫੇਰ ਜਿਓਂ ਚੜ੍ਹੇ ਹੈ ਰੇਲ ਕਲਕਤੇ ਜਾਇ ਉਤਰੇ। ਜਹਾਜ ਉਪਰ ਚੜ੍ਹਕੇ ਰੰਗੂਨ  ਜਾਇ ਉਤਰੇ।

"ਠਾਕੁਰ ਬਾੜੀ ਮੈਂ ਡੇਰਾ ਕਰਕੇ ਫਿਰ ਜਾਇ ਦਰਸ਼ਨ ਕੀਤਾ। ਬਚਨ ਹੋਇਆ ਕਿਥੇ ਕੇ ਹੋ ? ਕਹਾ ਕਿ ਆਪ ਕੇ ਚਰਨਾਂ ਵਿੱਚੋਂ ਹੈਂ। ਤਿੰਨ ਫੇਰੀ ਪੁੱਛਿਆ ਤਾਂ ਚੌਹਾਂ ਨੇ ਪਿੰਡਾਂ ਦੇ ਨਾਮ ਦੱਸੇ, ਨਾਲੇ ਸਿੰਘਾਂ ਨੂੰ ਪੁੱਛਿਆ ਮੋਰਮਈ ਜਾਣਾ ਹੈ ਕਿ ਮੁੜਨਾ ਹੈ। ਕਹਾ ਜੀ ਦੋ ਜਣੇ ਜਾਵਾਂਗੇ ਦੋ ਜਣੇ ਮੁੜਾਂਗੇ। ਲੱਖਾ ਸਿੰਘ ਨੇ ਬ੍ਰਹਮਾ ਸਿੰਘ ਨੂੰ ਮਾਰਿਆ ਸੀ, ਓਹ ਬੀ ਚਿਠੀ ਦੀਨਾ ਨਾਥ ਜੀ ਪਾਸ ਆਈ ਸੀ। ਉਸੀ ਸਮੇਂ ਸਿੰਘਾਂ ਨੂੰ ਉਸਦਾ ਉਤਰ ਲਿਖ ਦਿੱਤਾ ਸੁਣੋ ਸਮਾਂ ਲੜਾਈ ਕਾ ਨਹੀਂ ਹੈ, ਹੁਣ ਤਾਂ ਚੁਪ ਕਰਕੇ ਦਿਨ ਕੱਟੋ। ਮਿਲਕੇ ਰਹੋ, ਭਜਨ ਬਾਣੀ ਕਰੋ। ਚਿਠੀ ਲੈ ਕੇ ਮੁੜ ਆਏ। ਹੁਕਮਨਾਮੇ ਸਭਨਾਂ ਨੂੰ ਮਿਲੇ। ਨੱਥਾ ਸਿੰਘ ਬਾਰਾਂ ਬਜੇ ਗਿਆ ਫਿਰ ਦਰਸ਼ਨ ਨਾ ਹੋਇਆ। ਦੂਰ ਜਾ ਕੇ ਦਲੀਲਾਂ ਕਰੇ ਕਿ ਸਭਨਾਂ ਨੂੰ ਹੁਕਮਨਾਮੇ ਮਿਲ ਗਏ ਹੈਂ ਮੈਨੂੰ ਦਰਸ਼ਨ ਭੀ ਨਾ ਹੋਇਆ, ਹੁਕਮਨਾਮਾ ਭੀ ਨਾ ਮਿਲਿਆ। ਮੇਰੇ ਨਾਲ ਦਿਆਂ ਨੂੰ ਹੁਕਮਨਾਮੇ ਮਿਲੇ ਹਨ। ਘੜੀ ਭਰ ਬੈਠਕੇ ਜਾਂ ਫੇਰ ਮੁੜਕੇ ਆਇਆ ਤਾਂ ਹੁਕਮਨਾਮਾ ਸਿੱਟਿਆ ਠੀਕਰੀ ਨਾਲ ਬੰਨ੍ਹ ਕੇ। ਸਿੰਘ ਦੇ ਅੱਗੇ ਆਇ ਪਿਆ। ਸਿੰਘ ਨੇ ਉਠਾਇ ਲੀਆ। ਸੰਤਰੀ ਟਹਿਲਦੇ ਫਿਰਦੇ ਰਹੇ।"[14]

ਇਹ ਹੁਕਮਨਾਮਾ ਜੋ ਭਾਈ ਗਾਦੜੀਵਾਲੇ ਨੇ ਉਠਾਇਆ ਇਹਨਾਂ  ਚਾਰਾਂ ਸਿੰਘਾਂ ਨੂੰ ਤਾਂ ਸੰਬੋਧਿਤ ਹੀ ਸੀ ਸਰਹਾਲੀ ਦੇ ਸ਼ਾਮ ਸਿੰਘ ਹੋਰਾਂ ਦੇ ਦੋਹਾਂ ਪੁੱਤਰਾਂ ਜੀਵਨ ਸਿੰਘ ਤੇ ਮੀਹਾਂ ਸਿੰਘ ਨੂੰ ਵੀ ਮੁਖਾਤਿਬ ਹੈ ਕਿਉਂਕਿ ਇਹ ਦੋਵੇਂ ਵੀ ਅੱਗੇ ਪਿੱਛੇ ਦਰਸ਼ਨ ਕਰ ਗਏ ਸਨ। ਮੀਹਾਂ ਸਿੰਘ ਦੋ ਵੇਰ ਰੰਗੂਨ ਤੇ ਆਖਰੀ ਵਾਰ ਜਨਵਰੀ ੧੮੮੧ ਵਿੱਚ ਮਰਗੋਈ ਗਿਆ ਸੀ। ਇਸ ਹੁਕਮਨਾਮੇ ਵਿੱਚ ਕਾਹਨ ਸਿੰਘ ਬੁਰਜ ਰਾਇ ਕਾ ਅਤੇ ਮੀਹਾਂ ਸਿੰਘ ਦੀ ਮਾਈ ਦੈਆ ਕੌਰ ਲਈ ਜੋ ਦੁਆਈ ਆਪ ਨੇ ਦੱਸੀ ਸੀ, ਉਸ ਦੇ ਫਾਇਦੇ ਬਾਬਤ ਪੁੱਛਦੇ ਹਨ। ਜਦੋਂ ਕੋਈ ਉਧਰੋਂ ਸਿੰਘ ਛੇਤੀ ਜਾਂ ਦੇਰ ਬਾਅਦ ਆਵੇ ਉਸਦੇ ਹੱਥ ਲਿਖ ਭੇਜਣ ਬਾਰੇ ਫੁਰਮਾਉਂਦੇ ਹਨ। ਇਹ 'ਅਰਦਾਸ' ਚੇਤ ਸੁਦੀ ੧੧ ਸੰਮਤ ੧੯੩੭ ਬਿਕਰਮੀ ਮੁਤਾਬਿਕ ੨੧ ਅਪਰੈਲ ੧੮੮੦ ਈ. ਦਿਨ ਬੁੱਧਵਾਰ ਨੂੰ ਲਿਖੀ ਸੀ। ਦੂਜੀ ਵੇਰ ਭਾਈ ਨੱਥਾ ਸਿੰਘ ਕਾਹਨ ਸਿੰਘ ਇਸ ਤਾਰੀਖ ਨੂੰ ਰੰਗੂਨ ਸਨ। ਇਸ ਹੁਕਮਨਾਮੇ ਦੇ ਮੁੱਢਲੇ ਸ਼ਬਦ ਇਹ ਹਨ–

੫੭

੧ਓ ਸਤਿਗੁਰ ਪ੍ਰਸਾਦਿ।

ਲਿਖਤੋ ਦਿਆਲ ਸਿੰਘ ਤੇ ਕ੍ਰਿਪਾਲ ਸਿੰਗ ਜੋਗ ਉਪਮਾ ਭਾਈ ਸਿਆਮ ਸਿੰਘ ਤੇ

ਜੀਵਣ ਸਿੰਘ, ਮੀਹਾ ਸਿੰਘ, ਬਘੇਲ ਸਿੰਘ, ਕਾਨ੍ਹ ਸਿੰਘ, ਨੱਥਾ ਸਿੰਘ ਹੋਰ ਸੰਬੂਹ ਸਾਧ ਸੰਗਤ ਕੋ ਸਿਰੀ ਵਾਹਿਗੁਰੂ ਜੀ ਕੀ ਫਤੇ ਬੁਲਾਈ ਪ੍ਰਮਾਨ ਕਰਨ। ਸ੍ਰਬਤ ਨੋ ਮਾਈਆਂ ਬੀਬੀਆਂ ਕੋ ਰਾਮ ਸਤਿ ਬਾਚਣੀ।

ਹੋਰੁ ਏਥੇ ਸੁਖ ਅਨੰਦ ਹੈ, ਸੰਬੂਹ ਸੰਗਤਿ ਕੀ ਸੁਖ ਅਨੰਦ ਮੰਗਦੇ ਹਾਂ ਹਮੇਸਾ ਗੁਰੂ ਜੀ ਪਾਸ ਤੇ।"[15]

ਬਾਬਾ ਦਰਬਾਰਾ ਸਿੰਘ ਤੇ ਮਹੰਤ ਗੁਰਦਿੱਤ ਸਿੰਘ ਜੀ ਨੂੰ ਨਾਲ ਲੈ ਕੇ ਸਤਿਗੁਰੂ ਰਾਮ ਸਿੰਘ ਜੀ ਨੇ ਤਬੇਲੇ ਵਿੱਚ ਪਰਦੇਸ ਗਮਨ ਤੋਂ ਕੁਝ ਸਮਾਂ ਪਹਿਲਾਂ ਛੇ ਹਜ਼ਾਰ ਰੁਪੈਆ ਦਬਾਇਆ ਸੀ। ਸੰਨ ੧੮੭੫ ਈ. ਵਿੱਚ ਜਦ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਡੇਰੇ ਵਿੱਚ ਗੁਪਤ ਅਖੰਡ ਪਾਠ ਹੋਣ ਲੱਗੇ ਤਾਂ ਉਹ ਮਾਇਆ ਕੱਢ ਕੇ ਵਰਤਨੀ ਪਈ। ਸਿੰਘ ਦਰਸ਼ਨਾਂ ਲਈ ਬਹੁਤ ਘੱਟ ਆਉਂਦੇ ਸਨ, ਸਰਕਾਰੀ ਸਖਤੀ ਬਹੁਤ ਹੁੰਦੀ ਸੀ। ਸਿਆਣੇ ਤੇ ਮੁਖੀ ਸਿੰਘਾਂ ਨੇ ਇਸ ਪ੍ਰਥਾਇ ਆਪੋ ਵਿੱਚ ਚਿੰਤਾ ਜ਼ਾਹਰ ਕਰਕੇ ਡੇਰੇ ਵਿੱਚ ਅਖੰਡ ਪਾਠਾਂ ਲਈ ਮਾਇਆ ਪੁਚਾ ਕੇ, ਕੁਝ ਨਾ ਨੇ ਉਗਰਾਹੀ ਲਈ ਸਰੀਰ ਦਾਨ ਕਰਕੇ, ੧੮੭੬-੭੭ ਈ. ਵਿੱਚ ਹਰ ਹਾੜੀ, ਸਾਉਣੀ ਵਿਧੀਵਤ ਉਗਰਾਹੀ ਕਰਨ ਦਾ ਮੁੱਢ ਬੰਨ੍ਹਿਆ। ਬਾਹੋਵਾਲ ਜੀ ਲਿਖਦੇ ਹਨ-

"ਸਿੰਘ ਅੰਦਰ ਰਹਿੰਦੇ ਹੈਂ ਗੁਪਤ ਪਾਠ ਤੁਰੇ ਹੈਂ। ਦੋ ਗ੍ਰੰਥ ਸਾਹਿਬ ਪ੍ਰਗਾਸੇ ਹੈਂ। ਧਰਮ ਕੀਆਂ ਧਮਕਾਂ ਸੁਣਕੇ ਨਾਲੇ ਸਤਿਗੁਰੂ ਜੀ ਕਾ ਜੋ ਬਚਨ ਹੈ ਮੇਰੇ ਨਮਿਤ ਭੋਗ ਪਾਵੋ, ਸੋ ਬਚਨ ਸੁਣਕੇ ਜੇਹੜੇ ਧਨ ਵਾਲੇ ਸੇ ਤਿਨਾਂ ਨੂੰ ਪ੍ਰੇਰਨਾ ਹੋਈ ਜੋ ਅਸੀਂ ਧਨ ਵਾਲੇ ਹੈਂ ਸਾਨੂੰ ਭੀ ਕੁਝ ਮਦਦ ਕੀਤੀ ਚਾਹੀਏ। ਮਾਇਆ ਤਾਂ ਸਭ ਸਤਿਗੁਰੂ ਕੀ ਹੈ ਸਾਨੂੰ ਭੀ ਜਗ ਮੇਂ ਪਾਇਆ ਚਾਹੀਏ ਤਿਲਫੁਲ। ਜੋ ਜਗ ਮੈ ਪੈ ਜਾਵੇ ਸੋਈ ਚੰਗਾ ਹੈ। ਜੋ ਤਬੇਲੇ ਮੈ ਸੀ ਦਬਿਆ ਹੋਇਆ ਪਦਾਰਥ ਸੋ ਭੀ ਕਢ ਕੇ ਬਰਤਨ ਲਗੇ। ਅਖੰਡ ਪਾਠਾਂ ਕਾ ਪ੍ਰਤਾਪ ਸੁਣਕੇ ਕਾਹਨ ਸਿੰਘ ਬੁਰਜਾਂ ਕਾ (ਇਕ ਹਜ਼ਾਰ) ੧੦੦੦ ਰੁਪਯਾ ਲਿਆਇਆ, ਗੁਰੂ ਜੀ ਕੀ ਭੇਟਾ ਧਰਿਆ। ਗੁਰੂ ਹਰੀ ਸਿੰਘ ਜੀ ਕਾ ਦੀਦਾਰ ਕਰਕੇ ਹਰਿਆ ਹੋਇਆ। ਸੁਬੇਗ ਸਿੰਘ ਮੁਰਾਨੇ ਕਾ ਪੰਜ ਸੌ ਰੁਪਯਾ, ਨਾਰਲੀ ਦਾ ਬਘੇਲ ਸਿੰਘ ੧੦੦੦ (ਇੱਕ ਹਜ਼ਾਰ), ਗਾਦੜੀ ਵਾਲੇ ਕਾ ਨੱਥਾ ਸਿੰਘ ੧੦੦੦ (ਇਕ ਹਜ਼ਾਰ) ਰੁਪਏ ਲਿਆਇਆ। ਬਾਬਾ ਬੂਟਾ ਸਿੰਘ ਭੀ ਉਗਰਾਹੀ ਕਰਕੇ ਲਿਆਏ। ਹੋਰ ਜਿਸ ਜਿਸ ਨੂੰ ਪ੍ਰੇਰਿਆ ਸੋ ਭੀ ਜਿਨਤੀ ਫੁਰਸਦ ਸੀ ਸਭ ਨੇ ਸੇਵਾ ਕੀਤੀ।"[16]

ਇਸ ਪ੍ਰਕਾਰ ਭਾਈ ਨੱਥਾ ਸਿੰਘ ਗਾਦੜੀ ਉੱਪਰ ਵਰਣਿਤ ਹੋਰ ਚਾਰਾਂ ਸਿੱਖਾਂ ਨਾਲ ਮਿਲ ਕੇ, ਸ੍ਰੀ ਭੈਣੀ ਸਾਹਿਬ ਦੇ ਲੰਗਰ ਲਈ ਉਗਰਾਹੀ ਦਾ ਮੁੱਢ ਬੰਨ੍ਹਣ ਵਾਲੇ ਮੋਢੀ ਕੂਕਿਆਂ ਵਿੱਚੋਂ ਵੀ ਇੱਕ ਹੋਣ ਦਾ ਮਾਣ ਹਾਸਲ ਕਰਦੇ ਹਨ। ਸਾਡੇ ਸਰੋਤਾਂ ਮੁਤਾਬਿਕ ਇਹਨਾਂ ਸਿੱਖਾਂ ਨੇ ਨਕਦ ਮਾਇਆ ਤੋਂ ਇਲਾਵਾ ਆਪਣੇ ਘਰੋਂ ਬੈਲ ਗੱਡੇ ਅਤੇ ਅਨਾਜ, ਗੁੜ, ਸ਼ੱਕਰ ਆਦਿ ਦੀਆਂ ਬੋਰੀਆਂ ਭਰ ਕੇ ਵੀ ਗੁਰੂ ਕੇ ਲੰਗਰ ਵਿੱਚ ਪੁਚਾਈਆਂ ਸਨ। ਇਸ ਤਰ੍ਹਾਂ ਦੂਰ ਦਰਾਜ ਰਹਿਣ ਵਾਲੇ, ਨਾਮਧਾਰੀ ਸਿੱਖਾਂ ਪਾਸ ਵੀ ਗੁਰੂ ਜੀ ਕੇ ਉਗਰਾਹੀਏ, ਸਾਲ ਵਿੱਚ ਦੋ ਵੇਰ ਪੁੱਜਦੇ ਅਤੇ ਲੰਗਰ ਵਿੱਚ ਉਹਨਾਂ ਦਾ

ਹਿੱਸਾ, ਜਿਨਸ ਜਾਂ ਨਕਦੀ ਦੇ ਰੂਪ ਵਿੱਚ ਲੈ ਆਉਂਦੇ। ਇਹ ਸਾਰੇ ਸਿੰਘ ਹਰੀਕੇ ਪੱਤਣ ਦੇ ਲਾਗੇ ਚਾਗੇ ਦੇ ਹੀ ਸਨ। ਬੇਸ਼ਕ ਨੱਥਾ ਸਿੰਘ ਮਾਲਵੇ ਦੇ ਸਨ ਪਰ ਇਹਨਾਂ ਦੇ ਪਿੰਡ ਗਾਦੜੀ ਵਾਲੇ ਤੱਕ ਸਤਿਲੁਜ ਦਰਿਆ ਦੇ ਪਾਣੀ ਨਾਲ ਹੋਈ ਆਬਪਾਸ਼ੀ ਕਾਰਨ, ਬੀਜੀ ਫਸਲ ਦਾ ਮਾਮਲਾ, ਮਹਾਰਾਜਾ ਸ਼ੇਰ ਸਿੰਘ ਦੇ ਸਮੇਂ ਤੱਕ, 'ਬਾਰਾਂ ਲੱਖੀ' ਪੱਟੀ ਵਿਖੇ ਹੀ ਜਮ੍ਹਾਂ ਕਰਾਇਆ ਜਾਂਦਾ ਸੀ। ਇੱਥੇ ਬਾਰਾਂ ਲੱਖ ਰੁਪੈ ਦਾ ਮਾਮਲਾ ਆਲੇ ਦੁਆਲਿਓਂ ਆਉਂਦਾ ਸੀ। ਨੱਥਾ ਸਿੰਘ ਤੇ ਉਹਨਾਂ ਦੇ ਵਡੇਰੇ ਪੱਟੀ ਮਾਮਲਾ ਜਮ੍ਹਾ ਕਰਾਉਣ ਜਾਂਦੇ ਤਾਂ ਆਸ ਪਾਸ ਦੇ ਪਿੰਡਾਂ ਦੇ ਲੋਕਾਂ ਨਾਲ ਉਹਨਾਂ ਦੀ ਜਾਣ ਪਹਿਚਾਣ ਹੋ ਜਾਂਦੀ, ਜੋ ਕਈ ਵੇਰ ਰਿਸ਼ਤੇਦਾਰੀ ਵਿੱਚ ਵੀ ਬਦਲ ਜਾਂਦੀ। ਭਾਈ ਨੱਥਾ ਸਿੰਘ ਦਾ ਗੋਤ ਗਿੱਲ ਸੀ, ਅਤੇ ਉਸਦਾ ਸਬੰਧੀ ਕਾਹਨ ਸਿੰਘ ਸੰਧੂ ਸੀ। ਸੁਬੇਗ ਸਿੰਘ ਮਰਹਾਣਾ ਅਤੇ ਬਘੇਲ ਸਿੰਘ ਨਾਰਲੀ ਵੀ ਸੰਧੂ ਭਾਈਚਾਰੇ ਵਿੱਚੋਂ ਸਨ। ਇਸ ਤਰ੍ਹਾਂ ਅਸੀਂ ਕਹਿ ਸੱਕਦੇ ਹਾਂ ਕਿ ਸਾਡੇ ਮੋਢੀ ਉਗਰਾਹੀਏ ਮਝੈਲ ਅਤੇ ਮਲਵਈ ਇੱਕ ਹੀ ਖਿੱਤੇ ਨਾਲ ਸੰਬੰਧਿਤ ਸਨ। ਵਿਚਾਲੇ ਸਤਿਲੁਜ ਦਰਿਆ ਹੀ ਸੀ। ਗਾਦੜੀਵਾਲਾ ਹਰੀਕੇ ਤੋਂ ੧੨-੧੩ ਕਿਲੋਮੀਟਰ ਦੀ ਵਿੱਥ ਤੇ ਹੀ ਹੈ।

ਜਿਹਨਾਂ ਦਿਨਾਂ ਵਿੱਚ ਭਾਈ ਮੀਹਾਂ ਸਿੰਘ ਸਰਹਾਲੀ ਅਤੇ ਨਰਾਇਣ ਸਿੰਘ ਰੋਡੇ ਸਤਿਗੁਰੂ ਜੀ ਦੇ ਮਰਗੋਈ ਦਰਸ਼ਨ ਕਰਕੇ ਆਏ ਸਨ ਅਤੇ ਰੂਸੀ ਹਾਕਮਾਂ ਦੇ ਪੱਤਰ ਉਹਨਾਂ ਤੱਕ ਪੁਚਾ ਕੇ ਆਏ ਸਨ, ਉਸ ਤੋਂ ਮਹੀਨਾ ਡੇਢ ਬਾਅਦ, ੧੭ ਮਾਰਚ ੧੮੮੧ ਈ. ਨੂੰ ਭੈਣੀ ਸਾਹਿਬ ਦੇ ਗੁਆਂਢੀ ਪਿੰਡ ਲਾਟੋਂ ਦੀ ਢੱਕੀ (ਜੰਗਲ) ਵਿੱਚ ੧੫੦ ਮਹੱਤਵਪੂਰਨ ਕੂਕਿਆਂ ਦੀ ਇੱਕ ਸਭਾ ਵਿਉਂਤਬੰਦ ਕੀਤੀ ਗਈ ਸੀ। ਇਹ ਉਹ ਸਮਾਂ ਸੀ ਜਦੋਂ ਪੰਜਾਬ ਅਤੇ ਹਿੰਦ ਸਰਕਾਰਾਂ ਸਤਿਗੁਰੂ ਰਾਮ ਸਿੰਘ ਜੀ ਅਤੇ ਉਹਨਾਂ ਦੇ ਸਿੱਖਾਂ ਵਿਚਾਲੇ ਹੁੰਦੇ ਪੱਤਰ ਵਿਹਾਰ ਤੋਂ ਅਤੀ ਚਿੰਤਤ ਸਨ। ਉਹ ਇਸੇ ਕਾਰਨ ੧੮੮੦ ਈ. ਦੇ ਸਤੰਬਰ ਮਹੀਨੇ ਵਿੱਚ ਸਤਿਗੁਰੂ ਜੀ ਨੂੰ ਰੰਗੂਨ ਤੋਂ ਮਰਗੋਈ ਲੈ ਗਏ ਸਨ। ਪਰ ਦੋ ਨਾਮਧਾਰੀ ਉੱਥੇ ਵੀ ਪੁੱਜ ਗਏ ਅਤੇ ਉਹ ਸਤਿਗੁਰੂ ਜੀ ਤੋਂ ਜੋ ਨਵੇਂ ਦਿਸ਼ਾ ਨਿਰਦੇਸ਼ ਆਪਣੇ ਮੁਕਤੀ ਸੰਗਰਾਮ ਵਾਸਤੇ ਲੈ ਕੇ ਆਏ ਸਨ, ਉਹਨਾਂ ਬਾਰੇ ਵਿਚਾਰ ਵਿਮਰਸ਼ ਕਰਨ ਲਈ ਹੀ ਉਪਰੋਕਤ ਸਭਾ ਸੱਦੀ ਗਈ ਸੀ। ਇਸ ਵਿੱਚ ਸਤਿਗੁਰੂ ਜੀ ਵੱਲੋਂ ਰੂਸੀ ਸੈਨਾ ਦੀ ਮੱਦਦ ਨਾਲ ਅੰਗਰੇਜ਼ਾਂ ਦਾ ਹਿੰਦ ਵਿੱਚੋਂ ਬਿਸਤਰਾ ਗੋਲ ਕਰਨ ਤੇ ਵਿਚਾਰਾਂ ਹੋਣੀਆਂ ਸਨ। ਇਸ ਸੰਬੰਧ ਵਿੱਚ ਸਾਡੇ ਲੋਕ ਗੀਤਾਂ ਦੀ ਅਗਵਾਹੀ ਮਹੱਤਵਪੂਰਨ ਹੈ-

"ਚਿੱਠੀਆਂ ਰੂਸ ਨੂੰ ਪਾਈਆਂ, ਰਾਮ ਸਿੰਘ ਸਤਿਗੁਰ ਨੇ।"

ਆਪਣੇ ਆਪ ਨੂੰ ਸਤਿਗੁਰੂ ਰਾਮ ਸਿੰਘ ਜੀ ਦੀ ਮੰਗੇਤਰ ਜਾਂ ਧਰਮ ਪਤਨੀ ਦੱਸਣ ਵਾਲੀ,ਬੀਬੀ ਅਤਰ ਕੌਰ ਪੁੱਤਰੀ ਰਾਮ ਸਿੰਘ ਉਰਫ ਹਰਨਾਮ ਸਿੰਘ ਮਾਈਸਰਖਾਨਾ, ਇਸ ਸਮੇਂ ਪੰਜਾਬ ਵਿੱਚ ਘੁੰਮ ਫਿਰ ਕੇ ਅੰਗਰੇਜ਼ ਸਰਕਾਰ ਵਿਰੁੱਧ ਜਜ਼ਬਾ ਲਾਮਬੰਦ ਕਰ ਰਹੀ ਸੀ। ਇਹ ਵੱਖਰੀ ਗੱਲ ਹੈ ਕਿ ਸਤਿਗੁਰੂ ਰਾਮ ਸਿੰਘ ਜੀ ਨੇ ਅਤਰੀ ਨਾਲ ਇਸ ਰਿਸ਼ਤੇ ਨੂੰ ਕਦੇ ਵੀ ਮਾਨਤਾ ਨਹੀਂ ਸੀ ਦਿੱਤੀ। ਸ੍ਰ. ਅਤਰ ਸਿੰਘ

ਭਦੌੜ ਦੇ ਲਿਖਣ ਮੁਤਾਬਿਕ ਮਾਈ ਅਤਰੀ ਪੰਜਾਬ ਵਿੱਚੋਂ ਫਰੰਗੀਆਂ ਨੂੰ ਕੱਢਣ ਦੇ ਗੀਤ ਗਾਉਂਦੀ ਘੁੰਮ ਰਹੀ ਸੀ।[15] ਉਪਰੋਕਤ ਮੀਟਿੰਗ ਉੱਪਰ ਮੁਖਬਰਾਂ ਤੋਂ ਸੂਹ ਮਿਲਣ ਤੇ ਜੇ. ਪੀ. ਬਾਰਬਟਨ ਐਸ. ਪੀ. ਲੁਧਿਆਣਾ ਨੇ ਛਾਪਾ ਮਾਰਿਆ। ਉਸ ਨੂੰ ਅਤਰੀ ਨੇ ਦੱਸਿਆ ਸੀ ਕਿ ਰਿਆਸਤ ਪਟਿਆਲਾ ਨੇ (ਉਸਦੇ ਬਾਗੀ ਪਰਚਾਰ ਸਦਕਾ) ਉਸਦਾ ਨੱਕ ਵਿੱਚ ਦਮ ਕਰ ਛੱਡਿਆ ਹੈ। ਇਸ ਲਈ ਉਹ ਭੈਣੀ ਸਾਹਿਬ ਗੁਰਦੁਆਰੇ ਵਿੱਚ ਰਹਿਣ ਵਾਸਤੇ ਸਰਕਾਰ ਤੋਂ ਚੋਰੀ ਅਤੇ ਭੇਸ ਬਦਲ ਕੇ ਆਈ ਸੀ। ਪਰ ਲੁਧਿਆਣਾ ਪੁਲੀਸ ਨੇ ਉਸਨੂੰ ਵਾਪਸ ਮਾਈਸਰਖਾਨੇ ਹੀ ਭੇਜ ਦਿੱਤਾ ਅਤੇ ਇਸ ਸਮੇਂ ਪੁਲੀਸ ਦੁਆਰਾ ਗਰਿਫਤਾਰ ਕੀਤੇ ਗਏ ੩੮ ਕੂਕਿਆਂ ਦੀਆਂ ਜ਼ਾਬਤਾ ਫੌਜਦਾਰੀ ਤਹਿਤ ਜਮਾਨਤਾਂ ਲੈ ਕੇ ਉਹਨਾਂ ਨੂੰ ਮੈਜਿਸਟਰੇਟ ਦੇ ਸਾਹਵੇਂ ਦਿੱਤੀ ਤਾਰੀਖ ਤੇ ਪੇਸ਼ ਹੋਣ ਲਈ ਕਿਹਾ ਗਿਆ। ਬਾਰਬਟਨ ਲਿਖਦਾ ਹੈ ਕਿ ਉਸਨੂੰ ਭਰੋਸੇਯੋਗ ਮੁਖਬਰ ਨੇ ਦੱਸਿਆ ਸੀ ਕਿ ਭੈਣੀ (ਸਾਹਿਬ) ਦੇ ਦਾਨ ਸਿੰਘ, ਗੁਰਦਿੱਤ ਸਿੰਘ, ਠਾਕਰ ਸਿੰਘ, ਜੈਮਲ ਸਿੰਘ ਅਤੇ ਦਰਬਾਰਾ ਸਿੰਘ ਅਤੇ ਰਾਈਆਂ ਦਾ ਮੰਗਲ ਸਿੰਘ ਇੱਥੇ ਕਿਸੇ ਵੱਡੀ ਸ਼ਰਾਰਤ ਲਈ ਜੁੜੇ ਸਨ। ਇਹ ਇੱਕ ਗੁਪਤ ਅਤੇ ਆਮ ਤੌਰ ਤੇ ਨਾ ਹੋਣ ਵਾਲੀ ਕਿਸੇ ਖਾਸ ਮਕਸਦ ਲਈ ਕੀਤੀ ਗੁਪਤ ਸਭਾ ਸੀ। ਮਾਈ ਅਤਰੀ ਦੀ ਪੋਥੀ ਵਿੱਚੋਂ ਭਗਵਾਨ ਸਿੰਘ ਮਰਹਾਣਾ (ਅੜਬੰਗੀ) ਅਤੇ ਸੁੰਦਰ ਸਿੰਘ ਕਲੈਹਰੀ (ਮਾਨਸਾ) ਦੁਆਰਾ ਜੂਨ ੧੮੮੦ ਵਿੱਚ ਲਿਆਂਦੇ ਸਤਿਗੁਰੂ ਜੀ ਦੇ ਹੁਕਮਨਾਮੇ ਵੀ ਪਕੜੇ ਗਏ ਸਨ। ਇਹਨਾਂ ਦਾ ਅੰਗਰੇਜ਼ੀ ਅਨੁਵਾਦ ਕਰਕੇ ਉੱਚ ਅਧਿਕਾਰੀਆਂ ਨੂੰ ਭੇਜ ਦਿੱਤਾ ਗਿਆ ਸੀ। ਆਪਣੇ ਇਸੇ ਪੱਤਰ ਵਿੱਚ ਅੱਗੇ ਚੱਲ ਕੇ ਬਾਰਬਟਨ ਲਿਖਦਾ ਹੈ, "ਇਸ ਇਕੱਠ ਦਾ ਅਸਲ ਮਕਸਦ ਕੀ ਸੀ ਮੈਂ ਅਜੇ ਤੱਕ ਨਹੀਂ ਪਤਾ ਲਗਾ ਸੱਕਿਆ। ਇਹ ਆਮ ਤੌਰ ਤੇ ਕਦੇ ਨਾ ਹੋਣ ਵਾਲੀ ਇੱਕ ਗ਼ੈਰ ਰਸਮੀ ਗੁਪਤ ਸਭਾ ਸੀ ਜਿਸ ਵਿੱਚ ਚਾਰ ਬਹੁਤ ਹੀ ਮਸ਼ਹੂਰ ਮੁਖੀ ਕੂਕਿਆਂ ਨੇ ਹਿੱਸਾ ਲਿਆ ਸੀ, ਜਿਹਾ ਕਿ ਗੁਰਦਿੱਤ ਸਿੰਘ ਨਾਈਵਾਲਾ, ਖੁਸ਼ਹਾਲ ਸਿੰਘ ਨੰ. ੧ ਸਿਰਸਾ ਸੂਚੀ ਵਾਲਾ, ਨੱਥਾ ਸਿੰਘ ਗਾਦੜੀਵਾਲਾ ਨੰ. ੧੩ ਅਤੇ ਕਾਹਨ ਸਿੰਘ ਬਾਜਾਖਾਨਾ ਨੰ. ੧੬ ਦੋਵੇਂ ਫੀਰੋਜ਼ਪੁਰ ਸੂਚੀ ਵਾਲੇ ਸਨ। ਮੁਸੰਮਤ (ਬੀਬੀ) ਅਤਰੀ ਜੋ ਇਹਨਾਂ ਕੂਕਿਆਂ ਨਾਲ ਸੀ ਉਸ ਦਾ ਇਸ ਸਮੇਂ ਇਸ ਸਮੁਦਾਇ ਤੇ ਬੇਬਹਾ ਪ੍ਰਭਾਵ ਹੈ।[17] ਕੂਕਿਆਂ ਦਾ ਖੁਰਾ ਖੋਜ ਮਿਟਾਉਣ ਲਈ ਅੰਗਰੇਜ਼ ਸਰਕਾਰ ਵੱਲੋਂ ਲੰਮਾ ਸਮਾਂ ਲੁਧਿਆਣੇ ਤਾਇਨਾਤ, ਪੁਲੀਸ ਕਪਤਾਨ ਬਾਰਬਟਨ, ਭਾਈ ਨੱਥਾ ਸਿੰਘ ਗਾਦੜੀ ਦੀ ਕੂਕਾ ਮੁਕਤੀ ਯੁੱਧ ਵਿੱਚ ਨਿਬਾਹੀ, ਬਹੁਭਾਂਤੀ ਸਮਰੱਥਾ ਤੋਂ ਭਲੀਭਾਂਤ ਪਰਿਚਿਤ ਸੀ।

ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਤੋਂ ਅੰਗਰੇਜ਼ ਸਰਕਾਰ ਨਾਲ ਕੂਕਿਆਂ ਦਾ ਮੁਕੰਮਲ ਬਾਈਕਾਟ ਸੀ। ਭਾਈ ਨੱਥਾ ਸਿੰਘ ਵੱਡੀ ਮਾਲਕੀ ਵਾਲਾ ਸੀ। ਸਰਕਾਰੀ ਅਧਿਕਾਰੀ ਉਸ ਤੋਂ ਕਿਸੇ ਪਾਸੇ ਲੜਾਈ ਲੱਗਣ ਕਾਰਨ ਘੋੜੇ ਲੈ ਗਏ। ਨੱਥਾ ਸਿੰਘ ਨੇ ਪਰਾਸ਼ਚਿਤ ਵਜੋਂ ਘੋੜੇ ਵੀ ਅਤੇ ਘੋੜਿਆਂ ਦੀ ਮਾਇਆ ੧੫੦੦ ਰੁਪੈ ਉਹ ਸ੍ਰੀ ਭੈਣੀ ਸਾਹਿਬ ਲੰਗਰ ਵਿੱਚ ਪਾ ਦਿੱਤੀ।[18] ਗੁਰੂ ਹਰੀ ਸਿੰਘ ਜੀ ਜਦੋਂ ਵੀ ਸਰਕਾਰ ਤੋਂ ਛੁੱਟੀ

ਮਿਲਣ ਤੇ ਮਾਲਵੇ ਦਾ ਦੌਰਾ ਕਰਦੇ ਤਾਂ ਆਪ ਜੀ ਗਾਦੜੀਵਾਲੇ ਵੀ ਦਰਸ਼ਨ ਦਿੰਦੇ ਸਨ ਭਾਈ ਨੱਥਾ ਸਿੰਘ ਜੀ ਪਾਸ। ਸੰਮਤ ੧੯੫੭ ਬਿਕਰਮੀ ਮਹੀਨਾ ਪੋਹ ਮੁਤਾਬਿਕ ਦਸੰਬਰ ੧੯੦੦ ਜਾਂ ਜਨਵਰੀ ੧੯੦੧ ਈ,. ਵਿੱਚ ਗੁਰੂ ਜੀ ਗਾਦੜੀ ਵਾਲੇ ਗਏ ਸਨ।[19] ਇਸ ਸਮੇਂ ਭਾਈ ਨੱਥਾ ਸਿੰਘ ਜੀ ਵੀ ਭਾਈ ਬਘੇਲ ਸਿੰਘ ਨਾਰਲੀ ਜਿਉਂ ਬੀਮਾਰ ਚੱਲ ਰਹੇ ਸਨ। ਇਸ ਲਈ ਗੁਰੂ ਜੀ ਨੇ ਸਿੰਘਾਂ ਨੂੰ ਕਿਹਾ ਕਿ ਨੱਥਾ ਸਿੰਘ ਹੋਰੀਂ ਸਿਹਤ ਕਰਕੇ ਠੀਕ ਨਹੀਂ ਇਸ ਲਈ ਜੋ ਵੀ ਪਰਿਵਾਰ ਵਾਲੇ ਹਾਜ਼ਰ ਕਰਨ ਉਸ ਨਾਲ ਲੰਗਰ ਦਾ ਕੰਮ ਚਲਾ ਲਵੋ ਕੋਈ ਵੀ ਵੱਖਰੀ ਮੰਗ ਨਹੀਂ ਕਰਨੀ। ਸ਼ਾਇਦ ਗੁਰੂ ਜੀ ਦਾ ਅਤੇ ਉਹਨਾਂ ਦੇ ਪਿਆਰੇ ਸਿੱਖ ਦਾ ਇਹ ਆਖਰੀ ਮੇਲਾ ਹੀ ਸੀ, ਇਸ ਤੋਂ ਬਾਅਦ ਮਾਲੂਮ ਹੁੰਦਾ ਹੈ ਕਿ ਆਪ ਛੇਤੀ ਹੀ ਚਲਾਣਾ ਕਰ ਗਏ ਸਨ। ਆਪ ਨੇ ਅੰਦਾਜ਼ਨ ਸੱਠ ਕੁ ਵਰ੍ਹਿਆਂ ਦੀ ਆਰਜਾ ਭੋਗੀ ਜਿਸ ਵਿੱਚੋਂ ਕੋਈ ਪੈਂਤੀ ਕੁ ਸਾਲ ਆਪਨੇ ਕੂਕਾ ਅੰਦੋਲਨ ਵਿੱਚ ਸਰਗਰਮ ਭੂਮਿਕਾ ਨਿਬਾਹੀ। ਸ੍ਰੀ ਭੈਣੀ ਸਾਹਿਬ ਗੁਰੂ ਕੇ ਲੰਗਰ ਨੂੰ ਚੱਲਦਾ ਰੱਖਣ ਵਿੱਚ ਉਹਨਾਂ ਦੁਆਰਾ ਘਾਲੀ ਘਾਲਣਾ ਅਤੇ ਵਿਦੇਸ਼ ਵਿੱਚ ਸਤਿਗੁਰੂ ਜੀ ਦੇ ਦਰਸ਼ਨ ਕਰਨ ਜਾਣ ਦਾ ਕੁਰਬਾਨੀ ਵਾਲਾ ਕਾਰਜ, ਉਹਨਾਂ ਦਾ ਮਿਲਾਪੜਾ ਸੁਭਾਉ ਤੇ ਦਾਨ ਵੀਰਤਾ, ਉਹਨਾਂ ਨੂੰ ਨਾਮਧਾਰੀ ਇਤਿਹਾਸ ਦੇ ਪੱਤਰਿਆਂ ਤੇ ਸਦ ਜੀਵਿਤ ਰੱਖੇਗਾ।

ਭਾਈ ਨੱਥਾ ਸਿੰਘ ਦਾ ਪਰਿਵਾਰ ਕਾਫੀ ਵਧਿਆ ਫੁੱਲਿਆ। ਬੇਸ਼ਕ ਉਹਨਾਂ ਦੇ ਪੁਰਖੇ ਬੁੱਢੇ ਦਾ ਕੋਟ, ਜੋ ਬੀੜ ਬਾਬਾ ਬੁੱਢਾ ਜੀ ਪਾਸ ਅੰਮ੍ਰਿਤਸਰ ਜ਼ਿਲ੍ਹੇ ਵਿੱਚ ਹੈ ਤੋਂ ਆਏ ਸਨ, ਹੁਣ ਉਹਨਾਂ ਦਾ ਪਰਿਵਾਰ ਪਿੰਡ ਗਾਦੜੀਵਾਲਾ ਤੋਂ ਇਲਾਵਾ ਜ਼ੀਰਾ, ਮੋਗਾ ਆਦਿ ਸ਼ਹਿਰਾਂ ਵਿੱਚ ਵੀ ਰਹਿੰਦਾ ਹੈ। ਆਪ ਦੇ ਦੋ ਪੁੱਤਰ ਸਨ ਜਗਤ ਸਿੰਘ ਅਤੇ ਭਗਤ ਸਿੰਘ। ਜਗਤ ਸਿੰਘ ਦੇ ਅਤਰ ਸਿੰਘ ਤੇ ਜਵਾਲਾ ਸਿੰਘ ਹੋਏ। ਭਗਤ ਸਿੰਘ ਦਾ ਇੱਕੋ ਲੜਕਾ ਆਲਾ ਸਿੰਘ ਸੀ। ਆਲਾ ਸਿੰਘ ਦਾ ਠਾਕੁਰ ਸਿੰਘ ਅਤੇ ਦੋ ਬੀਬੀਆਂ ਸਨ। ਠਾਕੁਰ ਸਿੰਘ ਦੇ ਕੁਲਦੀਪ ਸਿੰਘ ਅਤੇ ਠਾਣਾ ਸਿੰਘ ਹੋਏ। ਅਤਰ ਸਿੰਘ ਦੇ ਤਿੰਨ ਪੁੱਤਰ ਸਨ ਵੱਡਾ ਨਾਜਰ ਸਿੰਘ ਥਾਣੇਦਾਰ ਅਤੇ ਹਰਚੰਦ ਸਿੰਘ ਤੇ ਦਰਬਾਰਾ ਸਿੰਘ। ਜਵਾਲਾ ਸਿੰਘ ਦੇ ਕਰਤਾਰ ਸਿੰਘ ਤੇ ਨਿਰੰਜਨ ਸਿੰਘ ਸਨ। ਕਰਤਾਰ ਸਿੰਘ ਦਾ ਆਤਮਾ ਸਿੰਘ ਅਤੇ ਨਿਰੰਜਨ ਸਿੰਘ ਦੇ ਕੇਵਲ ਸਿੰਘ, ਕੁਲਵੰਤ ਸਿੰਘ, ਬਲਦੇਵ ਸਿੰਘ ਹਨ। ਥਾਣੇਦਾਰ ਨਾਜਰ ਸਿੰਘ ਦੇ ਗੁਰਨਾਮ ਸਿੰਘ, ਕਰਨੈਲ ਸਿੰਘ ਫੌਜੀ ਅਤੇ ਮਹਿੰਦਰ ਸਿੰਘ ਤਿੰਨ ਪੁੱਤਰ ਅਤੇ ਬੀਬੀ ਮਹਿੰਦਰ ਕੌਰ ਜਿਸ ਦੇ ਸਹੁਰੇ ਮੰਗੇ ਵਾਲਾ (ਮੋਗਾ) ਹਨ। ਕਰਨੈਲ ਸਿੰਘ ਫੌਜੀ ਦਾ ਗੁਰਮੀਤ ਸਿੰਘ ਸ਼ੀਰਾ, ਜੋ ਮਾਰਕੀਟ ਕਮੇਟੀ ਜ਼ੀਰਾ ਦਾ ਸਾਬਕਾ ਚੇਅਰਮੈਨ ਹੈ। ਗੁਰਨਾਮ ਸਿੰਘ ਦੇ ਅਜਮੇਰ ਸਿੰਘ ਅਤੇ ਗੁਰਦੇਵ ਸਿੰਘ ਦੋ ਪੁੱਤਰ ਹਨ। ਗੁਰਦੇਵ ਸਿੰਘ ਨਾਮਧਾਰੀ ਸੰਗਤ ਦਾ ਬਲਾਕ ਪਰਧਾਨ ਹੈ ਅਤੇ ਅਜਮੇਰ ਸਿੰਘ ਪਾਸੋਂ ਲੇਖਕ ਨੇ ੧੯ ਮਈ ੨੦੧੯ ਨੂੰ ਫੋਨ ਤੇ ਬਾਬਾ ਨੱਥਾ ਸਿੰਘ ਪਰਿਵਾਰ ਦੀਆਂ ਪੰਜ ਪੀਹੜੀਆਂ ਦੀ ਜਾਣਕਾਰੀ ਲਈ ਹੈ, ਜਿਸ ਲਈ ਮੈਂ ਉਹਨਾਂ ਦਾ ਆਭਾਰੀ ਹਾਂ।

## ਹਵਾਲੇ ਤੇ ਟਿੱਪਣੀਆਂ


1. ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ (ਸੰ. ਜਸਵਿੰਦਰ ਸਿੰਘ), ਪਹਿਲੀ ਛਾਪ, ਸਫਾ ੧੯੬ (ਹੁਕਮਨਾਮਾ ਨੰ. ੧੨)
2. ਉਹੀ, ਹੁਕਮਨਾਮਾ, ਸਫਾ ੨੦੪
3. ਉਹੀ, ਹੁਕਮਨਾਮਾ ਨੰ. ੬, ਸਫਾ ੧੪੩
4. ਉਹੀ, ਹੁਕਮਨਾਮਾ ਨੰ. ੩, ਸਫਾ ੧੧੦ ਅਤੇ ੧੩੦
5. ਉਹੀ, ਹੁਕਮਨਾਮਾ ਨੰ. ੧੫, ਸਫਾ ੨੧੮
6. ਉਹੀ, ਹੁਕਮਨਾਮਾ ਨੰ. ੪੮, ਸਫਾ ੩੯੯-੪੦੦
7. ਉਹੀ, ਹੁਕਮਨਾਮਾ ਨੰ. ੫੦, ਸਫਾ ੪੦੯
8. ਉਹੀ, ਹੁਕਮਨਾਮਾ ਨੰ. ੬੩, ਸਫਾ ੫੨੨
10. ਕੂਕਾਜ਼ ਆਫ ਨੋਟ ਇਨ ਦਾ ਪੰਜਾਬ, (ਸੰ. ਜਸਵਿੰਦਰ ਸਿੰਘ) ਸਫਾ ੭੮-੭੯
11. ਸੰਤ ਕਾਲਾ ਸਿੰਘ ਨੰਗਲ ਕ੍ਰਿਤ ਸਿੰਘਾਂ ਨਾਮਧਾਰੀਆਂ ਦਾ ਪੰਥ ਪ੍ਰਕਾਸ਼ (ਸੰ. ਦੇਵਿੰਦਰ ਸਿੰਘ ਗਿੱਲ ਜੀਆ ਨੱਥਾ), ੧੦੦ ਸਾਲ ਬਾਦ ਦੂਜੀ ਛਾਪ ੨੦੧੪, ਸ੍ਰੀ ਭੈਣੀ ਸਾਹਿਬ, ਸਫਾ ੧੭੮
12. ਸਤਿਗੁਰੂ ਬਿਲਾਸ ਭਾਗ ਦੂਜਾ- ਸੰਤ ਸੰਤੋਖ ਸਿੰਘ ਬਾਹੋਵਾਲ, (ਸੰ. ਜਸਵਿੰਦਰ ਸਿੰਘ), ਸਫਾ ੧੦੬
13. ਹੁਕਮਨਾਮੇ, ਹੁਕਮਨਾਮਾ ਨੰ. ੨੦, ਸਫਾ ੨੫੨-੬੭
14. ਸਤਿਗੁਰੂ ਬਿਲਾਸ ਭਾਗ ਦੂਜਾ, ਸਫਾ ੧੧੦-੧੧
15. ਹੁਕਮਨਾਮੇ, ਸਫਾ ੪੪੮-੪੬੦ (ਹੁਕਮਨਾਮਾ ਨੰ. ੫੭)
16. ਲਾਇਲ ਸਰਵਿਸਜ਼ ਆਫ ਸ੍ਰ. ਅਤਰ ਸਿੰਘ ਭਦੌੜ (ਸੰ. ਜਸਵਿੰਦਰ ਸਿੰਘ), ਸਫਾ ੯੨
17. ਰੀਬੈਲਜ਼ ਅਗੇਂਸਟ ਦਾ ਬ੍ਰਿਟਿਸ਼ ਰੂਲ (ਸੰ. ਭਾਈ ਨਾਹਰ ਸਿੰਘ ਕਿਰਪਾਲ ਸਿੰਘ), ਸਫਾ ੮੧੫-੨੫
18. ਸਤਿਗੁਰੂ ਬਿਲਾਸ ਭਾਗ ਦੂਜਾ, ਸਫਾ
19. ਉਹੀ ਸਫਾ ੨੭੭

# ਉੱਘੇ ਨਾ-ਮਿਲਵਰਤਨੀਏ—
# ਬਾਬਾ ਸੱਦਾ ਸਿੰਘ "ਕਬੀਰ"
# ਅਤੇ ਕੂਕਿਆਂ ਦੀ 'ਛੂਤੀਆ' ਸ਼ਾਖ

ਸਿੱਖਾਂ ਦੇ ਨਾਮਧਾਰੀ ਸਮੁਦਾਇ ਵਿਚ, ਕੁਝ ਹੋਰ ਵੱਖਰੀ ਪਹਿਚਾਣ ਵਾਲੇ ਛੋਟੇ ਫਿਰਕੇ ਵੀ ਹੋਏ ਹਨ। ਇਤਿਹਾਸ ਦੀ ਦ੍ਰਿਸ਼ਟੀ ਤੋਂ ਇਹਨਾਂ ਦੀ ਜਾਣਕਾਰੀ ਰੱਖਣੀ ਮਹੱਤਵਪੂਰਨ ਹੈ। ਬੇਸ਼ਕ ਕੋਈ ਵੀ ਸੰਪਰਦਾਇ ਆਪਣੀ ਇਕਜੁੱਟਤਾ ਨੂੰ ਤਾਂ ਹਮੇਸ਼ਾ ਬਰਕਰਾਰ ਰੱਖਣਾ ਚਾਹੁੰਦੀ ਹੈ ਪਰ ਜੀਵਨ ਰੌਅ, ਕਈ ਵੇਰ ਇਸ ਤਰ੍ਹਾਂ ਚੱਲਦੀ ਹੈ ਕਿ ਇਸ ਵਿਚ, ਕੁਝ ਉਤਰਾਅ ਚੜ੍ਹਾ ਆ ਜਾਂਦੇ ਹਨ। ਸਤਿਗੁਰੂ ਰਾਮ ਸਿੰਘ ਦੇ ਸਮੇਂ ਤੋਂ ਲੈ ਕੇ ਗੁਰੂ ਹਰੀ ਸਿੰਘ ਅਤੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਮੁੱਢਲੇ ਸਮੇਂ ਤੱਕ, ਕੋਈ ਅੱਧੀ ਸਦੀ ਤੋਂ ਵੀ ਰਤਾ ਵੱਧ ਸਮਾਂ, ਇਕ 'ਛੂਤੀਆ-ਸੰਪ੍ਰਦਾਇ' ਪੰਜਾਬ ਦੀ ਕੂਕਾ ਲਹਿਰ ਵਿਚ, ਵਿੱਦਮਾਨ ਰਹੀ ਹੈ। ਇਸ ਦੇ ਮੋਹਰੀ ਸਿੰਘ ਸਨ, ਬਾਬਾ ਸੱਦਾ ਸਿੰਘ "ਕਬੀਰ"।

ਬਾਬਾ ਸੱਦਾ ਸਿੰਘ ਦਾ ਜਨਮ, ਪਿੰਡ ਫਰਵਾਹੀ, ਰਿਆਸਤ ਪਟਿਆਲਾ ਵਿਚ ਪਿਤਾ ਜੋਧਾ ਅਤੇ ਮਾਤਾ ਸਾਹਿਬ ਦੇਈ ਦੇ ਘਰ, ਸੰਬਤ ਬਿਕਰਮੀ ੧੯੮੬ (ਮੁਤਾਬਿਕ ੧੮੨੯ ਈ.), ਕੱਤਕ ਦੀ ਇਕਾਦਸ਼ੀ ਨੂੰ ਹੋਇਆ।[1] ਆਪ ਨਾਮਦੇਵ ਬੰਸੀ, ਛੀਂਬਾ ਜਾਤੀ ਨਾਲ ਸਬੰਧਿਤ ਸਨ। ਆਪ ਚਾਰ ਭਾਈ ਸਨ। ਰੇਜੇ ਚਾਦਰਾਂ ਆਦਿ ਦੇ ਚੰਦੇ ਠੇਕਣ ਦਾ ਕੰਮ ਕਰਿਆ ਕਰਦੇ ਸਨ। ਸੁਭਾਅ ਮੁੱਢ ਤੋਂ ਹੀ ਸਾਧ ਸੇਵੀ ਸੀ। ਦਸਾਂ ਨਹੁੰਆਂ ਦੀ ਕਿਰਤ ਕਮਾਈ ਨਾਲ ਪਰਿਵਾਰ ਦੀ ਉਦਰ ਪੂਰਤੀ ਕਰਦੇ ਅਤੇ ਪਾਸ ਆਏ ਪਰਮਾਰਥੀ ਸੁਭਾਅ ਵਾਲੇ, ਸਾਧੂ ਸੰਤ ਦੀ ਵੀ ਟਹਿਲ ਸੇਵਾ ਕਰਦੇ ਸਨ। ਆਪ ਦੀ ਪਹਿਲੀ ਸ਼ਾਦੀ ਪਿੰਡ ਗਹਿਲ (ਰਿਆਸਤ ਪਟਿਆਲਾ) ਦੀ ਬੀਬੀ ਰਾਜ ਕੌਰ ਨਾਲ ਦੁਨਿਆਵੀ ਰੀਤੀ, ਜੋ ਉਸ ਸਮੇਂ ਪ੍ਰਚਲਿਤ ਸੀ, ਦੇ ਅਨੁਸਾਰ ਹੋਈ। ਇਸ ਵਿਆਹ ਤੋਂ ਦਸ ਸਾਲ ਬਾਅਦ ਤੱਕ ਆਪ ਫਰਵਾਹੀ ਪਿੰਡ ਵਿਚ ਰਹਿ ਕੇ ਹੀ ਕਾਰ ਵਿਹਾਰ ਕਰਦੇ ਰਹੇ। ਉੱਤਮ ਸਿੰਘ ਨਾਮ ਦਾ ਇਕ ਪੁੱਤਰ ਵੀ ਆਪ ਦੇ ਘਰ ਪੈਦਾ ਹੋਇਆ।[2]

ਸੰਤ ਇੰਦਰ ਸਿੰਘ ਚੱਕਰਵਰਤੀ ਦੀ ਲਿਖਤ ਅਨੁਸਾਰ "ਇਕ ਰਾਤ ਆਪ ਨੂੰ ਸੁੱਤਿਆਂ ਪਿਆਂ ਅੰਮ੍ਰਿਤ ਵੇਲੇ ਆਵਾਜ਼ਾ ਹੋਇਆ ਕਿ ਭਾਈ ਸੱਦਾ (ਸਿੰਘ) ਤੂੰ ਬਹੁਤ ਪਛੜ ਗਿਆ ਹੈਂ, ਛੇਤੀ ਭੈਣੀ ਸਾਹਿਬ ਪੁੱਜ।"

ਇਹ ੧੮੫੯ ਈ. ਦੇ ਲਾਗੇ ਚਾਗੇ ਦਾ ਸਮਾਂ ਸੀ। ਸਤਿਗੁਰੂ ਰਾਮ ਸਿੰਘ ਜੀ ਦੀ ਸ਼ੁਭ ਸਿੱਖਿਆ ਦੇ ਖਿੱਚੇ ਹੋਏ ਅਨੇਕਾਂ ਜਗਿਆਸੂ, ਰੋਜ਼ ਸ੍ਰੀ ਭੈਣੀ ਸਾਹਿਬ ਦੇ ਰਾਹ ਦੇ ਪਾਂਧੀ ਬਨਣ ਦਾ ਫ਼ਖ਼ਰ ਹਾਸਲ ਕਰ ਰਹੇ ਸਨ। ਜਿਸ ਤਰ੍ਹਾਂ ਕਿਹਾ ਜਾਂਦਾ ਹੈ ਕਿ ਜਦੋਂ

ਸੂਰਜ ਚੜ੍ਹਦਾ ਹੈ ਤਾਂ ਉਸ ਦਾ ਪ੍ਰਕਾਸ਼ ਧਰਤੀ ਦੇ ਦੂਰ ਦੁਰਾਡੇ, ਹਨੇਰੇ ਕੋਨਿਆਂ ਤੱਕ ਅੱਪੜ ਜਾਂਦਾ ਹੈ ; ਇਉਂ ਹੀ ਸਤਿਗੁਰੂ-ਸੂਰਜ ਦੀਆਂ ਰਿਸ਼ਮਾਂ ਵਿਸ਼ੇ ਵਿਕਾਰਾਂ ਅਤੇ ਬਸਤੀਵਾਦੀ ਵਿਦੇਸ਼ੀ ਹਾਕਮਾਂ ਅਤੇ ਉਹਨਾਂ ਦੇ ਚਾਟੜੇ, ਦੇਸੀ ਰਾਜੇ ਰਜਵਾੜਿਆਂ ਦੀ ਗੁਲਾਮੀ ਵਿਚ, ਸੁੱਤੀ ਲੋਕਾਈ ਨੂੰ ਜਗਾਉਣ ਦਾ ਕੰਮ ਕਰ ਰਹੀਆਂ ਸਨ। ਸਤਿਗੁਰੂ ਜੀ ਸ੍ਰੀ ਭੈਣੀ ਸਾਹਿਬ ਸਥਿੱਤ, ਪਿੰਡ ਦੀ ਵਸੋਂ ਤੋਂ, ਰਤਾ ਪਸਿੱਤੇ ਆਪਣੇ ਤਪ ਸਥਾਨ, ਅਕਾਲ ਬੁੰਗੇ ਵਿਖੇ, ਦਰਸ਼ ਅਭਿਲਾਖੀਆਂ ਦੇ ਤਪਤ ਰਿਦੇ ਸ਼ਾਂਤ ਕਰ ਰਹੇ ਸਨ। ਉਹਨਾਂ ਨੂੰ ਸ਼ੁਭ ਮਾਰਗ ਤੇ ਚੱਲਣ ਦਾ, ਵਕਤ ਦੇ ਹਾਲਾਤ ਨੂੰ ਤਿੱਖਾ ਮੋੜ ਕਟਾਉਣ ਵਾਲਾ, ਜੀਵਨ ਮਰਨ ਤੋਂ ਰਹਿਤ ਕਰਨ ਵਾਲਾ, ਮੁਕਤਦਾਈ ਉਪਦੇਸ਼ ਦੇ ਰਹੇ ਸਨ। ਬਾਬਾ ਜੀ ਦੂਰੋਂ ਸੀਸ ਨਿਵਾ ਕੇ ਰਤਾ ਹਟਵੇਂ ਸੰਗਤ ਵਿਚ ਬੈਠ ਗਏ। ਸਤਿਗੁਰੂ ਜੀ ਨੇ ਇਸ਼ਾਰੇ ਨਾਲ ਬਾਰੀ ਖੋਹਲ ਕੇ, ਆਪਣੇ ਪਾਸ ਬੁਲਾਇਆ ਅਤੇ ਸੰਗਤ ਨੂੰ ਮੁਖਾਤਿਬ ਹੋ ਕੇ ਫਰਮਾਇਆ—"ਏਹ ਕਬੀਰ ਭਗਤ ਹੈ ਦਰਸ਼ਨ ਕਰ ਲਵੋ।" ਇਉਂ ਬਾਬਾ ਜੀ ਦੇ ਨਾਮ ਨਾਲ ਉਹਨਾਂ ਦੇ ਪੇਸ਼ੇ ਦੇ ਸਮਰੂਪ, ਭਗਤ ਸ਼ਿਰੋਮਣੀ ਕਬੀਰ ਜੀ ਦਾ ਵੱਡਾ ਨਾਉਂ, ਸਦਾ ਲਈ ਜੁੜ ਗਿਆ ਅਤੇ ਉਹਨਾਂ ਨੂੰ ਸੱਦਾ ਸਿੰਘ "ਕਬੀਰ" ਕਿਹਾ ਜਾਣ ਲੱਗਾ।[3]

ਹੁਣ ਸਤਿਗੁਰੂ ਜੀ ਨੇ ਆਪ ਨੂੰ ਇਸ਼ਨਾਨ ਕਰਕੇ ਸਾਫ ਬਸਤਰ ਪਹਿਨ ਕੇ ਆਉਣ ਦਾ ਹੁਕਮ ਕੀਤਾ ਅਤੇ ਜਦੋਂ ਹਜ਼ੂਰੀ ਵਿਚ ਆਏ ਤਾਂ ਫਿਰ ਕੰਨਾਂ ਵਿਚ ਚੌਅੱਖਰੇ ਦਾ ਭਜਨ ਦੇ ਦਿੱਤਾ ਆਪਣੀ ਰਸਨਾ ਦੁਆਰਾ। ਹਜ਼ਾਰਾਂ ਹੋਰਨਾਂ ਕੂਕਿਆਂ ਜਿਉਂ, ਸਤਿਗੁਰੂ ਜੀ ਦੁਆਰਾ ਦਿੱਤੀ ਭਜਨ ਦੀ ਇਸ ਦਾਤ ਨੇ ਸੱਦਾ ਸਿੰਘ ਹੋਰਾਂ ਨੂੰ ਵੀ ਇਕ ਵੇਰ ਬਦੇਹ ਅਵਸਥਾ ਵਿਚ ਪੁਜਾ ਦਿੱਤਾ। ਮਸਤੀ ਦੀ ਹਾਲਤ ਤਾਰੀ ਹੋ ਗਈ। ਬੜੇ ਦਿਨ ਇਸੇ ਮੌਜ ਵਿਚ ਬਤੀਤ ਹੋਏ, ਫਿਰ ਆਪ ਜੀ ਨੇ ਸਤਿਗੁਰੂ ਜੀ ਨੂੰ ਬੇਨਤੀ ਕੀਤੀ ਕਿ ਮਨ ਹੁਣ ਇਸ ਦਰ ਨੂੰ ਛੱਡ ਕੇ ਹੋਰ ਕਿਤੇ ਜਾਣਾ ਨਹੀਂ ਮੰਨਦਾ ਤਾਂ ਸਤਿਗੁਰੂ ਜੀ ਨੇ ਹੁਕਮ ਕੀਤਾ ਕਿ ਫਿਰ ਬੇਸ਼ਕ ਸਾਰਾ ਪਰਿਵਾਰ ਹੀ ਇੱਥੇ ਲੈ ਆਵੋ। ਸੋ ਬਾਬਾ ਜੀ ਘਰ ਗਏ। ਜੀਅ ਜੰਤ ਨੂੰ ਲੈ ਆਏ ਅਤੇ ਸਾਰਿਆਂ ਨੂੰ ਸਤਿਗੁਰੂ ਜੀ ਦੁਆਰਾ ਨਾਮ ਦੇ ਬੇੜੇ ਵਿਚ ਸੁਆਰ ਕਰਵਾ ਕੇ ਨਾਮਧਾਰੀ ਪੰਥ ਵਿਚ ਸ਼ਾਮਲ ਕਰ ਦਿੱਤਾ। ਹੁਣ ਬਾਬਾ ਜੀ ਸਮੇਤ ਪਰਿਵਾਰ ਇਸ ਇਲਾਹੀ ਰੰਗਣ ਵਿਚ ਅੱਠੇ ਪਹਿਰ ਰੰਗੇ ਰਹਿੰਦੇ। ਥੋਹੜਾ ਛਕਦੇ, ਥੋਹੜਾ ਸੌਂਦੇ ਅਤੇ ਰਾਤ ਨੂੰ ਵੀ ਕੇਸਾਂ ਨੂੰ ਕਿੱਲੀ ਨਾਲ ਬੰਨ੍ਹ ਕੇ ਬੰਦਗੀ ਵਿਚ ਲਿਵਲੀਨ ਰਹਿੰਦੇ। ਹਰ ਨਾਮਧਾਰੀ ਸਿੰਘ ਜਿਉਂ ਸਵਾ ਪਹਿਰ ਰਾਤ ਰਹਿੰਦੀ ਤੋਂ ਉੱਠਣਾ। ਨਾਮ ਸਿਮਰਨ ਤੋਂ ਇਲਾਵਾ ਰੋਜ਼ਾਨਾ ਸਾਰੀ ਪੰਜ ਗ੍ਰੰਥੀ ਦਾ ਪਾਠ ਅਤੇ ਪੰਜਾਹ ਪੱਤਰੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੜ੍ਹਦੇ। ਇਸ ਕਮਾਏ ਹੋਏ ਜੀਵਨ ਦੇ ਫਲ ਵਜੋਂ ਰਸਨਾਂ ਵਿਚ ਨਾਮ ਬਾਣੀ ਦਾ ਪਰਵਾਹ ਚੱਲਣ ਸਦਕਾ ਐਸੀ ਤਾਸੀਰ ਆ ਗਈ ਕਿ ਆਪ ਦੇ ਬਚਨ ਸੁਣਨ ਵਾਸਤੇ ਇਰਦ ਗਿਰਦ ਪਰੇਮੀਆਂ ਦੀ ਵੱਡੀ ਭੀੜ ਜੁੜਣ ਲੱਗ ਪਈ। ਆਪ ਦੇ ਮਸਤ ਬਚਨ ਸੁਣਨ ਵਾਲੇ ਸਰੋਤੇ ਵੀ ਮਸਤਾਨੇ ਹੋ ਜਾਂਦੇ। ਉੱਚਾ ਸੁੱਚਾ ਜੀਵਨ ਵੇਖ ਕੇ ਬਹੁਤ ਸਾਰੇ ਸਿੰਘ ਪ੍ਰਭਾਵਿਤ ਹੁੰਦੇ ਅਤੇ ਆਪ ਦੇ ਸੰਗੀ ਸਾਥੀ ਬਣ ਕੇ ਕੂਕਾ ਲਹਿਰ ਦੇ ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਅਕੀਦਿਆਂ

ਦੀ ਪੂਰਤੀ ਹਿੱਤ ਅੱਠੇ ਪਹਿਰ ਨਾਲ ਵਿਚਰਣ ਵਾਲੇ ਸਾਥੀ, ਆਪ ਜੀ ਦੇ ਨਾਲ ਰਹਿਣ ਵਾਲੇ ਤਿਆਰ ਬਰ ਤਿਆਰ ਹਾਜ਼ਰ ਰਹਿੰਦੇ। ਚੱਕਰਵਰਤੀ ਜੀ ਦੀ ਲਿਖਤ ਦੇ ਮੁਤਾਬਕ ਅਗਲੇ ਸਮਿਆਂ ਵਿਚ ਇਸ ਛੂਤੀਆਂ ਦੀ ਸ਼ਾਖ ਦੀ ਗਿਣਤੀ ੩੦੦੦ ਤੱਕ ਅੱਪੜ ਗਈ ਸੀ।[4]

ਹੁਣ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਜਨ ਕਲਿਆਣ ਲਈ ਜਦੋਂ ਪੰਜਾਬ ਦੇ ਵੱਖ-ਵੱਖ ਖਿੱਤਿਆਂ ਵਿਚ ਆਪਣੇ ਪ੍ਰਚਾਰ ਦੌਰਿਆਂ ਤੇ ਨਿਕਲਦੇ ਤਾਂ ਭਾਈ ਸੱਦਾ ਸਿੰਘ ਕਬੀਰ ਅਤੇ ਉਹਨਾਂ ਦੇ ਸਾਥੀ ਵੀ ਹਜ਼ੂਰੀ ਦੌਰੇ ਦਾ ਭਾਗ ਬਣਨ ਦਾ ਮਾਨ ਹਾਸਲ ਕਰਨ ਲੱਗ ਪਏ। ਕਬੀਰ ਜੀ ਦੇ ਜਥੇ ਦੀ ਮਰਿਆਦਾ ਬੜੀ ਕਰੜੀ ਸੀ। "ਲੰਗਰ ਅੱਠੀਂ ਪਹਿਰੀਂ ਕਰਦੇ। ਲੱਕੜਾਂ ਧੋ ਕੇ ਬਾਲਦੇ। ਦਾਣੇ ਵੀ ਧੋ ਕੇ ਹੀ ਪੀਂਹਦੇ। ਸਿੰਘ ਤੇ ਸਿੰਘਣੀਆਂ ਸਭ ਭੂਰੇ ਦੇ ਬਸਤਰ ਪਹਿਨਦੇ। ਸਿੰਘਣੀਆਂ ਦੇ ਪਰਦੇ ਘੁੰਡ ਆਦਿਕ ਸਭ ਦੂਰ ਕਰਾ ਦਿੱਤੇ ਜਾਂਦੇ। ਸਣੇ ਕੇਸੀਂ ਇਸ਼ਨਾਨ ਬਾਲਕਾਂ ਤੱਕ ਵੀ ਕਰਾ ਦਿੰਦੇ। ਸਭ ਜਥੇ ਦੇ ਸਰੀਰਾਂ ਪਾਸੋਂ ਭਜਨ ਬਾਣੀ ਕਰਵਾਂਦੇ। ਏਥੇ ਇਹ ਗੱਲ ਜ਼ਰੂਰੀ ਦੱਸਣ ਵਾਲੀ ਹੈ ਕਿ ਲੰਗਰ ਆਪ ਰਾਤ (ਸ਼ਾਮ) ਨੂੰ ਹੀ ਕਰਦੇ ਤੇ ਹਮੇਸ਼ਾਂ ਆਪਣੇ ਹੀ ਹੱਥਾਂ ਦਾ ਪਰਸ਼ਾਦਾ ਛਕਦੇ। ਮਿੱਟੀ ਦੇ ਭਾਂਡੇ ਤੇ ਕਲਈ ਕੀਤੇ ਹੋਏ ਬਰਤਨ, ਬਿਲਕੁਲ ਨਹੀਂ ਸਨ ਵਰਤਦੇ।

"ਇਹਨਾਂ ਉਪਰੋਕਤ ਅਸੂਲਂ ਨੂੰ ਵੇਖ ਕੇ ਸੰਗਤ ਆਪ ਨੂੰ ਛੂਤੀਏ ਕਹਿਣ ਲੱਗ ਪਈ।"[5]

ਇਹ ਭੂਰਿਆਂ ਦਾ ਪਹਿਰਾਵਾ ਅਠਾਰ੍ਹਵੀਂ ਸਦੀ ਦੇ ਸਿੱਖਾਂ ਦਾ ਵੀ ਸੀ। ਸਾਡੇ ਪਾਸ ਦੋ ਪ੍ਰਮੁੱਖ ਪੰਜਾਬੀ ਕਵੀਆਂ ਦੀਆਂ ਗਵਾਹੀਆਂ ਹਨ।

"ਭੂਰਿਆਂ ਵਾਲੇ ਰਾਜੇ ਕੀਤੇ।
ਮੁਗਲਾਂ ਜ਼ਹਿਰ ਪਿਆਲੇ ਪੀਤੇ।"

—ਬੁੱਲ੍ਹੇ ਸ਼ਾਹ

ਸ਼ਿਰੋਮਣੀ ਕਿੱਸਾਕਾਰ ਵਾਰਿਸ ਸ਼ਾਹ, ਹੀਰ ਦੀਆਂ ਅੱਖਾਂ ਵਿਚ ਪਾਏ ਸੁਰਮੇ ਦੀ ਤਸ਼ਬੀਹ, ਪੰਜਾਬ ਦੀ ਕਾਲੇ ਭੂਰਿਆਂ ਵਾਲੀ ਸਿੱਖ ਸੈਨਾ ਦਾ ਹਿੰਦ ਦੀ ਮੁਗਲ ਸੈਨਾ ਉੱਤੇ ਆਕਰਮਣ ਨਾਲ ਕਰਦਾ ਹੈ।

"ਸੁਰਮਾਂ ਨੈਣਾਂ ਦੀ ਧਾਰ ਵਿਚ ਫੱਬ ਰਿਹਾ,
ਚੜ੍ਹਿਆ ਹਿੰਦ ਤੇ ਕਟਕ ਪੰਜਾਬ ਦਾ ਜੀ।"

ਭਾਈ ਸੰਤੋਖ ਸਿੰਘ ਬਾਹੋਵਾਲ ਦੇ ਮੁਤਾਬਿਕ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਅਕਸਰ ਫੁਰਮਾਇਆ ਕਰਦੇ ਸਨ—"ਭੂਰਿਆਂ ਵਾਲੇ ਮੇਰੇ ਪਿਆਰੇ ਹਨ।"[6] ਰਹਿਤ ਮਰਿਆਦਾ ਵਿਚ ਪਰਪੱਕ ਹੋ ਕੇ, ਉੱਚ ਮਾਨਵੀ ਕਦਰਾਂ ਕੀਮਤਾਂ ਨਾਲ ਭਰਪੂਰ ਜੀਵਨ ਜਾਚ ਵਾਲੇ ਸਿੰਘਾਂ ਨੂੰ, ਸਤਿਗੁਰੂ ਜੀ ਹਮੇਸ਼ਾਂ ਖੁਸ਼ੀਆਂ ਬਖਸ਼ਿਆ ਕਰਦੇ ਸਨ। ਅਜਿਹੀਆਂ ਖੁਸ਼ੀਆਂ ਦੇ ਪਾਤਰ, ਭਾਈ ਸੱਦਾ ਸਿੰਘ ਅਤੇ ਉਹਨਾਂ ਦੀ ਸ਼ਾਖਾ ਛੂਤੀਏ ਵਾਲੇ ਸਿੰਘ, ਅਕਸਰ ਬਣਦੇ ਸਨ। ਸਤਿਗੁਰੂ ਜੀ ਦੇ ਭਾਣੇ ਵਿਚ ਰਹਿ ਕੇ, ਆਉਣ ਵਾਲੇ ਬਿਪਤਾ

ਦੇ ਸਮੇਂ ਵਿਚ, ਛੂਤੀਏ ਸਿੰਘਾਂ ਨੇ ਅਡੋਲ ਰਹਿਕੇ ਭਾਰੀ ਕੁਰਬਾਨੀਆਂ ਵੀ ਦੇਣੀਆਂ ਸਨ ਜਿਹਦੇ ਲਈ, ਭਾਈ ਸੱਦਾ ਸਿੰਘ, ਇਹਨਾਂ ਸਿੰਘਾਂ ਦੀ ਘਾੜਤ ਆਪਣੀ ਅਦੁੱਤੀ 'ਛੂਤੀਆ ਟਕਸਾਲ' ਵਿਚ ਘੜ ਰਹੇ ਸਨ।

ਜਦੋਂ ਸਤਿਗੁਰੂ ਰਾਮ ਸਿੰਘ ਜੀ ਮਾਲਵੇ ਦਾ ਦੌਰਾ ਕਰਦੇ ਹੋਏ ਲੋਹਗੜ੍ਹ (ਲੁਧਿਆਣਾ) ਵਿਖੇ ਪੁੱਜੇ ਤਾਂ ਇੱਥੇ ਆਪ ਨੇ ਭਾਈ ਸੱਦਾ ਸਿੰਘ ਨੂੰ ਬੜੇ ਵਰ ਦਿੱਤੇ ਸਨ। ਰਵਾਇਤ ਹੈ ਕਿ ਭਾਈ ਸੱਦਾ ਸਿੰਘ ਇਕ ਪੁਰਾਣੀ ਨਿੰਮ ਦਾ ਰੁੱਖ ਵੇਖ ਕੇ ਰੁਕ ਗਏ ਅਤੇ ਨਾਲ ਦੇ ਸਿੰਘਾਂ ਨੂੰ ਇਸ ਦੀਆਂ ਪਰਕਰਮਾਂ ਕਰਨ ਦਾ ਕਾਰਨ ਪੁੱਛਣ ਤੇ ਦੱਸਿਆ ਕਿ ਸੌ ਕੁ ਸਾਲ ਪਹਿਲਾਂ ਹੋਰ ਦੋ ਸਿੰਘਾਂ ਸਮੇਤ, ਅਸੀਂ ਇੱਥੇ ਤਪ ਕੀਤਾ ਸੀ। ਸਤਿਗੁਰੂ ਜੀ ਦੇ ਪੁੱਛਣ ਤੇ ਕਿ ਪਛੜ ਕੇ ਦੀਵਾਨ ਵਿਚ ਕਿਉਂ ਆਏ ਹੋ ਨਾਲ ਦੇ ਸਿੰਘਾਂ ਨੇ ਇਹ ਵਾਰਤਾ ਕਹਿ ਸੁਣਾਈ ਤਾਂ ਸਤਿਗੁਰੂ ਜੀ ਬਹੁਤ ਖੁਸ਼ੀ ਵਿਚ ਆ ਕੇ ਬੋਲਾ ਕੀਤਾ- ਵਾਹ! ਕਬੀਰ!! ਵਾਹ ਤੇਰੀ ਕਮਾਈ। ਖ਼ਾਲਸਾ ਜੀ! ਕਬੀਰ, ਫਰੀਦ ਆਦਿਕ ਸਾਰੇ ਭਗਤ ਆਦਿਕ ਇਸ ਪੰਥ ਵਿਚ ਆ ਮਿਲੇ ਹਨ।[7] ਜਦੋਂ ਕੋਈ ਅੰਦੋਲਨ ਫੈਲ ਰਿਹਾ ਹੁੰਦਾ ਹੈ, ਲੋਕ ਲਹਿਰ ਵੱਧ ਰਹੀ ਹੁੰਦੀ ਹੈ ਤਾਂ ਬਹੁਤ ਸਾਰੇ ਲੋਕ ਵਿਸ਼ਵਾਸ ਵੀ ਉਸ ਦਾ ਹਿੱਸਾ ਬਣ ਜਾਂਦੇ ਹਨ। ਇਹ ਅੰਦੋਲਨ ਦੀ ਸਰਬ ਵਿਆਪਕਤਾ ਦਾ ਪ੍ਰਮਾਣ ਹੁੰਦੇ ਹਨ। ਸਤਿਗੁਰੂ ਰਾਮ ਸਿੰਘ ਜੀ ਦੁਆਰਾ ਸੰਚਾਲਿਤ ਕੂਕਾ ਲਹਿਰ ਨਿਤ ਨਵੇਂ ਸੂਰਜ ਨਵੇਂ ਲੋਕਾਂ ਨੂੰ ਜੋ ਕਿਰਤੀ ਸਨ, ਕਿਸਾਨ ਸਨ, ਭਾਈ ਸੱਦਾ ਸਿੰਘ ਜਿਹੇ ਦਸਤਕਾਰ ਸਨ ਆਪਣੇ ਕਲਾਵੇ ਵਿਚ ਲੈ ਰਹੀ ਸੀ। ਸਾਧਾਰਨ ਲੋਕਾਂ ਨੂੰ ਲਹਿਰ ਇਸ ਲਈ ਵੀ ਖਿੱਚ ਪਾਉਂਦੀ ਹੈ ਕਿ ਉਹ ਵੇਲਾ ਵਿਹਾ ਚੁੱਕੀਆਂ ਥੋਥੀਆਂ, ਅਰਥਹੀਣ ਰਸਮਾਂ ਤੋਂ ਮੁਕਤ ਹੋਣਾ ਚਾਹੁੰਦੇ ਹਨ। ਸਰਕਾਰ ਅਤੇ ਪੁਰੋਹਿਤ ਵਰਗ ਦੇ ਜਟਿਲ ਕਰਮਕਾਂਡੀ ਦਮਨ ਤੰਤਰ ਵਿਚ ਦਰੜੀ ਹੋਈ ਉਹਨਾਂ ਦੀ ਆਤਮਾ ਸੁਤੰਤਰਤਾ ਦੇ ਆਕਾਸ਼ ਵਿਚ ਉਡਾਰੀਆਂ ਲਾਉਣਾ ਲੋਚਦੀ ਹੈ। ਸਤਿਗੁਰੂ ਜੀ ਨੇ ਸਾਧਾਰਨ ਮਨੁੱਖਾਂ ਨੂੰ, ਉਹਨਾਂ ਦੀ ਕਹਿਣੀ ਅਤੇ ਕਰਨੀ ਵਿਚ ਕੋਈ ਪਾੜਾ ਨਾ ਵੇਖ ਕੇ ਆਪਣੇ ਅੰਦੋਲਨ ਵਿਚ ਸ਼ਾਮਲ ਹੋਣ ਤੇ ਵੱਡਾ ਮਾਣ ਤਾਣ ਵੀ ਬਖਸ਼ਿਆ। ਉਹਨਾਂ ਦੀ ਕਰਤਾਰੀ ਪ੍ਰਤਿਭਾ ਨੂੰ, ਜਿਹੜੀ ਪਹਿਚਾਣ ਦਾ ਸੰਕਟ ਹੰਡਾ ਕੇ ਅਣਗੌਲੇਪਨ ਦਾ ਸ਼ਿਕਾਰ ਹੋਈ ਸ਼ਿਥਲ ਅਵਸਥਾ ਵਿਚ ਸੀ, ਉਸ ਨੂੰ ਘੋਖ ਪਰਖ ਕੇ, ਟੁੰਬ ਕੇ ਜਾਗਰਿਤ ਕੀਤਾ ਅਤੇ ਉਸ ਦੇ ਜਲੌਅ ਨਾਲ ਆਲਾ ਦੁਆਲਾ ਪ੍ਰਕਾਸ਼ਮਾਨ ਹੋਇਆ ਅਤੇ ਨਵੇਂ ਲੋਕਾਂ ਤਕ ਕਰਵਟ ਬਦਲ ਰਹੀ, ਪੰਜਾਬ ਦੀ ਧਰਤੀ ਦੀ ਆਹਟ ਪੁੱਜਣ ਲੱਗ ਪਈ ਜੋ ਲੰਮੇ ਸਮੇਂ ਤੋਂ ਇਸੇ ਉਡੀਕ ਵਿਚ ਬੈਠੇ ਸਨ। ਭਾਈ ਸੱਦਾ ਸਿੰਘ ਅਤੇ ਉਹਨਾਂ ਦੇ ਜਥੇ ਵਿਚ ਸ਼ਾਮਲ ਹੋਏ ਇਹੋ ਜਿਹੇ ਲੋਕ ਨਾਇਕ ਹੀ ਲੋਕ ਲਹਿਰਾਂ ਦਾ ਮਾਣ ਬਣਿਆ ਕਰਦੇ ਹਨ।

ਕੂਕਾ ਲਹਿਰ ਦੇ ਸਿਆਸੀ ਤੱਤ ਨੂੰ ਭਾਈ ਸੱਦਾ ਸਿੰਘ ਕਬੀਰ ਅਤੇ ਉਸਦੇ ਜਥੇ ਦੇ ਸਿੰਘਾਂ ਨੇ ਕਿਵੇਂ ਗ੍ਰਹਿਣ ਕੀਤਾ ਇਸ ਦਾ ਸਟੀਕ ਵਰਣਨ ਸੰਤ ਇੰਦਰ ਸਿੰਘ ਚੱਕਰਵਰਤੀ ਜੀ ਦੇ ਸ਼ਬਦਾਂ ਵਿਚ ਹੀ ਪੜ੍ਹਨਾ ਠੀਕ ਰਹੇਗਾ। "ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮ ਅਨੁਸਾਰ ਨਾ ਮਿਲਵਰਤਨ ਲਹਿਰ ਦੀ ਜਿਸ ਤਰ੍ਹਾਂ ਅਮਲੀ ਵਰਤੋਂ ਸ੍ਰੀ

ਬਾਬਾ ਜੀ ਨੇ ਕੀਤੀ, ਉਸ ਦਾ ਅੰਦਾਜ਼ਾ ਹੇਠ ਲਿਖੇ ਕੁਝ ਸ਼ਬਦਾਂ ਤੋਂ ਲੱਗ ਸਕਦਾ ਹੈ—

"ਆਪ ਜਾਂ ਆਪ ਦਾ ਕੋਈ ਵੀ ਸਾਥੀ ਗੱਡੀ ਤੇ ਨਹੀਂ ਸਨ ਚੜ੍ਹਦੇ। ਡੱਬੀ ਦੀ ਤੀਲੀ ਵੀ ਨਹੀਂ ਸਨ ਵਰਤਦੇ। ਸਰਕਾਰੀ ਪਾਣੀ (ਨਹਿਰ ਦੇ ਨਾਲ) ਹੱਥ ਵੀ ਨਹੀਂ ਸਨ ਧੋਂਦੇ। ਏਥੋਂ ਤੱਕ ਕਿ ਜੋ ਰੁੱਖ ਨਹਿਰ ਜਾਂ ਸੂਏ ਦੇ ਕੰਢੇ ਤੇ ਹੋਵੇ ਉਸ ਦੀ ਦਾਤਨ ਵਗੈਰਾ ਤਾਂ ਕਿਤੇ ਰਹੀ, ਉਸ ਦੀ ਛਾਵੇਂ ਵੀ ਆਪ ਨਾ ਬੈਠਦੇ, ਨਾ ਹੀ ਨਾਲ ਦੇ ਸਿੰਘਾਂ ਨੂੰ ਬੈਠਣ ਦੇਂਦੇ। ਪੁੱਛਣ ਤੇ ਆਪ ਕਿਹਾ ਕਰਦੇ ਕਿ ਜਦੋਂ ਤੁਸੀਂ ਧੁੱਪ ਤੋਂ ਵਿਆਕੁਲ ਹੋਏ ਇਸ ਰੁੱਖ ਦੀ ਛਾਵੇਂ ਬੈਠੋਗੇ, ਤੁਹਾਨੂੰ ਸੁਖ ਤੇ ਅਵੱਸ਼ਯ ਹੀ ਮਿਲੇਗਾ। ਤਦ ਤੁਸੀਂ ਕਹੋਗੇ ਕਿ ਧੰਨ ਅੰਗਰੇਜ਼ ਹੈ, ਜਿਸ ਦੀ ਕ੍ਰਿਪਾ ਨਾਲ ਨਹਿਰਾਂ ਆਈਆਂ, ਰੁੱਖ ਉੱਗੇ, ਤੇ ਅਸਾਂ ਠੰਢੀ ਛਾਂ ਮਾਣੀ।

"ਬਾਬਾ ਜੀ ਆਪ ਖ਼ੁਦ ਜਾਂ ਕਿਸੇ ਵੀ ਆਪਣੇ ਨਾਲ ਦੇ ਸਿੰਘ ਨੂੰ ਸਰਕਾਰੀ ਪਾਣੀ ਵਾਲੀ ਪੈਲੀ ਵਿਚ ਭਿਆਲ ਵੀ ਨਾ ਹੋਣ ਦੇਂਦੇ।"[8]

ਬਾਬਾ ਜੀ ਆਪਣਾ ਬਾਣਾ ਗੁਰਮੁਖੀ ਢੰਗ ਦੇ ਸਫੈਦ ਬਸਤਰਾਂ ਵਾਲਾ ਰੱਖਦੇ ਸਨ ਅਤੇ ਇਹੋ ਆਪ ਦੇ ਸਾਥੀ ਸਿੰਘਾਂ ਦੀ ਪੁਸ਼ਾਕ ਸੀ। ਸਫਰ ਕਰਦਿਆਂ ਰਸਤੇ ਵਿਚ ਇਕ ਦੂਜੇ ਨਾਲ ਬਚਨ ਬਿਲਾਸ ਦੀ ਸਖਤ ਮਨਾਹੀ ਸੀ। ਸਿਰਫ ਇਕ ਸਿੰਘ ਨੂੰ ਛੋਟ ਹੁੰਦੀ ਸੀ ਰਾਹ ਪੁੱਛਣ ਵਾਲੇ ਨੂੰ। ਬਾਕੀ ਜੱਥਾ ਸਿਮਰਨ ਜਾਂ ਬਾਣੀ ਵਿਚ ਲੀਨ ਰਹਿੰਦਾ, ਕਿਉਂਕਿ ਆਪ ਦੇ ਜਥੇ ਵਿਚ ਕਿਰਤੀ, ਦਸਤਕਾਰ ਜਾਂ ਛੋਟੇ ਕਿਸਾਨ ਹੀ ਹੁੰਦੇ ਸਨ। ਉਹ ਜਿਹਨਾਂ ਕਿਸਾਨਾਂ ਪਾਸ ਸੇਪ ਕਰਦੇ ਸਨ ਉਹਨਾਂ ਨੂੰ ਮਜ਼ਦੂਰੀ ਥੋਹੜੇ ਸਮੇਂ ਵਿਚ ਵੀ ਦੂਜੇ ਮਜ਼ਦੂਰਾਂ ਜਿਤਨੀ ਕਰ ਦਿੰਦੇ। ਬਚਿਆ ਸਮਾਂ ਆਪਣਾ ਨਾਮ ਬਾਣੀ ਵਿਚ ਲਾਉਂਦੇ। ਸਭ ਨੂੰ ਸਖਤ ਹਦਾਇਤ ਸੀ ਕਿ ਜੋ ਵੀ ਪਦਾਰਥ ਕਿਤੋਂ ਭੇਟ ਹੋਵੇਗਾ ਜਾਂ ਕਮਾ ਕੇ ਲਿਆਉਣਗੇ ਉਹ ਵੰਡ ਕੇ ਹੀ ਛਕਣਗੇ। ਜਿਸ ਖੂਹ ਤੇ ਸੰਤ ਰਹਿੰਦੇ ਸਨ ਉੱਥੇ ਬੇਰੀਆਂ ਦੇ ਰੁੱਖ ਆਮ ਸਨ। ਉਹਨਾਂ ਹੇਠਾਂ ਬਹੁਕਰ ਮਾਰ ਛੱਡਦੇ। ਜਦੋਂ ਬੇਰ ਪੱਕ ਕੇ ਕਿਰਦੇ, ਇਕੱਠੇ ਕਰਕੇ ਸਭ ਜਥੇ ਨੂੰ ਵੰਡ ਦਿੰਦੇ ਅਤੇ ਹੋਰ ਦਰਸ਼ਨ ਅਭਿਲਾਖੀਆਂ ਨੂੰ ਵੀ ਉਹੋ ਬੇਰ ਪ੍ਰਸ਼ਾਦ ਵਰਤਾਇਆ ਜਾਂਦਾ। ਸੰਤ ਸੱਦਾ ਸਿੰਘ ਜੀ ਦਾ ਪੁੱਤਰ ਕਿਰਪਾਲ ਸਿੰਘ ਬਚਪਨ ਵਿਚ ਆਪਣੇ ਰਿਸ਼ਤੇਦਾਰਾਂ ਦੇ ਪਿੰਡ ਗਿਆ। ਉਹਨਾਂ ਬੱਚੇ ਦੇ ਆਦਰ ਵਜੋਂ ਗੁੜ ਅਤੇ ਗੰਨੇ ਦਿੱਤੇ। ਬੱਚਾ ਨਾ ਗੁੜ ਖਾਵੇ ਨਾ ਗੰਨਾ ਚੂਪੇ। ਪੁੱਛਣ ਤੇ ਕਹਿੰਦਾ, "ਸੰਤ ਜੀ (ਪਿਤਾ ਸ੍ਰੀ) ਦੀ ਸਿੱਖਿਆ ਹੈ ਇਕੱਲਿਆ ਕੁਝ ਨਹੀਂ ਛਕਣਾ। ਹਮੇਸ਼ਾਂ ਵੰਡ ਕੇ ਛਕਣਾ ਹੈ।" ਉਹਨਾਂ ਨੇ ਇਹ ਵਸਤਾਂ ਵਾਪਸੀ ਤੇ ਕਿਰਪਾਲ ਸਿੰਘ ਨੂੰ ਬੰਨ੍ਹ ਦਿੱਤੀਆਂ। ਆਪਣੇ ਡੇਰੇ ਵਿਚ ਆ ਕੇ ਉਹਨੇ ਸਾਥੀ ਬੱਚਿਆਂ ਨਾਲ ਵੰਡ ਕੇ ਛਕ ਲਈਆਂ। ਇਹ ਸਿੱਖੀ ਦਾ ਅਸਲੀ ਮਰਮ ਸੀ, ਜਿਹਨੂੰ ਉੱਚੇ ਕਿਰਦਾਰ ਵਾਲੇ ਲੋਕਾਂ ਨੇ, ਆਪਣੇ ਜੀਵਨ ਵਿਚ ਰਮਾ ਲਿਆ ਸੀ।

ਪਹਿਲੀ ਸਿੰਘਣੀ ਚੜ੍ਹਾਈ ਕਰ ਗਈ ਤਾਂ ਆਪਦਾ ਤਪ ਤੇਜ ਵੇਖ ਕੇ, ਬਾਬਾ ਸਾਹਿਬ ਸਿੰਘ ਜ਼ਿਮੀਦਾਰ ਨੇ ਜੋ ਪਿੰਡ ਭੰਮਾਂ ਬੱਧੀ (ਰਿਆਸਤ ਸੰਗਰੂਰ) ਦੇ ਕੂਕੇ ਸਰਦਾਰ ਸਨ, ਆਪਣੀ ਪੁੱਤਰੀ ਦੀ ਸ਼ਾਦੀ ਭਾਈ ਸੱਦਾ ਸਿੰਘ ਜੀ ਨਾਲ, ਜ਼ਾਤ ਗੋਤ ਦੇ ਵਿਤਕਰੇ

ਤੋਂ ਉੱਪਰ ਉਠਦਿਆਂ ਸਿਰਫ ਕੂਕਪੁਣੇ ਦੀ ਸਾਂਝ ਦੇ ਆਧਾਰ ਤੇ ਕਰ ਦਿੱਤੀ ਅਤੇ ਗੁਰੂ ਦੀਆਂ ਬੇਅੰਤ ਖੁਸ਼ੀਆਂ ਵੀ ਪ੍ਰਾਪਤ ਕੀਤੀਆਂ। ਇਹ ਬਾਬਾ ਸਾਹਿਬ ਸਿੰਘ ਜੀ ਵੀ ਛੂਤੀਏ ਸ਼ਾਖਾ ਦੇ ਉੱਘੇ ਰੁਕਨ ਹੋਏ ਹਨ। ਇਹਨਾਂ ਨੂੰ ਸਿੰਘ ਰਾਜਾ ਜਨਮੇਜਾ ਦੇ ਨਾਂ ਨਾਲ ਯਾਦ ਕਰਿਆ ਕਰਦੇ ਸਨ। ਜਦੋਂ ਸ੍ਰੀ ਸਤਿਗੁਰੂ ਜੀ ਨੂੰ ਸੂਬਿਆਂ ਸਮੇਤ ਜਲਾਵਤਨ ਕੀਤਾ ਗਿਆ ਤਾਂ ਪੰਜਾਬ ਅਤੇ ਸਿੱਖ ਰਿਆਸਤਾਂ ਵਿਚ ਕੂਕੇ ਸਿੰਘਾਂ ਤੇ ਬਹੁਤ ਸਖਤੀਆਂ ਹੋਈਆਂ। ਉਹ ਸਖਤੀਆਂ ਬਾਬਾ ਸਾਹਿਬ ਸਿੰਘ ਅਤੇ ਭਾਈ ਸੱਦਾ ਸਿੰਘ ਸਮੇਤ ਸਾਰੇ ਰਿਆਸਤੀ ਸਿੰਘਾਂ ਨੂੰ ਵੀ ਝੱਲਣੀਆਂ ਪਈਆਂ ਸਨ।

"ਸਾਰਿਆਂ ਰਾਜਿਆਂ ਨੇ ਆਪੋ ਆਪਣੇ ਇਲਾਕਿਆਂ ਦੇ ਸਿੰਘ ਸੱਦ ਲਏ ਜੋ ਨਾਮਧਾਰੀ ਥੇ। ਸਾਰਿਆਂ ਨੂੰ ਕਹਿਆ ਤੁਸੀਂ ਕੂਕਪੁਣਾ ਛੱਡੋ। ਸਿੰਘਾਂ ਨੇ ਕਹਿਆ ਕੀ ਕੂਕਪੁਣਾ ਛੱਡੀਏ ? ਧਨੌਲੇ ਵਾਲੇ ਸੂਬੇ ਨੂੰ ਕਹਿਆ ਕਿ ਪਾਣੀ ਬੋਕੇ ਦਾ ਪੀਓ ਤੇ ਕਛਹਿਰੇ ਲਾਹ ਦਿਓ। ਤੁਸੀਂ ਕਿਸੇ ਕੇ ਨਾ ਜਾਓ ਨਾ ਕਿਸੇ ਨੂੰ ਬੜਨ ਦੇਓ। ਜੋ ਤੁਸੀਂ ਇਕੱਠੇ ਹੋਇਕੇ ਸ਼ਬਦ ਪੜ੍ਹਦੇ ਹੋ ਸੋ ਨਾ ਪੜ੍ਹੋ। ਜਿੱਥੇ ਜਾਵੋਂ ਇਤਲਾਹ ਦੇ ਕੇ ਜਾਓ। ਸਿੰਘਾਂ ਨੇ ਕਿਹਾ ਕਿ ਕਛਹਿਰੇ ਬੀ ਨਹੀਂ ਲਾਹ ਸਕਦੇ। ਬੋਕੇ ਕਾ ਪਾਣੀ ਭੀ ਨਹੀਂ ਪੀਂਦੇ। ਸਿੰਘਾਂ ਕੋ ਭੀ ਨਹੀ ਹਟਾਇ ਸਕਦੇ ਹੈਂ। ਰੁਖਸਦ ਦੇ ਕੇ ਤੋਰ ਦੀਆ, ਕਹਾ ਕੇ ਆਏ ਸਿੰਘਾਂ ਕੋ ਪ੍ਰਸਾਦਿ ਛਕਾਇਕੇ ਤੋਰ ਦੀਆ ਕਰੋ। ਸਿੰਘ ਆਪੋ ਆਪਨੇ ਘਰਾਂ ਨੂੰ ਚਲੇ ਗਏ।"[੭]

ਸਿੱਖ ਰਿਆਸਤਾਂ ਨੇ ਕੂਕੇ ਸਿੰਘਾਂ ਨੂੰ ਬੁਲਾ ਕੇ ਤਰ੍ਹਾਂ ਤਰ੍ਹਾਂ ਦੀਆਂ ਸਖਤੀਆਂ ਵੀ ਕੀਤੀਆਂ। ਬਾਬਾ ਸਾਹਿਬ ਸਿੰਘ ਭੰਮਾਂ ਬੱਧੀ ਵਾਲੇ ਕੂਕੇ ਸਿੰਘ ਨੂੰ ਉਸਦੇ ਪਿੰਡ ਦੇ ੧੧੩ ਸਿੰਘਾਂ ਸਮੇਤ ਪਕੜ ਕੇ ਸੰਗਰੂਰ ਜਿਹਲ ਵਿਚ ਰੱਖਿਆ ਗਿਆ। ਇਹਨਾਂ ਵਿਚ ਬੱਚੇ ਅਤੇ ਔਰਤਾਂ ਵੀ ਸਨ। ਜਿਹਲ ਦੀ ਸਖਤੀ, ਭੁੱਖ ਦੁੱਖ ਅਤੇ ਹੋਰ ਤਸੀਹਿਆਂ ਸਦਕਾ ਬਾਬਾ ਜੀ ਦੀ ਪਤਨੀ ਬੀਬੀ ਨਰਾਇਣ ਕੌਰ, ਜੋ ਭਾਈ ਸੱਦਾ ਸਿੰਘ ਹੋਰਾਂ ਦੀ ਸੱਸ ਸੀ, ਉਸਨੂੰ ਜਿਹਲ ਵਿਚ ਹੀ ਵੱਡੀ ਮਾਤਾ ਨਿਕਲ ਆਈ ਅਤੇ ਉਹ ਚਲਾਣਾ ਕਰ ਗਈ। ਬਡਰੁੱਖਿਆਂ ਦਾ ਇਕ ਸਰਦਾਰ ਦੀਵਾਨ ਸਿੰਘ ਵੀ ਕੂਕਾ ਸੀ ਉਸਨੇ ਆਪਣੇ ਰਸੂਖ ਨਾਲ ਇਹਨਾਂ ਸਿੰਘਾਂ ਨੂੰ ਸੰਗਰੂਰ ਤੋਂ ਰਿਹਾ ਕਰਵਾ ਲਿਆ। ਇਹ ਸਿੰਘ ਭੰਮਾਂ ਬੱਧੀ ਪੁੱਜ ਕੇ ਫਿਰ ਆਪਣੀ ਕਿਰਸਾਣੀ ਕਾਰ ਵਿਚ ਜੁੱਟ ਗਏ। ਉਹ ਇਕ ਦਿਨ ਫਿਰ ਸੰਗਰੂਰ ਸ਼ਹਿਰ ਵਿਚ ਕਿਸੇ ਕੰਮ ਨਿਰਮਲੇ ਸੰਤ ਰਘੁਬੀਰ ਸਿੰਘ ਦੇ ਡੇਰੇ ਚਲੇ ਗਏ। ਇਹ ਮਹੰਤ ਰਘੁਬੀਰ ਸਿੰਘ ਸੰਗਰੂਰ ਦੇ ਰਾਜੇ ਰਘੁਬੀਰ ਸਿੰਘ ਦਾ ਗੁਰੂ ਵੀ ਸੀ। ਜਦੋਂ ਬਾਬਾ ਸਾਹਿਬ ਸਿੰਘ ਆਪਣਾ ਗੜਵਾ ਮਾਂਜ ਕੇ ਖੂਹ ਵਿਚੋਂ ਜਲ ਕੱਢ ਕੇ ਛਕਣ ਲੱਗਾ ਤਾਂ ਇਹ ਮਹੰਤ ਰਘੁਬੀਰ ਸਿੰਘ ਬੋਲਿਆ, "ਸਾਹਿਬ ਸਿੰਘ ਘੜੇ ਠੰਢੇ ਜਲ ਦੇ ਭਰੇ ਹਨ। ਇਥੋਂ ਛਕ ਲਵੋ।' ਬਾਬਾ ਜੀ ਨੇ ਜੁਆਬ ਦਿੱਤਾ ਕਿ ਉਹ ਮਰਿਆਦਾ ਵਾਲਾ ਜਲ ਹੱਥੀਂ ਕੱਢ ਕੇ ਛਕਦੇ ਹਨ। ਇਸ ਤੇ ਮਹੰਤ ਜੀ ਬਾਬਾ ਜੀ ਨਾਲ ਔਖੇ ਸੌਖੇ ਹੋ ਪਏ ਕਿ ਅਜੇ ਤੱਕ ਰਾਜਾ ਸੰਗਰੂਰ, ਤੇਰੇ ਵਿਚੋਂ ਤੇਰੇ ਗੁਰੂ, ਰਾਮ ਸਿੰਘ ਦਾ ਭੂਤ ਕੱਢ ਨਹੀਂ ਸੱਕਿਆ। ਕੀ ਖੱਟਿਆ ਈ ਕੂਕਾ ਬਣ ਕੇ ? ਜਦੋਂ ਸਤਿਗੁਰੂ ਜੀ ਦੀ ਸ਼ਾਨ ਦੇ ਖਿਲਾਫ ਬੋਲਿਆ ਤਾਂ

ਬਾਬਾ ਸਾਹਿਬ ਸਿੰਘ ਨੇ ਪੈਰਾਂ ਵਿਚੋਂ ਪਊਆ ਲਾਹ ਕੇ ਮਹੰਤ ਹੋਰਾਂ ਦੀ ਚੰਗੀ ਭੁਗਤ ਸੁਆਰੀ। ਚਿਹਰਾ ਬਦਰੰਗ ਕਰ ਦਿੱਤਾ ਅਤੇ ਦੰਦ ਭੰਨ ਦਿੱਤੇ। ਫਿਰ ਉਹ ਹਰਨ ਹੋ ਗਏ। ਬਾਬਾ ਸਾਹਿਬ ਸਿੰਘ ਦਾ ਘਰਬਾਰ ਅਤੇ ਇਕ ਸੌ ਵੀਹ ਏਕੜ ਭੂਮੀ ਅਤੇ ਜਗੀਰ ਪੈਨਸ਼ਨ ਆਦਿਕ ਰਾਜਾ ਜੀਂਦ ਨੇ ਜ਼ਬਤ ਕਰ ਲਈ। ਬਾਬਾ ਜੀ ਹੁਣ ਲੋਹਗੜ੍ਹ (ਲੁਧਿਆਣਾ) ਦੇ ਕਿਸ਼ਨ ਸਿੰਘ ਛੂਤੀਏ ਨਾਮਧਾਰੀ ਸਿੰਘ ਦੇ ਖੇਤ ਵਿਚ ਨਿਵਾਸ ਕਰ ਲਿਆ। ਕਿਸ਼ਨ ਸਿੰਘ ਅਤੇ ਉਹਨਾਂ ਦੀ ਸਿੰਘਣੀ ਮਾਈ ਮਤਾਬ ਕੌਰ ਨੇ ਬਾਬਾ ਜੀ ਦੀ ਸੇਵਾ ਸੰਭਾਲ ਵਿਚ ਕੋਈ ਕੌਰ ਕਸਰ ਬਾਕੀ ਨਾ ਰਹਿਣ ਦਿੱਤੀ। ਇੱਥੇ ਹੀ ਸਾਹਿਬ ਸਿੰਘ ੧੯੫੫ ਬਿਕਰਮੀ ਦੇ ਇਕ ਵੈਸਾਖ ਨੂੰ ਚਲਾਣਾ ਕਰ ਗਏ ਸਨ।[10] ਭਾਈ ਕਿਸ਼ਨ ਸਿੰਘ ਅਤੇ ਭਾਈ ਹਰਨਾਮ ਸਿੰਘ ਛੂਤੀਏ ਸਰਦਾਰਾ ਸਿੰਘ ਲੋਗੜ੍ਹੀਏ ਦੇ ਪੁੱਤਰ ਸਨ ਜਿਹਨਾਂ ਨੂੰ ਸਤਿਗੁਰੂ ਰਾਮ ਸਿੰਘ ਜੀ ਨੇ ਮਲੇਰਕੋਟਲਾ ਸਾਕਾ ਵਾਪਰਨ ਤੋਂ ਕੁਝ ਸਮਾਂ ਪਹਿਲਾਂ ਹੀ ਕਿਹਾ ਸੀ—"ਸਰਦਾਰਾ ਸਿੰਘ ਭਾਣਾ ਵਰਤਣ ਵਾਲਾ ਹੈ। ਘਰਾਂ ਵਿਚ ਹੀ ਨਾ ਬੈਠੇ ਰਹਿਣਾ।" ਸੋ ਭਾਈ ਸਰਦਾਰਾ ਸਿੰਘ ਸਮੇਤ ਪੰਜ ਸਿੰਘ ਹੋਰ ਸਾਕਾ ਮਲੇਰਕੋਟਲਾ ਵਿਚ ਸ਼ਾਮਲ ਸਨ। ਇਹ ਰੜ ਪਿੰਡ ਤੋਂ ਮੁੜ ਆਏ ਸਨ। ਸ਼ਹੀਦ ਹੋਣ ਦਾ ਸੁਭਾਗ, ਉਸ ਸਮੇਂ ਲੋਹਗੜ੍ਹ ਦੇ ਸ. ਹਕੂਮਤ ਸਿੰਘ ਗਰੇਵਾਲ ਦੇ ਪੁੱਤਰ ਭਾਈ ਦੇਵਾ ਸਿੰਘ ਇਕੱਲੇ ਨੂੰ ਹੀ ਮਿਲਿਆ ਸੀ। ਉਹ ਵੀ ਛੂਤੀਆ ਸੰਪ੍ਰਦਾਇ ਨਾਲ ਸਬੰਧਿਤ ਸਨ ਅਤੇ ਲੁਧਿਆਣੇ ਜਿਹਲ ਵਿਚ ਸ਼ਹੀਦ ਹੋਣ ਵਾਲੇ ਭਾਈ ਅਤਰ ਸਿੰਘ ਦੇ ਭਰਾਤਾ ਸਨ ਜੋ ਅਖੰਡ ਪਾਠ ਕਰਾਉਣ ਦੇ ਦੋਸ਼ ਵਿਚ ੧੯੭੫ ਈ. ਵਿਚ ਸ਼ਹੀਦ ਹੋਏ ਸਨ। ਇਹ ਸਾਰੇ ਸਿੰਘ ਬਾਬਾ ਸੱਦਾ ਸਿੰਘ ਕਬੀਰ ਜੀ ਤੋਂ ਵਰੋਸਾਏ ਸਨ।

ਫਰਵਾਹੀ ਪਿੰਡ ਦੇ ਨੇੜੇ ਹੀ ਮੀਲ ਕੂ ਵਾਟ ਤੇ ਰਾਜ-ਗੜ੍ਹ ਨਾਮੀ ਪਿੰਡ ਦਾ ਇਕ ਮਸ਼ਹੂਰ ਚੋਰ ਘੀਲਾ ਸੀ। ਉਹ ਇਕ ਦਿਨ ਸੰਤਾਂ ਦੇ ਖੂਹ ਤੇ ਚੋਰੀ ਦੀ ਨੀਅਤ ਨਾਲ ਆਇਆ ਪਰ ਸੰਤਾਂ ਦੀ ਜਲਾਲੀ ਸ਼ਖਸ਼ੀਅਤ ਦਾ ਕੀਲਿਆ ਚੋਰੀ ਤੋਂ ਹੀ ਤੋਬਾ ਕਰਕੇ ਇਕ ਪਰਵਰਤਿਤ ਮਨੁੱਖ ਬਣ ਗਿਆ ਸੀ।

ਪਿੰਡ ਛੱਡ ਕੇ ਕੁਝ ਵਰ੍ਹੇ ਤਾਂ ਬਾਬਾ ਸੱਦਾ ਸਿੰਘ ਸਤਿਗੁਰੂ ਜੀ ਦੇ ਨਾਲ ਹੀ ਦੌਰੇ ਕਰਦੇ ਰਹੇ ਅਤੇ ਸ੍ਰੀ ਭੈਣੀ ਸਾਹਿਬ ਰਹਿੰਦੇ ਰਹੇ। ਜਨਵਰੀ ੧੯੭੨ ਦੀਆਂ ਯੁਗਾਂ ਤਰਕਾਰੀ ਘਟਨਾਵਾਂ ਤੋਂ ਬਾਅਦ ਆਪ ਫਿਰ ਪਿੰਡ ਪੁੱਜੇ ਅਤੇ ਕਿਉਂਕਿ ਇਕ ਵੇਰ ਤਾਂ ਆਪ ਆਪਣੇ ਜਥੇ ਦੇ ਹੋਰ ਸਿੰਘਾਂ ਜਿਉਂ ਆਪਣੀ ਚਲ ਅਚਲ ਸੰਪਤੀ ਫਰੋਖਤ ਕਰਕੇ ਗੁਰੂ ਕੇ ਲੰਗਰ ਵਿਚ ਪਾ ਚੁੱਕੇ ਸਨ ਜਾਂ ਹੋਰ ਕਾਰਜਾਂ ਦੁਆਰਾ ਹਰ ਕੇ ਲੇਖੇ ਲਾ ਚੁੱਕੇ ਸਨ। ਹੁਣ ਬਦਲੇ ਹਾਲਾਤ ਬਾਅਦ ਜਦੋਂ ਭੈਣੀ ਸਾਹਿਬ ਕੂਕਿਆਂ ਨੂੰ ਬਹੁਤ ਥੋਹੜੀ ਗਿਣਤੀ ਤੋਂ ਵੱਧ ਰਹਿਣ ਨਹੀਂ ਸੀ ਦਿੱਤਾ ਜਾ ਰਿਹਾ ਤਾਂ ਆਪ ਆਪਣੇ ਪਿੰਡ ਵਿਚ ਪੁੱਜ ਗਏ। ਪਿੰਡ ਦੇ ਮੁੱਖੀ ਸੱਜਣਾਂ ਨੇ ਸੰਤਾਂ ਦੀ ਮਜਬੂਰੀ ਨੂੰ ਸਮਝਦਿਆਂ ਇਹਨਾਂ ਦਾ ਕੂਕਪੁਣਾ ਛੁਡਵਾ ਕੇ ਰਾਜੇ ਤੋਂ ਆਪਣੀ ਵਫਾਦਾਰੀ ਦਾ ਪਟਾ ਲੈਣਾ ਚਾਹਿਆ। ਸੰਤ ਸੱਦਾ ਸਿੰਘ ਹੋਰਾਂ ਦਾ, ਹੋਰ ਬਹੁਤ ਸਾਰੇ ਕੂਕਿਆਂ ਜਿਉਂ ਸੁਭਾਅ ਸੀ ਕਿ ਸਰਕਾਰੇ ਦਰਬਾਰੇ ਕਿਸੇ ਵੀ ਵਿਹਾਰ ਤੇ, ਜਦੋਂ ਕੋਈ ਉਹਨਾਂ ਦੀ ਵਲਦੀਅਤ ਪੁੱਛਦਾ ਸੀ ਤਾਂ

ਆਪ ਸਤਿਗੁਰੂ ਰਾਮ ਸਿੰਘ ਜੀ ਦਾ ਹੀ ਨਾਮ ਲੈਂਦੇ ਸਨ। ਲੋਕਾਂ ਨੇ ਸੰਤਾਂ ਦੀ ਜਗਾਹ ਦੀ ਲੋੜ ਨੂੰ ਮੁੱਖ ਰੱਖਦਿਆਂ ਕਿਹਾ ਕਿ ਸੱਦਾ ਸਿੰਘ।

ਤੈਨੂੰ ਇਕ ਸ਼ਰਤ ਤੇ ਪਿੰਡ ਵਿਚ ਬੈਠਾ ਸਕਦੇ ਹਾਂ, ਜੇਤੂੰ ਆਖੇਂ ਕਿ ਮੈਂ (ਸਤਿਗੁਰੂ) ਰਾਮ ਸਿੰਘ ਦਾ ਪੁੱਤਰ ਨਹੀਂ, ਜੋਧੇ ਦਾ ਪੁੱਤਰ ਹਾਂ। ਇਸ ਪਰ ਆਪ ਨੇ ਫ਼ਰਮਾਇਆ ਕਿ ਜਗਾਹ ਦਿਉ ਜਾਂ ਨਾ ਦਿਉ, ਮੈਂ ਪੁੱਤਰ ਤਾਂ ਸਤਿਗੁਰੂ ਰਾਮ ਸਿੰਘ ਜੀ ਦਾ ਹੀ ਹਾਂ, ਜਿਹਨਾਂ ਮੈਨੂੰ ਆਤਮਿਕ ਮੰਡਲ ਦਾ ਜੀਵਨ ਪ੍ਰਦਾਨ ਕੀਤਾ ਹੈ।"[11]

ਸੰਤ ਸੱਦਾ ਸਿੰਘ ਹੋਰਾਂ ਦੀ ਸਥਿੱਤੀ, ਹੀਰ ਦੇ ਉਸ ਜੁਆਬ ਵਰਗੀ ਸੀ, ਜੋ ਖੇੜਿਆਂ ਨਾਲ ਵਿਆਹ ਦੀ ਪ੍ਰਵਾਨਗੀ ਲੈਣ ਲਈ, ਕਾਜੀ ਦੇ ਮਜਬੂਰ ਕਰਨ ਤੇ ਉਸ ਦਿੱਤਾ ਸੀ—

"ਮੈਂ ਤੇ ਰਾਂਝਣ ਨਿਹੁੰ ਚਿਰੋਕਾ ਜਾਂ ਸਾਹਿਬ ਖ਼ਲਕਤ ਸਾਜ਼ੀ॥
ਰੱਬ ਨਿਕਾਹ ਦਿਲਾਂ ਦੇ ਬੱਧੇ, ਤੂੰ ਕੇ ਕਰਸੈ ਕਾਜ਼ੀ?

—(ਦਮੋਦਰ ਕ੍ਰਿਤ ਕਿੱਸਾ ਹੀਰ)

ਆਪਣੇ ਘਰ ਪੁੱਤਰ ਹੋਣ ਦੀ ਖੁਸ਼ੀ ਵਿਚ ਭਾਈ ਅਤਰ ਸਿੰਘ ਲੋਹਗੜ੍ਹ ਹੋਰਾਂ ਜਦੋਂ ਸਰਕਾਰ ਤੋਂ ਮਨਜ਼ੂਰੀ ਲੈ ਕੇ ਅਖੰਡ ਪਾਠ ਕਰਵਾਉਣੇ ਚਾਹੇ ਸਨ ਤਾਂ ਉਹਨਾਂ ਨੇ ਬਾਬਾ ਸੱਦਾ ਸਿੰਘ ਕਬੀਰ ਜੀ ਦੇ ਜਥੇ ਦੇ ਸਿੰਘਾਂ ਨੂੰ ਹੀ ਬੇਨਤੀ ਕੀਤੀ ਸੀ ਕਿ ਇਹ ਕਾਰਜ ਤੁਸੀਂ ਆ ਕੇ ਆਪਣੇ ਜਥੇ ਸਮੇਤ ਸਿਰੇ ਚਾਹੜੋ। ਕਬੀਰ ਜੀ ਦਾ ਜਥਾ ਸਾਰੇ ਪ੍ਰਮੁੱਖ ਛੂਤੀਏ ਸਿੰਘਾਂ ਸਮੇਤ, ਇਸ ਅਵਸਰ ਤੇ ਲੋਹਗੜ੍ਹ ਗਿਆ ਅਤੇ ਅਖੰਡ ਪਾਠ ਆਰੰਭ ਕੀਤੇ। ਬਾਰਵਰਟਨ ਪੁਲੀਸ ਕਪਤਾਨ ਲੁਧਿਆਣਾ ਦੀ ਕੁਟਿਲ ਨੀਤੀ ਕਾਰਨ ਛੋਟੇ ਮੋਟੇ ਬਹਾਨੇ ਘੜ ਕੇ ਘਰ ਵਾਲੇ ਸਿੰਘ ਸਮੇਤ, ਇਹ ਸਾਰਾ ਜਥਾ ਗ੍ਰਿਫਤਾਰ ਕੀਤਾ ਗਿਆ ਸੀ। ਮਾਘੀ ਯਾਨੀ ਕਿ ਜਨਵਰੀ ੧੯੭੫ ਈ. ਵਿੱਚ ਮੁਕੱਦਮਾ ਚੱਲ ਕੇ ਸਿੰਘਾਂ ਨੂੰ ਸਜ਼ਾਵਾਂ ਹੋਈਆਂ। ਭਾਈ ਅਤਰ ਸਿੰਘ ਜੀ ਜਿਹਲ ਜੀਵਨ ਦੀ ਸਖਤੀ ਨਾ ਬਰਦਾਸ਼ਤ ਕਰਦੇ ਹੋਏ ਅਕਾਲ ਚਲਾਣਾ ਕਰ ਗਏ। ਉਹਨਾਂ ਦੀ ਮ੍ਰਿਤਕ ਦੇਹ ਵੀ ਨਾ ਪਰਿਵਾਰ ਨੂੰ ਵਿਖਾਈ ਗਈ ਅਤੇ ਸਿਰਫ ਜਿਹਲ ਦੇ ਇਕ ਖੂੰਜੇ ਜਲ ਰਹੀ ਚਿਤਾ ਵਿਖਾ ਦਿੱਤੀ ਗਈ। ਸਰਕਾਰ ਨੂੰ ਅਖੰਡ ਪਾਠਾਂ ਦੇ ਅਵਸਰ ਤੇ ਇਕੱਤਰ ਹੋਣ ਵਾਲੇ ਕੂਕਿਆਂ ਦੀਆਂ ਧਾਰਮਿਕ ਕਾਰਵਾਈਆਂ ਵਿਚੋਂ ਵੀ ਬਗਾਵਤ ਦੀ ਬੋ ਆਇਆ ਕਰਦੀ ਸੀ। ਜਿਹਲ ਵਿਚ ਕੈਦ ਸਿੰਘਾਂ ਨੂੰ ਅਠਾਰਾਂ ਅਠਾਰਾਂ ਸੇਰ ਪੱਕੀ ਕਣਕ ਰੋਜ਼ਾਨਾ ਹੱਥ ਚੱਕੀ ਨਾਲ ਪੀਹਣੀ ਪੈਂਦੀ ਸੀ। "ਇਹਨਾਂ ਦੁੱਖਾਂ ਦੀ ਯਾਦ ਨਾਲ ਸੰਤ ਹਰਨਾਮ ਸਿੰਘ ਜੀ ਛੂਤੀਏ ਅੱਜ ਵੀ ਰੋ ਪਿਆ ਕਰਦੇ ਸਨ, ਜਿਹੜੇ ਕਿ ਸੰਨ ੧੯੩੯ ਈ. ਤੀਕ ਸ੍ਰੀ ਭੈਣੀ ਸਾਹਿਬ ਰਹਿੰਦੇ ਹੋਏ ਸਵਰਗ-ਵਾਸ ਹੋ ਗਏ ਸਨ।"

"ਖੁਰਾਕ ਕੋਈ ਦੇਣੀ ਨਾ, ਮੁਸ਼ੱਕਤ ਪੂਰੀ ਲੈਣੀ। ਦਾਦ ਫਰਿਆਦ ਸੁਣਨ ਵਾਲਾ ਕੋਈ ਨਾ। ਨਾ ਉਹਨਾਂ ਦਿਨਾਂ ਵਿਚ ਕੋਈ ਕੌਮੀ ਅਖਬਾਰ ਸੀ, ਨਾ ਕੋਈ ਰਾਜਸੀ ਲਹਿਰ ਸੀ, ਜੋ ਇਹਨਾਂ ਜ਼ੁਲਮਾਂ ਦੇ ਖ਼ਿਲਾਫ਼ ਆਵਾਜ਼ ਉਠਾਏ। ਅੱਜ ਇਸ ਜਾਗ੍ਰਤੀ ਦੇ ਯੁੱਗ ਵਿਚ (੧੯੪੧ ਈ,), ਭਾਰਤ ਦੀਆਂ ਜਿਹਲਾਂ ਨੂੰ ਨਰਕ ਕਿਹਾ ਜਾਂਦਾ ਹੈ, ਉਸ

ਜ਼ਮਾਨੇ ਵਿਚ ਤੇ ਉਹ ਨਰਕ ਨਾਲੋਂ ਵੀ ਬਹੁਤੀਆਂ ਭਿਆਨਕ ਸਨ। ਜਿਹਨਾਂ ਦੇ ਦੁੱਖ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ "ਸੰਤ-ਸਿਪਾਹੀ" ਭਾਣੇ ਅੰਦਰ ਰਹਿ ਕੇ ਬਰਦਾਸ਼ਤ ਕਰਦੇ ਰਹੇ। ਮਾਂਦੇ ਪੈ ਗਏ, ਪਰ ਹੌਂਸਲਾ ਨਾ ਹਾਰਿਆ। ਕਈਆਂ ਨੂੰ ਭਿਆਨਕ ਬੀਮਾਰੀਆਂ ਚੰਬੜ ਗਈਆਂ, ਪਰ ਸੁਦੇਸ਼ੀ ਦੇ ਆਸ਼ਕਾਂ ਨੇ, ਵਿਦੇਸ਼ੀ ਦੁਆਈਆਂ ਨੂੰ ਡਾਕਟਰਾਂ ਦੇ ਜ਼ੋਰ ਦੇਣ ਤੇ ਵੀ ਮੂੰਹ ਨਾ ਲਾਇਆ। ਕਿਉਂਕਿ ਉਹ ਉਹਨਾਂ ਦੇ ਧਰਮ ਦੇ ਖ਼ਿਲਾਫ਼ ਸਨ, ਉਹਨਾਂ ਦੀ ਆਦਤ ਦੇ ਖ਼ਿਲਾਫ਼ ਸਨ, ਉਹਨਾਂ ਦੇ ਮਿਜ਼ਾਜ ਦੇ ਖਿਲਾਫ਼ ਸਨ।"[12]

ਬਾਬਾ ਜੀ ਨੂੰ ਲੋਹਗੜ੍ਹ ਵਿਖੇ ਕੂਕੇ ਬਾਗੀਆਂ ਦੇ ਘਰ ਅਖੰਡ ਪਾਠ ਕਰਨ ਤੇ, ਮਹਾਰਾਜਾ ਪਟਿਆਲਾ ਨੇ ਬਹੁਤ ਚਿਰ ਤੱਕ ਆਪਣੇ ਪਿੰਡ ਵਿਚ ਨਜ਼ਰਬੰਦ ਰੱਖਿਆ। ਜਥੇ ਦੇ ਸਿੰਘ ਰਿਹਾ ਹੋਣ ਤੋਂ ਬਾਅਦ ਬਾਬਾ ਜੀ ਪਾਸ ਪਿੰਡੋਂ ਬਾਹਰ ਉਹਨਾਂ ਦੇ ਇਕ ਖੂਹ ਤੇ ਆ ਗਏ। ਇੱਥੇ ਬਾਬਾ ਜੀ ਨੇ ਆਪਣੇ ਅੰਤ ਸਮੇਂ ਤੱਕ ਕੋਈ ਤੀਹ ਸਾਲ ਡੇਰਾ ਰੱਖਿਆ। ਇਸ ਨੂੰ ਲੋਕੀਂ ੧੯੪੭ ਈ. ਤੱਕ ਤਾਂ ਕੂਕਿਆਂ ਦਾ ਖੂਹ ਹੀ ਕਹਿੰਦੇ ਸਨ। ਬਾਬਾ ਜੀ ਇੱਥੇ ਗਊਆਂ ਲਵੇਰੀਆਂ ਰੱਖਦੇ। ਸੰਗਤ ਕਾਫੀ ਹੋ ਗਈ ਸੀ। ਅੱਠੇ ਪਹਿਰ ਗੁਰੂ ਕਾ ਅਤੁੱਟ ਲੰਗਰ ਚੱਲਦਾ ਸੀ। ਭਜਨ-ਭਾਣੀ ਅੱਠੇ ਪਹਿਰ ਹੁੰਦਾ ਸੀ ਅਤੇ ਸਤਿਗੁਰੂ ਰਾਮ ਸਿੰਘ ਜੀ ਦੇ ਮਿਸ਼ਨ ਦਾ ਪ੍ਰਚਾਰ ਤਤਪਰਤਾ ਨਾਲ ਕੀਤਾ ਜਾਂਦਾ। ਆਪ ਦੇ ਪਾਸ ਰਹਿਣ ਵਾਲੇ ਸਿੰਘਾਂ ਨੇ ਜਿਵੇਂ ਪਹਿਲਾਂ ਦੱਸਿਆ ਗਿਆ ਹੈ ਆਪਣੀ ਜ਼ਮੀਨ ਜਾਇਦਾਦ ਵੇਚ ਕੇ ਵੀ ਲੰਗਰ ਵਿਚ ਪਾ ਦਿੱਤੀ। ਬਾਬਾ ਸਾਹਿਬ ਸਿੰਘ, ਸਿੱਧੂ ਸਰਦਾਰ, ਭੰਮਾ ਬੁੱਧੀ ਵਾਲਿਆਂ ਦੇ ਰਾਜਾ ਨਾਭਾ ਹੀਰਾ ਸਿੰਘ ਨਾਲ ਚੰਗੇ ਸਬੰਧ ਸਨ। ਜਿਸ ਕਰਕੇ ਉਹਨਾਂ ਆਪ ਦੀ ਜ਼ਬਤ ਭੂਮੀ ਅਤੇ ਪੈਨਸ਼ਨ ਦੁਬਾਰਾ ਬਹਾਲ ਕਰਵਾ ਦਿੱਤੀ ਰਾਜਾ-ਸੰਗਰੂਰ ਨੂੰ ਕਹਿ ਕੇ। ਉਸ ਜ਼ਮੀਨ ਦੇ ਕੁਝ ਹਿੱਸੇ ਦੀ ਵਿਕਰੀ ਦਾ ਤਿੰਨ ਹਜ਼ਾਰ ਰੁਪੈਆ ਬਾਬਾ ਸਾਹਿਬ ਸਿੰਘ ਨੇ ਖੂਹ ਵਾਲੇ ਲੰਗਰ ਵਿਚ ਪਾ ਦਿੱਤਾ। ਆਪ ਦੀ ਪੈਨਸ਼ਨ ਵੀ ਖੂਹ ਤੇ ਹੀ ਆਉਂਦੀ। ਬਾਬਾ ਲਾਲ ਸਿੰਘ ਸਿਆਹੜ ਵਾਲਿਆਂ, ਜਿਹਨਾਂ ਦੇ ਘਰ ਸਾਕਾ ਮਲੇਰਕੋਟਲਾ ਸਮੇਂ ਸਤਿਗੁਰੂ ਰਾਮ ਸਿੰਘ ਜੀ ਟਿਕੇ ਸਨ, ਲੰਬੜਦਾਰੀ ਛੱਡ ਕੇ ਆਪਣੀ ਜ਼ਮੀਨ ਤੇ ਘਰਬਾਰ ਵੇਚ ਕੇ, ਤਿੰਨ ਹਜ਼ਾਰ ਰੁਪੈ ਇਸੇ ਲੰਗਰ ਵਿਚ ਪਾਏ ਸਨ। ਇਹ ਸਿੰਘ ਚੰਗੇ ਪਾਠੀ ਸਨ। ਪਾਠਾਂ ਦੀ ਮਾਇਆ ਵੀ ਲੰਗਰ ਵਿਚ ਪਾ ਦਿੰਦੇ ਸਨ। ਬਾਬਾ ਕਿਸ਼ਨ ਸਿੰਘ ਛੂਤੀਆ ਨੇ ਪਾਠਾਂ ਦੁਆਰਾ ਨਾ ਸਿਰਫ ਦੋ ਹਜ਼ਾਰ ਖੂਹ ਵਾਲੇ ਲੰਗਰ 'ਚ ਪਾਏ ਸਗੋਂ ਦਸ ਹਜ਼ਾਰ ਰੁਪੈਆ, ਭੈਣੀ ਸਾਹਿਬ ਦੇ ਲੰਗਰ ਵਿਚ ਵੀ ਪਾਇਆ। ਇਹ ਸਾਰੇ ਕਿਰਤੀ ਸਿੰਘ ਸਨ। ਦਸਾ ਨਹੁੰਆਂ ਦੀ ਕਿਰਤ ਕਮਾਈ ਸਾਂਝੇ ਲੰਗਰ ਵਿਚ ਪਾ ਦਿੰਦੇ ਸਨ। ਭਾਈ ਬਾਹੋਵਾਲ ਦੇ ਗ੍ਰੰਥ ਵਿਚੋਂ ਵੀ ਛੂਤੀਏ ਸਿੰਘਾਂ ਦੇ ਇਸ ਸਮੂਹਿਕ ਲੰਗਰ ਲਈ, ਜ਼ਮੀਨ ਜਾਇਦਾਦ ਵੇਚਣ ਦੇ ਵੇਰਵੇ ਦਰਜ਼ ਹਨ। "ਜੇਹੜਾ ਕੂਕਾ ਹੋਇਆ ਸੋ ਘਰ ਕੋ ਕੰਮੋਂ ਗਿਆ। ਕੋਲੋਂ ਮੁਕਬਲ ਨੇ ਕਹਾ ਕਿ ਜ਼ਮੀਨਾਂ ਬੇਚ ਕੇ ਕੱਠਾ ਤੁੰਮਲ ਹੋਇਆ ਫਿਰਦਾ ਹੈ। ਮਲੇਰਕੋਟਲੇ ਮਾਂਗੂੰ ਗਲਬਾ ਕਰੇਂਗੇ।"[13]

ਗੁਰੂ ਹਰੀ ਸਿੰਘ ਜੀ ਭੈਣੀ ਸਾਹਿਬ ਗੁਰਗੱਦੀ ਉਤੇ ਬਿਰਾਜਣ ਸਮੇਂ ਹੀ, ਸਤਿਗੁਰੂ

ਰਾਮ ਸਿੰਘ ਜੀ ਦੇ ਦੋਹਤੇ, ਬੀਬੀ ਨੰਦਾ ਦੇ ਵੱਡੇ ਪੁੱਤਰ ਬਸੰਤ ਸਿੰਘ ਦੇ ਅਨੰਦ ਕਾਰਜ ਲਈ ਦੁਆਬੇ ਦੇ ਕੂਕਿਆਂ ਦੇ ਪ੍ਰਸਿੱਧ ਪਿੰਡ ਦੁਰਗਾਪੁਰ (ਨਵਾਂਸ਼ਹਿਰ) ਗਏ ਸਨ। ਉਸ ਸਮੇਂ ਭਾਈ ਸੱਦਾ ਸਿੰਘ ਵੀ ਉੱਥੇ ਸਨ। ਉਹਨਾਂ ਨੇ ਦੁਰਗਾਪੁਰ ਦੇ ਗੁਰੂ ਜੀ ਦੇ ਲੰਗਰ ਵਿਚੋਂ ਪ੍ਰਸ਼ਾਦ ਛਕਣ ਦੀ ਬਜਾਏ ਆਪਣੇ ਜਥੇ ਦਾ ਅਲੱਗ ਲੰਗਰ ਸਾਜਿਆ। ਉੱਥੇ ਹੀ ਉਹਨਾਂ ਦੀ ਅੱਲ ਛੂਤੀਏ ਪੈ ਗਈ ਸੀ। ਭਾਈ ਬਾਹੋਵਾਲ ਲੋਹਗੜ੍ਹ ਵਾਲੀ ਘਟਨਾ ਨੂੰ ਗੁਰੂ ਹਰੀ ਸਿੰਘ ਜੀ ਦੇ ਇਕ ਭਵਿੱਖ ਵਾਕ ਨਾਲ ਜੋੜ ਕੇ ਵੀ ਸ਼ਰਧਾਲੂ ਸਿੱਖਾਂ ਜਿਉਂ ਵੇਖਦੇ ਹਨ—"ਗੁਰੂ ਜੀ ਬਚਨ ਕੀਤਾ ਗੁਰੂ ਕੇ ਲੰਗਰ ਕਾ ਤੇ ਨਹੀਂ ਛਕਿਆ ਜਾਉ ਪਿਆਲਿਆਂ ਮੈਂ (ਜਿਹਲ ਦੇ ਬਰਤਨਾਂ ਵਿਚ) ਛਕੋਗੇ।"[14] ਗੁਰੂ ਕੇ ਸਿੰਘਾਂ ਨਾਲ ਹਰਖ ਸੋਗ ਦੇ ਬਹੁਤ ਕਉਤਕ ਵਾਪਰਦੇ ਰਹਿੰਦੇ ਹਨ।

ਜਿਸ ਦਿਨ ਜਨਵਰੀ ੧੯੯੩ ਦੇ ਅਖੀਰ ਵਿਚ ਗੇਂਦੇ ਸਿਪਾਹੀ ਦੇ ਕਤਲ ਬਾਅਦ ਭੈਣੀ ਸਾਹਿਬ ਡੇਰੇ ਤੇ ਪਹਿਲਾਂ ਸਖਤੀ ਰਹੀ ਫਿਰ ਨਰਮਾਈ ਹੋ ਗਈ। ਇਸ ਸਮੇਂ "ਗੁਰੂ ਜੀ ਹਰਿਮੰਦਰ ਪਰ ਬੈਠੇ। ਸਭ ਸਿੰਘਾਂ ਨੇ ਆਇ ਦਰਸ਼ਨ ਕੀਤਾ ਮਾਨੋ ਚੰਦਰਮਾ ਕੋ ਪਰਿਵਾਰ ਲੱਗਾ ਹੈ। ਦੀਦਾਰ ਕਰਕੇ ਸਿੰਘ ਹਰੇ ਹੁੰਦੇ ਹੈ। ਬਚਨ ਬਿਲਾਸ ਖੁਸ਼ੀ ਕੇ ਕਰਦੇ ਹੈਂ। ਦੀਵਾਨ ਸਿੰਘਾਂ ਦਾ ਲੱਗਿਆ ਹੈ। ਧੰਨ ਸਤਿਗੁਰੂ ਰਾਮ ਸਿੰਘ ਜੀ ਹੈਂ ਸਰਬ ਜੀਆਂ ਪਰ ਰੱਛਿਆ ਕੀਤੀ ਹੈ। ਛੂਤੀਏ ਸਿੰਘ ਭੀ ਜੋ ਫੜੇ ਸੇ ਆਏ। ਗੁਰੂ ਮਹਾਰਾਜ ਜੀ ਕਾ ਦਰਸ਼ਨ ਕੀਤਾ। ਰਾਤ ਸੁੱਖ ਸਾਂਦ ਨਾਲ ਕੱਟੀ। ਦਿਨ ਚੜ੍ਹੇ ਤੁਰਕਾਂ ਨੇ ਕਰੜਾਈ ਕੀਤੀ। ਦਸ ਲਿਖਣੇ ਤੇ ਦਸ ਕੱਢਣੇ। ਵਾਧੂ ਸਿੰਘ ਸਭ ਤੋਰ ਦਿੱਤੇ। ਸਾਰੀ ਸੰਗਤ ਮੈਂ ਖਵਰਾਂ ਹੋਈਆਂ ਕਿ ਭਾਣਾ ਵਰਤਿਆ ਸੀ ਪਰ ਸੁਖ ਕੀਤੀ ਹੈ ਗੁਰੂ ਜੀ। ਖ਼ੂਨ ਪਟੜੀ ਸੇ ਬਾਹਰ ਹੋਣੇ ਕਰਕੇ ਰਛਿਆ ਹੋਈ ਹੈ।"[15] ੭-੮ ਸਾਲਾਂ ਬਾਅਦ ਗੁਰੂ ਹਰੀ ਸਿੰਘ ਜੀ ਅਤੇ ਗੁਰਦੁਆਰਾ ਭੈਣੀ ਸਾਹਿਬ ਤੇ ਆਈ ਬਿਪਤਾ ਤੋਂ ਰੱਛਿਆ ਹੋਣ ਬਾਅਦ, ਬਾਬਾ ਸੱਦਾ ਸਿੰਘ ਅਤੇ ਛੂਤੀਏ ਸਿੰਘ ਦਰਸ਼ਨਾਂ ਨੂੰ ਆਉਂਦੇ ਹਨ। ਗੁਰਦੁਆਰਾ ਭੈਣੀ ਸਾਹਿਬ ਨੂੰ ਦੋ ਵੇਰ ਫਰੰਗੀ ਸਰਕਾਰ ਨੇ ਬਾਹੋਵਾਲ ਜੀ ਮੁਤਾਬਿਕ ਤੋਪਾਂ ਨਾਲ ਉਡਾਉਣ ਦਾ ਮਨ ਬਣਾਇਆ ਸੀ। ਦੋਵੇਂ ਵੇਰ ਤੋਪਾਂ ਕੁਹਾੜੇ ਦੇ ਮੁਕਾਮ ਤੇ ਬੀੜੀਆਂ ਗਈਆਂ ਸਨ। ਪਹਿਲਾਂ ਸਾਕਾ ਮਲੇਰਕੋਟਲਾ ਸਮੇਂ ਅਤੇ ਫਿਰ ਇਸ ਤੋਂ ੧੧ ਸਾਲ ਬਾਅਦ ਭਗਵਾਨ ਸਿੰਘ ਅੜਬੰਗੀ ਦੁਆਰਾ ਪੁਲੀਸ ਚੌਂਕੀ ਭੈਣੀ ਸਾਹਿਬ ਦੇ ਜ਼ਾਲਮ ਸਿਪਾਹੀ ਗੇਂਦੇ ਦੀ ਸੁਧਾਈ ਸਮੇਂ। ਪਰ ਦੋਵੇਂ ਵੇਰ ਇਹ ਝੱਖੜ ਉਠ ਕੇ ਸ਼ਾਂਤ ਹੋ ਜਾਂਦਾ ਰਿਹਾ। ਸੋ ਐਸੇ ਨਾਜ਼ਕ ਸਮੇਂ ਗੁਰੂ ਪਿਆਰੇ ਛੂਤੀਏ ਸਿੰਘਾਂ ਦਾ ਡੇਰੇ ਭੈਣੀ ਸਾਹਿਬ ਪੁੱਜਣਾ ਜ਼ਰੂਰੀ ਸੀ।

ਭੰਮਾ ਬੱਧੀ ਵਾਲੀ ਬੀਬੀ ਰਾਮ ਕੌਰ ਵਿਚੋਂ ਬਾਬਾ ਸੱਦਾ ਸਿੰਘ ਜੀ ਦੇ ਘਰ, ਤਿੰਨ ਪੁੱਤਰ ਤੇ ਇੱਕ ਬੀਬੀ ਨੇ ਜਨਮ ਲਿਆ। ਪੁੱਤਰਾਂ ਦੇ ਨਾਂ ਕ੍ਰਮਵਾਰ ਕਿਰਪਾਲ ਸਿੰਘ, ਸਮੁੰਦ ਸਿੰਘ ਤੇ ਭਗਤ ਸਿੰਘ ਸਨ। ਸਮੁੰਦ ਸਿੰਘ ਭਗਤ ਸਿੰਘ ਦੋਵੇਂ ਬਿਹੰਗਮ ਵਿਚਰਦੇ ਰਹੇ ਅਤੇ ਮੇਲਿਆਂ ਵਿਚ ਲੰਗਰ ਦੀ ਸੇਵਾ ਕਰਦੇ ਰਹੇ। ਸੰਤ ਕਿਰਪਾਲ ਸਿੰਘ ਜੀ ਗ੍ਰਹਿਸਤੀ ਸਨ ਜਿਹਨਾਂ ਦੇ ਤਿੰਨ ਪੁੱਤਰ ਸਨ ਹਰਦਿਤ ਸਿੰਘ, ਗੁਰਮੁਖ ਸਿੰਘ ਤੇ ਗਿਆਨੀ ਬਲਵੰਤ ਸਿੰਘ ਜੀ। ਗਿਆਨੀ ਬਲਵੰਤ ਸਿੰਘ ਜੀ ਭੈਣੀ ਸਾਹਿਬ ਦੇ ਨਾਮਧਾਰੀ

ਵਿਦਿਆਲੇ ਵਿਚ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਹਿਪਾਠੀ ਸਨ ਅਤੇ ਆਪ ਬੜੇ ਗੁਣੀ ਜਨ ਸਨ।[16]

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਉਪਦੇਸ਼ਾਂ ਵਿਚ, ਭਾਈ ਸੱਦਾ ਸਿੰਘ ਕਬੀਰ ਅਤੇ ਸੰਤ ਕਿਸ਼ਨ ਸਿੰਘ, ਹਰਨਾਮ ਸਿੰਘ ਛੂਤੀਏ ਸਿੰਘਾਂ ਬਾਰੇ ਬੜੀ ਸਟੀਕ ਜਾਣਕਾਰੀ ਦਰਜ ਹੈ। ਜਿਸਦਾ ਜ਼ਿਕਰ ਕੀਤੇ ਬਿਨਾਂ ਇਸ ਛੂਤੀਆ ਸ਼ਾਖਾ ਵਾਲੇ ਸਿੰਘਾਂ ਦੇ ਉੱਚ ਕਿਰਦਾਰ ਦਾ, ਪੂਰਾ ਅਵਲੋਕਨ ਸੰਭਵ ਨਹੀਂ। ਬਾਬਾ ਸਾਹਿਬ ਸਿੰਘ ਭੰਮਾਂ ਬੱਧੀ ਵਾਲੇ ਦੇ ਪਾਸ ਉੱਤਰ ਮਲੇਰਕੋਟਲਾ ਸਾਕਾ ਕਾਲ ਸਮੇਂ, ਲੋਹਗੜ੍ਹ ਦੇ ਛੂਤੀਏ ਸਿੰਘ ਭਾਈ ਸਰਦਾਰਾ ਸਿੰਘ ਹੋਰੀ ਵੀ ਜਾ ਟਿਕੇ ਸਨ। ਉਹਨਾਂ ਦਾ ਛੋਟਾ ਲੜਕਾ ਸੰਤ ਕਿਸ਼ਨ ਸਿੰਘ ਛੂਤੀਆ ਵੀ ਨਾਲ ਸੀ। ਰਿਆਸਤ (ਜੀਂਦ) ਸੰਗਰੂਰ ਦੀ ਜੋ ਸਖਤੀ ਉਹਨਾਂ ਸਿੰਘਾਂ ਨੇ ਝੱਲੀ ਉਸ ਦਾ ਵਰਣਨ ਸਤਿਗੁਰੂ ਜੀ ਦੇ ਉਪਦੇਸ਼ ਵਿਚ ਇਸ ਪ੍ਰਕਾਰ ਹੈ—

"ਉਸ ਵੇਲੇ ਜਿਹੜਾ ਕੋਈ ਰਈਸ ਸੀ, ਜਿਹੜਾ ਕੋਈ ਸਰਦਾਰ ਸੀ, ਜਿਹੜਾ ਕੋਈ ਮਹੰਤ ਸੀ, ਜਿਹੜਾ ਕੋਈ ਥੋੜੀ ਬਹੁਤ ਜਾਇਦਾਦ ਵਾਲਾ ਸੀ, ਉਹ ਸਭ ਅੰਗਰੇਜ਼ਾਂ ਦੇ ਹੁਕਮ ਵਿਚ ਚਲਦੇ ਸਨ। ਨਾਮਧਾਰੀ ਸਿੱਖ ਵਾਸਤੇ ਉਸ ਵੇਲੇ ਕੋਈ ਥਾਂ ਨਹੀਂ ਸੀ ਖੜੇ ਹੋਣ ਨੂੰ-ਪਟਿਆਲੇ ਦੇ ਰਾਜ ਵਿਚ। ਜਿਸ ਵੇਲੇ ਸਤਿਗੁਰਾਂ ਨੂੰ ਲੈ ਗਏ ਸਨ, ਜਿਹੜੇ ਰਿਆਸਤ ਦੇ ਸਿੱਖ ਸਨ, ਉਹਨਾਂ (ਕੂਕਿਆਂ) ਨੂੰ ਜਬਰਨ ਭੇਜ ਕੇ-ਕਿਸੇ ਨੂੰ ਅਕਾਲ ਬੁੰਗੇ ਭੇਜਿਆ, ਕਿਸੇ ਨੂੰ ਕਿਤੇ ਭੇਜਿਆ-ਉਹਨਾਂ ਨੂੰ ਜਬਰਨ ਫੜ-ਫੜ ਕੇ ਅੰਮ੍ਰਿਤ ਛਕਾਇਆ ਅੰਮ੍ਰਿਤ ਤੇ ਕੂਕਿਆਂ ਨੇ ਪਹਿਲਾਂ ਵੀ ਛਕਿਆ ਸੀ। ਹੁਣ ਉਹਨਾਂ ਦਾ ਕੂਕਪੁਣਾ ਕੱਢਣ ਲਈ ਦੂਜੇ ਸਿੱਖ ਤੀਰਥਾਂ ਤੇ ਬਣਿਆ ਅੰਮ੍ਰਿਤ ਜਬਰਨ ਛਕਾਉਂਦੇ ਸਨ, ਕਿਉਂਕਿ ਕੂਕਿਆਂ ਨੂੰ ਸਤਿਗੁਰੂ ਰਾਮ ਸਿੰਘ ਜੀ ਦਾ ਛਕਿਆ ਜਾਂ ਉਹਨਾਂ ਦੇ ਮਰਿਆਦਾ ਵਾਲਾ ਅੰਮ੍ਰਿਤ ਹੀ ਪ੍ਰਵਾਨ ਸੀ। ਉਹਨਾਂ ਕਿਹਾ, "ਸਾਡੇ ਰਾਜ ਵਿਚ ਕੋਈ ਕੂਕਾ ਨਹੀਂ"—ਕਿਉਂਕਿ ਅੰਗਰੇਜ਼ ਦੀ ਵਫਾਦਾਰੀ ਨਹੀਂ ਸੀ ਨਾ ਰਹਿ ਸਕਦੀ, ਰਾਜਿਆਂ ਦਾ ਰਾਜ ਨਹੀਂ ਸੀ ਰਹਿ ਸਕਦਾ। ਜੋ ਉਥੇ ਨਾਮਧਾਰੀ ਸਿੱਖਾਂ ਨਾਲ ਹੋਇਆ, ਕੋਈ ਵਕਤ ਆਵੇਗਾ ਇਤਿਹਾਸ ਦੱਸੇਗਾ। ਹੁਣ ਤਾਂ ਉਹ ਸਰੀਰ ਹੀ ਨਹੀਂ ਰਹਿ ਗਏ, ਜਿਨ੍ਹਾਂ ਦੀ ਸੱਤ ਸਾਲ ਜਾਂ ਛੇ ਸਾਲ ਦੀ ਉਮਰ ਸੀ—ਇਹਨਾਂ ਨੂੰ, ਇਹਨਾਂ ਦੇ ਪਿਤਾ ਨੂੰ, ਇਹਨਾਂ ਦੇ ਭਰਾਵਾਂ ਨੂੰ, ਇਹਨਾਂ ਦੇ ਸਾਥੀਆਂ ਨੂੰ-ਰਿਆਸਤ ਸੰਗਰੂਰ ਵਿਚ ਭੰਬਾਬੱਧੀ ਇਹ ਰਹਿੰਦੇ ਸਨ-ਕਾਠ ਮਾਰੇ ਸਨ। ਉਹਨਾਂ ਦਿਨਾਂ 'ਚ ਇਕ ਲੱਕੜ ਦਾ ਕਾਠ ਹੁੰਦਾ ਸੀ, ਜਿਹੜਾ ਲੱਤ ਵਿਚ ਮਾਰ ਕੇ ਫਾਨਾ ਠੋਕ ਦਿੰਦੇ ਸਨ। ਮੈਨੂੰ ਉਹਨਾਂ ਨੇ ਸੁਣਾਇਆ-ਛੋਟੀ ਉਮਰ ਸੀ, ਪਿਤਾ ਜੀ ਨਾਲ ਸਨ, ਭੁੱਖ ਲੱਗ ਆਈ ਚਾਰ ਪਹਿਰ, ਛੇ ਪਹਿਰ ਲੰਘ ਗਏ—"ਪਿਤਾ ਜੀ ਭੁੱਖ ਲੱਗੀ ਹੈ।" (ਪਿਤਾ ਜੀ) ਕਹਿੰਦੇ ਨੇ, "ਭਾਈ, ਭਜਨ ਕਰ।"

"ਸੁਣਦਾ ਤੇ ਕੋਈ ਹੈ ਨਹੀਂ ਸੀ। ਫੇਰ ਆਖਿਆ, "ਭੁੱਖ ਲੱਗੀ ਹੈ।" ਇਤਨੇ ਚਿਰ ਨੂੰ ਇਕ ਮਾਈ ਆਈ ਕੋਈ ਬਾਹਰੋਂ, ਜਿਹਨੂੰ ਕੋਈ ਨਹੀਂ ਸੀ ਜਾਣਦਾ। ਉਸਨੇ ਪੰਜ-ਪੰਜ ਸੌ ਗਾਲ ਉਹਨਾਂ ਸਾਰਿਆਂ ਨੂੰ ਪੁਲਿਸ ਵਾਲਿਆਂ ਨੂੰ ਤੇ ਅਫਸਰਾਂ ਨੂੰ ਕੱਢੀ। ਉਸਨੇ ਕਹਿ ਕੇ ਸਿੱਖ ਛੁਡਵਾਏ, "ਤੁਹਾਡਾ ਕੱਖ ਨਹੀਂ ਰਹਿਣਾ-ਤੁਸੀਂ ਇਹਨਾਂ ਨੂੰ ਕਿਉਂ

ਮਾਰਦੇ ਹੋ ?" ਉਸੇ ਵੇਲੇ ਉਹਨਾਂ ਸਾਰਿਆਂ ਦੀਆਂ ਬੇੜੀਆਂ ਲੁਹਾ ਦਿੱਤੀਆਂ।"[17]

ਸਿੱਖੀ ਦੇ ਗੋਹਜ ਰਹੱਸ ਦੀਆਂ ਕਈ ਸਾਖੀਆਂ ਬਚਨ ਸਮਝਾਉਣ ਲਈ ਸਤਿਗੁਰੂ ਪ੍ਰਤਾਪ ਸਿੰਘ ਜੀ ਕਈ ਮਿਸਾਲਾਂ ਦਿਆ ਕਰਦੇ ਸਨ। ਸਤਿਗੁਰੂ ਰਾਮ ਸਿੰਘ ਜੀ ਨੂੰ ਲੋਕ ਵੱਖ-ਵੱਖ ਸੰਬੋਧਨਾਂ ਨਾਲ ਬੁਲਾਉਂਦੇ ਸਨ। ਇਸ ਪਰਥਾਇ ਛੂਤੀਏ ਸੰਤ ਹਰਨਾਮ ਸਿੰਘ ਹੋਰਾਂ ਨਾਲ ਇਕ ਉਪਦੇਸ਼ ਵਿਚ, ਸਤਿਗੁਰੂ ਰਾਮ ਸਿੰਘ ਜੀ ਦਾ ਫਰਮਾਨ ਅੰਕਿਤ ਕਰਦੇ ਹਨ—

"ਇਕ ਦਿਨ ਬਚਨ, ਹਰਨਾਮ ਸਿੰਘ ਹੁਰੀਂ ਛੂਤੀਏ, ਕਿਸ਼ਨ ਸਿੰਘ ਹੁਰਾਂ ਦੇ ਭਰਾ ਲੱਗੇ ਸੁਣਾਉਣ। ਸਤਿਗੁਰ ਕਹਿੰਦੇ ਨੇ, "ਜੇ ਤਾਂ ਕੋਈ ਮੈਨੂੰ ਯਾਰ ਕਰਕੇ ਕਲਪੂ-ਤਾਂ ਮੈਂ ਉਹਦੀ ਕੁਲ ਵਿਚ ਯਾਰੀ ਕਰ ਦੇਊਂ, ਜੇ ਮੈਨੂੰ ਕੋਈ ਚੋਰ ਕਰਕੇ ਕਲਪੂ-ਤੇ ਉਹਨੂੰ ਚੋਰੀ ਕਰ ਦੇਊ ਉਹਦੀ ਕੁਲ ਵਿਚ, ਜੇ ਮੈਨੂੰ ਕੋਈ ਸੰਤ ਜਾਣ ਦੇ ਕਲਪੂ ਤਾਂ-ਸੰਤ ਕਰ ਦੇਊਂ, ਜੇ ਮੈਨੂੰ ਕੋਈ ਗੁਰੂ ਜਾਣ ਕੇ ਕਲਪੂ ਤਾਂ ਉਹਦਾ ਪਾਰ ਉਤਾਰਾ ਕਰ ਦੇਊਂ-ਤੇ ਅਕਾਲ ਪੁਰਖ ਮੈਂ ਹਾਂ ਈ।" ਹੁਣ ਇਹ ਬਚਨ ਮਨੁੱਖ ਨੂੰ ਕਿਸ ਤਰ੍ਹਾਂ ਦੱਸੀ ਏ, ਜਿੰਨੀ-ਜਿੰਨੀ ਕਿਸੇ ਨੂੰ ਸਮਝ ਹੈ।"[18]

ਸਾਹ ਸਤ ਹੀਣ ਹੋਈ ਕੌਮ ਨੂੰ ਮੁੜ ਪੈਰਾਂ ਸਿਰ ਕਰਨ ਲਈ, ਉਸਦਾ ਆਤਮ ਸਨਮਾਨ ਜਗਾਉਣ ਲਈ, ਇਸ ਤੋਂ ਘੱਟ ਸਤਿਗੁਰੂ ਜੀ ਦੀ ਸਿੱਖਿਆ, ਉਸ ਸਮੇਂ ਵਿਚ ਕਾਰਗਰ ਨਹੀਂ ਹੋ ਸਕਦੀ ਸੀ। ਸਤਿਗੁਰੂ ਰਾਮ ਸਿੰਘ ਜੀ ਦੇ ਸਿੱਖਾਂ ਵਿਚ, ਗੁਰੂ ਚਰਨਾਂ ਤੇ ਪ੍ਰਤੀਤ ਦੀ ਬਖਸ਼ਿਸ਼ ਬੇਜੋੜ ਸੀ। ਛੂਤੀਏ ਸਿੰਘਾਂ ਦੇ ਹਵਾਲੇ ਨਾਲ, ਸਤਿਗੁਰੂ ਪ੍ਰਤਾਪ ਸਿੰਘ ਜੀ, ਇਸ ਵੱਡੀ ਪ੍ਰਾਪਤੀ ਨੂੰ ਆਪਣੇ ਸ਼ਬਦਾਂ ਨਾਲ ਇਉਂ ਮਹਿਮਾ ਮੰਡਿਤ ਕਰਦੇ ਹਨ—

"ਇਹਨਾਂ ਵਾਸਤੇ ਗੁਰੂ ਸਾਹਿਬ ਨੇ ਲਿਖਿਆ ਹੈ—

ਤਿਨਾ ਝਾਕ ਨ ਹੋਰ
ਜੇ ਕਰਿ ਦੂਜਾ ਦੇਖਦੇ ਜਨ ਨਾਨਕ ਕਢਿ ਦਿਚੰਨਿ

ਮ:ਮ:੪, ਪੰਨਾ ੧੩੧੮

ਜੇ ਕਿਸੇ ਦੂਏ ਵਲ ਝਾਕਦੀਆਂ ਹਨ ਤਾਂ ਮੇਰੀਆਂ ਅੱਖਾਂ ਕੱਢ ਦਿੱਤੀਆਂ ਜਾਣ। ਉਹਨਾਂ ਨੇ ਨਹੀਂ ਕੋਈ ਪਾਸਾ ਹੋਰ ਤੱਕਿਆ ਸੀ। ਬਾਬਾ ਸਾਹਿਬ ਸਿੰਘ, ਇਕ ਲੋਹਗੜ੍ਹ ਪਿੰਡ ਵਿਚ ਰਹਿੰਦੇ ਸਨ, ਲੁਧਿਆਣੇ ਦੇ ਜ਼ਿਲ੍ਹੇ 'ਚ. ਜਨਮ ਭੂੰਮਾ ਬੱਧੀ ਦਾ ਸੀ। ਲੋਹਗੜ੍ਹ ਵਿਚ ਸੰਤ ਮਸਤੂਆਣੀਏ ਆਏ। ਦੀਵਾਨ ਲਾਉਂਦੇ ਰਹੇ, ਖਵਰੇ ਉਨੀ ਦਿਨ ਕੇ ਬਾਈ ਦਿਨ ਰਹੇ। (ਬਾਬਾ ਸਾਹਿਬ ਸਿੰਘ ਜੀ) ਕਹਿੰਦੇ-ਬਿਨਾਂ ਸਤਿਗੁਰੂ ਰਾਮ ਸਿੰਘ ਜੀ ਦੀ ਸਾਧ ਸੰਗਤ ਤੋਂ ਦੀਵਾਨ ਨਹੀਂ ਸੁਣਨ ਜਾਣਾ।"[19]

ਬੇਸ਼ਕ ਸੰਤ ਅਤਰ ਸਿੰਘ ਜੀ ਮਹਾਰਾਜ ਪਹੁੰਚੀ ਹੋਈ ਸ਼ਖਸੀਅਤ ਸਨ ਪਰ ਸੰਤ ਸਾਹਿਬ ਸਿੰਘ ਜੀ ਦੇ ਜਿਸ ਹਿਰਦੇ ਵਿਚ ਸਤਿਗੁਰੂ ਰਾਮ ਸਿੰਘ ਵੱਸ ਚੁੱਕੇ ਸਨ, ਉਹ ਉਸ ਦੀਵਾਨ ਵਿਚ ਕਿਵੇਂ ਜਾਂਦੇ ਜਿਸ ਵਿਚ ਉਹਨਾਂ ਦੇ ਸਤਿਗੁਰੂ ਦਾ ਜ਼ਿਕਰ ਤਕ ਨਹੀਂ ਸੀ ਹੋਣਾ। ਕਹਿੰਦੇ ਹਨ ਕਿ ਕਿਸੇ ਨੇ ਮਜਨੂੰ ਨੂੰ ਕਿਹਾ ਕਿ ਤੈਨੂੰ ਖੁਦਾ ਮਿਲਣਾ

ਚਾਹੁੰਦਾ ਹੈ, ਕੋਈ ਰਾਹ ਹੈ ? ਉਸਦਾ ਜੁਆਬ ਸੀ, "ਹਾਂ ਇਕ ਰਾਹ ਹੈ। ਉਹ ਮੈਨੂੰ ਲੈਲਾ ਦੇ ਰੂਪ ਵਿਚ ਹੀ ਆ ਕੇ ਮਿਲ ਸਕਦਾ ਹੈ। ਵੈਸੇ ਨਹੀਂ।"

ਬਾਬਾ ਸੱਦਾ ਸਿੰਘ ਜੀ ਤੋਂ ਵਰੋਸਾਏ ਸੰਤ ਕਿਸ਼ਨ ਸਿੰਘ ਜੀ ਛੂਤੀਏ ਦੇ ਉਚੇ ਜੀਵਨ, ਉਹਨਾਂ ਦੇ ਪਾਠ ਕਰਨ ਦੀ ਸ਼ਾਨਦਾਰ ਮਰਿਆਦਾ, ਮਾਇਆ ਪ੍ਰਤੀ ਤਿਆਗ ਭਾਵ ਦਾ ਵਰਣਨ, ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਇਸ ਉਪਦੇਸ਼ ਵਿਚ ਅੰਕਿਤ ਹੈ—

"ਭਾਈ ਕਿਸ਼ਨ ਸਿੰਘ ਹੁਰੀਂ ਸੰਤ ਸਾਡੇ ਸਨ, ਛੂਤੀਏ ਉਹਨਾਂ ਨੂੰ ਕਹਿੰਦੇ। ਜਦੋਂ ਲੋਕ ਪੰਜ ਰੁਪਏ ਲੈਂਦੇ, ਉਦੋਂ ਉਹ ਵੀਹ ਰੁਪਏ ਲੈਂਦੇ। ਸ਼ਰਤ ਇਹ ਹੁੰਦੀ, ਜਿੰਨੇ ਦਿਨ ਰਹਿਣਾ ਹੈ ਘਰ, ਜਿੰਨਾ ਚਿਰ ਉਹਨਾਂ ਨੇ ਬਹਿਣਾ ਹੈ ਘਰ, ਜਾਂ ਸਤਿਗੁਰਾਂ ਦੀਆਂ ਸਾਖੀਆਂ ਸੁਣਾਉਣੀਆਂ ਜਾਂ ਸਾਰਾ ਟੱਬਰ ਇਸ਼ਨਾਨ ਕਰਕੇ ਜਿੰਨਾ ਚਿਰ ਕੋਲ ਬਹਿ ਕੇ ਪਾਠ ਸੁਣੇ ਕਰਨਾ ਨਹੀਂ ਉਹਨਾਂ ਨੇ ਬਾਹਰ ਫਿਰੀ ਜਾਣਾ। ਉਸ ਪੈਸੇ ਬਹੁਤੇ ਕੀ ਕਰਦੇ ਸੀ। ਉਹਨਾਂ ਨੇ ਆਪਣੇ ਲੀੜੇ ਕੱਪੜੇ ਪਹਿਨਣ ਤੋਂ ਬਿਨਾਂ, ਛਕਣ ਤੋਂ ਬਿਨਾਂ ਕੋਈ ਪੈਸਾ ਕੋਲ ਨਹੀਂ ਰੱਖਿਆ। ਪੰਦਰਾਂ ਹਜ਼ਾਰ ਰੁਪਈਆ ਲੰਗਰ 'ਚ ਹੌਲੀ ਹੌਲੀ ਇਸੇ ਤਰ੍ਹਾਂ ਉਹਨਾਂ ਪਾਇਆ। ਇਹ ਉਹਨਾਂ ਦੀ ਬਿਹੰਗਮੀ ਸੀ। ਚੜ੍ਹਨ ਲੱਗਿਆਂ ਵੀ ਨੌਂ ਸੌ ਰੁਪਈਆ ਭਾਣਜੀਉਂ ਜਵਾਈ ਸੀ, ਉਹਦੇ ਕੋਲ ਧਰ ਗਏ। ਉਹਨੂੰ ਕਹਿ ਗਏ—ਮੇਰਾ ਨਾਂ ਲੈ ਕੇ, ਜਿੰਨਾ ਚਿਰ ਨਾ ਆਵੇ, ਉਨਾਂ ਚਿਰ ਇਹ ਗੁੱਥੀ ਨਾ ਕਿਸੇ ਕੋਲ ਵੀ ਦਿਆ ਜੇ।"[20]

ਇਹੋ ਜਿਹਾ ਉੱਚਾ ਸੁੱਚਾ ਜੀਵਨ ਸੀ, ਤਪ ਤਿਆਗ, ਸੇਵਾ ਸਿਮਰਨ ਅਤੇ ਕੁਰਬਾਨੀ ਦੀ ਕੁਠਾਲੀ ਵਿਚ ਘੜਿਆ ਹੋਇਆ ਬਾਬਾ ਸੱਦਾ ਸਿੰਘ "ਕਬੀਰ" ਅਤੇ ਉਹਨਾਂ ਤੋਂ ਵਰੋਸਾਏ ਆਪ ਦੀ ਛੂਤੀਆਂ ਸ਼ਾਖਾ ਦੇ ਨਾਮਧਾਰੀ ਸਿੰਘਾਂ ਦਾ। ਆਪ ਦੇ ਜਥੇ ਦੁਆਰਾ ਝਾਗੀਆਂ ਭਾਰੀਆਂ ਮੁਸੀਬਤਾਂ ਅਤੇ ਵਿਦੇਸ਼ੀ ਸਰਕਾਰ ਤੇ ਦੇਸੀ ਰਜਵਾੜਾ ਸ਼ਾਹੀ ਨਾਲ ਲਏ ਇੱਟ ਖੜਿੱਕੇ, ਸਾਡੇ ਮੁਕਤੀ ਸੰਗਰਾਮ ਦੇ, ਪੰਜਾਬ ਦੀ ਕੂਕਾ ਲਹਿਰ ਵਾਲੇ ਅਧਿਆਏ ਵਿਚ, ਇਕ ਵਿਲੱਖਣ ਸਥਾਨ ਸੁਨਿਸ਼ਚਿਤ ਕਰਨ ਦੀਆਂ ਹੱਕਦਾਰ ਹਨ। ਉਹਨਾਂ ਸਿੰਘਾਂ ਦੇ ਜੀਵਨ ਵਿਚ ਕਹਿਣੀ ਤੇ ਕਥਨੀ ਸਮਰੂਪ ਹੋ ਗਏ ਸਨ ਅਤੇ ਉਹ ਸਦਾ ਹੱਥੀਂ ਕਿਰਤ ਕਰਨ ਨੂੰ ਤਰਜੀਹ ਦਿੰਦੇ ਸਨ। ਮਾਲੂਮ ਹੁੰਦਾ ਹੈ ਕਿ ਬਾਬਾ ਸੱਦਾ ਸਿੰਘ ਕਬੀਰ ਹੋਰਾਂ ਨੇ ੭੦-੭੨ ਸਾਲ ਦੀ ਉਮਰ ਭੋਗੀ ਹੈ। ਉਹਨਾਂ ਦਾ ਦੇਹਾਂਤ ਵੀਹਵੀਂ ਸਦੀ ਚੜ੍ਹਨ ਤੋਂ ਸਾਲ ਪਹਿਲਾਂ ਜਾਂ ਸਾਲ ਬਾਅਦ ਹੋ ਗਿਆ।

## ਹਵਾਲੇ ਅਤੇ ਟਿਪਣੀਆਂ

1. ਸਤਿਜੁਗ (ਪੰਜਾਬੀ ਹਫਤਾਵਾਰ) ਦਾ ਸੰਤ ਅੰਕ (੨੦ ਭਾਦਰੋਂ ਸੰਬਤ ੧੯੯੮ ਬਿ.), ਸ੍ਰੀ ਭੈਣੀ ਸਾਹਿਬ, ਸੰਤ ਇੰਦਰ ਸਿੰਘ 'ਚੱਕਰਵਰਤੀ' ਦਾ ਲੇਖ-ਸ੍ਰੀ ਬਾਬਾ ਸੱਦਾ ਸਿੰਘ ਜੀ "ਕਬੀਰ", ਸਫਾ ੧੮
2. ਉਹੀ, ਸਫਾ ੧੮
3. ਉਹੀ, ਸਫਾ ੧੮
4. ਉਹੀ, ਸਫਾ ੧੯

5. ਉਹੀ, ਸਫਾ ੧੯
6. ਸਤਿਗੁਰੂ ਬਿਲਾਸ (ਭਾਗ ੧) ਭਾਈ ਸੰਤੋਖ ਸਿੰਘ ਬਾਹੋਵਾਲ, ੨੦੦੨, ਨਾਮਧਾਰੀ ਦਰਬਾਰ ਭੈਣੀ ਸਾਹਿਬ, ਸਫਾ ੩੮੪
7. ਸਤਿਜੁਗ ਦਾ ਸੰਤ ਅੰਕ-(੧੯੯੮ ਬਿ.), ਸਫਾ ੨੦
8. ਉਹੀ, ਸਫਾ ੨੧-੨੨
9. ਸਤਿਗੁਰੂ ਬਿਲਾਸ (ਭਾਗ ਦੂਜਾ), ਭਾਈ ਸੰਤੋਖ ਸਿੰਘ ਬਾਹੋਵਾਲ, ੨੦੦੫, ਨਾਮਧਾਰੀ ਦਰਬਾਰ, ਭੈਣੀ ਸਾਹਿਬ, ਸਫਾ ੩੧
10. ਕੂਕੇ ਸਿੰਘ ਤੇ ਅੰਗਰੇਜ਼ ਰਾਜ-ਗਿਆਨੀ ਕਾਹਲਾ ਸਿੰਘ ਨੰਗਲ, ਪ੍ਰਕਾਸ਼ਕ ਸੰਤ ਬਿਸ਼ਨ ਸਿੰਘ ਹਿਸਟੋਰੀਅਨ, ਜੀਵਨ ਨਗਰ (ਸਿਰਸਾ) ਸੰਨ ੧੯੭੦, ਸਫਾ ੧੯-੨੭
11. ਸਤਿਜੁਗ ਦਾ ਸੰਤ ਅੰਕ-ਸਫਾ ੨੩
12. ਉਹੀ, ਸੰਤ ਇੰਦਰ ਸਿੰਘ ਚੱਕਰਵਰਤੀ ਦੀ ਰਚਨਾ "ਸੰਤ ਸਿਪਾਹੀ", ਸਫਾ ੧੬
13. ਸਤਿਗੁਰੂ ਬਿਲਾਸ ਭਾਗ ਦੂਜਾ, ਸਫਾ ੭੫
14. ਸਤਿਗੁਰੂ ਬਿਲਾਸ ਭਾਗ ਦੂਜਾ, ਸਫਾ ੭੫
15. ਉਹੀ, ਸਫਾ ੧੬੨
16. ਸਤਿਜੁਗ ਦਾ ਸੰਤ ਅੰਕ, ਸਫਾ ੨੩
17. ਲਾਲ ਏਹਿ ਰਤਨ (ਭਾਗ ੨), ਉਪਦੇਸ਼ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ (ਸੰ. ਪ੍ਰਿੰ. ਬੇਅੰਤ ਕੌਰ), ੧੯੯੯, ਨਾਮਧਾਰੀ ਸੀਡਜ਼ ਪ੍ਰਾਈਵੇਟ ਇਮਿਟੇਡ, ਬੰਗਲੌਰ, ਸਫਾ ੩੪-੩੫
18. ਲਾਲ ਏਹਿ ਰਤਨ-੨, ਸੰ. (ਪ੍ਰਿੰ. ਬੇਅੰਤ ਕੌਰ), ੨੦੦੨ ਨਾਮਧਾਰੀ ਸੀਡਜ਼ ਪ੍ਰਾਈਵੇਟ ਲਿਮਿਟੇਡ ਬੰਗਲੌਰ, ਸਫਾ ੧੪੫
19. ਲਾਲ ਏਹਿ ਰਤਨ-੪ (ਸੰ. ਪ੍ਰਿੰ. ਬੇਅੰਤ ਕੌਰ), ੨੦੦੩, ਨਾਮਧਾਰੀ ਦਰਬਾਰ, ਸ੍ਰੀ ਭੈਣੀ ਸਾਹਿਬ, ਸਫਾ ੮੬
20. ਲਾਲ ਏਹਿ ਰਤਨ-੫ (ਸੰ. ਪ੍ਰਿੰ. ਬੇਅੰਤ ਕੌਰ), ੨੦੦੫, ਨਾਮਧਾਰੀ ਦਰਬਾਰ, ਸ੍ਰੀ ਭੈਣੀ ਸਾਹਿਬ, ਸਫਾ ੪੫੧

# ਸੇਵਕ ਅਤੇ ਸੂਰਮਾ—ਭਾਈ ਅਤਰ ਸਿੰਘ 'ਹਜ਼ੂਰੀਆ'

ਸਤਿਗੁਰੂ ਰਾਮ ਸਿੰਘ ਜੀ ਦੁਆਰਾ ਨਾਮਧਾਰੀ ਪੰਥ ਦੀ ਸਾਜਨਾ ਨੇ, ਪੰਜਾਬ ਵਾਸੀਆਂ ਦੀ ਗ਼ੈਰਤ ਨੂੰ ਟੁੰਬਣ ਦਾ, ਸਫਲ ਉਪਰਾਲਾ ਕੀਤਾ। ਮਹਾਰਾਜਾ ਰਣਜੀਤ ਸਿੰਘ ਦਾ ਰਾਜ ਪੰਜਾਬੀਆਂ ਦਾ ਸਾਂਝਾ ਰਾਜ ਸੀ, ਜਿਸ ਵਿਚ ਹਿੰਦੂ ਸਿੱਖ ਅਤੇ ਮੁਸਲਮਾਨ, ਮਜ਼੍ਹਬੀ ਵਿਤਕਰਿਆਂ ਤੋਂ ਉਪਰ ਉੱਠ ਕੇ, ਇਕ ਸੂਰਬੀਰ ਸ਼ਾਨਦਾਰ, ਨਿਆਂ ਪਸੰਦ ਅਤੇ ਹਰ ਇਕ ਦਾ ਦੁੱਖ ਦਰਦ ਵੰਡਾਉਣ ਵਾਲੀ ਪੰਜਾਬੀ ਕੌਮ ਦੇ ਰੂਪ ਵਿਚ ਸੰਗਠਿਤ ਹੋਣੇ ਸ਼ੁਰੂ ਹੋ ਗਏ ਸਨ। ਅੰਗਰੇਜ਼ਾਂ ਦੀ ਆਮਦ ਨੇ ਜਿੱਥੇ ਉਭਰ ਰਹੀ ਪੰਜਾਬੀਅਤ ਦੀ ਭਾਵਨਾ ਨੂੰ ਸੱਟ ਮਾਰੀ ਉੱਥੇ ਮਜ਼੍ਹਬੀ ਵਖਰੇਵਿਆਂ ਅਤੇ ਭਾਰਤੀ ਵਰਣ ਵਿਵਸਥਾ ਦੇ ਜ਼ਾਤ ਪਾਤੀ ਵਖਰੇਵਿਆਂ ਨੂੰ ਵੀ ਚੋਖੀ ਹਵਾ ਦਿੱਤੀ। ਇਹ ਸਤਿਗੁਰੂ ਰਾਮ ਸਿੰਘ ਜੀ ਦੀ ਵੱਡੀ ਪ੍ਰਤਿਭਾ ਦਾ ਜਾਹੋ ਜਲਾਲ ਸੀ ਕਿ ਆਪ ਨੇ ਨਿੰਮੋਝੂਣ ਹੋ ਚੁੱਕੀ ਪੰਜਾਬੀ ਲੋਕਾਈ ਨੂੰ ਫਿਰ ਕੌਮੀ ਮੁਕਤੀ ਅੰਦੋਲਨ ਵਾਸਤੇ, ਥੋਹੜੇ ਸਮੇਂ ਵਿਚ ਹੀ ਤਿਆਰ ਕਰ ਲਿਆ। ਬੇਸ਼ਕ ਆਪ ਦੇ ਮਿਸ਼ਨ ਵਿਚ ਆਉਣ ਵਾਲੇ ਬਹੁ ਗਿਣਤੀ ਸਿੱਖ ਸਨ ਪਰ ਹਿੰਦੂ ਅਤੇ ਮੁਸਲਮਾਨੰ ਨੇ ਵੀ ਕੂਕਾ ਕਾਜ਼ ਪ੍ਰਤੀ ਹਮਦਰਦੀ ਪ੍ਰਗਟ ਕੀਤੀ। ਪੰਜਾਬੀ ਵੱਸੋਂ ਦੀਆਂ ਕਥਿਤ ਉਚੀਆਂ ਨੀਵੀਆਂ ਸਾਰੀਆਂ ਜਾਤਾਂ, ਬਿਰਾਦਰੀਆਂ ਦੇ ਲੋਕ, ਆਪ ਜੀ ਝੰਡੇ ਹੇਠ ਆਣ ਜੁੱਟੇ। ਬੇਸ਼ਕ ਬਹੁ ਗਿਣਤੀ ਪੇਂਡੂ ਵਸੋਂ ਅਤੇ ਜੱਟ ਜ਼ਿਮੀਦਾਰ ਭਾਈਚਾਰੇ ਦੀ ਸੀ ਪਰ ਹੋਰ ਪਛੜੀਆਂ ਸ਼੍ਰੇਣੀਆਂ ਅਤੇ ਦਲਿਤ ਸਮੁਦਾਇ ਦਾ ਕੂਕਾ ਅੰਦੋਲਨ ਵਿਚ ਯੋਗਦਾਨ, ਘੱਟ ਵਰਨਣ ਯੋਗ ਨਹੀਂ। ਇਹਨਾਂ ਸ਼੍ਰੇਣੀਆਂ ਵਿਚੋਂ ਆਏ ਕੁਝ ਸਿੰਘ ਇਸ ਅੰਦੋਲਨ ਦੀਆਂ ਮੋਹਰਲੀਆਂ ਸਫਾ ਵਿਚ ਜ਼ਿੰਮੇਵਾਰੀਆਂ ਵਾਲੇ ਥਾਵਾਂ ਤੇ ਸੂਬਾ, ਨਾਇਬ ਸੂਬਾ, ਮਹੰਤ, ਜਥੇਦਾਰ ਆਦਿ ਵੀ ਸਨ ਅਤੇ ਸ੍ਰੀ ਸਤਿਗੁਰੂ ਜੀ ਦੀ ਹਮੇਸ਼ਾਂ ਨੇੜਤਾ ਮਾਨਣ ਵਾਲੇ ਉਹਨਾਂ ਦੇ ਹਜ਼ੂਰੀ ਸੇਵਕਾਂ ਵਿਚੋਂ ਵੀ ਸਨ। ਇਸ ਤਰ੍ਹਾਂ ਦੇ ਹੀ ਨਿਕਟਵਰਤੀ, ਗੁਰੂ ਪਿਆਰੇ ਭਾਈ ਅਤਰ ਸਿੰਘ ਹੋਏ ਹਨ ਜਿਹਨਾਂ ਨੂੰ ਸਤਿਗੁਰੂ ਜੀ ਦਾ "ਹਜ਼ੂਰੀਆ" ਜਾਂ "ਗੜਵਈ" ਸਿੰਘ ਹੋਣ ਦਾ ਮਾਣ ਵੀ ਹਾਸਲ ਹੋਇਆ ਅਤੇ ਕੂਕਿਆਂ ਦੇ ਇਕ ਸ਼ਹੀਦੀ ਜਥੇ ਵਿਚ ਸ਼ਾਮਲ ਹੋਣਾ ਵੀ ਉਸ ਦੇ ਹਿੱਸੇ ਆਇਆ।

ਭਾਈ ਅਤਰ ਸਿੰਘ ਦਾ ਪਿੰਡ ਰਿਆਸਤ ਪਟਿਆਲਾ ਵਿਚ ਸੀ–ਕਸਾਈਵਾੜਾ। ਇਸ ਪਿੰਡ ਦੀ ਸਾਰੀ ਭੂਮੀ ਦੇ ਮਾਲਕ ਸ. ਗੁਰਦਿਤ ਸਿੰਘ ਜੀ ਸਨ। ਉਹ ਨਾਈ ਜਾਤੀ ਨਾਲ ਸਬੰਧਿਤ ਸਨ। ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਚਾਰ ਤੋਂ ਪ੍ਰਭਾਵਿਤ ਹੋ ਕੇ, ਉਸ ਵੇਲੇ ਦੇ ਮਾਲਵੇ ਦੇ ਹੋਰ ਬਹੁਤ ਸਾਰੇ ਸਿੱਖ ਸਰਦਾਰਾਂ ਜਿਉਂ, ਸ. ਗੁਰਦਿਤ ਸਿੰਘ ਵੀ ਨਾਮਧਾਰੀ ਪੰਥ ਵਿਚ ਸ਼ਾਮਲ ਹੋ ਗਏ ਸਨ। ਸਤਿਗੁਰੂ ਜੀ ਦੀ ਚਰਨ ਛੋਹ ਪ੍ਰਾਪਤ ਹੈ ਇਸ ਪਿੰਡ ਦੀ ਪਾਵਨ ਮਿੱਟੀ। ਇਸ ਦਾ ਨਾਮ ਸਤਿਗੁਰੂ ਜੀ ਨੇ ਕਸਾਈ ਵਾੜੇ ਤੋਂ

'ਕਰਤਾਰਗੜ੍ਹ' ਕਰ ਦਿੱਤਾ ਸੀ। ਫਿਰ ਕਾਲਾਂਤਰ ਵਿਚ ਆਪ ਜੀ ਦੀ ਇਸ ਨਗਰ ਵਿਚ ਫੇਰੀ ਕਾਰਨ, ਇਸ ਨੂੰ 'ਰਾਮ ਨਗਰ' ਵੀ ਕਿਹਾ ਜਾਂਦਾ ਰਿਹਾ। ਪ੍ਰੰਤੂ ਪ੍ਰਚਲਿਤ ਨਾਮ ਅੱਜ ਵੀ ਕਸਾਈਵਾੜਾ ਹੀ ਹੈ ਜੋ ਮੌੜ ਮੰਡੀ ਤੋਂ ਰਾਮਪੁਰਾ ਫੂਲ ਜਾਣ ਵਾਲੀ ਸੜਕ ਤੇ, ੫ ਕਿਲੋਮੀਟਰ ਦੇ ਫਾਸਲੇ ਤੇ ਸਥਿਤ ਹੈ। ਖ਼ੈਰ ਅਸੀਂ ਗੱਲ ਕਸਾਈਵਾੜੇ ਦੀ 'ਕਰਤਾਰਗੜ੍ਹ' ਬਣਨ ਦੀ ਕਰ ਰਹੇ ਸਾਂ। ਸ. ਗੁਰਦਿਤ ਸਿੰਘ ਜਾਂ ਉਸ ਦੇ ਵਡੇਰਿਆਂ ਨੇ ਇਸ ਪਿੰਡ ਦੀ ਨੀਂਹ, ਸਿੱਖ ਰਿਆਸਤਾਂ ਦੇ ਸਮੇਂ, ਬਰਨਾਲਾ ਦੇ ਨੇੜੇ 'ਨਾਈਵਾਲਾ' ਪਿੰਡ ਤੋਂ ਆ ਕੇ ਹੀ ਰੱਖੀ ਸੀ। ਉਹਨਾਂ ਦਾ ਬਾਕੀ ਸ਼ਰੀਕਾ ਕੋੜਮਾਂ ਨਾਈਵਾਲਾ ਵਿਚ ਹੀ ਸੀ। ੨੬ ਨਵੰਬਰ ੧੮੭੧ ਈ. ਨੂੰ, ਲੁਧਿਆਣਾ ਦੀ ਜ਼ਿਲ੍ਹਾ ਜਿਹਲ ਦੇ ਬਾਹਰ, ਬੋਹੜ ਦੇ ਰੁੱਖ ਨਾਲ ਸੂਬਾ ਗਿਆਨੀ ਸਿੰਘ ਹੋਰਾਂ ਦੇ ਨਾਲ ਕੂਕਾ ਵਿਦਰੋਹੀ ਵਜੋਂ ਫਾਂਸੀ ਦੇ ਕੇ ਸ਼ਹੀਦ ਕੀਤੇ ਜਾਣ ਵਾਲਾ, ਨਾਇਬ ਸੂਬਾ ਰਤਨ ਸਿੰਘ ਵੀ ਇਸੇ ਪਿੰਡ ਨਾਈਵਾਲਾ ਦੇ ਨਾਈ ਸਰਦਾਰਾਂ ਦੇ ਘਰਾਣੇ ਵਿਚੋਂ ਹੀ ਸੀ।

ਸਤਿਗੁਰੂ ਰਾਮ ਸਿੰਘ ਜੀ ਦੇ ਕਸਾਈਵਾੜੇ ਆਉਣ ਦਾ ਪ੍ਰਸੰਗ ਵੀ ਨਾਮਧਾਰੀ ਇਤਿਹਾਸ ਦੀ ਇਕ ਵਿਲੱਖਣ ਘਟਨਾ, ਆਪਣਿਆਂ ਪੱਤਰਿਆਂ ਵਿਚ ਸਾਂਭੀ ਬੈਠਾ ਹੈ। ਘਟਨਾ ੧੮੭੧ ਈ. ਦੀ ਵੈਸਾਖੀ ਦੇ ਬਾਅਦ ਦੀ ਹੈ। ਸਤਿਗੁਰੂ ਜੀ ਨੇ ਸੰਗਤ ਸਮੇਤ, ਦਮਦਮਾ ਸਾਹਿਬ ਦੀ ਵੈਸਾਖੀ ਦੇ ਪੁਰਬ ਤੇ ਗੁਰਧਾਮਾਂ ਦੀ ਸ਼ਰਧਾਪੂਰਵਕ ਯਾਤਰਾ ਕੀਤੀ। ਮਾਲਵੇ ਦੀਆਂ ਸੰਗਤਾਂ ਨੂੰ ਇਸ ਦੌਰੇ ਵਿਚ ਨਿਹਾਲ ਕੀਤਾ। ਵੈਸਾਖੀ ਤੋਂ ਬਾਅਦ ਹਜ਼ੂਰ ਨੇ ਸਿਰਸਾ ਜ਼ਿਲ੍ਹਾ ਦੇ, ਥਾਣਾ ਬੜਾਗੁੜ੍ਹਾ ਦੇ ਪਿੰਡ ਥਰਾਜ ਵਿਖੇ, ਸੂਬਾ ਖੁਸ਼ਹਾਲ ਸਿੰਘ ਜੀ ਦੀ ਬੇਨਤੀ ਤੇ ਉਹਨਾਂ ਦੇ ਜੱਦੀ ਪਿੰਡ ਦਰਸ਼ਨ ਦਿੱਤੇ। ਇਥੋਂ ਵਾਪਸੀ ਤੇ ਨੰਗਲ ਪਿੰਡ ਦੇ ਵਿਚ, ਮਾਨਸਾ ਮੰਡੀ ਨੇੜੇ, ਪੜਾਅ ਕੀਤਾ। ਇਸ ਤੋਂ ਪਹਿਲਾਂ ਰਸਤੇ ਵਿਚ ਕਿਸੇ ਗੱਲੋਂ ਸੂਬਾ ਗਿਆਨੀ ਸਿੰਘ ਹੋਰਾਂ ਦੇ ਭਰਾਤਾ ਹਰਨਾਮ ਸਿੰਘ ਨਾਲ ਮਸਤਾਨਾ ਜਥੇ ਦੇ ਸਿੰਘਾਂ ਦਾ ਮਾਰਾ ਬਕਾਰਾ ਹੋ ਗਿਆ। ਮਸਤਾਨਿਆਂ ਨੇ ਹਰਨਾਮ ਸਿੰਘ ਨੂੰ ਕੁਝ ਜ਼ਿਆਦਾ ਹੀ ਚਾਹਟਾ ਛਕਾ ਦਿੱਤਾ। ਉਸਨੂੰ ਸੱਟਾਂ ਲੱਗੀਆਂ ਸੁਣ ਕੇ ਉਸ ਦਾ ਭਾਈ ਸੂਬਾ ਗਿਆਨੀ ਸਿੰਘ, ਪਰਮੁੱਖ ਸੂਬਿਆਂ ਸਮੇਤ ਸਤਿਗੁਰੂ ਜੀ ਦੇ ਦਰਬਾਰ ਵਿਚ ਫਰਿਆਦੀ ਹੋਇਆ। ਕਿਉਂ ਜੁ ਕੁਝ ਝਮੇਲਾ ਸੂਬਿਆਂ ਅਤੇ ਮਸਤਾਨਿਆਂ ਵਿਚਾਲੇ ਪਹਿਲਾਂ ਵੀ ਰਹਿੰਦਾ ਸੀ। ਸੂਬੇ ਸਤਿਗੁਰੂ ਜੀ ਦੁਆਰਾ ਥਾਪੇ ਸਨ ਅਤੇ ਮਸਤਾਨੇ ਗੁਰੂ ਦੀਆਂ ਲਾਡਲੀਆਂ ਫੌਜਾਂ-ਸਤਿਗੁਰੂ ਜੀ ਦੇ ਸਪੁੱਤਰ ਸਨ। ਮਰਿਆਦਾ ਪੁਰਸ਼ੋਤਮ ਨੂੰ ਦੋਹਾਂ ਧਿਰਾਂ ਦੀ ਸੁਣਨੀ ਪੈਂਦੀ ਸੀ। ਨੰਗਲ ਪਿੰਡ ਦੀ ਸੁੱਕੀ ਢਾਬ ਵਿਚ, ਸਤਿਗੁਰੂ ਜੀ ਨੇ ਸਾਰੇ ਮਸਤਾਨਾ ਦਲ ਤੇ ਡਾਂਗ ਪ੍ਰਸ਼ਾਦ ਵਰਤਾਇਆ। ਜਾਣ ਲੱਗਿਆਂ ਗੁਰੂ ਕੇ ਲੰਗਰ ਵਿਚੋਂ ਉਹਨਾਂ ਦੀਆਂ ਰਸਤਾ ਵੀ ਬੰਦ ਕਰ ਦਿੱਤੀਆਂ। ਨੰਗਲ ਤੋਂ ਫਿਰ ਕੁਝ ਪਿੰਡਾਂ ਵਿਚੋਂ ਹੋ ਕੇ ਅਗਲਾ ਪੜਾਅ ਕਸਾਈਵਾੜੇ ਦੇ ਸਰਦਾਰ ਗੁਰਦਿਤ ਸਿੰਘ ਦੇ ਘਰ ਸੀ। ਇੱਥੇ ਦੌਰਾ ਦੋ ਦਿਨ ਰੁਕਿਆ। ਪਰੰਤੂ ਪੰਜ ਦਿਨਾਂ ਤੋਂ ਨਾ ਮਸਤਾਨੇ ਪ੍ਰਸ਼ਾਦ ਪਾਣੀ ਛਕ ਰਹੇ ਸਨ ਅਤੇ ਨਾ ਹੀ ਸਤਿਗੁਰੂ ਜੀ। ਸਰਦਾਰ ਇਸ ਗੱਲ ਨੂੰ ਤਾੜ ਗਿਆ ਕਿ ਜੇ ਮਸਤਾਨਿਆਂ ਨਾ ਛਕਿਆ, ਸਤਿਗੁਰੂ ਜੀ ਨਾ ਛਕਿਆ ਤਾਂ

ਉਸ ਦਾ ਯੱਗ ਸੰਪੂਰਨ ਨਹੀਂ ਹੋਏਗਾ। ਉਸਦੀ ਬੇਨਤੀ ਤੇ ਸਤਿਗੁਰੂ ਜੀ ਨੇ ਮਸਤਾਨਿਆਂ ਨੂੰ ਪ੍ਰਸ਼ਾਦ ਛਕਾਇਆ ਅਤੇ ਫਿਰ ਆਪ ਵੀ ਛਕਿਆ ਸੀ। ਇਸ ਸਬੰਧ ਵਿਚ ਪ੍ਰਸਿੱਧ ਪੰਜਾਬੀ ਕਵੀ ਵਿਧਾਤਾ ਸਿੰਘ 'ਤੀਰ' ਹੋਰਾਂ ਨੇ "ਸਿੱਖੀ-ਸਿਦਕ" ਨਾਂ ਦੀ ਇਕ ਇਤਿਹਾਸਿਕ ਕਵਿਤਾ ਲਿਖੀ ਸੀ, ਜਿਸ ਦੀਆਂ ਅੰਤਿਮ ਸਤਰਾਂ ਸਨ—

" 'ਤੀਰ' ਇਹ ਹੈ ਪਿਆਰ ਦੀ ਉਚ ਝਾਕੀ,
ਲੇਸ ਏਸ ਵਿਚ ਦੁਨੀਆਂ ਦੇ ਰੰਗ ਦੀ ਨਹੀਂ।
ਸਿੱਖ ਅੰਨ ਦੇ ਬਿਨਾਂ ਜੇ ਰਹੇ ਭੁੱਖਾ,
ਬੁਰਕੀ ਸਤਿਗੁਰੂ ਦੇ ਮੂੰਹੋਂ ਲੰਘਦੀ ਨਹੀਂ।"

ਇਹ ਕਵਿਤਾ ਸਤਿਜੁਗ, ਸ੍ਰੀ ਭੈਣੀ ਸਾਹਿਬ ਦੇ ਬਸੰਤ ਅੰਕ ੧੯੯੨ ਬਿਕਰਮੀ ਵਿਚ ਪਹਿਲੀ ਵੇਰ ਛਪੀ ਸੀ। ਇਹ ਅੰਕ ਅੰਗਰੇਜ਼ ਸਰਕਾਰ ਨੇ ਜ਼ਬਤ ਕਰ ਲਿਆ ਸੀ।

ਸੰਤ ਇੰਦਰ ਸਿੰਘ 'ਚੱਕਰਵਰਤੀ' ਨੇ ਆਪਣੇ ਮਹਾਂਕਾਵਿ 'ਮਾਲਵੇਂਦ੍ਰ' ਵਿਚ ਇਉਂ ਅੰਕਿਤ ਕੀਤਾ ਹੈ—

"ਨੰਗਲਿਉਂ ਚਲ ਆਇ, ਅੰਦਰ ਕੋਟਲੀ
ਹਲਕਿਆਂ ਵਾਲੀ ਜਾਇ, ਨੱਗਰ ਤਾਰਿਆ
ਕਸਾਈਵਾੜੇ ਦਾ ਨਾਂ, ਰੱਖ ਕਰਤਾਰਗੜ੍ਹ
ਕੀਤਾ ਸੀ ਮਸ਼ਹੂਰ, ਕ੍ਰਿਪਾ ਧਾਰ ਕੇ
ਏਥੋਂ ਦੇ ਸਰਦਾਰ, ਗੁਰਦਿਤ ਸਿੰਘ ਜੀ
ਸਾਹਿਬ ਸਿੰਘ ਪਿਆਰੇ, ਦੀ ਸੀ ਵੰਸ਼ 'ਚੋਂ
ਗੁਰੂ ਸਵਾਰੇ ਪੂਰਨ, ਸਿਦਕੀ ਆਤਮਾ
ਕਈ ਪਿੰਡਾਂ ਦੇ ਇਹ, ਵਿਸਵੇਦਾਰ ਸਨ
ਸਿਦਕ ਸਬਰ ਭਰਪੂਰ, ਪੂਰਨ ਸਿੱਖ ਇਹ
ਏਹਨਾਂ ਦੇ ਮੁਜਾਰੇ, ਖੁਸ਼ ਸਨ ਇਨ੍ਹਾਂ ਤੇ
ਕਿਸੇ ਤਰ੍ਹਾਂ ਦਾ ਦੁਖ ਨਾ, ਦੇਂਦੇ ਉਨ੍ਹਾਂ ਨੂੰ
ਮੁਫਤ ਦੀ ਵਗਾਰ, ਨਾ ਲੈਂਦੇ ਕਿਸੇ ਤੋਂ
ਪੁੱਤਰਾਂ ਵਾਂਗਰ ਪਰਜਾ, ਆਪਣੀ ਜਾਣ ਕੇ
ਕਰਦੇ ਸਭ ਫ਼ਰਮਾਇਸ਼, ਪੂਰੀ ਉਨ੍ਹਾਂ ਦੀ
ਇਹ ਵੀ ਗੁਰੂ ਹਜ਼ੂਰ, ਆਏ ਚੱਲ ਕੇ
ਰਲ ਗਏ ਕੂਕਿਆਂ ਨਾਲ, ਕੂਕੇ ਹੋ ਗਏ
ਦੇਸ਼ ਸੇਵਾ ਦੇ ਬੇੜੇ ਚੜ੍ਹ ਗਏ ਭਜਨ ਲੈ।"[1]

ਨਾਮਧਾਰੀ ਪੰਥ ਵਿਚ ਸ. ਗੁਰਦਿਤ ਸਿੰਘ ਨੂੰ, ਸਤਿਗੁਰੂ ਤੋਂ ਵਿਛੜਿਆਂ ਨੂੰ ਮੇਲਣ ਵਾਲੇ, ਭਾਈ ਲੱਧਾ ਪਰਉਕਾਰੀ ਜਿਉਂ, ਯਾਦ ਕੀਤਾ ਜਾਂਦਾ ਹੈ ਜਿਹਨਾਂ ਨੇ ਭਾਈ ਸੱਤਾ-ਬਲਵੰਡ ਨੂੰ, ਪੰਜਵੇਂ ਪਾਤਸ਼ਾਹ ਤੋਂ ਬਖਸ਼ਬੰਦੀ ਦੁਆਈ ਸੀ। ਇਸ ਤਰ੍ਹਾਂ ਦੇ ਗੁਰਸਿੱਖ ਸਰਦਾਰ ਦੇ ਪਿੰਡ ਅਤੇ ਕੋੜਮੇ ਵਿਚੋਂ ਹੀ ਭਾਈ ਅਤਰ ਸਿੰਘ ਹਜ਼ੂਰੀਆ

ਹੋਏ ਹਨ। ਉਹਨਾਂ ਦੇ ਮਾਤਾ ਪਿਤਾ ਦੇ ਨਾਮ ਦੇ ਵੇਰਵੇ ਇਤਿਹਾਸਕ ਖੋਜ ਦੇ ਮੁਥਾਜ ਹਨ। ਜੀਵਨ ਕਾਲ ਅਨੁਮਾਨਿਤ ੧੮੪੦-੯੦ ਈ. ਹੈ। ਕਿਉਂ ਜੁ ਬਿਖੜੇ ਪੈਂਡਿਆਂ ਦੇ ਰਾਹੀਂ ਬਹੁਤੀਆਂ ਲੰਮੀਆਂ ਉਮਰਾਂ ਨਹੀਂ ਭੋਗਿਆ ਕਰਦੇ। ਉਹਨਾਂ ਦੀ ਕੀਰਤੀ ਉਹਨਾਂ ਦੁਆਰਾ ਹੰਡਾਏ ਸਾਲਾਂ ਦੀ ਬਜਾਇ, ਉਹਨਾਂ ਦੀ ਉਚੀ ਸੁੱਚੀ ਕਰਨੀ ਦੇ ਮੁਥਾਜ ਹੁੰਦੀ ਹੈ। ਭਾਈ ਅਤਰ ਸਿੰਘ ਗੁਰੂ ਦਰਬਾਰ ਵਿਚ ੧੮੬੯ ਈ. ਦੇ ਅੱਧ ਵਿਚ ਆ ਕੇ ਹੀ ਰਹਿਣ ਲੱਗਾ ਸੀ ਜਦੋਂ ਉਹ ਭਰ ਜੁਆਨੀ ਵਿਚ ਸੀ। ਉਸ ਦੀ ਸੇਵਾ ਭਾਵਨਾ, ਭਜਨ ਬਾਣੀ ਵਿਚ ਲੀਨ ਰਹਿਣ ਵਾਲੀ ਸਮਦਰਸੀ ਬਿਰਤੀ ਨੂੰ ਭਾਂਪਦਿਆਂ, ਸਤਿਗੁਰੂ ਜੀ ਨੇ ਪਹਿਲਾਂ ਆਪਣਾ ਹਜ਼ੂਰੀ ਸੇਵਕ ਅਤੇ ਫਿਰ ਗੜਵਈ ਹੋਣ ਦਾ ਉਸਨੂੰ ਮਾਣ ਬਖਸ਼ਿਆ। ਹਜ਼ੂਰ ਦੀ ਸ਼ਰਨ ਵਿਚ ਆਉਣ ਤੋਂ ਪਹਿਲਾਂ, ਉਹ ਦੇਸ਼ਾਂ ਦੇਸ਼ਾਂਤਰਾਂ ਵਿਚ ਪਰਮਾਰਥ ਦੀ ਖੋਜ ਲਈ ਫਿਰਦਾ ਰਿਹਾ ਸੀ। ਇਸ ਪਰਥਾਇ ਉਹ ਕਾਰੋਬਾਰ ਦੇ ਵਸੀਲੇ ਵੀ ਬਣਾਉਂਦਾ ਹੋਇਆ, ਉਤਸ਼ਾਹਿਤ ਰਹਿੰਦਾ ਸੀ। ਸਤਿਗੁਰੂ ਜੀ ਨੇ ਉਸ ਦੀ ਮਨੋਬਿਰਤੀ ਨੂੰ ਭਾਂਪਦਿਆਂ ਹੀ ਆਪਣੇ ਪਾਸ ਟਿਕਣ ਲਈ ਉਸ ਨੂੰ ਪ੍ਰੇਰਿਆ। "ਅਤਰ ਸਿੰਘ ਪਹਿਲੇ ਕਈ ਤੀਰਥਾਂ ਉਪਰ ਫਿਰ ਚੁੱਕਾ ਥਾ। ਸ਼ਾਂਤ ਨਾ ਆਈ। ਨਿਪਾਲ ਕੇ ਮੁਲਖ ਭੀ ਗਿਆ। ਅਵਾਜ਼ਾ ਹੋਇਆ ਸਚੀਆਂ ਨੌਕਰੀਆਂ ਖੜ੍ਹੀਆਂ ਹੋਈਆਂ ਹਨ। ਤੂੰ ਮੁੜ ਜਾਉ। ਜਾਂ ਮੁੜ ਕੇ ਆਇਆ ਤਾਂ ਸ੍ਰੀ ਸਤਿਗੁਰੂ ਜੀ ਅਠੂਰ (ਹਠੂਰ-ਜ਼ਿਲ੍ਹਾ ਲੁਧਿਆਣਾ) ਗਏ ਹੋਏ ਸੇ। ਅਤਰ ਸਿੰਘ ਨੇ ਦਰਸ਼ਨ ਕੀਤਾ, ਮੰਗ ਕੇ ਭਜਨ ਲੀਤਾ। ਪਰਤੀਤ ਆਈ ਅਕਾਸ ਪਤਾਲ ਕਾ ਮਾਲਕ ਹੈ। ਫੇਰ ਸਮਝਿਆ ਜੋ ਅਸੀਂ ਐਵੇਂ ਈ ਫਿਰਦੇ ਰਹੇ। ਗਫਾ ਏਥੇ ਈ ਵਰਤਦਾ ਹੈ। ਫੇਰ ਸੇਵਾ ਟਹਿਲ ਕਰਨੇ ਲਗਾ।

"ਏਕ ਦਿਨ ਸ੍ਰੀ ਸਤਿਗੁਰੂ ਜੀ ਅਤਰ ਸਿੰਘ ਕੋ ਕਹਾ ਕਿ ਕੜਾਹ ਪ੍ਰਸ਼ਾਦਿ ਕਰ ਲੈ ਆਓ। ਉਸ ਕਹਾ ਕਿ ਮੈਨੂੰ ਕਰਨਾ ਨਹੀਂ ਔਂਦਾ ਹੈ। ਬਚਨ ਹੋਇਆ ਅੰਦਰੋਂ ਅਰਜ਼ ਰਖੀਂ ਗੁਰੂ ਮੁਹਰੇ। ਜਾਂ ਚਾਸ ਪਾਈ ਤਾਂ ਨਰਮ ਹੋਇਆ। ਅਤਰ ਸਿੰਘ ਨੇ ਦਿਲ ਵਿਚ ਖੌਫ ਕੀਤਾ। ਏਤਨੇ ਮੈਂ ਬਦਲੀ ਹੋਈ। ਬਾਰਸ਼ ਹੋਈ ਤਾਂ ਕੜਾਹ ਪ੍ਰਸ਼ਾਦਿ ਠੰਢ ਨਾਲ ਸੂਤ ਹੋਇਆ। ਦੀਨ ਦਿਆਲ ਜੀ ਬਚਨ ਕੀਤਾ-ਕੜਾਹ ਪ੍ਰਸ਼ਾਦਿ ਫੁੱਲਾਂ ਵਾਂਗੂ ਖਿੜਿਆ ਹੋਇਆ ਹੈ। ਕੈਸਾ ਸੁੰਦਰ ਬਨਿਆ ਹੈ। ਸਿੰਘਾਂ ਨੇ ਕਹਿਆ ਕਰਤਿਆ ਪੁਰਖਾ ਤੇਰੀਆਂ ਤੂੰ ਹੀ ਜਾਣੇ।"[2]

ਇਸ ਤਰ੍ਹਾਂ ਦੇ ਪ੍ਰਸੰਗ ਉਹਨਾਂ ਨਾਲ ਵਾਪਰਦੇ ਰਹੇ। ਸ਼ਰਧਾਵਾਨ ਸਿੱਖ ਤੇ ਗੁਰੂ ਭਰਤੀ ਦੀ ਰੰਗਣ ਹੋਰ ਗੂਹੜੀ ਹੁੰਦੀ ਗਈ। ਸਤਿਗੁਰੂ ਸਾਹਿਬਾਨ ਨੂੰ ਸਾਡੀ ਸਾਖੀ ਪਰੰਪਰਾ ਵਿਚ ਜਿਸ ਤਰ੍ਹਾਂ ਦੇ ਪਰਾਸਰੀਰਿਕ ਲੱਛਣਾਂ ਵਾਲਾ ਦੈਵੀ ਪੁਰਖ ਚਿਤਰਿਆ ਮਿਲਦਾ ਹੈ, ਭਾਈ ਅਤਰ ਸਿੰਘ ਦੁਆਰਾ ਇਸ ਤਰ੍ਹਾਂ ਦੇ ਕਈ ਪਰਤਾਵੇ, ਸਤਿਗੁਰੂ ਜੀ ਦੇ ਸਰੀਰਕ ਅੰਗਾਂ ਅਤੇ ਸਰੀਰਕ ਚਿੰਨ੍ਹਾਂ ਬਾਰੇ ਵੇਖਣ ਦੀਆਂ ਛੋਟੀਆਂ ਛੋਟੀਆਂ ਕਈ ਸਾਖੀਆਂ, ਬਾਹੋਵਾਲ ਜੀ ਕਾਨੀਬੰਦ ਕਰ ਗਏ ਹਨ। ਇਸ ਤਰ੍ਹਾਂ ਦੇ ਕਉਤਕ ਵੇਖਣ ਦਾ ਅਵਸਰ, ਸਤਿਗੁਰੂ ਜੀ ਦਾ ਹਜ਼ੂਰੀ ਸੇਵਕ ਜਾਂ ਗੜਵਈ ਹੋਣ ਕਾਰਨ, ਅਤਰ ਸਿੰਘ ਜੀ ਨੂੰ ਪ੍ਰਾਪਤ ਹੁੰਦਾ ਰਹਿੰਦਾ ਸੀ। ਇਹਨਾਂ ਸਾਖ਼ੀਆਂ ਦਾ ਮਕਸਦ ਸਤਿਗੁਰੂ ਰਾਮ

ਸਿੰਘ ਜੀ ਨੂੰ, ਈਸ ਅੰਸ਼ ਸਿੱਧ ਕਰਕੇ, ਉਹਨਾਂ ਦੇ ਵਿਦੇਸ਼ੀ ਸਰਕਾਰ ਵਿਰੁੱਧ ਵਿੱਢੇ ਸੰਗਰਾਮ ਨੂੰ, ਅਕਾਲ ਪੁਰਖ ਦੀ ਰਜ਼ਾ ਦਾ ਪ੍ਰਗਟਾਵਾ ਸਿੱਧ ਕਰਨਾ ਸੀ। ਇਸ ਕਾਰਜ ਵਿਚ "ਸਤਿਗੁਰੂ ਬਿਲਾਸ" ਦਾ ਕਰਤਾ ਭਾਈ ਸੰਤੋਖ ਸਿੰਘ ਬਾਹੋਵਾਲ, ਅਤਰ ਸਿੰਘ ਹੋਰਾਂ ਜਿਹੇ ਨਿਕਟੀ ਸਿੱਖਾਂ ਨਾਲ ਵਾਪਰੇ ਪ੍ਰਸੰਗ ਬਿਆਨ ਕਰਕੇ, ਪੂਰਨ ਸਫਲਤਾ ਹਾਸਿਲ ਕਰਦਾ ਹੈ। ਇਹਨਾਂ ਸਾਖੀਆਂ ਦੁਆਰਾ ਹੀ ਸਤਿਗੁਰੂ ਜੀ ਕਿਰਤ ਦੀ ਪ੍ਰਤਿਸ਼ਠਾ ਨੂੰ ਬਹਾਲ ਕਰਨ ਲਈ, ਆਪਣੇ ਕਿਰਤੀ ਪਿਛੋਕੜ ਦਾ ਵਰਣਨ ਕਰਦਿਆਂ, ਸਮਤਾ ਮੂਲਕ ਭਾਈਚਾਰੇ ਦੀ ਸਥਾਪਨਾ ਨੂੰ, ਕੂਕਾ ਲਹਿਰ ਦਾ ਇਕ ਨਿਸ਼ਾਨਾ ਘੋਸ਼ਿਤ ਕਰਦੇ ਹਨ। ਪ੍ਰਚਲਿਤ ਧਾਰਨਾ ਹੈ ਕਿ ਅਵਤਾਰੀ ਪੁਰਖਾਂ ਦੀਆਂ ਬਾਹਵਾਂ ਲੰਮੀਆਂ ਹੁੰਦੀਆਂ ਹਨ। ਹੱਥ ਉਹਨਾਂ ਦੇ ਗੋਡਿਆਂ ਤਕ ਪੁੱਜਦੇ ਹਨ। ਸਰੀਰ ਦੇ ਅੰਗਾਂ ਦੇ ਜੋੜਾਂ ਵਿਚ ਗੰਢਾ ਨਹੀਂ ਹੁੰਦੀਆਂ। ਦਰਅਸਲ ਇਹ ਲੱਛਣ ਭਾਰਤੀ ਕਾਵਿ ਵਿਚ ਨਾਇਕਾਂ ਦੇ ਨਖ ਸਿਖ ਵਰਣਨ ਕਰਨ ਸਮੇਂ ਵੀ ਮਿਲਦੇ ਹਨ।

"ਕੋਲੋਂ ਏਕ ਸਿੰਘ ਨੇ ਕਹਾ ਕਿ ਆਜਾਨੁ ਬਾਹੂ। ਲੰਬੇ ਬਾਜੂ ਬਚਨ ਹੋਇਆ ਤੈ ਦੇਖ ਲਿਆ ਹੈ ਕਹਾ ਕਿ ਤੁਸਾਂ ਦਿਖਾਇਆ ਤਾਂ ਦੇਖ ਲਿਆ ਹੈ। ਗੁਰੂ ਜੀ ਬਚਨ ਕੀਤਾ ਮੇਰੀਆਂ ਬਾਹਵਾਂ ਜਗਤ ਨਾਲੋਂ ਲੰਬੀਆਂ ਹਨ। ਮੇਰੇ ਗੁਰੂ ਦੀਆਂ ਮੇਰੇ ਨਾਲੋਂ ਭੀ ਲੰਬੀਆਂ ਸੀ। ਲੰਬੀ ਭੁਜਾ ਕਰਕੇ ਬਚਨ ਕੀਤਾ ਦੇਖ ਗੰਢ ਹੈ? ਅਤਰ ਸਿੰਘ ਨੇ ਹੱਥ ਲਾਇਕੇ ਕਹਾ ਜੀ ਗੰਢ ਨਹੀਂ ਹੈ।"

"ਸ੍ਰੀ ਸਤਿਗੁਰੂ ਜੀ ਬਚਨ ਕੀਤਾ ਦੇਖੋ ਮੈਂ ਜੱਸੇ ਲੁਹਾਰ ਕਾ ਪੁੱਤ ਹਾਂ ਚਾਰ ਆਨੇ ਕਰੰਡੀ ਕੀ ਮੇਹਨਤ ਕਰਨੇ ਵਾਲਾ। ਕੋਈ ਵੱਡਾ ਆਦਮੀ ਨਹੀਂ ਹਾਂ। ਪ੍ਰਮੇਸਰ ਕੇ ਪ੍ਰਤਾਪ ਨਾਲ ਸਭ ਮੱਥਾ ਟੇਕਦੇ ਹੈ। ਗੋਬਿੰਦ ਜੀ ਆਪਣਾ ਪ੍ਰਤਾਪ ਦਿਖਾਲਿਆ ਹੈ। ਰਾਜਾ ਪਰਜਾ ਬ੍ਰਾਹਮਣ ਖਤਰੀ ਸ਼ੂਦ ਵੈਸ਼ ਸਭ ਜਾਤ ਆਇਕੇ ਮੱਥਾ ਟੇਕਦੇ ਹੈ। ਅਕਾਲ ਪੁਰਖ ਨੇ ਆਪਣਾ ਰੂਪ ਦਿਖਾਇਆ ਹੈ। ਜੇ ਕਿਸੇ ਬ੍ਰਾਹਮਣ ਖਤਰੀ ਰਾਜੇ ਕੇ ਕਲਾ ਪ੍ਰਗਟ ਹੁੰਦੀ ਤਾਂ ਓਨਾਂ ਨੂੰ ਹੰਕਾਰ ਹੋਇ ਜਾਂਦਾ ਕਿ ਸਾਡੀ ਉਚੀ ਜਾਤ ਜਾਣਕੇ ਅਵਤਾਰ ਧਾਰਿਆ ਹੈ।"[3]

ਅਤਰ ਸਿੰਘ ਹਜ਼ੂਰੀ ਸੇਵਕ ਅਤੇ ਗੜਵਈ ਸੀ। ਸਤਿਗੁਰੂ ਜੀ ਦੇ ਦਰਬਾਰ ਵਿਚ ਆਈ ਭੇਟਾ ਵੀ ਉਹੋ ਸਾਂਭਦਾ ਸੀ। ਭੇਟਾ ਰੱਖਣ ਵਾਲੇ ਸਿੰਘਾਂ ਦੇ ਮਨਾਂ ਵਿਚ ਕਈ ਤਰ੍ਹਾਂ ਦੇ ਸੰਕਲਪ ਵਿਕਲਪ ਆਉਂਦੇ ਸਨ। ਉਹ ਆਪਣੀ ਭੇਟਾ ਦੀ ਸਤਿਗੁਰੂ ਜੀ ਦੁਆਰਾ ਪ੍ਰਵਾਨਗੀ ਹੋਈ ਵੇਖਣ ਦੇ ਖਾਹਿਸ਼ਮੰਦ ਸਨ। ਇਸ ਤਰ੍ਹਾਂ ਦੇ ਸਮੇਂ ਦੂਰ-ਅੰਦੇਸ਼ ਅਤੇ ਨੀਤੀ ਨਿਪੁੰਨ ਸਤਿਗੁਰੂ ਜੀ, ਆਪਣੇ ਜਨ ਅੰਦੋਲਨ ਦੇ ਵਿਸਤਰਿਤ ਹੋ ਰਹੇ ਪ੍ਰਭਾਵ ਖੇਤਰ ਨੂੰ ਨਿਹਾਰ ਕੇ, ਬਸਤੀਵਾਦੀ ਹਾਕਮਾਂ ਵਲੋਂ, ਉਹਨਾਂ ਤੇ ਹੋਣ ਵਾਲੇ ਭਾਵੀ ਹਮਲੇ ਦੀਆਂ ਭਵਿੱਖਬਾਣੀਆਂ ਕਰ ਕਰਕੇ, ਆਪਣੇ ਸਿੰਘਾਂ ਨੂੰ ਹਰ ਤਰ੍ਹਾਂ ਦੇ ਟੇਢੇ ਹਾਲਾਤ ਦੇ ਰੂਬਰੂ ਹੋਣ ਦਾ, ਸਾਹਸ ਪ੍ਰਦਾਨ ਕਰਨ ਦੇ ਵੱਡੇ ਕਾਰਜ ਨੂੰ ਨੇਪਰੇ ਚਾੜ੍ਹ ਰਹੇ ਸਨ। ਇਸ ਤਰ੍ਹਾਂ ਦਾ ਹੀ ਇਕ ਪ੍ਰਸੰਗ ਇਕ ਨਾਮਧਾਰੀ ਪਹਿਲੂ ਸਿੰਘ ਅਤੇ ਭਾਈ ਅਤਰ ਸਿੰਘ ਦੀ ਮਾਰਫਤ ਵਾਪਰਦਾ ਹੈ।

"ਪਹਿਲੂ ਸਿੰਘ ਨੇ ਦੋ ਰੁਪਈਏ ਭੇਟਾ ਧਰੀ। ਅਤਰ ਸਿੰਘ ਨੇ ਰੁਪਈਏ ਉਠਾਇ ਲੀਏ। ਪਹਿਲੂ ਸਿੰਘ ਨੇ ਸੰਕਲਪ ਕੀਤਾ ਰੁਪਈਏ ਸਿੰਘ ਨੇ ਉਠਾਇ ਲੀਏ ਹੈਨ ਸਤਿਗੁਰੂ ਜੀ ਨਹੀਂ ਦੇਖੇ। ਏਤਨੇ ਚਿਰ ਵਿਚ ਏਕ ਸਿੰਘ ਨੇ ਇਕ ਰੁਪਈਆ ਆਇ ਧਰਿਆ। ਅੰਤਰਜਾਮੀ ਜੀ ਪੈਹਲੂ ਸਿੰਘ ਨੂੰ ਬਚਨ ਕੀਤਾ-ਲੈ ਤੇਰਾ ਇਕ ਰੁਪਈਆ ਸਾਨੂੰ ਬਹੁਤ ਹੈ ਇਹ ਇਕ ਤੂੰ ਰੱਖ। ਜਾਨਿਆ ਜੋ ਧੰਨ ਸ੍ਰੀ ਸਤਿਗੁਰੂ ਅੰਤਰਜਾਮੀ ਹੈ। ਮੈਂ ਮੂੰਹੋਂ ਨਹੀਂ ਕਹਿਆ। ਮੇਰਾ ਭਰਮ ਦੂਰ ਹੋਇਆ। ਘਟ ਘਟ ਕੇ ਪਟ ਪਟ ਕੀ ਜਾਨੈ। ਬੋਲਾ ਕੀਤਾ ਗੁਰੂ ਜੀ, ਇਓਂ ਨਾ ਕਹਿਓ ਕੱਛਾਂ ਪਾਇ ਲਈਆ ਹੈ ਤੇ ਕੇਸ ਰੱਖ ਲਏ ਹੈਨ ਤੇ ਅਸੀਂ ਸਿੰਘ ਹੋ ਗਏ ਹੈ। ਸਿਖੀ ਦੂਰ ਹੈ। ਇਕ ਦਿਨ ਐਸਾ ਆਵੇਗਾ ਕੱਛਾਂ ਲਾਹ ਕੇ ਖੂੰਜਿਆਂ ਮੈਂ ਲੁਕੋਇ ਦਿਓਗੇ ਤੇ ਛਾਪਿਆਂ ਪਰ ਧਰ ਕੇ ਫੂਕੋਗੇ। ਤੁਸੀਂ ਕਹੋਗੇ ਅਸੀਂ ਰਾਮ ਸਿੰਘ ਦੇ ਸਿੱਖ ਕੋਈ ਨਹੀਂ ਹੈ। ਕਿਸੇ ਰੋਜ਼ ਨੂੰ ਸਾਡਾ ਦੀਦਾਰ ਸੰਗਤ ਨੂੰ ਨਾਂ ਹੋਵੇਗਾ। ਅਸਾਂ ਪੂਰਬ ਨੂੰ ਜਾਣਾ ਹੈ। ਜਿਸ ਤਰ੍ਹਾਂ ਰਾਮ ਚੰਦਰ ਜੀ ਨੇ ਸਿਲਾ ਦਾ ਸਰਾਫ ਲਾਹਿਆ ਸੀ ਉਸ ਦਾ ਉਧਾਰ ਕੀਤਾ ਸੀ, ਤਿਸੀ ਤਰ੍ਹਾਂ ਜਾਵਾਂਗੇ। ਫੇਰ ਕਿਸੇ ਰੋਜ਼ ਨੂੰ ਆਵਾਂਗੇ। ਸਣਦੇਹੀ ਸੰਗਤ ਕਾ ਦੀਦਾਰ ਕਰਾਂਗੇ। ਸੰਗਤ ਸਾਡਾ ਦੀਦਾਰ ਕਰੇਗੀ।"[4]

ਮਾਰਚ ੧੮੭੦ ਈ. ਵਿਚ ਹੋਲੇ ਮਹੱਲੇ ਦੇ ਪੁਰਬ ਤੇ ਸ੍ਰੀ ਸਤਿਗੁਰੂ ਜੀ ਨੇ ਦੂਸਰੀ ਵੇਰ ਸੰਗਤ ਸਮੇਤ, ਅਨੰਦਪੁਰ ਸਾਹਿਬ ਦੇ ਗੁਰਧਾਮਾਂ ਦੀ ਯਾਤਰਾ ਕੀਤੀ। ਸੂਬੇ, ਸੰਤ, ਮਹੰਤ, ਹਜ਼ੂਰੀ ਸੇਵਕ, ਬਿਅੰਤ ਸੰਗਤਾਂ ਆਪ ਦੇ ਨਾਲ ਚਲ ਰਹੀਆਂ ਸਨ। ਹੋਲੇ ਮਹੱਲੇ ਤੋਂ ਵਾਪਸੀ ਸਮੇਂ, ਕਸ਼ਮੀਰ ਕੂਕਾ ਰੈਜੀਮੈਂਟ ਦੇ ਕਮਾਂਡਰ, ਸ. ਹੀਰਾ ਸਿੰਘ ਲੰਮੂ ਦੀ ਬੇਨਤੀ ਤੇ ਉਸਦੇ ਨਗਰ ਸਢੌਰੇ ਵਿਖੇ ਦਰਸ਼ਨ ਦੇਣ ਲਈ ਆਉਂਦਿਆਂ, ਮੈਨ ਦੁਆਬ ਦਾ ਦੌਰਾ ਕੀਤਾ। ਚੁੰਨ੍ਹੀ ਮਛਲੀ ਦੇ ਇਕ ਸ਼ਹੀਦੀ ਬਾਗ ਵਿਚ, ਸਤਿਗੁਰੂ ਜੀ ਨਾਮ ਸਿਮਰਨ ਸਮੇਂ, ਇਕਾਂਤ ਵਿਚ ਬੈਠਦੇ। ਇੱਥੇ ਹੀ ਨਿਤਨੇਮ ਦੀਆਂ ਬਾਣੀਆਂ ਦਾ ਪਾਠ ਵੀ ਕਰਦੇ। ਇਸ ਸਮੇਂ ਪਹਿਰਾ ਲੱਗ ਜਾਂਦਾ ਸੀ ਅਤੇ ਦਰਸ਼ਨਾਂ ਲਈ ਆਉਣ ਵਾਲਿਆਂ ਨੂੰ, ਕੁਝ ਸਮਾਂ ਰੁਕਣਾ ਪੈਂਦਾ ਸੀ। ਗੜਵਈ ਅਤਰ ਸਿੰਘ ਪਹਿਰੇ ਦੀ ਸੇਵਾ ਤਨਦੇਹੀ ਨਾਲ ਨਿਬਾਹੁੰਦੇ ਸਨ। ਸੰਗਤ ਦੂਰ ਦਰਾਜ਼ ਤੋਂ ਗੁਰੂ ਦਰਸ਼ਨਾਂ ਲਈ ਆਉਂਦੀ। ਇਸ ਸਮੇਂ ਵਾਪਰਨ ਵਾਲੇ ਪ੍ਰਸੰਗ ਵੀ ਬੜੇ ਦਿਲਚਸਪ ਹੁੰਦੇ ਸਨ।

"ਏਕ ਸਿੰਘ ਮੁਲਤਾਨ ਕਾ ਆਇਆ ਅਤੇ ਫਤੇ ਬੁਲਾਈ। ਪੁਛਣੇ ਲਗਾ ਮਹਾਰਾਜ ਜੀ ਕਿਥੇ ਹੈਨ। ਬਾਬੇ ਸਾਹਿਬ ਸਿੰਘ ਜੀ (ਸੂਬਾ) ਬਚਨ ਕੀਤਾ ਸ਼ਾਮ ਸਿੰਘ ਕੋ, ਏਸ ਕੋ ਲੈ ਜਾਹੁ ਸ੍ਰੀ ਸਤਿਗੁਰੂ ਜੀ ਕਾ ਦੀਦਾਰ ਕਰਾਓ। ਸ਼ਹੀਦਾਂ ਕੇ ਬਾਗ ਮੈਂ ਲੈ ਗਿਆ। ਸ੍ਰੀ ਸਤਿਗੁਰੂ ਜੀ ਜਪੁ ਜਾਪ ਪੜਦੇ ਸੀ। ਪੈਹਰੇ ਵਾਲਾ ਅਤਰ ਸਿੰਘ ਸੀ। ਅਤਰ ਸਿੰਘ ਨੇ ਆਖਿਆ ਕਿ ਅੱਗੇ ਜਾਣੇ ਕਾ ਹੁਕਮ ਨਹੀਂ ਹੈ। ਸਿੰਘ ਕਮਰਕੱਸੇ ਲੱਗੇ ਲਗਾਏ ਬੈਠਾ ਰਹਾ। ਏਤਨੇ ਮੈਂ ਸੁਰਖੀ ਘੋੜੀ ਆਈ। ਗੁਰੂ ਜੀ ਨਿਤਨੇਮ ਕਰਕੇ ਅਰਦਾਸਾ ਕੀਤਾ। ਉਸ ਸਿੰਘ ਕੋ ਸੱਦਿਆ। ਸਿੰਘ ਨੇ ਸੀਸ ਨਿਵਾਇਆ ਅਤੇ ਫਤੇ ਬੁਲਾਈ। ਗੁਰੂ ਜੀ ਅਸਵਾਰ ਹੋਇਕੇ ਨਗਰ ਕੋ ਆਏ।"

"ਬਾਬਾ ਪਹਾੜਾ ਸਿੰਘ ਅਤੇ ਬਾਬਾ ਸੁਧ ਸਿੰਘ ਦੋਵੇਂ ਆਪਸ ਮੈਂ ਬੋਲਦੇ ਸੇ। ਬਚਨ

ਹੋਇਆ ਕਿਉਂ ਲੜਦੇ ਹੋ। ਸੁੱਧ ਸਿੰਘ ਨੇ ਆਖਿਆ ਜੀ ਮੈਂ ਰਸਤ ਏਸ ਕੇ ਟਹਿਲ ਵਾਲੇ ਕੋ ਦੇ ਦਿਤੀ ਹੈ। ਇਹ ਮੇਰੇ ਨਾਲ ਖਾਹ ਮਖਾਹ ਬੋਲਦਾ ਹੈ। ਬਚਨ ਕੀਤਾ ਦੇਖੋ ਇਹ ਸਿੰਘ ਮੁਲਤਾਨ ਸੇ ਆਇਆ ਹੈ। ਇਹ ਸਿੰਘ ਜਪੁ ਜਾਪ ਪੜਦੇ ਦੇਖ ਕੇ ਬੈਠ ਗਿਆ ਸੀ। ਦੱਸੋ ਤਾਂ ਸਾਹਿਬ ਸਿੰਘ ਮੈਂ ਕਿਸ ਦਾ ਪਾਠ ਕਰਦਾ ਹਾਂ? ਬਾਬੇ ਨੇ ਕਹਾ ਜੀ ਤੁਸੀਂ ਜਾਣੋ। ਬਚਨ ਹੋਇਆ ਜਿਨ੍ਹਾਂ ਨੇ ਸਾਨੂੰ ਕੰਮ ਦੇਣਾ ਹੈ ਤੂੰ ਜਾਣਦਾ ਹੈ ਉਨ੍ਹਾਂ ਕੋ। ਦੱਸੋ ਤਾਂ ਕੌਣ ਕੌਣ ਹੈ? ਬਾਬੇ ਜੀ ਆਖਿਆ ਜੀ ਤੁਹਾਡੀਆਂ ਤੁਸੀਂ ਜਾਣੋ। ਸਾਨੂੰ ਕੀ ਖ਼ਬਰ ਹੈ ਆਪ ਕੀਆਂ ਕੁਦਰਤਾਂ ਕੀ।"

"ਮੁਲਤਾਨ ਵਾਲੇ ਸਿੰਘ ਨੇ ਅਰਜ਼ ਕੀਤੀ ਜੀ ਜਦੋਂ ਦਾ ਮੈਂ ਆਇਆ ਹਾਂ ਆਪ ਕਾ ਦਰਸ਼ਨ ਕੀਤਾ ਹੈ ਸੋ ਤਦੋਂ ਦੀ ਮੈਥੋਂ ਬਾਨੀ ਨਹੀਂ ਪੜ੍ਹ ਹੁੰਦੀ। ਗੁਰੂ ਜੀ ਬਚਨ ਕੀਤਾ-ਅਸੀਂ ਭਜਨ ਬੰਦਗੀ ਹਟਾਉਣ ਵਾਲੇ ਹਾਂ? ਏਤਨੇ ਬਚਨ ਕੈਹਣੇ ਸੇ ਸਿੰਘ ਦਾ ਦਿਲ ਗਿਣਤੀਆਂ ਮੇਂ ਪੈ ਗਿਆ। ਉਸਕਾ ਸੰਸਾ ਨਵਿਰਤ ਕਰਨੇ ਕੋ ਗੁਰੂ ਜੀ ਬਚਨ ਕੀਤਾ—ਜਿਸ ਵਾਸਤੇ ਤੁਸੀਂ ਭਜਨ ਬਾਨੀ ਪੜ੍ਹਦੇ ਹੋ ਸੋ ਜੇਕਰ ਉਸਕਾ ਦਰਸ਼ਨ ਹੋ ਜਾਏ ਤਾਂ ਦੋਵੇਂ ਹੀ ਛੁੱਟ ਜਾਂਦੀਆਂ ਹਨ। ਭਜਨ ਅਤੇ ਬਾਨੀ ਆਪਨੇ ਦੇਸ ਕੋ ਲੈ ਜਾਂਦੀ ਹੈ। ਭਜਨ ਬਾਨੀ ਕੈ ਪ੍ਰਤਾਪ ਸੇ ਜਿੱਥੇ ਤੈਂ ਆਉਣਾ ਸੀ ਉੱਥੇ ਆਇ ਗਿਆ ਹੈਂ। ਜਿਸ ਸੇ ਭਜਨ ਬਾਨੀ ਪੈਦਾ ਹੋਈ ਹੈ ਦਰਸ਼ਨ ਕਰਨੇ ਸੇ ਮਨ ਅਫ਼ੁਰ ਹੋਇ ਜਾਂਦਾ ਹੈ। ਬਚਨ ਕੀਤਾ-ਕਿਤੇ ਦੂਰ ਭੀ ਜਾਣਾ ਹੋਵੇ ਤਾਂ ਅੰਮ੍ਰਿਤ ਵੇਲੇ ਤੁਰਨਾ ਚਾਹੀਦਾ ਹੈ। ਭਜਨ ਬਾਨੀ ਜੋ ਹੈ ਸੋ ਪ੍ਰਮੇਸਰ ਕਾ ਰਸਤਾ ਬਤਾਇ ਦਿੰਦੀ ਹੈ। ਸੱਚੀ ਦਰਗਾਹ ਕੋ ਲੈ ਜਾਂਦੀ ਹੈ।"[5]

ਕਈ ਵੇਰ ਆਪਣੇ ਅਵਤਾਰੀ ਪੁਰਖ ਹੋਣ ਪਰਥਾਇ ਸਰੀਰਕ ਲੱਛਣਾਂ ਚਿੰਨ੍ਹਾਂ ਵਾਲੇ ਬਚਨ ਸੁਣ ਕੇ ਸਤਿਗੁਰੂ ਜੀ ਅਣਸੁਣੇ ਵੀ ਕਰ ਛੱਡਦੇ ਅਤੇ ਸਿੰਘਾਂ ਨੂੰ ਇਹਨਾਂ ਵੱਲ ਜ਼ਿਆਦਾ ਨਾ ਧਿਆਨ ਦੇਣ ਲਈ ਕਹਿੰਦੇ। "ਸ੍ਰੀ ਸਤਿਗੁਰੂ ਜੀ ਕੇ ਗੋਡੇ ਪਰ ਲਸਣ ਹੈ ਨਿੰਮ ਦੇ ਪੱਤੇ ਕੀ ਮਾਨਿੰਦ। ਅਤਰ ਸਿੰਘ ਨੇ ਹੱਥ ਲਾਇਕੇ ਕਹਾ ਜੀ ਇਹ ਤਾਂ ਪਦਮ ਕੰਵਲ ਕਾ ਲਸਣ ਹੈ। ਗੁਰੂ ਜੀ ਬਚਨ ਕੀਤਾ—ਨਾਂ ਭਾਈ ਇਹ ਤਾਂ ਐਵੇਂ ਹੀ ਲਸਣ ਹੈ। ਗੁਰੂ ਜੀ ਨੇ ਆਪਣੇ ਮੁਖਾਰਬਿੰਦ ਸੇ ਜੋ ਬਚਨ ਉਚਾਰਨ ਕਰਨਾ ਜਾਂ ਭਵਿਖਤ ਵਾਕ, ਸੋ ਸਿੰਘਾਂ ਨੇ ਆਪਣੇ ਹਿਰਦੇ ਮੈਂ ਮੋਤੀਆਂ ਕੀ ਤਰ੍ਹਾਂ ਧਾਰਨ ਕਰ ਲੈਣੇ।"[6]

ਮਸਤਾਨਿਆਂ ਅਤੇ ਸੂਬਿਆਂ ਦਾ ਦਵੰਦ, ੧੯੭੧ ਈ. ਦੇ ਖੋਟਿਆਂ ਦੇ ਹੋਲੇ ਮਹੱਲੇ ਸਮੇਂ ਕਾਫੀ ਵਧ ਚੁੱਕਾ ਸੀ। ਸੂਬਾ ਸਮੁਦਾਇ ਆਪਣੇ ਆਪ ਨੂੰ, ਸਤਿਗੁਰੂ ਜੀ ਦੇ ਹੁਕਮ, ਸੰਗਤਾਂ ਪਾਸੋਂ ਲਾਗੂ ਕਰਵਾਉਣ ਸਦਕਾ, ਉਤਮ ਸਮਝਦਾ ਸੀ। ਨਾਮਧਾਰੀ ਪੰਥ ਦੀ ਮਾਣ ਮਰਿਆਦਾ ਨੂੰ ਬਹਾਲ ਰੱਖਣਾ ਵੀ ਉਹ ਆਪਣੀ ਜ਼ਿੰਮੇਵਾਰੀ ਸਮਝਦਾ ਸੀ। ਉਹ ਇਸ ਤਰ੍ਹਾਂ ਦੀ ਹਰ ਕਾਰਵਾਈ ਤੇ ਨਜ਼ਰ ਰੱਖਦੇ ਸਨ, ਜਿਸ ਕਾਰਨ ਆਮ ਜਨ ਵਿਚ ਸਤਿਗੁਰੂ ਜੀ ਦੇ ਪੰਥ ਦੀ ਪ੍ਰਤਿਸ਼ਠਾ ਤੇ ਕੋਈ ਆਂਚ ਆ ਸਕਦੀ ਹੋਵੇ। ਮਸਤਾਨੇ ਸਿੰਘ ਵੀ ਆਪਣੇ ਢੰਗ ਨਾਲ ਸਤਿਗੁਰੂ ਜੀ ਦੀ ਮਰਿਆਦਾ ਨੂੰ, ਅੱਖਰ ਅੱਖਰ ਬਹਾਲ ਕਰਨ ਲਈ ਪ੍ਰਤੀਬੱਧ ਸਨ। ਉਹ ਵੇਲਾ ਵਿਹਾ ਚੁੱਕੀਆਂ ਸਾਮੰਤੀ ਕਦਰਾਂ ਕੀਮਤਾਂ ਦੇ

ਖ਼ਿਲਾਫ ਸਨ। ਮਰਿਆਦਾ ਲਾਗੂ ਕਰਨ ਦੇ ਸੁਆਲ ਤੇ ਜਥੇਦਾਰ ਹੀਰਾ ਸਿੰਘ ਸਕਰੌਦੀ ਨੇ, ਆਪਣੀ ਸਿੰਘਣੀ ਦੀ ਗੁੱਤ ਵੱਢ ਕੇ, ਬਾਂਸ ਤੇ ਟੰਗ ਕੇ, ਉਸਦਾ ਪ੍ਰਦਰਸ਼ਨ ਕੀਤਾ ਸੀ ਕਿ ਜਿਹੜੀ ਸਿੰਘਣੀ ਗੁਰੂ ਕੀ ਮਰਿਆਦਾ ਵਿਚ ਨਹੀਂ ਆਏਗੀ, ਉਸ ਨਾਲ ਇਹ ਸਲੂਕ ਕੀਤਾ ਜਾਏਗਾ। ਸੂਬਿਆਂ ਨੇ ਇਸ ਗੱਲ ਨੂੰ ਪੰਥ ਦੇ ਉਲਟ ਹੋ ਰਹੀ ਲੋਕ ਰਾਇ ਨਾਲ ਜੋੜ ਕੇ, ਮਸਤਾਨਿਆਂ ਤੋਂ ਗੁੱਤ ਵਾਲਾ ਬਾਂਸ ਖੋਹ ਕੇ ਰਾਇਸਰ (ਬਰਨਾਲਾ) ਦੇ ਟੋਭੇ ਵਿਚ, ਇਹ ਗੁੱਤ ਦਬਾ ਦਿੱਤੀ। ਦੀਵਾਨ ਵਿਚੋਂ ਸਤਿਗੁਰੂ ਜੀ ਚੀਤਾ ਛੱਡਣ ਚਲੇ ਗਏ। ਮਸਤਾਨਿਆਂ ਨੇ ਸੂਬਾ ਜਵਾਹਰ ਸਿੰਘ ਨਾਲ ਕਾਫੀ ਵਾਧੇ ਘਾਟੇ ਦੇ ਬਚਨ ਵੀ ਕੀਤੇ। ਇਸ ਤੋਂ ਪਹਿਲਾਂ ਉਹਨਾਂ ਦੀ ਪਿੰਨੀ ਤੇ ਮੁੱਕੀ ਵੀ ਮਾਰੀ ਸੀ। ਇਸ ਕਾਰਨ ਸੂਬੇ ਅਤੇ ਹਜ਼ੂਰੀ ਸੇਵਕ ਮਸਤਾਨਿਆਂ ਨੂੰ ਸੋਧਣ ਜਾ ਪਏ ਸਨ। ਸਤਿਗੁਰੂ ਜੀ ਨੇ ਆ ਕੇ ਠੰਢ ਵਰਤਾਈ।" "ਏਤਨੇ ਮੈਂ ਸ੍ਰੀ ਸਤਿਗੁਰੂ ਜੀ ਚੀਤਾ ਛੱਡਣ ਗਏ। ਪਿੱਛੋਂ ਲੱਖਾ ਸਿੰਘ ਗੜ੍ਹਵਈ ਅਤਰ ਸਿੰਘ ਹੋਰ ਭੀ ਸੂਬਿਆਂ ਨੇ ਜਿਨ੍ਹਾਂ ਜਿਨ੍ਹਾਂ ਕੋ ਸੁਣਾਉਂਦੇ ਹੁੰਦੇ ਸੇ, ਤਿਨ੍ਹਾਂ ਤਿਨ੍ਹਾਂ ਨੇ ਮਨ ਭੌਂਦੇ ਮਾਰੇ। ਮਸਤਾਨਿਆਂ ਨੇ ਆਗੇ ਸੇ ਹੱਥ ਨਹੀਂ ਉਠਾਇਆ। ਬੜੀ ਸ਼ਾਂਤਕੀ ਰੱਖੀ। ਸਗੋਂ ਕਹਿਣ ਸਾਧ ਸੰਗਤ ਹੈ ਜਿਨ੍ਹਾਂ ਨੇ ਸਾਡੇ ਪਾਪ ਝਾੜੇ ਹੈਂ। ਗੁਰੂ ਜੀ ਭੀ ਚੀਤਾ ਛੱਡ ਕੇ ਆਏ ਤੇ ਬਚਨ ਕੀਤਾ—ਤੁਸਾਂ ਏਨ੍ਹਾਂ ਨੂੰ ਮਾਰ ਈ ਦੇਣਾ ਹੈ। ਆਗੇ ਸੇ ਏਹਨਾਂ ਤਾਂ ਹੱਥ ਨਹੀਂ ਉਠਾਇਆ ਹੈ। ਮਾਰਦੇ ਆਇਕੇ ਛੁਡਾਏ। ਸੂਬਿਆਂ ਨੇ ਮਨ ਕਾ ਗ਼ੁਬ ਗ਼ੁਬਾਰ ਕੱਢ ਲੀਤਾ।"[7]

ਭਾਈ ਅਤਰ ਸਿੰਘ ਜਗਿਆਸੂ ਪ੍ਰਵਿਰਤੀ ਦਾ ਸਿੰਘ ਸੀ। ਉਹ ਆਪਣੇ ਮਨ ਦੇ ਫੁਰਨੇ ਸਤਿਗੁਰੂ ਜੀ ਨਾਲ ਸਾਂਝੇ ਕਰ ਲੈਂਦਾ ਸੀ। ਸੇਵਾ ਸਿਮਰਨ ਸਦਕਾ ਉਸਦੀ ਬਿਰਤੀ ਬਹੁਤ ਬਾਰੀਕ ਹੋ ਗਈ ਸੀ। ਉਹ ਕਦੇ ਬੋਲ ਕੇ ਅਤੇ ਕਦੇ ਅਬੋਲ ਵੀ ਜੋ ਬੇਨਤੀਆਂ ਕਰਦਾ ਸੀ, ਉਹਨਾਂ ਦਾ ਸਮਾਧਾਨ ਹੁੰਦਾ ਸੀ। ਸੀ ਤਾਂ ਉਹ ਵੀ ਨਾਈ ਸਰਦਾਰਾਂ ਦੇ ਪਰਿਵਾਰਾਂ ਵਿਚੋਂ, ਪਰ ਜ਼ਮੀਨ ਬਾਰਾਨੀ ਹੋਣ ਕਾਰਨ ਸਮੇਂ ਨਹੀਂ ਸਨ ਲੱਗਦੇ। ਮਾਲਵੇ ਵਿਚ ਖੂਹਾਂ ਦੀ ਵਾਹੀ ਨਹੀਂ ਸੀ। ਪਾਣੀ ਬਹੁਤ ਡੂੰਘੇ ਸਨ। ਸਰਦਾਰਾਂ ਦੇ ਖਰਚ ਜ਼ਿਆਦਾ ਹੁੰਦੇ ਸਨ। ਇਸ ਕਾਰਨ ਉਸ ਤੇ ਕਰਜ਼ਾ ਹੋ ਗਿਆ। ਇਕ ਸਿੰਘ ਦੇ ਕਰਜ਼ਾ ਮੁਆਫੀ ਲਈ ਸ਼ਬਦ ਦੀ ਆਰਾਧਨਾ ਵਾਲੇ ਸੁਝਾਅ ਨੂੰ, ਉਸ ਗੁਰੂ ਆਸ਼ੇ ਦੇ ਅਨੁਕੂਲ ਨਾ ਜਾਣ ਕੇ ਮੰਨਣ ਤੋਂ ਨਾਂਹ ਕਰ ਦਿੱਤੀ ਸੀ। ਭਾਈ ਬਾਹੋਵਾਲ ਦਾ ਗ੍ਰੰਥ, ਐਸੇ ਪ੍ਰਸੰਗ ਸਾਂਭੀ ਬੈਠਾ ਹੈ।

"ਅਤਰ ਸਿੰਘ ਹਜ਼ੂਰੀਏ ਨੇ ਅਰਜ਼ ਕੀਤੀ ਜੀ ਨਿੰਦਾ ਕਿਸਨੂੰ ਕਹਿੰਦੇ ਹਨ। ਬਚਨ ਕੀਤਾ ਜੋ ਕਿਸੇ ਨੇ ਨਾਂ ਕੀਤਾ ਹੋਵੇ ਤੇ ਉਸਦੇ ਜੁੰਮੇਂ ਲਾਵੇ ਇਸ ਨੂੰ ਨਿੰਦਿਆ ਆਖਦੇ ਹਨ। ਜੇੜ੍ਹਾ ਕਰਮ ਕੀਤਾ ਹੋਵੇ ਤੇ ਕਰੀਏ ਉਸ ਦਾ ਦੋਸ਼ ਨਹੀਂ। ਐਵੇਂ ਕਹਿਣਾ ਏਹ ਨਿੰਦਿਆ ਹੈ।

ਜੇ ਕੋਈ ਉਸਕਾ ਸੰਗੀ ਹੋਵੈ ਨਾਲੇ ਲਏ ਸਿਧਾਵੈ।

ਅਣਹੋਦਾ ਅਜਗਰੁ ਭਾਰੁ ਉਠਾਏ ਨਿੰਦਕੁ ਅਗਨੀ ਮਾਹਿ ਜਲਾਵੈ। (ਆਸਾ ਮ. ੫, ਪੰਨਾ ੩੭੩)

"ਏਕ ਸਮੇਂ ਅਤਰ ਸਿੰਘ ਨੂੰ ਨਰੈਣ ਸਿੰਘ ਨੇ ਕਹਾ ਕਿ ਤੂੰ ਕਰਜਾ ਦੇਣਾ ਹੈ, ਤੂੰ ਸ਼ਰਧਾ ਪੂਰਣ ਦੇਖ ਕੇ ਸ਼ਬਦ ਦੀ ਅਰਾਧਨਾ ਕਰ। ਤੇਰਾ ਕਰਜਾ ਉਤਰ ਜਾਏਗਾ। ਕਹਾ ਕਿ ਮੈਂ ਸਤਿਗੁਰਾਂ ਥੀਂ ਪੁੱਛ ਕੇ ਕਰਾਂਗਾ ਅਰਾਧਨਾ। ਰਾਤ ਨੂੰ ਅੰਤਰਜਾਮੀ ਜੀ ਬਚਨ ਕੀਤਾ ਦ੍ਰਿਸ਼ਟਾਂਤ ਮੈਂ—

ਵਿਣੁ ਤੁਧੁ ਹੋਰੁ ਜਿ ਮੰਗਣਾ ਸਿਰਿ ਦੁਖਾ ਕੈ ਦੁਖ।
ਦੇਹਿ ਨਾਮੁ ਸੰਤੋਖੀਆ ਉਤਰੈ ਮਨ ਕੀ ਭੁਖ।

ਰਾਮਦਾਸਪੁਰੇ ਆਇਕੇ ਸਾਰਾ ਬ੍ਰਿਤਾਂਤ ਸੁਣਾਇਆ। ਬਚਨ ਹੋਇਆ ਨਾਮ ਥੀਂ ਬਿਨਾਂ ਹੋਰ ਕੱਖ ਭੀ ਨਾ ਮੰਗਣਾ ਚਾਹੀਏ।"[8]

ਜਦੋਂ ਕੁ ਜਹੇ ਭਾਈ ਅਤਰ ਸਿੰਘ ਹਜ਼ੂਰੀ ਵਿਚ ਆਇਆ ਸੀ, ਕੂਕਾ ਅੰਦੋਲਨ ਆਪਣੇ ਸਿਖਰ ਤੇ ਸੀ। ਇਸ ਦੇ ਦੇਸੀ ਬਦੇਸੀ ਪਸਾਰ ਨਿਰੰਤਰ ਵਿਦਮਾਨ ਹੋ ਰਹੇ ਸਨ। ਸੰਗਤ ਵੱਡੀ ਗਿਣਤੀ ਵਿਚ ਹਰ ਪਿੰਡ, ਕਸਬੇ ਜਾਂ ਸ੍ਰੀ ਭੈਣੀ ਸਾਹਿਬ, ਜਿੱਥੇ ਸਤਿਗੁਰੂ ਜੀ ਬਿਰਾਜਦੇ ਸਨ, ਉਹਨਾਂ ਪਾਸ ਦੀਨੀ ਦੁਨਿਆਵੀ ਮਾਰਗ ਦਰਸ਼ਨ ਲਈ ਭੀੜਾਂ ਦੇ ਰੂਪ ਵਿਚ ਪੁੱਜ ਰਹੀ ਸੀ। ਸਤਿਗੁਰੂ ਜੀ ਆਪਣੇ ਤੋ ਪਹਿਲੇ ਕੌਮੀ-ਮੁਕਤੀ ਸੰਗਰਾਮ ਦੇ ਰਣ ਬਾਂਕੁਰਿਆਂ ਦੇ ਹੋਣੀ ਤੋਂ, ਭਲੀ ਭਾਂਤ ਜਾਣੂ ਸਨ। ਉਹਨਾਂ ਨੂੰ ਆਭਾਸ ਹੋ ਰਿਹਾ ਸੀ ਕਿ ਪੰਜਾਬ ਦੀ ਲੋਕਾਈ ਦੀ, ਉਹਨਾਂ ਪ੍ਰਤੀ ਇਕਜੁੱਟਤਾ ਦੀ ਭਾਵਨਾ, ਫਰੰਗੀ ਹਾਕਮਾਂ ਦੇ ਪੇਟ ਦਾ ਸੂਲ ਬਣ ਚੁੱਕੀ ਸੀ। ਸਰਕਾਰ ਵੀ ਸਤਿਗੁਰੂ ਜੀ ਦੇ ਦੇਸ਼ ਨਿਕਾਲੇ ਦੀਆਂ ਗੁਪਤ ਯੋਜਨਾਵਾਂ ਬਨਾਉਣ ਵਿਚ ਰੁੱਝੀ ਹੋਈ ਸੀ। ਸਰਕਾਰੀ ਤੰਤਰ ਵਿਚਲੇ ਆਪਣੇ ਸ਼ੁਭਚਿੰਤਕਾਂ ਰਾਹੀਂ, ਸਤਿਗੁਰੂ ਜੀ ਤੱਕ ਇਹ ਖੁਫੀਆ ਜਾਣਕਾਰੀ ਵੀ ਪੁੱਜਦੀ ਰਹਿੰਦੀ ਸੀ। ਇਸ ਲਈ ਭਵਿੱਖ ਦੀ ਰਣਨੀਤੀ ਵਜੋਂ ਉਹ ਹਰ ਹਾਲਤ ਵਿਚ, ਆਪਣੇ ਸਿੰਘਾਂ ਦਾ ਹੌਂਸਲਾ ਬੁਲੰਦ ਰੱਖਣਾ ਚਾਹੁੰਦੇ ਸਨ। ਦੇਸ਼ ਨਿਕਾਲੇ ਦੀ ਸੂਰਤ ਵਿਚ, ਆਪਣੀ ਮੁੜ ਦੇਸ਼ ਵਾਪਸੀ ਦਾ ਵਿਸ਼ਵਾਸ, ਉਹਨਾਂ ਦੀ ਲਹਿਰ ਦੇ ਭਾਗੀਦਾਰਾਂ ਦੇ ਹੌਂਸਲੇ ਕਾਇਮ ਰੱਖਣ ਦਾ ਕਾਰਨ ਬਣ ਸਕਦਾ ਸੀ। ਇਸ ਲਈ ਸ੍ਰੀ ਸਤਿਗੁਰੂ ਜੀ ਪਰਦੇਸ ਗਮਨ ਤੋਂ ਪਹਿਲਾਂ ਇਹੋ ਜਿਹੇ ਬਚਨ ਆਪਣੇ ਨਿਕਟਵਰਤੀ ਸਿੰਘਾਂ ਨਾਲ ਕਰਿਆ ਕਰਦੇ ਸਨ।

"ਅਤਰ ਸਿੰਘ ਗੜਵਈ ਪਿੰਡ ਕਰਤਾਰਗੜ੍ਹ ਕੋ ਗੁਰੂ ਜੀ ਬਚਨ ਕੀਤਾ ਜੇਕਰ ਕੋਈ ਆਖੇ ਮੈਂ ਰਾਮ ਸਿੰਘ ਨੂੰ ਚਿਖਾ ਵਿਚ ਚਿਣ ਆਇਆ ਹਾਂ ਤਾਂ ਭੀ ਤੁਸੀਂ ਨਹੀਂ ਮੰਨਣਾ ਕਿ ਸਰੀਰ ਛੱਡ ਗਏ ਹੈਨ। ਹਾਜਰ ਨਾਜਰ ਜਾਨਣਾ। ਮੈਂ ਪੌਣ ਨਾਲ ਉਡਦਾ ਨਹੀਂ, ਪਾਣੀ ਮੈਂ ਡੁਬਦਾ ਨਹੀਂ, ਅਗਨੀ ਨਾਲ ਜਲਦਾ ਨਹੀਂ ਹਾਂ। ਬਿੱਲੇ ਲੈ ਤਾਂ ਮੈਨੂੰ ਜਾਣਗੇ, ਝੂਠੇ ਕਰਕੇ ਮਾਰਨੇ ਹੈਂ। ਨਾਲੇ ਜਿੱਥੇ ਜਿੱਥੇ ਜਾਣਾ ਹੈ ਓਥੇ ਓਥੇ ਜਾਵਾਂਗੇ।"[9]

੧੪-੧੫ ਜੂਨ ੧੮੭੧ ਈ. ਦੀ ਰਾਤ ਨੂੰ ਮਾਝੇ ਦੇ ਕੂਕੇ ਸਿੰਘਾਂ ਨੇ, ਗੁਰੂ ਨਗਰੀ ਸ੍ਰੀ ਅੰਮ੍ਰਿਤਸਰ ਸਾਹਿਬ ਵਿਚ ਗਊ ਘਾਤੀਆਂ ਤੇ ਹੱਲਾ ਬੋਲ ਦਿੱਤਾ ਸੀ। ਕੁਝ ਮਾਰੇ ਗਏ ਕੁਝ ਜ਼ਖਮੀ ਹੋਏ। ਇਹਨਾਂ ਸਿੰਘਾਂ ਦਾ ਖੁਰਾ ਖੋਜ ਨਾ ਮਿਲਣ ਸਦਕਾ ਕੁਝ ਬੇਦੋਸ਼ੇ ਲੋਕਾਂ ਤੇ ਪੁਲਿਸ ਨੇ ਕਹਿਰ ਢਾਹੁਣਾ ਸ਼ੁਰੂ ਕੀਤਾ। ਨਾਮਧਾਰੀ ਸਿੰਘਾਂ ਦੇ ਅੰਦਰੂਨੀ ਘੇਰੇ ਵਿਚ ਇਸ ਗੱਲ ਦਾ ਪਤਾ ਸੀ ਕਿ ਇਹ ਕਾਰਵਾਈ ਨਾਮਧਾਰੀ ਸਿੰਘਾਂ ਦੀ ਹੈ। ਇਸੇ

ਲਈ ਇਸ ਜਥੇ ਦੇ ਭੈਣੀ ਸਾਹਿਬ ਗੁਰੂ ਦਰਸ਼ਨਾਂ ਲਈ ਜਾਣ ਸਮੇਂ, ਸਤਿਗੁਰੂ ਜੀ ਨੇ ਉਹਨਾਂ ਨੂੰ ਆਪਣੀ ਬੀਜੀ ਫਸਲ, ਆਪ ਹੀ ਵੱਢਣ ਦਾ ਇਸ਼ਾਰਾ ਕੀਤਾ ਸੀ। ਇਸ ਤੇ ਉਹ ਨਾਮਧਾਰੀ ਸਿੰਘ ਆਪਣੇ ਜੁਰਮ ਦਾ ਇਕਬਾਲ ਕਰਕੇ ਸ਼ਹੀਦੀ ਬਾਟੇ ਛਕ ਗਏ ਸਨ। ਪਰੰਤੂ ਉਹਨਾਂ ਸਿੰਘਾਂ ਦੇ ਭੈਣੀ ਸਾਹਿਬ ਪੁੱਜਣ ਤੋਂ ਅਗੇਤੇ ਹੀ ਇੱਥੇ ਗੁਰੂ ਦਰਬਾਰ ਦੇ ਲਾਗੇ-ਚਾਗੇ ਰਹਿਣ ਵਾਲੇ ਸਿੰਘਾਂ, ਨੇ, ਗਊ ਘਾਤੀਆਂ ਦਾ ਸਫਾਇਆ ਕਰਕੇ, ਅੰਗਰੇਜ਼ ਹਕੂਮਤ ਨੂੰ ਵੰਗਾਰਨ ਦੀ ਤਾਣ ਲਈ। ਉਹ ਚਾਹੁੰਦੇ ਸਨ ਕਿ ਮਾਝੇ ਦੇ ਸਿੰਘ ਤਾਂ ਬੁੱਚੜਬੁੱਧ ਸਾਕਾ ਕਰਕੇ, ਗਊ ਗਰੀਬ ਦੀ ਰੱਖਿਆ ਹਿਤ ਕੁਰਬਾਨੀ ਦੇ ਰਾਹੇ ਚੱਲ ਪਏ ਹਨ। ਅਤੇ ਉਹਨਾਂ ਨੂੰ ਵੀ ਕਿਸੇ ਇਹੋ ਜਿਹੀ ਘਟਨਾ ਨੂੰ, ਸ਼ੀਘਰ ਹੀ ਅੰਜਾਮ ਦੇਣਾ ਚਾਹੀਦਾ ਹੈ। ਇਹ ਫ਼ੁਰਨਾ ਵੀ ਭਾਈ ਅਤਰ ਸਿੰਘ ਹਜ਼ੂਰੀਆ ਨੂੰ ਪਹਿਲੋਂ ਫੁਰਿਆ ਅਤੇ ਉਸ ਗੁਰੂ ਦਰਬਾਰ ਵਿਚ ਸੁਖ ਸੁਵਿਧਾ ਦਾ ਜੀਵਨ ਬਤੀਤ ਕਰਨ ਦੀ ਬਜਾਏ, ਜੂਝਣ ਦਾ ਮਾਰਗ ਚੁਣ ਲਿਆ। ਨਾਮਧਾਰੀ ਸਿੰਘ ਇਹਨਾਂ ਛੋਟੀਆਂ ਛੋਟੀਆਂ ਟੱਕਰਾਂ ਦੁਆਰਾ, ਵਿਦੇਸ਼ੀ ਹਕੂਮਤ ਵਿਰੁੱਧ ਇਕ ਮਾਹੌਲ ਸਿਰਜ ਰਹੇ ਸਨ ਤਾਂਕਿ ਸਮਾਂ ਆਉਣ ਤੇ ਵਿਆਪਕ ਵਿਦਰੋਹ ਛੇੜਿਆ ਜਾ ਸੱਕੇ। ਨਾਮਧਾਰੀ ਇਤਿਹਾਸ ਵਿਚ ਗਊ ਰੱਖਿਆ ਲਈ ਅੰਮ੍ਰਿਤਸਰ, ਰਾਇਕੋਟ ਸਾਕਿਆਂ ਦੇ ਨਾਲ ਹੀ "ਬਾਗਾਂ ਵਾਲਾ ਜਾਂ ਮੋਰਿੰਡਾ ਦੀ ਘਟਨਾ" ਦਾ ਵਰਣਨ ਵੀ ਮਿਲਦਾ ਹੈ। ਇਸ ਘਟਨਾ ਦੇ ਸੂਤਰਧਾਰ ਭਾਈ ਅਤਰ ਸਿੰਘ ਕਰਤਾਰਗੜ੍ਹ ਵਾਲੇ ਹੀ ਸਨ। ਇਹ ਘਟਨਾ ੫ ਜੁਲਾਈ ੧੮੭੧ ਦੀ ਹੈ। ਪੰਜ ਸਿੰਘ ਭੈਣੀ ਸਾਹਿਬ ਤੋਂ ਚੱਲੇ ਸਨ।

"ਬਾਗਾਂ ਵਾਲੇ (ਮੋਰਿੰਡੇ ਦਾ ਲੋਕ ਪ੍ਰਚਲਿਤ ਨਾਮ) ਭੀ ਬੁਚੜਖਾਨਾ ਸੀ। ਓਸ ਜਗਾ ਭੀ ਸਿੰਘ ਚਲੇ ਹੈਂ। ਅਤਰ ਸਿੰਘ ਹਜੂਰੀਆ ਕਰਤਾਰਗੜ੍ਹ ਕਾ, ਦੂਆ ਅਤਰ ਸਿੰਘ ਕੋਠੇ ਕਾ, ਨਿੰਦਕ ਕਾਨ੍ਹਾ ਕਮਾਲਪੁਰ ਦਾ। ਧੌਂਕਲ ਸਿੰਘ ਰਾਇਪੁਰ ਕਾ। ਥੰਮਣ ਸਿੰਘ ਦੁਘਰੀ ਕਾ। ਏਤਨੇ ਸਰੀਰ ਤੁਰੇ। ਰਾਤ ਲੱਲੀਂ ਜਾਇ ਰਹੇ। ਅੱਗੇ ਸੇਹ ਜਾਇ ਰਹੇ। ਲਾਲ ਸਿੰਘ ਸਰਦਾਰ ਨੇ ਦੋ ਤਲਵਾਰਾਂ ਦਿੱਤੀਆਂ। .... ਭੜੀ ਸੇ ਸਿਕਲ ਕਰਵਾਈਆਂ। ਸਰਦਾਰ ਪ੍ਰਤਾਪ ਸਿੰਘ ਖੁਮਾਣੋ ਵਾਲੇ ਨੇ ਏਕ ਸ੍ਰੀ ਸਾਹਿਬ ਦੀਆ। ਤਿੰਨੇ ਸਿਕਲ ਕਰਵਾਏ। ਥੰਮਣ ਸਿੰਘ ਵੀ ਦੋ ਸ੍ਰੀ ਸਾਹਿਬ ਆਂਦੇ ਸੇ। ਆਗੇ ਪਾਛੇ ਹੋਇਕੇ ਚੁੰਨ੍ਹੀ ਜਾਇ ਰਹੇ।

"ਅੱਗੇ ਬਾਬਾ ਸੁੱਧ ਸਿੰਘ (ਮਢੌਰ) ਸੀ। ਓਸਨੇ ਕਹਿਆ ਏਹ ਕੰਮ ਧੁਆਡੇ ਕਰਨ ਦਾ ਨਹੀਂ, ਤੁਸੀਂ ਨਾ ਜਾਓ। ਸਿੰਘ ਸੁਣ ਕੇ ਗੁੱਸੇ ਹੋਏ ਕਿ ਤੂੰ ਕਿਉਂ ਰੋਕਦਾ ਹੈ ਸਾਨੂੰ ਜਾਂਦਿਆਂ ਨੂੰ। ਅਸੀਂ ਤਾਂ ਸ਼ਿਮਲੇ ਜਾਣਾ ਹੈ। ਜਾਂ ਸਿੰਘ ਬਾਗਾਂ ਵਾਲੇ ਗਏ ਤਾਂ ਸਲਾਹ ਕਰੀ ਮੁੜ ਚਲੋ। ਨਦੀ ਉੱਤਰੇਗੀ ਤਾਂ ਚਲਾਂਗੇ। ਪਿੰਡ ਦੇ ਕੋਲੋਂ ਦੀ ਲੰਘਣ ਲੱਗੇ ਤਾਂ ਚੌਕੀਦਾਰ ਨੇ ਪੁਕਾਰਿਆ ਕੌਣ ਹੈ ? ਸਿੰਘਾਂ ਨੇ ਕਹਾ ਅਸੀਂ ਸ਼ਿਮਲੇ ਤੋਂ ਆਏ ਹਾਂ ਜ਼ਰੂਰੀ ਕੰਮ ਹੈ। ਚੌਕੀਦਾਰ ਨੇ ਕਹਾ ਕਿ ਮੈਂ ਨਹੀਂ ਜਾਣ ਦੇਊਂਗਾ, ਦਿਨ ਚੜ੍ਹੇ ਜਾਣਾ ਮਿਲੇਗਾ। ਜੇਕਰ ਹੁਣ ਜਾਣਾ ਹੈ ਤਾਂ ਥਾਣੇ ਚੱਲੋ। ਦੋ ਰੁਪਈਏ ਉਸਨੂੰ ਦੇ ਰਹੇ ਉਸ ਨੇ ਨਾਂ ਲਏ, ਸਗੋਂ ਤਕੜਾ ਹੋਇਆ ਕਹੇ ਥਾਨੇ ਲੈ ਚੱਲਾਂਗਾ। ਤਿੰਨਾਂ ਸਿੰਘਾਂ ਨੂੰ ਘੇਰਾ ਪਾਇ ਲੀਆ

ਚੌਕੀਦਾਰ ਨੇ।ਉਚੀ ਪੁਕਾਰ ਕਰੀ ਕਿ ਚੋਰ ਹੈ ਚੋਰ ਹੈ। ਸਿੰਘ ਤੁਰ ਪਏ ਚੌਕੀਦਾਰ ਮਗਰੇ ਹੀ ਆਇਆ। ਅਤਰ ਸਿੰਘ ਨੇ ਜਿਉਂ ਮਾਰੀ ਤਲਵਾਰ ਖੱਬੇ ਮੋਢੇ ਦੇ ਉਤੋਂ ਦੀ ਜੰਞੂ ਵਾਂਗੂ ਮਾਰ ਕੇ ਦੋ ਟੁਕ ਕੀਆ, ਰੌਲਾ ਪੈ ਗਿਆ। ਆਗੇ ਨਦੀ ਵਗਦੀ ਸੀ। ਨਦੀ ਮੈਂ ਛਾਲਾਂ ਮਾਰੀਆਂ। ਅਸਬਾਬ ਪਿਆ ਰਹਿ ਗਿਆ। ਦੋ ਗੜਵੇ ਦੋ ਟਸਰੀਆਂ ਦੋ ਆਸਨ ਚਾਰ ਮਿਆਨ ਤਲਵਾਰਾਂ ਕੇ। ਹੋਰ ਸਿੰਘ ਤਾਂ ਉਤੇ ਕੰਢੇ ਦੇ ਚੜ੍ਹ ਗਏ ਜਾਂ ਅਤਰ ਸਿੰਘ ਚੜ੍ਹਨੇ ਲਗਾ ਤਾਂ ਏਕ ਤੁਰਕ ਨੇ ਸੋਟਾ ਮਾਰਿਆ। ਅਤਰ ਸਿੰਘ ਨੇ ਨਾਲ ਦੇ ਸਿੰਘ ਨੂੰ ਆਖਿਆ ਮਾਰ ਖੁਖਰੀ ਕਿਹੜੇ ਵੇਲੇ ਨੂੰ ਰੱਖੀ ਹੈ। ਜਾਂ ਸਿੰਘ ਸ੍ਰੀ ਸਾਹਿਬ ਸੂਤਣ ਲਗੇ ਹਾਥ ਕੀਆ ਚਾਰ ਉਂਗਲੀਆਂ ਨੂੰ ਚੀਰ ਆਇ ਗਿਆ। ਅਤਰ ਸਿੰਘ ਘੇਰੇ ਵਿਚ ਆਇ ਗਿਆ। ਥੰਮਣ ਸਿੰਘ ਨੇ ਸ੍ਰੀ ਸਾਹਿਬ ਮਾਰਿਆ। ਤੁਰਕ ਕਾ ਪੌਂਚਾ ਬਢਿਆ। ਜਿਉਂ ਬਾਜ ਜਾਂਦਾ ਹੈ ਝਪਟ ਮਾਰਕੇ ਤਿਉਂ ਉਸਨੂੰ ਛੁਡਾਇ ਕੇ ਸਿੰਘ ਚੱਲੇ।"[10]

ਜੇ. ਡਬਲਯੂ. ਮੈਕਨਬ ਕਾਰਜਕਾਰੀ ਕਮਿਸ਼ਨਰ ਅੰਬਾਲਾ ਦੀ ੪ ਨਵੰਬਰ ੧੮੭੧ ਦੀ ਰੀਪੋਰਟ, ਜਿਸਨੂੰ ਇਤਿਹਾਸ ਵਿਚ 'ਮੈਕਨਬ ਰੀਪੋਰਟ' ਵੀ ਕਿਹਾ ਜਾਂਦਾ ਹੈ ਵਿਚ ਵੀ ਮੋਰਿੰਡਾ ਦੀ ਘਟਨਾ ਅਤੇ ਇਸ ਵਿਚ ਭਾਗ ਲੈਣ ਵਾਲੇ ਸਿੰਘਾਂ ਦੇ ਨਾਮ ਮਿਲਦੇ ਹਨ। ਇਸ ਵਿਚ ਰਾਇਕੋਟ ਦੇ ਵਾਅਦਾ ਮੁਆਫ ਅਗਵਾਹ, ਕਾਹਨ ਸਿੰਘ ਪੁਤਰ ਹਾਕਮ ਸਿੰਘ ਵਾਸੀ ਕਮਾਲਪੁਰ (ਲੁਧਿਆਣਾ) ਦੇ ਬਿਆਨ ਦਾ, ਵੇਰਵਾ ਦਰਜ ਕੀਤਾ ਗਿਆ ਹੈ। ਇਸ ਰੀਪੋਰਟ ਮੁਤਾਬਿਕ ਭਾਈ ਅਤਰ ਸਿੰਘ ਨੂੰ ਸਤਿਗੁਰੂ ਜੀ ਦੇ ਹਜ਼ੂਰੀ ਸੇਵਕ ਗੜਵਈ ਦੇ ਨਾਲ ਨਾਲ ਉਹਨਾਂ ਦਾ "ਝੰਡਾ ਬਰਦਾਰ" ਜਾਂ "ਨਿਸ਼ਾਨ ਵਾਲਾ" ਵੀ ਲਿਖਿਆ ਮਿਲਦਾ ਹੈ। ਇਹ ਅਤਰ ਸਿੰਘ ਹੀ ਬਾਕੀ ਚਹੁੰਆਂ ਨੂੰ ਗੁਰੂ ਕਾ ਕਾਰਾ ਕਰਨ ਲਈ ਆਖਦਾ ਹੈ। ਇਹਨਾਂ ਦਾ ਇਰਾਦਾ ਸ਼ਿਮਲੇ ਪਹੁੰਚ ਕੇ ਉੱਥੇ ਬੁੱਚੜਖਾਨੇ ਤੇ ਹਮਲਾ ਕਰਨ ਦਾ ਸੀ ਕਿਉਂਕਿ ਗਰਮੀਆਂ ਵਿਚ ਪੰਜਾਬ ਸਰਕਾਰ ਦਾ ਸਾਰਾ ਅਮਲਾ ਫੈਲਾ ਲਾਹੌਰ ਤੋਂ ਸ਼ਿਮਲੇ ਚਲਾ ਜਾਂਦਾ ਸੀ। ਸਫਲ ਹੋ ਜਾਂਦੀ ਤਾਂ ਸਾਡੇ ਇਤਿਹਾਸ ਦੀ ਇਹ ਵੀ ਇਕ ਵੱਡੀ ਘਟਨੀ ਹੋਣੀ ਸੀ। ਮੋਰਿੰਡੇ ਦੇ ਚੌਕੀਦਾਰ ਕਰਮ ਬਖਸ਼ ਦੀ ਲੋੜ ਤੋਂ ਜ਼ਿਆਦਾ ਹੁਸ਼ਿਆਰੀ ਸਿੰਘਾਂ ਦੇ ਹੱਥੋਂ ਉਸਦੇ ਕਾਲ ਦਾ ਕਾਰਨ ਬਣੀ। ਭਾਈ ਅਤਰ ਸਿੰਘ ਹਜ਼ੂਰੀ ਸੇਵਕ ਹੋਣ ਕਾਰਨ ਹੀ ਉਹ ਦੋ ਖੁਖਰੀਆਂ, ਜੋ ਪਿਛਲੇ ਸਿਆਲ ਵਿਚ ਹੀ ਨੈਪਾਲ ਦੇ ਰਾਣੇ ਨੇ ਸੌਗਾਤ ਵਜੋਂ ਕੂਕਾ ਦਰਬਾਰ ਨੂੰ ਹੋਰ ਵਸਤਾਂ ਨਾਲ ਭੇਜੀਆਂ ਸਨ, ਡੇਰੇ ਵਿਚੋਂ ਲੈ ਆਏ ਸਨ। ਇਸ ਕੇਸ ਵਿਚ ਕਾਹਨ ਸਿੰਘ, ਜੋ ਗੁਰੂ ਨਿੰਦਕ ਹੋ ਗਿਆ ਸੀ ਅਤੇ ਧੌਂਕਲ ਸਿੰਘ ਦੋਵੇਂ ਪਕੜੇ ਗਏ ਸਨ। ਦੋਵੇਂ ਭਾਈ ਅਤਰ ਸਿੰਘ ਅਤੇ ਥੰਮਣ ਸਿੰਘ "ਮੈਕਨਬ ਰੀਪੋਰਟ" ਮੁਤਾਬਿਕ ਮਫ਼ਰੂਰ ਸਨ।[11]

ਇਸ ਘਟਨਾ ਦਾ ਪ੍ਰਭਾਵ ਭੈਣੀ ਸਾਹਿਬ ਗੁਰੂ ਦਰਬਾਰ ਤੇ ਕਿਸ ਰੂਪ ਵਿਚ ਪਿਆ। ਇਹ ਵੇਰਵਾ ਬਾਹੋਵਾਲ ਜੀ ਦੇ ਸ਼ਬਦਾਂ ਵਿਚ "ਦੀਨਾ ਨਾਥ ਜੀ ਬਚਨ ਕੀਤਾ ਖੁਸ਼ੀ ਮੈਂ ਹੋਇਕੇ ਭਾਈ ਖਾਲਸਾ ਜੀ ਜੇਕਰ ਸੰਸਾਰ ਮੈਂ ਅਫੜਾ ਦਫੜੀ ਤਾਂ ਸਾਡੇ ਭਾ ਦੀ ਸੁਖ ਸਾਂਦ। ਸੰਸਾਰ ਮੈਂ ਸੁਖ ਸਾਂਦ ਤਾਂ ਸਾਡੇ ਭਾ ਦੀ ਅਫੜਾ ਦਫੜੀ। ਹੁਣ ਸੁਖ ਸਾਂਦ ਦੀ

ਖ਼ਬਰ ਆਉਣ ਲੱਗੀ ਹੈ। ਦੀਨਾ ਨਾਥ ਜੀ ਬਚਨ ਕੀਤਾ ਨਿੰਦਕਾਂ ਨੂੰ ਦੋਸ਼ ਨਹੀਂ ਹੈ।....

"ਮੁੰਡੀਆਂ ਮੇਂ ਅਨੰਦ ਸੀ। ਦੀਨਾ ਨਾਥ ਜੀ ਭੀ ਗਏ। ਅਨੰਦ ਪੜ੍ਹਾਇ ਕੇ ਮੁੜੇ। ਜੰਡਾਲੀ ਕੋਲ ਦੀ ਲੰਘਣ ਲੱਗੇ। ਵੱਗ ਗਊਆਂ ਦਾ ਖੜਾ ਸੀ। ਸਤਿਗੁਰੂ ਜੀ ਬਚਨ ਕੀਤਾ ਲੋਕ ਕਹਿੰਦੇ ਹੈ ਰਾਜ ਕੀ ਚਾਹ ਹੈ। ਕਹਿੰਦੈ ਹੈ ਰਾਜ ਕਰਾਂਗੇ। ਅਸੀਂ ਤਾਂ ਇਹਨਾਂ ਗਊਆਂ ਕਾ ਭਲਾ ਚਾਹਨੇ ਹਾਂ ਤੇ ਭਜਨ ਦੇਂਦੇ ਹਾਂ। ਨਾਮ ਨਾਲ ਮੇਲਦੇ ਹਾਂ।"[12]

ਦਸੰਬਰ (੧੮੭੦) ਜਨਵਰੀ ੧੮੭੧ ਵਿਚ ਦੋ ਕੂਕਾ ਸੂਬਿਆਂ ਦੀ ਅਗੁਆਈ ਹੇਠ ਜਿਹੜਾ ਉੱਚ ਪਧਾਰੀ ਕੂਕਾ ਵਫਦ ਨੈਪਾਲ ਗਿਆ ਸੀ, ਉਸ ਵਿਚ ਭਾਈ ਅਤਰ ਸਿੰਘ ਹੋਰੀਂ, ਛੇ ਸਿੰਘਾਂ ਤੇ ਆਧਾਰਿਤ ਇਸ ਜਥੇ ਦੇ ਲਾਂਗਰੀ ਵਜੋਂ ਵੀ ਅਤੇ ਸਤਿਗੁਰੂ ਜੀ ਦੇ ਨਿੱਜੀ ਪ੍ਰਤੀਨਿਧ ਦੇ ਤੌਰ ਤੇ ਵੀ ਸ਼ਾਮਲ ਹੋਏ ਸਨ। ਹੁਣ ਮੋਰਿੰਡਾ ਕੇਸ ਤੋਂ ਬਾਅਦ ਚੌਕੀਦਾਰ ਦਾ ਕਤਲ ਕਿਉਂਕਿ ਆਪ ਦੇ ਜ਼ਿੰਮੇ ਸੀ, ਨੈਪਾਲ ਉਹ ਕਈ ਵੇਰ ਜਾ ਆ ਚੁੱਕੇ ਸਨ, ਭਾਈ ਥੰਮਣ ਸਿੰਘ ਸਮੇਤ ਮੋਰਿੰਡੇ ਦੀ ਘਟਨਾ ਬਾਅਦ ਅਤਰ ਸਿੰਘ ਹਜ਼ੂਰੀਆ ਫਿਰ ਨੈਪਾਲ ਪੁੱਜ ਗਏ। ਬਾਕੀ ਉਮਰ ਮਫਰੂਰੀ ਦੀ ਹਾਲਾਤ ਵਿਚ ਕੱਟਣੀ ਉਹਨਾਂ ਦੀ ਤਕਦੀਰ ਬਣ ਚੁੱਕੀ ਸੀ। ਇਸ ਲਈ ਨੈਪਾਨ ਵਿਚ ੧੮੫੭ ਈ. ਦੇ ਜਨ ਵਿਦਰੋਹ ਦੇ ਹੋਰ ਅਨੇਕ ਦੇਸ਼ ਭਗਤਾਂ ਦੇ ਸੰਗ ਸਾਥ ਵਿਚ ਵਿਚਰਦਿਆਂ, ਭਾਈ ਅਤਰ ਸਿੰਘ ਦਾ ਬਾਕੀ ਜੀਵਨ ਬਤੀਤ ਹੋਇਆ।

ਕੀ ਉਹ ਗ੍ਰਹਿਸਤੀ ਸਨ ਜਾਂ ਬਿਹੰਗਮ, ਕੋਈ ਸਪੱਸ਼ਟ ਜਾਣਕਾਰੀ ਨਹੀਂ ਮਿਲਦੀ। ਸਤਿਗੁਰੂ ਰਾਮ ਸਿੰਘ ਜੀ ਦੀ ਸੰਗਤ ਵਿਚ ਆ ਕੇ ਉਹ ਦੇਸ ਪ੍ਰੇਮ ਦੇ ਰੰਗ ਵਿਚ ਇਸ ਤਰ੍ਹਾਂ ਰੰਗੇ ਗਏ ਕਿ ਸਰਦਾਰੀ ਠਾਠ ਬਾਠ ਵਾਲੇ ਘਰ ਪਰਿਵਾਰ ਵਿਚ, ਵਾਪਸ ਮੁੜਨ ਦਾ ਕਦੇ ਖ਼ਿਆਲ ਹੀ ਨਾ ਆਇਆ ਅਤੇ ਆਪਣੇ ਸਤਿਗੁਰੂ ਦੀ ਖੁਸ਼ੀ ਲਈ, ਹਰ ਕੁਰਬਾਨੀ ਉਹਨਾਂ ਨੂੰ ਛੋਟੀ ਮਾਲੂਮ ਹੁੰਦੀ ਸੀ। ਉਹ ਨਾਮਬਾਣੀ ਦੇ ਰਸੀਏ, ਗੁਰੂ ਦਰਬਾਰ ਵਿਚ ਕਿਸੇ ਸਹਾਇਤਾ ਲਈ ਪੁੱਜਣ ਵਾਲਿਆਂ ਲਈ ਸਦਾ ਮਦਦਗਾਰ ਸਨ। ਉਹ ਗੁਰੂ ਕੇ ਨਿਸ਼ਠਾਵਾਨ ਸੇਵਕ ਵੀ ਸਨ ਅਤੇ ਅਦੁੱਤੀ ਸੂਰਮਾ ਵੀ। ਸੰਤ ਸਿਪਾਹੀਆਂ ਦੇ ਸ਼੍ਰੇਣੀ ਵਿਚ ਉਸ ਦਾ ਨਾਮ ਅਦਬ ਸਿਹਤ ਲਿਆ ਜਾਏਗਾ।

## ਹਵਾਲੇ ਅਤੇ ਟਿਪਣੀਆਂ


1. ਮਾਲਵੇਂਦ੍ਰ (ਮਹਾਂਕਾਵਿ), ਸੰਤ ਇੰਦਰ ਸਿੰਘ 'ਚੱਕਰਵਰਤੀ' ਨਾਮਧਾਰੀ ਸੰਗਤ ਦਿੱਲੀ, ੧੯੫੭, ਸਫਾ ੨੪੬-੪੭
2. ਸਤਿਗੁਰੂ ਬਿਲਾਸ, ਭਾਗ ਪਹਿਲਾ, ਸੰਤ ਸੰਤੋਖ ਸਿੰਘ ਬਾਹੋਵਾਲ (ਸੰ. ਜਸਵਿੰਦਰ ਸਿੰਘ, ੨੦੦੨ ਨਾਮਧਾਰੀ ਦਰਬਾਰ ਸ੍ਰੀ ਭੈਣੀ ਸਾਹਿਬ, ਸਫਾ ੩੭੧
3. ਉਹੀ, ਸਫਾ ੩੨੯
4. ਉਹੀ, ਸਫਾ ੩੪੩-੪੪
5. ਉਹੀ, ਸਫਾ ੩੪੮-੪੯
6. ਉਹੀ, ਸਫਾ ੩੬੩

7. ਉਹੀ, ਸਫਾ ੩੮੧
8. ਉਹੀ, ਸਫਾ ੪੦੮-੦੯
9. ਉਹੀ, ਸਫਾ ੪੧੦
10. ਉਹੀ, ਸਫਾ ੪੩੪-੩੫
11. ਰੀਬੈਲਜ਼ ਅਗੇਂਸਟ ਦਾ ਬ੍ਰਿਟਿਸ਼ ਰੂਲ (ਸੰ. ਭਾਈ ਨਾਹਰ ਸਿੰਘ ਕਿਰਪਾਲ ਸਿੰਘ), ੧੯੬੯ ਐਟਲਾਂਟਿਕ ਪਬਲਿਸ਼ਰਜ਼, ਦਿੱਲੀ, ਸਫਾ ੧੫੨
12. ਸਤਿਗੁਰੂ ਬਿਲਾਸ, ਭਾਗ ਪਹਿਲਾ, ਸਫਾ ੪੩੬-੩੭

# ਬੀਰਬਲੀ ਬਾਬਾ ਉਤਮ ਸਿੰਘ ਰਾਏਸਰੀਆ

"ਪੋਹ ਪਾਪੀ ਤੇ 'ਪਰਾਧੀ, ਵੱਡੇ ਚੁਗਲ ਫਸਾਦੀ,
ਜਾ ਕੇ ਆਖਦੇ ਤਸੀਲੇ,
ਕਰੋ ਸਿੰਘਾਂ ਦਾ ਇਲਾਜ ਜੀ
ਕਰਨ ਸ਼ੋਰ ਤੇ ਸ਼ਰਾਬਾ,
ਸਾਨੂੰ ਖੌਫ ਬੜਾ ਡਾਢਾ,
ਐਸੀ ਕਰੋ ਤਦਬੀਰ, ਮੱਤ ਹੋਵੇ ਨਾ ਫਸਾਦ ਜੀ।
ਬਾਤ ਸੁਣੀ ਅੰਗਰੇਜ਼, ਬੈਠ ਕਰਦੇ ਵਿਚਾਰ,
ਐਸੀ ਹੋਵੇ ਨਾ ਕੋਈ ਕਾਰ,
ਦੂਰ ਕਰਨ ਸਾਡਾ ਰਾਜ ਸੀ।
ਪਿੰਡ ਪਿੰਡ ਤਕੜਾਈ, ਬੈਠ ਗਏ ਨੇ ਸਿਪਾਹੀ,
ਨਿਹਾਲ ਸਿੰਘ ਲਿਖਣ ਨਾਮ,
ਲੌਣ ਹਾਜ਼ਰੀ ਹਿਸਾਬ ਜੀ।"

ਇਕ ਅਗਿਆਤ ਨਾਮਧਾਰੀ ਕਵੀ, ਭਾਈ ਨਿਹਾਲ ਸਿੰਘ ਦੁਆਰਾ, ਉਨ੍ਹੀਵੀਂ ਸਦੀ ਦੇ ਆਖਰੀ ਦੋ ਦਹਾਕਿਆਂ ਵਿਚ ਲਿਖੀ ਗਈ 'ਬਾਰਾਂ ਮਾਹ' ਨਾਮ ਦੀ ਕਾਵਿ ਰਚਨਾ ਵਿਚੋਂ ਸਤਿਗੁਰੂ ਰਾਮ ਸਿੰਘ ਜੀ ਦੇ ਕੌਮੀ ਮੁਕਤੀ ਅਤੇ ਸਿਖ-ਪੁਨਰ ਸੁਰਜੀਤੀ ਲਈ ਵਿੱਢੇ, ਕੂਕਾ ਸੰਗਰਾਮ ਦੀ ਧਮਕ ਪੈਂਦੀ ਦਿਸਦੀ। ਅਨੰਦ ਮਰਿਆਦਾ ਦੀ ਸਥਾਪਤੀ ਤੋਂ ਬਾਅਦ ਹੀ ਨਾਮਧਾਰੀ ਸੰਤ ਖਾਲਸੇ ਤੋਂ ਆਪਣੀ ਪੁਸ਼ਤੈਨੀ ਕਮਾਈ ਖੁੱਸਦੀ ਵੇਖ ਕੇ, ਪੇਂਡੂ ਪੁਰੋਹਿਤ ਸ਼ਰੇਣੀ, ਨਵੀਂ ਅੰਗਰੇਜ਼ ਸਰਕਾਰ ਤੋਂ ਨਿਜੀ ਸੁਆਰਥ ਲੈਣ ਵਾਲੀ ਸਾਮੰਤ ਸ਼੍ਰੇਣੀ ਅਤੇ ਸਰਕਾਰ ਦੇ ਸੂਹੀਏ-ਮੁਖਬਰ ਕੂਕਾ ਕ੍ਰਾਂਤੀਕਾਰੀਆਂ ਪਿੱਛੇ ਹਰਲ ਹਰਲ ਕਰਦੇ ਫਿਰਦੇ ਸਨ। ਫਿਰ ਵੀ ਪਿੰਡਾਂ ਦੇ ਪਿੰਡ ਅਤੇ ਤਪਿਆਂ ਦੇ ਤਪੇ ਕੂਕੇ ਜਾਂ ਨਾਮਧਾਰੀ ਬਣ ਕੇ, ਸਤਿਗੁਰੂ ਰਾਮ ਸਿੰਘ ਜੀ ਦੀ ਦੀਨੀ ਅਤੇ ਦੁਨਿਆਵੀ ਅਗੁਵਾਈ ਕਬੂਲ ਕੇ, ਆਪਣੇ ਆਪ ਨੂੰ ਇਕ ਬਦਲੀ ਸਥਿਤੀ ਵਿਚ ਪਾ ਕੇ ਗੌਰਵੰਤ ਅਨੁਭਵ ਕਰਦੇ ਸਨ। ਸਿੱਖ ਧਾਰਮਿਕ ਤਖਤਾਂ ਤੀਰਥ ਅਸਥਾਨਾਂ ਦੀ ਪੁਜਾਰੀ ਸ਼੍ਰੇਣੀ ਨੇ ਕੂਕਿਆਂ ਵਿਰੁੱਧ, ਆਪਣੇ ਨਿਯੁਕਤੀ ਕਰਤੇ, ਅੰਗਰੇਜ਼ ਮਾਈ ਬਾਪ ਨੂੰ ਖੁਸ਼ ਕਰਨ ਲਈ, ਸਤਿਗੁਰੂ ਰਾਮ ਸਿੰਘ ਜੀ ਅਤੇ ਉਹਨਾਂ ਦੇ ਉਚੀ ਸੁੱਚੀ ਰਹਿਣੀ ਬਹਿਣੀ ਵਾਲੇ ਨਾਮਧਾਰੀ ਭਾਈਚਾਰੇ ਨੂੰ, ਗੈਰ ਵਾਜਿਬ ਬਹਾਨਾਬਾਜ਼ੀ ਘੜਕੇ, ਸਿੱਖ ਜਗਤ ਤੋਂ ਅਲਹਿਦਗੀ ਦੇ ਫਤਵੇ ਦੇਣੇ ਸ਼ੁਰੂ ਕਰ ਦਿੱਤੇ ਸਨ ਫਿਰ ਵੀ ਕੂਕਿਆਂ ਦੀ ਗਿਣਤੀ ਲੱਖਾਂ ਵਿਚ ਪੁੱਜ ਗਈ ਸੀ।

ਸੰਨ ੧੮੬੨ ਈ. ਜਨਵਰੀ ਮਹੀਨੇ ਮਾਘੀ ਦੇ ਮੇਲੇ ਤੇ ਸਤਿਗੁਰੂ ਰਾਮ ਸਿੰਘ ਜੀ, ਆਪਣੇ ਮਿਸ਼ਨ ਦਾ ਪ੍ਰਚਾਰ ਕਰਦੇ ਮੁਕਤਸਰ ਸਾਹਿਬ ਦੇ ਟੁੱਟੀ ਗੰਢਣ ਵਾਲੇ ਤੀਰਥ ਤੇ ਪੁੱਜੇ। ਬਿਅੰਤ ਸੰਗਤ ਆਪ ਦੇ ਨਾਲ ਸੀ। ਪਿੰਡ ਰਾਇਸਰ (ਪਹਿਲਾਂ ਜ਼ਿਲ੍ਹਾ ਲੁਧਿਆਣਾ ਹੁਣ ਬਰਨਾਲਾ) ਦੇ ਉਤਮ ਸਿੰਘ ਅਤੇ ਹਜ਼ਾਰਾ ਸਿੰਘ ਨਾਮ ਦੇ ਦੋ ਸਿੱਖ ਜੋ ਦਮਦਮੀਆਂ ਦੇ ਸਿੱਖ ਸਨ, ਉਹਨਾਂ ਨਾਲ ਮਾਘੀ ਮੇਲੇ ਤੇ ਪੁੱਜੇ। ਉੱਥੇ ਇਹਨਾਂ ਨੂੰ, ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ, ਉਸ ਸਮੇਂ ਹੋਏ ਜਦੋਂ ਉਹ ਮਹੱਲਾ ਕੱਢਣ ਲਈ ਚੜ੍ਹੇ ਸਨ। ਟਿੱਬੀ ਸਾਹਿਬ ਤੇ ਸੰਗਤ ਧਾਵੇ ਦੇ ਰੂਪ ਵਿਚ ਜਾਂਦੀ ਸੀ। ਪਹਿਲਾਂ ਮੌਜੂਦ ਥਾਣੇਦਾਰ ਰੋਕਦਾ ਰਿਹਾ ਪਰ ਉਸ ਦੇ ਖੁੱਲ੍ਹ ਦੇਣ ਤੇ ਸਤਿਗੁਰੂ ਜੀ ਨੇ ਭੁਜਾ ਉਠਾ ਕੇ ਸੰਗਤ ਨੂੰ ਧਾਵੇ ਦੇ ਰੂਪ ਵਿਚ ਜਾਂਦੀ ਸੀ। ਪਹਿਲਾਂ ਮੌਜੂਦ ਥਾਣੇਦਾਰ ਰੋਕਦਾ ਰਿਹਾ ਪਰ ਉਸ ਦੇ ਖੁੱਲ੍ਹ ਦੇਣ ਤੇ ਸਤਿਗੁਰੂ ਜੀ ਨੇ ਭੁਜਾ ਉਠਾ ਕੇ ਸੰਗਤ ਨੂੰ ਧਾਵੇ ਦਾ ਇਸ਼ਾਰਾ ਕਰ ਦਿੱਤਾ। ਸੰਗਤ ਇਉਂ ਮਾਲੂਮ ਹੋਵੇ ਸਭ ਮਾਈ ਭਾਈ, ਬੁੱਢਾ ਬਾਲਾ ਜਿਵੇਂ ਇਕ ਦੂਜੇ ਦੇ ਉਪਰ ਦੀ, ਉੱਡੀ ਜਾ ਰਹੀ ਹੋਵੇ। ਉਤਮ ਸਿੰਘ ਹੋਰਾਂ ਨੇ ਨਾਲ ਦੇ ਸਿੰਘ, ਹਜ਼ਾਰਾ ਸਿੰਘ ਨੂੰ ਕਿਹਾ ਕਿ ਇਹ ਮਨੁੱਖ ਦੀ ਕਾਰ ਨਹੀਂ ਕਿਉਂ ਜੁ ਸਭ ਦੌੜਨ ਵਾਲਿਆਂ ਦੇ ਪੈਰ ਧਰਤੀ ਤੇ ਲੱਗਦੇ ਨਜ਼ਰ ਹੀ ਨਹੀਂ ਆਉਂਦੇ। ਦਰਅਸਲ ਸੰਗਤ ਵਿਚ ਸਤਿਗੁਰੂ ਜੀ ਦਾ ਹੁਕਮ ਮੰਨਣ ਦਾ ਚਾਅ ਹੀ ਇਤਨਾ ਸੀ ਕਿ ਉਹ ਸਰਪੱਟ ਦੌੜਦੀ ਨਜ਼ਰ ਆਈ। ਇਉਂ ਸਤਿਗੁਰੂ ਜੀ ਦੇ ਦੂਰੋਂ ਦਰਸ਼ਨ ਕਰਕੇ ਅਤੇ ਇਸ ਅਲੌਕਿਕ ਪੰਥ ਦੀ ਸ਼ਾਨ ਵੇਖ ਕੇ, ਦੋਵੇਂ ਸਿੰਘ ਪਿੰਡ ਰਾਇਸਰ ਆ ਗਏ।

ਉਤਮ ਸਿੰਘ ਘਰ ਆ ਕੇ, ਆਪਣੇ ਪਿਤਾ ਜੀਵਾ ਸਿੰਘ ਨੂੰ ਕਹਿਣ ਲੱਗੇ ਕਿ ਇਕ ਨਵਾਂ ਪੰਥ ਵੇਖਿਆ ਹੈ, ਬੜੇ ਤੇਜ ਪ੍ਰਤਾਪ ਵਾਲੇ, ਸਤਿਗੁਰੂ ਰਾਮ ਸਿੰਘ ਜੀ ਨੇ ਤੋਰਿਆ ਹੈ। ਅਸਲੀ ਸਿੱਖੀ ਤਾਂ ਉਹਨਾਂ ਪਾਸ ਹੈ ਕਿਉਂ ਜੁ ਅਸੀਂ ਦਮਦਮੀਆਂ ਦੇ ਨਾਲ ਉਥੇ ਗਏ ਸਾਂ ਉਹਨਾਂ ਦੀ ਟੋਕਾ ਟਾਕੀ ਕਾਰਨ ਖੁੰਝ ਗਏ ਹਾਂ। ਹੁਣ ਅਸੀਂ ਵੀ ਕੂਕੇ ਬਣ ਜਾਣਾ ਹੈ। ਪਿਤਾ ਨਾ ਕਿਹਾ, "ਇਹੋ ਜਿਹੇ ਪੰਥ ਬੜੇ ਬਣਦੇ ਹਨ ਤੇ ਛੇਤੀ ਹੀ ਮੁੱਕ ਵੀ ਜਾਂਦੇ ਹਨ। ਅਜੇ ਸਾਲ ਛੇ ਮਹੀਨੇ ਇੰਤਜ਼ਾਰ ਕਰ ਲਉ।" ਭਾਈ ਉਤਮ ਸਿੰਘ ਨੇ ਜੁਆਬ ਦਿੱਤਾ ਕਿ ਤੁਸੀਂ ਛੇ ਮਹੀਨਿਆਂ ਦੀ ਗੱਲ ਕਰਦੇ ਹੋ ਸਾਥੋਂ ਤਾਂ ਹੁਣ ਇਕ ਘੜੀ ਵੀ ਨਹੀਂ ਰਿਹਾ ਜਾਂਦਾ। ਦਮੋਦਰ ਕਵੀ ਦੇ ਸ਼ਬਦਾਂ ਮੁਤਾਬਿਕ—"ਜੋ ਦਿਨ ਰਾਂਝਣ ਬਾਝੋਂ ਗੁਜ਼ਰੇ, ਸਾਨੂੰ ਪਛੋਤਾਉ ਤਿਨ੍ਹਾਂ ਦਾ।" ਸਤਿਗੁਰੂ ਰਾਮ ਸਿੰਘ ਜੀ ਮਾਘੀ ਤੋਂ ਬਾਅਦ, ਮਾਲਵੇ ਦਾ ਦੌਰਾ ਕਰਦੇ ਹੋਏ, ਵਾਪਸ ਸ੍ਰੀ ਭੈਣੀ ਸਾਹਿਬ ਨੂੰ ਪਰਤ ਰਹੇ ਸਨ। ਇਕ ਪੜਾਉ ਗੁੱਜਰਵਾਲ (ਲੁਧਿਆਣਾ) ਵਿਖੇ ਸੀ। ਭਾਈ ਉਤਮ ਸਿੰਘ, ਹਜ਼ਾਰਾ ਸਿੰਘ ਹੋਰਾਂ ਨੂੰ ਨਾਲ ਲੈ ਕੇ ਉੱਥੇ ਪੁੱਜ ਗਏ। ਜਦੋਂ ਸਤਿਗੁਰੂ ਜੀ ਨੂੰ ਇਹਨਾਂ ਨੇ ਮੱਥਾ ਟੇਕਿਆ ਤਾਂ ਆਪ ਜੀ ਦੀਵਾਨ ਅਸਥਾਨ ਨੂੰ ਜਾ ਰਹੇ ਸਨ। ਜਦੋਂ ਉਤਮ ਸਿੰਘ ਹੋਰਾਂ ਚਰਨ ਪਰਸੇ ਤਾਂ ਹੁਕਮ ਕੀਤਾ, "ਭਾਈ ਪਿਆਰਿਆ ਤੁਸੀਂ ਤਾਂ ਅੱਗੇ ਹੀ ਮਿਲੇ ਹੋਏ ਹੋ ਚਲੋ ਦੀਵਾਨ ਦਾ ਦਰਸ਼ਨ ਕਰੋ।" ਦੀਵਾਨ ਵਿਚ ਕੀਰਤਨ ਹੋ ਰਿਹਾ ਸੀ ਤੇ ਸਥਿਤੀ ਭਾਈ ਧਿਆਨ ਸਿੰਘ ਕਾਦਰਾਬਾਦੀ ਦੇ ਵਰਣਨ ਵਰਗੀ ਹੀ ਸੀ—

"ਕਹੂੰ ਜਪ ਗੁਰ ਮੰਤੇ ਊਚ ਰਟੰਤੇ,
ਸਬਦ ਸੁਨੰਤੇ ਕੰਨ ਗੁਰੂ।
ਕਹੂੰ ਢੋਲਕ ਬਾਜਤ ਛੈਣੇ ਛਾਜਤ,
ਧਰਮ ਸੁ ਗਾਜਤ ਧੰਨ ਗੁਰੂ।
ਹੈ੍ ਹੈ੍ ਮਸਤਾਨੇ ਨਚਤ ਦਿਵਾਨੇ,
ਲਾਜ ਭੁਲਾਨੇ ਪ੍ਰੇਮ ਬਸੀ।
ਸਭ ਲਾਲੋ ਲਾਲੇ ਗਿਰਦ ਗੁਪਾਲੇ,
ਬਹੁ ਖੁਸਹਾਲੇ ਨੇਮ ਵਸੀ ॥੪੮॥"

ਦੀਵਾਨ ਦੀ ਸਮਾਪਤੀ ਹੋਈ ਤਾਂ ਉਤਮ ਸਿੰਘ ਹੋਰਾਂ ਦੇ ਇਹ ਪੁੱਛਣ ਤੇ ਕਿ ਕਿੱਥੇ ਬਰਾਜੀਏ ਤਾਂ ਹੁਕਮ ਉੱਥੇ ਹੀ ਦੀਵਾਨ ਵਿਚ ਬਿਰਾਜਣ ਦਾ ਹੋਇਆ। ਪਰ ਦੀਵਾਨ ਵਿਚ ਭੀੜ ਬੇਬਹਾ ਸੀ। ਸਿੰਘਾਂ ਦੀ ਇਕਾਂਤ ਵਿਚ ਬਿਰਾਜਣ ਦੀ ਮਨਸ਼ਾ ਭਾਂਪਦਿਆਂ ਸਤਿਗੁਰੂ ਜੀ ਨੇ ਇਕ ਬਾਬੇ ਪਾਸ ਭੇਜ ਦਿੱਤਾ। ਉਹ ਬਾਬਾ ਜੀ ਗੁਰੂ ਹੁਕਮ ਨੂੰ ਸਮਝਦਿਆਂ ਆਪ ਭੂਮੀ ਤੇ ਬਿਰਾਜ ਗਏ, ਪਲੰਘ ਦੋਹਾਂ ਸਿੱਖਾਂ ਨੂੰ ਦੇ ਦਿੱਤਾ। ਰਾਤ ਇੱਥੇ ਪਏ ਵੀ ਇਹ ਦੋਵੇਂ ਜਣੇ ਵਿਚਾਰਾਂ ਕਰਦੇ ਰਹੇ ਕਿ ਬਾਪੂ ਜੀ ਕੁਝ ਸਮਾਂ ਉਡੀਕਣ ਲਈ ਕਹਿੰਦੇ ਸਨ। ਅਸੀਂ ਕਾਹਲ ਕੀਤੀ ਹੈ। ਦਮਦਮੀਆਂ ਦੇ ਸਿੱਖ ਸਾਂ। ਇਹਨਾਂ ਦੀਆਂ ਪੱਗਾਂ ਲੱਥ ਜਾਂਦੀਆਂ ਹਨ, ਕੇਸ ਖਿੱਲਰ ਜਾਂਦੇ ਹਨ। ਜੇ ਅਸੀਂ ਇਹਨ ਦੀ ਕਲਾਮ ਪੁੱਛ ਲਈ ਤਾਂ ਅਸੀਂ ਵੀ ਤਨਖਾਹੀਏ ਹੋ ਜਾਵਾਂਗੇ। ਬੜੀ ਦੁਬਿਧਾ ਵਿਚ ਫਸੇ ਪਏ ਸਨ। ਫਿਰ ਮਨ ਕਰੜਾ ਕਰਕੇ ਦੋਹਾਂ ਨੇ ਫੈਸਲਾ ਕੀਤਾ ਕਿ ਪਹਿਲਾਂ ਇਕ ਹੀ ਪੁੱਛ ਕੇ ਆਵੇ, ਇਹਨਾਂ ਦਾ ਮੰਤਰ ਅਤੇ ਉਹੋ ਜੇ ਯੋਗ ਹੋਵੇ ਤਾਂ ਦੂਜੇ ਨੂੰ ਦੱਸ ਦੇਵੇ। ਜਦੋਂ ਸਤਿਗੁਰੂ ਜੀ ਨਾਮ ਸਿਮਰਨ ਬਾਅਦ ਉਠੇ ਤਾਂ ਇਹਨਾਂ ਅਰਜ਼ ਕੀਤਾ ਕਿ ਸਾਨੂੰ ਨਾਮ ਦਾ ਗੱਫਾ ਬਖਸ਼ੋ। ਦੇਵਨੇਤ ਸਤਿਗੁਰੂ ਜੀ ਨੇ ਬਚਨ ਕੀਤਾ—"ਭਾਈ ਸਾਡੀ ਤਾਂ ਪੱਗ ਲਹਿ ਜਾਂਦੀ ਹੈ ਤੁਸੀਂ ਕਿਤੇ ਤਨਖਾਹੀਏ ਨਾ ਹੋ ਜਾਇਓ।" ਇਸ ਤੇ ਉਤਮ ਸਿੰਘ ਹੋਰਾਂ ਦੀ ਸੰਸਾ ਨਵਿਰਤੀ ਹੋ ਗਈ। ਕਹਿਣ ਲੱਗਾ—"ਸੱਚੇ ਪਾਤਸ਼ਾਹ ਜੀ ਪੱਗ ਵੀ ਤੇਰੀ, ਲਾਹੁਣ ਵਾਲਾ ਵੀ ਤੂੰ ਹੀ ਹੈ ਅਤੇ ਰੱਖਣ ਵਾਲਾ ਵੀ ਤੂੰ ਹੀ ਹੈ। ਸਾਨੂੰ ਇਸਦਾ ਕੋਈ ਫ਼ਿਕਰ ਨਹੀਂ। ਪਰ ਹੁਣ ਨਾਮ ਦਾ ਗੱਫਾ ਛੇਤੀ ਬਖਸ਼ੋ।" ਸਤਿਗੁਰਾਂ ਆਪ ਭਜਨ ਦੇਣ ਦੀ ਕ੍ਰਿਪਾ ਕੀਤਾ। ਇਹ ਹਜਾਰਾ ਸਿੰਘ ਪਾਸ ਜਾਣ ਦੀ ਬਜਾਏ ਵੱਖਰੇ ਹੋ ਕੇ ਸਿਮਰਨ ਵਿਚ ਲੀਨ ਹੋ ਗਏ। ਹਜਾਰਾ ਸਿੰਘ ਨੇ ਵੀ ਸੋਚਾਂ ਵਿਚ ਪਏ ਨੇ ਜਾ ਅਰਜ਼ ਕੀਤੀ ਭਜਨ ਲੈਣ ਦੀ। ਸਤਿਗੁਰੂ ਜੀ ਉਸਦੀ ਮਨੋਸਥਿਤੀ ਨੂੰ ਭਾਂਪਦਿਆਂ ਕਿਹਾ ਕਿ ਭਾਈ ਤੇਰਾ ਨਾਮ ਦੇ ਵਰਗਾ ਤਾਂ ਚਿੱਤ ਨਹੀਂ। ਤੂੰ ਤਾਂ ਢਿੱਲਾ ਹੈਂ। ਉਸ ਦੇ ਅਸਰਾਰ ਕਰਨ ਤੇ ਭਜਨ ਦੱਸ ਦਿੱਤਾ। ਉਹ ਸਿੱਖ ਤਾਂ ਰਿਹਾ ਸਾਰੀ ਉਮਰ ਪਰ ਬਿਰਤੀ ਦਾ ਅਨੰਦ ਨਾ ਮਾਣ ਸੱਕਿਆ।[1]

ਸੰਨ ੧੯੮੦ ਈ. ਦੇ ਅੰਤ ਤੱਕ ਤਿਆਰ ਕੀਤੀ ਗਈ ਅਤੇ ੪ ਫਰਵਰੀ ੧੮੮੧ ਈ. ਨੂੰ, ਸਰਕਾਰੀ ਅਧਿਕਾਰੀਆਂ ਵਾਸਤੇ ਕੂਕਿਆਂ ਦੀ ਨਿਗਰਾਨੀ ਲਈ ਜਾਰੀ ਕੀਤੀ ਗਈ, ਇਕ ਗੁਪਤ ਰੀਪੋਰਟ ਜਿਸ ਵਿੱਚ ਸਿੱਖ ਰਿਆਸਤਾਂ ਤੋਂ ਬਾਹਰ ਦੇ ਪੰਜਾਬ ਦੇ

੨੫੦ ਤੋਂ ਵੱਧ ਮਹੱਤਵਪੂਰਨ ਕੂਕਿਆਂ ਬਾਰੇ ਇੰਦਰਾਜ਼ ਸਨ, ਉਸ ਵਿਚ ਭਾਈ ਉੱਤਮ ਸਿੰਘ ਬਾਰੇ ਇਹ ਵੇਰਵਾ ਦਰਜ ਹੈ। "ਕਮਿਸ਼ਨਰੀ : ਅੰਬਾਲਾ, ਜ਼ਿਲ੍ਹਾ ਲੁਧਿਆਣਾ, ਜ਼ਿਲ੍ਹੇ ਦਾ ਸੀਰੀਅਲ ਨੰਬਰ—੧੪੨, ਨਾਮ ਉਤਮ ਸਿੰਘ, ਪਿਤਾ ਦਾ ਨਾਮ ਜੀਵਾ ਸਿੰਘ, ਧੰਦਾ–ਖੇਤੀਬਾੜੀ, ਪਿੰਡ–ਰਾਇਸਰ, ਥਾਣਾ–ਸਹਿਣਾ ਨਖਸ਼ਿਖ ਰੰਗ ਪੱਕਾ, ਅੱਖਾਂ ਛੋਟੀਆਂ, ਸਫੈਦ ਦਾਹੜਾ, ਉਮਰ ੪੬ ਸਾਲ ਦੇ ਲਗਭਗ, ਵਿਸ਼ੇਸ਼ ਲੱਛਣ ਸੁਭਾਉ– ਆਪਣੀ ਸਾਰੀ ਜ਼ਮੀਨ ਜਾਇਦਾਦ ਰਹਿਣ ਰੱਖ ਚੁੱਕਿਆ ਹੈ। ਉਹ ਛੇਤੀ ਭੜਕ ਉਠਣ ਵਾਲੇ ਸੁਭਾਉ ਦਾ ਹੈ, ਈਸਾਈਆਂ ਅਤੇ ਮੁਸਲਮਾਨਾਂ ਨਾਲ ਮੇਲ ਜੋਲ ਨਹੀਂ ਰੱਖਦਾ।"[2]

ਭਾਈ ਉਤਮ ਸਿੰਘ ਦਾ ਪਰਿਵਾਰ, ਜੱਟ ਸਿੱਖਾਂ ਦੇ ਸ਼ੇਰ ਗਿੱਲ ਗੋਤ ਨਾਲ ਸੰਬੰਧਿਤ ਸੀ। ਈਸਾਈਆਂ ਅਤੇ ਮੁਸਲਮਾਨਾਂ ਤੋਂ ਪਾਸੇ ਰਹਿਣ ਦਾ ਕਾਰਨ, ਉਹਨਾਂ ਦੁਆਰਾ ਪੰਜਾਬ ਵਿਚ ਪੌਣੀ ਸਦੀ ਬਾਅਦ, ਗਊ ਮਾਸ ਦਾ ਸੇਵਨ ਹੋ ਸਕਦਾ ਹੈ। ਇਹ ਵੀ ਹੋ ਸਕਦਾ ਹੈ ਕਿ ਅਧਿਕਾਰੀ ਵਰਗ ਦੇ ਈਸਾਈ ਮੁਸਲਮਾਨਾਂ ਤੋਂ, ਬਾਬਾ ਜੀ ਆਪਣੀ ਨਾਂਮਿਲਵਰਤਨ ਦੀ ਨੀਤੀ ਤਹਿਤ ਪਰਹੇਜ਼ ਰੱਖਦੇ ਹੋਣ। ਸ਼ਾਤਰ ਕਿਸਮ ਦੇ ਉੱਚ ਪੁਲਿਸ ਅਧਿਕਾਰੀ, ਵੱਸੋਂ ਦੇ ਭਿੰਨ ਭਿੰਨ ਹਿੱਸਿਆਂ ਵਿਚ, ਸੰਪਰਦਾਇਕ ਵਿਭੇਦੀਕਰਣ ਦੀ ਪ੍ਰਕਿਰਿਆ ਤਹਿਤ ਵੀ ਇਹੋ ਜਿਹੀਆਂ ਗੱਲਾਂ ਨੂੰ ਵਧਾ ਚੜ੍ਹਾ ਕੇ ਪੇਸ਼ ਕਰ ਦਿੰਦੇ ਸਨ। ਬਾਬਾ ਜੀ ਦਾ ਪਿੰਡ ਹਿੰਦੂ ਸਿੱਖ, ਮੁਸਲਮਾਨਾਂ ਦੀ ਵੱਸੋਂ ਦਾ ਮਿਲਿਆ ਜੁਲਿਆ ਪਿੰਡ ਸੀ। ਪੇਂਡੂ ਭਾਈਚਾਰੇ ਦੇ ਕਈ ਨਿੱਕੇ ਮੋਟੇ ਮਸਲੇ ਹੁੰਦੇ ਸਨ। ਜਿਹਨਾਂ ਕਾਰਨ ਕਈ ਵੇਰ, ਤਣਾਅ ਉਤਪੰਨ ਹੋ ਕੇ ਮਾਮਲਾ ਡੰਡੇ ਸੋਟੇ ਤੱਕ ਅੱਪੜ ਜਾਂਦਾ ਸੀ। ਪਰ ਇਹ ਆਪਸ ਵਿਚ ਉਲਝਣ ਵਾਲੇ ਲੋਕ, ਅੱਜ ਜਿਉਂ ਪੱਕੀਆਂ ਲੀਹਾਂ ਨਹੀਂ ਸਨ ਵਾਹੁੰਦੇ। ਅੱਜ ਝਗੜਾ ਝੰਜਾ ਹੋਇਆ ਤਾਂ ਅਗਲੇ ਭਲਕ ਚਾਰ ਵਡੇਰੇ ਬੰਦਿਆਂ ਦੇ ਫਿੱਟ ਲਾਨ੍ਹਤ ਕਰਨ ਤੇ, ਮੁੜ ਪਹਿਲਾਂ ਜਿਉਂ ਸਰਚ ਪਰਚ ਜਾਂਦੇ ਸਨ। ਭਾਈ ਉਤਮ ਸਿੰਘ ਜਾਂ ਕੋਈ ਵੀ ਸਤਿਗੁਰੂ ਰਾਮ ਸਿੰਘ ਜੀ ਦਾ ਸਿਖ, ਜਿਸ ਉਹਨਾਂ ਦੀ ਉਚੀ ਸੁੱਚੀ ਮਾਨਵਤਾਵਾਦੀ ਨਜ਼ਰੀਏ ਨਾਲ ਓਤ ਪੋਤ, ਸ਼ੁਭ ਸਿਖਿਆ ਗ੍ਰਹਿਣ ਕੀਤੀ ਹੋਵੇ, ਉਹ ਸੰਕੀਰਨ, ਜਾਂ ਫਿਰਕੂ ਤਅੱਸਬ ਦਾ ਸ਼ਿਕਾਰ ਤਾਂ ਹੋ ਹੀ ਨਹੀਂ ਸੀ ਸਕਦਾ, ਜਿਹਨਾਂ ਦੇ ਸਤਿਗੁਰੂ ਦਾ ਆਦੇਸ਼ ਸੀ—"ਰੋਟੀ ਵੱਲੋਂ ਘਰ ਆਇਆ ਬੁੱਚੜ ਨਾ ਮੋੜਨਾ।"

ਭਾਈ ਉਤਮ ਸਿੰਘ ਹੋਰੀਂ ਸਤਿਗੁਰੂ ਜੀ ਦੀ ਸੇਵਾ ਵਿਚ ਆ ਕੇ ਜਿੱਥੇ ਚੜ੍ਹਦੀ ਜਵਾਨੀ ੨੮–੨੯ ਸਾਲ ਦੀ ਆਯੂ ਵਿਚ, ਸੇਵਾ ਸਿਮਰਨ ਦੀ ਮੂਰਤੀ ਬਣ ਗਏ ਸਨ ਉੱਥੇ ਉਹ ਬੀਰ ਰਸ ਵਿਚ ਵੀ ਭਰਪੂਰ ਸਨ, ਇਸੇ ਲਈ ਸਤਿਗੁਰੂ ਜੀ ਉਹਨਾਂ ਨੂੰ ਬੀਰ ਕਿਹਾ ਕਰਦੇ ਸਨ। ਪਿੰਡ ਵਿਚ ਅਨਮੱਤੀਆਂ ਨਾਲ, ਨਵੇਂ ਉੱਠ ਨਾਮਧਾਰੀ ਸੰਤ ਖਾਲਸੇ ਦੀ, ਕਿਸੇ ਮੁਆਮਲੇ ਵਿਚ, ਟੱਕਰ ਹੋ ਜਾਣੀ ਤਾਂ ਆਮ ਗੱਲ ਸੀ। ਜਿੱਥੇ ਸਮਝਾਉਣੀ–ਦਲੀਲ ਦੇ, ਬਾਕੀ ਹਥਿਆਰ ਖੁੰਢੇ ਹੋ ਜਾਣ ਤਾਂ ਫਿਰ ਟੇਕ, ਬਾਹੂ ਬਲ ਤੇ ਰਹਿ ਜਾਂਦੀ ਸੀ। ਪਿੰਡ ਵਿਚ ਵਾਪਰੀ ਇਸ ਤਰ੍ਹਾਂ ਦੀ ਇਕ ਘਟਨਾ ਦਾ ਜ਼ਿਕਰ, ਆਪ ਦੀ ਜ਼ੁਬਾਨੀ ਸੁਣ ਕੇ, ਉਹਨਾਂ ਦੇ ਸੁੱਪਤਰ ਸੂਬਾ ਮਸਤਾਨ ਸਿੰਘ ਜੀ ਕਾਨੀਬੰਦ ਕਰ ਗਏ ਹਨ—

"ਰਾਇਸਰ ਵਿਚ, ਅੱਧੇ ਪਿੰਡ ਵਿਚ ਮੁਸਲਮਾਨ ਵੱਸਦੇ ਸਨ। ਓਥੇ ਹਿੰਦੂ ਮੁਸਲਮਾਨਾਂ ਦਾ ਜੰਗ ਹੋ ਪਿਆ। ਜਿਸ ਦਿਨ ਤੋਂ ਭਜਨ ਪੁੱਛਿਆ ਸੀ ਉਸ ਦਿਨ ਤੋਂ ਹਰ ਵਕਤ ਏਹ ਮੰਗ ਰਹਿੰਦੀ ਕਿ ਕਦੋਂ ਖੜਗ ਤਮਾਸ਼ਾ ਦਿਖਾਏਗਾ? ਕੁਦਰਤੀ, ਪਿੰਡ ਵਿਚ ਜੰਗ ਹੋ ਪਿਆ। ਏਧਰੋਂ ਅਸੀਂ ੨੦ ਤੇ ਉਧਰੋਂ ੨੦੦ ਮੁਸਲਮਾਨ, ਅਸਾਂ ਇਕ ਸਲੋਤਰ ਮਾੜੇ ਜੇਹੇ ਮੁਸਲਮਾਨ ਦੇ ਮਾਰਿਆ। ਉਸਨੇ ਸਲੋਤਰ ਫੜ ਕੇ ਬੁੱਕਲ ਵਿਚ ਘੁੱਟ ਲਿਆ। ਸਤਿਗੁਰੂ ਦਰਸ਼ਨ ਦੇ ਕੇ ਕਹਿਣ ਲੱਗੇ, ਏਸੇ ਜ਼ੋਰ ਤੇ ਕਹਿੰਦਾ ਹੁੰਦਾ ਸੀ, ਮੈਨੂੰ ਖੜਗ ਤਮਾਸਾ ਦਿਖਾਲ? ਦੇਖ ਹੁਣ ਮੇਰਾ ਜ਼ੋਰ! ਏਨਾਂ ਬਚਨ ਹੁੰਦਿਆਂ ਹੀ, ਉਸ ਮੁਸਲਮਾਨ ਦੀ ਬੁੱਕਲ ਵਿੱਚੋਂ ਸੋਟਾ ਖਿਚਿਆ ਗਿਆ। ਸਤਿਗੁਰਾਂ ਨੇ ਸਿਰ ਉਤੇ ਢਾਲ ਕਰ ਦਿੱਤੀ। ਉਹਨਾਂ ਦੇ ੨੨ ਆਦਮੀ ਮਰਨ ਦੇ ਕਰੀਬ ਹੋ ਗਏ। ਏਧਰਲੇ ਵੀਹਾਂ ਆਦਮੀਆਂ ਵਿਚੋਂ ਕਿਸੇ ਨੂੰ ਵੀ ਕੋਈ ਸੱਟ ਨਾ ਲੱਗੀ। ਜਿਸ ਵੇਲੇ ਅਦਾਲਤ ਵਿਚ ਗਏ, ਜਿਸ ਨੂੰ ਅਦਾਲਤੀਆ ਪੁੱਛੇ, ਤੈਨੂੰ ਕਿਸਨੇ ਮਾਰਿਆ ਹੈ? (ਸ. ਉਤਮ ਸਿੰਘ ਰਾਮਪੁਰੀਏ ਦੇ ਬਾਪ ਦੇ ਪਾਸ ਅਦਾਲਤ ਸੀ) ਓਹੋ ਕਹੇ, ਮੈਨੂੰ ਉਤਮ ਸਿੰਘ ਨੇ ਮਾਰਿਆ ਹੈ। ਸਰਦਾਰ ਕਹਿੰਦੇ ਉਤਮ ਸਿੰਘ ਇਕ ਬੰਦੈ, ੨੨ ਮਾਰੇ ਪਏ ਹਨ, ਸਾਰਿਆਂ ਨੂੰ ਇਸ ਇਕੱਲੇ ਨੇ ਹੀ ਮਾਰਿਆ? ਤੁਸੀਂ ਝੂਠੇ ਆਦਮੀ ਹੋ। ਸਰਦਾਰ ਨੇ ਫੈਸਲਾ ਕਰ ਦਿੱਤਾ ਕਿ ੨੯੦ ਰੁਪੈ ਜੁਰਮਾਨਾ ਦਿਉ। ਅੱਧਾ ਸਾਨੂੰ ਤੇ ਅੱਧਾ ਮੁਸਲਮਾਨਾਂ ਨੂੰ। ਸਾਰੇ ਪਿੰਡ ਨੇ ਜੁਰਮਾਨਾ ਭਰ ਦਿੱਤਾ।"[3]

੧੯੬੨ ਵਿਚ ਕੂਕੇ ਬਨਣ ਤੋਂ ਬਾਅਦ, ਸੰਨ ੧੯੬੩ ਦੇ ਅੱਧ ਵਿਚ ਭਾਈ ਉਤਮ ਸਿੰਘ ਹੋਰਾਂ ਨੂੰ, ਸ੍ਰੀ ਸਤਿਗੁਰੂ ਜੀ ਨੂੰ ਸ੍ਰੀ ਭੈਣੀ ਸਾਹਿਬ ਵਿਖੇ ਹੀ ਸਰਕਾਰੀ ਆਦੇਸ਼ ਅਨੁਸਾਰ, ਨਜ਼ਰਬੰਦ ਰਹਿਣ ਦਾ ਦੁਖਦ ਸਮਾਚਾਰ ਮਿਲਿਆ। ਹੁਣ ਦੌਰਿਆਂ ਤੇ ਆਉਂਦਿਆਂ ਜਾਂਦਿਆਂ ਇਲਾਕੇ ਵਿਚੋਂ ਲੰਘਦਿਆਂ ਦੇ, ਸਤਿਗੁਰੂ ਦਰਸ਼ਨ ਅਸੰਭਵ ਹੋ ਗਏ। ਪਰ ਗੁਰੂ ਕੇ ਪਿਆਰੇ ਹਰ ਮੁਸ਼ਕਿਲ ਦਾ ਕੋਈ ਨਾ ਕੋਈ ਹੱਲ ਲੱਭ ਲੈਂਦੇ ਹਨ। ਬਾਬਾ ਜੀ ਦੇ ਆਤਮ ਬਿਰਤਾਂਤ ਵਿਚ ਜੋ ਸੂਬਾ ਮਸਤਾਨ ਸਿੰਘ ਹੋਰਾਂ ਨੇ ਸੁਣ ਕੇ ਨੋਟ ਕੀਤਾ, ਭੈਣੀ ਸਾਹਿਬ ਦੇ ਹਫਤੇਵਾਰ ਦਰਸ਼ਨ ਕਰਨ, ਭੈਣੀ ਸਾਹਿਬ ਅਤੇ ਸਤਿਗੁਰੂ ਦਰਸ਼ਨ ਦੇ ਮਹਾਤਮ ਅਤੇ ਸਿੱਖੀ ਦੀਆਂ ਬਾਰੀਕੀਆਂ ਨੂੰ, ਜਗਿਆਸੂਆਂ ਵਾਸਤੇ ਲਿਖ ਕੇ ਸਾਂਭ ਲਿਆ ਗਿਆ ਹੈ—

"ਆਪ ਨੇ ਨਿਯਮ ਕੀਤਾ ਹੋਇਆ ਸੀ ਕਿ ਅਠਵੇਂ ਦਿਨ ਸਤਿਗੁਰਾਂ ਦੇ ਦਰਸ਼ਨ ਕਰਨੇ ਹਨ। ਪੈਂਤੀ ਕੋਹ ਪੈਂਡਾ ਹੈ। (੬੨ ਕਿਲੋਮੀਟਰ)। ਇਕ ਦਿਨ ਵਿਚ ਰਾਇਸਰੋਂ ਤੁਰ ਕੇ ਭੈਣੀ ਸਾਹਿਬ ਪਹੁੰਚਣਾ। ਸਾਰੀ ਰਾਤ ਸਤਿਗੁਰਾਂ ਦੀ ਸੇਵਾ ਕਰਨੀ, ਪੱਖਾ ਝੱਲਣਾ। ਸੌਣਾ ਨਹੀਂ। ਮੁੜਕੇ ਦੋ ਦਿਨਾਂ ਵਿਚ ਜਾਣਾ। ਪੰਜ ਦਿਨ ਘਰ ਰਹਿਣਾ। ਛੇ ਮਹੀਨੇ ਲਗਾਤਾਰ, ਏਸੇ ਤਰ੍ਹਾਂ ਲਗਾਤਾਰ ਹਰ ਅਠਵੇਂ ਦਿਨ ਦਰਸ਼ਨ ਕਰਨ ਲਈ ਆਉਂਦੇ। ਇਕ ਦਿਨ ਸਤਿਗੁਰਾਂ ਬਚਨ ਕੀਤਾ—ਭਾਈ ਉਤਮ ਸਿੰਘ! ਜੋ ਇਸ ਭੈਣੀ ਸਾਹਿਬ ਦੇ ਉਤੋਂ ਦੀ ਜਾਨਵਰ ਵੀ ਉਡ ਕੇ ਲੰਘ ਜਾਏਗਾ ਸਭ ਬੈਕੁੰਠ ਧਾਮ ਨੂੰ ਜਾਇਗਾ। ਅਸਾਂ ਅਰਜ਼ ਕੀਤੀ ਕਿ ਸੱਚੇ ਪਾਤਸ਼ਾਹ ਜੀ, ਮੈਨੂੰ ਇਹ ਪ੍ਰਤੀਤ ਹੈ ਜਿਸ ਜੀਵ ਨੇ ਤੇਰਾ

ਦਰਸ਼ਨ ਕਰ ਲਿਆ ਉਸ ਨੂੰ ਜਮਾਂ ਦੀ ਫਾਂਸੀ ਨਹੀਂ ਪਵੇਗੀ। .... ਸੱਚੇ ਪਾਤਸ਼ਾਹ ਜੀ ਜਿਸਨੂੰ ਆਪਣੇ ਭਜਨ ਦੱਸ ਦਿੱਤਾ ਹੈ ਜਿਹੜਾ ਕੋਈ ਉਸਦਾ ਦਰਸ਼ਨ ਕਰ ਲਵੇਗਾ, ਉਸ ਨੂੰ ਵੀ ਜਮਾਂ ਦੀ ਫਾਸੀ ਨਹੀਂ ਪੈ ਸਕਦੀ। ਫੇਰ ਅਰਜ਼ ਕੀਤੀ, ਸੱਚੇ ਪਾਤਸ਼ਾਹ ਜੀ! ਅੱਗੇ ਅਕਾਲ ਪੁਰਖ ਨੇ ਇਸ ਤਰ੍ਹਾਂ ਜੀਵਾਂ ਨੂੰ ਦਰਸ਼ਨ ਨਹੀਂ ਦਿੱਤਾ। ਜਿਸ ਤਰ੍ਹਾਂ ਹੁਣ ਆਪ ਖੁਦ ਅਕਾਲ ਪੁਰਖ ਆਇਆ ਹੈ। ਆਪ ਦੀ ਰਸਨਾ ਨਾਲ ਸਾਨੂੰ ਭਜਨ ਦੱਸਿਆ। ਫੇਰ ਸਾਡੇ ਚਿੱਤਾਂ ਨੂੰ ਸ਼ਾਂਤ ਕਿਉਂ ਨਹੀਂ ਆਉਂਦੀ ? ਸਤਿਗੁਰਾਂ ਕਿਹਾ, ਭਾਈ! ਸ਼ੁਕਰ ਮੰਨੋ। ਤਿੰਨ ਵਾਰੀ ਅਰਜ਼ ਕੀਤੀ, ਤਿੰਨੇ ਵਾਰੀ ਏਹੀ ਹੁਕਮ ਹੋਇਆ ਕਿ ਸ਼ੁਕਰ ਮੰਨੋ।

"ਫੇਰ ਇਕ ਦਿਨ ਅਰਜ਼ ਕੀਤੀ ਕਿ ਉਹ ਕਿਹੜਾ ਪੁੰਨ ਸੀ ਜਿਸ ਕਰਕੇ ਆਪ ਦਾ ਦਰਸ਼ਨ ਹੋਇਆ ਹੈ। ਸਤਿਗੁਰਾਂ ਕਿਹਾ ਕਿ ਭਾਈ! ਜੀਵ ਕੀ ਕਰਮ ਕਰਨ ਜੋਗਾ ਹੈ। "ਤਰਸੁ ਪਇਆ ਮਿਹਰਾਮਤਿ ਹੋਈ ਸਤਿਗੁਰੁ ਸਜਾਣੁ ਮਿਲਿਆ॥-੧੪੨੯" ਏਹ ਤੁਕ ਪੜ੍ਹੀ। ਜੀਵ ਉਤੇ ਤਰਸ ਆਇਆ ਹੈ, ਏਸੇ ਵਾਸਤੇ ਥੋਨੂੰ ਦਰਸ਼ਨ ਹੋਇਆ ਹੈ। ਏਹ ਬਚਨ ਸਣ ਕੇ ਚਿੱਤ ਨੂੰ ਸ਼ਾਂਤ ਹੋਈ, ਨਮਸਕਾਰ ਕੀਤੀ।"[4]

ਭਾਈ ਉਤਮ ਸਿੰਘ ਸ੍ਰੀ ਸਤਿਗੁਰੂ ਜੀ ਦੇ ਰੰਗ ਵਿਚ, ਪੂਰੀ ਤਰ੍ਹਾਂ ਰੰਗੇ ਗਏ ਸਨ। ਉਹਨਾਂ ਦੇ ਮਿਸ਼ਨ ਦੇ ਪ੍ਰਚਾਰ ਪ੍ਰਸਾਰ ਵਾਸਤੇ, ਆਪ ਪਿੰਡ ਅਤੇ ਇਲਾਕੇ ਵਿਚ ਸਗਰਗਮ ਰਹਿੰਦੇ। ਆਲੇ ਦੁਆਲੇ ਦੇ ਸਿੰਘ ਵੀ ਅਕਸਰ ਆਪ ਪਾਸ ਆਏ ਰਹਿੰਦੇ। ਇਸ ਲਈ ਘਰ ਵਿਚ ਗੁਰੂ ਕਾ ਲੋਹ-ਲੰਗਰ ਵੀ ਤਪਦਾ ਰਹਿੰਦਾ। ਕਿਸੇ ਲੋੜਵੰਦ ਅਭਿਆਗਤ ਲਈ ਆਪ ਦੇ ਘਰ ਦਾ ਬੂਹਾ, ਹਮੇਸ਼ਾ ਖੁੱਲ੍ਹਾ ਰਹਿੰਦਾ। ਭੂਮੀ ਗਿਰਵੀ ਰੱਖ ਕੇ ਵੀ ਉੜਿਆਂ ਥੁੜਿਆਂ ਦੀ ਮੱਦਦ ਤੋਂ ਪਰਹੇਜ਼ ਨਹੀਂ ਸਨ ਕਰਦੇ। ਪਿੰਡ ਵਿਚ ਪਹਿਲਾਂ ਜ਼ਿੰਮੀਦਾਰਾ ਚੰਗਾ ਸੀ। ਇਸੇ ਕਾਰਨ ਆਪ ਦੇ ਭਾਈ ਨੱਥਾ ਸਿੰਘ ਨੂੰ ਲੰਬੜਦਾਰੀ ਮਿਲੀ ਸੀ। ਹੌਲੀ-ਹੌਲੀ ਘਰ ਦੀ ਹਾਲਤ ਵੀ ਪਤਲੀ ਹੋ ਗਈ। ਪਰ ਆਪ ਦੇ ਸਿੱਖੀ ਸਿਦਕ ਵਿਚ ਕੋਈ ਫਰਕ ਨਾ ਪਿਆ। ਸਤਿਗੁਰੂ ਰਾਮ ਸਿੰਘ ਜੀ ਦੇ ਜਸਵਿੰਦਰ ਸਿੰਘ ਦੁਆਰਾ ਸੰਪਾਦਿਤ ਹੁਕਮਨਾਮਿਆਂ ਵਿਚ, ਰਹਿਤਨਾਮੇ ਤੋਂ ਬਾਅਦ ਜੋ ਦੂਸਰੇ ਨੰਬਰ ਤੇ ਹੁਕਮਨਾਮਾ ਆਉਂਦਾ ਹੈ, ਉਸ ਵਿਚ ਅਨੰਦ ਮਰਿਆਦਾ ਤੋਂ ਬਾਅਦ ਪੈਦਾ ਹੋਈ ਸਥਿਤੀ, ਸਰਕਾਰੀ ਅਧਿਕਾਰੀਆਂ ਵੱਲੋਂ ਪੰਥ ਦੀ ਨਿਗਰਾਨੀ ਅਤੇ ਮੁਖਬਰਾਂ ਵੱਲੋਂ ਨਾਮਧਾਰੀ ਸਿਖਾਂ ਲਈ ਪਰੇਸ਼ਾਨੀਆਂ ਪੈਦਾ ਕਰਨ ਬਾਰੇ ਸਤਿਗੁਰੂ ਜੀ, ਮਾਲਵੇ ਦੀ ਸੰਗਤ ਦੀ ਮਾਰਫਤ ਆਪਣੇ ਸਿੰਘਾਂ ਨੂੰ ਸ਼ਾਂਤਗੀ ਫੜਨ ਅਤੇ ਖਿਮਾਂ ਧੀਰਜ ਕਰਨ ਦਾ ਉਪਦੇਸ਼ ਦਿੰਦੇ ਹਨ। ਭਲਾਈ ਦੇ ਕੰਮ ਕਰਨ ਲਈ ਕਹਿੰਦੇ ਹਨ। "ਚਾਹੇ ਕੋਈ ਕਿਸੇ ਨੂੰ ਮਾਰੇ ਤਾਂ ਬੀ ਸਬਰ ਕਰ ਜਾਣਾ। ਪ੍ਰਮੇਸਰ ਖਿਮਾ ਧੀਰਜ ਵਾਲਿਆ ਦੇ ਸਦਾ ਅੰਗ ਸੰਗ ਹੈ ਜੀ।" ਇਸ ਹੁਕਮਨਾਮੇ ਵਿਚ ਜੋ ੧੯੬੩ ਦੇ ਮਗਰਲੇ ਅੱਧ ਵਿਚ ਸ੍ਰੀ ਭੈਣੀ ਸਾਹਿਬ ਤੋਂ ਸੰਗਤ ਵੱਲ ਸਾਦਰ ਕੀਤਾ ਗਿਆ ਹੈ ਇਸ ਗੁਰਵਾਕ ਨੂੰ ਸ਼ਾਮਲ ਕਰਕੇ—

ਜਿਨ੍ਹਾ ਦਿਸੰਦੜਿਆ ਦੁਰਮਤਿ ਵੰਞੈ ਮਿਤ੍ਰ ਅਸਾਡੜੇ ਸੇਈ॥
ਹਉ ਢੂਢੇਦੀ ਜਗੁ ਸਬਾਇਆ ਜਨ ਨਾਨਕ ਵਿਰਲੇ ਕੇਈ॥

ਜਿਹਨਾਂ ਸਿੰਘਾਂ ਨੂੰ ਸੰਬੋਧਿਤ ਕੀਤਾ ਗਿਆ ਹੈ, ਉਸ ਵਿਚ ਕੁਝ ਮੁਖੀ ਸੂਬਿਆਂ ਤੋਂ

ਇਲਾਵਾ ਜਿਹੜੇ ਚਾਰ ਸਿੰਘਾਂ ਦੇ ਨਾਮ ਹਨ ਉਹਨਾਂ ਵਿਚ "ਉਤਮ ਸਿੰਘ ਦੋਨੋ" ਕਰਕੇ ਲਿਖਿਆ ਮਿਲਦਾ ਹੈ। ਇਹ ਇਕ ਉਤਮ ਸਿੰਘ ਤਾਂ ਇਹੋ ਰਾਇਸਰੀਆ ਜੀ ਹਨ ਤੇ ਦੂਸਰਾ ਉਤਮ ਸਿੰਘ, ਕਾਹਨ ਸਿੰਘ ਦਾ ਸੁਪੱਤਰ ਪਿੰਡ ਅੱਚਰਵਾਲ (ਲੁਧਿਆਣਾ) ਹੈ।[5] ਇਸ ਹੁਕਮਨਾਮੇ ਦੁਆਰਾ ਭਾਈ ਉਤਮ ਸਿੰਘ ਰਾਇਸਰੀਏ ਦਾ, ਨਾਮਧਾਰੀ ਇਤਿਹਾਸ ਵਿਚ ਆਦਰਯੋਗ ਸਥਾਨ ਸੁਨਿਸ਼ਚਿਤ ਹੁੰਦਾ ਹੈ। ਇਹ ਦੂਸਰਾ ਉਤਮ ਸਿੰਘ ਅੱਚਰਵਾਲ ਵੀ ਸਰਕਾਰ ਦੀ ਅੱਖ ਵਿਚ ਰੜਕਣ ਵਾਲਾ ਕੂਕਾ ਸੀ। ਪਰਦੇਸ ਗਵਨ ਤੋਂ ਬਾਅਦ ਰੰਗੂਨ ਵਿਚੋਂ ਗੁਰੂ ਹਰੀ ਸਿੰਘ ਜੀ ਦੇ ਨਾਮ ਭੇਜੇ ਹੁਕਮਨਾਮੇ ਵਿਚ, ਸਤਿਗੁਰੂ ਜੀ ਮਾਲਵੇ ਦੇ ਉਸ ਸਮੇਂ ਦੇ ਜਿਹਨਾਂ ੧੦ ਮੁਖੀ ਗੁਰੂ ਪਿਆਰੇ ਕੂਕੇ ਸਿੰਘਾਂ ਦੇ ਨਾਮ ਲਿਖਦੇ ਹਨ, ਉਹਨਾਂ ਵਿਚ ਆਪ ਦਾ ਨਾਂ "ਉਤਮ ਸਿੰਘ ਰਾਇਸਰੀਆ" ਕਰਕੇ ਸਤਵੇਂ ਨੰਬਰ ਤੇ ਲਿਖਿਆ ਮਿਲਦਾ ਹੈ।[6]

ਸੰਨ ੧੮੭੦ ਈ. ਦੀਆਂ ਗਰਮੀਆਂ ਵਿਚ ਸਤਿਗੁਰੂ ਜੀ ਨੇ ਸ੍ਰੀ ਭੈਣੀ ਸਾਹਿਬ ਤੋਂ ਮਾਲਵੇ ਦਾ ਦੌਰਾ ਅਰੰਭ ਕੀਤਾ। ਰੂਮੀ, ਸਹਿਜੜਾ, ਬਾਜਾਖਾਨਾ, ਸੌਥਾ, ਸੁੰਨੀਆ ਦਾ ਚੱਕ, ਨਥਾਣਾ, ਲੱਲੂ ਵਾਲ, ਖੁੱਡੀ, ਗਹਿਲਾ, ਮੂਮ, ਰੂਮੀ, ਅਠੂਰ ਆਦਿ ਪਿੰਡਾਂ ਵਿਚ ਦਰਸ਼ਨ ਦਿੱਤੇ। ਰਾਇਸਰ ਪਿੰਡ ਵਿਚ ਭਾਈ ਉਤਮ ਸਿੰਘ ਪਾਸ ਨਿਵਾਸ ਕੀਤਾ। ਇਹ ਉਹ ਸਮਾਂ ਸੀ ਜਦੋਂ ਸਰਕਾਰੀ ਖੁਫੀਆ ਤੰਤਰ ਦੀ ਸੂਚਨਾ ਮੁਤਾਬਿਕ, ਮਾਰਚ ਅਪ੍ਰੈਲ ੧੮੭੨ ਈ. ਤੱਕ, ਸ੍ਰੀ ਸਤਿਗੁਰੂ ਜੀ ਆਪਣੀ ਕੂਕਾ ਜਥੇਬੰਦੀ ਦੇ ਕੌਮੀ ਤੇ ਕੌਮਾਂਤਰੀ ਪਸਾਰਾਂ ਦਾ ਵਿਸਥਾਰ ਕਰਕੇ, ਬਸਤੀਵਾਦੀ ਰਾਜ ਸੱਤਾ ਖਿਲਾਫ, ਵਿਆਪਕ ਕੂਕਾ ਸੰਗਰਾਮ ਦੀ ਰੂਪ ਰੇਖਾ ਉਲੀਕ ਰਹੇ ਸਨ। ਇਸ ਲਈ ਆਪ ਆਪਣੇ ਸਿੰਘਾਂ ਨੂੰ ਨਵੀਆਂ ਉਸਾਰੀਆਂ ਹਾਲ ਦੀ ਘੜੀ ਸਥਗਿਤ ਕਰਨ, ਨਗਦ ਨਾਵਾਂ ਆਪਣੇ ਹੱਥਾਂ ਹੇਠ ਰੱਖਣ ਦੀਆਂ ਹਦਾਇਤਾਂ ਦੇ ਰਹੇ ਸਨ ਤਾਂ ਕਿ ਲੋੜ ਅਨੁਸਾਰ ਵਰਤੋਂ ਕੀਤੀ ਜਾ ਸੱਕੇ। ਇਸ ਘਟਨਾ ਦਾ ਵੇਰਵਾ ਸਮਕਾਲੀ ਇਤਿਹਾਸਕਾਰ ਭਾਈ ਸੰਤੋਖ ਸਿੰਘ ਬਾਹੋਵਾਲ ਦੀ ਰਚਨਾ ਵਿਚ ਦਰਜ ਹੈ। "ਉਤਮ ਸਿੰਘ ਨੰਬਰਦਾਰ ਕਹਿਆ ਜੀ ਜੇ ਕਰ ਭਾਣਾ ਵਰਤੇਗਾ ਤਾਂ ਆਵਾ ਲੱਗਾ ਹੋਇਆ ਹੈ। ਮੈਂ ਹਵੇਲੀ ਪਾਇ ਲਵਾਂ ਜੇ ਆਪ ਹੁਕਮ ਦੇਵੋ ਤਾਂ ਬਚਨ ਹੋਇਆ ਆਵਾ ਈ ਬੇਚ ਲੈ। ਪੌਣੀਆਂ ਕਾਹਨੂੰ ਹੈ। ਪਈਆਂ ਪੁਆਈਆਂ ਲੈ ਲਵਾਂਗੇ। ਉਸ ਨੇ ਬਚਨ ਮੰਨ ਕੇ ਆਵਾ ਈ ਬੇਚ ਲੀਆ।"[7]

ਦਰਅਸਲ ਸੰਭਾਵਿਤ ਵਿਦਰੋਹ ਦਾ ਅਰੰਭ ਹੋਣਾ ਹੀ ਕੂਕਿਆਂ ਦੇ ਕੂਟਨੀਤਿਕ ਬੋਲਿਆਂ, ਵਿਚ, ਭਾਣਾ ਵਰਤਣਾ ਸੀ ਜਿਸ ਦੁਆਰਾ, ਉਹ ਗੋਰਾਸ਼ਾਹੀ ਦਾ ਬਿਸਤਰ ਬੋਰੀਆ ਵਲ੍ਹੇਟਣ ਲਈ, ਉਤਾਵਲੇ ਰਹਿੰਦੇ ਸਨ ਅੱਠੇ ਪਹਿਰ। ਭਾਣੇ ਦੇ ਸਰੂਪ ਸਮੇਂ ਸਮੇਂ ਬਦਲਦੇ ਰਹੇ। ਸਤਿਗੁਰੂ ਜੀ ਦੀ ਜਲਾਵਤਨੀ ਬਾਅਦ ਸ਼ਕਤੀਸ਼ਾਲੀ ਰੂਸ ਸਰਕਾਰ ਦੀ ਸੈਨਿਕ ਮੱਦਦ ਨਾਲ ਵਿਉਂਤਬੰਦੀ, ਕੂਕਾ ਸਿੰਘਾਂ ਦੀ ਸਤਿਗੁਰੂ ਰਾਮ ਸਿੰਘ ਅਤੇ ਗੁਰੂ ਹਰੀ ਸਿੰਘ ਜੀ ਦੀ ਪ੍ਰੇਰਣਾ ਤਹਿਤ ਯੋਜਨਾ ਸੀ ਜਿਸ ਵਿਚ ਬਾਅਦ ਵਿਚ ਲਾਹੌਰ ਦਾ ਅੰਤਿਮ ਸਿੱਖ ਮਹਾਰਾਜਾ ਦਲੀਪ ਸਿੰਘ ਵੀ ਸ਼ਾਮਲ ਹੋ ਗਿਆ ਸੀ। ਲੰਮਾ ਸਮਾਂ ਨਾਮਧਾਰੀ ਰੂਸ ਜਾਂ ਰੂਸੀ ਸੈਨਾ ਦੇ ਆਉਣ ਨਾਲ ਭਾਣਾ ਵਾਪਰਨ ਦਾ ਸਮਾਂ ਉਡੀਕਦੇ ਰਹੇ। ਇਹ

ਭਾਣਾ ਇਸ ਕਦਰ ਉਹਨਾਂ ਦੇ ਅੰਤਰ ਆਤਮੇ ਦਾ ਹਿੱਸਾ ਬਣ ਚੁੱਕਾ ਸੀ ਕਿ ਉਹ ਅੱਠਾਂ ਪਹਿਰਾਂ ਵਿਚ ਕੁਝ ਸਮਾਂ ਭਾਣੇ ਦੇ ਬਚਨ ਕਰਨ ਨੂੰ ਹੀ ਆਪਣੇ ਸਤਿਗੁਰੂ ਜੀ ਦਾ ਹੁਕਮ ਸਮਝਕੇ, ਇਸ ਨੂੰ ਸਿਮਰਨ, ਕਥਾ ਕੀਰਤਨ ਜਿਉਂ ਹੀ ਆਪਣੀ ਧਾਰਮਿਕ ਮਰਿਆਦਾ ਦਾ ਇਕ ਮੱਹਤਵਪੂਰਨ ਅੰਗ ਬਣਾ ਚੁੱਕੇ ਸਨ।

ਭਾਈ ਉਤਮ ਸਿੰਘ ਦਾ ਦੂਜਾ ਭਾਈ ਨੱਥਾ ਸਿੰਘ ਲੰਬੜਦਾਰ ਸੀ। ਪਰਿਵਾਰ ਵਿਚ ਇਕ ਭਰਾ ਲੰਬੜਦਾਰ ਹੋਵੇ ਤਾਂ ਕਈ ਵੇਰ ਦੂਜਿਆਂ ਨੂੰ ਵੀ ਲੰਬੜਦਾਰ ਕਹਿਣ ਲੱਗ ਪੈਂਦੇ ਹਨ। ੧੯੭੨ ਈ. ਦੇ ਮਾਘੀ ਮੇਲੇ ਵੇਲੇ ਸਾਕਾ ਮਲੇਰਕੋਟਲਾ ਅਤੇ ਦੇਸ਼ ਨਿਕਾਲੇ ਦੀ ਪੂਰਵ ਸੰਧਿਆ ਸਮੇਂ, ਭਾਈ ਉਤਮ ਸਿੰਘ ਰਾਇਸਰੀਆ ਆਪਣੇ ਭਾਈ ਸਮੇਤ, ਸ੍ਰੀ ਭੈਣੀ ਸਾਹਿਬ ਵਿਖੇ ਹਾਜ਼ਰ ਸਨ। ਬਾਬਾ ਜੀ ਦਾ ਸਵੈ ਕਥਨ, ਉਹਨਾਂ ਦੇ ਸਪੁੱਤਰ ਦੇ ਲਿਖਤੀ ਸ਼ਬਦਾਂ ਵਿਚ ਸਾਡੇ ਇਤਿਹਾਸ ਵਿਚ ਦਰਜ ਹੋ ਚੁੱਕਾ ਹੈ। "ਜਿਸ ਵੇਲੇ ਮਸਤਾਨੇ ਸਿੰਘ ਮਲੇਰਕੋਟਲੇ ਨੂੰ ਚਲੇ ਗਏ ਸਨ, ਸਤਿਗੁਰਾਂ ਨੇ ਸਾਰੀ ਸੰਗਤ ਨੂੰ ਹੁਕਮ ਦਿੱਤਾ, ਸਭ ਚਲੇ ਜਾਓ। ਮੇਰਾ ਭਰਾ ਸੀ ਨੱਥਾ ਸਿੰਘ ਨੰਬਰਦਾਰ। ਉਸ ਕਿਹਾ, ਚਲੋ, ਅਸੀਂ ਛੇਤੀ ਚੱਲੀਏ ਸਾਡੇ ਉਤੇ ਮੁਖਬਰੀ ਹੋ ਜਾਏਗੀ। ਮੈਂ ਕਿਹਾ, ਕਿੱਧਰ ਜਾਈਏ। ਸਾਨੂੰ ਜਾਣ ਨੂੰ ਕੋਈ ਥਾਉਂ ਨਹੀਂ। ਸਤਿਗੁਰਾਂ ਨੇ ਕਾਲਾ ਕੰਬਲ ਉਤੇ ਲਿਆ ਹੋਇਆ ਸੀ ਤੇ ਚੁੱਪ ਕਰਕੇ ਬੈਠੇ ਹੋਏ ਸਨ। ਸਯਾਮ ਰੰਗ ਹੋਇਆ ਤੇ ਏਹੀ ਕਹਿ ਰਹੇ ਸਨ ਕਿ ਸਭ ਚਲੇ ਜਾਓ। ਮੈਂ ਜਾ ਕੇ ਹੱਥ ਜੋੜ ਕੇ ਖਲੋਅ ਗਿਆ। ਸਤਿਗੁਰਾਂ ਬਚਨ ਕੀਤਾ "ਭਾਈ ਉਤਮ ਸਿੰਘ ਕੀ ਸੀ, ਕੀ ਹੋ ਗਿਆ।" ਅਸਾਂ ਅਰਜ਼ ਕੀਤੀ-ਸਾਨੂੰ ਕੋਈ ਪਤਾ ਨਹੀਂ ਕੀ ਤੂੰ ਅੱਗੇ ਕੀਤੀ ਹੈ ਤੇ ਕੀ ਅੱਗੇ ਨੂੰ ਕਰੇਂਗਾ।" ਮੈਂ ਅਰਜ਼ ਕੀਤੀ, "ਸੱਚੇ ਪਾਤਸ਼ਾਹ ਜੀ ਕਦੋਂ ਦਰਸ਼ਨ ਹੋਣਗੇ ?" ਸਤਿਗੁਰਾਂ ਤਿੰਨ ਵਾਰੀ ਬਚਨ ਕੀਤਾ, "ਜਦੋਂ ਤੇਰਾ ਚਿਤ ਕਰੇ ਦਰਸ਼ਨ ਕਰ।" ਫੇਰ ਅਸੀਂ ਬਚਨ ਮੰਨ ਕੇ ਘਰ ਨੂੰ ਆ ਗਏ।"[8]

ਪਿੰਡ ਰਾਇਸਰ ਵਿਚ ਇਕ ਐਸਾ ਪਰਿਵਾਰ ਸੀ ਜਿਹਨਾਂ ਵਿਚ ਪਿਤਾ ਪੁਰਖੀ ਕੋਈ ਵੱਡਾ ਰੋਗ ਤੁਰਿਆ ਆਉਂਦਾ ਸੀ। ਤੇ ਉਸ ਪਰਿਵਾਰ ਵਿਚੋਂ ਜਿਤਨੇ ਵੀ ਮਰਦੇ ਸਨ, ਉਹ ਵੱਡੇ ਦੁੱਖ ਨਾਲ ਦੁਖੀ ਹੋ ਕੇ ਮਰਦੇ। ਭਾਈ ਉਤਮ ਸਿੰਘ ਹੋਰਾਂ ਨੇ ਸ੍ਰੀ ਭੈਣੀ ਸਾਹਿਬ ਨਿਮਾਣੀ ਦੇ ਮੇਲੇ ਸਮੇਂ, ਕਿਸੇ ਸਾਲ ਉਸ ਪਰਿਵਾਰ ਦੀ ਇਹ ਦੁੱਖ-ਕਥਾ, ਸਤਿਗੁਰੂ ਜੀ ਨੂੰ ਸੁਣਾਈ। ਆਪ ਨੇ ਹੁਕਮ ਦਿੱਤਾ ਕਿ ਇੱਥੇ ਲੈ ਆਉ। ਉਹ ਤੁਰਨ ਫਿਰਨ ਤੋਂ ਆਤੁਰ ਸੀ। ਸੁੱਧੂ ਨਾਮ ਸੀ। ਭਾਈ ਜੀ ਨੇ ਜੱਫਾ ਭਰ ਕੇ ਉਸਨੂੰ ਘੋੜੀ ਤੇ ਬਹਾ ਲਿਆ ਤੇ ਰਾਮਸਰ ਇਕ ਬੇਰੀ ਦੇ ਹੇਠ ਲਿਆ ਉਤਾਰਿਆ। ਇਕ ਬੇਲਾ ਸਿੰਘ ਵੀ ਦੁਖੀ ਸੀ ਉਹ ਵੀ ਨਾਲ ਆ ਗਿਆ। ਪਿੰਡ ਦੀ ਹੋਰ ਸੰਗਤ ਉਹਨਾਂ ਤੇ ਗਿਲਾਨੀ ਕਰਦੀ ਸੀ ਕਿ ਕਿਉਂ ਇਹੋ ਜਿਹੇ ਦੁੱਖ ਵਾਲਿਆਂ ਦੇ, ਨਾਲ ਛੋਹ ਰਿਹਾ ਹੈ। ਪਰ ਭਾਈ ਉਤਮ ਸਿੰਘ ਤਾਂ ਪਰਉਪਕਾਰ ਦੀ ਮੂਰਤੀ ਬਣ ਚੁੱਕੇ ਸਨ। ਦੀਨ ਦੁਖੀਆਂ ਦਾ ਦੁਖ ਦਰਦ ਵੰਡਾਉਣਾ, ਉਹ ਆਪਣਾ ਮਨੁੱਖੀ ਫਰਜ਼ ਸਮਝਦੇ ਸਨ। ਸੋ ਸਤਿਗੁਰੂ ਜੀ ਪਤਾ ਲੱਗਣ ਤੇ ਬੇਰੀ ਪਾਸ ਦੋਹਾਂ ਸਰੀਰਾਂ ਨੂੰ ਦਰਸ਼ਨ ਦੇਣ ਆ ਗਏ ਤਾਂ ਕਿ ਉਹਨਾਂ ਦਾ ਦਰਦ ਵੰਡਿਆ ਜਾ ਸੱਕੇ। ਸੁੱਧੂ ਤਾਂ ਇੱਕੋ ਥਾਂ ਪਿਆ ਰਹਿੰਦਾ ਸੀ, ਬੇਲਾ ਸਿੰਘ ਤੁਰ ਫਿਰ ਸਕਦਾ ਸੀ। ਬੇਲਾ ਸਿੰਘ

ਸਤਿਗੁਰੂ ਜੀ ਨੂੰ ਮੱਥਾ ਟੇਕਣ ਲਈ ਜਦੋਂ ਅੱਗੇ ਵਧਣ ਲੱਗਾ ਤਾਂ ਉਤਮ ਸਿੰਘ ਹੋਰਾਂ, ਉਸਨੂੰ ਦੂਰੋਂ ਹੀ ਮੱਥਾ ਟੇਕਣ ਅਤੇ ਚਰਨਾਂ ਨੂੰ ਹੱਥ ਨਾ ਲਾਉਣ ਬਾਰੇ ਕਿਹਾ। ਕ੍ਰਿਪਾ ਨਿਧਾਨ ਸਤਿਗੁਰੂ ਜੀ ਨੇ ਫੁਰਮਾਇਆ, "ਭਾਈ ਜੇ ਮੇਰੇ ਪੈਰੀਂ ਹੱਥ ਲਾਇਆ ਕਿਸੇ ਦਾ ਭਲਾ ਹੁੰਦਾ ਹੈ ਤਦ ਏਸ ਨੂੰ ਲਾ ਲੈਣ ਦੇਹ, ਘੂਰ ਨਾ।" ਸੁੱਧੂ ਨੂੰ ਭਜਨ ਸੁਣਾ ਕੇ ਸਤਿਗੁਰੂ ਜੀ ਨੇ ਕਿਹਾ ਕਿ ਜਿਤਨਾ ਹੋ ਸੱਕੇ ਬੇਸ਼ਕ ਦੋ ਤਿੰਨ ਵੇਰ ਦਿਨ ਵਿਚ ਇਹ ਭਜਨ ਦਾ ਨਾਮ ਦੁਹਰਾ ਛੱਡੀਂ। ਪਿੰਡ ਜਾ ਕੇ ਛੇਵੇਂ ਦਿਨ ਉਸ ਕੁਸ਼ਟੀ ਸਰੀਰ ਦਾ ਅੰਤ ਹੋ ਗਿਆ। ਬਾਅਦ ਵਿਚ ਉਸ ਕੁਲ ਵਿਚ ਇਹ ਰੋਗ ਨਾ ਹੋਣ ਬਾਰੇ ਚਰਚਾ ਪਿੰਡ ਵਾਲੇ ਕਰਦੇ ਰਹੇ। ਬੇਲਾ ਸਿੰਘ ਨੂੰ ਵਾਪਸੀ ਤੇ ਫਿਰ ਉਸ ਦੀ ਅੰਦਰੂਨੀ ਬੇਨਤੀ ਉਪਰ ਦਰਸ਼ਨ ਸਤਿਗੁਰੂ ਜੀ ਨੇ ਦਿੱਤੇ ਅਤੇ ਦੇਹ ਅਰੋਗਤਾ ਵੀ ਬਖਸ਼ ਦਿੱਤੀ। ਇਹ ਆਪਣੇ ਨਾਲ ਵਰਤੇ ਬਿਰਤਾਂਤ, ਭਾਈ ਉਤਮ ਸਿੰਘ ਹੋਰਾਂ ਨੇ ਸਪੁੱਤਰ ਮਸਤਾਨ ਸਿੰਘ ਹੋਰਾਂ ਨੂੰ ਸੁਣਾਏ ਸਨ। ਇਸੇ ਕਾਰਨ ਉਹਨਾਂ ਦੀ ਸਤਿਗੁਰੂ ਜੀ ਉਪਰ ਅਗਾਧ ਸ਼ਰਧਾ ਸੀ।[9]

ਉੱਤਮ ਸਿੰਘ ਜੀ ਦਾ ਸ੍ਰੀ ਭੈਣੀ ਸਾਹਿਬ ਦੀ ਉਸਾਰੀ ਵਿਚ ਯੋਗਦਾਨ ਵੀ ਵੱਡਾਮੁੱਲਾ ਹੈ। ਮਿਟੀ ਦਾ ਕੰਮ ਕਰਦਿਆਂ ਤਬੇਲਿਆਂ ਦੀਆਂ ਵਿਸ਼ਾਲ ਕੰਧਾਂ ਦੀ ਉਸਾਰੀ ਕਰਦਿਆਂ, ਕੋਠਿਆਂ ਦੀਆਂ ਛੱਤਾਂ ਤੇ ਮਿਟੀ ਚੜ੍ਹਾਉਂਦਿਆਂ, ਆਪ ਕਦੇ ਥੱਕੇ ਹੀ ਨਹੀਂ ਸਨ। ਸ੍ਰੀ ਭੈਣੀ ਸਾਹਿਬ ਦੇ ਲੰਗਰ ਉਪਰ, ਗੁਰੂ ਹਰੀ ਸਿੰਘ ਜੀ ਦੇ ਸਮੇਂ ਆਏ ਸੰਕਟ ਸਮੇਂ, ਆਪ ਨੇ ਵੀ ਆਪਣੀ ਜ਼ਮੀਨ ਵੇਚਣ ਜਾਂ ਗਹਿਣੇ ਕਰਨ ਅਤੇ ਮਾਇਆ ਗੁਰੂ ਕੇ ਲੰਗਰ ਵਿਚ ਪਾਉਣ ਤੋਂ ਰਤਾ ਵੀ ਦੇਰ ਨਹੀਂ ਸੀ ਲਾਈ। ਗੁਰੂ ਹਰੀ ਸਿੰਘ ਜੀ ਦੇ ਸਮੇਂ ਆਪ ਡੇਰਾ ਸ੍ਰੀ ਭੈਣੀ ਸਾਹਿਬ ਵਿਚ ਰਹਿ ਕੇ ਵੀ ਸੇਵਾ ਕਰਦੇ ਰਹੇ। ਆਪ ਦੀ ਸਰੀਰਕ ਸ਼ਕਤੀ ਦੇ ਅਨੁਰੂਪ ਹੀ ਆਪਦਾ ਹਾਜ਼ਮਾ ਵੀ ਹੈਰਾਨ ਕਰਨ ਵਾਲਾ ਸੀ। ਬਾਹੋਵਾਲ ਜੀ ਦੇ ਦੂਜੇ ਭਾਗ ਵਿਚ ਕਈ ਸਿੰਘਾਂ ਲਈ ਬਣੇ ਕੜਾਹ ਪ੍ਰਸ਼ਾਦ ਦਾ ਆਪ ਇਕੱਲਿਆ ਦੁਆਰਾ ਹੀ ਛਕ ਲੈਣ ਦਾ ਇਕ ਰੌਚਕ ਪਰਸੰਗ ਦਰਜ ਹੈ। ਇਹ ਸਮਾਂ ੧੯੬੪ ਈ. ਦਾ ਸੀ। ਸਤਿਗੁਰੂ ਰਾਮ ਸਿੰਘ ਜੀ ਦਾ ਦੋਹਤਾ, ਬੀਬੀ ਨੰਦਾਂ ਦਾ ਵੱਡਾ ਪੁੱਤਰ ਬਸੰਤ ਸਿੰਘ, ਦੁਰਗਾ ਪੁਰ ਬੀਬੀ ਈਸ਼ਰੀ ਨਾਲ ਵਿਆਹਿਆ ਜਾਣਾ ਸੀ। ਈਸ਼ਰੀ ਦੇ ਪਿਤਾ ਦੀ ਲਾਹੌਰ ਪਾਈ ਅਰਜ਼ੀ ਤੇ, ੧੦੦ ਸਿੰਘਾਂ ਨਾਲ ਗੁਰੂ ਹਰੀ ਸਿੰਘ ਜੀ ਨੂੰ ਨਵਾਂ ਸ਼ਹਿਰ ਪਾਸ, ਦੁਰਗਾਪੁਰ ਜਾਣ ਦੀ ਛੁੱਟੀ ਮਿਲੀ। ਦੁਆਬੇ ਦੀ ਕਾਫੀ ਸੰਗਤ ਇਸ ਅਨੰਦ ਕਾਰਜ ਤੇ ਪੁੱਜ ਕੇ ਗੁਰੂ ਹਰੀ ਸਿੰਘ ਜੀ ਦੇ ਦਰਸ਼ਨਾਂ ਤੋਂ ਲਾਭਵੰਤ ਹੋਈ। "ਛੂਤੀਏ ਸਿੰਘ ਭੀ ਨਾਲ ਸੀ। ਸੱਦਾ ਸਿੰਘ ਨੇ ਲੀਕ ਕੱਢੀ ਕੇ ਜਿਨ੍ਹਾਂ ਨੇ ਇਸ ਲੰਗਰ ਕਾ ਛਕਨਾ ਨਹੀਂ ਸੋ ਲੀਕ ਟੱਪੇ। ਜਿਨਾਂ ਨੇ ਨਾਂ ਸੀ ਛਕਨਾ ਸੋ ਲੀਕ ਟੱਪ ਗਏ। ਕੈਹਨ ਲੱਗੇ ਅਸੀਂ ਲੰਗਰ ਸੇ ਨਹੀਂ ਛਕਦੇ ਹੈ, ਆਪ ਬਨਾਇਕੇ ਛਕਾਂਗੇ। ਰਸਤ ਮਿਲ ਗਈ, ਲੰਗਰ ਕੀਤਾ। ਭੋਗ ਪਿਆ। ਜਾਂ ਕੜਾਹ ਪ੍ਰਸਾਦ ਬਰਤਿਆ ਲੈ ਤਾਂ ਲਿਆ ਛਕਨ ਨਾ। ਉਤਮ ਸਿੰਘ ਰਾਇਸਰੀਏ ਨੇ ਕਹਾ ਕਿ ਤੁਸੀਂ ਨਹੀਂ ਛਕਦੇ ਤਾਂ ਮੈਨੂੰ ਦੇ ਦਿਉ।"[10] ਕਈ ਸਿੰਘਾਂ ਦਾ ਵਰਤਾਰਾ ਉਹ ਇਕੱਲੇ ਛਕ ਗਏ। ਛੂਤੀਏ ਸ੍ਰੀ ਭੈਣੀ ਸਾਹਿਬ ਦੇ ਲੰਗਰ ਦੀ ਬਜਾਏ, ਆਪਣਾ ਲੰਗਰ, ਜ਼ਿਆਦਾ ਸੁੱਚ ਸੋਧ ਨਾਲ ਸਾਜਕੇ ਛਕਦੇ ਇੱਥੋਂ ਤੱਕ ਕੇ

ਲੱਕੜੀਆਂ ਵੀ ਧੋ ਕੇ ਹੀ ਬਾਲਦੇ ਸਨ ਤਾਂ ਇਹਨਾਂ ਨੂੰ ਛੂਤੀਏ ਕਿਹਾ ਜਾਂਦਾ ਸੀ। ਗੁਰੂ ਹਰੀ ਸਿੰਘ ਜੀ ਉਹਨਾਂ ਦਾ ਇਹ ਰਵੱਈਆ ਪਸੰਦ ਨਹੀਂ ਸਨ ਕਰਦੇ, ਸੰਗਤ ਲਈ ਬਣੇ ਸਾਂਝੇ ਲੰਗਰ ਵਿਚੋਂ ਨਾ ਛਕ ਕੇ ਵੱਖਰਾ ਬਣਾ ਕੇ ਛਕਣਾ।

ਜਦੋਂ ਗੁਰੂ ਜੋਤ ਬਦਲਦੀ ਹੈ ਤਾਂ ਪਹਿਲੀ ਗੁਰੂ ਦੇਹ ਦੇ ਉਪਾਸ਼ਕਾਂ ਲਈ ਨਵੇਂ ਟਿਕਾਣੇ ਤੇ ਪੁੱਜਣ ਲੱਗਿਆ, ਕੁਝ ਸਮਾਂ ਲੱਗ ਜਾਂਦਾ ਹੈ। ਇਸ ਲਈ ਸਾਡੇ ਇਤਿਹਾਸ ਵਿਚ ਬਹੁਤ ਸਾਖੀਆਂ ਮਿਲਦੀਆਂ ਹਨ। ਭਾਈ ਉਤਮ ਸਿੰਘ ਜੀ ਨੂੰ ਵੀ ਗੁਰੂ ਹਰੀ ਸਿੰਘ ਜੀ ਤੇ ਪੂਰਨ ਸ਼ਰਧਾ ਲਿਆਉਣ ਵਿਚ, ਕੁਝ ਸਮਾਂ ਲੱਗਾ ਸੀ। ਇਹ ਤਬਦੀਲੀ ਕਿੰਜ ਵਾਪਰੀ ਇਸ ਲਈ ਵੀ ਆਪ ਤੋਂ ਸੁਣ ਕੇ ਸੂਬਾ ਮਸਤਾਨ ਸਿੰਘ ਹੋਰਾਂ ਨੇ ਲਿਖ ਦਿੱਤਾ ਸੀ। "ਭਾਈ ਅਤਰ ਸਿੰਘ ਜੀ (ਲੁਧਿਆਣਾ) ਨਾਲ ਬਚਨ ਹੋਇਆ। ਮੈਨੂੰ ਇਹ ਸ਼ਰਧਾ ਸੀ ਕਿ ਸਤਿਗੁਰੂ ਰਾਮ ਸਿੰਘ ਜੀ ਤਾਂ ਸ੍ਰੀ ਰਾਮ ਚੰਦਰ ਜੀ ਮਹਾਰਾਜ ਹਨ ਤੇ ਸਤਿਗੁਰੂ ਹਰੀ ਸਿੰਘ ਜੀ, ਲਛਮਨ ਜੀ ਹਨ। ਭਾਈ ਅਤਰ ਸਿੰਘ ਨੇ ਕਿਹਾ ਕਿ ਸਤਿਗੁਰੂ ਰਾਮ ਸਿੰਘ ਜੀ ਅਕਾਲ ਪੁਰਖ ਤੇ ਸਤਿਗੁਰੂ ਹਰੀ ਸਿੰਘ ਜੀ ਗੁਰੂ ਨਾਨਕ ਦੇਵ ਦਾ ਅਵਤਾਰ ਹਨ। ਮੇਰੇ ਦਿਲ ਨੂੰ ਭਰੋਸਾ ਨਾ ਆਵੇ। ਸਤਿਗੁਰੂ ਹਰੀ ਸਿੰਘ ਜੀ ਦੇ ਚਰਨਾਂ ਵਿਚ ਬੇਨਤੀ ਕੀਤੀ, "ਸੱਚੇ ਪਾਤਸ਼ਾਹ ਜੀ, ਮੇਰੇ ਚਿਤ ਨੂੰ ਇਕ ਸੰਸਾ ਹੋ ਰਿਹਾ ਹੈ।" "(ਮੈਂ ਕਿਹਾ), ਭਾਈ ਅਤਰ ਸਿੰਘ ਜੀ ਕਹਿੰਦੇ ਹਨ ਕਿ ਸਤਿਗੁਰੂ ਅਕਾਲ ਪੁਰਖ ਤੇ ਗੁਰੂ ਹਰੀ ਸਿੰਘ ਜੀ ਗੁਰੂ ਨਾਨਕ ਦੇਵ ਜੀ ਹਨ। ਮੈਂ ਕਿਹਾ ਕਿ ਸਤਿਗੁਰੂ ਜੀ ਰਾਮ ਚੰਦਰ ਹਨ ਤੇ ਆਪ ਸ੍ਰੀ ਲਛਮਨ ਹੋ। ਸਤਿਗੁਰੂ ਹਰੀ ਸਿੰਘ ਜੀ ਬਚਨ ਕੀਤਾ, "ਭਾਈ ਉਤਮ ਸਿੰਘ ਲਛਮਨ ਕੀ ਚੀਜ਼ ਹੈ ?" ਇਹ ਬਚਨ ਤਿੰਨ ਵੇਰੀ ਕਿਹਾ। ਬੱਸ ਫੇਰ, ਮੇਰੇ ਭਰਮ ਦੇ ਜਿੰਦਰੇ ਖੁੱਲ੍ਹ ਗਏ ਤੇ ਸਤਿਗਰੂ ਹਰੀ ਸਿੰਘ ਜੀ ਉਤੇ ਸ਼ਰਧਾ ਆ ਗਈ।"[11]

ਬਾਬਾ ਉਤਮ ਸਿੰਘ ਜੀ ਦੇ ਸ਼ਕਤੀਸ਼ਾਲੀ ਜੁੱਸੇ ਅਤੇ ਸਾਧ ਸੰਗਤ ਦੀ ਸੇਵਾ ਵਿਚ ਜੁੱਟੇ ਰਹਿਣ ਦੇ, ਬਹੁਤ ਸਾਰੇ ਬਚਨ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਉਪਦੇਸ਼ਾਂ ਵਿਚ ਸੁਰੱਖਿਅਤ ਹਨ—

ਬਾਬੇ ਉਤਮ ਸਿੰਘ ਹੋਰੀਂ ਇਕ ਰਾਇਸਰ ਦੇ ਸਿੰਘ ਸਨ, ਇਕ ਬਾਬਾ ਬਲੀ ਸਿੰਘ ਜੀ ਥਰਾਜਵਾਲੇ ਦੇ—(ਕੂਕਾ ਇਤਿਹਾਸ ਦੇ ਸੰਨ ੧੯੬੯ ਵਾਲੇ, ਥਰਾਜਵਾਲਾ ਕਾਂਡ ਵਿਚ ਸਜ਼ਾ ਯਾਫਤਾ) ਮੁਕਤਸਰ ਦੇ ਇਲਾਕੇ ਦੇ, ਇਕ ਬਾਬਾ ਰੂੜ ਸਿੰਘ ਰੂਖੜ-ਇਹ ਤਿੰਨ ਚਾਰ ਸਰੀਰ ਉਹ ਸਨ, ਸੱਚੇ ਪਾਤਸ਼ਾਹ ਸਤਿਗੁਰੂ ਰਾਮ ਸਿੰਘ ਜੀ, ਜਿਹਨਾਂ ਨੂੰ ਬੀਰ ਕਹਿੰਦੇ ਸਨ। ਤਾਕਤ ਉਹਨਾਂ ਦੀ ਕਿਹੋ ਜਿਹੀ ਸੀ। ਉਹ ਬਾਬੇ ਬਲੀ ਸਿੰਘ ਹੁਰੀਂ ਤੇ ਰੂੜ ਸਿੰਘ ਹੋਰਾਂ ਨੇ-ਹਜ਼ਾਰਾਂ ਸਿੰਘ, ਸਤਿਗੁਰਾਂ ਦੇ ਨਾਲ ਦੌਰੇ ਜਾਣੇ-ਵੱਡੇ-ਵੱਡੇ ਗੜਵੇ ਫੜੇ ਹੋਣੇ, ਡੋਲ ਫੜੇ ਹੋਣੇ, ਭੱਜ ਕੇ ਸਾਰੀ ਸੰਗਤ ਦੇ ਅੱਗੇ ਚਲੇ ਜਾਣਾ। ਓਥੋਂ ਜਲ ਛਕਾਉਣਾ ਸ਼ੁਰੂ ਕਰਨਾ, ਸਾਧ-ਸੰਗਤ ਨੇ ਲੰਘਦੀ ਜਾਣਾ, ਜਦੋਂ ਸਾਧ-ਸੰਗਤ ਨੇ ਜਲ ਛਕ ਕੇ ਲੰਘ ਜਾਣ, ਮਗਰੋਂ ਫਿਰ ਜਾ ਰਲਣਾ। ਫੇਰ, ਤੜਕੇ ਉਠ ਕੇ ਹਜ਼ਾਰਾਂ ਸਿੱਖਾਂ ਦਾ ਇਸ਼ਨਾਨ ਕਰਾਉਂਦੇ ਸੀ। ਇਹ ਬਾਬੇ ਉਤਮ ਸਿੰਘ ਹੁਰੀਂ ਜਿਹੜੇ ਰਾਇਸਰੀਏ ਸਨ। ਇਹ ਓਨਾਂ ਦਿਨਾਂ ਵਿਚ ਚਾਰ ਸੇਰ ਪੱਕਾ (ਇਕ ਰੁਪੈ ਦਾ) ਘਿਉ ਦਾ ਭਾਅ ਸੀ,

ਤੁਸੀਂ ਗਿਣਤੀ ਕਰ ਲਉ ਕਿ ਚਾਰ ਸੇਰ ਘਿਉ, ਚਾਰ ਸੇਰ ਖੰਡ ਤੇ ਚਾਰ ਸੇਰ ਆਟਾ, ਤੇ ਜੇ ਬਾਰਾਂ ਨਾਲੋਂ ਦੂਣਾ ਨਾ ਕਰੀਏ, ਡਿਉੜਾ ਪਾਣੀ ਕਰੀਏ, ਅਠਾਰਾਂ ਸੇਰ ਪਾਣੀ, ਤੇ ਬਾਰਾਂ ਸੇਰ ਇਹ–ਤੀਹ ਸੇਰ ਪੱਕਾ ਕੜਾਹ ਪ੍ਰਸਾਦ ਛਕ ਕੇ ਫੇਰ ਪ੍ਰਸਾਦੇ ਛਕ ਲੈਂਦੇ ਸੀ।[12]

ਬਾਬਾ ਉਤਮ ਸਿੰਘ ਜੀ ਦੇ ਤਿੰਨ ਲੜਕੇ ਸਨ ਅਤੇ ਆਪ ਦੀ ਸਿੰਘਣੀ ਦਾ ਨਾਮ ਸ਼ਾਮ ਕੌਰ ਸੀ। ਵੱਡਾ ਭਗਵਾਨ ਸਿੰਘ, ਵਿਚਲਾ ਕਿਸ਼ਨ ਸਿੰਘ ਅਤੇ ਛੋਟਾ ਮਸਤਾਨ ਸਿੰਘ। ਭਗਵਾਨ ਸਿੰਘ ਦਾ ਜ਼ਿਕਰ ਖਤਰਨਾਕ ਕੂਕਿਆਂ ਵਾਲੀ ਸਰਕਾਰੀ ਸੂਚੀ ਵਿਚ ਬਾਬਾ ਉਤਮ ਸਿੰਘ ਜੀ ਤੋਂ ਅਗਲੇ ਸੀਰੀਅਲ ਨੰ. ਵਿਚ ਆਉਂਦਾ ਹੈ। ਉਸ ਦਾ ਰੰਗ ਸਾਫ, ਚਿਹਰੇ ਤੇ ਮਾਤਾ ਦੇ ਦਾਗ, ਕਾਲੀ ਦਾਹੜੀ ਤੇ ਉਮਰ ੨੫ ਸਾਲ ਲਗਭਗ ਲਿਖੀ ਹੈ। ਸੁਭਾਉ ਵਾਲੇ ਖਾਨੇ ਵਿਚ ਦਰਜ ਹੈ ਕਿ ਉਹ ਵੀ ਆਪਣੇ ਪਿਤਾ ਜਿਉਂ ਕੱਟੜ ਕੂਕਾ ਹੈ।[13] ਇਉਂ ਇਸ ਦਾ ਜਨਮ ੧੯੫੫ ਈ. ਦਾ ਹੈ। ਸੂਬਾ ਮਸਤਾਨ ਸਿੰਘ ਦੀ ਉਮਰ, ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ੨੦ ਸਿਤੰਬਰ ੧੯੫੧ ਵਾਲੇ ਬੰਗਕੌਂਕ ਵਾਲੇ ਭਾਸ਼ਨ ਮੁਤਾਬਿਕ ਉਦੋਂ ਅੱਸੀ ਸਾਲ ਦੇ ਕਰੀਬ ਸੀ। ਤਾਂ ਇਹਨਾਂ ਦਾ ਜਨਮ ੧੯੭੦–੭੧ ਈ. ਦਾ ਬਣਦਾ ਹੈ। ਸੂਬਾ ਜੀ ਦਾ ਚਲਾਣਾ ੧੯੫੨–੫੩ ਈ. ਵਿਚ ਹੋ ਗਿਆ ਸੀ। ਆਪ ਜੀ ਤੋਂ ਵੱਡੀਆਂ ਦੋ ਭੈਣਾਂ ਵੀ ਸਨ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ੫ ਫਰਵਰੀ ੧੯੫੫ ਨੂੰ ਬੰਕੌਕ ਵਿਚ ਦਿੱਤੇ ਉਪਦੇਸ਼ ਵਿਚ ਭਾਈ ਉਤਮ ਸਿੰਘ ਦੀ ਮਾਰਫਤ, ਗੁਰਸਿੱਖੀ ਦੀਆਂ ਹੋਰ ਬਾਰੀਕੀਆਂ ਦੀ ਵਿਆਖਿਆ ਦਰਜ ਹੈ ਜੋ ਖਾਸ ਕਰਕੇ ਵਰਤਮਨ ਸਤਿਗੁਰੂ ਤੇ ਸਿਖ ਦਾ ਭਰੋਸਾ ਦ੍ਰਿੜ ਕਰਾਉਣ ਦੇ ਸਾਧਨ ਹਨ। ਸਤਿਗੁਰੂ ਰਾਮ ਸਿੰਘ ਜੀ ਦੇ ਪਰਦੇਸ ਜਾਣ ਤੋਂ ਬਾਅਦ ਉਹ (ਭਾਈ ਉੱਤਮ ਸਿੰਘ ਜੀ) ਗੁਰੂ ਹਰੀ ਸਿੰਘ ਜੀ ਕੋਲ ਆਏ, ਆ ਕੇ ਕਹਿਣ ਲੱਗੇ, "ਸੱਚਿਆ ਪਾਤਸ਼ਾਹ! ਸਤਿਗੁਰੂ ਰਾਮ ਸਿੰਘ ਜੀ ਐਸ ਵੇਲੇ ਕਿੱਥੇ ਹਨ?"

ਗੁਰੂ ਹਰੀ ਸਿੰਘ ਜੀ ਕਹਿੰਦੇ, "ਭਾਈ ਉੱਤਮ ਸਿਹਾਂ, ਜੇ ਤੂੰ ਥੋੜਾ ਜਿਹਾ ਚਿਰ ਪਹਿਲਾਂ ਆ ਜਾਂਦਾ ਤਾਂ ਤੈਨੂੰ ਐਥੇ ਹੀ ਦਰਸ਼ਨ ਕਰਾਉਂਦੇ।" ਕਹਿਣ ਲੱਗੇ, "ਭਾਈ ਜਦੋਂ ਦੇ ਸਤਿਗੁਰੂ ਗਏ, ਮੈਂ ਬਾਹਰ ਜਾ ਕੇ ਬੜਾਂ ਰੋਂਦਾ ਧਾਂਹੀ ਮਾਰ ਮਾਰ। ਥੋੜਾ ਜਿਹਾ ਚਿਰ ਹੀ, ਜੇ ਇਕ ਅੱਧਾ ਦਿਨ ਹੀ ਸਤਿਗੁਰੂ ਸੱਚੇ ਪਾਤਸ਼ਾਹ ਦਰਸ਼ਨ ਨਾ ਦਿੰਦੇ ਤਾਂ ਮੇਰਾ ਸਰੀਰ ਨਾ ਰਹਿੰਦਾ।"

ਸਤਿਗੁਰੂ ਆ ਗਏ, ਸਤਿਗੁਰਾਂ ਆ ਕੇ ਆਖਿਆ, "ਭਾਈ ਮੈਂ ਤੇਰੇ ਕੋਲ ਸਦਾ ਹੀ ਅੰਗ ਸੰਗ ਹਾਂ। ਮੈਂ ਤੇਰੇ ਕੋਲ ਰਹਾਂਗਾ ਤੂੰ ਕੰਮ ਕਾਰ ਕਰ ਭਾਈ।" ਸਤਿਗੁਰੂ ਤਾਂ ਮੇਰੇ ਮੋਢੇ ਤੇ ਹੱਥ ਰੱਖਦੇ ਹਨ।

ਤਾਂ ਉਹ ਭਾਈ ਉੱਤਮ ਸਿੰਘ ਜੀ–ਇਹ ਖੇਡਾਂ ਜਿਹਨਾਂ ਦੇਖੀਆਂ ਆਪਣੀ ਘਰਬਾਰ ਸਾਰਾ ਉਹਨਾਂ ਮਹਾਂਪੁਰਖਾਂ ਨੇ ਸਾਧ ਸੰਗਤ ਨੂੰ ਛਕਾ ਦਿੱਤਾ। ਨੰਬਰਦਾਰੀ ਸੀ, ਸਾਰੀ ਜ਼ਮੀਨ ਵੇਚ ਕੇ ਛਕਾ–ਕੇ ਮੈਨੂੰ ਬਹੁਤ ਥੋੜੀ ਥੋੜੀ ਖਬਰ ਹੈ, ਮੇਰੀ ਪੰਜ ਕੁ ਸਾਲ ਦੇ ਕਰੀਬ ਉਮਰ ਸੀ—ਇਕ ਬਾਹਰ ਜਗ੍ਹਾ ਬਣਾਈ ਹੋਈ ਸੀ, ਹਵੇਲੀ 'ਚ ਝੁੱਗੀ ਜਿਹੀ। ਕਹੀ ਨਾਲ ਥਾਂ ਪੁੱਟਣਾ। ਕਹੀ ਨਾਲ ਥਾਂ ਪੁੱਟ ਕੇ ਉਥੇ ਗਾਜਰਾਂ ਮੂਲੀਆਂ ਇਹੋ ਜਿਹਾ

---

* ਇਕ ਸੇਰ ਰਸਦ ਦਾ ਪੌਣੇ ਸੱਤ ਸੇਰ ਪ੍ਰਸਾਦਿ ਬਣਦਾ ਹੈ।

ਕੁਝ ਬੀਜਣਾ।ਉਹਦੇ ਦਾਣੇ ਵਟਾ ਕੇ ਸਾਧ ਸੰਗਤ ਨੂੰ ਛਕਾਉਂਦੇ।ਸਤਿਗੁਰਾਂ ਫੇਰ ਕ੍ਰਿਪਾ ਕੀਤੀ, ਪਿੰਡ ਵਿਚ ਕੋਈ ਆਦਮੀ ਉਹਨਾਂ ਦੇ ਮੁਕਾਬਲੇ 'ਚ ਜਾਇਦਾਦ ਵਾਲਾ ਨਾ ਰਿਹਾ। ਉਹ ਸਾਰੀ ਫੇਰ ਮੁੜਕੇ ਆ ਗਈ ਕਿਉਂਕਿ ਸਤਿਗੁਰਾਂ ਨੂੰ, ਸਾਧ ਸੰਗਤ ਨੂੰ ਛਕਾਈ ਸੀ।ਏਥੇ ਸਤਿਗੁਰਾਂ ਭੀ ਇਕ ਹੁਕਮਨਾਮੇ 'ਚ ਲਿਖਿਆ ਹੈ।"ਭਾਈ ਪੁੰਨ ਦਾਨ ਤੇ ਧਨ ਨਹੀਂ ਘਟਦਾ, ਧਨ ਤਾਂ ਕੁਚਾਲ ਚਲਣ ਤੇ ਘਟਦਾ ਹੈ।"[14]

ਗੁਰੂ ਹਰੀ ਸਿੰਘ ਜੀ ਜਦੋਂ ਅਜੇ ਸ੍ਰੀ ਬੁੱਧ ਸਿੰਘ ਦੇ ਰੂਪ ਵਿਚ ਹੀ ਸਨ ਉਹ ਭਾਈ ਉਤਮ ਸਿੰਘ ਦੀ ਸੇਵਾ ਸਿਦਕ ਦੀ ਭਾਵਨਾ ਦੀ ਵੱਡੀ ਕਦਰ ਕਰਦੇ ਸਨ। ਇਕ ਵੇਰ ਉਹ ਰਾਇਸਰ ਗਏ ਤਾਂ ਪਿੰਡ ਦੇ ਬਾਹਰ ਆਪਣਾ ਗੱਡਾ ਖਲ੍ਹਾਰ ਕੇ, ਭਾਈ ਜੀ ਨੂੰ ਸੁਨੇਹਾ ਭੇਜਿਆ ਕਿ ਇਕ ਗਰੀਬ ਕਾਰੀਗਰ ਆਪਦੇ ਦਰਸ਼ਨ ਕਰਨਾ ਚਾਹੁੰਦੇ ਹੈ।ਜਦੋਂ ਉਤਮ ਸਿੰਘ ਆਏ ਤਾਂ ਉਹ ਸਾਹਮਣੇ ਆਪ ਨੂੰ ਵੇਖ ਕੇ ਕਹਿਣ ਲੱਗਾ ਕਿ ਆਪ ਨੇ ਖੁਦ ਨੂੰ ਇਸ ਤਰ੍ਹਾਂ ਕਿਉਂ ਪੇਸ਼ ਕੀਤਾ ਹੈ। ਤੁਸੀਂ ਸਾਡੇ ਸਤਿਗੁਰੂ ਜੀ ਦੇ ਛੋਟੇ ਭਾਈ ਹੋ ਸਾਡੇ ਸਤਿਕਾਰ ਦੇ ਪਾਤਰ ਹੋ! ਸ੍ਰੀ ਬੁੱਧ ਸਿੰਘ ਨੇ ਕਿਹਾ, 'ਸੰਤ ਜੀ! ਸਤਿਗੁਰੂ ਜੀ ਤਾਂ ਸਭ ਕੁਝ ਹਨ ਮੈਂ ਤਾਂ ਉਹੋ ਜਿਹਾ ਹੀ ਹਾਂ ਜੋ ਆਖਿਆ ਸੀ। ਆਪ ਦੀ ਇਸ ਨਿਮਰਤਾ ਨੇ ਹੀ ਆਪ ਨੂੰ ੩੪ ਵਰ੍ਹੇ ਤੱਕ ਨਾਮਧਾਰੀ ਪੰਥ ਦੀ ਅਗਵਾਈ ਸਉਂਪੀ ਸੀ। ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਰਾਏਸਰ ਵਿਖੇ, ਨਾਮਧਾਰੀਆਂ ਦੀ ਚੋਖੀ ਗਿਣਤੀ ਸੀ ਪਰ ਪੰਥ ਉਪਰ ਕਰੜਾ ਭਾਣਾ ਵਰਤਣ ਬਾਅਦ, ਜ਼ਿਆਦਾਤਰ ਬੇਮੁਖ ਹੋ ਗਏ। ਬਾਬਾ ਜੀ ਆਪਣੇ ਸਿਰੜ ਤੇ ਕਾਇਮ ਰਹੇ।ਕੁਝ ਸਮਾਂ ਰੋਜ਼ਾਨਾ ਸ਼ਹਿਣੇ ਥਾਣੇ ਹਾਜ਼ਰੀ ਲੁਆਉਣ ਜਾਂਦੇ ਰਹੇ।ਫਿਰ ਜੇ ਪਿੰਡੋਂ ਬਾਹਰ ਜਾਣਾ ਹੁੰਦਾ ਤਾਂ ਵੀ ਪਿੰਡ ਦੇ ਲੰਬੜਦਾਰ ਨੂੰ ਦੱਸ ਕੇ ਜਾਣਾ ਪੈਂਦਾ ਸੀ।[15]

ਡੇਰਾ ਸ੍ਰੀ ਭੈਣੀ ਸਾਹਿਬ ਵਿਚ ਲੰਗਰ ਅਤੇ ਤਬੇਲੇ ਦੀ ਉਸਾਰੀ ਸਮੇਂ, ਹਰ ਜ਼ਿਲ੍ਹੇ ਵਿਚੋਂ ਪੰਜ ਪੰਜ ਸੌ ਸਿੰਘ ਆਕੇ ਤਿੰਨ ਦਿਨ ਸੇਵਾ ਕਰਕੇ ਮੁੜਦਾ ਸੀ। ਹੱਟੀ ਵਾਲਾ ਗੁਪਾਲ ਸਿੰਘ ਸੇਵਾ ਕਰਵਾਉਂਦਾ ਸੀ।ਆਪਣੀ ਵਾਰੀ ਸਿਰ ਉਤਮ ਸਿੰਘ ਜੀ ਰਾਏਸਰ ਵਿਚੋਂ ਚਾਲ੍ਹੀ ਸਿੰਘ ਲੈ ਕੇ ਆਏ।ਜਦੋਂ ਤਿੰਨ ਦਿਨਾਂ ਬਾਅਦ ਮੁੜਨ ਲੱਗੇ ਤਾਂ ਸਤਿਗੁਰੂ ਜੀ ਨੇ ਰੋਕ ਕੇ ਕਿਹਾ ਕਿ ਤੁਸਾਂ ਕਾਰਜ ਸੰਪੂਰਨ ਕਰਕੇ ਹੀ ਜਾਣਾ ਹੈ।ਇਸ ਦੌਰਾਨ ਹੱਟੀ ਵਾਲਾ ਗੁਪਾਲ ਸਿੰਘ ਸੇਵਾ ਕਰਦਾ ਸੀ ਅਤੇ ਇਹਨਾਂ ਨੂੰ ਕੜਾਹ ਪ੍ਰਸ਼ਾਦ ਦਾ ਦੋਹਰਾ ਗੱਫਾ ਮਿਲਿਆ ਕਰਦਾ ਸੀ ਕੰਮ ਦੇ ਹਿਸਾਬ ਨਾਲ। ਬਾਬਾ ਜੀ ਸਿਰ ਨਿਵਾ ਕੇ ਸਾਰੀ ਸੇਵਾ ਨਿਬਾਹੀ ਅਤੇ ਗੁਰੂ ਹਰੀ ਸਿੰਘ ਜੀ ਦੇ ਸਮੇਂ ਵੀ ਆਪ ਕਾਫੀ ਸਮਾਂ, ਡੇਰੇ ਵਿਚ ਟਿਕ ਕੇ ਸੇਵਾ ਕਰਦੇ ਰਹੇ ਸਨ।ਕੂਕੇ ਬਣਨ ਤੋਂ ਪਹਿਲਾਂ ਛੰਨੇ ਭਰ ਭਰ ਕੇ ਹੱਥੀਂ ਕੱਢੀ ਦਾਰੂ ਪੀਂਦੇ ਸਨ। ਸਿੰਘ ਸਜਕੇ ਕੋਈ ਨਸ਼ਾ ਨਹੀਂ ਵਰਤਿਆ। ਰਾਇਕੋਟ ਸਾਕੇ ਵਿਚ ਪੁਲੀਸ ਨੇ ਆਪ ਨੂੰ ਵੀ ਤਫਤੀਸ਼ ਸਮੇਂ ਕਈ ਦਿਨ ਪੁੱਛ ਗਿਛ ਲਈ ਬਹਾਈ ਰੱਖਿਆ ਸੀ।ਬਾਅਦ ਵਿਚ ਜਦੋਂ ਭੈਣੀ ਸਾਹਿਬ ਤੋਂ ਮਸਤਾਨਾ ਦਲ, ਮਾਘੀ ਮੇਲੇ ਸਮੇਂ, ਮਲੇਰਕੋਟਲੇ ਨੂੰ ਤੁਰਿਆ ਤਾਂ ਆਪ ਨੇ ਵੀ ਸਤਿਗੁਰੂ ਜੀ ਤੋਂ ਉਹਨਾਂ ਸਿੰਘਾਂ ਦੇ ਨਾਲ ਜਾਣ ਦੀ

ਆਗਿਆ ਮੰਗੀ। ਸਤਿਗੁਰੂ ਜੀ ਨੇ ਕਿਹਾ ਭਾਈ ਉਤਮ ਸਿੰਘ ਤੁਹਾਡੀ ਇਕੋ ਵਾਰੀ ਸੀ ਜੋ ਤੁਸੀਂ ਭੁਗਤ ਚੁੱਕੇ ਹੋ।[16]

ਬਾਬਾ ਉਤਮ ਸਿੰਘ ਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪ੍ਰਗਟ ਹੋਣ ਸਮੇਂ ਦਾ ਦ੍ਰਿਸ਼ਟਾਂਤ ਹੋਇਆ ਤਾਂ ਆਪ ਚਾਰ ਸੇਰ ਘਿਉ ਘਰੌਂ ਲੈ ਕੇ ਦਰਸ਼ਨਾਂ ਵਾਸਤੇ ਗਏ। ਜਦੋਂ ਸਤਿਗੁਰੂ ਪ੍ਰਤਾਪ ਸਿੰਘ ਜੀ ਪੰਜ ਛੇ ਸਾਲ ਦੀ ਉਮਰ ਵਿਚ ਪਹੁੰਚੇ ਤਾਂ ਨਾਮਧਾਰੀ ਪਰੰਪਰਾ ਅਨੁਸਾਰ ਸੁਰਤ ਸੰਭਾਲਦਿਆਂ ਬੱਚੇ ਨੂੰ ਭਜਨ ਦਿੱਤਾ ਜਾਣ ਕਾਰਨ, ਗੁਰੂ ਹਰੀ ਸਿੰਘ ਜੀ ਨੇ ਉਤਮ ਸਿੰਘ ਹੋਰਾਂ ਨੂੰ ਪ੍ਰਤਾਪ ਸਿੰਘ ਜੀ ਨੂੰ ਭਜਨ ਦੇਣ ਲਈ ਹੁਕਮ ਕੀਤਾ। ਬਾਬਾ ਜੀ ਨੇ ਕਿਹਾ ਕਿ ਮੇਰੀ ਤਾਂ ਇਹਨਾਂ ਤੇ ਜਨਮ ਸਮੇਂ ਤੋਂ ਹੀ ਸ਼ਰਧਾ ਭਾਵਨਾ ਹੈ, ਮੈਂ ਭਜਨ ਕਿਵੇਂ ਦਿਆਂ ਤਾਂ ਗੁਰੂ ਹਰੀ ਸਿੰਘ ਜੀ ਨੇ ਮਰਿਆਦਾ ਨਿਬਾਹੁਣ ਲਈ ਕਿਹਾ। ਇਸ ਤਰ੍ਹਾਂ ਆਪ ਇਸ ਨਿਵੇਕਲੇ ਸਤਕਾਰ ਦੇ ਪਾਤਰ ਬਣੇ। ਆਸਾ ਜੀ ਦੀ ਵਾਰ ਦੇ ਭੋਗ ਬਾਅਦ, ਸਾਹਿਬਜ਼ਾਦੇ ਨੂੰ ਭਜਨ ਦੱਸਿਆ। ਗੁਰੂ ਹਰੀ ਸਿੰਘ ਜੀ ਕਿਹਾ ਕਰਦੇ ਸਨ ਕਿ ਕਮਾਈ ਵਾਲੇ ਸਿੱਖ ਦਾ ਦਿੱਤਾ ਭਜਨ ਫਲਦਾ ਹੈ। ਮਹਾਰਾਜ ਗੁਰਦਿਆਲ ਸਿੰਘ ਜੀ ਨੂੰ ਬਾਲ ਅਵਸਥਾ ਦਾ ਭਜਨ ਵੀ ਬਾਬਾ ਉਤਮ ਸਿੰਘ ਰਾਏਸਰੀਏ ਨੇ ਦਿੱਤਾ। ਮਹਾਰਾਜ ਨਿਹਾਲ ਸਿੰਘ ਜੀ ਨੂੰ ਸੰਤ ਲਾਲ ਸਿੰਘ ਲਤਾਲੀਏ ਨੇ ਦਿੱਤਾ ਸੀ।[17] ਬਾਬਾ ਜੀ ਦੀ ਯਾਦਗਾਰ ਤਬੇਲੇ ਦੀਆਂ ਵਿਸ਼ਾਲ ਕੱਚੀਆਂ ਕੰਧਾਂ ੧੯੬੭ ਈ. ਵਿਚ ਸਤਿਗੁਰੂ ਜਗਜੀਤ ਸਿੰਘ ਜੀ ਨੇ ਢੁਹਾ ਕੇ ਪੱਕੀਆਂ ਕਰਵਾ ਦਿੱਤੀਆਂ ਸਨ।

ਬਾਬਾ ਉਤਮ ਸਿੰਘ ਜੀ ਦੇ ਸੁਪੱਤਰ ਮਸਤਾਨ ਸਿੰਘ ਜੀ ਨੂੰ, ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਮੁਕਤਸਰ ਦੇ ਹੋਲੇ ਸਮੇਂ ੧੯੭੭ ਬਿ. ਮੁਤਾਬਿਕ ੧੯੨੧ ਈਸਵੀ ਵਿਚ, ਨਾਮਧਾਰੀ ਪੰਥ ਦਾ ਸੂਬਾ ਥਾਪ ਕੇ ਬਾਬਾ ਉਤਮ ਸਿੰਘ ਦੀ ਮਹਿਮਾਂ ਨੂੰ, ਹੋਰ ਵਿਸਤਾਰਿਤ ਕੀਤਾ ਸੀ। ਬਾਬਾ ਜੀ ਦਾ ਜਨਮ ਸੰਨ ਅੰਦਾਜ਼ਨ ੧੮੩੨-੩੩ ਈ. ਅਤੇ ਪਰਲੋਕ ਗਮਨ ਦਾ ਸਾਲ ੧੯੦੨ ਈ. ਹੈ। ਆਪ ਜੀ ਨੇ ਸੱਤਰ ਸਾਲ ਦੇ ਲਗਭਗ ਆਯੂ ਦੇ ਕੋਈ ਚਾਰ ਦਹਾਕੇ, ਸਤਿਗੁਰੂ ਰਾਮ ਸਿੰਘ ਜੀ ਦੁਆਰਾ ਅਰੰਭੇ, ਕੌਮੀ ਮੁਕਤੀ ਅੰਦੋਲਨ, ਕੂਕਾ ਲਹਿਰ ਨੂੰ ਸਮਰਪਿਤ ਕੀਤੇ। ਸਤਿਗੁਰੂ ਜੀ ਦੇ ਦੱਸੇ ਮਾਰਗ ਤੇ ਚੱਲਦਿਆਂ ਹਰ ਤਰ੍ਹਾਂ ਦੀਆਂ ਤੰਗੀਆਂ ਤੁਰਸ਼ੀਆਂ ਨੂੰ, ਖਿੜੇ ਮੱਥੇ ਬਰਦਾਸ਼ਤ ਕੀਤਾ। ਆਪਣੇ ਸਤਿਗੁਰੂ ਦੀ ਖੁਸ਼ੀ ਤੋਂ ਆਪਣੀ ਹਰ ਖੁਸ਼ੀ ਕੁਰਬਾਨ ਕਰਨ ਲਈ, ਅੱਠੇ ਪਹਿਰ ਤਤਪਰ ਰਹਿੰਦੇ ਸਨ। ਆਪ ਜਿਹੇ ਸੇਵਾ, ਸਿਮਰਨ, ਸਾਦਗੀ ਤਪ-ਤਿਆਗ ਅਤੇ ਕੁਰਬਾਨੀਆਂ ਦੇ ਪੁੰਜ, ਜੋ ਨਿਜੀ ਸੰਪਤੀ ਤੱਕ ਵੀ ਲੋਕ ਯੁੱਧ ਵਿਚ ਕੁਰਬਾਨ ਕਰ ਸਕਦੇ ਹਨ, ਵਿਰਲੇ ਟਾਂਵੇ ਹੀ ਹੁੰਦੇ ਹਨ। ਅੱਜ ਦੇ ਸਮੇਂ ਵਿਚ ਜਦੋਂ ਮਾਇਆ ਦੀ ਚੂਹੇ ਦੌੜ ਵਿਚ ਲੋਕ ਹਰਫਲੇ ਫਿਰਦੇ ਹਨ, ਬਾਬਾ ਜੀ ਜਿਹਾ ਬੇਗਰਜ਼ ਦੇਸ਼ ਸੇਵਕ, ਰੋਸ਼ਨ ਮੀਨਾਰ ਬਣ ਕੇ ਖੜਾ ਨਜ਼ਰ ਆਉਂਦਾ ਹੈ। ਇਬ ਬਾਬਾ ਉਤਮ ਸਿੰਘ ਜੀ ਦੇ ਵਿਚਾਰਾਂ ਦਾ ਹੀ ਪ੍ਰਭਾਵ ਸੀ ਕਿ ਪਿੰਡ ਰਾਏਸਰ, ਜਿਸਨੂੰ ਬਾਅਦ ਵਿਚ ਪਟਿਆਲਾ ਰਿਆਸਤ ਵਿਚ ਸ਼ਾਮਲ ਕਰ ਲਿਆ ਗਿਆ ਸੀ, ਸਮੇਂ ਸਮੇਂ ਚੱਲਣ ਵਾਲੀਆਂ ਸਾਰੀਆਂ ਹੀ ਲੋਕ ਲਹਿਰਾਂ ਵਿਚ ਮਹੱਤਵਪੂਰਨ ਭੂਮਿਕਾ ਨਿਬਾਹੁੰਦਾ ਤੁਰਿਆ ਆ ਰਿਹਾ ਹੈ। ਕਿਰਤੀ ਵਰਗ ਨਾਲ ਸਬੰਧਿਤ ਉੱਘਾ ਇਨਕਲਾਬੀ ਪੰਜਾਬੀ ਕਵੀ, ਸੰਤ ਰਾਮ ਉਦਾਸੀ ਵੀ ਇਸੇ ਪਿੰਡ ਦੇ

ਕੂਕਿਆਂ ਦੇ ਪਰਿਵਾਰ ਨਾਲ ਸਬੰਧਿਤ ਸੀ ਜਿਸਦੇ ਪੁਰਖਿਆਂ ਨੇ ਬਾਬਾ ਉਤਮ ਸਿੰਘ ਜੀ ਦੇ ਨਾਲ ਕੂਕਾ ਲਹਿਰ ਵਿਚ ਭਰਵਾਂ ਯੋਗਦਾਨ ਪਾਇਆ ਸੀ।

ਬਾਬਾ ਜੀ ਦਾ ਪੋਤਰਾ, ਸੂਬਾ ਮਸਤਾਨ ਸਿੰਘ ਜੀ ਦਾ ਪੁੱਤਰ ਹਰਦੇਵ ਸਿੰਘ ਇਕੱਲਾ ਹੀ ਸੀ ਜੋ ੧੯੯੫ ਈ. ਵਿਚ ਚੱਲ ਵੱਸਿਆ ਸੀ। ਅੱਜ ਕੱਲ੍ਹ ਉਹਨਾਂ ਦਾ ਵੀ ਇਕਲੌਤਾ ਪੁੱਤਰ ਬੂਟਾ ਸਿੰਘ ਪਿੰਡ ਵਿਚ ਨਿਵਾਸ ਰੱਖਦਾ ਹੈ ਅਤੇ ਨਾਮਧਾਰੀ ਪੰਥ ਨਾਲ ਪਰੰਪਰਾਗਤ ਸਾਂਝ ਨਿਬਾਹ ਰਿਹਾ ਹੈ। ਬਾਬਾ ਜੀ ਦੇ ਵਿਚਕਾਰਲੇ ਲੜਕੇ ਕਿਸ਼ਨ ਸਿੰਘ ਦਾ ਪਰਿਵਾਰ ਦੀ ਰਾਇਸਰ ਵਿਚ ਹੀ ਰਹਿੰਦਾ ਹੈ।

## ਹਵਾਲੇ ਅਤੇ ਟਿਪਣੀਆਂ

1. ਅੱਖੀਂ ਡਿੱਠਾ ਕਿੱਸਾ ਕੀਤਾ, (ਸੰ. ਸੁਵਰਨ ਸਿੰਘ ਵਿਰਕ)—ਅੰਤਿਕਾ—IV ਵਿਚ ਸੂਬਾ ਮਸਤਾਨ ਸਿੰਘ ਜੀ ਦਾ ਆਪਣੇ ਪਿਤਾ ਸ੍ਰੀ ਤੋਂ ਸੁਣਿਆ ਸੰਸਮਰਣ, ਸਫਾ ੨੬੮-੭੦
2. ਕੂਕਾਜ਼ ਆਫ ਨੋਟ ਇਨ ਦਾ ਪੰਜਾਬ (ਸੰ. ਜਸਵਿੰਦਰ ਸਿੰਘ), ਸਫਾ ੬੮-੬੯
3. ਅੱਖੀਂ ਡਿੱਠਾ ਕਿੱਸਾ ਕੀਤਾ, ਸਫਾ ੨੮੧-੭੨
4. ਉਹ, ਸਫਾ ੨੭੦-੭੧
5. ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ , (ਸੰ. ਜਸਵਿੰਦਰ ਸਿੰਘ), ਸਫਾ ੧੦੫-੦੮
6. ਉਹੀ, ਸਫਾ ੧੩੬
7. ਸਤਿਗੁਰੂ ਬਿਲਾਸ-ਭਾਗ ਪਹਿਲਾ, ਭਾਈ ਸੰਤੋਖ ਸਿੰਘ ਬਾਹੋਵਾਲ, (ਸੰ. ਜਸਵਿੰਦਰ ਸਿੰਘ), ਸਫਾ ੩੫੭
8. ਅੱਖੀਂ ਡਿੱਠਾ ਕਿੱਸਾ ਕੀਤਾ, ਸਫਾ ੨੭੨
9. ਉਹੀ ਸਫਾ ੨੭੨-੭੩
10. ਸਤਿਗੁਰੂ ਬਿਲਾਸ ਭਾਗ ਦੂਜਾ, ਭਾਈ ਸੰਤੋਖ ਸਿੰਘ ਬਾਹੋਵਾਲ (ਸੰ. ਜਸਵਿੰਦਰ ਸਿੰਘ) ਸਫਾ ੭੪-੭੫
11. ਅੱਖੀਂ ਡਿੱਠਾ ਕਿੱਸਾ ਕੀਤਾ, ਸਫਾ ੨੭੪-੭੫
12. ਲਾਲ ਏਹਿ ਰਤਨ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪਵਿੱਤਰ ਉਪਦੇਸ਼-ਭਾਗ ਦੂਜਾ, (ਸੰ. ਪ੍ਰਿ. ਬੇਅੰਤ ਕੌਰ), ੨੦-੯-੧੯੫੧ ਨੂੰ ਬੰਕੌਕ ਵਿਖੇ ਦਿੱਤਾ ਉਪਦੇਸ਼, ਸਫਾ ੨੬੯-੭੦
13. ਕੂਕਾਜ਼ ਆਫ ਨੋਟ ਇਨ ਦਾ ਪੰਜਾਬ, ਸਫਾ ੬੮-੬੯
14. ਲਾਲ ਏਹਿ ਰਤਨ- (ਸੰ. ਪ੍ਰਿ. ਬੇਅੰਤ ਕੌਰ), ਸਫਾ ੬੩, ੬੪, ੬੫
15. ਜੱਸ ਜੀਵਨ ਭਾਗ ੫, ਸੰਤ. ਤਰਨ ਸਿੰਘ ਵਹਿਮੀ, ਸਫਾ ੨੩੮-੩੯
16. ਜੱਸ ਜੀਵਨ ਭਾਗ ਪਹਿਲਾ, ਸੰਤ. ਤਰਨ ਸਿੰਘ ਵਹਿਮੀ, ਪਹਿਲੀ ਛਾਪ, ਸਫਾ ੫੭-੫੮
17. ਉਹੀ, ਸਫਾ ੫੭

# ਸਿਰਲੱਥ ਸੂਰਮਾਭਾਈ ਨਾਰਾਇਣ ਸਿੰਘ ਰੋਡੇ

ਸਾਕਾ ਮਲੇਰਕੋਟਲਾ ਅਤੇ ਸਤਿਗੁਰੂ ਰਾਮ ਸਿੰਘ ਜੀ ਦੀ ਪਰਮੁੱਖ ਸੂਬਿਆਂ ਸਮੇਤ ਪੰਜਾਬ ਤੋਂ ਜਲਾਵਤਨੀ ਤੋਂ ਬਾਅਦ, ਅੰਗਰੇਜ਼ ਸਰਕਾਰ ਨਿਸ਼ਚਿੰਤ ਨਹੀਂ ਸੀ ਹੋਈ। ਹੁਣ ਅਗਲੇ ਡੇਢ ਦਹਾਕੇ ਤੱਕ, ਉਸ ਦੀ ਵੱਡੀ ਫ਼ਿਕਰਮੰਦੀ, ਉਹ ਨਾਮਧਾਰੀ ਜਾਂ ਕੂਕੇ ਸਿੰਘ ਸਨ ਜੋ ਖਾਰੇ ਸਮੁੰਦਰਾਂ ਦੀਆਂ ਡੂੰਘਾਈਆਂ ਦੀ ਪਰਵਾਹ ਨਾ ਕਰਦਿਆਂ ਹੋਇਆਂ ਅਤੇ ਭਰੀਆਂ ਬੰਦੂਕਾਂ ਲਈ, ਘੁੰਮਦੇ ਸਿਪਾਹੀਆਂ ਦੀਆਂ ਘੋਖਵੀਆਂ ਨਜ਼ਰਾਂ ਤੋਂ ਬਚਦੇ ਬਚਾਉਂਦੇ, ਰੰਗੂਨ ਵਿਚ ਬਿਰਾਜੇ ਆਪਣੇ ਮਹਿਬੂਬ ਸਤਿਗੁਰੂ ਤੱਕ ਪੁੱਜਣ ਦੇ, ਹੀਲੇ ਵਸੀਲੇ ਬਣਾਉਂਦੇ ਰਹਿੰਦੇ ਸਨ; ਕਿਉਂਕਿ ਸਤਿਗੁਰੂ ਜੀ ਨੂੰ ਬ੍ਰਿਟਿਸ਼ ਭਾਰਤ ਵਿਚ ਅੰਗਰੇਜ਼ ਹਾਕਮ ਆਪਣੇ ਰਾਜ ਲਈ, ਸਭ ਤੋਂ ਖਤਰਨਾਕ ਵਿਅਕਤੀ, ਲਿਖ ਚੁੱਕੇ ਸਨ ਅਤੇ ਇਹੋ ਗੱਲ ਸਤਿਗੁਰੂ ਜੀ ਦੇ ਹੁਕਮਨਾਮਿਆਂ ਵਿਚ ਵੀ ਆ ਚੁੱਕੀ ਸੀ ਕਿ ਉਹਨਾਂ ਦੇ ਸਰੀਰ ਦਾ, ਫ਼ਰੰਗੀਆਂ ਨੂੰ ਕਾਲ ਵਰਗਾ ਭੈਅ ਹੈ, ਇਸ ਲਈ ਹੁਣ ਸਾਰਾ ਜ਼ੋਰ ਸਰਕਾਰ ਇਸ ਗੱਲ ਤੇ ਲਾ ਰਹੀ ਸੀ ਕਿ ਨਾਮਧਾਰੀ ਸਤਿਗੁਰੂ ਅਤੇ ਇਹਨਾਂ ਦੇ ਪੈਰੋਕਾਰਾਂ ਵਿਚਾਲੇ, ਖ਼ਤਾਂ ਪੱਤਰਾਂ ਦਾ ਸੰਪਰਕ ਸਥਾਪਿਤ ਨਾ ਹੋਣ ਦਿੱਤਾ ਜਾਵੇ। ਇਸ ਲਈ ਉਹਨਾਂ ਸਾਰੇ ਕੂਕਿਆਂ ਦੀ ਇਕ ਸੂਚੀ, ੩੧ ਦਿਸੰਬਰ ੧੮੮੦ ਨੂੰ ਸੈਂਟਰਲ ਪੁਲੀਸ ਆਫਿਸ, ਸਪੈਸ਼ਲ ਬਰਾਂਚ ਲਾਹੌਰ ਨੇ ਪ੍ਰਕਾਸ਼ਿਤ ਕਰ ਦਿੱਤੀ ਸੀ ਜਿਹਨਾਂ ਬਾਰੇ ਕਿਆਸਿਆ ਗਿਆ ਸੀ ਕਿ ਉਹ ਗੁਰੂ ਦਰਸ਼ਨਾਂ ਲਈ ਸੰਪਰਕ ਸਥਾਪਿਤ ਕਰ ਸਕਦੇ ਹਨ। ਪੰਜਾਬ ਦੇ ਹਰ ਜ਼ਿਲ੍ਹੇ ਦੇ ਪੁਲੀਸ ਕਪਤਾਨ ਨੂੰ (ਜਿੱਥੇ ਨਾਮਧਾਰੀ ਵੱਸੋਂ ਸੀ) ਇਸ ਦੀ ਇਕ ਕਾਪੀ ਭੇਜ ਕੇ ਕਿਹਾ ਗਿਆ ਸੀ ਕਿ 'ਰੀਮਾਰਕਸ' ਵਾਲੇ ਖਾਨੇ ਵਿਚ ਇਹਨਾਂ ਕੂਕਿਆਂ ਨਾਲ ਸਬੰਧਿਤ ਕੋਈ ਵੀ ਸਰਗਰਮੀ ਤੁਰੰਤ ਨੋਟ ਕੀਤੀ ਜਾਵੇ ਜਾਂ ਅਕਾਲ ਚਲਾਣਾ ਕਰਨ ਦੀ ਸੂਰਤ ਵਿਚ ਵੀ ਨੋਟ ਕਰ ਕੇ ਉਪਰਲਿਆਂ ਨੂੰ ਸੂਚਿਤ ਕੀਤਾ ਜਾਵੇ। ਕਲਕੱਤੇ ਦੇ ਪੁਲਿਸ ਕਮਿਸ਼ਨਰ ਅਤੇ ਬ੍ਰਿਟਿਸ਼ ਬਰ੍ਹਮਾ ਦੇ ਇੰਸਪੈਕਟਰ ਜਨਰਲ ਪੁਲਿਸ ਪਾਸ ਵੀ ਇਸ ਦੀ ਇਕ ਇਕ ਕਾਪੀ ਭੇਜੀ ਗਈ ਤਾਂ ਕਿ ਉਹ ਪੰਜਾਬ ਵਿਚੋਂ ਰੰਗੂਨ ਜਾਣ ਵਾਲੇ ਖ਼ਤਰਨਾਕ ਕੂਕਿਆਂ ਦੀ ਪਹਿਚਾਨ ਕਰ ਕੇ, ਉਹਨਾਂ ਨੂੰ ਅਧਵਾਟੇ ਹੀ ਰੋਕ ਸੱਕਣ। ਇਸ ਲਿਸਟ ਵਿਚ ਹੇਠਲੀਆਂ ਕਿਸਮਾਂ ਦੇ ਕੂਕਿਆਂ ਦੇ ਨਾਮ ਸ਼ਾਮਲ ਕੀਤੇ ਗਏ ਸਨ :-

ੳ) ਉਹ ਜਿਹਨਾਂ ਨੂੰ ਗਿਰਫਤਾਰ ਕੀਤਾ ਗਿਆ, ਮੁਕਦਮੇ ਚਲਾਏ ਗਏ, ਜ਼ਮਾਨਤ ਦੇਣ ਲਈ ਕਿਹਾ ਗਿਆ ਅਤੇ ਜ਼ਮਾਨਤ ਨਾ ਦੇ ਸੱਕਣ ਦੀ ਸੂਰਤ ਵਿਚ ਕੈਦ ਕੀਤੇ ਗਏ।

ਅ) ਜਿਹਨਾਂ ਨੇ ਆਪਣੀਆਂ ਜਾਇਦਾਦਾਂ (ਪੰਥਕ ਕਾਜ ਲਈ) ਵੇਚ ਦਿੱਤੀਆਂ,

ੲ) ਜਿਹੜੇ ਆਪਣੇ ਮਿਸ਼ਨ ਲਈ ਘਰ ਘਾਟ ਛੱਡ ਕੇ ਬਿਹੰਗਮ ਹੋ ਗਏ,

ਸ) ਜਿਹਨਾਂ ਨੇ ਸਤਿਗੁਰੂ ਰਾਮ ਸਿੰਘ ਦੇ ਦਰਸ਼ਨਾਂ ਲਈ ਬ੍ਰਿਟਿਸ਼ ਬਰ੍ਹਮਾ ਦੀ ਯਾਤਰਾ ਕੀਤੀ।

ਹ) ਕੁਝ ਪ੍ਰਭਾਵਸ਼ਾਲੀ ਕੂਕੇ ਜਾਂ ਸੂਬੇ।"[1]

ਇਸ ਲਿਸਟ ਦੇ ਫੀਰੋਜ਼ਪੁਰ ਜ਼ਿਲ੍ਹੇ ਵਾਲੇ ਕਾਲਮ ਵਿਚ ਪਹਿਲੇ ਨੰਬਰ ਤੇ ਹੀ ਜਿਸ ਸੱਜਣ ਦਾ ਨਾਮ ਪੜ੍ਹਨ ਨੂੰ ਮਿਲਦਾ ਹੈ, ਉਹ ਭਾਈ ਨਰਾਇਣ ਸਿੰਘ ਇਸ ਦੌਰ ਦਾ ਇਕ ਮਹੱਤਵਪੂਰਨ ਕੂਕਾ ਆਗੂ ਸੀ, ਜੋ ਆਪਣੀਆਂ ਸਰਗਰਮੀਆਂ ਕਾਰਨ, ਗੁਰੂ ਹਰੀ ਸਿੰਘ ਦੁਆਰਾ ਡੇਰਾ ਭੈਣੀ ਸਾਹਿਬ ਦਾ ਮਹੰਤ ਵੀ ਥਾਪਿਆ ਗਿਆ ਅਤੇ ਪੰਜਾਬ ਸਰਕਾਰ ਦੀਆਂ ਖੁਫ਼ੀਆ ਰੀਪੋਰਟਾਂ ਉਸਨੂੰ ਗੁਰੂ ਰਾਮ ਸਿੰਘ ਜੀ ਦੇ ਹੁਕਮਾਂ ਮੁਤਾਬਿਕ, ਗੁਰੂ ਹਰੀ ਸਿੰਘ ਦੁਆਰਾ ਸੂਬਾ ਥਾਪਣ ਦੀ ਸੂਚਨਾ ਵੀ ਦਿੰਦੀਆਂ ਹਨ। ਆਪ ਜ਼ਿੰਮੀਦਾਰ ਪਰਿਵਾਰ ਨਾਲ ਸਬੰਧਿਤ ਸਨ। ਅੱਛੇ ਪੜ੍ਹੇ ਲਿਖੇ ਸਨ। ਕਿੱਤੇ ਵਾਲੇ ਖਾਨੇ ਵਿਚ ਆਪ ਦਾ ਕੰਮ "ਗੁਰੂ ਗਰੰਥ ਸਾਹਿਬ ਦੇ ਪਾਠ ਕਰਨਾ" ਲਿਖਿਆ ਹੈ। ਪਿਤਾ ਜੀ ਦਾ ਨਾਮ ਸ. ਦੇਵਾ ਸਿੰਘ ਅਤੇ ਪਿੰਡ, ਪੰਜਾਬ ਦਾ ਇਤਿਹਾਸਕ ਪਿੰਡ ਰੋਡੇ ਸੀ, ਜੋ ਥਾਣਾ ਬਾਘਾ ਪੁਰਾਣਾ ਵਿਚ ਪੈਂਦਾ ਸੀ। ਸਰੀਰਕ ਵੇਰਵੇ ਵਿਚ ਲਿਖਿਆ ਹੈ ਕਿ ਰੰਗ ਕਣਕਵੰਨਾ ਸੀ। ਚਿਹਰੇ ਤੇ ਮਾਤਾ ਦੇ ਮਾਮੂਲੀ ਦਾਗ਼ ਸਨ। ਸੱਜੇ ਨੇਤਰ ਹੇਠਾਂ ਮਹੁਕਾ ਸੀ। ਉਪਰਲੇ ਜਬਾੜੇ ਦੇ ਦੋ ਦੰਦ ਰਤਾ ਕੂ ਅਗਾਂਹ ਨੂੰ ਵਧੇ ਸਨ। ਕੱਦ ਪੌਣੇ ਛੇ ਫੁੱਟ, ਪਤਲਾ ਸਰੀਰ ਅਤੇ ਉਮਰ ਅੰਦਾਜ਼ਨ ੩੯ ਵਰ੍ਹੇ ਲਿਖੀ ਸੀ। ਆਦਤਾਂ ਅਤੇ ਚਾਲ ਚਲਣ ਵਾਲੇ ਖਾਨੇ ਵਿਚ ਬੜੀ ਵਿਸਤਰਿਤ ਜਾਣਕਾਰੀ ਦਰਜ ਸੀ : "ਇਸ ਆਦਮੀ ਦਾ ਪਿਤਾ, ਦੇਵਾ ਸਿੰਘ ਰਿਆਸਤ ਨਾਭਾ ਦੇ ਪਿੰਡ ਦਬੜੀ ਖਾਨਾ ਦਾ ਵਸਨੀਕ ਸੀ ਜਿਸਦੇ ਤਿੰਨ ਪੁੱਤਰ ਸਨ–ਨਰਾਇਣ ਸਿੰਘ, ਜਵਾਹਰ ਸਿੰਘ ਅਤੇ ਅਤਰ ਸਿੰਘ। ਕੁਝ ਵਰ੍ਹੇ ਪਹਿਲਾਂ ਜਦੋਂ ਨਾਭੇ ਦੇ ਰਾਜੇ ਨੇ ਦਬੜੀ ਖਾਨੇ ਤੇ ਹਮਲਾ ਕਰ ਕੇ ਇਸਨੂੰ ਲੁੱਟ ਪੁੱਟ ਲਿਆ ਸੀ ਤਾਂ ਦੇਵਾ ਸਿੰਘ ਦੀ ਪਤਨੀ ਰੋਡੇ ਪਿੰਡ ਵਿਖੇ ਆ ਗਈ, ਫੀਰੋਜ਼ਪੁਰ ਜ਼ਿਲ੍ਹੇ ਵਿਚ, ਜਿੱਥੇ ਉਸਦੇ ਪਤੀ (ਦੇਵਾ ਸਿੰਘ) ਦੀ ਭੈਣ ਰਹਿੰਦੀ ਸੀ, ਇੱਥੇ ਹੀ ਉਹ ਆਪਣੇ ਤਿੰਨੇ ਪੁੱਤਰ ਨਾਲ ਲੈ ਆਈ। (ਸਾਰਿਆਂ ਤੋਂ ਛੋਟਾ) ਅਤਰ ਸਿੰਘ ਤਾਂ ਸਾਧ ਬਣ ਗਿਆ ਅਤੇ ਹੁਣ ਉਸਦੇ ਬਾਰੇ ਕੋਈ ਉਘ ਸੁੱਘ ਨਹੀਂ ਮਿਲ ਰਹੀ ਕਿ ਉਹ ਕਿੱਥੇ ਹੈ। ਜਵਾਹਰ ਸਿੰਘ ਦਬੜੀਖਾਨੇ ਵਾਪਸ ਮੁੜ ਗਿਆ ਅਤੇ ਉੱਥੇ ਹੀ ਰਹਿ ਰਿਹਾ ਹੈ। ਨਰਾਇਣ ਸਿੰਘ ਜੋ ਕਿ ਇਕ ਕੱਟੜ ਕੂਕਾ ਹੈ, ਆਪਣਾ ਸਮਾਂ ਤੁਰ ਫਿਰ ਕੇ ਅਤੇ ਧਾਰਮਿਕ ਸਮਾਗਮਾਂ ਵਿਚ ਮੱਦਦ ਕਰਕੇ ਬਿਤਾਉਂਦਾ ਹੈ। ਨਰਾਇਣ ਸਿੰਘ, ਆਪਣੇ ਹਮਨਾਮ ਮਹੰਤ ਨਰਾਇਣ ਸਿੰਘ ਰੋਡੇ ਵਾਲੇ ਨਾਲ ਬਹੁਤ ਘਿਓ ਖਿਚੜੀ ਹੈ ਅਤੇ ਆਮ ਤੌਰ ਤੇ ਉਸਦੇ ਘਰ ਹੀ ਠਹਿਰਦਾ ਹੈ। ਜੂਨ ੧੯੦੯ ਵਿਚ ਉਹਨੇ ਰੰਗੂਨ ਦੀ ਯਾਤਰਾ ਕੀਤੀ ਅਤੇ ਵਾਪਸੀ ਤੇ ੧੭ ਜੁਲਾਈ ਨੂੰ ਗਰਿਫਤਾਰ ਕੀਤਾ ਗਿਆ। ਗੁਰੂ ਰਾਮ ਸਿੰਘ ਜੀ ਦੇ ਹਸਤ ਲਿਖਤ ਕਈ ਪੱਤਰ ਉਸ ਪਾਸੋਂ ਪਕੜੇ ਗਏ ਸਨ (ਵੇਖੋ ਗੁਪਤ ਰਾਜਨੀਤਕ ਭਾਗ, ਜਿਲਦ ਪਹਿਲੀ, ਸਫ਼ਾ ੨੩੧ ਦਾ ਪੈਰ੍ਹਾ ੧੨) ਇਹ ਵੀ ਕਿਹਾ ਜਾਂਦਾ ਹੈ ਕਿ ਗੁਰੂ ਰਾਮ ਸਿੰਘ

ਜੀ ਦੇ ਆਦੇਸ਼ ਅਨੁਸਾਰ ਨਰਾਇਣ ਸਿੰਘ ਨੂੰ ਸੂਬਾ ਥਾਪਿਆ ਗਿਆ ਹੈ। (ਵੇਖੋ ਗੁਪਤ ਪੁਲੀਸ ਭਾਗ, ਜਿਲਦ ਦੋ, ਸਫਾ ੧੭੩ ਦਾ ਪੈਰ੍ਹਾ ੧੯)[2]

ਮਾਲੂਮ ਹੁੰਦਾ ਹੈ ਕਿ ਦਬੜੀਖਾਨਾ ਪਿੰਡ ਜਦੋਂ ਲੁੱਟਿਆ ਗਿਆ, ਭਾਈ ਦੇਵਾ ਸਿੰਘ ਗੁਜ਼ਰ ਚੁੱਕਾ ਸੀ ਇਸੇ ਲਈ ਉਸਦੀ ਸਿੰਘਣੀ ਚਿੜੀ ਦੇ ਬੋਟਾਂ ਜਿਉਂ ਆਪਣੇ ਯਤੀਮ ਬੱਚਿਆਂ ਨੂੰ ਹਿੱਕ ਨਾਲ ਲਾਈ ਆਪਣੀ ਨਨਾਣ ਦੇ ਪਿੰਡ ਰੋਡੇ ਆ ਗਈ ਸੀ ਤਾਂਕਿ ਅੰਗਰੇਜ਼ੀ ਰਾਜ ਵਿਚ ਰਿਆਸਤੀ ਆਤੰਕ ਤੋਂ ਕੁਝ ਰਾਹਤ ਮਿਲ ਸੱਕੇ। ਦਬੜੀਖਾਨਾ ਕਦੋਂ ਅਤੇ ਕਿਸ ਰਾਜੇ ਦੇ ਹੁਕਮ ਨਾਲ, ਕਿਉਂ ਲੁੱਟਿਆ ਗਿਆ ਇਸ ਲਈ ਇਤਿਹਾਸਕ ਵੇਰਵਿਆਂ ਦੀ ਤਫਸੀਲ ਵਿਚ ਜਾਣ ਦੀ ਲੋੜ ਹੈ ਜੋ ਮੈਨੂੰ ਉਪਲਬਧ ਨਹੀਂ ਹੋਇਆ। ਪਰ ਦਬੜੀਖਾਨੇ ਦੀ ਇਸ ਇਤਿਹਾਸਕ ਲੁੱਟ ਖਸੁੱਟ ਬਾਰੇ ਲੋਕ ਗੀਤਾਂ ਦੀਆਂ ਇਕ ਤੋਂ ਵੱਧ ਸ਼ਕਤੀਸ਼ਾਲੀ ਗਵਾਹੀਆਂ ਪ੍ਰਾਪਤ ਹਨ :-

"ਬੋਹਾ ਬੁਲਾਢਾ ਕੋਲੋ ਕੋਲੀ, ਜੋਗੇ ਕੋਲ ਭੁਲਾਣਾ।
ਫੱਤੇ ਕੋਲ ਝੁਨੀਰ ਸੁਣੀਂਦੀ, ਘੁੱਦੂ ਆਲੇ ਕੋਲ ਜਟਾਣਾ।
ਪੂਲ੍ਹਾ ਪੂਲ੍ਹੀ ਕੋਲ ਸੁਣੀਂਦੇ, ਮੁਕਸਰ ਕੋਲ ਰੁਪਾਣਾ।
ਚੰਦ ਭਾਨ ਦੇ ਭੌਂਕਣ ਕੁੱਤੇ, ਲੁੱਟਿਆ ਦਬੜੀਖਾਨਾ।
ਦੋ ਕੰਮ ਦੁਨੀਆਂ ਤੇ, ਜੰਮਣਾ ਤੇ ਮਰ ਜਾਣਾ...।'[3]

..................................................

"ਪੂਲ੍ਹਾ ਪੂਲ੍ਹੀ ਕੋਲੋ ਕੋਲੀ, ਪੂਲ੍ਹੇ ਕੋਲ ਨਥਾਣਾ
ਚੰਦ ਭਾਨ ਦੇ ਕੁੱਤੇ ਭੌਂਕਦੇ, ਲੁੱਟਿਆ ਦਬੜੀਖਾਣਾ
ਅਕਲੀਏ ਦੇ ਮੰਜੇ ਮੰਗਾ ਲੈ, ਜੈਤੋ ਆਲਾ ਠਾਣਾ
ਲਛਮਣ* ਮਹਿਮਾ ਪਾ ਦੇ ਬੋਲੀਆਂ,ਰੋਜ ਬਣਾਉਨੈ ਗਾਣਾ
ਏਸ ਪਟੋਲੇ ਨੇ, ਡਾਕ ਗੱਡੀ ਚੜ੍ਹ ਜਾਣਾ...।[4]

ਰਾਜ ਦੇ ਦਮਨਕਾਰੀ ਸਰੂਪ ਦਾ, ਬਾਲ ਅਵਸਥਾ ਵਿਚੋਂ ਯੁਵਾ ਕਾਲ ਵੱਲ ਵਧ ਰਹੇ, ਭਾਈ ਨਰਾਇਣ ਸਿੰਘ ਤੇ ਅਜੇਹਾ ਮਾਰੂ ਪ੍ਰਭਾਵ ਪਿਆ ਕਿ ਆਪਣੀ ਬਾਕੀ ਦੀ ਸਾਰੀ ਉਮਰ, ਉਹ ਰਿਆਸਤਾਂ ਅਤੇ ਉਹਨਾਂ ਦੇ ਪ੍ਰਤੀਪਾਲਕ ਅੰਗਰੇਜ਼ ਬਸਤੀਵਾਦੀਆਂ ਵਿਰੁੱਧ, ਰਣ ਤੱਤੇ ਵਿਚ ਜੂਝਣ ਦੇ ਸਮਰਪਣ ਕਰ ਬੈਠਾ ਸੀ। ਇਸੇ ਪਿੱਠਭੂਮੀ ਵਿਚ ਹੀ ਪੰਜਾਬ ਦੀ ਅੰਗਰੇਜ਼ ਬਸਤੀਵਾਦ ਵਿਰੁੱਧ ਉਭਰੀ ਪਹਿਲੀ ਮਜ਼ਬੂਤ ਲੋਕ ਲਹਿਰ, ਕੂਕਾ-ਅੰਦੋਲਨ ਵਿਚ ਭਾਈ ਨਰਾਇਣ ਸਿੰਘ ਰੋਡੇ ਦੀ ਭੂਮਿਕਾ ਨੂੰ, ਬੜੀ ਗੰਭੀਰਤਾ ਨਾਲ ਵਾਚਿਆ ਜਾ ਸਕਦਾ ਹੈ।

ਇਕ ਤੋਂ ਵੱਧ ਵਾਰ ਸਤਿਗੁਰੂ ਰਾਮ ਸਿੰਘ ਜੀ ਦੇ ਰੰਗੂਨ ਜਾਂ ਮਰਗੋਈ ਜਾ ਕੇ ਦਰਸ਼ਨ ਕਰਨ ਵਾਲਿਆਂ ਗੁਰੂ ਪਿਆਰਿਆਂ ਵਿਚ ਭਾਈ ਨਰਾਇਣ ਸਿੰਘ ਰੋਡਿਆਂ ਵਾਲੇ ਦਾ ਨਾਂ ਬੋਲਦਾ ਸੀ "ਫੇਰ ਹੋਰ ਸਿੰਘ ਚਲੇ। ਨਰੈਣ ਸਿੰਘ ਰੋਡਿਆਂ ਕਾ, ਲਾਲ ਸਿੰਘ ਗੁਮਟੀ ਵਾਲਾ ਅਤੇ ਇਸਦੀ ਸਿੰਘਨੀ ਪਰਤਾਪ ਕੌਰ। ਏਹ ਤਿੰਨੇ ਈ ਰਾਮਦਾਸਪੁਰੇ

* ਪਿੰਡ ਮਹਿਮਾ ਸੁਆਈ ਦਾ ਬੋਲੀਕਾਰ ਲਛਮਣ ਸਿੰਘ

ਗੁਰੂ ਮਹਾਰਾਜ ਜੀ (ਗੁਰੂ ਹਰੀ ਸਿੰਘ) ਕਾ ਦਰਸ਼ਨ ਕਰ ਕੇ ਗਏ। ਕਲਕਤੇ ਸੇ ਜਹਾਜ ਪਰ ਚੜ੍ਹ ਕੇ ਰੰਗੂਨ ਜਾਇ ਉਤਰੇ। ਪਰਤਾਪ ਕੌਰ ਕੋ ਭੇਜਿਆ ਦੇਖਣ ਵਾਸਤੇ। ਜਾਂ ਦੇਖੇ ਤਾਂ ਕਛਹਿਰੇ ਸੁੱਕਦੇ ਹੈਂ ਤਾਂ ਲਾਲ ਸਿੰਘ ਹੋਰਾਂ ਭੀ ਜਾਇ ਦਰਸ਼ਨ ਕੀਤਾ। ਹੁਕਮਨਾਮੇ ਮਿਲ ਗਏ, ਮੁੜ ਗਏ ਰਾਮਦਾਸਪੁਰੇ। ਗੁਰੂ ਹਰੀ ਸਿੰਘ ਜੀ ਕਾ ਦਰਸਨ ਕਰਕੇ ਸੁਖ ਸੁਨੇਹਾ ਦੇ ਕੇ ਮੁੜ ਪਿੰਡ ਨੂੰ।"[5]

"ਨਰੈਣ ਸਿੰਘ ਰੋਡਿਆਂ ਕਾ ਹੁਕਮਨਾਮੇ ਲੈ ਕੇ ਫੇਰ ਆਇਆ ਰਾਮਦਾਸਪੁਰੇ ਨੂੰ। ਬਟਨ ਨੇ ਰਸਤੇ ਮੈ ਹੁਕਮਨਾਮਾ ਆਇ ਫੜਿਆ।...ਅਦਾਲਤੀ ਨੇ ਪੁੱਛਿਆ ਤੂੰ ਹੁਕਮਨਾਮੇ ਲਿਆਇਆ ਹੈ ? ਨਰੈਣ ਸਿੰਘ ਨੇ ਕਿਹਾ ਮੇਰੇ ਗੁਰੂ ਕੀ ਉਸਤਤ ਹੈ ਮੈਂ ਆਪੇ ਲਿਖੀ ਹੈ। ਮੈਂ ਰੰਗੂਨ ਨਹੀਂ ਗਿਆ ਹਾਂ। ਹਾਕਮ ਨੇ ਛੋਡ ਦੀਆ। ਨਿੰਦਕ ਕਾ ਮੁਖ ਕਾਲਾ ਹੋਇਆ ਅੰਤਰਜਾਮੀ ਗੁਰੂ ਜੀ ਰੱਛਿਆ ਕੀਤੀ।"[6]

ਇਹ ਉਪਰ ਵਰਣਿਤ ਤਿੰਨੇ ਜਣੇ ਸਤਿਗੁਰੂ ਜੀ ਪਾਸ ਜੂਨ ੧੯੭੯ ਈ. ਵਿਚ ਰੰਗੂਨ ਗਏ ਸਨ। ਕਛਹਿਰੇ ਸੁੱਕਦੇ ਹੋਣੇ, ਸੰਕੇਤਕ ਭਾਸ਼ਾ ਹੁੰਦੀ ਸੀ ਕਿ ਹੁਣ ਸਤਿਗੁਰੂ ਜੀ ਆਉਣ ਵਾਲੇ ਸਿੰਘਾਂ ਨੂੰ ਆਪਣੇ ਬੰਗਲੇ ਵਿਚ ਦਰਸ਼ਨ ਦੇਣ ਲਈ ਤਿਆਰ ਬੈਠੇ ਹਨ। ਸਿੰਘ ਤੁਰੇ ਤੁਰੇ ਜਾਂਦੇ ਦਰਸ਼ਨ ਕਰ ਸੱਕਦੇ ਸਨ। ਆਪਣੀ ਅਰਦਾਸ ਵੱਟੇ ਨਾਲ ਬੰਨ੍ਹ ਕੇ ਅੰਦਰ ਸੁੱਟ ਸੱਕਦੇ ਸਨ ਅਤੇ ਅੰਦਰੋਂ ਸਤਿਗੁਰੂ ਜੀ ਉਹਨਾਂ ਨੂੰ ਆਪਣੇ ਹਸਤ ਕੰਵਲਾਂ ਦੁਆਰਾ ਲਿਖਤ ਹੁਕਮਨਾਮੇ ਵੀ ਇਉਂ ਹੀ ਵੱਟੇ ਨਾਲ ਬੰਨ੍ਹ ਕੇ ਬਾਹਰ ਸੁੱਟ ਦਿੰਦੇ ਸਨ। ਜਦੋਂ ਭਾਈ ਨਰਾਇਣ ਸਿੰਘ ਰੋਡੇ, ਕਾਫੀ ਹੁਕਮਨਾਮਿਆਂ ਸਮੇਤ ਆਪਣੇ ਪਿੰਡ ਰੋਡੇ ਤੋਂ ਸ੍ਰੀ ਭੈਣੀ ਸਾਹਿਬ ਨੂੰ ਜਾ ਰਹੇ ਸਨ ਤਾਂ ਜਗਰਾਉਂ ਨੂੰ ਜਾ ਰਹੇ ਲੁਧਿਆਣਾ ਦੇ ਪੁਲੀਸ ਕਪਤਾਨ, ਜੇ. ਪੀ. ਵਾਰਬਰਟਨ ਨੂੰ ਉਹ ਅਚਾਨਕ ਰਸਤੇ ਵਿਚ ਟੱਕਰ ਗਏ, ੧੮ ਜੁਲਾਈ ੧੯੭੯ ਨੂੰ। ਤਲਾਸ਼ੀ ਲੈਣ ਤੇ, ਆਪ ਪਾਸੋਂ ਸਤਿਗੁਰੂ ਜੀ ਦੇ ੨੮ ਹੁਕਮਨਾਮੇ ਵਾਰਬਰਟਨ ਦੇ ਕਾਬੂ ਆ ਗਏ। ਆਪਣੇ ਉੱਪਰਲੇ ਅਫਸਰ ਕਰਨਲ ਜੇ. ਸੀ. ਪੀ. ਬੇਲੀ ਡੀ. ਆਈ. ਜੀ. ਪੁਲੀਸ, ਅੰਬਾਲਾ ਸਰਕਲ ਨੂੰ, ਆਪਣੇ ੧੯ ਜੁਲਾਈ ਦੇ ਪੱਤਰ ਵਿਚ ਵਾਰਬਰਟਨ ਇਹ ਜਾਣਕਾਰੀ ਚਾਂਈਂ ਚਾਂਈਂ ਦੱਸ ਰਿਹਾ ਹੈ ਕਿ ਜਦੋਂ ਨਰਾਇਣ ਸਿੰਘ ਪਾਸੋਂ ਮੈਨੂੰ ਗੁਰੂ ਰਾਮ ਸਿੰਘ ਦੇ ਕਾਫੀ ਗਿਣਤੀ ਵਿਚ ਪੱਤਰ ਮਿਲ ਗਏ ਤਾਂ ਇਹਨਾਂ ਨੂੰ ਵਾਚਣ ਉਪਰੰਤ ਕੋਈ ਸ਼ੱਕ ਨਹੀਂ ਰਿਹਾ ਕਿ ਇਹ ਪੱਤਰ ਲੈ ਕੇ ਜਾਣ ਵਾਲਾ ਨਰਾਇਣ ਸਿੰਘ ਗੁਰੂ ਰਾਮ ਸਿੰਘ ਪਾਸੋਂ ਹੁਣੇ ਹੁਣੇ ਪਰਤਿਆ ਵਿਅਕਤੀ ਹੈ ਅਤੇ ਇਹ ਪੱਤਰ ਵੀ ਗੁਰੂ ਰਾਮ ਸਿੰਘ ਦੇ ਬਿਲਕੁਲ ਅਸਲੀ ਪੱਤਰ ਹਨ। "ਕੁਝ ਦਸਤਾਵੇਜ਼ ਬਹੁਤ ਮਹੱਤਵਪੂਰਨ ਹਨ। ਇਹਨਾਂ ਵਿਚ ਛਦਮ ਨਾਮ ਵਰਤੇ ਗਏ ਹਨ। ਬਗਾਵਤੀ ਸਿੱਖਿਆ, ਸਾਡੇ ਵਿਰੁੱਧ ਮੰਦ ਭਾਵਨਾਵਾਂ ਭੜਕਾਉਣ ਵਾਲੀਆਂ, ਰੂਸੀਆਂ, ਅਫਗਾਨਾਂ ਅਤੇ ਅੰਗਰੇਜ਼ਾਂ ਬਾਰੇ ਖ਼ਬਰਾਂ ਪੁੱਛੀਆਂ ਗਈਆਂ ਹਨ, ਇਹ ਜਾਣਕਾਰੀ ਮੰਗੀ ਗਈ ਹੈ ਕਿ ਇਹ ਸੱਚ ਹੈ ਕਿ ਅੰਗਰੇਜ਼ਾਂ ਨੇ ਕਾਬਲ ਵਾਲਿਆਂ ਨਾਲ ਅਮਨ ਅਮਾਨ ਕਰ ਲਿਆ ਹੈ, ਉਹਨਾਂ ਦੇ ਅਨੁਆਈਆਂ ਨੂੰ ਸਾਡੀ ਨੌਕਰੀ ਨਾ ਕਰਨ ਦੀਆਂ ਹਦਾਇਤਾਂ ਕੀਤੀਆਂ ਗਈਆਂ ਹਨ, ਇਹ ਜਾਨਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ

ਵਰਤਮਾਨ ਅਫ਼ਗਾਨ ਯੁੱਧ ਵਿਚ ਕਿੰਨੇ ਪੰਜਾਬੀ ਮਾਰੇ ਗਏ ਹਨ, ਅਤੇ ਕੀ ਉਹਨਾਂ ਮਰਨ ਵਾਲਿਆਂ ਲਈ ਚੋਖਾ ਰੋਣਾ ਧੋਣਾ, ਸਿਆਪਾ ਆਦਿ ਹੋ ਰਿਹਾ ਹੈ, ਵਿਸ਼ੇਸ਼ ਪੁੱਛ ਇਸ ਬਾਰੇ ਕੀਤੀ ਗਈ ਕਿ ਬਡ—ਤੀਰਥ ਤੇ ਕੀ ਰਾਜੇ ਪੁਜਾਰੀ ਆਦਿ ਜਾਂਦੇ ਹਨ, ਜਾਂ ਹੋਰ ਫਕੀਰਾਂ ਦੀ ਗਿਣਤੀ ਉੱਥੇ ਵਧ ਰਹੀ ਹੈ, ਅਤੇ ਕੀ ਭਵਿਖਬਾਣੀਆਂ ਦੀ ਨਕਲ ਨਰਾਇਣ ਸਿੰਘ ਉਸ ਪੋਥੀ ਵਿਚੋਂ ਕਰਕੇ ਲਿਆਇਆ ਹੈ ਜੋ ਬਡ-ਤੀਰਥ ਤਲਾਬ ਵਿਚੋਂ ਮਿਲੀ ਹੈ (ਖੁਦਾਈ ਸਮੇਂ) ਜਾਂ ਕੀ ਇਹ ਘੜੀ ਗਈ ਹੈ ਐਵੇਂ, ਇਹ ਵੀ ਪੁੱਛਿਆ ਹੈ ਕਿ ਰੂਸੀਆਂ ਅਤੇ ਅੰਗਰੇਜ਼ਾਂ ਦੀ ਅਮਨ ਸੰਧੀ ਹੋ ਗਈ ਹੈ, ਜੇ ਇਹ ਹੋ ਗਈ ਹੈ ਤਾਂ ਬੜੀ ਬਿਪਤਾ ਹੈ, ਪਰ ਇੰਜ ਹੋ ਨਹੀਂ ਸੱਕਦਾ ਕਿਉਂਕਿ ਗੁਰੂ ਦੇ ਹੁਕਮ ਮੁਤਾਬਿਕ ਲਹੌਰ ੩੪ ਸਾਲਾਂ ਦੇ ਵਿਚ ਮੁਕਤ ਹੋਣਾ ਚਾਹੀਦਾ ਹੈ (ਫਰੰਗੀਆਂ ਦੇ ਕਬਜ਼ੇ ਤੋਂ), ਇਸ ਭਾਰੀ ਭਰਕਮ ਖ਼ਤੋ ਕਿਤਾਬਤ ਵਿਚ ਜੋ ਵੱਡੇ ਛੋਟੇ, ੧੮-੧੯ ਸਫ਼ਿਆਂ ਤੇ ਫੈਲਿਆ ਹੈ ਬਹੁਤ ਉੱਘੜਵੇਂ ਮਜ਼ਮੂਨ ਬਹਿਸ ਦਾ ਵਿਸ਼ਾ ਹਨ ਅਤੇ ਕਿਉਂਕਿ ਮੈਂ ਪਹਿਲਾਂ ਵੀ (ਗੁਰੂ) ਰਾਮ ਸਿੰਘ ਦੀ ਹੱਥ ਲਿਖਤ ਵੇਖ ਚੁੱਕਿਆ ਹਾਂ ਇਸ ਲਈ ਮੈਂ ਲੋੜੋਂ ਵੱਧ ਤਸੱਲੀਬਖਸ਼ ਹਾਂ ਕਿ ਇਹ ਪੱਤਰ ਵੀ ਉਹਨਾਂ ਦੀ ਹੱਥ ਲਿਖਤ ਹਨ। ਅੱਗੇ ਚੱਲ ਕੇ ਵਾਰਬਰਟਨ ਰੰਗੂਨ ਜਿਹਲ ਦੇ ਕੈਦੀਆਂ ਦੇ ਹਸਪਤਾਲ ਵਿਚੋਂ ਦੁਆਈ ਪਰਚੀਆਂ ਵਾਲੇ ਫਾਰਮਾਂ ਅਤੇ ਕੁਝ ਠੇਕੇ ਲੈਣ ਵਾਲੇ ਰਜਿਸਟਰਾਂ ਦੇ ਵਰਕਿਆਂ ਤੇ ਲਿਖੇ ਹੁਕਮਨਾਮਿਆਂ ਨੂੰ ਠੋਸ ਸਬੂਤ ਵਜੋਂ ਵਰਤਦਾ ਹੈ ਕਿ ਇਹ ਪੱਤਰ ਕਿੱਥੋਂ ਆਏ ਹਨ।

"ਮੈਂ ਨਰਾਇਣ ਸਿੰਘ ਨੂੰ ਆਵਾਰਾਗਰਦ ਅਤੇ ਸ਼ੱਕੀ ਵਿਅਕਤੀ ਵਜੋਂ ਸੀ. ਆਰ. ਪੀ. ਸੀ. ਦੀ ਦਫਾ ੫੦੪ ਅਤੇ ੫੦੫ ਦੇ ਅਧੀਨ ਗਿਰਫਤਾਰ ਕੀਤਾ ਹੈ ਅਤੇ ਹੁਣ ਆਈ. ਜੀ. ਪੁਲੀਸ ਦੀਆਂ ਹਦਾਇਤਾਂ ਦੇ ਇੰਤਜ਼ਾਰ ਵਿਚ ਹਾਂ। ਇਸ ਦੌਰਾਨ ਮੈਂ ਨਰਾਇਣ ਸਿੰਘ ਤੋਂ ਕੁਝ ਉਗਲਵਾਉਣ ਦੀ ਕੋਸ਼ਿਸ਼ ਕਰ ਰਿਹਾ ਹਾਂ। ਜੇ ਉਹ ਅਜੇਹਾ ਕਰਦਾ ਹੈ ਤਾਂ ਕੈਸੀ ਕੀਮਤੀ ਜਾਣਕਾਰੀ ਸਾਨੂੰ ਮਿਲੇਗੀ। ਪ੍ਰੰਤੂ ਮੈਨੂੰ ਇਸ ਮੁਆਮਲੇ ਵਿਚ ਆਪਣੀ ਸਫਲਤਾ ਦੀ ਕੋਈ ਆਸ ਨਹੀਂ।... ਤਹਿਸੀਲਦਾਰ ਦੇ ਸਾਹਮਣੇ ਨਰਾਇਣ ਸਿੰਘ ਇਹ ਮੰਨਿਆ ਹੈ ਕਿ ਇਹ ਪੱਤਰ ਉਸੇ ਪਾਸੋਂ ਪਕੜੇ ਗਏ ਹਨ। ਇਸ ਤੋਂ ਵਧ ਕੋਈ ਵਿਆਖਿਆ ਜਾਂ ਜਾਣਕਾਰੀ ਸਾਨੂੰ ਦੇਣ ਤੋਂ ਉਹ ਨਾਬਰ ਹੈ। ਮੈਂ ਇਹ ਸਾਵਧਾਨੀ ਵਾਲੀਆਂ ਕਾਰਵਾਈਆਂ ਇਸ ਲਈ ਕਰ ਲਈਆਂ ਹਨ (ਤਹਿਸੀਲਦਾਰ ਸਾਹਮਣੇ ਬਿਆਨ) ਕਿ ਇਿਹਨਾਂ ਬਗਾਵਤੀ ਦਸਤਾਵੇਜ਼ਾਂ ਦੇ ਅਧਾਰ ਤੇ ਸਰਕਾਰ ਜੇ ਚਾਹੇ ਤਾਂ (ਗੁਰੂ) ਰਾਮ ਸਿੰਘ, ਜਾਂ ਨਰਾਇਣ ਸਿੰਘ ਜਾਂ ਦੋਹਾਂ ਵਿਰੁੱਧ ਮੁਕੱਦਮਾ ਚਲਾ ਸੱਕੇ।...

"ਇਹ ਨਰਾਇਣ ਸਿੰਘ ਉਹੋ ਹੈ, ਜਿਸ ਦਾ ਜ਼ਿਕਰ ਮੈਂ ੩੧ ਮਈ ੧੮੭੯ ਦੇ ਹਫਤੇ ਦੇ ਅਖੀਰ ਵਿਚ, ਆਪਣੀ ਗੁਪਤ ਡਾਇਰੀ ਵਿਚ ਕੀਤਾ ਹੈ।"[7]

ਫਿਰ ਇਹਨਾਂ ੨੮ ਪੱਤਰਾਂ ਦਾ ਅੰਗਰੇਜ਼ੀ ਵਿਚ ਅਨੁਵਾਦ ਕਰ ਕੇ ਉਪਰੋਕਤ ਪੱਤਰ ਦੇ ਨਾਲ ਹੀ ਵਾਰਬਰਟਨ ਨੇ ਇਸ ਬੇਨਤੀ ਨਾਲ ਭੇਜਿਆ ਹੈ ਕਿ ਕਿਉਂਕਿ ਇਹ ਅਨੁਵਾਦ ਉਹਨੇ ਪੰਜਾਬੀ ਤੋਂ ਬਹੁਤ ਮੁਸ਼ਕਿਲ ਨਾਲ ਕੀਤਾ ਹੈ, ਇਸ ਲਈ ਜ਼ਰੂਰੀ

ਕਾਰਵਾਈ ਬਾਦ ਅੰਗਰੇਜ਼ੀ ਵਿਚ ਅਨੁਵਾਦਿਤ ਇਹ ੨੯ ਪੱਤਰ ਉਸਨੂੰ ਮੂਲ ਰੂਪ ਵਿਚ ਵਾਪਸ ਭੇਜ ਦਿੱਤੇ ਜਾਣ।

੩੧ ਅਗਸਤ ੧੮੭੮ ਤੋਂ ੨੩ ਮਾਰਚ ੧੮੮੧ ਤੱਕ ਪੁਲੀਸ ਕਪਤਾਨ ਵਾਰਬਰਟਨ ਨੇ ਗੁਰੂ ਰਾਮ ਸਿੰਘ ਦੇ ਹੁਕਮਨਾਮਿਆਂ ਦੀਆਂ ਵੱਖ ਵੱਖ ਵਿਅਕਤੀਆਂ ਤੋਂ ਪ੍ਰਾਪਤ ਪੰਜ ਖੇਪਾਂ ਦਾ ਜ਼ਿਕਰ ਆਪਣੇ ਉਚ ਅਧਿਕਾਰੀਆਂ ਨੂੰ ਭੇਜੇ ਪੱਤਰਾਂ ਵਿਚ ਕੀਤਾ ਹੈ। ਇਸ ਕੰਮ ਲਈ ਉਸਨੇ ਸੱਤ ਰੁਪੈ ਮਹੀਨਾ ਤਨਖਾਹ ਲੈਣ ਵਾਲੇ ਈਸ਼ਰ ਸਿੰਘ ਰਵਿਦਾਸੀਆ, ਮਾਈ ਕਰਮੋ ਲੋਹ ਝੋਕਣ ਵਾਲੀ, ਠਾਕੁਰੀਆ ਆਦਿ ਮੁਖਬਰ, ਡੇਰੇ ਭੈਣੀ ਸਾਹਿਬ ਵਿਚ ਤਾਇਨਾਤ ਕੀਤੇ ਸਨ। ਇਹਨਾਂ ਮੁਖਬਰਾਂ ਦੀ ਕਾਰਗੁਜ਼ਾਰੀ ਤੋਂ ਗੁਰੂ ਹਰੀ ਸਿੰਘ ਭਲੀ ਭਾਂਤ ਪਰਿਚਿਤ ਸਨ ਪਰ ਉਹ ਆਪਣੇ ਦਿਆਲੂ ਸੁਭਾਉ ਕਾਰਨ ਇਹਨਾਂ ਨੂੰ ਵੀ ਬਰਦਾਸ਼ਤ ਕਰੀ ਆਉਂਦੇ ਸਨ।

ਜਿਹੜਾ ਹੁਕਮਨਾਮਾ ਭਾਈ ਲਾਲ ਸਿੰਘ ਗੁਮਟੀ ਅਤੇ ਨਰਾਇਣ ਸਿੰਘ ਰੋਡੇ ਦੋਹਾਂ ਨੂੰ ਸਤਿਗੁਰੂ ਜੀ ਵੱਲੋਂ ਇਕੱਠਿਆਂ ਨੂੰ ਸੰਬੋਧਿਤ ਹੈ ਉਸ ਵਿਚ ਗੁਰੂ ਅਤੇ ਸਿੱਖਾਂ ਦੇ ਰਿਸ਼ਤੇ ਦੀ ਬੜੀ ਆਤਮਿਕ ਝਲਕ ਅਤੇ ਨਿਕਟਵਰਤੀਪਣ ਦੇ ਦੀਦਾਰੇ ਹੁੰਦੇ ਹਨ। ਸਤਿਗੁਰੂ ਜੀ ਆਪਣੇ ਸਿੰਘਾਂ ਨੂੰ ਪਰਦੇਸ ਵਿਚ ਆ ਕੇ ਦਰਸ਼ਨ ਦੇਣ ਲਈ ਬਹੁਤ ਵਡਿਆਉਂਦੇ ਵੀ ਹਨ ਅਤੇ ਪੰਜਾਬ ਦੀ ਧਰਤੀ ਅਤੇ ਇਸ ਦੇ ਬਸ਼ਿੰਦਿਆਂ ਨਾਲ ਕਿਹੋ ਜਿਹਾ ਆਤਮਿਕ ਸਬੰਧ ਉਹ ਬਣਾ ਬੈਠੇ ਹਨ, ਇਸ ਦੇ ਝਲਕਾਰੇ ਵੀ ਮਿਲਦੇ ਹਨ :-

੧ਓ ਸਤਿਗੁਰ ਪ੍ਰਸਾਦਿ

"ਲਿਖਤੋ ਦਿਆਲ ਸਿੰਘ ਤੇ ਕ੍ਰਿਪਾਲ ਸਿੰਘ ਜੋਗ ਭਾਈ ਲਾਲ ਸਿੰਘ ਜੀ ਤੇ ਨਰੈਣ ਸਿੰਘ ਜੀ ਸਿਰੀ ਵਾਹਿਗੁਰੂ ਜੀ ਕੀ ਫਤੇ ਬੁਲਾਈ ਪ੍ਰਮਾਨ ਕਰਨੀ। ਹੋਰ ਬੀਬੀ ਪ੍ਰਤਾਪ ਕੌਰਿ ਨੂੰ ਰਾਮ ਸਤਿ ਬਾਚਣੀ।"

"ਹੋਰ ਭਾਈ ਤੁਸਾ ਦਾ ਧੰਨ ਜਨਮ ਹੈ ਜੋ ਏਨੀ ਦੂਰ ਸਮੁੰਦਰੋ ਪਾਰ ਆ ਕੇ ਦਰਸ਼ਨ ਦਿਤਾ, ਏਨਾ ਤਸੀਹਾ ਸਹਿਆ। ਤੁਸਾ ਤਾ ਭਾਈ ਸਿਖੀ ਬਾਲਾ ਪੂਰਾ ਕੰਮ ਕੀਤਾ, ਮੇਰੇ ਮੈ ਤੇ ਗੁਰਿਆਈ ਦਾ ਕੰਮ ਬਾਲ ਸਮਾਨ ਬੀ ਨਹੀਂ। ਹੋਰ ਭਾਈ ਤੁਸੀਂ ਤਾ ਸਾਡੀ ਦੇਹ ਪ੍ਰਾਨ ਹੋ। ਸਾਨੂ ਤਾ ਪੰਜਾਬ ਦਾ ਜੇ ਭੰਗੀ ਮਿਲਦਾ ਹੈ ਤਾਂ ਓਸਨੂੰ ਬੀ ਬਡੀ ਚਾਹ ਨਾਲ ਮਿਲਦੇ ਹਾ। ਸਾਨੂੰ ਤਾ ਪੰਜਾਬ ਦੇ ਮਾਨੁਖ ਦਾ ਦੀਦਾਰ ਹੋਣਾ ਬੀ ਬਡਾ ਦੁਰਲੰਭ ਹੈ।..

"ਜੇਹੜਾ ਬਡਾ ਗੋਰਾ ਹੈ, ਸਾਰੇ ਦੇਸ਼ਾਂ ਉਤੇ ਜਿਸਦਾ ਹੁਕਮ ਹੈ, ਓਸਦਾ ਲਿਖਾ ਹੁਕਮ ਏਥੇ ਕੰਧ ਦੇ ਨਾਲ ਲਾਇਆ ਹੈ ਜੇ ਕੋਈ ਆਦਮੀ ਏਸ ਦੇ ਨਾਲ ਬਾਤ ਕਰੇ ਤਾ ਓਸਨੂੰ ਕੈਦ ਕਰੋ, ਅਰ ਜੇ ਕੁਛ ਬਾਹਰ ਤੇ ਸਿਟੇ ਅੰਦਰ ਕੇ ਤਾ ਅੰਦਰੋ ਬਾਹਰ ਸਿਟੇ ਤਾ ਓਸਨੂੰ ਬੀ ਕੈਦ ਕਰੋ। ਅਰ ਕੋਈ ਆਦਮੀ ਨਾ ਏਥੇ ਸੌਹੇ ਖੜਾ ਹੋਣ ਦਿਓ। ਸੋ ਏ ਏਮੇ ਕਰਦੇ ਹੈ। ਪ੍ਰਮੇਸਰ ਨੇ ਏਨਾ ਦੇ ਸੰਤਰੀਆਂ ਦੇ ਮਨ ਮੈ ਨਰਮਾਈ ਪਾਈ ਹੈ, ਤਾਂ ਏਹ ਕੁਛਕ ਬਾਤ ਕਰਾਇ ਦਿੰਦੇ ਹੈਨ।...

"ਭਾਈ ਸਾਨੂੰ ਏਨਾਂ ਦੀ ਤਕੜਾਈ ਦਾ ਕੋਈ ਦੁਖ ਨਹੀਂ ਭਾਮੇ ਬੀਹ ਬੰਦੂਕਾਂ ਕੰਨੇ ਧਰੀ ਫਿਰਨ। ਇਹ ਦੁਖ ਹੈ ਜੋ ਆਪਣੇ ਸਿੰਘਾ ਸਾਥ ਮੇਲਾ ਨਹੀਂ ਹੁੰਦਾ, ਹੋਰ ਸਾਨੂੰ ਕਿਸੇ

ਦੇ ਮੇਲੇ ਦੀ ਲੋੜ ਨਹੀਂ।...ਸਾਰੀ ਬਾਤ ਦਾ ਤਾਤਪਰਜ ਏਹੁ ਹੈ ਜੋ ਜੇਕਰ ਏਸਦੀ ਅਰਦਾਸ ਜਾਇ ਰਹੀ ਮਾਝੇ ਪੰਜਾਬ ਮੈਂ ਤਾ ਏਸ ਦੇ ਆਦਮੀ ਹੈ ਅਰੁ ਏਸਦਾ ਕਹਾ ਮੰਨਦੇ ਹੈਨ ਤਾ ਏਹੁ ਆਪਣੇ ਸਿੰਘਾ ਨੂੰ ਆਖ ਕੇ ਸਾਡੇ ਲੋਕਾਂ ਦਾ ਸੂੜ ਕਰਵਾਇ ਦੇਊਗਾ। ਏਸ ਦੀ ਬਡੀ ਤਕੜਾਈ ਰਖੋ। ਏਸ ਬਾਤ ਤੇ ਏਨਾ ਨੇ ਮੇਰੀ ਬਡੀ ਤਕੜਾਈ ਰਖੀ ਹੋਈ ਹੈ।..."

"ਹੋਰੁ ਭਾਈ ਸਾਨੂੰ ਤਾਂ ਤੁਮਾਰੇ ਦਰਸਨ ਦੀ ਲੋੜ ਤੁਮਾਰੇ ਤੇ ਬਹੁਤ ਹੈ ਕਈ ਹਿਸੇ। ਕਿਸ ਕਰਕੇ ? ਥੁਆਨੂ ਤਾ ਹਮਾਰੇ ਜੈਸੇ ਸਿਖਾ ਦੇ ਦਰਸਨ ਬਹੁਤ ਹੈਨ, ਸਾਨੂੰ ਤਾਂ ਨਾਮ ਜਪਣ ਵਾਲਿਆਂ ਦਾ ਦਰਸਨ ਬਡਾ ਦੁਰਲੰਭ ਹੈ। ਜੇ ਗੁਰੂ ਕਰਾਊਗਾ ਤਾ ਭਾਈ ਸੰਗਤ ਦੇ ਈ ਦਰਸਨ ਕਰਨੇ ਹੈਨ, ਸੰਗਤ ਨੂੰ ਹੀ ਦੇਣੇ ਹੈ। ਹਮਾਰਾ ਤਾਂ ਭਾਈ ਸਾਕ ਨਾਤਾ ਸਾਧ ਸੰਗਤਿ ਈ ਹੈ। ਗੁਰੂ ਸਾਹਿਬ ਅਗੇ ਬੇਨਤੀ ਏਹੁ ਕਰਦੇ ਹਾਂ ਜੋ ਗੁਰੂ ਜੀ ਸਾਨੂੰ ਆਪਣੀ ਸੰਗਤ ਦੇ ਦਰਸਨ ਕਰਾਓ, ਅਗੇ ਜੋ ਗੁਰੂ ਨੂ ਭਾਵੇ।"

"ਭਾਈ ਅਸਚਰਜ ਖੇਲ ਹੋਇ ਰਹਾ ਹੈ। ਇਕਨਾ ਨੂ ਤੇ ਇਉ ਦਿੜਾਇ ਛਡੀ ਹੈ ਜੋ ਏਹੁ ਬਹੁਤ ਬੁਰਾ ਹੈ, ਇਕਨਾ ਨੂੰ ਏਹੁ ਦਿੜਾਇ ਛਡੀ ਹੈ ਜੋ ਏਸਦੇ ਮਿਲੇ ਤੇ ਬੜਾ ਫਾਇਦਾ ਹੈ। ਅਗੇ ਭਾਈ ਗੁਰੂ ਜਾਣੇ ਏਸ ਬਾਤ ਨੂ, ਨਾਲੇ ਨਫੇ ਟੋਟੇ ਨੂ। ਪਰ ਜੀ ਤੁਸੀਂ ਏਹੁ ਬਾਤ ਪ੍ਰਤੀਤ ਕਰਕੇ ਜਾਣਨੀ ਮੇਰੇ ਸਰੀਰ ਦਾ ਕਾਲ ਬਰਗਾ ਭੈ ਹੈ, ਪ੍ਰਮੇਸਰ ਨੇ ਪਾਇ ਛੋਡਾ ਹੈ ਏਨਾ ਨੂ। ਮੈਂ ਤਾਂ ਜੀ ਨਾ ਭੈ ਦੇਣ ਜੋਗਾ ਹਾ ਨਾ ਕੁਝ ਬਖਸ ਈ ਕਰਨ ਜੋਗਾ ਹਾਂ। ਸਭ ਕੁਛ ਗੁਰੂ ਜੀ ਦੇ ਈ ਹਥ ਮੈ ਹੈ।

"ਹੋਰ ਭਾਈ ਜੇ ਏ ਮਲੇਛ ਮਿਲਣ ਦੇਣ ਤਾ ਬਚਨ ਬਲਾਸ ਤਾ ਐਤਨੇ ਕਰੀਏ ਤੇ ਸੁਣੀਏ ਰਾਤ ਦਿਨੇ ਵੇ ਗਿਣਤ, ਪਰ ਜੀ ਪ੍ਰਮੇਸਰ ਦੀ ਮਰਜੀ ਐਸੀ ਈ ਹੈ। ਐਥੇ ਮੇਲਾ ਬੀ ਜੇ ਕੁਛ ਹੁੰਦਾ ਹੈ ਤਾਂ ਸੁਪਨੇ ਜੈਸਾ ਈ ਹੁੰਦਾ ਹੈ। ਕੁਛ ਮੇਲੇ ਦੀ ਤ੍ਰਿਪਤ ਨਹੀਂ ਹੁੰਦੀ। ਜੇ ਮੇਲਾ ਹੋਵੇ ਤਾਂ ਅਛੇ ਪ੍ਰਸਾਦਿ ਛਕਾਈਏ, ਬਹੁਤ ਬਚਨ ਪੁਛੀਏ ਸੁਣਾਈਏ। ਭਾਈ ਅਸੀ ਏਸੇ ਵਾਸਤੇ ਮਨੇ ਕਰਦੇ ਹਾਂ ਜੋ ਮੇਲਾ ਕੁਛ ਹੁੰਦਾ ਨਹੀਂ। ਆਮਣ ਜਾਣ ਦੀ ਤਕਲੀਫ ਬਡੀ ਹੈ। ਮੇਲਾ ਤਾਂ ਗੁਰੂ ਕਰਾਊ ਤਾਂ ਹੋਊ, ਨਹੀਂ ਤਾਂ ਹੁਣ ਤਾਂ ਮੇਲਾ ਕੁਛ ਨਹੀਂ। ਸਾਨੂੰ ਤਾ ਬਡੀ ਚਿੰਤਾ ਰਹਿੰਦੀ ਹੈ ਜਿਤਨਾ ਚਿਰ ਸੁਖ ਸਾਦ ਨਾਲ ਤੁਰ ਨਹੀਂ ਜਾਂਦੇ ਸਿੰਘ। ਏ ਮਲੇਛ ਬੜੇ ਨਿਰਦਏ ਹੈ। ਏਨਾ ਨੂੰ ਗੁਰੂ ਈ ਸਭਾਲੂਗਾ।"[8]

"ਬਡ ਤੀਰਥ" ਜਿਸਨੂੰ ਉਪਰੋਕਤ ਹੁਕਮਨਾਮੇ ਵਿਚ ਕਿਹਾ ਗਿਆ ਹੈ ਇਹ ਤਦੋਕੇ ਸਿਰਸਾ ਜ਼ਿਲ੍ਹਾ (ਹੁਣ ਵਾਲੇ ਫੀਰੋਜ਼ਪੁਰ ਦੇ ਅਬੋਹਰ ਇਲਾਕੇ ਦੇ ਪਾਸ) ਹਰੀਪੁਰ ਪਿੰਡ ਦੀ ਜੂਹ ਵਿਚ ਇਕ ਤਲਾਬ ਸੀ, ਜਿਸ ਦੇ ਤਲ ਦੀ ਖੁਦਾਈ ਸਮੇਂ ਅਕਤੂਬਰ ੧੯੭੬ ਵਿਚ, ਚਰਨਦਾਸ, ਉਦਾਸੀ ਫਕੀਰ ਨੂੰ ਇਕ ਲੋਹੇ ਦਾ ਪਿੰਜਰਾ ਮਿਲਿਆ। ਜੋ ਕਿ ਬਾਹਰ ਕੱਢਣ ਬਾਅਦ ਟੁਕੜੇ ਟੁਕੜੇ ਹੋ ਗਿਆ। ਇਸ ਵਿਚ ਇਕ ਪੋਥੀ ਸੀ ਜਿਹੜੀ ਬਹੁਤ ਪੁਰਾਣੀ ਅਤੇ ਨਸ਼ਟ ਹੋਣ ਦੇ ਲਾਗੇ ਚਾਗੇ ਸੀ। ਇਕ ਸੰਗਮਰਮਰ ਦਾ ਸਫੈਦ ਟੁਕੜਾ ੧੨ ਵਰਗ ਇੰਚ ਦਾ, ਜਿਸ ਤੇ ਬਾਲ ਗੁਰੂ ਨਾਨਕ ਦੇ ਚਰਨ ਉੱਕਰੇ ਹੋਏ ਸਨ। ਦੋ ਹੁਕਮਨਾਮੇ ਸਨ ਜਿਹਨਾਂ ਦਾ ਸਬੰਧ ਗੁਰੂ ਗੋਬਿੰਦ ਸਿੰਘ ਜੀ ਨਾਲ ਸੀ। ਇਹ

ਪੜ੍ਹਿਆ ਨਹੀਂ ਸੀ ਜਾਂਦਾ ਅਤੇ ਦੂਜਾ ਸਾਫ ਪੜ੍ਹਿਆ ਜਾਂਦਾ ਸੀ। ਕਿਉਂਕਿ ਗੁਰੂ ਗੋਬਿੰਦ ਸਿੰਘ ਜੀ ਦੇ ਮੁਗਲਾਂ ਨਾਲ ਜੰਗਾਂ ਸਮੇਂ, ਹਰੀਪੁਰਾ ਉਹਨਾਂ ਦੇ ਮਾਰਗ ਵਿਚ ਪੈਂਦਾ ਸੀ, ਇਸ ਲਈ ਹੁਕਮਨਾਮੇ ਦੇ ਅਸਲੀ ਹੋਣ ਬਾਰੇ ਕੋਈ ਸ਼ੱਕ ਨਹੀਂ ਸੀ। ਇਸ ਮਾਮਲੇ ਦੀ ਰੀਪੋਰਟ ਜਦੋਂ ਸਿਰਸੇ ਦੇ ਡਿਪਟੀ ਕਮਿਸ਼ਨਰ ਵੇਕਫੀਲਡ ਨੂੰ ਮਿਲੀ, ਜਿਹੜਾ ਜਾਣਦਾ ਸੀ ਕਿ ਚਰਨਦਾਸ ਉਦਾਸੀ ਫ਼ਕੀਰ ਹੈ ਅਤੇ ਹਰੀਪੁਰ ਬਿਸ਼ਨੋਈਆਂ ਦਾ ਪਿੰਡ ਹੈ, ਗੁਰੂ ਸਾਹਿਬ ਨਾਲ ਸਬੰਧਿਤ ਵਸਤਾਂ, ਸਿਰਸਾ ਦੇ ਗੁਰੂ ਗੋਬਿੰਦ ਸਿੰਘ ਜੀ ਦੇ ਗੁਰਦੁਆਰੇ ਦੇ, ਮੁੱਖ ਪੁਜਾਰੀ ਭਾਈ ਨੰਦ ਸਿੰਘ ਪਾਸ ਸੁਰੱਖਿਅਤ ਰੱਖਣ ਲਈ ਭੇਜ ਦਿੱਤੀਆਂ ਸਨ। ਇਸ ਹੁਕਮਨਾਮੇ ਵਿਚ ਕੱਤਕ ਪੁੰਨਿਆਂ ਨੂੰ ਇੱਥੇ ਹਰੀਪੁਰ ਆਉਣ ਵਾਲੇ ਹਰ ਸਿੱਖ-ਸਿੱਖਣੀ ਨੂੰ ਗੁਰੂ ਸਾਹਿਬ ਨੇ ਨਿਹਾਲ ਹੋਣ ਅਤੇ ਆਪਣੇ ਦਰਸ਼ਨਾਂ ਦਾ ਫਲ ਦੇਣ ਦਾ ਬਚਨ ਲਿਖਿਆ ਸੀ। ਕੁਝ ਸਮੇਂ ਬਾਦ ਚਰਨਦਾਸ ਸਿੰਘ ਸਜ ਗਿਆ ਅਤੇ ਇਕ ਪੋਥੀ ਉਸਨੇ ਹੋਰ ਵਸਤਾਂ ਨਾਲ ਇੱਥੇ ਲਿਆ ਕੇ, ਇਹ ਪਰਚਾਰ ਸ਼ੁਰੂ ਕੀਤਾ ਕਿ ਇਹ ਅਸਲੀ ਹਨ, ਸਿਰਸੇ ਵਿਚ ਜਾਣ ਵਾਲੀਆਂ ਨਕਲੀ ਹਨ। ਖ਼ੈਰ ਕੁਝ ਵੀ ਹੋਵੇ ਇਸ ਪੋਥੀ ਵਿਚ ਨਾਮਧਾਰੀ ਜਾਂ ਕੂਕਾ ਗੁਰੂ ਰਾਮ ਸਿੰਘ ਦੇ ਪ੍ਰਗਟ ਹੋਣ ਦੇ ਹਵਾਲੇ ਮਿਲਦੇ ਸਨ ਅਤੇ ਉਹਨਾਂ ਦੇ ਸਿੰਘਾਂ ਦੁਆਰਾ ਪਰਗਟ ਹੋ ਕੇ ਮੜ੍ਹੀਆਂ ਗੌਰਾਂ ਢਾਹੁਣ, ਗਊਆਂ ਦੀ ਰੱਖਿਆ ਲਈ ਕਾਰਵਾਈਆਂ ਅਤੇ ਸਤਿਗੁਰੂ ਜੀ ਦੇ ਪਰਦੇਸ ਜਾਣ ਦੇ ਹਵਾਲੇ ਸਨ। ਸਤਿਗੁਰੂ ਜੀ ਦੇ ਪਰਦੇਸ ਤੋਂ ਵਾਪਸ ਭੈਣੀ ਸਾਹਿਬ ਆ ਕੇ ਰਾਮ ਸਰ ਵਿਖੇ ਇਸ਼ਨਾਨ ਕਰਨ ਅਤੇ ਫਿਰ ਬਡ ਤੀਰਥ ਤੇ ਇਸ਼ਨਾਨ ਕਰਨ ਜਾਣ ਦੇ ਭਵਿੱਖ ਵਾਕ ਸਨ। ਉਪਰੋਕਤ ਚਰਨ ਦਾਸ ਨੇ ਨਵੰਬਰ ੧੮੭੬ (ਅਮੂਮਨ ਕੱਤਕ ਪੁੰਨਿਆ) ਨੂੰ ਪਹਿਲਾ ਮੇਲਾ ਬਡ ਤੀਰਥ ਵਿਖੇ ਸ਼ੁਰੂ ਕੀਤਾ। ਮੂਲ ਸਿੰਘ ਅਤੇ ਬੁੱਧ ਸਿੰਘ (ਗੁਰੂ ਹਰੀ ਸਿੰਘ) ਭੈਣੀ ਸਾਹਿਬ ਦੇ ਕੂਕਿਆਂ ਨੇ ਵੀ ਇੱਥੇ ਹੋਰ ਚਾਰ ਮੰਦਰ ਗੁਰਦੁਆਰਿਆਂ ਤੋਂ ਇਲਾਵਾ ਆਪਣਾ ਗੁਰਦੁਆਰਾ ਬਡ ਤੀਰਥ ਦੇ ਉੱਤਰ ਵੱਲ ਸਥਾਪਿਤ ਕੀਤਾ। ਸਰੋਵਰ ਤੋਂ ਇਕ ਮੀਲ ਦੀ ਵਿੱਥ ਤੇ ਨੰਦ ਸਿੰਘ ਕੂਕੇ ਨੇ ਵੀ ਇਕ ਕੱਚਾ ਗੁਰਦੁਆਰਾ ਬਣਾਇਆ, ਜਿੱਥੇ ਅੰਮ੍ਰਿਤ ਛਕਾਇਆ ਜਾਂਦਾ ਸੀ। ਸੰਨ ੧੮੭੬ ਵਾਲੇ ਪਹਿਲੇ ਮੇਲੇ ਵਿਚ ਕੂਕੇ ਸਿੰਘ ਵੱਡੀ ਗਿਣਤੀ ਵਿਚ ਆਏ। ਅਤੇ ਸੰਭਾਵਿਤ ਹੈ ਕਿ ਭਾਈ ਨਰਾਇਣ ਸਿੰਘ ਰੋਡੇ ਨੂੰ, ਉਸੇ ਸਮੇਂ ਉਪਰ ਵਰਣਿਤ ਪੋਥੀ ਦੇ ਦਰਸ਼ਨ ਹੋਏ ਹੋਣਗੇ, ਜਿਸ ਦਾ ਉਤਾਰਾ ਕਰਕੇ ਉਹ ਬਾਅਦ ਵਿਚ ਰੰਗੂਨ, ਸਤਿਗੁਰੂ ਰਾਮ ਸਿੰਘ ਜੀ ਪਾਸ ਲੈ ਗਿਆ ਸੀ, ਜਿਸ ਦਾ ਜ਼ਿਕਰ ਆਪ ਦੇ ਹੁਕਮਨਾਮਿਆਂ ਵਿਚ ਕਈ ਥਾਈਂ ਆਉਂਦਾ ਹੈ। ਇਉਂ ਅਸੀਂ ਵੇਖਦੇ ਹਾਂ ਕਿ ਭਾਈ ਨਰਾਇਣ ਸਿੰਘ ਆਪਣੇ ਪੰਥ ਦੀ ਚੜ੍ਹਦੀ ਕਲਾ ਵੇਖਣ ਦਾ ਕਿੰਨਾ ਖਾਹਸ਼ਮੰਦ ਸੀ ਅਤੇ ਅੱਜ ਤੋਂ ਸਵਾ ਡੇਢ ਸਦੀ ਪਹਿਲਾਂ ਦੇ ਵਕਤ ਵਿਚ, ਜਿਹਨਾਂ ਢੰਗ ਤਰੀਕਿਆਂ ਨਾਲ, ਪੰਥਕ ਪਰਚਾਰ ਕੀਤਾ ਜਾਂਦਾ ਸੀ ਜਾਂ ਸਖਤੀਆਂ ਦੇ ਦੌਰ ਵਿਚ ਆਪਣੀ ਸੰਗਤ ਦਾ ਹੌਂਸਲਾ ਬੰਨ੍ਹਾਈ ਰੱਖਣ ਲਈ, ਜੋ ਜੋ ਸਾਧਨ ਵਰਤਣੇ ਕਾਰਗਰ ਹੋ ਸੱਕਦੇ ਸਨ, ਉਹਨਾਂ ਵਿਚ ਭਾਈ ਰੋਡੇ ਸਿੱਧ ਹਸਤ ਸੀ।[੭]

ਇਸ ਪਹਿਲੀ ਫੇਰੀ ਤੋਂ ਤਕਰੀਬਨ ਸਾਲ ਸਵਾ ਸਾਲ ਬਾਅਦ "ਫੇਰ ਨਰੈਣ ਸਿੰਘ

ਰੋਡਿਆਂ ਕਾ ਤੇ ਮਸਤਾਨ ਸਿੰਘ ਰਾਈਆਂ (ਜ਼ਿਲ੍ਹਾ ਲੁਧਿਆਣਾ) ਕਾ ਦੋਨੋ ਗਏ ਰੰਗੂਨ ਮੇਂ! ਬਚਨ ਬਲਾਸ ਕੋਈ ਨਹੀਂ ਹੋਇਆ। ਹਾਲ ਹਵਾਲ ਦੇਖਿਆ ਸੁਣਿਆ। ਬਹੁਤ ਕਰੜਾਈ ਹੋਣ ਕਰਕੇ ਮੁੜ ਆਏ।"[10]

ਪਰੰਤੂ ਇਸ ਦੂਜੀ ਫੇਰੀ ਵਿਚ, ਜੋ ੧੮੮੦ ਈ. ਦੇ ਅੱਧ ਤੋਂ ਬਾਅਦ ਉਸ ਸਮੇਂ ਦੀ ਹੈ ਜਦੋਂ ਅੰਗਰੇਜ਼ ਸਰਕਾਰ, ਕੌਮਾਂਤਰੀ ਸਥਿਤੀ ਵਿਚ ਕੁਝ ਤਬਦੀਲੀਆਂ ਵਾਪਰਨ ਕਰਕੇ ਅਤੇ ਪੰਜਾਬ ਵਿਚ ਕੂਕੇ ਸਿੰਘਾਂ ਦੁਆਰਾ ਗੁਰਬਾਣੀ ਪਾਠ ਭੋਗ, ਵਰਨੀਆਂ, ਹਮਨ, ਚੰਡੀ ਦੀ ਵਾਰ ਦੇ ਪਾਠਾਂ ਦੇ ਭੋਗ ਆਦਿਕ ਸਰਗਰਮੀਆਂ ਵਿਚ ਉਛਾਲ ਆਇਆ ਵੇਖ ਕੇ ਅਤੇ ਪੰਜਾਬ ਤੋਂ ਦੋ ਦੋ ਦਰਜਨ ਕੂਕਿਆਂ ਦਾ, ਗਰੁੱਪ ਬਣਾ ਬਣਾ ਕੇ ਰੰਗੂਨ ਵੱਲ, ਗੁਰੂ ਦਰਸ਼ਨਾਂ ਲਈ ਪਰਵਾਹ ਚੱਲ ਪੈਣ ਕਾਰਨ, ਚਿੰਤਾਤੁਰ ਸੀ ਤਾਂ ਆਪ ਜੀ ਉਤੇ ਅਤੇ ਆਉਣ ਵਾਲੇ ਸਿੰਘਾਂ ਤੇ ਨਿਗਰਾਨੀ ਵਧਾ ਦਿੱਤੀ ਗਈ ਸੀ। ਪਰ ਬੇਸ਼ਕ ਕਿੰਨੀ ਵੀ ਸਖਤੀ ਸੀ, ਇਸ ਫੇਰੀ ਵਿਚ ਸਿੱਖ ਤਖਤਾਂ ਦੇ ਪੁਜਾਰੀਆਂ ਦੇ ਨਾਮ ਇਕ ਹੁਕਮਨਾਮਾ, ਸਤਿਗੁਰੂ ਜੀ, ਭਾਈ ਰੋਡੇ ਦੇ ਹੱਥ ਭੇਜਣ ਵਿਚ ਸਫਲ ਹੋ ਗਏ ਸਨ। ਇਸ ਹੁਕਮਨਾਮੇ ਵਿਚ ਦਸਵੇਂ ਪਾਤਸ਼ਾਹ ਦੀ ਰਹਿਤ ਮਰਿਆਦਾ ਧਾਰਨ ਕਰਨ ਵਾਲੇ ਅਤੇ ਉਹਨਾਂ ਦੇ ਹੁਕਮ ਅਨੁਸਾਰ ਹੀ ਸਜਣ ਵਾਲੇ ਨਾਮਧਾਰੀ ਸੰਤ ਖਾਲਸੇ ਦੀ ਮੁਹੰਮਦੀ ਕਲਾਮ ਪੜ੍ਹਨ ਦੀਆਂ ਮਨਘੜਤ ਊਜਾਂ ਲਾ ਕੇ ਤਕਰੀਬਨ ੧੮ ਵਰ੍ਹੇ ਪਹਿਲਾਂ, ੧੮੬੨ ਈ. ਦੀ ਦੀਪਮਾਲਾ ਸਮੇਂ, ਸ੍ਰੀ ਅੰਮ੍ਰਿਤਸਰ ਅਕਾਲ ਤਖਤ ਆਦਿ ਦੇ ਪੁਜਾਰੀਆਂ ਵਲੋਂ ਸਿੱਖੀ ਤੋਂ ਕੂਕਿਆਂ ਨੂੰ ਖਾਰਜ ਕਰਨ ਦੀਆਂ ਕਾਰਵਾਈਆਂ ਲਈ, ਉਹਨਾਂ ਨੂੰ ਮੂੰਹ ਤੋੜ ਉਤਰ ਦਿੱਤਾ ਗਿਆ ਸੀ ਅਤੇ ਸ਼ੀਸ਼ਾ ਵਿਖਾ ਕੇ ਸਿੱਧ ਕੀਤਾ ਸੀ ਕਿ ਇਹ ਸੰਤ ਖਾਲਸਾ "ਗੁਰੂ-ਪਰਮੇਸ਼ਰ" ਦੇ ਭਾਣੇ ਵਿਚ ਹੀ ਪ੍ਰਗਟ ਹੋਇਆ ਹੈ ਅਤੇ ਹੁਣ ਤਕ ਇਤਨੀਆਂ ਸਖਤੀਆਂ ਮੁਸੀਬਤਾਂ ਝਾਗ ਕੇ ਵੀ ਆਪਣੇ ਗੁਰਮਤਿ-ਮਾਰਗ ਤੇ ਗੁਰੂਭਾਣੇ ਵਿਚ ਅਡੋਲ ਖਲੋਤਾ ਹੈ ਸੋ ਜਾਂ ਤਾਂ ਹੁਣ ਤੁਸੀਂ ਸਾਰੇ ਸਿੱਖ-ਰਾਜੇ, ਮਹਾਰਾਜੇ ਸਿੰਘ ਸਭਾ, ਵੱਡੇ ਵੱਡੇ ਸ਼ਾਹੂਕਾਰ, ਬਲਧਾਰੀ ਜੋ ਅੰਗਰੇਜ਼ਾਂ ਦੇ ਸੰਗੀ ਸਾਥੀ ਹਨ ਇਹਨਾਂ "ਮਨਮੱਤੀਏ ਕੂਕਿਆਂ" ਦਾ ਖੁਰਾ ਖੋਜ ਮਿਟਾ ਦਿਉ ਤੇ ਜਾਂ ਫਿਰ ਆਪਣੀ ਗਲਤੀ ਦਾ ਪਸ਼ਚਾਤਾਪ ਕਰੋ। ਜਿੱਥੇ ਜਿੱਥੇ ਲਿਖ ਕੇ ਭੇਜਿਆ ਸੀ ਕਿ ਕੂਕੇ ਸਿੱਖ ਨਹੀਂ ਉੱਥੇ ਉੱਥੇ ਲਿਖ ਕੇ ਭੇਜੋ ਕਿ ਇਹ ਕੂਕੇ ਹੀ, ਜੋ "ਸਿੱਖੀ ਨੂੰ ਬੰਨ੍ਹ ਪਾਉਣ ਵਾਲੇ ਹਨ, ਧੰਨ ਹਨ।" ਇਸ ਹੁਕਮਨਾਮੇ ਵਿਚ ਆਪ ਫੁਰਮਾਉਂਦੇ ਹਨ :-

"ਕੂੜ ਮੈ ਫੁਰਤੀ ਚਲਾਕੀ ਤਾ ਬਡੀ ਹੈ ਪਰ ਦਮ ਨਹੀਂ ਸਚ ਬਰਾਬਰ..."

"ਸਾਰੇ ਰਾਜੇ ਸਿੰਘ ਕੂਕਿਆਂ ਦਾ ਲਹੂ ਪੀਣ ਲਾਇ ਦਿਤੇ ਹੈਨ।"

"ਅਸੀਂ ਤਾਂ ਬਾਣੀ ਗ੍ਰੰਥ ਸਾਹਿਬਾ ਦੀ ਪੜਨੀ ਹੈ ਦੋਹਾ ਦੀ ਅਰ ਮੰਤ੍ਰ ਸੋ ਪੜਣਾ ਹੈ ਜੋ ਦਸਾ ਗੁਰਾਂ ਵਿਚ ਪ੍ਰਮਾਨ ਹੋਵੇ, ਨਿਹੰਗਾ ਨਾਗਿਆ ਮੈ ਬੀ, ਸਿਖਾ ਸਾਧਾ ਮੈ ਬੀ ਪ੍ਰਮਾਨ ਹੋਵੇ।"[11]

ਪੁਜਾਰੀਆਂ ਨੂੰ ਸੰਬੋਧਿਤ ਹੁਕਮਨਾਮਾ ਨੰ. ੬੦ ਤੋਂ ਅਗਲਾ ਹੁਕਮਨਾਮਾ ਸਤਿਗੁਰੂ ਜੀ ਭਾਈ ਨਰਾਇਣ ਸਿੰਘ ਰੋਡੇ ਨੂੰ ਸੰਬੋਧਿਤ ਕਰਦੇ ਹਨ। ਇਸ ਵਿਚ ਲਿਖਦੇ ਹਨ ਕਿ

ਪੁਜਾਰੀਆਂ ਦੀਆਂ ਅਰਦਾਸਾ ਤਾਂ ਤੁਸੀਂ ਆਪਣੇ ਪਾਸ ਰੱਖਣੀਆਂ ਅਤੇ ਇਹਨਾਂ ਦਾ ਉਤਾਰਾ ਕਿਸੇ ਅੱਛੇ ਲਿਖਾਰੀ ਤੋਂ ਕਰਵਾ ਕੇ ਸੁੱਧ ਲਿਖਾ ਕੇ ਸੰਚੀ ਬਣਾ ਲੈਣੀ। "ਜੋ ਇਸ ਮੈਂ ਅਖ੍ਰ ਲਿਖੇ ਹੈ ਸੋਈ ਲਿਖਣੇ, ਬਧਿ ਘਟਿ ਨਾ ਲਿਖਣੇ। ਮੇਰੀ ਲਿਖਤ ਤੂ ਆਪਣੇ ਪਾਸ ਹੀ ਰਖੀ। ਜਿਸਨੂੰ ਤੇਰੀ ਮਰਜੀ ਹੋਵੇ ਓਸਨੂੰ ਦਿਖਾ ਦੇਈ। ਤੂ ਸਿਆਣਾ ਈ ਹੈ ਨਾ, ਤੈਨੂੰ ਕੀ ਸਮਝਾਉਣਾ ਹੈ ਬਹੁਤਾ।... ਤੂ ਆਪ ਨਾ ਲਿਖੀ ਕਿਸੇ ਲਿਖਾਰੀ ਤੋਂ ਲਿਖਾਈ ਸੋਹਣੇ ਅਖ੍ਰੀ। ਤੇਰੀ ਲਿਖਤ ਜਰਾ ਰਲੀ ਮਿਲੀ ਹੁੰਦੀ ਹੈ।

"ਏਹੁ ਬਾਤਿ ਤੈ ਅਛਾ ਕੀਤਾ ਹੈ ਵਿਆਹਿ ਆਪਣੇ ਦੀ ਬਾਤਿ ਸੁਣਾ ਦਿੱਤੀ, ਮੈ ਪੁਛਣੀ ਸੀ ਤੈਨੂੰ। ਭਾਈ ਜੀ ਇਕ ਸੁਖ ਦੀ ਕੀ ਬਾਤ ਹੈ, ਗੁਰੂ ਜੀ ਗਰੰਥ ਜੀ ਮੈ ਲਿਖਾ ਹੈ ਸੁਖਾ ਕੀ ਮਿਤਿ ਕਿਆ ਗਣੀ ਜਾ ਸਿਮਰੀ ਗੋਵਿੰਦ।

"ਹੋਰ ਕਲਪ ਵਿਰਛੁ ਨਹੀ, ਨਾਮ ਹੀ ਕਾਮਧੇਨ ਕਲਪ ਬਿਰਛ ਹੈ।.."

"ਹੋਰ ਭਾਈ ਤੂ ਜੋ ਸੀਤ ਪ੍ਰਸਾਦਿ ਦੀ ਬਾਤ ਲਿਖੀ ਹੈ, ਸੋ ਜੀ ਸੀਤ ਪ੍ਰਸਾਦੁ ਤਾ ਮੇਰਾ ਬਚਨ ਹੈ। ਜੋ ਬਚਨ ਮੰਨੇਗਾ ਓਸਕੋ ਅਨੇਕ ਸੁਖ ਹੋਣਗੇ। ਜੂਠੇ ਟੁਕੜੇ ਤੇ ਕੁਛੁ ਨਹੀ ਲਾਭ ਹੁੰਦਾ।... ਸਭ ਕੋ ਹੁਕਮੁ ਸੁਣਾ ਦੇਣਾ ਨਾ ਕੋਈ ਜੂਠਾ ਦੇਵੇ ਕਿਸੇ ਕੋ, ਨਾ ਕੋਈ ਜੂਠਾ ਖਾਵੇ ਕਿਸੇ ਦਾ।"

"ਭਾਈ ਮੈ ਤੇਰੇ ਜਿਤਨੀਆ ਹਰਿਦਾਸਾ ਨਹੀਂ ਅਗੇ ਦਿੱਤੀਆਂ ਕਿਸੇ ਨੂੰ। ਅੰਬ੍ਰਸਰ ਜੀ ਜਾ ਕੇ ਸ੍ਰਬਤ ਕੋ ਮੇਰੀ ਰਾਮਸਤਿ ਫਤੇ ਬੁਲਾਈ।"[12]

ਅੰਮ੍ਰਿਤਸਰ ਵਿਖੇ ਜਾ ਕੇ ਆਪ ਨੇ ਸਤਿਗੁਰੂ ਜੀ ਵਾਲੇ ਹੁਕਮਨਾਮੇ ਦਾ ਉਤਾਰਾ ਸਿੱਖ ਤਖਤਾਂ ਦੇ ਪੁਜਾਰੀਆਂ ਨੂੰ ਕਿਵੇਂ ਸੁਣਾਇਆ, ਇਹਦਾ ਸਟੀਕ ਵਰਣਨ, ਸਤਿਗੁਰੂ ਪਰਤਾਪ ਸਿੰਘ ਜੀ ਬਾਬਾ ਰੋਡੇ ਤੋਂ ਉਸਦੀ ਜ਼ੁਬਾਨੀ ਸੁਣ ਚੁੱਕੇ ਸਨ, ਜੋ ਉਹਨਾਂ ਦੇ ੧੯੫੩ ਵਿਚ ਬੈਂਕੌਂਕ ਵਿਖੇ ਰੀਕਾਰਡ ਹੋਏ, ਉਪਦੇਸ਼ ਵਿਚ ਇਉਂ ਦਰਜ ਹੈ "ਐਸੀ ਖੇਡ ਬਣਾਈ, ਹੁਕਮਨਾਮਾ ਲੈ ਕੇ ਇਹ ਅਕਾਲ ਤਖਤ ਗਏ। ਬਾਬੇ ਨਰਾਇਣ ਸਿੰਘ ਹੋਰਾਂ ਮੈਨੂੰ ਆਪ ਸੁਣਾਇਐ, ਕਹਿਣ ਲੱਗੇ, "ਜਿਸ ਵੇਲੇ ਉੱਥੇ ਅਸੀਂ ਗਏ, ਉਹਨਾਂ ਨੇ ਇਹ ਚਾਲ ਕੀਤੀ ਬਈ, ਤੁਹਾਡੇ ਗੁਰੂ ਦਾ ਲਿਖਿਐ, ਤੁਸੀਂ ਸੁਣਾਉ।" ਸਾਨੂੰ ਤੇ ਪੜ੍ਹਨ ਲਾ ਦਿੱਤਾ, ਕੋਤਵਾਲੀ ਨੂੰ, ਪੁਲਿਸ ਵੱਲ ਆਦਮੀ ਭੇਜ ਦਿੱਤਾ। ਅਸੀਂ ਹੁਕਮਨਾਮਾ ਪੜ੍ਹ ਕੇ, ਸੁਣਾ ਕੇ, ਲੈ ਕੇ ਹੁਕਮਨਾਮਾ ਓਥੋਂ ਤੁਰ ਆਏ। ਉਹ ਕੋਤਵਾਲੀ ਜਿਹੜਾ ਆਦਮੀ ਆਇਆ, ਉਹਨੂੰ ਦੇਰ ਲੱਗ ਗਈ। ਜਦੋਂ ਉਥੇ ਬ੍ਰਹਮ ਬੂਟੇ ਦੇ ਕੋਣੇ ਉੱਤੇ ਅਸੀਂ ਆ ਗਏ ਤੁਰ ਕੇ ਅਕਾਲ ਤਖਤੋਂ ਤੇ ਉੱਥੇ ਆ ਕੇ ਉਹ ਸਿਪਾਹੀ ਕਹਿੰਦੈ, "ਉਹ ਕਿੱਥੇ ਹੈ ਚਿੱਠੀ ਜਿਹੜੀ ਤੁਸੀਂ ਲਿਆਏ ਹੋ ?"

"ਅਸੀਂ ਆਖਿਆ, "ਅਸੀਂ ਤੇ ਉਹ ਪੁਜਾਰੀਆਂ ਨੂੰ ਦੇ ਆਏ ਹਾਂ।" ਜੇ ਕਹਿ ਦਿੰਦੇ ਹੈ, ਉਹ ਲੈ ਲੈਂਦੇ, ਨਾ ਹੁਕਮਨਾਮਾ ਰਹਿੰਦਾ ਸਾਡੇ ਕੋਲ। ਉਹ ਉਧਰ ਮੁੜ ਗਏ, ਉਹ ਨਿਕਲ ਆਏ। ਇਹ ਹੁਕਮਨਾਮਾ ਉਹ ਹੈ ਜਿਹੜਾ ਪੁਜਾਰੀਆਂ ਨੂੰ ਸਤਿਗੁਰਾਂ ਨੇ ਲਿਖਿਆ ਕਿ ਤੁਸਾਂ ਆਹ ਕੁਝ ਕੀਤਾ ਹੈ।"[13]

ਜਦੋਂ ੧੯ ਸਿਤੰਬਰ ੧੯੯੦ ਈ. ਨੂੰ 'ਅਨੰਦ' ਨਾਮ ਦੇ ਜਹਾਜ਼ ਤੇ ਚੜ੍ਹਾ ਕੇ,

ਸਤਿਗੁਰੂ ਰਾਮ ਸਿੰਘ ਜੀ ਦਾ ਪੰਜਾਬ ਵਿਚਲੇ ਸਿੰਘਾਂ ਨਾਲੋਂ ਖ਼ਤ ਪੱਤਰੀ ਸਬੰਧ ਵਿਛੇਦ ਕਰਨ ਲਈ, ੨੧ ਸਿਤੰਬਰ ਨੂੰ ਮਰਗੋਈ ਟਾਪੂ ਵਿਚ ਲੈ ਜਾਂਦੇ ਹਨ ਤਾਂ ਗੁਰੂ ਹਰੀ ਸਿੰਘ ਜੀ ਨੂੰ ਸਤਿਗੁਰੂ ਜੀ ਦੇ ਨਵੇਂ ਥਾਂ ਟਿਕਾਣੇ ਬਾਰੇ ਚਿੰਤਾ ਹੋਈ। ਬਾਹੋਵਾਲ ਜੀ ਲਿਖਦੇ ਹਨ:–

"ਗੁਰੂ ਹਰੀ ਸਿੰਘ ਜੀ ਬਚਨ ਕੀਤਾ ਕਿ ਨਰੈਣ ਸਿੰਘ ਨੂੰ ਸਦੋ ਰੋਡਿਆਂ ਥੀ। ਨਰੈਣ ਸਿੰਘ ਨੂੰ ਸੱਦਿਆ ਤੇ ਗੁਰੂ ਜੀ ਬਚਨ ਕੀਤਾ, "ਭਾਈ ਸ੍ਰੀ ਸਤਿਗੁਰੂ ਜੀ ਕੀ ਖ਼ਵਰ ਲੈ ਆਓ, ਰੰਗੂਨ ਤੋਂ ਕਿੱਥੇ ਲੈ ਗਏ ਹੈਂ। ਨਰੈਣ ਸਿੰਘ ਨੇ ਅਰਜ਼ ਕੀਤੀ ਮੀਹਾਂ ਸਿੰਘ ਮੇਰੇ ਨਾਲ ਦੇਵੋ। ਦੋ ਸਰੀਰ ਅੱਛੇ ਹੁੰਦੇ ਹੈ। ਉਸੀ ਵਕਤ ਮੀਹਾਂ ਸਿੰਘ ਕੋ ਚਿਠੀ ਭੇਜੀ ਕਿ ਤੂੰ ਰਾਮਦਾਸਪੁਰੇ ਆਵੋ ਕੰਮ ਹੈ।"[14]

ਗੁਰੂ ਹਰੀ ਸਿੰਘ ਜੀ ਦਾ ਮੁੱਖ ਉਦੇਸ਼ ਰੂਸ ਸਰਕਾਰ ਵਾਲਾ ਪੱਤਰ ਜੋ ਚੱਕ ਰਾਮਦਾਸ ਵਾਲਾ ਸੂਬਾ ਗੁਰਚਰਨ ਸਿੰਘ ਲੈ ਕੇ ਆਇਆ ਸੀ, ਉਹ ਸਤਿਗੁਰੂ ਜੀ ਤੱਕ ਪੁਚਾਉਣਾ ਸੀ। ਇਸ ਕਾਰਜ ਵਿਚ ਇਹ ਦੋਵੇਂ ਸਿੰਘ ਸਫਲ ਹੋਏ। ਭਾਈ ਮੀਹਾਂ ਸਿੰਘ ਜਿਸ ਤਰ੍ਹਾਂ ਜੰਗਲਾ ਟੱਪ ਕੇ ਅੰਦਰ ਗਏ ਸਤਿਗੁਰੂ ਜੀ ਵਾਲੇ ਬੰਗਲੇ ਵਿਚ ਮਰਗੋਈ ਟਾਪੂ ਵਿਖੇ ਉਹਦਾ ਜ਼ਿਕਰ ਭਾਈ ਮੀਹਾਂ ਸਿੰਘ ਵਾਲੇ ਲੇਖ ਵਿਚ ਆ ਚੁੱਕਾ ਹੈ। ਪੱਤਰ ਸਤਿਗੁਰੂ ਜੀ ਤੱਕ ਪੁੱਜ ਗਿਆ। ਮੀਹਾਂ ਸਿੰਘ ਨੇ ਅਗਲੇ ਭਲਕ ਸਤਿਗੁਰੂ ਜੀ ਵਾਲੇ ਬੰਗਲੇ ਵਿਚੋਂ ਪਕੜੇ ਜਾਣ ਸਮੇਂ ਅਧਿਕਾਰੀਆਂ ਦੇ ਸਾਂਹਵੇ ਇਹ ਬਿਆਨ ਦਿੱਤਾ ਸੀ ਕਿ ਨਰੈਣ ਸਿੰਘ "ਕਲਕੱਤੇ ਸੇ ਮੇਰੇ ਨਾਲ ਚੜਿਆ ਸੀ। ਇਸ ਵਾਸਤੇ ਨਰੈਣ ਸਿੰਘ ਕੋ ਛੋਡ ਦੀਆ।"[15] ਨਰਾਇਣ ਸਿੰਘ ਤਿੰਨਾਂ ਸੂਬਿਆਂ ਜੋ ਮੌਲਮੀਨ ਵਿਖੇ ਕੈਦ ਸਨ, ਬਾਬਾ ਜਵਾਹਰ ਸਿੰਘ, ਬਾਬਾ ਬ੍ਰਹਮਾ ਸਿੰਘ ਅਤੇ ਬਾਬਾ ਲੱਖਾ ਸਿੰਘ ਦਾ ਦਰਸ਼ਨ ਵੀ ਕਰ ਆਇਆ ਸੀ। ਨਰਾਇਣ ਸਿੰਘ ਨੂੰ ਸਿੱਧਾ ਜਹਾਜ਼ ਤੇ ਚੜ੍ਹਾ ਕੇ ਕਲਕੱਤੇ ਅਤੇ ਉੱਥੋਂ ਪੁਲੀਸ ਦੀ ਨਿਗਰਾਨੀ ਹੇਠ ਅੰਬਾਲੇ ਵਾਲੀ ਗੱਡੀ ਵਿਚ ਬੈਠਾ ਦਿੱਤਾ ਗਿਆ ਸੀ। ਇਹਨਾਂ ਦੋਹਾਂ ਨੇ ਜਨਵਰੀ ੧੮੮੧ ਈ. ਦੇ ਆਖਰੀ ਦਿਨਾਂ ਵਿਚ ਸਤਿਗੁਰੂ ਜੀ ਦੇ ਮਰਗੋਈ ਦਰਸ਼ਨ ਕੀਤੇ ਸਨ। ਸਰਕਾਰੀ ਰੀਕਾਰਡ ਵਿਚ ਮੀਹਾਂ ਸਿੰਘ ਦੇ ਨਾਲ ਗਏ ਦੂਸਰੇ ਸਿੰਘ ਦਾ ਨਾਮ ਸੰਤ ਸਿੰਘ ਪੁੱਤਰ ਦਲ ਸਿੰਘ ਵਾਸੀ ਸਿਰਹਾਲੀ ਉਮਰ ੩੫ ਸਾਲ ਲਿਖੀ ਹੈ। ਦਰਅਸਲ ਨਰਾਇਣ ਸਿੰਘ ਆਪਣੇ ਆਪ ਨੂੰ ਪੰਜਾਬ ਪੁਲੀਸ ਦੀਆਂ ਨਜ਼ਰਾਂ ਵਿਚ ਮਸ਼ਕੂਕ ਸਮਝੇ ਜਾਣ ਕਾਰਨ ਹੀ, ਆਪਣਾ ਨਾਮ ਸੰਤ ਸਿੰਘ ਵਾਸੀ ਸਿਰਹਾਲੀ ਦੱਸਦਾ ਹੈ। ਲੇਖਕ ਦੇ ਦਾਦਾ, ਸੰਤ ਜਿਊਣ ਸਿੰਘ ਝੱਬਰ, ੧੮੮੧ ਵਿਚ ਮਰਗੋਈ ਤੋਂ ਮੀਹਾਂ ਸਿੰਘ ਦੇ ਪਰਤਣ ਬਾਅਦ, ਪੂਰੇ ਛੇ ਮਹੀਨੇ ਉਸ ਦੀ ਸੰਗਤ ਵਿਚ ਰਹੇ ਸਨ। ਸੋ ਪਿਤਾ-ਪੁਰਖੀ ਸਰੋਤਾਂ ਮੁਤਾਬਿਕ ਅਤੇ ਬਾਹੋਵਾਲ ਜੀ ਦੀ ਅਕੱਟ ਗਵਾਹੀ ਦੇ ਹੁੰਦਿਆਂ, ਸਾਨੂੰ ਇਹ ਮੰਨਣ ਵਿਚ ਕੋਈ ਝਿਜਕ ਨਹੀਂ ਕਿ ਮੀਹਾਂ ਸਿੰਘ ਸਿਰਹਾਲੀ ਨਾਲ, ਇਸ ਗੇੜੇ, ਭਾਈ ਨਰਾਇਣ ਸਿੰਘ ਰੋਡੇ ਹੀ ਸੀ। ਇਹ ਦੋਵੇਂ ਗੁਰੂ ਪਿਆਰੇ, ਤਿੰਨ ਤਿੰਨ ਵਾਰ ਪਰਦੇਸ ਵਿਚ ਗੁਰੂ ਦਰਸ਼ਨਾਂ ਦਾ ਲਾਹਾ ਖੱਟ ਚੁੱਕੇ ਸਨ।

ਸੰਨ ੧੯੦੫ ਈ. ਵਿਚ ਗੁਰੂ ਹਰੀ ਸਿੰਘ ਜੀ ਨੇ ਭਾਈ ਨਰਾਇਣ ਸਿੰਘ ਨੂੰ

ਲਾਹੌਰ ਭੇਜਿਆ ਕਿ ਪੰਜਾਬ ਸਰਕਾਰ ਨੂੰ ਸਤਿਗੁਰੂ ਰਾਮ ਸਿੰਘ ਬਾਰੇ ਅਰਜ਼ੀ ਦੇ ਕੇ ਉਹਨਾਂ ਦੇ ਕਿੱਥੇ ਹੈਨ ਬਾਰੇ ਪੁੱਛ ਪੜਤਾਲ ਕਰੋ। ਕਿਉਂ ਜੁ ਮ੍ਰਿਤੂ ਵਾਲਾ ਸਰਕਾਰੀ ਬਿਆਨ ਸਾਡੀ ਤਸੱਲੀ ਨਹੀਂ ਕਰਵਾਉਂਦਾ ਅਤੇ ਨਾ ਹੀ ਉਹਨਾਂ ਦੇ ਬਸਤਰ, ਪੂਜਾ ਪਾਠ ਵਾਲੀਆਂ ਪੋਥੀਆਂ, ਮਾਲਾ, ਗੜਵਾ ਪਊਏ ਸਾਡੇ ਤੱਕ ਪੁੱਜੇ ਹਨ। ਉਹਨਾਂ ਦੇ ਨਾਲ ਗਏ ਪੰਜ ਸੂਬੇ ਉਧਰ ਚਲਾਣਾ ਕਰ ਗਏ ਹਨ ਅਤੇ ਪੰਜ ਪਾਬੰਦੀਆਂ ਲਾ ਕੇ (ਛੇਵੇਂ ਮੰਗਲ ਸਿੰਘ ਸਰਦਾਰ ਸਮੇਤ) ੧੮੭੩, ੧੮੮੭ ਅਤੇ ੧੮੮੮ ਈ. ਵਿਚ ਪੰਜਾਬ ਵਾਪਸ ਭੇਜ ਦਿੱਤੇ ਗਏ ਸਨ। ਲਾਹੌਰ ਵਿਖੇ ਨਰਾਇਣ ਸਿੰਘ ਨੂੰ ਲੁਧਿਆਣੇ ਜ਼ਿਲ੍ਹੇ ਵਿਚ ਜਾ ਕੇ ਅਰਜ਼ੀ ਦੇਣ ਲਈ ਕਿਹਾ ਗਿਆ। ਫਿਰ ਉਸਨੇ ਇਕ ਅੰਗਰੇਜ਼ ਵਕੀਲ ਨਾਲ ਇਸ ਬਾਬਤ ਮਸ਼ਵਰਾ ਕੀਤਾ। ਉਸਨੇ ੧੧੦੦ ਰੁਪੈ ਫੀਸ ਲੈ ਕੇ ਕਾਰਵਾਈ ਕਰਨ ਲਈ ਕਿਹਾ। ਭਾਈ ਰੋਡੇ ਨੇ ਗੁਰੂ ਹਰੀ ਸਿੰਘ ਜੀ ਨੂੰ ਸਾਰਾ ਵੇਰਵਾ ਦੱਸਿਆ ਜਿਸ ਤੇ "ਬਚਨ ਹੋਇਆ ਸਤਿਗੁਰੂ ਜੀ ਤੇ ਤਦ ਆਉਣਗੇ ਜਦ ਉਹਨਾਂ ਦਾ ਹੁਕਮ ਹੈ–ਸੰਭਰ ਸੂਰੀ ਹੋਈ ਤੇ ਆਵਾਂਗੇ, ਸੋ ਰੂਸਾਂ ਨੂੰ ਉਡੀਕਦੇ ਹਾਂ। ਲੰਗਰ ਵਿਚੋਂ ਕੱਢ ਕੇ ਗਿਆਰਾਂ ਸੌ ਰੁਪਯਾ ਕਾਹਨੂੰ ਦੇਣਾ ਹੈ ਐਵੇਂ ਮਲੇਛਾਂ ਕੀ ਪੂਜਾ। ਆਪੇ ਆਵਣਗੇ ਜਿਵੇਂ ਬਚਨ ਕੀਤੇ ਹੋਏ ਹੈਨ ਤਿਵੇਂ ਹੋਵਨਗੇ। ਫਰੰਗੀ ਕੀ ਅਤੇ ਰਾਜਿਆਂ ਕੀ...ਜੜਾਂ ਪੁੱਟ ਕੇ ਆਵਣਗੇ।"[16]

੧੯੦੪ ਈ. ਵਿਚ ਗੁਰੂ ਹਰੀ ਸਿੰਘ ਜੀ ਨੇ ਗੁਰੂ ਚੱਕ (ਸਿਆਲਕੋਟ) ਵਿਚ ਹੋਲੇ ਤੇ ਦਰਸ਼ਨ ਦਿੱਤੇ ਸਨ। ਮਨਜ਼ੂਰੀ ਲਈ ਭਾਈ ਨਰਾਇਣ ਸਿੰਘ ਅੰਮ੍ਰਿਤਸਰ ਜ਼ਿਲੇ ਦੇ ਹਾਕਮ ਪਾਸ ਗਿਆ। "ਫਰੰਗੀ ਨੇ ਕਹਾ ਛੇ ਵਜੇ ਆਓ। ਉਸਨੇ ਕਹਾ ਛੇ ਵਜੇ ਦੀਵਾਨ ਕਾ ਵੇਲਾ ਹੁੰਦਾ ਹੈ। ਫਰੰਗੀ ਨੇ ਕਹਾ ਦਸ ਵਜੇ ਸਵੇਰੇ ਆਓ।" ਫਿਰ ਭਾਈ ਨਰਾਇਣ ਸਿੰਘ, ਅੰਮ੍ਰਿਤਸਰ, ਲਾਹੌਰ, ਸਿਆਲਕੋਟ ਤਿੰਨਾਂ ਜ਼ਿਲ੍ਹਿਆਂ ਦੀ ਛੁੱਟੀ ਲੈ ਆਇਆ। ਭਾਈ ਜੀ ਦੇ ਨਿਝੱਕ ਸੁਭਾਉ ਦਾ ਪਤਾ ਲੱਗਦਾ ਹੈ ਕਿ ਦੀਵਾਨ ਛੱਡ ਕੇ ਤੇਰੇ ਪਾਸ ਕਿਵੇਂ ਆਈਏ।

ਆਪਣੇ ਆਖਰੀ ਸਮੇਂ ਵਿਚ ਮਾਈ ਅਤਰੀ ਮਾਈਸਰ ਖਾਨੇ ਵਾਲੀ ਵਾਧੇ ਕਰਨ ਤੇ ਉਤਰ ਆਈ। ਭੈਣੀ ਸਾਹਿਬ ਡੇਰੇ ਵਿਚ ਆਈ ੧੯੦੪ ਈ. ਵਿਚ ਤਾਂ ਗੁਰੂ ਹਰੀ ਸਿੰਘ ਜੀ ਨੇ ਉਸਨੂੰ ਕਿਹਾ, "ਤੇਲੀ ਦਾ ਖਿਆਲ ਛੱਡ ਦੇ ਅਤੇ ਰਾਮਦਾਸਪੁਰੇ ਆਇ ਜਾ। ਫੇਰ ਲੁਧਿਆਣੇ ਜਾਇ ਅਰਜ਼ੀ ਦਿੱਤੀ ਅਤਰੀ ਨੇ ਕਿ ਮੈਨੂੰ ਮਾਰਨ ਆਇ ਪਏ ਹੈ। ਗੁਰੂ ਜੀ ਕਾ ਨਾਮ ਤੇ ਜਿਊਣ ਕੌਰ, ਤੇ ਨਰੈਣ ਸਿੰਘ ਤੇ ਸੇਵਾ ਸਿੰਘ ਮੈਨੂੰ ਮਾਰਿਆ ਹੈ। ਤਰੀਕ ਪਰ ਗੁਰੂ ਜੀ ਲੁਧਿਆਣੇ ਗਏ। ਅਤਰੀ ਤਰੀਕ ਪਰ ਹਾਜ਼ਰ ਨਾ ਹੋਈ ਤਾਂ ਅਰਜ਼ੀ ਖਾਰਜ ਹੋਈ।"[17]

ਗੁਰੂ ਹਰੀ ਸਿੰਘ ਜੀ ੧੭ ਮਈ ੧੯੦੬ ਈ. ਨੂੰ ਆਪਣੀ ਦੇਹ ਦਾ ਓਹਲਾ ਸ੍ਰੀ ਭੈਣੀ ਸਾਹਿਬ ਵਿਖੇ ਕਰ ਗਏ ਸਨ। ਭਾਈ ਰੋਡੇ ਆਖਰੀ ਸਮੇਂ ਵਿਚ ਹਮੇਸ਼ਾਂ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਰਹਿਣ ਵਾਲਾ ਸਿੰਘ ਸੀ। ਚੜ੍ਹਾਈ ਤੋਂ ਸੱਤ ਦਿਨ ਪਹਿਲਾਂ ਉਸ ਨੂੰ ਗੁਰੂ ਜੀ ਨੇ ਆਪਣੇ ਅੰਤਿਮ ਸਮੇਂ ਬਾਰੇ ਦੱਸ ਦਿੱਤਾ ਸੀ। ਉਸ ਦਾ ਮਨ ਵੈਰਾਗ ਵਿਚ

ਆ ਗਿਆ। ਸਰੀਰ ਕਮਜ਼ੋਰ ਹੋਣ ਲੱਗ ਪਿਆ। ਮਾਤਾ ਜਿਊਣ ਕੌਰ ਜੀ ਨੇ ਪੁੱਛਣਾ, "ਭਾਈ ਜੀ ਪਰੇਸ਼ਾਨ ਕਿਉਂ ਰਹਿੰਦੇ ਹੋ।" ਭਾਈ ਜੀ ਨੇ ਡੂੰਘੀ ਚੁੱਪ ਧਾਰਨ ਕਰ ਲੈਣੀ। ਸਤਿਗੁਰੂ ਜੀ ਦੇ ਪ੍ਰਲੋਕਗਮਨ ਬਾਅਦ ਹੀ ਇਸ ਬਚਨ ਦਾ ਭੇਦ ਖੁੱਲ੍ਹਿਆ। ਗੁਰੂ ਜੀ ਦਾ ਸਰੀਰ ਸ਼ਾਂਤ ਹੋਣ ਬਾਅਦ ਜ਼ਿਲ੍ਹਾ ਅਧਿਕਾਰੀ ਡੇਰੇ ਵਿਚ ਆਇਆ। ਸਤਿਗੁਰੂ ਜੀ ਦੇ ਉੱਤਰਾ ਅਧਿਕਾਰੀ ਬਾਰੇ ਪੁੱਛ ਗਿੱਛ ਕੀਤੀ। "ਪੁੱਛਣੇ ਲਗਾ ਤੁਮ ਗੱਦੀ ਕਿਸ ਕੋ ਦੇਣਾ ਚਾਹੁੰਦੇ ਹੋ। ਨਰੈਣ ਸਿੰਘ ਮਹੰਤ ਨੇ ਕਹਿਆ ਸਤਿਗੁਰੂ ਜੀ ਪ੍ਰਤਾਪ ਸਿੰਘ ਸਾਹਿਬਜ਼ਾਦੇ ਕੋ ਕਹਿ ਗਏ ਹਨ। ਸੰਗਤ ਨੇ ਭੀ ਏਨਾਂ ਕੋ ਦਈ ਹੈ ਗੱਦੀ।"[18]

ਕਿਉਂਕਿ ਜ਼ਿਲ੍ਹਾ ਅਧਿਕਾਰੀ ਮੁਤਾਬਿਕ ਤਿੰਨੇ 'ਸਾਹਿਬਜ਼ਾਦੇ ਨਿਦਾਨ' ਸਨ, ਮਾਈ ਜਿਊਣ ਕੌਰ ਨੇ ਕਚੈਹਰੀ ਤਾਂ ਨਹੀਂ ਜਾਣਾ ਹੈ। ਸੇਵਾ ਸਿੰਘ ਨੇ ਕਹਿਆ ਕਿ ਮੈਂ ਜਾਊਂਗਾ ਸਰਕਾਰੇ ਜਿੱਥੇ ਜਾਣਾ ਹੈ। ਇਹ ਭੀ ਕਹਿਆ ਨਰੈਣ ਸਿੰਘ ਜੋ ਹੈ ਕਾਰ ਮੁਖਤਾਰ ਹੈ। ਜ਼ਿਲ੍ਹੇ ਨੇ ਕਹਾ ਜੇਕਰ ਮਿਲ ਕਰ ਰਹੋਗੇ ਤਾਂ ਅੱਛੀ ਬਾਤ ਹੈ।"

ਸਤਿਗੁਰੂ ਜੀ ਦੇ ਜੋਤੀ ਜੋਤਿ ਸਮਾਉਣ ਤੋਂ "ਤੀਜੇ ਦਿਨ, ਸਤਿਗੁਰੂ ਹਰੀ ਸਿੰਘ ਜੀ ਕੇ ਚੁਬਾਰੇ ਮੈ ਬੀਰ ਸਿੰਘ, ਨਰੈਣ ਸਿੰਘ ਰੋਡੇ, ਗੁਰਦਿੱਤ ਸਿੰਘ, ਹਜ਼ਾਰਾ ਸਿੰਘ ਅਰ ਮਾਈ ਜਿਊਣ ਕੌਰ ਸਭ ਨੇ ਅਰਦਾਸ ਕਰ ਸਤਿਗੁਰੂ ਪ੍ਰਤਾਪ ਸਿੰਘ ਜੀ ਕੋ ਦਸਤਾਰ ਬੰਧਾਈ।"[19]

ਗੁਰੂ ਹਰੀ ਸਿੰਘ ਜੀ ਨੇ ਬਾਬਾ ਦਰਬਾਰਾ ਸਿੰਘ ਦੇ ਅਕਾਲ ਚਲਾਣੇ ਬਾਦ ਆਪਣਾ ਕਾਰ-ਮੁਖਤਾਰ ਭਾਈ ਰੋਡੇ ਨੂੰ ਥਾਪ ਦਿੱਤਾ ਸੀ। ਆਪਣੇ ਜੀਵਨ ਵਿਚ ਉਹਨਾਂ ਨੂੰ ਵੱਖ ਵੱਖ ਢੰਗ ਤਰੀਕਿਆਂ ਨਾਲ, ਨਾਮਧਾਰੀ ਪੰਥ ਦੀ ਸੇਵਾ ਅਤੇ ਗੁਰੂ ਰਾਮ ਸਿੰਘ ਜੀ ਦੇ ਮਿਸ਼ਨ-ਫਰੰਗੀ ਸਰਕਾਰ ਦੀਆਂ ਸਫਾਂ ਵਲ੍ਹੇਟਣ ਵਾਲੀਆਂ ਕਾਰਵਾਈਆਂ ਕਰਨ ਦੇ, ਮੌਕੇ ਮਿਲਦੇ ਰਹੇ। ਉਹ ਅੱਠੇ ਪਹਿਰ ਤਿਆਰ-ਬਰ-ਤਿਆਰ, ਗੁਰੂ ਜੀ ਦੇ ਹਰ ਹੁਕਮ ਨੂੰ ਤਨਦੇਹੀ ਨਾਲ ਵਜਾਉਣ ਵਾਲਾ, ਲੰਮੇ ਪੈਂਡਿਆਂ, ਸਫਰ ਦੀਆਂ ਮੁਸੀਬਤਾਂ ਜਾਂ ਹਰ ਤਰ੍ਹਾਂ ਦੇ ਸਰਕਾਰੀ ਅਤੇ ਪੰਥ ਦੋਖੀਆਂ ਦੇ ਦਬਾਵਾਂ ਦਾ, ਫੌਲਾਦੀ ਜਿਗਰੇ ਨਾਲ ਮੁਕਾਬਲਾ ਕਰਨ ਵਾਲਾ ਗੁਰੂ ਕਾ ਸਿੰਘ ਸੀ। ਨਾਮਧਾਰੀ ਇਤਿਹਾਸ ਵਿਚ ਉਸਦਾ ਸਥਾਨ, ਸੂਬਾ ਬਿਸ਼ਨ ਸਿੰਘ ਕਾਬਲਵਾਲਾ, ਭਾਈ ਕਿਸ਼ਨ ਸਿੰਘ ਗ੍ਰੰਥ ਗੜ੍ਹ, ਸੂਬਾ ਗੁਰਚਰਨ ਸਿੰਘ ਚੱਕ ਰਾਮਦਾਸ, ਬਾਬਾ ਮੀਹਾਂ ਸਿੰਘ ਸਿਰਹਾਲੀ ਅਤੇ ਭਾਈ ਭਗਵਾਨ ਸਿੰਘ ਅੜਬੰਗੀ ਜਿਹੇ ਸੂਰਮੇ-ਸਿਰਲੱਥਾਂ ਦੇ ਨਾਲ ਸੁਨਿਸ਼ਚਿਤ ਹੁੰਦਾ ਹੈ।

ਉਸਦਾ ਅਕਾਲ ਚਲਾਣਾ ੧੯੧੦ ਈ. ਦੇ ਆਸ ਪਾਸ ਉਸ ਦੇ ਇਸ਼ਟ ਗੁਰੂ ਹਰੀ ਸਿੰਘ ਜੀ ਦੇ ਅਕਾਲ ਚਲਾਣੇ ਤੋਂ ਕੁਝ ਵਰ੍ਹੇ ਬਾਅਦ ਹੀ ਹੋ ਗਿਆ ਸੀ। ਗੁਰੂ ਚੇਲੇ ਦੇ ਇਹਨਾਂ ਪ੍ਰੇਮ ਸਬੰਧਾਂ ਦਾ ਵਰਣਨ ਸਤਿਗੁਰੂ ਪਰਤਾਪ ਸਿੰਘ ਜੀ ਦੇ ਉਪਦੇਸ਼ਾਂ ਵਿਚੋਂ ਇਉਂ ਮਿਲਦਾ ਹੈ :-

"ਬਾਬੇ ਨਰੈਣ ਸਿੰਘ ਹੁਰੀਂ, ਗੁਰੂ ਹਰੀ ਸਿੰਘ ਜੀ ਕੋਲ ਰਹਿੰਦੇ ਸੀ, ਉਹਨਾਂ (ਗੁਰੂ ਹਰੀ ਸਿੰਘ ਜੀ) ਆਖਿਆ ਭਾਈ ਜਦੋਂ ਸਤਿਗੁਰੂ (ਰਾਮ ਸਿੰਘ) ਜੀ ਆਉਣਗੇ, ਅਸੀਂ

ਤੁਹਾਡੇ ਥਾਂ ਅੱਗੇ ਖੜ੍ਹੇ ਹੋ ਜਾਵਾਂਗੇ। ਆਖਾਂਗੇ... ਸੱਚੇ ਪਾਤਸ਼ਾਹ! ਇਹਨਾਂ ਦੇ ਥਾਂ ਜੋ ਕੁਛ ਕਰਨਾ ਹੈ, ਉਹ ਸਾਨੂੰ ਹੀ ਕਰ ਲਓ। ਇਨ੍ਹਾਂ ਨੂੰ ਬਖਸ਼ੋ।"[20]

## ਹਵਾਲੇ ਤੇ ਟਿੱਪਣੀਆਂ


1. ਕੂਕਾਜ਼ ਆਫ ਨੋਟ ਇਨ ਦਾ ਪੰਜਾਬ (ਸ. ਜਸਵਿੰਦਰ ਸਿੰਘ)–ਭੂਮਿਕਾ–ਜਸਵਿੰਦਰ ਸਿੰਘ
2. ਉਹੀ–ਸਫਾ ੭੨–੭੫
3. ਕਾਲਿਆ ਹਰਨਾ ਰੋਹੀਏ ਫਿਰਨਾ, (ਸੰ. ਡਾ. ਨਾਹਰ ਸਿੰਘ)–੧੯੮੫–ਪੰ. ਯੂ. ਪਟਿਆਲਾ–ਸਫਾ ੭੬
4. ਉਹੀ–ਸਫਾ ੮੧–੮੨
5. ਸਤਿਗੁਰੂ ਬਿਲਾਸ–ਭਾਗ ਦੂਜਾ–ਸੰਤੋਖ ਸਿੰਘ ਬਾਹੋਵਾਲ (ਸੰ. ਜਸਵਿੰਦਰ ਸਿੰਘ)–ਸਫਾ ੧੦੬
6. ਉਹੀ–ਸਫਾ ੧੦੭–੦੮
7. ਕੂਕਾ ਮੂਵਮੈਂਟ (ਫਰੀਡਮ ਸਟਰਗਲ ਇਨ ਪੰਜਾਬ)–(ਸੰ. ਜਸਵਿੰਦਰ ਸਿੰਘ)–ਸਫਾ ੪੬–੪੮
8. ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ (ਸੰ. ਜਸਵਿੰਦਰ ਸਿੰਘ) ਸਫਾ ੧੬੮–੧੭੭
9. ਕੂਕਾ ਮੂਵਮੈਂਟ, ਸਫਾ ੨੮੬–੨੯੩
10. ਸਤਿਗੁਰੂ ਬਿਲਾਸ, ਭਾਗ ਦੂਜਾ, ਸਫਾ ੧੩੭
11. ਹੁਕਮਨਾਮੇ–ਸਫਾ ੪੬੯–੪੯੫
12. ਉਹੀ–ਸਫਾ ੪੯੬–੫੦੨
13. ਲਾਲ ਏਹਿ ਰਤਨ (ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪਵਿੱਤਰ ਉਪਦੇਸ਼) (ਸੰ. ਪ੍ਰਿੰ. ਬੇਅੰਤ ਕੌਰ)–ਭਾਗ ੩, ਸਫਾ ੧੬੮–੬੯
14. ਸਤਿਗੁਰੂ ਬਿਲਾਸ–ਭਾਗ ਦੂਜਾ–ਸਫਾ ੧੪੧
15. ਉਹੀ–ਸਫਾ ੧੪੭
16. ਉਹੀ–ਸਫਾ ੩੪੮
17. ਉਹੀ–ਸਫਾ ੩੫੫
18. ਉਹੀ–ਸਫਾ ੩੯੯
19. ਉਹੀ–ਸਫਾ ੪੦੦
20. ਲਾਲ ਏਹਿ ਰਤਨ–ਭਾਗ ੩–ਸਫਾ ੨੯੫

# ਬ੍ਰਹਮ-ਗਿਆਨੀ ਬਾਬਾ ਬੁੱਢਾ ਸਿੰਘ ਜੀ 'ਵਾਂ'

ਬ੍ਰਹਮ-ਗਿਆਨੀ ਬਾਬਾ ਬੁੱਢਾ ਸਿੰਘ 'ਵਾਂ', ਆਪਣੇ ਸਮੇਂ ਦੇ ਉੱਘੇ ਨਾਮਧਾਰੀ ਸਾਧੂ ਹੋਏ ਹਨ। ਮਾਝੇ ਵਿੱਚ ਵਾਂ ਦੇ ਨਾਂਅ 'ਤੇ ਕਈ ਪਿੰਡ ਹਨ। ਇੱਕ ਪਿੰਡ ਡੱਲ ਵਾਂ ਸੀ, "ਜਿੱਥੋਂ ਦਾ ਮਸ਼ਹੂਰ ਸੂਰਮਾ, ਹਠੀ, ਜਪੀ, ਭਾਈ ਤਾਰਾ ਸਿੰਘ ਹੋਇਆ ਹੈ, ਜਿਸ ਨੇ ਅਠਾਰ੍ਹਵੀਂ ਸਦੀ ਵਿੱਚ ਵੇਲੇ ਦੇ ਜਬਰ ਹਾਕਮਾਂ ਦੀ ਈਨ ਨਾ ਮੰਨਣ ਸਦਕਾ, ਇਕੱਲੇ ਨੇ ਹੀ ਵੱਡੀ ਗਿਣਤੀ ਵਿੱਚ ਲਹੌਰੋਂ ਆਏ, ਸ਼ਾਹੀ ਸੈਨਾ ਦੇ ਇੱਕ ਦਸਤੇ ਦਾ ਮੁਕਾਬਲਾ ਕਰਦਿਆਂ ਸ਼ਹੀਦੀ ਪ੍ਰਾਪਤ ਕੀਤੀ। ਉਸ ਡੱਲ ਵਾਂ ਨੂੰ ਹੁਣ ਭਾਈ ਤਾਰਾ ਸਿੰਘ ਦੀ ਵਾਂ ਕਹਿੰਦੇ ਹਨ। ਇਹ ਦੂਸਰੀ ਵਾਂ ਤਰਨ ਤਾਰਨ ਤੋਂ ਪੰਜ ਕੁ ਕੋਹ ਦੇ ਫਾਸਲੇ 'ਤੇ ਹੈ, ਜਿਸਨੂੰ ਉਨ੍ਹੀਵੀਂ ਸਦੀ ਵਿੱਚ 'ਬਾਹਰੇ ਵਾਲੀ ਵਾਂ' ਕਹਿੰਦੇ ਸਨ। ਪਰ ਬਾਬਾ ਬੁੱਢਾ ਸਿੰਘ ਦੁਆਰਾ ਨਾਮ ਬਾਣੀ ਦਾ ਪਰਵਾਹ ਚਲਾ ਕੇ ਸਤਿਗੁਰੂ ਰਾਮ ਸਿੰਘ ਜੀ ਦੀ ਸੰਗਤ ਵਿੱਚ ਸ਼ਾਮਲ ਹੋਣ ਤੋਂ ਬਾਅਦ ਉਸ ਨੂੰ ਜੋ ਬ੍ਰਹਮ-ਅਵਸਥਾ ਵਿੱਚ ਵਿਚਰਨ ਦਾ ਅਨੰਦ ਪ੍ਰਾਪਤ ਹੋਇਆ, ਉਸ ਸਦਕਾ ਉਹ ਇੱਕ ਮਸਤਾਨੇ, ਨਾਮਧਾਰੀ ਸਿੱਖ ਜਿਉਂ, ਆਲੇ-ਦੁਆਲੇ ਨੂੰ ਛੱਡ ਕੇ ਸਾਰੇ ਮਾਝੇ ਅਤੇ ਨਾਮਧਾਰੀ ਪੰਥ ਵਿੱਚ ਐਸੇ ਚਰਚਿਤ ਹੋਏ ਕਿ ਇਸ ਨੂੰ ਵੀਹਵੀਂ ਸਦੀ ਚੜ੍ਹਦਿਆਂ ਹੀ 'ਬਾਬੇ ਵਾਲੀ ਵਾਂ' ਜਾਂ "ਬੁੱਢਾ ਸਿੰਘ ਵਾਲੀ ਵਾਂ" ਕਿਹਾ ਜਾਣ ਲੱਗ ਪਿਆ। ਸੰਤ ਮੰਗਲ ਸਿੰਘ ਲਾਇਲਪੁਰੀ ਦੀ ਲਿਖਤ ਮੁਤਾਬਿਕ ਆਪ ਦਾ ਜਨਮ ਤਦੋਕੇ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਘਸੀਟਪੁਰਾ ਵਿਖੇ ਪਿਤਾ ਬਾਬਾ ਦੇਵਾ ਸਿੰਘ ਅਤੇ ਮਾਤਾ ਗੁਜਰੀ ਦੇ ਘਰ ਹੋਇਆ। ਮਲੂਮ ਹੁੰਦਾ ਹੈ ਕਿ ਘਸੀਟਪੁਰਾ ਆਪਦਾ ਨਾਨਕਾ ਪਿੰਡ ਸੀ।[1]

ਇਹ ਵਾਂ ਬਾਬਾ ਜੀ ਵਾਲੀ ਸਰਹਾਲੀ ਥਾਣੇ ਦਾ ਹੀ ਪਿੰਡ ਸੀ। ਸੰਤ ਨੈਣਾਂ ਸਿੰਘ ਵਰਿਆਂਹ, ਬਾਬਾ ਸ਼ਾਮ ਸਿੰਘ ਸਰਹਾਲੀ, ਸੰਤ ਜੀਊਣ ਸਿੰਘ ਸਰਹਾਲੀ, ਸੰਤ ਭਗਵਾਨ ਸਿੰਘ ਅੜਬੰਗੀ ਮਰਹਾਣਾ, ਸੰਤ ਕਾਹਨ ਸਿੰਘ ਬੁਰਜ ਰਾਏ ਕਾ, ਮੀਂਹਾ ਸਿੰਘ ਜੀ ਸਰਹਾਲੀ, ਬਹਾਦਰ ਸਿੰਘ ਉੱਬੋਕੇ ਆਦਿ ਇਸ ਇਲਾਕੇ ਦੇ ਹੋਰ ਉੱਘੇ ਨਾਮਧਾਰੀ ਮਹਾਂਪੁਰਖ ਸਨ। ਉਂਞ ਇਸ ਜ਼ਿਲ੍ਹੇ ਵਿੱਚ ਬਾਬਾ ਕੇਸਰ ਸਿੰਘ ਮੁਹਾਵਾ, ਭਾਈ ਚੰਦਾ ਸਿੰਘ ਸਕਤੂ ਨੰਗਲ ਅਦਿ ਹੋਰ ਵੀ ਉੱਘੇ ਨਾਮਧਾਰੀ ਸਾਧੂ ਸਨ। ਬੁੱਢਾ ਸਿੰਘ ਹੋਰਾਂ ਦਾ ਜਨਮ ਅਨੁਮਾਨਿਤ ੧੮੧੯-੨੦ ਈ. ਦਾ ਹੈ। ਉਹ ਖੇਤੀਬਾੜੀ ਕਰਕੇ ਆਪਣੀ ਉੱਪ ਜੀਵਿਕਾ ਚਲਾਉਂਦੇ ਸਨ। ਸਤਿਗੁਰੂ ਰਾਮ ਸਿੰਘ ਜੀ ਦੀ ਸੰਗਤ ਵਿੱਚ ਆਉਣ ਦਾ ਉਹਨਾਂ ਨੂੰ ਸੁਭਾਗ, ਆਯੂ ਦੇ ਤਕਰੀਬਨ ਅੱਧ ਵਿੱਚ, ਸੰਨ ੧੮੬੦ ਈ. ਦੇ ਲਾਗੇ ਚਾਗੇ ਹੀ ਪ੍ਰਾਪਤ ਹੋਇਆ, ਜਦੋਂ ਸਤਿਗੁਰੂ ਜੀ ਦੀ ਸੋਅ, ਅਜੇ ਉਹਨਾਂ ਦੁਆਰਾ ਵਰੋਸਾਏ ਕੁਝ ਸੈਨਿਕ ਜੀਵਨ ਦੇ ਸੰਗੀਆਂ ਸਾਥੀਆਂ ਤੱਕ ਹੀ ਪੁੱਜੀ ਸੀ। ਆਪਣੇ ਸਮੇਂ ਦੀਆਂ ਅਵਤਾਰੀ ਹਸਤੀਆਂ ਜਿਉਂ, ਸਤਿਗੁਰੂ ਜੀ ਨੇ ਵੀ ਆਪਣੇ ਪਿਆਰਿਆਂ ਨੂੰ

ਆਪਣੇ ਪਾਸ ਬੁਲਾਉਣ ਦੇ ਵਿਲੱਖਣ ਢੰਗ-ਤਰੀਕੇ ਈਜਾਦ ਕਰਦਿਆਂ ਕਈ ਕਉਤਕ ਵਰਤਾਏ ਸਨ, ਜਿਸ ਦੁਆਰਾ ਉਨ੍ਹਾ ਦੀ ਭਾਲ ਵਿੱਚ ਨਿਕਲੇ ਜਗਿਆਸੂ ਪੁਰਖ, ਆਪ ਤੱਕ ਪੁੱਜ ਜਾਂਦੇ ਸਨ। ਨਾਮਧਾਰੀ ਸੰਗਤਾਂ ਵਿੱਚ ਬਾਬਾ ਬੁੱਢਾ ਸਿੰਘ ਦੇ ਸ਼ਾਮਲ ਹੋਣ ਦੀ ਸਾਖੀ ਬੜੀ ਵਚਿੱਤਰ ਹੈ। ਸਤਿਗੁਰੂ ਪਰਤਾਪ ਸਿੰਘ ਜੀ, ਸੰਤ ਧਿਆਨ ਸਿੰਘ ਜੀ ਕਾਦਰਾਬਾਦੀ ਦੇ 'ਸਤਿਗੁਰੂ ਬਿਲਾਸ ਪਾਤਸ਼ਾਹੀ ਬਾਰ੍ਹਵੀਂ" ਨਾਮੀ ਛੰਦਾ ਬੰਦੀ ਵਿੱਚ ਬ੍ਰੱਜ ਭਾਸ਼ਾ ਵਿੱਚ ਲਿਖੇ ਕਾਵਿ ਪੁਸਤਕ ਦੀ ਨਾਮਧਾਰੀ ਦੀਵਾਨਾਂ ਵਿੱਚ ਅਕਸਰ ਕਥਾ ਕਰਿਆ ਕਰਦੇ ਸਨ। ਇਸ ਸਮੇਂ ਉਹ ਚੱਲਦੀ ਕਥਾ ਦੇ ਪਰਸੰਗ ਵਿੱਚ ਪਰਕਰਨ ਦੀ ਲੋੜ ਅਨੁਸਾਰ ਇਸ ਪੁਸਤਕ ਤੋਂ ਬਾਹਰਲੇ ਨਾਮਧਾਰੀ ਸਿੰਘਾਂ, ਸੰਤਾਂ, ਸੂਰਮਿਆਂ ਅਤੇ ਗੁਰੂ ਪਿਆਰਿਆਂ ਨਾਲ ਸੰਬੰਧਤ ਸਾਖੀਆਂ ਸੁਣਾ ਕੇ ਮਨੋਹਰ ਬਚਨਾਂ ਦੀ ਝੜੀ ਲਾ ਦਿੰਦੇ ਸਨ। ਸਤਿਗੁਰੂ ਜੀ ਦਾ ਬਚਪਨ ਸ੍ਰੀ ਭੈਣੀ ਸਾਹਿਬ ਵਿੱਚ ਰਹਿਣ ਵਾਲੇ, ਉਸ ਸਮੇਂ ਦੇ ਵੱਡੇ ਰਾਮ-ਵਿਓਗੀਆਂ ਦੀ ਸੰਗਤ ਵਿੱਚ ਬਤੀਤ ਹੋਇਆ ਸੀ। ਉਹ ਆਪ ਵੀ ਅੱਠੇ ਪਹਿਰ, ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਦੇ ਤਲਬਗਾਰ ਰਹਿੰਦੇ ਸਨ। ਬਾਬਾ ਬੁੱਢਾ ਸਿੰਘ ਜੀ ਜਿਹੇ ਰਾਮ-ਵਿਓਗੀਆਂ ਦੇ ਬਚਨ ਕਰਦੇ ਸਮੇਂ, ਉਹ ਹਾਜ਼ਰ ਸੰਗਤ ਨੂੰ ਉੱਚ ਆਤਮਕ ਮੰਡਲਾਂ ਵਿੱਚ ਲੈ ਜਾਇਆ ਕਰਦੇ ਸਨ। ਬਿਹਤਰ ਰਹੇਗਾ ਕਿ ਅਸੀਂ ਬਾਬਾ ਬੁੱਢਾ ਸਿੰਘ ਜੀ ਦੇ ਨਾਮਧਾਰੀ ਸੰਤ ਖਾਲਸੇ ਵਿੱਚ ਸ਼ਾਮਲ ਹੋਣ ਦਾ ਸਵਿਸਥਾਰ ਪਰਸੰਗ, ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਉਪਦੇਸ਼ ਦੇ ਮਾਧਿਅਮ ਰਾਹੀਂ ਪਾਠਕਾਂ ਨਾਲ ਸਾਂਝਾ ਕਰੀਏ।

"ਮੈਨੂੰ ਇੱਕ ਗੱਲ ਯਾਦ ਆਈ ਹੈ ਇੱਕ ਬਾਬਾ ਬੁੱਢਾ ਸਿੰਘ ਜੀ ਨਾਮਧਾਰੀ ਬਾਹਰੇ ਦੀ ਵਾਂ-ਉਸ ਪਿੰਡ ਦਾ ਨਾਂ ਸੀ-ਹੁਣ ਬਾਬੇ ਵਾਲੀ-ਬੁੱਢਾ ਸਿੰਘ ਵਾਲੀ ਵਾਂ, ਹੀ ਮਸ਼ਹੂਰ ਹੈ, ਤਰਨ ਤਾਰਨ ਸਾਹਿਬ ਤੋਂ ਚਾਰ-ਪੰਜ ਕੋਹ ਪੈਂਡਾ ਹੈ। ਸਤਿਗੁਰਾਂ ਦੇ ਪ੍ਰਗਟ ਹੋਣ ਵੇਲੇ (ਤੋਂ) ਥੋੜ੍ਹਾ ਚਿਰ ਮਗਰੋਂ ਜਿਸ ਦਿਨ ਉਹਨਾਂ 'ਤੇ ਕ੍ਰਿਪਾ ਹੁੰਦੀ ਹੈ, ਤੱਕੜੀ ਪਕੜੀ ਹੋਈ ਹੈ, ਬੋਹਲ ਤੋਲ ਰਹੇ ਹਨ ਤੇ ਜੋੜਾ ਲਾਹ ਕੇ ਰੱਖਿਆ ਹੋਇਆ ਹੈ। ਇਹ ਸਾਡਾ ਪੁਰਾਤਨ ਸਿਧਾਂਤ ਹੈ ਕਿ ਅੰਨ ਦਾ ਅਦਬ ਕਰਨਾ, ਨਾਮਧਾਰੀਆਂ ਵਿੱਚ ਕੜਾਹ ਪ੍ਰਸ਼ਾਦ ਤੋਂ ਆਏ ਤੋਂ ਉਠ ਕੇ ਖੜੇ ਹੋਣਾ, ਇਹ ਮੈਂ ਕਥਾ ਸੁਣੀ ਹੈ ਕਿ ਮਹਾਰਾਜ ਵਿਸ਼ਨੂੰ ਜੀ ਦੀ ਕਚਹਿਰੀ ਵਿੱਚ ਉੱਥੇ ਜਿਸ ਵੇਲੇ ਆਉਂਦਾ ਸੀ ਅੰਨ-ਤਾਂ ਖੜੇ ਹੁੰਦੇ ਸੀ। ਦੂਜੇ ਦੇਵਤਿਆਂ ਨੂੰ ਈਰਖਾ ਹੋਈ, "ਮਹਾਰਾਜ, ਤੁਸੀਂ ਇਹਦੇ ਆਏ ਤੋਂ ਖੜੇ ਕਿਉਂ ਹੁੰਦੇ ਹੋ ?" ਮਹਾਰਾਜ ਨੇ ਉਹਨੂੰ ਕਿਹਾ, "ਲੈ ਭਾਈ, ਤੂੰ ਪੰਜ-ਸੱਤ ਦਿਨਾ ਨਾ ਆ, ਦੋ-ਚਾਰ ਦਿਨ ਹਟ ਜਾ, ਇਹਨਾਂ ਨੂੰ ਤਕਲੀਫ ਮਾਲੂਮ ਹੁੰਦੀ ਹੈ।" ਜਿਸ ਵੇਲੇ ਅੰਨ ਨਾ ਆਇਆ, ਹਿਲਣ ਜੋਗੇ ਨਾ ਰਹਿ ਗਏ, ਲੱਗੇ ਭੁੱਖੇ ਮਰਨ, ਕਬੀਰ ਜੀ ਨੇ ਵੀ ਗੁਰਬਾਣੀ ਪੜ੍ਹੋ-ਲਿਖਿਆ ਹੈ :

- ਅੰਨੈ ਬਿਨਾ ਨਾ ਹੋਇ ਸੁ ਕਾਲੁ ॥
- ਤਜਿਐ ਅੰਨਿ ਨ ਮਿਲੈ ਗੁਪਾਲੁ ॥ (ਗੌਂਡ ਕਬੀਰ ਜੀ ਪੰਨਾ ੮੭੩)
- ਜਪਿਐ ਨਾਮੁ ਜਪੀਐ ਅੰਨੁ ॥ (ਪੰਨਾ ੮੭੩)

"ਨਾਮ ਦੇ ਨਾਲ ਅੰਨ ਨੂੰ ਜਪਿਆ ਹੈ। ਅੰਨ ਦਾ ਅਦਬ-ਜੁੱਤੀਆਂ ਲੈ ਕੇ ਨਹੀਂ ਅੰਨ ਦੇ ਦਾਣਿਆਂ ਵਿੱਚ ਵੜਨਾਂ, ਸਾਡਾ ਪੁਰਾਤਨ ਸਿਧਾਂਤ ਹੈ ਅਜੇ ਵੀ ਲੋਕ ਜਦੋਂ ਦਾਣਿਆਂ ਦੇ ਬੋਹਲਾਂ ਵਿੱਚ ਜਾਂਦੇ ਹਨ-ਜੁੱਤੀ ਲਾਹ ਕੇ। ਅੰਨ ਤੋਲਣ ਲੱਗੇ, ਦਾਣੇ ਤੋਲਣ ਲੱਗਿਆਂ ਨੂੰ ਕੀ ਦਿਸਿਆ-ਕਿ ਅੱਗੇ ਵਰੋਲਾ ਹੈ, ਪਰ ਉਹ ਅਗਨੀ ਦਾ ਵਰੋਲਾ ਹੈ, ਉਹਦੇ ਵਿੱਚੋਂ ਅਵਾਜ਼ ਆਈ, "ਜੇ ਮੈਨੂੰ ਮਿਲਣਾ ਹੈ-ਮੇਰਾ ਨਾਉਂ ਰਾਮ ਸਿੰਘ ਹੈ-ਲੁਧਿਆਣੇ ਦੇ ਚੜ੍ਹਦੇ ਪਾਸੇ ਨੌਂ ਕੋਹ-ਆ ਕੇ ਮਿਲ। ਵਰੋਲਾ ਅੱਗੇ ਚੱਲ ਪਿਆ ਹੈ, ਬਾਬਾ ਜੀ ਪਿੱਛੇ ਚੱਲ ਪਏ ਹਨ-ਉਸੇ ਤਰ੍ਹਾਂ, ਅਜੇ ਕਛਹਿਰਾ ਨਹੀਂ ਪਾਇਆ, ਭਜਨ ਨਹੀਂ ਪੁੱਛਿਆ, ਤੱਕੜੀ ਉੱਥੇ ਰਹਿ ਗਈ, ਬੋਹਲ ਉੱਥੇ ਰਹਿ ਗਿਆ। ਜਿਉਂ ਚੱਲੇ ਹਨ ਦੋ ਦਰਿਆ ਉੱਥੋਂ ਚੱਲ ਕੇ-ਬਿਆਸਾ ਔਰ ਸਤਿਲੁਜ ਆਉਂਦੇ ਸਨ। ਰਸਤੇ ਵਿੱਚ ਉਹਨਾਂ ਨੂੰ ਕੋਈ ਪਤਾ ਨਹੀਂ ਲੱਗਿਆ। ਉਹ ਲੁਧਿਆਣਾ ਵੀ ਲੰਘ ਗਏ, ਲੁਧਿਆਣਾ ਲੰਘ ਕੇ ਹੀਰਾਂ ਇੱਕ ਪਿੰਡ ਹੈ ਜਿਹੜਾ ਗੁਰਦੁਆਰਾ ਭੈਣੀ ਸਾਹਿਬ ਤੋਂ ਲਹਿੰਦੇ ਵੱਲ ਹੈ, ਕਰੀਬ ਥੋੜ੍ਹਾ ਜਿਹਾ ਲਹਿੰਦੇ ਦੱਖਣ ਨੂੰ ਭਾਵੇਂ ਮੰਨ ਲਈਏ, ਉੱਥੇ ਜਾ ਕੇ ਉਹ ਵਰੋਲਾ ਖਤਮ ਹੋ ਗਿਆ। ਉਹ ਭੁੱਚੇਕੇ ਵਿੱਚ ਆ ਕੇ ਉੱਥੇ ਕਿਸੇ ਨੂੰ ਪੁੱਛਦੇ ਹਨ, "ਕਿਉਂ ਭਾਈ ਇੱਥੇ ਕੋਈ ਭੈਣੀ ਪਿੰਡ ਵੀ ਹੈ ?" ਉਹਨਾਂ ਆਖਿਆ, "ਔਹ ਦੇਖ।"

"ਚਲੇ ਗਏ-ਸਤਿਗੁਰਾਂ ਦਾ ਅੱਗੇ ਦਰਸ਼ਨ ਹੋਇਆ, ਗੜਵਾ ਹੱਥ ਵਿੱਚ ਫੜਿਆ ਹੈ, ਪਊਏ ਚਰਨੀਂ ਪਾਏ ਹਨ। ਮਿਲਿਆ-ਫ਼ਤਿਹ ਬੁਲਾਈ ਉਹਨਾਂ ਨੂੰ ਪੁੱਛਦੇ ਹਨ, "ਕੋਈ ਇੱਥੇ ਰਾਮ ਸਿੰਘ ਵੀ ਹੈ ?"

"ਪਿੰਡ ਵਿੱਚ ਇੱਕ ਜ਼ਿੰਮੀਦਾਰ ਦਾ ਨਾਂ ਵੀ ਸੀ, ਕਹਿਣ ਲੱਗੇ, " ਹਾਂ ਭਾਈ ਹੈ।" ਉਹ ਪਿੰਡ ਗਏ। ਘਰ ਜਾ ਕੇ ਉਹ ਜ਼ਿੰਮੀਦਾਰ ਦੇ ਘਰ ਵੜੇ, ਉਹ ਦੇਖਿਆ ਦਿਖਾਇਆ ਹੈਰਾਨ ਜਿਹੇ ਹੋਏ, ਉਹਨੂੰ ਪੁੱਛਿਆ, "ਕੋਈ ਹੋਰ ਵੀ ਹੈ ?" ਤਾਂ ਹੈ ਇੱਕ ਕਮਲਾ ਜਿਹਾ ਤਰਖਾਣ-ਕਿਤੇ ਪਊਏ ਪਾਈ ਫਿਰਦਾ ਵੇਖਿਆ ਹੋਣਾ ਹੈ।"

"ਕਿਉਂਕਿ ਫਿਰ ਸਾਡੀ ਤਾਂ ਰਹੁ ਰੀਤ ਹੀ ਮਰ ਗਈ, ਜੇ ਕਮਲਾ ਨਾ ਕੋਈ ਆਖੇ, ਕਿਉਂ, ਗੁਰੂ ਨਾਨਕ ਨੇ ਬੀ ਕਮਲ ਦਾ ਪਾਇਆ ਸਾਡੇ ਵਿੱਚ।

"ਅੱਗੇ ਚਲੇ ਗਏ-ਬਾਹਰ ਇੱਕ ਛੱਪੜ ਹੈ-ਦੱਖਣ ਦੇ ਪਾਸੇ ਕੋਈ ਪੌਣਾ ਮੀਲ, ਭੈਣੀ ਸਾਹਿਬ ਤੋਂ। ਉਹਦੇ ਦੁਆਲੇ ਕਰੌਂਡਿਆਂ ਦੇ ਦਰੱਖਤ ਹੁੰਦੇ ਸਨ, ਉੱਥੇ ਜਾ ਕੇ ਭਜਨ ਕਰਦੇ ਸੀ, ਜਿਸ ਵੇਲੇ ਬਾਬਾ ਜੀ ਉੱਥੇ ਗਏ-ਜਾ ਕੇ ਦਰਸ਼ਨ ਕੀਤਾ। ਫੇਰ ਕੀ ਦਿਖਾਇਆ-ਗੁਰੂ ਨਾਨਕ ਤੋਂ ਲੈ ਕੇ ਬਾਰ੍ਹਾਂ ਹੀ ਸਰੂਪਾਂ ਦੇ ਦਰਸ਼ਨ ਉੱਥੇ ਕੀਤੇ। ਭਜਨ ਪੁੱਛਿਆ, ਭਜਨ ਪੁੱਛ ਕੇ ਘਰ ਆ ਗਏ, ਬਚਨ ਬਿਲਾਸ ਹੁੰਦਾ ਹੈ-ਅਕਾਲ ਪੁਰਖ ਨਾਲ ਸਿੱਧਾ। ਇੱਕ ਦਿਨ ਆਵਾਜ਼ਾ ਆਇਆ, "ਬੁੱਢਾ ਸਿੰਘ ਤੈਨੂੰ ਬਖਸ਼ਿਆ।"

ਕਹਿੰਦਾ, "ਮੈਂ ਨਹੀਂ ਮੰਨਦਾ।"

ਫੇਰ ਕਹਿੰਦੇ "ਸਤਿਗੁਰਾਂ ਦਾ ਨਾਂ ਲੈ ਕੇ ਜੇ ਉਸ ਦੇਹ ਵਿੱਚੋਂ ਆਵਾਜ਼ਾ ਆਵੇ" "ਤਾਂ ਮੈਂ ਮੰਨ ਲਵਾਂਗਾ।"

"ਉਸੇ ਵੇਲੇ ਉੱਥੋਂ ਤੁਰ ਪਏ ਫਿਰ ਭੈਣੀ ਸਾਹਿਬ ਗਏ। ਸਤਿਗੁਰੂ ਅੱਗੇ ਜਿਹੜਾ

ਦਰਵਾਜਾ ਸੀ, ਹੁਣ ਤੇ ਉਹ ਵੱਡਾ ਲੱਗਾ ਹੋਇਆ ਹੈ-ਛੋਟਾ ਸੀ-ਉਹਨੂੰ ਇਉਂ (ਚੁਗਾਠ ਦੇ ਸੇਰੂ ਨੂੰ) ਹੱਥ ਪਾ ਕੇ-ਦਹਿਲੀਜ਼ ਦੇ ਉਤਲੇ ਪਾਸੇ ਨੂੰ ਹੱਥ ਪਾ ਕੇ ਖੜੇ ਹਨ। ਕਹਿੰਦੇ ਹਨ, "ਬੁੱਢਾ ਸਿੰਘ ਤੈਨੂੰ ਬਖਸ਼ਿਆ।" ਚਰਨਾਂ 'ਤੇ ਡਿੱਗਿਆ। ਸਤਿਗੁਰੂ ਮੌਜ ਵਿੱਚ ਆਏ-ਜਾਣਦੇ ਤਾਂ ਸਭ ਕੁਝ ਹਨ, ਪਰ ਉੱਧਰੋਂ ਦੀ ਕਢਾਉਣੀ ਸੀ-ਕਹਿੰਦੇ ਹਨ, ਤੈਨੂੰ ਤਾਂ ਬਖਸ਼ਿਆ-ਸਾਡੀ ਬਾਬਤ ਵੀ ਦੱਸ।"

ਕਹਿੰਦਾ ਹੈ, "ਤੈਨੂੰ ਹੁਣ ਮਿਸ਼ਰੀਆਂ ਦੇ ਸ਼ਰਬਤ ਨਹੀਂ ਪੀਣੇ ਮਿਲਣੇ, ਤੈਨੂੰ ਹੁਣ ਪਾਰ... ਸਮੁੰਦਰੋਂ ਕਰ ਦੇਣਾ ਹੈ।"

"ਇਹ ਆਦਮੀ ਬੋਲ ਸਕਦਾ ਹੈ, ਜਿੱਥੇ ਅਕਾਲ ਪੁਰਖ ਜਾਣਦਾ ਹੈ-ਉਹਦੇ ਸਾਹਮਣੇ ਹੈ। ਕਿਸੇ ਆਦਮੀ ਨਾਲ ਸਾਨੂੰ ਪਿਆਰ ਹੋਵੇ, ਉਹ ਅਸੀਂ ਕਿਸੇ ਦੀ ਇੱਜ਼ਤ ਵੀ ਨਾ ਕਰਦੇ ਹੋਈਏ, ਉਂਞ ਵੀ ਅਸੀਂ ਕਿਸੇ ਆਦਮੀ ਨੂੰ ਇਸ ਤਰ੍ਹਾਂ ਦੀ ਗੱਲ ਨਹੀਂ ਕਹਿ ਸਕਦੇ।

ਬਾਬਾ ਜੀ ਰਹੇ-ਸਤਿਗੁਰੂ ਪ੍ਰਦੇਸ ਆ ਗਏ। ਇੱਕ ਦਿਨ ਹਾੜ੍ਹੀ ਵੱਢ ਕੇ 'ਕੱਠੀ ਕੀਤੀ, ਇਨ੍ਹਾਂ ਜਿੰਮੀਦਾਰਾਂ ਨੇ ਆ ਕੇ ਭਰੀਆਂ ਚੁੱਕ ਲਈਆਂ। ਭਰੀਆਂ ਚੁੱਕੀਆਂ ਤੋਂ ਉਹਨਾਂ ਨੂੰ ਜਾ ਕੇ ਆਖਿਆ, "ਮੇਰੀਆਂ ਭਰੀਆਂ ਕਿਉਂ ਚੁੱਕੀਆਂ ? " ਉਹਨਾਂ ਖੂਬ ਮਾਰਿਆ-ਘਰ ਆ ਕੇ ਮੂੰਹ-ਸਿਰ ਲਪੇਟ ਕੇ ਲੰਮੇ ਪੈ ਗਏ।

ਪਿੰਡ ਵਿੱਚ ਆਇਆ ਤਹਿਸੀਲਦਾਰ। ਕਿਸੇ ਨੇ ਕਿਹਾ ਕਿ ਮਹਾਰਾਜ ਏਸ ਤਰ੍ਹਾਂ ਉਹ ਸਾਧੂ ਸੀ ਉਹਨੂੰ ਮਾਰਿਆ ਏਹਨਾਂ ਲੋਕਾਂ ਨੇ। ਬਾਬੇ ਨੂੰ ਘਰੋਂ ਸੱਦਿਆ-ਮੂੰਹ ਸਿਰ ਬੱਧਾ ਹੋਇਆ, ਸੱਟਾਂ ਵੱਜੀਆਂ ਹੋਈਆਂ। ਉਹ ਤਹਿਸੀਲਦਾਰ ਆਂਹਦਾ ਹੈ, "ਬਾਬਾ ਜੀ ਕੀ ਗੱਲ। ਤੈਨੂੰ ਕਿਹਨੇ ਮਾਰਿਆ, ਕੀ ਹੋਇਆ ?"

ਕਹਿੰਦਾ, "ਹੋਣਾ ਕੀ ਹੈ-ਪਹਿਲਾਂ ਉਹਨਾਂ ਨੂੰ ਕਹਿ ਕੇ ਭਰੀਆਂ ਚੁਕਵਾ ਦਿੱਤੀਆਂ, ਫੇਰ ਮੈਨੂੰ ਕਹਿੰਦਾ ਜਾ ਕੇ ਪੁੱਛ, ਫੇਰ ਉਹਨਾਂ ਤੋਂ ਮਾਰ ਕਰਵਾ ਦਿੱਤੀ ਹੈ।"

"ਨਹੀਂ ਕਿਸੇ ਤੇ ਦੁੱਖ, ਸੁੱਖ, ਬ੍ਰਹਮ ਨੂੰ ਸਾਰੇ ਜਾਣਿਆ, ਮਾਰਨ ਵਾਲੇ ਵਿੱਚ ਵੀ ਬ੍ਰਹਮ ਨੂੰ ਜਾਣਿਆ।"

"ਪਰ ਉਹਨਾਂ ਦਾ ਦਰਸ਼ਨ ਜਿਹਨਾਂ ਕੀਤਾ ਹੈ ਉਹਨਾ ਨੂੰ ਪਤਾ ਹੈ। ਪਹਿਲੇ ਲੜਕਾ ਨਹੀਂ ਸੀ, ਗੁਰੂ ਹਰੀ ਸਿੰਘ ਜੀ ਕੋਲ ਆਏ, ਫੇਰ ਲੜਕਾ ਹੋਇਆ, ਮਾਈ ਜਿਊਂਦੀ ਹੈ, ਉਹ ਲੜਕਾ ਹਰਨਾਮ ਸਿੰਘ ਜਿਊਂਦਾ ਹੈ। ਮਾਈ ਦਾ ਨਾਂ ਇੰਦੀ ਹੈ। ਫੜ ਕੇ ਲੜਕਾ-ਕੜਾਹ ਪ੍ਰਸ਼ਾਦ ਹੁੰਦਾ ਸੀ-ਐਸ ਤਰ੍ਹਾਂ ਚੁੱਲ੍ਹ ਵਿੱਚ ਡਾਹ ਦਿੱਤਾ। ਉਹ ਮਾਈ ਨੂੰ ਬੱਚੇ ਦਾ ਪਿਆਰ ਸੀ-ਖਵਰੇ ਸਾਲ ਦਾ ਕਿ ਡੇਢ ਸਾਲ ਦਾ। ਮਾਈ ਨੇ ਖਿੱਚ ਕੇ ਕੱਢਿਆ। ਐਸ ਤਰ੍ਹਾਂ ਫੇਰ ਕੇ ਬਾਂਹ-ਆਟਾ ਭੁੱਜਦਾ ਸੀ-ਉਹਦੇ ਵਿੱਚ ਪਾ ਦਿੱਤੀ ਕਹਿੰਦੇ ਹਨ, "ਕਹੁ ਮੇਰੇ ਸਤਿਗੁਰ ਦਾ ਹੁਕਮ ਹੈ ਇਹਨੂੰ (ਮਾਝੇ ਦੀ ਇੱਕ ਪ੍ਰਚਲਿਤ ਗਾਲ੍ਹ ਕੱਢ ਕੇ) ਸੇਕ ਲਾਵੇ।" ਪ੍ਰਹਿਲਾਦ ਨੂੰ ਦਿਸਦਾ ਸੀ ਪ੍ਰਮਾਤਮਾ ਸਾਰੇ-ਤਾਂ ਹੀ ਥੰਮ੍ਹ ਵਿੱਚੋਂ ਨਿਕਲਿਆ। ਧੰਨੇ ਨੂੰ ਦਿਸਦਾ ਸੀ ਪ੍ਰਮਾਤਮਾ-ਤਾਂ ਹੀ ਪੱਥਰ ਵਿੱਚੋਂ ਦਰਸ਼ਨ ਦਿੱਤਾ। ਜਿਹਨਾਂ ਦੀ ਬ੍ਰਹਮ ਦ੍ਰਿਸ਼ਟੀ ਹੋ ਜਾਂਦੀ ਹੈ, ਉਹਨਾਂ ਵਾਸਤੇ ਕੋਈ ਚੀਜ਼ ਦੂਜੀ

ਨਹੀਂ ਰਹਿ ਜਾਂਦੀ। ਇਹ ਬ੍ਰਹਮ ਵਿੱਦਿਆ ਉਹਨਾਂ ਮਹਾਂਪੁਰਖਾਂ ਦੀ ਗੱਲ ਹੈ, ਸਾਡੀਆਂ ਕਹਾਣੀਆਂ ਹਨ, ਅਸੀਂ ਗੱਲਾਂ ਕਰਦੇ ਹਾਂ, ਸਾਡੀ ਉਂਗਲ 'ਤੇ ਸੱਟ ਲੱਗੇ, ਅਸੀਂ ਚੀਕਾਂ ਮਾਰਦੇ ਹਾਂ। ਇਹ ਉਹ ਚੀਜ਼ ਹੈ–ਬ੍ਰਹਮ ਵਿੱਦਿਆ ਇਹਦਾ ਨਾਉਂ ਹੈ।"[2]

ਇਸ ਬ੍ਰਹਮ ਵਿੱਦਿਆ ਦੇ ਗਿਆਤਾ ਸਨ, ਬਾਬਾ ਬੁੱਢਾ ਸਿੰਘ ਜੀ। ਇਹ ਵਿੱਦਿਆ ਉਹਨਾਂ ਆਪਣੇ ਕਾਮਲ ਮੁਰਸ਼ਦ ਤੋਂ ਪਾਈ ਸੀ। ਸੁਭਾਅ ਮੁੱਢ ਤੋਂ ਹੀ ਜਗਿਆਸੂ ਸੀ। ਇਸ ਲਈ ਅੱਧੀ ਉਮਰ ਲੰਘ ਜਾਣ ਤੱਕ ਵੀ ਉਹ ਆਪਣੇ ਪਿਆਰੇ ਦੀ ਭਾਲ ਵਿੱਚ ਲਗਾਤਾਰ ਯਤਨਸ਼ੀਲ ਰਹੇ। ਫਿਰ ਜਦੋਂ ਪੰਜਾਬ ਦੀ ਡਿੱਗੀ ਢੱਠੀ ਲੁਕਾਈ ਨੂੰ ਮੁੜ ਆਪਣੇ ਪੈਰਾਂ ਸਿਰ ਕਰਨ ਲਈ ਸਤਿਗੁਰੂ ਰਾਮ ਸਿੰਘ ਜੀ ਦੁਆਰਾ ਆਰੰਭੀ ਕੂਕਾ ਲਹਿਰ ਦਾ ਅਸਰ ਦੂਰ–ਨੇੜੇ ਤੱਕ ਪੈਣਾ ਸ਼ੁਰੂ ਹੋ ਗਿਆ ਤਾਂ ਬਾਬਾ ਜੀ ਦੇ ਮਨ ਦਾ ਪ੍ਰੇਮ ਵੀ ਉਛਾਲੇ ਮਾਰਨ ਲੱਗਿਆ ਅਤੇ ਇਹ ਸਥਿਤੀ ਬਣੀ ਵੀ ਐਸੀ ਕਿ ਉਹ ਸਾਲ ਭਰ ਦੀ ਕਿਰਤ ਕਮਾਈ ਜਦੋਂ ਖੇਤ ਵਿੱਚ ਸਾਂਭ ਰਹੇ ਸਨ ਤਾਂ ਉਦੋਂ ਹੀ ਦਿਲ ਦਰਿਆ ਦੀ ਬਹਿਰ ਦੇ ਉਛਾਲੇ ਵਿੱਚ ਹੜ੍ਹ ਗਏ ਅਤੇ ਉੱਪਰ ਵਰਣਿਤ ਦ੍ਰਿਸ਼ਟਾਂਤ ਅਨੁਸਾਰ ਸ੍ਰੀ ਭੈਣੀ ਸਾਹਿਬ ਵਿਖੇ ਅਵਤਰੇ ਸਤਿਗੁਰੂ ਦੇ ਦਰਸ਼ਨ ਦੀਦਾਰਿਆਂ ਲਈ ਕਮਰਕੱਸੇ ਕਰ ਲਏ। ਬਾਬਾ ਜੀ ਦੀ ਮਨੋਸਥਿਤੀ ਉਸ ਪੰਜਾਬੀ ਲੋਕ ਗੀਤ ਵਰਗੀ ਹੋ ਗਈ ਸੀ–

"ਖਸਮਾਂ ਨੂੰ ਖਾਏ ਤੇਰਾ ਘਰ ਵੇ/ਚੱਲ ਮੇਲੇ ਨੂੰ ਚੱਲੀਏ"

ਸਤਿਗੁਰੂ ਦਰਸ਼ਨਾਂ ਨੇ ਬਾਬਾ ਜੀ ਦੀ ਜਿਵੇਂ ਜੁਗਾਂ ਜੁਗਾਂਤਰਾਂ ਦੀ ਭਟਕਣ ਸ਼ਾਂਤ ਕਰ ਦਿੱਤੀ ਹੋਵੇ। ਜਿਵੇਂ ਉਹਨਾਂ ਦੀ ਮੁਰਸ਼ਦ ਦੀ ਖੋਜ ਭਾਲ ਮੁਕੰਮਲ ਹੋ ਗਈ ਹੋਵੇ। ਸਤਿਗੁਰੂ ਜੀ ਦੇ ਨੂਰੀ ਦਰਸ਼ਨਾਂ ਅਤੇ ਅੰਮ੍ਰਿਤਮਈ ਬਚਨਾਂ ਨੇ ਬੁੱਢਾ ਸਿੰਘ ਨੂੰ ਬਾਬਾ ਬੁੱਢਾ ਸਿੰਘ ਬਣਾ ਦਿੱਤਾ ਉਵੇਂ ਹੀ ਜਿਵੇਂ ਕਦੇ ਗੁਰੂ ਨਾਨਕ ਪਾਤਸ਼ਾਹ ਨੇ ਚੜ੍ਹਦੀ ਜੁਆਨੀ ਵਾਲੇ ਬੂੜੇ ਨੂੰ ਬੁੱਢਾ ਬਣਾ ਕੇ ਬ੍ਰਹਮ ਗਿਆਨ ਦਾ ਖਜ਼ਾਨਾ ਵੀ ਉਸ ਨੂੰ ਸਉਂਪ ਦਿੱਤਾ ਸੀ। ਬੁੱਢਾ ਸਿੰਘ ਜੀ ਦੀ ਦ੍ਰਿਸ਼ਟੀ ਵਿੱਚੋਂ ਅੰਮ੍ਰਿਤ ਵਰਸਣ ਲੱਗ ਪਿਆ। ਵੈਰੀ ਮਿੱਤਰ ਸਭ ਸਮਾਨ ਹੋ ਗਏ ਸਨ। ਕੋਈ ਫਿਕਰ ਫਾਕਾ ਰਿਹਾ ਹੀ ਨਹੀਂ ਸੀ। ਪੰਜਾਬੀ ਵਿੱਚ ਸੋਹਣੀ ਦੇ ਚਰਚਿਤ ਕਿੱਸਾਕਾਰ ਸਾਧੂ ਸਦਾ ਰਾਮ ਨੇ ਜੋ ਬਿਰਤੀ ਫੱਕਰ ਦੀ ਉਲੀਕੀ ਸੀ, ਉਹੋ ਜਿਹੀ ਬਾਬਾ ਜੀ ਦੀ ਹੋ ਗਈ–

"ਫ਼ੱਕਰ ਹੋਇ ਕੇ ਫ਼ਿਕਰ ਨਾ ਦੂਰ ਕੀਤਾ/
ਕੇਹਾ ਫਾਇਦਾ ਭੇਸ ਵਟਾਵਣੇ ਦਾ
ਫ਼ਿਕਰ ਕੁੱਲ ਸੰਸਾਰ ਨੂੰ ਖਾਂਵਦਾ ਹੈ/
ਵੱਲ ਫ਼ਕਰ ਨੂੰ ਹੈ ਫ਼ਿਕਰ ਖਾਵਣੇ ਦਾ
ਜਿੱਥੇ ਫ਼ਿਕਰ ਦਾ ਜ਼ਿਕਰ ਹੈ ਸਦੇ ਰਾਮਾ/
ਗੁਰਾਂ ਮਨਾਂਹ ਕੀਤਾ ਉੱਥੇ ਜਾਵਣੇ ਦਾ।"

ਭਾਰਤ ਦੇ ਮੱਧ ਕਾਲੀ ਸੂਫੀ ਫਕੀਰ ਖਾਸ ਕਰਕੇ ਚਿਸ਼ਤੀ ਸੰਪਰਦਾਇ ਵਾਲੇ ਕਿਸੇ ਵੀ ਸੂਫੀ ਸਾਧੂ ਲਈ ਰਾਜ ਕਾਜ ਦੀ ਨੌਕਰੀ ਜਾਂ ਉਸ 'ਤੇ ਕਿਸੇ ਤਰ੍ਹਾਂ ਦੀ ਟੇਕ ਰੱਖਣੀ, ਬਿਲਕੁੱਲ ਵਿਵਰਜਤ ਸਮਝਦੇ ਸਨ। ਉਹ ਸਮਝਦੇ ਸਨ ਕਿ ਇਹ ਰਾਜ ਸਹੀ

ਅਰਥਾਂ ਵਿੱਚ ਲੋਕ ਨੁਮਾਇੰਦਾ ਨਹੀਂ ਸੀ ਹੁੰਦਾ ਅਤੇ ਜਨਤਾ ਦੇ ਕਰੂਰ ਦਮਨ ਦੇ ਸਹਾਰੇ ਟਿਕਿਆ ਹੁੰਦਾ ਸੀ। ਇਸ ਲਈ ਐਸੀ ਪਾਪ ਦੀ ਕਮਾਈ ਵਿੱਚ ਕੋਈ ਦਰਵੇਸ਼ ਕਿਵੇਂ ਭਾਗੀਦਾਰ ਬਣ ਸਕਦਾ ਹੈ। ਹਜ਼ਰਤ ਨਿਜ਼ਾਮੁਦੀਨ ਔਲੀਆ ਬਾਰੇ ਪ੍ਰਸਿੱਧ ਹੈ ਕਿ ਉਹ ਨਾਂ ਦਿੱਲੀ ਦੇ ਸਮਕਾਲੀ ਬਾਦਸ਼ਾਹ ਦੇ ਦਰਬਾਰ ਵਿੱਚ ਜਾਂਦੇ ਸਨ ਅਤੇ ਨਾ ਹੀ ਆਪਣੇ ਟਿਕਾਣੇ 'ਤੇ ਉਸ ਨੂੰ ਆਉਣ ਦਾ ਕੋਈ ਮੌਕਾ ਦਿੰਦੇ ਸਨ। ਸੂਫੀ ਫਕੀਰ ਉਪਜੀਵਕਾ ਲਈ ਬੰਜਰ ਜ਼ਮੀਨਾਂ ਵਾਹ ਕੇ ਉਗਾਈ ਫ਼ਸਲ ਨੂੰ ਤਰਜੀਹ ਦਿੰਦੇ ਸਨ ਜਾਂ ਅਣਮੰਗੇ ਦਾਨ ਨੂੰ। ਬਾਬਾ ਬੁੱਢਾ ਸਿੰਘ ਵੀ ਗੁਰਸਿੱਖਾਂ ਦੇ ਆਸ਼ੇ ਅਨੁਸਾਰ ਧਰਮ ਦੀ ਕਿਰਤ ਵਿਰਤ ਕਰਨ ਵਾਲੇ ਕਿਸਾਨ ਸਨ। ਉਹਨਾਂ ਨੂੰ ਜਦੋਂ ਆਪਣਾ, ਬੇਗਾਨਾ ਕੋਈ ਦਿਸਦਾ ਹੀ ਨਹੀਂ ਸੀ, ਆਪਣੇ ਸਤਿਗੁਰੂ ਦੇ ਉਪਦੇਸ਼ ਅਨੁਸਾਰ ਵਿਦੇਸ਼ੀ ਹਕੂਮਤ ਦੀਆਂ ਕੋਰਟ ਕਚਹਿਰੀ ਆਦਿ ਸੰਸਥਾਵਾਂ ਨਾਲ ਨਾ-ਮਿਲਵਰਤਨ, ਜਦੋਂ ਉਹਨਾਂ ਦੇ ਕੂਕਾ ਅੰਦੋਲਨ ਦਾ ਇੱਕ ਸਰਬ ਪ੍ਰਵਾਨਿਤ ਤੱਥ ਬਣ ਚੁੱਕਾ ਸੀ ਤਾਂ ਬਾਬਾ ਜੀ ਤਹਿਸੀਲਦਾਰ ਦੇ ਪੁੱਛਣ 'ਤੇ ਕਿ ਤੁਹਾਨੂੰ ਕਿਹਨਾਂ ਮਾਰਿਆ ਹੈ, ਉਹਨਾਂ ਖਿਲਾਫ ਕਾਨੂੰਨੀ ਕਾਰਵਾਈ ਕਰਦੇ ਹਾਂ, ਇਹੋ ਜੁਆਬ ਫ਼ਲਸਫ਼ਾਨਾ ਅੰਦਾਜ਼ ਵਿੱਚ ਦਿੱਤਾ-ਕਿ ਉਹਨੇ (ਭਾਵ ਰੱਬ ਨੇ) ਪਹਿਲਾਂ ਆਪੇ ਈ ਉਹਨਾਂ (ਦੂਜੇ ਫਰੀਕਾਂ) ਨੂੰ ਆਖ ਕੇ ਖਲਵਾੜੇ ਵਿੱਚੋਂ ਭਰੀਆਂ ਚੁਕਵਾ ਦਿੱਤੀਆਂ। ਫਿਰ ਮੈਨੂੰ ਆ ਕੇ ਆਂਹਦਾ ਕਿ ਜਾ ਉਹਨਾਂ ਤੋਂ ਭਰੀਆਂ ਮੰਗ। ਤੇ ਜਦੋਂ ਮੈਂ ਮੰਗਣ ਗਿਆ ਫਿਰ ਉਹਨਾਂ ਤੋਂ ਮੈਨੂੰ ਮਾਰ ਪੁਆ ਦਿੱਤਾ ਸੀ। ਬੜੇ ਤਹੱਮਲ ਅਤੇ ਸ਼ਾਨਦਾਰ ਢੰਗ ਨਾਲ, ਸਾਰਾ ਕੁਝ 'ਉਹਦੇ' ਜ਼ਿੰਮੇ ਲਾ ਕੇ ਬਾਬਾ ਜੀ ਸੁਰਖਰੂ ਹੋ ਗਏ। ਇਸ ਅਵਸਥਾ 'ਤੇ ਪੁੱਜਣ ਦਾ ਇੱਕ ਆਪਣਾ ਹੀ ਅਨੰਦ ਹੈ, ਪਰ ਇੱਥੇ ਪੁੱਜਣਾ ਸੌਖਾ ਨਹੀਂ। ਇਸ ਲਈ ਪੂਰੇ ਰਾਹ ਵਿਖਾਵੇ ਦੀ ਵੀ ਲੋੜ ਹੈ ਅਤੇ ਮਨ ਬਿਰਤੀਆਂ ਨੂੰ ਕਾਬੂ ਵਿੱਚ ਰੱਖਣ ਵਾਲੇ ਸਾਧਕ ਦਾ ਹੋਣਾ ਵੀ ਜ਼ਰੂਰੀ ਹੈ। ਇਹ ਬ੍ਰਹਮ ਗਿਆਨ ਦੀ ਉਹ ਅਵਸਥਾ ਹੈ, ਜਿਸ ਬਾਰੇ ਪਿਛਲੀ ਸਦੀ ਵਿੱਚ ਹੋ ਗੁਜ਼ਰੇ, ਸਾਧੂ ਦੈਆ ਸਿੰਘ ਨੇ ਆਪਣੀ ਪ੍ਰਸਿੱਧ ਰਚਨਾ "ਜ਼ਿੰਦਗੀ ਬਿਲਾਸ" ਵਿੱਚ ਇਉਂ ਅੰਕਿਤ ਕੀਤਾ ਹੈ।

"ਓਥੇ ਰੋਸ਼ਨੀ ਗੈਸ ਗਿਆਨ ਦੀ ਏ,  
ਸੂਰਜ ਚੰਦ ਵਾਲੀ ਕੋਈ ਲੋ ਨਾਹੀਂ।  
ਮੰਜ਼ਿਲ ਓਸਦੇ ਵਿੱਚ ਅਰਾਮ ਤਲਬੀ।  
ਜਿੱਥੇ ਖ਼ੁਦੀ ਹੰਕਾਰ ਦੀ ਬੋ ਨਾਹੀਂ,  
ਮੰਜ਼ਿਲ ਓਸਦੇ ਵਿੱਚ ਅਰਾਮ ਤਲਬੀ।  
ਜਿੱਥੇ ਹਾੜ੍ਹ ਸਿਆਲ ਤੇ ਪੋਹ ਨਾਹੀਂ।  
ਮੰਜ਼ਿਲ ਓਸਦੇ ਵਿੱਚ ਅਰਾਮ ਤਲਬੀ,  
ਜਿੱਥੇ ਦੀਨ ਤੇ ਮਜ਼੍ਹਬ ਦੀ ਛੋਹ ਨਾਹੀਂ।  
ਮੰਜ਼ਿਲ ਓਸਦੇ ਵਿੱਚ ਅਰਾਮ ਤਲਬੀ,  
ਨਾਲ ਕਿਸੇ ਦਾ ਕਿਸੇ ਧਰੋਹ ਨਾਹੀਂ।  
ਮੰਜ਼ਿਲ ਓਸਦੇ ਵਿੱਚ ਅਰਾਮ ਤਲਬੀ,

ਜਿੱਥੇ ਦੁਖੇ ਦੁਖਾਂਵਦਾ ਕੋ ਨਾਹੀਂ।
ਮੰਜ਼ਿਲ ਓਸਦੇ ਵਿੱਚ ਅਰਾਮ ਤਲਬੀ,
ਜਿੱਥੇ ਇੱਕ ਵਸੰਦੜਾ ਦੋ ਨਾਹੀਂ।
ਮੈਂ ਨੂੰ ਮਾਰ ਕੇ ਮਿਲੀਦਾ ਦੈਆ ਸਿੰਘਾ
ਜਿੱਥੇ ਅਹੰ ਵਸੇਂਦੜਾ ਉਹ ਨਾਹੀਂ।"

ਪਿੰਡ ਵਿੱਚ ਜਾਂ ਕਾਰ ਵਿਹਾਰ ਜਾਂ ਸੇਵਾ ਸਿਮਰਨ ਵਿੱਚ ਲੀਨ ਰਹਿੰਦੇ। ਚਿਹਰੇ 'ਤੇ ਇੱਕ ਅਲੌਕਿਕ ਨੂਰ ਪਸਰਿਆ ਹੁੰਦਾ। ਰਸਨਾ ਬਾਰੇ ਵੇਖਣ ਵਾਲੇ ਦੱਸਦੇ ਸਨ ਕਿ ਬਿਸਤਰੇ 'ਤੇ ਪਿਆਂ ਵੀ ਚੱਲਦੀ ਰਹਿੰਦੀ। ਸਤਿਗੁਰੂ 'ਤੇ ਭਰੋਸਾ ਇਸ ਕਦਰ ਕਿ ਜਦੋਂ ਪਿੰਡ ਵਿੱਚ ਬੰਦਗੀ ਕਰਦੇ ਸਮੇਂ ਆਵਾਜ਼ਾ ਹੋਇਆ ਕਿ ਬੁੱਢਾ ਸਿੰਘ ਤੈਨੂੰ ਬਖਸ਼ਿਆ ਤਾਂ ਆਪ ਦਾ ਜੁਆਬ ਸੀ ਤੇਰੀ ਕੋਈ ਪ੍ਰਤੀਤ ਨਹੀਂ। ਦੂਜੀ ਵੇਰ ਉਸੇ ਅਵਾਜ਼ 'ਤੇ ਆਪ ਨੇ ਇਹੋ ਜੁਆਬ ਦਿੱਤਾ ਕਿ ਤੂੰ ਬੜੀ ਵੇਰ ਬਖਸ਼ਦਾ ਵੀ ਹੈ ਤੇ ਫਿਰ ਇਸ ਤੋਂ ਵਿਰਵਿਆਂ ਵੀ ਕਰ ਦਿੰਦਾ ਹੈ। ਤੀਜੀ ਵੇਰ ਇਹ ਆਵਾਜ਼ਾ ਆਇਆ ਕਿ ਜੇ ਸਤਿਗੁਰੂ ਰਾਮ ਸਿੰਘ ਜੀ ਦੇ ਮੂੰਹੋਂ ਸੁਣ ਲਵੇਂ ਤਾਂ ਫਿਰ ਯਕੀਨ ਕਰੇਂਗਾ। ਇਸ 'ਤੇ ਬਾਬਾ ਜੀ ਨੇ ਜੁਆਬ ਹਾਂ ਵਿੱਚ ਦਿੱਤਾ ਫਿਰ ਉਪਰਲੇ ਉਪਦੇਸ਼ ਵਿੱਚ ਵਰਣਿਤ ਪ੍ਰਸੰਗ ਘਟਿਤ ਹੁੰਦਾ ਹੈ ਜਦੋਂ ਬਾਬਾ ਜੀ ਭੈਣੀ ਸਾਹਿਬ ਪੁੱਜਦੇ ਹਨ। ਇਹ ਬੋਲਾ ਸਤਿਗੁਰੂ ਜੀ ਦੇ ਮੁਖਾਰਬਿੰਦ ਥੀਂ ਸੁਣਨ ਲਈ।[3]

ਬਾਬਾ ਜੀ ਦੇ ਆਪਣੇ ਮੁਰਸ਼ਦ, ਮੀਤ ਸੱਜਣ, ਸਤਿਗੁਰੂ ਬਾਰੇ ਜੋ ਮਨੋਭਾਵ ਸਨ, ਉਹਨਾਂ ਦੀ ਤਰਜਮਾਨੀ ਬਾਬਾ ਬੁੱਲ੍ਹੇ ਸ਼ਾਹ ਹੋਰਾਂ ਦੀ ਅਮਰ ਰਚਨਾ ਦੇ ਹੇਠਲੇ ਬੋਲਾਂ ਵਿੱਚੋਂ ਹੋਈ ਮਿਲਦੀ ਹੈ–

"ਰਾਂਝਣ ਨੂੰ ਮੈਂ ਢੂੰਡਣ ਗਈ ਆਂ,
ਜੰਗਲ ਬੇਲੇ ਕਾਹੀਂ,
ਰੱਬ ਮਿਲਿਆ ਰਾਂਝਣ ਨਾ ਮਿਲਿਆ,
ਰੱਬ ਰਾਂਝਣ ਵਰਗਾ ਨਾਹੀਂ।"

ਉਸ ਸਮੇਂ ਦੇ ਰਿਵਾਜ ਮੁਤਾਬਕ, ਸੰਤਾਨ ਪ੍ਰਾਪਤੀ ਲਈ ਆਪ ਨੇ ਯੁਵਾ ਅਵਸਥਾ ਵਿੱਚ ਤਿੰਨ ਸ਼ਾਦੀਆਂ ਕੀਤੀਆਂ। ਪਹਿਲੀਆਂ ਦੋ ਪਤਨੀਆਂ ਰਾਮੋ ਤੇ ਗੰਗੀ ਸਨ, ਜਿਹਨਾਂ ਦੇ ਤਿੰਨ ਪੁੱਤਰ ਹੋਏ। ਪਰ ਵਾਰੀ-ਵਾਰੀ ਗੁਜ਼ਰ ਗਏ। ਉਹ ਬੀਬੀਆਂ ਵੀ ਚੱਲ ਵਸੀਆਂ। ਫਿਰ ਬੀਬੀ ਇੰਦੋਂ ਦੇ ਘਰ ਆਪ ਦਾ ਚੌਥਾ ਪੁੱਤਰ ਹੋਇਆ। ਉਸ ਸਮੇਂ ਤੱਕ ਆਪ ਨਾਮਧਾਰੀ ਸੰਤ ਖਾਲਸੇ ਵਿੱਚ ਸ਼ਾਮਲ ਹੋ ਚੁੱਕੇ ਸਨ। ਵੇਲੇ ਦੇ ਰਸਮੋਂ ਰਿਵਾਜਾਂ ਅਤੇ ਅੰਧ ਵਿਸ਼ਵਾਸ ਕਾਰਨ ਚੌਥੇ ਪੁੱਤਰ ਨੂੰ ਮਹਿੰਗੀ ਜਹੀ ਔਲਾਦ ਸਮਝ ਕੇ ਉਸ ਦੀ ਮਾਤਾ ਇੰਦੋ ਨੇ ਬੱਚੇ ਦੇ ਗਲ਼ ਵਿੱਚ ਕਿਸੇ 'ਸਿਆਣੇ' ਤੋਂ ਲੈ ਕੇ ਤਵੀਤ ਧਾਗੇ ਆਦਿ ਬੰਨ੍ਹ ਦਿੱਤੇ। ਮਾਤਾ ਨੇ ਬਾਬਾ ਜੀ ਦੇ ਪੁੱਛਣ 'ਤੇ ਕਿਹਾ ਕਿ ਇਹ ਇਸ ਬਾਲਕ ਦੀ ਰੱਖਿਆ ਕਰਨਗੇ। ਜੀਊਣ ਜੋਗਾ ਹੋਵੇਗਾ। ਬਾਬਾ ਜੀ ਮਸਤਾਨੀ ਬਿਰਤੀ ਵਿੱਚ ਆ ਗਏ ਅਤੇ ਆਖਣ ਲੱਗੇ ਕਮਲੀਏ, "ਮੇਰੇ ਸਤਿਗੁਰੂ ਦੇ ਹੁਕਮ ਬਿਨਾਂ ਇਸ ਬੱਚੇ ਨੂੰ ਕੌਣ

ਮਾਰ ਸਕਦਾ ਹੈ ? ਤਵੀਤ ਗਲੋਂ ਲਾਹੀਏ ਅਤੇ ਉਸ 'ਤੇ ਭਰੋਸਾ ਰੱਖੀਏ।" ਤਵੀਤ ਲਹਿ ਗਏ ਬੱਚਾ ਪਲਿਆ, ਸਾਧੂ ਸਿੰਘ ਨਾਂਅ ਰੱਖਿਆ, ਵੱਡਾ ਹੋਇਆ। ਪਰ ਬਾਬਾ ਜੀ ਦੀ ਸੰਗਤ ਦਾ ਉਸ 'ਤੇ ਅਸਰ ਘੱਟ ਹੁੰਦਾ ਸੀ। ਦੂਸਰਾ ਬੱਚਾ ਹਰਨਾਮ ਸਿੰਘ ਸੀ, ਜਿਸ ਬਾਰੇ ਉੱਪਰ ਉਪਦੇਸ਼ ਵਿੱਚ ਜ਼ਿਕਰ ਆ ਚੁੱਕਾ ਹੈ, ਜਿਸ ਨੂੰ ਬਾਬਾ ਜੀ ਨੇ ਕੌਤਕਾਂ ਦਾ ਪਾਤਰ ਬਣਾਇਆ ਸੀ। ਇਹ ਸਾਰੀਆਂ ਖੇਡਾਂ ਮੋਹ ਮਮਤਾ ਤੋਂ ਪਾਰ ਜਾਣ ਵਾਸਤੇ ਇਸ ਤਰ੍ਹਾਂ ਦੇ ਮਹਾਂਪੁਰਖ ਕਰਿਆ ਕਰਦੇ ਸਨ। ਹਰਨਾਮ ਸਿੰਘ ਅਤੇ ਉਸ ਦੀ ਮਾਤਾ ਇੰਦੀ ਮਾਰਚ ੧੯੫੦ ਈਸਵੀ ਤੱਕ ਜੀਵਿਤ ਸਨ, ਜਿਹਨਾਂ ਬਾਰੇ ਸਤਿਗੁਰੂ ਪਰਤਾਪ ਸਿੰਘ ਦੱਸਦੇ ਹਨ ਕਿ ਅਸੀਂ ਉਹਨਾਂ ਨੂੰ ਮਿਲਦੇ ਰਹੇ ਹਾਂ। ਆਪਣੇ ਉਪਦੇਸ਼ਾਂ ਵਿੱਚ ਬਾਬਾ ਬੁੱਢਾ ਸਿੰਘ ਜੀ ਨੂੰ ਮਿਲਣ ਜਾਂ ਉਹਨਾਂ ਦੇ ਕਿਸੇ ਦੌਰੇ ਜਾਂ ਹੋਰ ਅਵਸਰ ਸਮੇਂ, ਹੋਰ ਪੁਰਾਤਨ ਸਿੱਖਾਂ ਜਿਉਂ, ਸਤਿਗੁਰੂ ਜੀ ਦੁਆਰਾ ਦਰਸ਼ਨ ਕਰਨ ਦਾ ਜ਼ਿਕਰ ਉਪਦੇਸ਼ਾਂ ਵਿੱਚ ਨਹੀਂ ਆਉਂਦਾ ਹੈ। ਇਸ ਤੋਂ ਮਾਲੂਮ ਹੁੰਦਾ ਹੈ ਕਿ ਆਪ ਦਾ ਦੇਹਾਂਤ ਸਤਿਗੁਰੂ ਪਰਤਾਪ ਸਿੰਘ ਜੀ ਦੇ ਬਾਲ ਕਾਲ ਵਿੱਚ ਹੀ ਹੋ ਗਿਆ ਸੀ। ਇਹ ਸੰਨ ੧੯੧੮ ਈ. ਅਨੁਮਾਨਿਤ ਹੈ। ਇਉਂ ਆਪ ਦੁਆਰਾ ੮੦ ਕੁ ਸਾਲ ਦੀ ਆਯੂ ਭੋਗੇ ਜਾਣ ਦਾ ਸੰਕੇਤ ਮਿਲਾ ਹੈ। ਸਾਧੂ ਸਿੰਘ, ਹਰਨਾਮ ਸਿੰਘ, ਲਾਲ ਸਿੰਘ ਤੇ ਸ਼ਾਮ ਸਿੰਘ ਇਹ ਚਾਰ ਪੁੱਤਰ ਸਨ। ਸ਼ਾਮ ਸਿੰਘ ਵੀ ਛੋਟੀ ਉਮਰ ਵਿੱਚ ਗੁਜਰ ਗਿਆ ਸੀ। ਇਸ ਬਾਰੇ ਵੀ ਇੱਕ ਸਾਖੀ ਪ੍ਰਚਲਿਤ ਹੈ ਕਿ ਲੰਗਰ ਵੱਲੋਂ ਕੁੱਤੇ ਨੂੰ ਹਟਾਉਣ ਲਈ ਬਾਬਾ ਜੀ ਨੇ ਢੇਮ ਚਲਾਈ। ਇੱਕ ਚਿੜਾ ਉਸ ਢੇਮ ਨਾਲ ਮਰ ਗਿਆ ਦਾਣੇ ਚੁਗਦਾ ਸੀ। ਬਾਬਾ ਜੀ ਨੇ ਪਸ਼ਚਾਤਾਪ ਵਜੋਂ ਕਿਹਾ ਕਿ ਉਇ ਬੁੱਢਿਆ ਤੂੰ ਨਿਰਦੋਸ਼ ਚਿੜਾ ਮਾਰਿਆ ਹੈ, ਤੈਨੂੰ ਇਸ ਦਾ ਫਲ ਛੇਤੀ ਹੀ ਭੁਗਤਣਾ ਪਵੇਗਾ। ਲੜਕਾ ਸ਼ਾਮ ਸਿੰਘ ਘਟਨਾ ਤੋਂ ਅੱਠਵੇਂ ਦਿਨ ਅਚਾਨਕ ਮਰ ਗਿਆ। ਬਾਬਾ ਜੀ ਨੇ ਕੋਈ ਸ਼ੋਕ ਨਾ ਕੀਤਾ ਅਤੇ ਖਿੜੇ ਮੱਥੇ ਭਾਣਾ ਮੰਨਿਆ।

ਪਰਦੇਸ ਤੋਂ ਨਾਮਧਾਰੀ ਸੰਗਤ ਦੇ ਨਾਮ ਭੇਜੇ ਆਪਣੇ ਹੁਕਮਨਾਮਿਆਂ ਵਿੱਚ ਸਤਿਗੁਰੂ ਰਾਮ ਸਿੰਘ ਜੀ ਨੇ ਸੰਗਤ ਨੂੰ ਵੱਧ ਤੋਂ ਵੱਧ ਨਾਮ ਬਾਣੀ ਨਾਲ ਜੁੜਨ ਅਤੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠਾਂ ਦੇ ਭੋਗ ਪੁਆਉਣ ਦਾ ਆਦੇਸ਼ ਦਿੱਤਾ ਸੀ। ਬਾਬਾ ਬੁੱਢਾ ਸਿੰਘ ਜੀ ਵੀ ਸਤਿਗੁਰੂ ਵਿਛੋੜੇ ਨੂੰ ਅਨੇਕਾਂ ਹੋਰ ਗੁਰੂ ਪਿਆਰਿਆਂ ਜਿਉਂ ਬੜੀ ਤੀਬਰਤਾ ਨਾਲ ਮਹਿਸੂਸ ਕਰਦੇ ਸਨ। ਉਹਨਾਂ ਦਾ ਵੈਰਾਗ ਕਿਸੇ ਸਮੇਂ ਵੀ ਠੱਲ੍ਹਿਆ ਨਾਂ ਰਹਿੰਦਾ ਅਤੇ ਨੇਤਰ ਵੀ ਸਾਉਣ ਭਾਦੋਂ ਦੀਆਂ ਝੜੀਆਂ ਦਾ ਰੂਪ ਧਾਰਨ ਕਰੀ ਰੱਖਦੇ ਸਨ। ਉਹ ਉਹਨਾਂ ਵਿਰਲੇ ਸਾਧੂਆਂ ਵਿੱਚੋਂ ਸਨ, ਜਿਹੜੇ ਜਦੋਂ ਚਾਹੁੰਦੇ ਸਨ ਆਪਣੇ ਸਤਿਗੁਰੂ ਦੇ ਦਿੱਬ ਦ੍ਰਿਸ਼ਟੀ ਨਾਲ ਦਰਸ਼ਨ ਕਰ ਵੀ ਲਿਆ ਕਰਦੇ ਸਨ ਅਤੇ ਕਰਵਾ ਵੀ ਦਿੰਦੇ ਸਨ। ਆਪ ਦੇ ਭਾਈ ਹਕੀਕਾ ਸਿੰਘ ਦਾ ਅੰਤ ਸਮਾਂ ਨੇੜੇ ਸੀ। ਸੰਤਾਂ ਨੇ ਉਸ ਨੂੰ ਬੜੇ ਰੌਚਕ ਢੰਗ ਨਾਲ ਪਰੇਰ ਕੇ ਭਜਨ ਕਰਨ ਲਾ ਦਿੱਤਾ। ਪਹਿਲਾਂ ਕਹਿੰਦਾ ਸੀ ਮਨ ਵਿੱਚ ਕਾਲੇ-ਕਾਲੇ ਦੈਤਾਂ ਦਾ ਭੈਅ ਆ ਰਿਹਾ ਹੈ। ਜਦੋਂ ਭਜਨ ਕਰਨ ਲੱਗਾ ਤਾਂ ਬਾਬਾ ਜੀ ਨੇ ਪੁੱਛਿਆ ਕਿ ਹੁਣ ਦੀ ਅਵਸਥਾ ਕੈਸੀ ਹੈ ? ਉਸ ਨੇ ਕਿਹਾ ਕਿ ਹੁਣ ਤਾਂ ਚੀਨੀ ਵਾਲੇ ਸੱਚੇ ਪਾਤਸ਼ਾਹ ਦੇ ਦਰਸ਼ਨ ਹੋ ਰਹੇ ਹਨ। ਬਾਬੇ ਹੋਰਾਂ ਕਿਹਾ,

"ਭਾਈ ਤਿਆਰੀ ਦਾ ਸਮਾਂ ਇਸ ਤੋਂ ਚੰਗਾ ਕਿਹੜਾ ਆਏਗਾ।" ਹਕੀਕਾ ਸਿੰਘ ਅੰਤਿਮ ਫਤੇਹ ਬੁਲਾ ਗਿਆ।[4]

ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿਤ ਸਮੁੱਚੀ ਨਾਮਧਾਰੀ ਸੰਗਤ ਨੇ ਬਹੁਤ ਜਪ, ਤਪ, ਗੁਰਬਾਣੀ ਪਾਠ ਅਤੇ ਅਖੰਡ ਵਰਨੀਆਂ ਕੀਤੀਆਂ ਅਤੇ ਅੱਜ ਤੱਕ ਕਰੀ ਜਾਂਦੇ ਹਨ। ਬਾਬਾ ਬੁੱਢਾ ਸਿੰਘ ਦੇ ਮਨ ਵਿੱਚ ਚਾਅ ਉਪਜਿਆ ਤਾਂ ਆਪ ਨੇ ਵੀ ਆਪਣੇ ਪਿੰਡ ਵਿਖੇ ਸਵਾ ਲੱਖ ਜਪੁਜੀ ਸਾਹਿਬ ਦੀਆਂ ਵਰਨੀਆਂ ਦਾ ਸਮਾਗਮ ਰਚ ਦਿੱਤਾ। ਛੁੱਟੀ ਲੈ ਕੇ ਇਸ ਪ੍ਰਯੋਗ ਵਿੱਚ ਗੁਰੂ ਹਰੀ ਸਿੰਘ ਜੀ ਦੇ ਦਰਸ਼ਨ ਦੇਣ ਦਾ ਜ਼ਿਕਰ ਲਾਇਲਪੁਰੀ ਜੀ ਕਰਦੇ ਹਨ।[5]

ਬਾਬਾ ਜੀ ਨੇ ਸੰਕਲਪ ਕੀਤਾ ਕਿ ਜਿਤਨਾ ਚਿਰ ਘਰ ਲਿਆਂਦੀ ਸਮੁੱਚੀ ਰਸਤ-ਬਸਤ ਹੋਰ ਸਮੱਗਰੀ ਅਤੇ ਨਿਕ-ਸੁਕ, ਜੋ ਵੀ ਘਰ ਵਿੱਚ ਮੌਜੂਦ ਹੈ, ਉਹ ਸਾਰਾ ਲੱਗ ਨਹੀਂ ਜਾਂਦਾ ਮੇਲੇ ਦਾ ਭੋਗ ਨਹੀਂ ਪਾਉਣਾ। ਲਾਇਲਪੁਰੀ ਜੀ ਤਾਂ ਇਸ ਮੇਲੇ ਦੇ ਲਗਾਤਾਰ ਤਿੰਨ ਮਹੀਨੇ ਜਾਰੀ ਰਹਿਣ ਦਾ ਵਰਨਣ ਮਾਝੇ ਦੀ ਸੰਗਤ ਦੇ ਹਵਾਲੇ ਨਾਲ ਕਰਦੇ ਹਨ। ਇਹ ਵਰਨੀ ੧੯੮੨ ਈ. ਦੇ ਸਾਉਣ ਭਾਦਰੋਂ ਦੇ ਮਹੀਨੇ ਹੋਈ। ਇਸ ਦਾ ਵਰਣਨ ਸਾਡਾ ਪਹਿਲਾ ਇਤਿਹਾਸ ਲੇਖਕ ਭਾਈ ਸੰਤੋਖ ਸਿੰਘ ਬਾਹੋਵਾਲ ਵੀ ਆਪਣੀ ਰਚਨਾ ਵਿੱਚ ਕਰਦਾ ਹੈ। ਭਾਈ ਸੰਤੋਖ ਸਿੰਘ ਇਸੇ ਸਾਲ ਗੁਰੂ ਹਰੀ ਸਿੰਘ ਜੀ ਪਾਸੋਂ ਚੇਤ ਚੌਦੇ ਨੂੰ ਸ੍ਰੀ ਭੈਣੀ ਸਾਹਿਬ ਆ ਕੇ ਨਾਮ ਦੀ ਦਾਤ ਲੈਂਦਾ ਹੈ। ਉਹ ਵੀ ਬਾਬਾ ਬੁੱਢਾ ਸਿੰਘ ਜਿਉਂ ਮਸਤਾਨਾ ਸਿੰਘ ਸੀ। ਸੰਤੋਖ ਸਿੰਘ ਇਸ ਵਰਨੀ ਦੇ ਭੋਗ ਸਮਾਗਮ ਦਾ ਪ੍ਰਤੱਖਦਰਸ਼ੀ ਸੀ। ਇਸ ਸਮੇਂ ਇੱਕ "ਅਯੋਗ ਵਾਰਤਾ" ਸੰਤੋਖ ਸਿੰਘ ਹੋਰਾਂ ਦੇ ਸ਼ਬਦਾਂ ਵਿੱਚ ਹੁੰਦੀ ਹੈ। ਫੱਤੇਵਾਲ ਦਾ ਸੂਬਾ ਭਗਵਾਨ ਸਿੰਘ ਸੀ, ਜੋ ੧੯੭੭ ਈ. ਵਿੱਚ ਰੰਗੂਨ ਨੈਣਾਂ ਸਿੰਘ ਵਰਿਆਂਹ ਨਾਲ ਸਤਿਗੁਰੂ ਜੀ ਦੇ ਦਰਸ਼ਨ ਵੀ ਕਰ ਆਇਆ ਸੀ, ਉਸ ਦਾ ਅਨੰਦ ਕਾਰਜ ਇਸੇ ਮੇਲੇ ਦੀ ਸਮਾਪਤੀ ਤੇ ਹੋਣਾਂ ਤਹਿ ਸੀ। ਜਪੁ ਸਾਹਿਬ ਦੀ ਵਰਨੀ ਦੇ ਭੋਗ ਤੇ ਜੋ ਗੁਰੂ ਦਰਸ਼ਨਾਂ ਨਮਿੱਤ ਹੋਈ ਸੀ, ਤਾਂ ਪੰਜ ਰੁਪਏ ਦਾ ਕੜਾਹ ਪਰਸ਼ਾਦ ਕਰਕੇ ਭੋਗ ਪਾਇਆ ਗਿਆ ਅਤੇ ਜਦੋਂ ਅਗਲੇ ਦਿਨ ਫੱਤੇਵਾਲ ਹੋਰਾਂ ਦੇ ਅਨੰਦ ਕਾਰਜ ਲਈ ਹਵਨ ਕਰਕੇ ਵੇਦੀ ਗੱਡੀ ਗਈ ਤਾਂ ਉਸ ਸਮੇਂ ਪੰਝੀ ਰੁਪਏ ਦਾ ਕੜਾਹ ਪਰਸ਼ਾਦ ਬਣਾ ਕੇ ਲਿਆਂਦਾ ਗਿਆ। ਇਹ ਗੱਲ ਉਸ ਵੇਲੇ ਦੇ ਸਤਿਗੁਰੂ ਰਾਮ ਸਿੰਘ ਜੀ ਦੇ ਆਸ਼ਕਾਂ, ਸਾਦਕਾਂ, ਮਸਤਾਨਿਆਂ ਨੂੰ ਬਹੁਤ ਨਾ ਖੁਸ਼ਗਵਾਰ ਮਾਲੂਮ ਹੋਈ ਤਾਂ ਉਹਨਾਂ ਨੇ ਮਸਤੀ ਦੇ ਆਲਮ ਵਿੱਚ ਸਾਰੀ ਖੇਡ ਵਿਗਾੜ ਕੇ ਸੂਬਾ ਹੋਰਾਂ ਨੂੰ ਰਾਤ ਦੇ ਸਮੇਂ ਚੋਰੀ ਅਨੰਦ ਪੜ੍ਹਾਉਣ ਲਈ ਮਜਬੂਰ ਕਰ ਦਿੱਤਾ। ਇਸ ਰੌਚਕ ਪ੍ਰਸੰਗ ਦਾ ਵਰਣਨ ਭਾਈ ਬਾਹੋਵਾਲ ਜੀ ਦੇ ਸ਼ਬਦਾਂ ਅਤੇ ਸ਼ੈਲੀ ਵਿੱਚ ਪਾਠਕਾਂ ਲਈ ਦਿਲਚਸਪੀ ਦਾ ਕਾਰਨ ਬਣੇਗਾ।

ਸੌਣ-ਭਾਦਰੋਂ ਮੈਂ ਸਵਾ ਲੱਖ ਜਪੁ ਸਾਹਿਬ ਦੇ ਪਾਠ ਦੀਆਂ ਬਾਬੇ ਬੁੱਢਾ ਸਿੰਘ ਵਾਲੀ ਵਾਂ ਵਿੱਚ ਵਰਨੀਆਂ ਹੋਈਆਂ। ਪਾਠ ਕੀਤੇ ਪਰ ਬਿਘਨ ਪੜਨੇ ਸੇ ਫ਼ਲ ਨਾ

ਪ੍ਰਾਪਤ ਹੋਇਆ। ਜਿਸ ਦਿਨ ਭੋਗ ਸਵਾ ਲੱਖ ਵਰਨੀ ਕਾ ਪਿਆ ਉਸ ਦਿਨ ੫ (ਪੰਜ) ਰੁਪਏ ਕਾ ਕੜਾਹ ਪ੍ਰਸ਼ਾਦ ਕੀਤਾ।

ਅਯੋਗ ਬਾਰਤਾ ਕੀਤੀ ਹੈ

"ਅਗਲੇ ਦਿਨ ਭਗਵਾਨ ਸਿੰਘ ਫੱਤੇਵਾਲੀਏ ਨੇ ਅਨੰਦ ਪੜ੍ਹਾਉਣੇ ਨੂੰ ਪੱਚੀ ਰੁਪਏ ਦਾ ਕੜਾਹ ਪ੍ਰਸ਼ਾਦ ਕੀਤਾ। ਸੰਤੋਖ ਸਿੰਘ (ਲੇਖਕ) ਮਸਤਾਨਾ ਹੋਇਆ ਸੀ। ਸ੍ਰੀ ਸਤਿਗੁਰੂ ਅੰਤਰਜਾਮੀ ਜੀ ਕਾ ਹੁਕਮ ਹੋਇਆ ਕਿ ਬੇਦੀ ਕੋ ਤੋੜ ਦਿਓ। ਸੰਤੋਖ ਸਿੰਘ ਨੇ ਜਾਇ ਕੇ ਤੋੜ ਕੇ ਚੌਹਾਂ ਪਾਸਿਆਂ ਕੋ ਸੁੱਟ ਦਿੱਤੀ। ਫਿਰ ਬੇਦੀ ਗੱਡੀ। ਅਸਵਾਰਾ ਸਾਹਿਬ ਆਇਆ। ਹਮਨ ਹੋਣੇ ਲਗਾ। ਅੰਮ੍ਰਿਤ ਬਣਨੇ ਲਗਾ। ਸੰਤੋਖ ਸਿੰਘ ਦੋ ਕਰੰਗ ਚੁੱਕ ਕੇ ਨੱਸ ਕੇ ਦੀਵਾਨ ਵੰਨੇ ਆਇਆ। ਕੁਰੰਗ ਤਾਂ ਸੁਟਵਾਇ ਦੀਏ ਸੰਤੋਖ ਸਿੰਘ ਨੂੰ ਫੜ ਕੇ ਪਿੰਡ ਨੂੰ ਲੈ ਗਏ। ਬੁੱਢਾ ਸਿੰਘ ਨੂੰ ਪੁੱਛਿਆ ਕਿ ਹੁਣ ਕਿਵੇਂ ਕਰੀਏ ? ਉਸ ਨੇ ਕਿਹਾ ਕਿ ਅਨੰਦ ਨਾ ਪੜ੍ਹਨਾ ਮਿਲੇ। ਬੁੱਢਾ ਸਿੰਘ ਕੋ ਸੂਤਰ ਹੋਇ ਗਿਆ।

"ਫੇਰ ਜਿਊਣ ਸਿੰਘ ਸਰਹਾਲੀ ਕਾ ਤਿਸ ਨੂੰ ਸੂਤ੍ਰ ਹੋਇਆ। ਛਾਲਾਂ ਮਾਰ ਕੇ ਦੀਵਾਨ ਮੈਂ ਗਿਆ। ਬੁੱਢਾ ਸਿੰਘ ਨੇ ਭਗਾਵਨ ਸਿੰਘ ਕੀ ਪੱਗ ਉਤਾਰ ਕੇ ਤੀਨ ਧੌਲਾਂ ਮਾਰੀਆਂ। ਜਿਊਣ ਸਿੰਘ ਨੇ ਅੰਮ੍ਰਿਤ ਵਾਲਾ ਬਾਟਾ ਨਰੈਣ ਸਿੰਘ ਕੇ ਸਿਰ ਵਿੱਚ ਮਾਰਿਆ। ਉਬੋਕਿਆਂ ਵਾਲੇ ਸਿੰਘ ਹਮਨ ਚੁੱਕ ਕੇ ਬਾਹਰ ਮਾਰਿਆ। ਬੇਦੀ ਪੁੱਟ ਕੇ ਸੁੱਟੀ ਤੇ ਕਹਾ ਬੁੱਢਾ ਸਿੰਘ, ਅਸਾਂ ਸਤਿਗੁਰੂ ਜੀ ਕੇ ਦਰਸ਼ਨ ਕਾ ਪ੍ਰਯੋਗ ਕਰਾਇਆ ਹੈ। ਸਵਾ ਲੱਖ ਬਰਨੀ ਕਾ ਭੋਗ ਪਾਇਆ ਤਾਂ ਪੰਜ ਰੁਪਏ ਕਾ ਕੜਾਹ ਪ੍ਰਸ਼ਾਦਿ ਕੀਤਾ ਹੈ। ਇਹ ਅਯੋਗ ਵਾਰਤਾ ਕੀਤੀ ਹੈ। ਭਗਵਾਨ ਸਿੰਘ ਮਹੰਤ (ਸੂਬਾ) ਸੀ ਤਿਸ ਕਰਕੇ ਕਾਰ ਮੁਖਤਾਰੀ ਦਿੱਤੀ ਹੋਈ ਸੀ।

"ਸਤਿਗੁਰੂ ਜੀ ਕੇ ਦਰਸ਼ਨ ਕਾ ਪ੍ਰਯੋਗ ਸਵਾ ਲੱਖ ਬਰਨੀ ਕਾ ਕੀਤਾ ਸੀ। ਇਸ ਵਾਸਤੇ ਅਨੰਦ ਪੜ੍ਹਾਉਣੇ ਦਾ ਮੌਕਾ ਨਾ ਸੀ। ਸੋ ਅੰਤਰਜਾਮੀ ਗੁਰੂ ਜੀ ਨਾ ਬਿਧ ਬਣਨ ਦਿੱਤੀ।

"ਰਾਤ ਕੋ ਚੋਰੀ ਅਨੰਦ ਪੜਿਆ ਸਵਾ ਰੁਪਏ ਕਾ ਕੜਾਹ ਪ੍ਰਸ਼ਾਦ ਕਰਕੇ। ਉਸੀ ਰਾਤ ਐਸੀ ਕੁਦਰਤ ਵਰਤੀ ਬਿਮਾਰੀ ਛੱਡੀ ਪ੍ਰਮੇਸ਼ਰ ਨੇ, ਤਾਪ ਹੋਇਆ ਸਾਰਿਆਂ ਨੂੰ। ਜੇਹੜੇ ਬਰਨੀ ਕੇ ਬਾਅਦ ਚਲੇ ਗਏ, ਸੋ ਚਲੇ ਗਏ, ਜੇਹੜੇ ਰਹੇ ਕੋਈ ਸਿੰਘ ਸਾਬਤ ਨਾ ਨਿਕਲਿਆ। ਸਭ ਤਾਪ ਨਾਲ ਬੀਮਾਰ ਹੋਏ। ਇੱਕ ਸਿੰਘ ਚੜ੍ਹਾਈ ਵੀ ਕਰ ਗਿਆ। ਸੰਤਖ ਸਿੰਘ ਕੋ ਸਿਰਸਾਮ ਕੀ ਬਿਮਾਰੀ ਹੋਈ। ਤਰਨ ਤਾਰਨ ਜੀ ਕੇ ਤਲਾਉ ਮੇਂ ਪੰਦਰਾਂ ਦਿਨਾਂ ਮੇਂ ਟੁੱਭੇ ਮਾਰਦੇ-ਮਾਰਦੇ ਰਾਜ਼ੀ ਹੋਏ।"[6]

ਵਰਨੀ ਵਾਲੇ ਸਿੰਘਾਂ ਨੇ ਮਹਿਸੂਸ ਕੀਤਾ ਕਿ ਸ੍ਰੀ ਸਤਿਗੁਰੂ ਜੀ ਨਾਲੋਂ ਕਿਸੇ ਸਿੰਘ ਦਾ ਵੱਧ ਅਦਬ ਕਰਨ ਸਦਕਾ ਹੀ ਇਹ ਸਾਰੀ ਕਾਰ ਵਰਤੀ ਸੀ। ਐਸੇ ਪਰੇਮ ਦੀਵਾਨੇ ਸਨ ਬਾਬਾ ਬੁੱਢਾ ਸਿੰਘ ਜੀ ਕਿ ਘਰ ਦੀ ਸਾਰੀ ਛੱਲੀ ਪੂਣੀ ਲਾ ਕੇ ਆਰੰਭੇ ਤੇ ਸੰਪੰਨ ਕੀਤੇ ਸਮਾਗਮ ਦੀ ਸਮਾਪਤੀ ਬਾਅਦ, ਜਦੋਂ ਸਤਿਗੁਰੂ ਸਤਿਕਾਰ ਦੀ ਮਰਿਆਦਾ

ਵਿੱਚ ਕੋਤਾਹੀ ਹੋਈ ਤਾਂ ਆਪੇ ਵਿੱਢੇ ਮੇਲੇ ਦੀ ਬੇਰਸੀ ਦੀ ਵੀ ਪ੍ਰਵਾਹ ਨਾ ਕਰਦਿਆਂ, ਸਤਿਗੁਰੂ ਜੀ ਪ੍ਰਤੀ ਸਮਰਪਣ ਦੀ ਭਾਵਨਾ 'ਤੇ ਆਂਚ ਨਾ ਆਉਣ ਦਿੱਤੀ।

ਭਾਈ ਹਰਨਾਮ ਸਿੰਘ ਜੀ ਚਵਿੰਡੇ ਵਾਲੇ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਅਤੇ ਨਾਮਧਾਰੀ ਵਿਦਿਆਲਾ ਸ੍ਰੀ ਭੈਣੀ ਸਾਹਿਬ ਦੇ ਵਿਦਿਆਰਥੀਆਂ ਨੂੰ ਰਾਗ ਵਿੱਦਿਆ ਸਿਖਾਉਂਦੇ ਰਹੇ ਸਨ। ਪਹਿਲਾਂ ਆਮ ਮੇਲਿਆਂ ਮੁਸਾਹਬਿਆਂ ਵਿੱਚ ਮਿਰਜ਼ੇ ਦੀਆਂ ਸੱਦਾਂ ਹੀ ਲਾਇਆ ਕਰਦੇ ਸਨ। ਬਾਬਾ ਕੇਸਰ ਕਿੱਲੀ ਜੀ ਨੇ ਮਸਤੀ ਦੇ ਆਲਮ ਵਿੱਚ ਬੋਲਾ ਕੀਤਾ "ਆ ਨ੍ਹਾਮਿਆਂ ਤੈਨੂੰ ਰਾਗ ਦੇਈਏ। ਪੁੱਤ ਬੋਲੀਆਂ ਪਾਉਣੀਆਂ ਛੱਡ ਦੇ।" ਅੱਗੋਂ ਭਾਈ ਹਰਨਾਮ ਸਿੰਘ ਜੀ ਕਿਹਾ, "ਜੀ ਮੈਨੂੰ ਤਾਂ ਇਹਨਾਂ ਬੋਲੀਆਂ ਤੋਂ ਬਿਨਾਂ ਕੁਝ ਆਉਂਦਾ ਹੀ ਨਹੀਂ।" ਸੰਤਾਂ ਮੁਹਾਵੇ ਵਾਲਿਆਂ ਆਖਿਆ, "ਬਾਬਾ ਬੁੱਢਾ ਸਿੰਘ ਤਸਦੀਕ ਕਰ ਦਿਉ ਕਿ ਇਸ ਨੂੰ ਰਾਗ ਦਿੱਤਾ।" ਸੋ ਦੋਹਾਂ ਮਸਤਾਨਿਆਂ ਦੀ ਹਰਨਾਮ ਸਿੰਘ ਹੋਰਾਂ 'ਤੇ ਐਸੀ ਕਿਰਪਾ ਹੋਈ ਕਿ ਆਪਣੀ ਉਮਰ ਵਿੱਚ ਸ੍ਰੀ ਭੈਣੀ ਸਾਹਿਬ ਦਰਬਾਰ ਦੇ ਸ਼ਿਰੋਮਣੀ ਕੀਰਤਨੀਏ ਤਾਂ ਬਣੇ ਹੀ, ਸੈਂਕੜੇ ਬੱਚਿਆਂ ਨੂੰ ਸੰਗੀਤ ਸਿੱਖਿਆ ਦੇ ਕੇ ਨਿਪੁੰਨ ਕੀਤਾ ਅਤੇ 'ਉਸਤਾਦ ਭਾਈ ਹਰਨਾਮ ਸਿੰਘ ਜੀ ਰਾਗੀ' ਦੇ ਨਾਮ ਨਾਲ ਸੁਵਿਖਿਆਤ ਹੋਏ।

ਮਾਝੇ ਦੇ ਉੱਘੇ ਕੂਕਾ ਆਗੂ ਬਾਬਾ ਸ਼ਾਮ ਸਿੰਘ ਸਰਹਾਲੀ ਦੇ ਪੁੱਤਰ ਕਿਸ਼ਨ ਸਿੰਘ ਦਾ ਵੱਡਾ ਲੜਕਾ ਆਤਮਾ ਸਿੰਘ ਬਚਪਨ ਤੇ ਗਭਰੇਟ ਦੀ ਵਿਚਕਾਰਲੀ ਆਯੂ ਵਿੱਚ ਸੀ। ਪਿਤਾ ਨੇ ਉਸ ਨੂੰ ਕਿਹਾ, "ਜਿਹੜੀ ਮੱਝ ਭਾੜੇ 'ਤੇ ਮਿਲਦੀ ਹੈ, ਉਸ ਲਈ ਕਰਾੜੀ ਪੁੱਟ ਲਿਆ। ਕਰਾੜੀ ਇੱਕ ਕਿਸਮ ਦਾ ਨਦੀਨ ਸੀ, ਜੋ ਕਿ ਕਣਕ ਦੇ ਖੇਤਾਂ ਵਿੱਚ ਆਮ ਉੱਗ ਆਉਂਦਾ ਸੀ। ਆਤਮਾ ਸਿੰਘ ਬਾਹਰ ਗਿਆ ਅਤੇ ਕਿਸੇ ਬਿਗਾਨੇ ਛੋਲਿਆਂ ਦੇ ਖੇਤ ਵਿੱਚੋਂ ਓੜਿਆਂ ਵਿੱਚੋਂ ਉੱਗੀ ਫਲੀ ਹੋਈ ਸਰ੍ਹੋਂ ਪੁੱਟ ਕੇ ਮੱਝ ਨੂੰ ਲਿਆ ਪਾਈ। ਜਦੋਂ ਉਸ ਮੱਝ ਦਾ ਦੁੱਧ ਪੀ ਕੇ ਰਾਤ ਨੂੰ ਸੁੱਤਾ ਤਾਂ ਸੁਪਨੇ ਵਿੱਚ ਉਸ ਨੂੰ ਬਹੁਤ ਭੈਅ ਮਲੂਮ ਹੋਇਆ। ਜਿਵੇਂ ਕੋਈ ਵਿਅਕਤੀ ਉਸ ਨੂੰ ਡਰਾ ਰਿਹਾ ਸੀ, ਅੱਭੜਵਾਹੇ 'ਚੋਰ-ਚੋਰ' ਕਰਦਾ ਉੱਠਿਆ। ਆਲੇ-ਦੁਆਲੇ ਦੇ ਲੋਕ ਕੋਠਿਆਂ ਦੇ ਬਨ੍ਹੇਰਿਆਂ 'ਤੇ ਚੜ੍ਹ ਖਲੋਤੇ ਤੇ ਪੁੱਛਣ ਲੱਗੇ, "ਚੋਰ ਦਾ ਹੁਲੀਆ ਕੈਸਾ ਸੀ ?" ਉਹ ਕਹਿੰਦਾ, "ਉੱਤੇ ਕਾਲੀ ਭੂਰੀ ਲਈ ਹੋਈ ਤੇ ਪੈਰੀਂ ਪਊਏ ਸਨ।" ਲੋਕਾਂ ਨੇ ਹਾਸਾ ਪਾ ਦਿੱਤਾ ਕਿ ਚੋਰ ਐਹੋ ਜਿਹਾ ਹੁੰਦਾ ਹੈ ? ਜਦੋਂ ਦੁਬਾਰਾ ਸੁੱਤਾ ਤਾਂ ਇਸ ਵਾਰ ਫਿਰ ਉਸ ਨੂੰ ਉਹ ਹੀ ਸਰੂਪ ਮਿਲਿਆ ਤੇ ਉਨ੍ਹਾ ਕਿਹਾ, "ਸਿੱਖਾ ਚੋਰੀ ਨਹੀਂ ਕਰੀਦੀ।" ਸੁਬ੍ਹਾ ਉੱਠ ਕੇ ਜਦੋਂ ਉਸ ਨੇ ਪਰਿਵਾਰ ਨਾਲ ਇਹ ਗੱਲ ਸਾਂਝੀ ਕੀਤੀ ਤਾਂ ਵੱਡਿਆਂ ਨੇ ਕਿਹਾ, "ਇਹ ਤਾਂ ਸਤਿਗੁਰੂ ਰਾਮ ਸਿੰਘ ਜੀ ਸਨ, ਜੋ ਤੈਨੂੰ ਤੇਰੀ ਅਵੱਗਿਆ ਤੋਂ ਤਾੜਨ ਆਏ ਸਨ।" ਇਹ ਸੁਣਦਿਆਂ ਹੀ ਆਤਮਾ ਸਿੰਘ ਮਸਤਾਨਾ ਹੋ ਗਿਆ ਤੇ ਬਾਬਾ ਬੁੱਢਾ ਸਿੰਘ ਦੇ ਪਿੰਡ 'ਵਾਂ' ਨੂੰ ਨੱਸ ਤੁਰਿਆ। ਅੱਗੇ ਪਿੰਡ ਵੜਦਿਆਂ ਨੂੰ ਬਾਬਾ ਬੁੱਢਾ ਸਿੰਘ ਇਹਦੇ ਵੱਲ ਆਉਂਦੇ ਮਿਲ ਪਏ। ਉਨ੍ਹਾ ਮਿਲਦਿਆਂ ਹੀ ਬੋਲਾ ਕੀਤਾ, "ਵਾਹ ਪੁੱਤਰਾ! ਚੋਰੀ ਦੇ

ਪੱਠੇ ਪੁੱਟ ਕੇ ਰਾਤ ਗੁਬਿੰਦ (ਪ੍ਰਮੇਸ਼ਰ ਭਾਵ ਸਤਿਗੁਰੂ ਰਾਮ ਸਿੰਘ) ਦੇ ਦਰਸ਼ਨ ਕਰ ਲਏ ਈ! ਅੱਗੇ ਤੋਂ ਖ਼ਬਰਦਾਰ! ਚੋਰੀ ਨਹੀਂ ਕਰਨੀ।" ਲੇਖਕ ਨੇ ਆਪਣੇ ਨਾਨਕੇ ਪਰਵਾਰ ਤੋਂ ਇਹ ਬਚਨ ਕਈ ਵਾਰ ਸੁਣਿਆ। ਜਨਵਰੀ ੧੯੫੮ ਈਸਵੀ ਵਿੱਚ ੭੫-੭੬ ਸਾਲ ਦੀ ਉਮਰੇ ਅਕਾਲ ਚਲਾਣਾ ਕਰਨ ਤੋਂ ਪਹਿਲਾਂ ਉਸ ਨੂੰ ਨਾਨੇ ਆਤਮਾ ਸਿੰਘ ਦੇ ਦਰਸ਼ਨ ਕਰਨ ਦਾ ਸੁਭਾਗ ਬਚਪਨ ਵਿੱਚ ਮਿਲਦਾ ਰਿਹਾ ਹੈ।

ਬਾਬਾ ਜੀ ਦੇ ਚੌਹਾਂ ਪੁੱਤਰਾਂ ਵਿੱਚੋਂ ਔਲਾਦ ਹਰਨਾਮ ਸਿੰਘ ਤੇ ਪਾਲ ਸਿੰਘ ਦੀ ਹੀ ਹੋਈ। ਹਰਨਾਮ ਸਿੰਘ ਦੀ ਇਕਮਾਤਰ ਸੰਤਾਨ ਪੁੱਤਰੀ ਬੀਬੀ ਹਰਬੰਸ ਕੌਰ, ਡੱਲ ਵਾਂ ਪਾਸ ਡਮੇਰੀ ਵਿਆਹੀ ਸੀ। ਦੂਸਰੇ ਪੁੱਤਰ ਪਾਲ ਸਿੰਘ ਦਾ ਲੜਕਾ ਮੂਲਾ ਸਿੰਘ ਸੀ, ਜਿਸ ਦਾ ਅੱਗੋਂ ਦਰਬਾਰਾ ਸਿੰਘ ਹੈ। ਬਾਬਾ ਜੀ ਦਾ ਇਹ ਪੜਪੋਤਾ ਦਰਬਾਰਾ ਸਿੰਘ ਆਪਣੇ ਦੋ ਪੁੱਤਰਾਂ ਹਰਪਿੰਦਰ ਸਿੰਘ ਅਤੇ ਅਰਸ਼ਦੀਪ ਸਿੰਘ ਸਮੇਤ ਪੁਸ਼ਤੈਨੀ ਪਿੰਡ ਵਿੱਚ ਹੀ ਰਹਿੰਦਾ ਹੈ। ਦਰਬਾਰਾ ਸਿੰਘ ਦੀਆਂ ਦੋ ਪੁੱਤਰੀਆਂ ਵੀ ਹਨ। ਪਰਿਵਾਰ ਸ੍ਰੀ ਭੈਣੀ ਸਾਹਿਬ ਨਾਲ ਜੁੜਿਆ ਹੋਇਆ ਹੈ।

ਬਾਬਾ ਜੀ ਦੇ ਅੰਤ ਸਮੇਂ ਦੇ ਵੀ ਬੜੇ ਵਚਿੱਤਰ ਕੌਤਕ ਹਨ। ਮਾਘੀ ਦੇ ਦਿਨ ਪਰਸ਼ਾਦਾ ਛਕ ਰਹੇ ਸਨ ਕਿ ਇੱਲ ਨੇ ਝਪਟ ਮਾਰੀ। ਆਪ ਨੇ ਕਿਹਾ ਕਿ ਗੋਬਿੰਦ (ਪ੍ਰਮੇਸ਼ਰ) ਨੇ ਸਨੇਹਾ ਭੇਜਿਆ ਕਿ ਇੱਕ ਸਾਲ ਤੇਰਾ ਸਮਾਂ ਰਹਿ ਗਿਆ ਹੈ। ਮਾਤਾ ਫਿਕਰ ਵਿੱਚ ਰੋਣ ਲੱਗੀ ਕਿ ਬੱਚੇ ਅਜੇ ਪੈਰਾਂ ਸਿਰ ਨਹੀਂ ਹੋਏ। ਆਪ ਨੇ ਫਿਰ ਕਿਹਾ ਇਹਨਾਂ ਦੀ ਚਿੰਤਾ ਛੱਡ ਦੇ ਇਹ ਬੜੇ ਰੰਗਾਂ ਵਿੱਚ ਖੇਡਣਗੇ। ਦੀਪਮਾਲਾ ਤੇ ਅੰਮ੍ਰਿਤਸਰ ਗਏ, ਹਮਜੋਲੀਆਂ ਨੂੰ ਆਖ ਆਏ, ਇਹ ਹੁਣ ਅਸੀਂ ਤੁਹਾਡੇ ਅਖੀਰੀ ਦਰਸ਼ਨ ਕਰ ਚੱਲੇ ਹਾਂ। ਉੱਥੇ ਜੁੱਤੀ ਗੁਆ ਆਏ। ਪਰਿਵਾਰ ਨੇ ਨਵੀਂ ਦਾ ਮੇਚਾ ਦੇ ਆਉਣ ਲਈ ਕਿਹਾ ਤਾਂ ਕਹਿੰਦੇ ਹੁਣ ਲੋੜ ਨਹੀਂ ਦਿਨ ਤਾਂ ਗਿਣਤੀ ਦੇ ਹਨ। ਪੁੱਤਰਾਂ ਦਾ ਕਾਰੋਬਾਰ ਵੱਖੋ-ਵੱਖ ਕਰਕੇ ਸਮਝਾ ਦਿੱਤਾ ਅਤੇ ਮਾਘੀ ੧੯੫੪ ਬਿਕਰਮੀ (ਮੁਤਾਬਿਕ ੧੮੯੮ ਈ.) ਨੂੰ ਪਰਿਵਾਰ ਨੂੰ ਭਾਣਾ ਮੰਨਣ ਅਤੇ ਗੁਰਮਤਿ 'ਤੇ ਚੱਲਣ ਦੀ ਸਿੱਖਿਆ ਦੇ ਕੇ ਸਤਿਗੁਰਾਂ ਦੀ ਯਾਦ ਵਿੱਚ ਨੇਤਰ ਸਦਾ ਲਈ ਮੁੰਦ ਲਏ।

ਬਾਬਾ ਬੁੱਢਾ ਸਿੰਘ ਵਾਂ ਮਾਝੇ ਦੀ ਸੰਤ ਮੰਡਲੀ ਅਤੇ ਨਾਮਧਾਰੀ ਦੀਵਾਨਾਂ ਦੀ ਲੰਮਾ ਸਮਾਂ ਰੌਣਕ ਬਣੇ ਰਹੇ। ਉਹਨਾਂ ਦੀ ਉੱਚੀ-ਸੁੱਚੀ ਬਿਰਤੀ ਨੇ ਵਿਰੋਧੀਆਂ ਨੂੰ ਵੀ ਉਹਨਾਂ ਦੇ ਚਰਨੀ ਪੁਆ ਦਿੱਤਾ ਸੀ। ਇਹ ਬਿਰਤੀ ਤੇ ਉੱਚੀ ਰਹਿਣੀ-ਬਹਿਣੀ, ਸਤਿਗੁਰੂ ਰਾਮ ਸਿੰਘ ਜੀ ਦੇ ਦਰ-ਘਰ ਤੋਂ ਪ੍ਰਾਪਤ ਹੋ ਸਕਦੀ ਹੈ।

## ਹਵਾਲੇ ਤੇ ਟਿੱਪਣੀਆਂ

1. ਸਤਿਜੁਗ ਦਾ ਸੰਤ ਅੰਕ ੯ ਚੇਤਰ ਸੰਮਤ ੧੯੯੬ ਬਿਕਰਮੀ ਸ੍ਰੀ ਭੈਣੀ ਸਾਹਿਬ ਸੰਤ ਮੰਗਲ ਸਿੰਘ ਜੀ ਅੰਮ੍ਰਿਤਸਰੀ (ਬਾਅਦ ਵਿੱਚ ਲਾਇਲਪੁਰੀ ਬਣੇ) ਦਾ ਲੇਖ ਵਾਂ ਨਿਵਾਸੀ ਬਾਬਾ ਬੁੱਢਾ ਸਿੰਘ ਜੀ"- ਸਫਾ ੧੪੫-੪੯
2. ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਉਪਦੇਸ਼-ਲਾਲ ਏਹਿ ਰਤਨ, ਭਾਗ

ਪਹਿਲਾ, (ਸੰ. ਪ੍ਰਿੰ. ਬੇਅੰਤ ਕੌਰ), ਸ੍ਰੀ ਸਤਿਗੁਰੂ ਜੀ ਦਾ ਬੈਂਕੌਕ ਵਿਖੇ ੬ ਮਾਰਚ ੧੯੫੦ ਈ. ਨੂੰ ਦਿੱਤਾ ਉਪਦੇਸ਼-ਸਫ਼ਾ ੩੦੩-੦੫

3. ਸਤਿਜੁਗ ਦਾ ਉਪਰੋਕਤ ਸੰਤ ਅੰਕ, ਸਫ਼ਾ ੧੪੮
4. ਉਹੀ, ਸਫ਼ਾ ੧੪੯
5. ਉਹੀ, ਸਫ਼ਾ ੧੪੮
6. ਸਤਿਗੁਰੂ ਬਿਲਾਸ, ਭਾਗ ਦੂਜਾ, ਸੰਤ ਸੰਤੋਖ ਸਿੰਘ ਬਾਹੋਵਾਲ (ਸੰ. ਜਸਵਿੰਦਰ ਸਿੰਘ) ਸਫ਼ਾ-੧੫੧-੫੨

# ਬਾਬਾ ਸੋਹਣ ਸਿੰਘ 'ਭਕਨਾ' ਦਾ ਪ੍ਰੇਰਨਾ ਸਰੋਤ : ਬਾਬਾ ਕੇਸਰ ਕਿੱਲੀ ਜੀ

ਨਾਮ ਫਕੀਰ ਤਿਨ੍ਹਾਂ ਦਾ ਬਾਹੂ
ਕਬਰ ਜਿਨ੍ਹਾਂ ਦੀ ਜੀਵੇ ਹੂ!

ਆਪਣੀ ਜੀਵਨ ਲੀਲ੍ਹਾ ਸਮੇਟਣ ਤੋਂ ਬਾਅਦ ਵੀ, ਵਰ੍ਹਾ, ਦਸ, ਵੀਹ ਵਰ੍ਹੇ ਬਾਅਦ ਹੀ ਨਹੀਂ ਸਗੋਂ ਲਗਭਗ ਸਦੀ ਗੁਜ਼ਰਨ ਮਗਰੋਂ ਵੀ ਜਿਹਨਾਂ ਦੇ ਥਾਨਾਂ ਤੇ ਮੇਲੇ ਲੱਗਦੇ ਹਨ, ਉਹ ਪਹੁੰਚੇ ਹੋਏ ਸਾਧੂ ਹੀ ਹੁੰਦੇ ਹਨ। ਜਿਹਨਾਂ ਦੀ ਕੰਡ ਤੇ ਕਾਮਲ ਮੁਰਸ਼ਦ ਦਾ ਥਾਪੜਾ, ਐਸਾ ਫਿਰ ਜਾਂਦਾ ਹੈ ਕਿ ਉਹਨਾਂ ਦਾ ਰੋਮ ਰੋਮ ਪਰਮ ਅਨੰਦ ਦੀ ਅਵਸਥਾ ਵਿਚ ਪੁੱਜ ਜਾਂਦਾ ਹੈ। ਇਹ ਲੰਮੀ ਸਾਧਨਾ ਤੇ ਡੂੰਘੀ ਕਮਾਈ ਵਾਲੇ ਜੀਵਨ ਦੀਆਂ ਵਡਮੁੱਲੀਆਂ ਦਾਤਾਂ ਹੋ ਨਿੱਬੜਦੀਆਂ ਹਨ। ਜਿਹਨਾਂ ਦਾ ਮਨ ਘੁੰਮਣ ਘੇਰੀਆਂ ਵਿਚੋਂ ਨਿਕਲ ਕੇ ਜੀਵਨ ਦੇ ਰਹੱਸ ਨੂੰ ਸਮਝ ਕੇ, ਰਹਾਉ ਦੀ ਸਥਿਤੀ ਵਿਚ ਆ ਜਾਂਦਾ ਹੈ। ਦੁਨਿਆਵੀ ਪ੍ਰੇਮੀਆਂ ਦੇ ਪਰਸੰਗ ਵਿਚ ਸਾਡੇ ਸੂਫੀ ਸ਼ਾਇਰਾਂ ਨੇ, ਕਾਮਲ ਮੁਰਸ਼ਦ ਦੇ ਰੰਗ ਵਿਚ ਰੰਗੇ ਹੋਇਆਂ ਦੀਆਂ ਬਾਤਾਂ ਇਉਂ ਪਾਈਆਂ ਹਨ :-

"ਕਾਮਲ ਸ਼ੌਕ ਮਾਹੀ ਦਾ ਮੈਨੂੰ,
ਨਿਤ ਰਹੇ ਜਿਗਰ ਵਿਚ ਵਸਦਾ, ਲੂੰ ਲੂੰ ਰੱਸਦਾ।
ਰਾਂਝਣ ਬੇਪ੍ਰਵਾਹੀ ਕਰਦਾ
ਅਤੇ ਰਤਾ ਗੁਨਾਹ ਨਹੀਂ ਦੱਸਦਾ,
ਉਠ ਉਠ ਨੱਸਦਾ।
ਜਿਉਂ ਜਿਉਂ ਹਾਲ ਸੁਣਾਵਾਂ, ਰੋਵਾਂ, ਵੇਖ ਤੱਤੀ ਵੱਲ ਹੱਸਦਾ,
ਜ਼ਰਾ ਨਾ ਖੱਸਦਾ।
"ਹਾਸ਼ਮ" ਕੰਮ ਨਹੀਂ ਹਰ ਕਸਦਾ,
ਆਸ਼ਕ ਹੋਣ ਦਰਸ ਦਾ, ਬ੍ਰਿਹੋਂ ਰਸਦਾ।"

ਸਤਿਗੁਰੂ ਰਾਮ ਸਿੰਘ ਜੀ ਦੁਆਰਾ ਦਿੱਤੇ, ਨਾਮ ਦੇ ਰੰਗ ਵਿਚ ਰੰਗੇ ਗਏ ਸਾਧੂ ਜਨ, ਉੱਚੀਆਂ ਅਵਸਥਾਵਾਂ ਤੇ ਪੁੱਜ ਗਏ ਸਨ। ਉਹਨਾਂ ਹੱਸਦਿਆਂ ਹੱਸਦਿਆਂ, ਕੌਮੀ ਮੁਕਤੀ ਲਈ ਵਿੱਢੇ ਸੰਗਰਾਮ ਵਿਚ, ਸਿਰਾਂ ਦੀਆਂ ਆਹੂਤੀਆਂ ਵੀ ਪਾਈਆਂ। ਉਹਨਾਂ ਪਰਦੇਸੀ ਪਰੀਤਮ ਦੀ ਯਾਦ ਵਿਚ ਸਿੱਕਦਿਆਂ ਉਸਦੇ ਦਰਸ਼ਨਾਂ ਨੂੰ, ਰਹਿੰਦੀ ਉਮਰ ਹੌਕਿਆਂ ਤੇ ਹਾਵਿਆਂ ਵਿਚ ਕੱਟੀ। ਜਿੱਧਰ ਗੱਡੇ ਤੇ ਬੈਠ ਕੇ, ਉਹ ਮਾਹੀ ਗਿਆ ਸੀ, ਕਈ ਅਨੰਤ ਕਾਲ ਤੱਕ ਉਸ ਗੱਡ ਦੀਆਂ ਲੀਹਾਂ ਤੇ ਹੀ ਟਿਕਟਿਕੀ ਜਮਾਈ ਬੈਠੇ ਰਹੇ। ਉਹ ਰੋਜ਼ ਸੁਬਹਾ ਸ਼ਾਮ ਦੇ ਦੀਵਾਨਾਂ ਵਿਚ, ਗੁਆਚੇ ਮਾਹੀ ਨੂੰ ਝਬਦੇ ਮੁੜ ਆਉਣ

ਦੀਆਂ, ਵਿਜੋਗੀ ਧੁਨਾਂ ਅਲਾਪਦੇ ਰਹੇ। ਇਕ ਪੂਰਾ ਜੀਵਨ ਹਿਜਰ ਵਿਛੋੜੇ ਦੇ ਧੂੰਏਂ ਨੂੰ ਫੋਲਦਿਆਂ ਬਿਤਾ ਦੇਣਾ, ਕੋਈ ਇਹਨਾਂ ਕੂਕੇ ਮਸਤਾਨਿਆਂ ਤੋਂ ਸਿੱਖੇ।

ਆਪਾਂ ਜਿਊਂਦੀਆਂ ਕਬਰਾਂ ਦੀ ਗੱਲ ਕਰ ਰਹੇ ਸਾਂ। ਹਿੰਦ ਪਾਕ ਸਰਹੱਦ ਉਤੇ ਵੱਸੇ, ਮਸ਼ਹੂਰ ਕਸਬੇ ਅਟਾਰੀ, ਦੇ ਨੇੜੇ ਹੀ ਹੈ ਅੰਮ੍ਰਿਤਸਰ ਜ਼ਿਲ੍ਹੇ ਦਾ ਪਿੰਡ ਮੁਹਾਵਾ, ਜਿੱਥੇ ਮੈਂ ਸੰਤ ਬਾਬਾ ਕੇਸਰ ਸਿੰਘ ਜੀ ਮੁਹਾਵੇ ਵਾਲਿਆਂ ਦੀ ਯਾਦ ਵਿਚ ਭਰਦੇ, ਦੋ ਰੋਜ਼ਾ ਮੇਲੇ ਵਿਚ ਭਾਗ ਲੈ ਕੇ ਗਰਵਿਤ ਮਹਿਸੂਸ ਕੀਤਾ ਸੀ। ਜੇ ਸਫੈਦ ਬਸਤਰ ਵਾਲੀ, ਨਾਮਧਾਰੀ ਸੰਗਤ, ਇਸ ਨਾਮਧਾਰੀ ਸਾਧੂ ਦੇ ਅਸਥਾਨ ਤੇ ਇਕ ਹਿੱਸਾ ਜੁੜਦੀ ਹੈ ਤਾਂ ਤਿੰਨ ਹਿੱਸੇ ਰੰਗ ਬਰੰਗੀ ਸੰਗਤ ਬਾਬੇ ਨੂੰ ਅਕੀਦਤ ਭੇਟ ਕਰਨ ਆਉਂਦੀ ਹੈ। ਸਾਰੇ ਮਾਝੇ ਵਿਚੋਂ ਹੀ ਨਹੀਂ ਗੁਆਂਢੀ ਇਲਾਕਿਆਂ ਵਿਚੋਂ ਵੀ। ਇਹੋ ਮਹਾਨਤਾ ਹੈ ਸੰਤ ਬਾਬਾ ਕੇਸਰ ਸਿੰਘ ਜੀ ਦੇ ਉਚੇ ਜੀਵਨ ਦੀ ਜਿਹਨਾਂ ਨੂੰ ਮੁਹਾਵੇ ਵਾਲੇ ਠਾਕੁਰ ਜੀ, ਮੁਹਾਵੇ ਵਾਲੇ ਬਾਬਾ ਜੀ ਅਤੇ 'ਕੇਸਰ ਕਿੱਲੀ' ਆਦਿ ਕਈ ਨਾਵਾਂ ਨਾਲ ਸੰਗਤ ਪ੍ਰੇਮ ਸਹਿਤ ਅੱਜ ਵੀ ਯਾਦ ਕਰਦੀ ਹੈ। ਜਿਹਨਾਂ ਦੀ ਸੰਗਤ ਕਰਕੇ ਜੱਟਾਂ ਦੇ ਵਿਗੜੇ ਮੁੰਡੇ ਇਤਿਹਾਸ ਪੁਰਖ ਬਣ ਗਏ।

ਸਤਿਗੁਰੂ ਜਗਜੀਤ ਸਿੰਘ ਜੀ ਦੇ ਰਾਗ ਵਿੱਦਿਆ ਦੇ ਉਸਤਾਦ, ਪ੍ਰਸਿੱਧ ਸੰਗੀਤ ਅਚਾਰੀਆ, ਭਾਈ ਹਰਨਾਮ ਸਿੰਘ ਜੀ ਰਾਗੀ, ਚਵਿੰਡੇ ਵਾਲੇ ਹੋਏ ਹਨ। ਉਹਨਾਂ ਨੇ ਪੂਰੇ ਬਾਈ ਸਾਲ ਬਾਬਾ ਕੇਸਰ ਜੀ ਦੀ ਸੰਗਤ ਕੀਤੀ ਅਤੇ ਉਹਨਾਂ ਪਾਸੋਂ ਮਿਲੇ ਮਨੁੱਖੀ ਮੁਕਤੀ ਦੇ ਰਾਜ਼ ਨੂੰ ਸਮਝਦਿਆਂ, ਆਪਣੇ ਜੀਵਨ ਦੀ ਸਾਰਥਕ ਵਰਤੋਂ ਕਰਦਿਆਂ, ਬਹੁਤ ਮਾਣ ਤਾਣ ਪਾਇਆ ਅਤੇ ਸਫਲ ਜੀਵਨ ਜੀਵਿਆ। ਪ੍ਰਸਿੱਧ ਨਾਮਧਾਰੀ ਦਾਰਸ਼ਨਿਕ, ਸਿਧਾਂਤਕਾਰ, ਇਤਿਹਾਸਕਾਰ, ਕੀਰਤਨੀਏ, ਖੋਜੀ, ਲੇਖਕ, ਪਰਚਾਰਕ, ਸੁਤੰਤਰਤਾ ਸੈਨਾਨੀ ਸੰਤ ਨਿਧਾਨ ਸਿੰਘ ਆਲਿਮ ਵੀ ੮-੯ ਸਾਲ ਆਪ ਦੀ ਸੰਗਤ ਵਿਚ ਰਹਿ ਕੇ ਹੀ ਜੀਵਨ ਮਾਰਗ ਦੀਆਂ ਸਿਖਰਾਂ ਛੋਂਹਦੀਆਂ ਚੋਟੀਆਂ ਸਰ ਕਰ ਸੱਕੇ ਸਨ। ਸਭ ਤੋਂ ਮਹੱਤਵਪੂਰਨ ਹਸਤੀ, ਗਦਰ ਪਾਰਟੀ ਦਾ ਪਹਿਲਾ ਪਰਧਾਨ, ਬਾਬਾ ਸੋਹਨ ਸਿੰਘ ਭਕਨਾ ਜੀ ਸਨ, ਜਿਹਨਾਂ ਦੇ ਜੀਵਨ ਵਿਚ ਠਾਕੁਰ ਜੀ ਦੀ ਛੋਹ ਨਾਲ ਐਸਾ ਅਦੁੱਤੀ ਪਰੀਵਰਤਨ ਆਇਆ ਕਿ ਆਪ ਨਾ ਸਿਰਫ ਨਾਮਧਾਰੀ ਪੰਥ, ਪੰਜਾਬ ਜਾਂ ਹਿੰਦੁਸਤਾਨ ਭਰ ਵਿਚ, ਸਗੋਂ ਸਮੁੱਚੇ ਸੰਸਾਰ ਦੇ ਮੁਕਤੀ ਕਾਮੀ ਲੋਕਾਂ ਦੇ ਪ੍ਰੇਰਣਾ ਸਰੋਤ ਬਣ ਗਏ ਸਨ। ਬਾਬਾ ਕੇਸਰ ਜੀ ਦਾ ਜੀਵਨ ਪਰਸੰਗ ਲਿਖਣ ਲਈ ਵੀ ਉਪਰ ਵਰਣਿਤ ਤਿੰਨਾਂ ਮਹਾਂਪੁਰਖਾਂ ਦੀਆਂ, ਲਿਖਤਾਂ ਸਾਡਾ ਰਾਹ ਰੁਸ਼ਨਾਉਂਦੀਆਂ ਹਨ। ਬਾਬਾ ਜੀ ਤੋਂ ਪ੍ਰੇਰਣਾ ਪਰਾਪਤ, ਅਨੇਕ ਸਫਲ ਜੀਵਨ ਜਿਊਣ ਵਾਲਿਆਂ ਦੇ ਸੰਦਰਭ ਵਿਚ ਹੀ ਭਾਈ ਹਰਨਾਮ ਸਿੰਘ ਜੀ ਰਾਗੀ ਇਉਂ ਲਿਖਦੇ ਹਨ–

"ਸ੍ਰੀਮਾਨ ਪ੍ਰਮ ਪੂਜਯ ਭਾਈ ਗੁਰਦਾਸ ਜੀ, ਸਤਿਗੁਰੂ ਦੇ ਦਰਬਾਰ ਦੀ ਵਡਿਆਈ ਕਰਦੇ ਹੋਏ ਲਿਖਦੇ ਹਨ–

ਪਾਰ ਜਾਤ ਲਖ ਬਾਗ ਵਿਚ,
ਪਾਰਸ ਦੇ ਪਰਬਤ ਅਪਾਰਾ।

ਲਖਮੀਆਂ ਲਖ ਗੋਲੀਆਂ,
ਕਾਮਧੇਨ ਦੇ ਵਗ ਹਜ਼ਾਰਾਂ।

ਭਾਈ ਜੀ ਦੇ ਇਸ ਵਾਕ ਅਨੁਸਾਰ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਬਾਗ ਦੇ ਅਨੰਤ ਪਾਰਜਾਤ (ਕਲਪ ਬ੍ਰਿਛ) ਵਿਚੋਂ ਕੇਵਲ ਇਕ ਦਾ ਹੀ ਕੁਝ ਵਰਨਨ ਕਰਕੇ ਦੱਸਦੇ ਹਾਂ। ਏਹ ਓਹ ਕਲਪ ਬ੍ਰਿਛ ਹੈ ਜਿਸ ਦਾ ਸ਼ੁਭ ਨਾਮ ਸ੍ਰੀ ਠਾਕੁਰ ਜੀ ਜਾਂ ਬਾਬਾ ਕੇਸਰ ਦੇ ਨਾਮ ਤੇ ਵਿਦਮਾਨ ਹੈ, ਆਪ ਜੀ ਦਾ ਜਨਮ ਸੰਮਤ ੧੯੦੧ (ਮੁਤਾਬਿਕ ੧੮੪੫ ਈ.) ਮਹੀਨਾ ਚੇਤਰ ਨਗਰ ਮੁਹਾਵਾ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਬਾਬਾ ਚੰਦਾ ਸਿੰਘ ਜੀ ਮਾਨ ਗੋਤ੍ਰ ਜ਼ਿੰਮੀਂਦਾਰ ਦੀ ਅੰਸ ਥੀ ਹੋਯਾ ਸੀ। ਬਾਬਾ ਚੰਦਾ ਸਿੰਘ ਜੀ ਸਤਿਲਾਣੀ ਵਾਲਿਆਂ ਦੇ ਨਿੱਜ ਭਗਤਾਂ ਵਿਚੋਂ ਸਨ ਅਤੇ ਆਪ ਪੂਰੇ ਸੰਤ-ਸੇਵੀ ਸਨ। ਆਖਿਆ, "ਭਾਈ ਚੰਦਾ ਸਿੰਘ ਜੀ! ਤੇਰਾ ਪੁੱਤਰ ਤਾਂ ਕੋਈ ਗੋਬਿੰਦ ਲੋਕ ਪ੍ਰਗਟ ਹੋਯਾ ਹੈ। ਭਾਈ ਚੰਦਾ ਸਿੰਘ ਜੀ ਆਖਣ ਲੱਗੇ, 'ਭਲਾ ਹੋਯਾ ਘਰ ਸਾਧੂ ਆਏ, ਮੇਰਾ ਭਯਾ ਸੁਹਾਵਾ ਅੰਗਣਾ'।

ਆਪ ਜਦੋਂ ਤਿੰਨ ਸਾਲ ਦੇ ਹੋਏ ਤਾਂ ਆਪ ਜੀ ਦੀ ਮਾਈ ਚੜ੍ਹਾਈ ਕਰ ਗਈ। ਜਦੋਂ ਏਹ ਖਬਰ ਬਾਬਾ ਦਯਾ ਸਿੰਘ ਜੀ ਸਤਿਲਾਣੀ ਵਾਲਿਆਂ ਸੁਣੀ ਤਾਂ ਆਪ ਬਾਬਾ ਚੰਦਾ ਸਿੰਘ ਜੀ ਕੋਲ ਪ੍ਰਚਾਵਣੀ ਲਈ ਆਏ। ਆਪ ਜੀ ਨੇ ਜਦੋਂ ਠਾਕਰਾਂ ਵਲ ਡਿਠਾ ਤਾਂ ਆਖਣ ਲੱਗੇ, 'ਭਾਈ ਸਿਖਾ ਏਹ ਬਚਾ ਤਾਂ ਤੇਰਾ ਕੋਈ ਗੋਬਿੰਦ ਲੋਕ ਹੈ।' ਇਸ ਲਈ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਸ਼ਰਨ ਔਣ ਤੋਂ ਪਹਿਲਾਂ ਆਪ ਜੀ ਨੂੰ, ਆਮ ਲੋਕੀਂ ਗੋਬਿੰਦ ਲੋਕ ਹੀ ਆਖਿਆ ਕਰਦੇ ਸਨ।[1]

ਆਪ ਦੇ ਪਹਿਲੇ ਉਸਤਾਦ ਸੰਤ ਪ੍ਰੇਮ ਸਿੰਘ ਜੀ ਧਰਮਸ਼ਾਲੀਏ ਹੀ ਬਣੇ ਜਿਹਨਾਂ ਪਾਸੋਂ ਆਪ ਨੇ, ਪਹਿਲਾਂ ਗੁਰਮੁਖੀ ਦਾ ਅੱਖਰ ਬੋਧ ਸਿਖਿਆ ਅਤੇ ਫਿਰ ਪੰਜ ਗਰੰਥੀ ਦੀਆਂ ਬਾਣੀਆਂ ਸਰਲ ਕੀਤੀਆਂ। ਆਪ ਦੀ ਪੜ੍ਹਨ ਵਿਚ ਗਹਿਰੀ ਰੁਚੀ ਤੋਂ ਭਾਈ ਪ੍ਰੇਮ ਸਿੰਘ ਐਸੇ ਪ੍ਰਭਾਵਿਤ ਹੋਏ ਕਿ ਉਹਨਾਂ ਨੇ ਆਪ ਦੇ ਪਿਤਾ ਨੂੰ ਕਹਿ ਦਿੱਤਾ ਕਿ ਗੋਬਿੰਦ ਲੋਕ ਨੂੰ ਹੋਰ ਵਿਹਾਰ ਕਾਰ ਨਾ ਦੱਸਿਆ ਜਾਏ। ਸੋ ੬-੭ ਸਾਲ ਦੀ ਉਮਰ ਤੋਂ ਸ਼ੁਰੂ ਕਰਕੇ, ਅਗਲੇ ਕੁਝ ਸਾਲਾਂ ਵਿਚ ਹੀ ਆਪ ਸੰਤ ਜੀ ਤੋਂ, ਗੁਰਮਤ ਵਿਦਿਆ ਵਿਚ ਪਾਰੰਗਤ ਹੋ ਗਏ। ਆਦਿ ਸ੍ਰੀ ਗੁਰੂ ਗਰੰਥ ਸਾਹਿਬ ਦੇ ਆਹਲਾ ਦਰਜੇ ਦੇ ਪਾਠੀ ਹੋ ਗਏ। ਅਟਾਰੀ ਤੇ ਮੁਹਾਵੇ ਦੇ ਵਿਚਾਲੇ ਨੇਸ਼ਟਾ ਪਿੰਡ ਹੈ। ਇੱਥੋਂ ਦੇ ਇਕ ਮੌਲਵੀ ਸਾਹਿਬ ਤੋਂ ਆਪ ਨੇ ਫਾਰਸੀ ਤਾਲੀਮ ਹਾਸਲ ਕੀਤੀ। ਗੁਲਿਸਤਾਂ, ਬੋਸਤਾਂ ਅਤੇ ਬਹਾਰ ਦਾਨਿਸ਼ ਆਦਿ ਫਾਰਸੀ ਦੀਆਂ ਨੀਤੀ ਬਚਨਾਂ ਨਾਲ ਭਰਪੂਰ ਕਿਤਾਬਾਂ ਵਿਚ ਮੁਹਾਰਤ ਹਾਸਲ ਕੀਤੀ। ਗੁਰਮੁਖੀ ਦੀ ਲਿਖਾਈ ਬਹੁਤ ਖੁਸ਼ਖਤ ਲਿਖਦੇ। ਇਸ ਲਈ ਸੰਤ ਪ੍ਰੇਮ ਸਿੰਘ ਜੀ ਨੇ ਆਪ ਪਾਸੋਂ ਭਗਤ ਕਬੀਰ ਜੀ ਦੀ ਜਨਮ ਸਾਖੀ ਲਿਖਵਾਈ। ਇਹ ਇਸ ਜਨਮ ਸਾਖੀ ਦੇ ਪਰਸੰਗਾਂ ਦਾ ਪਰਭਾਵ ਸੀ ਕਿ ਆਪ "ਰਾਮ-ਰਾਮ" ਦਾ ਜਾਪ ਕਰਨ ਲੱਗ ਪਏ। ਨਾਲ ਹੀ ਗੁਰੂ ਗਰੰਥ ਸਾਹਿਬ ਵਿਚ ਦਰਜ ਮੁਕਤੀ ਦੇ ਦਾਤੇ ਵਜੋਂ ਪੂਰੇ ਗੁਰੂ ਦੀ ਖੋਜ ਭਾਲ ਦੀ ਲਗਨ ਵੀ ਲੱਗ ਗਈ। ਵਿਰਕਤ ਸੁਭਾਉ ਨੂੰ ਵੇਖਦਿਆਂ ਪਿਤਾ ਜੀ ਨੇ,

ਲੋਪੋਕਿਆਂ ਦੇ ਪਾਸ ਚੁਗਾਵੇਂ ਪਿੰਡ ਦੀ ਬੀਬੀ ਕਰਮ ਕੌਰ ਨਾਲ ਆਪ ਦਾ ਵਿਆਹ ੨੦-੨੧ ਸਾਲ ਦੀ ਉਮਰ ਵਿਚ ਕਰ ਦਿੱਤਾ।[2]

੧੮੬੭ ਈ. ਦੇ ਦੀਪਮਾਲਾ ਦੇ ਪੁਰਬ ਤੇ ਸਤਿਗੁਰੂ ਰਾਮ ਸਿੰਘ ਜੀ ਸੰਗਤ ਸਮੇਤ ਪੁੱਜੇ ਸਨ। ਇਸ ਸਮੇਂ ਹਜ਼ਾਰਾਂ ਦੀ ਸੰਖਿਆ ਵਿਚ ਸੰਗਤ ਆਪ ਦੇ ਨਾਲ ਸੀ। ਸਤਿਗੁਰੂ ਜੀ ਨੇ ਆਪਣੇ ਮੱਤ, ਸਿੱਖ ਰਹੁਰੀਤਾਂ ਨੂੰ ਮੁੜ ਸੁਰਜੀਤ ਕਰਨ ਅਤੇ ਜਾਗਦੀ ਜ਼ਮੀਰ ਵਾਲੇ ਗੁਰੂ ਪਿਆਰੇ, ਤਿਆਰ ਬਰ ਤਿਆਰ ਸਰੂਪ ਵਿਚ ਸਾਜਣ ਤੇ ਜ਼ੋਰ ਦਿੱਤਾ। ਤਾਂ ਕਿ ਸਮਾਂ ਆਉਣ ਤੇ ਵਿਦੇਸ਼ੀ ਹਾਕਮਾਂ ਨਾਲ ਦੋ ਦੋ ਹੱਥ ਕੀਤੇ ਜਾ ਸੱਕਣ। ਆਪਣੀ ਧਰਤੀ ਤੋਂ ਬਾਹਰਲੇ ਲੋਕਾਂ ਦਾ ਤਹਿਤ ਉਠਾ ਕੇ ਸਮਤਾ ਮੂਲਕ, ਭਾਈਚਾਰੇ ਤੇ ਅਧਾਰਿਤ ਪਰਬੰਧ ਸਿਰਜਿਆ ਜਾਏ ਜੋ ਰਵਿਦਾਸ ਜੀ ਦੇ ਬੇਗਮਪੁਰੇ ਦੇ ਵਾਸੀ ਹੋਣ ਜਿਹਾ ਅਹਿਸਾਸ ਕਰਾਏ। ਗਰੰਥੀ ਭਾਈ ਪ੍ਰੇਮ ਸਿੰਘ ਇਸ ਦੀਵਾਲੀ ਤੇ ਸਤਿਗੁਰੂ ਜੀ ਦੇ ਦਰਸ਼ਨ, ਉਪਦੇਸ਼ ਅਤੇ ਉਹਨਾਂ ਦੇ ਦੀਵਾਨ ਦੀ ਨਿਰਾਲੀ ਛਬ ਤੋਂ ਬਹੁਤ ਪ੍ਰਭਾਵਿਤ ਹੋਏ। ਪ੍ਰੇਮ ਸਿੰਘ ਨੇ ਦੱਸਿਆ ਕਿ ਪਹਿਰਾਵਾ ਤਾਂ ਸਿੰਘਾਂ ਵਾਲਾ ਹੈ ਪਰ ਪੰਥ ਸਾਤਵਿਕ ਗੁਣਾਂ ਵਾਲਾ ਹੈ। ਕੰਨ ਵਿਚ ਜਿਸਨੂੰ ਨਾਮ ਦਿੰਦੇ ਹਨ, ਮਸਤ ਹੋ ਜਾਂਦਾ ਹੈ। ਬਾਬਾ ਕੇਸਰ ਜੀ ਭਾਈ ਸਾਹਿਬ ਤੋਂ ਸਤਿਗੁਰੂ ਜੀ ਤੇ ਉਹਨਾਂ ਦੇ ਪੰਥ ਦੀ ਸੋਭਾ ਸੁਣ ਕੇ ਦਲੀਲਾਂ ਕਰਨ ਲੱਗ ਪਏ ਕਿ ਕਦੋਂ ਉਹ ਸੁਹਾਵਾ ਸਮਾਂ ਆਏ ਜਦੋਂ ਦਰਸ਼ਨ ਪਰਸੀਏ। ਇਸੇ ਸਮੇਂ ਮੁਹਾਵੇ ਦਾ ਇਕ ਘੁਮਿਆਰ ਸਿੱਖ ਭਜਨ ਪੁੱਛ ਕੇ ਆਇਆ ਅਤੇ ਆਉਂਦਿਆਂ ਹੀ ਉਸ ਆਪਣਾ ਖਾਨ ਪਾਨ ਦੂਜਿਆਂ ਤੋਂ ਵੱਖ ਕਰ ਲਿਆ। ਕੇਸਰ ਜੀ ਨੇ ਉਸਨੂੰ ਪੁੱਛਿਆ ਕਿ ਕੰਨ ਵਿਚ ਕੀ ਦੱਸਦੇ ਹਨ। ਉਸਨੇ ਕਿਹਾ ਮੈਨੂੰ ਤੇ ਦੱਸਣ ਦਾ ਹੁਕਮ ਨਹੀਂ। ਫੱਗਣ ਦੀ ੧੨ ਨੂੰ (੧੮੬੮ ਈ.) ਰਣੀਕਿਆਂ ਵਿਚ ਨਾਮਧਾਰੀ ਸਿੰਘਾਂ ਦਾ ਮੇਲਾ ਹੈ। ਸੂਬਾ ਬ੍ਰਹਮਾ ਸਿੰਘ ਜੀ ਪੁੱਜ ਰਹੇ ਹਨ। ਉੱਥੇ ਪਹੁੰਚੋ। ਉਸ ਮੇਲੇ ਵਿਚ ਰਣੀਕਿਆਂ ਦੀ ਧਰਮਸ਼ਾਲਾ ਵਿਚ ਬਾਬਾ ਕੇਸਰ ਸਿੰਘ ਜੀ ਦੇ ਸੁਰੀਲੇ ਕੰਠ ਨਾਲ ਗੁਰਬਾਣੀ ਦਾ ਪਾਠ, ਸੂਬਾ ਬ੍ਰਹਮਾ ਸਿੰਘ ਹੋਰਾਂ ਨੂੰ ਪ੍ਰਭਾਵਿਤ ਕਰ ਗਿਆ। ਪਰ ਉਦੋਂ ਬਾਬਾ ਕੇਸਰ ਜ਼ਿਆਦਾ ਨਾ ਰੁਕਿਆ। ਅਗਲੇ ਦਿਨ ਸੂਬਾ ਜੀ ਤੇ ਸੰਗਤ ਮੁਹਾਵੇ ਤੇ ਰਣੀਕਿਆਂ ਦੇ ਵਿਚਾਲੇ ਇਕ ਖੂਹ ਤੇ ਇਸ਼ਨਾਨ ਲਈ ਅਟਕ ਗਈ। ਇੱਥੇ ਹੀ ਬਾਬਾ ਕੇਸਰ ਆ ਗਏ। ਸੂਬਾ ਬ੍ਰਹਮਾ ਸਿੰਘ ਜੀ ਨੇ ਮੁੱਢਲੀ ਗੱਲਬਾਤ ਬਾਅਦ ਨਾਮ ਦੀ ਦਾਤ ਦਿੱਤੀ ਅਤੇ ਇਹ ਸ਼ੁਭ ਸਿੱਖਿਆ ਵੀ—

(ੳ) ਮਾਸ ਸ਼ਰਾਬ ਨਹੀਂ ਵਰਤਣਾ (ਅ) ਬਿਗਾਨਾਂ ਹੱਕ ਨਹੀਂ ਖਾਣਾ, (ੲ) ਕਿਸੇ ਜੀਵ ਨੂੰ ਦੁੱਖ ਨਹੀਂ ਦੇਣਾ, (ਸ) ਪ੍ਰਾਣੀ ਮਾਤ੍ਰ ਦਾ ਭਲਾ ਲੋੜਨਾ, (ਹ) ਲੰਗਰ ਲਈ ਪਾਣੀ ਆਪ ਭਰਨਾ, (ਕ) ਸਵਾ ਪਹਿਰ ਰਾਤ ਰਹਿੰਦੀ ਸਣ ਕੇਸੀ ਇਸ਼ਨਾਨ ਕਰਨਾ, (ਖ) ਨਾਮ ਦਾ ਅਭਿਆਸ ਕਰਨਾ, (ਗ) ਸਾਧ ਸੰਗਤ ਦੀ ਸੇਵਾ ਕਰਨੀ, (ਘ) ਚੋਰੀ ਯਾਰੀ ਤੇ ਨਿੰਦਾ ਚੁਗਲੀ ਤੋਂ ਬਚਣਾ, (ਙ) ਸਤਿਗੁਰ ਸੱਚੇ ਪਾਤਸ਼ਾਹ ਤੋਂ ਮੋਹਰ ਛਾਪ ਵੀ ਲਵਾ ਲੈਣੀ, ਜਿਸਦਾ ਭਾਵ ਏਹ ਹੈ ਕਿ ਮੈਂ ਆਪ ਦਾ ਭਜਨ ਪੁੱਛ ਕੇ ਆਪ ਦਾ ਹੋ ਚੁਕਿਆ ਹਾਂ, ਮੈਨੂੰ ਆਪਣਾ ਜਾਨਣਾ।"[3]

ਮਾਝੇ ਵਿਚ ਲੋਪੋਕਿਆਂ ਦੇ ਪਾਸ ਹੀ ਠੱਟਾ ਇਕ ਛੋਟਾ ਜਿਹਾ ਪਿੰਡ ਹੈ। ਬਾਬਾ ਜੀ, ਚੰਦਾ ਸਿੰਘ ਜੀ ਰਣੀਕਿਆਂ ਵਾਲਿਆਂ, ਜਿਹਨਾਂ ਦੇ ਇਸ ਪਿੰਡ ਸਹੁਰੇ ਸਨ, ਨਾਲ ਇੱਥੇ ਇਕ ਸਮੇਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦੀਵਾਨ ਵਿਚ ਪੁੱਜੇ ਅਤੇ ਸੂਬਾ ਬ੍ਰਹਮਾ ਸਿੰਘ ਹੋਰਾਂ ਵਾਲਾ ਬਚਨ ਸੁਣਾ ਕੇ, ਮੋਹਰ ਛਾਪ ਦੀ ਯਾਚਨਾ ਕੀਤੀ। ਸਤਿਗੁਰੂ ਜੀ ਨੇ ਜਦੋਂ ਗੁਰਮੰਤਰ ਦੱਸਿਆ ਤਾਂ ਕੇਸਰ ਸਿੰਘ ਜੀ ਦੇ ਕਥਨ ਅਨੁਸਾਰ, ਜੋ ਆਲਿਮ ਜੀ ਉਹਨਾਂ ਤੋਂ ਸੁਣਿਆ ਸੀ, ਤਿੰਨ ਵੇਰ ਸ਼ਬਦ ਸੁਣਨ ਤੱਕ ਸੋਝੀ ਰਹੀ ਫਿਰ ਨਹੀਂ ਪਤਾ ਰਿਹਾ। ਇਉਂ ਮਾਲੂਮ ਹੁੰਦਾ ਸੀ ਜਿਵੇਂ ਸਤਿਗੁਰੂ ਜੀ ਦਾ ਥਾਪੜਾ ਕੰਡ ਤੇ ਫਿਰਦਾ ਰਿਹਾ ਹੋਵੇ। ਨਾਮ ਦੀ ਰੰਗਣਾ ਵਿਚ ਰੰਗੇ ਗਏ।

ਪਿੰਡ ਵਿਚ ਆ ਕੇ ਬੜੀ ਕਠਿਨ ਤਪੱਸਿਆ ਆਰੰਭ ਦਿੱਤੀ। ਰੋਜ਼ਾਨਾ ੪੦ ਪਾਠ ਜਪੁਜੀ ਸਾਹਿਬ ਦੇ, ਨਾਮ ਅਭਿਆਸ, ਪਿਛਲੇ ਪਹਿਰ ਕਥਾ ਅਤੇ ਸੰਗਤ ਦੀ ਸੇਵਾ ਕਰਦੇ। ਅੱਠੀਂ ਪਹਿਰੀਂ ਇਕੋ ਚੌਂਕੜੇ ਵਿਚ ਅਖੰਡ ਪਾਠ ਕਰ ਦਿੰਦੇ। ਪਾਠ ਕਰਾਉਣ ਵਾਲੇ ਸਿੰਘਾਂ ਤੋਂ, ਕੋਈ ਭੇਟਾ ਨਾ ਲੈਂਦੇ। ਭੋਜਨ ਸਾਦਾ ਇਤਨਾ ਕਿ ਬਹੁਤੀ ਵਾਰ ਪਿਆਜ ਨਾਲ ਹੀ ਪਰਸ਼ਾਦਾ ਰੁੱਖਾ ਮਿੱਸਾ ਛਕ ਲੈਂਦੇ। ਕਾਲੀਆਂ ਮਿਰਚਾਂ ਘੋਟ ਕੇ, ਗੁੜ ਮਿਲਾ ਕੇ ਸਰਦਾਈ ਛਕਦੇ। ਹੌਲੀ ਹੌਲੀ ਆਂਢ ਗੁਆਂਢ ਤੋਂ ਹੁੰਦੇ ਹੋਏ, ਮਦਾਰ ਵਾਲੇ ਸੰਤ ਰਿਖੀ ਸਿੰਘ ਤੱਕ ਵੀ ਆਪ ਦਾ ਆਭਾ ਮੰਡਲ ਪਸਰ ਗਿਆ। ਆਪ ਦੀ ਕਰੜੀ ਘਾਲ ਕਮਾਈ ਅਤੇ ਮਰਿਆਦਾ ਪੂਰਨ ਜੀਵਨ ਨੂੰ ਵੇਖ ਕੇ, ਪ੍ਰਸਿੱਧ ਨਾਮਧਾਰੀ ਸੰਤ ਬੁੱਢਾ ਸਿੰਘ ਵਾਂ ਵਾਲੇ ਨੇ ਹੋਕਾ ਦੇ ਦਿੱਤਾ ਕਿ ਕੇਸਰ ਵਿਚ ਅਕਾਲ ਪੁਰਖ ਪ੍ਰਗਟ ਹੋ ਗਿਆ ਹੈ।[4]

ਪੰਜਾਹ ਸਾਲ ਦੀ ਉਮਰ ਵਿਚ ਅੰਨ ਦਾ ਤਿਆਗ ਵੀ ਕਰ ਦਿੱਤਾ। ਕਠਿਨ ਤਪੱਸਿਆ ਕੀਤੀ। ਪਹਿਲੀ ਚੇਤਰ ੧੯੯੮ ਈ. ਨੂੰ ਆਪ ਨੂੰ ਮਾਲੂਮ ਹੋਇਆ ਜੋ ਜਿਸ ਨਾਮ ਸ਼ਬਦ ਦਾ ਰਟਨ ਕਰਦੇ ਹਾਂ ਉਸ ਦਾ ਸਾਖਸ਼ਾਤ ਦਰਸ਼ਨ ਹੋਇਆ ਅਤੇ ਉਹ ਆਪ ਦੇ ਸਰੀਰ ਵਿਚ ਪਰਵੇਸ਼ ਕਰ ਗਿਆ। ਇਸ ਸਮੇਂ ਉਸ਼ਨਾਕ ਸਿੰਘ ਨਾਮੇ ਇਕ ਸਰੀਰ ਆਪ ਦੀ ਸੇਵਾ ਵਿਚ ਸੀ। ਨਾਮ ਪਰਵੇਸ਼ ਸਮੇਂ ਉਹ ਬੇਸੁੱਧ ਹੋ ਗਿਆ। ਸੰਤਾਂ ਨੇ ਜਦ ਉਸਨੂੰ ਹੋਸ਼ ਵਿਚ ਲਿਆਂਦਾ ਤਾਂ ਉਹ ਰਾਰਾ ਰਾਰਾ ਦਾ ਜਾਪ ਕਰਨ ਲੱਗ ਪਿਆ। ਠਾਕਰ ਜੀ ਵੀ ਰਾਰਾ ਰਾਰਾ ਜਪਣ ਲੱਗੇ। ਅਠਾਰਾਂ ਦਿਨ ਇਉਂ ਹੀ ਮਸਤਾਨੇ ਹੋਏ ਰਹੇ ਅਤੇ ਰਾਰਾ ਰਾਰਾ ਜਾਪ ਹੁੰਦਾ ਰਿਹਾ। ਇਉਂ ਠਾਕੁਰ ਜੀ ਦੇ ਤਪ ਤਿਆਗ ਦਾ ਕਰੜਾ ਸਮਾਂ ਲੰਘ ਗਿਆ। ਪਰ ਹੁਣ ਉਹ ਇਕ ਸਦੀਵੀ ਮਸਤਾਨੀ ਅਵਸਥਾ ਜਾਂ ਸਤਿਗੁਰੂ ਰਾਮ ਸਿੰਘ ਜੀ ਨਾਲ ਇੱਕਮਿੱਕਤਾ ਵਾਲੀ ਅਭੇਦ ਅਵਸਥਾ ਵਿਚ, ਪੁੱਜ ਗਏ। ਜੀਵਨ ਦੇ ਇਸ ਤੋਂ ਬਾਅਦ ਵਾਲੇ ੧੭-੧੮ ਸਾਲ ਆਪ ਨੇ ਬੜੇ ਰੰਗ ਵਿਚ ਬਤੀਤ ਕੀਤੇ। ਆਪਣੀ ਉਚੀ ਕਰਨੀ ਅਤੇ ਮਿੱਠੇ ਬੋਲਾਂ ਨਾਲ ਅਨੇਕ ਜੀਆਂ ਨੂੰ ਸੁਮਾਰਗ ਤੇ ਲਾਇਆ।[5]

ਉੱਪਰ ਵਰਣਿਤ, ਅਠਾਰਾਂ ਦਿਨਾਂ ਦੇ ਕਠਿਨ ਜੁਹਦ ਤਪ ਬਾਅਦ ਹੀ ਆਪ ਜੀ ਦੇ ਨਾਮ ਵਾਸਤੇ 'ਠਾਕਰ' ਸ਼ਬਦ ਪ੍ਰਸਿੱਧ ਹੋ ਗਿਆ ਸੀ। ਕਦੀ ਕਦੀ, ਕਈ ਕਈ

ਦਿਨ, ਰਾਮ ਰਾਮ ਦਾ ਜਾਪ ਕਰੀ ਜਾਂਦੇ। ਕਈ ਵੇਰ ਇਹ ਦੌਰ ਸ਼ੁਰੂ ਹੋ ਜਾਂਦਾ "ਵਾਹਿਗੁਰੂ ਕੇਸਰ-ਕੇਸਰ ਵਾਹਿਗੁਰੂ" "ਵਾਹਿਗੁਰੂ ਵਿਚ ਕੇਸਰ ਆਇਆ-ਕੇਸਰ ਵਿਚ ਵਾਹਿਗੁਰੂ ਆਇਆ" "ਕੇਸਰ ਵਾਹਿਗੁਰੂ-ਵਾਹਿਗੁਰੂ ਕੇਸਰ।" ਸੂਫੀ ਸ਼ਾਇਰਾਂ ਦੇ ਉਹਨਾਂ ਬੋਲਾਂ ਜਹੀ ਅਵਸਥਾ ਹੋ ਗਈ-

ਰਾਂਝਣ ਰਾਂਝਣ ਕਰਦੀ ਨੀ,
ਮੈਂ ਆਪੇ ਰਾਂਝਣ ਹੋਈ।
ਸੱਦੋ ਨੀ ਮੈਨੂੰ ਧੀਦੋ ਰਾਂਝਾ,
ਹੀਰ ਨਾ ਆਖੋ ਕੋਈ।

ਵਾਹਦਤ ਦੀ ਇਸੇ ਅਵਸਥਾ ਵਿਚ ਆਪ ਲਾਹੌਰ ਦੀ ਬਾਦਸ਼ਾਹੀ ਮਸਜਿਦ ਵਿਚ ਪੁੱਜ ਗਏ। "ਉਸ ਵੇਲੇ ਅੰਦਰੋਂ ਇਹ ਬੋਲਾ ਹੋ ਰਿਹਾ ਸੀ: ਮੈਂ ਅੱਲਾ, ਮੈਂ ਅੱਲਾ, ਮੈਂ ਅੱਲਾ, ਮੈਂ ਅੱਲਾ। ਅੱਲਾ! ਅੱਲਾ!! ਅੱਲਾ!!! ਅੱਲਾ!!!! ਬੜੇ ਬੜੇ ਆਲਮ ਤੇ ਮੌਲਵੀ ਜੁੜ ਗਏ। ਇਮਾਮ ਮਸਜਿਦ ਨੂੰ ਵੀ ਸੱਦਿਆ ਗਿਆ। ਜਿਸ ਵੇਲੇ ਸਭ ਇਕੱਠੇ ਹੋਏ ਤੇ ਬਾਬੇ ਦੀ ਸ਼ਕਲ ਨੂਰਾਨੀ ਵੇਖ ਕੇ ਸਭ ਦੇ ਸਿਰ ਅਦਬ ਨਾਲ ਝੁਕ ਗਏ। ਹੁਣ ਆਪ ਨੇ ਇਹ ਮੁਹਾਰਨੀ ਸ਼ੁਰੂ ਕੀਤੀ : ਅੱਲਾ ਆਇਆ, ਮੁਹੰਮਦ ਆਇਆ, ਕਲਮਾ ਆਇਆ, ਈਸਾ ਆਇਆ, ਮੂਸਾ ਆਇਆ, ਰਾਮਾ ਆਇਆ, ਕ੍ਰਿਸ਼ਨਾ ਆਇਆ, ਨਾਨਕ ਆਇਆ। ਆਇਆ, ਆਇਆ, ਆਇਆ, ਆਇਆ। ਅੱਲਾ ਆਇਆ, ਅੱਲਾ ਆਇਆ। ਮੈਂ ਅੱਲਾ, ਮੈਂ ਵਾਹਿਗੁਰੂ। ਮੇਰੇ ਵਿਚ ਅੱਲਾ, ਅੱਲਾ, ਵਿਚ ਮੈਂ। ਅੱਲਾ ਮੈਂ, ਅੱਲਾ ਮੈਂ, ਅੱਲਾ ਮੈਂ। ਕਿੰਨਾ ਚਿਰ ਠਾਕੁਰ ਜੀ ਮਸਤੀ ਵਿਚ ਇਹ ਬੋਲੇ ਬੋਲਦੇ ਰਹੇ।... ਕੋਈ ਕਹੇ ਇਹ ਹਜ਼ਰਤ ਮਨਸੂਰ ਰਹਿਮ ਤੁਲ ਅਲੈਹ ਆ ਗਏ ਹਨ, ਕੋਈ ਕਹੇ ਇਹ ਪੂਰੇ ਆਰਿਫ ਹੈਨ, ਕੋਈ ਕਹੇ ਕਾਮਲ ਫਕੀਰ ਹੈਨ। ਗੱਲ ਕੀ ਸਭ ਨੇ ਸਲਾਮ ਕੀਤਾ ਤੇ ਠਾਕੁਰ ਜੀ ਆਪਣੀ ਕਾਰ ਵਰਤਾ ਕੇ ਜਾਂਦੇ ਬਣੇ।"[6]

ਫਿਰ ਇਕ ਸਮੇਂ ਸੰਤ ਕਿੱਲੀ, ਕਿੱਲੀ, ਕਿੱਲੀ, ਕਿੱਲੀ ਕਰਦੇ ਦੌੜੇ ਫਿਰਨ। ਦੀਵਾਨਾਂ ਵਿਚ ਵੀ ਕਿੱਲੀ ਸ਼ਬਦ ਦਾ ਉਚਾਰ ਕਰਦਿਆਂ ਬਾਬਾ ਇਧਰੋਂ ਉਧਰ ਤੋਂ ਉਧਰੋਂ ਇਧਰ, ਸੰਗਤ ਨੂੰ ਅਚੰਭਿਤ ਕਰੇ। ਜਦੋਂ ਸਿੱਖਾਂ ਨੇ ਨਵੀਂ ਗੱਲ ਬਾਰੇ ਪੁੱਛਿਆ ਕਿ ਬਾਬਾ ਜੀ ਇਹ ਕੀ ਬੋਲਾ ਹੈ, ਸਾਨੂੰ ਤੇ ਸਮਝ ਨਹੀਂ ਆ ਰਹੀ। ਆਪ ਜੀ ਦਾ ਤਕੀਆ ਕਲਾਮ ਸੀ "ਨਾ ਨਾ ਪੁੱਤ", ਇੱਥੋਂ ਬਚਨ ਸ਼ੁਰੂ ਕਰਦੇ ਸਨ। "ਆਖਣ ਲੱਗੇ-ਨਾ ਨਾ ਪੁੱਤਰ, ਇਹ ਕਲਜੁਗ ਹੈ। ਰਾਗ ਦ੍ਵੈਖ, ਖਰਾਸ ਦੇ ਦੋ ਪੜੁਏ ਹੈਨ, ਤੇ ਕਿੱਲੀ ਹੈ ਸਾਧ ਸੰਗਤ। ਪੁੱਤ ਜਿਹੜੇ ਦਾਣੇ ਕਿੱਲੀ ਨਾਲ ਨਹੀਂ ਲੱਗਦੇ ਉਹ ਪੀਸੇ ਜਾਂਦੇ ਹਨ। ਤੇ ਜਿਹੜੇ ਕਿੱਲੀ ਲਾਗੇ ਲੱਗ ਜਾਂਦੇ ਨੇ ਉਹ ਬਚ ਜਾਂਦੇ ਨੇ। ਪੁੱਤ-

"ਦੁਇ ਪੁੜ ਚਕੀ ਜੋੜਿ ਕੈ ਪੀਸਣ ਆਇ ਬਹਿਠੁ ॥
ਜੋ ਦਰਿ ਰਹੇ ਸੁ ਉਬਰੇ ਨਾਨਕ ਅਜਬੁ ਡਿਠੁ ॥"
ਮਾਝ ਮਹਲਾ ੧ ॥ ...੧੪੨

ਪੁੱਤ ਨਾਮ ਕਿੱਲੀ-ਸੰਗਤ ਕਿੱਲੀ। ਕਿਲੀ ਕਿਲੀ...ਕੂਕਦੇ ਫਿਰ ਦੌੜ ਗਏ। ਇੱਥੋਂ ਆਪ ਜੀ ਦਾ ਨਾਮ ਕੇਸਰ ਕਿੱਲੀ ਪਰਸਿਧੇ ਹੋ ਗਿਆ।"[7]

ਸੰਤ ਨਿਧਾਨ ਸਿੰਘ ਆਲਿਮ, ਸੰਤ ਜੀ ਦੇ ਪ੍ਰਭਾ ਮੰਡਲ ਵੱਲ ਕਿੰਜ ਆਕਰਸ਼ਿਤ ਹੋਏ, ਇਕ ਨਿਰਾਲੀ ਸਾਖੀ ਹੈ। ਆਲਮ ਜੀ ਦੇ ਪਿਤਾ ਸ. ਸੋਹਣ ਸਿੰਘ ਨੇ ੩੦ ਸਾਲ ਫੌਜੀ ਨੌਕਰੀ ਕੀਤੀ ਸੀ। ਫਸਟ ਗ੍ਰੇਡ ਦੇ ਜਮਾਦਾਰ ਸਨ, ਸੂਬੇਦਾਰ ਬਣਨ ਵਾਲੇ ਸਨ। ਸ਼ਰਾਬ ਪੀ ਕੇ ਕਮਾਨ ਅਫਸਰ ਨਾਲ ਲੜ ਝਗੜ ਪਏ ਜਿਸ ਕਾਰਨ ਨੌਕਰੀ ਕੱਟ ਦਿੱਤੀ ਗਈ। ਆਲਿਮ ਜੀ ਵੀ ਫੌਜ ਵਿਚ ਕਲਰਕ ਸਿਪਾਹੀ ਸਨ। ਉਹ ਵੀ ਪਿਤਾ ਨੇ ਨਾਵਾਂ ਕਟਵਾ ਦਿੱਤਾ। ਦੋਵੇਂ ਪਿਤਾ ਪੁੱਤਰ ਘਰ ਲੋਪੋਕੇ ਆ ਕੇ ਤੰਗਦਸਤੀ ਦੇ ਕਾਬੂ ਆ ਗਏ। ਪੈਨਸ਼ਨ ਵੀ ਨਾ ਮਿਲੀ। ਘਰ ਵਿਚ ਖੁਸ਼ੀ ਦੇ ਪਾਠ ਦਾ ਭੋਗ ਸੀ। ਮਾਤਾ ਇੰਦਰ ਕੌਰ ਨੇ ਆਲਿਮ ਜੀ ਨੂੰ ਕਿਹਾ "ਨਿਧਾਨ ਸਿੰਘ! ਆਪਣੇ ਪਿੰਡ ਦੇ ਸੰਤ ਸੁੰਦਰ ਸਿੰਘ ਕਾਰੀਗਰ ਦੇ ਕਾਰਖਾਨੇ, ਬਾਬਾ ਕੇਸਰ ਜੀ ਮੁਹਾਵੇ ਵਾਲੇ ਅਤੇ ਮਹੰਤ ਬਿਸ਼ਨ ਸਿੰਘ ਚੇਲੇਕਿਆਂ ਵਾਲੇ ਆਏ ਹੋਏ ਹਨ। ਅਰਜ਼ ਕਰ ਕੇ ਉਹਨਾਂ ਨੂੰ ਘਰ ਲਿਆ। ਆਲਿਮ ਜੀ ਅਜੇ ਸਿੰਘ ਸਭਾਈ ਵਿਚਾਰਾਂ ਦੇ ਅਸਰ ਹੇਠ ਸਨ। ਉਹ ਮਾਤਾ ਨੂੰ ਜੋ ਜੁਆਬ ਦਿੰਦੇ ਹਨ, ਉਹਨਾਂ ਦੇ ਸ਼ਬਦਾਂ ਵਿਚ ਹੀ ਪੜ੍ਹੀਏ: "ਮੈਂ ਗੁਸਤਾਖੀ ਭਰੇ ਲਹਿਜੇ ਵਿਚ ਆਖਿਆ, ਤੇ ਭਲਾ ਬੇਬੇ ਜੀ? ਮੈਂ ਕੂਕਿਆਂ ਨੂੰ ਕਿਉਂ ਸੱਦ ਲਿਆਵਾਂ? ਤੇ ਉਹ ਜੇੜ੍ਹਾ ਬਾਬਾ ਕੇਸਰ ਹੈ, ਉਹ ਤਾਂ ਕਮਲਾ ਜਿਹਾ ਸਾਧ ਹੈ। ਲੋਕੀਂ ਉਹਨੂੰ ਕੇਸਰ ਕਿੱਲੀ ਆਂਹਦੇ ਹੈਨ, ਸੁੱਖਾ ਪੀ ਛੱਡਦਾ ਹੈ ਤੇ ਪਿੰਡੋ ਪਿੰਡੀ ਭੌਂਦਾ ਫਿਰਦਾ ਹੈ। ਮੈਂ ਇਕ ਦਿਨ ਟਪਿਆਲੇ (ਲੋਪੋਕਿਆਂ ਦੇ ਕੋਲ ਇਕ ਛੋਟਾ ਜਿਹਾ ਪਿੰਡ ਹੈ) ਗਿਆ ਸਾਂ, ਓਥੇ ਕੂਕਿਆਂ ਦੇ ਦੀਵਾਨ ਵਿਚ ਮੈਂ ਬਾਬੇ ਨੂੰ ਵੀ ਵੇਖਿਆ ਸੀ, ਸਿਰ ਤੇ ਪੱਗ ਹੈ ਨਹੀਂ ਸੀ, ਕੇਸਾਂ ਦੀਆਂ ਛੋਟੀਆਂ ਛੋਟੀਆਂ ਬੌਂਗੀਆਂ ਸਨ। ਗਿਟਿਆਂ ਤਾਈਂ ਖੱਦਰ ਦਾ ਚੋਲਾ ਸੀ, ਤੇ ਦੀਵਾਨ ਵਿਚ ਖਲੋ ਕੇ ਕਮਲ ਛਾਣਨ ਡਿਹਾ ਹੋਇਆ ਸੀ। ਗੱਲਾਂ ਤੇ ਉਹ ਅੱਲ ਵਲੱਲੀਆਂ ਹੀ ਕਰਦਾ ਸੀ, ਪਰ ਲੋਕੀਂ ਬੜੇ ਧਿਆਨ ਨਾਲ ਉਹਦੇ ਮੂੰਹ ਵੱਲ ਤੱਕ ਰਹੇ ਸਨ। ਉਹ ਆਖਦਾ ਸੀ, ਮੂਸਾ ਆਇਆ, ਈਸਾ ਆਇਆ...ਰਾਮ ਆਇਆ...ਰਹੀਮ ਆਇਆ...ਨਾਨਕ ਆਇਆ...ਗੁਰੂ ਗੋਬਿੰਦ ਸਿੰਘ ਜੀ ਦਾ ਵੀ ਅੱਧਾ ਨਾਂ ਲੈ ਕੇ ਆਖਦਾ ਸੀ... ਆਇਆ। ਕਦੇ ਕਦੇ ਅੱਲਾ ਅੱਲਾ ਕਰਨ ਲੱਗ ਪੈਂਦਾ ਸੀ। ਮੈਨੂੰ ਤਾਂ ਉਹ ਚੰਗਾ ਨਹੀਂ ਸੀ ਲੱਗਦਾ।"

ਆਲਿਮ ਜੀ ਅੱਗੇ ਲਿਖਦੇ ਹਨ ਕਿ ਓੜਕ ਮਾਤਾ ਦਾ ਹੁਕਮ ਮੰਨ ਕੇ ਮੈਂ ਸੰਤਾਂ ਦੇ ਦੀਵਾਨ ਵਿਚ ਬੜੇ ਸਰਦਾਰੀ ਰੋਹਬ ਦਾਅਬ ਵਾਲੇ ਪਹਿਰਾਵੇ ਵਿਚ ਅਜੀਬ ਢੰਗ ਦੀ ਫਤੇਹ ਜਾ ਬੁਲਾਈ। "ਠਾਕੁਰ ਜੀ ਮਹਾਰਾਜ ਨੇ ਮੇਰੇ ਵੱਲ ਇਕ ਖਾਸ ਅੰਦਾਜ਼ ਨਾਲ ਤੱਕ ਕੇ, ਇਕ ਖ਼ਾਸ ਹੀ ਲਹਿਜੇ ਵਿਚ ਬਚਨ ਕੀਤਾ, "ਆ ਪੁੱਤਰ! ਆ ਗਿਆ ਏਂ!!" ਸੰਤ ਬਾਬੇ ਦੇ ਇਹ ਬਚਨ ਨਿਧਾਨ ਸਿੰਘ ਦੇ ਮਨ ਮਸਤਕ ਦੇ, ਕਪਾਟ ਖੋਲ੍ਹ ਕੇ, ਹਿਰਦੇ ਰੂਪੀ ਸਾਗਰ ਵਿਚ ਜੁਆਰ ਭਾਟੇ ਦੀਆਂ ਐਸੀਆਂ ਪ੍ਰੇਮ-ਤਰੰਗਾਂ ਛੇੜਨ ਲੱਗ ਪਏ ਕਿ ਕੋਈ ਸੁੱਧ ਬੁੱਧ ਹੀ ਨਾ ਰਹੀ। ਨਿਧਾਨ ਸਿੰਘ ਉਵੇਂ ਹੀ ਸੰਤਾਂ ਜੋਗਾ ਹੋ ਗਿਆ, ਜਿਵੇਂ ਰਾਂਝੇ ਦੇ ਇਕੋ ਬੋਲ ਨੇ, ਹੀਰ ਨੂੰ ਉਹਦੇ ਜੋਗੀ ਕਰ ਦਿੱਤਾ ਸੀ—

ਰਾਂਝੇ ਉਠ ਕੇ ਆਖਿਆ ਵਾਹ ਸੱਜਣ
ਹੀਰ ਹੱਸ ਕੇ ਤੇ ਮੇਹਰਬਾਨ ਹੋਈ।–ਵਾਰਿਸ ਸ਼ਾਹ

ਉਹ ਆਪਣੀ ਹਾਲਤ ਬੁੱਲ੍ਹੇ ਸ਼ਾਹ ਦੀ ਇਸ ਕਾਫੀ ਦੁਆਰਾ ਬਿਆਨ ਕਰਦੇ ਹਨ, ਜਦੋਂ ਬਾਬੇ ਕੇਸਰ ਨੇ ਮਹੰਤ ਬਿਸ਼ਨ ਸਿੰਘ ਹੋਰਾਂ ਤੋਂ ਨਿਧਾਨ ਸਿੰਘ ਨੂੰ, ਨਾਮ ਦਾਨ ਦੁਆਇਆ :–

ਹੁਣ ਮੈਨੂੰ ਕੌਣ ਪਛਾਣੇ, ਮੈਂ ਹੋ ਗਈ ਹੋਰ ਦੀ ਹੋਰ
ਮੁਰਸ਼ਦ ਮੈਨੂੰ ਸਬਕ ਪੜ੍ਹਾਇਆ ਵਾਹਦਤ ਪਾਇਆ ਸ਼ੋਰ

ਸੰਤਾਂ ਨੇ ਨਿਧਾਨ ਸਿੰਘ ਨੂੰ ਰਾਰੇ ਦੀ ਕਾਰ ਵਿਚ (ਭਾਵ ਸਤਿਗੁਰੂ ਰਾਮ ਸਿੰਘ ਜੀ ਦੇ ਮੰਡਲ ਵਿਚ) ਲੈ ਆਂਦਾ। ਇਕ ਦਿਨ ਆਲਿਮ ਹੋਰਾਂ ਦੇ ਪਿਤਾ ਜੀ ਦੇ ਮਨ ਵਿਚ ਵੀ ਕੋਈ ਸ਼ੁਭ ਵਿਚਾਰ ਆਇਆ। ਉਸ ਤੁਰੇ ਜਾਂਦੇ ਬਾਬੇ ਕੇਸਰ ਹੋਰਾਂ ਨੂੰ ਘਰ ਸੱਦ ਕੇ ਦੁੱਧ ਛਕਾਇਆ ਅਤੇ ਫਿਰ ਆਪਣੀ ਨੌਕਰੀ ਕੱਟੇ ਜਾਣ ਦੀ ਰਾਮ ਕਹਾਣੀ ਸੁਣਾਈ। ਬਾਬਾ ਜੀ ਨੇ ਬੋਲੇ ਛੱਡੇ “ਤੂੰ ਸੱਚਾ ਤੇ ਬਿੱਲਾ ਝੂਠਾ, ਤੇਰੀ ਪਿਨਸ਼ਨ ਪੂਰੀ, ਤੇਰੀ ਪਿਨਸ਼ਨ ਪੂਰੀ।” ਦੇਵਨੇਤ ਤਿੰਨ ਕੁ ਮਹੀਨੇ ਬਾਅਦ ਸੋਹਣ ਸਿੰਘ ਹੋਰਾਂ ਨੂੰ ਇਕਮੁਸ਼ਤ ਪਿਛਲੇ ਬਕਾਏ ਸਮੇਤ ਪੰਝੀ ਰੁਪੈ ਮਹੀਨਾ ਪੈਨਸ਼ਨ ਮਨਜ਼ੂਰ ਹੋ ਗਈ। ਪਿਛੋਂ ਤੀਹ ਹੋ ਗਈ। ਇਉਂ ਆਲਿਮ ਪਰਿਵਾਰ ਬਾਬਾ ਜੀ ਦੇ ਚਰਨ ਭੌਰਿਆਂ ਵਿਚ, ਹੱਥਾਂ ਤੇ ਸਰ੍ਹੋਂ ਜਮਾ ਕੇ ਸ਼ਾਮਲ ਹੋ ਗਿਆ। ਆਲਿਮ ਜੀ ਨੇ, ਉਹਨਾਂ ਦੇ ਪਿੰਡ ਦੇ ਇਕ ਪ੍ਰਸਿੱਧ ਨਾਮਧਾਰੀ ਜਥੇਦਾਰ, ਨੱਥਾ ਸਿੰਘ ਜੀ ਦੇ ਜਥੇ ਵਿਚ ਹਾਰਮੋਨੀਅਮ ਵਾਜਾ ਵਜਾਉਣਾ ਹੁੰਦਾ ਸੀ। ਇਕ ਆਸਾ ਦੀ ਵਾਰ ਦੇ ਦੀਵਾਨ ਸਮੇਂ ਠਾਕੁਰ ਜੀ ਵੀ ਆ ਗਏ। ਦੀਵਾਨ ਦਾ ਬਹੁਤ ਰੰਗ ਬੱਝਾ। ਸੰਤ ਬਾਬਾ ਜੀ ਨੇ, ਆਲਿਮ ਜੀ ਨੂੰ, “ਤੇਰੇ ਸਿਰ ਤੇ ਛਤਰ ਫਿਰੇਗਾ–ਤੇਰੀ ਚਾਰਾਂ ਚੱਕਾਂ ਵਿਚ ਉਜਾਗਰੀ ਹੋਏਗੀ” ਆਦਿਕ ਇਤਨੇ ਵਰ ਦਿਤੇ ਕਿ ਆਲਿਮ ਜੀ ਆਪਣੇ ਧਾਰਮਿਕ, ਰਾਜਨੀਤਕ, ਸਮਾਜੀ, ਸਾਹਿਤਕ ਜੀਵਨ ਦੀਆਂ ਵੱਡੀਆਂ ਪ੍ਰਾਪਤੀਆਂ ਨੂੰ, ਬਾਬਾ ਜੀ ਦੀ ਬਖਸ਼ਿਸ਼ ਨਾਲ ਹੀ ਜੋੜਿਆ ਕਰਦੇ ਸਨ।[੧]

ਠਾਕੁਰ ਜੀ ਨਾਲ ਸਬੰਧਿਤ ਬਹੁਤ ਸਾਰੀਆਂ ਸਾਖੀਆਂ ਨਾਮਧਾਰੀ ਸਾਹਿਤ ਵਿਚੋਂ ਪੜ੍ਹਨ ਨੂੰ ਮਿਲਦੀਆਂ ਹਨ। ਉਹਨਾਂ ਸਭ ਦਾ ਸਾਰ ਤੱਤ ਇਕ ਹੀ ਹੈ ਕਿ ਉਹ ਬਹੁਤ ਉਦਮੀ ਅਤੇ ਹਿੰਮਤੀ ਸਨ। ਸੱਠ ਸੱਠ ਕੋਹ ਤੱਕ ਦਾ ਪੰਧ ਉਨ੍ਹਾਂ ਦੋਹਾਂ ਸੂਰਜਾਂ ਦੇ ਵਿਚਾਲੇ ਮੁਕਾਇਆ ਸੀ। ਜਿੱਥੇ ਪਹੁੰਚਣਾ ਹੁੰਦਾ, ਪੈਦਲ ਹੀ ਚੱਲ ਕੇ ਅਤੇ ਸੰਗੀਆਂ ਸਾਥੀਆਂ ਨੂੰ ਨਾਲ ਲੈ ਕੇ, ਪੁੱਜ ਜਾਂਦੇ ਸਨ। ਰੇਲਗੱਡੀ ਦਾ ਸਫਰ ਪਸੰਦ ਨਹੀਂ ਸਨ ਕਰਦੇ। ਭਰੇ ਹੋਏ ਦਰਿਆ ਠਿੱਲ ਕੇ ਪਾਰ ਕਰ ਜਾਣੇ ਉਹਨਾਂ ਲਾਈ ਮਾਮੂਲੀ ਖੇਡ ਸੀ। ਉਹ ‘ਅਲਪ ਅਹਾਰ’ ਅਤੇ ‘ਸੁਲਪ ਸੀ ਨਿੰਦਰਾ’ ਦੇ ਧਾਰਨੀ ਸਨ ਦਇਆ ਭਾਵ ਅਤੇ ਖਿਮਾ ਭਾਵ ਨਾਲ ਹਿਰਦਾ ਲਬਰੇਜ਼ ਸੀ। ਉਹਨਾਂ ਆਪ ਵੀ ਹਉਮੈ ਨੂੰ ਮਾਰਿਆ ਹੋਇਆ ਸੀ ਅਤੇ ਉਹਨਾਂ ਦੇ ਸੰਗੀਆਂ ਸਾਥੀਆਂ ਨੇ ਵੀ ਮਾਨ ਅਭਿਮਾਨ ਤਿਆਗ ਛੱਡੇ ਸਨ। ਇਸ ਲਈ ਉਹ ਸੰਤ ਮਿੱਤ ਸਿੰਘ ਜਿਊਣ ਭਿੰਡਰ ਨੂੰ ‘ਮਿੱਤੂ’, ਲਾਲ ਸਿੰਘ ਭੂਰੇ ਗਿੱਲੀਏ ਨੂੰ ‘ਲਾਲੂ’, ਚਕੜਾਲੀ ਵਾਲੀ ਸਾਧੂ ਸੁਭਾਊ ਬੀਬੀ ਕਿਸ਼ਨ ਕੌਰ, ਜਿਸਨੂੰ

ਮਰਦਾਵੇ ਲਿਬਾਸ ਕਾਰਨ ਸੰਗਤ ਸੰਤ ਕਿਸ਼ਨ ਸਿੰਘ ਆਖਦੀ ਸੀ, ਆਪ "ਕਿੱਸੋ" ਹੀ ਕਹਿ ਕੇ ਬੁਲਾਇਆ ਕਰਦੇ ਸਨ।

ਸਤਿਗੁਰੂ ਰਾਮ ਸਿੰਘ ਜੀ ਨੇ ਪਰਦੇਸ ਵਿਚੋਂ ਭੇਜੇ ਹੁਕਮਨਾਮਿਆਂ ਵਿਚ, ਸੰਗਤ ਨੂੰ ਵੱਧ ਤੋਂ ਵੱਧ ਸਾਧਾਰਨ ਜਾਂ ਅਖੰਡ ਪਾਠ ਕਰਾਉਣ ਦੇ ਆਦੇਸ਼ ਗਾਹੇ ਬਗਾਹੇ ਭੇਜੇ ਸਨ। ਠਾਕਰ ਜੀ ਜਿੱਥੇ ਵੀ ਕੋਈ ਸਿੰਘ ਕਹਿੰਦਾ ਪੁੱਜਦੇ ਅਤੇ ਪਾਠ ਕਰ ਆਉਂਦੇ। ਖਿਆਲ੍ਹਾ (ਅੰਮ੍ਰਿਤਸਰ) ਦੇ ਬਾਬਾ ਗੰਡਾ ਸਿੰਘ ਜੀ ਨੇ ਇਕੌਤਰ ਸੌ ਅਖੰਡ ਪਾਠ ਕਰਾਉਣ ਦਾ ਫੁਰਨਾ ਠਾਕਰਾਂ ਨਾਲ ਸਾਂਝਾ ਕੀਤਾ। ਇਹ ਵੀ ਕਿਹਾ ਕਿ ਮੇਰੇ ਪਾਸ ਬਹੁਤਾ ਪਦਾਰਥ ਵੀ ਕੋਈ ਨਹੀਂ। ਆਪ ਨੇ ਕਿਹਾ ਜੋ ਹੈ ਲੈ ਆ। ਉਸ ਨੇ ਇਕ ਘੜਾ ਜਵਾਂ ਦਾ ਅਤੇ ਅੱਠਾਂ ਆਨਿਆਂ ਦਾ ਗੁੜ, ਠਾਕਰ ਜੀ ਪਾਸ ਲਿਆ ਰੱਖਿਆ। ਆਪ ਨੇ ਅਖੰਡ ਪਾਠ ਤੋਰ ਦਿੱਤੇ। ਪਾਠਾਂ ਦੀ ਖਬਰ ਸੁਣ ਕੇ ਸੰਤਾਂ ਦਾ ਕੋਈ ਪ੍ਰੀਤਵਾਨ, ਜੋ ਲਾਹੌਰ ਦੇ ਰੇਲਵੇ ਕਾਰਖਾਨੇ ਵਿਚ ਸੀ, ਸੱਤ ਸੌ ਰੁਪੈਆ ਇਕੱਠਾ ਕਰਕੇ ਲੈ ਆਇਆ। ਜਦੋਂ ਪਾਠਾਂ ਦੀ ਸਮਾਪਤੀ ਨੇੜੇ ਆਈ ਤਾਂ ਬਾਬਾ ਗੰਡਾ ਸਿੰਘ ਮੇਲੇ ਦੀ ਮਨਜ਼ੂਰੀ ਲੈਣ ਗਿਆ। ਮਨਜ਼ੂਰੀ ਤਿੰਨ ਦਿਨਾਂ ਦੀ ਮਿਲੀ ਪਰ ਸੰਗਤ ਨੇ ਪ੍ਰੇਮ ਰਸ ਵਿਚ ਮੇਲੇ ਦਾ ਭੋਗ ਚੌਥੀ ਰਾਤ ਪਾਇਆ। ਬੱਸ ਇਤਨੀ ਗੱਲ ਤੇ ਹੀ ਬਾਬਾ ਗੰਡਾ ਸਿੰਘ ਨੂੰ ਛੇ ਮਹੀਨੇ ਦੀ ਕੈਦ ਕੱਟਣੀ ਪਈ।[10]

ਗੁਰੂ ਸਰ ਸਤਲਾਣੀ ਸਾਹਿਬ ਮਾਝੇ ਦਾ ਇਕ ਪ੍ਰਸਿੱਧ ਗੁਰਧਾਮ ਹੈ। ਸੰਤ ਬਾਬਾ ਜਮੀਅਤ ਸਿੰਘ ਗਿੱਲਾਂ ਵਾਲਿਆਂ ਦੀ, ਬਖਸ਼ਿਸ਼ ਸਦਕਾ ਭਾਈ ਕਿਰਪਾ ਸਿੰਘ, ਇਸ ਗੁਰਧਾਮ ਦੇ ਮਹੰਤ ਬਣੇ ਸਨ। ਨਾਲ ਹੀ ਉਹਨਾਂ ਸੁਚੇਤ ਕੀਤਾ: ਮਹੰਤੀ ਨੂੰ 'ਮਸਤਾਨਿਆਂ ਦੀਵਾਨਿਆਂ ਤੋਂ ਬਚਾ ਕੇ ਰੱਖੀਂ।" ਮਹੰਤ ਸਾਹਿਬ ਦਾ ਇਤਨਾ ਤਪ ਤੇਜ ਹੋਇਆ ਕਿ ਪੰਜਾਬ ਦਾ ਵੱਡਾ ਹਾਕਮ, ਲਾਟ ਪੰਜਾਬ, ਆਪ ਨੂੰ ਟੋਪੀ ਲਾਹ ਕੇ ਪ੍ਰਣਾਮ ਕਰਿਆ ਕਰੇ। ਇਕ ਵੇਰ ਪਿੰਡ ਭਕਨੇ ਵਿਚ ਭਾਰੀ ਦੀਵਾਨ ਵਿਚ, ਮਹੰਤ ਕਿਰਪਾ ਸਿੰਘ ਸਜੇ ਹੋਏ ਸਨ। ਬਾਬਾ ਕੇਸਰ ਜੀ ਆਪਣੀ ਮਸਤੀ ਦੀ ਕਾਰ ਵਿਚ, ਦੀਵਾਨ ਵਿਚ, ਉੱਠ ਕੇ ਕਹਿਣ ਲੱਗੇ-"ਮੈਂ ਖ਼ੁਦ ਗੁਰੂ ਨਾਨਕ ਹਾਂ।" ਮਹੰਤ ਹੋਰਾਂ ਸੰਗਤ ਨੂੰ ਕਿਹਾ ਇਸ ਨੂੰ ਦੀਵਾਨ ਵਿਚੋਂ ਕੱਢ ਦਿਉ, ਇਹ ਗੁਰੂ ਨਾਨਕ ਦੀ ਹੱਤਕ ਕਰਦਾ ਹੈ। ਹੁਣ ਬਾਬਾ ਜੀ ਦਾ ਜਲਵਾ ਐਸਾ ਸੀ ਕਿ ਸੰਗਤ ਉਹਨਾਂ ਦੀ ਮਸਤ ਬਿਰਤੀ ਨੂੰ ਸਮਝਦੀ ਸੀ। ਠਾਕੁਰ ਜੀ ਨੇ ਕਿਹਾ, "ਪੁੱਤ ਕਿਰਪਿਆ! ਨਾਨਕ ਨੂੰ ਦੀਵਾਨ ਵਿਚੋਂ ਕੱਢਣ ਵਾਲਾ ਕੌਣ ਹੈ ? ਨਾਨਕ ਤਾਂ ਖੰਡਾਂ ਬ੍ਰਹਮੰਡਾਂ ਦਾ ਮਾਲਕ ਹੈ, ਸਭ ਉਸ ਦੇ ਹੁਕਮ ਵਿਚ ਹਨ।" ਥੋਹੜੇ ਸਮੇਂ ਬਾਅਦ ਮਹੰਤ ਜੀ ਵਿਰੁੱਧ ਇਲਾਕੇ ਵਿਚ ਰੌਲਾ ਪੈ ਗਿਆ। ਲੋਕਾਂ ਨੇ ਅਧਿਕਾਰੀਆਂ ਨੂੰ ਲਿਖਿਆ। ਹਾਕਮ ਮੌਕੇ ਤੇ ਆਏ ਤੇ ਲੋਕ ਰਾਇ ਉਸ ਦੇ ਖਿਲਾਫ ਵੇਖ ਕੇ ਮਹੰਤੀ ਕੱਟ ਗਏ। ਆਖਰੀ ਸਮਾਂ ਮਹੰਤ ਜੀ ਦਾ ਛਾਉਣੀ ਮੀਆਂ ਮੀਰ ਦੇ ਇਕ ਡੇਰੇ ਵਿਚ ਕਸ਼ਟਪੂਰਨ ਬੀਤਿਆ।[11]

ਜੇ ਕੋਈ ਆਦਰ ਨਾਲ ਠਾਕੁਰ ਜੀ ਦੇ ਸਿਰ ਤੇ ਚੌਰ ਝੁਲਾਵੇ ਤਾਂਹ ਵੀ ਖੁਸ਼ ਜੇ ਕੋਈ ਸੋਟੀ ਨਾਲ ਛਿੱਤਰ ਬੰਨ੍ਹ ਕੇ ਫੇਰੇ, ਤਾਂਹਵੀ ਰਾਜ਼ੀ। ਹਰਖ ਸੋਗ ਤੋਂ ਨਿਆਰੇ,

ਨਿੰਦਾ ਉਸਤਤ ਤੋਂ ਉਪਰ, ਉਹ ਜੀਵਨ ਮੁਕਤ ਸਨ। ਠਾਕਰਾਂ ਦੇ ਮਕਈ ਦੇ ਖੇਤ ਵਿਚ ਓਪਰੇ ਪਸ਼ੂ ਚਰਦੇ ਸਨ। ਉਹਨਾਂ ਦੇ ਨਾਲ ਆਪ ਦਾ ਜੁਆਈ, ਊਧਮ ਸਿੰਘ ਪਿੰਡ ਮੌੜੇ ਸੀ। ਉਸਨੇ ਪਸ਼ੂਆਂ ਨੂੰ ਮੱਕੀ ਵਿਚੋਂ ਬਾਹਰ ਕੱਢਣਾ ਚਾਹਿਆ। ਠਾਕੁਰ ਜੀ ਨੇ ਕਿਹਾ "ਪੁੱਤ ਮੇਰੀ ਕਾਰ ਵਿਚ ਹੈਂ ਕਿ ਬੇਲਾ ਸਿੰਘ ਤੇ ਮੰਗਲ ਸਿੰਘ (ਠਾਕਰ ਜੀ ਦੇ ਪੁੱਤਰ) ਦੀ ਕਾਰ ਵਿਚ ਹੈਂ ?" ਉਸ ਕਿਹਾ "ਮਹਾਰਾਜ! ਮੈਂ ਆਪ ਜੀ ਦੀ ਕਾਰ ਵਿਚ ਹਾਂ।" ਤਾਂ ਠਾਕੁਰ ਜੀ ਨੇ ਕਿਹਾ, "ਮੇਰੀ ਕਾਰ ਵਿਚ ਹੈਂ ਤਾਂ ਪਸ਼ੂ ਚਰਨ ਦੇ। ਪੁੱਤਰ ਰੋਟੀ ਖਾਂਦੇ ਅਗੋਂ ਥਾਲੀ ਨਹੀਂ ਚੁੱਕੀਦੀ।" ਉਸ ਸੱਤ ਬਚਨ ਕਿਹਾ। ਐਸੇ ਸਨ ਠਾਕਰ ਜੀ, ਪ੍ਰਾਣੀ ਮਾਤਰ ਦੇ ਪ੍ਰੇਮ ਨਾਲ ਲਬਰੇਜ਼, ਹਿਰਦੇ ਦੇ ਸੁਆਮੀ।

ਸੂਫੀ ਫਕੀਰ ਸਰਮੱਦ ਦਿਲੀ ਦੀ ਜਾਮਾ ਮਸਜਿਦ ਦੀਆਂ ਪੌੜੀਆਂ ਵਿਚ ਅਲਫ ਨੰਗਾ ਬੈਠਾ ਰਹਿੰਦਾ ਸੀ। ਇਕ ਵੇਰ ਬਾਦਸ਼ਾਹ ਨੇ ਉਸ ਤੋਂ ਪੁੱਛਿਆ, "ਫਕੀਰਾ' ਕੱਪੜੇ ਕਿਉਂ ਨਹੀਂ ਪਾਉਂਦਾ।" ਸਰਮੱਦ ਦਾ ਜੁਆਬ ਸੀ: "ਖ਼ੁਦਾ ਨੇ ਜਿਹਨਾਂ ਨੂੰ ਐਬਾਂ ਵਾਲੇ ਵੇਖਿਆ ਉਹਨਾਂ ਦੇ ਐਬ ਬਸਤਰਾਂ ਨਾਲ ਕੱਜ ਦਿੱਤੇ, ਜਿਹੜੇ ਬੇਐਬ ਵੇਖੇ, ਉਹਨਾਂ ਮੇਰੇ ਜਿਹਾਂ ਨੂੰ ਕਿਹਾ ਦਿਗੰਬਰ ਹੋ ਜਾਉ। ਫਿਰੋ ਪੁੱਤਰੋ। ਜਿਵੇਂ ਮਰਜ਼ੀ" ਫਿਰ ਉਸ ਇਕ ਸ਼ਿਅਰ ਬੋਲਿਆ ਜਿਸ ਦਾ ਭਾਵ ਸੀ, "ਜਿਹਨੇ ਤੇਰੇ ਸਿਰ ਤੇ ਸ਼ਾਹੀ ਤਾਜ ਰੱਖਿਆ ਹੈ ਮੇਰੀਆਂ ਪਰੇਸ਼ਾਨੀਆਂ ਦਾ ਸਾਮਾਨ ਵੀ ਉਸੇ ਦਾ ਦਿੱਤਾ ਹੋਇਆ ਹੈ।" ਸਰਮੱਦ ਨੂੰ ਕੱਟੜਪੰਥੀ ਮੌਲਾਣਿਆ ਨੇ ਗੁਰੂ ਤੇਗ ਬਹਾਦਰ ਦੀ ਸ਼ਹਾਦਤ ਤੋਂ ਕੁਝ ਵਰ੍ਹੇ ਪਹਿਲਾਂ ਸ਼ਹੀਦ ਕਰਵਾ ਦਿੱਤਾ ਸੀ। ਬਾਬਾ ਕੇਸਰ ਜੀ ਵੀ ਮਸਤੀ ਦੀ ਲਹਿਰ ਵਿਚ ਕਛਹਿਰਾ ਤਾਂ ਕੀ ਕੁੜਤਾ ਵੀ ਤਨ ਤੋਂ ਲਾਹ ਕੇ, ਅਲਫ ਨੰਗੇ ਵਿਚਰਦੇ ਸਨ। ਸੰਤ ਜਿਊਣ ਸਿੰਘ ਸਿਰਹਾਲੀ ਦੀ ਵੱਡੀ ਨੂੰਹ, ਆਪ ਦੀ ਹੀ ਪੁੱਤਰੀ ਸੀ। ਇਕ ਦਿਨ ਸੰਤ ਸਿਰਹਾਲੀ ਘਰ ਆਏ ਤਾਂ ਵੇਖਣ ਕਿ ਇੰਦਰ ਦਾਸ ਸਾਧ ਬੜਾ ਫੱਬਿਆ ਪਲੰਘ ਤੇ ਪਸਰਿਆ ਬੈਠਾ ਹੈ। ਸੰਤ ਜੀ ਸਿੰਘਣੀ ਨੂੰ ਕਹਿੰਦੇ, 'ਸੁਖੋ। ਆਹ ਕੰਜਰ ਘਰ ਕਿਉਂ ਬਿਠਾਇਆ ਈ।" ਸੰਤਾਂ ਦਾ ਸਾਧ ਨਾਲ ਹਾਸਾ ਮਜ਼ਾਕ ਚੱਲਦਾ ਰਹਿੰਦਾ ਸੀ। ਉਦੋਂ ਹੀ ਰਾਰਾ ਰਾਰਾ ਦੀ ਧੁਨ ਅਲਾਪਦੇ ਅਲਫ ਨੰਗੇ ਠਾਕਰ ਜੀ ਵੀ ਘਰ ਆ ਵੜੇ। ਸੰਤ ਸਿਰਹਾਲੀ ਕਹਿੰਦੇ "ਸੁੱਖੋ! ਡਾਹੋ ਮੰਜਾ ਵਿਛਾ ਕੇ, ਸੰਤ ਆਏ ਹਨ।" ਇੰਦਰ ਦਾਸ ਆਖੇ ਮੈਂ ਕੱਪੜਿਆਂ ਵਾਲਾ ਤਾਂ ਹੋਇਆ ਮੁਸ਼ਟੰਡਾ ਤੇ ਇਹ ਧਗੜਾ ਨੰਗ ਮਨੰਗ ਸੰਤ ਹੋ ਗਿਆ। ਇਹ ਸੀ ਰੰਗ ਪ੍ਰੇਮ ਦਾ। ਸ਼ਬਦ ਦਾ। ਵਿਜੋਗ ਦਾ। ਕੀਹਦੀ ਹਿੰਮਤ ਹੈ ਕੁੜਮਾਂ ਦੇ ਘਰ ਇਉਂ ਜਾਣ ਦੀ। ਇਹ ਕੋਈ ਮਸਤ ਜੀਊੜਾ ਹੀ ਐਸੀ ਖੇਡ ਖੇਡ ਸਕਦਾ ਹੈ। ਤੇ ਐਸੇ ਉਚ ਪੱਧਰ ਦੀ ਮਸਤੀ ਬਖਸ਼ੀ ਸੀ, ਸਤਿਗੁਰੂ ਰਾਮ ਸਿੰਘ ਜੀ ਨੇ ਸੰਤ ਕੇਸਰ ਸਿੰਘ ਜੀ ਨੂੰ, ਜਿਹਨਾਂ ਨੇ ਅੱਗੋਂ ਇਤਿਹਾਸ ਦੀ ਧਾਰਾ ਨੂੰ ਗਤੀਸ਼ੀਲ ਮੋੜ ਦੇਣ ਵਾਲੇ ਮਰਜੀਵੜੇ ਤਿਆਰ ਕਰਨੇ ਸਨ।

ਬਾਬਾ ਸੋਹਣ ਸਿੰਘ ਭਕਨਾ ਦੀ ਆਤਮ ਕਥਾ "ਜੀਵਨ ਸੰਗਰਾਮ" ਅਤੇ ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਵਲੋਂ ਉਹਨਾਂ ਨਾਲ ਮੁਲਾਕਾਤ ਦੀ ਪੁਸਤਕ ਜੋ ਪ੍ਰਿੰ. ਪ੍ਰੇਮ ਸਿੰਘ ਬਜਾਜ ਹੋਰਾਂ ਸੰਪਾਦਿਤ ਕੀਤੀ ਹੈ, ਉਸ ਵਿਚ ਭਕਨਾ ਸਾਹਿਬ ਦੇ ਜੀਵਨ

ਵਿਚ, ਠਾਕਰ ਜੀ ਦਾ ਆਗਮਨ, ਕਿਵੇਂ ਇਕ ਯੁਗਾਂਤਕਾਰੀ ਮੋੜ ਸਿੱਧ ਹੋਇਆ, ਇਸਨੂੰ ਸਵਿਸਥਾਰ ਪੜ੍ਹਿਆ ਜਾ ਸਕਦਾ ਹੈ। ਭਕਨਾ ਸਾਹਿਬ ਕੁਝ ਇਸ ਤਰ੍ਹਾਂ ਦੇ ਸ਼ਬਦਾਂ ਵਿਚ ਬਾਬਾ ਜੀ ਨਾਲ ਆਪਣੇ ਮੇਲ ਬਾਰੇ ਲਿਖਦੇ ਹਨ ਕਿ ਜਿਹੋ ਜਿਹੀ ਖਾਣ ਪੀਣ ਵਾਲੇ, ਵਿਗੜੇ ਮੁੰਡਿਆਂ ਦੀ ਸੰਗਤ ਵਿਚ ਖੁੱਲ੍ਹੀ ਮਾਲਕੀ ਵਾਲੇ ਜੱਟਾਂ ਦੇ ਇਕਲੌਤੇ ਪੁੱਤਰ ਅਕਸਰ ਫਸ ਜਾਂਦੇ ਹਨ, ਮੈਂ ਉਸ ਭੈੜੀ ਸੋਹਬਤ ਵਿਚ ਪੈ ਕੇ, ਬੜੀ ਤੇਜੀ ਨਾਲ ਰਸਾਤਲ ਵੱਲ ਜਾ ਰਿਹਾ ਸਾਂ। ਮੇਰੀ ਮਾਤਾ ਨੇ ਜਿਵੇਂ ਕਿਵੇਂ ਬਾਬਾ ਜੀ ਨੂੰ ਮੇਰੇ ਬਾਰੇ ਬਿਨੈ ਕੀਤੀ। ਤੇ ਉਹ ਲਿਖਦੇ ਹਨ ਕਿ ਜੇ ਕਿਤੇ ਬਾਬਾ ਜੀ ਮੈਨੂੰ ਨਾ ਮਿਲਦੇ ਤਾਂ ਮੇਰਾ ਜੀਵਨ ਉਸ ਭੂੰਡੀ ਵਾਂਗਰ ਕਦੇ ਦਾ ਖ਼ਤਮ ਹੋ ਜਾਣਾ ਸੀ ਜਿਹੜੀ ਗੋਹੇ ਦੇ ਵਿਚ ਹੁੰਦੀ ਹੈ ਤੇ ਜਿਵੇਂ ਜਿਵੇਂ ਗੋਹਾ ਸੁੱਕਦਾ ਹੈ ਉਹ ਵੀ ਨਾਲ ਹੀ ਸੁੱਕ ਜਾਂਦੀ ਹੈ। ਆਪ ਨੇ ਬਾਬਾ ਜੀ ਨੂੰ ਧਰਮ ਨਿਰਪੱਖ, ਅਫਿਰਕੂ, ਛੂਆ ਛੂਤ ਦੇ ਵਿਰੋਧੀ, ਜਮਹੂਰੀ ਵਿਚਾਰਾਂ ਦੇ ਧਾਰਨੀ ਅਤੇ ਹਰ ਤਰ੍ਹਾਂ ਦੀਆਂ ਮਜ਼੍ਹਬੀ ਵਲਗਣਾਂ ਤੋਂ ਉਪਰ ਉਠਕੇ, ਮਨੁੱਖ ਮਾਤਰ ਦਾ ਭਲਾ ਲੋਚਣ ਵਾਲੇ ਮਹਾਂਪੁਰਖ ਕਿਹਾ ਹੈ। ਉਹਨਾਂ ਦਾ ਜਨਮ ੧੮੭੦ ਈ. ਦਾ ਹੈ। ਉਹ ੧੮੯੬ ਈ. ਵਿਚ ਬਾਬਾ ਕੇਸਰ ਜੀ ਦੀ ਸੰਗਤ ਵਿਚ ਆਏ ਸਨ। ਕੋਈ ਦਸ ਸਾਲ, ਅਮਰੀਕਾ ਜਾਣ ਤੱਕ, ਉਹ ਬਾਬਾ ਜੀ ਦੀ ਸੰਗਤ ਵਿਚ ਵੀ ਰਹੇ ਅਤੇ ਇਸ ਦੌਰਾਨ ਕੋਈ ੨੦ ਵੇਰ ਗੁਰੂ ਹਰੀ ਸਿੰਘ ਜੀ ਦੇ ਦਰਸ਼ਨਾਂ ਦਾ ਸਬੱਬ ਵੀ ਉਹਨਾਂ ਦਾ ਬਣਿਆ। ਅੰਤਿਮ ਦਰਸ਼ਨਾਂ ਸਮੇਂ ਉਹ ਬਾਬਾ ਕੇਸਰ ਜੀ ਦੀ ਹਦਾਇਤ ਤੇ ਹੀ ਭੈਣੀ ਸਾਹਿਬ, ਉਹਨਾਂ ਦੇ ਨੇਤਰਾਂ ਦੀ ਤਕਲੀਫ ਦਾ ਪਤਾ ਕਰਨ ਗਏ ਸਨ।[13]

ਬਾਬਾ ਕੇਸਰ ਜੀ ਦੀ ਸੰਗਤ ਨਾਲ ਭਕਨਾ ਸਾਹਿਬ ਬਹੁਤ ਸੁਧਰ ਗਏ। ਕੁਝ ਕਸਰ ਰਹਿ ਗਈ ਸੀ। ਸੋ ਆਪ ਦੀ ਮਾਤਾ ਨੇ ਬਾਬਾ ਜੀ ਨੂੰ ਅਰਜ ਕੀਤੀ "ਕਾਫੀ ਕਿਰਪਾ ਤੁਸੀਂ ਕਰ ਦਿੱਤੀ ਹੈ। ਹੁਣ ਜੇ ਸੋਹਣ ਸਿੰਘ, ਪੱਟੀ ਦੀ ਇਕ ਕੋਠੇ ਵਾਲੀ ਪਾਸ, ਜਾਣੋਂ ਵੀ ਜੇ ਹਟ ਜਾਏ ਤਾਂ ਬੜੀ ਕਿਰਪਾ ਹੋਏਗੀ।" ਚੰਗਾ ਪੁੱਤ ਮੈਂ ਵੇਖਾਂਗਾ। ਤੇ ਬਾਬਾ ਕੇਸਰ ਜੀ ਪੱਟੀ ਦੀ ਉਸ ਬੀਬੀ ਦੇ ਚੌਬਾਰੇ ਤੇ ਛਪਾ ਛਪ ਜਾ ਪੁੱਜੇ। ਬੜਾ ਆਦਰ ਭਾਅ ਕਰਕੇ ਉਸ ਬੀਬੀ ਨੇ ਹੁਕਮ ਕਰਨ ਲਈ ਕਿਹਾ "ਸੰਤਾਂ ਦਾ ਕਿਵੇਂ ਆਉਣ ਹੋਇਆ ਇਸ ਨਾਚੀਜ਼ ਦੇ ਪਾਸ।" "ਪੁੱਤਰ ਮੈਨੂੰ ਸੋਹਣਾ ਦੇ ਦੇ। ਮੈਂ ਤੈਥੋਂ ਸੋਹਣਾ ਲੈਣ ਆਇਆ ਹਾਂ।" ਦਿੱਤਾ ਬਾਬਾ ਜੀ। ਸੰਤ ਮੁੜ ਆਏ। ਕੁਝ ਵਕਫੇ ਬਾਅਦ ਜਦੋਂ ਸੋਹਣ ਸਿੰਘ ਹੋਰੀਂ ਉਸ ਬੀਬੀ ਪਾਸ ਪੁੱਜੇ, ਉਸ ਹੱਥ ਜੋੜ ਕੇ ਕਿਹਾ ਹੁਣ ਨਹੀਂ ਸਰਦਾਰ ਜੀ। ਮੈਂ ਬਾਬੇ ਕੇਸਰ ਨੂੰ ਬਚਨ ਦੇ ਦਿੱਤਾ ਹੈ ਤੁਹਾਡੇ ਬਾਰੇ।" ਐਸੇ ਸਨ ਬਾਬਾ ਠਾਕਰ ਜੀ ਮੁਹਾਵੇ ਵਾਲੇ।

ਗ਼ਦਰ ਪਾਰਟੀ ਦੇ ਸਬੰਧ ਵਿਚ ਜਦੋਂ ਬਾਬਾ ਭਕਨਾ ਜੀ ਨੂੰ ਆਪਦੇ ਹੋਰ ਸਾਥੀਆਂ, ਕਰਤਾਰ ਸਿੰਘ ਸਰਾਭੇ ਸਮੇਤ, ਫਾਂਸੀ ਦੀ ਸਜ਼ਾ ਹੋਈ ਤਾਂ ਬਾਬਾ ਜੀ ਨੇ ਠਾਕੁਰ ਜੀ ਨੂੰ ਸੁਨੇਹਾ ਭੇਜਿਆ ਕਿ ਅੰਤਿਮ ਸਮਾਂ ਨੇੜੇ ਆ ਰਿਹਾ ਹੈ, ਦਰਸ਼ਨ ਦੇ ਜਾਉ। ਆਪਣੀ ਰਜ਼ਾ ਵਿਚ ਵਿਚਰਨ ਵਾਲੇ ਮਹਾਂਪੁਰਖਾਂ ਨੇ, ਆਪ ਜਾਣ ਦੀ ਬਜਾਏ ਆਪਣੇ ਪੁੱਤਰ

ਬੇਲਾ ਸਿੰਘ ਤੇ ਭਾਈ ਹੀਰਾ ਸਿੰਘ ਰਾਗੀ ਮੁਹਾਵੇ ਵਾਲਿਆਂ ਨੂੰ ਕਿਹਾ: "ਪੁੱਤਰ ਜਾਓ! ਸੋਹਣੇ ਨੂੰ ਆਖ ਆਉ: "ਤੇਰੀ ਫਾਂਸੀ ਕੱਟੀ"। ਉਹਨਾਂ ਜਦੋਂ ਬਾਬਾ ਜੀ ਦਾ ਕੀਤਾ ਬਚਨ ਦੱਸਿਆ ਤਾਂ ਜਿਹਲ ਦਾ ਦਰੋਗਾ ਜੋ ਪਾਸ ਹੀ ਸੀ ਮੁਲਾਕਾਤ ਵੇਲੇ, ਹੱਸ ਕੇ ਕਹਿੰਦਾ, "ਕੱਲ੍ਹ ਤਾਂ ਇਹ ਫਾਂਸੀ ਲੱਗ ਜਾਣੇ ਹਨ।" ਪਰ ਉਹ ਬਾਬੇ ਦੇ ਬਚਨ ਦਿਲਾਸੇ ਭਰੇ ਕਰਦੇ ਮੁੜ ਆਏ।[14] ਉਂਝ ਹੀ ਸੋਹਣ ਸਿੰਘ ਭਕਨਾ ਸਾਬਤ ਕਦਮ ਰਹੇ ਸਨ। ਸੀ.ਆਈ.ਡੀ. ਵਾਲਿਆਂ ਦੇ ਲਾਲਚ ਅਤੇ ਡਰਾਵਿਆਂ ਦੇ ਭੈਅ ਤੇ ਉਹਨਾਂ ਕਾਬੂ ਪਾ ਲਿਆ ਸੀ। ਹੁਣ ਇਉਂ ਹੋਇਆ ਕਿ ਪਰਿਵੀ ਕੌਂਸਲ ਨੇ ਜਿਹਨਾਂ ਵਿਅਕਤੀਆਂ ਨੂੰ, ਕਲਕੱਤਿਉਂ, ਜਹਾਜ਼ ਉਤਰਦਿਆਂ ਹੀ ਗ੍ਰਿਫਤਾਰ ਕੀਤਾ ਸੀ, ਉਹਨਾਂ ੧੭ ਦੀ ਫਾਂਸੀ ਉਮਰ ਕੈਦ ਵਿਚ ਬਦਲ ਦਿੱਤੀ। ਸੋ ਸਰਾਭਾ ਅਤੇ ਛੇ ਹੋਰ ਯੋਧੇ ੧੬ ਨਵੰਬਰ ੧੯੧੫ ਨੂੰ ਲਾਹੌਰ ਸੈਂਟਰਲ ਜਿਹਲ ਵਿਚ ਫਾਂਸੀ ਦੇ ਕੇ ਸ਼ਹੀਦ ਕਰ ਦਿੱਤੇ ਅਤੇ ਬਾਬਾ ਭਕਨਾ ਉਮਰ ਕੈਦ ਕਰਕੇ ਕਾਲੇ ਪਾਣੀ ਭੇਜ ਦਿੱਤੇ। ਬਾਬਾ ਜੀ ਨੂੰ ਗੁਰੂ ਹਰੀ ਸਿੰਘ, ਸਤਿਗੁਰੂ ਪ੍ਰਤਾਪ ਸਿੰਘ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਨਿਕਟਤਾ ਵੀ ਮਾਨਣ ਨੂੰ ਮਿਲਦੀ ਰਹੀ ਤੇ ਉਹ ਸਤਿਗੁਰੂ ਰਾਮ ਸਿੰਘ ਜੀ ਦੀ ਚਿਤਵੀ ਆਜ਼ਾਦੀ ਤੋਂ ੧੯੪੭ ਤੋਂ ਬਾਅਦ ਮਿਲੀ ਆਜ਼ਾਦੀ ਨੂੰ ਹੇਠਾਂ ਸਮਝਦੇ ਸਨ। ਅੰਗਰੇਜ਼ ਸਰਕਾਰ ਅਤੇ ਆਜ਼ਾਦ ਭਾਰਤ ਦੀਆਂ ਸਰਕਾਰ ਦੀਆਂ ਜਿਹਲਾਂ ਦੀ, ਮਜ਼ਦੂਰ ਕਿਸਾਨ ਅੰਦੋਲਨ ਕਾਰਨ, ਅਨੇਕ ਵੇਰ ਯਾਤਰਾ ਕੀਤੀ।

ਪਹਿਲੇ ਨਾਮਧਾਰੀ ਇਤਿਹਾਸਕਾਰ ਭਾਈ ਸੰਤੋਖ ਸਿੰਘ ਬਾਹੋਵਾਲ ਦੀ ਪਹਿਲੀ ਜਿਲਦ ਵਿਚ ਤਾਂ ਆਪ ਦਾ ਜ਼ਿਕਰ ਨਹੀਂ ਮਿਲਦਾ। ਆਪ ਦਾ ਵਿਖਿਆਤ ਹੋਣਾ, ਗੁਰੂ ਹਰੀ ਸਿੰਘ ਜੀ ਦੇ ਸਮੇਂ ਵਿਚ ਹੀ ਹੈ, ਇਸ ਲਈ ਦੂਜੀ ਜਿਲਦ ਵਿਚ ਬਾਹੋਵਾਲ ਜੀ ਆਪ ਦਾ ਨੋਟਿਸ ਲੈਂਦੇ ਹਨ। ਪਰ ਉਹ ਇਹਨਾਂ ਨੂੰ ਇਕ ਮਸਤਾਨੀ ਬਿਰਤੀ ਵਾਲੇ ਸਾਧੂ ਦੇ ਤੌਰ ਤੇ ਹੀ ਚਿਤਰਦੇ ਹਨ। ਉਂਜ ਆਪ ਦੀ ਉਚ ਅਵਸਥਾ ਅਤੇ ਨਾਮਧਾਰੀ ਮੱਤ ਪ੍ਰਤੀ, ਸਮਰਪਣ ਭਾਵਨਾ ਦਾ ਗੁਰੂ ਹਰੀ ਸਿੰਘ ਜੀ ਵੀ ਸਤਕਾਰ ਕਰਦੇ ਹਨ: "ਮਹਾਵੇ ਦਾ ਕੇਸਰ ਸਿੰਘ ਕੇਸ ਕਤਰਾਏ ਹੋਏ ਰਾਮਦਾਸਪੁਰੇ ਸਾਹਿਬ ਆਇਆ। ਦਰਵੱਜੇ ਪਰ ਆਇਕੇ ਮਨ ਆਈ ਬਾਣੀ ਪੜ੍ਹਨੇ ਲੱਗਾ। ਗੁਰੂ ਜੀ ਵੀ ਆਏ। ਸਿੰਘਾਂ ਨੇ ਕੇਸਰ ਸਿੰਘ ਕੋ ਕਹਾ ਕਿ ਅੱਗੇ ਹੋਇਕੇ ਮੱਥਾ ਟੇਕੋ। ਬਾਣੀ ਬੋਲਣੋਂ ਨਾ ਹਟੇ। ਗੁਰੂ ਮਹਾਰਾਜ ਜੀ ਬਚਨ ਕੀਤਾ, ਤੁਸੀਂ ਗ੍ਰੰਥ ਸਾਹਿਬ ਦੀ ਬਾਣੀ ਪੜ੍ਹੋ ਹੋਰ ਨਾ ਰੌਲਾ ਪਾਓ। ਹੋਰ ਰੌਲਾ ਪੌਣਾ ਹੈ ਤਾਂ ਚਲੇ ਜਾਉ। ਕੇਸਰ ਸਿੰਘ ਨੇ ਕਿਹਾ ਕਿ ਚਲੋ ਹੁਣ ਨਹੀਂ ਰਹਿਣਾ ਹੈ। ਮਿਰਗਾਂ ਵਾਂਗੂੰ ਛਾਲਾਂ ਮਾਰਦੇ ਨੱਠ ਚੱਲੇ। ਓਸ ਦੀ ਮਿਸਲ ਦੇ ਭੀ ਅਕਾਲ ਬੰਗੇ ਆਇ ਗਏ ਮਗਰ ਹੀ।

"ਪਹਿਲੇ ਤਾਂ ਸਿੰਘ ਭੇਜੇ ਫੇਰ ਬਚਨ ਕੀਤਾ ਚੱਲੋ ਮੈਂ ਆਪ ਚੱਲਦਾ ਹਾਂ, ਮਨਾਇਕੇ ਲੈ ਆਏ। ਅੱਲਾ-ਅੱਲਾ ਵੀ ਨਾਲੇ ਕਹੇ। ਲੂਣ ਨਹੀਂ ਛਕਦੇ ਹੈਂ। ਸਿਰੋਂ ਨੰਗੇ ਰਹਿੰਦੇ ਹੈਂ। ਕਛਹਿਰਾ ਭੀ ਲਾਹ ਦਿੱਤਾ। ਪਹਿਲੇ ਗ੍ਰੰਥ ਸਾਹਿਬ ਜੀ ਕੇ ਪਾਠ ਭੀ ਬਹੁਤ ਕੀਤੇ ਹੈਂ। ਬਿਚੋਂ ਹੀ ਮਸਤਾਨਾ ਸੁਭਾਉ ਹੋਇ ਗਿਆ ਹੈ। ਕਈ ਸਿੰਘ ਉਸਕੇ ਕਹਿਣੇ ਪਰ ਚੱਲਣ

ਲੱਗੇ। ਕੇਸਰ, ਕੇਸਰ, ਕੇਸਰ ਕਰਨ ਲੱਗ ਪਏ ਹੈਂ।[15] ਇਹ ਘਟਨਾ ੧੮੯੯-੧੯੦੦ ਈ. ਦੇ ਸਮੇਂ ਦੀ ਹੈ।

ਇਕ ਵੇਰ ਗੁਰੂ ਹਰੀ ਸਿੰਘ ਜੀ ਨੇ ਕਛਹਿਰਾ ਪਹਿਨਣ ਲਈ ਕਿਹਾ। ਕਹਿਣ ਲੱਗੇ "ਤੁਸੀਂ ਗੁਰੂ ਗੋਬਿੰਦ ਸਿੰਘ ਦੀ ਕਾਰ ਵਿਚ ਹੋ। ਮੈਂ ਗੁਰੂ ਨਾਨਕ ਦੀ ਕਾਰ ਵਿਚ ਹਾਂ। ਤੁਸੀਂ ਗੁਰੂ ਨਾਨਕ ਦੀ ਕਾਰ ਵਿਚ ਆ ਜਾਉ, ਮੈਂ ਗੁਰੂ ਗੋਬਿੰਦ ਸਿੰਘ ਜੀ ਦੀ ਕਾਰ ਵਿਚ ਆ ਜਾਵਾਂਗਾ।" ਗੁਰੂ ਹਰੀ ਸਿੰਘ ਜੀ ਦੇ ਹੁਕਮ ਤੇ ਮਾਤਾ ਜਿਊਣ ਕੌਰ ਜੀ, ਦੋ ਨਵੇਂ ਕਛਹਿਰੇ ਲੈ ਆਏ। ਬਾਬਾ ਜੀ ਕਹਿੰਦੇ "ਮੈਂ ਤੇ ਤੁਹਾਡੇ ਵਾਲਾ ਕਛਹਿਰਾ ਪਾਵਾਂਗਾ। ਤੁਸੀਂ ਧੋਤੀ ਬੰਨ੍ਹ ਲਉ," ਗੁਰੂ ਹਰੀ ਸਿੰਘ ਜੀ ਨੇ ਧੋਤੀ ਬੰਨ੍ਹ ਕੇ ਆਪਣਾ ਕਛਹਿਰਾ ਲਾਹ ਕੇ ਕਿਹਾ "ਲਉ ਬਾਬਾ ਜੀ ਪਹਿਰੋ।" ਬਾਬਾ ਜੀ ਉਹ ਕਛਹਿਰਾ ਚੁੱਕ ਕੇ ਕਹਿੰਦੇ "ਜਤੀ ਸਤੀ ਦੀ ਕੱਛ ਮੈਂ ਕਿਵੇਂ ਪਾ ਸਕਦਾ ਹਾਂ। ਮੈਂ ਇਸ ਨੂੰ ਧੂਪ ਦੀਪ ਦਿਆ ਕਰਾਂਗਾ।" ਕਛਹਿਰਾ ਚੁੱਕ ਕੇ ਰਾਮ ਰਾਮ ਕਰਦੇ ਨੱਸ ਗਏ। ਸਿੱਖਾਂ ਕਿੰਤੂ ਪ੍ਰੰਤੂ ਕੀਤਾ। ਗੁਰੂ ਹਰੀ ਸਿੰਘ ਜੀ ਕਿਹਾ "ਸਿੱਖੋ ਪ੍ਰੇਮ ਅੱਗੇ ਨੇਮ ਨਹੀਂ। ਅਸੀਂ ਕੇਸਰ ਦਾ ਬਚਨ ਨਹੀਂ ਸੀ ਮੋੜਨਾ। ਹੁਣ ਤੁਸੀਂ ਆਪਣੀ ਮਰਿਆਦਾ ਵਰਤ ਲਉ। ਤਨਖਾਹ ਸ੍ਵਰੂਪ, ਇੱਕ ਸੌ ਰੁਪੈ ਦਾ ਕੜਾਹ ਪ੍ਰਸ਼ਾਦ ਕਰਵਾ ਕੇ ਗੁਰੂ ਜੀ ਨੇ ਕਛਹਿਰਾ ਪਹਿਨ ਲਿਆ।[16]

੧੯੯੦ ਈ. ਦੀ ਸ੍ਰੀ ਅੰਮ੍ਰਿਤਸਰ ਦੀ ਦੀਪਮਾਲਾ ਦੇ ਮੇਲੇ ਬਾਦ ਗੁਰੂ ਹਰੀ ਸਿੰਘ ਜੀ ਮੁਹਾਵੇ ਗਏ। ਜਿਥੇ ਬਾਬਾ ਕੇਸਰ ਜੀ ਦੇ ਬਹੁਤ ਸਾਰੇ ਸਿੰਘ ਕੇਸਰ ਕੇਸਰ ਕਰਦੇ ਘੁੰਮ ਰਹੇ ਸਨ।[17] ਇਹ ਪਿੰਡ ਨਾਮਧਾਰੀਆਂ ਦਾ ਗੜ੍ਹ ਬਣ ਗਿਆ ਸੀ। ਅੱਜ ਵੀ ਵਿਆਪਕ ਨਾਮਧਾਰੀ ਪ੍ਰਭਾਵ, ਇਸ ਨਗਰ ਅਤੇ ਆਸ ਪਾਸ ਦੇ ਨਗਰਾਂ ਤੇ ਪਰਤੱਖ ਵੇਖਿਆ ਜਾ ਸਕਦਾ ਹੈ, ਬਾਬਾ ਜੀ ਦੇ ਜਾਣ ਤੋਂ ਤਕਰੀਬਨ ਸਦੀ ਬਾਅਦ ਵੀ। ਇਹ ਉਹਨਾਂ ਦੀ ਉਚੀ ਕਰਨੀ, ਸੁੱਚੀ ਰਹਿਣੀ ਬਹਿਣੀ ਤੇ ਜਨ ਕਲਿਆਣਕਾਰੀ, ਸਾਂਝੀਵਾਲਤਾ ਦੀ ਸਮਤਾ ਮੂਲਕ ਸਿੱਖਿਆ ਸਦਕਾ ਹੈ। ਬਾਬਾ ਜੀ ਦੀ ਮਸਤਾਨੀ ਬਿਰਤੀ ਤੇ ਸਾਦਾ ਜੀਵਨ ਜਾਚ ਦਾ ਵੇਰਵਾ, ਬਾਹੋਵਾਲ ਜੀ ਇਉਂ ਦਰਜ ਕਰਦੇ ਹਨ "ਮਹਾਵੇ ਵਾਲੇ ਕੇਸਰ ਸਿੰਘ ਮਸਤਾਨੇ ਨੇ ਲੂਣ ਛੱਡਿਆ ਨਾਲੇ ਜੋ ਉਸਦੀ ਮਿਸਾਲ ਕੇ ਹੈਂ ਸੋ ਤਿਨਾਂ ਭੀ ਰਾਰਾ ਅੱਖਰ ਜਪੀ ਜਾਣਾ। ਸਿੰਘ ਸੁਣਕੇ ਕਹਿੰਦੇ ਹੈ ਚੁਅੱਖਰਾ ਜਾਪ ਛੱਡਕੇ ਇਕ ਅੱਖਰ ਜਪਦੇ ਹਨ। ਕਛਹਿਰੇ ਲਾਹ ਦੇਣੇ ਕਦੀ ਪਾਇ ਲੈਣੇ। ਜੇ ਕੋਈ ਗਾਲ੍ਹ ਕੱਢੇ ਜਾਂ ਨਿਆਦਰੀ ਕਰੇ ਉਸਦੇ ਘਰ ਜਾਣਾ। ਸ਼ੁਭ ਕਰਮ ਦ੍ਰਿੜ੍ਹਾਉਂਦੇ ਹਨ ਤੇ ਮਾੜੇ ਕਰਮ ਹਟਾਉਂਦੇ ਹਨ। ਦੁਖੀ ਨਹੀਂ ਕਿਸੇ ਨੂੰ ਕਰਨਾ। ਜੇ ਕੋਈ ਮੰਦਾ ਫਿਕਾ ਬੋਲੇ ਤਾਂ ਉਸਨੂੰ ਮਿੱਠਾ ਬੋਲਣਾ। ਕਹਿਣਾ ਏਧੇ ਕੀ ਅਖਤਿਆਰ ਹੈ।"[18] ੧੯੦੫ ਈ. ਵਿਚ ਰੱਤੇ ਚੋਏ, (ਲਾਇਲਪੁਰ) ਗੁਰੂ ਹਰੀ ਸਿੰਘ ਜੀ ਦੇ ਦੌਰੇ ਸਮੇਂ ਬਾਬਾ ਜੀ ਦੇ ਮਸਤ ਬਿਰਤੀ ਵਿਚ ਜਾਣਾ ਵੀ ਬਾਹੋਵਾਲ ਜੀ ਲਿਖਦੇ ਹਨ ਅਤੇ ਇਸਤੋਂ ਪਹਿਲਾਂ ੧੯੦੪ ਈ. ਦੀ ਵੈਸਾਖੀ ਅੰਮ੍ਰਿਤਸਰ ਦੇ ਮੇਲੇ ਤੋਂ ਪਹਿਲਾਂ, ਕੇਸਰ ਕਿੱਲੀ ਮਿਲਿਆ। "ਗੁਰੂ ਮਹਾਰਾਜ ਜੀ ਆਦਰ ਕੀਤਾ।" ਵਸਾਖੀ ਦੇ ਇਸ ਮੇਲੇ ਤੋਂ ਬਾਅਦ ਜਦੋਂ ਅੰਮ੍ਰਿਤਸਰ ਬੇਅੰਤ ਸੰਗਤ ਆਈ "ਕੇਸਰ ਕਿੱਲੀ ਦਾ ਸੇਵਕ ਸੋਹਣ ਸਿੰਘ ਗੁਰੂ ਜੀ ਕੋ ਭਕਨੇ ਲੈ ਗਿਆ।"[19] ਇਹ ਉਹ ਸਮਾਂ ਸੀ

ਜਦੋਂ ਬਾਬਾ ਜੀ ਦੇ ਪ੍ਰਭਾਵ ਹੇਠ ਆਏ ਭਕਨਾ ਜੀ ਨੇ ਜ਼ਮੀਨ ਗਹਿਣੇ ਪਾ ਕੇ ਵੀ ਨਾਮਧਾਰੀ ਸੰਗਤਾਂ ਦੇ ਕਈ ਸਮਾਗਮ ਆਪਣੇ ਪਿੰਡ ਵਿਚ ਕਰਵਾਏ ਸਨ।

ਅਟਾਰੀ ਤੋਂ ਚੁਗਾਵੇਂ ਨੂੰ ਜਾਣ ਵਾਲੀ ਸੜਕ ਤੇ, ਨਹਿਰ ਦੇ ਪੁਲ ਕੋਲ ਇਕ ਪਿੰਡ ਹੈ ਬਹਿੜਵਾਲ। ਇਸ ਨਹਿਰ ਦੇ ਕੰਢੇ ਤੇ, ਉਸ ਸਮੇਂ ਇਕ ਆਸਰਾਪੁਰ ਨਾਂਅ ਦਾ ਈਸਾਈ ਮਿਸ਼ਨ ਸੀ, ਜਿਸ ਦਾ ਇੰਚਾਰਜ ਮਿਸਟਰ ਵਧਾਵਾ ਮੱਲ ਸੀ। ਉਹ ਨਾਮਧਾਰੀ ਸਾਧੂਆਂ ਦਾ ਵੀ ਪ੍ਰੇਮੀ ਅਤੇ ਸਤਸੰਗੀ ਸੀ। ਹਰ ਸਾਲ ਉਸ ਦੇ ਆਸ਼ਰਮ ਤੇ 'ਪ੍ਰੇਮ ਸੰਗਤ" ਦੇ ਨਾਂਅ ਹੇਠ ਇਕ ਮੇਲਾ ਹੁੰਦਾ ਸੀ। ਉਸ ਦੇ ਮੇਲੇ ਦੀ ਵੀ ਠਾਕੁਰ ਜੀ ਰੌਣਕ ਬਣਦੇ। ਉਹ ਠਾਕਰ ਜੀ ਨੂੰ ਮਸੀਹ ਦਾ ਰੂਪ ਹੀ ਸਮਝਦੇ ਸਨ। ਬਾਬਾ ਜੀ ਦੇ ਆਸ਼ਰਮ ਵਿਚ ਜਾਂਦਿਆਂ ਹੀ ਸ਼ੋਰ ਮਚ ਜਾਂਦਾ "ਯਿਸੂ ਮਸੀਹ ਆ ਰਿਹਾ ਹੈ, ਯਿਸੂ ਮਸੀਹ ਆ ਰਿਹਾ ਹੈ।" ਇਸੇ ਤਰ੍ਹਾਂ ਤਰਨ ਤਾਰਨ ਦੇ ਇਸਾਈ ਮਿਸ਼ਨ ਦਾ ਪਾਦਰੀ ਵੀ ਆਪ ਦਾ ਈਸਾ ਮਸੀਹ ਦੇ ਰੂਪ ਵਿਚ ਪਰਿਵਾਰ ਸਮੇਤ ਵੱਡਾ ਅਦਬ ਕਰਦਾ। ਉਹਨਾਂ ਦੀ ਭਾਵਨਾ ਅਨੁਸਾਰ ਸੰਤਾਂ ਦੇ ਬੋਲੇ ਹੁੰਦੇ "ਕੇਸਰ ਵਿਚ ਈਸਾ। ਈਸੇ ਵਿਚ ਕੇਸਰ। "ਮੈਂ ਖ਼ੁਦ ਈਸਾ-ਮੈਂ ਖ਼ੁਦ ਈਸਾ।" ਸੰਤ ਇੰਦਰ ਸਿੰਘ ਸਮਸਾ (ਸਿਆਲਕੋਟ) ਵੀ ਠਾਕਰ ਜੀ ਨਾਲ ਕਈ ਵੇਰ ਤਰਨ ਤਾਰਨ, ਮਿਸ਼ਨ ਵਿਚ ਜਾਂਦਾ। ਇਕ ਵੇਰ ਮਿਸ਼ਨ ਦੀਆਂ ਕੁਝ ਲੜਕੀਆਂ, ਇੰਦਰ ਸਿੰਘ ਦੇ ਸਿਰ ਵਿਚ, ਤੇਲ ਝੱਸ ਰਹੀਆਂ ਸਨ। ਸੰਤਾਂ ਨੇ ਬੋਲਾ ਕੀਤਾ "ਵੇਖੀ ਤੇਲ ਝਸਾਉਂਦੇ ਨੂੰ ਕਿਤੇ ਬਿਜਲੀ ਨਾ ਪੈ ਜਾਏ।" ਇਕ ਵੇਰ ਤੇ ਉਸ ਠਾਕਰਾਂ ਨੂੰ ਬਚਨ ਮੋੜਨ ਲਈ ਕਿਹਾ। ਆਪ ਨੇ ਕਿਹਾ ਤੂੰ ਵੀ ਮੁੜਿਆ ਰਹੀਂ। ਪਰ ਉਹ ਨਾਂ ਮੁੜਿਆ। ਇਕ ਮਿਸ ਬਦਲੇ, ਇਸਾਈ ਹੋ ਗਿਆ। ਬਾਬਾ ਜੀ ਗਏ। ਦੋ ਡਾਂਗਾਂ ਉਹਦੇ ਮੌਰਾਂ ਵਿਚ ਜੜੀਆਂ ਤੇ ਆਪਣੇ ਸੇਵਕ ਨੂੰ ਕਹਿਕੇ, ਉਸ ਮੋਹ ਜਾਲ ਵਿਚੋਂ ਬਾਹਰ ਕੱਢ ਲਿਆਏ। ਉਸ ਵੀ ਸਭ ਕੁਝ ਛੱਡਣ ਵਿਚ ਦੇਰ ਨਾਂ ਲਾਈ।

ਠਾਕਰ ਜੀ ਮਾਇਆ ਦੇ ਬੜੇ ਤਿਆਗੀ ਸਨ। ਮਾਇਆ ਨੂੰ ਖ਼ੁਦ ਹੱਥ ਨਹੀਂ ਸਨ ਲਾਉਂਦੇ। ਜੋ ਕਿਸੇ ਸਿੰਘ ਨੇ ਭੇਟਾ ਕਰਨਾ ਆਪਣੇ ਸੇਵਕ ਈਸਰ ਸਿੰਘ ਬਰਾੜ ਵਾਲੇ ਦੇ ਪੱਲੇ ਬੰਨ੍ਹਾਂ ਦੇਣਾ। ਜਿੱਥੇ ਸਤਿਗੁਰੂ ਰਾਮ ਸਿੰਘ ਦਾ ਲੋਹ ਲੰਗਰ ਚੱਲਦਾ ਹੋਣਾ, ਉਸ ਵਿਚ ਉਹ ਭੇਟਾ ਪੁਚਾ ਦੇਣੀ। ਮਾਤਾ ਜਿਊਣ ਕੌਰ ਜੀ ਦੁਆਰਾ, ਭੈਣੀ ਸਾਹਿਬ ਲੰਗਰ ਦੀ ਸੇਵਾ ਸਫਲਤਾ ਪੂਰਵਰਕ ਨਿਬਾਹੇ ਜਾਣ ਤੇ ਬੜੀਆਂ ਖੁਸ਼ੀਆਂ, ਉਹਨਾਂ ਨੂੰ ਬਖਸ਼ਦੇ। ਕਹਿਣਾ "ਖੁੱਲ੍ਹੇ ਹੱਥ ਵਰਤਾਈ ਚੱਲ ਸਤਿਗੁਰੂ ਰਾਮ ਸਿੰਘ ਦੇ ਲੰਗਰ ਵਿਚ ਤੋਟ ਨਹੀਂ ਆਏਗੀ।"[22]

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਸਰਬਰਾਹ, ਸ੍ਰ. ਰੂੜ ਸਿੰਘ ਨੌਸ਼ਹਿਰੇ ਨੰਗਲੀ ਵਾਲੇ ਦੇ ਘਰ, ਬਿਰਧ ਅਵਸਥਾ ਵਿਚ ਠਾਕਰ ਜੀ ਦੇ ਬਚਨ ਨਾਲ ਬੂਟਾ ਸਿੰਘ ਨਾਮੇ ਪੁੱਤਰ ਜਨਮਿਆ ਸੀ। (ਉਦੋਂ ਅਜੇ ਉਸਨੇ ਜਨਰਲ ਡਾਇਰ ਨੂੰ ਸਰੋਪਾ ਦੇਣ ਵਾਲੀ ਕਰਤੂਤ ਨਹੀਂ ਸੀ ਕੀਤੀ)। ਠਾਕੁਰ ਜੀ ਨੇ ਕਈ ਵੇਰ ਰੂੜ ਸਿੰਘ ਜੋ ਆਨਰੇਰੀ ਮੈਜਿਸਟਰੇਟ ਵੀ ਸੀ, ਉਸ ਦੀ ਕਚਿਹਰੀ ਵਿਚ ਜਾਣਾ ਤੇ ਕਹਿਣਾ "ਪੁੱਤ ਰੂੜੀ! ਐਤਕੀਂ ਦੀ ਮੱਸਿਆ ਤੈਨੂੰ ਦਿੱਤੀ।" ਉਸ ਨੇ ਕਹਿਣਾ ਹੁਕਮ ਕਰੋ। ਠਾਕਰ ਜੀ ਨੇ ਕਹਿਣਾ, "ਦੋ

ਪੌਂਡ ਮੇਜ ਤੇ ਸੱਜੇ ਹੱਥ ਨਾਲ ਰਖਵਾ ਦੇ। ਪੰਜ ਬੋਰੀਆਂ ਮੈਦੇ (ਆਟੇ) ਦੀਆਂ ਐਥੇ ਰੱਖਵਾ ਦੇ। ਇਕ ਪੀਪਾ ਘਿਉ ਦਾ ਐਥੇ ਮੰਗਵਾ ਦੇ।" ਸਰਦਾਰ ਨੇ ਹੁਕਮ ਅਨੁਸਾਰ ਨੌਕਰਾਂ ਤੋਂ ਸਾਰਾ ਸਮਾਨ ਅੰਮ੍ਰਿਤਸਰ ਦੀ ਨਾਮਧਾਰੀ ਧਰਮਸ਼ਾਲਾ ਵਿਚ ਪੁਚਾ ਦੇਣਾ। ਠਾਕੁਰ ਜੀ ਨੇ ਉਥੇ ਜਾ ਕੇ ਮਹੰਤ ਭਾਈ ਜਿਊਣ ਸਿੰਘ ਹੋਰਾਂ ਨੂੰ ਕਹਿਣਾ, "ਲੈ ਪੁੱਤ ਜਿਊਣਿਆ! ਭਾਦਰੋਂ ਦੀ ਮੱਸਿਆ ਐਤਕੀਂ ਰੂੜੀ ਨੂੰ ਦੇ ਆਏ ਹਾਂ। ਪੁੱਤ ਮੱਸਿਆ ਸਾਂਭ ਲੈ।" ਇਵੇਂ ਰਾਜਾ ਸਾਂਸੀ ਦੇ ਸ੍ਰ. ਰਘਬੀਰ ਸਿੰਘ ਤੇ ਹੋਰ ਵੀ ਅਨੇਕ ਆਪ ਦੀ ਸੰਗਤ ਦੀ ਸੇਵਾ ਲਈ ਤਤਪਰ ਰਹਿੰਦੇ।[23]

ਮਿਸਟਰ ਕਿੰਗ ਅੰਮ੍ਰਿਤਸਰ ਦਾ ਡਿਪਟੀ ਕਮਿਸ਼ਨਰ ਸੀ। ਉਸਨੇ ਜ਼ਿਲ੍ਹੇ ਦੇ ਸਮੂਹ ਡੇਰੇਦਾਰਾਂ, ਸਾਧੂ ਸੰਤਾਂ ਅਤੇ ਮਹੱਤਵਪੂਰਨ ਵਿਅਕਤੀਆਂ ਨੂੰ, ਮਿਲਨ ਲਈ ਸੁਨੇਹੇ ਭੇਜੇ। ਠਾਕਰ ਜੀ ਪਾਸ ਸੰਦੇਸ਼ ਵਾਹਕ ਆਇਆ ਕਿ ਸਾਹਿਬ ਮਿਲਣਾ ਚਾਹੁੰਦਾ ਹੈ। ਬੇਪਰਵਾਹ ਬਾਬੇ ਨੇ ਜੁਆਬ ਦਿੱਤਾ ਕਿ ਸਾਨੂੰ ਤਾਂ ਤੇਰੇ ਸਾਹਿਬ ਗੋਚਰੀ ਕੋਈ ਗਰਜ਼ ਨਹੀਂ। ਜਦੋਂ ਮਿਥੀਆਂ ਮੁਲਾਕਾਤਾਂ ਖ਼ਤਮ ਹੋਈਆਂ ਤਾਂ ਡੀ.ਸੀ. ਨੂੰ ਪਤਾ ਲੱਗਾ ਕਿ ਬਾਬਾ ਕੇਸਰ ਜੀ ਨਹੀਂ ਆਉਣਗੇ। ਬਾਬਾ ਸੋਹਣ ਸਿੰਘ ਭਕਨਾ ਦੀ ਲਿਖਤ ਮੁਤਾਬਿਕ, ਡੀ.ਸੀ. ਖੁਦ ਬਾਬਾ ਜੀ ਦੇ ਡੇਰੇ ਮੁਹਾਵੇ ਪੁੱਜਾ। ਆਦਰ ਸਹਿਤ ਮਿਲਿਆ। ਬਾਬਾ ਜੀ ਸਿਆਲੀ ਮੌਸਮ ਹੋਣ ਕਾਰਨ, ਸੰਗਤ ਵਿਚ ਘਿਰੇ ਬੈਠੇ ਸਨ ਅਤੇ ਧੁੱਪ ਇਸ਼ਨਾਨ ਕਰ ਰਹੇ ਸਨ। ਡੀ.ਸੀ. ਨੇ ਹਾਲ ਚਾਲ ਜਾਨਣ ਬਾਅਦ ਕਿਹਾ, "ਬਾਬਾ ਜੀ ਤੁਹਾਡੇ ਕਿੰਨੇ ਚੇਲੇ ਹਨ" ਕੋਈ ਵੀ ਨਹੀਂ ਬਾਬਾ ਜੀ ਨੇ ਜੁਆਬ ਦਿੱਤਾ, "ਅਸੀਂ ਚੇਲੇ ਬਨਾਉਣ ਵਿਚ ਵਿਸ਼ਵਾਸ ਨਹੀਂ ਰੱਖਦੇ।" ਆਪ ਦੇ ਪਾਸ ਬੈਠੀ ਸੰਗਤ ਵੱਲ ਇਸ਼ਾਰਾ ਕਰਕੇ ਡੀ.ਸੀ. ਨੇ ਪੁੱਛਿਆ। "ਇਹ ਫਿਰ ਕੌਣ ਹਨ ? "ਇਹ ਸਾਡੇ ਸੰਗੀ ਸਾਥੀ ਨੇ" ਜਮਹੂਰੀ ਕਦਰਾਂ ਕੀਮਤਾਂ ਦੇ ਅਨੁਰੂਪ ਉਤਰ ਸੁਣ ਕੇ ਮਿ. ਕਿੰਗ ਦੀਆਂ ਨਜ਼ਰਾਂ ਵਿਚ ਬਾਬਾ ਜੀ ਹੋਰ ਵੀ ਉਚੇਰੇ ਉਠ ਗਏ। ਫਿਰ ਉਹਨੇ ਲੰਗਰ ਵਾਸਤੇ ਜਗੀਰ ਦੇਣ ਦੀ ਪੇਸ਼ਕਸ਼ ਕੀਤੀ। ਆਲਿਮ ਜੀ ਦੇ ਸ਼ਬਦਾਂ ਵਿਚ "ਠਾਕੁਰ ਜੀ ਨੇ ਕਿਹਾ ਸਾਰੀ ਧਰਤੀ ਦਾ ਮਾਲਕ ਫਕੀਰ ਹੈ। ਤੁਸੀਂ ਤਾਂ ਅੱਗੇ ਹੀ ਲੁਟੇਰੇ ਹੋ। ਅਸਾਂ ਤੁਹਾਡੇ ਕੋਲੋਂ ਕੀ ਲੈਣਾ ਹੈ। ਫਰੰਗੀਆ! ਅਸੀਂ ਖ਼ੁਦ ਮਾਲਕ ਹਾਂ। ਅਰਸ਼ ਫਰਸ਼ ਸਾਡੇ ਹੁਕਮ ਵਿਚ ਹਨ। ਜਦੋਂ ਡਿਪਟੀ ਕਮਿਸ਼ਨਰ ਨੇ ਦੁਬਾਰਾ ਸੇਵਾ ਵਾਸਤੇ ਬੇਨਤੀ ਕੀਤੀ ਤਾਂ ਬਾਬੇ ਨੇ ਕਿਹਾ "ਚੰਗਾ ਫਿਰ ਕਚੈਹਰੀਆਂ ਵਿਚੋਂ ਝੂਠ ਤੇ ਰਿਸ਼ਵਤ ਬੰਦ ਕਰਦੇ।" ਸਾਹਿਬ ਨੇ ਕਿਹਾ 'ਬਾਬਾ ਜੀ ਯੇਹ ਹਮਾਰੇ ਇਖਤਯਾਰ ਕੀ ਬਾਤ ਨਹੀਂ ਹੈ।" ਤਾਂ ਬਾਬਾ ਜੀ ਨੇ ਬੇਪ੍ਰਵਾਹੀ ਨਾਲ ਕਿਹਾ, 'ਜੇ ਨਹੀਂ ਤੇ ਜਾਉ।' ਸਾਹਿਬ ਸਲਾਮ ਕਰਕੇ ਟੁਰ ਗਿਆ।"[24]

੧੯੧੪ ਈ. ਦੇ ਅੱਸੂ ਮਹੀਨੇ (੧੯੭੧ ਬਿ.) ਬਾਬਾ ਜੀ ਲਾਹੌਰ ਵਿਖੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਛੋਟੇ ਭਰਾਤਾ, ਮਹਾਰਾਜ ਨਿਹਾਲ ਸਿੰਘ ਜੀ ਦੇ ਅਨੰਦ ਕਾਰਜ ਵਿਚ ਸ਼ਾਮਲ ਹੋਏ। ਇਹ ਵੇਰਵਾ ਮੇਰੇ ਪਿਤਾ, ਜਥੇਦਾਰ ਗੁਰਮੁਖ ਸਿੰਘ ਝੱਬਰ ਦੇ ਲਿਖਾਏ, ਸੰਸਮਰਣ ਵਿਚ ਦਰਜ ਹੈ। ਉਸੇ ਪੋਹ ਦੇ ਮਹੀਨੇ ਵਿਚ ਬਾਬਾ ਜੀ ਹੋਰ ਸੰਤ ਮੰਡਲੀ ਸਮੇਤ, ਗੁਰੂ ਸਰ (ਫਿਰੋਜ਼ਪੁਰ) ਵਿਖੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਆਨੰਦ

ਕਾਰਜ ਵਿਖੇ ਵੀ ਪਧਾਰੇ ਸਨ। ੨੫ ਹਾੜ ਸੰ. ੧੯੭੨ ਬਿਕਰਮੀ ਨੂੰ, ਮੁਤਾਬਿਕ ਜੁਲਾਈ ੧੯੧੫ ਵਿਚ ਬਾਬਾ ਜੀ ਦਾ ਸਰੀਰ ਸਮਸਾ (ਸਿਆਲਕੋਟ) ਵਿਖੇ ਸ਼ਾਂਤ ਹੋ ਗਿਆ।[25]

ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਉਪਦੇਸ਼ ਵਿਚ ਆਉਂਦਾ ਹੈ ਕਿ ਸੰਤ ਜਿਊਣ ਸਿੰਘ ਸਿਰਹਾਲੀ ਨੂੰ ਲਾਹੌਰ ਹੋਲੇ ਦੀ ਬੇਸੁਆਦੀ ਵਾਲੀ ਘਟਨਾ ਬਾਦ, ਉਸੇ ਵਿਸਾਖੀ ਤੇ ਅੰਮ੍ਰਿਤਸਰ ਸਾਹਿਬ ਵਿਖੇ ਬਾਬਾ ਕੇਸਰ ਸਿੰਘ ਜੀ ਨਾਲ ਲਿਆਏ ਦੀਵਾਨ ਵਿਚ ਅਤੇ ਬਖਸ਼ਬੰਦੀ ਕਰਵਾਈ।[26]

ਕਈ ਵੇਰ ਦੀਵਾਨ ਵਿਚ ਬਿਰਾਜਮਾਨ ਸਤਿਗੁਰੂ ਪ੍ਰਤਾਪ ਸਿੰਘ ਦੇ ਸਿਰ ਤੇ ਹੱਥ ਰੱਖ ਕੇ ਬਾਬਾ ਜੀ ਨੇ ਕਹਿਣਾ "ਬੱਚਾ ਰਾਜੀ ਏਂ ?" ਫਿਰ ਦੀਵਾਨ ਦਾ ਗੇੜਾ ਲਾ ਕੇ ਆ ਮੱਥਾ ਟੇਕਣਾ ਤਾਂ ਕਹਿਣਾ "ਇਸ ਕਮਲੇ ਕੇਸਰ ਦੀਆਂ ਗੱਲਾਂ ਦਾ ਗੁੱਸਾ ਨਾ ਕਰਿਉ।" ਨਾਮਧਾਰੀਆਂ ਵਿਚ ਤੇ ਆਪ ਦਾ ਰੁਤਬਾ ਬੁਲੰਦ ਹੈ ਹੀ ਸੀ ਸਧਾਰਨ ਲੋਕਾਂ ਵਿਚ ਵੀ ਸਤਿਕਾਰ ਦੇ ਪਾਤਰ ਸਨ। ਆਲਿਮ ਜੀ ਮੁਤਾਬਿਕ, ਮਾਝੇ ਦੀਆਂ ਮਾਈਆਂ, ਬੀਬੀਆਂ, ਚਰਖਾ ਕੱਤਦਿਆਂ ਆਪ ਦੇ ਦਰਸ਼ਨਾਂ ਦੀ ਯਾਚਨਾ ਕਰਦਿਆਂ ਇਹ ਸ਼ਬਦ ਪੜ੍ਹਿਆ ਕਰਦੀਆਂ ਸਨ।

"ਘਰ ਆ ਜਾ ਬਾਬਾ ਕੇਸਰਾ! ਮੈਂ ਕੇਸਰ ਕੇਸਰ ਕਰਦੀ
ਘਰ ਆ ਜਾ ਮੇਰੇ ਠਾਕਰਾ! ਮੈਂ ਠਾਕਰ ਠਾਕਰ ਕਰਦੀ।"

ਜਿਊਂਦੇ ਜੀਅ ਇਤਿਹਾਸ ਪੁਰਖ ਬਣਨ ਵਾਲੇ ਬਾਬਾ ਕੇਸਰ ਜੀ ਨਾਮਧਾਰੀ ਜਥੇਬੰਦੀ ਦੇ ਅੰਤਿਮ ਨਿਸ਼ਾਨਿਆਂ, ਸਮਤਾ-ਮੂਲਕ ਸਵਰਾਜ ਦੀ ਪ੍ਰਾਪਤੀ ਲਈ ਬੜੇ ਸੁਚੇਤ ਸਨ। ਆਪਣੇ ਤੋਂ ਵਰੋਸਾਏ ਬਾਬਾ ਸੋਹਣ ਸਿੰਘ ਭਕਨਾ ਰਾਹੀਂ, ਕੂਕਾ ਲਹਿਰ ਅਤੇ ਗ਼ਦਰ ਅੰਦੋਲਨ ਦੇ ਵਿਚਾਲੇ ਬਾਬਾ ਕੇਸਰ ਕਿਲੀ ਇਕ ਉਤਪਰੇਰਕ ਦਾ ਕੰਮ ਕਰਦਿਆਂ, ਮਹੱਤਵਪੂਰਨ ਕੜੀ ਬਣ ਜਾਂਦੇ ਹਨ। ਗ਼ਦਰ ਲਹਿਰ ਨੂੰ ਯਾਦ ਕਰਦਿਆਂ, ਬਾਬਾ ਕੇਸਰ ਜੀ ਨੂੰ ਯਾਦ ਕਰਨ ਦਾ ਪੁੰਨਲਾਹ ਵੀ ਖੱਟਣਾ ਬਣਦਾ ਹੈ।

## ਹਵਾਲੇ ਤੇ ਟਿੱਪਣੀਆਂ


1. ਸਤਿਜੁਗ ਦਾ ਬਸੰਤ ਅੰਕ, ੨੨ ਮਾਘ ੧੯੮੬ ਬਿ. ਸ੍ਰੀ ਭੈਣੀ ਸਾਹਿਬ, ਸਫਾ ੧੭੨
2. ਸਤਿਜੁਗ ਦਾ ਸੰਤ ਅੰਕ, ਸ੍ਰੀ ਭੈਣੀ ਸਾਹਿਬ, ੯ ਚੇਤਰ ਸੰਮਤ ੧੯੯੬, ਸਫਾ ੯੬-੯੮
3. ਉਹੀ - ਸਫਾ ੯੮ ਤੋਂ ੧੦੦
4. ਉਹੀ - ਸਫਾ ੧੦੧
5. ਉਹੀ - ਸਫਾ ੧੦੨
6. ਉਹੀ - ਸਫਾ ੧੦੨-੧੦੩
7. ਉਹੀ - ਸਫਾ ੧੦੩
8. ਉਹੀ - ਸਫਾ ੧੦੪

9. ਉਹੀ – ਸਫਾ ੧੦੮–੧੧੦
10. ਉਹੀ – ਸਫਾ ੧੧੫
11. ਉਹੀ – ਸਫਾ ੧੧੬
12. ਉਹੀ – ਸਫਾ ੧੧੨
13. ਸਤਿਜੁਗ ਦਾ 'ਗੁਰੂ ਹਰੀ ਸਿੰਘ ਅੰਕ' ਸ੍ਰੀ ਜੀਵਨ ਨਗਰ (ਸਿਰਸਾ) ੨੫ ਭਾਦਰੋਂ ੨੦੨੨ ਪ੍ਰੀਤਮ ਸਿੰਘ ਕਵੀ ਦਾ ਲੇਖ 'ਇਨਕਲਾਬੀ ਮਹਾਂ ਪੁਰਸ਼ ਦੇ ਚਰਨਾਂ ਵਿਚ' ਸਫਾ ੧੮–੧੯।
14. ਸਤਿਜੁਗ ਦਾ ਸੰਤ ਅੰਕ – ਸਫਾ ੧੧੬–੧੭
15. ਸਤਿਗੁਰੂ ਬਿਲਾਸ ਭਾਗ ਦੂਜਾ–ਭਾਈ ਸੰਤੋਖ ਸਿੰਘ ਬਾਹੋਵਾਲ (ਸੰ. ਜਸਵਿੰਦਰ ਸਿੰਘ), ੨੦੦੫, ਸ੍ਰੀ ਭੈਣੀ ਸਾਹਿਬ, ਸਫਾ ੨੬੫–੬੬
16. ਸੰਤ ਅੰਕ – ਸਫਾ ੧੧੨–੧੩
17. ਸਤਿਗੁਰੂ ਬਿਲਾਸ ਭਾਗ ਦੂਜਾ – ਸਫਾ ੨੭੬
18. ਉਹੀ ਸਫਾ ੩੭੪–੭੫
19. ਉਹੀ – ਸਫਾ ੩੫੧
20. ਸੰਤ ਅੰਕ – ਸਫਾ ੧੧੮
21. ਉਹੀ – ਸਫਾ ੧੧੯
22. ਉਹੀ – ਸਫਾ ੧੨੧
23. ਉਹੀ – ਸਫਾ ੧੨੦
24. ਉਹੀ – ਸਫਾ ੧੧੩–੧੧੪
25 ਉਹੀ – ਸਫਾ ੧੨੧
26. ਲਾਲ ਏਹਿ ਰਤਨ–੩, ਸੰ. ਪ੍ਰਿੰ. ਬੇਅੰਤ ਕੌਰ, ੨੦੦੨ ਈ., ਨਾਮਧਾਰੀ ਸੀਡਜ਼ ਬੰਗਲੌਰ, ਸਫਾ ੧੧੪–੧੧੫

# ਰਸਾਂ ਕਸਾਂ ਤੋਂ ਉਪਰਾਮ: ਸੰਤ ਕੇਸਰ ਸਿੰਘ ਜੀ "ਚੁੱਪ" ਸੇਖਵਾਂ ਵਾਲੇ

ਸਤਿਗੁਰੂ ਰਾਮ ਸਿੰਘ ਜੀ ਦੁਆਰਾ ਸਾਜੇ ਨਾਮਧਾਰੀ ਪੰਥ ਵਿਚ, ਉਹਨਾਂ ਸਾਧੂ ਸੰਤਾਂ ਦੀ ਕੋਈ ਕਮੀ ਨਹੀਂ ਸੀ ਜੋ ਤੁਰ ਫਿਰਕੇ ਆਪਣੇ ਪਿਆਰੇ ਦੇ ਮਿਸ਼ਨ ਦਾ ਪਰਚਾਰ ਵੀ ਕਰਦੇ ਸਨ ਅਤੇ ਇਕ ਥਾਂ ਤੇ ਡੇਰਾ ਬਣਾਕੇ, ਆਲੇ ਦੁਆਲੇ ਦੀਆਂ ਸੰਗਤਾਂ ਨੂੰ ਨਾਮ ਬਾਣੀ ਨਾਲ ਜੋੜਨ ਅਤੇ ਕੂਕਾ ਕਿਰਦਾਰ ਵਿਚ ਪਰਪੱਕ ਹੋਣ ਲਈ ਉਤਸਾਹਿਤ ਵੀ ਕਰਦੇ ਸਨ। ਇਹ ਸਾਧੂਜਨ ਅਮਲੀ ਜੀਵਨ ਵਾਲੇ ਰੰਗ ਵਿਚ ਰੰਗੇ ਹੋਏ ਸਨ। ਆਪਣੇ ਸਤਿਗੁਰੂ ਤੇ ਪੂਰਨ ਭਰੋਸੇ ਵਾਲੇ ਹਰ ਪ੍ਰਾਣੀ ਮਾਤਰ ਦੇ ਦੁੱਖ ਦਰਦ ਨੂੰ ਸਦਾ ਆਪਣਾ ਸਮਝਣ ਵਾਲੇ ਤੇ ਉਸ ਦੇ ਕਸ਼ਟ ਦੀ ਨਵਿਰਤੀ ਲਈ ਆਪਣਾ ਯੋਗਦਾਨ ਪਾਉਣ ਵਾਲੇ ਸਨ। ਉਨ੍ਹੀਂਵੀਂ ਸਦੀ ਦੇ ਆਖਰੀ ਦਹਾਕੇ ਤੋਂ ਵੀਹਵੀਂ ਦੇ ਪਹਿਲੇ ਤਿੰਨ ਦਹਾਕਿਆਂ ਤੱਕ ਨਾਮਧਾਰੀ ਪੰਥ ਦੀ "ਕੇਸਰ-ਕਿਆਰੀ" ਦੇ ਤੀਜੇ ਸੰਤ ਕੇਸਰ ਸਿੰਘ ਜੀ "ਚੁੱਪ" ਦੀ ਮਹਿਮਾ, ਸਾਰੇ ਭਾਈਚਾਰੇ ਵਿਚ ਫੈਲੀ ਹੋਈ ਸੀ। ਗੁਜਰਾਂ ਵਾਲੇ ਸ਼ਹਿਰ ਵਿਚ ਨਾਮਧਾਰੀ ਸੰਗਤ ਦੀ ਧਰਮਸ਼ਾਲਾ ਦਾ ਆਹਰ, ਬੇਸ਼ਕ ਗੁਰੂ ਹਰੀ ਸਿੰਘ ਕਾਲ ਦੇ ਆਖਰੀ ਸਮੇਂ, ਆਪ ਦੇ ਦੋ ਅਨਿੰਨ ਸਿੱਖਾਂ, ਸੰਤਾ ਸਿੰਘ ਜੀ ਘੁੱਕੇ ਵਾਲੀਏ ਤੇ ਵੀਰ ਸਿੰਘ ਜੀ ਭੋਮਾ ਵਡਾਲੀਏ ਨੇ ਕੀਤਾ ਸੀ। ਇਹ ਜਗ੍ਹਾ ਸ਼ਹਿਰ ਦੇ ਹੀ ਇਕ ਧਿਆਨ ਸਿੰਘ ਸੇਠ ਨੇ ਦਿੱਤੀ ਸੀ ਆਪਣੇ ਚਲਾਣੇ ਦੇ ਲਾਗੇ ਚਾਗੇ। ਇਸ ਜਗ੍ਹਾ ਤੇ ਪਹਿਲਾਂ ਪਹਿਲੇ ਲੰਗਰ ਪਾਣੀ ਦੀ ਸੇਵਾ ਮਾਝੇ ਦੇ ਉਪਰ ਵਰਣਿਤ ਦੋਹਾਂ ਬਾਬਿਆਂ ਨੇ, ਰੋਜ਼ਾਨਾ ਘਾਹ ਖੋਤ ਕੇ ਵੇਚ ਕੇ, ਉਸਦੀ ਰਸਦ ਖਰੀਦ ਕੇ ਸ਼ੁਰੂ ਕੀਤੀ। ਹੌਲੀ ਹੌਲੀ ਆਸ ਪਾਸ ਦੀ ਸੰਗਤ ਦਾ ਧਿਆਨ ਹੁੰਦਾ ਗਿਆ ਤਾਂ ਲੰਗਰ ਨਿਯਮਿਤ ਹੋ ਗਿਆ, ਫਿਰ ਜਦੋਂ ਕੁ ਜਹੇ ਸੰਤ ਕੇਸਰ ਸਿੰਘ ਜੀ 'ਚੁੱਪ' ਦੀ ਮਹਿਮਾ ਵਧੀ ਤਾਂ ਇਕ ਹੋਰ ਧਰਮਸ਼ਾਲਾ ਵੀ ਬਣ ਗਈ। ਪਰ ਮੁੱਖ ਧਰਮਸ਼ਾਲਾ ਪਹਿਲੀ ਹੀ ਰਹੀ ਜਿੱਥੇ ਸੰਤ ਕੇਸਰ ਸਿੰਘ ਜੀ ਚਵਿੰਡਾ ਅਤੇ ਸੰਤ ਕੇਸਰ ਸਿੰਘ ਜੀ 'ਚੁੱਪ' ਦੀਆਂ ਦੇਹਾਂ ਦੇ ਸਸਕਾਰ ਹੋਏ। ਪਹਿਲੀ ਧਰਮਸ਼ਾਲਾ ਬਾਰੇ ਵਧੇਰੇ ਜਾਣਕਾਰੀ ਜਥੇਦਾਰ ਗੁਰਮੁੱਖ ਸਿੰਘ 'ਝੱਬਰ' ਦੇ ਜੀਵਨੀ ਮੂਲਕ ਸ੍ਵੈ-ਬਿਰਤਾਂਤ ਵਿਚੋਂ ਮਿਲਦੀ ਹੈ।

"ਘਰਜਾਖ ਵਾਲੀ ਸੜਕ ਤੇ ਗੁਜਰਾਂ ਵਾਲੇ ਜਿਹੜਾ ਨਾਮਧਾਰੀਆਂ ਦਾ ਗੁਰਦੁਆਰਾ ਸੀ, ਉਹ ਬਾਬੇ ਸੰਤ ਸਿੰਘ ਵੀਰ ਸਿੰਘ ਹੋਰਾਂ ਹੀ ਅਬਾਦ ਕੀਤਾ ਸੀ। ...ਬਾਬੇ ਹੋਰਾਂ ਇਸ ਗੁਰਦੁਆਰੇ ਵਿਚ ਭੈਣੀ ਸਾਹਿਬੋਂ ਜਿਹੜੇ ਪੈਸੇ ਲਿਆਂਦੇ ਸਨ, ਉਹਨਾਂ ਨਾਲ ਜਲ ਪਾਣੀ ਆਏ ਗਏ ਸਿੱਖ ਸਾਧ ਨੂੰ ਛਕਾਉਣਾ। ਫਿਰ ਜਦ ਉਹ ਪੈਸੇ ਮੁਕ ਗਏ ਤਾਂ ਸਾਉਣ ਭਾਦਰੋਂ ਦੇ ਮਹੀਨੇ, ਘਾਹ ਦੀ ਰੱਖ ਠੇਕੇ ਤੇ ਲੈ ਲਈ। ਉਸ

ਜ਼ਮਾਨੇ ਸੇਠ ਲੋਕਾਂ ਪਾਸ ਕਾਰਾਂ ਨਹੀਂ ਹੁੰਦੀਆਂ ਸਨ। ਦੋਹਾਂ ਬਾਬਿਆਂ ਨੇ ਮੈਨੂੰ ਨਾਲ ਲੈਕੇ ਘਾਹ ਵੱਢਣ ਚਲੇ ਜਾਣਾ।ਅਸਾਂ ਤਿੰਨਾਂ ਘਾਹ ਖੋਤ ਖੋਤ ਕੇ ਪੰਡਾ ਬੰਨ੍ਹ ਲੈਣੀਆਂ। ਦੋ ਰੁਪੈ ਪੰਡ ਦੇ ਹਿਸਾਬ ਉਹ ਘਾਹ ਵਿਕ ਜਾਂਦਾ ਸੀ। ਇਹਨਾਂ ਪੈਸਿਆਂ ਨਾਲ ਲੰਗਰ ਦਾ ਖਰਚਾ ਚੱਲ ਜਾਂਦਾ ਸੀ, ਤਰੀਕਾਂ ਤੇ ਆਉਣ ਵਾਲੇ ਜਾਂ ਕਿਸੇ ਹੋਰ ਕੰਮ ਗੁਜਰਾਂ ਵਾਲੇ ਆਉਣ ਵਾਲੇ ਨਾਮਧਾਰੀ ਸਿੰਘ, ਉੱਥੋਂ ਪ੍ਰਸ਼ਾਦਾ ਪਾਣੀ ਛਕਦੇ। ਜਦੋਂ ਫਸਲ ਪੱਕ ਗਈ ਇਲਾਕੇ ਦੀ ਸੰਗਤ ਨੇ ਉਗਰਾਹੀ ਦਾਣਿਆਂ ਦੀ ਕਰਕੇ ਇੱਥੇ ਘੱਲਣੀ ਸ਼ੁਰੂ ਕਰ ਦਿਤੀ। ਇਸ ਤਰ੍ਹਾਂ ਗੁਰਦੁਆਰੇ ਦਾ ਕੰਮ ਰਿੜ ਪਿਆ ਸੀ।"[1]

ਗੁਰੂ ਹਰੀ ਸਿੰਘ ਜੀ ਦੇ ਇਹਨਾਂ ਦੂਲੇ ਸਿੱਖਾਂ ਨੇ ਇਕ ਵੇਰ, ਜੂਆ ਖੇਡ ਕੇ ਜਿੱਤੀ, ਦਸ ਹਜ਼ਾਰ ਰੁਪੈ ਦੀ ਵੱਡੀ ਰਕਮ, ਲੰਗਰ ਲਈ ਲਿਆਉਣ ਵਾਲੇ, ਸੇਠ ਧਿਆਨ ਸਿੰਘ ਨੂੰ ਮੋੜ ਕੇ, ਆਪਣੇ ਸਤਿਗੁਰੂ ਦੇ ਬਚਨਾਂ ਤੇ ਮੋਹਰ ਲਾਈ ਸੀ।[2]

ਇਹਨਾਂ ਤਪੱਸਵੀ ਤਿਆਗੀਆਂ ਦੀ ਉਸਾਰੀ ਇਸ ਧਰਮਸ਼ਾਲਾ ਵਿਚ ਹੀ ਲੰਮਾ ਸਮਾਂ ਸੰਤ ਕੇਸਰ ਸਿੰਘ ਜੀ 'ਚੁੱਪ' ਨੇ ਆਪਣਾ ਟਿਕਾਣਾ ਬਣਾਇਆ। ਆਪਣੇ ਸ਼ੁਭ ਵਿਚਾਰਾਂ, ਸਾਤਵਿਕ ਜੀਵਨ ਦੀ ਸੁਗੰਧੀ ਅਤੇ ਅੱਠੇ ਪਹਿਰ ਇੱਕੋ ਦੇ ਰੰਗ ਵਿਚ ਰੰਗੇ ਰਹਿਣ ਕਾਰਨ, ਆਪਣੇ ਪਾਸ ਆਉਂਦੀਆਂ ਸੰਗਤਾਂ ਨੂੰ ਵੀ ਇਲਾਹੀ ਰੰਗ ਵਿਚ ਰੰਗ ਕੇ, ਸਤਿਗੁਰੂ ਰਾਮ ਸਿੰਘ ਜੀ ਦੇ ਦਰ-ਘਰ ਨਾਲ ਜੋੜੀ ਰੱਖਿਆ। ਬਾਬਾ ਜੀ ਦਾ ਪਿੰਡ ਸੇਖਮ ਹੈ ਜਿਸ ਦਾ ਜ਼ਿਲ੍ਹਾ ਵਹਿਮੀ ਜੀ ਅਤੇ ਬਾਅਦ ਦੇ ਕੁਝ ਲੇਖਕਾਂ ਮਾ. ਨਿਹਾਲ ਸਿੰਘ ਜੀ ਆਦਿ ਨੇ ਸਿਆਲਕੋਟ ਲਿਖਿਆ ਹੈ। ਜਸਵਿੰਦਰ ਸਿੰਘ ਹੋਰਾਂ ਦੁਆਰਾ ਸੰਪਾਦਿਤ, ਮਹੱਤਵ ਪੂਰਨ ਕੂਕਿਆਂ ਦੀ 1881 ਈ. ਵਾਲੀ ਦਸਤਾਵੇਜ਼ੀ ਕਿਤਾਬ ਵਿਚ ਜੋ ਕੂਕਾ ਜਾਂ ਨਾਮਧਾਰੀ ਪਿੰਡਾਂ ਦੀ ਸੂਚੀ ਹੈ, ਉਸ ਵਿਚ ਸੇਖਵਾਂ ਨੂੰ ਲਾਹੌਰ ਜ਼ਿਲ੍ਹਾਂ ਦੇ ਥਾਣਾ ਮੁਰੀਦਕੇ ਦਾ ਪਿੰਡ ਦੱਸਿਆ ਹੈ[3] ਜਿਸ ਦੇ ਅਗਲ ਬਗਲ ਸ਼ੇਖੂਪੁਰਾ ਬੇਦਾਦ ਹੈ, ਜਿੱਥੇ ਸਾਂਝੇ ਅਣਵੰਡੇ ਪੰਜਾਬ ਦਾ ਆਖਰੀ ਨਾਮਧਾਰੀ ਹੋਲਾ ਮਹੱਲਾ, ਮਾਰਚ 1947 ਈ. ਵਿਚ ਹੋਇਆ ਸੀ। ਜ਼ਿਲ੍ਹਿਆਂ ਦੀਆਂ ਹੱਦਾਂ ਬਦਲਦੀਆਂ ਰਹਿੰਦੀਆਂ ਹਨ। ਬਾਅਦ ਵਿਚ ਇਹ ਪਿੰਡ ਸਿਆਲਕੋਟ ਵਿਚ ਆ ਗਿਆ ਹੋਏਗਾ। ਇਸ ਪਿੰਡ ਨੂੰ ਸੇਖਮ ਜਾਂ ਸ਼ੇਖਵਾਂ ਦੋਹਾਂ ਨਾਵਾਂ ਨਾਲ ਪੁਕਾਰਿਆ ਜਾਂਦਾ ਹੈ। ਪਿੰਡ ਸੇਖਵਾਂ ਦੀ ਭੂਗੋਲਿਕ ਸਥਿਤੀ ਨੂੰ ਹੋਰ ਸਪਸ਼ਟ ਕਰਨ ਲਈ ਜਦੋਂ ਅਸੀਂ ਸਤਿਗੁਰੂ ਬਿਲਾਸ ਭਾਗ ਦੂਜਾ ਵਿਚ ਗੁਰੂ ਹਰੀ ਸਿੰਘ ਜੀ ਦੇ ਨਾਲ 1901 ਈ. ਦੇ ਦੌਰੇ ਦਾ ਜ਼ਿਕਰ ਪੜਦੇ ਹਾਂ ਤਾਂ ਗੁਰੂ ਜੀ ਸ਼ੇਖੂਪੁਰਾ ਬੇਦਾਦ ਤੋਂ ਅੱਗੇ ਕੁਠਾਲਾ ਕਿਆਮਪੁਰ ਫਿਰ ਸੇਖਮ ਪੁੱਜਦੇ ਹਨ।[4] ਸੰਨ 1881 ਵਾਲੀ ਸੂਚੀ ਵਿਚ ਪੰਜਾਬ ਵਿਚ ਨਾਮਧਾਰੀ ਪ੍ਰਭਾਵ ਵਾਲਾ ਇਹੋ ਇੱਕੋ ਪਿੰਡ ਸੇਖਮ ਸੀ ਜੋ ਗੁਜਰਾਂਵਾਲਾ, ਸਿਆਲਕੋਟ ਅਤੇ ਲਾਹੌਰ ਜ਼ਿਲਿਆਂ ਦੇ ਤਿੱਹਦੇ ਦਾ ਪਿੰਡ ਸੀ। ਇਸੇ ਨਾਮਧਾਰੀ ਅਸਰ ਵਾਲੇ ਪਿੰਡ ਨੂੰ ਸੰਤ ਕੇਸਰ ਸਿੰਘ 'ਚੁੱਪ' ਦੀ ਜਨਮ ਭੂਮੀ ਹੋਣ ਦਾ ਮਾਣ ਮਿਲਿਆ। ਇਸ ਨੂੰ ਅਸੀਂ ਦੜਪ ਖਿੱਤੇ ਦਾ ਪਿੰਡ ਕਹਿ ਸਕਦੇ ਹਾਂ।

ਸੰਤ ਚੁੱਪ ਜੀ ਦਾ ਜਨਮ ਪਿਤਾ ਬਾਬਾ ਜੀਵਨ ਸਿੰਘ ਜੀ ਸੇਖੋਂ ਅਤੇ ਮਾਤਾ ਕਰਮ ਕੌਰ ਦੀ ਕੁੱਖ ਤੋਂ, 1845-50 ਈ. ਦੇ ਦਰਮਿਆਨ ਹੋਇਆ। ਆਪ ਦਾ ਪਰਿਵਾਰ

ਪੁਰਾਤਨ ਸਮੇਂ ਤੋਂ ਗੁਰਸਿੱਖਾਂ ਦਾ ਪਰਿਵਾਰ ਸੀ। ਗੁਰੂ ਅਰਜਨ ਦੇਵ ਜੀ ਦੇ ਮਸ਼ਹੂਰ ਸਿੱਖ ਭਾਈ ਪਿਰਾਣਾ ਆਪ ਜੀ ਦੇ ਵਡੇਰੇ ਸਨ। ਇਸੇ ਕੁਲ ਵਿਚ ਮਹਾਤਮਾ ਚਰਨ ਦਾਸ ਜੀ ਚੁਬੱਚਾ ਲਾਹੌਰ ਅਤੇ ਭਾਈ ਵਧਾਵਾ ਸਿੰਘ ਆਦਿ ਸਾਧੂ ਹੋਏ ਸਨ। ਆਪ ਦੇ ਗੁਆਂਢ ਵਿਚ ਚਹਿਲ ਨਾਮ ਦਾ ਮਸ਼ਹੂਰ ਪਿੰਡ ਸੀ। ਇੱਥੇ ਇਕ ਹੁਸੈਨ ਸ਼ਾਹ ਸੱਯਦ ਬੜੇ ਇਲਮਗੋ ਸਨ। ਪਿਤਾ ਦੇ ਕਹਿਣ ਤੇ ਪੰਜ ਸਾਲ ਦੀ ਉਮਰ ਵਿਚ ਆਪ ਸੱਯਦ ਸ਼ਾਹ ਪਾਸੋਂ ਤਾਲੀਮ ਹਾਸਲ ਕਰਨ ਲਈ ਪੁੱਜ ਗਏ। ਰਾਹ ਰਤਾ ਲੰਮੇਰਾ ਹੋਣ ਕਾਰਨ ਕਈ ਵੇਰ ਆਪ ਵਕਤ ਸਿਰ ਨਾ ਪੁੱਜਦੇ। ਜਿਸ ਤੇ ਉਸਤਾਦ ਨੇ ਕਿਹਾ ਕਿ ਕਾਕਾ ਤੂੰ ਰੋਜ਼ ਮਸੀਤ ਵਿਚ ਮੇਰੇ ਪਾਸ ਸਮੇਂ ਸਿਰ ਨਹੀਂ ਅਪੜਦਾ। ਤੂੰ ਰੋਜ਼ ਪੈਂਡਾ ਵੀ ਤਹਿ ਕਰਦਾ ਹੈਂ ਪਰ ਸਿੱਖਦਾ ਵੀ ਕੁਝ ਨਹੀਂ। ਬਾਲਕ ਕੇਸਰ ਸਿੰਘ ਨੇ ਭੋਲੇ ਭਾਅ ਕਿਹਾ "ਸ਼ਾਹ ਜੀ ਮੈਨੂੰ 'ਅਲਫ ਬੇ' ਪੜਨਾ ਤਾਂ ਔਖਾ ਲਗਦਾ ਹੈ। ਪਰ ਮੇਰਾ ਵੀ ਮਨ ਕਰਦਾ ਹੈ ਕਿ ਮੈਂ ਉਹ ਪੜ੍ਹਾਈ ਪੜਾਂ ਜੋ ਤੁਸੀਂ ਹਰ ਵੇਲੇ ਤਸਬੀ ਤੇ ਪੜ੍ਹਦੇ ਰਹਿੰਦੇ ਹੋ। ਸ਼ਾਹ ਹੋਰਾਂ ਕਿਹਾ "ਇਹ ਤੇ ਔਖਾ ਕੰਮ ਨਹੀਂ। ਮੈਂ ਤੇਅਲਾਹ, ਅਲਾਹ ਕਰਦਾ ਰਹਿੰਦਾ ਹਾਂ ਤੂੰ ਵੀ ਕਰਨ ਲੱਗ ਪਓ।" ਮੁੜਕੇ ਆਪ ਮਸੀਤੇ ਨਹੀਂ ਗਏ ਅਤੇ ਤੁਰਦੇ ਫਿਰਦੇ 'ਅੱਲਾਹ-ਅੱਲਾਹ ਕਰਦੇ ਰਹਿੰਦੇ। ਗਊਆਂ ਚਾਰਦੇ ਵੀ ਇਹਨਾਂ ਅੱਖਰਾਂ ਦਾ ਰਟਨ ਕਰਦੇ ਰਹਿੰਦੇ।[5]

ਇਸ ਤੋਂ ਦੋ ਕੁ ਸਾਲ ਬਾਅਦ ਆਪ ਨੂੰ ਇਕ ਗੁਲਾਬ ਦਾਸੀਆ ਸੰਤ ਮਿਲਿਆ। ਉਸ ਨੇ ਕਿਹਾ ਕਿ ਆਪਾਂ ਤਾਂ ਹਿੰਦੂ ਹਾਂ, ਪਰ ਤੂੰ ਮੁਸਲਮਾਨਾਂ ਵਾਲਾ ਜਾਪ ਕਰ ਰਿਹਾ ਹੈ। ਬਾਲ ਮਨ ਨੂੰ ਉਸ ਨੇ ਪਰੇਰਕੇ, ਆਪਣਾ ਚੇਲਾ ਬਨਾਉਣ ਲਈ, ਸਿਰ ਮੁਨਵਾ ਕੇ ਗੁਲਾਬਦਾਸੀਆ ਬਣਾ ਦਿਤਾ। ਜਦੋਂ ਆਪ ਦੇ ਪਿਤਾ ਨੂੰ ਇਹ ਖ਼ਬਰ ਮਿਲੀ ਤਾਂ ਉਹ ਆਪ ਨੂੰ ਗੁਲਾਬਦਾਸੀਏ ਦੇ ਚੁੰਗਲ ਵਿਚੋਂ ਮੁਕਤ ਕਰਾ ਕੇ ਘਰ ਲੈ ਆਏ। ਇਥੇ ਥੋਹੜਾ ਬਹੁਤ ਪੈਲੀ ਵੱਲ ਧਿਆਨ ਦੇਣ ਲੱਗੇ। ਇਕ ਦਿਨ ਘੋੜੀ ਤੇ ਚੜ੍ਹਕੇ ਆਪਣੇ ਖ਼ੂਹ ਵੱਲ ਜਾ ਰਹੇ ਸਨ ਕਿ ਘੋੜੀ ਤ੍ਰਭਕ ਕੇ ਭੱਜ ਪਈ। ਡਿੱਗ ਕੇ ਖੱਬੀ ਬਾਂਹ ਟੁੱਟ ਗਈ। ਹੁਣ ਆਪ ਖੇਤੀ ਕੰਮ ਦੇ ਯੋਗ ਨਾ ਰਹੇ। ਇਹ ਬਾਹ ਉਮਰ ਭਰ ਲਈ ਨਕਾਰਾ ਹੋ ਗਈ ਸੀ। ਹੁਣ ਆਪ ਨੂੰ ਘਰ ਪਰਿਵਾਰ ਵੱਲੋਂ ਵੀ ਕੋਈ ਜ਼ਿਮੇਵਾਰੀ ਸਉਂਪਣ ਦਾ ਬਹਾਨਾ ਹੀ ਨਾਂ ਰਿਹਾ। ਆਪ ਅੱਠੇ ਪਹਿਰ ਆਪਣੀ ਜਗਿਆਸੀ ਅਭਿਆਸੀ ਬਿਰਤੀ ਵਿਚ ਹੀ ਚੁੱਪ ਕਰ ਰਹਿੰਦੇ। ਨਾ ਆਪ ਕਿਸੇ ਨੂੰ ਬੁਲਾਉਂਦੇ ਨਾ ਕੋਈ ਆਪ ਨੂੰ ਬੁਲਾਉਂਦਾ।

ਇਸੇ ਅਵਸਥਾ ਵਿਚ ਵਿਚਰਦਿਆਂ ਕੁਝ ਸਾਲ ਹੋਰ ਬਤੀਤ ਹੋ ਗਏ। ਆਪ ਦੀ ਭਰ ਜੁਆਨੀ ਦੀ ਉਮਰ ਸੀ। ਸੰਨ 1869 ਈ. ਦਾ ਨਾਮਧਾਰੀ ਪੰਥ ਦਾ ਹੋਲਾ ਮਹੱਲਾ ਦੜਪ ਦੇ ਇਲਾਕੇ ਵਿਚ ਸ੍ਰ. ਹੀਰਾ ਸਿੰਘ ਮਾਨ ਆਪਣੇ ਪਿੰਡ ਮਾਨਾਵਾਲਾ (ਸਿਆਲਕੋਟ) ਵਿਖੇ ਕਰਵਾਉਣ ਲਈ, ਸਤਿਗੁਰੂ ਰਾਮ ਸਿੰਘ ਜੀ ਨੂੰ ਬੇਨਤੀ ਕਰਕੇ ਮਨਜ਼ੂਰੀ ਲੈ ਆਏ ਸਨ। ਸਤਿਗੁਰੂ ਜੀ ਹੋਲੇ ਤੋਂ ਦੋ ਮਹੀਨੇ ਪਹਿਲਾਂ ਮਾਝੇ ਵਿਚੋਂ ਹੁੰਦੇ ਦੜਪ ਵਿਚ ਪੁੱਜ ਗਏ ਸਨ। ਇਸ ਸਾਲ ਦੀ ਮਾਘੀ ਦਾ ਮੇਲਾ ਮੁਕਤਸਰ ਸਾਹਿਬ ਦੀ ਬਜਾਏ ਬਾਬਾ ਜਮੀਅਤ ਸਿੰਘ ਸੂਬਾ ਜੀ ਦੇ ਪਿੰਡ ਗਿੱਲ (ਸਿਆਲਕੋਟ) ਵਿਖੇ ਹੀ ਮਨਾਇਆ। ਇਸ ਤੋਂ ਪਿਛਲੇ ਸਾਲ 1868 ਈ. ਦੀ ਦੀਪਮਾਲਾ ਅੰਮ੍ਰਿਤਸਰ ਮਨਾਉਣ

ਤੋਂ ਬਾਅਦ ਸਤਿਗੁਰੂ ਜੀ ਨੇ ਲਾਹੌਰ ਸ਼ਹਿਰ ਵਿਖੇ ਵੀ ਦਰਸ਼ਨ ਦਿਤੇ ਅਤੇ ਅਗਲੀ ਮਾਘੀ ਤੇ ਗਿੱਲ ਪਿੰਡ ਜਾਣ ਦੇ ਲਾਗੇ ਚੰਗੇ ਚਾਹਲ ਪਿੰਡ ਵਿਖੇ ਵੀ ਦਰਸ਼ਨ ਦਿਤੇ। "ਚਾਹਲਾ ਧਰਮਸ਼ਾਲਾ ਮੇਂ ਦੀਵਾਨ ਲੱਗਾ ਹੋਇਆ ਸੀ।"[6] ਇਸ ਤੋਂ ਪਹਿਲਾਂ ਇਕ ਹੋਰ ਪਿੰਡ ਵਿਚ ਹੁਕਮ ਸਿੰਘ ਡਸਕਾ ਨਿਵਾਸੀ ਕੂਕਾ ਸਿੰਘ ਸਜਿਆ ਸੀ। ਚਾਹਲਾਂ ਵਿਖੇ ਸਤਿਗੁਰੂ ਜੀ ਦਾ ਦਰਸ਼ਨ ਕਰਨ ਲਈ ਜਾਣ ਵਾਲੀ ਸੰਗਤ ਦਾ ਵਹੀਰ, ਸੇਖਵਾਂ, ਵਿਚੋਂ ਦੀ ਲੰਘ ਰਿਹਾ ਸੀ। ਯੂਵਾ ਕੇਸਰ ਸਿੰਘ ਨੇ ਆਪਣੇ ਪਿਤਾ ਨੂੰ ਪੁੱਛਿਆ ਕਿ ਇਹ ਲੋਕ ਕਿਧਰ ਜਾ ਰਹੇ ਹਨ। ਉਹਨਾਂ ਦੱਸਿਆ ਕਿ ਗਊ ਗਰੀਬ ਦੇ ਰਾਖੇ, ਸ੍ਰੀ ਗੁਰੂ ਨਾਨਕ ਦੇਵ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਿੱਖੀ ਬਾਗ ਦੇ ਮਾਲੀ, ਸ੍ਰੀ ਸਤਿਗੁਰੂ ਰਾਮ ਸਿੰਘ ਜੀ, ਆਪਣੇ ਗੁਆਂਢੀ ਪਿੰਡ ਚਾਹਲ ਵਿਖੇ ਦਰਸ਼ਨ ਦੇ ਰਹੇ ਹਨ। ਇਹ ਸਫੈਦ ਬਾਣਿਆਂ ਵਾਲੇ ਸਾਰੇ ਨਵੇਂ ਪੰਥ, ਨਾਮਧਾਰੀ ਪੰਥ ਦੇ ਮਾਈ ਭਾਈ ਹਨ ਜੋ ਗੁਰੂ ਦਰਸ਼ਨਾਂ ਲਈ ਉਧਰ ਜਾ ਰਹੇ ਹਨ। ਤੇਰਾ ਜੀਅ ਕਰਦਾ ਹੈ ਤਾਂ ਤੂੰ ਵੀ ਚੱਲ। ਪਿਤਾ ਦੀ ਰਾਇ ਕੇਸਰ ਸਿੰਘ ਦੇ ਮਨ ਲੱਗੀ। ਉਸਨੇ ਚਾਹਲਾਂ ਦਾ ਰਾਹ ਫੜਿਆ ਅਤੇ ਪਿਤਾ ਦੇ ਨਾਲ ਹੀ ਪੁੱਜ ਗਿਆ। ਇੱਥੇ ਇਕ ਅਮਰ ਸਿੰਘ ਨਾਮਧਾਰੀ ਨਾਂ ਦੇ ਸਿੰਘ ਦੇ ਘਰ ਵਿਖੇ ਸਤਿਗੁਰੂ ਜੀ ਦਾ ਦੀਵਾਨ ਸੀ। ਇਸ ਸਮੇਂ ਤੱਕ ਆਪ ਦੀ ਨਾਂ ਸਿਰਫ ਬਿਰਤੀ ਸਾਧੂਆਂ ਵਾਲੀ, ਸਗੋਂ ਪਹਿਰਾਵਾ ਵੀ ਆਮ ਦੁਨੀਆਦਾਰਾਂ ਨਾਲੋਂ ਵੱਖਰਾ ਸੀ।

ਚਾਹਲ ਪਿੰਡ ਵਾਲੇ ਇਸ ਦੀਵਾਨ ਵਿਚ ਸਤਿਗੁਰੂ ਰਾਮ ਸਿੰਘ ਜੀ ਦੀ ਛੋਟੀ ਪੁੱਤਰੀ ਬੀਬੀ ਦੈਆ ਕੌਰ ਵੀ ਹਾਜ਼ਰ ਸੀ। ਹੋ ਸੱਕਦਾ ਹੈ ਇਹ ਦੀਵਾਨ 1867 ਈ. ਤੋਂ ਬਾਅਦ ਦੜਪ ਦੇ ਦੌਰੇ ਸਮੇਂ ਲੱਗਾ ਹੋਵੇ। ਬੀਬੀ ਦੈਆ ਕੌਰ ਨੇ ਜਦੋਂ ਸਤਿਗੁਰੂ ਜੀ ਵੱਲ ਨਿਗਾਹ ਕੀਤੀ ਤਾਂ ਆਪ ਨੇ ਕਿਹਾ ਕਿ ਉਸ ਸਾਧੂ ਨੂੰ ਜੋ ਝੁੰਬ ਮਾਰਕੇ ਆ ਰਿਹਾ ਹੈ, ਸਾਡੇ ਕੋਲ ਲੈ ਆਓ। ਬੀਬੀ ਦੈਆ ਕੌਰ ਵੀ ਗੁਰੂ ਦਰਬਾਰ ਦੇ ਰੰਗ ਵਿਚ ਰੰਗੀ ਹੋਈ ਰੂਹ ਸੀ। ਉਹਨੇ ਬੇਖੌਫ਼ ਇਸ ਯੁਵਾ ਸਿੱਖ ਨੂੰ ਲੈਕੇ, ਹਜ਼ੂਰ ਦੇ ਸਾਹਵੇਂ ਕਰ ਦਿਤਾ। ਉਸ ਸਮੇਂ ਰਾਗੀ ਸਿੰਘ ਗੁਰਬਾਣੀ ਦਾ ਇਹ ਸ਼ਬਦ ਗਾ ਰਹੇ ਸਨ:

ਅਨ ਬੋਲਤ ਮੇਰੀ ਬਿਰਥਾ ਜਾਨੀ,
ਅਪਨਾ ਨਾਮੁ ਜਪਾਇਆ॥
ਬਾਹ ਪਕਰਿ ਕਢਿ ਲੀਨੇ ਅਪੁਨੇ,
ਗ੍ਰਿਹ ਅੰਧ ਕੂਪ ਤੇ ਮਾਇਆ॥

ਮਹਲਾ-੫ ਪੰਨਾ ੧੨੧੮

ਸ਼ਬਦ ਅਤੇ ਗੁਰਦਰਸ਼ਨ ਦਾ ਐਸਾ ਪ੍ਰਭਾਵ ਬਣਿਆ ਕਿ "ਚੁੱਪ" ਜੀ ਤੇ ਵਿਸਮਾਦ ਛਾ ਗਿਆ ਉਹਨਾਂ ਨੂੰ ਪਤਾ ਲੱਗ ਗਿਆ ਕਿ ਜੋ ਉਹਨਾਂ ਦਾ ਟਿਕਾਣਾ ਸੀ ਉੱਥੇ ਪੁੱਜ ਗਏ ਹਨ। ਜਿਸ ਮਾਲਾ ਦਾ ਮਣਕਾ ਸੀ ਉਸ ਵਿਚ ਪਰੋਇਆ ਗਿਆ। ਸਤਿਗੁਰੂ ਜੀ ਨੇ ਨਾਮ ਦੀ ਦਾਤ ਬਖਸ਼ ਕੇ ਫਰਮਾਇਆ ਕਿ ਭਾਈ ਤੂੰ ਤਾਂ ਕਿਸੇ ਪੂਰਵ ਜਨਮ ਦਾ ਤਪੱਸਵੀ ਹੈਂ। ਬੇਸ਼ਕ ਤੇਰੀ ਬਬੇਕ ਬੁੱਧ ਕਾਰਨ, ਜਾਗ੍ਰਿਤ ਅਵਸਥਾ ਹੈ ਪਰ ਗੁਰੂ ਕੀ ਰਹੁ ਰੀਤ ਧਾਰਨ ਕਰਨੀ। ਪਿਛਲੀ ਰਾਤੇ ਉਠ ਕੇ ਇਸ਼ਨਾਨ ਕਰਕੇ ਸਣਕੇਸੀਂ ਆਪਣਾ

ਨਿਤਨੇਮ ਕਰਨਾ। ਅਨ ਮਤੀਏ ਦੇ ਹੱਥ ਦਾ ਅੰਨ ਜਲ ਨਹੀਂ ਛਕਣਾ। ਅੱਠੇ ਪਹਿਰ ਨਾਮ ਚਿੱਤ ਆਵੇ। ਸਿੱਖੀ ਕੇਸਾਂ ਸੁਆਸਾਂ ਨਾਲ ਨਿਬਾਹੁਣੀ। ਦੁਨੀਆ ਦੇ ਰੰਗ ਤਮਾਸ਼ਿਆਂ ਵਿਚ ਖੁਭਣਾ ਨਹੀਂ। ਕੋਲੋਂ ਆਪ ਦੇ ਪਿਤਾ ਨੇ ਵੀ ਆਪਣੀ ਵਾਰੀ ਵਾਹ ਲਈ ਕਿ ਸੱਚੇ ਪਾਤਸ਼ਾਹ ਇਹ ਸਾਡਾ ਕੋਈ ਕੰਮ ਨਹੀਂ ਕਰਦਾ। ਸਤਿਗੁਰੂ ਜੀ ਨੇ ਫਰਮਾਇਆ ਕਿ ਭਾਈ, ਇਹਨਾਂ ਦੇ ਕਰਨ ਵਾਲੇ ਕਾਰਜ ਬਹੁਤ ਵੱਡੇ ਹਨ। ਇਹ ਸਮੁੱਚੀ ਲੁਕਾਈ ਦੇ ਭਲੇ ਦੇ ਕਾਰਜ ਕਰੇਗਾ। ਤੇਰੇ ਪੁੱਤਰ ਦੇ ਸੰਗ ਸਾਥ ਨਾਲ ਬਹੁਤ ਲੋਕਾਂ ਦੇ ਜੀਵਨ ਸਉਰ ਜਾਣਗੇ। ਇਹ ਬਚਨ ਸੁਣਦਿਆਂ ਬਾਬਾ ਕੇਸਰ ਸਿੰਘ ਚੁੱਪ ਹੋਰ ਇਲਾਹੀ ਰੰਗਣਾਂ ਵਿਚ ਰੰਗੇ ਗਏ। ਪਿੰਡ ਵਿਚ ਆਕੇ ਘਰੋਂ ਬਾਹਰ ਇਕਾਂਤ ਵਿਚ ਬੰਦਗੀ ਕਰਨੀ ਜਾਂ ਫਿਰ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਸੇਵਾ ਵਜੋਂ ਬਾਲਕਾਂ ਨੂੰ ਅੱਖਰ ਵਿੱਦਿਆ ਦਾ ਦਾਨ ਦੇਣ ਲੱਗ ਪਏ।[7]

ਕੁਝ ਸਮੇਂ ਬਾਅਦ ਆਪ ਗਿੱਲ ਪਿੰਡ ਵਿਖੇ ਬਾਬਾ ਜਮੀਅਤ ਸਿੰਘ ਜੀ ਦੇ ਡੇਰੇ ਤੇ ਪੁੱਜ ਗਏ। ਇੱਥੇ ਸੁਬਹਾ ਸ਼ਾਮ ਦੀਵਾਨ ਲੱਗਦੇ। ਸੰਗਤ ਜੁੜ ਬੈਠਦੀ ਸੀ। ਆਪ ਦੀ ਬਿਰਤੀ ਚੁੱਪ ਚਾਪ, ਬਾਹਰ ਉਜਾੜ ਵਿਚ ਇਕਾਂਤ ਭਾਲ ਕੇ ਬੰਦਗੀ ਕਰਨ ਵਾਲੀ ਬਣ ਗਈ ਸੀ। ਬਾਬਾ ਜਮੀਅਤ ਸਿੰਘ ਜੀ ਆਪ ਜੈਸੇ ਦਾਨਿਆ ਮਸਤਾਨਿਆਂ ਦਾ ਬਹੁਤ ਧਿਆਨ ਰੱਖਿਆ ਕਰਦੇ ਸਨ। ਜਦੋਂ ਕੇਸਰ ਸਿੰਘ ਜੀ ਪੰਜ ਪੰਜ, ਸੱਤ ਸੱਤ, ਦਿਨ ਡੇਰੇ ਵਿਚ ਵਾਪਸ ਨਾ ਮੁੜਦੇ ਤਾਂ ਬਾਬਾ ਜੀ ਆਪ ਬਾਹਰ ਵਿਰਾਨੇ ਥਾਵਾਂ, ਜੰਗਲਾਂ ਬੇਲਿਆਂ ਵਿਚ, ਆਪ ਦੀ ਖੋਜ ਕਰਦੇ ਹੋਏ, ਪੈੜ ਲੱਭ ਕੇ ਲਿਆਉਂਦੇ ਅਤੇ ਇਹਨਾਂ ਦੀ ਹੱਥੀ ਸੇਵਾ ਕਰਕੇ, ਪਰਸੰਨਤਾ ਪ੍ਰਾਪਤ ਕਰਦੇ ਸਨ। ਦੜਪ ਵਿਚ ਖਾਸ ਕਰ ਅਤੇ ਆਮ ਕਰਕੇ ਸਿਆਲ ਕੋਟ ਜ਼ਿਲੇ ਵਿਚ, ਨਾਮਧਾਰੀ ਵਸੋਂ ਵਾਲੇ ਪਿੰਡਾਂ ਦੀ ਚੋਖੀ ਗਿਣਤੀ ਸੀ। ਇਸ ਦਾ ਕੇਂਦਰ ਬਿੰਦੂ ਗਿੱਲ ਪਿੰਡ ਅਤੇ ਬਾਬਾ ਜਮੀਅਤ ਸਿੰਘ ਜੀ ਸਨ। ਨਾਮਧਾਰੀ ਮਸਤਾਨੇ ਦੂਰੋਂ ਨੇੜਿਓ ਇੱਥੇ ਪੁੱਜਦੇ। ਇਹ ਉਹ ਸਮਾਂ ਸੀ ਜਦੋਂ ਸਤਿਗੁਰੂ ਰਾਮ ਸਿੰਘ ਜੀ ਨੂੰ ਪਰਮੁੱਖ ਸੂਬਿਆਂ ਸਮੇਤ, ਜਲਾਵਤਨ ਕਰਕੇ, ਅੰਗਰੇਜ਼ ਸਰਕਾਰ ਸਮਝਦੀ ਸੀ ਕਿ ਕੂਕਾ ਵਿਦਰੋਹ ਨੂੰ ਦਬਾ ਲਿਆ ਗਿਆ ਸੀ। ਗੁਰੂ ਹਰੀ ਸਿੰਘ ਜੀ ਵੀ 1892 ਈ. ਤੱਕ ਪੰਜਾਬ ਦੇ ਵਿਭਿੰਨ ਹਿੱਸਿਆਂ ਵਿਚ ਕੁਝ ਅਪਵਾਦਾਂ ਸਮੇਤ ਬਿਲਕੁਲ ਨਹੀਂ ਜਾ ਸਕੇ ਸਨ। ਕਿਉਂਕਿ ਕੂਕਾ ਕੇਂਦਰ ਭੈਣੀ ਸਾਹਿਬ ਜਾਕੇ ਸੰਗਤ ਦਾ ਬੜਾ ਛੋਟਾ ਜਿਹਾ ਭਾਗ ਹੀ ਗੁਰੂ ਦਰਸ਼ਨਾ ਦਾ ਲਾਹਾ ਉਠਾ ਸੱਕਦਾ ਸੀ। ਇਹ ਉਹ ਸਮਾਂ ਸੀ ਜਦੋਂ ਵੱਖ ਵੱਖ ਭਾਗਾਂ ਵਿਚ, ਨਾਮਧਾਰੀ ਸੰਤਾਂ ਦੇ ਡੇਰੇ ਹੀ ਗੁਰੂ ਪਿਆਰਿਆਂ ਦੇ ਡੋਲਦੇ ਮਨ ਨੂੰ ਧੀਰਜ ਧਾਮ ਰੂਪੀ ਥਮੀਆਂ ਦੇ ਸਕਦੇ ਸਨ। ਇਸ ਲਈ ਇਹਨਾਂ ਕੇਂਦਰਾਂ ਵਿਚ ਸੰਗਤਾਂ ਪੁੱਜਦੀਆਂ ਰਹਿੰਦੀਆਂ ਸਨ। ਇੱਥੇ ਰਾਮ ਵਿਓਗੀ ਇਕੱਠੇ ਹੁੰਦੇ ਅਤੇ ਹੌਕਿਆਂ ਹਾਵਿਆਂ ਦੇ ਪਰਛਾਵਿਆਂ ਵਿਚੋਂ ਲੰਘਦੇ ਹੋਏ 'ਸਮਰਥ ਕੰਤ' ਦੀਆਂ ਕਥਾ ਕਹਾਣੀਆਂ ਕਰਦੇ ਰਹਿੰਦੇ। ਇਸ ਅਧਿਆਤਮਕ ਯਾਤਰਾ ਵਿਚੋਂ ਵਰ੍ਹਿਆਂ ਬੱਧੀ ਲੰਘਣ ਸਦਕਾ ਸੰਤ 'ਚੁੱਪ' ਜੀ ਨੂੰ ਉਹ ਨਾਮ ਰੂਪੀ ਖਜ਼ਾਨਾ ਪ੍ਰਾਪਤ ਹੋਇਆ ਜੋ ਅਖੁੱਟ ਭੰਡਾਰਾ ਹੋਕੇ, ਉਹਨਾਂ ਦੇ ਹੱਥੋਂ ਸਾਰੀ ਉਮਰ ਵਰਤਿਆ ਜਾਂਦਾ ਰਿਹਾ ਅਤੇ ਸੰਗਤ

ਉਹਨਾਂ ਦੀ ਸੰਗਤ ਦਾ ਸੁਹਜ ਸੁਆਦ ਮਾਨਣ ਲਈ ਲਟਬੌਰੀ ਹੋਈ ਫਿਰਦੀ ਸੀ।

ਆਪ ਜੀ ਦੀ ਉੱਚੀ ਸੁੱਚੀ ਬਿਰਤੀ ਦੀ ਸੋਅ, ਸ੍ਰੀ ਭੈਣੀ ਸਾਹਿਬ ਦੇ ਇਸ ਸਮੇਂ ਬੰਦੀਖਾਨੇ ਰੂਪੀ ਕੂਕਾ ਕੇਂਦਰ ਵਿਚ, ਗੁਰੂ ਹਰੀ ਸਿੰਘ ਜੀ ਪਾਸ ਦੜਪ ਅਤੇ ਦੁੱਲੇ ਦੀ ਬਾਰ ਦੀਆਂ ਦਰਸ਼ਨ ਅਭਿਲਾਖੀ ਸੰਗਤਾ ਰਾਹੀ ਪੁੱਜਦੀ ਰਹਿੰਦੀ। ਗੁਰੂ ਹਰੀ ਸਿੰਘ ਜੀ ਇਸ ਸਮੇਂ ਇਕ ਵਿਕਟ ਸਮਸਿਆ ਨਾਲ ਜੂਝ ਰਹੇ ਸਨ। ਉਹ ਸਮੱਸਿਆ ਸੀ ਸਤਿਗੁਰੂ ਰਾਮ ਸਿੰਘ ਜੀ ਦੇ ਹੱਥੀਂ ਲਾਏ, ਲੋਹ ਲੰਗਰ ਨੂੰ ਚਾਲੂ ਰੱਖਣਾ। ਸਤਿਗੁਰੂ ਰਾਮ ਸਿੰਘ ਆਪਣੇ ਕਿਰਪਾ ਪੱਤਰਾਂ ਰਾਹੀਂ ਅਤੇ ਪੰਜਾਬੋਂ ਦਰਸ਼ਨ ਕਰਨ ਆਏ ਸਿੰਘਾਂ ਰਾਹੀਂ, ਇਹ ਹੁਕਮ ਸ੍ਰੀ ਭੈਣੀ ਸਾਹਿਬ ਭੇਜਦੇ ਰਹਿੰਦੇ ਸਨ ਕਿ ਗੁਰੂ ਕਾ ਲੰਗਰ ਰੁਕਣਾ ਨਹੀਂ ਚਾਹੀਦਾ। ਇਹ ਲੰਗਰ ਨਾ ਸਿਰਫ ਨਾਮਧਾਰੀਆਂ ਲਈ ਸੀ ਸਗੋਂ ਹਰ ਉਸ ਵਿਅਕਤੀ ਲਈ ਸੀ ਜੋ ਇੱਥੇ ਪੁੱਜਦਾ ਸੀ। ਸੰਗਤ ਦੀ ਆਮਦ ਬਹੁਤ ਸੀਮਿਤ ਸੀ ਉਸੇ ਹਿਸਾਬ ਲੰਗਰ ਭੇਟ ਵੀ ਨਾਮ ਮਾਤਰ ਹੁੰਦੀ। ਡੇਰੇ ਵਿਚ ਵੀ ਡੇਢ੍ਹ ਦੋ ਸੌ ਸਰੀਰ ਨਿਵਾਸ ਕਰਦਾ ਸੀ ਅਤੇ ਇਤਨਾ ਕੁ ਰੋਜ਼ ਆਸ ਪਾਸ, ਭੈਣੀ ਸਾਹਿਬ ਦੇ ਜੂਹਾਂ ਬੇਲਿਆਂ ਵਿਚ ਪੁਲੀਸ ਚੌਕੀ ਦੀ ਬਾਜ ਅੱਖ ਤੋਂ ਛਿਪਿਆ, ਆਪਣੀ ਦਰਸ਼ਨ ਕਰਨ ਦੀ ਵਾਰੀ ਦੀ ਇੰਤਜ਼ਾਰ ਕਰਦਾ ਸੀ। ਉਹਨਾਂ ਦਾ ਲੰਗਰ ਪਰਸ਼ਾਦਾ ਵੀ ਚੋਰੀ ਛਿਪੇ ਵੇਲੇ ਕੁਵੇਲੇ ਰੋਜ਼ਾਨਾ ਡੇਰੇ ਵਿਚੋਂ ਹੀ ਜਾਂਦਾ ਸੀ। ਸ੍ਰੀ ਗੁਰੂ ਹਰੀ ਸਿੰਘ ਜੀ ਇਸ ਵਿਚਾਰ ਦੇ ਸਨ ਕਿ ਸਤਿਗੁਰੂ ਜੀ ਦੇ ਭਜਨੀਕ ਸਿੱਖਾਂ ਦੀ ਜਿਹਨਾਂ ਦੀ ਸੁਰਤਿ ਬਿਰਤਿ ਅਤਿ ਉੱਚੀ ਸੀ, ਡੇਰਾ ਸ੍ਰੀ ਭੈਣੀ ਸਾਹਿਬ ਵਿਚ ਮੌਜੂਦਗੀ ਨਾਲ ਹੀ ਸਤਿਗੁਰੂ ਜੀ ਦਾ ਚਲਾਇਆ ਸਦਾ-ਬਰਤ ਇਕ ਰੰਗ, ਇਕ-ਰਸ ਵਰਤ ਸੱਕਦਾ ਹੈ। ਇਸ ਲਈ ਆਪ ਜੀ ਨੇ ਬਾਬਾ ਜਮੀਅਤ ਸਿੰਘ ਪਾਸ ਦੋ ਵੇਰ ਸੰਦੇਸ਼ਾ ਭੇਜਿਆ ਜਿਸ ਵਿਚ ਕਿਹਾ ਗਿਆ ਸੀ "ਅਸੀ ਸੰਤ ਕੇਸਰ ਸਿੰਘ ਜੀ ਦੀ ਮਹਿਮਾ ਸੁਣੀ ਹੈ ਉਹਨਾਂ ਨੂੰ ਭੈਣੀ ਸਾਹਿਬ ਘੱਲ ਦਿਉ। ਹੁਣ ਏਥੇ ਭਜਨੀਕ ਸਾਧਾਂ ਦੇ ਡੇਰਾ ਲਾਉਣ ਦੀ ਲੋੜ ਹੈ। ਲੰਗਰ ਦੀ ਕਾਰ ਭਜਨ ਕਰਨ ਵਾਲੇ ਸਾਧ ਹੀ ਚਲਾ ਸੱਕਦੇ ਹਨ। ਖਸਮ ਤਾਂ ਰਾਹੀਆਂ ਵਾਲੀ ਰਸਮ ਕਰ ਗਿਆ ਹੈ। ਮੈਨੂੰ ਕਸਮ ਹੈ ਆਪਣੇ ਆਪ ਦੀ ਮਾਈ ਤੇ ਬਾਪ ਦੀ ਮੇਰਾ ਕਿਤੇ ਜੀਅ ਨਹੀਂ ਲੱਗਦਾ। ਜਗਤ ਦਾ ਸੁੱਖ ਦੁੱਖ ਹੋ ਭਾਸਦਾ ਹੈ। ਭਾਵੇਂ ਇਥੇ ਅੱਗੇ ਬਹੁਤ ਸਾਧ ਹਨ, ਪਰ ਜਿੰਨੇ ਹੋਣ ਥੋਹੜੇ ਹਨ। ਹੁੱਸੜੇ ਦਿਲ ਨੂੰ ਹੁਸਨ ਤੇ ਹੁੱਬ ਹੀ ਪਰਚਾ ਸੱਕਦੇ ਹਨ। ਸੰਤਾਂ ਭਜਨ ਕਰਨ ਵਾਲਿਆਂ ਜਿਹਾ ਨਾ ਕਿਸੇ ਦਾ ਹੁਸਨ ਹੀ ਹੁੰਦਾ ਹੈ ਅਤੇ ਨਾ ਹੀ ਏਹਨਾਂ ਜੇਡੀ ਕਿਸੇ ਵਿਚ ਹੁੱਬ ਹੀ ਹੁੰਦੀ ਹੈ। ਇਸ ਵਾਸਤੇ ਸੰਤਾਂ (ਕੇਸਰ ਸਿੰਘ ਜੀ ਚੁੱਪ) ਨੂੰ ਭੈਣੀ ਸਾਹਿਬ ਘੱਲ ਦਿਉ। ਮੇਰੇ ਮਾਹੀ ਦੇ ਵਿਉਗੀ ਜੀਉੜੇ ਨੂੰ ਘੱਲ ਦਿਉ। ਬਾਬਾ ਜੀ 'ਚੁੱਪ' ਜੀ ਨੂੰ ਕਿਹਾ ਪਰ ਆਪ ਚੁੱਪ ਹੀ ਰਹੇ, ਬਾਬਾ ਜੀ ਨੇ ਵੀ ਜ਼ੋਰ ਲਾ ਦਿੱਤਾ।[8]

ਬਾਬਾ ਗਿਲ 1897 ਈ. ਦੇ ਅੱਧ ਤੋਂ ਦੋ ਢਾਈ ਮਹੀਨੇ ਬਾਅਦ ਚਲਾਣਾ ਕਰ ਗਏ ਸਨ। ਇਸ ਤੋਂ ਸਾਲ ਕੁ ਪਹਿਲਾਂ ਗੁਰੂ ਹਰੀ ਸਿੰਘ ਜੀ ਮਾਝੇ ਦਾ ਦੌਰਾ ਕਰਦੇ ਹੋਏ 'ਗਿੱਲ' ਪਧਾਰੇ ਸਨ। ਕਿਉਂਕਿ ਗਿੱਲ ਪਿੰਡ ਅੰਮ੍ਰਿਤਸਰ ਜ਼ਿਲੇ ਦੀ ਹੱਦ ਤੇ ਹੀ ਪੈਂਦਾ ਸੀ ਇਸ ਲਈ 1896 ਈ. ਦੇ ਅੰਮ੍ਰਿਤਸਰ ਅਤੇ ਗੁਰਦਾਸਪੁਰ ਦੇ ਇਕ ਮਹੀਨੇ ਦੇ ਛੁੱਟੀ

ਲੈਕੇ ਕੀਤੇ ਪਰਚਾਰ ਦੌਰੇ ਸਮੇਂ, ਘੁਮਾਣਾਂ ਦੇ ਵਿਚੋਂ ਹੋਕੇ ਗਿੱਲੀਂ ਆਏ ਸਨ।[9]

ਰਾਤ ਦੇ ਸਮੇ "ਚੁੱਪ" ਜੀ ਵੀ ਬਾਹਰੋਂ ਬੰਦਗੀ ਕਰਕੇ ਮੁੜੇ ਤਾਂ ਗੁਰੂ ਚਰਨਾਂ ਤੇ ਸੀਸ ਨਿਵਾਇਆ। ਗੁਰੂ ਹਰੀ ਸਿੰਘ ਜੀ ਨੂੰ ਬਾਬਾ ਗਿੱਲ ਨੇ ਬੇਨਤੀ ਕੀਤੀ ਕਿ ਆਪ ਜੀ ਦੇ ਦੋ ਹੁਕਮਨਾਮੇ ਪੁੱਜੇ ਸਨ ਪਰ ਸੰਤਾਂ ਨੂੰ ਭੇਜਣ ਤੇ ਸਾਨੂੰ ਆਪਣੀ ਰੌਣਕ ਘਟਦੀ ਜਾਪਦੀ ਸੀ। ਸੋ ਅਸੀਂ ਇਹਨਾਂ ਨੂੰ ਕੁਝ ਕਹਿ ਨਹੀਂ ਸੱਕੇ। ਸੰਤ ਉਂਜ ਸਾਨੂੰ ਕਹਿੰਦੇ ਸੀ ਕਿ ਜੇ ਹੁਕਮ ਹੋਇਆ ਤਾਂ ਅਸਾਂ ਜਾਣਾਂ ਹੈ। ਹੁਣ ਆਪ ਵੀ ਆ ਗਏ ਹੋ ਤੇ ਸੰਤ ਵੀ, ਕਿਉ ਨਾ ਆਹਮੋ ਸਾਹਮਣੇ ਬਚਨ ਹੋ ਜਾਣ। ਬਾਬਾ ਜੀ ਨੇ ਕਿਹਾ ਕਿ ਸੰਤ ਜੀ ਹੁਣ ਤਾਂ ਆਪ ਮਾਲਕ ਲੈਣ ਆਏ ਹਨ। ਹੁਣ ਤੁਸੀ ਆਪਣੀ ਰਜ਼ਾ ਦੱਸ ਦਿਉ। ਸੰਤਾਂ ਕਿਹਾ "ਅੱਛਾ ਮਾਲਕਾ ਜੀ ਹਨ, ਆਪ ਮਾਲਕ ਹਨ। ਜਿਵੇਂ ਮਾਲਕਾਂ ਦੀ ਰਜ਼ਾ ਹੈ। ਉਵੇਂ ਹੀ ਪਰਵਾਨ ਕਰ ਲਵਾਂਗੇ।"

ਤੇ ਹੁਣ ਦੌਰਾ ਮੁੜਦਿਆਂ ਹੀ ਸੰਤ ਕੇਸਰ ਸਿੰਘ ਜੀ 'ਚੁੱਪ' ਪੜਾਉ ਪੜਾਈ ਸ੍ਰੀ ਭੈਣੀ ਸਾਹਿਬ ਪੁੱਜ ਗਏ। ਇਸ ਸਮੇਂ ਸੰਤਾਂ ਦੀ ਆਰਜਾ 50-55 ਸਾਲ ਦੀ ਸੀ। ਇੱਥੇ ਫਿਰ ਚੁੱਪ ਜੀ ਨੇ ਉਗਰ ਤਪੱਸਿਆ ਕੀਤੀ। ਸਵੇਰੇ ਪਰਸ਼ਾਦਾ ਛਕ ਕੇ ਬਾਹਰ ਟਿਬਿਆਂ ਵੱਲ ਨਿਕਲ ਜਾਣਾ। ਸਾਰਾ ਦਿਨ ਨਾਮ ਜਪਣਾ, ਬਾਣੀ ਪੜ੍ਹਨੀ, ਰਹਿਰਾਸ ਸਮੇਂ ਵਾਪਿਸ ਆਉਂਦੇ, ਕਦੇ ਉਸ ਸਮੇਂ ਵੀ ਨਾ ਆਉਂਦੇ। ਗੁਰੂ ਹਰੀ ਸਿੰਘ ਜੀ ਆਪ ਜੀ ਦਾ ਬਹੁਤ ਧਿਆਨ ਰੱਖਿਆ ਕਰਦੇ ਸਨ। ਕਈ ਕਈ ਦਿਨ ਆਪ ਉਜਾੜ ਵਿਚ ਹੀ ਅਲੋਪ ਹੋ ਰਹਿੰਦੇ। ਵਾਗੀ ਮੁੰਡੇ ਗੁਰੂ ਹਰੀ ਸਿੰਘ ਜੀ ਨੂੰ ਆਕੇ ਦੱਸਦੇ ਕਿ ਤੁਹਾਡਾ ਸਿੱਖ ਰੋਹੀਆਂ ਵਿਚ ਮਰਨ ਕਿਨਾਰੇ ਪਿਆ ਹੈ। ਸਿੱਖ ਜਾਂਦੇ, ਢੂੰਡ ਭਾਲ ਕੇ ਲਿਆਉਂਦੇ, ਸੰਤਾਂ ਦੀ ਸੇਵਾ ਕਰਦੇ ਅਤੇ ਫਿਰ ਉਹਨਾਂ ਨੂੰ ਸੁਰਤਿ ਵਿਚ ਲਿਆਉਂਦੇ।

ਵਹਿਮੀ ਜੀ ਦੇ ਲਿਖਣ ਮੁਤਾਬਿਕ ਆਪ ਭਜਨ ਵਿਚ ਬਦੇਹ ਹੋ ਜਾਂਦੇ ਸਨ। ਇਸ ਲਈ ਕਈ ਵੇਰ ਖਾਸ ਕਰਕੇ ਗਰਮੀਆਂ ਦੀਆਂ ਹਨੇਰੀਆਂ ਵਿਚ ਆਪ ਜੀ ਦਾ ਚਿਹਰੇ ਤੋਂ ਬਿਨਾਂ ਸਾਰਾ ਹੀ ਸਰੀਰ ਰੇਤੇ ਵਿਚ ਕੱਜਿਆ ਜਾਂਦਾ। ਇਸ ਹਾਲਤ ਵਿਚ ਜਦੋਂ ਕੋਈ ਆਵਾਜ਼ ਮਾਰਦਾ ਤਾਂ ਦੂਜੀ ਤੀਜੀ ਆਵਾਜ਼ ਸੁਣਕੇ ਹੀ ਹੁੰਗਾਰਾ ਭਰਦੇ। ਇਕ ਵੇਰ ਆਪ ਜੀ ਦੀ ਖੋਜ ਵਿਚ ਗੁਰੂ ਹਰੀ ਸਿੰਘ ਜੀ ਦੀ ਸਾਰੀ ਦੁਪਹਿਰ, ਰੇਤੇ ਦੇ ਵਿਸ਼ਾਲ ਟਿੱਬਿਆਂ ਵਿਚ ਬਤੀਤ ਹੋਈ। ਜਦੋਂ ਗੁਰੂ ਜੀ ਨੇ ਸੰਤਾਂ ਨੂੰ ਲੱਭਿਆ, ਉਹ ਬੇਹੋਸ਼ ਸਨ। ਕਿਤਨਾ ਹੀ ਚਿਰ ਆਪ ਜੀ ਨੇ ਸੰਤਾਂ ਦੀਆਂ ਤਲੀਆਂ ਝੱਸੀਆਂ। ਗੁਰੂ ਆਪਣੇ ਪਿਆਰੇ ਸਿੱਖ ਨੂੰ ਹੋਸ਼ ਵਿਚ ਲਿਆਉਣ ਲਈ ਇਸ ਤਰ੍ਹਾਂ ਦੇ ਕਾਰਜ ਕਰਨ ਦੇ ਵੀ ਸਮਰੱਥ ਹੁੰਦਾ ਹੈ। ਹੁਣ ਸਤਿਗੁਰੂ ਜੀ ਪਾਸੋਂ ਅਰਜ਼ ਕਰਕੇ ਮਾਨਾਂਵਾਲੀਆ ਸਰਦਾਰ ਭਗਵਾਨ ਸਿੰਘ 'ਮਾਨ', ਜਿਹਨਾਂ ਦਾ ਗੁਰੂ ਪਿਆਰਿਆਂ ਦਾ ਸੇਵਾ ਸਤਕਾਰ ਕਰਨ ਦਾ ਸੁਭਾਉ ਬਣਿਆ ਸੀ, ਉਹ ਆਪ ਜੀ ਨੂੰ ਸ਼ੇਖੂਪੂਰਾ ਇਲਾਕੇ ਵਿਚ ਮਾਨਾਂ ਵਾਲੇ ਪਿੰਡ ਵਿਚ ਲੈ ਆਏ।[10]

ਇਹ ਸਰਦਾਰ ਜੀ ਆਪਣੇ ਇਕ ਹੋਰ ਪਿੰਡ ਸੰਤਾਂ ਵਾਲੀ ਵਿਚ ਵੀ ਰਹਿੰਦੇ ਸਨ। ਇਹ ਸਰਦਾਰ 1901-2 ਈ. ਤੱਕ ਜੀਵਿਤ ਰਿਹਾ ਸੀ। ਇਸ ਦੇ ਅਕਾਲ ਚਲਾਣੇ

ਤੱਕ ਸੰਤ ਚੁੱਪ ਇਸ ਪਾਸ ਬਾਰ ਦੇ ਇਲਾਕੇ ਵਿਚ ਟਿਕੇ ਰਹੇ ਅਤੇ ਇਸ ਸਰਦਾਰ ਪਰਿਵਾਰ ਨੂੰ ਗੁਰੂ ਭਗਤੀ ਦੇ ਮਾਰਗ ਤੇ ਤੋਰੀ ਰੱਖਦੇ ਸਨ। ਸਰਦਾਰ ਦੇ ਅਕਾਲ ਚਲਾਣੇ ਬਾਅਦ ਸੰਤ ਚੁੱਪ ਫਿਰ ਸ੍ਰੀ ਭੈਣੀ ਸਾਹਿਬ ਆ ਗਏ। ਇੱਥੇ ਸੰਤ ਜੀ ਨੇ ਕੁਝ ਵਰ੍ਹੇ, ਹੋਰ ਰਹਿਕੇ ਬੰਦਗੀ ਕੀਤੀ ਅਤੇ ਜਦੋਂ ਮਾਤਾ ਜੀਵਨ ਕੌਰ ਜੀ ਨੇ ਬਾਬਾ ਵੀਰ ਸਿੰਘ, ਸੰਤਾ ਸਿੰਘ ਹੋਰਾਂ ਨੂੰ ਗੁਜਰਾਂਵਾਲੇ ਦੀ ਨਾਮਧਾਰੀ ਧਰਮਸ਼ਾਲਾ ਕਾਇਮ ਕਰਨ ਲਈ ਉੱਥੇ ਭੇਜਿਆ ਸੀ ਤਾਂ ਭੈਣੀ ਸਾਹਿਬ ਵਿਖੇ ਰਹਿੰਦਿਆਂ, ਇਹਨਾਂ ਤਿਆਗ ਮੂਰਤੀ ਨਾਮਧਾਰੀ ਸੰਤਾਂ ਦੇ ਸਨੇਹ ਸਦਕਾ ਹੀ ਸੰਤ ਚੁੱਪ ਜੀ ਵੀ ਗੁਰੂ ਹਰੀ ਸਿੰਘ ਜੀ ਦੇ ਚਲਾਣੇ ਤੋਂ ਕੁਝ ਸਮਾਂ ਪਹਿਲਾਂ, ਫਿਰ ਗੁਜਰਾਂਵਾਲੇ ਪੁੱਜ ਗਏ। ਜਿੱਥੇ ਆਪ ਨੇ ਨਿਰੰਤਰ ਬਾਈ ਸਾਲ ਨਾਮਧਾਰੀ ਸੰਗਤ ਨੂੰ ਆਪਣੀ ਰੁਹਾਨੀ ਸੰਗਤ ਨਾਲ ਸਰਸ਼ਾਰ ਰੱਖਿਆ।

ਨਾਮਧਾਰੀ ਸੰਗਤ ਦਾ ਗੁਜਰਾਂਵਾਲੇ ਵਿਚ ਪਹਿਲਾਂ ਡੇਰਾ ਤਾਂ ਸੇਠ ਧਿਆਨ ਸਿੰਘ ਵਾਲੀ ਦਿਤੀ ਭੂਮੀ ਵਿਚ ਸੀ ਜਿਸ ਦਾ ਜ਼ਿਕਰ ਉਪਰ ਆ ਚੁੱਕਾ ਹੈ। "ਦੂਜਾ ਡੇਰਾ ਗੁਜਰਾਂ ਵਾਲੇ ਨਾਮਧਾਰੀਆਂ ਦਾ ਸ਼ਹਿਰੋਂ ਦੱਖਣ, ਕਬਰਾਂ ਦੇ ਕੋਲ, ਖਿਹਾਲੀ ਵਾਲੇ ਦਰਵਾਜ਼ੇ ਸੀ। ਇਹ ਜਗ੍ਹਾ ਚੌਧਰੀ ਮੂਲ ਰਾਜ ਗੁਜਰਾਂ ਵਾਲੀਏ ਨੇ, ਸੰਤ ਕੇਸਰ ਸਿੰਘ ਜੀ ਚੁੱਪ ਹੋਰਾਂ ਨੂੰ ਛਤਰੀ ਤਾਣੀ ਬੈਠਿਆਂ ਬੰਦਗੀ ਕਰਦਿਆਂ ਨੂੰ ਦੇਖ ਦਿਤੀ ਸੀ, ਡੇਰੇ ਪੈਣ ਤੇ ਸਬਜ਼ੀ ਹੋਣ ਜੋਗੀ। ਚੌਧਰੀ ਮੂਲ ਰਾਜ ਦਸ ਘੁਮਾਂ ਜ਼ਮੀਨ ਭੀ ਲੰਗਰ ਲਈ ਇਸ ਧਰਮਸ਼ਾਲਾ ਦੇ ਨਾਮ ਆਪਣੀ ਮਾਲਕੀ ਪਿੰਡ ਗਾਗੇ ਵਾਲੀ 'ਚੋਂ ਲਾਈ ਹੋਈ ਸੀ। ਸਿੱਖ ਜਾ ਹਿੱਸਾ ਠੇਕਾ ਲੈ ਆਉਂਦੇ ਸੀ। ਸੰਤ ਕੇਸਰ ਸਿੰਘ ਜੀ ਦੀ ਚੜ੍ਹਾਈ ਬਾਦ ਸਤਿਗੁਰੂ ਜੀ ਉਸ ਜ਼ਮੀਨ ਦਾ ਲਿਖਤੀ ਕੰਮ ਭੈਣੀ ਸਾਹਿਬ ਦੇ ਮਾਤਹਿਤ ਕਰਾਉਣ ਲਈ ਮੈਨੂੰ ਭੈਣੀ ਸਾਹਿਬੋਂ ਮੁਖਤਿਆਰਨਾਮਾ ਲਿੱਖ ਭੇਜਿਆ ਸੀ। ਮੈਂ ਪਟਵਾਰੀ ਨੂੰ ਮਿਲ ਲੰਗਰ ਭੈਣੀ ਸਾਹਿਬ ਦੇ ਨਾਮ ਜਾ ਚੜ੍ਹਾਈ ਸੀ। ਹੁਣ ਉਸ ਜ਼ਮੀਨ ਦਾ ਕਿਸੇ ਪਤਾ ਨਹੀਂ ਕੀਤਾ ਕਿ ਕਿੱਥੇ ਪਈ ਹੈ।"[11]

ਇਸ ਧਰਮਸ਼ਾਲਾ ਦੇ ਨੇੜੇ ਹੀ ਰਹੀਮ ਪਹਿਲਵਾਨ ਦਾ ਅਖਾੜਾ ਸੀ ਜਿਸ ਨੂੰ ਸੰਤ ਜੀ ਦੀ ਅਜ਼ਮਤ ਅਤੇ ਉਹਨਾਂ ਦੇ ਬਚਨਾਂ ਦੀ ਬਰਕਤ ਉੱਪਰ ਅਥਾਹ ਭਰੋਸਾ ਸੀ। ਇਸ ਨੂੰ ਖੁਸ਼ੀ ਵਿਚ ਆਏ ਸੰਤ ਵਰ ਵੀ ਦਿੰਦੇ ਸਨ। ਰਹੀਮ ਨੇ ਸੰਤ ਜੀ ਪਾਸ ਅਰਜ਼ ਕੀਤੀ ਕਿ ਮੈਂ ਢਾਹ ਨਾ ਖਾਵਾਂ। ਸੰਤ ਜੀ ਨੇ ਉਸ ਨੂੰ ਸੁਥਰਾ ਘੁਲਣ ਦੀ ਸਿੱਖਿਆ ਦਿਤੀ ਅਤੇ ਇਹ ਵੀ ਕਿਹਾ ਕਿ ਲੱਤ ਤੇ ਚਾਹੜ ਕੇ ਢਾਹੁਣ ਵਾਲਾ ਦਾਅ ਹੀ ਵਰਤੀਂ। ਆਪਣੇ ਪ੍ਰਮੇਸ਼ਰ ਨੂੰ ਸਿਮਰ ਕੇ ਅਖਾੜੇ ਵਿਚ ਜਾਈ। ਸੰਤ ਤਰਨ ਸਿੰਘ ਵਹਿਮੀ ਜੋ ਇਸੇ ਖਿੱਤੇ ਦੇ ਸਨ ਲਿਖਦੇ ਹਨ ਕਿ ਮੈਂ ਰਹੀਮ ਦੀ ਗੁੰਗੇ ਨਾਲ ਕੁਸ਼ਤੀ ਵੇਖੀ ਸੀ। ਇਸ ਨੇ ਬੁੱਢੇ ਵਾਰੇ, ਗੁੰਗੇ ਪਹਿਲਵਾਨ ਝਾਰਾਂ ਵਾਲੇ ਨੂੰ, ਲੱਤ ਤੇ ਚਾਹੜ ਢਾਹਿਆ ਸੀ। ਉਸ ਨੂੰ ਸੁੱਟ ਕੇ ਇਹ ਭੱਜ ਗਿਆ ਸੀ ਅਤੇ ਅੱਗੋ ਤੋਂ ਇਹ ਕਹਿਕੇ ਘੁਲਣਾ ਵੀ ਛੱਡ ਦਿਤਾ ਸੀ ਕਿ ਜਿੱਤਿਆ ਮੈਦਾਨ ਛੱਡਣਾ ਹੀ ਦਾਨਾਈ ਏ।[12]

1911 ਈ. ਦਾ ਅੱਸੂ ਦਾ ਮੇਲਾ, ਸਤਿਗੁਰੂ ਪਰਤਾਪ ਸਿੰਘ ਜੀ ਨੇ ਸ੍ਰ. ਸੁੰਦਰ

ਸਿੰਘ ਮਾਨ ਦੇ ਪਿੰਡ, ਮਾਨਾਂ ਵਾਲਾ ਬਾਰ ਵਿਚ ਕੀਤਾ। ਇਸ ਮੇਲੇ ਸਮੇਂ ਗੁਰੂ ਹਰੀ ਸਿੰਘ ਜੀ ਅਤੇ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਦੇ ਵੀ ਕੁਝ ਉਘੇ ਨਾਮਧਾਰੀ ਸੰਤ ਪੁੱਜੇ ਸਨ ਜਿਹਨਾਂ ਵਿਚ ਸ਼ਾਮਲ ਸਨ ਸਰਵ ਸੰਤ ਜਿਊਣ ਸਿੰਘ ਸਰਹਾਲੀ, ਕੇਸਰ ਸਿੰਘ ਮੁਹਾਵੇ ਵਾਲੇ, ਮਿਤ ਸਿੰਘ , ਭਗਤ ਸਿੰਘ ਦਾਤੇਵਾਲ, ਮੰਗਲ ਸਿੰਘ ਫਤੂਹੀ ਚੱਕ, ਲਾਲ ਸਿੰਘ ਭੂਰੇ ਗਿੱਲ, ਖੁਸ਼ਹਾਲ ਸਿੰਘ ਖਤਰਾ, ਸਾਉਣ ਸਿੰਘ ਤੇ ਟਹਿਲ ਸਿੰਘ ਸਦੋਵਾਲ, ਸੰਤ ਕੇਸਰ ਸਿੰਘ 'ਚੁੱਪ' ਸੇਖਮ ਅਤੇ ਕੇਸਰ ਸਿੰਘ ਜੀ ਚਵਿੰਡਾ।[13]

ਇਹ ਸੰਤ ਮੰਡਲੀਆਂ ਕਈ ਮਹੱਤਵਪੂਰਨ ਪੰਥਕ ਮਸਲਿਆਂ ਤੇ ਵਿਚਾਰਾਂ ਕਰਦੀਆਂ। ਜੇ ਕੋਈ ਮਸਲਾ ਸਤਿਗੁਰੂ ਜੀ ਦੇ ਧਿਆਨ ਵਿਚ ਲਿਆਉਣ ਵਾਲਾ ਹੁੰਦਾ ਤਾਂ ਉਹਨਾਂ ਪਾਸ ਬੇਨਤੀ ਕਰਕੇ ਸਮਾਧਾਨ ਕਰਦੀਆਂ।

ਸੰਤ ਕੇਸਰ ਸਿੰਘ ਜੀ ਚੁੱਪ ਜਦੋਂ ਖਿਹਾਲੀ ਦਰਵਾਜੇ ਗੁਜਰਾਂਵਾਲੇ ਧਰਮਸ਼ਾਲਾ ਬਣਾ ਰਹਿਣ ਲੱਗੇ ਤਾਂ ਸੰਤ ਲਹਿਣਾ ਸਿੰਘ ਜੀ ਘਰਜਾਖ ਦਾ ਬਚਨ ਪਾਸ ਆਉਣ ਵਾਲੇ ਸਿਖਾਂ ਨੂੰ ਸੁਣਾਉਂਦੇ ਕਿ ਜਦੋਂ ਮੈਨੂੰ ਚੁੱਪ ਧਾਰਨ ਕੀਤੀ ਨੂੰ ਕਈ ਵਰ੍ਹੇ ਬੀਤ ਗਏ ਤਾਂ ਬਾਬਾ ਜੀ ਨੇ ਕਿਹਾ ਸੀ ਕਿ ਸਾਧੂ ਦੇ ਬੋਲਣ ਤੋਂ ਹੀ ਸੰਸਾਰ ਨੂੰ ਵਿਚਾਰ ਮਿਲਦੀ ਹੈ। ਜਿਸ ਕਾਰਨ ਉਹ 1882 ਈ. ਤੋਂ ਬਾਅਦ ਬਚਨ ਕਰਨ ਲੱਗ ਪਏ ਸੀ।[14]

ਸੰਤ ਚੁੱਪ ਜੀ, ਸੰਤ ਕੇਸਰ ਸਿੰਘ ਜੀ ਚਵਿੰਡਾ ਜੀ ਦੇ ਗੁਜਰਾਂ ਵਾਲੇ ਆ ਟਿਕਣ ਦਾ ਸੱਬਬ ਬਣੇ ਸਨ। ਗੁਜਰਾਂ ਵਾਲੇ ਸ਼ਹਿਰ ਵਿਚ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੀ ਹਜ਼ੂਰੀ ਵਿਚ ਹਰ ਵਰ੍ਹੇ ਨਾਮਧਾਰੀ ਸੰਗਤ ਵੱਲੋਂ ਦੁਸਹਿਰੇ ਦਾ ਜੋੜ ਮੇਲਾ ਮਨਾਉਣ ਦੀ ਪ੍ਰਥਾ ਵੀ ਸੰਤ ਚੁੱਪ ਜੀ ਨੇ ਹੀ ਤੋਰੀ। ਇਸ ਵਿਚ ਸ਼ਹਿਰ ਅਤੇ ਆਲੇ ਦੁਆਲੇ ਦੇ ਪਿੰਡਾਂ ਦੀ ਬਹੁਤ ਸੰਗਤ ਜੁੜਦੀ ਸੀ।

ਸੰਨ 1924 ਈ. ਵਿਚ ਸਤਿਗੁਰੂ ਪਰਤਾਪ ਸਿੰਘ ਜੀ ਇਕ ਵੇਰ ਗੁਜਰਾਂਵਾਲੇ, ਸੰਤ ਚੁੱਪ ਜੀ ਦੇ ਡੇਰੇ ਤੇ ਗਏ। ਡੇਰੇ ਦੇ ਸੇਵਕ ਭਗਤ ਸਿੰਘ 'ਭਗਤ' ਜੋ ਵਧੀਆ ਸਿੱਖ ਸੀ ਉਸ ਤੋਂ ਜਲ ਪਾਣੀ ਛਕਕੇ ਆਪ ਨੇ ਫੁਰਮਾਇਆ ਕਿ ਸੰਤ ਚੁੱਪ ਜੀ ਦਾ ਮੁੱਢੋਂ ਹੀ ਬੰਦਗੀ, ਬਾਹਰ ਦੂਰ ਜਾ ਕਰਨ ਦਾ ਸੁਭਾਅ ਹੈ। ਬਚਪਨ ਵਿਚ ਜਦੋਂ ਮੈਨੂੰ ਮਾਤਾ ਨਿਕਲੀ ਸੀ ਤਾਂ ਸੰਤ ਜੀ ਉਦੋਂ ਗੁਪਤ ਰੂਪ ਵਿਚ ਹੁੰਦੇ ਲੰਗਰ ਵਾਲੇ ਭੋਰੇ ਵਿਚ, ਅਖੰਡ ਪਾਠਾਂ ਵਿਚ ਵੀ ਲੱਗਿਆ ਕਰਦੇ ਸਨ।[15]

ਸੰਤ ਕੇਸਰ ਸਿੰਘ ਜੀ 'ਚੁੱਪ' ਨੇ ਸੰਤ ਕੇਸਰ ਸਿੰਘ 'ਚਵਿੰਡਾ' ਦੇ ਅਕਾਲ ਚਲਾਣੇ ਬਾਰੇ ਸੰਗਤ ਨੂੰ ਦੋ ਦਿਨ ਪਹਿਲਾਂ ਦੱਸ ਦਿਤਾ ਸੀ।[16]

ਸਤਿਗੁਰੂ ਪਰਤਾਪ ਸਿੰਘ ਜੀ ਦੇ ਸ੍ਵੈ ਕਥਨ ਮੁਤਾਬਿਕ ਆਪ ਨੂੰ ਮਾਤਾ ਦੋ ਸਾਲ ਦੀ ਉਮਰ ਵਿਚ ਨਿਕਲੀ ਸੀ।[17] ਇਸ ਤੋਂ ਮਾਲੂਮ ਹੋਇਆ ਕਿ ਸੰਤ ਜੀ ਸੰਨ 1892 ਈ. ਵਿਚ ਸ੍ਰੀ ਭੈਣੀ ਸਾਹਿਬ ਗੁਰੂ ਹਰੀ ਸਿੰਘ ਜੀ ਦੀ ਸੇਵਾ ਵਿਚ ਪੁੱਜ ਚੁੱਕੇ ਸਨ।

ਕਿਉਂਕਿ ਲੰਮਾ ਸਮਾਂ ਸੰਤ ਕੇਸਰ ਸਿੰਘ ਜੀ ਚਵਿੰਡਾ ਆਪ ਜੀ ਦੀ ਸੋਅ ਸੁਣਕੇ ਹੀ ਗੁਜਰਾਂਵਾਲੇ ਨਗਰ ਵਿਖੇ ਆ ਕੇ ਰਹਿੰਦੇ ਰਹੇ ਸਨ। ਦੋਹਾਂ ਸਾਧੂਆਂ ਦਾ ਆਪਸ ਵਿਚ ਬਹੁਤ ਪ੍ਰੇਮ ਸੀ। ਸੰਤ ਚਵਿੰਡਾ ਵਾਲਿਆਂ ਦੇ ਚਲਾਣੇ ਤੋਂ ਦੋ ਕੁ ਸਾਲ ਮਗਰੋਂ ਹੀ

ਸੰਤ ਚੁੱਪ ਜੀ ਨੇ ਦਰਗਾਹੀ ਸਫਰ ਦੀ ਤਿਆਰੀ ਕਰ ਲਈ। ਇਸ ਸਮੇਂ ਸਰੀਰ ਕੁਝ ਅਸੁਅਸਥ ਜਾਣਕੇ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੇ ਇਕ ਵੇਰ ਚਰਨ ਪਰਸਣ ਅਤੇ ਅੰਤਿਮ ਵਿਦਾਇਗੀ ਲੈਣ ਦਾ ਫੁਰਨਾ, ਸੰਗਤ ਨਾਲ ਸਾਂਝਾ ਕੀਤਾ। ਦੋਹਾਂ ਸੰਤਾਂ ਦੇ ਤੇਜ ਪਰਤਾਪ ਸਦਕਾ ਗੁਜਰਾਂਵਾਲਾ ਵਿਖੇ ਮਿ. ਗੰਡਾ ਸਿੰਘ, ਗੁਰਦਿੱਤ ਸਿੰਘ ਜੀ ਘਿਉ ਵਾਲੇ, ਸੇਠ ਤੇਜਾ ਸਿੰਘ ਜੋ ਬਾਅਦ ਵਿਚ ਹੈਦਰਾਬਾਦ ਦੱਖਣ ਦੇ ਵਾਸੀ ਬਣੇ ਇਤਿਆਦਿਕ ਪ੍ਰੇਮੀ ਨਾਮਧਾਰੀ ਸਿੱਖ ਰਹਿੰਦੇ ਸਨ। ਸੰਤ ਤਰਨ ਸਿੰਘ ਵਹਿਮੀ ਦੀ ਲਿਖਤ ਮੁਤਾਬਿਕ, ਜੋ ਅਕਸਰ ਗੁਜਰਾਂਵਾਲੇ ਨਾਮਧਾਰੀ ਧਰਮਸ਼ਾਲਾ ਵਿਚ ਦੋਹਾਂ ਸੰਤਾਂ ਦੇ ਦਰਸ਼ਨ ਦੀਦਾਰਿਆਂ ਨਮਿੱਤ ਆਇਆ ਕਰਦੇ ਸਨ, "ਸਤਿਗੁਰੂ ਜੀ ਲਾਹੌਰ ਸੰਤ ਜੀ ਦੀ ਅੰਦਰਲੀ ਤਾਰ ਸੁਣ ਕਾਰ ਤੇ ਕਾਹਲ ਨਾਲ ਗੁਜਰਾਂਵਾਲੇ ਪੁੱਜੇ ਤੇ ਡੋਗਰਾਂ ਵਾਲੇ ਦੀ ਸੜਕ ਵਾਲੇ ਗੁਰਦੁਆਰੇ ਕਾਰ ਖਲਹਾਰ ਆਪ ਪੈਦਲ ਚੱਲ ਬਜ਼ਾਰ ਵਿਚੋਂ, ਬਿਹਾਰਾ ਸਿੰਘ ਜੀ, ਮਸਤਾਨੀ ਰੱਖੋ ਜੀ ਦੇ ਪਤੀ ਨੂੰ ਸਾਥ ਲੈ ਗਲੀਏ ਪੈ ਅਤਰ ਸਿੰਘ ਜੀ ਵੱਲ ਗਏ, ਸੰਤ ਚੁੱਪ ਜੀ ਜਿੱਥੇ ਯਾਦ ਕਰਦੇ ਸੀ। ਸੰਤ ਜੀ ਮੰਜੇ ਤੋਂ ਉਠ ਸਤਿਗੁਰੂ ਜੀ ਦੀ ਚਰਨੀਂ ਲੱਗੇ ਤੇ ਵੈਰਾਗ ਕਰਦਿਆਂ ਪ੍ਰੇਮ ਆਂਸੂ ਬਹਾਉਂਦਿਆਂ ਆਪਣੇ ਬੋਝੇ ਵਿਚੋਂ ਰੁਪਏ ਗਿਣਦੇ ਸਤਿਗੁਰੂ ਜੀ ਦੇ ਚਰਨਾਂ ਤੇ ਮੱਥਾ ਧਰ, ਜਦ ਤੇਰਾਂ ਤੇ ਗਏ ਤਾਂ ਰੁਪੈ ਮੁੱਠ ਵਿਚੋਂ ਮੁੱਕ ਗਏ, ਤੇ ਸੰਤ "ਮੈਂ ਤੇਰਾ, ਮੈਂ ਤੇਰਾ" ਕਹਿੰਦੇ, 19 ਵੈਸਾਖ 1984 ਬਿ. (ਮੁਤਾਬਿਕ ਮਈ 1927 ਈ.) ਨੂੰ ਚੜ੍ਹ ਗਏ।"[18]

ਸਰੀਰ ਠੀਕ ਨਾ ਹੋਣ ਕਾਰਨ ਗੁਜਰਾਂਵਾਲਾ ਨਿਵਾਸੀ ਸੰਤ ਅਤਰ ਸਿੰਘ ਜੀ, ਉਹਨਾਂ ਨੂੰ ਸੇਵਾ ਕਰਨ ਵਾਸਤੇ ਆਪਣੇ ਘਰ ਬੇਨਤੀ ਕਰਕੇ ਲੈ ਆਏ ਸਨ। ਸੰਗਤ ਵੱਲੋਂ ਜੋ ਮਾਇਆ ਦੋਹਾਂ ਸੰਤਾਂ ਪਾਸ ਆਉਂਦੀ ਉਹ ਧਰਮਸ਼ਾਲਾ ਦੇ ਲੰਗਰ ਵਿਚ ਪੈ ਜਾਂਦੀ। ਲੰਗਰ ਦੀ ਲੋੜ ਨੂੰ ਮੁੱਖ ਰੱਖ, ਸੰਤ ਚਵਿੰਡਾ ਜੀ ਆਪ ਨੂੰ ਭੇਟ ਰੂਪ ਮਿਲੇ ਇਕ ਰੁਪੈ ਵਿਚੋਂ ਅੱਠ ਆਨੇ ਸੰਤ ਚੁੱਪ ਨਮਿਤ ਰੱਖ ਕੇ ਬਾਕੀ ਡੇਰੇ ਵਿਚ ਰਹਿਣ ਵਾਲੇ ਸਾਧੂਆਂ ਨੂੰ ਉਹਨਾਂ ਦੀ ਲੋੜ ਮੁਤਾਬਿਕ ਵੰਡ ਦਿਆ ਕਰਦੇ ਸਨ। ਉਹ ਆਪਣੇ ਪਾਸ ਇਕ ਆਨਾ ਹੀ ਰੱਖਦੇ (ਰੁਪੈ ਦਾ ਸੋਲਵਾਂ ਭਾਗ) ਤੇ ਇਹਨੂੰ ਵੀ ਪਰਨੇ ਨਾਲ ਬੰਨ੍ਹਕੇ ਲਮਕਾ ਛੱਡਦੇ। ਇਹ ਭੈਣੀ ਸਾਹਿਬ ਲੰਗਰ ਵਾਸਤੇ ਸਤਿਗੁਰੂ ਜੀ ਨੂੰ ਭੇਟ ਕਰ ਦਿੰਦੇ। ਇਸੇ ਅਸੂਲ ਤੇ ਚੱਲਦਿਆਂ ਸੰਤ ਚੁੱਪ ਪਾਸ ਜੋ ਤੇਰਾਂ ਰੁਪੈ ਬਚੇ ਸਨ ਉਹ ਉਹਨਾਂ ਭੈਣੀ ਸਾਹਿਬ ਵਿਚ 'ਪਰਦੇਸੀ ਪ੍ਰੀਤਮ' ਦੇ ਚਾਲੂ ਕੀਤੇ ਲੰਗਰ ਵਿਚ ਪੁਚਾਉਣ ਲਈ ਹਾਜ਼ਰਾ ਹਜੂਰ ਸਤਿਗੁਰੂ ਜੀ ਨੂੰ ਸਉਂਪ ਕੇ, ਬੇਫ਼ਿਕਰ ਹੋ ਕੇ ਲੰਮੇ ਪੰਧ ਦੇ ਪਾਂਧੀ ਬਣ ਗਏ ਸਨ। ਸੰਤ ਜੀ ਸਾਰੀ ਉਮਰ ਬਿਹੰਗਮ ਰਹੇ। ਉਹਨਾਂ ਦੇ ਪਰਿਵਾਰ ਬਾਰੇ ਸਾਡੇ ਸਰੋਤਾਂ ਵਿਚ ਕੋਈ ਜਾਣਕਾਰੀ ਨਹੀਂ ਮਿਲਦੀ। ਸੰਤ ਜੀ ਦੇ ਅੰਤਿਮ ਸਮੇਂ ਨੂੰ ਬੜੀ ਬਿਹਬਲਤਾ ਨਾਲ ਭਾਈ ਬਾਹੋਵਾਲ ਦੀ ਪਰੰਪਰਾ ਨੂੰ ਅੱਗੇ ਤੋਰਨ ਵਾਲੇ ਸਾਡੇ ਕੌਮੀ ਕਵੀ ਸੰਤ ਤਰਨ ਸਿੰਘ ਵਹਿਮੀ ਦੀ ਮਸਤਾਨੀ ਲੇਖਣੀ ਨੇ ਇਉਂ ਚਿਤਰਿਆ ਹੈ, "ਸਤਿਗੁਰੂ ਜੀ ਸੰਤਾਂ ਦੇ ਸੀਸ ਤੇ ਕੰਡ ਤੇ ਕਰ ਕਮਲ ਰੱਖ, ਵੈਰਾਗੀ ਹੋਇ ਕਹਿ ਰਹੇ ਸੀ ਕਿ ਸੰਤ ਜੀ ਆਪ

ਤੇ ਸਤਿਗੁਰੂ ਰਾਮ ਸਿੰਘ ਜੀ ਤੋਂ ਵਰੋਸਾਏ ਭਜਨ ਦੀ ਮੂਰਤੀ ਹੋ।" ਇਹ ਸੁਣ ਸਾਧ ਸੰਗਤ ਭੀ ਬਹੁਤ ਵੈਰਾਗ ਵਿਚ ਹੋ ਗਈ ਸੀ। ਸਤਿਗੁਰੂ ਜੀ ਸੰਤ ਜੀ ਪਾਸੋਂ ਗੁਰਦੁਆਰੇ ਆਏ ਜਲ ਛਕਿਆ ਤੇ ਸਾਧ ਸੰਗਤ ਜੁੜੀ ਨਾਲ ਪੁਰਾਣੇ ਸਾਧੂਆਂ ਦੇ ਬਚਨ ਕਰਦਿਆਂ, ਸੰਤ ਕੇਸਰ ਸਿੰਘ ਜੀ ਬਾਬਤ ਦੱਸਿਆ ਕਿ ਇਹਨਾਂ ਨੇ ਭਜਨ, ਸਤਿਗੁਰੂ ਰਾਮ ਸਿੰਘ ਜੀ ਪਾਸੋਂ ਗਿੱਲੀਂ ਅਮਰ ਸਿੰਘ ਦੇ ਘਰ ਦੀਵਾਨ ਲੱਗੇ ਸਮੇਂ ਲਿਆ ਸੀ। ਬੀਬੀ ਦੈਆ ਕੌਰ ਮਸਤਾਨੀ ਹੋਈ ਨੂੰ ਕਿਹਾ ਸੀ ਕਿ ਉਹ ਝੁੰਬੀ ਮਾਰੀ ਵਾਲੇ ਨੂੰ ਲੈ ਆ। ਤੇ ਇਹਨਾਂ ਨੂੰ ਕਿਹਾ ਸੀ "ਆਤਰੇ ਰਿਖੀ ਜੀ" ਇਹ ਇਕ ਰਸ ਉਸੇ ਲਿਵ ਵਿਚ ਸ਼ਬਦ-ਅਭਿਆਸ ਵਿਚ ਅੱਠੇ ਪਹਿਰ, ਨਾਮ ਜਪਦੇ ਨਿਭੇ ਹਨ।"[19]

ਸਾਧ ਸੰਗਤ ਨੂੰ ਇਸੇ ਗੁਰਦੁਆਰੇ ਵਿਚ ਸੰਤਾਂ ਦਾ ਸਸਕਾਰ ਕਰਨ ਲਈ ਕਹਿ ਕੇ ਸਤਿਗੁਰੂ ਜੀ ਵਿਦਾ ਹੋਏ। ਸ਼ਹਿਰ ਦੇ ਪਹਾੜ ਵਾਲੇ ਪਾਸੇ ਵਾਲੇ ਨਾਮਧਾਰੀ ਗੁਰਦੁਆਰੇ ਵਿਚ ਸੰਤ ਜੀ ਦਾ ਸਸਕਾਰ ਹੋਇਆ। ਉਹਨਾਂ ਦੇ ਅੰਗੀਠੇ ਵਾਲੀ ਜਗ੍ਹਾ ਤੇ ਇਕ ਬਹੁਤ ਵੱਡਾ ਹਵਾਦਾਰ ਕਮਰਾ, ਸੰਗਤ ਨੇ ਮਿਲਕੇ ਬਣਾਇਆ ਜਿਸ ਵਿਚ ਸੰਗਤਾਂ ਦੇ ਜੋੜ ਮੇਲੇ ਹੁੰਦੇ ਸਨ। ਸੰਤ ਜੀ ਦਾ ਭੋਗ ਸਮਾਗਮ ਧੂਮਧਾਮ ਨਾਲ ਹੋਇਆ। ਗੁਜਰਾਂਵਾਲਾ ਸ਼ਹਿਰ ਅਤੇ ਆਸ ਪਾਸ ਦੇ ਨਗਰਾਂ ਹਿੰਦੂ ਚੱਕ, ਸਹਿੰਸਰਾ, ਕੋਰੋਂਟਾਣਾ, ਬੌਰੇ ਲਾਲੇ ਪੁਰ, ਸਹਾਰਨ, ਵਰਪਾਲ, ਮਸੈਕੇ ਵਾਲੀ, ਝਿਗੜੀ, ਖੋਖਰਕੇ ਆਦਿ ਵਿਚ ਸੰਤ ਚੁੱਪ ਜੀ ਨੇ ਸਤਿਗੁਰੂ ਰਾਮ ਸਿੰਘ ਦੀ ਸਿੱਖੀ ਬਹੁਤ ਫੈਲਾਈ ਸੀ।

ਆਪ ਜੀ ਸਾਰੀ ਉਮਰ ਸਹਿਜ ਅਵਸਥਾ ਵਿਚ ਹੀ ਵਿਚਰਦੇ ਰਹੇ। ਜੋ ਅਨੰਦ ਉਹਨਾਂ ਨੇ ਜੁਆਨੀ ਚੜ੍ਹਦਿਆਂ, ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਸਮੇਂ ਪਰਾਪਤ ਕੀਤਾ ਉਸੇ ਅਨੰਦ ਦੀ ਅਵਸਥਾ ਵਿਚ ਹੀ ਉਹਨਾਂ, ਸਾਰੀ ਉਮਰ ਗੁਰੂ ਹਰੀ ਸਿੰਘ ਜੀ ਅਤੇ ਸਤਿਗੁਰੂ ਪਰਤਾਪ ਸਿੰਘ ਨਾਲ ਲਿਵ ਜੋੜ ਕੇ ਬਤੀਤ ਕੀਤੀ। ਸੰਤ ਇੰਦਰ ਸਿੰਘ ਚੱਕਰ- ਵਰਤੀ ਮੁਤਾਬਿਕ ਉਹ ਰਸਾਂ ਕਸਾਂ ਤੋ ਉਪਰਾਮ ਸਨ।[20] ਇਸੇ ਆਤਮਕ ਅਨੰਦ ਸਦਕਾ ਉਹ ਭਜਨ ਕਰਦਿਆਂ ਬਦੇਹ ਹੋ ਜਾਂਦੇ ਸਨ। ਸਤਿਗੁਰੂ ਰਾਮ ਸਿੰਘ ਜੀ ਦੇ ਸਾਜੇ ਪੰਥ ਵਿਚੋਂ, ਨਾਮਧਾਰੀ ਸਾਧੂਆਂ ਦੀ ਕੇਸਰ ਕਿਆਰੀ ਦੀ ਮਹਿਕ ਹਮੇਸ਼ਾ ਆਉਂਦੀ ਰਹੇਗੀ।

## ਹਵਾਲੇ ਤੇ ਟਿੱਪਣੀਆਂ


1-2. ਅੱਖੀਂ ਡਿੱਠਾ ਕਿੱਸਾ ਕੀਤਾ (ਜਥੇਦਾਰ ਗੁਰਮੁਖ ਸਿੰਘ ਝੱਬਰ ਦੀਆਂ ਯਾਦਾਂ ਦੇ ਝਰੋਖੇ ਚੋਂ) ਸੰਪਾਦਕ਼ ਸੁਵਰਨ ਸਿੰਘ ਵਿਰਕ, ਸ੍ਰੀ ਭੈਣੀ ਸਾਹਿਬ, 2013, ਸਫਾ 57

3. ਕੂਕਾਜ਼ ਆਫ ਨੋਟ ਇਨ ਦਾ ਪੰਜਾਬ (ਦਸਤਾਵੇਜ਼ 1881), ਸੰ. ਜਸਵਿੰਦਰ ਸਿੰਘ, ਸਫਾ 8.

4. ਸਤਿਗੁਰੂ ਬਿਲਾਸ ਭਾਗ ਦੂਜਾ, ਸੰਤ ਸੰਤੋਖ ਸਿੰਘ ਬਾਹੋਵਾਲ, ਸੰ. ਜਸਵਿੰਦਰ ਸਿੰਘ, ਸਫਾ 285

5. ਸਤਿਜੁਗ ਦਾ ਸੰਤ ਅੰਕ 9 ਚੇਤਰ ਸੰ. 1996 ਬਿ., ਸ੍ਰੀ ਬਾਬਾ ਕੇਸਰ ਸਿੰਘ ਜੀ "ਚੁੱਪ", ਸੰਤ ਤਰਨ ਸਿੰਘ ਵਹਿਮੀ ਦਾ ਲੇਖ, ਸਫਾ 14।
6. ਸਤਿਗੁਰੂ ਬਿਲਾਸ ਭਾਗ ਪਹਿਲਾ, ਸੰਤ ਸੰਤੋਖ ਸਿੰਘ ਬਾਹੋਵਾਲ, ਸੰ. ਜਸਵਿੰਦਰ ਸਿੰਘ, ਸਫਾ 299.
7. ਸਤਿਜੁਗ ਦਾ ਸੰਤ ਅੰਕ, ਸਫਾ 142
8. ਉਪਰੋਕਤ, ਸਫਾ 142-43
9. ਸਤਿਗੁਰੂ ਬਿਲਾਸ ਭਾਗ ਦੂਜਾ, ਸਫਾ 197-98
10. ਸੰਤ ਅੰਕ, ਸਫਾ 143
11. ਜੱਸ ਜੀਵਨ, ਭਾਗ ਪਹਿਲਾ, ਸੰਤ ਤਰਨ ਸਿੰਘ ਵਹਿਮੀ, ਸਫਾ 255
12. ਉਪਰੋਕਤ, ਸਫਾ 255-56
13. ਉਪਰੋਕਤ, ਸਫਾ 114
14. ਉਪਰੋਕਤ, ਸਫਾ 186
15. ਜੱਸ ਜੀਵਨ, ਭਾਗ ਦੂਜਾ, ਸਫਾ 118
16. ਉਪਰੋਕਤ, ਸਫਾ 135
17. ਲਾਲ ਏਹਿ ਰਤਨ, ਉਪਦੇਸ਼ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ, ਭਾਗ 5, ਸੰ. ਪ੍ਰਿੰ. ਬੇਅੰਤ ਕੌਰ
18. ਜੱਸ ਜੀਵਨ, ਭਾਗ ਦੂਜਾ ਸੰਤ ਤਰਨ ਸਿੰਘ ਵਹਿਮੀ, ਸਫਾ 167
19. ਉਪਰੋਕਤ, ਸਫਾ 168
20. ਕੂਕਿਆਂ ਬਾਰੇ, ਸੰਤ ਇੰਦਰ ਸਿੰਘ ਚੱਕਰਵਰਤੀ, ਸਫਾ 301

# ਸੇਵਾ ਸਿਮਰਨ ਦੀ ਮੂਰਤੀ- ਸੰਤ ਕੇਸਰ ਸਿੰਘ ਜੀ ਚਵਿੰਡਾ

ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ ਗਵਨ ਬਾਅਦ, ਨਾਮਧਾਰੀ ਪੰਥ ਤੇ ਸੰਕਟਾਂ ਦੇ ਬੱਦਲ ਘਿਰ ਆਏ ਸਨ ਤਕਰੀਬਨ ਵੀਹ ਵਰ੍ਹੇ ਗੁਰੂ ਹਰੀ ਸਿੰਘ ਜੀ ਕੇਂਦਰੀ ਜਾਂ ਪੱਛਮੀ ਪੰਜਾਬ ਵਿਚ ਨਹੀਂ ਜਾ ਸੱਕੇ। ਸ਼ਹੀਦ ਭਗਤ ਸਿੰਘ ਹੋਰਾਂ ਦੇ ਲਿਖਣ ਮੁਤਾਬਿਕ ਸਮੁੱਚੇ ਨਾਮਧਾਰੀ ਜਾਂ ਕੂਕਿਆਂ ਦੇ ਫਿਰਕੇ ਨੂੰ ਗੈਰ ਕਾਨੂੰਨੀ ਕਰਾਰ ਦੇ ਦਿਤਾ ਗਿਆ ਸੀ, ਉਹ ਆਪਣੀਆਂ ਰੋਜ਼ਾਨਾ ਧਾਰਮਿਕ ਗਤੀ ਵਿਧੀਆਂ, ਅਖੰਡ ਪਾਠ, ਹਵਨ ਯੱਗ, ਵਰਨੀਆਂ, ਦੀਵਾਨ ਆਦਿ ਨਹੀਂ ਕਰ ਸੱਕਦੇ ਸਨ। ਇਸੇ ਸਮੇਂ ਪਰਦੇਸੀ ਬੰਦੀਖਾਨੇ ਵਿਚ ਬਿਰਾਜਮਾਨ ਸਤਿਗੁਰੂ ਰਾਮ ਸਿੰਘ ਜੀ, ਆਪਣੀ ਸੰਗਤ ਨੂੰ ਵੱਧ ਤੋਂ ਵੱਧ ਸੇਵਾ, ਸਿਮਰਨ ਅਤੇ ਸ੍ਰੀ ਆਦਿ ਗੁਰੂ ਗਰੰਥ ਸਾਹਿਬ ਦੇ ਜ਼ਿਆਦਾ ਤੋਂ ਜ਼ਿਆਦਾ, ਪਾਠ ਕਰਨ ਵਾਸਤੇ, ਹੁਕਮਨਾਮੇ ਭੇਜਦੇ ਰਹਿੰਦੇ ਸਨ। ਜਦੋਂ ਕਿਸੇ ਅੰਦੋਲਨ ਨੂੰ ਇਸ ਤਰ੍ਹਾਂ ਸਖਤੀ ਨਾਲ ਕੁਚਲਣ ਦੀ ਕੁਚੇਸ਼ਟਾ ਕੀਤੀ ਜਾਂਦੀ ਹੈ ਤਾਂ ਉਸ ਨਾਲ ਸੰਬੰਧਿਤ ਲੋਕ ਸੰਘਰਸ਼ ਦੇ, ਨਵੇਂ ਰੂਪ ਈਜਾਦ ਕਰ ਲੈਂਦੇ ਹਨ। ਉਹ ਕਈ ਵਾਰ ਗੋਸ਼ਾ ਨਸ਼ੀਨ ਹੋਕੇ, ਇਕ ਥਾਂ ਟਿਕ ਬੈਠਦੇ ਹਨ ਅਤੇ ਆਪਣੇ ਇਸ਼ਟ/ ਮੁਰਸ਼ਦ ਦੀ ਯਾਦ ਨੂੰ ਆਪਣਾ ਕੀਮਤੀ ਸਰਮਾਇਆ ਸਮਝ ਕੇ, ਅੱਠੇ ਪਹਿਰ ਉਸਦਾ ਵਿਰਦ ਕਰਦੇ ਰਹਿੰਦੇ ਹਨ। ਉਸ ਦੀ ਯਾਦ ਵਿਚ ਆਪ ਮਸਤ ਰਹਿੰਦੇ ਹਨ ਅਤੇ ਉਸ ਦੇ ਹੋਰ ਪਿਆਰਿਆਂ ਨੂੰ ਮੀਤ ਸੱਜਣ ਦੀਆਂ ਬਾਤਾਂ ਸੁਣਾ ਸੁਣਾ ਕੇ, ਉਹਨਾਂ ਦੁਆਰਾ ਦਰਸਾਏ ਮਾਰਗ ਤੇ ਅੱਗੇ ਵਧਣ ਲਈ ਪ੍ਰੇਰਦੇ ਰਹਿੰਦੇ ਹਨ। ਸੂਫ਼ੀ ਮੱਤ ਵਿਚ ਵੀ ਸਾਨੂੰ ਅਜੇਹੇ ਸਾਧਕਾਂ ਦੇ ਦਰਸ਼ਨ ਹੁੰਦੇ ਹਨ ਜੋ ਇਸਲਾਮ ਦੇ ਨਾਂ ਤੇ ਰਾਜ ਕਰਨ ਵਾਲੇ ਹਾਕਮਾਂ ਦੇ, ਦਬਦਬੇ ਅਤੇ ਸਖਤੀਆਂ ਦੇ ਵਿਰੁੱਧ ਵਲੂੰਧਰੇ ਲੋਕ ਹਿਰਦਿਆਂ ਤੇ ਆਪਣੇ ਮਿੱਠੇ ਬੋਲਾਂ ਦੇ ਫਹੇ ਧਰਦੇ ਰਹਿੰਦੇ ਸਨ। ਉਹ ਸਤਾਈ ਤੇ ਤਰਾਹੀ ਲੋਕਾਈ ਵਾਸਤੇ, ਆਪੋ ਆਪਣੇ ਖਿੱਤਿਆਂ ਵਿਚ, ਅੰਬਰ ਦੇ ਤਾਰੇ ਬਣਕੇ ਹਨੇਰੀਆਂ ਵਾਟਾਂ ਰੁਸ਼ਨਾਉਂਦੇ ਰਹਿੰਦੇ ਸਨ। ਪੱਛਮੀ ਤੇ ਕੇਂਦਰੀ ਪੰਜਾਬ ਵਿਚ ਇੱਕੋ ਨਾਂ ਦੇ ਤਿੰਨ ਨਾਮਧਾਰੀ ਸੰਤ, ਜੋ ਸਮਕਾਲੀ ਵੀ ਸਨ ਨਾਮਧਾਰੀ ਪੰਥ ਦੀ ਕੇਸਰ-ਕਿਆਰੀ ਦੇ ਤੌਰ ਤੇ ਵਖਿਆਤ ਹੋਏ। ਕੂਕਾ ਸਾਹਿਤਕਾਰਾਂ ਨੇ ਉਹਨਾਂ ਦੀ ਕਾਰ ਗੁਜ਼ਾਰੀ ਦਾ ਉੱਚ ਮੁਲੰਕਣ ਕੀਤਾ ਹੈ-"ਕੱਲਰਾਂ ਵਿਚ ਕੌਲ ਟਹਿਕਣ ਲੱਗ ਪਏ/ ਕੇਸਰ ਕਿਆਰੀਆਂ ਸਭ ਥਾਈਂ।

ਗਲੀਆਂ ਵਿਚ ਕੇਸਰ/ਪੈਲੀਆਂ ਵਿਚ ਕੇਸਰ/ ਢਠਵਾਹੇ 'ਚ ਕੇਸਰ,
ਮੈਦਾਨਾਂ ਵਿਚ ਕੇਸਰ/ਬੰਜਰਾਂ 'ਚ ਕੇਸਰ/ ਕੇਸਰ! ਕੇਸਰ! ਕੇਸਰ![1]

ਇਹ ਸਾਧੂ ਸਨ ਸੰਤ ਕੇਸਰ ਸਿੰਘ ਮੁਹਾਵਾ, ਸੰਤ ਕੇਸਰ ਸਿੰਘ ਚੁੱਪ ਅਤੇ ਸੰਤ ਕੇਸਰ ਸਿੰਘ ਜੀ ਚਵਿੰਡਾ। ਇਹਨਾਂ ਦੀ ਪ੍ਰਸਿੱਧੀ ਅਤੇ ਅਜ਼ਮਤ ਦਾ ਸਮਾਂ, ਉਨ੍ਹੀਵੀਂ

ਸਦੀ ਦੇ ਆਖਰੀ ਦਹਾਕੇ ਤੋਂ ਲੈਕੇ, ਵੀਹਵੀਂ ਸਦੀ ਦੇ ਪਹਿਲੇ ਢਾਈ ਦਹਾਕੇ ਸਨ। ਸੰਤ ਕੇਸਰ ਸਿੰਘ ਜੀ ਚਵਿੰਡਾ ਦਾ ਜਨਮ ਪਿਤਾ ਸ੍ਰ. ਗੁਰਦਿਤ ਸਿੰਘ ਅਤੇ ਮਾਤਾ ਬੀਬੀ ਪ੍ਰੇਮ ਕੌਰ ਦੇ ਘਰ, ਸਿਆਲਕੋਟ (ਪੱਛਮੀ ਪੰਜਾਬ) ਦੇ ਮਸ਼ਹੂਰ ਪਿੰਡ ਵਿਚ, ਇਕ ਕਿਸਾਨ ਪਰਿਵਾਰ ਵਿਚ ਹੋਇਆ। ਚਵਿੰਡਾ ਜਿਸ ਵਿਚ ਸ੍ਰੀ ਬਾਬਾ ਜੀ ਨੇ ਜਨਮ ਲਿਆ, ਚੀਨੀ ਵਾਲੇ ਸੋਹਣੇ ਪਾਤਸ਼ਾਹ ਦੇ ਚਰਨ ਪਰਸਨ ਕਰਕੇ, ਅੱਗੇ ਹੀ ਧੰਨ ਹੋ ਚੁੱਕਾ ਸੀ। ਉਸ ਦੀ ਖਾਕ ਤਾਰਨਹਾਰ ਸਾਂਈ ਦੇ ਕਦਮਾਂ ਨੇ ਅਸਰ ਵਾਲੀ ਬਣਾ ਦਿਤੀ ਸੀ। ਉਹ ਖੂਹ ਜੋ ਹਜ਼ੂਰ ਦੇ ਬਚਨ ਨਾਲ ਖਾਰਿਉ ਮਿੱਠਾ ਹੋਇਆ ਸੀ, ਚਵਿੰਡਾ ਵਾਸੀਆਂ ਨੂੰ ਇਹ ਸਦਾ ਚੇਤਾ ਕਰਾਉਂਦਾ ਰਹਿੰਦਾ ਹੈ ਕਿ ਸਤਿਗੁਰੂ ਆਇਆ ਸੀ, ਜਿਸ ਦੇ ਬਚਨਾਂ ਨਾਲ ਖਾਰੇ ਪਾਣੀ ਮਿੱਠੇ ਹੋ ਜਾਂਦੇ ਹਨ। ਉਸ ਪਾਵਨ ਫੇਰੀ ਤੋਂ ਲੈਕੇ ਚਵਿੰਡੇ ਵਿਚ ਸੰਗਤਾਂ ਦੀ ਆਵਾਜਾਈ ਰਹਿੰਦੀ ਸੀ। ਆਪ ਦੇ ਪਿਤਾ ਨਾਮਧਾਰੀ ਨਹੀਂ ਸਨ, ਪਰ ਪੁਰਾਤਨ ਗੁਰਸਿੱਖੀ ਦਾ ਅਸਰ ਅਤੇ ਸਾਧ ਸੰਗਤ ਦਾ ਪ੍ਰਭਾਵ ਉਹਨਾਂ ਉਪਰ ਚੋਖਾ ਸੀ। .. ਦੜਪ ਦੀ ਸਿੱਖੀ ਸਬੰਧੀ, ਸ੍ਰੀ ਸਤਿਗੁਰੂ ਜੀ ਬਚਨ ਕੀਤਾ ਕਰਦੇ ਸਨ- "ਭਾਈ ਮੈਂ ਜਿੱਥੇ ਜਿੱਥੇ ਨਾਮ ਬੀਜਣ ਜਾਂਦਾ ਰਿਹਾ ਹਾਂ, ਮੈਂ ਵੇਖਦਾ ਰਿਹਾ ਹਾਂ ਕਿ ਕਈ ਥਾਂਵਾਂ ਤਾਂ ਏਨੀਆਂ ਸੁਰੈਣ ਤੇ ਉਪਜਾਊ ਨਿਕਲ ਦੀਆਂ ਸਨ, ਕਿ ਬੀਜ ਅਜੇ ਰਲਦਾ ਹੀ ਸੀ ਕਿ ਖੇਤੀ ਪੱਲਰ ਕੇ ਮੂਧੀ ਹੁੰਦੀ ਦਿਸਣ ਲੱਗ ਪੈਂਦੀ ਸੀ।"(2) ਆਪ ਜੀ ਦਾ ਜਨਮ ਵਰ੍ਹਾ ਅਨੁਮਾਨਿਤ 1835 ਈ. ਹੈ। ਅੰਗਰੇਜ਼ੀ ਵਿਚ ਸੰਤ ਕੇਸਰ ਸਿੰਘ ਜੀ ਚਵਿੰਡਾ ਬਾਰੇ ਕਿਤਾਬ " ਚਵਿੰਡੇ ਦੇ ਸੰਤ" ਦੇ ਲੇਖਕ, ਸ੍ਰ. ਸੰਤ ਸਿੰਘ ਪਿਤਾ ਗੁਰਦਿਤ ਸਿੰਘ ਅਤੇ ਪੱਤਰ ਕੇਸਰ ਸਿੰਘ ਨੂੰ, ਗੁਰੂ ਰਾਮ ਸਿੰਘ ਜੀ ਤੋਂ ਨਾਮ ਦੀ ਦਾਤ ਪ੍ਰਾਪਤ ਕਰਨ ਵਾਲੇ ਲਿਖਦੇ ਹਨ।(3) ਜਦੋਂ ਕਿ ਸੰਤ ਅੰਕ ਵਿਚ ਛਪੇ, ਸੰਤ ਤਰਨ ਸਿੰਘ ਵਹਿਮੀ ਜੀ ਦੇ ਲੇਖ ਮੁਤਾਬਿਕ ਸੰਤ ਕੇਸਰ ਸਿੰਘ ਜੀ ਨੇ ਭਜਨ ਸੰਤ ਜਮੀਅਤ ਸਿੰਘ ਗਿੱਲ ਹੋਰਾਂ ਦੇ ਟਿਕਾਣੇ ਤੇ ਸੂਬਾ ਬ੍ਰਹਮਾ ਸਿੰਘ ਜੀ ਪਾਸੋ ਲਿਆ ਸੀ। ਇਸੇ ਅੰਕ ਵਿਚ ਛਪੇ ਸੰਤ ਭਗਤ ਸਿੰਘ ਦਾਤੇ ਵਾਲੀਏ ਦੇ ਲੇਖ ਮੁਤਾਬਿਕ, ਸੰਤ ਕੇਸਰ ਸਿੰਘ ਜੀ ਨੇ ਭਜਨ ਸਤਿਗੁਰੂ ਰਾਮ ਸਿੰਘ ਜੀ ਤੋਂ ਪੁੱਛਣ ਬਾਅਦ, ਬਾਬਾ ਜਮੀਅਤ ਸਿੰਘ ਹੋਰਾਂ ਦੇ ਲੰਗਰ ਦੀ ਸੇਵਾ ਪੂਰੇ 13 ਸਾਲ ਉੱਥੇ ਰਹਿਕੇ ਨਿਬਾਹੀ ਸੀ।(4) ਸ੍ਰ. ਸੰਤ ਸਿੰਘ ਆਪਣੇ ਕਥਨ ਦੀ ਪੁਸ਼ਟੀ ਹਿੱਤ ਆਪਣੇ ਸਹੁਰਾ ਸਾਹਿਬ, ਮਿਸਤਰੀ ਗੰਡਾ ਸਿੰਘ ਜੀ ਸੂਬਾ ਦਿੱਲੀ ਦਾ ਹਵਾਲੇ ਦਿੰਦੇ ਹਨ, ਜਿਹਨਾਂ ਪਾਸ ਗੁਜਰਾਂਵਾਲੇ ਸ਼ਹਿਰ ਵਿਚ ਸੰਤ ਜੀ ਮਹਾਰਾਜ ਕਈ ਕਈ ਦਫਾ ਟਿਕਾਣਾ ਕਰਿਆ ਕਰਦੇ ਸਨ। ਸਾਡੇ ਲਈਂ ਸਤਿਗੁਰੂ ਰਾਮ ਸਿੰਘ ਜੀ ਅਤੇ ਉਹਨਾਂ ਦੁਆਰੇ ਨਿਵਾਜੇ ਸੂਬਾ ਬ੍ਰਹਮਾ ਸਿੰਘ ਜੀ ਦੋਵੇਂ ਹੀ ਸਤਕਾਰ ਦੇ ਪਾਤਰ ਹਨ। ਸੰਤ ਕੇਸਰ ਸਿੰਘ ਜੀ ਨੇ ਅੰਮ੍ਰਿਤ ਅਤੇ ਨਾਮ ਦੀ ਦਾਤ ਸ਼ੁਰੂ 1863 ਈ. ਵਿਚ ਪ੍ਰਾਪਤ ਕੀਤੀ ਜਦੋਂ ਸਤਿਗੁਰੂ ਰਾਮ ਸਿੰਘ ਜੀ ਨੇ ਦੜਪ ਦੇ ਇਸ ਖਿੱਤੇ ਦਾ ਦੌਰਾ ਕੀਤਾ ਸੀ ਅਤੇ ਆਪ ਚਵਿੰਡੇ ਅਤੇ ਗਿੱਲ ਆਦਿਕ ਨਗਰਾਂ ਵਿਚ, ਆਪਣੇ ਪਰਮੁੱਖ ਸੂਬਿਆਂ ਸਮੇਤ ਦਰਸ਼ਨ ਦਿਤੇ ਸਨ। ਵਹਿਮੀ ਜੀ ਦੀ ਲਿਖਤ ਮੁਤਾਬਿਕ ਉਸ ਸਮੇਂ ਸੰਤ ਜੀ ਦੀ ਉਮਰ 28-29 ਸਾਲ ਸੀ, ਜਦੋਂ ਆਪ ਨੇ ਗਿੱਲ ਪਿੰਡ ਤੋਂ ਸਖਾਣੇ ਸ਼ਾਹ ਹੁਕਮ

ਸਿੰਘ ਪਾਸ ਜਾਣ ਦੀ ਤਿਆਰੀ ਕੀਤੀ। ਇਸ ਤੋਂ ਪਹਿਲਾਂ 13 ਸਾਲ ਭਜਨ ਪੁੱਛਣ ਬਾਅਦ ਆਪ ਦਾ ਗਿੱਲਾਂ ਵਿਖੇ ਬਾਬਾ ਜਮੀਅਤ ਸਿੰਘ ਹੋਰਾਂ ਦੇ ਡੇਰੇ ਤੇ ਰਹਿ ਕੇ ਸੇਵਾ ਕਰਨ ਦਾ ਵਰਣਨ ਵੀ ਮਿਲਦਾ ਹੈ। ਆਪ ਦੇ ਚਲਾਣੇ ਦੀ ਤਾਰੀਖ ਬਾਰੇ ਕੋਈ ਮੱਤ ਭੇਦ ਨਹੀਂ, 27 ਭਾਦਰੋ 1982 ਬਿ. ਮੁਤਾਬਿਕ ਸੰਤਬਰ 1925 ਈ.। ਇਸ ਤਰ੍ਹਾਂ ਆਪ ਦੀ ਆਯੂ ਕਿਸੇ ਤਰ੍ਹਾਂ ਵੀ 90 ਸਾਲ ਤੋਂ ਘੱਟ ਨਹੀਂ ਬਣਦੀ ਇਸਤੋਂ ਕੁਝ ਵਰ੍ਹੇ ਵੱਧ ਵੀ ਹੋ ਸੱਕਦੀ ਹੈ।

ਸੰਤ ਗ੍ਰਹਿਸਤ ਮਾਰਗ ਵੱਲ ਰੁਚਿਤ ਨਹੀਂ ਹੋਏ, ਸਾਰੀ ਉਮਰ ਆਪ ਆਪਣੇ ਪਿੰਡ ਜਾਂ ਹੋਰਨਾਂ ਥਾਵਾਂ ਤੇ ਬਿਹੰਗਮ ਹੋ ਕੇ ਵਿਚਰਦੇ ਰਹੇ। ਸਤਿਜੁਗ ਦੇ ਉਪਰੋਕਤ ਸੰਤ ਅੰਕ ਵਿਚ ਪ੍ਰਕਾਸ਼ਿਤ, ਨਾਮਧਾਰੀ ਸੰਤ, ਜਥੇਦਾਰ ਸੂਬਾ ਭਗਤ ਸਿੰਘ ਜੀ ਦਾਤੇ ਵਾਲੀਏ ਦੇ ਲੇਖ ਵਿਚੋਂ ਚਵਿੰਡੇ ਵਾਲੇ ਸੰਤਾਂ ਦੀ ਸਖਸ਼ੀਅਤ ਦੀ ਉਸਾਰੀ ਬਾਰੇ ਅਤੇ ਆਪ ਦੀ ਬਿਰਤੀ ਬਾਰੇ, ਸਾਨੂੰ ਕੁਝ ਰੌਚਕ ਸਾਖੀਆਂ ਪੜ੍ਹਨ ਨੂੰ ਮਿਲਦੀਆਂ ਹਨ।

"ਇਹਨਾਂ ਦਾ ਸੁਭਾਅ ਪਹਿਲੋਂ ਵੀ ਸਾਧੂਆਂ ਵਾਲਾ ਸੀ, ਪਰ ਭਜਨ ਪੁੱਛਣ ਤੋ ਪਿੱਛੋਂ ਅਜੇਹਾ ਰੰਗ ਚੜ੍ਹਿਆ ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪ੍ਰਵਾਨ।[1]

ਇੱਕ ਦਿਨ ਆਪ ਆਪਣੇ ਭਰਾ ਨਾਲ ਹਲ ਵਾਹ ਰਹੇ ਸਨ ਕਿ ਉਸਨੇ ਕਿਹਾ ਕਿ ਹੱਲ ਚੰਗੀ ਤਰ੍ਹਾਂ ਲਾ। (ਭਾਵ ਡੂੰਘਾ ਲਾ) ਆਪ ਨੇ ਹਲ ਖੋਹਲ ਕੇ ਜੂਲੇ ਨਾਲ ਨਾਹਣ ਦਿਤੀ, (ਭਾਵ ਹਲ ਛੱਡ ਦਿਤਾ) ਤੇ ਕਿਹਾ ਹੁਣ ਤਾਂ ਚੰਗੀ ਲਗਦੀ ਏ ਨਾਂ ? ਕੋਲੋਂ ਦੀ ਪਿੰਡ ਦੇ ਇਕ ਬਜ਼ੁਰਗ, ਬਾਬਾ ਹੀਰਾ ਸਿੰਘ ਜੀ ਜਾ ਰਹੇ ਸਨ। ਸੰਤਾਂ ਦੇ ਭਰਾ ਨੇ ਕਿਹਾ, "ਵੇਖ ਭਾਈਆ ! ਮੈਂ ਜ਼ਰਾ ਕੁ ਗੱਲ ਕਹੀ ਹੈ, ਤਾਂ ਗੁੱਸਾ ਕਰਕੇ ਸਗੋਂ ਉਲਟਾ ਕੰਮ ਕੀਤਾ ਸੂ।" ਸੰਤਾਂ ਨੇਂ ਕਿਹਾ–"ਭਾਈਆ ! ਏਨ ਕਿਹਾ ਸੀ ਹਲ ਬਹੁਤੀ ਲਾ, ਪਰ ਏਹਨੂੰ ਪੁੱਛ ਖਾਂ, ਭਈ ਪਸ਼ੂਆਂ ਵਿਚ ਜਾਨ ਨਹੀਂ ਹੈ ? ਮੈਂ ਬਲਦਾਂ ਨੂੰ ਨਹੱਕ ਤਕਲੀਫ ਕਿਉ ਦੇਵਾਂ ?"[2]

ਇਕ ਵਾਰ ਇਕ ਚੰਗੜ ਨੇ ਕਿਹਾ " ਬਾਬਾ ਜੀ ! ਮੇਰੀ ਝੋਟੀ ਬੜੀ ਚੱਲਦੀ ਹੈ। ਸੰਤਾਂ ਨੇ ਆਖਿਆ ਸਾਡਾ ਵਹਿੜਕਾ ਬੜਾ ਤੁਰਦਾ ਏ। ਏਹ ਗੱਲ ਕਰ ਲਈ, ਭਈ ਜੀਹਦਾ ਪਸ਼ੂ ਅੱਗੇ ਲੰਘ ਜਾਏ ਉਹ ਦੂਜੇ ਦੇ ਨੂੰ ਆਪਣੇ ਘਰ ਲੈ ਜਾਏ। ਲੱਕੜ ਦੇ ਵੇਲਣੇ ਤੇ ਜੋੜ ਦਿਤੇ। ਚਲਾਣ ਵਾਲੇ ਨੇ ਪਹਿਲੋਂ ਝੋਟੀ ਨੂੰ ਸੋਟੀ ਮਾਰ ਦਿਤੀ, ਜਿਸ ਕਰਕੇ ਵਹਿੜਕਾ ਪਿਛੇ ਰਹਿ ਗਿਆ। ਬਾਬਾ ਜੀ ਵਹਿੜਕਾ ਛੱਡ ਕੇ ਘਰ ਚਲ ਗਏ। ਲੋਕਾਂ ਨੇ ਚੰਗੜਾਂ ਨੂੰ ਕਿਹਾ ਕਿ ਬਾਬੇ ਦਾ ਵਹਿੜਕਾ ਮੋੜ ਦਿਉ। ਉਹ ਘਰ ਲੈਕੇ ਗਏ ਤੇ ਕਿਹਾ ਕਿ ਅਸੀਂ ਖੁਸ਼ੀ ਨਾਲ ਦੇਂਦੇ ਹਾਂ, ਪਰ ਬਾਬਾ ਜੀ ਨੇ ਇਹ ਕਹਿਕੇ ਵਹਿੜਕਾ ਨਾਂ ਲਿਆ ਕਿ– "ਜ਼ਬਾਨ ਵੀ ਕੋਈ ਚੀਜ ਹੁੰਦੀ ਹੈ।"[3]

ਭਜਨ ਪੁੱਛਣ ਤੋਂ ਪਿਛੋਂ 13 ਵਰ੍ਹੇ ਸ੍ਰੀ ਮਾਨ ਬਾਬਾ ਜਮੀਅਤ ਸਿੰਘ ਜੀ ਗਿੱਲ ਦੇ ਲੰਗਰ ਦੀ ਸੇਵਾ ਕੀਤੀ। ਏਹਨਾਂ ਦਿਨਾਂ ਵਿਚ ਆਪ ਦਾ ਰੋਜ਼ਾਨਾ ਪ੍ਰੋਗਰਾਮ ਇਹ ਸੀ ਪਹਿਲਾਂ ਸਰੀਰਕ ਕ੍ਰਿਆ ਤੋਂ ਨਵਿਰਤ ਹੋਕੇ, ਦਾਤਣ ਕਰਕੇ, ਇਸ਼ਨਾਨ ਕਰਨਾ। ਉਪਰੰਤ ਦੋ ਘੰਟੇ ਸਾਧ ਸੰਗਤ ਦੇ ਲੰਗਰ ਵਾਸਤੇ ਚੱਕੀ ਨਾਲ ਆਟਾ ਪੀਹਣਾ।

ਫਿਰ ਹਲ ਵਾਹੁਣਾ। ਪਸ਼ਚਾਤ ਡੰਗਰਾਂ ਨੂੰ ਪੱਠੇ ਪਾਕੇ, ਲੰਗਰ ਦੇ ਭਾਂਡੇ ਮਾਂਜਣੇ। ਉਸਤੋਂ ਪਿਛੋਂ ਜਿਹਾ ਪ੍ਰਸਾਦਾ ਮਿਲ ਜਾਏ ਪ੍ਰਸੰਨ ਹੋਕੇ ਛਕ ਲੈਣਾ। ਜਿਹੜਾ ਦੁੱਧ ਮਿਲਣਾ, ਉਹ ਆਪ ਨਾ ਪੀਣਾ ਅਤੇ ਸਾਧ ਸੰਗਤ ਨੂੰ ਪਿਆਕੇ ਖ਼ੁਸ਼ ਹੋਣਾ। ਗਰਮੀ ਦੇ ਮੌਸਮ ਵਿਚ ਇਕ ਵਾਰ ਥੋਹੜੀ ਜਿਹੀ ਕੱਚੀ ਲੱਸੀ ਪੀ ਲਈ। ਉਪਰੰਤ ਸਾਰੀ ਦਿਹਾੜੀ ਕੋਈ ਚੀਜ਼ ਮੂੰਹ ਨਾਂ ਪਾਉਣੀ। ਜੇ ਕੋਈ ਛਕਣ ਵਾਸਤੇ ਕੁਝ ਲਿਆਵੇ ਤਾਂ ਕਹਿਣਾਂ ਕਿ ਭਜਨ ਬੰਦਗੀ ਤਾਂ ਹੁੰਦਾ ਨਹੀਂ, ਐਂਵੇਂ ਕੀ ਸਾਰੀ ਦਿਹਾੜੀ ਬੱਕਰੀ ਵਾਂਗੂੰ ਮੂੰਹ ਮਾਰਦੇ ਰਹਿਣਾ ਹੈ।[4]

ਇਕ ਵਾਰ ਪਿੰਡ ਜਾਣ ਵਾਸਤੇ ਬਾਬਾ ਜਮੀਅਤ ਸਿੰਘ ਜੀ ਤੋਂ ਛੁੱਟੀ ਮੰਗੀ । ਬਾਬਾ ਜੀ ਨੇ ਪੁੱਛਿਆ-ਕਦੋਂ ਆਵੋਗੇ ? ਅਰਜ ਕੀਤੀ-ਪਰਸੋਂ। ਬਾਬਾ ਜੀ ਨੇ ਕਿਹਾ-ਜੇ ਪਰਸੋਂ ਨਾਂ ਆਏ ਤਾਂ ਵੀਹ ਰੁਪੈ ਤਨਖਾਹ ਲਗੇਗੀ । ਸੰਤਾਂ ਦਾ ਬਾਬਾ ਜੀ ਨਾਲ ਬੜਾ ਪ੍ਰੇਮ ਸੀ, ਜਿਸ ਕਰਕੇ ਉਹ ਬੜੀ ਮੁਸ਼ਕਿਲ ਨਾਲ ਆਪਣੇ ਪਿੰਡ ਰਾਤ ਹੀ ਕੱਟ ਸੱਕੇ, ਤੇ ਦੂਜੇ ਭਲਕ ਹੀ ਗਿੱਲੀਂ ਆ ਗਏ। ਨਮਸਕਾਰ ਕਰਨ ਦੇ ਨਾਲ ਹੀ 20 ਰੁਪੈ ਚਰਨਾਂ ਵਿਚ ਰੱਖੇ। ਬਾਬਾ ਜੀ ਨੇ ਪੁੱਛਿਆ-ਇਹ ਕੇਹੇ ਨੇ ? ਸੰਤਾਂ ਕਿਹਾ- ਤਨਖ਼ਾਹ। ਬਾਬਾ ਜੀ ਕਹਿਣ ਲੱਗੇ ਤੁਸੀਂ ਤਾਂ ਸਗੋਂ ਇਕਰਾਰ ਤੋਂ ਇਕ ਦਿਨ ਪਹਿਲਾਂ ਆ ਗਏ ਹੋ, ਤਨਖਾਹ ਕਾਹਦੀ ? ਸੰਤਾਂ ਅਰਜ਼ ਕੀਤੀ-"ਮਹਾਰਾਜ, ਤੁਹਾਡਾ ਵਾਕ ਸੀ ਜੇ ਪਰਸੋਂ ਨਾਂ ਆਇਆ ਤਾਂ ਤਨਖਾਹ ਲੱਗੇਗੀ। ਸੋ ਮੈਂ ਅੱਜੇ ਹੀ ਆ ਗਿਆ ਹਾਂ, ਤੁਹਾਡੇ ਬਚਨ ਅਨੁਸਾਰ ਭਲਕੇ ਆਉਣਾ ਚਾਹੀਦਾ ਸੀ। ਏਸ ਕਰਕੇ ਬਚਨ ਦੀ ਉਲੰਘਣਾਂ ਦੇ ਕਾਰਨ, ਤਨਖਾਹ ਜਰੂਰ ਲੱਗਣੀ ਚਾਹੀਦੀ ਏ।"[5]

ਉਪਰੋਕਤ ਗੱਲਾਂ ਭਾਵੇਂ ਛੋਟੀਆਂ ਹਨ ਪਰ ਇਹ ਆਪਣੇ ਵਿਚ ਡੂੰਘੇ ਅਰਥ ਲੁਕਾਈ ਬੈਠੀਆਂ ਹਨ। ਸਤਿਗੁਰੂ ਰਾਮ ਸਿੰਘ ਜੀ ਦੀ ਸਿਖਿਆ ਦਾ ਸਾਰ ਤੱਤ ਸੀ ਕਿ ਮਨੁੱਖ ਹਰ ਪ੍ਰਾਣੀ ਮਾਤਰ, ਜੀਵ ਜੰਤੂ ਪ੍ਰਤੀ ਸੁਹਿਰਦ ਸੋਚ ਦਾ ਧਾਰਨੀ ਬਣੇ। ਉਹ ਆਪਣੇ ਬੋਲ ਤੋਲ ਤੇ ਪੂਰਾ ਉੱਤਰਨ ਵਾਲਾ ਹੋਵੇ। ਉਹ ਸੇਵਾ ਦੀ ਸਾਕਾਰ ਮੂਰਤ ਬਣੇ ਜਿਸ ਕਾਰਨ ਦੀਨ ਦੁਖੀਆਂ ਦਾ ਉਸ ਹਥੋਂ ਉਧਾਰ ਹੋਵੇ। ਉਹ ਹਉਮੈਂ ਦੇ ਕੰਡੇ ਤੋਂ ਮੁਕਤ ਹੋਵੇ। ਹਉਮੈ ਤੋਂ ਬਚਣ ਲਈ ਨਿਰਮਾਣਤਾ, ਸਾਦਗੀ ਅਤੇ ਸਰਬ ਕਲਿਆਣਕਾਰੀ ਸੋਚ ਜ਼ਰੂਰੀ ਹੈ। ਇਹ ਅਕਸਰ ਕਿਹਾ ਜਾਂਦਾ ਹੈ ਕਿ ਸਿੱਖ ਜਗਤ ਦੀ ਅਰਦਾਸ ਦਾ ਆਖਰੀ ਵਾਕ, "ਤੇਰੇ ਭਾਣੇ ਸਰਬੱਤ ਦਾ ਭਲਾ" ਸਿੱਖ ਸੰਗਤਾਂ ਵਿਚ ਸਤਿਗੁਰੂ ਰਾਮ ਸਿੰਘ ਜੀ ਦੇ ਵਾਰੇ ਪਹਿਰੇ ਵਿਚ ਹੀ ਜੋੜਿਆ ਗਿਆ ਸੀ। ਇਸ ਤੋਂ ਪਹਿਲਾਂ "ਨਾਨਕ ਨਾਮ ਚੜ੍ਹਦੀ ਕਲਾ ਕਹਿਕੇ" ਅਰਦਾਸ ਸਮਾਪਤ ਕਰਨ ਦੀ ਪ੍ਰਥਾ ਦਾ ਸਿੱਖ ਜਗਤ ਦੇ ਕਿਸੇ ਲਿਖਤੀ ਸਰੋਤ ਵਿਚ ਉਲੇਖ ਨਹੀਂ ਮਿਲਦਾ। ਉਹ ਮਨੁੱਖ ਸੁਖੀ ਰਹਿੰਦਾ ਹੈ ਜੋ ਆਪਣੀਆਂ ਲੋੜਾਂ ਸੀਮਿਤ ਕਰ ਲਵੇ। ਸੰਤ ਕੇਸਰ ਸਿੰਘ ਜੀ ਦੇ ਮਿਸਾਲੀ ਜੀਵਨ ਵਿਚੋਂ ਉਹਨਾਂ ਦੇ ਹਿਰਦੇ ਵਿਚੋਂ ਪ੍ਰਸਫਟਤ ਹੁੰਦੇ, ਸ਼ਾਂਤੀ, ਮੈਤਰੀ ਅਤੇ ਕਰੁਣਾ ਦੇ ਭਾਵਾਂ ਦੇ, ਸਾਨੂੰ ਉਹਨਾਂ ਨਾਲ ਸਬੰਧਿਤ ਬਚਨ ਬਿਲਾਸ ਅਤੇ ਸਾਖੀਆਂ ਵਿਚੋਂ ਅਨੇਕ ਪਰਮਾਣ ਮਿਲਦੇ ਹਨ। ਦਰਅਸਲ ਇਹ ਸਤਿਗੁਰੂ ਰਾਮ ਸਿੰਘ

ਜੀ ਦੇ ਨੇਤਰਾਂ ਵਿਚੋਂ ਦਰਸ਼ਨ ਦਾਤ ਰੂਪੀ ਵਰ੍ਹਦੇ ਅੰਮ੍ਰਿਤ ਦਾ ਹੀ ਪਰਤਾਪ ਸੀ ਕਿ ਉਹਨਾਂ ਨੇ ਇਸ ਤੋਂ ਫੈਜ਼ਯਾਬ ਹੋਣ ਵਾਲਿਆ ਨੂੰ ਇਕ ਪਰਿਵਰਤਿਤ ਮਨੁੱਖ ਬਣਾ ਦਿਤਾ ਸੀ। ਸਤਿਗੁਰੂ-ਪ੍ਰੇਮ ਉਹਨਾਂ ਦੇ ਹਿਰਦੇ ਵਿਚ ਇਸ ਤਰ੍ਹਾਂ ਠਾਠਾਂ ਮਾਰਦਾ ਸੀ ਕਿ ਉਹਨਾਂ ਦੇ ਜੀਵਨ ਦਾ ਹਰ ਪਲ, ਉਸ ਰੰਗ ਵਿਚ ਰੰਗਿਆ ਗਿਆ ਸੀ। ਉਹਨਾਂ ਲਈ ਦੁਨਿਆਵੀ ਕ੍ਰਿਆ ਕਲਾਪ ਦੂਜੇ ਦਰਜੇ ਦੀਆਂ ਬਾਤਾਂ ਸਨ, ਉਹ ਦਸਮ ਪਾਤਸ਼ਾਹ ਦੀ ਇਸ ਤੁਕ ਉਪਰ ਅੱਖਰ ਅਖਰ ਪੂਰੇ ਉਤਰਨ ਵਾਲੇ ਸਾਧੂ ਸਨ।

ਅਲਪ ਅਹਾਰ ਸੁਲਪ ਸੀ ਨਿੰਦ੍ਰਾ ਦਯਾ ਛਿਮਾ ਤਨ ਪ੍ਰੀਤਿ ॥
ਸੀਲ ਸੰਤੋਖ ਸਦਾ ਨਿਰਬਾਹਿ ਬੋ ਹ੍ਵੈ ਬੋ ਤ੍ਰਿਗੁਣ ਅਤੀਤ ॥੨॥
ਕਾਮ ਕ੍ਰੋਧ ਹੰਕਾਰ ਲੋਭ ਹਠ ਮੋਹ ਨ ਮਨ ਸਿਉ ਲਯਾਵੈ ॥
ਤਬ ਹੀ ਆਤਮ ਤਤ ਕੋ ਦਰਸੈ ਪਰਮ ਪੁਰਖ ਕਹ ਪਾਵੈ ॥

—ਸ਼ਬਦ ਹਜਾਰੇ ਪਾ: ੧੦

ਸਖਾਣਾ (ਸਿਆਲ ਕੋਟ) ਦਾ ਹੀ ਇਕ ਹੁਕਮ ਸਿੰਘ ਸ਼ਾਹ ਨਾਮ ਦਾ ਸਿੱਖ, ਸਤਿਗੁਰੂ ਰਾਮ ਸਿੰਘ ਜੀ ਤੋਂ ਵਰੋਸਾਇਆ ਸੀ। ਸ਼ਾਹੂਕਾਰਾ ਚੱਲਦਾ ਬਖਤਾਵਰ ਘਰ ਸੀ। ਉਦਾਰ ਬਿਰਤੀ ਵਿਚ ਇਸ ਤਰ੍ਹਾਂ ਪਰਸਿੱਧ ਸਨ ਕਿ ਘਰ ਦੇ ਕਮਰੇ, ਬਸਤਰਾਂ ਅਤੇ ਜੋੜਿਆਂ ਨਾਲ ਭਰੇ ਹੁੰਦੇ ਜਦੋਂ ਕੋਈ ਲੋੜਵੰਦ ਆ ਜਾਂਦਾ, ਵਰਤਾਈ ਜਾਂਦੇ। ਸਭ ਦੀਆਂ ਖੁਸ਼ੀਆਂ ਲੈਂਦੇ । ਫਾਹੀਗੀਰਾਂ ਤੋਂ ਜਾਲ ਵਿਚ ਫਸਾਏ ਪੰਛੀ, ਮੁੱਲ ਖਰੀਦ ਕੇ ਉਹਨਾਂ ਨੂੰ ਮੁਕਤ ਕਰ ਦਿੰਦੇ। ਸੰਤ ਭਗਤ ਸਿੰਘ ਜੀ ਦਾਤੇ ਵਾਲੀਏ ਦੇ ਉਪਰੋਕਤ ਲੇਖ ਮੁਤਾਬਿਕ ਸ਼ਾਹ ਹੁਕਮ ਸਿੰਘ ਨੇ ਭਜਨ ਦੀ ਦਾਤ ਗੁਰੂ ਬਾਲਕ ਸਿੰਘ ਜੀ ਤੋਂ ਪ੍ਰਾਪਤ ਕੀਤੀ ਸੀ। ਸੰਨ 1904 ਈ. ਦਾ ਗੁਰੂ ਹਰੀ ਸਿੰਘ ਜੀ ਦੀ ਹਜ਼ੂਰੀ ਵਿਚ ਹੋਲਾ ਮਹੱਲਾ, ਦੜਪ ਖਿੱਤੇ ਦੇ ਮਸ਼ਹੂਰ ਪਿੰਡ ਗੁਰੂ ਚੱਕ (ਸਿਆਲ ਕੋਟ) ਵਿਚ ਹੋਇਆ ਸੀ। ਕੁਝ ਤਾਂ ਹੋਲਾ ਕਰਨ ਤੋਂ ਪਹਿਲਾਂ ਸਿੰਘਾਂ ਵਿਚ ਆਪਸੀ ਇਤਫਾਕ ਵਿਚ ਕਮੀ ਆ ਗਈ ਸੀ। ਹੋਲੇ ਦੇ ਭੋਗ ਤੋਂ ਅਗਲੇ ਦਿਨ ਬਹੁਤ ਵਰਖਾ ਹੋਈ। "ਗੁਰੂ ਮਹਾਰਾਜ ਜੀ ਹੁਕਮ ਦਿਤਾ ਭਾਵੇਂ ਮਸਰ ਹੀ ਉਬਾਲ ਲਵੋ ਅਜ ਸਾਧ ਸੰਗਤ ਏਥੇ ਰਹੇ। ਪਿੰਡ ਵਾਲਿਆਂ ਕੋਲੋਂ ਇਹ ਬਚਨ ਨਾਂ ਮੰਨਿਆ ਗਿਆ। ਬਾਰਸ਼ ਪੈਂਦੀ ਵਿਚ ਸਖਾਣੀਂ ਆਏ।"[6]

ਸੰਤ ਭਗਤ ਸਿੰਘ ਜੀ ਲਿਖਦੇ ਹਨ ਕਿ ਸ਼ਾਹ ਜੀ ਨੇ ਹੀ ਗੁਰੂ ਸਾਹਿਬ ਨੂੰ ਬੇਨਤੀ ਕੀਤੀ ਸੀ ਕਿ ਸੱਚੇ ਪਾਤਸ਼ਾਹ ਆਪ ਜੀ ਸੰਗਤ ਸਮੇਤ ਸਖਾਣੀਂ ਚਰਨ ਪਾਉ। ਸ਼ਾਹ ਜੀ ਨੇ ਪੂਰੇ ਦੋ ਦਿਨ ਸਾਧ ਸੰਗਤ ਦੀ ਸੇਵਾ ਕਰਕੇ ਗੁਰੂ ਦੀਆਂ ਖੁਸ਼ੀਆਂ ਪਰਾਪਤ ਕੀਤੀਆਂ। ਪਿੰਡ ਵਿਚ ਆਏ ਗਏ ਸਿੱਖਾਂ ਦੇ ਵਿਸ਼ਰਾਮ ਲਈ ਧਰਮਸ਼ਾਲਾ ਵੀ ਪੁਆਈ ਹੋਈ ਸੀ।

ਸੰਤ ਕੇਸਰ ਸਿੰਘ ਜੀ ਚਵਿੰਡੇ ਵਾਲਿਆਂ ਨੇ ਮਹਾਂ ਪੁਰਖ ਬਾਬਾ ਜਮੀਅਤ ਸਿੰਘ ਹੋਰਾਂ ਪਾਸ, ਆਪਣੀ ਅਧਿਆਤਮਕ ਯਾਤਰਾ ਦੇ ਤੇਰਾਂ ਵਰ੍ਹੇ ਪੂਰੇ ਕਰਨ ਉਪਰੰਤ, ਸੰਨ 1876-77 ਈ. ਵਿਚ ਸ਼ਾਹ ਹੁਕਮ ਸਿੰਘ ਜੀ ਦੇ ਪਿੰਡ ਸਖਾਣਿਆਂ ਦਾ ਰਾਹ ਪਕੜ ਲਿਆ। ਸੰਤ ਜੀ ਨੂੰ ਸ਼ਾਹ ਜੀ ਸਖਾਣਿਆ ਦੇ ਰਸਤੇ ਵਿਚ ਹੀ ਮਿਲ ਪਏ। ਸੰਤ ਜੀ ਨੇ ਸ਼ਾਹ ਜੀ ਨੂੰ ਕਿਹਾ- "ਹੁਕਮ ਸਿੰਘ ਜੀ ਤੁਸੀਂ ਸਾਨੂੰ ਕਈ ਵੇਰ ਸਖਾਣੀ ਆਉਣ ਲਈ

ਆਖਦੇ ਹੁੰਦੇ ਸਉ। ਹਣ ਮੈਂ ਆ ਗਿਆ ਹਾਂ। ਪਰ ਇਕ ਗੱਲ ਖੋਹਲ ਲਈਏ ਕਿ ਤੁਸੀਂ ਮੈਨੂੰ ਕਦੇ ਵਿਹਲਾ ਨਹੀਂ ਬਹਿਣ ਦੇਵੋਗੇ।" ਸ਼ਾਹ ਹੋਰਾਂ ਨੇ ਸੰਤਾਂ ਦਾ ਬਚਨ ਪਰਵਾਨ ਕਰ ਲਿਆ। ਪਿੰਡ ਜਾ ਕੇ ਜਲ ਪਾਣੀ ਬਾਅਦ ਸ਼ਾਹ ਜੀ ਨੇ ਕਿਹਾ ਕਿ ਚਾਲੀ ਪੰਡਾਂ ਸੁੱਕੀ ਜਵਾਰ ਪਈ ਹੈ। ਇਕ ਪੰਡ ਰੋਜ਼ ਕੁਤਰ ਛੱਡਣੀ। ਉਸ ਸਮੇਂ ਹੱਥ ਨਾਲ ਪੱਠੇ ਕੱਟਣ ਵਾਲੇ, ਟੋਕਿਆਂ ਨਾਲ ਕੰਮ ਚੱਲਦਾ ਸੀ, ਚੱਕਰ ਟੋਕਾ ਅਜੇ ਨਹੀਂ ਸੀ ਆਇਆ। ਸੰਤ ਐਸੀ ਫੁਰਤੀ ਨਾਲ ਰੋਜ਼ ਦੇ ਕਿਰਿਆ ਕਰਮ ਬਾਅਦ, ਜਵਾਰ ਕੁਤਰਨ ਜੁੱਟ ਜਾਂਦੇ ਕਿ ਚਾਲੀ ਦਿਨਾਂ ਦਾ ਕੰਮ ਪੰਜ ਛੇ ਦਿਨਾਂ ਵਿਚ ਮੁਕਾ ਦਿਤਾ। ਵਿਹਲੇ ਹੋਏ ਬਾਅਦ ਸ਼ਾਹ ਜੀ ਨੂੰ ਅਗਲਾ ਕੰਮ ਪੁੱਛਿਆ। ਉਹਨਾਂ ਮੱਝਾਂ ਚਾਰ ਲਿਆਉਣ ਬਾਰੇ ਕਹਿ ਦਿਤਾ। ਸੰਤ ਜੀ ਲੱਗੇ ਮੱਝਾਂ ਚਾਰਨ। ਪਹਿਰ ਰਾਤ ਰਹਿੰਦੀ ਨਾਲ ਮੱਝਾਂ ਬਾਹਰ ਲੈ ਜਾਣੀਆਂ। ਦਿਨ ਚੜ੍ਹੇ ਬਾਅਦ ਘਰ ਲਿਆਕੇ ਦੁੱਧ ਚੁਆ ਕੇ ਫਿਰ ਬਾਹਰ ਲੈ ਜਾਣੀਆਂ ਅਤੇ ਪਹਿਰ ਰਾਤ ਗਈ ਵਾਪਸ ਲਿਆਉਣੀਆਂ। ਜੇਠ ਹਾੜ ਦੁਪਹਿਰੇ ਤਬੇਲੇ ਵਿਚ ਬੰਨ੍ਹ ਦੇਣੀਆਂ। ਅੰਦਰ ਹੀ ਪਾਣੀ ਪਿਆਉਣਾ ਅਤੇ ਮੱਝਾਂ ਨੂੰ ਨਹਾਉਣਾ। ਤਬੇਲੇ ਵਿਚ ਪਾਣੀ ਨਾਲ ਰੇਤ ਠੰਢੀ ਹੋ ਜਾਣੀ। ਪਸ਼ੂ ਬਹੁਤ ਪਰਸੰਨ ਰਹਿੰਦੇ। ਫਿਰ ਵੱਡਾ ਪੱਖਾ ਲੈਕੇ ਝੁਲਾਉਂਦੇ ਰਹਿੰਣਾ ਕਿਤਨਾ ਕਿਤਨਾ ਸਮਾਂ। ਆਖਣਾ ਕਿ ਮਨੁੱਖ ਤਾਂ ਆਪ ਪੱਖਾ ਝੱਲ ਲੈਂਦਾ ਹੈ, ਪਸ਼ੂ ਖੁਦ ਨਹੀ ਝੱਲ ਸੱਕਦਾ। ਇਸ ਲਈ ਸਾਡਾ ਫਰਜ਼ ਹੈ ਉਸਦੀ ਸੇਵਾ ਕਰੀਏ। ਸੰਤਾਂ ਦੀ ਇਤਨੀ ਕਠਿਨ ਸੇਵਾ ਵੇਖ ਕੇ ਸ਼ਾਹ ਜੀ ਦਾ ਹਿਰਦਾ ਪਸੀਜ ਗਿਆ। ਉਹਨਾਂ ਆਪ ਤੋਂ ਸੌਖੀ ਸੇਵਾ ਲੈਣ ਲਈ ਕਿਹਾ ਕਿ ਮਹਾਰਾਜ ਹੁਣ ਆਪ ਲੰਗਰ ਵਿਚ ਲੱਗ ਜਾਉ।

ਸ਼ਾਹ ਜੀ ਦੇ ਲੰਗਰ ਵਿਚ 50-60 ਸਿੱਖਾਂ ਦਾ ਅਮੂਮਨ ਹੀ ਅਤੇ ਕਿਸੇ ਕਿਸੇ ਦਿਨ ਸੌ ਸੌ ਸਰੀਰ ਦਾ ਪ੍ਰਸ਼ਾਦਾ ਵੀ ਪੱਕਦਾ ਸੀ। ਸੰਤਾਂ ਨੇ ਦੋਵੇਂ ਵਕਤ ਲੰਗਰ ਵਿਚ ਵਰਤੇ ਜਾਣ ਵਾਲੇ ਜਲ ਦੇ ਭਾਰੀ ਡੋਲ, ਖੂਹੀ ਵਿਚੋਂ ਖਿੱਚ ਖਿੱਚ ਕੇ ਲਿਆਉਣੇ। ਰਾਤ ਦੇ ਬਚੇ ਬੇਹੇ ਪਰਸ਼ਾਦੇ ਸਵੇਰੇ ਸੱਜਰੇ ਪੱਕਿਆਂ ਵੀ ਆਪ ਮੰਗ ਕੇ ਛਕਦੇ, ਅੰਨ ਦੇ ਅਦਬ ਵਜੋਂ। ਅੱਜ ਜਦੋਂ ਅਸੀਂ ਆਮ ਸਮਾਗਮਾਂ ਵਿਚ ਲੋਕਾਂ ਨੂੰ ਛਕਦਿਆਂ ਥੋਹੜਾ ਅਤੇ ਜੂਠਾ ਛੱਡਦੇ ਬਹੁਤਾ ਵੇਖਦੇ ਹਾਂ ਤਾਂ ਸੰਤ ਕੇਸਰ ਸਿੰਘ ਹੋਰਾਂ ਅੱਗੇ ਸਿਰ ਝੁਕਦਾ ਹੈ ਕਿ ਅੰਨ ਦੇਵਤੇ ਦੀ ਪੂਜਾ ਕਰਨ ਵਾਲੇ, ਐਸੇ ਸਾਧੂ ਧੰਨ ਸਨ ਜਿਹਨਾਂ ਨੇ ਆਪਣੇ ਪੰਥ ਲਈ, ਉੱਚੀਆਂ ਸੁੱਚੀਆਂ ਮਾਨ ਮਰਿਆਦਾਵਾਂ ਦੇ ਪੂਰਨੇ ਪਾਏ ਸਨ। ਸਤਿਗੁਰੂ ਪਰਤਾਪ ਸਿੰਘ ਜੀ ਇਸੇ ਲਈ ਫੁਰਮਾਇਆ ਕਰਦੇ ਸਨ ਕਿ ਰੋਜ਼ਾਨਾ ਭੋਜਨ ਕਰਨ ਬਾਅਦ ਥਾਲਾ ਧੋਕੇ ਛਕਣ ਵਾਲੇ ਸਿੱਖ ਦੇ ਘਰ, ਕਦੇ ਅੰਨ ਜਲ ਦੀ ਤੋਟ ਨਹੀਂ ਆ ਸਕਦੀ।

ਸ਼ਾਹ ਹੁਕਮ ਸਿੰਘ ਆਪ ਵੀ ਸੇਵਾ ਦੀ ਮੂਰਤ ਸਨ। ਰੋਜ਼ਾਨਾ ਸਵੇਰੇ ਧਰਮਸ਼ਾਲਾ ਵਿਚ ਰੁਕੀ ਸੰਗਤ ਦਾ ਇਸ਼ਨਾਨ ਗੜਵੇ ਜਲ ਦੇ ਖਿਚ ਕੇ ਕਰਵਾਉਂਦੇ। ਜੇ ਕਿਸੇ ਕਹਿਣਾ-ਸ਼ਾਹ ਜੀ ਹੁਣ ਇਸ਼ਨਾਨ ਕਰਾਉਣ ਦੀ ਸੇਵਾ ਮੈਨੂੰ ਬਖਸ਼ੋ। ਉਹਨਾਂ ਕਹਿਣਾ ਜਿਹੜਾ ਸਵੇਰੇ ਪਹਿਲਾਂ ਆ ਜਾਏ ਉਹ ਕਰਾ ਲਵੇ। ਜਦੋਂ ਉਸ ਸਿੱਖ ਨੇ ਅਗਲੇ ਭਲਕ

ਖੂਹੀ ਤੇ ਪੁੱਜਣਾਂ ਤਾਂ ਸ਼ਾਹ ਜੀ ਪਹਿਲਾਂ ਹੀ ਗੜਵਾ ਫੜੀ ਖਲੋਤੇ ਹੁੰਦੇ। ਸ਼ਾਇਦ ਉਹ ਭਾਈ ਗੁਰਦਾਸ ਜੀ ਦੇ ਇਸ ਕਬਿੱਤ ਨੂੰ ਮੂਰਤੀਮਾਨ ਕਰਦੇ ਸਨ

"ਪੰਚ ਬਾਰ ਗੰਗ ਜਾਇ, ਪੰਚ ਬਾਰ ਪ੍ਰਾਗ ਨ੍ਹਾਇ,
ਤੈਸਾ ਪੁੰਨ ਏਕ ਗੁਰਸਿੱਖ ਕਉ ਨਵ੍ਹਾਏ ਕਾ।
ਸਿਖ ਕਉ ਪਿਲਾਇ ਪਾਨੀ, ਭਾਉ ਕਰਿਤੁ ਕੁਰ ਖੈਤ,
ਅਸਵਮੇਧ ਜਗ ਫਲ ਸਿਖ ਕਉ ਜਿਮਾਏ ਕਾ।
ਜੈਸੇ ਸਤ ਮੰਦਰ ਕੰਚਨ ਕੇ ਉਸਾਰ ਦੀਨੇ,
ਤੈਸਾ ਪੁੰਨ ਸਿਖ ਕਉ ਇਕ ਸ਼ਬਦ ਸਿਖਾਏ ਕਾ।
ਜੈਸੇ ਬੀਸ ਬਾਰ ਦਰਸਨ ਸਾਧ ਕੀਆ ਕਾਹੂ,
ਤੈਸਾ ਫਲ ਸਿਖ ਕਉ ਚਾਪਿ ਪਗ ਸੁਆਏ ਕਾ।"

ਸ਼ਾਹ ਹੁਕਮ ਸਿੰਘ ਜੀ ਜੈਸੇ ਰਾਜ ਜੋਗੀ ਮਹਾਂ ਪੁਰਖਾਂ ਦੀ ਸੰਗਤ ਵਿਚ ਰਹਿਕੇ ਸੰਤ ਕੇਸਰ ਸਿੰਘ ਜੀ ਚਵਿੰਡਾ ਵੀ ਸਮਦਰਸ਼ੀ ਹੋ ਗਏ ਸਨ। ਉਹ ਅੱਠੇ ਪਹਿਰ ਆਪਣਾ ਹਰ ਕਾਰਜ ਜਨ ਸੇਵਾ, ਲੋਕ ਕਲਿਆਣ ਵੱਲ ਹੀ ਸੇਧਿਤ ਰੱਖਦੇ ਸਨ। ਆਪ ਦੀ ਦ੍ਰਿਸ਼ਟੀ ਬਹੁਤ ਬਾਰੀਕ ਹੋ ਚੁੱਕੀ ਸੀ। ਇਕ ਵੇਰ ਸ਼ਾਹ ਹੁਕਮ ਸਿੰਘ ਹੋਰਾਂ ਦੀ ਪੁੱਤਰੀ ਨੇ ਆਪਣੇ ਸਹੁਰੇ ਘਰ ਵਾਪਸ ਜਾਣਾ ਸੀ, ਜੋ ਸ਼ਾਹ ਜੀ ਦੇ ਪਿੰਡ ਤੋਂ ਕੋਈ ਵੀਹ ਕੋਹ ਦੂਰ ਸੀ। ਸ਼ਾਹ ਜੀ ਨੇ ਸੰਤ ਜੀ ਨੂੰ ਕਿਹਾ-ਤੁਸੀਂ ਨਾਲ ਜਾਉ। ਬੀਬੀ ਨੂੰ ਸਹੁਰੇ ਘਰ ਛੱਡ ਆਉ। ਜਾਂਦਿਆ ਬੀਬੀ ਘੋੜੀ ਤੇ ਚੜ੍ਹੀ ਗਈ। ਸੰਤ ਜੀ ਨਾਲ ਨਾਲ ਤੁਰੀ ਗਏ। ਰਾਤ ਬੀਬੀ ਦੇ ਸਹੁਰੇ ਘਰ ਕੱਟ ਕੇ ਅਗਲੀ ਸਵੇਰ, ਸੰਤ ਵਾਪਸ ਸਖਾਣਿਆਂ ਨੂੰ ਚੱਲ ਪਏ। ਆਪ ਨੇ ਘੋੜੀ ਦੀ ਲਗਾਮ, ਘੋੜੀ ਦੀ ਧੌਣ ਦੁਆਲੇ ਵਲ੍ਹੇਟ ਦਿਤੀ। ਕਾਠੀ ਅਤੇ ਤਾਹਰੂ ਆਪਣੇ ਸਿਰ ਤੇ ਚੁੱਕ ਲਏ। ਵਾਪਸੀ ਦਾ ਸਾਰਾ ਪੰਧ ਜਾਣ ਸਮੇਂ ਜਿਉਂ ਨਾਂ ਸਿਰਫ ਪੈਦਲ ਹੀ ਕੱਟਿਆ ਸਗੋਂ ਘੋੜੀ ਦਾ ਸਾਮਾਨ ਵੀ ਆਪਣੇ ਸਿਰ ਤੇ ਚੁੱਕੀ ਲਿਆਏ। ਸਖਾਣਿਆਂ ਦੇ ਬਾਹਰ ਹੀ ਸ਼ਾਹ ਜੀ ਆਪ ਨੂੰ ਉਡੀਕ ਰਹੇ ਸਨ। ਉਹ ਸੰਤਾਂ ਦਾ ਵਰਤਾਰਾ ਵੇਖ ਕੇ, ਹੱਕੇ ਬੱਕੇ ਰਹਿ ਗਏ ਤੇ ਕਹਿਣ ਲੱਗੇ-ਮਹਾਰਾਜ ਤੁਸੀਂ ਘੋੜੀ ਤੇ ਚੜ੍ਹ ਕੇ ਆਉਣ ਦੀ ਥਾਂ ਉਸ ਦਾ ਸਮਾਨ ਵੀ ਆਪਣੇ ਸਿਰ ਤੇ ਚੁੱਕੀ ਲਿਆਏ ਹੋ। ਸੰਤਾਂ ਨੇ ਕਿਹਾ-ਘੋੜੀ ਨੇ ਵੀ ਦੋ ਦਿਨ ਦੀ ਪੂਰੀ ਮਜ਼ਲ ਮਾਰੀ ਹੈ। ਕੱਲ੍ਹ ਇਸ ਤੇ ਬੀਬੀ ਦਾ ਵੀ ਭਾਰ ਸੀ। ਇਹ ਥੱਕ ਗਈ ਸੀ। ਇਸ ਵਿਚ ਵੀ ਸਾਡੇ ਵਰਗੀ ਜਾਨ ਹੈ। ਸੋ ਮੈਂ ਇਹਦਾ ਪੰਧ ਸੁਖਾਲਿਆਂ ਕਰਨ ਲਈ ਇਹ ਕਾਠੀ ਤਾਹਰੂ ਚੁੱਕ ਲਏ ਹਨ। ਮੈਨੂੰ ਤੇ ਕੋਈ ਭਾਰ ਨਹੀਂ ਲੱਗਾ। ਵਿਚਾਰੀ ਘੋੜੀ ਵਿਚ ਵੀ ਜਾਨ ਹੈ। ਬੇਜ਼ੁਬਾਨਿਆਂ ਨੂੰ ਸਤਾਇਆਂ ਦਾ ਵੀ ਲੇਖਾ ਦੇਣਾ ਪੈਂਦਾ ਹੈ। ਇਹ ਸੀ ਦੈਆ ਤਰਸ ਦੀ ਉਹ ਭਾਵਨਾ ਜਿਸ ਦਾ ਸਤਿਗੁਰੂ ਰਾਮ ਸਿੰਘ ਜੀ ਦੇ ਸਿੱਖਾਂ ਦੇ ਹਿਰਦੇ ਵਿਚ ਵਾਸਾ ਹੋ ਚੁੱਕਾ ਸੀ। ਕਿੱਥੇ ਹੌਲੀ ਤੁਰਨ ਵਾਲੇ ਪਸ਼ੂਆਂ ਢਾ ਪ੍ਰਾਣੀਆਂ ਨਾਲ ਚੰਮ ਉਧੇੜਨ ਵਾਲੇ ਅਤੇ ਪ੍ਰਾਣੀ ਦੀਆਂ ਆਰਾਂ ਚਮੜੀ ਵਿਚ ਖੁਭੋਣ ਵਾਲੇ ਆਮ ਕਿਸਾਨ ਅਤੇ ਕਿਥੇ ਕੇਸਰ ਸਿੰਘ ਚਵਿੰਡਾ ਜੈਸੇ, ਸੰਵੇਦਨਸ਼ੀਲ ਸਾਧੂ ਪੁਰਖ।

ਇਕ ਦਿਨ ਸ਼ਾਹ ਜੀ ਨੇ ਆਪ ਨੂੰ ਦਾਣਿਆਂ ਦੇ ਬੋਹਲ ਦੀ ਰਾਤ ਭਰ ਰਾਖੀ ਕਰਨ ਦੀ ਸੇਵਾ ਲਾਈ। ਆਪ ਨੇ ਬੜੀ ਤਨਦੇਹੀ ਨਾਲ ਰਾਤ ਭਰ ਜਾਗ ਕੇ ਅਨਾਜ ਦੇ ਢੇਰ ਦੀ ਰਾਖੀ ਰੱਖੀ। ਜਦੋਂ ਅੰਮ੍ਰਿਤ ਵੇਲਾ ਹੋਇਆ ਤਾਂ ਸੰਤ ਜੀ ਦੇ ਇਸ਼ਨਾਨ ਦਾ ਸਮਾਂ ਹੋਇਆ। ਸੋਚਣ ਲੱਗੇ ਜੇ ਸੁੰਨਾ ਬੋਹਲ ਛੱਡ ਕੇ ਜਾਂਦਾ ਹਾਂ ਤਾਂ ਸ਼ਾਹ ਜੀ ਦੇ ਰਾਖੀ ਕਰਨ ਵਾਲੇ, ਬਚਨ ਵਿਚ ਫਰਕ ਆਏਗਾ। ਜੇ ਨਹੀਂ ਜਾਂਦਾ ਤਾਂ ਅੰਮ੍ਰਿਤ ਵੇਲੇ ਦੇ ਇਸ਼ਨਾਨ ਦੇ ਸਤਿਗੁਰੂ ਜੀ ਵਾਲੇ ਬਚਨ ਦੀ ਅਵੱਗਿਆ ਹੁੰਦੀ ਹੈ।ਅਖੀਰ ਇਹ ਸੋਚਿਆ ਕਿ ਖੂਹੀ ਜੋ ਹਵੇਲੀ ਦੇ ਪਾਸ ਸੀ, ਪੁੱਠੇ ਪੈਰੀਂ ਤੁਰਕੇ ਉਸਦੇ ਵੱਲ ਜਾਵਾਂ ਤਾਂ ਕਿ ਨਿਗਾਹ ਬੋਹਲ ਵਿਚ ਰਹੇ। ਤੁਰਤ ਇਸ਼ਨਾਨ ਕਰਕੇ ਵਾਪਸ ਆ ਜਾਵਾਂ। ਆਪ ਨੇ ਇਸੇ ਤਰ੍ਹਾਂ ਹੀ ਕੀਤਾ ਪ੍ਰੰਤੂ ਆਪਣੇ ਕੀਤੇ ਬਚਨ ਵਿਚ ਫ਼ਰਕ ਨਹੀਂ ਆਉਣ ਦਿਤਾ।[8]

ਸੰਤ ਤਰਨ ਸਿੰਘ ਵਹਿਮੀ ਜੀ ਸੰਤਾਂ ਬਾਰੇ ਲੇਖ ਵਿਚ ਇਹ ਵੀ ਲਿਖਦੇ ਹਨ ਕਿ ਜਦੋਂ ਸ਼ਾਹ ਜੀ ਨੇ ਆਪ ਜੀ ਦੀ ਉਚੀ ਬਿਰਤੀ ਵੇਖੀ ਤਾਂ ਆਪ ਨੂੰ ਕਿਹਾ ਸੀ-"ਇਹ ਲੰਗਰ ਜਿਸ ਦੀ ਸੇਵਾ ਦਾ ਭਾਰ ਮੇਰੇ ਕਮਜ਼ੋਰ ਮੋਢਿਆਂ ਤੇ ਹੈ, ਕ੍ਰਿਪਾ ਕਰਕੇ ਤੁਸੀਂ ਚੁੱਕ ਲਵੋ ਤੇ ਮੈਨੂੰ ਆਪਣੀ ਅਰਦਲ ਵਿਚ ਸੇਵਾ ਕਰਨ ਦਾ ਮਾਣ ਬਖਸ਼ੋ।" ਸੰਤਾਂ ਨੇ ਕਿਹਾ- "ਮੈਂ ਕਿਸੇ ਕਾਰ ਦਾ ਬੀੜਾ ਨਾਂ ਚੁੱਕਣ ਤੋਂ ਘਰੋਂ ਨਿਕਲਿਆ ਹਾਂ, ਪਰ ਜੇ ਤੂੰ ਭਾਈ ਇਹ ਬਚਨ ਦੇਵੇਂ ਕਿ ਮੈਂ ਹੋ ਆਉਂਦਾ ਆਪਣੇ ਵੱਲੋਂ ਫਰਕ ਨਹੀਂ ਰੱਖਾਂਗਾ ਲੰਗਰ ਵਿਚ ਕਾਣੀ ਵੰਡ ਨਹੀਂ ਵਰਤੇਗੀ, ਕਿਸੇ ਦਾ ਦਿਲ ਨਹੀਂ ਦੁਖਾਇਆ ਜਾਏਗਾ, ਗੁਰਮਤਿ ਤੋਂ ਉਲਟ ਕੋਈ ਵਰਤਾਰਾ ਨਹੀਂ ਵਰਤੇਗਾ, ਸੇਵਾ ਯੋਗ ਸੱਜਣ ਨੂੰ ਸੇਵਾ ਮਿਲੇਗੀ, ਹੁਕਮ ਦੀ ਪਾਬੰਦੀ ਕਿਸੇ ਤੇ ਨਹੀਂ ਹੋਵੇਗੀ, ਸਾਦਾ ਖਾਧਾ ਤੇ ਸਾਦਾ ਪਹਿਨਿਆ ਜਾਏਗਾ, ਲਿਹਾਜ਼ ਪਾਜ ਕਿਸੇ ਦਾ ਨਾਂ ਹੋਵੇਗਾ, ਤੇ ਸਾਰੇ ਸਕੇਸ਼ੀ ਇਸ਼ਨਾਨ ਕਰ ਸੇਵਾ ਦਾ ਲਾਹਾ ਲਿਆ ਕਰਨਗੇ ਤਾਂ ਮੈਂ ਇਹ ਭਾਰ, ਧੰਨ ਭਾਗ ਜਾਣ ਕੇਂ ਚੁੱਕ ਲੈਂਦਾ ਹਾਂ।

"ਇਹ ਬਚਨ ਜੁੜੀ ਸੰਗਤ ਵਿਚ ਭਾਈ ਹੁਕਮ ਸਿੰਘ ਜੀ ਨੇ ਸਤਿ ਕਰਕੇ ਪਰਵਾਨ ਕਰ ਲਿਆ। ਸੰਤ ਕੇਸਰ ਸਿੰਘ ਜੀ ਵੇਖਣ ਨੂੰ ਤਾਂ ਅਨਪੜ੍ਹ ਸਨ। ਪਰ ਨਾਮ ਦਾ ਅੰਤਰ ਪ੍ਰਕਾਸ਼ ਹੋਣ ਕਰਕੇ ਉਹ ਸੋਝੀ ਸੀ, ਜੋ ਪੜ੍ਹੇ ਲਿਖੇ ਵਿਦਵਾਨ ਪੰਡਿਤ ਹਜ਼ਾਰਾਂ ਜਨਮਾਂ ਦੀ ਪੜ੍ਹਾਈ ਨਾਲ ਨਹੀਂ ਪ੍ਰਾਪਤ ਕਰ ਸੱਕਦੇ। ਇਤਿਹਾਸ ਅਤੇ ਗੁਰਬਾਣੀ ਦਾ ਚੋਖਾ ਹਿਸਾ ਕੰਠ ਹੋ ਗਿਆ ਅਤੇ ਬਚਨ ਕਰਨ ਸਮੇਂ ਰਸਨਾਂ ਵਿਚੋਂ ਉਹ ਗੱਲਾਂ ਸਹਿਜ ਹੀ ਨਿਕਲ ਜਾਂਦੀਆਂ ਜੋ ਮਹਾਂ ਗਿਆਨੀ ਹੀ ਕਰਦੇ ਹਨ।

"ਇਹ ਗੱਲ ਦੱਸਣ ਦੀ ਲੋੜ ਨਹੀਂ ਕਿ ਸਿੱਖੀ ਨਿਰੀ ਕਮਾਈ ਹੈ ਤੇ ਜਿਹੜਾ ਕਮਾਈ ਕਰਦਾ ਹੈ, ਉਸਨੂੰ ਇਹ ਦਾਤ ਪਰਾਪਤ ਹੁੰਦੀ ਹੈ। ਪਰ ਉਹ ਲੋਕ ਜੋ ਇਸਨੂੰ ਆਪਣੇ ਜੀਵਨ ਵਿਚ ਨਹੀਂ ਵਸਾਉਂਦੇ ਤੇ ਕੇਵਲ ਗੱਲਾਂ ਨਾਲ ਹੀ ਸਿੱਖ ਬਣਨਾ ਚਾਹੁੰਦੇ ਹਨ, ਉਹਨਾਂ ਨੂੰ ਸਿੱਖੀ ਦੀ ਪਾਹ ਵੀ ਨਹੀਂ ਲੱਗਦੀ। ਉਹ ਕੋਰੇ ਦੇ ਕੋਰੇ ਹੀ ਰਹਿੰਦੇ ਹਨ, ਜਿਸ ਕਰਕੇ ਗੁਰੂ ਸਿੱਖੀ ਵਿਚ ਉਹਨਾਂ ਲਈ ਕੋਈ ਟਿਕਾਣਾ ਨਹੀਂ ਹੁੰਦਾ। ਸੰਤਾਂ ਨੇ ਸਿੱਖੀ ਨੂੰ ਅਮਲ ਵਿਚ ਲਿਆ ਕੇ ਦੱਸਿਆ ਤੇ ਉਹਨਾਂ ਚੀਨੀ ਵੇਲੇ ਪਾਤਸ਼ਾਹ

ਦੇ ਉਹ ਹੁਕਮਨਾਮੇ ਜੋ ਉਹਨਾਂ ਨੇ ਸਿਖਾਂ ਪ੍ਰਤੀ ਕੀਤੇ ਸਨ, ਉਹਨਾਂ ਤੇ ਅੰਤਿਮ ਸੁਆਸਾਂ ਤੱਕ ਪਹਿਰਾ ਦਿਤਾ।[9]

ਸੰਤ ਉਮਰ ਪਰਯੰਤ ਆਪਣੇ ਜਤ ਸਤ ਵਿਚ ਪਰਪੱਕ ਰਹੇ। ਵਿਆਹ ਦੀ ਉਮਰ ਵਿਚ, ਸਤਿਗੁਰੂ ਰਾਮ ਸਿੰਘ ਜੀ ਦੇ ਰੰਗ ਵਿਚ ਐਸੇ ਰੰਗੇ ਗਏ ਕਿ ਫਿਰ ਸਾਰੀ ਉਮਰ ਉਸੇ ਰੰਗ ਵਿਚ ਹੀ ਕੱਟ ਲਈ। ਸੰਤ ਜੀ ਦੇ ਨੈਣ ਨਕਸ਼ ਤਿਖੇ, ਰੰਗ ਗੋਰਾ ਅਤੇ ਸਰੀਰ ਬੜਾ ਫੱਬਵਾਂ ਸੀ। ਹੀਰ ਦੇ ਕਵੀ, ਭਗਵਾਨ ਸਿੰਘ ਦੇ ਸ਼ਬਦਾਂ ਵਿਚ-"ਸੁੰਦਰ ਸਰੂਪ ਤੇ ਅਨੂਪ ਮੁੱਖ ਰਾਂਝਣੇ ਦਾ, ਪਤਲਾ ਪਤੰਗ ਜਾਣੀਂ ਵੇਖਦੇ ਹੀ ਰਹੀਏ ਨੀ।"

ਸਖਾਣੇ ਨਿਵਾਸ ਸਮੇਂ, ਇੱਥੇ ਇਕ ਪ੍ਰੇਮੋ ਨਾਮ ਦੀ ਮਸਤਾਨੀ ਬੀਬੀ, ਸੁੰਦਰਤਾ ਦੀ ਅਨੂਠੀ ਪ੍ਰਤਿਮਾ ਸੀ। ਉਹ ਜੋਬਨ ਰੁੱਤ ਦੇ ਸਿਖਰ ਤੇ ਸੀ। ਉਸ ਦਾ ਮਨ ਆਪਣੇ ਖਿਆਲਾਂ ਵਿਚ ਸੰਤ ਕੇਸਰ ਸਿੰਘ ਪ੍ਰਤੀ ਪ੍ਰੇਮ ਦੇ ਭਾਵ ਨਾਲ ਵਿਚਰਨ ਕਰਦਾ ਸੀ। ਇਕਾਂਤ ਵਿਚ ਉਹ ਸੰਤ ਜੀ ਪ੍ਰਤੀ ਕਈ ਭਾਂਤ ਦੇ ਇਸ਼ਾਰੇ ਕਰਦੀ। ਇਸ ਕਾਰਨ ਵੀ ਸੰਤ ਜੀ ਨੇ ਸਖਾਣਿਆਂ ਤੋਂ ਵਾਪਸੀ ਕਰ ਲਈ। ਸੰਤ ਜੀ ਦਾ ਇਕ ਸੇਵਕ ਝੰਡਾ ਸਿੰਘ ਜਿਸ ਦਾ ਪਿੰਡ ਕਿਲਾ ਸੂਬਾ ਸਿੰਘ ਸੀ, ਵਡਾਲਾ ਸੰਧੂਆਂ ਦੀ ਧਰਮਸ਼ਾਲਾ ਵਿਚ ਰਹਿੰਦਾ ਸੀ। ਸੰਤ ਜੀ ਉਸ ਨੂੰ ਮਿਲਣ ਚੱਲ ਪਏ। ਰਸਤੇ ਵਿਚ ਸਿਰਾਂ ਵਾਲੀ ਦਾ ਛੰਭ ਆਉਂਦਾ ਸੀ। ਜਦੋਂ ਆਪ ਛੰਭ ਦੇ ਅੱਧ ਵਿਚ ਗਏ ਤਾਂ ਕਿਸੇ ਜੀਅ ਦਾ ਆਪ ਦੇ ਪਿੱਛੇ ਪਿੱਛੇ ਆਉਣਾ, ਮਹਿਸੂਸ ਹੋਇਆ। ਪ੍ਰੇਮੋ ਸੰਤਾਂ ਦਾ ਸਖਾਣਿਆਂ ਤੋਂ ਜਾਣਾ ਸੁਣਕੇ, ਉਹਨਾਂ ਦੀ ਪੈੜ ਨੱਪਦੀ ਮਗਰ ਆ ਗਈ ਸੀ। ਉਸ ਨੇ ਸੰਤਾਂ ਦੀ ਬਾਂਹ ਫੜਕੇ ਆਪਣੇ ਨਾਲ ਵਿਆਹ ਕਰਾਉਣ ਦੀ ਪੇਸ਼ਕਸ਼ ਕੀਤੀ। ਇਸ ਇਕਾਂਤ ਵਿਚ ਜਦੋਂ ਉਸਨੇ ਕਈ ਹਾਵ ਭਾਵ ਕੀਤੇ ਤਾਂ ਸੰਤਾਂ ਨੇ ਉੱਚੀ ਬਾਂਹ ਕਰਕੇ ਪੁਕਾਰਿਆ "ਹਾਇ ਗੁਰੂ ਰਾਮ ਸਿੰਘ ਰੱਖ ਲੈ"। ਪ੍ਰੇਮੋ ਨੂੰ ਓੜਕ ਸੰਤਾਂ ਦੀ ਰਜ਼ਾ ਅੱਗੇ ਸਿਰ ਨਿਵਾਉਣਾ ਪਿਆ। ਸੰਤਾਂ ਨੇ ਕਿਹਾ "ਇਕ ਵਿੱਥ ਤੇ ਪਿੱਛੇ ਪਿੱਛੇ ਤੁਰੀ ਆ।" ਵਡਾਲੇ ਸੰਧੂਆਂ ਦੀ ਧਰਮਸ਼ਾਲਾ ਵਿਚ ਸੰਤ ਜੀ ਪ੍ਰੇਮੋ ਨੂੰ ਲੈਕੇ ਪੁਜ ਗਏ। ਸੰਤਾਂ ਨੇ ਕਿਹਾ-ਝੰਡਾ ਸਿੰਘ ਜੀ ਤੁਹਾਡੀ ਸਿੰਘਣੀ ਗੁਜ਼ਰ ਗਈ ਹੈ। ਪ੍ਰੇਮੋ ਨੂੰ ਪਰਵਾਨ ਕਰੋ। ਝੰਡਾ ਸਿੰਘ ਲਈ ਸੰਤਾਂ ਦਾ ਬਚਨ ਮੋੜਨਾ ਔਖਾ ਸੀ। ਸੰਤ ਵੀ ਚਿੰਤਾ ਮੁਕਤ ਹੋਏ ਅਤੇ ਬੀਬੀ ਪ੍ਰੇਮੋ ਨੂੰ ਵੀ ਭਾਵੀ ਜੀਵਨ ਸਾਥੀ ਦੇ ਰੂਪ ਵਿਚ ਇਕ ਗੁਰੂ ਪਿਆਰਾ ਮਿਲ ਗਿਆ।[10]

ਆਪਣੇ ਜਨ ਦਾ ਪੜਦਾ ਢੱਕਣ ਦਾ ਸੰਤ ਸਦਾ ਹੀ ਐਸਾ ਕਾਰਜ ਕਰਿਆ ਕਰਦੇ ਸਨ। ਵਡਾਲਾ ਸੰਧੂਆਂ ਤੋਂ ਸੰਤ ਕੇਸਰ ਸਿੰਘ ਡਸਕੇ ਪਹੁੰਚ ਗਏ। ਇਹ ਵੀ ਸਿਆਲਕੋਟ ਜ਼ਿਲ੍ਹੇ ਦਾ ਇਕ ਕਸਬਾ ਸੀ। ਇੱਥੇ ਸੇਠ ਮੋਹਰ ਸਿੰਘ ਦੇ ਘਰ, ਉਸ ਦੇ ਦਾਦਾ, ਸੇਠ ਹੁਕਮ ਸਿੰਘ ਨੂੰ ਦਰਸ਼ਨ ਦਿਤੇ। ਹੁਕਮ ਸਿੰਘ ਜੀ ਭਜਨੀਕ ਤੇ ਸਾਧ ਸੇਵੀ ਨਾਮਧਾਰੀ ਸਿੱਖ ਸਨ। ਉਹਨਾਂ ਨੇ ਸੰਤ ਜੀ ਨੂੰ ਘੱਟੋ ਘੱਟ ਇਕ ਮਹੀਨਾ ਇੱਥੇ ਦਰਸ਼ਨ ਦੇਣ ਦੀ ਬੇਨਤੀ ਕੀਤੀ। ਸੰਤ ਜੀ ਨੇ ਉਹੋ ਪੁਰਾਣੀ ਸ਼ਰਤ ਕਿ ਉਤਨਾ ਚਿਰ ਮੈਨੂੰ ਸਾਧ ਸੰਗਤ ਦੀ ਸੇਵਾ ਕਰਨ ਦਾ ਮੌਕਾ ਦੇਣਾ, ਦੁਹਰਾਈ। ਸੰਤ ਜੀ ਡਸਕੇ ਰਹਿਣ ਲੱਗ ਪਏ। ਆਪ ਨੇ ਸਾਰੀ ਰਾਤ ਸਿਮਰਨ ਕਰਨਾ। ਸਾਰਾ ਦਿਨ ਲੰਗਰ ਵਿਚ ਜਲ ਢੋਣ ਅਤੇ

ਛਕਾਉਣ ਦੀ ਸੇਵਾ ਕਰਨੀ। ਸੰਤਾਂ ਦੇ ਨਾਲ ਭਾਈ ਲਹਿਣਾ ਸਿੰਘ, ਝੰਡਾ ਸਿੰਘ ਜੀ ਹਮੇਸ਼ਾਂ ਰਹਿੰਦੇ ਸਨ। ਸੰਤ ਜੀ ਤੁਰਨ ਵੇਲੇ ਨੰਗੇ ਚਰਨਾਂ ਨਾਲ ਚੱਲਦੇ ਤਾਂ ਕਿ ਕੋਈ ਜੀਵ ਜੰਤ, ਕੀੜਾ ਮਕੌੜਾ ਹੇਠਾਂ ਆਕੇ ਮਸਲਿਆ ਨਾ ਜਾਏ। ਤੁਰਨ ਲੱਗੇ ਦੋਹਾਂ ਸਾਥੀਆਂ ਨੂੰ ਕਹਿਣਾਂ ਤੁਰਨ ਵੇਲੇ ਮੇਰੇ ਤੋਂ ਅੱਗੇ ਜਾਂ ਪਿੱਛੇ, ਵਿੱਥ ਤੇ ਤੁਰੋ। ਇੱਕਠੇ ਤੁਰਿਆਂ ਬਿਰਤੀ ਵਿਚ ਫ਼ਰਕ ਪੈਂਦਾ ਹੈ।[11]

ਇਕ ਦਿਨ ਡਸਕੇ ਤੋਂ ਗਿਆਰਾਂ ਕੋਹ ਦੂਰ ਚੱਕਰੀ ਪਿੰਡ ਵਿਚ ਆਪਣੇ ਪ੍ਰੇਮੀ ਸਿਖ, ਭਾਈ ਸੋਹਣ ਸਿੰਘ ਦੀ ਮੂਲ ਵੇਦਨਾ ਸੁਣ ਕੇ ਜੋ ਸਰੀਰਕ ਕਸ਼ਟ ਵਿਚ ਸੀ, ਸੰਤ ਜੀ ਦੋਹਾਂ ਸਾਥੀਆਂ ਸਮੇਤ ਰਾਤ ਦਸ ਵਜੇ ਚੱਲ ਕੇ ਅੱਧੀ ਰਾਤ ਬਾਅਦ ਵੱਡੇ ਤੜਕੇ ਚੱਕਰੀ ਪੁੱਜ ਗਏ। ਸਾਥੀ ਲਹਿਣਾ ਸਿੰਘ ਨੂੰ ਸੋਹਣ ਸਿੰਘ ਵੱਲ ਭੇਜਿਆ ਕਿ ਸਾਨੂੰ ਪਿੰਡੋਂ ਬਾਹਰ ਖੂਹ ਤੇ ਆਕੇ ਮਿਲੇ। ਉਹ ਘਰ ਮਰਨਾਊ ਪਿਆ ਸੀ। ਘਰ ਵਾਲੇ ਸੰਤਾਂ ਦੇ ਬਚਨ ਤੇ ਅਚਵੀ ਮਹਿਸੂਸ ਕਰਦੇ ਸਨ ਕਿ ਇਸ ਹਾਲਤ ਵਿਚ ਸੋਹਣ ਸਿੰਘ ਖੂਹ ਤੇ ਕਿਵੇਂ ਪਹੁੰਚੇਗਾ। ਆਖਰ ਸੋਹਣ ਸਿੰਘ ਦੇ ਕੰਨ ਵਿਚ ਭਾਈ ਲਹਿਣਾ ਸਿੰਘ ਨੇ ਸੰਤਾਂ ਦਾ ਖੂਹ ਤੇ ਆਉਣ ਤੇ ਉਸਨੂੰ ਯਾਦ ਕਰਨ ਦਾ ਸੁਨੇਹਾ ਉੱਚੀ ਆਵਾਜ਼ ਵਿੱਚ ਸੁਣਾਇਆ। ਸੋਹਣ ਸਿੰਘ ਦਾ ਰੰਗ ਹੋਰ ਹੋ ਗਿਆ। ਪਰਿਵਾਰ ਵੀ ਹੈਰਾਨ ਕਿ ਇਹ ਤੇ ਬੁਖਾਰ ਨਾਲ ਬੇਹੋਸ਼ ਪਿਆ ਸੀ। ਹੌਲੀ ਹੌਲੀ ਸੰਤਾਂ ਕੋਲ ਜਾ ਕੇ ਕਹਿੰਦਾ, ਜਾਂ ਹੁਣੇ ਮੈਨੂੰ ਤੋਰ ਜਾਉ। ਮੈਂ ਦਰਸ਼ਨ ਕਰਦਿਆਂ ਜਾਣਾ ਚਾਹੁੰਦਾ ਹਾਂ। ਜਾਂ ਨਵੀਂ ਤਾਰੀਖ ਪਾ ਦਿਉ। ਸੰਤਾਂ ਨੇ ਉਚੀ ਬਾਂਹ ਕਰਕੇ ਕਿਹਾ ਸੋਹਣ ਸਿੰਘ ਤੇਰੀ ਲੰਮੀ ਤਾਰੀਖ ਪਾ ਦਿਤੀ ਹੈ। ਪਰ ਇਹ ਗੱਲ ਯਾਦ ਰੱਖੀਂ ਇਹ ਤਾਰੀਖ਼ ਪਾਉਣ ਵਾਲੀ ਬਾਂਹ, ਮੇਰੇ ਸਤਿਗੁਰੂ ਰਾਮ ਸਿੰਘ ਦੀ ਹੈ।[12]

ਡਸਕੇ ਵਿਚ ਸੇਠ ਹੁਕਮ ਸਿੰਘ ਨਾਲ, ਐਸਾ ਮਨ ਮਿਲਿਆ ਕਿ ਸੰਤ ਜੀ ਪੂਰਾ ਸਾਲ ਭਰ ਰਹੇ। ਸਾਲ ਬਾਅਦ ਪੁੱਛਿਆ ਕਿ ਸੇਠ ਜੀ ਤੁਹਾਡਾ ਮਹੀਨਾ ਪੂਰਾ ਹੋਇਆ ਹੈ ਜਾਂ ਨਹੀਂ। ਉਹਨਾਂ ਕਿਹਾ ਕਿ ਸੰਤ ਜੀ ਇਹ ਮਹੀਨਾਂ ਤਾਂ ਯੁੱਗਾਂ ਪ੍ਰਯੰਤ ਨਾਂ ਪੂਰਾ ਹੋਵੇ। ਪਰ ਸੰਤ ਮੌਜ ਦੇ ਮਾਲਕ ਸਨ ਉਹ ਨਵੀਆਂ ਧਰਤੀਆਂ ਗਾਹੁਣ ਲਈ ਡਸਕੇ ਨੂੰ ਖੁਸ਼ੀਆਂ ਬਖਸ ਕੇ ਚਾਲੇ ਮਾਰ ਗਏ। ਇੱਥੋਂ ਚੱਲਕੇ ਸੰਤ ਜੀ ਨੇ ਸ਼ੇਰੇ ਪੰਜਾਬ ਮਹਾਰਾਜ ਰਣਜੀਤ ਸਿੰਘ ਦੀ ਨਗਰੀ, ਗੁਜਰਾਂਵਾਲੇ ਦੇ ਭਾਈ ਗੁਰਦਿਤ ਸਿੰਘ ਘਿਉ ਵਾਲੇ ਪਾਸ, ਦੋਹਾਂ ਸੰਗੀਆਂ , ਝੰਡਾ ਸਿੰਘ, ਲਹਿਣਾ ਸਿੰਘ ਸਣੇ ਆ ਡੇਰਾ ਲਾਇਆ। ਇਸ ਜਗ੍ਹਾ ਰਹਿੰਦਿਆਂ ਹੀ ਸੰਤਾਂ ਦੀ ਕ੍ਰਿਪਾ ਦ੍ਰਿਸ਼ਟੀ ਗੁਜਰਾਂ ਵਾਲੇ ਦੇ ਮਿਸਤਰੀ ਗੰਡਾ ਸਿੰਘ ਜੀ ਤੇ ਹੋ ਗਈ। ਉਹ ਹਾਲੇ ਨਾਮਧਾਰੀ ਨਹੀਂ ਸਨ ਬਣੇ। ਆਪਣੇ ਸੰਗੀਆਂ ਦੀ ਪ੍ਰੇਰਨਾ ਤੇ, ਸੰਤਾਂ ਨੂੰ ਪਰਖ ਵਿਚ ਪੂਰੇ ਉਤਰੇ ਵੇਖ ਕੇ, ਗੰਡਾ ਸਿੰਘ ਵਜਦ ਵਿਚ ਆ ਗਏ ਤੇ ਭਜਨ ਪੁੱਛ ਲਿਆ। ਇਹੋ ਗੰਡਾ ਸਿੰਘ ਬਾਅਦ ਵਿਚ ਸਤਿਗੁਰੂ ਪਰਤਾਪ ਸਿੰਘ ਜੀ ਦੇ ਵਿਸ਼ੇਸ਼ ਕ੍ਰਿਪਾ ਪਾਤਰ ਬਣੇ। ਸਤਿਗੁਰੂ ਜਗਜੀਤ ਸਿੰਘ ਜੀ ਨੇ ਉਹਨਾਂ ਨੂੰ ਦਿੱਲੀ ਦਾ ਸੂਬਾ ਥਾਪਿਆ। ਸੂਬਾ ਗੰਡਾ ਸਿੰਘ ਅਤੇ ਉਹਨਾਂ ਦੇ ਪਰਿਵਾਰ ਦੇ ਜੀਆਂ ਨੇ, ਨਾਮਧਾਰੀ ਪੰਥ ਦੀਆਂ ਵਿਵਿਧ ਖੇਤਰਾਂ ਵਿਚ ਸੇਵਾਵਾਂ ਨਿਭਾਹੀਆਂ ਹਨ। ਇਸ

ਸਭ ਕਾਸੇ ਦੇ ਪਿੱਛੇ ਸੰਤ ਚਵਿੰਡੇ ਵਾਲਿਆਂ ਦੀ ਪ੍ਰੇਰਣਾ ਮਈ ਸਖਸੀਅਤ ਮਉਜੂਦ ਰਹਿੰਦੀ ਹੈ। ਗੁਜਰਾਵਾਲੇ ਸੰਤਾਂ ਤੋਂ ਵਰੋਸਾਏ ਅਨੇਕ ਸਰੀਰ ਸਨ। ਹੁਣ ਸੰਤ ਜੀ ਮਹੀਨੇ ਦੇ ਵੀਹ ਦਿਨ ਗੰਡਾ ਸਿੰਘ ਜੀ ਦੇ ਘਰ ਰਹਿੰਦੇ ਤੇ ਬਾਕੀ ਜਥੇਦਾਰ ਇੰਦਰ ਸਿੰਘ ਦੇ ਘਰ। ਬਹੁਤ ਸਾਰੇ ਸਰੀਰ ਮਿਲ ਜੁਲ ਕੇ ਨਾਮ ਬਾਣੀ ਦਾ ਪ੍ਰਵਾਹ ਚਲਾਉਣ ਲੱਗ ਪਏ। ਬਿਨਾਂ ਮਤਲਬ ਫ਼ਾਲਤੂ ਗੱਲਾਂ ਕਰਨ ਵਾਲਿਆਂ ਤੋਂ, ਸੰਤ ਜੀ ਸਦਾ ਵਿੱਥ ਬਣਾਈ ਰੱਖਦੇ। 'ਸੰਤ ਕੇਸਰ ਸਿੰਘ ਜੀ ਸਿਵਾਏ ਸਤਸੰਗ ਦੇ ਹੋਰ ਕੋਈ ਬਚਨ ਨਾਂ ਕਰਦੇ ਤੇ ਨਾਂ ਸੁਣਦੇ। ਫਿਰ ਬਹੁਤ ਚਿਰ ਕਿਸੇ ਦੇ ਘਰ ਰਹਿਣਾ ਵੀ ਜੋਗ ਨਾਂ ਸਮਝਦੇ।" ਬਿਰਧ ਅਵਸਥਾ ਵਿਚ ਵੀ ਆਪਣੀ ਕਾਰ ਆਪ ਕਰਨ ਦੇ ਸਮਰੱਥ ਸਨ। ਜਿਸ ਸਰੀਰ ਨੇ ਕਿਸੇ ਦਿਨ ਸਤਸੰਗ ਵਿਚ ਨਾਂ ਆਉਣਾ, ਉਸ ਨੂੰ ਕਹਿਣਾ, 'ਕੱਲ ਤੇਰੇ ਹਿੱਸੇ ਦਾ ਭਜਨ ਅਸੀਂ ਕਰਦੇ ਰਹੇ ਹਾਂ।' ਇਸ ਤਰ੍ਹਾਂ ਉਹ ਸਭ ਨੂੰ ਆਪਣੇ ਪ੍ਰੇਮ ਪਾਸ਼ ਵਿਚ ਬੰਨ੍ਹੀ ਰੱਖਦੇ।

ਗੁਰਬਾਣੀ ਅਨੁਸਾਰ ਵੱਡੇ ਵੱਡੇ ਮੁਨੀ, ਜੋਗੀ, ਵਿਦਵਾਨ ਸਾਰੇ ਮਾਇਆ ਦੇ ਪ੍ਰਭਾਵ ਵਿਚ ਹਨ। ਤਿੰਨ ਵੱਡੇ ਦੇਵਤੇ ਤੇ ਤੇਤੀ ਕਰੋੜ ਛੋਟੇ ਦੇਵਤੇ, ਸਭ ਇਸ ਨੂੰ ਵੇਖਕੇ ਹੈਰਾਨ ਹੋ ਜਾਂਦੇ ਹਨ। ਇਸ ਦਾ ਭੇਦ ਗੁਰੂ ਕ੍ਰਿਪਾ ਨਾਲ ਹੀ ਪਾਇਆ ਜਾ ਸੱਕਦਾ ਹੈ, ਹੋਰ ਕੋਈ ਨਹੀਂ ਪਾ ਸਕਦਾ। ਜਿੱਤਦਿਆਂ ਜਿੱਤਦਿਆਂ ਉਸ ਨੇ ਸਭ ਥਾਨਾਂ ਨੂੰ ਜਿਤਿਆ ਅਤੇ ਸਾਰੇ ਵਿਸ਼ਵ ਨੂੰ ਚਿੰਬੜੀ ਹੋਈ ਹੈ । ਗੁਰੂ ਜੀ ਕਹਿੰਦੇ ਹਨ ਕਿ ਉਹ ਸਿਰਫ ਸਾਧੂ ਅੱਗੇ ਝੁਕਦੀ ਹੈ, ਉਸ ਦੀ ਦਾਸੀ ਹੋਕੇ ਚਰਨਾਂ ਤੇ ਢਹਿ ਪੈਂਦੀ ਹੈ।

ਮੁਨਿ ਜੋਗੀ ਸਾਸਤ੍ਰਗਿ ਕਹਾਵਤ ਸਭ ਕੀਨੇ ਬਸ ਅਪਨ ਹੀ॥
ਤੀਨ ਦੇਵ ਅਰੁ ਕੋੜਿ ਤੇਤੀਸਾ ਤਿਨ ਕੀ ਹੈਰਤਿ ਕਛੁ ਨ ਰਹੀ॥
ਬਲਵੰਤਿ ਬਿਆਪਿ ਰਹੀ ਸਬ ਮਹੀ॥
ਅਵਰੁ ਨ ਜਾਨਸਿ ਕੋਊ ਮਰਮਾ ਗੁਰ ਕਿਰਪਾ ਤੇ ਲਹੀ॥ ਰਹਾਉ ॥
ਜੀਤਿ ਜੀਤਿ ਜੀਤੇ ਸਭ ਥਾਨਾ ਸਗਲ ਭਵਨ ਲਪਟਹੀ॥
ਕਹੁ ਨਾਨਕ ਸਾਧ ਤੇ ਭਾਗੀ ਹੋਇ ਚੇਰੀ ਚਰਨ ਗਹੀ॥

—(ਗੁਜਰੀ ਮः ੫. ੪੯੮)

ਸੰਤ ਕੇਸਰ ਸਿੰਘ ਚਵਿੰਡਾ ਨੂੰ ਬਹੁਤ ਸਾਰੇ ਸ਼ਰਧਾਲੂ ਕਈ ਵੇਰ ਮਾਇਆ ਭੇਟ ਕਰਦੇ। ਸੰਤ ਜੀ ਇਕ ਰੁਪੈਆ ਹੀ ਪਰਵਾਨ ਕਰਦੇ, ਬਾਕੀ ਦੇਣ ਵਾਲੇ ਨੂੰ ਮੋੜ ਦਿੰਦੇ। 16 ਆਨੇ ਜਾਂ 64 ਪੈਸੇ ਦੇ ਇਸ ਰੁਪੈ ਦੀ, ਅੱਗੋਂ ਸੰਤ ਜੀ ਇਉਂ ਵੰਡ ਕਰਦੇ ਸਨ। ਅੱਠ ਆਨੇ ਜਾਂ 32 ਪੈਸੇ ਗੁਜਰਾਂਵਾਲੇ ਵਿਚ ਆਪਣਾ ਡੇਰਾ ਬਣਾ ਕੇ ਰਹਿਣ ਵਾਲੇ, ਆਪਣੇ ਸਮਕਾਲੀ ਤੇ ਪਹੁੰਚੇ ਹੋਏ, ਸੰਤ ਕੇਸਰ ਸਿੰਘ ਜੀ ਚੁੱਪ ਨੂੰ ਭੇਜ ਦਿੰਦੇ ਕਿਉਂ ਜੁ ਉਹਨਾਂ ਦੇ ਡੇਰੇ ਲੋਹ ਲੰਗਰ ਚੱਲਦਾ ਰਹਿੰਦਾ ਸੀ। ਇਕ ਨਾਨੂੰ ਸਿੰਘ ਨਾਂ ਦੇ ਸਿੱਖ ਨੂੰ 8 ਪੈਸੇ ਜਾਂ ਦੋ ਆਨੇ, ਲਹਿਣਾ ਸਿੰਘ, ਝੰਡਾ ਸਿੰਘ ਦੋਹਾਂ ਸੰਗੀਆਂ ਨੂੰ ਦੋ ਦੋ ਆਨੇ, ਸ੍ਰੀ ਮਤੀ ਧੰਨ ਦੇਈ ਨੂੰ ਚਾਰ ਪੈਸੇ। ਇਸ ਤਰ੍ਹਾਂ ਸੰਤ ਆਪਣੇ ਪਾਸ ਰੁਪੈ ਵਿਚੋਂ ਇਕ ਆਨਾ ਜਾਂ 4 ਪੈਸੇ ਹੀ ਰੱਖਦੇ। ਇਹ ਆਨਾ ਪਰਨੇ ਦੇ ਲੜ ਬੰਨ ਕੇ ਕਿੱਲੀ ਤੇ ਟੰਗ ਦਿੰਦੇ। ਜੇ ਕੋਈ ਕਹਿੰਦਾ ਸੰਤ ਜੀ ਪੈਸੇ ਸਾਂਭ ਕੇ ਰੱਖੋ ਤਾਂ ਜੁਆਬ ਦਿੰਦੇ ਜਿਸ ਦੇ ਪੈਸੇ ਹਨ ਉਸੇ ਨੂੰ ਫ਼ਿਕਰ ਹੈ।

ਇਹ ਗੁਰੂ ਕੇ ਲੰਗਰ ਦੇ ਪੈਸੇ ਹਨ। ਹੁਣ ਜਦੋਂ ਦੇ ਸੰਤ ਕੇਸਰ ਸਿੰਘ ਜੀ ਚਵਿੰਡੇ ਵਾਲੇ ਗੁਜਰਾਂਵਾਲੇ ਰਹਿਣ ਲੱਗ ਪਏ ਸਨ, ਸਤਿਗੁਰੂ ਪਰਤਾਪ ਸਿੰਘ ਜੀ ਦੇ ਦਰਸ਼ਨ ਪਹਿਲਾਂ ਤੋਂ ਵਧੇਰੇ ਹੋਣ ਲੱਗੇ। ਇੱਕਠੀ ਹੋਈ ਰਕਮ ਸੰਤ ਪਰਨੇ ਨਾਲੋਂ ਖੋਹਲ ਕੇ ਸਤਿਗੁਰੂ ਜੀ ਨੂੰ ਮੱਥਾ ਟੇਕ ਦਿੰਦੇ ਜਾਂ ਕਿਸੇ ਸਿੰਘ ਹੱਥ, ਸ੍ਰੀ ਭੈਣੀ ਸਾਹਿਬ ਦੇ ਲੰਗਰ ਪੁੱਚਾ ਦਿੰਦੇ। ਸੰਤਾਂ ਨੇ ਆਪਣੇ ਲਈ ਇਕ ਪੈਸਾ ਵੀ ਕਦੇ ਪਰਵਾਨ ਨਾਂ ਕੀਤਾ। ਐਸੇ ਸਨ ਜੜ੍ਹ ਚੇਤਨ ਮਾਇਆ ਤੋਂ ਪੂਰਨ ਰੂਪ ਵਿਚ ਮੁਕਤ ਹੋ ਚੁੱਕੇ ਸੰਤ ਕੇਸਰ ਸਿੰਘ ਜੀ। ਆਪ ਨੇ ਕਈ ਅਸਾਧ ਰੋਗੀਆਂ ਦੇ ਰੋਗ, ਸਤਿਗੁਰੂ ਰਾਮ ਸਿੰਘ ਦੀ ਕਿਰਪਾ ਨਾਲ ਦੂਰ ਕੀਤੇ। ਸਰੀਰ ਨੂੰ ਇਤਨਾ ਸਾਧਿਆ ਸੀ ਕਿ ਸ਼ਾਮ ਨੂੰ 5 ਕਾਲੀਆਂ ਮਿਰਚਾਂ ਤੇ 5 ਬਦਾਮਾਂ ਦੀ ਬਣੀ ਸ਼ਰਦਾਈ ਛਕ ਕੇ ਹੀ ਨਿਹਾਲ ਰਹਿੰਦੇ।[13]

1926 ਈ. ਦਾ ਹੋਲਾ ਮਹੱਲਾ, ਗੁਜਰਾਂਵਾਲੇ ਵਿਖੇ ਕਰਵਾਉਣ ਲਈ ਆਪ ਨੇ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੇ ਸਨਮੁਖ, ਗੁਜਰਾਂਵਾਲਾ ਦੀ ਸੰਗਤ ਨਾਲ, 1925 ਈ. ਦੇ ਹੋਲੇ ਸਮੇਂ ਜੋ ਅੰਮ੍ਰਿਤਸਰ ਹੋਇਆ ਸੀ ਅਰਜ਼ ਕੀਤੀ। ਪਰਵਾਨਗੀ ਹੋ ਗਈ। ਸੰਤਾਂ ਨੇ ਮੁੜਦਿਆਂ ਨਾਲ ਹੀ ਸੰਗਤ ਨੂੰ ਬਚਨ ਕਰ ਦਿਤਾ ਸੀ ਕਿ ਹੋਲਾ ਤੇ ਤੁਹਾਨੂੰ ਸਤਿਗੁਰੂ ਜੀ ਨੇ ਬਖਸ਼ ਦਿਤਾ ਹੈ ਪਰ ਅਸੀਂ ਇਹ ਹੋਲਾ ਨਹੀਂ ਵੇਖਾਂਗੇ। ਸੰਤ ਭਾਦਰੋਂ ਵਿਚ ਚੜ੍ਹਾਈ ਕਰ ਗਏ ਸਨ, ਗੁਜਰਾਂਵਾਲੇ ਵਿਖੇ ਹੀ ਸੰਤ ਕੇਸਰ ਸਿੰਘ ਚੁੱਪ ਹੋਰਾਂ ਵੀ ਪਹਿਲਾਂ ਹੀ ਦੱਸ ਦਿਤਾ ਸੀ ਕਿ ਚਵਿੰਡੇ ਵਾਲੇ ਸੰਤਾਂ ਦੋ ਦਿਨਾਂ ਨੂੰ ਚੜ੍ਹਾਈ ਕਰ ਜਾਣੀ ਹੈ ਜਿਸ ਦਰਸ਼ਨ ਕਰਨੇ ਹਨ ਕਰ ਲਵੇ। ਸੰਤ 27 ਭਾਦਰੋਂ ਨੂੰ ਪਿਛਲੀ ਰਾਤ ਭਜਨ ਕਰਦੇ ਗੁਜਰਾਂਵਾਲੇ ਦੀ ਧਰਮਸ਼ਾਲਾ ਪਹਾੜ ਵੱਲ ਦੀ ਵਿਚ ਸਮਾ ਗਏ। ਸਵੇਰੇ ਸ਼ਹਿਰ ਦੀ ਸੰਗਤ ਅਤੇ ਆਸ ਪਾਸ ਦੇ ਪਿੰਡਾਂ ਦੀ ਸੰਗਤ ਨੇ ਆਪ ਦੇ ਬਬਾਨ ਤੇ ਫੁੱਲ ਬਰਸਾਂਉਦਿਆ, ਗੁਰਦੁਆਰੇ ਦੇ ਅੰਦਰ ਹੀ ਸਸਕਾਰ ਕੀਤਾ। ਸਤ੍ਹਾਰਵੀਂ ਤੇ ਸੰਗਤ ਕਈ ਆਦਿ ਗੁਰੂ ਗਰੰਥ ਸਾਹਿਬ ਦੇ ਸੰਤਾਂ ਨਮਿਤ ਪਾਠ ਕਰਕੇ ਪੁੱਜੀ। ਭੋਗ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੀ ਹਜੂਰੀ ਵਿਚ ਨਾਮਧਾਰੀ ਧਰਮਸ਼ਾਲਾ ਵਿਚ ਪਿਆ। ਸਤਿਗੁਰੂ ਜੀ ਸੰਤਾਂ ਦੇ ਬਚਨ ਸੰਗਤ ਨੂੰ ਸੁਣਾਏ ਅਤੇ ਉਹਨਾਂ ਨੂੰ ਪੂਰਨ ਸਾਧੂ ਦੱਸਿਆ। ਸੰਤ ਮੰਗਲ ਸਿੰਘ ਅਰਸ਼ੀ ਫਰਿਸ਼ਤਾ, ਸੰਤ ਨਿਧਾਨ ਸਿੰਘ ਆਲਮ, ਸੰਤ ਇੰਦਰ ਸਿੰਘ ਜੀ ਚੱਕਰਵਰਤੀ ਆਦਿ ਨੇ ਸੰਤਾ ਪਰਤੀ ਸ਼ਬਦਾਂ ਦੇ ਸ਼ਰਧਾ ਪੁਸ਼ਪ ਭੇਟ ਕੀਤੇ। ਸੰਤਾਂ ਦੇ ਸੇਵਕ ਉਜਾਗਰ ਸਿੰਘ 'ਰਾਮ ਪਿਆਰਾ ਗਰਮੂਲ੍ਹਾ ਅਤੇ ਕਰਤਾਰ ਸਿੰਘ' ਲਾੜਾ ਹਿੰਦੂ ਚੱਕ ਨੇ ਅਰਜ ਕੀਤੀ "ਜਿਵੇਂ ਹੋਲਾ ਅੱਗੇ ਲੱਗ ਲੈ ਦਿਤਾ ਜੇ, ਵਿਚ ਹੋਕੇ ਕਰ ਵੀ ਜਾਉ।" ਸੰਤ ਜੀ ਕਿਹਾ "ਖਸਮ ਦੀ ਰਜ਼ਾ ਜਿਵੇਂ ਹੈ ਠੀਕ ਹੈ।" ਸਤਿਗੁਰੂ ਜੀ ਬਚਨ ਕੀਤਾ ਸਤਿਗੁਰੂ ਰਾਮ ਸਿੰਘ ਦੇ ਸਰੂਪ ਦਾ ਆਸ਼ਕ, ਇਕ ਅੱਜ ਦੇ ਜ਼ਮਾਨੇ 'ਚ ਜੜ ਚੇਤਨ ਮਾਇਆ ਤੋਂ ਬਚਿਆ ਹੋਇਆ, ਵੈਰਾਗੀ, ਤਿਆਗੀ, ਅੰਦਰੋਂ ਬਾਹਰੋਂ ਸੁੱਚਾ। ਗੁਰੂ ਹਰੀ ਸਿੰਘ ਜੀ ਤੋਂ ਉਤਰ ਕੇ ਮੇਰੀ ਜੀਹਦੇ ਤੇ ਨਿਹਚਾ ਸੀ, ਉਸ ਦੇ ਮੇਲੇ ਦਾ ਭੋਗ ਪਾ ਰਹੇ ਹਾਂ। ਇਹੋ ਜਿਹਾ ਸਾਧਨਾ ਵਾਲਾ ਤੇ ਉਚੇ ਸੁੱਚੇ ਜੀਵਨ ਵਾਲਾ, ਹੋਣਾਂ ਦੁਰਲਭ ਹੈ। ਮੈਨੂੰ ਇਹਨਾਂ ਸੰਤਾਂ, ਮੋਢੇ ਤੋਂ ਫੜ, ਕਈ ਵਾਰ ਕਿਹਾ ਸੀ ਕਿ ਸਤਿਗੁਰੂ

ਰਾਮ ਸਿੰਘ ਜੀ ਦੀ ਬਖਸ਼ਿਸ਼ ਦਾ ਬੂਹਾ ਕਦੇ ਬੰਦ ਨਹੀਂ ਕਰਨਾ। ਮੰਦੇ ਕਰਮ ਤਾਂ ਜੀਆਂ ਤੋਂ ਹੋ ਹੀ ਜਾਂਦੇ ਹਨ। ... ਇਕ ਸਮੇਂ ਮੈਂ ਇਕ ਦੁਸ਼ਾਲਾ ਕੀਮਤੀ ਸੰਤਾਂ ਨੂੰ ਉਪਰ ਲੈਣ ਲਈ, ਸੰਤ ਬਹਾਦਰ ਸਿੰਘ ਜੀ ਹੱਥੀਂ ਦਿਤਾ। ਸੰਤ ਜੀ ਨੇ ਸਵੇਰੇ ਵਾਪਿਸ ਕਰ ਕਿਹਾ ਮੈਨੂੰ ਇਸਦੀ ਕੋਈ ਲੋੜ ਨਹੀ। ਇਹ ਤੁਹਾਨੂੰ ਸੋਭਦਾ ਹੈ ਤੇ ਉੱਚੀ ਬਾਂਹ ਕਰ –"ਹਾਇ ਸਤਿਗੁਰੂ ਰਾਮ ਸਿੰਘ ਨਾਂ ਵਿੱਸਰੇ"– ਕਹਿ ਵੈਰਾਗੀ ਹੋ ਗਏ ਸੀ। ਏਕ ਸਮੇਂ ਮੈਨੂੰ ਕਿਸੇ ਕਿਹਾ, ਸੰਤ ਜੀ ਨਹਾਉਂਦੇ ਨਹੀਂ ਸਵੇਰੇ। ਮੈਂ ਰਾਤ ਦੋ ਤਿੰਨ ਵਾਰ ਉਠ ਕੇ (ਤੁਰ) ਫਿਰ ਕੇ ਵੇਖਿਆ, ਸੰਤ ਜੀ (ਸਾਰੀ ਰਾਤ) ਜਾਗਦੇ ਤੇ ਫਿਰਦੇ ਭਜਨ ਕਰਦੇ ਰਹੇ। ਮੈਂ ਸਵੇਰੇ ਉਸ ਸਿੱਖ ਨੂੰ ਕਿਹਾ, ਜੋ ਰਾਤ ਜਾਗ ਬੰਦਗੀ ਕਰੇ, ਜੋ ਭਜਨ ਨਾਂ ਵਿਸਾਰੇ, ਉਹ 'ਸਾਧ ਭਲੇ ਅਣਨਾਤਿਆਂ" "ਸੂਚੇ ਸੇਈ ਨਾਨਕਾ ਜਿਨਿ ਮਨਿ ਵਸਿਆ ਸੋਇ॥ ਦੀ ਬਿਵਸਥਾ ਵਾਲੇ ਸਾਧੂ ਸਦਾ ਸੁੱਚੇ 'ਤੇ ਇਸ਼ਨਾਨ ਕੀਤੇ ਵਾਲੇ ਹੀ ਹੁੰਦੇ ਹਨ।"[14]

ਸੰਤ ਜੀ ਦੀ ਯਾਦ ਵਿਚ ਇਸ ਧਰਮਸ਼ਾਲਾ ਵਿਚ ਇਕ ਬਹੁਤ ਵੱਡਾ ਮੰਦਰ, ਸੰਤਾਂ ਦੇ ਭੋਗ ਵਾਲੇ ਦਿਨ ਨੀਂਹ ਰੱਖ ਕੇ ਸ਼ੁਰੂ ਕੀਤਾ। ਜਿਸ ਵਿਚ ਹਮੇਸ਼ਾਂ ਆਸਾ ਦੀ ਵਾਰ ਅਤੇ ਹੋਰ ਦੀਵਾਨ ਲੱਗਦੇ ਸਨ। ਸੰਤਾਂ ਦੇ ਸਹਿਜ ਸੁਭਾ ਆਖੇ ਬਚਨ ਪੂਰੇ ਹੋ ਜਾਂਦੇ ਸਨ। ਢੇ (ਸਿਆਲ ਕੋਟ) ਦਾ ਮਿਲਖਾ ਸਿੰਘ ਮਸਤਾਨਾ ਸੀ। ਇਕ ਦਿਨ ਉਸ ਮਸਤ ਬਿਰਤੀ ਵਿਚ ਹੋਏ ਨੇ, ਸੰਤਾਂ ਦਾ ਸਿਰ ਮੰਜੇ ਦੀ ਪੈਂਦ ਵਿਚ ਫਸਾ ਦਿਤਾ। ਸੰਤ ਬਿਰਧ ਸਨ। ਤੰਗੀ ਆਈ ਤੇ ਕਹਿਣ ਲੱਗੇ "ਓ ਖ਼ੂਨੀਆ ਨਾਂ ਤੰਗ ਕਰ।" ਅਗਲੇ ਦਿਨ ਭੂਪਾਲ ਵਾਲੇ ਸ਼ਰਦਾਈ ਰਗੜਦਿਆਂ, ਮਿਲਖਾ ਸਿੰਘ ਹੱਥੋਂ ਸਲੋਤਰ ਵੱਜਣ ਨਾਲ ਸਿਰ ਵਿਚ, ਅਰੂੜ ਸਿੰਘ ਮਰ ਗਿਆ। ਖ਼ੂਨ ਦਾ ਮੁਕਦਮਾ ਚੱਲਿਆ। ਚੌਦਾ ਸਾਲ ਕਾਲੇ ਪਾਣੀ ਕੱਟ ਕੇ, ਆਕੇ ਉਸ ਸਤਿਗੁਰੂ ਪਰਤਾਪ ਸਿੰਘ ਜੀ ਤੋਂ ਬਖ਼ਸ਼ਾਇਆ ਸੀ।

ਸਤਿਗੁਰੂ ਪਰਤਾਪ ਸਿੰਘ ਜੀ ਦੀ ਦੇਹ ਤੇ ਸੰਤ ਜੀ ਦਾ ਅਥਾਹ ਭਰੋਸਾ ਸੀ। ਸਤਿਗੁਰੂ ਜੀ ਵੀ ਸੰਤ ਜੀ ਦਾ ਬਹੁਤ ਅਦਬ ਸਤਿਕਾਰ ਕਰਦੇ ਸਨ। ਇਕ ਵੇਰ ਸਾਵਣ ਸਿੰਘ ਘਰਜਾਖ ਨੂੰ, ਸਤਿਗੁਰੂ ਪਰਤਾਪ ਸਿੰਘ ਜੀ ਦਾ ਲੰਗਰ ਕਰਨ ਦੀ ਮਨਜ਼ੂਰੀ ਲਾਹੌਰ ਪੱਥਰਾਂ ਵਾਲਿਆਂ ਭਾਈ ਧਿਆਨ ਸਿੰਘ ਹੋਰਾਂ ਦੇ ਘਰ ਜਾਕੇ, ਸੰਤ ਕੇਸਰ ਸਿਘ ਜੀ ਨੇ ਲੈਕੇ ਦਿਤੀ ਸੀ। ਮਿਥੇ ਦਿਨੇ ਤੇ ਮਿ. ਗੰਡਾ ਸਿੰਘ ਜੀ ਅਤੇ ਇਕ ਹੋਰ ਸਿੰਘ ਨਾਲ ਸੰਤ ਜੀ ਵੀ ਸਾਵਣ ਸਿੰਘ ਦੇ ਘਰ ਪੁੱਜ ਗਏ ਗੁਜਰਾਂਵਾਲੇ। ਸਤਿਗੁਰੂ ਪਰਤਾਪ ਸਿੰਘ ਜੀ ਨੇ ਸੰਤਾਂ ਨੂੰ ਆਪਣੇ ਮੰਜੇ ਤੇ ਹੀ ਬੈਠਣ ਲਈ ਕਿਹਾ। ਸੰਤ ਜੀ ਬਚਨ ਮੰਨਣ ਵਾਲੇ ਸਨ। ਸਤਿਗੁਰੂ ਜੀ ਦੀ ਪੈਂਦ ਵੱਲ ਬੈਠ ਗਏ। ਕੁਝ ਚਿਰ ਬਾਅਦ ਸਤਿਗੁਰੂ ਜੀ ਨੇ ਸੰਤ ਜੀ ਨੂੰ ਆਖਿਆ ਕਿ ਅਸੀਂ ਬੜੇ ਭਿਆਨਕ, ਕਲੂ ਕਾਲ ਦੇ ਸਮੇਂ ਵਿਚੋਂ ਲੰਘ ਰਹੇ ਹਾਂ। ਕ੍ਰਿਪਾ ਕਰਕੇ ਆਪਣੇ ਹੱਥ ਮੇਰੇ ਸਿਰ ਤੇ ਰੱਖੋ ਤਾਂ ਕਿ ਤੁਹਾਡੀ ਦੈਆ ਨਾਲ ਅਸੀਂ ਇਸ ਭਿਆਨਕ ਸਮੇਂ ਦੇ ਇਮਤਿਹਾਨ ਵਿਚੋਂ ਲੰਘ ਸੱਕੀਏ। ਸੰਤ ਜੀ ਨੇ ਤੁਰੰਤ ਆਪਣਾ ਸੱਜਾ ਹੱਥ ਸਤਿਗੁਰੂ ਜੀ ਦੇ ਸੀਸ ਤੇ ਟਿਕਾ ਦਿਤਾ। ਉਹ ਕੋਈ ਪੰਜ ਮਿੰਟ ਸਤਿਗੁਰੂ ਜੀ ਦੇ ਮੰਜੇ ਤੇ ਬੈਠੇ ਰਹੇ। ਫਿਰ ਉਠੇ ਅਤੇ ਦੋਵੇਂ ਹੱਥ ਜੋੜ ਕੇ ਸਤਿਗੁਰੂ ਜੀ ਦੇ ਸਾਂਹਵੇ ਖੜੇ ਹੋਕੇ ਬਿਨੈ ਕਰਨ ਲੱਗੇ "ਤੁਸੀ ਸਾਡੇ ਸਾਰਿਆਂ ਦੇ ਪਹਿਰੇ ਦੇ ਮਾਲਕ ਹੋ।

ਤੁਸੀਂ ਸਤਿਗੁਰੂ ਰਾਮ ਸਿੰਘ ਜੀ ਦੀ ਸੰਗਤ ਦੀ ਉਹਨਾਂ ਦੇ ਹੁਕਮ ਅਨੁਸਾਰ, ਸੇਵਾ ਕਰ ਰਹੇ ਹੋ। ਤੁਸੀਂ ਸਾਰੀ ਸੰਗਤ ਦਾ ਧਿਆਨ ਰੱਖਣਾ ਹੈ।" ਆਪਣੀ ਕਿਰਪਾ ਨਾਲ ਮੈਨੂੰ ਵੀ ਇਹ ਬਲ ਬਖਸ਼ੋ ਕਿ ਮੈਂ ਤੁਹਾਨੂੰ ਪਹਿਚਾਣ ਸੱਕਾਂ ਅਤੇ ਠੀਕ ਤਰ੍ਹਾਂ ਆਪ ਦੇ ਹੁਕਮਾਂ ਨੂੰ ਸਮਝ ਵੀ ਸੱਕਾਂ। ਆਮ ਮਨੁੱਖਾ ਨੇ ਇਸ ਭਿਆਨਕ ਸਮੇਂ ਕਲੂ ਕਾਲ ਦਾ ਦਬਾਅ ਝੱਲ ਨਹੀਂ ਸੱਕਣਾ। ਉਹਨਾਂ ਨੂੰ ਵੱਡੇ ਇਮਤਿਹਾਨ ਵਿਚ ਨਾਂ ਪਾਇਉ, ਸਗੋਂ ਉਹਨਾਂ ਦੀਆ ਕੁਤਾਹੀਆਂ ਨੂੰ ਹਮੇਸ਼ਾ ਮੁਆਫ ਕਰਦੇ ਰਹਿਣਾ। ਆਪ ਜੀ ਦੀ ਬਖਸ਼ਿਸ਼ ਦਾ ਦਰਵਾਜਾ ਹਮੇਸ਼ਾ ਖੁੱਲ੍ਹਾ ਰਹੇ ਤੇ ਹਰ ਇਕ ਦੀ ਪਹੁੰਚ ਵਿਚ ਰਹੇ।

ਇਹ ਸਾਰੀ ਮਨੁੱਖਤਾ ਲਈ ਆਮ ਕਰਕੇ ਅਤੇ ਨਾਮਧਾਰੀ ਸਾਧ ਸੰਗਤ ਲਈ ਖਾਸ ਕਰਕੇ, ਇਕ ਬਹੁਤ ਵੱਡਾ ਵਰਦਾਨ ਸੀ ਜੋ ਸੰਤ ਜੀ ਨੇ ਮੰਗਿਆ ਸੀ ਕਿਉਂਕਿ ਮੁਆਫੀ, ਰੱਬੀ ਕਾਰਜ ਗਿਣਿਆ ਜਾਂਦਾ ਹੈ। "ਬਖਸ਼ ਇਹ ਗੁਨਾਹ ਤੂੰ ਭਾਬੀਆਂ ਨੂੰ ਕੌਣ ਜੰਮਿਆਂ ਜੋ ਗੁਨਾਹਗਾਰ ਨਾਂਹੀ।ਵਾਰਿਸਸ਼ਾਹ/ਵੱਡੇ ਤੋਂ ਵੱਡੇ ਗੁਨਾਹੀਆਂ ਨੂੰ ਜਦੋਂ ਮੁਆਫੀ ਦੇਣੀ ਮੁਸ਼ਕਿਲ ਜਾਪਦੀ ਤਾਂ ਸੰਤ ਚਵਿੰਡੇ ਵਾਲਿਆਂ ਦਾ ਇਹ ਬਚਨ ਸਾਹਮਣੇ ਆਉਂਦਿਆ ਹੀ ਸਤਿਗੁਰੂ ਪਰਤਾਪ ਸਿੰਘ ਜੀ ਦੈਆ ਦੇ ਘਰ ਵਿਚ ਆਕੇ ਮੁਆਫ਼ ਕਰ ਦਿੰਦੇ ਸਨ ਖਾਸ ਕਰਕੇ ਕੁਝ ਨਿਜੀ ਮੁਆਮਲਿਆਂ ਦੇ ਅਪਵਾਦ ਸਹਿਤ, ਆਪ ਸਾਲਾਨਾ ਹੋਲੇ ਮੱਹਲਿਆਂ ਤੇ ਸਮੁੱਚੀ ਸੰਗਤ ਵਾਸਤੇ, ਆਮ ਮੁਆਫੀ ਦਾ ਬਚਨ ਵੀ ਕਰਿਆ ਕਰਦੇ ਸਨ। ਸੰਗਤ ਦੇ ਭਲੇ ਲਈ, ਸਤਿਗੁਰੂ ਦੀ ਬਖਸ਼ਬੰਦੀ ਦਾ ਦਰ, ਹਮੇਸ਼ਾਂ ਖੁਲ੍ਹਵਾਈ ਰੱਖਣਾਂ, ਸੰਤ ਚਵਿੰਡੇ ਵਾਲਿਆਂ ਦੀ ਧਰੋਹਰ ਬਣ ਗਿਆ ਹੈ।[15]

ਸੰਤ ਜੀ ਜੇ ਕਿਸੇ ਨੂੰ ਮੋਢੇ ਤੇ ਡਾਂਗ ਚੁੱਕੀ ਵੇਖਦੇ ਤਾਂ ਆਖਦੇ– ਲੜਾਈ ਮੋਢੇ ਤੇ ਚੁੱਕੀ ਫਿਰਦਾ ਹੈ ? ਤੇ ਖੂਹ ਜੋ ਏਦੂੰ ਹੌਲਾ ਹੈ ਅਤੇ ਜੋ ਆਪਣਾ ਤੇ ਹੋਰਨਾਂ ਦਾ ਵੀ ਭਲਾ ਕਰਦਾ ਹੈ, ਉਹ ਨਹੀਂ ਚੁੱਕ ਸਕਦਾ। ਖੂਹ ਤੋਂ ਭਾਵ ਆਪ ਸੋਧ ਦਾ ਲੈਂਦੇ ਸਨ। ਜੇ ਕੋਈ ਸੋਧੀ ਖੁੱਲ੍ਹੇ ਨੂੰ ਪਾਣੀ ਨਾ ਪਿਲਾਉਂਦਾ ਤਾਂ "ਰੱਖ ਲੈ ਗੁਰੂ ਰਾਮ ਸਿੰਘ !" ਕਹਿਕੇ ਕਹਿੰਦੇ "ਵੇਖੋ ! ਇਸ ਸਿੱਖ ਦੀ ਮੱਤ ਹੈ, ਜਲ ਸਿਖ ਨੂੰ ਨਹੀਂ ਛਕਾਉਂਦਾ ਤੇ ਭੁੰਜੇ ਡੋਲ੍ਹੀ ਜਾਂਦਾ ਹੈ।[16]

ਸਤਿਗੁਰੂ ਪਰਤਾਪ ਸਿੰਘ ਜੀ ਦੇ ਰੀਕਾਰਡ ਹੋਏ ਉਪਦੇਸ਼ ਵਿਚ ਵੀ ਸੰਤ ਜੀ ਬਾਰੇ ਬੜੇ ਰੌਚਕ ਬਚਨ ਅਤੇ ਪਰਸੰਗ ਮਿਲਦੇ ਹਨ। 11 ਫਰਵਰੀ 1951 ਨੂੰ ਬੱਕੋਂਕ ਵਿਚ ਦਿਤੇ, ਸਤਿਗੁਰੂ ਜੀ ਦੇ ਉਪਦੇਸ਼ ਵਿਚ ਦਰਜ ਹੈ :

"ਮੈਨੂੰ ਹੁਣ ਇੱਥੇ ਬਚਨ ਯਾਦ ਆ ਗਿਆ ਹੈ। ਗੁਜਰਾਂ ਵਾਲੇ ਵਿਚ ਬਾਬਾ ਕੇਸਰ ਸਿੰਘ ਜੀ ਸੰਤ ਚਵਿੰਡੇ ਵਾਲੇ ਮਹਾਂ ਪੁਰਖ, ਬਹੁਤ ਦੇਰ ਪਿਛੋਂ ਰਹੇ। ਪਹਿਲੇ ਤੇ ਰੋਜ਼ ਚਲਦੇ ਰਹਿੰਦੇ, ਫੇਰ ਵੀ ਇਹ ਬਿਹੰਗਮੀ ਸੀ, ਇਕ ਘਰ ਦੋ ਰਾਤਾਂ ਨਹੀਂ ਸਨ ਕਟਦੇ। ਬੜੇ ਉਚੇ ਮਹਾਤਮਾ ਸੀ। ਭਾਈ ਗੰਡਾ ਸਿੰਘ ਹੋਰੀਂ ਮਿਸਤਰੀ ਹਨ। ਉਹ ਚਾਰ ਭਾਈ ਸਨ ਉਨ੍ਹਾਂ ਦੇ ਪਿਤਾ ਜੀ ਸਨ, ਉਹਨਾਂ ਨੂੰ ਆਰੇ ਵਾਲੇ ਕਹਿੰਦੇ ਸਨ। ਉਹਨਾਂ ਨਾਲ ਜ਼ਰਾ ਬਹੁਤ ਪ੍ਰੇਮ ਸੀ। ਆਪ ਬਾਹਰ ਬੈਠੇ ਹਨ। ਇਕ ਭਾਈ ਸੁੰਦਰ ਸਿੰਘ ਜੀ ਵਾਜਿਆਂ ਵਾਲੇ। ਉੱਥੋਂ ਦਾ ਗੁਜਰਾਂ ਵਾਲੇ ਦੇ ਕੀਰਤਨ ਕਰਦੇ ਹੁੰਦੇ ਸਨ, ਉਹ ਕੋਲ ਬੈਠੇ ਹਨ।

ਪਤਾ ਲੱਗਾ ਸੰਤ ਜੀ, ਗੰਡਾ ਸਿਘ ਹੋਰਾਂ ਦੇ ਨਾਲ ਦਾ ਮਕਾਨ ਜਲ ਰਿਹਾ ਹੈ ਅਤੇ ਸੜਕੇ ਸੁਆਹ ਹੁੰਦਾ ਜਾਂਦਾ ਹੈ, ਔਰ ਘਰ ਦੇ ਨਾਲ ਨੂੰ –ਗੰਡਾ ਸਿੰਘ ਹੁਰਾਂ ਦੇ, ਅੱਗ ਤੁਰੀ ਆਉਂਦੀ ਹੈ।

ਸੰਤ ਕਹਿੰਦੇ ਨੇ ,"ਓ ਸੁੰਦਰ ਸਿੰਘਾ ਜਾਹ, ਜਿਹੜੇ ਬੰਨੇ ਆਰੇ ਵਾਲਿਆਂ ਦਾ ਘਰ ਹੈ, ਉਸ ਕੰਧ ਵਿਚ ਮੁੱਘ ਕਰ ਦੇ, ਅੱਗ ਵਾਲੇ ਪਾਸੇ।"

ਸੁੰਦਰ ਸਿੰਘ ਇਕ ਵਾਰ ਜ਼ਰਾ ਬੈਠ ਗਿਆ–"ਬਈ"–ਸੰਤ ਜੀ ਕੀ ਕਹਿੰਦੇ ਨੇ ? "ਤੂੰ ਬਚਨ ਨਹੀਂ ਮੰਨਦਾ"–ਬੋਲ ਨਹੀਂ ਸੀ ਦੂਸਰੀ ਵਾਰ ਕੋਈ ਸੱਕਦਾ।...

...ਮੈਂ ਇਹ ਗੱਲ ਕਹਿੰਦਾ ਹਾਂ ਕਿ ਸੰਤਾਂ ਦੇ ਬੈਠਿਆਂ ਦੀਵਾਨ ਵਿਚ, ਗੁਜਰਾਂਵਾਲੇ ਜਾ ਕੇ ਇਹ ਦੇਖਿਆ ਹੈ ਕਿ ਉੱਥੇ ਇਹ ਨਹੀਂ ਸੀ ਪਤਾ ਲਗਦਾ ਕਿ ਕੌਣ ਮਾਈ ਆਈ ਹੈ, ਤੇ ਕੌਣ ਭਾਈ ਆਇਆ ਹੈ, ਜਿਸ ਵੇਲੇ ਬੈਠੇ ਹੁੰਦੇ ਸਨ– ਦੀਵਾਨ ਵਿਚ।

ਉਹ ਸੁੰਦਰ ਸਿੰਘ ਚਲਾ ਗਿਆ। ਅੱਗ ਤੁਰੀ ਆ ਰਹੀ ਹੈ। ਨੇੜੇ ਹੁੰਦੀ ਜਾ ਰਹੀ ਹੈ। ਉਹਨੇ ਜਾ ਕੇ ਮੁੱਘ ਕਰ ਦਿਤਾ ਉੱਥੇ ਹੀ ਅੱਗ ਬੁਝ ਗਏ। ਸਤਿਗੁਰੂ ਦੇ, ਸੰਤਾਂ ਦੇ ਚੋਜ–ਨਿਆਰੇ ਹਨ, ਵੱਖਰੀ ਚੀਜ਼ ਹੈ।[17]

ਸੰਤਾਂ ਦਾ ਕਮਾਇਆ ਹੋਇਆ ਜੀਵਨ, ਅਨੁਭਵ ਦੀਆਂ ਬਾਰੀਕੀਆਂ ਨਾਲ ਮਾਲਾ ਮਾਲ ਸੀ। ਸਤਿਗੁਰੂ ਰਾਮ ਸਿੰਘ ਜੀ ਦਾ ਵਿਜੋਗ, ਉਹਨਾਂ ਦੀ ਯਾਦ, ਉਹਨਾਂ ਦਾ ਜੀਵਨ ਸਰਮਾਇਆ ਸੀ। ਸੰਤ ਇੰਦਰ ਸਿੰਘ 'ਚੱਕਰਵਰਤੀ' ਦਾ ਇਹ ਕਥਨ, ਇਸ ਰਾਮ ਵਿਜੋਗੀ ਦੀ ਸਹੀ ਤਸਵੀਰ ਕਸ਼ੀ ਕਰਦਾ ਹੈ "ਮੈਂ ਮਸਤਾਂ ਦੇ ਸਰਦਾਰ, ਸੰਤ ਕੇਸਰ ਸਿੰਘ ਜੀ ਚਵਿੰਡਾ ਦੇ ਗੁਜਰਾਂਵਾਲੇ ਜਾਕੇ, ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਦਰਸ਼ਨ ਕੀਤੇ ਹਨ। ਉਹ ਜਦ ਬਾਂਹ ਖੜ੍ਹੀ ਕਰਕੇ, 'ਹਾਇ' ਧੰਨ ਸਤਿਗੁਰੂ ਰਾਮ ਸਿੰਘ ਜੀ ਆਖਦੇ ਕਲੇਜਾ ਕੱਢ ਖੜਦੇ।"[18]

ਸੰਗੀਤ ਅਚਾਰੀਆ ਭਾਈ ਹਰਨਾਮ ਸਿੰਘ ਜੀ ਰਾਗੀ ਦੀ ਤਿੰਨਾਂ ਸਿਰਨਾਵੀਆਂ ਸੰਤਾ ਬਾਰੇ, ਇਸ ਕਾਵਿ ਟੁਕੜੀ ਰਾਹੀਂ, ਅਸੀਂ ਉਹਨਾਂ ਦੀ ਯਾਦ ਵਿਚ ਨਤ ਮਸਤਕ ਹੁੰਦੇ ਹਾਂ।

"ਕੂਕਾ ਪੰਥ ਕੇ ਕੇਸਰ ਤੀਨ। ਚਿੱਤ ਬ੍ਰਿਤਿ ਜਾਕੀ ਅਤੀ ਮਹੀਨ॥
ਕੀਨੋ ਕਾਮ ਇਨ੍ਹੋ ਨੇ ਸ਼ੁਰੂ। ਜੱਟ ਕੇ ਜੱਟ ਗੁਰ ਕੇ ਗੁਰੂ।"[19]

## ਹਵਾਲੇ ਤੇ ਟਿੱਪਣੀਆਂ


1. ਸੀਤਲਤਾ ਦਾ ਸਰੋਤ, ਮਾ. ਨਿਹਾਲ ਸਿੰਘ, ਸ੍ਰੀ ਜੀਵਨ ਨਗਰ, 1969, ਸਫਾ 162
2. ਸਤਿਜੁਗ ਦਾ ਸੰਤ ਅੰਕ 9 ਚੰਤਰ 1996 ਇ. ਬੀਤ ਰਾਗ ਸੰਤ ਕੇਸਰ ਸਿੰਘ ਜੀ ਚਵਿੰਡਾ–ਸ੍ਰੀ ਤਰਨ ਸਿੰਘ ਵਹਿਮੀ ਦਾ ਲੇਖ, ਸਫਾ83–84
3. ਦੀ ਸੇਂਟ ਆਫ ਚਵਿੰਡਾ (ਅੰਗ੍ਰੇਜ਼ੀ, ਸੰਤ ਸਿਘ, ਆਰਸੀ ਪਬਿਲਿਸ਼ਰ ਦਿੱਲੀ,)
4. ਸਤਿਜੁਗ ਦਾ ਸੰਤ ਅੰਕ– 1996 ਬਿ. ਸਫਾ 92

5. ਉਪਰੋਕਤ ਸਫਾ 92-93,
6. ਸਤਿਗੁਰੂ ਬਿਲਾਸ-ਭਾਗ ਦੂਜਾ, ਸੰਤ ਸੰਤੋਖ ਸਿੰਘ ਬਾਹੋਵਾਲ-(ਸੰ. ਜਸਵਿੰਦਰ ਸਿੰਘ), ਸਫਾ 349
7. ਸੂਬਾ ਗੰਡਾ ਸਿੰਘ, ਪ੍ਰਿ. ਬੀਬੀ ਬੇਅੰਤ ਕੌਰ, 1990 ਦਿੱਲੀ, ਸਫਾ 14-15
8. ਸਤਿਜੁਗ ਦਾ ਸੰਤ ਅੰਕ 1996 ਬਿ, ਵਹਿਮੀ ਜੀ ਦਾ ਲੇਖ, ਸਫਾ 87
9. ਉਪਰੋਕਤ, ਸਫਾ 86-87
10. ਸੂਬਾ ਗੰਡਾ ਸਿੰਘ, ਸਫਾ 19-20
11. ਉਪਰੋਕਤ, ਸਫਾ 21-22
12. ਉਪਰੋਕਤ, ਸਫਾ 24
13. ਦੀ ਸੇਂਟ ਆਫ ਚਵਿੰਡਾ-ਸਫਾ 71-77
14. ਜੱਸ ਜੀਵਨ, ਭਾਗ ਦੂਜਾ,ਸਫਾ 135,36
15) ਦੀ ਸੇਂਟ ਆਫ ਚਵਿੰਡਾਂ, ਸਫਾ 97-98
16) ਸੰਤ ਅੰਕ- ਵਹਿਮੀ ਜੀ ਦਾ ਲੇਖ, ਸਫਾ 89
17) ਲਾਲ ਏਹਿ ਰਤਨ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪਵਿਤਰ ਉਪਦੇਸ਼-੨, (ਸੰ. ਪ੍ਰਿ. ਬੇਅੰਤ ਕੌਰ), ਸਫਾ 128-29
18) ਕੂਕਿਆਂ ਬਾਰੇ, ਸੰਤ ਇੰਦਰ ਸਿੰਘ ਚਕਰਵਰਤੀ ਸਫਾ 300
19) ਸੂਬਾ ਗੰਡਾ ਸਿੰਘ, ਪ੍ਰੀਤਮ ਸਿੰਘ ਕਵੀ ਦੇ ਭੂਮਿਕਾ ਵਜੋ "ਦੋ ਅੱਖਰ," ਸਫਾ 'ਖ'

# ਭਜਨ ਦੀ ਮੂਰਤਸੰਤ ਜਵਾਹਰ ਸਿੰਘ 'ਮਿਰਜ਼ੇਵਾਲੀ'

"ਅਲਫ਼ ਅੱਲ੍ਹਾ ਚੰਬੇ ਦੀ ਬੂਟੀ,
ਮੁਰਸ਼ਦ ਮਨ ਮੇਰੇ ਵਿਚ ਲਾਈ ਹੂ।
ਨਫ਼ੀ ਅਸਬਾਤ ਦਾ ਪਾਨੀ ਮਿਲਿਆ,
ਹਰ ਰੰਗੇ ਹਰ ਜਾਈ ਹੂ।
ਅੰਦਰ ਬੂਟੀ ਮੁਸ਼ਕ ਮਚਾਇਆ,
ਜਾਂ ਫੁੱਲਣ ਪਰ ਆਈ ਹੂ।
ਜੀਵੇ ਮੁਰਸ਼ਦ ਕਾਮਲ ਬਾਹੂ,
ਜੈਂ ਇਹ ਬੂਟੀ ਲਾਈ ਹੂ।"

ਸਤਾਰ੍ਹਵੀਂ ਸਦੀ ਦੇ ਪੰਜਾਬੀ ਸੂਫ਼ੀ ਕਵੀ ਸੁਲਤਾਨ ਬਾਹੂ, ਮਨੁੱਖ ਦੇ ਹਿਰਦੇ ਵਿਚ ਮੁਰਸ਼ਦ ਦੇ ਪ੍ਰੇਮ ਭਰੇ ਬੋਲਾਂ ਅਤੇ ਮਿਹਰ ਭਰੀ ਸਵੱਲੀ ਨਜ਼ਰ ਨਾਲ ਜਿਹੜਾ ਚੰਬਾ ਖਿੜ ਉਠਦਾ ਹੈ, ਉਸਦਾ ਜ਼ਿਕਰ ਮਾਰਫ਼ਤ ਦੇ ਰੰਗ ਵਿਚ ਕਰਦੇ ਹਨ। ਨਾਮਧਾਰੀ ਸੰਗਤਾਂ ਨੂੰ ਵੀ ਸਤਿਗੁਰੂ ਰਾਮ ਸਿੰਘ ਜੀ ਦੇ ਰੂਪ ਵਿਚ ਜਿਸ ਕਾਮਲ ਮੁਰਸ਼ਦ ਦੇ ਦੀਦਾਰ ਹੋਏ ਉਸ ਨੇ ਉਹਨਾਂ ਦੇ ਦਿਲਾਂ ਦੇ ਹਨੇਰੇ ਕੋਨਿਆਂ ਵਿਚ ਰੁਸ਼ਨਾਈਆਂ ਕਰ ਦਿਤੀਆਂ। ਇਹਨਾਂ ਵਿਚੋਂ ਬਹੁਤ ਸਾਰੇ ਆਪ ਤਾਂ ਗੁਰੂ ਕਿਰਪਾ ਨਾਲ ਤਰ ਹੀ ਗਏ ਸਨ, ਉਹ ਹੋਰਨਾਂ ਵਿਸ਼ੇ ਵਿਕਾਰਾਂ ਦੀ ਅਗਨੀ ਵਿਚ ਰੁੜ੍ਹੇ ਜਾਂਦਿਆਂ ਨੂੰ ਬਾਹੋਂ ਪਕੜ ਕੇ ਉਹਨਾਂ ਦੇ ਤਾਰਨ ਦਾ ਸਬੱਬ ਵੀ ਬਣ ਗਏ ਸਨ। ਨਾਮਧਾਰੀ ਜਗਤ ਵਿਚ ਅਜਿਹੇ ਉਚ ਕੋਟੀ ਦੇ ਮਹਾਂ-ਪੁਰਖਾਂ ਵਿਚੋਂ ਇਕ ਸੰਤ ਬਾਬਾ ਜਵਾਹਰ ਸਿੰਘ ਜੀ ਮਿਰਜ਼ੇਵਾਲੀਏ ਸਨ, ਜਿਹਨਾਂ ਕੋਈ ਅੱਧੀ ਸਦੀ ਤੱਕ ਸਤਿਗੁਰੂ ਰਾਮ ਸਿੰਘ ਜੀ ਦੇ ਸੇਵਾ, ਸਿਮਰਨ, ਤਪ ਤਿਆਗ ਅਤੇ ਮਨੁੱਖੀ ਸਮਾਨਤਾ ਵਾਲੇ ਉੱਚੇ ਸੁੱਚੇ ਅਸੂਲਾਂ ਤੇ ਆਪ ਵੀ ਕਰੜਿਆਂ ਹੋਕੇ ਪਹਿਰਾ ਦਿਤਾ ਅਤੇ ਹੋਰਨਾਂ ਨੂੰ ਵੀ ਗੁਰਮਤਿ ਮਾਰਗ ਦੀ ਸੋਝੀ ਕਰਾਈ। ਬੇਸ਼ਕ ਨਾਮਧਾਰੀ ਭਾਈਚਾਰੇ ਵਿਚ ਗੁਰਮੁਖੀ ਅੱਖਰਾਂ ਵਿਚ ਪੰਜਾਬੀ ਭਾਸ਼ਾ ਦਾ ਪਰਚਾਰ ਪਰਸਾਰ, ਸਤਿਗੁਰੂ ਰਾਮ ਸਿੰਘ ਜੀ ਦੇ ਵੇਲੇ ਤੋਂ ਹੀ ਚੱਲਦਾ ਸੀ, ਸਤਿਜੁਗ ਹਫਤਾਵਾਰੀ ਵੀ 1920 ਈ. ਤੋਂ ਛਪਦਾ ਆ ਰਿਹਾ ਸੀ, ਪਰ ਨਾਮਧਾਰੀ ਸਾਧੂਆਂ ਦੇ ਸਮਾਚਾਰ ਕਾਨੀਬੱਧ ਕਰਨ ਦਾ ਕਾਰਜ 1940 ਈ. ਵਿਚ ਸਤਿਜੁਗ ਦੇ ਪਹਿਲੇ 'ਸੰਤ-ਅੰਕ' ਛਪਣ ਤੋਂ ਹੀ ਆਰੰਭ ਹੋਇਆ ਅਤੇ ਤਿੰਨ ਕੁ ਸਾਲ ਬਾਅਦ ਦੂਜਾ 'ਸੰਤ ਅੰਕ' ਛਪਣ ਬਾਦ ਰੁਕ ਗਿਆ। ਸੰਤ ਮੰਗਲ ਸਿੰਘ ਲਾਇਲਪੁਰੀ ਅਤੇ ਗਿਆਨੀ ਰਜਿੰਦਰ ਸਿੰਘ ਜੀ ਐਡੀਟਰ "ਖਾਲਸਾ ਐਡਵੋਕੇਟ" ਦੇ ਪਹਿਲੇ ਸੰਤ ਅੰਕ ਵਿਚ, ਸੰਤ ਜਵਾਹਰ ਸਿੰਘ ਜੀ ਬਾਰੇ ਛਪੇ ਹੋਏ ਦੋ ਲੇਖ ਮਿਲਦੇ ਹਨ ਜਿਨ੍ਹਾਂ ਤੋਂ ਸਾਨੂੰ ਸੰਤ ਜੀ ਬਾਰੇ ਜਿੰਨੀ ਕੁ ਜਾਣਕਾਰੀ ਮਿਲਦੀ ਹੈ

ਪਾਠਕਾਂ ਦੇ ਸਨਮੁੱਖ ਹੈ। ਗਿਆਨੀ ਰਜਿੰਦਰ ਸਿੰਘ ਹੋਰਾਂ ਦੀ ਦਾਦੀ ਦੇ ਸੰਤ ਜੀ ਸਕੇ ਭਰਾ ਸਨ। ਇਸ ਲਈ ਉਹਨਾਂ ਦੀ ਲਿਖਤ ਸਾਡੇ ਲਈ ਬਹੁਤ ਕੀਮਤੀ ਹੈ।

ਗਿਆਨੀ ਜੀ ਆਪਣੇ ਲੇਖ ਨੂੰ ਇਸ ਤਰ੍ਹਾਂ ਸ਼ੁਰੂ ਕਰਦੇ ਹਨ—

"ਸਮੇਂ ਦੇ ਹੇਰਾਂ ਫੇਰਾਂ ਵਿਚ ਸਿੱਖ ਆਪਣਾ ਆਪ ਭੁੱਲ ਗਏ। ਸਿੱਖੀ ਮਰਿਆਦਾ ਸੁਪਨਾ ਹੋ ਗਈ। ਦਸਮੇਸ਼ ਪਿਤਾ ਨੂੰ ਭਾਇਆ ਕਿ ਉਹਨਾਂ ਦੇ ਸਿੱਖ ਫਿਰ ਢਹਿੰਦੀਆਂ ਕਲਾਂ ਵਿਚੋਂ ਮੋੜਾ ਖਾਣ, ਸੁੱਤੇ ਹੋਏ ਉੱਠਣ ਅਤੇ ਆਪਣੇ ਆਪ ਦੀ ਪਛਾਣ ਕਰਨ। ਆਪ ਦੀ ਅੰਤਰ ਪ੍ਰੇਰਨਾ ਨਾਲ ਬਾਬਾ ਬੀਰ ਸਿੰਘ ਜੀ, ਬਾਬਾ ਬਾਲਕ ਸਿੰਘ ਜੀ, ਬਾਬਾ ਰਾਮ ਸਿੰਘ ਜੀ ਆਦਿਕ ਕੁਝ ਵਿਅਕਤੀਆਂ ਉਠੀਆਂ ਜਿਹਨਾਂ ਦੇ ਭਜਨ ਪਰਤਾਪ ਨਾਲ, ਸਿੱਖਾਂ ਵਿਚ ਫਿਰ ਨਵੇਂ ਸਿਰੇ ਤੋਂ ਜਾਨ ਪੈ ਗਈ। ਵੱਡਿਆਂ ਤੋਂ ਸੁਣਿਆ ਹੈ ਕਿ ਸ੍ਰੀ ਬਾਬਾ ਰਾਮ ਸਿੰਘ ਜੀ ਨੇ ਪਿੰਡ ਪਿੰਡ ਪਹੁੰਚ ਕੇ ਚਿਰਾਂ ਦੇ ਬੰਦ ਪਏ ਗੁਰਦੁਆਰਿਆਂ ਨੂੰ ਖੋਹਲਿਆ। ਉਹਨਾਂ ਵਿਚੋਂ ਕਈਆਂ ਦੇ ਛੱਤ ਢਹਿ ਚੁੱਕੇ ਸਨ। ਕਈਆਂ ਦੇ ਛੱਤਾਂ ਵਿਚ ਮਘੋਰੇ ਹੋਏ ਸਨ ਔਰ ਕਈ ਕੁ ਸਾਉਣ ਮਹਾਰਾਜ ਦੀਆਂ ਪਵਿਤਰ ਦੇਹਾਂ ਤੇ ਵੱਸ ਚੁੱਕੇ ਸਨ, ਕਈ ਥਾਂਈਂ ਸਿਊਂਕ ਨੇ ਪੂਰੀ ਪੂਰੀ ਦੀਦਾ ਦਲੇਰੀ ਤੋਂ ਕੰਮ ਲਿਆ ਹੋਇਆ ਸੀ। ਆਪ ਨੇ ਉਹਨਾਂ ਹੀ ਗੁਰਦੁਆਰਿਆਂ ਦੀ ਸਿੰਘਾਂ ਦੀ ਮੱਦਦ ਨਾਲ ਮੁਰੰਮਤ ਕੀਤੀ ਤੇ ਫਿਰ ਸ੍ਰੀ ਗੁਰੂ ਗਰੰਥ ਸਾਹਿਬ ਜੀ ਪਰਕਾਸ਼ ਕੀਤੇ। ਕਿਹਾ ਜਾਂਦਾ ਹੈ ਕਿ ਕਈ ਥਾਂਈਂ ਆਪ ਦੀਆਂ ਇਹਨਾਂ ਸਰਗਰਮੀਆਂ ਦੀ ਵਿਰੋਧਤਾ ਭੀ ਹੋਈ, ਪਰ ਆਪ ਦੇ ਪ੍ਰੇਮ ਤੇ ਨਿਮਰਤਾ ਭਰੇ ਸਲੂਕ ਦੀ ਸਦਾ ਜਿਤ ਹੁੰਦੀ ਰਹੀ। ਅੱਜ ਮੈਂ ਸਿੱਖ ਸੰਗਤਾਂ ਨੂੰ ਉਸ ਭਜਨੀਕ ਵਿਅਕਤੀ ਦੀ ਜਾਣ ਪਛਾਣ ਕਰਾਉਂਦਾ ਹਾਂ ਜਿਸਨੂੰ ਸ੍ਰੀ ਬਾਬਾ ਰਾਮ ਸਿੰਘ ਜੀ ਦੇ ਦਰਸ-ਪਰਸ ਦਾ ਸੁਭਾਗ ਪ੍ਰਾਪਤ ਸੀ। ਆਪ ਉਸ ਪਾਰਸ ਨਾਲ ਲੱਗ ਕੇ ਪਾਰਸ ਹੋ ਚੁੱਕੇ ਸਨ।"[1]

ਸਾਂਝੇ ਪੰਜਾਬ ਦੇ ਗੁਰਦਾਸਪੁਰ ਜ਼ਿਲ੍ਹੇ ਦੀ ਸ਼ਕਰਗੜ੍ਹ ਤਹਿਸੀਲ ਦੇ ਥਾਣਾ ਕੋਟ ਨੈਣਾਂ ਵਿਚ ਮਿਰਜ਼ੇ ਵਾਲੀ ਨਾਂ ਦਾ ਪਿੰਡ ਸੀ। ਦੇਸ਼ ਦੇ ਬਟਵਾਰੇ ਬਾਅਦ ਇਸ ਤਹਿਸੀਲ ਦੇ ਬਾਕੀ ਪਿੰਡਾਂ ਜਿਉਂ ਇਹ ਪਿੰਡ ਵੀ ਪਾਕਿਸਤਾਨ ਦਾ ਹਿੱਸਾ ਬਣ ਗਿਆ। ਇਸ ਪਿੰਡ ਦੇ ਇਕ ਕਿਸਾਨ ਪਰਿਵਾਰ ਵਿਚ ਸੰਬਤ 1903 ਬਿਕਰਮੀ ਮੁਤਾਬਿਕ 1846 ਈ. ਵਿਚ ਸੰਤ ਜਵਾਹਰ ਸਿੰਘ ਜੀ ਦਾ ਜਨਮ ਹੋਇਆ।[2] ਇਹ ਪਰਿਵਾਰ ਭਾਵੇਂ ਹਿੰਦੂ ਜੱਟਾਂ ਦਾ ਸੀ ਪਰ ਵੇਲੇ ਦੇ ਰਿਵਾਜ ਅਨੁਸਾਰ ਸਖੀ ਸਰਵਰ ਨਾਮ ਦੇ ਮੁਸਲਮਾਨ ਪੀਰ ਨੂੰ ਮੰਨਦਾ ਸੀ ਅਤੇ ਸਰਵਰੀਆ ਅਖਵਾਉਂਦਾ ਸੀ। ਚੌਧਵੀਂ ਸਦੀ ਵਿਚ ਮੁਲਤਾਨ ਦੇ ਨੇੜੇ ਰਹਿੰਦੇ ਇਸ ਸੂਫੀ ਫਕੀਰ ਦਾ ਪੰਜਾਬ ਦੇ ਕਿਸਾਨਾਂ ਵਿਚ ਹਿੰਦੂ ਮੁਸਲਮਾਨ ਦੇ ਵਿਤਕਰੇ ਤੋਂ ਬਿਨਾਂ, ਬਹੁਤ ਮਾਣ ਸਨਮਾਨ ਸੀ। ਪੰਜਾਬ ਦੇ ਧੌਂਕਲ ਅਤੇ ਨਗਾਹਾ ਆਦਿ ਥਾਵਾਂ ਤੇ ਜਿਹਨਾਂ ਪੀਰਾਂ ਦੇ ਮੇਲੇ ਲੱਗਦੇ ਸਨ ਉਹਨਾਂ ਨੂੰ ਸਖੀ ਸਰਵਰ ਨਾਲ ਹੀ ਜੋੜਿਆ ਜਾਂਦਾ ਹੈ। ਨਵੇਂ ਬੱਚੇ ਦੇ ਪੈਦਾ ਹੋਣ ਤੇ ਸਰਵਰੀਏ ਭਰਾਈ ਨੂੰ ਘਰ ਸੱਦ ਕੇ, ਉਸ ਦੇ ਕੰਨ ਵਿਚ ਟਾਹਰ ਦਿਵਾਉਂਦੇ ਸਨ। ਇਹ ਕੁਝ ਬਾਲਕ ਜਵਾਹਰ ਨਾਲ ਵੀ ਹੋਇਆ।

ਜਦੋਂਕੁ ਜਿਹੇ ਬਾਬਾ ਜੀ ਨੇ ਮੱਤ ਬੁੱਧ ਸੰਭਲੀ ਉਹਨਾਂ ਦਿਨਾਂ ਵਿਚ ਪੰਜਾਬ ਵਿਚ, ਸਤਿਗੁਰੂ ਰਾਮ ਸਿੰਘ ਜੀ ਦੇ ਨਾਮ ਦੀ ਕੀਰਤੀ ਚਾਰ ਚੁਫੇਰੇ ਫੈਲ ਚੁੱਕੀ ਸੀ। ਜਵਾਹਰ ਗੱਭਰੂ ਹੋ ਰਿਹਾ ਸੀ। ਉਹ ਚੇਲਾ ਬੇਸ਼ਕ ਜਮਾਂਦਰੂ ਸਰਵਰੀਆਂ ਦਾ ਸੀ ਪਰ ਹੁਣ ਜਦੋਂ ਕਦੇ ਉਸਦੀ ਅੱਖ ਲੱਗਦੀ ਜਾਂ ਅਚੇਤ ਅਵਸਥਾ ਵਿਚ, ਆਪ ਨੂੰ ਇਕ ਸਫੈਦ ਵਸਤਰ ਧਾਰੀ ਉੱਨ ਦੀ ਮਾਲਾ ਵਾਲੀ, ਲੰਬੇ ਬਦਨ ਵਾਲੀ ਤੇਜੱਸਵੀ ਮੂਰਤੀ ਦੇ ਦਰਸ਼ਨ ਹੁੰਦੇ ਸਨ। ਆਪ ਦਿਨ ਰਾਤ ਇਸ ਮੂਰਤੀ ਦੀ ਭਾਲ ਵਿਚ ਵਿਆਕੁਲ ਹੋਏ ਵਿਚਰਦੇ ਰਹਿੰਦੇ। ਸੰਨ 1868 ਈ. ਵਿਚ ਅੰਮ੍ਰਿਤਸਰ ਵਿਖੇ ਦੀਪਮਾਲਾ ਦਾ ਮੇਲਾ ਮਨਾਉਣ ਬਾਅਦ ਅੰਮ੍ਰਿਤਸਰ, ਲਾਹੌਰ, ਗੁਰਦਾਸਪੁਰ, ਸਿਆਲਕੋਟ, ਗੁਜਰਾਂਵਾਲਾ ਆਦਿ ਜ਼ਿਲ੍ਹਿਆਂ ਦਾ ਦੌਰਾ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਕੀਤਾ ਸੀ। ਅਗਲੇ ਸਾਲ ਦਾ ਹੋਲਾ ਮਹੱਲਾ ਮਾਨਾਂਵਾਲਾ ਕਾਲਰ (ਸਿਆਲਕੋਟ) ਵਿਚ ਸੀ। ਇਸ ਲਈ 1869 ਈ. ਦੀ ਮਾਘੀ ਦਾ ਮੇਲਾ ਵੀ ਗੁਰੂ ਭਾਈ ਅਤੇ ਸੈਨਿਕ ਜੀਵਨ ਦੇ ਸਾਥੀ, ਬਾਬਾ ਜਮੀਅਤ ਸਿੰਘ ਦੇ ਪਿੰਡ ਮਨਾਇਆ ਗਿਆ। ਦੜਪ ਦੇ ਇਸ ਦੌਰੇ ਸਮੇਂ ਹੀ ਸਤਿਗੁਰੂ ਜੀ, ਕੋਟ ਨੈਣਾਂ ਥਾਣੇ ਦੇ ਪਿੰਡ, ਪੰਨਵਾਂ ਵਿਚ ਦਰਸ਼ਨ ਦੇ ਰਹੇ ਸਨ। ਯਾਦ ਰਹੇ ਕਿ ਅੰਮ੍ਰਿਤਸਰ ਬੁੱਚੜ ਬੱਧ ਸਾਕੇ ਵਾਲੇ ਸ਼ਹੀਦ ਭਾਈ ਲਹਿਣਾ ਸਿੰਘ ਸਪੁੱਤਰ ਮੁਸੱਦਾ ਸਿੰਘ ਵੀ ਇਸੇ ਪਿੰਡ ਪੰਨਵ ਦੇ ਮੂਲ ਨਿਵਾਸੀ ਸਨ, ਜਿੱਥੋਂ ਉਹ ਕਾਰ-ਵਿਹਾਰ ਲਈ ਅੰਮ੍ਰਿਤਸਰ ਸ਼ਹਿਰ ਜਾ ਟਿਕੇ ਸਨ। ਪੰਨਵ, ਮਿਰਜ਼ੇ ਵਾਲੀ ਤੋਂ ਤਿੰਨ ਚਾਰ ਕੋਹ ਦੀ ਵਿੱਥ ਤੇ ਸੀ। ਸਤਿਗੁਰੂ ਜੀ ਦੀ ਆਮਦ ਬਾਰੇ ਸੁਣਕੇ, ਆਪ ਦੇ ਮਨ ਵਿਚ ਵੀ ਗੁਰੂ ਦਰਸ਼ਨਾਂ ਦੀ ਖਿੱਚ ਜਾਗ ਪਈ। ਆਪ ਨੂੰ ਮਹਿਸੂਸ ਹੋਣ ਲੱਗਾ ਕਿ ਸ਼ਾਇਦ ਉਸ ਭਾਗਾਂ ਭਰੀ ਮੂਰਤੀ ਦੇ ਦਰਸ਼ਨਾਂ ਦਾ ਸਮਾਂ ਆ ਗਿਆ ਹੈ ਲੋਕ ਜੁ ਕਹਿ ਰਹੇ ਹਨ ਪੰਨਵਾਂ ਵਿਚ ਗੁਰੂ ਆਇਆ ਹੈ। ਮਨ ਨਾਲ ਗਿਣਤੀਆਂ ਮਿਣਤੀਆਂ ਕਰਦੇ ਜਾਂਦੇ ਹਨ ਕਿ ਸੱਚਾ ਗੁਰੂ ਹੋਏਗਾ ਜਾਂ ਕੋਈ ਹੋਰ ਪੱਤੇਬਾਜ਼। ਫਿਰ ਮਨ ਨਾਲ ਹੀ ਸਲਾਹਾਂ ਕਰਦੇ ਹਨ ਜੇ ਤਾਂ ਉਸ ਮੇਰਾ ਨਾਮ ਲੈਕੇ ਮੇਰੀ ਬਾਂਹ ਫੜਕੇ, ਆਵਾਜ਼ ਮਾਰੀ ਤਾਂ ਸੱਚਾ ਗੁਰੂ ਮੰਨਾਂਗਾ ਨਹੀਂ ਤੇ ਮੁੜ ਆਵਾਂਗਾ। "ਭਾਵੇਂ ਆਪ ਦਰਸ਼ਨ ਮਾਤਰ ਨਾਲ ਹੀ ਮੋਹਿਤ ਹੋ ਗਏ, ਪਰ... ਕੀਤੇ ਪ੍ਰਣ ਦੇ ਕਾਰਨ ਪੂਰਾ ਪੂਰਾ ਵਿਸ਼ਵਾਸ ਨਾ ਕਰ ਸਕੇ। ਜਦੋਂ ਆਪ ਨੇ ਮੱਥਾ ਟੇਕਣ ਲਈ ਸਿਰ ਨਿਵਾਇਆ, ਤਾਂ ਘਟ ਘਟ ਦੀ ਜਾਨਣਹਾਰ ਨੇ ਬਾਹੋਂ ਫੜਕੇ ਕਿਹਾ, " ਜਵਾਹਰ ਸਿੰਘ ! ਕੀ ਅਜੇ ਵੀ ਸਿੱਖ ਬਣਨ ਵਿਚ ਡੇਰ ਹੈ ?" ਜਾਂ ਆਪ ਨੇ ਸਿਰ ਉਤਾਂਹ ਚੁੱਕਿਆ, ਤਾਂ ਦਰਸ਼ਨ ਕਰਕੇ ਮਸਤਾਨੇ ਹੋ ਗਏ। ਭਰੋਸਾ ਹੋ ਗਿਆ ਕਿ ਇਹ ਉਹੋ ਹੀ ਹਨ, ਜਿਨ੍ਹਾਂ ਨੇ ਮੈਨੂੰ ਸੁੱਤਿਆਂ ਨੂੰ ਨਿਹਾਲ ਕੀਤਾ ਸੀ। ਆਪ ਦੀਆਂ ਸਭ ਮਨੋ-ਕਾਮਨਾਵਾਂ ਪੂਰਨ ਹੋ ਗਈਆਂ। ਭਜਨ ਪੁੱਛਿਆ ਅਤੇ ਅੰਮ੍ਰਿਤ ਛਕਕੇ ਜਵਾਹਰੂ ਤੋਂ ਜਵਾਹਰ ਸਿੰਘ ਹੋ ਗਏ।"[3]

ਜਦੋਂ ਕੂਕੇ ਬਣਕੇ ਘਰ ਪੁਜੇ ਤਾਂ ਕਿਉਂਕਿ ਲੋਕਾਂ ਨੇ ਪਹਿਲਾ ਹੀ ਦੱਸ ਦਿਤਾ ਸੀ ਕਿ ਜਵਾਹਰੂ ਕੂਕਾ ਬਣ ਗਿਆ ਹੈ, ਉੱਥੇ ਤਾਂ ਇਕ ਕਿਸਮ ਦੇ ਸੱਥਰ ਵਿਛ ਗਏ ਸਨ। ਪਿੰਡ ਦੇ ਬੰਦੇ ਜ਼ਨਾਨੀਆਂ ਵਾਹੋ ਦਾਹੀ ਆਪ ਦੇ ਘਰ ਅਫਸੋਸ ਕਰਨ ਪੁੱਜ ਗਏ। ਆਪ

ਦੀ ਮਾਤਾ ਵੀ ਉੱਚੀ ਉੱਚੀ ਵੈਣ ਪਾਉਣ ਲੱਗ ਪਈ "ਹਾਏ ਹਾਏ ਵੇ ਲੋਕੋ ਮੇਰਾ ਜਵਾਹਰੂ ਮਰ ਗਿਆ, ਲੋਕੋ ਜਵਾਹਰੂ ਕੂਕਾ ਬਣ ਗਿਆ।" ਦਰਅਸਲ ਸਤਿਗੁਰੂ ਰਾਮ ਸਿੰਘ ਜੀ ਦੇ ਕੌਮਪ੍ਰਸਤੀ ਤੇ ਦੇਸ਼ ਭਗਤੀ ਦੇ ਜਜ਼ਬੇ ਸਦਕਾ, ਅੰਗਰੇਜ਼ ਸਰਕਾਰ ਹਰ ਨਾਮਧਾਰੀ ਨੂੰ ਸ਼ੱਕ ਦੀ ਨਜ਼ਰ ਨਾਲ ਵੇਖਦੀ ਸੀ। ਕੂਕੇ ਅੰਗਰੇਜ਼ ਸਰਕਾਰ ਦੇ ਦੁਸ਼ਮਣ ਨੰਬਰ ਇਕ ਗਿਣੇ ਜਾਂਦੇ ਸਨ। ਤੇ ਅੰਗਰੇਜ਼ਾਂ ਵਰਗੀ ਜਾਬਰ ਤੇ ਜ਼ਾਲਮ ਸਰਕਾਰ ਦੀ ਦੁਸ਼ਮਣੀ ਖਰੀਦ ਕੇ ਕੋਈ ਜਿਊਂਦਾ ਵੀ ਕਿਵੇਂ ਰਹਿ ਸਕਦਾ ਸੀ। 18ਵੀਂ ਸਦੀ ਦੇ ਪਹਿਲੇ ਛੇ ਸੱਤ ਦਹਾਕਿਆਂ ਵਿੱਚ ਦਿੱਲੀ ਸਰਕਾਰ ਦੀ ਸਿੱਖ ਜਗਤ ਨਾਲ ਦੁਸ਼ਮਣੀ ਦੀਆਂ ਅਜੇ ਗੱਲਾਂ ਲੋਕਾਂ ਦਿਆਂ ਚੇਤਿਆਂ ਵਿਚ ਚੱਲਦੀਆਂ ਸਨ। ਉਦੋਂ ਕਿਸੇ ਮਾਂ ਨੂੰ ਜੇ ਕੋਈ ਪੁੱਛਦਾ ਸੀ ਕਿ ਕਿਤਨੇ ਪੁੱਤਰ ਹਨ। ਤਾਂ ਜੁਆਬ ਹੁੰਦਾ ਸੀ ਪੁੱਤਰ ਤਾਂ ਪੰਜ ਸਨ ਪਰ ਹੁਣ ਚਾਰ ਹੀ ਸਮਝੋ ਕਿਉਂ ਜੁ ਇਕ ਸਿੱਖ ਬਣ ਗਿਆ ਹੈ। ਮਾਂ ਸਮਝਦੀ ਸੀ ਕਿ ਸਿੱਖ ਪੁੱਤਰ ਦੀ ਤਾਂ ਕਦੇ ਵੀ ਸੁਨਾਉਣੀ ਆ ਸਕਦੀ ਹੈ। ਇਹੋ ਜਿਹਾ ਹਾਲ ਹੁਣ ਨਾਮਧਾਰੀਆਂ ਦਾ ਸੀ। ਪੁਰਾਣੇ ਗੀਤ ਪੂਜ ਲੋਕ ਸਤਿਗੁਰੂ ਜੀ ਦੇ ਸਿੱਖਾਂ ਦੁਆਰਾ, ਆਸਥਾ ਦੇ ਪੁਰਾਣੇ ਕੇਂਦਰਾਂ ਤੇ ਹਮਲਿਆਂ ਤੋਂ ਵੀ ਪੀੜਿਤ ਹੁੰਦੇ ਸਨ। ਘਰ ਕਿਉਂਕਿ ਸਰਵਰੀਆਂ ਦਾ ਸੀ। ਜਵਾਹਰ ਸਿੰਘ ਜਿਸ ਰਾਹ ਤੇ ਚੱਲ ਪਿਆ ਸੀ ਹੁਣ ਉਸ ਨੂੰ ਪਰਿਵਾਰ ਦੇ ਦਾਬੇ ਝਾਂਸੇ ਡੁਲਾ ਨਹੀਂ ਸਨ ਸਕਦੇ। ਲਾਇਲਪੁਰੀ ਜੀ ਲਿਖਦੇ ਹਨ ਕਿ ਜਵਾਹਰ ਸਿੰਘ ਦੀ ਮਾਂ ਨੇ ਆਪਣੇ ਦੂਜੇ ਪੁੱਤਰ ਨੂੰ ਹੁੱਕਾ ਪੀਣ ਲਾ ਦਿਤਾ ਕਿ ਕਿਤੇ ਇਸ ਤੇ ਵੀ ਜਵਾਹਰੂ ਦਾ ਜਾਦੂ ਚੱਲ ਜਾਏ ਅਤੇ ਸਾਡਾ ਘਰ ਸਰਵਰੀਆਂ ਦਾ ਹੀ ਬਣਿਆ ਰਹੇ। ਮਾਈ ਇੱਥੇ ਹੀ ਨਾ ਰੁਕੀ ਸਗੋਂ ਹੁੱਕਾ ਪੀਂਦੇ ਪੁੱਤਰ ਨੂੰ ਲੈਕੇ, ਆਪਣੇ ਪੇਕਿਆਂ ਦੇ ਘਰ ਕੁੱਝ ਸਮਾਂ ਜਾ ਬੈਠੀ ਤਾਂ ਕਿ ਕੂਕੇ ਪੁੱਤਰ ਦਾ ਕਿਤੇ ਭਰਾ ਤੇ ਅਸਰ ਨਾ ਪੈ ਜਾਏ। ਪੇਕੇ ਪਿੰਡ ਵਾਲੇ ਵੀ ਮਾਈ ਨਾਲ ਅਫਸੋਸ ਕਰਦੇ ਕਿ ਕੈਸਾ ਵੱਸਦਾ ਰੱਸਦਾ ਘਰ ਸੀ, ਦਿਨਾਂ ਵਿਚ ਉੱਜੜ ਗਿਆ ਹੈ। ਜਵਾਹਰੂ ਨੇ ਘਰ ਕਲੰਕਿਤ ਕਰ ਦਿਤਾ ਹੈ। ਪਰ ਉਹਨਾਂ ਨੂੰ ਕੀ ਪਤਾ ਸੀ ਕਿ ਇਹ ਮੁੰਡਾ ਤਾਂ ਕਈ ਭੁੱਲੀਆਂ ਰੂਹਾਂ ਨੂੰ ਸਿੱਧੇ ਰਾਹੇ ਪਾਉਣ ਦਾ ਸੱਬਬ ਬਣੇਗਾ।

ਦੂਜੇ ਪਾਸੇ ਜਵਾਹਰ ਸਿੰਘ ਨੂੰ ਐਉਂ ਭਾਸਿਆ ਕਿ ਉਸ ਦਾ ਤਾਂ ਨਵਾਂ ਜਨਮ ਹੋ ਗਿਆ ਹੈ। ਉਸ ਨੂੰ ਅਨਮੋਲ ਵਸਤ ਦੀ ਪਰਾਪਤੀ ਹੋ ਗਈ ਹੈ। ਭਜਨ ਪੁੱਛਣ ਤੋਂ ਥੋਹੜਾ ਚਿਰ ਪਹਿਲਾਂ ਹੀ ਆਪ ਦਾ ਵਿਆਹ ਹੋਇਆ ਸੀ ਪਰ ਅਜੇ ਮੁਕਲਾਵਾ ਨਹੀਂ ਸੀ ਆਇਆ। ਹੁਣ ਜਦੋਂ ਲੜਕੀ ਵਾਲਿਆਂ ਨੂੰ ਆਪਦੇ ਕੂਕਾ ਬਣਨ ਦੀ ਖ਼ਬਰ ਮਿਲੀ ਤਾਂ ਉਹਨਾਂ ਨੇ ਸੁਨੇਹਾ ਭੇਜਿਆ "ਜਦੋਂ ਤੱਕ ਮੁੰਡਾ ਕੂਕਿਆਂ ਵਾਲੀ ਕੱਛ ਨਹੀਂ ਲਾਹੇਗਾ ਅਸੀਂ ਲੜਕੀ ਨਹੀਂ ਤੋਰਾਂਗੇ।" ਸੰਤ ਜੀ ਨੇ ਵਾਪਸ ਜਵਾਬ ਭੇਜਿਆ " ਮੈਂ ਸਤਿਗੁਰੂ ਦੀ ਸਿੱਖੀ ਧਾਰਨ ਕਰ ਲਈ ਹੈ। ਹੁਣ ਕਛਹਿਰਾ ਲਾਹਕੇ ਮੈਂ ਆਪਣੇ ਗੁਰੂ ਤੋਂ ਬੇਮੁੱਖ ਨਹੀਂ ਹੋ ਸਕਦਾ। ਤੁਸੀਂ ਆਪਣਾ ਪੜ੍ਹਿਆ ਵਿਚਾਰੋ। ਜਿਵੇਂ ਖੁਸ਼ੀ ਹੈ ਕਰੋ ਮੈਂ ਕੂਕਾ ਹਾਂ ਤੇ ਕੂਕਾ ਰਹਾਂਗਾ।" ਪੰਜ ਸਾਲ ਤੱਕ ਸਹੁਰਾ ਪਰਿਵਾਰ ਇਸੇ ਸ਼ਰਤ ਤੇ ਅੜਿਆ ਰਿਹਾ। ਪੰਜਾਂ ਸਾਲਾਂ ਬਾਅਦ ਆਪ ਦਾ ਮੁਕਲਾਵਾ ਆਇਆ ਸੀ।[4]

ਇਹਨਾਂ ਪੰਜਾਂ ਸਾਲਾਂ ਵਿਚ ਆਤਮਕ ਬਲ ਦੀ ਪਰਾਪਤੀ ਲਈ ਸੰਤ ਜਵਾਹਰ ਸਿੰਘ ਜੀ ਨੇ ਉਗਰ ਤਪੱਸਿਆ ਸ਼ੁਰੂ ਕਰ ਦਿਤੀ। ਸਤਿਗੁਰੂ ਜੀ ਨੇ ਨਾਮ ਦੀ ਦਾਤ ਬਖਸ਼ਣ ਸਮੇਂ, ਆਪ ਪ੍ਰਥਾਇ ਇਹ ਹੁਕਮ ਸਾਦਰ ਕੀਤਾ ਸੀ ਕਿ ਜਦੋਂ ਤੱਕ ਇਹ ਸਰੀਰ ਅਗਨ ਭੇਟ ਨਾ ਹੋ ਜਾਏ, ਜਵਾਹਰ ਸਿੰਘ, ਸੁਆਸ, ਸੁਆਸ ਨਾਲ, ਸਿਮਰਨ ਕਰਨਾ ਹੈ। ਧੰਨ ਗੁਰੂ ਅਤੇ ਧੰਨ ਗੁਰੂ ਦੇ ਸਿੱਖ। ਹੁਣ ਇਸ ਸੁਆਸ, ਸੁਆਸ ਸਿਮਰਨ ਦੀ ਵਿਆਖਿਆ ਸੰਤ ਜਵਾਹਰ ਸਿੰਘ ਹੋਰਾਂ ਇਉਂ ਕਰ ਲਈ ਕਿ ਜੇ ਰਾਤ ਨੂੰ ਸੌਂ ਗਏ ਤਾਂ ਸੁੱਤਿਆਂ ਤਾਂ ਭਜਨ ਨਹੀਂ ਹੋਣਾ, ਉਹ ਸੁਆਸ ਬਿਰਥੇ ਜਾਣਗੇ ਜਿਹੜੇ ਨੀਂਦ ਵਿਚ ਸਿਮਰਨ ਤੋਂ ਵਿਰਵੇ ਰਹਿ ਗਏ। ਇਸ ਲਈ ਆਪ ਨੇ ਪਹਿਲਾ ਮੋਰਚਾ ਹੀ ਨੀਂਦ ਨਾਲ ਲਾ ਲਿਆ। ਪੋਹ ਦੀਆਂ ਰਾਤਾਂ ਵਿਚ ਕੱਪੜੇ ਭਿੱਜੇ ਹੋਏ ਪਾਕੇ ਕੋਠੇ ਉਪਰ ਖਾਰੀ ਮੂਧੀ ਮਾਰ ਲੈਂਦੇ, ਉਸ ਦੇ ਉਪਰ ਚੌਂਕੜੀ ਮਾਰ ਕੇ ਸਿਮਰਨ ਕਰਦਿਆਂ ਦੀ ਹਾਲਤ ਵਿਚ, ਸਾਰੀ ਸਾਰੀ ਰਾਤ ਬਿਤਾ ਦਿੰਦੇ। ਏਥੇ ਹੀ ਬੱਸ ਨਹੀਂ, ਨੀਂਦਰ ਦਾ ਜ਼ੋਰ ਪੈਂਦਾ ਵੇਖਿਆ ਤਾਂ ਫਿਰ ਅੰਦਰ ਛੱਤ ਨਾਲ ਕੇਸ ਬੰਨ੍ਹਕੇ, ਭਜਨ ਕਰਦਿਆਂ ਰਾਤਾਂ ਬਿਤਾ ਦਿਤੀਆਂ।"[5] ਕਈ ਵੇਰ "ਰਾਤ ਨੂੰ ਦਰਿਆ ਵਿਚ ਖਲੋਕੇ ਭਜਨ ਕਰਨਾ।... ਫੇਰ ਖੂਹ ਦੇ ਝੱਲਣ ਉਤੇ ਪੈਰਾਂ ਭਾਰ ਬੈਠਕੇ ਸਿਮਰਨ ਅਰੰਭ ਦਿਤਾ। ਆਪ ਦੱਸਦੇ ਹੁੰਦੇ ਸਨ ਕਿ ਤਿੰਨ ਵਾਰੀ ਮੈਂ ਉਘਲਾਕੇ ਖੂਹ ਵਿਚ ਡਿੱਗਾ ਸਾਂ, ਪਰ ਮਾਹਲ ਰਾਹੀਂ ਖੂਹ ਵਿਚੋਂ ਨਿਕਲ ਕੇ, ਫਿਰ ਝੱਲਣ ਤੇ, ਬਹਿ ਜਾਂਦਾ ਸਾਂ। ਤੀਜੀ ਵਾਰ ਤੋਂ ਪਿੱਛੋਂ ਨੀਂਦਰ ਮੇਰਾ ਖਹਿੜਾ ਛੱਡ ਗਈ।

"ਇਸ ਤਰ੍ਹਾਂ ਆਪ ਨੇ ਨੀਂਦਰ ਨੂੰ ਜਿੱਤਿਆ। ਬਾਰਾਂ ਵਰ੍ਹੇ ਰਾਤ ਦਿਨ ਜਾਗਦੇ ਰਹੇ ਤੇ ਇਕ ਸੁਆਸ ਵੀ ਨਾਮ ਬਿਨਾਂ ਨਿਸਫਲ ਨਾ ਜਾਣ ਦਿਤਾ। ਏਨੇ ਚਿਰ ਵਿਚ ਆਪਨੇ ਆਪਣੀ ਕੰਡ ਵੀ ਧਰਤੀ ਜਾਂ ਮੰਜੀ ਨਾਲ ਨਹੀਂ ਲਾਈ ਕਿ ਮਤਾਂ ਆਲਸ ਆਕੇ ਨੀਂਦ ਫਿਰ ਸਵਾਰ ਹੋ ਜਾਂਦੀ ਹੋਵੇ।"[6]

ਇਸ ਤਰ੍ਹਾਂ ਦੀ ਕਠਿਨ ਤਪੱਸਿਆ ਕਰਦਿਆਂ ਕਰਦਿਆਂ ਆਪ ਨੇ ਆਪਣੇ ਆਤਮਕ ਜੀਵਨ ਦੀ ਉੱਚੀ ਅਵਸਥਾ ਪ੍ਰਾਪਤ ਕਰ ਲਈ ਸੀ। "ਹੱਥ ਕਾਰ ਵੱਲ ਤੇ ਚਿੱਤ ਯਾਰ ਵੱਲ" ਦੀ ਧਾਰਨਾ ਮੁਤਾਬਿਕ, ਆਪ ਗ੍ਰਹਿਸਤੀ ਜੀਵਨ ਦੇ ਨਿਰਬਾਹ ਲਈ ਸੁੱਚੀ ਕਿਰਤ ਕਰਨ ਨੂੰ ਵੀ ਪਰਨਾਏ ਹੋਏ ਸਨ। ਆਪ ਨੇ ਦਿਨੇ ਕਿਸਾਨੀ ਕਾਰ ਕਰਦਿਆਂ ਵੀ ਧਿਆਨ ਬੰਦਗੀ ਵੱਲ ਹੀ ਰੱਖਣਾ। ਕਈ ਵੇਰ ਹਲ ਵਾਹੁੰਦੇ ਵਾਹੁੰਦੇ ਅਗੰਮੀ ਖੁਸ਼ੀ ਦੇ ਝਲਕਾਰੇ ਪਾਕੇ, ਸਤਿਗੁਰੂ ਰਾਮ ਸਿੰਘ ਜੀ ਨੂੰ ਜੋ ਹੁਣ ਵਿਦੇਸ਼ੀ ਸਰਕਾਰ ਨੇ ਦੇਸ਼-ਬਦਰ ਕਰ ਦਿੱਤੇ ਸਨ, ਖਿਆਲਾਂ ਖਿਆਲਾਂ ਵਿਚ ਹੀ ਉਹਨਾਂ ਨੂੰ ਆਪਣੇ ਸਾਹਮਣੇ ਵਿਚਰਦੇ ਵੇਖਦੇ। ਅਜੇਹੀ ਅਵਸਥਾ ਵਿਚ ਹਲ ਛਡ ਦਿੰਦੇ ਅਤੇ ਮਸਤਾਨੀ ਬਿਰਤੀ ਵਿਚ ਆਕੇ ਪੰਜ ਸੱਤ ਛਾਲਾਂ ਲਗਾ ਦਿੰਦੇ। ਕਾਮਲ ਮੁਰਸ਼ਦ ਦੇ ਸ਼ੌਂਕ ਵਿਚ ਰੰਗਿਆਂ ਨਾਲ, ਅਜੇਹੀਆਂ ਜੱਗੋਂ ਤੇਹਰਵੀਆਂ ਅਕਸਰ ਹੁੰਦੀਆਂ ਰਹਿੰਦੀਆਂ ਹਨ। ਉਹਨਾਂ ਲਈ ਮੁਰਸ਼ਦ ਦੇ ਦਰਸ਼ਨ, ਉੱਚ ਅਧਿਆਤਮਕ ਅਵਸਥਾ ਦੇ ਦਰਵਾਜ਼ੇ ਖੁੱਲ੍ਹਣ ਦੇ ਬਰਾਬਰ ਹੁੰਦੇ ਹਨ। ਸੁਲਤਾਨ ਬਾਹੂ ਹੋਰਾਂ ਦਾ ਕਲਾਮ ਇਸੇ ਗੱਲ ਦੀ ਸ਼ਾਹਦੀ ਭਰਦਾ ਹੈ

"ਅਲਫ਼ ਇਹ ਤਨ ਮੇਰਾ ਚਸ਼ਮਾ ਹੋਵੇ,
ਮੈਂ ਮੁਰਸ਼ਦ ਵੇਖ ਨਾ ਰੱਜਾਂ ਹੂ।
ਲੂੰ-ਲੂੰ ਦੇ ਮੁੱਢ ਲੱਖ ਲੱਖ ਚਸ਼ਮਾਂ,
ਇਕ ਖੋਲ੍ਹਾਂ ਇਕ ਕੱਜਾਂ ਹੂ।
ਇਤਨਿਆਂ ਡਿੱਠਿਆਂ ਸਬਰ ਨਾ ਆਵੇ,
ਹੋਰ ਕਿਤੇ ਵੱਲ ਭੱਜਾਂ ਹੂ।
ਮੁਰਸ਼ਦ ਦਾ ਦੀਦਾਰ ਹੈ ਬਾਹੂ,
ਮੈਨੂੰ ਲੱਖ-ਕਰੋੜਾਂ ਹੱਜਾਂ ਹੂ।"

ਗਿਆਨੀ ਰਜਿੰਦਰ ਸਿੰਘ ਜੋ ਆਪਦੀ ਭੈਣ ਪਰੇਮੀ ਦੇ ਪੋਤਰੇ ਸਨ, ਆਪਦੇ ਜੀਵਨ ਨਾਲ ਸਬੰਧਿਤ ਕਈ ਅਲੌਕਿਕ ਘਟਨਾਵਾਂ ਦਾ ਵਰਣਨ ਕਰਦੇ ਹਨ, ਜੋ ਇਹ ਪਰਿਵਾਰ ਸੰਤ ਜੀ ਪਾਸੋਂ ਸੁਣਦਾ ਰਿਹਾ ਸੀ। ਆਪ ਆਪਣੇ ਚਾਚੇ ਦਾ ਕੰਮ ਕਰਦੇ ਤੇ ਉਧਰੋਂ ਹੀ ਪਰਸ਼ਾਦਾ ਛਕਦੇ ਸਨ। ਇਕ ਵਾਰੀ ਆਪ ਨੇ ਦੂਸਰੇ ਚਾਚੇ ਪਾਸੋਂ ਕੇਸੀਂ ਇਸ਼ਨਾਨ ਕਰਨ ਲਈ ਦਹੀਂ ਮੰਗਿਆ। ਉਸ ਨੇ ਕਿਹਾ-ਦਿੰਦਾ ਹਾਂ। ਆਪ ਨੇ ਕਿਹਾ-ਛੇਤੀ ਦਿਓ। ਇਸ ਪਰ ਉਸ ਨੇ ਕਿਹਾ ਜੇ ਏਡਾ ਕਾਹਲਾ ਸੈਂ, ਤਾਂ ਆਪਣਾ ਲਵੇਰਾ ਰੱਖ ਲੈਣਾ ਸੀ। ਹੁਣ ਆਪ ਨੇ ਮਨ ਵਿਚ ਧਾਰ ਲਿਆ ਕਿ ਦਹੀਂ ਨਾਲ ਕੇਸ ਉਦੋਂ ਹੀ ਧੋਣੇ ਹਨ, ਜਦੋਂ ਗੁਰੂ ਆਪ ਧੁਆਏਗਾ। ਬਾਰਾਂ ਸਾਲ ਕੇਸਾਂ ਵਿਚ ਦਹੀਂ ਨਾ ਪਾਇਆ। ਇਕ ਦਿਨ ਦੀ ਗੱਲ ਹੈ ਕਿ ਆਪ ਹਲ ਵਾਹ ਰਹੇ ਸਨ। ਜਦ ਆਪ ਵੱਟ ਦੇ ਲਾਗੇ ਅੱਪੜੇ ਤਾਂ ਕੀ ਵੇਖਦੇ ਹਨ ਕਿ ਇਕ ਬਿਰਧ ਸਰੀਰ ਦਾ ਸਿੰਘ ਖੜ੍ਹਾ ਹੈ ਤੇ ਹੱਥ ਵਿਚ ਇਕ ਕੁੱਜਾ ਹੈ। ਉਸ ਨੇ ਕੋਈ ਗੱਲ ਆਖੀ। ਆਪ ਨੇ ਬੰਨੇ ਲਾਗਿਉਂ ਅੰਦਰ ਨੂੰ ਮੋੜਕੇ, ਹਲ ਖਲਹਾਰ ਦਿਤਾ ਅਤੇ ਜਦੋਂ ਉਸ ਵੱਲ ਪਰਤੇ, ਉਹ ਸਿੰਘ ਅਲੋਪ ਹੋ ਚੁੱਕਾ ਸੀ। ਇਕ ਕੁੱਜਾ ਵੱਟ ਤੇ ਧਰਿਆ ਪਿਆ ਸੀ ਜਿਸ ਵਿਚ ਦਹੀਂ ਸੀ। ਉਸ ਦਹੀਂ ਨਾਲ ਇਸ਼ਨਾਨ ਕਰਨ ਦੀ ਢਿੱਲ ਸੀ ਕਿ ਸੁਰਤ ਹੋਰ ਵੀ ਚੜ੍ਹਦੀਆਂ ਕਲਾ ਵਿਚ ਹੋ ਗਈ।[7]

ਸੰਤ ਜੀ ਅਣ-ਕਮਾਈ ਮਾਇਆ ਜਾਂ ਬੇਗਾਨੀ ਵਸਤੂ ਨੂੰ ਸਿੱਖਾਂ ਲਈ 'ਗਊ-ਸੂਰ' ਦੇ ਤੁੱਲ ਕੁਰਹਿਤ ਸਮਝਦੇ ਸਨ। ਨਾਮਧਾਰੀਆਂ ਨੇ ਸਤਿਗੁਰੂ ਰਾਮ ਸਿੰਘ ਜੀ ਦੀ ਉੱਚੀ ਸੁੱਚੀ ਸਿੱਖਿਆ ਦੇ ਸਾਰ ਤੱਤ ਜਿਉਂ, ਪਰਾਈ ਵਸਤ ਦੇ ਤਿਆਗ ਦੇ ਹੁਕਮ ਨੂੰ, ਬੜੀ ਖੂਬਸੂਰਤੀ ਨਾਲ ਨਿਬਾਹਿਆ ਸੀ। ਸੰਤ ਜਵਾਹਰ ਸਿੰਘ ਜੀ ਨੇ ਭਜਨ ਪੁੱਛਣ ਬਾਅਦ ਜਦੋਂ ਵੀ ਖੇਤ ਵਿਚ ਹਲ ਵਾਹੁਣ ਜਾਂ ਕਿਸੇ ਹੋਰ ਖੇਤੀ ਕੰਮ ਲਈ ਜਾਣਾ ਹੁੰਦਾ ਸੀ ਤਾਂ ਘਰੋਂ ਤੁਰਦਿਆਂ ਹੀ ਆਪਣੇ ਬੈਲਾਂ ਦੇ ਮੂੰਹਾਂ ਤੇ ਛਿੱਕੇ ਚਾਹੜ ਲੈਂਦੇ ਸਨ ਤਾਂ ਕਿ ਆਪਣੀ ਆਦਤ ਅਨੁਸਾਰ ਪਸ਼ੂ ਬਿਗਾਨੇ ਖੇਤ ਦੀ ਫਸਲ ਵਿਚ ਮੂੰਹ ਨਾ ਮਾਰੇ। ਇਸੇ ਤਰ੍ਹਾਂ ਹੀ ਖੇਤ ਤੋਂ ਘਰ ਵਾਪਸੀ ਸਮੇਂ ਕਰਦੇ ਸਨ। ਸਧਾਰਨ ਦੁਨੀਆਂ-ਦਾਰ ਆਪ ਦੀ ਇਤਨੀ ਬਾਰੀਕ ਬਿਰਤੀ ਦਾ ਮਜ਼ਾਕ ਵੀ ਉਡਾਉਂਦੇ, ਪਰ ਸੰਤ ਜੀ ਆਪਣੇ ਸਤਿਗੁਰੂ ਦੀ ਰਜ਼ਾ ਵਿਚ ਹਰ ਹਾਲ ਮਸਤ ਰਹਿੰਦੇ ਸਨ। ਜੇਕਰ ਸੰਤ ਜੀ ਕਿਸੇ ਹੋਰ ਸਿੱਖ ਵੱਲ ਵੀ ਜਾਂਦੇ ਤਾਂ ਆਪਣੇ ਭੋਜਨ ਵਜੋਂ ਪੰਜ ਕਾਲੀਆਂ ਮਿਰਚਾਂ, ਇਕ ਪਾਉ ਗੁੜ ਅਤੇ ਪਾਉ

ਭਰ ਦਰੜੇ ਫਰੜੇ ਜਵਾਂ ਦੇ ਸੱਤੂ, ਪਰਨੇ ਦੇ ਲੜ ਨਾਲ ਬੰਨ੍ਹ ਕੇ ਘਰੋਂ ਹੀ ਲੈ ਜਾਂਦੇ। ਲੋੜ ਅਨੁਸਾਰ ਇਸ ਪਦਾਰਥ ਦੀ ਵਰਤੋਂ ਕਰਕੇ ਮੁੜ ਆਉਂਦੇ। ਸੰਤਾਂ ਦੇ ਇਸ ਸੁਭਾਉ ਪਰਥਾਇ ਗੁਰ ਸਿੱਖਾਂ ਨੇ ਗੁਰੂ ਹਰੀ ਸਿੰਘ ਜੀ ਨੂੰ ਅਰਜ਼ ਕਰ ਦਿਤੀ। ਇਸ ਤੇ ਸਤਿਗੁਰੂ ਜੀ ਨੇ ਸੰਤਾਂ ਨੂੰ ਹੁਕਮ ਕੀਤਾ ਕਿ ਹੁਣ ਆਪ ਲੋੜ ਅਨੁਸਾਰ ਜਲ ਪਰਸ਼ਾਦਾ ਸੰਗਤਾਂ ਪਾਸੋਂ ਵੀ ਛਕ ਲਿਆ ਕਰੋ। ਸਤਿਗੁਰੂ ਜੀ ਨੇ ਜਿਸ ਸਿੱਖ ਦਾ ਦੂਜਾ ਸਿੱਖ ਅੰਨ ਜਲ ਨਾ ਸਵੀਕਾਰ ਕਰੇ, ਤਾਂ ਉਸ ਨੂੰ ਹੋਣ ਵਾਲੇ ਖ਼ੇਦ ਤੋਂ ਬਾਬਾ ਜੀ ਨੂੰ ਜਾਣੂ ਕਰਵਾਇਆ ਸੀ। ਸੰਤ ਜੀ ਨੇ ਗੁਰੂ ਹੁਕਮ ਅੱਗੇ ਸਿਰ ਨਿਵਾ ਦਿਤਾ ਪਰ ਇਹ ਧਿਆਨ ਜ਼ਰੂਰ ਰੱਖਦੇ ਸਨ ਕਿ ਜਿਹਨਾਂ ਦਾ ਵਿਹਾਰ ਕਾਰ ਸ਼ੁੱਧ ਹੁੰਦਾ ਸੀ, ਭਾਵ ਜੋ ਅਣ-ਕਮਾਈ ਮਾਇਆ ਨੂੰ ਨਹੀਂ ਸਨ ਵਰਤਦੇ, ਉਹਨਾਂ ਦੇ ਘਰੋਂ ਹੀ ਜਲ ਪਾਣੀ ਪਰਸ਼ਾਦਾ ਛਕਦੇ ਸਨ।[8]

ਹਜ਼ਰਤ ਬਾਬਾ ਸ਼ੇਖ ਫਰੀਦ, ਹਜ਼ਰਤ ਨਿਜ਼ਾਮ ਉਦ-ਦੀਨ ਅਤੇ ਹਜ਼ਰਤ ਨਸੀਰ-ਉ-ਦੀਨ ਮਹਿਮੂਦ ਜਿਹੇ ਉਘੇ ਸੂਫ਼ੀ ਫਕੀਰ ਵੀ ਆਪਣੇ ਸ਼ਗਿਰਦਾਂ ਨੂੰ ਹਮੇਸ਼ਾਂ ਅਣਕਮਾਈ ਮਾਇਆ ਜਾਂ ਵਸਤੂ ਵਰਤਣ ਤੋਂ ਪਰਹੇਜ਼ ਕਰਨ ਲਈ ਕਹਿੰਦੇ ਸਨ। ਸਿੱਖ ਗੁਰੂ ਸਾਹਿਬਾਨ ਦੀ ਇਹੋ ਪਰੰਪਰਾ ਸਤਿਗੁਰੂ ਰਾਮ ਸਿੰਘ ਜੀ ਨੇ ਆਪਣੇ ਸਿੱਖਾਂ ਵਿਚ ਬੜੀ ਸਖਤੀ ਨਾਲ ਲਾਗੂ ਕੀਤੀ ਸੀ। ਉਚੇ ਸੁੱਚੇ ਕਿਰਦਾਰ ਵਾਲੇ ਲੋਕ ਹੀ ਆਪਣੇ ਸਮੇਂ ਦੀਆਂ ਚੁਨੌਤੀਆਂ ਦਾ ਟਾਕਰਾ ਕਰਨ ਦੇ ਸਮਰੱਥ ਹੁੰਦੇ ਹਨ। ਸੰਤ ਮਿਰਜ਼ੇਵਾਲੀਏ ਇਕ ਆਦਰਸ਼ ਨਾਮਧਾਰੀ ਸਿੱਖ ਦਾ ਸਰੂਪ ਸਨ। ਉਹਨਾ ਨੇ ਸੋਧ ਮਰਿਆਦਾ ਰੱਖਣ ਦਾ ਗੁਰੂ ਹੁਕਮ ਇਸ ਤਰ੍ਹਾਂ ਮੰਨਿਆ ਕਿ ਜਿਤਨਾ ਸਮਾਂ ਉਹਨਾਂ ਦੀ ਸਿੰਘਣੀ ਨੇ ਭਜਨ ਪੁੱਛਕੇ ਗੁਰੂ ਮਰਿਆਦਾ ਧਾਰਨ ਨਹੀਂ ਕੀਤੀ ਉਤਨਾਂ ਸਮਾਂ ਉਹ ਆਪਣੇ ਲਈ ਪਰਸ਼ਾਦਾ ਆਪ ਹੱਥੀਂ ਲੰਗਰ ਸਜਾ ਕੇ ਛਕਦੇ ਰਹੇ। ਇਸੇ ਤਰ੍ਹਾਂ ਹੀ ਵੱਡੇ ਤੜਕੇ ਸਵਾ ਪਹਿਰ ਰਾਤ ਰਹਿੰਦੀ ਨਾਲ ਉੱਠ ਕੇ ਸ਼ੌਚ ਕਿਰਿਆ ਦੀ ਨਵਿਰਤੀ ਬਾਅਦ ਸਕੇਸ਼ ਇਸ਼ਨਾਨ ਕਰਕੇ ਭਜਨ ਬਾਣੀ ਦਾ ਨਿਤਨੇਮ ਨਿਬਾਹੁਣਾ ਜ਼ਰੂਰੀ ਸੀ। ਇਕ ਵੇਰ ਸੰਤ ਜੀ ਦਾ ਸਰੀਰ ਅਸੁਅਸਥ ਰਹਿਣ ਕਾਰਨ ਬਹੁਤ ਨਿਰਬਲ ਹੋ ਗਿਆ। ਅਜੇਹੀ ਅਵਸਥਾ ਵਿਚ ਆਪ ਅੱਤਿ ਅਧਿਕ ਸਿਰੜ ਕਰਕੇ ਖੂਹ ਦੀ ਮਣ ਤੇ ਇਸ਼ਨਾਨ ਕਰਨ ਲਈ ਪੁੱਜ ਗਏ। ਇਸ ਸਮੇਂ ਆਵਾਜ਼ਾ ਹੋਇਆ "ਜਵਾਹਰ ਸਿੰਘਾ! ਹੁਣ ਤੂੰ ਇਸ਼ਨਾਨ ਨਾ ਕਰਿਆ ਕਰ।" ਆਪ ਨੇ ਉੱਤਰ ਦਿਤਾ ਕਿ ਇਹ ਤਾਂ ਮੇਰੇ ਚੀਨੀ ਵਾਲੇ ਪਾਤਸ਼ਾਹ ਦਾ ਹਰ ਨਾਮਧਾਰੀ ਵਾਸਤੇ ਜ਼ਰੂਰੀ ਹੁਕਮ ਹੈ, ਮੈਂ ਇਸ ਦਾ ਤਿਆਗ ਕਰਕੇ ਆਪਣੇ ਸਤਿਗੁਰੂ ਤੋਂ ਬੇਮੁੱਖਤਾ ਦਾ ਕਲੰਕ ਕਿਵੇਂ ਮੱਥੇ ਤੇ ਲੁਆ ਲਵਾਂ। ਇਸੇ ਹਾਲਾਤ ਵਿਚ ਔਖੇ ਸੌਖੇ ਸੰਤ ਦੈਨਿਕ ਧਾਰਮਿਕ ਜੀਵਨ ਦੀ ਮਰਿਆਦਾ ਨਿਬਾਹੁੰਦੇ ਰਹੇ। ਪਰ ਅਜੇ ਵੀ ਆਪਦੇ ਕੁਝ ਹੋਰ ਇਮਤਿਹਾਨ ਹੋਣੇ ਰਹਿੰਦੇ ਸਨ। ਹੁਣ ਸਾਰਾ ਸਰੀਰ ਫੋੜਿਆਂ ਨਾਲ ਭਰ ਗਿਆ। ਸੰਤ ਫਿਰ ਵੀ ਹਠ ਕਰਕੇ, ਇਸ਼ਨਾਨ ਦਾ ਪ੍ਰਣ ਨਿਬਾਹੁੰਦੇ ਰਹੇ। ਇਸੇ ਅਵਸਥਾ ਵਿਚ ਇਕ ਦਿਨ ਇਸ਼ਨਾਨ ਕਰਨ ਲੱਗੇ ਸਨ ਕਿ ਪੱਥਰ ਤੋਂ ਪੈਰ ਤਿਲਕ ਕੇ ਡਿੱਗ ਪਏ। ਇੱਕ ਹੀ ਫੋੜੇ ਵਿਚੋਂ ਸੱਟ ਲੱਗਣ ਕਾਰਨ ਖ਼ੂਨ ਕਾਫ਼ੀ ਵਗ ਗਿਆ। ਇਹਦੇ ਨਾਲ ਹੀ ਆਪਦੀ ਦੇਹੀ ਵੀ ਕੰਚਨ ਵਰਗੀ ਅਰੋਗ ਹੋ ਗਈ।

ਸਤਿਗੁਰੂ ਰਾਮ ਸਿੰਘ ਜੀ ਨੇ ਪਰਦੇਸ ਵਿਚੋਂ, ਗੁਰੂ ਹਰੀ ਸਿੰਘ ਜੀ ਅਤੇ ਸੰਗਤ ਦੇ ਨਾਮ ਭੇਜੇ ਹੁਕਮਨਾਮਿਆਂ ਵਿਚ, ਦੋ ਵਿਸ਼ੇਸ਼ ਹੁਕਮ ਸਾਦਰ ਕੀਤੇ ਸਨ। ਇਕ ਸੀ ਆਦਿ ਸ੍ਰੀ ਗਰੰਥ ਸਾਹਿਬ ਜੀ ਦੇ ਵੱਧ ਤੋਂ ਵੱਧ ਪਾਠ ਕਰਨੇ ਕਰਵਾਉਣੇ ਅਤੇ ਦੂਜਾ ਸੀ ਸ੍ਰੀ ਭੈਣੀ ਸਾਹਿਬ ਵਿਚ ਆਪ ਦੁਆਰਾ ਸਥਾਪਿਤ ਲੋਹ ਲੰਗਰ ਨੂੰ ਨਿਰੰਤਰ ਅਤੇ ਬਿਨਾਂ ਕਿਸੇ ਵਿਤਕਰੇ ਦੇ, ਹਰ ਅਭਿਆਗਤ ਲਈ ਚਾਲੂ ਰੱਖਣਾ। ਨਾਮਧਾਰੀ ਸਿੱਖਾਂ ਨੇ ਇਹ ਦੋਵੇਂ ਹੁਕਮ ਵਜਾਉਣ ਲਈ ਸਿਰਧੜ ਦੀ ਬਾਜ਼ੀ ਲਾਉਣ ਤੋਂ ਵੀ ਗੁਰੇਜ਼ ਨਹੀਂ ਕੀਤਾ। ਸੰਤ ਜਵਾਹਰ ਸਿੰਘ ਜੀ ਆਪਣੇ ਕਿਰਤ ਬਿਰਤ ਤੋਂ ਬਚਦੇ ਦੈਨਿਕ ਜੀਵਨ ਦਾ ਬਾਕੀ ਸਮਾਂ ਪਠਨ ਪਾਠਨ ਦੇ ਨਮਿਤ ਲਾਉਂਦੇ ਸਨ। ਕਈ ਵੇਰ ਦੂਰੋਂ ਦੂਰੋਂ ਵੀ ਲੋੜਵੰਦ ਸਿੱਖ ਆਪ ਜੀ ਨੂੰ ਪਾਠ ਕਰਨ ਲਈ ਬੁਲਾਉਂਦੇ। ਆਪ ਇਹ ਪਾਠ ਬਿਨਾਂ ਕਿਸੇ ਭੇਟਾ ਦੇ ਲਏ, ਖੁਸ਼ੀ-ਖੁਸ਼ੀ, ਗੁਰੂ ਹੁਕਮ ਸਮਝ ਕੇ ਕਰਦੇ ਸਨ। ਪਹਿਲਾਂ ਪਹਿਲਾਂ ਤਾਂ ਇਸ ਸਮੇਂ ਅੰਨ ਜਲ ਲਈ ਰਸਤ ਬਸਤ ਵੀ ਆਪਣੀ ਵਰਤਦੇ ਸਨ ਪਰ ਜਦੋਂ ਤੋਂ ਗੁਰੂ ਹਰੀ ਸਿੰਘ ਜੀ ਨੇ ਸਿੱਖਾਂ ਦਾ ਅੰਨ ਜਲ ਗ੍ਰਹਿਣ ਕਰਨ ਦਾ ਆਦੇਸ਼ ਦਿਤਾ ਸੀ, ਫਿਰ ਉਥੋਂ ਵੀ ਭੋਜਨ ਪਰਵਾਨ ਕਰ ਲੈਂਦੇ ਸਨ।

ਆਲੇ ਦੁਆਲੇ ਅਤੇ ਦੂਰੋਂ ਦੁਰੇਡਿਓਂ ਵੀ ਆਤਮ ਅਭਿਲਾਖੀ ਗੁਰੂ ਪ੍ਰੇਮੀਆਂ ਦਾ ਆਪ ਪਾਸ, ਆਉਣਾ ਜਾਣਾ ਨਿਰੰਤਰ ਜਾਰੀ ਰਹਿੰਦਾ ਸੀ। ਉਸ ਸਮੇਂ ਹਰ ਕੂਕੇ ਦੇ ਘਰ ਵਿਚ ਵੀ ਗੁਰੂ ਕਾ ਲੰਗਰ ਹੀ ਚੱਲਦਾ ਸੀ। ਜਿੱਥੋਂ ਕੋਈ ਜਿਸ ਵੀ ਸਮੇਂ ਬਿਨਾਂ ਰੋਕ ਟੋਕ ਲੋੜ ਅਨੁਸਾਰ ਉਦਰ ਪੂਰਤੀ ਕਰ ਸਕਦਾ ਸੀ। ਸੰਤ ਜੀ ਵਾਹੀਵਾਨ ਸਨ। ਬੈਲਾਂ ਨਾਲ ਖੇਤੀ ਬਾੜੀ ਕਰਦੇ ਸਨ। ਛੋਟੀ ਜਿਹੀ ਕਿਸਾਨੀ ਸੀ। ਜਦੋਂ ਆਪ ਦੀ ਸਿੰਘਣੀ ਚਲਾਣਾ ਕਰ ਗਈ ਆਪ ਨੇ ਆਪਣੀਆਂ ਬਿਰਤੀਆਂ ਨੂੰ ਹੋਰ ਵੀ ਸੰਕੋਚ ਲਿਆ। ਹੁਣ ਆਪ ਜੀ ਨੇ ਦੋਵੇਂ ਬੈਲ ਵੇਚ ਦਿਤੇ। ਘਰ ਦੇ ਲਾਗੇ ਜੋ ਭੂਮੀ ਸੀ ਉਸ ਵਿਚੋਂ ਵਿਘਾ ਪੌਣੇ ਕਿੱਲੇ ਵਿਚ ਰੂੜੀ ਵਗੈਰਾ ਪਾਕੇ ਉਸਨੂੰ ਹੌਲੀ ਹੌਲੀ ਕਹੀ ਨਾਲ ਹੀ ਗੋਡ ਕੇ ਕਣਕ ਦਾ ਛੱਟਾ ਦੇ ਦਿੰਦੇ ਸਨ। ਆਪ ਦੀ ਅਤੇ ਆਏ ਗਏ ਸਿੱਖ ਸਾਧ ਦੀ ਲੋੜ ਜੋਗੀ ਕਣਕ ਉਸ ਵਿਚੋਂ ਪੈਦਾ ਹੋ ਜਾਂਦੀ ਸੀ। ਆਪ ਜੀ ਹੱਥੀਂ ਚੱਕੀ ਪੀਂਹਦੇ ਸਨ। ਪੀਸ ਪੀਸ ਕੇ ਆਟਾ ਭੜੋਲੀ ਵਿਚ ਪਾਈ ਜਾਂਦੇ ਸਨ। ਦਰਅਸਲ ਸਤਿਗੁਰੂ ਜੀ ਦੇ ਆਤਮ ਦਰਸ਼ੀ ਕੂਕੇ ਸਿੰਘ ਇਹ ਵੀ ਸਮਝਦੇ ਸਨ ਕਿ ਆਪਣੀ ਲੋੜ ਤੋਂ ਜਿਤਨਾ ਵੀ ਅਸੀਂ ਵੱਧ ਉਤਪਾਦਨ ਕਰਾਂਗੇ, ਉਹ ਸਾਰਾ ਵਿਦੇਸ਼ੀਆਂ ਦੀ ਮੰਡੀ ਦਾ ਮਾਲ ਬਣਕੇ ਸਾਡੀ ਵਧੇਰੇ ਲੁੱਟ ਦਾ ਕਾਰਨ ਬਣੇਗਾ। ਇਹੋ ਜਿਹੀ ਭਾਵਨਾ ਮੱਧ ਕਾਲੀ ਸੂਫੀਆਂ ਵਿਚ ਵੀ ਸੀ। ਉਹ ਵੀ ਜ਼ਮੀਨ ਨੂੰ ਬੰਜਰ ਪਈ ਰਹਿਣ ਦੇਣਾ ਬਿਹਤਰ ਸਮਝਦੇ ਸਨ। ਉਹਨਾਂ ਦਾ ਤਰਕ ਸੀ ਕਿ ਜੇ ਖੇਤੀ ਕਰਾਂਗੇ ਤਾਂ ਸਰਕਾਰ ਸਾਡੇ ਤੋਂ ਲਗਾਨ ਦੇ ਰੂਪ ਵਿਚ ਟੈਕਸ ਵਸੂਲ ਕਰੇਗੀ।[9] ਸਰਕਾਰੀ ਲਗਾਨ ਦੇਕੇ ਅਸੀਂ ਵੀ ਆਮ ਕਿਰਤੀਆਂ ਦਾ ਖੂਨ ਚੂਸਣ ਵਾਲੀ ਸਰਕਾਰ ਦਾ ਲਗਾਨ ਦੇਕੇ, ਪਾਪਾਂ ਦੇ ਭਾਗੀ ਬਣਾਂਗੇ। ਹਿੰਦੁਸਤਾਨ ਵਿਚ ਵਿਦੇਸ਼ੀ ਹਮਲਾਵਰ ਅਤੇ ਸ਼ਾਸਕ, ਇਸਲਾਮ ਫੈਲਾਉਣ ਦਾ ਕਾਰਨ ਨਹੀਂ ਬਣੇ ਸਗੋਂ ਇਸਦੇ ਪਰਚਾਰਕ ਸੂਫ਼ੀ ਸਾਧਕ ਸਨ। ਸਤਿਗੁਰੂ ਰਾਮ ਸਿੰਘ ਜੀ ਦੇ ਸਿੱਖ ਵੀ ਸੂਫ਼ੀ ਫ਼ਕੀਰਾਂ

ਜਿਹਾ ਜੀਵਨ ਹੀ ਬਿਤਾ ਰਹੇ ਸਨ। ਉਹ ਵੇਲੇ ਦੇ ਸੱਤਾਧਾਰੀਆਂ, ਮਾਨ ਪ੍ਰਤਿਸ਼ਠਾ ਵਾਲੇ ਰਾਜੇ ਮਹਾਰਾਜਿਆਂ ਜਾਂ ਧਨਾਢਾਂ ਸ਼ਾਹੂਕਾਰਾਂ ਸਮੰਤਾਂ ਦੀ ਬਜਾਏ, ਆਮ ਲੋਕਾਂ ਦੇ ਪੱਖ ਵਿਚ ਖਲੋਂਦੇ ਸਨ। ਉਹਨਾਂ ਦੇ ਦੁੱਖ ਸੁੱਖ ਵਿਚ ਸ਼ਾਮਲ ਹੁੰਦੇ ਸਨ ਅਤੇ ਦੱਬਿਆਂ, ਕੁਚਲਿਆਂ, ਲਿਤਾੜਿਆਂ ਤੇ ਸਤਾਇਆਂ ਦੇ ਦਿਲਾਂ ਤੇ ਆਪਣੇ ਮਿੱਠੇ ਬੋਲਾਂ ਰੂਪੀ ਹਮਦਰਦੀ ਦੇ ਫਹੇ ਰੱਖਦੇ ਸਨ। ਐਸਾ ਕਾਰਜ ਹੀ ਦੜਪ ਦੇ ਇਸ ਖਿੱਤੇ ਵਿਚ ਸੰਤ ਬਾਬਾ ਜਵਾਹਰ ਸਿੰਘ ਜੀ ਮਿਰਜ਼ੇ ਵਾਲੀਏ, ਸਤਿਗੁਰੂ ਰਾਮ ਸਿੰਘ ਜੀ ਦੇ ਮਿਸ਼ਨ ਦੇ ਪਰਚਾਰ ਪਰਸਾਰ ਨੂੰ ਜੀਵਿਤ ਰੱਖਕੇ, ਨਿਭਾ ਰਹੇ ਸਨ।

ਸੰਤ ਜੀ ਗ੍ਰਹਿਸਤੀ ਸਨ ਬੇਸ਼ਕ ਉਹ ਗ੍ਰਹਿਸਤੀ ਹੁੰਦਿਆਂ ਭੀ ਵਿਰਕਤੀ ਸੁਭਾਉ ਵਿਚ ਵਿਚਰਦੇ ਸਨ। ਸੰਤਾਂ ਦੇ ਸੇਵਾ, ਸਿਮਰਨ, ਮਿਠਤ, ਹਲੀਮੀ, ਨਿਮਰਤਾ, ਸ਼ੁਭ ਉਪਦੇਸ਼ ਆਦਿ ਸਦਗੁਣਾਂ ਸਦਕਾ ਆਪ ਦੀ ਮਹਿਮਾ ਦੂਰ ਨੇੜੇ ਤੱਕ ਪਸਰ ਗਈ। ਪਰ ਆਲੇ ਦੁਆਲੇ ਵਿਚ ਕੁੱਝ ਸੱਜਣ ਐਸੇ ਵੀ ਹੁੰਦੇ ਹਨ ਜੋ ਇਹਨਾਂ ਸਾਧੂਆਂ ਦੀ ਲੋਕਾਂ ਪਾਸੋਂ ਸੋਭਾ ਸੁਣ ਸੁਣਕੇ, ਪਰੇਸ਼ਾਨ ਹੁੰਦੇ ਰਹਿੰਦੇ ਹਨ। ਹਾਲਾਂਕਿ ਸੰਤ ਤਾਂ ਅਜਿਹੇ ਨਿੰਦਕਾਂ, ਈਰਖਾਲੂਆਂ ਪ੍ਰਥਾਇ ਵੀ ਕਲਿਆਣਕਾਰੀ ਸੋਚ ਰੱਖਦੇ ਹਨ। ਸੰਤ ਜੀ ਨੇ ਆਪਣੀ ਪੁੱਤਰੀ ਦੇ ਅਨੰਦ ਕਾਰਜ ਲਈ ਦਿਨ ਮਿਥ ਲਿਆ। ਕੁਝ ਕੁ ਸਬੰਧਿਆਂ ਸਨੇਹੀਆਂ ਨੂੰ ਰੁੱਕੇ ਭੇਜ ਦਿੱਤੇ। ਸੰਤਾਂ ਦੇ ਨਿੰਦਕਾਂ ਲਈ ਇਹ ਸਮਾਂ ਬੜਾ ਕਾਰਗਰ ਸੀ। ਉਹ ਸੰਤ ਜੀ ਦੀ ਪਤਲੀ ਆਰਥਿਕ ਹਾਲਤ ਤੋਂ ਜਾਣੂ ਸਨ। ਉਹਨਾਂ ਸੰਤ ਜੀ ਦੀ ਹੇਠੀ ਕਰਵਾਉਣ ਲਈ ਆਲੇ ਦੁਆਲੇ ਦੇ ਹਰ ਜਾਣੇ ਅਨਜਾਣੇ ਵਿਅਕਤੀ ਨੂੰ ਇਸ ਮੌਕੇ, ਮਿਰਜ਼ੇਵਾਲੀ ਪੁੱਤਰੀ ਦੇ ਅਨੰਦ ਵਿਚ ਸ਼ਾਮਲ ਹੋਣ ਦੇ ਰੁੱਕੇ ਭੇਜ ਦਿਤੇ। ਮਿਥੇ ਦਿਨ ਆਸ ਤੋਂ ਕਿਤੇ ਵੱਧ ਸੰਗਤਾਂ ਆਣ ਲੱਥੀਆਂ। ਪਰਬੰਧ ਕਰਨ ਵਾਲੇ ਸੱਜਣਾਂ ਨੂੰ ਹੱਥਾਂ ਪੈਰਾਂ ਦੀ ਪੈ ਗਈ। ਸੰਤ ਜੀ ਨੇ ਉਹਨਾਂ ਨੂੰ ਨਿਸ਼ਚਿੰਤ ਕਰਦਿਆਂ ਲਾਂਗਰੀਆਂ ਨੂੰ ਕਿਹਾ "ਭੜੋਲੀ ਦੇ ਐਨ ਵਿਚੋਂ ਆਟਾ ਕੱਢੀ ਜਾਇਓ। ਉਪਰੋਂ ਢੱਕਣ ਨਹੀਂ ਚੁੱਕਣਾ।" ਲੋਹ ਲੰਗਰ ਤਪਦੇ ਰਹੇ। ਦਾਲੇ ਗੜ੍ਹਕਦੇ ਰਹੇ। ਖੁੱਲ੍ਹਾ ਜਲ ਪਾਣੀ ਲੰਗਰ ਵਰਤਿਆ। ਸੰਤਾਂ ਦੀ ਧੰਨ ਧੰਨ ਹੋ ਗਈ। ਨਿੰਦਕ ਹੋਰ ਪਰੇਸ਼ਾਨ ਹੋਏ ਕਿ ਸਾਡਾ ਇਹ ਹਥਿਆਰ ਵੀ ਇਲਾਕੇ ਦੀਆਂ ਉਹਨਾਂ ਨਾਮਧਾਰੀ ਸੰਗਤਾਂ ਕਾਰਨ ਖੁੰਢਾ ਹੋ ਗਿਆ ਹੈ, ਜੋ ਸੰਤ ਜੀ ਦੇ ਪਿੱਛੇ ਚੱਟਾਨ ਵਾਂਗੂੰ ਖਲੋ ਜਾਂਦੀਆਂ ਹਨ।

ਸੰਤ ਮੰਗਲ ਸਿੰਘ ਲਾਇਲਪੁਰੀ ਸੰਤ ਜੀ ਦੇ ਇਕ ਹੋਰ ਕਉਤਕ ਬਾਰੇ ਇਉਂ ਲਿਖਦੇ ਹਨ, ਜਿਸ ਤੋਂ ਸੰਤ ਜੀ ਦੁਆਰਾ ਮੌਤ ਦੇ ਭੈ ਉੱਪਰ ਜਿੱਤ ਹਾਸਲ ਕਰ ਲੈਣ ਦੀ ਘਟਨਾ ਵੱਲ ਸੰਕੇਤ ਮਿਲਦਾ ਹੈ। "ਇਕ ਵਾਰ ਸੰਤ ਅਭਿਆਸ ਵਿਚ ਬੈਠੇ ਹੋਏ ਸਨ ਤਾਂ ਬੜਾ ਭਾਰੀ ਸੱਪ ਸੰਤਾਂ ਦੇ ਸਾਹਮਣੇ ਆਕੇ ਬੈਠ ਗਿਆ। ਸੰਤਾਂ ਨੇ ਦਿਲ ਵਿਚ ਕਿਹਾ, ਸ਼ਬਦ ਨੂੰ ਇਸ ਨੇ ਕੀ ਆਖਣਾ ਹੈ। ਨਿਰਭੈ ਹੋਕੇ ਜਾਪ ਕਰਦੇ ਰਹੇ। ਸੱਪ ਨੇ ਆਪ ਦੇ ਇਰਦ ਗਿਰਦ ਕੁੰਡਲ ਮਾਰ ਲਿਆ ਤੇ ਆਪਣੇ ਫਨ ਨੂੰ ਸੰਤਾਂ ਦੇ ਮੂੰਹ ਦੇ ਸਾਹਮਣੇ ਕਰ ਦਿਤਾ। ਸੰਤ ਫਿਰ ਵੀ ਅਡੋਲ ਬੈਠੇ ਰਹੇ ਤਾਂ ਆਪ ਦੇ ਗਲ ਵਿਚ ਵਲਾਵੇਂ ਮਾਰ ਬੈਠਾ। ਪਰੰਤੂ ਸੰਤਾਂ ਦੀ ਬਿਰਤੀ ਵਿਚ ਜ਼ਰਾ ਵੀ ਫਰਕ ਨਾ ਪਿਆ।

ਚੌਂਕੜਾ ਮਾਰੀ ਬੈਠੇ ਰਹੇ। ਥੋਹੜੇ ਚਿਰ ਪਿਛੋਂ ਆਪੇ ਹੀ ਵਲ ਲਾਹਕੇ ਟੁਰਨ ਲੱਗਾ ਤਾਂ ਸੰਤਾਂ ਕਿਹਾ "ਬੱਸ ਸੱਜਣਾਂ ਏਨਾ ਹੀ ਕੰਮ ਸੀ ?"[10]

1901 ਈ. ਦਾ ਹੋਲਾ ਮੁਹੱਲਾ ਪੁਰਬ ਸੱਦੋਵਾਲ (ਲਾਇਲਪੁਰ) ਵਿਖੇ ਹੋਇਆ। ਹੋਲੇ ਦੀ ਸਮਾਪਤੀ ਤੋਂ ਬਾਅਦ ਗੁਰੂ ਹਰੀ ਸਿੰਘ ਜੀ ਲਾਇਲਪੁਰ ਗੁਜਰਾਂਵਾਲਾ ਹੁੰਦੇ ਦੜਪ ਦੇ ਇਲਾਕੇ ਵਿਚ ਕਿਆਮਪੁਰ ਜਾ ਦਰਸ਼ਨ ਦਿਤੇ। ਮਿਰਜ਼ੇ ਵਾਲੀ ਅਤੇ ਕਿਆਮਪੁਰ ਦੇ ਵਿਚਾਲੇ ਬਸੰਤਰ ਨਦੀ ਵਗਦੀ ਸੀ। ਇਹ ਉਹੋ ਨਦੀ ਹੈ ਜਿਸ ਵਿਚ ਖਲੋਕੇ ਬਾਬਾ ਜੀ ਬੰਦਗੀ ਕਰਿਆ ਕਰਦੇ ਸਨ। ਹੁਣ ਆਪ ਦੇ ਮਨ ਵਿਚ ਪਹਿਰੇ ਦੇ ਮਾਲਕ, ਗੁਰੂ ਹਰੀ ਸਿੰਘ ਜੀ ਦੇ ਦਰਸ਼ਨਾਂ ਦੀ ਖਿੱਚ ਜਾਗੀ। ਕਈ ਵੇਰ ਸਿਆਲ ਦੇ ਮੀਹਾਂ ਕਾਰਨ ਬਰਸਾਤੀ ਨਦੀਆਂ ਨਾਲੇ ਚੜ੍ਹ ਜਾਂਦੇ ਹਨ। ਬਾਬਾ ਜੀ ਵੀ ਜਦੋਂ ਨਦੀ ਕਿਨਾਰੇ ਪੁੱਜੇ ਤਾਂ ਇਹ ਪੂਰੀ ਚੜ੍ਹੀ ਹੋਈ ਸੀ। ਇਕ ਵੇਰ ਮਨ ਵਿਚ ਝਿਜਕ ਆਈ ਦੂਜੇ ਪਲ ਗੁਰੂ ਤੇ ਭਰੋਸਾ ਰੱਖਕੇ ਠਿੱਲ੍ਹ ਪਏ। ਜਾ ਕਿਆਮਪੁਰ ਪੁੱਜੇ। ਗੁਰੂ ਹਰੀ ਸਿੰਘ ਜੀ ਸਤਿਗੁਰੂ ਜੀ ਦੇ ਵੇਲੇ ਦੇ ਪੁਰਾਣੇ ਸਾਧੂਆਂ ਦਾ ਬੜਾ ਅਦਬ ਕਰਦੇ ਸਨ। ਪ੍ਰੇਮ ਨਾਲ ਪੁੱਛਣ ਲੱਗੇ—"ਬਾਬਾ ਜੀ ਕਦੋਂ ਪੁੱਜੇ ?" ਆਪ ਦਾ ਜੁਆਬ ਸੀ— "ਤੁਸੀਂ ਆਪ ਹੀ ਤੇ ਲਿਆਉਣ ਵਾਲੇ ਹੋ ਮੈਂ ਕੀ ਦੱਸਾਂ ?"

ਗਿਆਨੀ ਰਜਿੰਦਰ ਸਿੰਘ ਜੀ ਵਾਲੇ ਲੇਖ ਵਿਚ ਉਹਨਾਂ ਨੂੰ ਕੁਝ ਟਪਲੇ ਵੀ ਲੱਗੇ ਹਨ ਜਿਹਾ ਕਿ ਉਹ ਲਿਖਦੇ ਹਨ—"ਬਾਬਾ ਜਮੀਅਤ ਸਿੰਘ ਜੀ ਗਿੱਲਾਂ ਵਾਲੇ ਆਪ ਦੇ ਗੁਰ ਭਾਈ ਸਨ। ਆਪਨੇ ਇੱਕਠੇ ਉਹਨਾਂ ਨਾਲ ਅੰਮ੍ਰਿਤ ਛਕਿਆ ਸੀ।" ਗੁਰਭਾਈ ਤਾਂ ਬਾਬਾ ਗਿੱਲ ਜੀ ਦੇ ਸਤਿਗੁਰੂ ਰਾਮ ਸਿੰਘ ਜੀ ਸਨ। ਜਿਹਨਾਂ ਨਾਲ ਆਪਨੇ 1841 ਈ. ਵਿਚ ਗੁਰੂ ਬਾਲਕ ਸਿੰਘ ਜੀ ਤੋਂ ਹਜਰੋਂ ਸਾਹਿਬ ਵਿਖੇ ਨਾਮ ਦੀ ਦਾਤ ਪ੍ਰਾਪਤ ਕੀਤੀ ਸੀ। ਇਹ ਗੱਲ ਠੀਕ ਹੈ ਕਿ ਉਸ ਸਮੇਂ ਦੇ ਉੱਘੇ ਨਾਮਧਾਰੀ ਸਾਧੂਆਂ ਵਿਚ ਸੰਤ ਮਿਰਜ਼ੇਵਾਲੀ ਵੀ ਆਉਂਦੇ ਸਨ। ਇਸ ਲਈ ਦੋਵੇਂ ਰਾਮ ਵਿਓਗੀ ਗੁਰੂ ਪਿਆਰੇ ਇਕ ਦੂਜੇ ਦੇ ਗਲ਼ ਲੱਗ ਕੇ, ਸਮਰੱਥ ਕੰਤ ਦੀਆਂ ਕਥਾ ਕਹਾਣੀਆਂ ਕਰਿਆ ਕਰਦੇ ਸਨ। ਬਾਬਾ ਜੀ ਦੇ ਪਿੰਡ ਮਿਰਜ਼ੇਵਾਲੀ ਤੋਂ ਬਾਬਾ ਗਿੱਲ ਦਾ ਪਿੰਡ ਗਿੱਲ ਕੋਈ 16 ਕੋਹ ਮੁਤਾਬਿਕ 40 ਕੁ ਕਿਲੋਮੀਟਰ ਹੀ ਸੀ। ਇਹ ਪੈਂਡਾ ਦੋਹਾਂ ਪਿੰਡਾਂ ਦੇ ਵਿਚਾਲੇ ਦਾ ਦੋਹਾਂ ਬਾਬਿਆਂ ਨੇ 1897 ਈ. ਵਿਚ ਬਾਬੇ ਗਿੱਲ ਦੇ ਚਲਾਣੇ ਤੱਕ ਕਈ ਵੇਰ ਗਾਹਿਆ ਸੀ। ਗਿਆਨੀ ਜੀ ਜ਼ਿਕਰ ਕਰਦੇ ਹਨ ਕਿ ਬਾਬਾ ਗਿੱਲ, ਦੂਜੇ ਸਿੱਖਾਂ ਨੂੰ ਨਾਮਧਾਰੀ ਸੰਗਤ ਦੇ ਰਿਵਾਜ ਮੁਤਾਬਿਕ, ਚਰਨੀਂ ਹੱਥ ਨਹੀਂ ਲਾਉਣ ਦਿੰਦੇ ਸਨ। ਕਈ ਵੇਰ ਅਜਿਹਾ ਕਰਨ ਵਾਲਿਆਂ ਨੂੰ ਚੁਪੇੜ ਵੀ ਕੱਢ ਮਾਰਦੇ ਸਨ। ਮਿਰਜ਼ੇ ਵਾਲੀ ਤੋਂ ਗਿੱਲਾਂ ਤੱਕ ਦੀ ਇਕ ਲੰਮੀ ਯਾਤਰਾ ਸਮੇਂ ਸੰਤ ਮਿਰਜ਼ੇਵਾਲੀ ਨੇ ਆਪਣੇ ਕਠਿਨ ਪ੍ਰਣ ਦੁਆਰਾ, ਬਾਬਾ ਗਿੱਲ ਜੀ ਨੂੰ ਇਹ ਸੁਭਾਅ ਬਦਲਣ ਤੇ ਮਜ਼ਬੂਰ ਕਰ ਦਿਤਾ। ਹੁਣ ਉਹ ਸੰਗਤ ਦਾ ਇਹ ਅਭਿਵਾਦਨ ਸਵੀਕਾਰ ਕਰ ਲੈਂਦੇ ਸਨ।

ਸੰਤ ਜੀ ਦਾ ਲੜਕਾ ਇੱਕੋ ਸੀ। ਉਹ ਆਪਣੀ ਕਿਸਮ ਦਾ ਹੀ ਅਨੋਖਾ ਜੀਵ ਸੀ। ਹਾਲਾਂਕਿ ਉਹ ਵਿਆਹਿਆ ਤੇ ਬੱਚਿਆਂ ਵਾਲਾ ਸੀ। ਕੰਮ ਦੇ ਨੇੜੇ ਨਹੀਂ ਜਾਂਦਾ

ਸੀ। ਸੰਤ ਜੀ ਉਸ ਨੂੰ ਵੀ ਆਪ ਚੱਕੀ ਪੀਹ ਕੇ ਖੁਆਉਂਦੇ ਰਹੇ। ਜੇ ਕਿਸੇ ਨੇ ਤਰਕ ਕਰਨੀ ਕਿ ਇਸ ਤਰ੍ਹਾਂ ਕਿਉਂ ਕਰਦੇ ਹੋ, ਇਹਦਾ ਫਰਜ਼ ਨਹੀਂ ਕੰਮ ਕਰੇ ? ਸੰਤ ਜੀ ਬੜੇ ਪ੍ਰੇਮ ਨਾਲ ਪ੍ਰਸ਼ਨ ਕਰਤਾ ਨੂੰ ਆਪਣੇ ਢੰਗ ਨਾਲ ਇਹ ਕਹਿ ਕੇ ਸ਼ਾਂਤ ਕਰ ਦਿੰਦੇ ਸਨ "ਭਾਈ ਪਿਛਲੇ ਜਨਮ ਵਿਚ ਅਸੀ ਦੋਵੇਂ ਸਾਧ ਸਾਂ। ਮੈਂ ਇਸ ਤੋਂ ਇਕ ਰੁਪੈਆ ਵਰਤਣ ਲਈ ਲਿਆ ਸੀ ਜੋ ਮੋੜਿਆ ਨਹੀਂ ਸੀ ਗਿਆ। ਮੈਂ ਹੁਣ ਇਸ ਦਾ ਉਹ ਦੇਣਾ ਹੀ ਦੇ ਰਿਹਾ ਹਾਂ।"

ਭਜਨ ਬਾਣੀ ਅਤੇ ਕਿਰਤ ਵਿਰਤ ਵਿਚ ਹੀ ਆਪ ਦਾ ਸਾਰਾ ਸਮਾਂ ਬਤੀਤ ਹੁੰਦਾ। ਜਿਹਨਾਂ ਸਿੱਖਾਂ ਦੀ ਮੋਖ ਦੇਕੇ ਪਾਠ ਕਰਾਉਣ ਦੀ ਤੌਫੀਕ ਨਾ ਹੁੰਦੀ, ਉਹਨਾਂ ਪਾਸ ਉਚੇਚੇ ਜਾਕੇ ਪਾਠ ਕਰ ਆਉਂਦੇ। ਇਸ ਤਰ੍ਹਾਂ ਆਪ ਨੇ ਗੁਰਬਾਣੀ ਦੇ ਹਜ਼ਾਰਾਂ ਪਾਠ ਕੀਤੇ। ਬਹੁਤ ਜ਼ਿਆਦਾ ਬਾਣੀ ਕੰਠਾਗਰ ਸੀ। ਬਾਣੀ ਆਪ ਦੇ ਜੀਵਨ ਦਾ ਆਧਾਰ ਤਾਂ ਬਣੀ ਹੀ, ਦਰਸ਼ਨ ਅਭਿਲਾਖੀਆਂ ਨੂੰ ਗੁਰਬਾਣੀ ਦੀਆਂ ਤੁਕਾਂ ਸੁਣਾਕੇ, ਉਹਨਾਂ ਦੇ ਸੰਕਲਪਾਂ, ਵਿਕਲਪਾਂ ਦੀ ਨਵਿਰਤੀ ਕਰਿਆ ਕਰਦੇ ਸਨ। ਘਰ ਵਿਚ ਹਾੜ੍ਹ-ਸਿਆਲ, ਪਿਛਲੀ ਕੋਠੜੀ ਵਿਚ ਹੀ ਸਉਂਦੇ ਸਨ। ਵਿਰਕਤਤਾ ਇਤਨੀ ਸੀ ਕਿ ਜੇ ਕੋਠੜੀ ਵਿਚ ਭੂੰਡਾਂ ਨੇ ਖੱਖਰ ਲਾ ਲਈ, ਉਹ ਕਿਸੇ ਨੂੰ ਲਾਹੁਣ ਨਹੀਂ ਦਿਤੀ। ਜੇ ਕੋਈ ਸੱਪ ਰਾਤ ਜਾਂ ਦਿਨੇ ਠਾਹਰ ਸਮਝ ਕੇ ਆ ਗਿਆ, ਉਹਨੂੰ ਵਰਜਿਆ, ਹਟਕਿਆ ਵੀ ਨਹੀਂ, ਮਾਰਨਾ ਤੇ ਕੀ ਸੀ। ਨਾਮ ਦੇ ਰੰਗ ਵਿਚ ਰੰਗੇ ਹੋਏ ਘੋਨੇ ਵਾਹਲੇ, ਰਾਵੀ ਤੋਂ ਪਾਰ ਪਿੰਡ ਵਿਚ ਵਿਆਹੀ, ਆਪਣੀ ਇਕ ਛੋਟੀ ਭੈਣ ਪਾਸ, ਰਸਤੇ ਵਿਚ ਪੈਂਦੀ ਰਾਵੀ ਦੀਆਂ ਛੱਲਾਂ ਤੋਂ ਬੇਪਰਵਾਹ ਹੋਕੇ ਪੁੱਜ ਜਾਂਦੇ।

ਗਿਆਨੀ ਜੀ ਲਿਖਦੇ ਹਨ "ਜਦ ਆਪ ਸਾਡੇ ਪਾਸ ਜ਼ਿਲ੍ਹਾ ਲਾਇਲਪੁਰ ਚੱਕ 129 ਸਰੀਂਹਵਾਲ ਟਿਕੇ ਹੋਏ ਸਨ ਤਾਂ ਆਪ ਨੂੰ ਕਈ ਵਾਰ ਬੜੇ ਫ਼ਖਰ ਨਾਲ ਕਹਿੰਦੇ ਸੁਣਿਆ, "ਪ੍ਰੇਮੀਏਂ! (ਆਪ ਦੀ ਛੋਟੀ ਭੈਣ ਅਰ ਲੇਖਕ ਦੀ ਦਾਦੀ) ਮੇਰੀ ਇਸ ਬਾਂਹ ਨੂੰ (ਸੱਜੀ ਬਾਂਹ ਚੁੱਕਕੇ), ਸਤਿਗੁਰੂ ਰਾਮ ਸਿੰਘ ਜੀ ਨੇ ਫੜਿਆ ਸੀ, ਇਹ ਨਿਰੀ ਸੋਨਾ ਹੋਈ ਪਈ ਹੈ।"

"ਪਤਾ ਨਹੀਂ ਇਹਨਾਂ ਲਫਜ਼ਾਂ ਵਿਚ ਉਹਨਾਂ ਨੂੰ ਕੀ ਖੁਸ਼ੀ ਮਿਲਦੀ ਸੀ, ਉਨ੍ਹਾਂ ਦਿਨਾਂ ਵਿਚ ਸਾਡੇ ਘਰ ਦੇ ਸਾਰੇ ਜੀਅ ਦੋ ਵਜੇ ਉੱਠਕੇ ਇਸ਼ਨਾਨ ਕਰਦੇ ਅਰ ਫੇਰ ਕੱਚੀਆਂ ਪੱਕੀਆਂ ਦੇ ਹਿਸਾਬ ਮਾਲਾ ਫੇਰਨ ਲੱਗ ਜਾਂਦੇ। ਨਿਕੇ ਵੱਡੇ ਸਾਰੇ ਝੁੰਗਲਮਾਟੇ ਕਰਕੇ ਮਾਲਾ ਦੇ ਮਣਕੇ ਗਿਣ ਰਹੇ ਹੁੰਦੇ ਸਨ। ਵਿਚ ਵਿਚ ਆਪਣੀ ਭੈਣ ਨੂੰ ਪੁੱਛਦੇ ਪ੍ਰੇਮੀਏ! ਗਾਫਲ ਤਾਂ ਨਹੀਂ ਹੋ ਗਈ ?" ਜੇ ਉਹ ਉਂਘਲਾ ਜਾਂਦੀ ਤਾਂ ਕਹਿੰਦੇ, "ਨੀਂਦਰ ਨੂੰ ਸਰੀਰ ਵਿਚੋਂ ਕੱਢ ਦੇਹ, ਵੇਖ ਸਾਡੀ ਨੀਂਦਰ ਕਾਲੀ ਜਿਹੀ ਔਹ ਕਿਡੀ ਦੂਰ ਬੈਠੀ ਹੈ।" ਮੇਰੇ ਚਾਚਾ ਜੀ ਦੱਸਿਆ ਕਰਦੇ ਸਨ ਕਿ ਜਦ ਆਪ ਸਵੇਰੇ ਹਨੇਰੇ ਭਜਨ ਵਿੱਚ ਲਿਵਲੀਨ ਹੁੰਦੇ ਸਨ, ਆਪਦਾ ਸਰੀਰ ਅੱਗ ਵਿਚੋਂ ਨਿਕਲੇ ਹੋਏ ਸੋਨੇ ਵਾਂਗੂੰ ਡਲਕਾਂ ਮਾਰਦਾ ਹੁੰਦਾ ਸੀ।

"ਉਹਨਾਂ ਦਿਨਾਂ ਦੀ ਹੀ ਗੱਲ ਹੈ ਕਿ ਆਪ ਦੇ ਸਰੀਰ ਨੂੰ ਮਾਝਾ ਦੁੱਧ ਨਾ ਸੁਖਾਇਆ। ਸਾਡੇ ਪਾਸ ਇਕ ਡਾਚੀ ਸੂਈ ਹੋਈ ਸੀ। ਉਸ ਦਾ ਦੁੱਧ ਆਪਦੇ ਸਰੀਰ ਨਾਲ ਠੀਕ ਰਚ ਗਿਆ। ਅੱਗੇ ਡਾਚੀ ਫਿਰ ਤੁਰਕੇ ਚੁਗਦੀ ਸੀ। ਹੁਣ ਖਾਸ ਹਦਾਇਤਾਂ ਹੇਠ ਉਸਨੂੰ ਬੰਨ੍ਹਕੇ ਪੱਠੇ ਪਾਉਣੇ ਸ਼ੁਰੂ ਕੀਤੇ। ਇਕ ਦਿਨ ਅਚਾਨਕ ਉਹ ਖੁੱਲ ਗਈ ਤੇ ਗੁਆਂਢੀਆਂ ਦੀ ਪੈਲੀ ਜਾ ਪਈ। ਚਾਰ ਬੁਰਕੇ ਹੀ ਲਾਏ ਕਿ ਫੜਕੇ ਬੰਨ੍ਹ ਲਈ ਗਈ। ਫਿਰ ਵੀ ਅਗਲੇ ਦਿਨ ਆਪ ਨੇ ਚਾਰ ਪੰਜ ਵਜੇ ਸ਼ਕਾਇਤ ਕੀਤੀ ਕਿ ਮਲੂਮ ਹੁੰਦਾ ਹੈ, ਡਾਚੀ ਨੇ ਪਰਾਇਆ ਪੱਠਾ ਚੁਗਿਆ ਹੈ, ਅੱਜ ਸਾਡੀ ਬਿਰਤੀ ਭਜਨ ਵਿਚ ਨਹੀਂ ਟਿਕੀ। ਜੇਕਰ ਇਸਨੂੰ ਬੰਨ੍ਹਕੇ ਪੱਠੇ ਨਹੀਂ ਚਾਰ ਸਕਦੇ ਤਾਂ ਸਾਨੂੰ ਇਸ ਦਾ ਦੁੱਧ ਨਾ ਦਿਆ ਕਰੋ। ਇੱਥੋਂ ਤਕ ਤਬੀਅਤ ਸੂਖਮ ਹੋ ਚੁੱਕੀ ਸੀ। ਇੱਥੋਂ ਅਨੁਮਾਨ ਲਾ ਲਉ ਕਿ ਭਜਨੀਕ ਵਾਸਤੇ ਅਹਾਰ ਦਾ ਸੁੱਚਾ ਹੋਣਾ ਕਿੰਨਾ ਜ਼ਰੂਰੀ ਹੈ।"[11]

ਲਾਇਲਪੁਰੀ ਜੀ ਦੀ ਲਿਖਤ ਮੂਜਬ ਆਪ ਦਾ ਚਲਾਣੇ ਦਾ ਸਾਲ 1984 ਬਿਕਰਮੀ ਮੁਤਾਬਿਕ 1927 ਈ. ਬਣਦਾ ਹੈ। ਸਤਿਗੁਰੂ ਪਰਤਾਪ ਸਿੰਘ ਜੀ ਦੇ ਰੀਕਾਰਡ ਹੋਏ ਉਪਦੇਸ਼ ਮੁਤਾਬਿਕ 1922 ਈ. ਮਾਲੂਮ ਹੁੰਦਾ ਹੈ। ਸੰਤਾਂ ਨੇ ਅੱਸੀ ਸਾਲ ਦੇ ਕਰੀਬ ਉਮਰ ਭੋਗੀ, ਜਿਸ ਵਿਚੋਂ ਪੂਰੇ ਸੱਠ ਸਾਲ ਨਾਮਧਾਰੀ ਪੰਥ ਨੂੰ ਸਮਰਪਿਤ ਕੀਤੇ। ਉਹਨਾਂ ਦੀ ਦੇਹ ਬੰਦਗੀ ਕਰਦਿਆਂ ਭਜਨ ਦਾ ਹੀ ਰੂਪ ਹੋ ਗਈ ਸੀ। ਨਾਮਧਾਰੀ ਦੀਵਾਨਾਂ ਵਿਚ, ਸਤਿਗੁਰੂ ਜਗਜੀਤ ਸਿੰਘ ਜੀ ਦੇ ਪਰਵਚਨਾਂ ਵਿਚ ਵੀ ਆਪ ਜੀ ਦੀ ਮਹਿਮਾ ਸੁਣਨ ਨੂੰ ਮਿਲਦੀ ਹੈ। ਉਹਨਾਂ ਨੇ ਆਪਣੀਆਂ ਮਨ ਬਿਰਤੀਆਂ ਨੂੰ ਇਉਂ ਇਕਾਗਰ ਕਰ ਲਿਆ ਸੀ ਕਿ ਉਹਨਾਂ ਵਿਚ ਆਪਣੇ ਬੇਗਾਨੇ ਦਾ ਕੋਈ ਵਖਰੇਵਾਂ ਨਹੀਂ ਰਹਿ ਗਿਆ ਸੀ। ਬਹੁਤ ਵੱਡੇ ਭਜਨੀਕ ਆਤਮ ਤਿਆਗੀ ਸਾਧੂ ਹੁੰਦਿਆਂ, ਉਹ ਸ੍ਵੈ-ਪ੍ਰਗਟਾਵੇ ਦੇ ਮੋਹ ਤੋਂ ਵੀ ਬਚੇ ਰਹਿੰਦੇ ਸਨ। ਅੱਜ ਦੇ ਖੋਹਾ ਮੋਹੀ ਵਾਲੇ ਪੂੰਜੀ ਪਰਧਾਨ ਜੁੱਗ ਵਿਚ, ਅਜਿਹੇ ਭਲੇ ਪੁਰਖਾਂ ਦੀ ਗੱਲ ਛੇੜਨ ਲੱਗਿਆਂ, ਸਾਨੂੰ ਅੰਤਰ ਝਾਤ ਪਾਉਣ ਤੇ ਮਜ਼ਬੂਰ ਹੋਣਾ ਪੈਂਦਾ ਹੈ। ਸਤਿਗੁਰੂ ਰਾਮ ਸਿੰਘ ਜੀ ਦੀ ਮਹਾਨਤਾ ਅੱਗੇ ਵੀ ਸਿਰ ਝੁਕਦਾ ਹੈ ਕਿ ਆਪ ਦੀ ਟਕਸਾਲ ਵਿਚ ਕੈਸੇ ਕੈਸੇ ਕੀਮਤੀ ਸਿੱਕੇ ਘੜੇ ਗਏ ਸਨ। ਲਾਇਲਪੁਰੀ ਜੀ ਦੇ ਸ਼ਬਦਾਂ ਵਿਚ ਅੰਤਿਮ ਸਮੇਂ ਦਾ ਨਿਰੂਪਣ ਇਉਂ ਕੀਤਾ ਗਿਆ ਹੈ "ਚੜ੍ਹਾਈ ਕਰਨ ਤੋਂ ਇਕ ਦਿਨ ਪਹਿਲਾਂ ਸੰਤਾਂ ਨੇ ਸਾਧ ਸੰਗਤ ਨੂੰ ਅਰਦਾਸ ਘੱਲ ਕੇ ਸੱਦ ਲਿਆ। ਸੰਤ ਕਹਿਣ ਲੱਗੇ-"ਸਾਧ ਸੰਗਤ ਜੀ ਸਾਡੇ ਬਚਨ ਯਾਦ ਰੱਖਣੇ ਇਕ ਤਾਂ ਆਪਣੇ ਨੇਤਰਾਂ ਵਿਚੋਂ ਅੱਥਰੂ ਨਾ ਡਿੱਗਣ ਦੇਣੇ, ਕਿਉਂਕਿ ਅਸੀਂ ਆਪਣੇ ਘਰ ਚੱਲੇ ਹਾਂ, ਦੂਜਾ ਸਾਡੇ ਹੱਥੋਂ ਮਾਲਾ ਨਹੀਂ ਛੁਡਾਉਣੀ। ਮੇਰੀ ਦੇਹ ਤਾਂ ਛੁੱਟ ਜਾਵੇਗੀ ਪਰ ਅਰਕ ਤੱਕ ਸੱਜੀ ਬਾਂਹ ਵਿਚ ਜਾਨ ਰਹੇਗੀ ਤੇ ਰਸਨਾ ਚੱਲਦੀ ਹੋਵੇਗੀ। ਇਹ ਸਮਝ ਕੇ ਸਸਕਾਰ ਤੋਂ ਸੰਕੋਚ ਨਾ ਕਰਨਾ ਕਿ ਬਾਬਾ ਅਜੇ ਜਿਊਂਦਾ ਹੈ।"

"ਜਦ ਤਕ ਆਪਦਾ ਸਰੀਰ ਅਗਨੀ ਦੀ ਭੇਟਾ ਨਹੀਂ ਹੋਇਆ, ਉਂਨਾ ਚਿਰ ਆਪ ਦੀ ਰਸਨਾ ਚੱਲਦੀ ਰਹੀ ਤੇ ਮਾਲਾ ਫਿਰਦੀ ਰਹੀ।"[12]

ਸੰਤ ਜੀ ਨੇ ਸਤਿਗੁਰੂ ਵਿਓਗ ਨੂੰ ਅੰਮ੍ਰਿਤਾ ਪ੍ਰੀਤਮ ਦੇ ਇਹਨਾਂ ਸ਼ਬਦਾਂ ਜਿਉਂ ਹੰਡਾਇਆ ਸੀ

"ਜਿਹੜੇ ਮੂੰਹ ਤੋਂ ਰੌਣਕਾਂ ਰੁੱਸ ਗਈਆਂ,
ਹਾਲ ਵੇਖ ਜਾਵੀਂ ਉਹਨਾਂ ਵੇਹੜਿਆਂ ਦੇ।

ਹੱਸ ਕੰਡੇ ਵੀ ਉਹਨਾਂ ਦੇ ਚੁੱਗ ਲਈਏ,
ਹੱਥੀਂ ਆਪ ਲਾਈਏ ਫੁੱਲਾਂ ਜੇਹੜਿਆਂ ਦੇ।

ਅੱਖਾਂ ਭਰੀਆਂ ਨੇ ਨਾਲ ਗਲੇਡੂਆਂ ਦੇ,
ਹੋਂਠ ਭਰੇ ਨੇ ਨਾਲ ਸੁਨੇਹੜਿਆਂ ਦੇ।

ਸਾਰ ਜਾਣਦੇ ਨੇ ਏਹਨਾਂ ਅੱਖਰਾਂ ਦੀ,
ਸੱਜਣ ਵਿੱਛੜੇ ਸੱਜਣਾ ਜੇਹੜਿਆਂ ਦੇ।"

ਸਤਿਗੁਰੂ ਪਰਤਾਪ ਸਿੰਘ ਜੀ ਦੇ ਪਵਿੱਤਰ ਉਪਦੇਸ਼ ਵਿਚ, ਸੰਤ ਜੀ ਦੇ ਜ਼ਿਕਰ ਨਾਲ, ਜਿਸ ਵਿਚ ਉਹਨਾਂ ਵਿਓਗੀ ਰੂਪ ਚਿਤਰਿਆ ਹੈ,. ਭਜਨ ਦੀ ਮੂਰਤ, ਨੀਂਦਰ ਜਿੱਤ, ਰਸਾਂ- ਕਸਾਂ ਦੇ ਤਿਆਗੀ, ਸਮਬਿਰਤੀ ਵਾਲੇ, ਦੀਨ ਦੁਖੀਆਂ ਦੇ ਆਸਰੇ, ਸੰਤ ਜਵਾਹਰ ਸਿੰਘ ਜੀ ਦੀ ਗਾਥਾ ਸਮੇਟਦੇ ਹਾਂ।

"ਸੰਤ ਮਿਰਜ਼ੇ ਵਾਲੀਏ ਬਚਨ ਕਰਦੇ ਸੀ- ਪੰਜਾਹ ਸਾਲ ਦੇਹ ਉਹਨਾਂ ਦੀ ਰਹੀ। ਸਤਿਗੁਰਾਂ ਦੇ ਪਰਦੇਸ ਜਾਣ ਤੋਂ ਬਾਅਦਹਾਸਾ ਨਹੀਂ ਇਕ ਦਿਨ ਵੀ ਆਇਆ। ਮਹਾਰਾਜ ਨੇ ਬਾਣੀ 'ਚ ਇੱਕ ਜਗ੍ਹਾ ਲਿਖਿਐ

ਜਿਨਾ ਅੰਦਰਿ ਉਮਰਥਲ ਸੇਈ ਜਾਣਨਿ ਸੂਲੀਆ

(ਪੰਨਾ 311)

ਫੋੜਾ ਹੈ ਇਕ ਐਸਾ ਜਿਹੜਾ ਬਾਹਰ ਤੋਂ ਨਹੀਂ ਦਿਸਦਾਜਿਨਾ ਅੰਦਰਿ ਉਮਰ ਥਲ।"[13]

## ਹਵਾਲੇ ਤੇ ਟਿੱਪਣੀਆਂ


1. ਸਤਿਜੁਗ ਦਾ "ਸੰਤ ਅੰਕ" ਸ੍ਰੀ ਭੈਣੀ ਸਾਹਿਬ, 9 ਚੇਤਰ ਸੰਬਤ 1996, ਸਫਾ 137

2-3. ਉਹੀ, ਸਫਾ 132

4. ਉਹੀ, ਸਫ਼ਾ 137-38

5. ਉਹੀ, ਸਫ਼ਾ 138

6. ਉਹੀ, ਸਫ਼ਾ 133

7. ਉਹੀ, ਸਫ਼ਾ 138

8. ਉਹੀ, ਸਫ਼ਾ 134

9. Politics & Socitty During the Early Medieval period."ਮੁੱਢਲੇ ਮਧਕਾਲੀ ਸਮੇਂ ਸਮਾਜ ਤੇ ਸਿਆਸਤ, ਪ੍ਰੋ. ਮੁੰਹਮਦ ਹਬੀਬ, ਪੀਪਲਜ਼ ਪਬਲਿਸ਼ਿੰਗ ਹਾਊਸ ਨਵੀਂ ਦਿੱਲੀ 1974 ਸਫ਼ਾ 357
10. ਸੰਤ ਅੰਕ-1996 ਬਿ., ਸਫ਼ਾ 135
11. ਉਹੀ, ਸਫ਼ਾ 140
12. ਉਹੀ, ਸਫ਼ਾ 136
13. ਲਾਲ ਏਹਿ ਰਤਨ 4- ਸੰ. ਪ੍ਰਿੰਸੀਪਲ ਬੇਅੰਤ ਕੌਰ, ਸਫ਼ਾ 108-09

# ਜਿੰਦਾ-ਸ਼ਹੀਦ ਬਾਬਾ ਜਵੰਦ ਸਿੰਘ ਜੀ ਖਿਆਲਾ ਵਾਲੇ

"ਕਬਹੂੰ ਰਣ ਜੂਝਯੋ ਨਹੀ ਕਛੁ ਦੈ ਜਸੁ ਨਹੀ ਲੀਨ ।ਗਾਵ ਬਸਤਿ ਜਾਨ੍ਯੋ ਨਹੀ ਜਮ ਸੋ ਕਿਨ ਕਹਿ ਦੀਨ ।੨੨।੧੩। *ਬਚਿਤ੍ਰ ਨਾਟਕ*

ਬਚਿਤਰ ਨਾਟਕ ਦੇ ਦਸ਼ਮੇਸ਼ ਜੀ ਕ੍ਰਿਤ ਇਸ ਦੋਹਰੇ ਦਾ ਅਰਥ ਇਉਂ ਹੈ (ਜਿਹੜੇ) ਕਦੇ ਯੁੱਧ ਵਿਚ ਲੜੇ ਨਹੀਂ, ਅਤੇ ਕੁਝ ਦਾਨ ਕਰਕੇ ਵੀ ਜੱਸ ਨਹੀਂ ਖੱਟਿਆ, (ਉਨ੍ਹਾਂ ਨੂੰ) ਪਿੰਡ ਵੱਸਦਿਆਂ ਨੂੰ ਵੀ ਕੋਈ ਨਹੀਂ ਜਾਣਦਾ, (ਫਿਰ ਪਤਾ ਨਹੀਂ) ਯਮਰਾਜ ਨੂੰ (ਉਨ੍ਹਾਂ ਬਾਰੇ) ਕਿਸ ਨੇ ਕਹਿ ਦਿੱਤਾ ਹੈ। ਪੰਜਾਬੀ ਦਾ ਇਕ ਲੋਕ ਗੀਤ ਹੈ : "ਦਾਤਾ ਤੇ ਭਗਤ, ਸੂਰਮਾ, ਤਿੰਨੇ ਜੱਗ ਰਹਿੰਦੇ ਨੇ।" ਤਿੰਨਾਂ ਵਿਚੋਂ ਕੋਈ ਇਕ ਗੁਣ ਹੋਵੇ ਤਾਂ ਉਸ ਦੀ ਕੀਰਤੀ ਨੂੰ ਚਿਰ ਸਥਾਈ ਰੱਖਣ ਲਈ ਕਾਫੀ ਸਮਝਿਆ ਜਾਂਦਾ ਹੈ। ਪ੍ਰੰਤੂ ਸਤਿਗੁਰੂ ਰਾਮ ਸਿੰਘ ਜੀ ਦੁਆਰਾ ਵਿੱਢੇ, ਕੌਮੀ ਮੁਕਤੀ ਸੰਗਰਾਮ ਭਾਵ ਕੂਕਾ ਅੰਦੋਲਨ ਜਾਂ ਨਾਮਧਾਰੀ ਪੰਥ ਵਿਚ, ਆਪ ਦੇ ਝੰਡੇ ਹੇਠ, ਐਸੇ ਐਸੇ ਮਹਾਂਪੁਰਖ ਦੇਸ਼ ਕੌਮ ਦੇ ਪ੍ਰੇਮ ਅਤੇ ਮਨੁੱਖ ਮਾਤਰ ਦੇ ਭਲੇ ਲਈ ਆ ਜੁੜੇ ਸਨ, ਜਿਹਨਾਂ ਇਕ ਸੱਜਣ ਵਿਚ ਹੀ ਉਪਰ ਦੱਸੇ ਤਿੰਨਾਂ ਗੁਣਾਂ ਦਾ ਸੁਮੇਲ ਪਾਇਆ ਜਾਂਦਾ ਸੀ। ਕਿਸੇ ਵੀ ਅੰਦੋਲਨ ਦੀ ਪਰਖ, ਉਸ ਦੀਆਂ ਕਤਾਰਾਂ ਵਿਚ ਜੁੜਦੇ ਲੋਕਾਂ ਦੇ ਸੁਭਾਵਾਂ ਤੋਂ ਵੀ ਹੁੰਦੀ ਹੈ। ਸਤਿਗੁਰੂ ਰਾਮ ਸਿੰਘ ਇਕ ਐਸੇ ਸੰਗਠਨ ਕਰਤਾ ਸਿੱਧ ਹੋਏ ਕਿ ਉਹਨਾਂ ਨੇ ਜਿਸ ਜਿਸ ਨੂੰ ਵੀ ਆਪਣੇ ਮੋਰਚੇ ਤੇ ਖੜ੍ਹੇ ਹੋਣ ਦਾ ਮਾਣ ਬਖਸ਼ਿਆ, ਉਹ ਲੋਕ ਜੀਵਨ ਦਾ ਅਸਲ ਲਾਹਾ ਲੈਣ ਲਈ, ਆਪ ਦੁਆਰਾ ਦੱਸੇ ਸਤਿ ਮਾਰਗ ਦੇ ਪਾਂਧੀ ਬਣ ਕੇ ਫ਼ਖ਼ਰ ਮਹਿਸੂਸ ਕਰਦੇ ਸਨ। ਇਸ ਸਮੇਂ ਬੇਸ਼ਕ ਕੂਕਾ ਅੰਦੋਲਨ ਪੰਜਾਬ ਦੇ ਸਾਰੇ ਹੀ ਖਿੱਤਿਆਂ ਵਿਚ ਫੈਲ ਚੁੱਕਾ ਸੀ ਪਰ ਕੇਂਦਰੀ ਪੰਜਾਬ, ਮਾਲਵਾ, ਦੁਆਬਾ, ਦੜਪ ਅਤੇ ਬਾਰ ਦਾ ਖਿੱਤਾ, ਇਸ ਦੇ ਪੂਰੇ ਅਸਰ ਹੇਠ ਸੀ। ਗੁਰੂ ਨਗਰੀ, ਸ੍ਰੀ ਅੰਮ੍ਰਿਤਸਰ ਦਾ ਜ਼ਿਲ੍ਹਾ ਵੀ ਕੂਕੇ ਸੰਗਰਾਮੀਆਂ ਦੀਆਂ ਵੱਡੀਆਂ ਕਰਨੀਆਂ ਦੀ ਗਾਥਾ, ਆਪਣੀ ਹਿੱਕ ਵਿਚ ਸਮੋਈ ਬੈਠਾ ਹੈ। ੧੮੮੧ ਦੀ ਸਰਕਾਰੀ ਰੀਪੋਰਟ ਵਿਚ ਲੋਪੋਕੇ ਥਾਣੇ ਦਾ ਪਿੰਡ ਖਿਆਲਾ ਕਲਾਂ ਵੀ ਨਾਮਧਾਰੀਆਂ ਦੀ ਵੱਸੋਂ ਵਾਲਾ ਪਿੰਡ ਸੀ। ਇਸ ਪਿੰਡ ਵਿਚ ਜਨਮ ਲੈ ਕੇ, ਆਪਣੇ ਜੀਵਨ ਨੂੰ ਸਤਿਗੁਰੂ ਰਾਮ ਸਿੰਘ ਜੀ ਦੇ ਆਦਰਸ਼ਾਂ ਮੁਤਾਬਿਕ ਬਿਤਾਉਣ ਵਾਲੇ ਹਠੀ, ਜਪੀ, ਤਪੀ, ਦਾਨੀ ਅਤੇ ਆਪਣੇ ਮਿਸ਼ਨ ਲਈ ਸਿਰ ਦੀ ਬਾਜੀ ਹਮੇਸ਼ਾਂ ਲਾਉਣ ਲਈ ਤਿਆਰ ਰਹਿਣ ਵਾਲੇ ਸਨ, ਸੰਤ ਬਾਬਾ ਜਵੰਦ ਸਿੰਘ ਜੀ "ਜ਼ਿੰਦਾ ਸ਼ਹੀਦ"। ਸਮੁੱਚੇ ਨਾਮਧਾਰੀ ਪੰਥ ਦੇ ਇਤਿਹਾਸ ਵਿਚ, ਜੂਝਣ ਵਾਲੇ ਸਿਰਲੱਥਾਂ ਦੀ ਬੇਸ਼ਕ ਕਦੇ ਵੀ ਕਮੀ ਨਹੀਂ ਰਹੀ, ਪ੍ਰੰਤੂ "ਜ਼ਿੰਦਾ ਸ਼ਹੀਦ" ਦੇ ਖਿਤਾਬ ਨਾਲ ਸਿਰਫ ਆਪ ਨੂੰ ਹੀ ਨਿਵਾਜਿਆ ਗਿਆ ਹੈ।

ਸਤਿਜੁਗ ਦੇ ਸੰਤ ਅੰਕ (੯ ਚੇਤਰ ਸੰਬਤ ੧੯੯੬) ਵਿਚ, ਆਪ ਦੇ ਜੀਵਨ

ਬਾਰੇ ਸੰਖੇਪ ਜਾਣਕਾਰੀ, ਸੰਤ ਊਧਮ ਸਿੰਘ 'ਵਿਦਿਆਰਥੀ' ਦੀ ਦਰਜ ਕੀਤੀ ਹੋਈ ਹੈ। ਇਹ ਸ੍ਰੀਮਾਨ, ਨਾਮਧਾਰੀ ਵਿਦਿਆਲਾ ਸ੍ਰੀ ਭੈਣੀ ਸਾਹਿਬ (੧੯੨੮-੨੯ ਤੋਂ ੧੯੪੦-੪੧) ਦੇ ਵਿਦਿਆਰਥੀ ਹੋ ਸੱਕਦੇ ਹਨ ਕਿਉਂਕਿ ਸਤਿਜੁਗ ਦੇ ਉਸ ਦੌਰ ਵਿਚ ਲੇਖ ਕਵਿਤਾਵਾਂ ਆਪ ਦੀਆਂ ਰਚਿਤ ਮਿਲਦੀਆਂ ਹਨ। ਪਰ ਜਿਹਾ ਕਿ ਉਹ ਸਮਾਂ ਵਿਗਿਆਨਕ ਢੰਗ ਨਾਲ ਇਤਿਹਾਸ ਲੇਖਣ ਦੇ ਅਭਾਵ ਵਾਲਾ ਸੀ, ਇਸ ਲਈ ਜਨਮ ਸੰਨ, ਮ੍ਰਿਤੂ ਆਦਿ ਬਾਰੇ ਠੋਸ ਜਾਣਕਾਰੀ ਨਹੀਂ ਮਿਲਦੀ। ਹਾਲਾਂਕਿ ਜੇ ਸਾਡੇ ਲੇਖਕ ਉਸ ਸਮੇਂ ਥੋਹੜੀ ਜਹੀ ਵੀ ਹਿੰਮਤ ਜੁਟਾਉਂਦੇ ਤਾਂ ਇਹਨਾਂ ਸਬੰਧਿਤ ਮਹਾਂਪੁਰਖਾਂ ਨਾਲ ਜੁੜੀ ਹੋਈ ਸਿੱਕੇ ਬੰਦ ਜਾਣਕਾਰੀ ਮਿਲ ਸੱਕਦੀ ਸੀ। ਦੂਜਾ ਇਸ ਅੰਕ ਵਿਚ ਹਿੰਦਸਿਆਂ ਦੀਆਂ ਪਰੂਫ ਦੀਆਂ ਗ਼ਲਤੀਆਂ ਬਹੁਤ ਹਨ। ਫਿਰ ਵੀ ਹੋਰ ਇਤਿਹਾਸਕ ਵਾਕਿਆਤਾਂ ਨਾਲ ਤੁਲਨਾ ਕਰ ਕੇ, ਕੁਝ ਕੁ ਸਮੇਂ ਸਥਾਨ ਦੀ ਸੋਧ ਕਰਨ ਜੋਗ, ਹੋ ਜਾਈਦਾ ਹੈ। ਕੁਝ ਉਸ ਸਮੇਂ ਦੀ ਲਿਖਣ ਸ਼ੈਲੀ, ਜਨਮ ਸਾਖੀ ਸ਼ੈਲੀ ਤੋਂ ਪ੍ਰਭਾਵਿਤ ਹੋਣ ਕਾਰਨ, ਵਰਣਨ ਵਿਚ ਕਉਤਕਾਂ ਅਤੇ ਪਰਾਸਰੀਰਕ ਅੰਸ਼ਾਂ ਵਾਲੀਆਂ, ਕਥਾ ਕਹਾਣੀਆਂ ਦੀ ਭਰਮਾਰ ਹੁੰਦੀ ਹੈ। ਫਿਰ ਵੀ ਜੇ ਉਸ ਸਮੇਂ ੧੯੩੯-੪੧ ਈ. ਵਿਚ ਸਤਿਜੁਗ ਸਪਤਾਹਿਕ ਦੇ ਤਦੋਕੇ ਪਰਬੰਧਕ, ਸਤਿਗੁਰੂ ਪਰਤਾਪ ਸਿੰਘ ਜੀ ਦਾ ਹੁਕਮ ਮੰਨ ਕੇ, ਸਤਿਜੁਗ ਦੇ ਇਹਨਾਂ ਦੋ ਵਿਸ਼ੇਸ਼, ਸੰਤ ਅੰਕਾਂ ਦਾ ਪਰਕਾਸ਼ਨ ਨਾ ਕਰਦੇ ਤਾਂ ਅਸੀਂ ਆਪਣੇ ਪੰਥ ਦੇ ਹੋ ਗੁਜਰੇ ਮਹਾਂਪੁਰਖਾਂ ਬਾਰੇ, ਅੱਕੀਂ ਪਲਾਹੀਂ ਹੱਥ ਮਾਰਨ ਤੋਂ ਬਿਨਾਂ ਕੀ ਕਰ ਲੈਣਾ ਸੀ। ਬਾਹੋਵਾਲ ਜੀ ਦਾ ਟਕਸਾਲੀ ਵਰਣਨ ਬੇਸ਼ਕ ਅਨੇਕ ਗੁਰੂ ਪਿਆਰਿਆਂ ਬਾਰੇ ਜਾਣਕਾਰੀ ਪਰਦਾਨ ਕਰਦਾ ਹੈ। ਫਿਰ ਵੀ ਅਸੀਂ ਸੰਤ ਅੰਕ ਦੇ ਪਹਿਲੇ ਭਾਗ ਦੇ ਉਪਰ ਵਰਣਿਤ ਲੇਖਕ, ਭਾਈ ਸੰਤੋਖ ਸਿੰਘ ਬਾਹੋਵਾਲ ਦੇ ਮਹਾਨ ਗਰੰਥ ਦੇ ਦੂਜੇ ਭਾਗ, ਸੰਤ ਤਰਨ ਸਿੰਘ ਵਹਿਮੀ ਕ੍ਰਿਤ "ਜੱਸ ਜੀਵਨ" ਦੇ ਪਹਿਲੇ ਦੋ ਭਾਗਾਂ ਅਤੇ ਲੇਖਕ ਦੇ ਪਿਤਾ ਜਥੇਦਾਰ ਗੁਰਮੁਖ ਸਿੰਘ ਝੱਬਰ ਦੀਆਂ ਯਾਦਾਂ ਤੇ ਆਧਾਰਿਤ "ਜ਼ਿੰਦਾ ਸ਼ਹੀਦ" ਬਾਬਾ ਜਵੰਦ ਸਿੰਘ ਹੋਰਾਂ ਬਾਰੇ, ਕੁਝ ਲਿਖਣ ਦਾ ਉਪਰਾਲਾ ਕਰ ਰਹੇ ਹਾਂ।

ਸਤਿਗੁਰੂ ਰਾਮ ਸਿੰਘ ਜੀ ੧੯੬੭ ਈ. ਇਸ ਤੋਂ ਪਹਿਲਾਂ ਅਤੇ ਇਸ ਤੋਂ ਬਾਅਦ ਵੀ ਅੰਮ੍ਰਿਤਸਰ ਦੀਪਮਾਲਾ ਦੇ ਮੇਲੇ ਸਮੇਂ ਗੁਰਧਾਮਾਂ ਦੇ ਦਰਸ਼ਨ ਦੀਦਾਰਿਆਂ ਲਈ ਪੁੱਜਦੇ ਰਹੇ ਸਨ। ਇਹੋ ਜਿਹੀ ਕਿਸੇ ਦੀਵਾਲੀ ਦੇ ਸਮੇਂ ਹੀ, ਸੰਗਤਾਂ ਦੇ ਵਿਸ਼ਾਲ ਇਕੱਠ ਵਿਚ ਜਿੱਥੇ ਸਤਿਗੁਰੂ ਜੀ ਸੂਬਿਆਂ ਅਤੇ ਮੁਖੀ ਸਿੰਘਾਂ ਵਿਚ ਘਿਰੇ ਹੋਏ, ਆਪਣੇ ਆਸਣ ਤੇ ਬਿਰਾਜਮਾਨ ਸਨ, ਰਾਗੀ ਸਿੰਘ ਸ਼ਬਦ ਪੜ੍ਹ ਰਹੇ ਸਨ :

"ਸਤਿਗੁਰ ਮੂਰਤਿ ਕਉ ਬਲਿ ਜਾਉ ॥" (ਰਾਗ ਸਾਰੰਗ ਮ. ੫-੧੨੦੨)

ਬਾਬਾ ਜਵੰਦ ਸਿੰਘ, ਜੋ ਉਦੋਂ ੨੨-੨੩ ਸਾਲ ਦੀ ਯੁਵਾ ਅਵਸਥਾ ਵਿਚ ਸਨ, ਆਪਣੇ ਪਿਤਾ ਠਾਕਰ ਸਿੰਘ ਹੋਰਾਂ ਨਾਲ ਪੁੱਜੇ ਹੋਏ ਸਨ। ਆਪ ਨੇ ਸਤਿਗੁਰੂ ਜੀ ਦੇ ਚਰਨਾਂ ਤੇ ਸੀਸ ਝੁਕਾਇਆ ਅਤੇ ਨਾਮ ਦਾਨ ਲੈਣ ਦੀ ਬੇਨਤੀ ਕੀਤੀ। ਜੋ ਤੱਤਕਾਲ ਪੂਰੀ ਹੋਈ। ਜਿਵੇਂ ਕਿ ਸਤਿਗੁਰੂ ਜੀ ਤੋਂ ਭਜਨ ਪੁੱਛਣ ਵਾਲਿਆਂ ਅਨੇਕਾਂ ਹੋਰਨਾਂ

ਨਾਲ ਵੀ ਵਾਪਰਦਾ ਸੀ, ਆਪ ਵਿਸਮਾਦੀ ਅਵਸਥਾ ਵਿਚ ਆ ਗਏ। ਗੁਰੂ ਹੁਕਮ ਮੁਤਾਬਿਕ ਨਾਮ ਬਾਣੀ ਵਿਚ ਜੁੱਟ ਗਏ। ਕਥਾ ਕੀਰਤਨ ਵਿਚ ਵਿਸ਼ੇਸ਼ ਪ੍ਰੀਤੀ ਲੱਗ ਗਈ। ਸਤਿਗੁਰੂ ਰਾਮ ਸਿੰਘ ਜੀ ਦੇ ਧਾਰਮਿਕ, ਸਮਾਜੀ ਅਤੇ ਸਿਆਸੀ ਮਿਸ਼ਨ ਨਾਲ, ਆਪਣੀ ਪੂਰੀ ਇਕ ਜੁੱਟਤਾ ਪਰਗਟ ਕਰਨ ਵਾਲੇ ਸੰਤ ਸਿਪਾਹੀ ਬਣ ਗਏ। ਆਪ ਦਾ ਅਨੰਦ ਕਾਰਜ ਵੀ ਕਰ ਦਿੱਤਾ ਗਿਆ। ਜਿਸ ਵਿਚੋਂ ਇਕ ਲੜਕੀ ਦੇ ਜਨਮ ਲੈਣ ਦਾ ਹੀ ਸਮਾਚਾਰ ਮਿਲਦਾ ਹੈ।[1] ਇਸ ਤੋਂ ਛੇਤੀ ਬਾਅਦ ਵੱਖ ਵੱਖ ਥਾਵਾਂ ਤੇ ਸ਼ਹੀਦੀ ਸਾਕੇ ਵਾਪਰ ਗਏ ਅਤੇ ਸਤਿਗੁਰੂ ਜੀ ਅਤੇ ਪਰਮੁੱਖ ਸੂਬਿਆਂ ਨੂੰ ਜਲਾਵਤਨ ਕਰ ਕੇ ਦੇਸ਼ ਬਦਰ ਕਰ ਦਿੱਤਾ। ਸਾਰਾ ਨਾਮਧਾਰੀ ਪੰਥ ਸਰਕਾਰ ਵਿਰੋਧੀ ਗਰਦਾਨ ਕੇ, ਪੰਜ ਜਾਂ ਇਸ ਤੋਂ ਵੱਧ ਕੂਕਿਆਂ ਦੇ ਇਕੱਠ ਨੂੰ ਗੈਰ ਕਾਨੂੰਨੀ ਮੰਨ ਕੇ, ਸਰਕਾਰੀ ਦਮਨ ਨਾਲ ਖਿੰਡਾ ਦਿੱਤਾ ਜਾਂਦਾ। ਜਿੱਥੇ ਸਤਿਗੁਰੂ ਰਾਮ ਸਿੰਘ ਜੀ ਦੇ ਵਾਰੇ ਪਹਿਰੇ ਵਿਚ, ਨਾਮਧਾਰੀਆਂ ਦੀ ਗਿਣਤੀ ਲੱਖਾਂ ਵਿਚ ਹੋ ਗਈ ਸੀ। ਸਰਕਾਰੀ ਪਾਬੰਦੀਆਂ, ਰੋਕਾਂ ਅਤੇ ਸਖਤੀਆਂ ਕਾਰਨ, ਹੁਣ ਇਹ ਗਿਣਤੀ ਤੇਜ਼ੀ ਨਾਲ ਘੱਟਣ ਵੀ ਲੱਗੀ। ਫਿਰ ਸਤਿਗੁਰੂ ਰਾਮ ਸਿੰਘ ਜੀ ਦੇ ਉੱਤਰਾਧਿਕਾਰੀ, ਗੁਰੂ ਹਰੀ ਸਿੰਘ ਜੀ ਨੂੰ ਤਕਰੀਬਨ ਵੀਹ ਸਾਲ ਤੱਕ ਮਾਝੇ ਜਾਂ ਪੱਛਮੀ ਪੰਜਾਬ ਵਿਚ, ਜਾਣ ਦੀ ਸਰਕਾਰ ਨੇ ਆਗਿਆ ਨਾ ਦਿੱਤੀ। ਇਸ ਲਈ ਇਹ ਸਮਾਂ ਨਾਮਧਾਰੀ ਸਾਧੂਆਂ, ਸੰਤਾਂ, ਮਹੰਤਾਂ ਅਤੇ ਬਾਬਿਆਂ ਨੇ, ਆਪੋ ਆਪਣੇ ਡੇਰੇ ਚਲਾ ਕੇ ਜਾਂ ਫਿਰ ਆਲੇ ਦੁਆਲੇ ਦੇ ਪਿੰਡਾਂ ਵਿਚ, ਨਾਮਧਾਰੀ ਪੰਥ ਦਾ ਪਰਚਾਰ ਕਰ ਕੇ, ਇਸ ਲਹਿਰ ਨੂੰ ਜੀਵਤ ਰੱਖਿਆ। ਇਸ ਸਮੇਂ ਆਪਣੇ ਪਿੰਡ ਖਿਆਲਾ ਕਲਾਂ ਵਿਚ ਰਹਿਣ ਵਾਲੇ, ਸੰਤ ਜਵੰਦ ਸਿੰਘ ਜੀ ਨੇ, ਸਤਿਗੁਰੂ ਰਾਮ ਸਿੰਘ ਜੀ ਦੀ ਸਿੱਖੀ ਅਤੇ ਮਹਾਨ ਕੂਕਾ ਅੰਦੋਲਨ ਦਾ, ਆਪਣੇ ਢੰਗ ਨਾਲ ਪਰਚਾਰ ਜਾਰੀ ਰੱਖਿਆ। ਸੰਨ ੧੯੯੨ ਈ. ਵਿਚ ਅੰਮ੍ਰਿਤਸਰ ਸਾਹਿਬ ਵਿਖੇ ਵੈਸਾਖੀ ਤੋਂ ਕੁਝ ਦਿਨ ਬਾਅਦ, ਗੁਰੂ ਹਰੀ ਸਿੰਘ ਜੀ ਸਰਕਾਰੀ ਮਨਜ਼ੂਰੀ ਲੈ ਕੇ, ਪਹਿਲੀ ਵੇਰ ਮਾਝੇ ਦੀਆਂ ਸੰਗਤਾਂ ਨੂੰ ਦਰਸ਼ਨ ਦਿੱਤਾ ਅਤੇ ਗੁਰਧਾਮਾਂ ਦੀ ਯਾਤਰਾ ਵੀ ਕੀਤੀ। ਇਕ ਦੀਵਾਨ ਸਮੇਂ ਬਾਬਾ ਜਵੰਦ ਸਿੰਘ ਦੇ ਮਨ ਵਿਚ ਇਹ ਫੁਰਨਾ ਆ ਗਿਆ ਕਿ ਗੁਰੂ ਹਰੀ ਸਿੰਘ ਉਸ ਸਿੱਖ ਵੱਲ ਜ਼ਿਆਦਾ ਧਿਆਨ ਦਿੰਦੇ ਹਨ, ਜਿਹੜਾ ਬਹੁਤੀ ਮਾਇਆ ਭੇਟ ਕਰਦਾ ਹੈ। ਇਹ ਸੋਚ ਕੇ ਬਾਜ਼ਾਰ ਨੂੰ ਆ ਗਏ। ਇਕ ਸ਼ਾਹੂਕਾਰ ਮਾਇਆ ਕੱਢ ਕੇ ਥੈਲੀ ਵਿਚੋਂ ਗਿਣ ਰਿਹਾ ਸੀ। ਬਾਬਾ ਜੀ ਨੇ ਸੋਚਿਆ ਕਿ ਥੈਲੀ ਚੁੱਕ ਲਈਏ ਅਤੇ ਜਾ ਮੱਥਾ ਟੇਕੀਏ। ਪਰ ਉਧਰ ਇਹ ਫੁਰਨਾ ਹੋਇਆ ਤੇ ਇਧਰ ਆਪ ਦੀ ਲੱਤ, ਥਾਂਏ ਖਲੋਤਿਆਂ ਹੀ ਸੁੱਜ ਕੇ ਪੱਥਰ ਹੋ ਗਈ। ਫਿਰ ਅੰਦਰੋਂ ਬੇਨਤੀ ਕੀਤੀ ਕਿ ਮੈਂ ਤਾਂ ਭੁੱਲ ਕਰਨ ਲੱਗਾ ਸਾਂ, ਹੁਣ ਕਿਰਪਾ ਕਰੋ। ਅਰਦਾਸ ਪਰਵਾਨ ਹੋਈ, ਆਪ ਦੀਵਾਨ ਵਿਚ ਪੁੱਜੇ। "ਅੱਗਿਉਂ ਅੰਤਰ ਦੀ ਲਖ ਕੇ ਚੋਜੀ ਪ੍ਰੀਤਮ ਨੇ ਆਪਣੇ ਮੁਖਾਰਬਿੰਦ ਵਿਚੋਂ ਉਚਾਰਣ ਕੀਤਾ, "ਜਵੰਦ ਸਿੰਘਾ! ਏਥੇ ਕੋਈ ਮਾਇਆ ਦੀ ਕਮੀ ਤਾਂ ਨਹੀਂ ? ਸਤਿਗੁਰੂ ਰਾਮ ਸਿੰਘ ਦਾ ਤਾਂ ਅਤੁੱਟ ਖਜਾਨਾ ਹੈ।" ਬਾਬਾ ਜੀ ਦੀ ਸ਼ੰਕਾ ਨਵਿਰਤ ਹੋ ਗਈ। "ਕੁਛ ਸਮੇਂ ਬਾਦ ਆਪ ਨੂੰ ੪੦

ਚੱਕ, ਮਿੰਟਗੁਮਰੀ (ਹੁਣ ਪਾਕਿਸਤਾਨ) ਵਿਖੇ ਬਹੁਤ ਸਾਰੀ ਜ਼ਮੀਨ ਦਾ ਖਾਤਾ ਮਿਲ ਗਿਆ। ਓਥੇ ਹੀ ਆਪ ਨੇ ਵਾਹੀ ਦਾ ਕੰਮ ਪ੍ਰਾਰੰਭ ਕਰ ਦਿੱਤਾ ਅਤੇ ਆਸ ਪਾਸ ਦੇ ਅਨੇਕਾਂ ਹੋਰ ਅਨਮਤੀ ਪੁਰਸ਼ਾਂ ਨੂੰ ਰਹਿਰਾਸਤੀ ਤੇ ਲਿਆਂਦਾ। ਆਪ ਜੀ ਦਾ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਅਦੁੱਤੀ ਸੀ। ਕੁਝ ਸਮੇਂ ਬਾਦ ਆਪਦੀ ਸਿੰਘਣੀ ਚੜ੍ਹਾਈ ਕਰ ਗਈ। ਆਪ ਦੀ ਪੁੱਤਰੀ ਦਾ ਪਹਿਲੋਂ ਹੀ ਵਿਆਹ ਹੋ ਚੁੱਕਾ ਸੀ, ਜਿਸ ਕਰਕੇ ਆਪ ਆਸ ਪਾਸ ਦੇ ਇਲਾਕਿਆਂ ਵਿਚ ਵਿਚਰਨ ਲੱਗੇ ਅਤੇ ਗੁਰਮਤ ਤੋਂ ਭੁੱਲਿਆ ਭਟਕਿਆਂ ਨੂੰ ਸੁਮਾਰਗ ਵੱਲ ਲਾਉਣੇ ਲੱਗੇ। ਆਪ ਜੀ ਦੇ ਉਪਦੇਸ਼ ਵਿਚ ਏਨੀ ਖਿਚ ਸੀ ਕਿ ਜੋ ਉਪਦੇਸ਼ ਲੈਂਦਾ ਨਾਲ ਹੀ ਉੱਠ ਤੁਰਦਾ। ਇਸ ਵਾਸਤੇ ਆਪ ਦੀ ਸੇਵਾ ਵਿਚ ਬਹੁਤ ਸਾਰੇ ਸਿੰਘ, ਹਮੇਸ਼ਾਂ ਹਾਜ਼ਰ ਰਹਿੰਦੇ। ਆਪ ਦੇਗ਼ ਤੇਗ਼ ਦੇ ਧਨੀ ਅਤੇ ਖਾਸ ਕਰ ਗਰੀਬਾਂ ਦੇ ਸਹਾਇਕ ਸਨ। ਜਦੋਂ ਭੀ ਆਪ ਕਿਸੇ ਨੂੰ ਦੂਖੀ ਵੇਖਦੇ, ਓਸਦਾ ਦੁਖ ਨਵਿਰਤ ਕਰਨ ਦਾ ਪੂਰਾ ਪੂਰਾ ਯਤਨ ਕਰਦੇ।"[2]

ਅੰਗਰੇਜ਼ੀ ਰਾਜ ਸਮੇਂ, ਜਦੋਂ ਕਦੇ ਮੌਨਸੂਨ ਫ਼ਿਹਲ ਹੋ ਜਾਂਦੀ ਸੀ, ਅਕਸਰ ਕਾਲ ਪੈ ਜਾਂਦਾ ਸੀ। ਪਲੇਗ ਅਤੇ ਕਾਲ ਨਾਲ ਕਰੋੜਾਂ ਦੀ ਗਿਣਤੀ ਵਿਚ ਹੋਣ ਵਾਲੀਆਂ ਅਨੇਕਾਂ ਭਾਰਤੀਆਂ ਦੀ ਮੌਤਾਂ ਨੂੰ ਵੀ 'ਅੰਗਰੇਜ਼ ਰਾਜ ਦੀਆਂ ਬਰਕਤਾਂ' ਵਿਚ ਗਿਣਿਆ ਜਾ ਸੱਕਦਾ ਹੈ। ਸੰਨ ੧੮੯੯ ਈ. ਜਾਂ ੧੯੫੬ ਬਿਕਰਮੀ ਦਾ ਕਾਲ ਵੀ ਅਸਾਧਾਰਨ ਸੀ। ਬੇਸ਼ਕ ਇਸ ਸਮੇਂ ਤੱਕ ਇਹ ਮਿੰਟਗੁਮਰੀ ਵਾਲੀ "ਨੀਲੀ ਦੀ ਬਾਰ" ਆਬਾਦ ਹੋ ਚੁੱਕੀ ਸੀ ਪ੍ਰੰਤੂ ਅਜੇ ਨਹਿਰਾਂ ਖਾਲਾਂ ਦਾ ਕੰਮ ਨਵਾਂ ਨਵਾਂ ਬਣਿਆ ਹੋਣ ਕਾਰਨ, ਪੂਰੀ ਆਬਪਾਸ਼ੀ ਨਹੀਂ ਸੀ ਹੁੰਦੀ। ਮੀਂਹ ਘੱਟ ਪੈਣ ਤੇ ਦਰਿਆਵਾਂ ਦਾ ਪਾਣੀ ਵੀ ਘੱਟ ਜਾਂਦਾ ਸੀ, ਸੋ ਕਾਲ ਪੈ ਗਿਆ। ਜਿਥੇ ਸੰਤ ਜੀ ਰਹਿੰਦੇ ਸਨ, ਉਹ ਪਿੰਡ ੪੦ ਚੱਕ ਵੀ ਪ੍ਰਭਾਵਿਤ ਹੋਇਆ। ਕਾਲ ਦੇ ਦੋ ਕਾਰਨ ਹੁੰਦੇ ਹਨ ਕੁਦਰਤੀ ਅਤੇ ਗ਼ੈਰ ਕੁਦਰਤੀ। ਗ਼ੈਰ ਕੁਦਰਤੀ ਕਾਰਨਾਂ ਵਿਚ ਸਟੋਰੀਏ, ਚੋਰ ਬਾਜ਼ਾਰੀਏ, ਜ਼ਖੀਰੇਬਾਜ਼ ਹੁੰਦੇ ਹਨ ਜੋ ਦਾਣੇ ਆਪਣੇ ਗੁਦਾਮਾਂ ਵਿਚ ਲੁਕੋ ਕੇ, ਮਹਿੰਗੇ ਭਾਅ ਵੇਚ ਕੇ, ਲੋਕਾਂ ਨੂੰ ਭੁੱਖੇ ਮਾਰਦੇ ਹਨ। ਬੰਗਾਲ ਦੇ ਕਾਲ ਸਮੇਂ ੧੯੪੨-੪੩ ਵਿਚ, ਲੱਖਾਂ ਲੋਕਾਂ ਨੂੰ ਭੁੱਖ ਦੁੱਖੋਂ ਵਿਲਕਦਿਆਂ ਤੱਕ ਕੇ, ਪੰਡਿਤ ਜਵਾਹਰ ਲਾਲ ਨਹਿਰੂ ਨੇ ਬੰਗਾਲ ਦੌਰੇ ਬਾਅਦ ਇਹ ਟਿੱਪਣੀ ਕੀਤੀ ਸੀ ਕਿ ਜੇ ਮੇਰੇ ਕੋਲ ਹਕੂਮਤ ਹੋਵੇ ਤਾਂ ਮੈਂ ਐਸੇ ਜ਼ਖੀਰੇਬਾਜ਼ਾਂ ਨੂੰ, ਰੋਸ਼ਨੀ ਵਾਲੇ ਖੰਭਿਆਂ ਨਾਲ, ਫਾਹੇ ਟੰਗਦਿਆਂ। ਪਰ ੧੭ ਸਾਲ ਹਕੂਮਤ ਕਰਨ ਬਾਅਦ ਵੀ ਕਾਲ ਤਾਂ ਪਏ ਪਰ ਪੰਡਿਤ ਜੀ ਨੇ ਆਪਣਾ ਬਚਨ ਪੂਰਾ ਨਾ ਕੀਤਾ (ਭਾਵ ਇਕ ਵੀ ਜ਼ਖੀਰੇਬਾਜ਼ ਨੂੰ ਸਜ਼ਾ-ਇ-ਮੌਤ ਨਾ ਦਿੱਤੀ)। ਉਹਨਾਂ ਦੀ ਪੁੱਤਰੀ ਦੀ ਹਕੂਮਤ ਸਮੇਂ ਵੀ ੧੯੭੪ ਵਿਚ ਜਦੋਂ ਜ਼ਖੀਰੇਬਾਜ਼ ਲੋਕਾਂ ਨੂੰ ਜ਼ਰੂਰੀ ਚੀਜਾਂ ਸਟੋਰ ਕਰਕੇ, ਪਰੇਸ਼ਾਨ ਕਰਦੇ ਰਹੇ ਸਨ ਤਾਂ ਇਹ ਲਾਲ ਝੰਡਿਆਂ ਵਾਲੇ ਹੀ ਸਨ ਜਿਹਨਾਂ ਨੇ ਆਪਣੇ ਤੇ ਡਾਕੇ ਤੱਕ ਦੇ ਮੁਕਦਮੇ ਵੀ ਬਣਵਾਏ, ਪਰ ਜ਼ਖੀਰੇ ਖਾਲੀ ਕਰਵਾ ਕੇ ਗਰੀਬਾਂ ਅਤੇ ਹੋਰ ਲੋੜਵੰਦਾਂ ਵਿਚ ਵੰਡੇ ਸਨ। ਖ਼ੈਰ ਐਸਾ ਹੀ ਜ਼ਖੀਰੇ ਖਾਲੀ ਕਰੋ ਅੰਦੋਲਨ, ਜਿਸ ਸੰਤ ਜਵੰਦ ਸਿੰਘ ਨੇ ੧੮੯੯-

੧੯੦੦ ਈ. ਵਿਚ ਆਪਣੇ ਪਿੰਡ ਵਿਚ ਚਲਾਇਆ, ਉਹਨਾਂ ਦੇ ਲੋਕ-ਪਰੇਮ ਜਾਂ ਮਨੁੱਖੀ ਹਮਦਰਦੀ ਨਾਲ ਭਰਪੂਰ ਸੁਭਾਉ ਦਾ ਚਿਤਰਣ ਕਰਦਾ ਹੈ।

(ਚਾਲੀ) "ਚੱਕ ਵਿਚ ਇਕ ਦੀਪਾ ਨਾਮੇ ਸ਼ਾਹੂਕਾਰ ਸੀ ਜੋ ਲੋਕਾਂ ਪਾਸੋਂ ਬਿਆਜ ਬੜਾ ਲੈਂਦਾ ਸੀ। ਉਹ ਜੋ ਜੱਟਾਂ ਦੇ ਦਾਣੇ ਹੁੰਦਿਆਂ ਸਾਰ ਹੀ ਜੱਟਾਂ ਤੋਂ ਖਰੀਦ ਕੇ ਕੋਠਾ ਭਰ ਲੈਂਦਾ। ਇਕ ਵਾਰ ਜਦੋਂ ਕਿ ਉਹ ਸਾਰਿਆਂ ਪਾਸੋਂ ਸਭ ਅਨਾਜ ਲੈ ਚੁੱਕਿਆ ਸੀ ਤਾਂ ਕਾਲ ਪਿਆ। ਲੋਕ ਜਾ ਕੇ ਸ਼ਾਹੂਕਾਰ ਦੀਆਂ ਮਿੰਨਤਾਂ ਕਰਨ ਲੱਗੇ ਪਰ ਅੱਗੋਂ ਉਹ ਕਿਸੇ ਦੀ ਨਾ ਮੰਨੇ। ਆਖਿਰ ਲੋਕਾਂ ਨੇ ਭੁੱਖ ਤੋਂ ਤੰਗ ਆ ਕੇ ਸੰਤਾਂ ਪਾਸ ਅਰਜੋਈ ਕੀਤੀ। ਸੰਤਾਂ ਨੇ ਦੀਪੇ ਨੂੰ ਸੱਦ ਕੇ ਸਮਝਾਇਆ, ਪਰ ਉਹ ਕਿਥੋਂ ਮੰਨੇ ? ਆਖਿਰ ਸੰਤਾਂ ਨੇ ਦੀਪੇ ਨੂੰ ਇਹ ਭੀ ਕਹਿ ਦਿੱਤਾ ਕਿ ਜਿਸ ਪਰ ਤੈਨੂੰ ਭਰੋਸਾ ਨਹੀਂ ਉਸਦੇ ਅਸੀਂ ਜ਼ਿੰਮੇਵਾਰ ਹਾਂ। ਇਸਦੇ ਜਵਾਬ ਵਿਚ ਭੀ ਦੀਪੇ ਨੇ ਏਹੀ ਕਿਹਾ ਕਿ ਮੈਂ ਨਕਦੀ ਦਿਆਂਗਾ, ਕਿਉਂਕਿ ਮੈਂ ਇਹ ਅਨਾਜ (ਮਹਿੰਗੇ ਭਾਅ) ਵੇਚ ਕੇ ਬੜਾ ਕੰਮ ਸ਼ੁਰੂ ਕਰਨਾ ਹੈ। ਜਦੋਂ ਨਾ ਹੀ ਮੰਨਿਆ ਤਾਂ ਸੰਤਾਂ ਨੇ ਇਕ ਦਰਖਾਸਤ ਲਿਖ ਕੇ ਤਹਿਸੀਲਦਾਰ ਪਾਸ ਭੇਜੀ, ਨਾਲ ਹੀ ਉਸਦਾ ਸਾਰਾ ਬਿਰਤਾਂਤ ਵੀ ਲਿਖ ਦਿੱਤਾ। ਤਸੀਲਦਾਰ ਨੇ ਵੀ ਸੱਦ ਕੇ ਦੀਪੇ ਨੂੰ ਇਸੇ ਤਰ੍ਹਾਂ ਸਮਝਾਇਆ ਕਿ ਤੂੰ ਆਪਣਾ ਉਸੀ ਤਰ੍ਹਾਂ ਸ਼ਾਹੂਕਾਰ ਕਰ ਤੇ ਏਹਨਾਂ ਭੁੱਖੇ ਲੋਕਾਂ ਤੇਰਾ ਕੀ ਗੁਵਾਇਆ ਹੈ, ਏਹਨਾਂ ਨੂੰ ਦਾਣੇ ਦੇ ਦੇ। ਤਾਂ ਭੀ ਦੀਪੇ ਨੇ ਕਿਹਾ, "ਮੇਰਾ ਮਸੀਂ ਗੁਜ਼ਾਰਾ ਹੀ ਹੈ।" ਉਸਦੇ ਨਾਲ ਸੰਤਾਂ ਦਾ ਇਕ ਸੇਵਕ ਗਿਆ ਸੀ। ਉਸ ਨੇ ਦੀਪੇ ਦੀ ਸਾਰੀ ਹਾਲਤ ਦੱਸੀ, ਪਰ ਉਸ ਨੇ ਬੇਪ੍ਰਵਾਹੀ ਤੋਂ ਕੰਮ ਲਿਆ। ਸੰਤਾਂ ਨੇ ਇਹ ਸਾਰੀਆਂ ਗੱਲਾਂ ਸੁਣ ਕੇ ਕਿਹਾ ਕਿ ਸਵੇਰ ਨੂੰ ਜੋ ਕਰਤਾਰ ਜਣਾਵੇਗਾ ਸੋ ਕਰਾਂਗੇ।

"ਸਵੇਰ ਹੁੰਦੇ ਛੋਟੇ ਬੱਚਿਆਂ ਨੂੰ ਭੁੱਖ ਦੇ ਦੁੱਖੋਂ ਬਿਲਕਦੇ ਦੇਖ ਕੇ ਸੰਤ ਸਹਾਰ ਨਾ ਸੱਕੇ। ...ਆਪਣੇ ਸੇਵਕਾਂ ਨੂੰ ਸੱਦ ਕੇ ਕਹਿਣ ਲੱਗੇ ਕਿ ਆਉ। ਅੱਜ ਇਕ ਧਰਮ ਦਾ ਕੰਮ ਕਰ ਲਈਏ। ਸਾਰੇ ਆਏ ਅਤੇ ਜਿੱਥੇ ਉਸਦੇ ਕਣਕ ਦੇ ਕੋਠੇ ਭਰੇ ਹੋਏ ਸਨ, ਉਥੇ ਪਹੁੰਚ ਕੇ ਜਿੰਦਰੇ ਤੋੜ ਕੇ, ਸਭ ਨੂੰ ਸੱਦਿਆ ਅਤੇ ਜਿੰਨੀ ਕਿਸੇ ਕਿਸੇ ਨੂੰ ਜ਼ਰੂਰਤ ਸੀ ਓਨੀ ਦੇ ਕੇ, ਇਕ ਸਿੱਖ ਨੂੰ ਹੁਕਮ ਦਿੱਤਾ ਕਿ ਸਭ ਦਰਜ ਕਰਦੇ ਜਾਉ ਕਿ ਕਿੰਨੇ ਦਾਣੇ ਕਿਸਨੂੰ ਦਿੱਤੇ ਹਨ। ਜਦੋਂ ਦੀਪੇ ਸੇਠ ਨੂੰ ਪਤਾ ਲੱਗਾ ਤਾਂ ਦੌੜਾ ਦੌੜਾ ਆਇਆ ਅਤੇ ਦੁਹਾਈ ਪਾਉਣ ਲੱਗਾ। ਸੰਤਾਂ ਦੇ ਹੁਕਮ ਨਾਲ ਖੁਸ਼ਹਾਲ ਸਿੰਘ ਨਾਮੇ ਇਕ ਸਿੱਖ ਨੇ ਫੜ ਕੇ ਬੈਠਾ ਛਡਿਆ ਅਤੇ ਕਿਹਾ ਕਿ ਤੂੰ ਤਸੀਲਦਾਰ ਪਾਸ ਬਿਆਨ ਦੇ ਆਇਆ ਹੈ ਕਿ ਮੇਰੇ ਗੁਜ਼ਾਰੇ ਜੋਗੇ ਹੈਨ ਤੇ ਹੁਣ ਗੁਜ਼ਾਰੇ ਤੋਂ ਜ਼ਿਆਦਾ ਹੀ ਹੋਰਨਾ ਨੂੰ ਦਿੰਦੇ ਹਾਂ। ਜੋ ਕੁਛ ਕਿਸੇ ਦਿੱਤਾ ਹੈ ਇਹ ਸਭ ਤੇਰਾ ਪਹਿਲਾਂ ਦੀ ਤਰ੍ਹਾਂ ਹੀ ਚੁਕਾ ਦਿਆਂਗੇ। ਫੇਰ ਸੰਤਾਂ ਨੇ ਗੁਰਦੁਆਰੇ ਆ ਕੇ ਕੜਾਹ ਪ੍ਰਸ਼ਾਦ ਕਰਕੇ ਸਭ ਨੂੰ ਵਰਤਾਣਾ ਸ਼ੁਰੂ ਕੀਤਾ।"3 ਬਾਹੋਵਾਲ ਜੀ ਇਹ ਕਾਜ ਇਉਂ ਸਮੇਟਦੇ ਹਨ : "ਸ਼ਾਹੂਕਾਰ ਨੇ ਤਸੀਲਦਾਰ ਪਾਸ ਅਰਜ਼ੀ ਦਿੱਤੀ ਕਿ ਮੇਰੇ ਦਾਣੇ ਜਵੰਦ ਸਿੰਘ ਨੇ ਲੁਟਾ ਦਿੱਤੇ ਹੈਨ। ਸੰਤ ਜਵੰਦ ਸਿੰਘ ਨੂੰ ਸੱਦ ਕੇ ਤਸੀਲਦਾਰ ਨੇ ਪੁੱਛਿਆ। ਸੰਤਾਂ ਨੇ ਕਹਿਆ ਕੇ ਤੁਹਾਡੇ ਸਾਹਮਣੇ ਇਸ ਨੇ

ਬਿਆਨ ਦਿੱਤਾ ਸੀ ਕਿ ਮੇਰੇ ਪਾਸ ਦਾਣੇ ਹੈ ਨਹੀਂ ਤੇ ਅਸਾਂ ਦਾਣੇ ਕਿੱਥੋਂ ਲੁਟਾ ਦਿੱਤੇ। ਸ਼ਾਹੂਕਾਰ ਝੂਠਾ ਕਰ ਦਿੱਤਾ।"[4]

ਪੰਜਾਬ ਸਰਕਾਰ ਨੇ ਭਾਰਤ ਸਰਕਾਰ ਦੇ ਕਹਿਣ ਤੇ ਇਹ ਐਲਾਨ ਪਰਕਾਸ਼ਿਤ ਕੀਤਾ ਸੀ ਕਿ ਨਾਮਧਾਰੀ ਗੁਰੂ ਰਾਮ ਸਿੰਘ, ੨੯ ਨਵੰਬਰ ੧੮੮੫ ਨੂੰ ਬ੍ਰਿਟਿਸ਼ ਬਰਮਾ ਦੇ ਮਰਗੋਈ ਟਾਪੂ ਦੀ ਜਿਹਲ ਵਿਚ, ਅਕਾਲ ਚਲਾਣਾ ਕਰ ਗਏ ਹਨ। ਪਰ ਸਰਕਾਰ ਉਹਨਾਂ ਦੇ ਨਿੱਤ ਵਰਤੋਂ ਦੇ ਬਸਤਰ, ਨਿਤਨੇਮ ਵਾਲਾ ਗੁਟਕਾ, ਬਾਣੀ ਦੀਆਂ ਅਤੇ ਹੋਰ ਸਾਖੀਆਂ ਦੀਆਂ ਪੋਥੀਆਂ (ਜੋ ਸਿੰਘ ਦਰਸ਼ਨ ਕਰਨ ਗਏ ਦੇ ਆਉਂਦੇ ਸਨ), ਪਊਏ ਗੜਵਾ ਆਦਿ ਵਾਪਸ ਨਹੀਂ ਸੀ ਕਰ ਸੱਕੀ। ਕਾਫੀ ਲੰਮੀ ਜੱਦੋ ਜਹਿਦ ਬਾਅਦ ਜਿਹੜੇ ਬਸਤਰ ਸ੍ਰੀ ਭੈਣੀ ਸਾਹਿਬ ਪੁਚਾਏ ਗਏ, ਉਹਨਾਂ ਬਾਰੇ ਗੁਰੂ ਹਰੀ ਸਿੰਘ ਜੀ ਦਾ ਕਹਿਣਾ ਸੀ, "ਸਤਿਗੁਰੂ ਜੀ ਤਾਂ ਮੈਥੋਂ ਵੀ ਉਚੇ ਲੰਮੇ ਸਨ। ਇਹ ਬਸਤਰ ਤਾਂ ਮੈਨੂੰ ਵੀ ਮੇਚ ਨਹੀਂ ਆਉਂਦੇ। ਸਤਿਗੁਰੂ ਜੀ ਇਹਨਾਂ ਨੂੰ ਕਿਵੇਂ ਪਹਿਨਦੇ ਹੋਣਗੇ। ਇਹ ਉਹਨਾਂ ਦੇ ਬਸਤਰ ਨਹੀਂ। ਇਸ ਲਈ ਸਤਿਗੁਰੂ ਜੀ ਦੇ ਭਾਵੀ ਬੰਦੀ ਜੀਵਨ ਜਾਂ ਥਾਂ ਟਿਕਾਣੇ ਬਾਰੇ ਪੁੱਛ ਗਿੱਛ ਕਰਨ ਜਾਂ ਇਸ ਬਾਰੇ ਸਰਕਾਰ ਨਾਲ ਅਰਜ਼ੀ ਪੱਤਰੀ ਦਾ ਕੰਮ ਗੁਰੂ ਹਰੀ ਸਿੰਘ ਜੀ ਨੇ ਬਾਬਾ ਜਵੰਦ ਸਿੰਘ ਜੀ ਦੇ ਜ਼ਿੰਮੇ ਲਾ ਦਿੱਤਾ। ਇਸ ਲਈ ਬਾਬਾ ਜੀ ਨੂੰ ਸ੍ਰੀ ਭੈਣੀ ਸਾਹਿਬ, ਲਾਹੌਰ ਅਤੇ ਸ਼ਿਮਲੇ ਦੇ ਵਿਚਾਲੇ ਕਈ ਵੇਰ ਘੁੰਮਣਾ ਪੈਂਦਾ ਸੀ। ਬਾਹੋਵਾਲ ਜੀ ਨੇ ਇਹ ਵੇਰਵਾ ਇਉਂ ਕਾਨੀ ਬੱਧ ਕੀਤਾ ਹੈ :

"ਫੇਰ ਉਨੀ ਸੈ ਅਕਾਹਠ ਮੈਂ (੧੯੦੪ ਈ.) ਹਾੜ ਕੀ ਨਿਮਾਣੀ ਇਕਾਦਸੀ ਕੋ ਬੈਂਕਿਆ ਕੇ ਸੁਚੇਤ ਸਿੰਘ ਨੇ ਜਵੰਦ ਸਿੰਘ ਕੋ ਨਾਲ ਲੈ ਕੇ ਆਇ ਗੁਰੂ ਜੀ ਕੇ ਦਰਸ਼ਨ ਕੀਤੇ। ਜਵੰਦ ਸਿੰਘ ਅਰਜ਼ ਕੀਤੀ ਸੀ ਜਿਸ ਅਰਜ਼ੀ ਕੇ ਵਾਸਤੇ ਅੰਗੂਠੇ ਲਵਾਏ ਸੇ ਉਸਦਾ ਕੀ ਹੁਕਮ ਹੋਇਆ। ਗੁਰੂ ਜੀ ਬਚਨ ਕੀਤਾ-ਸਤਿਗੁਰਾਂ ਦਾ ਹੁਕਮ ਏਹ ਹੈ ਰੂਸ ਦੇ ਆਇਆ ਤੇ ਆਵਾਂਗੇ। ਪਰ ਏਹ ਝੂਠੇ ਕਰਨੇ ਹਨ। ਸੋ ਦੇਖ ਲਵੋ ਕੋਈ ਉਤਰ ਨਹੀਂ ਦੇ ਸਕੇ।..."

"ਗੁਰੂ ਹਰੀ ਸਿੰਘ ਜੀ ਬਚਨ ਕੀਤਾ ਹੋਰ ਅਰਜ਼ੀ ਪਾਓ। ਅਗਲੀ ਅਰਜ਼ੀ ਪਰ ਹੋਰ ਅਰਜ਼ੀ ਪਾਈ ਕਿ ਸਾਨੂੰ ਕੋਈ ਉੱਤਰ ਨਹੀਂ ਮਿਲਿਆ ਹੈ। ਨਾਲੇ ਪੁਲਸ (ਚੌਂਕੀ ਵਾਲਿਆਂ ਦੇ ਵਾਧੇ) ਕੀ ਬਾਬਤ ਭੀ ਲਿਖਿਆ। ਉਨੀ ਸੌ ਅਕਾਹਠ ਕੀ ਬਾਰਾਂ ਕੋ ਪਾਈ ਡਾਕ ਵਿਚ। ਜ਼ਿਲ੍ਹੇ ਨੇ ਨਾਇਬ ਤਸੀਲਦਾਰ ਪਾਸ ਭੇਜੀ ਲਿਖ ਕੇ ਜੋ ਹੁਕਮ ਸੁਣਾਉਣਾ ਹੈ ਸੋ ਕੋਠੀ ਸੁਣਾਵਾਂਗੇ, ਓਥੇ ਅਰਜ਼ ਕਰਨ। ਪਰਵਾਨਾ ਸਪਾਹੀ ਆਇਕੇ ਸੁਣਾਇਕੇ ਚਲਾ ਗਿਆ।"

"ਦਸ ਤਰੀਕ ਨੂੰ ਗੁਰੂ ਮਹਾਰਾਜ (ਗੁਰੂ ਹਰੀ ਸਿੰਘ) ਜੀ ਲੁਦਿਹਾਣੇ ਗਏ। ਬਡੇ ਤਸੀਲਦਾਰ ਦੇ ਹਾਜ਼ਰ ਹੋਣਾ ਸੀ। ਉਸਨੇ ਕਹਾ ਕਿ ਮੇਰੇ ਪਾਸ ਧੁਆਡਾ ਕੋਈ ਕੰਮ ਨਹੀ। ਫੇਰ ਛੋਟੇ ਤਸੀਲਦਾਰ ਦੇ ਗਏ। ਉਸਨੇ ਕਹਾ ਦਸਤਖਤ ਕਰ ਦਿਓ ਧੁਆਡੀ ਅਰਜੀ ਦਫਤਰ ਦਾਖਲ ਹੋ ਗਈ ਹੈ। ਗੁਰੂ ਜੀ ਬਚਨ ਕੀਤਾ ਫੇਰ ਤਾਂ ਨਹੀਂ ਬੁਲਾਵੋਗੇ ?

ਕਹਿਣੇ ਲਗਾ ਜੋ ਕੁਛ ਕਹਿਣਾ ਹੈ ਸੋ ਕੋਠੀ ਮੈਂ ਜਾਇਕੇ ਕਹੋ। ਗੁਰੂ ਜੀ ਬਚਨ ਕੀਤਾ: ਫਿਟੇ ਮੂੰਹ ਧੁਆਡੀ ਅਦਾਲਤ ਦਾ।

"ਸੁਚੇਤ ਸਿੰਘ ਤੇ ਜਵੰਦ ਸਿੰਘ ਨੂੰ ਛਡ ਆਏ ਕਿ ਅਠਵੇਂ ਦਿਨ ਜ਼ੁਬਾਨੀ ਸੁਣਦਾ ਹੈ। ਬਾਰਾਂ ਵਜੇ ਸੱਦੇ। ਪੁੱਛਿਆ ਕਿਆ ਅਰਜ ਹੈ। ਸਿੰਘਾਂ ਕਹਾ ਕਿ ਹੋਰ ਰੱਯਤ ਸਭ ਸੁਖ ਨਾਲ ਵੱਸਦੀ ਹੈ, ਅਸਾਂ ਲੋਕਾਂ ਨੂੰ ਬਡੀ ਤਕਲੀਫ ਹੁੰਦੀ ਹੈ। ਜਿਲਾ ਬੋਲਿਆ ਤੁਮ ਸਾਡੀ ਰੱਯਤ ਨਹੀਂ ਹੈ। ਤੁਮ ਖ਼ੁਦ ਪਾਤਸ਼ਾਹ ਹੋ ਤੁਮ ਹਮਾਰੇ ਮੁਦਈ ਹੋ, ਚਲੇ ਜਾਓ। ਦੋਨੋਂ ਸਿੰਘ ਮੁੜ ਆਏ। ਗੁਰੂ ਜੀ ਪਾਸ ਸਾਰਾ ਹਾਲ ਕਹਿ ਸੁਣਾਇਆ। ਗੁਰੂ ਜੀ ਬਚਨ ਕੀਤਾ : ਅਸੀਂ ਏਹ ਗੱਲ ਅਗੇ ਹੀ ਚਾਹੁੰਦੇ ਸਾਂ।"

"ਫੇਰ ਸੰਗਤ ਨੇ ਹੱਥ ਜੋੜ ਕੇ ਅਰਜ਼ ਕੀਤੀ ਜੀ ਪੁੱਛਣਾ ਜ਼ਰੂਰ ਚਾਹੀਏ। ਸਿੰਘਾਂ ਪੁੱਛਿਆ ਹੋਰ ਅਰਜ਼ੀ ਭੇਜੀਏ ਕਿ ਨਾ। ਗੁਰੂ ਜੀ ਬਚਨ ਕੀਤਾ ਸਾਰਿਆਂ ਦੀ ਰਾਇ ਲੈ ਲਵੋ। ਬੀਬੀ ਨੰਦਾ (ਪੁੱਤਰੀ ਸਤਿਗੁਰੂ ਰਾਮ ਸਿੰਘ ਜੀ) ਨੇ ਕਹਿ ਦਿੱਤਾ : ਪਹਿਲਾਂ ਲਾਹੌਰ, ਫੇਰ ਕਲਕਤੇ, ਫੇਰ ਸ਼ਿਮਲੇ ਤੇ ਫੇਰ ਵਲਾਇਤ ਵਾਲੇ ਸੇ ਭੀ ਪੁੱਛੋ। ਗੁਰੂ ਜੀ ਬਚਨ ਕੀਤਾ ਜਾਓ ਭੇਜੋ ਅਰਜੀ। ਅਰਜੀ ਪਾਈ ਤਾਂ ਜ਼ਿਲ੍ਹੇ ਨੇ ਪੁਲਿਸ ਗਾਰਦ ਕੋ ਧਮਕਾਇਆ ਕਿ ਤੁਮਾਰੀ ਸ਼ਕੈਤ ਆਉਂਦੀ ਹੈ। ਏਹ ਗੱਲ ਸੁਣ ਕੇ ਸਿੰਘਾਂ ਨੂੰ ਗਾਰਦ (ਚੌਂਕੀ ਵਾਲੀ) ਨੇ ਕਹਾ ਕਿ ਤੁਸੀਂ ਚਲੇ ਜਾਓ। ਸਿੰਘਾਂ ਨੇ ਕਹਾ ਕਿ ਗੁਰੂ ਮਹਾਰਾਜ ਜੀ ਕੇ ਹੁਕਮ ਨਾਲ ਆਏ ਹੈ ਹੁਕਮ ਨਾਲ ਜਾਵਾਂਗੇ।

"ਟਹਿਲ ਸਿੰਘ ਨੂੰ ਗੁਰੂ ਜੀ ਨੇ ਕਹਾ ਕਿ ਤੂੰ ਜਾ ਕੇ ਅਰਜੀ ਦੇ ਜੋ ਪਹਿਲੇ ਤੁਸੀਂ ਲਿਖਿਆ ਸੀ ਅਖਬਾਰ ਵਿਚ ਕਿ ਗੁਰੂ ਰਾਮ ਸਿੰਘ ਆਇ ਜਾਏਗੇ, ਫੇਰ ਨਾ ਭੇਜੇ ਤੁਸਾਂ। (ਮਹਾਰਾਜਾ) ਦਲੀਪ ਸਿੰਘ ਕਾ ਹੁਕਮ ਦੀਆ, ਲਾਹੌਰ ਬਹਿਣ ਦਾ, ਫੇਰ ਓਸਨੂੰ ਭੀ ਨਾ ਭੇਜਿਆ। ਫੇਰ ਤੁਸੀਂ ਝੂਠੀ ਡੌਂਡੀ ਪਿਟਵਾਈ ਕਿ ਰਾਜਾ ਰਾਮ ਸਿੰਘ ਚੜ੍ਹਾਈ ਕਰ ਗਏ ਹੈ। ਜੇ ਤੁਸੀਂ ਮਰ ਗਿਆ ਕਹਿੰਦੇ ਹੋ ਤਾਂ ਸਾਡੇ ਦਰ ਪਰ ਗਾਰਦ ਕਿਉਂ ਬਠਾਈ ਹੈ ? ਜਾਂ ਜਾਇ ਕਰ ਏਹ ਅਰਜ਼ੀ ਪਾਈ ਤਾਂ ਸੁਣ ਕੇ ਨਰਮ ਹੋਏ। ਫੇਰ ਫਰੰਗੀ ਨੇ ਪੂਛਾ ਭਗਵਾਨ ਸਿੰਘ ਕੋ ਤੁਮ ਜਾਨਤੇ ਹੋ ਜਿਸ ਨੇ ਸਪਾਹੀ ਮਾਰਿਆ ਸੀ ? ਉਸਕਾ ਪਤਾ ਦੇਵੋ। ਸਿੰਘ ਨੇ ਕਹਾ ਕਿ ਮੈਨੂੰ ਭਗਵਾਨ ਸਿੰਘ ਕੀ ਕੁਝ ਖਬਰ ਨਹੀਂ।"

"ਫੇਰ ਜਵੰਦ ਸਿੰਘ ਨੇ ਤਿੰਨ ਅਰਜੀਆਂ ਪਾਈਆਂ। ਇਕ ਲਾਹੌਰ ਕੋ, ਇਕ ਕਲਕੱਤੇ ਕੋ, ਇਕ ਸ਼ਿਮਲੇ ਕੋ। ਕੋਈ ਦਿਨ ਪਾ ਕੇ ਲਾਹੌਰ ਗਏ। ਫਰੰਗੀ ਨੇ ਕਹਾ ਕਿ ਤੁਮਾਰੀ ਅਰਜੀ ਸ਼ਿਮਲੇ ਕੋ ਗਈ ਹੈ। ਸਿੰਘ ਦੋਨੋਂ ਸ਼ਿਮਲੇ ਗਏ। ਚਾਰ ਦਿਨ ਤਾਂ ਕੁਝ ਨਾ ਪਤਾ ਨਿਕਲਿਆ। ਜਾਂ ਪਤਾ ਲੱਗਾ ਕਿ ਸਿੰਘ ਨਾਮਧਾਰੀਏ ਅਰਜ਼ੀ ਵਾਲੇ ਹੈ ਤਾਂ ਤੁਰਤ ਥਾਨੇਦਾਰ ਆਇਆ। ਥਾਨੇਦਾਰ ਨੇ ਸਾਰਾ ਹਾਲ ਲਾਟ ਕੋ ਸੁਣਾਇਆ। ਲਾਟ ਨੇ ਕਹਾ ਕਿ ਸਿੰਘਾਂ ਨੂੰ ਕਹੋ ਤੁਮਕੋ ਉੱਤਰ ਉਥੇ ਹੀ ਆਵੇਗਾ। ਜਾਓ ਮੁੜ ਜਾਓ। ਥਾਨੇਦਾਰ ਨੇ ਫੇਰ ਸਿੰਘਾਂ ਨੂੰ ਕਿਹਾ। ਸਿੰਘ ਮੁੜ ਆਏ ਰਾਮਦਾਸਪੁਰ ਸਾਹਿਬ।"

"ਗੁਰੂ ਜੀ ਬਚਨ ਕੀਤਾ : ਤੁਸੀਂ ਕਹਿਣਾ ਸੀ ਜਿਸ ਤਰਾਂ ਤੁਸੀਂ ਸਾਡੇ ਉਤੇ ਗਾਰਦ ਬਠਾਲੀ ਹੈ ਤਿਸੀ ਤਰਾਂ ਅਸੀਂ ਤੁਹਾਡੇ ਬੂਹੇ ਅਗੇ ਬੈਠੇ ਹੈ ਨਹੀਂ ਤੇ ਕੋਈ ਉਤਰ

ਦਿਓ। ਫੇਰ ਬਚਨ ਕੀਤਾ : ਹੁਣ ਏਨਾਂ ਕੀਆ ਜੜਾਂ ਪੁੱਟ ਕੇ ਔਣਗੇ, ਸਤਿਗੁਰੂ ਜੀ। ਫਿੱਟੇ ਮੂੰਹ ਇਨ੍ਹਾਂ ਦੇ ਰਾਜ ਨੂੰ। ਏਹ ਤਾਂ ਝੂਠੇ ਕਰਨੇ ਹਨ। ਕੋਈ ਤਾਂ ਉਤਰ ਦੇਣਗੇ ਮੁੜ ਕੇ ਨਹੀਂ ਤਾਂ ਸਾਡੇ ਦਰ ਅੱਗੋਂ ਗਾਰਦ ਚੁੱਕਣਗੇ। ਕਿਉਂ ਬਠਾਈ ਹੈ। ਸਾਨੂੰ ਦੁਖ ਦਿੰਦੇ ਹਨ। ਖੁੱਲ੍ਹ ਹੋ ਜਾਏ, ਜਿਧਰ ਮਰਜ਼ੀ ਹੋਵੇ ਉਧਰ ਜਾਈਏ। ਨਹੀਂ ਸਤਿਗੁਰੂ ਜੀ ਦਾ ਦਰਸ਼ਨ ਕਰਾਓ ਕਿੱਥੇ ਹੈ।

"ਫੇਰ ਹੋਰ ਅਰਜ਼ੀ ਪਵਾਈ : ਸਾਨੂੰ ਸਤਿਗੁਰੂ ਜੀ ਦਾ ਦੀਦਾਰ ਕਰਾਓ ਕਿੱਥੇ ਹੈ ? ਸਾਨੂੰ ਪਤਾ ਦੇਓ, ਉਨ੍ਹਾਂ ਦੇ ਨਾਲ ਦੇ ਭੀ ਛੁੱਟ ਕੇ ਆਇ ਗਏ ਹਨ। ਪੰਦਰਾਂ ਪੰਦਰਾਂ ਬਰਸ ਕੱਟ ਕੇ ਘਰੀਂ ਆਏ ਹਨ। ਸਤਿਗੁਰੂ ਜੀ ਕਿਸੇ ਦਾ ਕੱਖ ਭਰ ਦਾ ਨੁਕਸਾਨ ਨਹੀਂ ਕਰਦੇ ਸੀ। ਗਊ ਬਧ ਹੋਨੇ ਕੀ ਬਡੀ ਪੀੜ ਸੀ ਖਾਲਸੇ ਨੂੰ। ਸੋ ਖਾਲਸੇ ਨੇ ਬੁਚੜ ਬਢੇ। ਦਸ ਸਿੰਘ ਫਾਂਸੀ ਦੀਏ ਗਏ ਜਿਨਾਂ ਨੇ ਬੱਢੇ ਸੇ। ਫੇਰ ਛਿਆਹਠ ਸਿੰਘ ਤੋਪਾਂ ਨਾਲ ਉਡਾਏ ਗਏ। ਜਿਨਾਂ ਨੇ ਕੀਤੀ ਸੀ ਸੋ ਤਾਂ ਉਡੇ, ਸਤਿਗੁਰਾਂ ਕੋ ਬੇਗੁਨਾਹ ਹੀ ਫੜ ਕੇ ਲੈ ਗਏ ਹੋ। ਨਾਲ ਜੇੜੇ ਸਿੰਘ ਲੈ ਗਏ ਸੀ ਓਹ ਭੀ ਛੁੱਟ ਆਏ ਹੈਂ। ਸਤਿਗੁਰਾਂ ਦਾ ਸਾਨੂੰ ਪਤਾ ਦਿਓ। ਜਾਂ ਜਾਇ ਕੇ ਅਰਜ਼ੀ ਦਿੱਤੀ ਤਾਂ ਫਰੰਗੀ ਨੇ ਕਹਾ : ਤੁਮ ਚਲੇ ਜਾਓ। ਤੁਮਾਰੀ ਨਹੀਂ ਸੁਣੇਗੇ। ਤੁਮ ਸਰਕਾਰ ਕੇ ਮੁਦਈ ਹੈ। ਸਿੰਘਾਂ ਕਹਿਆ ਕਿ ਰਾਜਾ ਅੰਧਾ ਤੇ ਬੇਦਾਦ ਨਗਰੀ ਵਾਲੀ ਗੱਲ ਕੀਤੀ ਹੈ ਤੁਸਾਂ ਨੇ।"[5]

ਲੇਖਕ ਨੂੰ ਉਸਦੇ ਪਿਤਾ, (ਜਥੇਦਾਰ ਗੁਰਮੁਖ ਸਿੰਘ ਝੱਬਰ, ਜਿਹਨਾਂ ਨੇ ਬਾਬਾ ਜਵੰਦ ਸਿੰਘ ਹੋਰਾਂ ਦੀ ਕਈ ਵੇਰ ਸੰਗਤ ਮਾਣੀ ਸੀ), ਦੱਸਿਆ ਕਰਦੇ ਸਨ ਕਿ ਬਾਬਾ ਜੀ ਕਿਹਾ ਕਰਦੇ ਸਨ ਕਿ ਅਸੀਂ ਵੱਖ ਵੱਖ ਸਮੇਂ ਸਰਕਾਰ ਦੇ ਛੋਟੇ ਵੱਡੇ ਕਰਿੰਦਿਆਂ ਨੂੰ, ਸਤਿਗੁਰੂ ਰਾਮ ਸਿੰਘ ਜੀ ਦੀ ਭਾਲ ਬਾਰੇ, ਸੱਤਰ ਅਰਜ਼ੀਆਂ ਪਾਈਆਂ ਸਨ। ਇਸ ਤੋਂ ਪਤਾ ਲੱਗਦਾ ਹੈ ਕਿ ਬਾਬਾ ਜੀ ਨਾਮਧਾਰੀ ਸਮੁਦਾਇ ਦੇ ਕਿਤਨੇ ਭਰੋਸੇਯੋਗ ਜਾਂ ਮਹੱਤਵਪੂਰਨ ਵਿਅਕਤੀ ਸਨ। ਨਾਇਬ ਤਹਿਸੀਲਦਾਰ ਤੋਂ ਲੈ ਕੇ, ਪੰਜਾਬ ਦੇ ਲੈਫਟੀਨੈਂਟ ਗਵਰਨਰ ਅਤੇ ਹਿੰਦ ਦੇ ਵਾਇਸਰਾਏ ਤੱਕ, ਸਤਿਗੁਰਾਂ ਦੀ ਭਾਲ ਵਿਚ, ਅਰਜ਼ੀਆਂ ਪੁਚਾਉਣ ਦਾ ਕੰਮ, ਗੁਰੂ ਹਰੀ ਸਿੰਘ ਨੇ ਕੁਝ ਹੋਰ ਉੱਪਰ ਵਰਣਿਤ ਸਿੰਘਾਂ (ਸੁਚੇਤ ਸਿੰਘ, ਟਹਿਲ ਸਿੰਘ) ਸਮੇਤ ਬਾਬਾ ਜੀ ਦੇ ਜ਼ਿੰਮੇ ਲਾਇਆ ਜਿਸਨੂੰ ਉਹ ਬਖ਼ੂਬੀ ਨਿਬਾਹੁੰਦੇ ਵੀ ਰਹੇ ਅਤੇ ਬਰਤਾਨਵੀ ਸਰਕਾਰ ਦੇ ਨਿਆਂ-ਆਧਾਰਿਤ ਰਾਜ ਕਰਨ ਦੀ ਧਾਰਨਾ ਦਾ ਖੰਡਨ ਵੀ ਕਰਦੇ ਰਹੇ। ਸਰਕਾਰ ਅੰਗਰੇਜ਼ੀ ਭਲੀ ਭਾਂਤ ਇਹ ਸਮਝ ਚੁੱਕੀ ਸੀ ਕਿ ਪੰਜਾਬ ਵਿਚ ਕੌਮੀ ਮੁਕਤੀ ਸੰਗਰਾਮ, (੧੮੫੭-੧੯੦੭) ਦੀ ਅੱਧੀ ਸਦੀ, ਨਿਰੋਲ ਤੌਰ ਤੇ ਕੂਕਾ-ਸੰਗਰਾਮ ਦੇ ਜ਼ਿੰਮੇ ਹੀ ਲੱਗਦੀ ਹੈ ਇਸੇ ਲਈ ਉੱਚ ਅਧਿਕਾਰੀ, ਬਾਹੋਵਾਲ ਜੀ ਦੇ ਸ਼ਬਦਾਂ ਵਿਚ (ਸ਼ਬਦ ਦੇ ਭਾਵ ਬੋਧ ਦਾ ਕੁਝ ਭੁਲੇਖਾ ਲੱਗ ਸੱਕਦਾ ਹੈ) ਬਾਬਾ ਜਵੰਦ ਸਿੰਘ ਨੂੰ ਵਾਰ ਵਾਰ ਕਹਿੰਦੇ ਹਨ, "ਤੁਮ ਸਰਕਾਰ ਕੇ ਮੁਦਈ ਹੋ।"

ਸੰਨ ੧੯੦੪ ਈ. ਦੀਆਂ ਗਰਮੀਆਂ ਵਿਚ, ਮਾਈ ਅਤਰੀ ਮਾਈਸਰਖਾਨਾ ਵਾਲੀ, ਉਮਰ ੫੦-੫੫ ਦੇ ਲਗਭਗ, ਪਿੰਡ ਵਿਚਲੇ ਉਸਦੇ ਡੇਰੇ ਵਿਚ, ਹੋਰ ਸੰਗੀਆਂ ਸਮੇਤ, ਕਤਲ ਕਰ ਦਿੱਤੇ ਗਏ ਸਨ। ਅਤਰੀ ਖ਼ੁਦ ਨੂੰ ਸਤਿਗੁਰੂ ਰਾਮ ਸਿੰਘ ਦੀ

ਮੰਗੇਤਰ ਦੱਸ ਕੇ, ਗੁਰੂ ਪਤਨੀ ਵਾਲਾ ਮਾਣ ਤਾਣ ਸਾਧਾਰਨ ਸੰਗਤਾਂ ਕੀ, ਡੇਰਾ ਭੈਣੀ ਸਾਹਿਬ ਵਿਚ ਗੁਰੂ ਹਰੀ ਸਿੰਘ ਜੀ ਪਾਸੋਂ ਵੀ ਪਰਾਪਤ ਕਰਦੀ ਰਹੀ। ਸਤਿਗੁਰੂ ਜੀ ਦੇ ਮਹਿਲ ਮਾਤਾ ਜੱਸਾਂ ਕੁਝ ਅਸਵਸਥ ਰਹਿੰਦੇ ਸਨ ਜੋ ੧੯੭੧ ਈ. ਦੀ ਆਖਰੀ ਤਿਮਾਹੀ ਵਿਚ, ਅਕਾਲ ਚਲਾਣਾ ਕਰ ਗਏ ਸਨ। ਸਿੰਘਾਂ ਨੇ ਸਤਿਗੁਰੂ ਜੀ ਦਾ ਸਾਹਿਬਜ਼ਾਦਾ ਵੇਖਣ ਦੀ ਰੀਝ ਨਾਲ, ਮਾਲਵੇ ਦੇ ਸੂਬੇ ਗਿਆਨੀ ਸਿੰਘ ਨੂੰ, ਅੱਗੇ ਲਾਇਆ ਅਤੇ ਉਸਨੇ ਮੁਟਿਆਰ, ਕੁਆਰੀ ਲੜਕੀ ਅਤਰੀ ਦੀ ਛਾਪ, ਉਹਦੇ ਹੱਥੋਂ ਲਾਹ ਕੇ, ਸਤਿਗੁਰੂ ਜੀ ਦੀ ਉਂਗਲ ਵਿਚ ਪਹਿਨਾ ਦਿੱਤੀ ਕਿ ਇਸਨੂੰ ਪਰਵਾਨ ਕਰੋ। ਪਰੰਤੂ ਸਤਿਗੁਰੂ ਜੀ ਨੇ ਗੁੱਸੇ ਵਿਚ ਆ ਕੇ ਕਿਹਾ, "ਗਿਆਨੀ ਸਿੰਘ! ਇਹ ਫਾਹ ਕਿਸੇ ਹੋਰ ਦੇ ਗਲ ਪਾ। ਅਸਾਂ ਤੇ ਹੁਣ ਇੱਕੋ ਗਾਨਾ ਬੱਧਾ ਹੈ, ਕੌਮੀ ਆਜ਼ਾਦੀ ਹਾਸਲ ਕਰਨ ਵਾਲਾ।" ਸਿੰਘਾਂ ਨੇ ਕਿਹਾ ਕਿ ਗਿਆਨੀ ਸਿੰਘ ਖੁਸ਼ੀਆਂ ਲੈਣ ਗਿਆ ਸੀ ਸਰਾਪ ਲੈ ਆਇਆ ਹੈ। ਰਾਇਕੋਟ ਕਾਂਡ ਵਿਚ ਉਹਨਾਂ ਨੂੰ ਲੁਧਿਆਣੇ ਜਿਹਲ ਵਿਖੇ ਨਵੰਬਰ ੧੯੭੧ ਵਿਚ ਫਾਂਸੀ ਲਾ ਕੇ ਸ਼ਹੀਦ ਕਰ ਦਿੱਤਾ ਗਿਆ। ਸਤਿਗੁਰੂ ਜੀ ਪਰਦੇਸ ਚਲੇ ਗਏ। ਅਤਰੀ ਨੇ ਅਰਜ਼ੀ ਪਾਈ ਕਿ ਮੇਰੇ ਪਤੀ ਹਨ, ਸਤਿਗੁਰੂ ਜੀ, ਮੈਂ ਪਾਸ ਰਹਿ ਕੇ ਸੇਵਾ ਕਰਨੀ ਚਾਹੁੰਦੀ ਹਾਂ। ਜਦੋਂ ਸਰਕਾਰ ਨੇ ਆਪ ਨੂੰ ਪੁੱਛਿਆ ਤਾਂ ਹਜ਼ੂਰ ਨੇ ਕਿਹਾ, "ਮੇਰੀ ਕੋਈ ਪਤਨੀ ਨਹੀਂ ਹੈ।" ਹੁਕਮਨਾਮਿਆਂ ਵਿਚ ਵੀ ਲਿਖਿਆ ਕਿ ਇਧਰ ਨਾ ਤੁਰ ਪਵੇ। ਮੈਂ ਬਹੁਤ ਗੁੱਸੇ ਹੋਵਾਂਗਾ ਅਤੇ ਉਸ ਨੂੰ ਰੱਖਾਂਗਾ ਨਹੀਂ। ਅਤਰੀ ਬਾਰੇ ਬਹੁਤ ਸਾਰੇ ਹੁਕਮਨਾਮਿਆਂ ਵਿਚ ਸਤਿਗੁਰੂ ਜੀ ਨੇ, ਮਨੀ ਸਿੰਘ ਉਸਦੇ ਚਾਚੇ, ਸੂਬਾ ਸਮੁੰਦ ਸਿੰਘ ਖੋਟੇ ਆਦਿ ਨੂੰ ਲਿਖਿਆ ਕਿ ਅਤਰੀ ਤਾਂ ਇਆਣੀ ਹੈ ਉਸ ਦੇ ਮਾਪੇ ਵੀ ਘੋਗਲ-ਕੰਨੇ ਬਣੇ ਹਨ। ਇਹਦੀ ਉਮਰ ਕਦੋਂ ਲੰਘੀ। ਕੋਈ ਸਿੱਖਾਂ ਦਾ ਲੜਕਾ ਵੇਖ ਕੇ ਅਨੰਦ ਕਰ ਦਿਉ। ਉਸ ਨੂੰ ਵੀ ਕਿਹਾ ਜਾਂ ਅਨੰਦ ਪੜ੍ਹਾਇ ਲੈ ਜਾਂ ਇਕਾਂਤ ਬੈਠ ਕੇ ਭਜਨ ਬਾਣੀ ਕਰ। ਖ਼ੈਰ ਸਤਿਗੁਰੂ ਜੀ ਦੀ ਮਹਿਮਾਂ ਨਾਲ ਜੁੜਨ ਦਾ, ਅੱਤਰੀ ਨੂੰ ਇਹ ਲਾਭ ਤਾਂ ਹੋਇਆ ਕਿ ਸਾਰੇ ਪੰਜਾਬ ਵਿਚ ਉਸ ਦੀ ਮਾਨਤਾ ਸ਼ੁਰੂ ਹੋ ਗਈ। ਅੰਗਰੇਜ਼ ਸਰਕਾਰ ਵੀ ਉਸ ਤੋਂ ਭੈ ਭੀਤ ਸੀ ਅਤੇ ਰਿਆਸਤਾਂ ਦੇ ਰਾਜੇ ਵੀ। ਬਹਾਦਰਗੜ੍ਹ ਕਿਲੇ ਵਿਚ ਪਟਿਆਲਾ ਰਾਜੇ ਨੇ, ਜਿਸਦੀ ਉਹ ਰਿਆਇਆ ਸੀ ਕੈਦ ਵੀ ਰੱਖੀ। ਕਈ ਵੇਰ ਡੇਰੇ ਸ੍ਰੀ ਭੈਣੀ ਸਾਹਿਬ ਵੀ ਆ ਰਹਿੰਦੀ। ਤੀਹ ਕੁ ਵਰ੍ਹੇ ਉਸ ਦੇ ਚੰਗੇ ਲੰਘ ਗਏ। ਇਸ ਸਮੇਂ ਉਹ ਕੂਕਾ ਗਤੀਵਿਧੀਆਂ ਦਾ ਕੇਂਦਰ ਵੀ ਬਣੀ ਰਹੀ। ਇਸੇ ਦੌਰਾਨ ਡੇਰਾ ਭੈਣੀ ਸਾਹਿਬ ਨਾਲ ਸਬੰਧਿਤ ਇਕ ਸਿੰਘ ਭਾਈ ਪ੍ਰੇਮ ਸਿੰਘ ਦੇ ਕਤਲ ਤੋਂ, ਗੁਰੂ ਹਰੀ ਸਿੰਘ ਜੀ ਨੇ ਅਤਰੀ ਨੂੰ ਦੋਸ਼ੀ ਠਹਿਰਾਇਆ ਸੋ ਉਹ ਵਿਚੇ ਵਿਚ ਵਿਹੁ ਘੋਲਣ ਲੱਗ ਪਈ। ਅਤਰ ਸਿੰਘ ਭਸੌੜੀਏ ਪੰਚ ਖੰਡਵਾਲੇ ਦੀ ਸਾਜ਼ਿਸ਼ ਨਾਲ ਇਸੇ ਸਮੇਂ ਇਕ ਤੇਲੀ ਨੇ ਅਤਰੀ ਨੂੰ ਆਪਣੇ ਚੁੰਗਲ ਵਿਚ ਫਸਾ ਲਿਆ। ਨਾਮਧਾਰੀ ਸਿੰਘਾਂ ਨੇ ਇਸਨੂੰ ਕੌਮੀ ਹੱਤਕ ਮੰਨਦਿਆਂ, ਅਤਰੀ ਨੂੰ ਅਤੇ ਉਸਦੇ ਚਾਰ ਸਾਥੀਆਂ ਨੂੰ ਸਮੇਤ ਤੇਲੀ, ਸੋਧ ਦਿੱਤਾ। ਇਹ ਯੋਜਨਾ ਬਾਬਾ ਜਵੰਦ ਸਿੰਘ ਹੋਰਾਂ ਨੇ ਹੀ ਬਣਾਈ ਸੀ। ਜਦੋਂ ਕੇਸ ਵਿਚ ਭਗਵਾਨ ਸਿੰਘ ਅੜਬੰਗੀ ਤੇ ਸਖਤੀ ਹੋਈ ਤਾਂ ਬਾਬਾ ਜੀ ਬਾਰ ਵਿਚੋਂ ਚੱਲ ਕੇ ਆ ਪੇਸ਼ ਹੋਏ।

ਬਾਅਦ ਵਿਚ ਉਹਨਾਂ ਦੇ ਨਾਲ ਦੇ ਹੋਰ ਸਿੰਘ ਵੀ ਰਿਆਸਤੀ ਪੁਲਿਸ ਨੇ ਪਕੜ ਲਏ, ਕਿਸ਼ਨ ਸਿੰਘ ਵਰਨ (ਸ਼ੇਖ਼ੂਪੁਰਾ), ਅਰੂੜ ਸਿੰਘ ਬੱਲੂਆਣਾ (ਫ਼ੀਰੋਜ਼ਪੁਰ) ਅਤੇ ਵਧਾਵਾ ਸਿੰਘ ਝੀਤੇ (ਅੰਮ੍ਰਿਤਸਰ)। ਭਾਈ ਕਿਸ਼ਨ ਸਿੰਘ ਤਾਂ ਧੂਰੀ ਜਿਹਲ ਵਿਚ ਮੁਕਦਮੇ ਦੀ ਸੁਣਵਾਈ ਦੌਰਾਨ ਹੀ ਸ਼ਹੀਦ ਹੋ ਗਿਆ। ਬਾਕੀ ਸਿੰਘ ਬਾਬਾ ਜੀ ਸਮੇਤ ਬਰੀ ਹੋ ਗਏ। ਇਹੋ ਜਿਹੇ ਕਾਰਨਾਮਿਆਂ ਸਦਕਾ ਹੀ ਪੰਥ ਨੇ ਆਪ ਨੂੰ ਜ਼ਿੰਦਾ ਸ਼ਹੀਦ ਦਾ ਖਿਤਾਬ ਦਿੱਤਾ। ਸਤਿਗੁਰੂ ਜੀ ਦਾ ਬਚਨ ਨਾ ਮੰਨਣ ਅਤੇ ਮਨਮੱਤ ਕਰਨ ਕਾਰਨ, ਮਾਈ ਅਤਰੀ ਦਾ ਐਨਾ ਭਿਆਨਕ ਅੰਤ ਹੋਇਆ।

ਬਾਬਾ ਜਵੰਦ ਸਿੰਘ ਨੇ ਭੀੜ ਪੈਣ ਸਮੇਂ ਅਨੇਕ ਪੰਥਕ ਮੋਰਚੇ ਸਰ ਕੀਤੇ ਸਨ। ਸਤਿਗੁਰੂ ਪਰਤਾਪ ਸਿੰਘ ਜੀ ਦੇ ਅਨੰਦ ਕਾਰਜ ਸਮੇਂ, ਗੁਰੂ ਮਹਿਲ ਮਾਤਾ ਭੂਪਿੰਦਰ ਕੌਰ ਜੀ ਦਾ ਤਾਇਆ, ਸ. ਸੱਦਾ ਸਿੰਘ ਗੱਦਾਂ ਡੋਬ (ਫ਼ੀਰੋਜ਼ਪੁਰ-ਪਰਿਵਰਤਿਤ ਨਾਮ ਗੁਰੂ ਸਰ), ਆਪਣੇ ਬਾਹੂਬਲ ਕਾਰਨ, ਇਹ ਅੰਤਰ ਜਾਤੀ ਅਨੰਦ ਕਾਰਜ ਹੋਣ ਨਹੀਂ ਸੀ ਦੇਣਾ ਚਾਹੁੰਦਾ। ਉਸ ਆਪਣੇ ਮੇਲੀਆਂ ਦੀ ਧਾੜ ਘਰ ਸੱਦ ਕੇ ਬਹਾਈ ਸੀ ਕਿ ਜਦੋਂ ਅਨੰਦ ਕਰਨ ਆਉਣ, ਲਾੜੇ (ਸਤਿਗੁਰੂ ਪਰਤਾਪ ਸਿੰਘ ਜੀ) ਦਾ ਸਿਰ ਵੱਢਾਂਗੇ। ਜਿਉਂ ਹੀ ਸੱਦਾ ਸਿੰਘ ਨੂੰ ਇਹ ਖ਼ਬਰ ਮਿਲੀ ਅਨੰਦ ਤੋਂ ਦੋ ਕੁ ਦਿਨ ਪਹਿਲਾਂ ਕਿ ਬਾਬਾ ਜਵੰਦ ਸਿੰਘ ਆਪਣੇ ਜਥੇ ਸਮੇਤ, ਪਰਬੰਧਾਂ ਲਈ ਪੁੱਜ ਗਿਆ ਹੈ, ਉਸਨੇ ਸਮਾਨ ਗੱਡਿਆਂ ਤੇ ਲੱਦਿਆ ਅਤੇ ਪਿੰਡ ਦੀ ਜੂਹ ਤੋਂ ਕੋਹਾਂ ਦੂਰ ਤੁਰ ਗਿਆ। ਅਨੰਦ ਕਾਰਜ ਬੜੀ ਸ਼ਾਨ ਨਾਲ ਹੋਇਆ।

ਢੋਟੀਆਂ ਜ਼ਿਲ੍ਹਾ ਲਾਇਲਪੁਰ ਦੇ ਨਾਮਧਾਰੀ ਸਿੰਘ ਬਹੁਤ ਬੀਰ ਬਹਾਦਰ ਅਤੇ ਰੱਸਾ ਕਸ਼ੀ ਦੇ ਚੋਟੀ ਦੇ ਖਿਡਾਰੀ ਸਨ। ਉਹਨਾਂ ਦੇ ਸੰਨ ੧੯੧੨ ਵਿਚ ਜਾਰਜ ਪੰਚਮ ਦੇ ਨਾਲ ਦਿੱਲੀ ਦਰਬਾਰ ਵਿਚ ਆਈ, ਯੂਰਪ ਦੀ ਰੱਸਾ ਕਸ਼ੀ ਵਿਚ ਜੇਤੂ ਟੀਮ ਨੂੰ ਹਰਾਇਆ ਸੀ। ਇਹਨਾਂ ਸਿੰਘਾਂ ਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਬਾਬਾ ਜਵੰਦ ਸਿੰਘ ਹੋਰਾਂ ਤੋਂ ਹੀ ਭਜਨ ਦਵਾਇਆ ਸੀ ਤਾਂ ਕਿ ਬਾਬਾ ਜੀ ਦੇ ਸਦਗੁਣਾਂ ਦਾ ਟੀਮ ਖਿਡਾਰੀਆਂ ਵਿਚ ਸਮਾਵੇਸ਼ ਹੋ ਸਕੇ।

੧੯੨੪ ਈਸਵੀਂ ਦੀ ਚੇਤ ਚੌਥੇ ਦੀ ਮੱਸਿਆ ਦੇ ਮੇਲੇ ਸਮੇਂ ਗੁਰਦੁਆਰਾ ਤਰਨਤਾਰਨ ਸਾਹਿਬ ਵਿਖੇ, ਨਾਮਧਾਰੀ ਪਰਚਾਰਕਾਂ ਸੰਤ ਨਿਧਾਨ ਸਿੰਘ ਆਲਮ ਅਤੇ ਸੰਤ ਇੰਦਰ ਸਿੰਘ ਚਕਰਵਰਤੀ ਉਤੇ ਸੰਪਰਦਾਇਕ ਵਿਤਕਰੇ ਦੇ ਆਧਾਰ ਤੇ ਹੁਲੜਬਾਜ਼ਾਂ ਦੇ ਇਕ ਹਜੂਮ ਨੇ, ਡੰਡੇ, ਸੋਟਿਆਂ, ਡਾਂਗਾਂ ਨਾਲ ਵੱਡਾ ਹਮਲਾ ਬੋਲਿਆ। ਸੈਂਕੜਿਆਂ ਦੇ ਹਜੂਮ ਦਾ ਦੋ ਤਿੰਨ ਦਰਜਨ ਨਾਮਧਾਰੀ ਸਿੰਘਾਂ ਨੇ ਵਰਿਆਮਗੀ ਨਾਲ ਮੁਕਾਬਲਾ ਕੀਤਾ। ਉਸ ਸਮੇਂ ਦੋਹਾਂ ਵਿਦਵਾਨ ਨਾਮਧਾਰੀ ਪਰਚਾਰਕਾਂ ਨੂੰ ਆਪਣੇ ਕਲਾਵੇ ਵਿਚ ਲੈ ਕੇ, ਬਾਬਾ ਜਵੰਦ ਸਿੰਘ ਉਹਨਾਂ ਉਤੇ ਡਿੱਗ ਪਏ ਤੇ ਭੀੜ ਦੀਆਂ ਡਾਂਗਾਂ ਆਪਣੇ ਸਰੀਰ ਤੇ ਝੱਲੀਆਂ। ਸਾਡੇ ਇਹ ਦੋਵੇਂ ਵਿਦਵਾਨ ਸੱਜਨ ਕਿਹਾ ਕਰਦੇ ਸਨ ਕਿ ਉਸ ਦਿਨ ਉਹਨਾਂ ਨੂੰ ਬਚਾਉਣ ਵਾਲੇ, ਜ਼ਿੰਦਾ ਸ਼ਹੀਦ ਬਾਬਾ ਜਵੰਦ ਸਿੰਘ ਜੀ ਹੀ ਸਨ।...

੧੯੨੧ ਈ. ਵਿਚ ਮੁਕਤਸਰ ਦੇ ਹੋਲੇ ਸਮੇਂ ਸਤਿਗੁਰੂ ਪਰਤਾਪ ਸਿੰਘ ਜੀ ਨੇ, ਨਾਮਧਾਰੀ ਦਰਬਾਰ ਸਾਜਿਆ। ਨਵੇਂ ਸਿਰੇ ਤੋਂ ਸੂਬੇ ਨੀਯਤ ਕੀਤੇ। ਬਾਬਾ ਜਵੰਦ ਸਿੰਘ ਜੀ ਨੂੰ ਮਿੰਟਗੁਮਰੀ ਜ਼ਿਲ੍ਹੇ ਦਾ ਸੂਬਾ ਥਾਪਿਆ, ਜੋ ਆਪ ਜੀਵਨ ਪ੍ਰਯੰਤ ਰਹੇ। ਆਪ ਦਾ ਦਿਹਾਂਤ ਵੀਹਵੀ ਸਦੀ ਦੇ ਤੀਜੇ ਦਹਾਕੇ ਦੇ ਅੱਧ ਵਿਚਾਲੇ ਜਿਹੇ ਹੋਇਆ। ਜਨਮ ੧੮੪੫ ਈ. ਅਤੇ ਮ੍ਰਿਤੂ ੧੯੨੫ ਈ. ਅਟੇ ਸਟੇ ਬਣਦੀ ਹੈ। ਉਮਰ ਅੱਸੀ ਵਰ੍ਹੇ ਬੜੀ ਸ਼ਾਨ ਨਾਲ ਸਤਿਗੁਰੂ ਰਾਮ ਸਿੰਘ ਦੇ ਮਿਸ਼ਨ ਦਾ ਪਰਚਾਰ ਕਰਦਿਆਂ ਬਤੀਤ ਹੋਈ।

ਜਦੋਂ ਕਦੇ ਨਾਮਧਾਰੀ ਪੰਥ ਤੇ ਫਿਰ ਵੀ ਕੋਈ ਔਕੜ ਦਾ ਸਮਾਂ ਆਉਂਦਾ ਤਾਂ ਪੰਥ ਆਪ ਨੂੰ ਵੱਡੇ ਅਦਬ ਨਾਲ ਯਾਦ ਕਰਦਾ ਕਿ ਅੱਜ ਬਾਬਾ ਜਵੰਦ ਸਿੰਘ "ਜ਼ਿੰਦਾ ਸ਼ਹੀਦ" ਜੈਸੇ ਸਿੰਘਾਂ ਦੀ ਲੋੜ ਹੈ।[6] ਉਹ ਭੰਗੂ ਗੋਤ ਦੇ, ਜੱਟ ਜ਼ਿੰਮੀਦਾਰ ਪਰਿਵਾਰ ਨਾਲ ਸਬੰਧਿਤ ਸਨ। ਬਾਬਾ ਜੀ ਦੀ ਕੀਰਤੀ ਕੂਕਾ ਅੰਦੋਲਨ ਵਿਚ ਚਿਰ ਸਥਾਈ ਹੈ।

## ਹਵਾਲੇ ਤੇ ਟਿੱਪਣੀਆਂ


1. ਸਤਿਜੁਗ ਦਾ ਸੰਤ ਅੰਕ, (੯ ਚੇਤਰ ਸੰਬਤ ੧੯੯੬), ਸ੍ਰੀ ਭੈਣੀ ਸਾਹਿਬ, ਸਫਾ ੧੮੨
2. ਉਹੀ, ਸਫਾ ੧੮੨-੮੩
3. ਉਹੀ, ਸਫਾ ੧੮੩-੮੪
4. ਸਤਿਗੁਰੂ ਬਿਲਾਸ (ਭਾਗ ਦੂਜਾ)-ਭਾਈ ਸੰਤੋਖ ਸਿੰਘ ਬਾਹੋਵਾਲ, ਸ੍ਰੀ ਭੈਣੀ ਸਾਹਿਬ, ਸਫਾ ੨੫੧
5. ਉਹੀ-ਸਫਾ ੩੫੩-੫੫
6. ਜੱਸ ਜੀਵਨ (ਜਿਲਦ ਦੂਜੀ)-ਸੰਤ ਤਰਨ ਸਿੰਘ ਵਹਿਮੀ, ੧੯੭੪, ਵਹਿਮੀ ਪਰਿਵਾਰ ਬੁੱਢੀ ਮਾੜੀ (ਸਿਰਸਾ), ਸਫਾ ੨੯੭

# ਰਾਜ-ਜੋਗੀ ਬਾਬਾ ਧਿਆਨ ਸਿੰਘ ਪੱਥਰਾਂ ਵਾਲੇ

ਲਾਹੌਰ ਸ਼ਹਿਰ ਜਿਸ ਬਾਰੇ ਇਹ ਕਹਿਆ ਜਾਂਦਾ ਹੈ ਕਿ ਜਿਹਨੇ ਲਾਹੌਰ ਨਹੀਂ ਵੇਖਿਆ ਉਹ ਜੰਮਿਆ ਹੀ ਨਹੀਂ। ਇਸ ਸ਼ਹਿਰ ਨੇ ਹਿੰਦੂ, ਇਸਲਾਮੀ ਅਤੇ ਸਿੱਖ ਸੰਸਕ੍ਰਿਤੀਆਂ ਦਾ ਪ੍ਰਭਾਵ, ੧੯੪੭ ਤੱਕ ਸੰਭਾਲ ਕੇ ਰੱਖਿਆ ਸੀ। ਅੰਗਰੇਜ਼ਾਂ ਦੀ ਆਮਦ ਬਾਅਦ ਇੱਥੇ ਇਸਾਈ ਜੀਵਨ ਜਾਚ ਅਤੇ ਰਹਿਣ ਸਹਿਣ ਦਾ ਪ੍ਰਚਲਨ ਵੀ ਹੋਇਆ। ਮਿਸਲਾਂ ਦੇ ਰਾਜ ਕਾਜ ਸਮੇਂ ਇਹ ਸ਼ਹਿਰ ਭੰਗੀ ਸਰਦਾਰਾਂ ਦੇ ਅਧੀਨ ਰਿਹਾ ਅਤੇ ੧੭੯੯ ਈ. ਵਿਚ, ਮਹਾਂਬਲੀ ਰਣਜੀਤ ਸਿੰਘ ਇਸਦਾ ਹੁਕਮਰਾਨ ਬਣਿਆ। ਪੂਰੀ ਅੱਧੀ ਸਦੀ ਇਹ ਸਾਂਝੇ ਪੰਜਾਬੀ ਰਾਜ ਦਾ ਕੇਂਦਰੀ ਸਥਾਨ ਬਣਿਆ ਰਿਹਾ। ਇਸਲਾਮੀ ਸ਼ਾਸਨ ਤਹਿਤ ਲਾਹੌਰ ਦਾ ਸੂਬਾ ਪੰਜਾਬ ਦਾ ਪਰਮੁੱਖ ਸੂਬਾ ਸੀ। ਅੰਗਰੇਜ਼ ਰਾਜ ਦੇ ਸਮੇਂ ਕੌਮੀ, ਆਜ਼ਾਦੀ ਲਈ ਚਲੀਆਂ ਵੱਖ-ਵੱਖ ਰੰਗਾਂ ਦੀਆਂ ਲਹਿਰਾਂ ਦਾ, ਇਹ ਮਰਕਜ਼ ਵੀ ਰਿਹਾ ਅਤੇ ਸਤਿਗੁਰੂ ਰਾਮ ਸਿੰਘ ਜੀ ਨੇ ਸੈਨਿਕ ਜੀਵਨ ਦੇ ੯-੧੦ ਸਾਲ ਵੀ ਇੱਥੇ ਹੀ ਬਤੀਤ ਕੀਤੇ। ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਦੇਵ ਜੀ ਤੋਂ ਲੈ ਕੇ, ਅਠਾਰਵੀਂ ਸਦੀ ਦੇ ਸਿੱਖ ਸੂਰਮਿਆਂ ਅਤੇ ਸਾਡੇ ਬਰਤਾਨਵੀ ਬਸਤੀਵਾਦ ਵਿਰੋਧੀ ਮੁਕਤੀ ਸੰਗਰਾਮ ਦੇ, ਸ਼ਹੀਦੇ ਆਜ਼ਮ ਭਗਤ ਸਿੰਘ ਆਦਿਕ, ਇਸੇ ਸ਼ਹਿਰ ਦੀਆਂ ਵੱਖ-ਵੱਖ ਕਤਲਗਾਹਾਂ ਵਿਚ, ਸਿਰ ਉੱਚਾ ਚੁੱਕ ਕੇ ਪੰਜਾਬੀਆਂ ਦੁਆਰਾ, ਆਪਣੇ ਕਾਤਲਾਂ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਝਾਕਣ ਦਾ, ਅਨੋਖਾ ਦਸਤੂਰ ਵੀ ਇੱਥੇ ਸਿਰਜ ਗਏ। ਕੂਕਾ ਲਹਿਰ ਦੇ ਇਸ ਸ਼ਹਿਰ ਦੇ ਪਹਿਲੇ ਸ਼ਹੀਦ ਭਾਈ ਬਿਸ਼ਨ ਸਿੰਘ ਸਰਾਫ ਨੇ ਵੀ ਕੌਮੀ ਅਣਖ ਲਈ, ਇੱਥੇ ਜਾਨ ਵਾਰੀ ਸੀ। ਜਿੱਥੋਂ ਦੇ ਡੱਬੀ ਬਾਜ਼ਾਰ ਵਿਚ ਸਥਿਤ ਉਸਦਾ ਮਕਾਨ ਸ਼ਹੀਦ ਦੀ ਮਾਤਾ ਨੇ, ਉਨ੍ਹੀਵੀਂ ਸਦੀ ਦੇ ਅਠਵੇਂ ਦਹਾਕੇ ਵਿਚ ਨਾਮਧਾਰੀ ਧਰਮਸ਼ਾਲਾ ਵਿਚ, ਬਦਲ ਦਿੱਤਾ ਸੀ। ਜਿੱਥੇ ਸੰਗਤਾਂ ਆਉਂਦੀਆਂ, ਜਾਂਦੀਆਂ, ਟਿਕਦੀਆਂ ਸਨ। ਇਸੇ ਤਰ੍ਹਾਂ ਲਾਹੌਰ ਨਿਵਾਸੀ ਭਾਈ ਦੇਵਾ ਸਿੰਘ ਦਾ ਕਾਰਖਾਨਾ ਵੀ ਆਈਆਂ ਸੰਗਤਾਂ ਨੂੰ ਝੱਲਦਾ ਰਿਹਾ। ਭਾਈ ਦੇਵਾ ਸਿੰਘ ਸਤਿਗੁਰੂ ਰਾਮ ਸਿੰਘ ਦੇ ਸਮੇਂ ਅਤੇ ਗੁਰੂ ਹਰੀ ਸਿੰਘ ਕਾਲ ਵਿਚ ਵੀ ਲਾਹੌਰ ਦਾ ਪਰਮੁੱਖ ਕੂਕਾ ਆਗੂ ਸੀ। ਉਸ ਬਾਰੇ ਸਰਕਾਰੀ ਸੂਚੀ ਇਹ ਜਾਣਕਾਰੀ ਦਿੰਦੀ ਹੈ-"ਸੋਭਾ ਸਿੰਘ ਦਾ ਪੁੱਤਰ ਦੇਵਾ ਸਿੰਘ ਸੂਬਾ, ਜ਼ਾਤ ਦਾ ਕਾਰੀਗਰ ਸੀ, ਲਾਹੌਰ ਸ਼ਹਿਰ ਵਿਚ ਰਹਿੰਦਾ ਸੀ। ਉਸਦਾ ਰੰਗ ਗੋਰਾ, ਨੇਤਰ ਛੋਟੇ, ਸੱਜੀ ਨਾਸਿਕਾ ਵਿਚ ਛੇਕ ਹੋਇਆ ਸੀ। ਲੰਮਾ ਚਿੱਟਾ ਦਾਹੜਾ ਕੱਦ ਲੰਮਾ, ਜੁੱਸਾ ਪਤਲਾ, ਉਮਰ ੫੮ ਦੇ ਕਰੀਬ ਸੀ। ਸੰਨ ੧੮੭੧ ਈ. ਵਿਚ ਗੁਰੂ ਰਾਮ ਸਿੰਘ ਜੀ ਨੇ ਇਸ ਨੂੰ ਸੂਬਾ ਥਾਪਿਆ। ਮਈ ੧੮੭੨ ਵਿਚ ਉਸਨੂੰ ਹੋਰ ਕੂਕਿਆਂ ਨਾਲ ਸਰਕਾਰੀ ਹੁਕਮਾਂ ਦੀ ਉਲੰਘਣਾ ਕਰਨ ਭਾਵ ਬਾਗੀ ਕੂਕਿਆਂ ਦਾ

ਕੋਈ ਇਕੱਠ ਕਰਨ ਸਦਕਾ, ਦੋ ਮਹੀਨੇ ਸਖ਼ਤ ਕੈਦ ਦੀ ਸਜ਼ਾ ਕੱਟਣੀ ਪਈ ਸੀ। ਉਹ ਆਪਣੇ ਸਹਿਧਰਮੀਆਂ ਤੇ ਚੋਖਾ ਪ੍ਰਭਾਵ ਰੱਖਦਾ ਹੈ ਪ੍ਰੰਤੂ ਸ਼ਾਂਤ ਅਤੇ ਚੰਗੇ ਵਿਹਾਰ ਵਾਲਾ ਮਨੁੱਖ ਹੈ। ਦੇਸ਼ ਦੇ ਸਾਰੇ ਭਾਗਾਂ ਤੋਂ ਕੂਕੇ ਉਸ ਪਾਸ ਆਉਂਦੇ ਹਨ। ਉਹ ਖਾਲਸਾ ਰਾਜ ਦੀ ਪੁਨਰ ਸਥਾਪਨਾ ਬਾਰੇ ਭਵਿਖਬਾਣੀਆਂ ਕਰਦਾ ਰਹਿੰਦਾ ਹੈ।"[1]

ਇਸ ਸ਼ਹਿਰ ਵਿਚ ਉਸ ਸਮੇਂ (੧੮੯੦ ਦੇ ਲਾਗੇ ਚਾਗੇ) ਦੀਵਾਨ ਬੂਟਾ ਸਿੰਘ, ਉਸਦੇ ਪ੍ਰੈਸ ਵਿਚ ਕੰਮ ਕਰਨ ਵਾਲਾ ਹਰਨਾਮ ਸਿੰਘ, ਸੂਬਾ ਰਾਜਾ ਸਿੰਘ ਤਰਾਂਡੀ ਦਾ ਜੁਆਈ ਇੰਦਰ ਸਿੰਘ ਕੰਘੇ ਬਨਾਉਣ ਵਾਲਾ ਤੇ ਨਾਮਧਾਰੀ ਧਰਮਸ਼ਾਲਾ ਦਾ ਗਰੰਥੀ ਮੱਖਣ ਸਿੰਘ ਮਹੰਤ, ਉਪਰੋਕਤ ਸੂਚੀ ਮੁਤਾਬਿਕ ਹੋਰ ਜ਼ਿਕਰਯੋਗ ਕੂਕੇ ਆਗੂ ਹਨ। ਮੱਖਣ ਸਿੰਘ ਦਿਸੰਬਰ ੧੮੯੦ ਵਿਚ ਗੁਰੂ ਹਰੀ ਸਿੰਘ ਦੇ ਦਰਸ਼ਨਾਂ ਨੂੰ ਭੈਣੀ ਸਾਹਿਬ ਵੀ ਗਿਆ ਸੀ ਦਸਤਾਵੇਜ਼ਾਂ ਮੁਤਾਬਿਕ। ਇਹਨਾਂ ਪਹਿਲੇ ਪੂਰ ਦੇ ਕੂਕਾ ਮੁਖੀਆਂ ਵਿਸ਼ੇਸ਼ ਕਰ ਭਾਈ ਦੇਵਾ ਸਿੰਘ ਹੋਰਾਂ ਦੇ ਚਲਾਣੇ ਤੋਂ ਬਾਅਦ, ਲਾਹੌਰ ਦਾ ਪਰਮੁੱਖ ਕੂਕਾ ਮੁਖੀ ਧਿਆਨ ਸਿੰਘ ਸੀ। ਜਿਸਨੇ ਨਾਮ ਦੀ ਦਾਤ ਤਾਂ ਸਤਿਗੁਰੂ ਰਾਮ ਸਿੰਘ ਜੀ ਤੋਂ ਪ੍ਰਾਪਤ ਕੀਤੀ ਸੀ ਪਰ ਉਸ ਨੇ ਆਪਣੇ ਪੰਥ ਦੀ ਜ਼ਿਆਦਾ ਸੇਵਾ ਗੁਰੂ ਹਰੀ ਸਿੰਘ ਜੀ ਅਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਵਿਚ ਨਿਬਾਹੀ ਅਤੇ ਸੇਵਾ, ਸਿੱਖੀ ਪ੍ਰਚਾਰ ਦੀ ਜੋ ਲਗਨ ਉਸਨੂੰ ਲਾਹੌਰ ਰਹਿੰਦਿਆਂ, ਭਾਈ ਦੇਵਾ ਸਿੰਘ ਹੋਰਾਂ ਤੋਂ ਲੱਗੀ ਸੀ ਉਸਨੂੰ ਹੋਰ ਵਿਸਥਾਰਿਆ।

ਭਾਈ ਧਿਆਨ ਸਿੰਘ ਮੂਲ ਰੂਪ ਵਿਚ ਪਿੰਡ ਛੋਟੀਆਂ ਗਲੋਟੀਆਂ, ਜ਼ਿਲ੍ਹਾ ਸਿਆਲਕੋਟ ਦੇ ਰਹਿਣ ਵਾਲੇ ਸਨ। ਆਪ ਦਾ ਜਨਮ ੧੯੧੦ ਬਿਕਰਮੀ ਨੂੰ ਦੁਸਹਿਰੇ ਵਾਲੇ ਦਿਨ ਅੰਮ੍ਰਿਤ ਵੇਲੇ ਪਿਤਾ ਸ. ਬੂਟਾ ਸਿੰਘ ਅਤੇ ਮਾਤਾ ਹਰ ਕੌਰ ਦੇ ਘਰ ਹੋਇਆ।[2] ਇਹ ਪਿੰਡ ਡਸਕੇ ਤੋਂ ੩ ਮੀਲ ਅਤੇ ਗੁਜਰਾਂਵਾਲੇ ਤੋਂ ੧੨ ਮੀਲ ਦੀ ਵਿੱਥ ਤੇ ਸੀ। ਪਿੰਡ ਦੇ ਨਾਮਕਰਣ ਬਾਰੇ ਇਹ ਕਥਾ ਪ੍ਰਚਲਿਤ ਹੈ—"ਕਿਸੇ ਸੌਖੇ ਸੱਜਣ ਦੀਆਂ ਦੋ ਧੀਆਂ ਸਨ। ਦੋਹਾਂ ਦਾ ਨਾਂ ਇਕੋ ਸੀ। ਵੱਡੀ ਨੂੰ 'ਵੱਡੀ ਗਲ੍ਹੋਟੀ' ਅਤੇ ਛੋਟੀ ਨੂੰ "ਛੋਟੀ ਗਲ੍ਹੋਟੀ" ਕਹਿੰਦੇ ਸਨ, ਸ਼ਾਇਦ ਜੌੜੀਆਂ ਸਨ। ਜਦੋਂ ਮੁਟਿਆਰ ਹੋਈਆਂ ਤਾਂ ਦੋਹਾਂ ਦਾ ਵਿਆਹ ਇਕੋ ਵਾਰੀ ਕੀਤਾ ਗਿਆ। ਲਾਡਲੀਆਂ ਧੀਆਂ ਨੂੰ ਦਾਜ ਵਿਚ ਇਕ ਇਕ ਬਸਤੀ ਮਿਲੀ। ਲੋਕ ਇਹਨਾਂ ਬਸਤੀਆਂ ਨੂੰ ਵੱਡੀ ਤੇ ਛੋਟੀ ਗਲ੍ਹੋਟੀ ਕਹਿਣ ਲੱਗ ਪਏ। ਹੌਲੀ-ਹੌਲੀ ਇਹ ਬਸਤੀਆਂ ਪਿੰਡ ਬਣ ਗਈਆਂ ਤੇ ਇਹਨਾਂ ਦਾ ਨਾਂ ਵੀ ਵੱਡੀਆਂ ਤੇ ਛੋਟੀਆਂ ਗਲ੍ਹੋਟੀਆਂ ਪੈ ਗਿਆ।"[3]

ਗਲ੍ਹੋਟੀਆਂ ਦੇ ਨੇੜਲੇ ਸ਼ਹਿਰ ਡਸਕੇ ਦੇ ਨਾਮਕਰਣ ਦੀ ਵਜ੍ਹਾ ਵੀ ਮੈਂ ਆਪਣੇ ਪਿੰਡ ਦੇ ਇਕ ਬਜ਼ੁਰਗ ਸਰਦਾਰਾ ਸਿੰਘ ਤੋਂ ਜਿਵੇਂ ਸੁਣੀ ਲਿਖ ਰਿਹਾ ਹਾਂ ਤਾਂ ਕਿ ਚੇਤਿਆਂ 'ਚੋਂ ਅਲੋਪ ਨਾ ਹੋ ਜਾਏ। ਡਸਕੇ ਤੋਂ ਸਿਆਲਕੋਟ, ਗੁਜਰਾਂਵਾਲਾ, ਸੰਧੂਆਂ ਦਾ ਵਡਾਲਾ ਅਤੇ ਸੰਭੜਿਆਲ ਇਹ ਸਾਰੇ ਸ਼ਹਿਰ ਕਸਬੇ, ਦਸ ਦਸ ਕੋਹ ਦੀ ਵਿੱਥ ਤੇ ਸਨ। ਇਸ ਲਈ ਇਸਨੂੰ ਪਹਿਲਾਂ 'ਦਸਕੋਹਾ' ਕਹਿੰਦੇ ਸਨ ਜਿਹੜਾ ਵਿਗੜ ਕੇ 'ਡਸਕਾ' ਬਣ ਗਿਆ।

੧੯੬੮ ਈ. ਦਾ ਦੀਪਮਾਲਾ ਦਾ ਮੇਲਾ ਅੰਮ੍ਰਿਤਸਰ ਮਨਾ ਕੇ ਸਤਿਗੁਰੂ ਰਾਮ ਸਿੰਘ ਜੀ ਭਸੀਣ ਪਿੰਡ ਹੁੰਦੇ ਹੋਏ ਲਾਹੌਰ ਬਾਉਲੀ ਸਾਹਿਬ ਵਿਚ ਉੱਤਰੇ ਜਾਂ ਦੀਵਾਨ ਲੱਗਾ ਤਾਂ ਲੋਕ ਸੁਣ ਸੁਣ ਕੇ ਦਰਸ਼ਨ ਨੂੰ ਔਂਦੇ ਹੈਂ। ਸੁਣ ਕੇ ਦੇਵਾ ਸਿੰਘ ਲਾਹੌਰ ਕਾ ਭੀ ਆਇਆ। ਦਰਸਨ ਕੀਤਾ ਤੇ ਭਜਨ ਲਿਆ। ਨਿਸਚਾ ਹੋਇਆ ਜੋ ਪੂਰਨ ਗੁਰੂ ਹੈਨ। ਜਿਸ ਗੁਰੂ ਜੀ ਕੀ ਉਪਮਾ ਗ੍ਰੰਥ ਸਾਹਿਬ ਵਿਚ ਲਿਖੀ ਹੈ। ਸਾਖੀਆਂ ਵਿਚ ਲਿਖਾ ਹੈ– ਕਲਜੁਗ ਤੇ ਸਤਿਜੁਗ ਕਰ ਠਾਨੋ, ਤਬੀ ਬਾਰ੍ਹਵਾਂ ਬਪੁ ਪਹਚਾਨੋ। ਮੁਸਲਮਾਨਾਂ ਪਾਸ ਜਾ ਕੇ ਗੁਰੂ ਜੀ ਬਚਨ ਕੀਤਾ...ਦੇਖੋ ਅਸੀਂ ਹਰੇਕ ਜੀਵ ਕਾ ਭਲਾ ਕਰਦੇ ਹਾਂ। ਫਰੰਗੀ ਏਸ ਦੇਸੋਂ ਚਲੇ ਜਾਣਗੇ। ਪਾਛੇ ਖੜਕੇਗਾ ਪੌਲਾ ਅੱਗੇ ਜਿਸ ਕੋ ਦੇਵੇ ਮੌਲਾ।"[4]

ਇਸ ਸਮੇਂ ਕੂਕਿਆਂ ਬਾਰੇ ਇਹ ਭੰਡੀ ਪ੍ਰਚਾਰ ਚੱਲ ਰਿਹਾ ਸੀ ਕਿ ਕੂਕਾ ਗੁਰੂ, ਕਿਸੇ ਸੱਯਦਾਨੀ ਤੋਂ ਲਿਆ ਕਲਾਮ ਕੰਨ ਵਿਚ ਫੂਕਦਾ ਹੈ ਜਿਸ ਨਾਲ ਸਬੰਧਿਤ ਵਿਅਕਤੀ ਨੂੰ ਹਾਲ ਪੈ ਜਾਂਦਾ ਹੈ। ਬੇਸ਼ਕ ਇਸ ਝੂਠ ਦਾ ਪਰਦਾ ਗਿਆਨੀ ਗਿਆਨੀ ਸਿੰਘ ਹੋਰਾਂ ਆਪਣੀ ਪਰਸਿੱਧ ਰਚਨਾ, ਪੰਥ ਪ੍ਰਕਾਸ਼ ਵਿਚ ਕੂਕਿਆਂ ਨਾਲ ਸਬੰਧਿਤ ਕਬਿੱਤਾਂ ਦੀ ਇਸ ਤੁਕ ਵਿਚ ਫਾਸ਼ ਕਰ ਦਿਤਾ ਸੀ। "ਕੋਊ ਜੋ ਕਹਿਤ ਥੇ ਕਲਾਮ ਦੇਤ ਸੱਯਦਾਨੀ, ਸੋਊ ਸਭ ਕੂਰ ਹਮ ਪੇਖਿਓ ਅਜ਼ਮਾਇ ਕੈ।" ਬਾਬਾ ਧਿਆਨ ਸਿੰਘ ਦਾ ਪਿਤਾ ਬਾਬਾ ਬੂਟਾ ਸਿੰਘ ਵੀ ਆਪਣੇ ਪਿੰਡੋਂ, ਬਾਲਕ ਧਿਆਨ ਸਿੰਘ ਨੂੰ ਲੈ ਕੇ, ਬਦਾਮੀ ਬਾਗ ਵਿਚ ਜਿੱਥੇ ਸਤਿਗੁਰਾਂ ਦਾ ਦੀਵਾਨ ਲੱਗਾ ਸੀ ਪੁੱਜਦਾ ਹੈ। ਉਹ ਵੀ ਉਪਰੋਕਤ ਭਰਮ ਦਾ ਸ਼ਿਕਾਰ ਸੀ ਕਿ ਕੂਕੇ ਕੋਈ ਮੁਸਲਮਾਨੀ ਕਲਾਮ ਦਿੰਦੇ ਹਨ। ਸੋ ਹੋਰ ਕਈ ਸਿੰਘਾਂ ਸਮੇਤ ਉਹ ਵੀ ਹਿਚਕਿਚਾ ਰਿਹਾ ਹੈ ਕਿ ਕਲਾਮ ਪੁੱਛ ਕੇ ਗੁਰੂ ਤੋਂ ਬੇਮੁੱਖ ਕਿਉਂ ਹੋਈਏ। ਇਸ ਹਿਚਕਚਾਹਟ ਦਾ ਹੱਲ ਕੱਢਣ ਲਈ ਉਹਨਾਂ ਸੋਚਿਆ ਕਿ ਆਪਣੇ ਲੜਕੇ ਨੂੰ ਜੋ ਨਾਬਾਲਿਗ ਸੀ ਇਹ ਨਾਮ ਲੈਣ ਭੇਜਿਆ ਜਾਵੇ। ਜੇ ਨਾਮ ਗੁਰੂਆਂ ਵਾਲਾ ਹੋਇਆ ਤਾਂ ਆਪਾਂ ਵੀ ਲੈ ਲਵਾਂਗੇ, ਨਹੀਂ ਤਾਂ ਬੱਚੇ ਨੂੰ ਕੀ ਫ਼ਰਕ ਪੈਣ ਲੱਗਾ ਹੈ।

"ਲਾਹੌਰ ਮੇਂ ਕਈ ਸਿੰਘਾਂ ਨੇ ਸਲਾਹ ਕੀਤੀ ਜੋ ਨਿੱਕਾ ਮੁੰਡਾ ਪੈਹਲੇ ਭੇਜਦੇ ਹਾਂ। ਭਾਈ ਧਿਆਨ ਸਿੰਘ ਨਾਮੇ ਭੇਜਿਆ। ਛੋਟਾ ਮੁੰਡਾ ਸਾਮ੍ਹਣੇ ਜਾਇ ਕੇ ਕੈਹਣੇ ਲੱਗਾ ਜੀ ਮੈਂ ਭਜਨ ਲੈਣਾ ਹੈ। ਝੱਟ ਭਜਨ ਦੇ ਦਿਤਾ ਜਾਂ ਸੁਣ ਕੇ ਆਇਆ ਤਾਂ ਪਿਤਾ ਅਤੇ ਹੋਰ ਸਨਬੰਧੀ ਪੁੱਛਣ ਤਾਂ ਕੈਹਣੇ ਲੱਗਾ ਤੁਸੀਂ ਆਪ ਜਾ ਕੇ ਪੁੱਛ ਲਵੋ। ਹੱਕੇ ਬੱਕੇ ਰਹਿ ਗਏ ਕਿ ਦੇਖੋ ਇਸ ਇਵਾਣੇ ਕੋ ਖ਼ਬਰ ਨਹੀਂ ਕੀ ਦੱਸਿਆ ਹੈ ? ਸਖਾਲ ਕੇ ਭੇਜਿਆ ਸੀ ਪਰ ਦੱਸਦਾ ਨਹੀਂ ਹੈ। ਸਭ ਅਸਚਰਜ ਹੋਏ।"[5]

ਭਾਈ ਧਿਆਨ ਸਿੰਘ ਦਾ ਇਕ ਬਾਬੇ ਦਾ ਭਰਾ ਗੁਰਦਿੱਤਾ ਸੀ। ਉਸਨੇ ਵੀ ਸਤਿਗੁਰੂ ਰਾਮ ਸਿੰਘ ਜੀ ਤੋਂ ਨਾਮ ਦੀ ਦਾਤ ਹਾਸਲ ਕੀਤੀ ਸੀ। ਨਾਮਧਾਰੀ ਇਤਿਹਾਸ ਲੇਖਕ, ਭਾਈ ਸੰਤੋਖ ਸਿੰਘ ਬਾਹੋਵਾਲ, ਗੁਰਦਿੱਤੇ ਦੇ ਨਾਮਧਾਰੀ ਬਨਣ ਦੀ ਦਿਲਚਸਪ ਕਥਾ ਇਉਂ ਬਿਆਨ ਕਰਦੇ ਹਨ—"ਏਕ ਕਾਰੀਗਰ ਕੋ ਏਹ ਸੰਕਲਪ ਹੋਇਆ ਕਿ ਜੇਕਰ ਸੱਚਾ ਗੁਰੂ ਹੈ ਤਾਂ ਮੈਨੂੰ ਏਥੇ ਬੈਠੇ ਨੂੰ ਭਜਣ ਦੇਣਗੇ। ਹਲਟ ਕੀ ਗਾਧੀ ਵਾਹੁੰਦਾ

ਸੀ। ਅੰਤਰਯਾਮੀ ਗੁਰੂ ਜੀ ਉਸੀ ਖੂਹ ਪਰ ਗਏ ਪਿੰਡ ਛੋਟੀਆਂ ਗਲ੍ਹੋਟੀਆਂ। ਸਿੰਘ ਦਾ ਨਾਮ ਗੁਰਦਿੱਤਾ ਸੀ। ਗਾਧੀ ਪਰ ਬੈਠੇ ਕੋ ਬਚਨ ਕੀਤਾ ਤੈਨੇ ਗਾਂਧੀ ਪਰ ਭਜਨ ਲੈਣਾ ਹੈ ਬੈਠੇ ਬਠਾਏ ਨੇ ? ਉਸ ਕੋ ਸੂਤਰ ਹੋਇ ਗਿਆ। ਗੁਰੂ ਜੀ ਕੀ ਚਰਨੀਂ ਜਾਇ ਲੱਗਾ ਅਤੇ ਭਜਨ ਲੇ ਲਿਆ। ਕਈਆਂ ਨੇ ਭਜਨ ਲੀਤੇ। ਅਰਜ ਕੀਤੀ ਜੀ ਏਸ ਖੂਹ ਪਰ ਕੰਡਿਆਲੀ ਬਹੁਤ ਹੁੰਦੀ ਹੈ, ਫਸਲ ਮਾਰ ਲੈਂਦੀ ਹੈ।...ਫੇਰ ਨਹੀਂ ਉੱਥੇ ਕੰਡਿਆਲੀ ਹੋਈ...। ਕਈ ਸਿੰਘ ਸਜਾਏ ਉਸ ਪਿੰਡ।"[6]

ਸਤਿਗੁਰੂ ਜੀ ਤਿੰਨ ਦਿਨ ਰਹੇ। ਇਹ ਤਿੰਨੇ ਦਿਨ ਛੋਟੀਆਂ ਗਲ੍ਹੋਟੀਆਂ ਵਿਚ ਭਾਈ ਗੁਰਦਿੱਤ ਸਿੰਘ ਨੇ ਸਾਧ ਸੰਗਤ ਦੀ ਲੰਗਰ ਪਾਣੀ ਦੀ ਸੇਵਾ ਕੀਤੀ। ਇਸ ਤੋਂ ਇਲਾਵਾ ਬਦਾਮੀ ਬਾਗ ਲਾਹੌਰ ਵਿਖੇ ਪਿਤਾ ਬੂਟਾ ਸਿੰਘ ਅਤੇ ਹੋਰ ਸੰਗਤਾਂ ਨੇ ਜਦ ਬਾਲਕ ਨੂੰ ਪੁਛਿਆ ਕਿ ਦੱਸ ਉਹ ਕੀ ਨਾਮ ਦਿੰਦੇ ਹਨ ਤਾਂ ਧਿਆਨ ਸਿੰਘ ਦਾ ਜੁਆਬ ਦੇਣ ਦਾ ਇਹ ਮਤਲਬ ਵੀ ਸੀ ਕਿ ਸਤਿਗੁਰੂ ਜੀ ਤੋਂ ਨਾਮ ਲਏ ਬਿਨਾਂ, ਇਹਨਾਂ ਦਾ ਨਿਸਤਾਰਾ ਨਹੀਂ ਹੋਣਾ। ਨਾਲੇ ਨਾ ਦੱਸਣ ਦਾ ਹੁਕਮ ਵੀ ਮੰਨਣਾ ਸੀ। ਜਦੋਂ ਸ. ਬੂਟਾ ਸਿੰਘ ਨੇ ਸਤਿਗੁਰੂ ਜੀ ਨੂੰ ਨਾਮ ਲਈ ਬੇਨਤੀ ਕੀਤੀ ਤਾਂ ਆਪ ਨੇ ਕਿਹਾ ਕਿ ਜਿਹੜਾ ਪਹਿਲਾਂ ਜਪਦੇ ਹੋ, ਉਹੀ ਜਪਦੇ ਰਹੋ। ਉਹ "ਸੋਹੰ" ਦਾ ਜਾਪ ਕਰਦੇ ਸੀ। ਪਰ ਹੁਣ ਮਨ ਇਸ ਵਿਚ ਨਹੀਂ ਸੀ ਖੁਭ ਰਿਹਾ। ਸੂਬਾ ਬ੍ਰਹਮਾ ਸਿੰਘ ਤੋਂ, ਨਾਮ ਦੀ ਦਾਤ ਪ੍ਰਾਪਤ ਕਰਕੇ, ਉਹ ਸਤਿਗੁਰੂ ਜੀ ਦੇ ਝੰਡੇ ਹੇਠ ਪੱਕੀ ਤਰ੍ਹਾਂ ਆ ਗਏ।

ਭਾਈ ਧਿਆਨ ਸਿੰਘ ਦਾ ਪਹਿਲਾ ਨਾਮ ਰਾਮ ਸਿੰਘ ਸੀ। ਆਪਦੀ ਪਹਿਲੀ ਸ਼ਾਦੀ ਲੋਪੋਕੇ (ਅੰਮ੍ਰਿਤਸਰ) ਦੇ ਨਾਮਧਾਰੀ ਸਿੰਘਾਂ ਵੱਲ ਹੋਈ। ਉਹਨਾਂ ਨੇ ਕਿਹਾ, "ਕਾਕਾ ਇਹ ਨਾਮ ਤਾਂ ਸਤਿਗੁਰੂ ਜੀ ਦਾ ਹੈ। ਇਸ ਲਈ ਤੁਸੀਂ ਆਪਣਾ ਨਾਮ ਬਦਲ ਲਵੋ।" ਸੱਤ ਬਚਨ ਕਹਿ ਕੇ ਉਹਨਾਂ ਨੇ ਆਪਣਾ ਨਾਮ ਧਿਆਨ ਸਿੰਘ ਰੱਖ ਲਿਆ। ਆਪ ਦੇ ਦਾਦੇ ਦਾ ਭਰਾ ਗੁਰਦਿੱਤਾ ਜੋ ਕੂਕਾ ਬਨਣ ਤੋਂ ਪਹਿਲਾਂ ਖੂਹ ਦੀ ਗਾਧੀ ਤੇ ਬੈਠਾ ਹੁੱਕਾ ਪੀ ਪੀ ਕੇ ਉਘਲਾਉਂਦਾ ਰਹਿੰਦਾ ਸੀ, ਹੁਣ ਉਸਨੇ ਹੁੱਕੀ ਖੂਹ ਦੇ ਚੰਨੇ ਨਾਲ ਮਾਰ ਕੇ ਭੰਨ ਦਿੱਤੀ। ਨਾਮਬਾਣੀ ਦੀ ਲਗਨ ਤੇ ਸਵਖਤੇ ਉੱਠ ਕੇ ਇਸ਼ਨਾਨ ਕਰਨ ਨਾਲ, ਸਰੀਰ ਵਿਚ ਉੱਦਮ ਪਰਵੇਸ਼ ਕਰ ਗਿਆ। ਕਸੀਏ ਕਹੀਆਂ, ਜੁੜੇ ਸਤਿਸੰਗੀ, ਨਾਮਬਾਣੀ ਤੋਂ ਬਾਅਦ ਚਲਾਉਣ ਲੱਗ ਪਏ। ਇਉਂ ਖੂਹ ਦਾ ਰਕਬਾ ਪੋਹਲੀ ਤੋਂ ਮੁਕਤ ਕਰਕੇ, ਸਿੱਖਾਂ ਨੇ ਸਤਿਗੁਰਾਂ ਦੇ ਬਚਨ ਦੀ ਪਾਲਣਾ ਕੀਤੀ।

ਛੋਟੀਆਂ ਗਲ੍ਹੋਟੀਆਂ ਤੋਂ ਉੱਠ ਕੇ, ਵਰਲਡ ਬੈਂਕ ਵਿਚ ੧੯੬੨ ਵਿਚ ਨੌਕਰੀ ਲੱਗਣ ਵਾਲਾ ਪਹਿਲਾ ਸਿੱਖ ਸ. ਸ਼ਮਸ਼ੇਰ ਸਿੰਘ ਬੱਬਰਾ (ਜਾਂ ਬਮਰਾਹ ?), ਉੱਥੋਂ ਹੀ ਸੇਵਾ ਮੁਕਤ ਹੋ ਕੇ ਵਾਸ਼ਿੰਗਟਨ ਵਿਚ ਰਹਿ ਰਿਹਾ ਹੈ। ਉਹਨੇ ਆਪਣੇ ਪਿੰਡ ਬਾਰੇ ਬੜੀ ਸ਼ਾਨਦਾਰ ਕਿਤਾਬ ਲਿਖੀ ਹੈ। ਉਸ ਵਿਚੋਂ ਸਾਨੂੰ ਭਾਈ ਧਿਆਨ ਸਿੰਘ ਬੱਬਰਾ, ਰਾਮਗੜ੍ਹੀਏ ਸਿੰਘ ਬਾਰੇ, ਬੜੀ ਸਟੀਕ ਜਾਣਕਾਰੀ ਮਿਲਦੀ ਹੈ। ਸਤਿਜੁਗ ਦੇ ਆਲਿਮ ਜੀ ਵਾਲੇ ਲੇਖ ਨਾਲੋਂ, ਇਹਨਾਂ ਦੀ ਗੁਜ਼ਰਨ ਦੀ ਤਾਰੀਖ ੨ ਸਾਲ ਵੱਧ ਹੈ ਅਤੇ ਜਨਮ ਦੀ ੫ ਸਾਲ ਘੱਟ ਹੈ। ਖ਼ੈਰ ਵਾਕਿਅਤ ਪਿੰਡ ਦਾ ਬੰਦਾ ਲਿਖ ਰਿਹਾ ਹੈ ਭਾਵੇਂ ਉਸ ਦੇ

ਆਪਣੇ ਸਰੋਤ ਹੋਣਗੇ ਪਰ ਸਾਡੀ ਜਾਚੇ, ਆਲਿਮ ਜੀ ਦਾ ਵੀ ਧਿਆਨ ਸਿੰਘ ਪਰਿਵਾਰ ਪਾਸ ਲਾਹੌਰ ਲੰਘਦਿਆਂ ਟੱਪਦਿਆਂ ਆਮ ਆਉਣ ਜਾਣ ਸੀ। ਇਸ ਲਈ ਉਹਨਾਂ ਦੀ ਧਿਆਨ ਸਿੰਘ ਹੋਰਾਂ ਦੀ ਜਨਮ ਮ੍ਰਿਤੂ ਦੀ ਤਾਰੀਖ ੧੮੫੩-੧੯੩੬ ਹੀ ਸਹੀ ਮੰਨੀ ਜਾਣੀ ਚਾਹੀਦੀ ਹੈ। ਸਤਿਗੁਰਾਂ ਪਾਸੋਂ ਭਜਨ ਪੁੱਛਣ ਸਮੇਂ, ੧੮੬੮ ਵਿਚ ਧਿਆਨ ਸਿੰਘ ਦਾ ਭਰ ਗੱਭਰੂ ਨਾ ਹੋਣਾ ਵੀ, ਆਲਿਮ ਜੀ ਵਾਲੀਆਂ ਤਾਰੀਖਾਂ ਨੂੰ ਸਹੀ ਬੈਠਦਾ ਹੈ। ਬਬਰਾ ਜੀ ਦੇ ਸ਼ਬਦਾਂ ਵਿਚ—"ਧਿਆਨ ਸਿੰਘ ਪੱਥਰਾਂ ਵਾਲਾ (੧੮੪੮-੧੯੩੮) ਜਦੋਂ ਧਿਆਨ ਸਿੰਘ ਪੈਦਾ ਹੋਇਆ, ਕਿਧਰੇ ਵੀ ਕੋਈ ਸਕੂਲ ਨਹੀਂ ਸੀ। ਗੁਰਮੁਖੀ ਪੜ੍ਹਨੀ ਲਿਖਣੀ ਗੁਰਦੁਆਰੇ ਸਿੱਖ ਲਈ। ਟੱਬਰ ਦੀਆਂ ਕੁੜੀਆਂ ਘੋੜੀ ਗਾਉਂਦੀਆਂ ਹੁੰਦੀਆਂ ਸਨ—

"ਬੱਬਰਾ ਰਾਜੇ, ਹੇਠ ਘੋੜੇ ਤਾਜੇ
ਸੋਨੇ ਦੀਆਂ ਪੌੜੀਆਂ, ਚਾਂਦੀ ਦੇ ਦਰਵਾਜ਼ੇ।"

"ਧਿਆਨ ਸਿੰਘ ਨੇ ਇਹ ਸੱਚ ਕਰ ਵਿਖਾਇਆ। ਪੱਥਰਾਂ ਦਾ ਰਾਜਾ ਬਣ ਗਿਆ। ਲਾਹੌਰ ਹਵੇਲੀ ਵਿਚ ਘੋੜੇ, ਰੋਲਜ਼ ਰਾਇਸ ਕਾਰਾਂ, ਚਾਂਦੀ ਦੇ ਗਲਾਸ, ਕੌਲੀਆਂ ਤੇ ਥਾਲ। ਘਰ ਬਾਹਰ, ਥਾਂ-ਥਾਂ, ਲੰਗਰ ਦਿਨ ਰਾਤ ਚੱਲਦਾ। ਬਿਸ਼ਨਾ ਤੇ ਉਹਦਾ ਭਰਾ (ਗੁਰਦਿੱਤਾ) ਹਸਨੇ ਵਾਲੇ ਖੂਹ ਤੇ ਵਾਹੀ ਕਰਦੇ ਸਨ। (ਰਾਮਗੜ੍ਹੀਏ) ਸਿੱਖ ਸਨ ਪਰ ਗਾਧੀ ਤੇ ਬਹਿ ਕੇ ਹੁੱਕੀਂ ਪੀਣ ਦਾ ਬੜਾ ਸ਼ੌਕ ਸੀ। ੧੮੬੩ ਵਿਚ ਅਚਾਨਕ ਨਾਮਧਾਰੀ ਗੁਰੂ, ਬਾਬਾ ਰਾਮ ਸਿੰਘ ਖੂਹ ਤੇ ਆਏ। ਹੁੱਕੀਆਂ ਤੋੜ ਦਿੱਤੀਆਂ। ਫੇਰ ਗਿਆਨ ਦਿੱਤਾ, ਨਾਮ ਦਿੱਤਾ। ਬਿਸ਼ਨਾ ਤੇ ਪੁੱਤਰ ਬੂਟਾ ਨਾਮਧਾਰੀ ਬਣ ਗਏ। ਅਗਲੇ ਸਾਲ ਬੂਟਾ ਆਪਣੇ ਪੁੱਤਰ ਧਿਆਨ ਨੂੰ ਨਾਲ ਲੈ ਕੇ ਬਾਬਾ ਜੀ ਦੇ ਦਰਸ਼ਨ ਕਰਨ ਲਾਹੌਰ ਗਿਆ। ਧਿਆਨ ਤਾਂ ਮੁਰੀਦ ਬਣ ਗਿਆ। ਚਾਨਣਾ ਹੋ ਗਿਆ। ਲਾਹੌਰ ਹੀ ਰਹਿ ਪਿਆ।

"ਕਿਰਤ ਕਮਾਈ ਕਰਨੀ ਸੀ। ਧਿਆਨ ਨੇ ਕੁਝ ਚਿਰ ਰਾਜਗਿਰੀ ਕੀਤੀ। ਫੇਰ ਛੋਟੇ ਮੋਟੇ ਠੇਕੇ ਲਏ। ਉਹਨਾਂ ਦਿਨਾਂ ਵਿਚ ਸੱਖਰ ਦਾ ਮਹਾਨ ਪੁਲ ਤੇ ਉੱਥੋਂ ਨਹਿਰਾਂ ਕੱਢਣੀਆਂ ਸ਼ੁਰੂ ਹੋਈਆਂ। ਧਿਆਨ ਨੇ ਵੀ ਇਕ ਠੇਕਾ ਲੈ ਲਿਆ। ਨਿਤਨੇਮੀ ਦਾ ਅਸੂਲ ਸੀ 'ਹੱਥ ਕਾਰ ਵੱਲ ਤੇ ਦਿਲ ਯਾਰ ਵੱਲ।' ਧਿਆਨ ਦੀ ਚਿਣਾਈ ਵੇਖ ਕੇ ਸਾਰੇ ਦੰਗ ਰਹਿ ਗਏ। ਨਾਲੇ ਵਕਤ ਤੋਂ ਪਹਿਲਾਂ ਕੰਮ ਪੂਰਾ ਕਰ ਦੇਵੇ। ਦੂਜੇ ਸਾਲ ਦਰਿਆ ਸਿੰਧ ਵਿਚ ਅਚਾਨਕ ਹੜ੍ਹ ਆ ਗਿਆ। ਸਾਰੇ ਬੰਨ੍ਹ ਰੁੜ ਗਏ। ਹਰ ਇਕ ਠੇਕੇਦਾਰ ਨੇ ਕਲੇਮ ਦਰਜ ਕਰਵਾਇਆ, ਵਸੂਲੀ ਲਈ। ਧਿਆਨ ਨੇ ਕਲੇਮ ਨਾ ਕੀਤਾ। ਕਰਨਲ ਸਾਹਿਬ ਬੜਾ ਹੈਰਾਨ ਹੋਇਆ। ਕੰਮ ਦਾ ਮਾਹਿਰ ਤੇ ਵਸੂਲੀ ਨਹੀਂ ਮੰਗਦਾ। ਧਿਆਨ ਨੂੰ ਦਫਤਰ ਬੁਲਾਇਆ ਤੇ ਪੁੱਛਿਆ, "ਤੁਮਨੇ ਕਲੇਮ ਕਿਉਂ ਨਹੀਂ ਫਾਇਲ ਕੀਆ?" ਧਿਆਨ ਨੇ ਜਵਾਬ ਦਿੱਤਾ, "ਜਨਾਬ, ਕਲੇਮ ਕਿਸ ਬਾਤ ਕਾ? ਤੂਫਾਨ ਤੋਂ ਰੱਬ ਕਾ ਰੰਗ ਥਾ। ਮੈਂ ਰੱਬ ਕੀ ਰਜ਼ਾ ਕੇ ਖਿਲਾਫ਼ ਕਲੇਮ ਕਰੂੰ? ਮੈਂ ਮਾਮੂਲੀ ਇਨਸਾਨ ਹੂੰ। ਮੈਂ ਯੇਹ ਨਹੀਂ ਕਰ ਸਕਤਾ।" ਕਰਨੈਲ ਸਾਹਿਬ ਨੂੰ ਧਿਆਨ ਦੇ ਕੰਮ ਦਾ ਤਾਂ ਪਹਿਲਾਂ ਹੀ ਪਤਾ

ਸੀ। ਹੁਣ ਧਿਆਨ ਦੀ ਰੂਹਾਨੀ ਸਚਾਈ ਦਾ ਵੀ ਪਤਾ ਲੱਗਾ ਗਿਆ। ਧਿਆਨ ਨੂੰ ਠੇਕੇ ਤੇ ਠੇਕੇ ਦੇਣੇ ਸ਼ੁਰੂ ਕਰ ਦਿੱਤੇ। ਧਿਆਨ ਨੇ ਇੱਟਾਂ ਦੀ ਆਪਣੀ ਲੋੜ ਲਈ ਭੱਠੇ ਵੀ ਲਾ ਲਏ। ਦਿਆਨਤਦਾਰੀ ਨਾਲ ਬੜਾ ਪੈਸਾ ਬਣਾ ਲਿਆ।

"ਸੱਖਰ ਬਰਾਜ ਖ਼ਤਮ ਹੋਇਆ। ਲਾਹੌਰ ਮੁੜ ਆਇਆ। ਪੱਥਰਾਂ ਦੇ ਕੰਮ ਵਿਚ ਪੈਰ ਪਾ ਲਏ। ਅੰਗਰੇਜ਼ਾਂ ਦੀਆਂ ਕਬਰਾਂ ਤੇ ਪੱਥਰ ਲਾਉਣ ਦਾ ਠੇਕੇ ਲੈ ਲਾਇਆ। ਕੰਮ ਬੜਾ ਸੁਥਰਾ। ਫੇਰ ਚੀਫਜ਼ ਕਾਲਜ ਤੇ ਕੈਥੀਡਰਲ ਦਾ ਠੇਕਾ ਮਿਲ ਗਿਆ।...ਬੰਦਾ ਸਾਦਾ ਸੀ ਪਰ ਅੰਗਰੇਜ਼ ਅਫਸਰਾਂ ਦੇ ਨਾਲ ਮੀਟਿੰਗ ਹੋਵੇ ਤਾਂ ਆਪਣੀ ਰੋਲਜ਼ ਰਾਇਸ ਤੇ ਚੜ੍ਹ ਕੇ ਜਾਂਦਾ ਸੀ। ਦੂਰ ਦੀ ਸੋਚਦਾ ਸੀ ਭਾਵੇਂ ਅਨਪੜ੍ਹ ਸੀ। ਪੁੱਤਰ ਕਰਤਾਰ ਨੂੰ ਇਟਲੀ ਭੇਜਿਆ ਤਾਂ ਕਿ ਫੁਹਾਰਿਆਂ ਦੀ ਸਕਲਪਚਰਿੰਗ ਸਿੱਖ ਲਵੇ। ਕਰਤਾਰ ਫੁਹਾਰਿਆਂ ਦਾ ਮਾਹਰ ਬਣ ਗਿਆ। ਇਟਲੀ ਤੋਂ ਪੱਥਰ ਮੰਗਵਾਇਆ। ਲਾਹੌਰ ਕਿਲ੍ਹੇ ਦੇ ਸਾਹਮਣੇ ਤੇ ਫਿਰ ਲਾਇਲਪੁਰ ਫੁਆਰੇ ਬਣਾਏ। ਧਿਆਨ ਸਿੰਘ ਪੱਥਰਾਂ ਵਾਲੇ ਦਾ ਨਾਮ ਸਭ ਪਾਸੇ ਮਸ਼ਹੂਰ ਹੋ ਗਿਆ। ਭਾਟੀ ਦਰਵਾਜ਼ੇ (ਲਾਹੌਰ) ਬੜੀ ਵੱਡੀ ਹਵੇਲੀ ਬਣਾਈ। ਕਿਲ੍ਹੇ ਵਰਗਾ ਦਰਵਾਜ਼ਾ। ਥੱਲੇ, ਕਾਰਾਂ, ਘੋੜਿਆਂ ਦੀ ਥਾਂ, ਨਾਮਧਾਰੀਆਂ ਦੀ ਧਰਮਸ਼ਾਲਾ, ਦੂਜੀ ਮੰਜ਼ਿਲ ਤੇ ਮਹਿਮਾਨਾਂ ਦੀ ਰਹਾਇਸ਼ ਦੇ ਕਮਰੇ। ਤੀਜੀ ਮੰਜ਼ਿਲ ਤੇ ਟੱਬਰ।...

"ਲੰਗਰ ਦੀ ਸੇਵਾ ਵਿਚ ਨਾਮਧਾਰੀ ਸਭ ਤੋਂ ਅੱਗੇ ਸਨ। ਬਾਬੇ ਧਿਆਨ ਸਿੰਘ ਸਾਰਾ ਖਰਚਾ ਵੀ ਕਰਨਾ ਤੇ ਆਪ ਵੀ ਰਸੋਈ ਵਿਚ ਕੰਮ ਕਰਨਾ। ੧੯੧੨ ਦੀ ਸਿੱਖ ਐਜੂਕੇਸ਼ਨਲ ਕਾਨਫਰੰਸ ਦਾ ਸਾਰਾ ਪ੍ਰਬੰਧ ਕੀਤਾ। ਸਭ ਤੋਂ ਵੱਡਾ ਲੰਗਰ ੧੯੨੯ ਵਿਚ ਕੀਤਾ। ਰਾਵੀ ਦੇ ਕੰਢੇ ਤੇ ਆਲ ਇੰਡੀਆ ਕਾਂਗਰਸ ਦਾ ਅਜਲਾਸ ਸੀ। ਜਵਾਹਰ ਲਾਲ ਨਹਿਰੂ ਨੇ ਆਜ਼ਾਦੀ ਦਾ ਝੰਡਾ ਲਹਿਰਾਇਆ। ਅਲਫ ਤੋਂ ਲੈ ਕੇ ਯੇ ਤੱਕ ਲੰਗਰ ਦਾ ਪ੍ਰਬੰਧ (ਤੇ ਖਰਚਾ) ਨਾਮਧਾਰੀਆਂ ਦੇ ਹੱਥ ਸੀ। ਬਾਬਾ ਧਿਆਨ ਸਿੰਘ ਦਾ ਇੰਤਜ਼ਾਮ ਵੇਖ ਕੇ ਸਾਰਾ ਕਾਂਗਰਸੀ ਤਬਕਾ ਦੰਗ ਰਹਿ ਗਿਆ। ਪ੍ਰੇਮ ਤੇ ਆਦਰ ਨਾਲ ਸੇਵਾ। ਨਾਮਧਾਰੀਆਂ ਦੀ ਮਸ਼ਹੂਰੀ ਹੋ ਗਈ।

"ਅੱਸੀਂ ਸਾਲ ਦੀ ਉਮਰ ਹੋਈ। ਸਾਰਾ ਕਾਰੋਬਾਰ ਤਿੰਨਾਂ ਪੁੱਤਰਾਂ (ਨਰੈਣ ਸਿੰਘ, ਕਰਤਾਰ ਸਿੰਘ ਅਤੇ ਗੁਰਦਿਤ ਸਿੰਘ) ਦੇ ਹਵਾਲੇ ਕਰ ਦਿੱਤਾ। ਕਰਤਾਰ ਤਾਂ ਰਾਜਸੀ ਕੰਮਾਂ ਵਿਚ ਪੈ ਗਿਆ। ਲਾਹੌਰ ਮਿਊਨਸਪਲ ਕਾਰਪੋਰੇਸ਼ਨ ਦਾ ਪਹਿਲਾ ਸਿੱਖ ਮੈਂਬਰ ਚੁਣਿਆ ਗਿਆ। ਬਾਬਾ ਜੀ ਆਪ ਪਿੰਡ ਆ ਗਏ। ਦਮਦਮਾ ਸਾਹਿਬ ਗੁਰਦੁਆਰਾ ਬਣਾਇਆ। ਇਸ ਥਾਂ ਤੇ ਆ ਕੇ ਬਾਬਾ(ਸਤਿਗੁਰੂ) ਰਾਮ ਸਿੰਘ ਨੇ ਪਰਿਵਾਰ ਨੂੰ ਪੱਕੀ ਸਿੱਖੀ ਵੱਲ ਤੋਰਿਆ ਸੀ। ਬਗ਼ੈਰ ਥੰਮ੍ਹਿਆਂ ਤੋਂ ੬੦×੪੦ ਦਾ ਹਾਲ ਬਣਾਇਆ। ਸੰਗੇ ਮਰਮਰ ਦੀ ਚੌਖੰਡੀ ਬਣਾਈ। ਜਿਸ ਤਰ੍ਹਾਂ ਪਹਿਲੋਂ ਪਿੰਡ ਦੇ ਇਤਿਹਾਸਕ ਗੁਰਦੁਆਰੇ, ਛੇਵੀਂ ਪਾਤਸ਼ਾਹੀ ਦਾ ਗੁਰਦਆਰਾ ਸੀ ਦੀ ਚੌਖੰਡੀ ਬਣਾਈ ਸੀ। ਨਾਮਧਾਰੀਆਂ ਦੇ ਰਹਿਣ ਦੇ ਕਮਰੇ, ਖੂਹੀ ਤੇ ਰਸੋਈ ਵੀ ਬਣਾਈ। ਪਿੰਡ ਦੇ ਵਿਚ ਇਕ ਬੜੀ ਵੱਡੀ ਖੂਹੀ ਬਣਾਈ। ਉਤੇ ਛੱਤ ਕੇ ਆਲੇ-ਦੁਆਲੇ ਪੱਕੀਆਂ ਇੱਟਾਂ ਦਾ ਥੜ੍ਹਾ। ਪਿੰਡ ਦੀਆਂ

ਜ਼ਨਾਨੀਆਂ ਨੂੰ ਕੱਪੜੇ ਧੋਣ ਦਾ ਸੌਖ ਹੋ ਗਿਆ। ੧੯੩੨ ਵਿਚ ਕੰਮ ਖ਼ਤਮ ਹੋਇਆ ਤਾਂ ਬਾਬਾ ਜੀ ਵਾਪਸ ਲਾਹੌਰ ਚਲੇ ਗਏ।

"ਰੱਬ ਦਾ ਬੰਦਾ, ਸਾਈਂ ਦੀ ਮਿਹਰ, ਖ਼ੁਦਾ ਦਾ ਖੌਫ, ਕਿੱਥੋਂ ਉੱਠ ਕੇ ਕਿੱਥੇ ਪਹੁੰਚਿਆ। ਰੂਹ ਸ਼ਾਂਤ ਸੀ। ਹਿਰਦੇ ਵਿਚ ਅਨੰਦ ਸੀ। ਤੁਰਦਾ ਫਿਰਦਾ ੯੦ ਸਾਲ ਦੀ ਉਮਰ, ੧੯੩੯ ਵਿਚ ਬਾਬਾ ਧਿਆਨ ਸਿੰਘ ਉਡਾਰੀ ਮਾਰ ਗਿਆ। "ਲਖ ਖੁਸ਼ੀਆਂ ਪਾਤਸ਼ਾਹੀਆਂ ਜੇ ਸਤਿਗੁਰ ਨਦਰਿ ਕਰੇ।"[7]

ਬਾਬਾ ਧਿਆਨ ਸਿੰਘ ਹੋਰਾਂ ਦੇ ਤਿੰਨ ਵਿਆਹ ਹੋਏ। ਸਿੰਘਣੀਆਂ ਦੇ ਨਾਮ ਬੁੱਧਾਂ, ਗੁਜਰੀ ਅਤੇ ਭਗਵਾਨ ਕੌਰ ਸਨ। ਮਾਤਾ ਗੁਜਰੀ ਦਾ ਇਕੋ ਲੜਕਾ ਗੁਰਦਿੱਤ ਸਿੰਘ ਸੀ। ਬਾਕੀ ਸਾਰੀ ਸੰਤਾਨ ਬੇਬੇ ਭਗਵਾਨ ਕੌਰ ਦੀ ਹੀ ਸੀ। ਬਾਬਾ ਜੀ ਦੇ ਸੰਸਾਰਿਕ ਸੰਬੰਧ ਵੀ ਗੁਰੂ ਘਰ ਨਾਲ ਜੁੜੇ ਸਨ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦੋਵੇਂ ਛੋਟੇ ਭਰਾਤਾ, ਮਹਾਰਾਜ ਨਿਹਾਲ ਸਿੰਘ ਅਤੇ ਮਹਾਰਾਜ ਗੁਰਦਿਆਲ ਸਿੰਘ ਜੀ ਦਾ ਅਨੰਦ ਕ੍ਰਮਵਾਰ ੧੯੧੪ ਅਤੇ ੧੯੨੧ ਈ. ਵਿਚ ਬੀਬੀ ਸਤਵੰਤ ਕੌਰ ਅਤੇ ਬੀਬੀ ਕਰਤਾਰ ਕੌਰ ਨਾਲ ਸ਼ਹਿਰ ਲਾਹੌਰ ਵਿਚ, ਨਾਮਧਾਰੀ ਸੰਗਤਾਂ ਦੇ ਵਿਸ਼ਾਲ ਇਕੱਠ ਵਿਚ ਹੋਇਆ ਸੀ। "ਇਹਨਾਂ ਦੋਹਾਂ ਅਨੰਦਾਂ ਦੇ ਸਮੇਂ ਜੋ ਲਾਹੌਰ ਸਟੇਸ਼ਨ ਤੋਂ ਲੈ ਕੇ ਬਾਬਾ ਜੀ ਦੇ ਘਰ ਤਕ ਸਾਧ ਸੰਗਤ ਦੇ ਜਲੂਸ ਨਿਕਲੇ ਅਤੇ ਗੁਰੂਦੱਤ ਭਵਨ ਦੇ ਖੁਲ੍ਹੇ ਮੈਦਾਨ ਵਿਚ ਸਾਧ ਸੰਗਤ ਦੇ ਡੇਰਿਆਂ ਵਾਸਤੇ ਤੰਬੂ ਲੱਗੇ, ਉਹਨਾਂ ਦੀ ਮਿਸ਼ਾਲ ਲਾਹੌਰ ਦੇ ਉਤਸਵ ਇਤਿਹਾਸ ਵਿਚ ਕਿਧਰੇ ਭੀ ਨਹੀਂ ਮਿਲਦੀ। ਅਨੰਦ ਕਾਰਜਾਂ ਦੇ ਸਮੇਂ ਦੀਵਾਨ ਦੇ ਨਜ਼ਾਰੇ ਅਨੂਪਮ ਅਤੇ ਸਤਿਜੁਗੀ ਸਨ। ਇਹਨਾਂ ਅਨੰਦਾਂ ਦੇ ਸਮੇਂ ਲਾਹੌਰ ਵਿਚ ਨਾਮਧਾਰੀ ਹੀ ਨਾਮਧਾਰੀ ਨਜ਼ਰ ਆਉਂਦੇ ਸਨ। ਬਾਬਾ ਜੀ ਨੇ ਵੀ ਸਾਧ ਸੰਗਤ ਦੀ ਜੋ ਤਨ, ਮਨ, ਧਨ ਕਰਕੇ ਸੇਵਾ ਕੀਤੀ ਹਰ ਪਹਿਲੂ ਦੇ ਲਿਹਾਜ਼ ਨਾਲ ਪ੍ਰਸੰਸਾਯੋਗ ਸੀ।"[8] ਇਹਨਾਂ ਅਨੰਦ ਕਾਰਜਾਂ ਦੇ ਸਮੇਂ ਸਤਿਗੁਰੂ ਰਾਮ ਸਿੰਘ ਜੀ ਅਤੇ ਗੁਰੂ ਹਰੀ ਸਿੰਘ ਜੀ ਦੇ ਸਮੇਂ ਦੇ ਉੱਘੇ ਨਾਮਧਾਰੀ ਸਾਧ ਸੰਤ, ਡੇਰਾ ਭੈਣੀ ਸਾਹਿਬ ਵਿਚ ਕੰਮ ਕਰਨ ਵਾਲਾ ਹਰ ਛੋਟਾ ਵੱਡਾ ਸੇਵਾਦਾਰ, ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਅਗੁਆਈ ਵਿਚ, ਲਾਹੌਰ ਪੁੱਜਾ ਸੀ। ਗੁਰੂ ਘਰ ਨਾਲ ਏਨੀ ਨੇੜੇ ਦੀ ਰਿਸ਼ਤੇਦਾਰੀ ਦਾ ਬਾਬਾ ਜੀ ਜਾਂ ਉਹਨਾਂ ਦੇ ਪਰਿਵਾਰ ਨੇ ਕਦੇ ਮਾਣ ਨਹੀਂ ਸੀ ਕੀਤਾ ਸਗੋਂ ਨਿਮਾਣੇ ਸੇਵਕਾਂ ਜਿਉਂ, ਉਹ ਹਰਦਮ ਆਈ ਸਾਧ ਸੰਗਤ ਦੀ ਸੇਵਾ ਵਿਚ ਜੁੱਟੇ ਰਹਿੰਦੇ ਸਨ। ਬਾਬਾ ਜੀ ਦਾ ਪੁੱਤਰ ਸੰਤ ਸਿੰਘ, ਆਪਣੀ ਭੈਣ ਬੀਬੀ ਕਰਤਾਰ ਕੌਰ ਅਤੇ ਬਹਿਨੋਈ ਮਹਾਰਾਜ ਗੁਰਦਿਆਲ ਸਿੰਘ ਜਿਉਂ ਜੋਬਨ ਰੁੱਤੇ ਹੀ ਚੱਲ ਵੱਸਿਆ ਸੀ। ਪਹਿਲਾਂ ਮਹਾਰਾਜ ਗੁਰਦਿਆਲ ਸਿੰਘ ਅਤੇ ਫਿਰ ਮਹਾਰਾਜ ਨਿਹਾਲ ਸਿੰਘ ਹੋਰਾਂ ਦਾ ਅਜ਼ਾਦੀ ਦੀ ਜੰਗ ਵਿਚ ਝੁਕਾਅ, ਕਾਂਗਰਸ ਵੱਲ ਹੋਣ ਕਾਰਨ, ਮਹਾਰਾਜ ਨਿਹਾਲ ਸਿੰਘ ਹੋਰਾਂ ਦਾ ਇਕ ਪੈਰ ਜਿਹਲ ਵਿਚ ਹੁੰਦਾ ਅਤੇ ਇਕ ਬਾਹਰ ਹੁੰਦਾ। ਉਸ ਸਮੇਂ ਆਪ ਜੀ ਦੇ ਪਰਿਵਾਰ ਦੀ ਜ਼ਿੰਮੇਵਾਰੀ ਵੀ ਪੱਥਰਾਂ ਵਾਲਿਆਂ ਦੇ ਸਿਰ ਆਉਂਦੀ। ਪੰਜਾਬ ਕਾਂਗਰਸ ਦੇ ਚੋਟੀ ਦੇ ਆਗੂਆਂ ਸਮੇਤ ਹੋਰ ਦਲਾਂ ਨਾਲ ਸਬੰਧਿਤ, ਸਿਆਸੀ ਕਾਰਕੁੰਨਾ ਦਾ ਤੋਰਾ ਫੇਰਾ ਵੀ, ਧਿਆਨ

ਸਿੰਘ ਪਰਿਵਾਰ ਵੱਲ ਆਮ ਰਹਿੰਦਾ ਸੀ। ਨਾਮਧਾਰੀ ਸੰਗਤ ਸਾਰੇ ਪੰਜਾਬ ਦੀ ਆਉਂਦਿਆਂ, ਜਾਂਦਿਆਂ, ਇੱਥੇ ਉਤਾਰਾ ਕਰਦੀ। ਸਿਆਸੀ ਲੋਕ, ਵੱਡੇ, ਛੋਟੇ, ਇਹਨੂੰ ਆਪਣੀ ਠਾਹਰ ਸਮਝਦੇ। ਪਰ ਇਹ ਸਤਿਗੁਰੂ ਰਾਮ ਸਿੰਘ ਤੋਂ ਵਰੋਸਾਇਆ, ਬਾਬਾ ਧਿਆਨ ਸਿੰਘ ਤੇ ਉਸਦਾ ਪਰਿਵਾਰ, ਸਭ ਨੂੰ ਖਿੜੇ ਮੱਥੇ ਮਿਲਦੇ। ਬਾਬਾ ਜੀ ਦੀ ਵੱਡੀ ਪੁੱਤਰੀ ਬੀਬੀ ਈਸ਼ਰ ਕੌਰ ਜਿਸਨੂੰ "ਵੱਡੀ" ਆਖਦੇ ਸਨ, ਉਹਨਾਂ ਦੀ ਧਰਮ ਪਤਨੀ ਮਾਤਾ ਭਗਵਾਨ ਕੌਰ ਜਿਉਂ ਸੇਵਾ ਦੀ ਸਾਕਾਰ ਮੂਰਤੀ ਸਨ।

ਸੰਤ ਨਿਧਾਨ ਸਿੰਘ ਆਲਿਮ ਲਿਖਦੇ ਹਨ—"ਧਾਰਮਕ ਕਾਰਜਾਂ ਵਿਚ ਏਨਾਂ ਉਤਸ਼ਾਹ ਹੋਣ ਤੋਂ ਛੁੱਟ ਆਪ ਦੇਸ਼ ਸੇਵਾ ਦੇ ਕਾਰਜਾਂ ਵਾਸਤੇ ਵੀ ਬੜੇ ਉਦਾਰਚਿੱਤ ਸਨ। ਪ੍ਰਸਿੱਧ ਦੇਸ਼ ਭਗਤ ਡਾ. ਸੱਤਿਆਪਾਲ ਸਾਹਿਬ ਨੇ, ਇਕ ਵਾਰ ਮੈਨੂੰ ਇਕ ਚਿੱਠੀ ਵਿਚ ਲਿਖਿਆ ਸੀ ਕਿ ਸਰਦਾਰ ਧਿਆਨ ਸਿੰਘ ਜੀ ਨੇ ਮੇਰੀ ਬੇਨਤੀ ਨੂੰ ਪਰਵਾਨ ਕਰਕੇ, ਜੋ ਕਾਂਗਰਸ ਦੀ ਸਹਾਇਤਾ ਵਾਸਤੇ ਮੂੰਹੋਂ ਮੰਗਿਆ ਦਾਨ ਦਿੱਤਾ, ਉਸਨੂੰ ਨਾ ਮੈਂ ਹੀ ਭੁੱਲ ਸਕਦਾ ਹਾਂ ਤੇ ਨਾਂ ਹੀ ਕਾਂਗਰਸ, ਗੱਲ ਕੀ ਧਾਰਮਕ ਕਾਰਜਾਂ ਵਿਚ ਕੀ ਤੇ ਦੇਸ਼ ਸੇਵਾ ਵਿਚ ਕੀ, ਬਾਬਾ ਜੀ ਨੇ ਜਿਸ ਉਦਾਰਤਾ ਦਾ ਸਬੂਤ ਦਿੱਤਾ, ਉਸਦੀ ਮਿਸਾਲ ਉਹ ਆਪ ਹੀ ਸਨ।"[੭]

ਉੱਪਰ ਵਰਣਿਤ ਸਤਿਗੁਰੂ ਰਾਮ ਸਿੰਘ ਜੀ ਦਾ ਦਮਦਮਾ ਸਾਹਿਬ ਛੋਟੀਆਂ ਗਲੋਟੀਆਂ ਵਿਚ ਬਾਬਾ ਜੀ ਦੇ ਪਿਤਾ ਬੂਟਾ ਸਿੰਘ ਹੋਰਾਂ ਆਪ ਕਹੀ ਨਾਲ ਮਿੱਟੀ ਪੁੱਟ ਪੁੱਟ ਕੇ, ਪਹਿਲੋਂ ਕੱਚਾ ਥੜਾ ਬਣਾਇਆ ਸੀ ਤਾਂ ਕਿ ਸਤਿਗੁਰੂ ਜੀ ਦੀ ਯਾਦਗਾਰ ਉੱਥੇ ਆਮਦ ਦੀ ਮਿਟੇ ਨਾ। ਬਾਅਦ ਵਿਚ ਧਿਆਨ ਸਿੰਘ ਹੋਰਾਂ, ਸ. ਸ਼ਮਸ਼ੇਰ ਸਿੰਘ ਬਬਰਾ ਦੀ ਲਿਖਤ ਮੁਤਾਬਿਕ, ਨਿਰਾ ਪੱਕਾ ਹੀ ਨਾ ਕੀਤਾ ਸਗੋਂ ਦਰਸ਼ਨੀ ਇਮਾਰਤ ਤਿਆਰ ਕੀਤੀ। ਉਸ ਦਮਦਮਾ ਸਾਹਿਬ ਦੀ ਪਹਿਲਾਂ ਸੇਵਾ ਭਾਈ ਮੋਹਨ ਸਿੰਘ ਹੋਰਾਂ ਦੇ ਚਲਾਣੇ ਬਾਅਦ ਮੰਗਲ ਸਿੰਘ ਸੇਵਾਦਾਰ ਬਣੇ। ਜੋ ਕਿ ੧੯੪੭ ਤੋਂ ਬਾਅਦ ਸ੍ਰੀ ਭੈਣੀ ਸਾਹਿਬ ਵਿਚ ਸਤਿਗੁਰੂ ਜੀ ਦੇ ਲੰਗਰ ਦੀ ਸੇਵਾ ਕਰਦੇ ਰਹੇ ਸਨ। ਇਉਂ ਛੋਟੀਆਂ ਗਲੋਟੀਆਂ ਦੜਪ ਦੀ ਨਾਮਧਾਰੀ ਸਿੱਖੀ ਦਾ ਇਕ ਮਹੱਤਵਪੂਰਨ ਕੇਂਦਰ ਵਿਕਸਿਤ ਹੋ ਗਿਆ ਸੀ। ਇਹ ਤੇ ੧੯੪੭ ਨੂੰ ਦੇਸ਼ ਦੀ ਵੰਡ ਹੋਣੀ ਸੀ ਕਿ ਸਾਡੀਆਂ ਬਹੁਤ ਸਾਰੀਆਂ ਇਤਿਹਾਸਕ ਧਰੋਹਰਾਂ ਜਿਹਾ ਕਿ ਹਜਰੋ ਸਾਹਿਬ ਵਿਖੇ ਗੁਰੂ ਬਾਲਕ ਸਿੰਘ ਦਾ ਡੇਹਰਾ ਸਾਹਿਬ, ਲਾਹੌਰ, ਗੁਜਰਾਂਵਾਲਾ, ਨਨਕਾਣਾ ਸਾਹਿਬ ਜਹੇ ਸਥਾਨਾਂ ਦੀਆਂ ਨਾਮਧਾਰੀ ਧਰਮਸ਼ਾਲਾਵਾਂ ਅਤੇ ਅਨੇਕਾਂ ਪਿੰਡਾਂ ਵਿਚ ਸਤਿਗੁਰੂ ਰਾਮ ਸਿੰਘ ਅਤੇ ਗੁਰੂ ਹਰੀ ਸਿੰਘ ਨਾਲ ਸਬੰਧਿਤ ਥਾਵਾਂ ਜਿਉਂ ਇਹ ਦਮਦਮਾ ਸਾਹਿਬ ਵੀ ਵਕਤ ਦੀ ਧੂੜ ਵਿਚ ਗੁਆਚ ਜਾਣਾ ਸੀ।

੧੯੧੧ ਈ. ਦਾ ਨਾਮਧਾਰੀ ਸੰਗਤਾਂ ਦਾ ਸਾਲਾਨਾ ਹੋਲਾ ਮਹੱਲਾ, ਲਾਹੌਰ ਸ਼ਹਿਰ ਵਿਚ, ਯੁਵਾ ਸਤਿਗੁਰੂ ਪ੍ਰਤਾਪ ਸਿੰਘ ਦੀ ਛਤਰ ਛਾਇਆ ਹੇਠ, ਬਾਬਾ ਧਿਆਨ ਸਿੰਘ ਦੀ ਮੰਗ ਤੇ ਹੋਇਆ ਸੀ ਬੇਸ਼ਕ ਉਸ ਵਿਚ ਆਪ ਨੂੰ ਸਹਿਯੋਗ, ਬਾਬਾ ਦੇਵਾ ਸਿੰਘ ਅਤੇ ਮਹੰਤ ਦਿਆਲ ਸਿੰਘ ਹੋਰਾਂ ਭੀ ਦਿੱਤਾ ਸੀ। ਇਹ ਹੋਲਾ ਰਾਵੀ ਦੇ ਕੰਢੇ ਬੜੀ ਸ਼ਾਨ

ਨਾਲ ਹੋਇਆ ਸੀ ਅਤੇ ਇਸ ਵਿਚ ਉਸ ਸਮੇਂ ਦੇ ਪ੍ਰਸਿੱਧ ਰਾਮ ਵਿਓਗੀ ਕੂਕੇ, ਸੰਤ ਜਿਊਣ ਸਿੰਘ ਸਰਹਾਲੀ, ਬਾਬਾ ਕੇਸਰ ਸਿੰਘ ਮੁਹਾਵੇ ਵਾਲੇ ਅਤੇ ਹੋਰ ਪ੍ਰਸਿੱਧ ਪ੍ਰਚਾਰਕ ਸੰਤ ਭਗਤ ਸਿੰਘ ਦਾਤੇ ਵਾਲਾ, ਮੰਗਲ ਸਿੰਘ ਅਰਜ਼ੀ ਫਰਿਸ਼ਤਾ, ਸੰਤ ਲਾਲ ਸਿੰਘ ਭੂਰੇ ਗਿੱਲੀਏ, ਸਤਿਗੁਰੂ ਰਾਮ ਸਿੰਘ ਜੀ ਦੇ ਵਿਓਗ ਵਿਚ ਸ਼ਬਦ ਪੜ੍ਹਦੇ ਅਤੇ ਵੇਲੇ ਦੀ ਹਕੂਮਤ ਨੂੰ ਮਾੜਾ ਚੰਗਾ ਬੋਲਦੇ ਸਨ। ਇਹ ਭਾਈ ਧਿਆਨ ਸਿੰਘ ਹੋਰਾਂ ਦੇ ਖ਼ਮੀਰ ਵਿਚ ਹੀ ਸੀ ਕਿ ਉਹ ਬੇਸ਼ਕ ਅੰਗਰੇਜ਼ ਸਰਕਾਰ ਤੋਂ ਆਪਣੇ ਧੰਧੇ ਕਾਰਨ ਕੰਮ ਵੀ ਲੈਂਦੇ ਸਨ, ਪਰ ਉਹਨਾਂ ਨੇ ਆਪਣੇ ਘਰ ਆਈ ਜਾਂ ਹੋਰਥੇ ਜੁੜੀ ਸਰਕਾਰ ਵਿਰੋਧੀ ਕੂਕਿਆਂ ਦੀ ਕਿਸੇ ਮੰਡਲੀ ਦਾ, ਸੁਆਗਤ ਸਤਿਕਾਰ ਕਰਨਾ, ਹਮੇਸ਼ਾ ਆਪਣਾ ਪ੍ਰਿਥਮ ਕਰਤਵ ਸਮਝਿਆ ਸੀ। ਮਹਾਰਾਜ ਗੁਰਦਿਆਲ ਸਿੰਘ ਜੀ ਆਪਣੇ ਸੌਹਰਾ ਪਰਿਵਾਰ ਦੇ ਵਿਸ਼ਾਲ ਅਹਾਤੇ ਵਿਚ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਕਾਸ਼ ਪੁਰਬ, ਬਸੰਤ ਪੰਚਮੀ ਤੇ ਵਿਸ਼ੇਸ਼ ਆਯੋਜਨ ਕੀਤਾ ਕਰਦੇ ਸਨ। "ਇਹ ਉਤਸਵ ਅਜੋਕੇ ਮੌਲਕ ਢੰਗ ਨਾਲ ਕੀਤਾ ਜਾਂਦਾ ਸੀ, ਜੋ ਕਿਸੇ ਪਾਰਟੀ ਦੇ ਰੂਪ ਵਿਚ ਸੰਪਾਦਿਤ ਕੀਤਾ ਜਾਂਦਾ ਸੀ। ਇਹ ਪਾਰਟੀ ਬੜੇ ਸ਼ਾਹਾਨਾ ਢੰਗ ਨਾਲ ਖਰਚੀਲੀ ਕੀਤੀ ਜਾਂਦੀ ਸੀ। ਜਿਸ ਵਿਚ ਐਡੀਟਰ, ਲੀਡਰ, ਪਲੀਡਰ, ਕਾਂਗਰਸੀ ਨੇਤਾ ਸ੍ਰੀ ਲਾਲਾ ਲਾਜਪਤ ਰਾਇ ਤੋਂ ਲੈ ਕੇ, ਜੁੱਗ ਪਲਟਾਊਆਂ ਦੇ ਆਗੂ ਸ. ਕ੍ਰਿਸ਼ਨ ਸਿੰਘ ਜੀ ਤੇ ਸ. ਭਗਤ ਸਿੰਘ ਜੀ ਆਦਿ ਸਾਰੇ ਦੇ ਸਾਰੇ, ਨਿਮੰਤ੍ਰਿਤ ਕੀਤੇ ਜਾਂਦੇ ਸਨ। ਸ੍ਰੀਮਾਨ ਭਾਈ ਪਰਮਾਨੰਦ ਜੀ, ਸ੍ਰੀ ਮਹਿਤਾ ਆਨੰਦ ਕਿਸ਼ੋਰ ਆਦਿ ਤੋਂ ਲੈ ਕੇ ਰਾਸ਼ਟਰੀ ਕਵੀ ਸ੍ਰੀ ਲਾਲ ਚੰਦ ਜੀ ਫ਼ਲਕ, ਮੌਲਾਨਾ ਜਫਰ ਅਲੀ ਖਾਨ ਤੇ ਸ੍ਰੀ ਸੱਯਦ ਹਬੀਬ ਆਦਿ ਸੱਭੇ ਖ਼ੁਸ਼ੀ ਨਾਲ ਸ਼ਾਮਲ ਹੁੰਦੇ ਸਨ।

"ਇਸ ਪਾਰਟੀ ਦਾ ਆਦਰਸ਼ ਨਾਮਧਾਰੀ ਪੰਥ ਤੇ ਕੀਤੇ ਅੰਗਰੇਜ਼ਾਂ ਦੇ ਜ਼ੁਲਮਾਂ ਦਾ ਪ੍ਰਗਟਾਵਾ ਹੁੰਦਾ ਸੀ। ਜਿਸਨੂੰ ਸ੍ਰੀ ਮਹਾਰਾਜ ਗੁਰਦਿਆਲ ਸਿੰਘ ਜੀ ਅੰਗਰੇਜ਼ਾਂ ਦੇ ਗੁਪਤ ਕਾਗਜ਼ ਹਾਸਲ ਕਰਕੇ, ਅੰਕੜੇ ਦੇ ਕੇ ਤਿਆਰ ਕਰਦੇ। ਜਿਸਨੂੰ ਸੁਣ ਕੇ ਆਮ ਲੋਕਾਂ ਦੀ ਗੱਲ ਕੀ ਹੈ, ਵੱਡੇ ਵੱਡੇ ਪੁਲੀਟੀਕਲ ਸਕਾਲਰ ਵੀ ਅਸ਼ ਅਸ਼ ਕਰ ਉਠਦੇ।"

"ਇਸ ਪਾਰਟੀ ਦਾ ਵਿਗਿਆਪਨ ਨਿਕਲਦਿਆਂ ਹੀ ਅੰਗਰੇਜ਼ ਤੇ ਉਸਦੀ ਗ਼ੁਲਾਮ ਨੌਕਰਸ਼ਾਹੀ ਨੂੰ ਹੱਥਾਂ ਪੈਰਾਂ ਦੀਆਂ ਪੈ ਜਾਂਦੀਆਂ ਅਤੇ ਉਹ ਇਸਨੂੰ ਫੇਲ੍ਹ ਕਰਨ ਲਈ ਸਾਰਾ ਜ਼ੋਰ ਮਾਰਦੀ। ਪਰ ਇਹ ਉਸਦੀ ਸਮਝ ਤੋਂ ਬਾਹਰਲੀ ਗੱਲ ਸੀ ਕਿ ਉਹ ਇਸ ਪਾਰਟੀ ਵਿਚ ਕਿਵੇਂ ਰੁਕਾਵਟ ਪਾਏ। ਜੇ ਗ੍ਰਿਫਤਾਰੀਆਂ ਕਰੇ ਤਾਂ ਪਾਰਟੀ ਦੇਣ ਤੋਂ ਪਹਿਲਾਂ ਹੀ ਸਾਡਾ ਮੰਤਵ ਪੂਰਾ ਹੋ ਜਾਨ ਦਾ ਖਤਰਾ ਸੀ। ਕਿਉਂਕਿ ਜ਼ੁਲਮ ਦੇ ਇਸ ਸ੍ਵੈ-ਪ੍ਰਗਟਾਵੇ ਲਈ ਹੀ ਸ੍ਰੀ ਮਹਾਰਾਜ ਗੁਰਦਿਆਲ ਸਿੰਘ, ਇਸ ਪਾਰਟੀ ਸੰਪਾਦਨ ਕਰਦੇ। ਚੰਦਾ ਮੰਗਿਆ ਨਹੀਂ ਸੀ ਜਾਂਦਾ ਜਿਸ ਤੋਂ ਉਹ ਲੋਕਾਂ ਨੂੰ ਡਰਾ ਧਮਕਾ ਕੇ, ਪੈਸੇ ਦੇਣ ਤੋਂ ਵਰਜੇ। ਅਜਿਹਾ ਕੋਈ ਆਦਮੀ ਸੱਦਿਆ ਹੀ ਨਹੀਂ ਸੀ ਜਾਂਦਾ ਜਿਸ ਤੇ ਅੰਗਰੇਜ਼ ਦਾ ਰੋਹਬ ਹੋਵੇ। ਇਹ ਤੇ ਇਕ ਦੀਵਾਨੇ ਮਸਤਾਨੇ ਸਰਫਰੋਸ਼ਾਂ ਦੀ ਮਜਲਿਸ ਹੁੰਦੀ। ਜਿਸਦੇ ਸਰਦਾਰ ਹੁੰਦੇ ਸ੍ਰੀ ਮਹਾਰਾਜ ਗੁਰਦਿਆਲ ਸਿੰਘ ਤੇ ਮੇਜ਼ਬਾਨ ਹੁੰਦੇ ਸ. ਕਰਤਾਰ ਸਿੰਘ ਜੀ ਪੱਥਰਾਂ ਵਾਲੇ।"[10]

ਉੱਪਰਲੀ ਲਿਖਤ ਦੇ ਲੇਖਕ ਸੰਤ ਇੰਦਰ ਸਿੰਘ ਚੱਕਰਵਰਤੀ ਲਿਖਦੇ ਹਨ ਕਿ ਇਹ ਪਾਰਟੀਆਂ ਆਯੋਜਿਤ ਕਰਨੀਆਂ, ਕਿਸੇ ਉਸ ਵਿਅਕਤੀ ਲਈ ਕਿੰਨੀਆਂ ਖ਼ਤਰਨਾਕ ਹੋ ਸੱਕਦੀਆਂ ਸਨ ਜਿਹਦਾ ਸਾਰਾ ਕਾਰੋਬਾਰ ਹੀ ਅੰਗਰੇਜ਼ ਅਧਿਕਾਰੀਆਂ ਦੇ ਸਹਿਯੋਗ ਨਾਲ ਚੱਲਦਾ ਹੋਵੇ, ਕਿਉਂਕਿ ਇਹ ਅੱਧਾ ਘਰ ਨਾਮਧਾਰੀ ਧਰਮਸ਼ਾਲਾ ਸੀ। ਸਮਾਂ ੧੯੨੨-੨੯ ਤੱਕ ਦਾ, ਦੇਸ਼ ਦੀ ਸਿਆਸਤ ਵਿਚ ਕੌਮੀ ਉਫਾਨ ਦਾ ਸੀ। ਬੇਸ਼ਕ ਬਾਅਦ ਵਿਚ ਵੀ ਹਾਲਾਤ ਸਰਕਾਰ ਲਈ ਸਾਜ਼ਗਾਰ ਨਹੀਂ ਸਨ। ਇਸ ਸਮੇਂ ਦੌਰਾਨ ਨਾ ਤਾਂ ਸ. ਕਰਤਾਰ ਸਿੰਘ ਨੇ ਦੇਸ਼ ਭਗਤਾਂ ਨਾਲ ਆਪਣਾ ਮਿਲਵਰਤਣ ਦੇਣਾ ਬੰਦ ਕੀਤਾ ਅਤੇ ਨਾ ਹੀ ਬਾਬਾ ਧਿਆਨ ਸਿੰਘ ਦੀਆਂ ਨੂਹਾਂ ਧੀਆਂ ਨੇ ਘਰ ਆਏ ਕੂਕਿਆਂ ਜਾਂ ਹੋਰ ਸਿਆਸੀ ਕਾਰਕੁੰਨਾਂ ਦੇ ਜੂਠੇ ਭਾਂਜੇ ਮਾਂਜਣ ਤੋਂ ਕੱਦੇ ਨੱਕ ਬੁੱਲ੍ਹ ਵੱਟੇ ਸਨ। ਇਹ ਉਹ ਖ਼ਮੀਰ ਸੀ ਇਸ ਟੱਬਰ ਦਾ, ਜਿਸ ਨੂੰ ਲਾਗ ਸਤਿਗੁਰੂ ਰਾਮ ਸਿੰਘ ਦੀ ਲੋਕ ਸੇਵਾ ਅਤੇ ਦੇਸ਼ ਭਗਤੀ ਦੀ ਲੱਗੀ ਸੀ। ਬਾਬਾ ਧਿਆਨ ਸਿੰਘ ਦੇ ਪਰਿਵਾਰ ਨੇ ਉਹਨਾਂ ਦੇ ਚਲਾਣੇ ਤੋਂ ਬਾਅਦ ਵੀ ਇਸ ਪਰੰਪਰਾ ਨੂੰ ਕਾਇਮ ਰੱਖਿਆ। ਉਹਨਾਂ ਦੇ ਬੂਹੇ ਅੱਗੇ ਅੰਗਰੇਜ਼ ਸਰਕਾਰ ਦੀ ਸੀ.ਆਈ.ਡੀ. ੧੯੪੭ ਤੱਕ ਬੈਠੀ ਰਹਿੰਦੀ ਸੀ।

ਬਾਬਾ ਧਿਆਨ ਸਿੰਘ ਰਾਜ ਜੋਗੀ ਸਨ, ਜਿਹਨਾਂ ਦੀ ਅਵਸਥਾ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸ਼ਬਦਾਂ ਵਿਚ ਬ੍ਰਹਮ ਗਿਆਨੀਆਂ ਵਾਲੀ ਸੀ।[11] ਦੇਸ਼ ਬਟਵਾਰੇ ਤੋਂ ਬਾਅਦ ਆਪਦਾ ਪਰਿਵਾਰ, ਦਿੱਲੀ ਵਿਖੇ ਵੱਸ ਗਿਆ।

## ਹਵਾਲੇ ਅਤੇ ਟਿੱਪਣੀਆਂ


1. ਕੂਕਾਜ਼ ਆਫ ਨੋਟ ਇਨ ਦਾ ਪੰਜਾਬ-੧੯੮੧ (ਸੰ. ਜਸਵਿੰਦਰ ਸਿੰਘ), ਸਫਾ ੯੪-੯੫
2. ਸਤਿਜੁਗ ਦਾ ਸੰਤ ਅੰਕ, ੯ ਚੇਤਰ ਸੰਮਤ ੧੯੯੬, ਸ੍ਰੀ ਭੈਣੀ ਸਾਹਿਬ, ਸੰਤ ਨਿਧਆਨ ਸਿੰਘ ਆਲਿਮ ਦਾ ਲੇਖ "ਬਾਬਾ ਧਿਆਨ ਸਿੰਘ ਜੀ ਲਾਹੌਰ", ਸਫਾ ੧੯੨-੯੩
3. ਬੀਤੇ ਪੰਜਾਬ ਦਾ ਪਿੰਡ, ਸ਼ਮਸ਼ੇਰ ਸਿੰਘ ਬੱਬਰਾ, ਸਫਾ ੧੧
4. ਸਤਿਗੁਰੂ ਬਿਲਾਸ ਭਾਗ ਪਹਿਲਾ, ਭਾਈ ਸੰਤੋਖ ਸਿੰਘ ਬਾਹੋਵਾਲ, (ਸੰ. ਜਸਵਿੰਦਰ ਸਿੰਘ) ਸਫਾ-੨੯੯
5. ਸਤਿਗੁਰੂ ਬਿਲਾਸ ਭਾਗ ਪਹਿਲਾ, ਭਾਈ ਸੰਤੋਖ ਸਿੰਘ ਬਾਹੋਵਾਲ, (ਸੰ. ਜਸਵਿੰਦਰ ਸਿੰਘ) ਸਫਾ-੨੯੯
6. ਉਹੀ, ਸਫਾ ੩੦੯
7. ਬੀਤੇ ਪੰਜਾਬ ਦਾ ਪਿੰਡ, ਸਫਾ ੨੦੯-੧੧
8. ਸਤਿਜੁਗ ਦਾ ਸੰਤ ਅੰਕ-ਉਪਰੋਕਤ ਲੇਖ, ਸਫਾ ੧੯੫
9. ਉਹੀ, ਸਫਾ ੧੯੪
10. ਕੂਕਿਆਂ ਬਾਰੇ, ਸੰਤ ਇੰਦਰ ਸਿੰਘ ਚੱਕਰਵਰਤੀ, ੧੯੫੭ ਈ. ਦਿੱਲੀ, ਸਫਾ ੨੪੯-੫੦
11. ਸਤਿਜੁਗ ਦਾ ਸੰਤ ਅੰਕ, ਸਫਾ ੧੯੫

# ਗੁਰੂ ਹਰੀ ਸਿੰਘ ਜੀ ਦਾ ਗੜਵਈ ਅਤੇ ਕੀਰਤਨੀਆ— ਭਾਈ ਮਸਤਾਨ ਸਿੰਘ ਉਰਫ ਰਾਗਾ ਸਿੰਘ

ਸਿੱਖ ਧਰਮ ਵਿਚ ਰਾਗ ਨਾਦ ਦੀ ਪੁਰਾਤਨ ਭਾਰਤੀ ਸੰਗੀਤ ਪੱਧਤੀ ਅਨੁਸਾਰ ਗੁਰਮਤਿ ਸੰਗੀਤ ਦਾ, ਮਹੱਤਵਪੂਰਨ ਸਥਾਨ ਹੈ। ਗੁਰੂ ਸਾਹਿਬਾਨ ਅਤੇ ਭਗਤਾਂ ਸੂਫੀਆਂ ਆਦਿ ਦੀ ਬਾਣੀ ਨੂੰ ਸੁਰਬੱਧ ਕਰਨ ਲਈ ਵੱਖ-ਵੱਖ ਰਾਗਾਂ ਵਿਚ ਉਚਾਰਿਆ ਗਿਆ ਹੈ। ਆਦਿ ਗੁਰੂ ਬਾਬਾ ਨਾਨਕ ਤਲਵੰਡੀ ਰਾਇ ਭੋਇ ਤੋਂ, ਜਗਤ ਕਲਿਆਣ ਦੇ ਪੰਧ ਪੈਣ ਸਮੇਂ, ਆਪਣੇ ਸਾਥੀ ਭਾਈ ਮਰਦਾਨੇ ਵਾਸਤੇ ਰਾਗ ਦਾ ਸਾਜ਼ ਰਬਾਬ ਤਿਆਰ ਕਰਵਾਉਂਦੇ ਹਨ। ਮਰਦਾਨੇ ਦੀ ਰਬਾਬ ਦਾ ਜ਼ਿਕਰ ਬਹੁਤ ਸਾਰੀਆਂ ਸਾਖੀਆਂ ਵਿਚ ਮਿਲਦਾ ਹੈ। "ਭਾਈ ਮਰਦਾਨਿਆ ਲਿਆ ਰਬਾਬ ਬਾਣੀ ਆਈ ਏ।" ਪੰਜਵੇਂ ਸਤਿਗੁਰੂ ਸਾਹਿਬ, ਗੁਰੂ ਅਰਜਨ ਦੇਵ ਜੀ ਨੇ, ਸਾਰੀ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਵੱਖ-ਵੱਖ ਰਾਗਾਂ ਦੇ ਅਨੁਵਾਨ ਹੇਠ ਸੰਕਲਿਤ ਕੀਤਾ ਹੈ। ਇਕ ਰਵਾਇਤ ਮੁਤਾਬਿਕ ਭਾਈ ਮਨੀ ਸਿੰਘ ਜੀ ਸ਼ਹੀਦ ਦੇ ਸਮੇਂ ਗੁਰਬਾਣੀ ਨੂੰ ਨਵੀਂ ਤਰਤੀਬ, ਰਚਨਾਕਾਰਾਂ ਦੀ ਸਾਰੀ ਬਾਣੀ ਇਕੱਠੀ ਕਰਕੇ, ਵੱਖੋ-ਵੱਖ ਮਹੱਲਿਆਂ ਦੀ ਬਾਣੀ ਨੂੰ, ਵੱਖ-ਵੱਖ ਥਾਂ ਬਜਾਏ ਮਹੱਲੇ ਅਨੁਸਾਰ ਇਕੱਤਰ ਕਰਨ ਦੀ ਯੋਜਨਾ ਦਾ, ਅਠਾਰ੍ਹਵੀਂ ਸਦੀ ਵਿਚ, ਸਿੱਖ ਪੰਥ ਨੇ ਵਿਰੋਧ ਕੀਤਾ ਸੀ। ਗੁਰਮਤਿ ਵਿਚ ਸੰਗੀਤ ਦਾ ਉਚਾ ਮੁਰਾਤਬਾ, ਇਸ ਘਟਨਾ ਦੁਆਰਾ ਦਰਸਾਇਆ ਜਾਂਦਾ ਹੈ। ਗੁਰੂ ਅਰਜਨ ਦੇਵ ਜੀ ਖ਼ੁਦ ਤੰਤੀ ਸਾਜਾਂ ਨਾਲ ਕੀਰਤਨ ਕਰਿਆ ਕਰਦੇ ਸਨ। ਕੀਰਤਨ ਦੀ ਪਰੰਪਰਾ ਸਿੱਖ ਜਗਤ ਦਾ ਅਤੁੱਟ ਅੰਗ ਬਣ ਗਈ।

ਸਤਿਗੁਰੂ ਰਾਮ ਸਿੰਘ ਜੀ ਨੇ ਖਾਲਸਾ ਸਾਜਣਾ ਤੋਂ ੧੫੮ ਸਾਲ ਬਾਅਦ, ਜਦੋਂ ਗੁਲਾਮ ਹੋ ਚੁੱਕੇ ਪੰਜਾਬ ਵਿਚ ਮੁੜ ਨਾਮਧਾਰੀ ਸੰਤ ਖਾਲਸਾ ਦੀ ਸਾਜਨਾ ਕਰਕੇ, ਦੇਸ਼ ਆਜ਼ਾਦੀ ਅਤੇ ਸਾਧਾਰਨ ਲੋਕਾਂ ਦੀ ਹਰ ਤਰ੍ਹਾਂ ਦੇ ਦਮਨ ਤੋਂ ਬੰਦ ਖਲਾਸੀ ਲਈ ਕੂਕਾ ਲਹਿਰ ਅਰੰਭ ਕੀਤੀ ਤਾਂ ਇਸ ਦੇ ਪ੍ਰਚਾਰ ਵਿਚ ਥੋਹੜੇ ਸਮੇਂ ਵਿਚ ਹੀ ਅਟਕ ਤੋਂ ਜਮਨਾ ਦਰਿਆਵਾਂ ਦੇ ਵਿਚਲੇ ਖੇਤਰ ਵਿਚ, ਆਪ ਨੂੰ ਜੋ ਭਾਰੀ ਸਫਲਤਾ ਮਿਲੀ, ਉਸ ਵਿਚ ਗੁਰਮਤਿ ਸੰਗੀਤ ਦੇ ਗਾਇਨ ਕਰਦਿਆਂ, ਰਾਗੀਆਂ, ਰਬਾਬੀਆਂ ਤੇ ਯੋਧਿਆਂ ਦੀਆਂ ਵਾਰਾਂ ਗਾਉਣ ਵਾਲੇ ਢਾਡੀਆਂ ਦਾ ਵੱਡਾ ਯੋਗਦਾਨ ਸੀ। "ਦੀਵਾਨਾਂ ਵਿਚ ਸ਼ਬਦ ਬਾਣੀ ਪੜ੍ਹਨ ਲਈ ਪਹਿਲੋਂ ਪਹਿਲੋਂ ਤੰਤੀ ਸਾਜ਼ਾਂ ਰਬਾਬ, ਤਾਊਸ ਅਤੇ ਤਬਲਿਆਂ ਵਾਲੀਆਂ ਤਿੰਨ ਚੌਕੀਆਂ ਭੈਣੀ (ਸਾਹਿਬ) ਵਿਖੇ ਤਿਆਰ ਕੀਤੀਆਂ ਗਈਆਂ। ਧੁਲੇਤੇ ਦੇ ਭਾਈ ਦਿਤੂ, ਭਾਈ ਫਕੀਰੀਆ ਅਤੇ ਭਾਈ ਵਜ਼ੀਰੇ ਨੂੰ ਦੜਪ ਅਥਵਾ ਸਿਆਲਕੋਟ ਵਾਲੇ ਇਲਾਕੇ ਦੀ ਸੇਵਾ ਦਿੱਤੀ ਗਈ। ਭਾਈ ਪ੍ਰੇਮ ਸਿੰਘ, ਭਾਈ ਕਿਰਪਾਲ ਸਿੰਘ

ਭਦੌੜ ਵਾਲੇ ਮਜ਼੍ਹਬੀ ਸਿੰਘ, ਸਮੇਤ ਭਾਈ ਸਾਹਿਬ ਸਿੰਘ ਬੱਸੀਆਂ ਵਾਲੇ ਦੇ ਜੱਥੇ ਨੂੰ, ਮਾਲਵੇ ਦੇ ਇਲਾਕੇ ਵਿਚ ਸੇਵਾ ਕਰਨ ਲਈ ਲਗਾਇਆ ਗਿਆ। ਅਟਾਰੀ ਦੇ ਭਾਈ ਤਾਰਾ ਅਤੇ ਭਾਈ ਪਾਲੀ ਨੂੰ ਮਾਝੇ ਵਿਖੇ ਸੰਗਤਾਂ ਨੂੰ ਕੀਰਤਨ ਸੁਨਾਵਣ ਲਈ ਮੁਕੱਰਰ ਕੀਤਾ। ਮੱਲ੍ਹੀਆਂ ਦੀ ਤਲਵੰਡੀ ਦੇ ਭਾਈ ਪਸ਼ੌਰਾ ਤੇ ਭਾਈ ਸੰਤੂ ਨੂੰ ਢੱਡ ਸਰੰਗੀ ਨਾਲ ਸੰਗਤਾਂ ਨੂੰ ਵਾਰਾਂ ਦੀ ਤਰਜ਼ ਤੇ ਗੁਰਬਾਣੀ ਸੁਨਾਉਣ ਲਾਇਆ ਗਿਆ। ਇਹ ਪੰਜਾਬ ਦੇ ਸਭ ਇਲਾਕਿਆਂ ਵਿਚ ਹੀ ਜਾਂਦੇ ਸਨ। ਪਿੰਡ ਮੋਰੋਂ ਦੇ ਰਾਗੀ ਸੂਬਾ ਸਿੰਘ ਅਤੇ ਉਸ ਦੇ ਸਾਥੀ ਦੁਆਬੇ ਵਿਚ ਪ੍ਰਚਾਰ ਕਰਦੇ ਸਨ। ਭਾਈ ਖਜ਼ਾਨ ਸਿੰਘ, ਰਤਨ ਸਿੰਘ, ਹਰਨਾਮ ਸਿੰਘ, ਸੁਜਾਨ ਸਿੰਘ ਅਤੇ ਅਤਰ ਸਿੰਘ ਪਿੰਡ ਛਾਪਾ ਦੇ ਰਾਗੀ ਸਿੰਘ, ਜਿਨ੍ਹਾਂ ਦੇ ਬਜ਼ੁਰਗ ਨੂੰ ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸਰੰਦਾ ਬਖਸ਼ ਕੇ ਰਾਗ ਦੀ ਦਾਤ ਬਖਸ਼ੀ ਸੀ। ਭੈਣੀ (ਸਾਹਿਬ) ਰਹਿ ਕੇ, ਇਰਦ ਗਿਰਦ ਦੇ ਇਲਾਕਿਆਂ ਵਿਚ, ਦੀਵਾਨਾਂ ਵਿਚ ਆਸਾ ਜੀ ਦੀ ਵਾਰ ਲਗਾ ਕੇ ਅਤੇ ਸ਼ਬਦ ਚੌਕੀਆਂ ਕਰਕੇ ਸੇਵਾ ਕਰਦੇ। ਰਾਗੀਆਂ ਅਤੇ ਢਾਡੀਆਂ ਲਈ ਇਕ ਰੁਪਈਆ ਸ਼ਬਦ ਚੌਕੀ ਦੀ ਭੇਟ ਮੁਕੱਰਰ ਕੀਤੀ ਗਈ।"[1]

੧੮੭੨ ਈ. ਵਿਚ ਸਤਿਗੁਰੂ ਜੀ ਦੀ ਜਲਾਵਤਨੀ ਬਾਅਦ ਨਾਮਧਾਰੀ ਪੰਥ ਦੀ ਵਾਗਡੋਰ ਆਪ ਦੇ ਛੋਟੇ ਭਰਾਤਾ ਬੁੱਧ ਸਿੰਘ, ਜੋ ਹੁਣ ਗੁਰੂ ਹਰੀ ਸਿੰਘ ਜੀ ਦੇ ਰੂਪ ਵਿਚ ਜਾਣੇ ਜਾਂਦੇ ਹਨ, ਨੂੰ ਸਉਂਪੀ ਗਈ। ਸਮਾਂ ਅਜਿਹਾ ਸੀ ਕਿ ਨਾਮਧਾਰੀ ਸਮੁਦਾਇ ਦੇ ਮੁਖੀ, ਮੁੱਖ ਕੇਂਦਰ ਸ੍ਰੀ ਭੈਣੀ ਸਾਹਿਬ ਅਤੇ ਸਮੂਹ ਕੂਕਿਆਂ ਤੇ ਵਿਦੇਸ਼ੀ ਸਰਕਾਰ ਨੇ ਸਖਤੀਆਂ ਦੇ ਝੱਖੜ ਝੁਲਾਏ। ਗੁਰੂ ਹਰੀ ਸਿੰਘ ਜੀ ਨੂੰ ਆਪਣੇ ਘਰ, ਗੁਰਦੁਆਰਾ ਸ੍ਰੀ ਭੈਣੀ ਸਾਹਿਬ ਵਿਚ, ਨਜ਼ਰਬੰਦੀ ਦੀ ਹਾਲਤ ਵਿਚ ਰੱਖਿਆ ਗਿਆ। ਉਹਨਾਂ ਲਈ ਭੈਣੀ ਸਾਹਿਬ ਦੀ ਜੂਹ ਤੋਂ ਬਾਹਰ ਜਾਣਾ ਕਿਆਸਿਆ ਨਹੀਂ ਜਾ ਸੱਕਦਾ ਸੀ। ਪਹਿਲੇ ਵੀਹ ਵਰ੍ਹਿਆਂ ਵਿਚ ਤਾਂ ਉਹ ਬਹੁਤ ਘੱਟ ਘਰੋਂ ਬਾਹਰ ਕੁਝ ਹੀ ਦਿਨਾਂ ਲਈ ਜਾ ਸੱਕੇ, ਉਹ ਵੀ ਸਰਕਾਰੀ ਆਗਿਆ ਨਾਲ। ਪੰਜਾਬ ਦੇ ਕੂਕਿਆਂ ਨੂੰ ਆਪਣੇ ਮੁਰਸ਼ਿਦ ਅਤੇ ਉਹਨਾਂ ਦੇ ਅਸਥਾਨ ਦੇ ਦਰਸ਼ਨ, ਅੱਠਾਂ ਪਹਿਰਾਂ ਵਿਚ, ਪਹਿਲਾਂ ਪੰਜਾਂ ਤੇ ਫਿਰ ਦਸਾਂ ਨੂੰ ਨਸੀਬ ਹੁੰਦੇ। ਸੋ ਇਸ ਸਮੇਂ ਦੌਰਾਨ ਜਦੋਂ ਪ੍ਰਚਾਰ ਦੌਰੇ ਨਹੀਂ ਹੋ ਸੱਕਦੇ ਸਨ ਤਾਂ ਗੁਰਮਤਿ ਸੰਗੀਤ ਵਾਲੇ ਰਾਗੀ ਰਬਾਬੀ ਸ੍ਰੀ ਭੈਣੀ ਸਾਹਿਬ ਕਿਵੇਂ ਅੱਪੜਦੇ। ਪ੍ਰੰਤੂ ਆਪਣੀ ਪਰੰਪਰਾ ਨੂੰ ਕਾਇਮ ਰੱਖਦਿਆਂ ਗੁਰੂ ਹਰੀ ਸਿੰਘ ਜੀ, ਸਵੇਰੇ ਗੱਦੀ ਸਾਹਿਬ ਵਾਲੇ ਚੁਬਾਰੇ ਵਿਚ ਬਿਲਾ ਨਾਗਾ ਆਸਾ ਦੀ ਵਾਰ ਦਾ ਕੀਰਤਨ ਸੁਣਦੇ ਅਤੇ ਸ਼ਾਮ ਨੂੰ ਜਿਹੜੇ ਇਕ ਦੋ ਰਾਗੀ ਸਿੰਘ ਜਾਂ ਕੁਝ ਹੋਰ ਸੰਗਤ ਸਾਥ ਦਿੰਦੇ, ਉਹਨਾਂ ਤੋ ਕੀਰਤਨ ਸੁਣਦੇ। ਐਸੇ ਸਿੰਘ ਜਿਹਨਾਂ ਨੇ ਇਸ ਦਮਨ ਚੱਕਰ ਦੇ ਸਮੇਂ, ਗੁਰੂ ਹਰੀ ਸਿੰਘ ਜੀ ਦੀ ਹਜ਼ੂਰੀ ਵਿਚ ਰਹਿ ਕੇ ਕੀਰਤਨ ਪਰੰਪਰਾ ਨੂੰ ਜਾਰੀ ਰੱਖਿਆ, ਉਹ ਵੀ ਸਾਡੇ ਇਤਿਹਾਸ ਦੇ ਅਮਰ ਪਾਤਰ ਬਣ ਚੁੱਕੇ ਹਨ। ਧੰਨਤਾ ਦੇ ਯੋਗ ਹਨ। ਉਹਨਾਂ ਦੀ ਸੇਵਾ, ਸਿਰੜ, ਤਿਆਗ ਅਤੇ ਸਮਰਪਣ ਭਾਵਨਾ ਅੱਗੇ, ਸਾਡਾ ਸਿਰ ਸਤਕਾਰ ਨਾਲ ਝੁਕ ਜਾਂਦਾ ਹੈ।

ਇਹਨਾਂ ਕੀਰਤਨੀ ਸਿੰਘਾਂ, ਸਿੰਘਣੀਆਂ ਵਿਚੋਂ ਜਿਹੜਾ ਨਾਮ ਉਭਰ ਕੇ ਸਾਹਮਣੇ

ਆਉਂਦਾ ਹੈ ਉਹ ਭਾਈ ਰਾਗਾ ਸਿੰਘ ਹੋਰਾਂ ਦਾ ਹੈ। ਮਾਲੂਮ ਹੁੰਦਾ ਹੈ ਕਿ ਉਹਨਾਂ ਦਾ ਘਰੋਗਾ ਨਾਮ ਤਾਂ ਮਸਤਾਨ ਸਿੰਘ ਸੀ ਪਰ ਜਦੋਂ ਗੁਰੂ ਜੀ ਪਾਸ ਡੇਰੇ ਵਿਚ ਆ ਕੇ ਉਹਨਾਂ ਰਾਗ ਕਰਨ ਦੀ ਇਹ ਸੇਵਾ ਆਰੰਭੀ ਤਾਂ ਹੌਲੀ ਹੌਲੀ ਉਹਨਾਂ ਦਾ ਅਸਲੀ ਨਾਂ ਵਿੱਸਰ ਗਿਆ ਅਤੇ ਉਹਨਾਂ ਨੂੰ ਰਾਗਾ ਸਿੰਘ ਕਹਿ ਕੇ ਹੀ ਬੁਲਾਇਆ ਜਾਣ ਲੱਗਾ। ਲੋਕ-ਲਹਿਰਾਂ ਵਿਚ ਵੱਡੇ ਨਿਸ਼ਾਨਿਆਂ ਨੂੰ ਫੁੰਡਣ ਲਈ, ਜਿਹੜੇ ਸਿਰਲੱਥ ਕੁੱਦ ਪੈਂਦੇ ਹਨ, ਉਹਨਾਂ ਨੂੰ ਆਪਣੇ ਅਸਲੀ ਨਾਵਾਂ ਨੂੰ ਵੀ ਕੁਰਬਾਨ ਕਰਨਾ ਪੈਂਦਾ ਹੈ। ਇਹ ਕੁਝ ਹੀ ਭਾਈ ਰਾਗਾ ਸਿੰਘ ਨਾਲ ਵਾਪਰਿਆ। ਪੰਜਾਬ ਸਰਕਾਰ ਵਲੋਂ, ੧੮੮੧ ਸਾਲ ਦੇ ਮੁੱਢ ਵਿਚ ਜਾਰੀ, ਖਤਰਨਾਕ ਕੂਕਿਆਂ ਦੀ ਸੂਚੀ ਵਿਚ ਆਪ ਬਾਰੇ ਇਹ ਜਾਣਕਾਰੀ ਮਿਲਦੀ ਹੈ—

"ਮਸਤਾਨ ਸਿੰਘ ਪਿਤਾ ਹੇਮ ਸਿੰਘ, ਧੰਦਾ-ਰਾਗੀ, ਪਿੰਡ ਭੈਣੀ (ਸਾਹਿਬ), ਥਾਣਾ-ਸਾਹਨੇਵਾਲ। ਵੇਰਵਾਃ—ਗੰਦਮੀ ਰੰਗ, ਵਿਰਲੀ ਦਾਹੜੀ, ਜੁੱਸਾ ਅਤੇ ਕੱਦ, ਦਰਮਿਆਨਾ, ਉਮਰ ੪੮ ਸਾਲ। ਸੁਭਾਅ ਬਾਰੇ ਦਰਜ ਹੈ—ਉਹ ਬਗਾਵਤੀ ਸੁਭਾਅ ਦਾ ਹੈ। ਉਹ ਸਿਤਾਰ ਵਜਾਉਂਦਾ ਹੈ ਅਤੇ (ਗੁਰਬਾਣੀ) ਗਾਉਂਦਾ ਆਸ ਪਾਸ ਜਾਂਦਾ ਹੈ। ਇਸ ਸਮੇਂ ਉਹ ਬਾਬਾ ਬੁੱਧ ਸਿੰਘ ਦੇ ਡੇਰੇ ਵਿਚ ਇਕ ਸੰਗੀਤਕਾਰ ਦੀ ਸੇਵਾ ਨਿਭਾ ਰਿਹਾ ਹੈ।"[2]

੧੭ ਮਾਰਚ ੧੮੮੧ ਨੂੰ ਲੁਧਿਆਣਾ ਪੁਲੀਸ ਕਪਤਾਨ ਨੂੰ ਸੂਚਨਾ ਮਿਲੀ ਕਿ ੧੫੦ ਕੂਕੇ ਭੈਣੀ ਸਾਹਿਬ ਦੇ ਗੁਆਂਢੀ ਪਿੰਡ ਲਾਟੋਂ ਦੀ ਢੱਕੀ ਵਿਚ, ਗੁਪਤ ਮੀਟਿੰਗ ਕਰ ਰਹੇ ਹਨ। ਉਹ ਜਦੋਂ ਉੱਥੇ ਪਹੁੰਚਿਆ ਤਾਂ ਉਸਨੂੰ ਜਿਹੜੇ ੩੯ ਕੂਕੇ ਗਰਿਫਤਾਰ ਕਰਨ ਵਿਚ ਸਫਲਤਾ ਮਿਲੀ, ਉਹਨਾਂ ਵਿਚੋਂ ਇਹ ਭਾਈ ਮਸਤਾਨ ਸਿੰਘ ਵੀ ਸਨ। ਇੱਥੇ ਇਹਨਾਂ ਦੀ ਜ਼ਾਤ ਜੱਟ ਲਿਖੀ ਹੈ ਅਤੇ ਪਿੰਡ ਭੈਣੀ ਸਾਹਿਬ ਹੀ। ਇਹ ਸਾਰੇ ਬੜੇ ਮਹੱਤਵਪੂਰਨ ਕੂਕੇ ਹਨ ਜਿਹਨਾਂ ਵਿਚ ਕਈ ਸੂਬੇ ਹਨ ਅਤੇ ਉਸ ਸਮੇਂ ਵੱਡੀ ਮਹਿਮਾ ਵਾਲੀ ਮਾਈ ਅਤਰੀ, ਮਾਈਸਰਖਾਨੇ ਵਾਲੀ ਵੀ, ਇਹਨਾਂ ਵਿਚ ਸ਼ਾਮਲ ਹੈ। ਇਹਨਾਂ ਨੂੰ ਜ਼ੋਰ ਦਫਾ ੫੦੪, ੫੦੫ ਸੀ. ਆਰ. ਪੀ. ਸੀ. ਦੇ ਤਹਿਤ ਗਰਿਫਤਾਰ ਕਰਕੇ, ਮੈਜਿਸਟਰੇਟ ਦੇ ਲੁਧਿਆਣੇ ਪੇਸ਼ ਕੀਤਾ ਜਿਸਨੇ ਜਾਂਚ ਹੋਣ ਤੱਕ ਇਹਨਾਂ ਨੂੰ ਜ਼ਮਾਨਤ ਤੇ ਛੱਡ ਦਿੱਤਾ।' ਇਸ ਸਮੇਂ ਗਰਿਫਤਾਰੀਆਂ ਕਰਨ ਵਾਲੇ ਲੁਧਿਆਣੇ ਦੇ ਐਸ. ਪੀ. ਨੂੰ ਮਾਈ ਅਤਰੀ ਪਾਸੋਂ ਤਲਾਸ਼ੀ ਸਮੇਂ ਗੁਰੂ ਰਾਮ ਸਿੰਘ ਜੀ ਦੇ ਵੱਖ-ਵੱਖ ਸਿੰਘਾਂ ਰਾਹੀਂ ਰੰਗੂਨ ਤੋਂ ਆਏ ਹੁਕਮਨਾਮੇ ਵੀ ਬਰਾਮਦ ਹੁੰਦੇ ਹਨ। ਇਸ ਘਟਨਾ ਤੋਂ ਇਹ ਅਨੁਮਾਨ ਸੌਖਿਆਂ ਹੀ ਲਾਇਆ ਜਾ ਸਕਦਾ ਹੈ ਕਿ ਭਾਈ ਮਸਤਾਨ ਸਿੰਘ ਉਰਫ ਰਾਗਾ ਸਿੰਘ ਨਾ ਸਿਰਫ ਇਕ ਕੀਰਤਨੀਆਂ ਜਾਂ ਗੁਰੂ ਹਰੀ ਸਿੰਘ ਜੀ ਦੀ ਹਜ਼ੂਰੀ ਵਿਚ ਸਦਾ ਰਹਿਣ ਵਾਲਾ ਉਹਨਾਂ ਦਾ ਗੜਵਈ ਹੈ, ਸਗੋਂ ਉਹ ਇਸ ਸਮੇਂ ਬਸਤੀਵਾਦੀ ਸਰਕਾਰ ਦੇ ਵਿਰੁੱਧ ਕੂਕਿਆਂ ਦੁਆਰਾ ਗੁੰਦੀਆਂ ਜਾਣ ਵਾਲੀਆਂ ਗੋਂਦਾਂ ਵਿਚ, ਇਕ ਪਰਮੁੱਖ ਕੂਕਾ ਮੁਖੀ ਦੇ ਤੌਰ ਤੇ ਵੀ ਸ਼ਾਮਲ ਵੇਖਿਆ ਜਾ ਸੱਕਦਾ ਹੈ। ਉਪਰੋਕਤ ਮੀਟਿੰਗ ਦੀ ਫਿਤਰਤ ਕਿਹੋ ਜਿਹੀ ਹੋਏਗੀ ਉਹ ਇਸੇ ਗੱਲ ਤੋਂ ਮਾਲੂਮ ਹੁੰਦੀ ਹੈ ਕਿ ਉਸ ਵਿਚ

ਸ਼ਾਮਲ ਸਿੰਘ ਸਿੰਘਣੀਆਂ, ਆਪਣੇ ਅਸਲੀ ਨਾ ਥਹੁ ਪੁਲੀਸ ਨੂੰ ਪਹਿਲੀ ਪੁੱਛ ਦੇ ਜ਼ੁਆਬ ਵਿਚ ਨਹੀਂ ਲਿਖਵਾਉਂਦੇ, ਸਗੋਂ ਸਰਕਾਰੀ ਸੂਹੀਏ ਅਤੇ ਮੁਖਬਰ ਅਗਲੇ ਦਿਨ ਆ ਕੇ, ਉਹਨਾਂ ਦੀ ਠੀਕ ਪਹਿਚਾਣ ਜ਼ਾਹਰ ਕਰਦੇ ਹਨ। ਮਾਈ ਅਤਰੀ ਦਾ ਗਾਡੀਵਾਨ ਸ. ਗੁਰਦਿੱਤ ਸਿੰਘ ਨਾਈਵਾਲਾ, ਸੂਬਾ ਗਿਆਨੀ ਸਿੰਘ ਨਾਲ, ਲੁਧਿਆਣੇ ਸ਼ਹੀਦ ਹੋਣ ਵਾਲੇ ਨਾਇਬ ਸੂਬਾ ਰਤਨ ਸਿੰਘ ਦਾ ਭਾਈ ਹੈ। ਮਾਈ ਅਤਰੀ ਦੀਆਂ ਉਸ ਸਮੇਂ ਦੀਆਂ ਕੂਕਾ ਲਹਿਰ ਲਈ ਹਦੋਂ ਵੱਧ ਵਧੀਆਂ ਸਰਗਰਮੀਆਂ ਤੋਂ ਬ੍ਰਿਟਿਸ਼ ਸਰਕਾਰ ਅਤੇ ਉਸਦੇ ਆਪਣੇ ਇਲਾਕੇ ਦੀ ਪਟਿਆਲਾ ਸਰਕਾਰ ਵੀ ਪਰੇਸ਼ਾਨ ਰਹਿੰਦੀਆਂ ਸਨ। ਖ਼ੈਰ ਇਉਂ ਮਾਲੂਮ ਹੁੰਦਾ ਹੈ ਕਿ ਭਾਈ ਰਾਗਾ ਸਿੰਘ ਜੇ ੧੮੮੦-੮੧ ਤੱਕ ਇਕ ਮੁਖੀ ਕੂਕਾ ਬਣ ਚੁੱਕਾ ਹੈ ਤਾਂ ਉਹਨੂੰ ਨਾਮਧਾਰੀ ਪੰਥ ਵਿਚ ਪਰਵੇਸ਼, ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਵਿਚ ਹੀ ਮਿਲਿਆ ਸੀ। ਇਸ ਲਹਿਰ ਨਾਲ ਉਸਦਾ ਲਗਾਉ, ਉਸਨੂੰ ਉਹਦੇ ਪਿੰਡ ਤੋਂ ਪੱਕੇ ਤੌਰ ਤੇ, ਭੈਣੀ ਸਾਹਿਬ ਦਾ ਵਾਸੀ ਬਣਾ ਦਿੰਦਾ ਹੈ। ਇਹੋ ਕਾਰਨ ਹੈ ਕਿ ਉਹ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਜਿਹੜੇ ੧੭੨ ਡੇਰੇ ਵਿਚੋਂ ਪਕੜੇ ਸਿੰਘਾਂ ਸਿੰਘਣੀਆਂ ਵਿਚੋਂ, ੧੨੨ ਤਾਂ ਆਪੋ ਆਪਣੇ ਘਰਾਂ ਨੂੰ ਭੇਜ ਦਿੱਤੇ ਗਏ ਬਾਕੀ ਜਿਹੜੇ ੫੦ ਕਹਿੰਦੇ ਹਨ ਸਾਡਾ ਕੋਈ ਘਰ ਘਾਟ ਨਹੀਂ, ਭੈਣੀ ਸਾਹਿਬ ਬਿਨਾਂ, ਮਸਤਾਨ ਸਿੰਘ ਵੀ ਉਹਨਾਂ ਵਿਚੋਂ ਇਕ ਹੈ। ਇਹਨਾਂ ਦੀਆਂ ਜ਼ਮਾਨਤਾਂ ਮੰਗੀਆਂ ਗਈਆਂ। ਜਿਹੜੇ ਜਮਾਨਤਾਂ ਨਾ ਦੇ ਸੱਕੇ ਦੋ ਦੋ ਸਾਲ ਲਈ ਜਿਹਲ ਭੇਜ ਦਿੱਤੇ ਗਏ। ਭਾਈ ਮਸਤਾਨ ਸਿੰਘ ਜ਼ਮਾਨਤ ਦੇ ਕੇ ਆ ਗਏ ਜਾਂ ਜਿਹਲ ਯਾਤਰਾ ਕਰਨ ਬਾਅਦ ਡੇਰੇ ਭੈਣੀ ਸਾਹਿਬ ਪੁੱਜੇ, ਇਸ ਬਾਰੇ ਸਰਕਾਰੀ ਦਸਤਾਵੇਜ਼ਾਂ ਦੀ ਬਾਰੀਕੀ ਨਾਲ ਘੋਖ ਪੜਤਾਲ ਦੀ ਲੋੜ ਹੈ। ਇਹ ਸਾਬਤ ਹੁੰਦਾ ਹੈ ਕਿ ਉਹ ੧੮ ਜਨਵਰੀ ੧੮੭੨ ਤੋਂ ਕੁਝ ਸਾਲ ਪਹਿਲਾਂ ਤੋਂ ਹੀ ਡੇਰੇ ਭੈਣੀ ਸਾਹਿਬ ਵਿਚ ਆ ਟਿਕੇ ਸਨ।

ਉਪਰੋਕਤ ਤੱਥ ਦੀ ਪੁਸ਼ਟੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਰੰਗੂਨ ਤੋਂ ਆਏ ਹੁਕਮਨਾਮਿਆਂ ਵਿਚੋਂ ਹੁੰਦੀ ਹੈ ਜਿਹਨਾਂ ਵਿਚ ਆਪ ਮਸਤਾਨ ਸਿੰਘ ਜੀ ਨੂੰ ਡੇਰਾ ਸ੍ਰੀ ਭੈਣੀ ਸਾਹਿਬ ਵਿਚ ਰਹਿਣ ਵਾਲੇ ਹੋਰ ਸਿੰਘਾਂ (ਗੁਰੂ) ਭਾਈ ਹਰੀ ਸਿੰਘ ਜੀ, ਬਸੰਤ ਸਿੰਘ, ਸੂਰਤ ਸਿੰਘ, ਹਰਿਨਾਮ ਸਿੰਘ (ਸਤਿਗੁਰੂ ਰਾਮ ਸਿੰਘ ਦੀ ਪੁੱਤਰੀ ਬੀਬੀ ਨੰਦਾ ਦੇ ਤਿੰਨ ਪੁੱਤਰ) ਨਰੈਣ ਸਿੰਘ (ਗੁਰੂ ਹਰੀ ਸਿੰਘ ਜੀ ਦਾ ਦੋਹਿਤਾ), ਦਰਬਾਰਾ ਸਿੰਘ (ਸਤਿਗੁਰੂ ਰਾਮ ਸਿੰਘ ਦੇ ਤਾਏ ਬਾਬੇ ਨੱਥੇ ਦਾ ਪੁੱਤਰ), ਸੋਭਾ ਸਿੰਘ, ਸੰਗਤ ਸਿੰਘ (ਦਰਬਾਰਾ ਸਿੰਘ ਦੇ ਪੁੱਤਰ), ਲਹਿਣਾ ਸਿੰਘ (ਪਿੰਡ ਭੈਣੀ ਸਾਹਿਬ ਦੇ ਰੁਲਦੂ ਜੱਟ ਦਾ ਪੁੱਤਰ, (ਸਤਿਗੁਰੂ ਜੀ ਦਾ ਬਾਲ-ਸਖਾ), ਗੁਰਦਿੱਤ ਸਿੰਘ, (ਮਹੰਤ ਪਿੰਡ ਮੋਰੋਂ) ਸ਼ੇਰ ਸਿੰਘ (ਖਰਾਸੀਆ, ਮੁਸੱਦਾ ਸਿੰਘ ਦਾ ਪੁੱਤਰ), ਦੋਵੇਂ ਜਮੀਤ ਸਿੰਘ, ਮਸਤਾਨ ਸਿੰਘ ਰਾਗੀ, ਰਾਘੋ ਸਿੰਘ (ਬਦਨ ਸਿੰਘ ਦਾ ਪੁੱਤਰ ਪਿੰਡ ਲੱਲਾਂ ਦੇ ਗੁਰਦੁਆਰੇ ਰਹਿਣ ਵਾਲਾ), ਸੌਣ ਸਿੰਘ (ਘੋੜਿਆਂ ਦਾ ਸਾਈਸ ਸੀ), ਹਿੰਮਤ ਸਿੰਘ, ਈਸ਼ਰ ਸਿੰਘ, ਅਤਰ ਸਿੰਘ, ਬੂਟਾ ਸਿੰਘ, ਮੱਲਾ ਸਿੰਘ, ਕਾਨ੍ਹਾ, ਦਿਆਲ ਸਿੰਘ, ਰਾਈਏ, ਕੋਟ, ਲਲੀ, ਕੁਬੀ ਹੋਰ ਸਰਬਤਿ ਸੰਗਤਿ ਕੋ ਸਿਰੀ ਵਾਹਿਗੁਰੂ ਜੀ ਕੀ ਫਤੇ ਬੁਲਾਈ ਪ੍ਰਮਾਨ ਕਰਨੀ ਜੀ।"[4]

ਇਹ ਸਾਰੇ ਸੱਜਣ ਸਤਿਗੁਰੂ ਜੀ ਦੇ ਨਿਕਟ ਸਬੰਧੀ, ਡੇਰਾ ਭੈਣੀ ਸਾਹਿਬ ਜਾਂ ਪਿੰਡ ਵਿਚ ਰਹਿਣ ਵਾਲੇ ਡੇਰੇ ਦੇ ਇਕਾ ਦੁੱਕਾ ਸ਼ੁਭ ਚਿੰਤਕ ਸਨ। ਸਤਿਗੁਰੂ ਜੀ ਜਿਸ ਪਿੰਡ ਜਾਂ ਇਲਾਕੇ ਦੇ ਸਿੰਘ ਨੂੰ ਹੁਕਮਨਾਮਾ ਸਾਦਰ ਕਰਦੇ ਹਨ ਉੱਥੋਂ ਦੇ ਸਮੂਹ ਮਹੱਤਵਪੂਰਨ ਗੁਰੂ ਪਿਆਰਿਆਂ ਨੂੰ ਮੁੱਢ ਵਿਚ ਜਾਂ ਅਖੀਰ ਵਿਚ, ਯਾਦ ਕਰਦਿਆਂ ਗੁਰੂ-ਫਤੇਹ ਭੇਜਦੇ ਹਨ। ਇਸ ਹੁਕਮਨਾਮੇ ਦੇ ਅਖੀਰੀ ਸ਼ਬਦ ਹਨ "ਏਹੁ ਅਰਦਾਸ ਦੇਣੀ ਡੇਰੇ ਹਰੀ ਸਿੰਘ ਨੂੰ।"[5] ਇਕ ਹੋਰ ਹੁਕਮਨਾਮੇ ਵਿਚ ਵੀ ਡੇਰੇ ਵਿਚ ਰਹਿਣ ਵਾਲੇ ਸਿੰਘਾਂ ਨੂੰ ਜਦੋਂ ਯਾਦ ਕਰਦੇ ਹਨ ਤਾਂ ਭਾਈ ਮਸਤਾਨ ਸਿੰਘ ਅਤੇ ਜਮੀਤ ਸਿੰਘ ਨੂੰ "ਵਾਹਿਗੁਰੂ ਜੀ ਦੀ ਫਤੇ" ਭੇਜਦੇ ਹਨ। "ਇਹੁ ਹਰਦਾਸ ਦੇਣੀ ਡੇਰੇ ਹਰੀ ਸਿੰਘ ਕੋ।"[6] ਇਸ ਹੁਕਮਨਾਮੇ ੧੫, ਦੇ ਫੁੱਟ ਨੋਟ ਵਿਚ ਜਮੀਤ ਸਿੰਘ ਮਸਤਾਨ ਸਿੰਘ ਦੋਹਾਂ ਦਾ ਪਿੰਡ ਲੱਲਾਂ ਅਤੇ ਸਪੁੱਤਰ ਸ. ਹੇਮ ਸਿੰਘ ਲਿਖਿਆ ਮਿਲਦਾ ਹੈ। ਜਮੀਤ ਸਿੰਘ ਦਾ ਵੀ ਡੇਰੇ ਵਿਚ ਰਹਿ ਕੇ ਸੇਵਾ ਕਰਦੇ ਹੋਣਾ ਲਿਖਿਆ ਹੈ। "ਮਸਤਾਨ ਸਿੰਘ ਸਿਤਾਰ ਨਾਲ ਰਾਗ ਕਰਿਆ ਕਰਦਾ ਸੀ ਸਤਿਗੁਰੂ ਹਰੀ ਸਿੰਘ ਦੇ ਹਜ਼ੂਰੀ।"[7] ਇਹ ਲੱਲ ਕਲਾਂ ਉਦੋਂ ਇਲਾਕਾ ਦੋਰਾਹਾ ਰਿਆਸਤ ਪਟਿਆਲਾ ਦਾ ਪਿੰਡ ਸੀ। ਅੱਜ ਕੱਲ੍ਹ ਜ਼ਿਲ੍ਹਾ ਲੁਧਿਆਣਾ ਹੈ। ਇਹ ਪਿੰਡ ਸਰਹੰਦ ਨਹਿਰ ਦੇ ਨੀਲੋਂ ਪੁਲ ਦੇ ਨਜ਼ਦੀਕ ਹੀ ਹੈ। ਭੈਣੀ ਸਾਹਿਬ ਤੋਂ ਵੀ ਬਹੁਤੀ ਦੂਰ ਨਹੀਂ ਹੈ। ਪ੍ਰਸਿੱਧ ਨਾਮਧਾਰੀ ਪੰਜਾਬੀ ਸਾਹਿਤਕਾਰ, ਸੰਤ ਇੰਦਰ ਸਿੰਘ 'ਚੱਕਰਵਰਤੀ' ਜੀ ਦਾ ਵੀ ਇਹੋ ਪਿੰਡ ਸੀ।

ਭਾਈ ਸੰਤੋਖ ਸਿੰਘ ਬਾਹੋਵਾਲ ਦੇ ਪ੍ਰਸਿੱਧ ਗ੍ਰੰਥ, ਸਤਿਗੁਰੂ ਬਿਲਾਸ ਭਾਗ ਦੂਜਾ ਵਿਚ ਰਾਗਾ ਸਿੰਘ ਹੋਰਾਂ ਬਾਰੇ ਕਾਫ਼ੀ ਇੰਦਰਾਜ ਮਿਲਦੇ ਹਨ ਜਿਹਨਾਂ ਤੋਂ ਉਹਨਾਂ ਦੀ ਸ਼ਖਸੀਅਤ, ਕਾਰਜ ਕੁਸ਼ਲਤਾ, ਆਪਣੀ ਲਹਿਰ ਪ੍ਰਤੀ ਸਮਰਪਣ ਭਾਵ ਅਤੇ ਗੁਰੂ ਹਰੀ ਸਿੰਘ ਜੀ ਨਾਲ ਉਹਨਾਂ ਦੇ ਕਿਹੋ ਜਿਹੇ ਅੰਤਰੰਗ ਸੰਬੰਧ ਸਨ, ਉਹਨਾਂ ਦੀ ਝਲਕ ਮਿਲਦੀ ਹੈ। ਉਹ ਹਜ਼ੂਰੀ ਵਿਚ ਵੀ ਰਹਿੰਦੇ ਹਨ। ਅੰਤਿਮ ਸਮੇਂ ਤੱਕ ਉਹ ਸਤਿਗੁਰੂ ਜੀ ਦੇ ਗੜਵਈ ਦੀ ਸੇਵਾ ਨਿਬਾਹੁੰਦੇ ਰਹੇ। ਗੁਰੂ ਕੇ ਪ੍ਰਮੁੱਖ ਕੀਰਤਨੀਏ ਵੀ ਸਨ। ਜਿਹਨਾਂ ਨੇ ਗੁਰੂ ਹਰੀ ਸਿੰਘ ਜੀ ਦੇ ਗੁਰਤਾ ਕਾਲ ਦੇ ਪੂਰੇ ਚੌਤੀ ਸਾਲ ਆਪ ਦੀ ਹਜ਼ੂਰੀ ਵਿਚ ਕੀਰਤਨ ਕੀਤਾ ਬੇਸ਼ਕ ਇਸ ਸਮੇਂ, ਕੁਝ ਹੋਰ ਸਿੰਘ ਸਿੰਘਣੀਆਂ ਵੀ ਇਸ ਕੀਰਤਨ ਵਿਚ ਸ਼ਾਮਲ ਹੁੰਦੇ ਸਨ। "ਬਾਬਾ ਝਾਬਾ ਸਿੰਘ ਜੀ ਸੂਰਮਾ ਸ਼ਬਦ ਗਾਇਨ ਕਰਦੇ। ਭਾਈ ਗੁਰਮੁਖ ਸਿੰਘ ਜੀ ਸੂਰਮਾ ਢੋਲਕੀ ਤੇ ਕੈਂਸੀਆਂ ਬਜਾਉਂਦੇ। ਮਹੰਤ ਗੁਰਦਿੱਤ ਸਿੰਘ ਜੀ ਸਿਤਾਰ ਵਜਾਉਂਦੇ। ਸੰਤ ਰਾਗਾ ਸਿੰਘ ਜੀ ਹਜ਼ੂਰੀ ਗੜਵਈ, ਮਾਈ ਹੁਕਮੀ (ਵਰਿਆਂਹ), ਮਾਈ ਘੁੱਲੀ (ਉਰਫ ਮਾਈ ਉੱਤਮੀ, ਚੱਕ ਦੇਸ ਰਾਜ), ਮਾਈ ਗੁਰਦੇਈ (ਖੰਨੇ ਵਾਲੀ), ਮਾਈ ਸ਼ਿਵ ਕੌਰ ਅਤੇ ਸੁਹੇਲ ਸਿੰਘ ਜੀ ਬਿਲਗੇ ਵਾਲੇ ਕੀਰਤਨ ਵਿਚ ਸਾਥ ਦਿੰਦੇ।" ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਉਪਦੇਸ਼ ਵਿਚ ਦਰਜ ਹੈ "(ਗੱਦੀ ਸਾਹਿਬ ਵਾਲੇ) ਚੁਬਾਰੇ 'ਚ ਮਹਾਂ ਸਿੰਘ ਸੀ, ਉਹਦੇ ਹੱਥ ਕੰਬਣ ਲੱਗ ਪਏ ਸੀ। ਉਹ ਢੋਲਕ ਵਜਾਉਂਦੇ ਹੁੰਦੇ, ਬਾਬਾ ਰਾਗਾ ਸਿੰਘ ਹੁਰੀਂ ਤਾਊਸ ਵਜਾਉਂਦੇ। ਨਾਲ ਮਾਈਆਂ ਹੁੰਦੀਆਂ। ਗੁਰੂ ਹਰੀ ਸਿੰਘ ਜੀ ਦੇ ਕੋਲ ਆਸਾ ਦੀ ਵਾਰ ਵਿਚ..."[9]

ਗੁਰੂ ਹਰੀ ਸਿੰਘ ਜੀ ਦੇ ਕੂਕਾ ਲਹਿਰ ਦੀ ਅਗੁਆਈ ਕਰਨ ਦੇ ਪਹਿਲਾਂ ਸਾਲਾਂ ਵਿਚ ਤਾਂ ਹਾਲਾਤ ਬੜੇ ਬਿਖਮ ਸਨ। ਡੇਰੇ ਵਿਚ ਪੰਜ ਸਿੰਘ ਹੀ ਆ ਸੱਕਦੇ ਸਨ। ਅੱਠਾਂ ਪਹਿਰਾਂ ਵਿਚ। ਗੁਰੂ ਹਰੀ ਸਿੰਘ ਜੀ ਬਾਹਰ ਉਜਾੜ ਜੰਗਲ ਟਿੱਬਿਆਂ ਵਿਚ ਕਿਸੇ ਛੱਪੜ ਦੇ ਕਿਨਾਰੇ, ਰੁੱਖ ਹੇਠ ਬੰਦਗੀ ਕਰਨੀ। ਇਸ ਬਹਾਨੇ ਕੁਝ ਸਿੰਘਾਂ ਨੇ ਭੇਸ ਬਦਲ ਕੇ ਮੱਥਾ ਵੀ ਟੇਕ ਜਾਣਾ। ਕੁਝ ਵਿਚਾਰ ਚਰਚਾ ਲਹਿਰ ਨੂੰ ਚੱਲਦੀ ਰੱਖਣ ਲਈ ਹੁੰਦੀ। ਪੰਜਾਬ ਦੇ ਵੱਖ-ਵੱਖ ਖਿੱਤਿਆਂ ਤੋਂ ਆਉਂਦੇ ਕੂਕਿਆਂ ਨਾਲ, ਸੰਪਰਕ ਸਾਧਿਆ ਜਾਂਦਾ। ਉਹਨਾਂ ਨੂੰ ਉਤਸ਼ਾਹਿਤ ਕੀਤਾ ਜਾਂਦਾ। ਇਸ ਸਮੇਂ ਵਿਚ ਗੁਰੂ ਹਰੀ ਸਿੰਘ ਜੀ ਜਾਂ ਉਹਨਾਂ ਪਾਸ ਲੰਮੇ ਪੈਂਡੇ ਝਾਗ ਕੇ ਪੁੱਜੇ ਸਿੱਖਾਂ ਸਨੇਹੀਆਂ ਨੂੰ, ਜਲ ਪਾਣੀ ਦੀ ਸੇਵਾ ਦੀ ਕਰੜੀ ਘਾਲ, ਭਾਈ ਰਾਗਾ ਸਿੰਘ ਨੂੰ ਘਾਲਣੀ ਪਈ। ਉਹਨਾਂ ਨੂੰ ਪੁਲੀਸ ਦੀ ਬਾਜ਼ ਅੱਖ ਤੋਂ ਬਚਣ ਲਈ ਕਈ ਖੇਖਣ ਵੀ ਕਰਨੇ ਪੈਂਦੇ। ਬਾਹੋਵਾਲ ਜੀ ਉਹਨਾਂ ਸਮਿਆਂ ਦੇ ਪਰਤੱਖ-ਦਰਸ਼ੀ, ਲਿਖਦੇ ਹਨ—

"ਕਾਣਾ ਹੌਲਦਾਰ ਜੁਤੀ ਪਛਾਣ ਲੈਂਦਾ ਸੀ ਕਿ ਇਹ ਘਰ ਕੇ ਸਿੰਘ ਕੀ ਹੈ ਏਹ ਓਪਰੇ ਸਿੰਘ ਕੀ ਹੈ। ਇਕ ਸਮੇਂ ਰਾਗਾ ਸਿੰਘ ਨਿਕਲਿਆ ਸਰਦਾਈ ਲੈ ਕੇ ਇਕ ਸਿੰਘ ਵਾਸਤੇ, ਮਗਰੇ ਕਾਣਾ ਹੌਲਦਾਰ ਲੱਗਾ। ਅੱਗੇ ਜਾਇਕੇ ਰਾਗਾ ਸਿੰਘ ਨਾਲਾ ਖੋਹਲਕੇ ਧਰਤੀ ਪਰ ਬੈਠਾ ਤਾ ਤੁਰਕ ਮੁੜ ਆਇਆ। ਰਾਗਾ ਸਿੰਘ ਨੇ ਜਾਇਕੇ ਸਿੰਘ ਨੂੰ ਸਰਦਾਈ ਛਕਾਈ।"

"ਇਕ ਦਿਨ ਰਾਗਾ ਸਿੰਘ ਨੇ ਆਸਨ ਵਲੇਟ ਕੇ ਬਗਲ ਵਿਚ ਲੈ ਲਿਆ ਜਾਂ ਦਰਵਾਜਾ ਲੰਘਨ ਲੱਗਾ ਤਾਂ ਸਪਾਹੀ ਨੇ ਰੋਕਿਆ ਕੇ ਤੂੰ ਕੀ ਲਈ ਜਾਂਦਾ ਹੈ ? ਰਾਗਾ ਸਿੰਘ ਨੇ ਕਹਾ ਕਿ ਪਰਸਾਦੇ ਹੈਨ। ਹੌਲਦਾਰ ਭੀ ਤੇ ਹੋਰ ਭੀ ਆਇ ਇਕੱਠੇ ਹੋਏ। ਰਾਗਾ ਸਿੰਘ ਨੇ ਆਸਨ ਝਾੜਿਆ ਤਾ ਕੁਝ ਨਾ ਨਿਕਲਿਆ। ਸਰਮਿੰਦੇ ਹੋਏ ਤੁਰਕ ਨੇ, ਚਪੇੜ ਮਾਰੀ ਰਾਗਾ ਸਿੰਘ ਦੇ, ਕੇ ਕਿੱਡਾ ਛਲ ਕੀਤਾ ਹੈ।"

"ਏਕ ਸਮੇਂ ਲਾਟੋਂ ਕੀ ਢੱਕੀ ਮੇਂ ਸਿੰਘ ਸੇ। ਗੁਰੂ ਮਹਾਰਾਜ ਜੀ ਰਾਗਾ ਸਿੰਘ ਨੂੰ ਕਹਿਆ ਕਿ ਸਰਦਾਈ ਲੈ ਜਾਉ, ਸਿੰਘਾਂ ਨੂੰ ਦੇ ਆਉ ਲਾਟੋ ਕੀ ਢੱਕੀ ਮੇਂ ਹੈਂ। ਜਾਂ ਲੈ ਕੇ ਸਰਦਾਈ ਗਿਆ ਤਾਂ ਅੱਗੇ ਹੌਲਦਾਰ ਤੁਰਿਆ ਆਉਂਦਾ ਸੀ। ਰਾਗਾ ਸਿੰਘ ਮਦਾਨ ਬੈਠ ਗਿਆ। ਹੌਲਦਾਰ ਕਾਣਾ ਖਲੋਇ ਗਿਆ। ਚਿਰ ਤਾਲਕ ਬੈਠ ਰਿਹਾ ਰਾਗਾ ਸਿੰਘ। ਤੁਰਕ ਖੜਾ ਰਿਹਾ। ਜਾਂ ਰਾਗਾ ਸਿੰਘ ਉਠਿਆ ਤਾਂ ਕੋਲ ਜਾਇਕੇ ਤੁਰਕ ਕੈਹਨ ਲੱਗਾ ਕਿ ਸੱਚ ਕਹੁ ਕਿਸ ਨੂੰ ਦੇਣ ਚੱਲਿਆ ਹੈ ਸਰਦਾਈ। ਰਾਗਾ ਸਿੰਘ ਨੇ ਕਿਹਾ ਮੈਂ ਆਪਣੇ ਛਕਣ ਨੂੰ ਲੈ ਚੱਲਿਆ ਹਾਂ। ਹੌਲਦਾਰ ਨੇ ਕਿਹਾ ਕਿ ਤੂੰ ਤਾਂ ਸਿੰਘ ਕੋਲ ਚੱਲਿਆ ਹੈ। ਮੋੜ ਲੈ ਆਇਆ ਰਾਗਾ ਸਿੰਘ ਕੋ। ਦਰਵਜੇ ਅੱਗੇ ਆਇਕੇ ਕੈਹਣ ਲੱਗਾ ਰਾਗਾ ਸਿੰਘ ਫੜ ਲੈ ਆਂਦਾ ਹੈ ਸਰਦਾਈ ਲਈ ਜਾਂਦਾ ਸੀ ਸਿੰਘਾਂ ਲਈ।"[10]

ਜਿਸ ਘਟਨਾ ਵਿਚ ਮਸਤਾਨ ਸਿੰਘ ਉਰਫ਼ ਰਾਗਾ ਸਿੰਘ ਦਾ ਪਹਿਲਾਂ ਪਕੜੇ ਜਾਣ ਦਾ ਸਰਕਾਰੀ ਰੀਕਾਰਡ ਵਿਚ ਵੇਰਵਾ ਉੱਪਰ ਆਇਆ ਹੈ ਜੇ. ਪੀ. ਵਾਰਬਰਟਨ (ਪੁਲਿਸ ਕਪਤਾਨ, ਲੁਧਿਆਣਾ) ਦੇ ਹਵਾਲੇ ਨਾਲ, ਉਹੋ ਘਟਨਾ ਭਾਈ ਸੰਤੋਖ ਸਿੰਘ

ਹੋਰਾਂ ਵੀ ਲਿਖੀ ਹੈ ਪਰ ਮਾਮੂਲੀ ਫਰਕ ਨਾਲ। ਇਸ ਤੋਂ ਵੀ ਲੱਗਦਾ ਹੈ ਕਿ ਭਾਈ ਰਾਗਾ ਸਿੰਘ ਕਿਤਨਾ ਕੁਸ਼ਾਗਰ ਬੁੱਧੀ ਸੀ ਜੋ ਹਰ ਹਾਲਾਤ ਨਾਲ ਸਿੱਝਣ ਦੇ ਸਮਰੱਥ ਸੀ। ਅੰਗਰੇਜ਼ ਸਰਕਾਰ, ਗੁਰੂ ਸਾਹਿਬ ਦੇ ਦਰਸ਼ਨ ਕਰਨ ਆਉਂਦੇ ਕੂਕਿਆਂ ਤੋਂ ਕਿਤਨੀ ਭੈਭੀਤ ਸੀ 'ਤੇ ਗੁਰੂ ਹਰੀ ਸਿੰਘ ਨੂੰ ਇਕ ਕੇਂਦਰ ਬਿੰਦੂ ਸਮਝ ਕੇ, ਉਹਨਾਂ ਦੇ ਗਿਰਦ ਜੁੜਦੇ ਕੂਕਿਆਂ ਨੂੰ ਵੀ ਆਪਣੇ ਰਾਜ ਦੀ ਸਲਾਮਤੀ ਲਈ ਖ਼ਤਰਾ ਮੰਨਦੀ ਸੀ। ਪੇਸ਼ ਹੈ ਸੰਤੋਖ ਸਿੰਘ ਜੀ ਦਾ ਬਿਰਤਾਂਤ—

"ਅਤਰੀ ਖਾਨੇ ਵਾਲੀ ਭੀ, ਦਰਸਨ ਕੋ ਆਈ ਰੱਥ ਪਰ। ਲਾਟੋਂ ਕੀ ਢੱਕੀ ਮੇਂ ਗੁਰੂ ਜੀ ਭੀ ਗਏ। ਓਧਰ ਸੇ ਮੁਕਬਲਾਂ ਨੇ ਥਾਨੇਦਾਰ ਚਾੜ੍ਹ ਆਂਦਾ। ਥਾਨੇਦਾਰ ਨੇ ਸਪਾਹੀ ਭੇਜਿਆ ਕਿ ਫੜ ਲਿਆਵੋ। ਸਪਾਹੀ ਕੋ ਸਿੰਘਾਂ ਦੋ ਰੁਪਏ ਦੇ ਦੀਏ। ਸਪਾਹੀ ਨੇ ਕਹਾ ਕਿ ਇਸੀ ਕਣਕ ਮੇਂ ਵੜ ਕੇ ਛੁਪ ਜਾਓ। ਸਭ ਛੁਪ ਗਏ। ਸਪਾਹੀ ਨੇ ਰਾਗਾ ਸਿੰਘ ਫੜ ਆਂਦਾ। ਥਾਨੇਦਾਰ ਨੇ ਕਹਾ ਕਿ ਭੈਣੀ ਕੇ ਕਹਾ ਹੈਂ ? ਸਪਾਹੀ ਨੇ ਕਹਾ ਕਿ ਏਹੀ ਥੇ ਹੋਰ ਸਿੰਘ ਚਲੇ ਗਏ। ਗੁਰੂ ਮਹਾਰਾਜ ਜੀ ਡੇਰੇ ਆਏ। ਸਪਾਹੀ ਰਥ ਨਾਲ ਲੈ ਗਏ ਲੁਧਿਆਣੇ। ਖਾਨੇਵਾਲੀ ਕੇ ਪੈਰਾਂ ਮੇਂ ਭਵਟੇ ਪਾਇ ਦੀਏ ਤੇ ਕਹਾ ਸਰਦਾਰ ਕੀ ਰਾਨੀ ਹੈ। ਬਟਨ ਕਹੇ ਕਿ ਖਾਨੇਵਾਲੀ ਅਤਰੀ ਹੈ। ਬੀਸ ਕੁ ਦਿਨ ਰੱਖ ਕੇ ਖਾਨੇ ਨੂੰ ਭੇਜੀ।"

"ਬਟਨ ਨੇ ਗੁਰੂ ਜੀ ਕੋ ਕਹਾ ਕਿ ਤੁਸੀਂ ਸਿੰਘਾਂ ਨੂੰ ਸੱਦ ਕੇ ਇਕੱਠੇ ਕਰਦੇ ਹੋ। ਤੁਮ ਟਲਦੇ ਨਹੀਂ ਹੋ। ਤੁਮਭੀ ਅਪਨੇ ਭਾਈ ਮਾਂਗੂੰ ਕਰਦੇ ਹੋ। ਸਿੰਘਾਂ ਕਾ ਇਕੱਠ ਕਰੋਗੇ ਤਾਂ ਉਨ੍ਹਾਂ ਕੇ ਵਾਂਗੂੰ ਤੁਮਕੋ ਭੀ ਲੈ ਜਾਮਾਂਗੇ। ਬੜਾ ਖਚਰਾ ਫਰੰਗੀ ਸੀ। ਤਕੌਂਦਾ ਰਹਿੰਦਾ ਸੀ ਕਿ ਕੋਈ ਬਿਘਨ ਪਵੇ ਤਾਂ ਹੱਥ ਪਾਈਏ। ਉਸੀ ਤਰਾਂ ਫੇਰ ਓਵੇਂ ਈ ਸਿੰਘ ਔਣੇ ਜਾਣੇ ਲਗੇ ਹੈ, ਅੱਗੇ ਮਾਂਗੂੰ ਫੇਰ ਕੋਈ ਭਾਣਾ ਬਰਤੌਨਗੇ। ਫਰੰਗੀਆਂ ਕੀ ਏਹ ਮਨਸਾ ਸੀ ਕਿ ਘਟ ਤਾਂ ਜਾਣ ਬਧਨ ਨਾ। ਜਿਨ੍ਹਾਂ ਨੇ ਪੈਦਾ ਹੁੰਦਿਆਂ ਈ ਸਾਡਾ ਹੁਕਮ ਚੁਕਾਇ ਦੀਆ ਹੈ ਜੇ ਬਧ ਗਏ ਤਾਂ ਇਨ੍ਹਾਂ ਕਾ ਈ ਰਾਜ ਹੋ ਜਾਏਗਾ।"[11]

ਭੈਣੀ ਸਾਹਿਬ ਦੇ ਕਿਸੇ ਕੂਕੇ ਦਾ ਗੁਆਂਢੀ ਪਿੰਡ ਦੇ ਖੂਹ ਤੇ ਇਸ਼ਨਾਨ ਕਰਨਾ ਵੀ ਖ਼ਤਰੇ ਤੋਂ ਖਾਲੀ ਨਹੀਂ ਸੀ। "ਰਾਈਆਂ ਕੇ ਖੂਹ ਪਰ ਰਾਗਾ ਸਿੰਘ ਇਸ਼ਨਾਨ ਕਰਦਾ ਸੀ। ਨੰਬਰਦਾਰ ਨੇ ਦੇਖ ਕੇ ਕਿਹਾ ਕਿ ਤੁਸੀਂ ਸਾਡੇ ਪਿੰਡ ਕੀ ਪਟੜੀ ਮੇਂ ਕਿਉਂ ਵੜਦੇ ਹੋ। ਸਾਡੇ ਖੂਹ ਉੱਤੇ ਇਸ਼ਨਾਨ ਵੀ ਨਾ ਕੀਤਾ ਕਰੋ। ਸਾਡੀਆਂ ਦਾਹੜੀਆਂ ਪੁਟਵਾਉਂਦੇ ਹੋ। ਏਥੇ ਨਾ ਆਇਆ ਕਰੋ।"[12]

ਇਹਨਾਂ ਸਖਤੀਆਂ ਦੇ ਸਮੇਂ ਵਿਚ, ਦਰਸ਼ਨ ਅਭਿਲਾਖੀ ਸੰਗਤ ਨੂੰ, ਜੋ ਭੈਣੀ ਸਾਹਿਬ ਦੇ ਆਸ ਪਾਸ ਖਿੰਡੀ ਰਹਿੰਦੀ ਸੀ, ਬੜੀ ਦਲੇਰੀ ਨਾਲ ਪੁਲੀਸ ਚੌਂਕੀ ਦੀ ਨਜ਼ਰ ਤੋਂ ਬਚਾ ਕੇ, ਪਰਸ਼ਾਦਾ ਛਕਾਉਣਾ ਵੱਡਾ ਜੋਖ਼ਮ ਵਾਲਾ ਕਾਰਜ ਸੀ ਜਿਸਨੂੰ ਕੋਈ ਦਿਲ ਗੁਰਦੇ ਵਾਲਾ ਸਿੰਘ ਹੀ ਸਿਰੇ ਚੜ੍ਹਾਉਂਦਾ ਸੀ। ਭਾਈ ਰਾਗਾ ਸਿੰਘ ਇਹ ਸੇਵਾ ਵੱਡੀ ਸੂਰਮਗਤੀ ਨਾਲ ਨਿਬਾਹਿਆ ਕਰਦਾ ਸੀ। ਬਦਲੇ ਵਿਚ ਸਰਕਾਰੀ ਕਰਿੰਦਿਆਂ ਦੀਆਂ ਬਦਤਮੀਜ਼ੀਆਂ, ਥੱਕੜਵਾਹ ਵੀ ਬਰਦਾਸ਼ਤ ਕਰਦੇ। ਬਾਹੋਵਾਲ ਜੀ ਫਿਰ ਲਿਖਦੇ ਹਨ—

"ਤਬੇਲੇ ਦੇ ਪਾਛੇ ਨਾਂਗੇ ਵਾਲਾ, ਕੋਟ (ਕੋਟ ਗੰਗੂ ਰਾਇ) ਦੇ ਰਸਤੇ ਉੱਤੇ, ਖੂਹ ਸੀ। ਰੇਤੇ ਨਾਲ ਪੂਰਿਆ ਗਿਆ। ਰਾਗਾ ਸਿੰਘ ਇਕ ਸਿੰਘ ਨੂੰ ਓਧੇ ਵਿਚ ਬਠਾਲ ਆਇਆ ਕੇ ਮੈਂ ਪ੍ਰਸਾਦੇ ਲੈ ਆਂਵਦਾ ਹਾਂ। ਪ੍ਰਸਾਦਾ ਲਜਾਇ ਦੀਆ ਲੁਕਾਇਕੇ। ਸਪਾਹੀ ਨੇ ਦੇਖ ਲੀਆ। ਰਾਗਾ ਸਿੰਘ ਕੋ ਘੂਰਨੇ ਲਗਾ ਕਿ ਤੂੰ ਕਿਉਂ ਪ੍ਰਸਾਦਾ ਲੈ ਜਾਇ ਕੇ ਦੀਆ ਹੈ। ਰਾਗਾ ਸਿੰਘ ਨੇ ਕਹਾ ਕਿ ਭੁੱਖੇ ਨੂੰ ਪ੍ਰਸਾਦਾ ਦਿੱਤਾ ਹੈ, ਜਿਵੇਂ ਤੇਰੀ ਮਰਜ਼ੀ ਹੈ ਤਿਵੇਂ ਕਰ।"

"ਜੇ ਦਿਨ ਹੋਵੇ ਪ੍ਰਸਾਦਾ ਬਾਹਰ ਲਜਾਣਾ ਹੋਵੇ ਤਾਂ ਹੇਠਾਂ ਪ੍ਰਸਾਦੇ ਉੱਤੇ ਬਸਤਰ ਉੱਤੇ ਕੱਖ ਧਰ ਕੇ ਟੋਕਰਾ ਸਿਰ ਤੇ ਧਰ ਕੇ ਲੈ ਜਾਣਾ। ਜਿੱਥੇ ਸਿੰਘ ਹੋਵੇ ਓਥੇ ਈ ਪ੍ਰਸਾਦਾ ਸਿੰਘ ਨੂੰ ਦੇ ਆਉਣਾ। ਗਾਰਦ ਨੇ ਸਮਝਨਾ ਜੋ ਕੂੜਾ ਹੈ। ਨਿਕਲਦੇ ਬੜਦੇ ਸਿੰਘ ਵੰਨੀ ਨਿਗਾਹ ਰੱਖਦੇ ਹੈ। ਨਿੰਦਕਾਂ ਨੂੰ ਅਪਦਾ ਪਈ ਰਹਿੰਦੀ ਹੈ ਸੀ।"[13]

ਸਤਿਗੁਰੂ ਰਾਮ ਸਿੰਘ ਜੀ ਦੇ ਸਮਾਜ ਸੁਧਾਰਕ ਕਾਰਜਾਂ ਵਿਚ ਜੰਮਦੀਆਂ ਲੜਕੀਆਂ ਦਾ ਮਾਰਨਾ ਰੋਕਣਾ ਅਤੇ ਲੜਕੀ ਦਾ ਵੱਟਾ ਕਰਕੇ ਅਜੋੜ ਵਿਆਹ ਕਰਨ, ਬੁੱਢੇ ਜਾਂ ਕੋਝੇ ਨਾਲ ਪਰਣਾਈ ਜਾਣ ਤੇ ਵੀ ਰੋਕ ਲਾਈ ਅਤੇ ਲੜਕੀਆਂ ਦੇ ਵੇਚਣ ਤੇ ਵੀ ਰੋਕ ਲਾਈ। ਅੰਮ੍ਰਿਤਸਰ ਦਾ ਸਿਰਹਾਲੀ ਦਾ ਗਿਰਦਾ, ਲੜਕੀਆਂ ਜੰਮਦੀਆਂ ਮਾਰਨ ਵਜੋਂ ਬਦਨਾਮ ਹੋਇਆ ਮਾਝੇ ਦਾ ਖਿੱਤਾ ਸੀ। ਸ੍ਰੀ ਭੈਣੀ ਸਾਹਿਬ ਜਿਸ ਖਿਤੇ ਵਿਚ ਆਉਂਦਾ ਹੈ ਉਹ ਪੁਆਧ ਕਹਾਉਂਦਾ ਹੈ। ਇਹ ਲੜਕੀਆਂ ਵੇਚਣ ਲਈ ਬਦਨਾਮੀ ਖੱਟ ਚੁੱਕਾ ਸੀ। ਮਾਝੇ ਦੇ ਵਰਿਆਂਹ ਪਿੰਡ ਦੀ ਸੂਬਾ ਮਾਈ ਹੁਕਮੀ ਅਤੇ ਪੁਆਧ ਦੇ ਲੱਲ ਕਲਾਂ ਦਾ ਭਾਈ ਰਾਗਾ ਸਿੰਘ, ਦੋਵੇਂ ਡੇਰੇ ਭੈਣੀ ਸਾਹਿਬ ਇਕੱਠੇ ਰਹਿੰਦੇ ਸਨ। ਇਕ ਦਿਨ ਦੋਹਾਂ ਦੀ ਆਪੋ ਵਿਚ ਕੁਝ ਤਕਰਾਰ ਹੋ ਗਈ। ਫੈਸਲਾ ਗੁਰੂ ਹਰੀ ਸਿੰਘ ਜੀ ਨੇ ਰਾਗਾ ਸਿੰਘ ਹੋਰਾਂ ਦੇ ਹੱਕ ਵਿਚ ਕੀਤਾ—

"ਰਾਗਾ ਸਿੰਘ ਨੇ ਅਰਜ਼ ਕੀਤੀ ਗੁਰੂ ਜੀ ਕੇ ਹਜ਼ੂਰ, ਜੀ ਹੁਕਮੀ ਤਾਂ ਕੁੜੀਆਂ ਮਾਰ ਦੇਣ ਵਾਲੇ ਮੁਲਖ ਕੀ ਹੈ ਤੇ ਮੈਂ ਹਾਂ ਬੇਚ ਦੇਣ ਵਾਲੇ ਮੁਲਖ ਕਾ। ਗੁਰੂ ਜੀ ਬਚਨ ਕੀਤਾ—ਮਾਰ ਦੇਣ ਨਾਲੋਂ ਬੇਚ ਦੇਣ ਵਾਲਾ ਚੰਗਾ ਹੈ। ਹੁਕਮੀ ਨੇ ਕਹਾ ਤਦੇ ਹੀ ਅੱਛੀ ਨਗਰੀ ਦੇਖ ਕੇ ਅਵਤਾਰ ਧਾਰਿਆ ਹੈ। ਬਚਨ ਹੋਇਆ—ਏਥੇ ਤਾਂ ਪੁੱਤਾਂ ਵਾਂਗੂੰ ਪਾਲਦੇ ਹਨ ਕੁੜੀਆਂ ਨੂੰ।"[14]

ਜਦੋਂ ਕਦੇ ਗੁਰੂ ਹਰੀ ਸਿੰਘ ਜੀ ਨੂੰ ਕੋਈ ਸਰੀਰਕ ਤਕਲੀਫ ਘੇਰ ਲੈਂਦੀ ਤਾਂ ਭਾਈ ਰਾਗਾ ਸਿੰਘ, ਡੇਰਾ ਪਰਬੰਧਕ ਦਾਨ ਸਿੰਘ ਸਣੇ, ਤਨਦੇਹੀ ਨਾਲ ਸੇਵਾ ਨਿਬਾਹੁੰਦੇ ਸਨ। "ਸਾਰੀ ਰਾਤ ਬੇਅਰਾਮ ਕੀ ਕੱਟੀ। ਰਾਗਾ ਸਿੰਘ ਤੇ ਦਾਨ ਸਿੰਘ ਸਾਰੀ ਰਾਤ ਜਾਗਦੇ ਰਹੇ।"[15]

ਭਾਈ ਰਾਗਾ ਸਿੰਘ ਦਾ ਹਿਰਦਾ ਕਿਸੇ ਦੇ ਵੀ ਦੁਖ ਵਿਚ ਦਰਵਿਤ ਹੋ ਜਾਂਦਾ ਸੀ। ਜਦੋਂ ਵੀ ਕੋਈ ਸਿੰਘ ਮਨਮੱਤ ਕਰਦਾ ਤਾਂ ਉਹ ਮੂੰਹ ਰੱਖਵੀਂ ਕਰਨ ਦੀ ਥਾਂ ਉਸਨੂੰ ਸੁਧਾਰਨ ਲਈ, ਗੁਰੂ ਸਾਹਿਬ ਨੂੰ ਬੇਨਤੀ ਕਰਦਾ। ਇਸ ਵਿਚ ਗ਼ਲਤੀ ਕਰਨ ਵਾਲੇ ਦਾ ਵੀ ਭਲਾ ਹੁੰਦਾ ਹੈ ਅਤੇ ਭਾਈਚਾਰੇ ਦੀ ਸ਼ਾਨ ਵੀ ਬਣੀ ਰਹਿੰਦੀ ਹੈ। "ਰਾਗਾ ਸਿੰਘ ਨੇ

ਅਰਜ਼ ਕੀਤੀ ਜੀ ਏਸ ਸਿੰਘ ਨੇ ਜਲ ਨਹੀਂ ਦੀਆਂ ਮੰਗਿਆਂ ਤੇ ਬਚਨ ਹੋਇਆ ਬੜੀ ਮਾੜੀ ਗੱਲ ਹੈ ਖੂਹ ਤੇ ਖੜੇ ਜਲ ਨਾ ਦੇਣਾ। ਏਹ ਤਾਂ ਸਿੰਘ ਸੀ ਜੇਕਰ ਚੁਰਾਸੀ* ਦਾ ਭੀ ਕੋਈ ਜਲ ਮੰਗੇ ਤਾਂ ਉਸਕੋ ਭੀ ਦਿੱਤਾ ਚਾਹੀਏ।"[16]

ਇਕ ਡਿਪਟੀ ਪਿੰਡ ਦੀ ਸ਼ਾਮਲਾਟ ਜ਼ਮੀਨ ਦੀ ਮਿਣਤੀ ਕਰਕੇ ਨਿਸ਼ਾਨ ਲਾਉਂਦਾ ਸੀ। ਗੁਰਦੇਈ ਖੰਨੇ ਵਾਲੀ ਨੂੰ ਡੇਰੇ ਦੇ ਅੰਦਰ ਜਾਣ ਲਈ, ਦੋ ਰੁਪੈ ਰਿਸ਼ਵਤ ਪੁਲਸ ਚੌਂਕੀ ਦਾ ਸਿਪਾਹੀ ਮੰਗਦਾ ਸੀ, ਕਿਉਂਕਿ ਗੁਰਦੇਈ ਦੇ ਪੁੱਤਰ ਰਤਨ ਸਿੰਘ ਨੇ ਉਸ ਸਿਪਾਹੀ ਨੂੰ, ਰਾਮਸਰ, ਲੰਗਰ ਦੀ ਪੈਲੀ ਵਿਚੋਂ, ਬਿਨਾਂ ਪੁੱਛਿਆ ਗੰਢੇ ਪੁੱਟਣ ਤੋਂ ਰੋਕਿਆ ਸੀ। ਉਸ ਡਿਪਟੀ ਲਈ ਲੰਬੜਦਾਰ ਪਿੰਡ ਦੇ ਨੇ, ਡੇਰੇ ਵਾਲਿਆਂ ਤੋਂ ਬਾਲਣ ਮੰਗਿਆ। ਗੁਰੂ ਹਰੀ ਸਿੰਘ ਪਹਿਲਾਂ ਹੀ ਪੁਲੀਸ ਦੇ ਰਵੱਈਏ ਤੋਂ ਪੀੜਿਤ ਸਨ। ਆਪ ਨੇ ਬਾਲਣ ਦੇਣ ਤੋਂ ਇਨਕਾਰ ਕਰ ਦਿੱਤਾ।

"ਰਾਗਾ ਸਿੰਘ ਨੇ ਕਹਿਆ ਜੀ ਏਹ ਡਿਪਟੀ ਠੱਡੇ ਲਾਉਂਦਾ ਹੈ। ਗੁਰੂ ਜੀ ਬਚਨ ਕੀਤਾ—ਤੁਸੀਂ ਠੱਡੇ ਲਾਮਦੇ ਫਿਰਦੇ ਹੋ। ਦੇਖੋ ਤਾਂ ਸਹੀ ਕੀ ਰੰਗ ਖੁੱਲ੍ਹਦਾ ਹੈ। ਪਈਆਂ ਹੀ ਰਹਿ ਜਾਣੀਆਂ ਹੈ (ਜ਼ਮੀਨਾਂ)। ਤੁਸੀਂ ਤਾਂ ਏਥੇ ਰਹਿਣ ਦੀਆਂ ਬਾਤਾਂ ਕਰਦੇ ਹੋ।"[17] ਇਹ ਭਾਈ ਰਾਗਾ ਸਿੰਘ ਹਜ਼ੂਰੀ ਸੇਵਕ ਹੀ ਸੀ ਜਿਸ ਨਾਲ ਗੁਰੂ ਹਰੀ ਸਿੰਘ ਅਕਸਰ ਪਰਮਾਰਥ ਦੇ ਬਚਨ ਵੀ ਕਰਿਆ ਕਰਦੇ ਸਨ ਕਿਸੇ ਪਰਸੰਗ ਪਰਥਾਇ।

ਗੁਰੂ ਹਰੀ ਸਿੰਘ ਜੀ ਦੇ ਸ੍ਰੀ ਭੈਣੀ ਸਾਹਿਬ ਵਿਖੇ ਨਿੱਤ ਕਰਮ ਦੇ ਬਹਾਨੇ ਰਾਗਾ ਸਿੰਘ ਦੀ ਮਸਤਾਨੀ ਬਿਰਤੀ ਦਾ ਜ਼ਿਕਰ ਵੀ ਆਉਂਦਾ ਹੈ ਅਤੇ ਇਹ ਨਿਰਨਾ ਵੀ ਬਾਹੋਵਾਲ ਜੀ ਅੱਕਟ ਰੂਪ ਵਿਚ ਕਰ ਦਿੰਦੇ ਹਨ ਕਿ ਭਾਈ ਮਸਤਾਨ ਸਿੰਘ ਰਾਗੀ ਹੀ ਰਾਗਾ ਸਿੰਘ ਦਾ ਪਹਿਲਾ ਨਾਂ ਹੈ ਜਿਸ ਨੂੰ ਸਮਾਂ ਪਾ ਕੇ ਸਾਰੇ ਹੀ ਭੁੱਲ ਗਏ ਸਨ।

"ਸਤਿਗੁਰੂ ਹਰੀ ਸਿੰਘ ਜੀ ਜਪੁ ਜਾਪੁ ਕਾ ਪਾਠ ਸੰਚੀ ਉੱਤੋਂ ਕਰਨਾ। ਆਸਾ ਕੀ ਵਾਰ ਕਾ ਭੀ ਕਰਨਾ। ਸਵੇਰੇ ਦੋ ਵਜੇ ਇਸ਼ਨਾਨ ਕਰਨਾ ਤੇ ਰਾਗੀ ਸਿੰਘ ਆਸਾ ਦੀ ਵਾਰ ਲੌਂਦੇ ਹੈ ਰੋਜ਼ ਨੇਮ ਨਾਲ। ਧਰਮ ਗੀਤੀ ਸਾਰੀ ਪੂਰੀ ਪੂਰੀ ਹੈ। ਅੱਠੇ ਪਹਿਰ ਨਾਮ ਕੀ ਧੁਨ ਲੱਗੀ ਰਹਿੰਦੀ ਹੈ। ਹਰੀ ਜੱਸ ਹੁੰਦਾ ਰਹਿੰਦਾ ਹੈ। ਪਿੱਛਲੇ ਪਹਿਰ ਭਾਈ ਨਰੈਣ ਸਿੰਘ ਜੀ ਸੂਰਜ ਪ੍ਰਕਾਸ ਕੀ ਕਥਾ ਕਰਦੇ ਹੈਂ। ਰਾਤ ਕੋ ਫਿਰ ਦੀਵਾਨ ਲੱਗਦਾ ਹੈ। ਸਿੰਘ ਹੱਲੇ ਕੇ ਸ਼ਬਦ ਪੜਦੇ ਹੈਂ। ਸਵਾ ਪਹਿਰ ਸੇ ਫਿਰ ਮਸਤਾਨ ਸਿੰਘ (ਏਸ ਨੂੰ ਰਾਗਾ ਸਿੰਘ ਵੀ ਕਹਿੰਦੇ ਸੇ) ਮਸਤਾਨਾ ਹੋਇਕੇ ਆਸਾ ਦੀ ਵਾਰ ਲਾਮਦਾ ਹੈ।"[18]

ਗੁਰੂ ਸਾਹਿਬਾਨ ਦੀ ਇਹ ਮਰਿਆਦਾ ਰਹੀ ਹੈ ਕਿ ਉਹ ਅਰਦਾਸ ਵਿਚ ਆਪਣਾ ਨਾਮ ਆਪਣੇ ਹਜ਼ੂਰੀ ਸਿੰਘਾਂ ਨੂੰ ਨਹੀਂ ਲੈਣ ਦਿੰਦੇ। ਉਹਨਾਂ ਦੀ ਨਿਰਮਾਣਤਾ ਇਸੇ ਵਿਚ ਲੁਕੀ ਹੁੰਦੀ ਹੈ। ਪਰ ਭਾਈ ਰਾਗਾ ਸਿੰਘ ਇਸ਼ਾਰਿਆਂ ਤੇ ਸੰਕੇਤਾਂ ਨਾਲ ਹਾਜ਼ਰਾ ਹਜ਼ੂਰ ਜੀ ਦਾ ਨਾਮ, ਅਰਦਾਸ ਵਿਚ ਲੈ ਕੇ ਸੰਤੁਸ਼ਟ ਹੁੰਦਾ ਸੀ। "ਰਾਗਾ ਸਿੰਘ ਰੋਜ਼ ਨਾਉਂ ਲੈਂਦਾ ਹੈ ਪਰ ਦਿਸ਼ਟ ਕੂਟ ਨਾਲ ਕਹਿਣਾ।"[19]

ਗੁਰੂ ਹਰੀ ਸਿੰਘ ਜੀ ਦੇ ਸਮੇਂ ਗੁਰਦੁਆਰਾ ਭੈਣੀ ਸਾਹਿਬ ਵਿਚ ਹੋਰਨਾਂ ਭੇਖਾਂ ਦੇ

---

* ਗੈਰ ਨਾਮਧਾਰੀ

ਸਿੰਘ ਵੀ ਆਉਂਦੇ ਜਾਂਦੇ ਸਨ, ਦਰਸ਼ਨਾਂ ਵਾਸਤੇ। ਭਾਈ ਰਾਗਾ ਸਿੰਘ ਹੋਰਾਂ ਦੀ ਕੋਸ਼ਿਸ਼ ਹੁੰਦੀ ਸੀ ਕਿ ਉਹਨਾਂ ਨੂੰ ਵੀ ਸਤਿਗੁਰੂ ਰਾਮ ਸਿੰਘ ਜੀ ਦੇ ਝੰਡੇ ਹੇਠ ਲਿਆਂਦਾ ਜਾਏ। ਇਸ ਲਈ ਉਹ ਆਉਣ ਵਾਲਿਆਂ ਨੂੰ ਨਾਮ ਦੀ ਦਾਤ ਲੈਣ ਲਈ ਪ੍ਰੇਰਿਆ ਕਰਦਾ ਸੀ। ਕਈ ਉਸਦੀ ਅਰਜ਼ ਮੰਨ ਲੈਂਦੇ। ਕੁਝ ਆਪਣੀ ਮੌਜ ਵਿਚ ਜਾਂ ਕਿਸੇ ਅਭਿਮਾਨ ਵਿਚ ਰਹਿੰਦੇ ਅਤੇ ਨਾਂ ਗੌਲਦੇ। ਇਸ ਤੇ ਗੁਰੂ ਹਰੀ ਸਿੰਘ ਜੀ ਕੋਲੋਂ ਕਹਿ ਦਿੰਦੇ ਕਿ ਰਾਗਾ ਸਿੰਘ ਦਾ ਤਾਂ ਐਸਾ ਸੁਭਾਉ ਹੈ। ਨਾਮ ਲੈਣਾ ਤੁਹਾਡੀ ਖ਼ੁਸ਼ੀ ਹੈ। ਤੇ ਗੱਲ ਨੂੰ ਸਹਿਜ ਕਰ ਦਿੰਦੇ। "ਏਕ ਸੂਰਮਾ ਸਿੰਘ ਆਇਆ। ਗ੍ਰੰਥ ਸਾਹਿਬ ਜੀ ਕੇ ਅਰਥ ਲਾਂਵਦਾ ਸੀ। ਰਾਗਾ ਸਿੰਘ ਨੇ ਕਹਿਆ ਭਜਨ ਲੈ ਲੈ। ਸੂਰਮਾ ਸਿੰਘ ਨੇ ਕਹਿਆ ਮੇਰੇ ਮੇਂ ਕੀ ਘਾਟਾ ਹੈ ਜੋ ਭਜਨ ਲਵਾਂ। ਅਰਥ ਕਰਦਿਆਂ ਜਿੱਥੇ ਨਾਮ ਜਪਣ ਦਾ ਕਹੇ ਉੱਥੇ ਗੁਰੂ ਜੀ ਭੀ ਬਚਨ ਕਰ ਦੇਣ ਕਿ ਸਾਡੇ ਰਾਗਾ ਸਿੰਘ ਨੂੰ ਸੁਭਾਉ ਪਿਆ ਹੋਇਆ ਹੈ ਭਜਨ ਲੈਣ ਨੂੰ ਕਹਿਣ ਦਾ, ਚਾਹੇ ਕੋਈ ਲਵੇ ਚਾਹੇ ਨਾ ਲਵੇ।"[20] ਇੱਥੇ ਸ਼ਬਦ "ਸਾਡਾ ਰਾਗਾ ਸਿੰਘ" ਉਸ ਆਤਮੀਅਤਾ ਦਾ ਪ੍ਰਤੀਕ ਹੈ ਜੋ ਉਸਦੇ, ਗੁਰੂ ਹਰੀ ਸਿੰਘ ਜੀ ਦੀ ਸਦਾ ਹਾਜ਼ਰੀ ਵਿਚ ਰਹਿਣ ਸਦਕਾ, ਸਿਰਜੀ ਗਈ ਸੀ। "ਏਕ ਦਿਨ ਰਾਗਾ ਸਿੰਘ ਨੇ ਕਹਿਆ ਜੀ ਫਲਾਨਾ ਫਲਾਨਾ ਸਾਧ ਹੈ। ਗੁਰੂ ਜੀ ਬਚਨ ਕੀਤਾ ਏਹ ਭੀ ਜਹਾਜ ਕੇ ਸੰਗਲ ਹੈ।"[21] ਜਹਾਜ ਕਿਤਨਾ ਵੀ ਮਜ਼ਬੂਤ ਹੋਵੇ ਜੇ ਉਸਦੇ ਸੰਗਲ ਨਾ ਹੋਣ ਤਾਂ ਕਿਨਾਰੇ ਤੇ ਖੜਾ ਨਹੀਂ ਕੀਤਾ ਜਾ ਸਕਦਾ। ਸੋ ਸਤਿਗੁਰੂ ਜੀ ਗੋਹਜ ਗਿਆਨ ਦੀ ਵਿਚਾਰ ਚਰਚਾ, ਆਪਣੇ ਪਿਆਰੇ ਆਤਮ ਅਭਿਲਾਖੀ ਸਿੱਖ ਨਾਲ, ਕਰਦੇ ਰਹਿੰਦੇ ਹਨ।

ਭਾਈ ਰਾਗਾ ਸਿੰਘ ਨੇ, ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਅਤੇ ਫਿਰ ਗੁਰੂ ਹਰੀ ਸਿੰਘ ਜੀ ਦੇ ਸਮੇਂ ਚਾਲ੍ਹੀ ਵਰ੍ਹੇ ਦਾ ਲੰਮਾਂ ਸਮਾਂ, ਡੇਰਾ ਸ੍ਰੀ ਭੈਣੀ ਸਾਹਿਬ ਵਿਚ ਰਹਿ ਕੇ, ਕੀਰਤਨ ਦੀ ਸੇਵਾ ਵੀ ਕੀਤੀ। ਹਜ਼ੂਰੀ ਸਿੱਖ ਵੀ ਗੁਰੂ ਜੀ ਦਾ ਰਿਹਾ ਅਤੇ ਹੋਰ ਸੰਗਤ ਦੀ ਯਥਾ ਜੋਗ ਸੇਵਾ ਵੀ ਨਿਬਾਹੁੰਦਾ ਰਿਹਾ। ਇਸ ਤਰ੍ਹਾਂ ਉਹਨਾਂ ਦਾ ਮਨ ਬੜਾ ਨਿਰਮਲ ਹੋ ਗਿਆ ਸੀ। ਅਜਿਹੇ ਸੋਧੇ ਹੋਏ ਆਪੇ ਦੇ ਦਰਸ਼ਨ ਬਾਹੋਵਾਲ ਜੀ ਦੀ ਲਿਖਤ ਵਿਚ ਹੁੰਦੇ ਹਨ ਜਿੱਥੇ ਉਹ ਗੁਰੂ ਹਰੀ ਸਿੰਘ ਜੀ ਨੂੰ, ਸਭ ਦੇ ਪੜਦੇ ਢੱਕਣ ਦੀ ਬੇਨਤੀ ਕਰਦੇ ਹਨ—

"ਏਕ ਦਿਨ ਪ੍ਰਸੰਨ ਹੋਇਕੇ ਦੀਨਾ ਨਾਥ ਜੀ ਬਚਨ ਕੀਤਾ—ਰਾਗਾ ਸਿੰਘ ਤੈਨੂੰ ਦਸੀਏ ਸੰਤਾਂ ਦੀਆਂ ਸੰਤ ਗੀਰੀਆਂ। ਰਾਗਾ ਸਿੰਘ ਨੇ ਕਹਿਆ ਜੀ ਤੁਸੀਂ ਸਦਾ ਹੀ ਪੜਦੇ ਕੱਜ ਹੋ, ਅਸੀਂ ਜੀਵ ਸਦਾ ਹੀ ਭੁਲਣਹਾਰੇ ਹੈ। ਸਾਡੀਆਂ ਕਾਹਦੀਆਂ ਸੰਤ ਗੀਰੀਆਂ ਹੈਨ। ਮਨ ਤਾਂ ਸਾਰਿਆਂ ਦੇ ਡੋਲਦੇ ਰਹਿੰਦੇ ਹਨ। ਆਦਿ ਅੰਤ ਪੜਦੇ ਢੱਕਦੇ ਆਏ ਹੋ। ਹੁਣ ਭੀ ਤੁਸਾਂ ਈ ਜੀਆਂ ਦੇ ਪੜਦੇ ਢੱਕਣੇ ਹੈਨ, ਬਖਸ਼ੋ। ਬੁਰੇ ਭਲੇ ਹਮ ਥਾਰੇ। ਬਚਨ ਕੀਤਾ ਗੁਰੂ ਕੇ ਘਰ ਕਾ ਨੁਕਸਾਨ ਕਰਨ ਵਾਲਾ ਬੁਰਾ ਲੱਗਦਾ ਹੈ ਭਾਵੇਂ ਦਮੜੀ ਦਾ ਨੁਕਸਾਨ ਕਰੇ।"[22]

ਗੁਰੂ ਹਰੀ ਸਿੰਘ ਜੀ ਦਾ ਸਾਰਾ ਸਮਾਂ ਸਤਿਗੁਰੂ ਰਾਮ ਸਿੰਘ ਜੀ ਦੀ ਉਡੀਕ ਵਿਚ

ਬਤੀਤ ਹੁੰਦਾ ਸੀ। ਸਿੱਖ ਸੰਗਤਾਂ ਵੀ ਅਕਸਰ ਪੁੱਛਦੀਆਂ ਰਹਿੰਦੀਆਂ ਕਿ ਕਦੋਂ ਘਰ ਪਰਤਨਗੇ? "ਗੁਰੂ ਜੀ ਬਚਨ ਕੀਤਾ—ਸਤਿਗੁਰਾਂ ਦੇ ਆਇਆ ਤੇ ਅੱਗੇ ਪੱਲਾ ਪਾਇ ਕੇ ਖੜੇ ਹੋਇ ਜਾਵਾਂਗੇ। ਰਾਗਾਂ ਸਿੰਘ ਨੇ ਕਹਿਆ—ਜੀ ਸੰਗਤ ਧੁਆਡੇ ਪਿੱਛੇ ਗਲ ਮੈਂ ਪੱਲਾ ਪਾਇ ਕੇ ਖੜੀ ਹੋਇ ਜਾਵੇਗੀ, ਤੁਸੀਂ ਬਖਸ਼ਾਇਓ ਸੰਗਤ ਕੋ। ਹੁਣ ਭੀ ਸੰਗਤ ਤੁਸਾਡੇ ਹੁਕਮ ਵਿਚ ਹੈ।"[23] ਇਸ ਤਰ੍ਹਾਂ ਦੇ ਧੀਰਜ ਧਰਵਾਸੇ ਵਾਲੇ ਬਚਨਾਂ ਨਾਲ, ਪਰਦੇਸੀ ਪ੍ਰੀਤਮ ਦੇ ਬਿਰਹੁੰ ਵਿਛੁੰਨੇ ਕੂਕੇ ਸਿੰਘ, ਆਪਣਾ ਮਨ ਪਰਚਾਵਾ ਕਰਦੇ ਰਹਿੰਦੇ ਸਨ।

ਭੈਣੀ ਸਾਹਿਬ ਦੇ ਆਸੇ ਪਾਸੇ ਜਦੋਂ ਦੂਸਰੀਆਂ ਸਿੱਖ ਸੰਪਰਦਾਵਾਂ ਦਾ ਵੀ ਕੋਈ ਇਕੱਠ ਹੁੰਦਾ ਤਾਂ ਆਮ ਸਿੱਖ, ਸਤਿਗੁਰੂ ਜੀ ਤੋਂ ਆਗਿਆ ਲੈ ਕੇ ਚਲੇ ਜਾਂਦੇ ਸਨ। ਪਰੰਤੂ ਭਾਈ ਰਾਗਾ ਸਿੰਘ ਹੋਰਾਂ ਨੂੰ ਹਮੇਸ਼ਾਂ ਹਜ਼ੂਰੀ ਵਿਚ ਰਹਿਣ ਦੀ ਸੇਵਾ ਨਿਬਾਹੁਣੀ ਪੈਂਦੀ ਸੀ। ਉਹ ਇਹਨਾਂ ਸਮਾਗਮਾਂ ਤੋਂ ਵੀ ਪਰਹੇਜ਼ ਕਰ ਜਾਇਆ ਕਰਦੇ ਸਨ।[24] ਉਹਨਾਂ ਕਦੇ ਵੀ ਆਪਣੇ ਸੇਵਾ ਕਾਲ ਵਿਚ ਗੁਰੂ ਹਰੀ ਸਿੰਘ ਜੀ ਦੇ ਹੁਕਮ ਦੀ ਕੋਈ ਅਵੱਗਿਆ ਕੀਤੀ ਹੋਵੇ ਜਾਂ ਕੋਈ ਮੰਦਾ ਫਿੱਕਾ ਬਚਨ ਮੂੰਹੋਂ ਕੱਢਿਆ ਹੋਵੇ, ਇਸ ਦਾ ਸਬੂਤ ਨਹੀਂ ਮਿਲਦਾ।

ਅਪਾਤਕਾਲ ਦੀ ਮਰਿਆਦਾ, ਆਮ ਸਮੇਂ ਨਾਲੋਂ ਵੱਖਰੀ ਹੁੰਦੀ ਹੈ। ਗੁਰੂ ਹਰੀ ਸਿੰਘ ਜੀ ਦੇ ਸਮੇਂ ਜਦੋਂ ਨਾਮਧਾਰੀ ਸਿੰਘਾਂ ਨੂੰ ਆਪਣੇ ਇਸ਼ਟ ਅਤੇ ਗੁਰਦੁਆਰਾ ਸ੍ਰੀ ਭੈਣੀ ਸਾਹਿਬ ਦੇ ਖੁੱਲ੍ਹੇ ਦਰਸ਼ਨ ਦੀਦਾਰੇ ਸੰਭਵ ਨਹੀਂ ਸਨ ਰਹੇ ਤਾਂ ਅਜਿਹੇ ਹਾਲਾਤ ਵਿਚ, ਸ਼ਰਧਾਵਾਨ ਸਿੱਖ ਆਪਣੇ ਲੜਕੇ ਲੜਕੀਆਂ ਦੇ ਅਨੰਦ, ਗੁਰੂ ਦਰਬਾਰ ਵਿਚ ਕਰਨ ਦੀਆਂ ਖੁਸ਼ੀਆਂ ਲੈਣੀਆਂ ਚਾਹੁੰਦੇ ਸਨ। ਉਹਨਾਂ ਲਈ ਗੁਰੂ ਹਰੀ ਸਿੰਘ ਜੀ ਨੇ ਮਰਿਆਦਾ ਦੇ ਬੰਧਨ ਨਰਮ ਕਰ ਦਿੱਤੇ ਸਨ। ਅਜੇਹੀ ਹਾਲਤ ਵਿਚ ਜਦੋਂ ਗੁਰਦੁਆਰੇ ਤੋਂ ਬਾਹਰ, ਗੁਰੂ ਹਰੀ ਸਿੰਘ ਜੀ ਇਕੱਲੇ ਉਜਾੜ ਬੀਆਬਾਨ ਵਿਚ ਬੰਦਗੀ ਕਰਦੇ ਹੁੰਦੇ, ਮੱਲ੍ਹੇਆਣਾ ਛੱਪੜ ਤੇ ਤਾਂ ਨਾ ਇੱਥੇ ਗੁਰੂ ਗ੍ਰੰਥ ਸਾਹਿਬ ਦੀ ਬੀੜ ਲਿਆਂਦੀ ਜਾਂ ਸਕਦੀ ਸੀ। ਨਾ ਹਵਨ ਜੋਗੇ, ਸਿੰਘ ਇਕੱਠੇ ਹੁੰਦੇ। ਸੋ ਅਜਿਹੇ ਸਮੇਂ ਗੁਰੂ ਕੇ ਹੁਕਮ ਮੁਤਾਬਿਕ ਭਾਈ ਰਾਗਾ ਸਿੰਘ ਇਹਨਾਂ ਜੋੜਿਆਂ ਦਾ ਅਰਦਾਸਾ ਕਰਕੇ ਹੀ, ਅਨੰਦ ਦੀ ਰਸਮ ਪੂਰੀ ਕਰ ਦਿੰਦੇ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪਾਵਨ ਉਪਦੇਸ਼ਾਂ ਵਿਚ ਇਹ ਵੇਰਵਾ ਸੰਕਲਿਤ ਹੈ—

"(ਮੱਲੇ ਆਣਾ) ਮਲ੍ਹਿਆਂ ਵਾਲਾ ਛੱਪੜ ਹੈ, ਉੱਥੇ ਛੇ ਲੜਕੇ, ਛੇ ਲੜਕੀਆਂ ਆਏ। ਨਾ ਕੜਾਹ ਪ੍ਰਸਾਦਿ, ਨਾ ਗ੍ਰੰਥ ਸਾਹਿਬ, ਨਾ ਹਵਨ, ਨਾ ਕੁਛ। ਸਤਿਗੁਰੂ ਹਰੀ ਸਿੰਘ ਜੀ ਗਏ ਚੋਰੀ। ਉਹ ਬਾਹਰੋਂ ਆਏ, ਉੱਥੇ ਕਰਕੇ ਗੰਢ ਜੋੜੇ ਆਖਿਆ—ਕਰ ਰਾਗਾ ਸਿਹਾਂ ਅਰਦਾਸਾ। ਬਿਪਤਾ ਦੇ ਧਰਮ ਨੂੰ ਮੁੱਖ ਰੱਖ ਕੇ, ਉਹ ਕੰਮ ਕੀਤਾ। ਮਰਯਾਦਾ ਇਹੋ ਹੀ ਹੈ ਜਿਹੜੀ ਹੈ ਤੁਹਾਡੇ ਸਾਹਮਣੇ-ਜਿਸ ਤਰ੍ਹਾਂ ਲਾਵਾਂ ਫੇਰੇ, ਕਿਉਂਕਿ ਹਿੰਦੁਸਤਾਨ ਦੀ ਪੱਧਤੀ ਪਹਿਲੇ ਦਿਨ ਤੋਂ ਇਹ ਚਲੀ ਆਈ ਹੈ।"[25]

ਭਾਈ ਰਾਗਾ ਸਿੰਘ ਦਾ ਭਾਈ ਜਮੀਅਤ ਸਿੰਘ ਸੀ। ਉਸਦੀ ਉਮਰ ਸਰਕਾਰੀ ਰੀਕਾਰਡ ਮੁਤਾਬਿਕ ੫੦ ਸਾਲ ਸੀ (੧੮੮੦ ਈ. ਵਿਚ) ਉਸਦਾ ਪਿਤਾ ਹੇਮ ਸਿੰਘ ਸੀ। ਉਸਨੂੰ ਵਪਾਰੀ ਆਦਮੀ ਲਿਖਿਆ ਹੈ। ਉਸ ਦਾ ਪਿੰਡ ਲੱਲਾਂ, ਥਾਣਾ ਦੋਰਾਹਾ (ਰਿਆਸਤ ਪਟਿਆਲਾ) ਹੈ। ਭੈਣੀ ਸਾਹਿਬ ਵਿਚ ਉਸਨੇ ਇਕ ਦੁਕਾਨ ਵੀ ਖੋਹਲੀ ਹੈ ਅਤੇ ਉਹ ਗੁਰੂ ਹਰੀ ਸਿੰਘ ਦਾ ਹਿਸਾਬ ਕਿਤਾਬ ਵੀ ਰੱਖਦਾ ਹੈ। ਉਹਨੂੰ ਵੀ ਸਰਕਾਰ ਅੰਗਰੇਜ਼ੀ "ਆਪਣੇ ਲਈ" ਭੈੜੇ ਸੁਭਾਅ ਵਾਲਾ ਸਮਝਦੀ ਹੈ।[26] ਬੇਸ਼ਕ ਸਰਕਾਰੀ ਰੀਕਾਰਡ ਵਿਚ ਇਹਨਾਂ ਦੋਹਾਂ ਦੇ ਭਾਈ ਹੋਣ ਦਾ ਜ਼ਿਕਰ ਨਹੀਂ ਪਰ ਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ ਵਿਚ ਦੋਹਾਂ ਦਾ ਜ਼ਿਕਰ ਨਾਲ ਨਾਲ ਹੋਣਾ, ਰਾਗਾ ਸਿੰਘ ਦਾ ਸਤਿਗੁਰੂ ਬਿਲਾਸ ਦੀ ਅਗਵਾਹੀ ਮੁਤਾਬਿਕ, ਭੈਣੀ ਸਾਹਿਬ ਦੇ ਗਿਰਦੇ ਦੇ ਪੁਆਧ ਖਿੱਤੇ ਦਾ ਹੋਣਾ, ਲੱਲ ਕਲਾਂ ਉਹਨਾਂ ਦਾ ਪਿੰਡ ਹੋਣ ਨੂੰ ਸਾਬਤ ਜ਼ਰੂਰ ਕਰਦਾ ਹੈ। ਜਦੋਂ ਕਿਸੇ ਲਹਿਰ ਦੇ ਲੋਕ ਉਹਦੇ ਆਵੇਸ਼ ਦੀ ਜਕੜ ਵਿਚ ਹੁੰਦੇ ਹਨ ਉਹ ਆਪਣਾ ਪਿੰਡ, ਪੱਤਣ ਜਾਂ ਮੂਲ ਸਥਾਨ ਭੁੱਲ ਜਾਂਦੇ ਹਨ। ਉਹਨਾਂ ਦੇ ਪਿੰਡਾਂ ਨਾਲੋਂ ਭੈਣੀ ਸਾਹਿਬ ਦੀ ਮਹੱਤਤਾ ਕਈ ਗੁਣਾਂ ਵਧ ਗਈ ਸੀ ਜੋ ਪਿੰਡ ਉਹਨਾਂ ਦੇ ਚੇਤਿਆਂ ਵਿਚੋਂ ਖੁਰ ਗਏ ਸਨ। ਸੂਫੀ ਕਵੀ ਦੇ ਸ਼ਬਦਾਂ ਮੁਤਾਬਿਕ—

"ਹਾਜੀ ਲੋਕ ਮੱਕੇ ਨੂੰ ਜਾਂਦੇ, ਅਸਾਂ ਜਾਣਾ ਤਖਤ ਹਜਾਰੇ।
ਜਿਤ ਵਲ ਯਾਰ ਉੱਤੇ ਵੱਲ ਕਾਅਬਾ, ਭਾਵੇਂ ਵੇਖ ਕਤੇਬਾਂ ਚਾਰੇ।"

ਗੁਰੂ ਹਰੀ ਸਿੰਘ ਜੀ ਨੇ ਲੰਮਾ ਸਮਾਂ, ਰਾਗਾ ਸਿੰਘ ਹੋਰਾਂ ਦੀ ਸੇਵਾ ਮਾਣੀ ਸੀ। ਜਦੋਂ ਮਈ ੧੯੦੬ ਵਿਚ ਆਪ ਦਾ ਅੰਤ ਸਮਾਂ ਨੇੜੇ ਆਉਂਦਾ ਹੈ ਤਾਂ ਆਪ ਉਸ ਨੂੰ ਹਦਾਇਤ ਕਰਦੇ ਹਨ ਕਿ ਉਹ ਹੁਣ ਪਲ ਭਰ ਵੀ ਉਹਨਾਂ ਤੋਂ ਦੂਰ ਨਾ ਜਾਵੇ—

"(ਚੜ੍ਹਾਈ ਤੋਂ) ਪੰਦਰਾਂ ਦਿਨ ਅਗਾਊਂ ਗੁਰੂ ਜੀ ਰਾਗਾ ਸਿੰਘ ਨੂੰ ਬਚਨ ਕੀਤਾ ਤੂੰ ਸਾਡੇ ਕੋਲ ਹਾਜ਼ਰ ਰਹਿਆ ਕਰ, ਕਿਧਰੇ ਨਾ ਜਾਇਆ ਕਰ।...ਉਸੀ ਦਿਨ ਸੇ ਹਾਜਰ ਰਹਿਣ ਲੱਗਾ। ਪਰ ਏਉਂ ਪਰਤੀਤ ਨਾ ਸੀ ਕਿ ਜੋਤੀ ਜੋਤਿ ਸਮਾਇ ਜਾਵਣਗੇ।"

ਮਾਲੂਮ ਹੁੰਦਾ ਹੈ ਕਿ ਗੁਰੂ ਹਰੀ ਸਿੰਘ ਜੀ ਦੇ ਪਰਲੋਕ ਗਮਨ ਬਾਅਦ ਭਾਈ ਰਾਗਾ ਸਿੰਘ ਹੋਰਾਂ ਨੇ ਵੀ ਜ਼ਿਆਦਾ ਸਮਾਂ ਨਹੀਂ ਕੱਢਿਆ। ਕਿਉਂਕਿ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਵੀ ਆਪਣੇ ਗੁਰਤਾ ਕਾਲ ਦੇ ਸਮੇਂ ਨਾਲ ਜੋੜ ਕੇ, ਉਹਨਾਂ ਪਰਥਾਇ ਕੋਈ ਬਚਨ ਨਹੀਂ ਦੱਸਿਆ ਹੈ। ਸਰਕਾਰੀ ਰਿਪੋਰਟ ਵਿਚ ਉਮਰ ਕਈ ਵੇਰ ਤਿੰਨ ਚਾਰ ਸਾਲ ਵੱਧ ਜਾਂ ਘੱਟ ਵੀ ਲਿਖੀ ਹੁੰਦੀ ਹੈ। ਇਸਦੇ ਮੁਤਾਬਿਕ ਵੀ ਆਪਦਾ ਜਨਮ ੧੮੩੨ ਈ. ਬਣਦਾ ਹੈ। ਜੋ ੧੯੦੬ ਤੱਕ ਸਰੀਰ ਵੀ ਪੌਣੀ ਸਦੀ ਉਮਰ ਪੂਰੀ ਕਰ ਗਿਆ ਸੀ। ਸਤਿਗੁਰੂ ਪਰਤਾਪ ਸਿੰਘ ਜੀ ਉਹਨਾਂ ਨੂੰ ਵੀ 'ਬਾਬਾ' ਦਰਬਾਰਾ ਸਿੰਘ ਰਾਇਪੁਰੀਏ ਜਿਉਂ, "ਬਾਬਾ ਰਾਗਾ ਸਿੰਘ" ਆਪਣੇ ਉਪਦੇਸ਼ ਵਿਚ ਆਖਦੇ ਹਨ। ਉਮਰ ਦਾ ਚਾਰ ਦਹਾਕਿਆਂ ਤੋਂ ਵੱਧ ਸਮਾਂ, ਆਪਣੇ ਵਕਤ ਦੀ ਪਰਮੁੱਖ ਬਸਤੀਵਾਦ ਵਿਰੋਧੀ ਲੋਕ ਲਹਿਰ ਦੇ ਲੇਖੇ ਲਾ ਦੇਣਾ, ਆਪਣੇ ਇਸ਼ਟ ਅਤੇ ਪੰਥ ਦੀ ਹਰ ਖ਼ੁਸ਼ੀ

ਲਈ, ਆਪਣੀਆਂ ਇੱਛਾਵਾਂ, ਖਾਹਿਸ਼ਾਂ ਦਾ ਬਲੀਦਾਨ ਕਰ ਦੇਣਾ। ਹਰ ਬਿਪਤਾ ਦਾ ਖਿੜੇ ਮੱਥੇ, ਟਾਕਰਾ ਕਰਨ ਲਈ ਤਿਆਰ ਰਹਿਣਾ। ਸੁਬਹਾ ਸ਼ਾਮ ਗੁਰੂ ਦਰਬਾਰ ਵਿਚ ਕੀਰਤਨ ਕਰਨਾ ਦੁਪਹਿਰਾ ਰੇਤਲੇ ਟਿੱਬਿਆਂ ਵਿਚ, ਭੁੱਖੇ ਤਿਹਾਏ ਲੋਕਾਂ ਦੀ ਤ੍ਰਿਪਤੀ ਲਈ, ਉਹਨਾਂ ਦੀਆਂ ਪੈੜਾਂ ਨੱਪਦੇ ਫਿਰਨਾ। ਗੱਲ ਗੱਲ ਤੇ ਸਰਕਾਰੀ ਚਾਟੜਿਆਂ ਤੋਂ ਦੁਰਬਚਨ ਸੁਣਨੇ, ਧੌਲ ਧੱਫਾ ਵੀ ਭਾਣੇ ਵਿਚ ਰਹਿ ਕੇ ਬਰਦਾਸ਼ਤ ਕਰਨਾ। ਭਾਈ ਰਾਗਾ ਸਿੰਘ ਵਰਗੇ ਮਰਜੀਵੜਿਆਂ ਦੀ ਯਾਦ ਅੱਗੇ ਸਿਰ ਝੁਕਾਉਣਾ, ਮਨੁੱਖੀ ਮੁਕਤੀ ਲਈ ਜੂਝਣ ਵਾਲਿਆਂ ਨੂੰ ਸਲਾਮ ਹੈ।

## ਹਵਾਲੇ ਅਤੇ ਟਿੱਪਣੀਆਂ


1. ਨਾਮਧਾਰੀ ਇਤਿਹਾਸ, ਨਾਹਰ ਸਿੰਘ ਐਮ. ਏ., ੧੯੫੭, ਦਿੱਲੀ, ਸਫਾ ੧੪੫–੪੬
2. ਕੂਕਾਜ਼ ਆਫ ਨੋਟ ਇਨ ਦਾ ਪੰਜਾਬ (ਸੰ. ਜਸਵਿੰਦਰ ਸਿੰਘ), ਸਫਾ ੨੬–੨੭
3. ਕੂਕਾ ਮੂਵਮੈਂਟ—ਸੰ. ਜਸਵਿੰਦਰ ਸਿੰਘ, ਸਫਾ ੧੪੪
4. ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ (ਸੰ. ਜਸਵਿੰਦਰ ਸਿੰਘ), ਸਫਾ ੨੩੪–੩੫
5. ਉਹੀ, ਸਫਾ ੨੪੩
6. ਉਹੀ, ਸਫਾ ੨੨੨–੨੩
7. ਉਹੀ, ਸਫਾ ੨੨੪–੨੫
8. ਸਤਿਜੁਗ, ਸਤਿਗੁਰੂ ਹਰੀ ਸਿੰਘ ਅੰਕ, ੨੫ ਭਾਦਰੋਂ ੨੦੨੨ ਬਿ. ਸ੍ਰੀ ਜੀਵਨ ਨਗਰ (ਸਿਰਸਾ), ਪ੍ਰੀਤਮ ਸਿੰਘ ਕਵੀ ਦਾ ਲੇਖ "ਵਿਰਸੇ ਵਿਚ ਮਿਲਿਆ ਭੈਣੀ ਸਾਹਿਬ", ਸਫਾ ੯੨
9. ਲਾਲ ਏਹਿ ਰਤਨ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪਵਿੱਤਰ ਉਪਦੇਸ਼—੪ (ਸੰ. ਪ੍ਰਿੰ. ਬੇਅੰਤ ਕੌਰ), ਸਫਾ ੬੩
10. ਸਤਿਗੁਰੂ ਬਿਲਾਸ–ਭਾਗ ਦੂਜਾ, ਭਾਈ ਸੰਤੋਖ ਸਿੰਘ ਬਾਹੋਵਾਲ (ਸੰ. ਜਸਵਿੰਦਰ ਸਿੰਘ), ਸਫਾ ੬੨
11. ਉਹੀ ਸਫਾ ੬੪, ੬੫
12. ਉਹੀ, ਸਫਾ ੬੫
13. ਉਹੀ, ਸਫਾ ੮੮
14. ਉਹੀ, ਸਫਾ ੨੩੯
15. ਉਹੀ, ਸਫਾ ੨੫੮
16. ਉਹੀ, ਸਫਾ ੨੬੭
17. ਉਹੀ, ਸਫਾ ੨੭੦
18. ਉਹੀ, ਸਫਾ ੨੭੩
19. ਉਹੀ, ਸਫਾ ੨੮੭
20. ਉਹੀ, ਸਫਾ ੨੯੩

21. ਉਹੀ, ਸਫਾ ੨੯੯
22. ਉਹੀ, ਸਫਾ ੩੦੬
23. ਉਹੀ, ਸਫਾ ੩੨੬
24. ਉਹੀ, ਸਫਾ ੩੪੨
25. ਲਾਲ ਏਹਿ ਰਤਨ—੪, ਸਫਾ ੧੧੬-੧੭
26. ਕੂਕਾਜ਼ ਆਫ ਨੋਟ ਇਨ ਪੰਜਾਬ, ਸਫਾ ੨੮-੨੯
27. ਸਤਿਗੁਰੂ ਬਿਲਾਸ ਭਾਗ ਦੂਜਾ, ਸਫਾ ੪੦੦

## ਹਠੀ, ਜਪੀ, ਤਪੀ—
## ਭਾਈ ਨੱਥਾ ਸਿੰਘ ਸਰਹਾਲੀ

"ਵਿਸ਼ਯ ਅਗਨਿ ਕਰ ਤਪਤ ਰਿਦੈ ਜਿਨ ਨਾਮਾ ਮ੍ਰਿਤ ਦੇ ਠਾਰੇ।
ਗੁਰੂ ਮਤ ਦੇ ਅਨੁਰਾਗੀ ਕੀਤੇ ਪਾਮਰ ਪਾਪੀ ਭਾਰੇ।
ਭੰਗ ਸ਼ਰਾਬ ਅਫੀਮ ਛਡਾ ਕੇ ਨਸ਼ਾ ਪ੍ਰੇਮ ਦਾ ਦਿਤਾ।
ਮੰਗ ਖਾਣ ਨੂੰ ਖੰਡਨ ਕੀਤਾ ਦਸ ਧਰਮ ਦਾ ਕਿਤਾ।
ਫੁਟ ਈਰਖਾ ਵੈਰ ਭਾਵ ਅਰ ਨਫ਼ਰਤ ਮਨੋਂ ਹਟਾਈ।
ਮੁਦਿਤਾ ਮੈਤ੍ਰੀ ਕਰੁਣਾ ਦ੍ਰਿੜ੍ਹ ਕਰ ਸਿਖਾਂ ਚਿਤ ਵਸਾਈ।
ਭੁਖਾ ਨੰਗਾ ਰੋਗੀ ਸੋਗੀ ਜੋ ਸਰਨੀ ਚਲ ਆਵੇ।
ਹੋਇ ਤ੍ਰਿਪਤ ਅਰ ਪਰਮ ਅਨੰਦੀ ਜੀਵਨ ਸਰਸ ਬਿਤਾਵੇ।"[1]

ਮਹਾਨ ਕੋਸ਼ ਦੇ ਰਚੇਤਾ ਭਾਈ ਸਾਹਿਬ ਭਾਈ ਕਾਹਨ ਸਿੰਘ ਜੀ ਨਾਭਾ ਦੀਆਂ ਉਪਰੋਕਤ ਕਾਵਿ ਪੰਕਤੀਆਂ, ਸਤਿਗੁਰੂ ਰਾਮ ਸਿੰਘ ਜੀ ਦੇ ਮਿਸ਼ਨ ਅਤੇ ਨਾਮਧਾਰੀ ਪੰਥ ਦੇ ਕੁਝ ਨਿਸ਼ਾਨਿਆਂ ਨੂੰ, ਬੜੀ ਬੇਬਾਕੀ ਨਾਲ ਚਿਤਰਿਤ ਕਰਦੀਆਂ ਹਨ। ਮਨੁੱਖ ਦੀਆਂ ਤਾਮਸੀ ਰੁਚੀਆਂ ਨੂੰ, ਉਸਦੀਆਂ ਸਾਤਵਿਕ ਬਿਰਤੀਆਂ ਨੂੰ ਜਗਾ ਕੇ, ਸੋਧਿਆ ਜਾ ਰਿਹਾ ਹੈ। ਨਸ਼ਾ ਮੁਕਤ ਸਮਾਜ ਵਲ ਵਧਿਆ ਜਾ ਰਿਹਾ ਹੈ। ਵੇਹਲੜਪੁਣੇ ਨੂੰ ਖ਼ਤਮ ਕਰਨ ਲਈ ਕਿਰਤ ਦੇ ਮਹੱਤਵ ਨੂੰ ਉਜਾਗਰ ਕੀਤਾ ਜਾ ਰਿਹਾ ਹੈ। ਸਤਿਗੁਰੂ ਜੀ ਦੇ ਦਰਬਾਰ ਵਿਚ ਪਹੁੰਚਣ ਵਾਲਿਆਂ ਦੇ ਰੋਗ ਸੋਗ ਤਾਂ ਕੱਟੇ ਹੀ ਜਾਂਦੇ ਹਨ। ਭੁੱਖ ਦੇ ਭੂਤ ਨੂੰ ਉਸਦੇ ਗਲੋਂ ਲਾਹੁਣ ਲਈ, ਗੁਰੂ ਕਾ ਲੰਗਰ ਚੱਲ ਰਿਹਾ ਹੈ। ਸਤਿਗੁਰੂ ਰਾਮ ਸਿੰਘ ਜੀ ਦੁਆਰਾ ਸਥਾਪਿਤ ਇਹ ਸਦਾ ਬਰਤ ਸ੍ਰੀ ਗੁਰੂ ਹਰੀ ਸਿੰਘ ਜੀ ਨੇ ਵੱਡੀ ਬਿਪਤਾ ਦੇ ਸਮੇਂ ਵੀ ਰੁਕਣ ਨਹੀਂ ਦਿੱਤਾ, ਜੋ ਆਪ ਜੀ ਤੋਂ ਬਾਅਦ ਸਤਿਗੁਰੂ ਪ੍ਰਤਾਪ ਸਿੰਘ ਜੀ, ਸਤਿਗੁਰੂ ਜਗਜੀਤ ਸਿੰਘ ਦੁਆਰਾ ਜਾਰੀ ਰਹਿਣ ਬਾਅਦ ਹਾਜ਼ਰਾ ਹਜ਼ੂਰ (ਸ੍ਰੀ ਸਤਿਗੁਰੂ ਉਦੈ ਸਿੰਘ) ਜੀ ਦੁਆਰਾ ਵੀ ਉਸੇ ਸ਼ਾਨ ਬਾਨ ਨਾਲ ਚਲਾਇਆ ਜਾ ਰਿਹਾ ਹੈ। ਡੇਰੇ ਵਿਚ ਰਹਿਣ ਵਾਲੇ ਅਤੇ ਰੋਜ਼ਾਨਾ ਸ੍ਰੀ ਭੈਣੀ, ਸਾਹਿਬ ਤੀਰਥ ਅਸਥਾਨ ਦੀ ਯਾਤਰਾ ਤੇ ਆਉਣ ਵਾਲੇ, ਹਜ਼ਾਰਾਂ ਅਭਿਆਗਤਾ ਦੀ ਉਦਰ ਪੂਰਤੀ, ਗੁਰੂ ਕਾ ਲੰਗਰ ਨਿਰੰਤਰ ਕਰਦਾ ਆ ਰਿਹਾ ਹੈ। ਇਹ ਉਹ ਲੰਗਰ ਹੈ ਜਿਸ ਬਾਰੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਰੰਗੂਨ ਦੇ ਆਪਣੇ ਹਿਰਾਸਤੀ ਬੰਗਲੇ ਵਿਚੋਂ, ਛੋਟੇ ਭਰਾਤਾ ਸ੍ਰੀ ਗੁਰੂ ਹਰੀ ਸਿੰਘ ਜੀ ਤੋਂ ਅਤੇ ਹੋਰ ਆਉਣ ਵਾਲੇ ਸਿੱਖਾਂ ਤੋਂ ਕ੍ਰਿਪਾ ਪੱਤਰਾਂ ਦੁਆਰਾ, ਪੁੱਛ ਗਿੱਛ ਕਰਕੇ ਇਸਨੂੰ ਚੱਲਦਾ ਰੱਖਣ ਲਈ ਦਿਸ਼ਾ ਨਿਰਦੇਸ਼ ਦਿੰਦੇ ਰਹਿੰਦੇ ਸਨ। ਆਪਣੇ ਪਾਸ ਦਰਸ਼ਨ ਅਭਿਲਾਖੀਆਂ ਵਲੋਂ ਭੇਟ ਕੀਤੀ ਮਾਇਆ, ਸੁਵਰਨ ਆਦਿ ਵੀ ਆਉਣ ਵਾਲੇ ਸਿੰਘਾਂ

ਦੀ ਮਾਰਫਤ, ਵਾਪਸ ਸ੍ਰੀ ਭੈਣੀ ਸਾਹਿਬ ਦੇ ਲੰਗਰ ਵਾਸਤੇ ਭੇਜ ਦਿੰਦੇ ਸਨ। ਗੁਰੂ ਹਰੀ ਸਿੰਘ ਜੀ ਲਈ, ਕਠਿਨ ਹਾਲਾਤ ਵਿਚ ਇਸ ਲੋਹ ਲੰਗਰ ਨੂੰ ਜਾਰੀ ਰੱਖਣਾ, ਇਕ ਵੱਡੀ ਚੁਨੌਤੀ ਸੀ ਜਿਸ ਨੂੰ ਪੂਰਾ ਕਰਨ ਲਈ, ਆਪ ਨੇ ਸਿਰ ਧੜ ਦੀ ਬਾਜੀ ਲਾਈ ਹੋਈ ਸੀ। ਆਪ ਫਰਮਾਇਆ ਕਰਦੇ ਸਨ ਕਿ ਸਤਿਗੁਰੂ ਜੀ ਦੁਆਰਾ ਸਥਾਪਿਤ ਇਸ ਲੰਗਰ ਨੂੰ ਚੱਲਦਾ ਰੱਖਣ ਲਈ ਮੈਂ ਆਪਣੇ ਸਰੀਰ ਦੇ ਹੱਡ ਵੀ ਬਾਲਣ ਦੀ ਥਾਂ ਝੋਕਣ ਲਈ ਤਿਆਰ ਹਾਂ। ਬਿਪਤਾ ਦੀਆਂ ਉਹਨਾਂ ਘੜੀਆਂ ਵਿਚ, ਗੁਰੂ ਹਰੀ ਸਿੰਘ ਜੀ ਨੇ ਤਬੇਲੇ ਦੇ ਕਮਰੇ ਦੀਆਂ ਕੜੀਆਂ ਉਤਰਵਾ ਕੇ ਵੀ ਲੰਗਰ ਵਿਚ ਬਾਲਣ ਦਾ ਹੁਕਮ ਕਰ ਦਿੱਤਾ ਸੀ। ਗੁਰੂ ਕੇ ਲੰਗਰ ਲਈ ਬਾਲਣ ਦੀ ਸੇਵਾ ਕਰਨ ਵਾਲੇ ਸਿੰਘ ਵੀ ਸਾਡੇ ਵਲੋਂ ਧੰਨਤਾ ਦੇ ਪਾਤਰ ਹਨ ਅਤੇ ਉਹ ਵੀ ਸਾਡੇ ਇਤਿਹਾਸ ਦੇ ਅਮਰ ਨਾਇਕਾਂ ਵਿਚ ਸ਼ਾਮਲ ਹੋ ਚੁੱਕੇ ਹਨ। ਅਜਿਹੇ ਇਕ ਸਿਰੜੀ ਸਿੰਘ ਭਾਈ ਨੱਥਾ ਸਿੰਘ, ਮਜ਼੍ਹਬੀ ਸਰਹਾਲੀ ਵਾਲੇ ਸਨ।

ਸਰਹਾਲੀ ਨਗਰ ਤੇ ਸਤਿਗੁਰੂ ਰਾਮ ਸਿੰਘ ਜੀ ਦੀ ਵਿਸ਼ੇਸ਼ ਬਖਸ਼ਿਸ਼ ਹੋਈ ਸੀ। ਫੌਜੀ ਜੀਵਨ ਸਮੇਂ ਕਿਸੇ ਵਕਤ ਆਪ ਦੇ ਸਾਥੀ ਰਹੇ, ਸ. ਸ਼ਾਮ ਸਿੰਘ ਸਰਹਾਲੀ ਅਤੇ ਉਸਦੇ ਸਾਰੇ ਹੀ ਪਰਿਵਾਰ ਨੂੰ, ਨਾਮਧਾਰੀ ਪੰਥ ਵਿਚ ਸ਼ਾਮਲ ਹੋਣ ਦਾ ਸੁਭਾਗ ਮਿਲਿਆ। ਸ. ਸ਼ਾਮ ਸਿੰਘ ਵਰਗੇ ਵੱਡੇ ਪਾਹਣੇ ਵਾਲੇ ਸ਼ਾਹੂਕਾਰ/ਜਗੀਰਦਾਰ ਦਾ ਕੂਕਾ ਲਹਿਰ ਵਿਚ ਸ਼ਾਮਲ ਹੋ ਕੇ, ਸਾਧਾਰਨ ਕਿਰਤੀਆਂ ਦੇ ਸਿਰੋਂ ਬਿਆਜ ਦੁਆਰਾ ਜੋੜੀ ਵੱਡੀ ਸੰਪਤੀ, ਉਸ ਨੇ ਸਤਿਗੁਰੂ ਦੇ ਨਾਮ ਤੋਂ ਕੁਰਬਾਨ ਕਰਨ ਲਈ ਆਪਣੇ ਘਰ ਗੁਰੂ ਕਾ ਲੰਗਰ ਚਲਾ ਕੇ ਤੀਹ ਪੈਂਤੀ ਸਾਲਾਂ ਵਿਚ ਹੀ ਹਰ ਕੇ ਲੇਖੇ ਲਾ ਦਿੱਤੀ ਸੀ। ਇਸ ਤਰ੍ਹਾਂ ਦੇ ਕਠੋਰ ਹਿਰਦੇ ਵਾਲੇ ਸਰਦਾਰ ਦੇ ਹਿਰਦੇ ਪਰਿਵਰਤਨ ਦੀ ਘਟਨਾ ਦਾ, ਉਸ ਦੇ ਹੋਰਨਾਂ ਨਗਰ ਨਿਵਾਸੀਆਂ ਤੇ ਵੀ ਅਸਰ ਹੋਣਾ ਹੀ ਸੀ। ਇਸੇ ਪ੍ਰਭਾਵ ਤਹਿਤ ਭਾਈ ਨੱਥਾ ਸਿੰਘ ਸਰਹਾਲੀ ਜੋ ਪਹਿਲਾਂ ਤਾਮਸੀ ਬਿਰਤੀਆਂ ਦਾ ਧਾਰਨੀ ਸੀ ਹੁਣ ਸਾਤਵਿਕ ਸਾਧੂ ਬਿਰਤੀ ਨੂੰ ਅਪਣਾ ਕੇ, ਨਾਮਧਾਰੀ ਸਿੰਘ ਸਜ ਗਿਆ ਅਤੇ ਸ੍ਰੀ ਗੁਰੂ ਹਰੀ ਸਿੰਘ ਜੀ ਦੇ ਸਮੇਂ, ਸਤਿਗੁਰੂ ਜੀ ਦੇ ਪਰਦੇਸ ਗਵਨ ਤੋਂ ਪੰਜ ਸੱਤ ਸਾਲ ਬਾਅਦ ਹੀ ਸ੍ਰੀ ਭੈਣੀ ਸਾਹਿਬ ਪਰਿਵਾਰ ਸਮੇਤ ਆ ਕੇ, ਗੁਰੂ ਕੇ ਲੰਗਰ ਦੀ ਸੇਵਾ ਨੂੰ ਸਮਰਪਿਤ ਹੋ ਗਿਆ।

ਸੰਤ ਤਰਨ ਸਿੰਘ ਵਹਿਮੀ ਆਪਣੀ ਪ੍ਰਸਿੱਧ ਰਚਨਾ 'ਜੱਸ ਜੀਵਨ' ਵਿਚ ਭਾਈ ਨੱਥਾ ਸਿੰਘ ਸਰਹਾਲੀ ਦੀ ਆਕ੍ਰਿਤੀ ਅਤੇ ਸੁਭਾਓ ਬਾਰੇ ਇਉਂ ਵਰਣਨ ਕਰਦੇ ਹਨ– "ਨੱਥਾ ਸਿੰਘ ਜੀ ਬੜੇ ਮਸਤ ਤੇ ਸੂਰਮੇ ਸਾਧੂ ਸੀ। ਇਹ ਮਸਤ ਹੋ ਕੇ ਕਹਿੰਦੇ "ਗੁਰੂ ਕੀਏ ਸੰਗਤੇ ਓਏ ਮੁਲਖਾ ਮੈਂ ਮਜ਼ਦੂਰ ਜੇ, ਪਰ ਸਤਿਗੁਰੂ ਰਾਮ ਸਿੰਘ ਜੀ ਮੈਨੂੰ ਬਾਦਸ਼ਾਹਾਂ ਤੋਂ ਉਪਰ ਬੇਫਿਕਰੀ ਬਖਸ਼ ਦਿੱਤੀ ਹੋਈ ਏ। ਪਕਾਣ, ਖਾਣ, ਪਹਿਨਣ, ਲੈਣ ਦੇਣ ਦਾ ਕੋਈ ਫ਼ਿਕਰ ਨਹੀਂ, ਕਿਸੇ ਨਾਲ ਵੈਰ ਨਹੀਂ, ਕਿਸੇ ਨਾਲ ਪਿਆਰ ਪਾ ਮਨ ਬੱਝਾ ਹੋਇਆ ਨਹੀਂ, ਅਸਲ ਆਜ਼ਾਦੀ ਜੀਵਨ ਮੁਕਤੀ ਮਿਲੀ ਹੋਈ ਏ।" ਦੁਮਾਲਾ, ਚੱਕਰ, ਖੰਡਾ, ਬਰਛਾ ਰੱਖਦਾ, ਕਾਲਾ ਭੂਰਾ ਸੀਸ ਤੇ ਰੱਖਦਾ। ਤੇ ਗੁਰੂ ਕੇ ਲੰਗਰ ਜੋਗ ਅੱਕ ਪੁੱਟਣ ਦੀ ਭੀ ਸੇਵਾ ਕਰਦਾ।"[2]

ਕੂਕਾ ਬਣਨ ਤੋਂ ਪਹਿਲਾਂ ਇਹ ਭਾਈ ਨੱਥਾ ਸਿੰਘ, ਬਾਹਰ ਖੇਤਾਂ ਵਿਚ ਮੁੱਢੀਆਂ ਪੁੱਟਦਿਆਂ ਖੇਤਾਂ ਵਿਚੋਂ ਸਾਹਨੇ ਕੱਢ ਲਿਆ ਕਰਦਾ ਸੀ। ਸਾਹਨਿਆਂ ਦੀਆਂ ਲਗਰਾਂ ਮੂੰਹ ਵਿਚ ਪਾ ਕੇ, ਦੰਦਾਂ ਨਾਲ ਹੀ ਉਸ ਦੀ ਸਾਰੀ ਚਰਬੀ ਨਿਚੋੜ ਲੈਂਦਾ ਸੀ। ਰੋਜ਼ਾਨਾ ਪੰਜ ਪੰਜ ਸੱਤ ਸੱਤ ਸਾਹਨਿਆਂ ਦੀ ਚਰਬੀ ਡਕਾਰ ਜਾਣਾ, ਉਸ ਲਈ ਸੁਭਾਵਿਕ ਕ੍ਰਿਆ ਬਣ ਗਿਆ ਸੀ। ਇਸ ਤਰ੍ਹਾਂ ਦੀ ਤਾਮਸੀ ਬ੍ਰਿਤੀ ਵਾਲੇ ਵਿਸ਼ਈ ਪੁਰਖ ਦਾ ਸਾਧੂ ਬਣ ਜਾਣਾ, ਕੋਈ ਛੋਟਾ ਮੌਅਜਜ਼ਾ ਨਹੀਂ ਸੀ। ਵਹਿਮੀ ਜੀ ਦੇ ਸ਼ਬਦਾਂ ਵਿਚ "ਸਾਧੂ ਦੱਸਦੇ ਹਨ, ਇਸ ਭਜਨ ਪੁੱਛ, ਮਸਤ ਹੋ, ਫੇਰ ਗ੍ਰਹਿਸਤ ਨਹੀਂ ਕੀਤਾ। ਕਹਿੰਦਾ ਜਦ ਪੁੱਤਰ ਹੋ ਗਿਆ ਹੈ ਤਾਂ ਹੁਣ ਆਦਤ ਹੀ ਪੂਰੀ ਕਰਨੀ ਹੈ। ਓਨਾ ਚਿਰ ਭਜਨ ਭੁੱਲੇਗਾ, ਕਿਉਂਕਿ ਗੁਰਵਾਕ ਹੈ-"ਕਾਮ ਵਿਆਪੈ ਕੁਸੁਧ ਨਰ" ਤਾਂ ਭੋਗ ਕਿਉਂ ਕਰਨਾ ਹੋਇਆ।"[3]

ਸਤਿਗੁਰੂ ਰਾਮ ਸਿੰਘ ਤੋਂ ਵਰੋਸਾਏ ਇਸ ਸਿੱਖ ਨੇ ਗੁਰੂ ਹਰੀ ਸਿੰਘ ਜੀ ਦੇ ਸਮੇਂ, ਸਰਹਾਲੀ ਤੋਂ ਡੇਰਾ ਭੈਣੀ ਸਾਹਿਬ ਵਿਚ ਕਿਆਮ ਕੀਤਾ। ਫਿਰ ਆਪ ਦੇ ਅਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਗੁਰਤਾਕਾਲ ਸਮੇਂ ਵੀ ਕੋਈ ਚਾਰ ਪੰਜ ਦਹਾਕੇ, ਡੇਰੇ ਦੀ ਸੇਵਾ ਨੂੰ ਸਮਰਪਿਤ ਰਹੇ। ਆਪ ਨੇ ਊਠਾਂ ਵਾਲੇ ਸਿੰਘਾਂ ਨਾਲ, ਜਿਹਨਾਂ ਦੇ ਮੁਖੀ ਬਾਬਾ ਚੇਤ ਸਿੰਘ ਆਸਲਾਂ ਦੇ, ਉਸ ਦਾ ਸੇਵਕ ਆਲਾ ਸਿੰਘ ਦਾਲਮ ਦਾ ਅਤੇ ਚੰਦਾ ਸਿੰਘ ਵਲਟੋਹੇ ਦੇ ਨਾਲ, ਆਪਣੇ ਪੁੱਤਰ ਸਮੁੰਦ ਸਿੰਘ ਅਤੇ ਜੁਆਈ ਸੁੰਦਰ ਸਿੰਘ ਸਮੇਤ ਸੇਵਾ ਕੀਤੀ। ਬਾਅਦ ਵਿਚ ਨੱਥਾ ਸਿੰਘ ਹੋਰਾਂ ਦਾ ਦੋਹਤਰਾ ਸਰਧਾ ਸਿੰਘ ਵੀ ਇਸ ਸੇਵਾ ਵਿਚ ਜੁੱਟਿਆ ਰਿਹਾ।

ਡੇਰੇ ਵਿਚ ਸੇਵਾ ਕਰਦੇ ਸਮੇਂ ਭਾਈ ਨੱਥਾ ਸਿੰਘ ਕਹੀ ਨਾਲ ਮਿੱਟੀ ਪੁੱਟ ਕੇ, ਸਿੱਧੀ ਕੋਠੇ ਦੀ ਛੱਤ ਤੇ ਵਗਾਹ ਮਾਰਦਾ ਸੀ। ਗਤਕੇ ਬਾਜ਼ੀ ਵਿਚ ਮਾਹਿਰ ਸੀ। ਊਠਾਂ ਵਾਲੇ ਸਿੰਘਾਂ ਨਾਲ ਗੁਰੂ ਕੇ ਲੰਗਰ ਦੀ ਉਗਰਾਹੀ ਤੇ ਵੀ ਜਾਂਦਾ ਰਹਿੰਦਾ ਸੀ, ਪੰਜਾਬ ਦੇ ਵੱਖ ਵੱਖ ਭਾਗਾਂ ਵਿਚ। ਅਜੇਹੇ ਇਕ ਸਮੇਂ ਕਿਸੇ ਨਗਰ ਵਿਚ ਜਦੋਂ ਉਸਨੂੰ ਵੰਗਾਰਿਆ ਗਿਆ ਤਾਂ ਬਿਰਧ ਅਵਸਥਾ ਦੇ ਬਾਵਜੂਦ, ਗਤਕੇ ਦੇ ਜੌਹਰ ਵਿਖਾਉਣ ਤੋਂ ਬਾਜ ਨਾ ਆਇਆ। ਸੰਤ ਤਰਨ ਸਿੰਘ ਵਹਿਮੀ ਹੋਰਾਂ ਦੇ ਸ਼ਬਦਾਂ ਵਿਚ ਉਸ ਦੀ ਕੀਰਤੀ ਇਉਂ ਕਾਨੀਬੱਧ ਕੀਤੀ ਗਈ ਹੈ-"ਏਕ ਸਮੇਂ ਇਕ ਨਗਰ ਦਾ ਪਰਾਹੁਣਾ (ਜਵਾਈ) ਆਇਆ ਤੇ ਕਹੇ, ਕੋਈ ਮੇਰੇ ਨਾਲ ਸਿੱਖ ਗਤਕਾ ਖੇਡੇ। ਨੱਥਾ ਸਿੰਘ ਕਿਹਾ, "ਸਭ ਸਿਖ ਝਕਦੇ ਹਨ, ਮੈਂ ਅੱਸੀ ਸਾਲ ਦਾ ਹਾਂ, ਖਲੋ ਕੇ ਖੇਡਾਂਗਾ।" ਉਸਨੂੰ ਨੱਥਾ ਸਿੰਘ ਮਾਰ ਕੁੱਟ, ਚੁੱਪ ਕਰਾ ਟੋਰਿਆ।"[4]

ਸੇਵਾ ਗੁਰੂ ਕੇ ਲੰਗਰ ਦੀ ਬਾਲਣ ਦੀ ਹੋਵੇ, ਤਬੇਲੇ ਜਾਂ ਲੰਗਰ ਦੇ ਕੋਠਿਆਂ ਦੀ ਲਿਪਾਈ ਦੀ, ਲੰਗਰ ਲਈ ਉਗਰਾਹੀ ਕਰਨ ਦੀ, ਭਾਈ ਨੱਥਾ ਸਿੰਘ ਜੀ ਜਿਧਰ ਨੂੰ ਹੁਕਮ ਹੋਇਆ, ਉੱਥੇ ਹੀ ਤੁਰਤ ਮੋਰਚਾ ਮੱਲ ਲੈਂਦੇ ਸਨ। ਲੰਗਰ ਦੀ ਸੇਵਾ ਵਲੋਂ ਫ਼ੁਰਸਤ ਮਿਲਦੀ ਤਾਂ ਸ੍ਰੀ ਭੈਣੀ ਸਾਹਿਬ ਨੂੰ ਆਉਣ ਵਾਲੇ ਰਸਤੇ ਸੁਆਰਨ ਲੱਗ ਜਾਂਦੇ ਸਨ। "ਨੱਥਾ ਸਿੰਘ ਭੈਣੀ ਸਾਹਿਬ ਦੀ ਡਿਉੜੀਉਂ ਲੈ ਕਟਾਣੀ ਵੱਲ ਮਿੱਟੀ ਪਾਂਦਾ ਤੇ ਕਹਿੰਦਾ, "ਇਹ ਮੇਰੇ ਸਤਿਗੁਰੂ ਜੀ ਦੀ ਪੱਕੀ ਸੜਕ ਹੈ। ਤਦੋਂ ਕੋਈ ਸੜਕ, ਰਸਤਾ

ਮੋਟਰ ਨਾ ਸੀ, ਜੋ ਹੁਣ ਸਭ ਕੁਝ ਹੈ। ਰਾਤ ਦਰਵਾਜ਼ੇ, ਤਬੇਲੇ, ਲੰਗਰ ਵੱਲ ਪਹਿਰਾ ਫੇਰਾ ਰੱਖਦਾ ਤੇ ਕਹਿੰਦਾ ਮੇਰੀ ਗੁਰ ਕੇ ਦਰ ਦਰਬਾਨੀ ਹੈ, ਧਰੂ ਭਗਤ ਵਾਂਗੂੰ।"[5]

ਜਿਸ ਸਮੇਂ ਭਾਈ ਨੱਥਾ ਸਿੰਘ ਡੇਰੇ ਵਿਚ ਆਇਆ ਸੀ ਤਾਂ ਇਹ ਸਮਾਂ ਕੂਕਿਆਂ ਲਈ ਅਸਾਧਾਰਨ ਬਿਪਤਾ ਵਾਲਾ ਬਿਖੜਾ ਸਮਾਂ ਸੀ। ਡੇਰੇ ਵਿਚ ਅੱਠੀਂ ਪਹਿਰੀਂ ਪਹਿਲਾਂ ਪੰਜ ਅਤੇ ਫਿਰ ਦਸ ਸਿੱਖਾਂ ਨੂੰ ਦਰਸ਼ਨਾਂ ਦੀ ਇਜਾਜ਼ਤ ਮਿਲਦੀ। ਡੇਰੇ ਵਿਚ ਰਹਿਣ ਵਾਲੇ ਸਿੰਘਾਂ ਦੀ ਗਿਣਤੀ ਵੀ ਸੀਮਿਤ ਹੀ ਸੀ ਜੋ ਡੇਰੇ ਦੇ ਕਾਰੋਬਾਰ ਮਾਲ ਪਸ਼ੂਆਂ ਜਾਂ ਹੋਰ ਧਾਰਮਿਕ ਸੇਵਾ ਨਿਬਾਹੁਣ ਲਈ, ਸਰਕਾਰੀ ਮਨਜ਼ੂਰੀ ਨਾਲ ਰਹਿੰਦੇ ਸਨ। ਮਨਜ਼ੂਰੀ ਤੋਂ ਬਿਨਾਂ ਆਏ ਭੈਣੀ ਸਾਹਿਬ ਤੋਂ ਬਾਹਰ ਰੌੜਾਂ ਰੱਕੜਾਂ ਵਿਚ ਟਿਕਦੇ। ਦਾਅ ਲੱਗਦਿਆਂ ਦਰਸ਼ਨ ਕਰਕੇ ਚੋਰੀ ਟਿੱਭ ਜਾਂਦੇ ਜਾਂ ਫਿਰ ਆਸੇ ਪਾਸੇ ਤੁਰੇ ਫਿਰਦੇ। ਅਜਿਹੇ ਕਠਿਨ ਸਮੇਂ ਵਿਚ ਭਾਈ ਨੱਥਾ ਸਿੰਘ ਗੁਰੂ ਕੇ ਲੰਗਰ ਵਿਚ ਬਾਲਣ ਲਈ ਬਾਹਰ ਰੋਹੀਆਂ ਵਿਚ ਅੱਕ ਪੁੱਟਣ ਦੀ ਸੇਵਾ ਕਰਦਾ, ਪੱਟੀਆਂ ਲਾ ਕੇ ਬੋਰੇ ਜਾਂ ਹੋਰ ਭਾਰੇ ਕੱਪੜੇ ਦਾ ਛੱਪਰ ਛਾ ਕੇ ਬਣਾਉਂਦਾ ਸੀ ਜਿਸਨੂੰ ਪੈਲਾਂ ਲਾਉਣੀਆਂ ਕਹਿੰਦੇ ਸਨ। "ਨੱਥਾ ਸਿੰਘ ਮਜ਼੍ਹਬੀ ਅੱਕ ਪੁਟਦਾ ਹੁੰਦਾ ਸੀ। ਪਟੜੀ ਰਾਹ ਛੱਡ ਕੇ ਦੂਰ ਪੈਲਾਂ ਲਾਇ ਲੈਣੀਆਂ ਤੇ ਰਹਿਣਾ। ਪਿੰਡਾਂ ਦੇ ਲੋਕ ਨਾ ਥੇ ਡਰਦੇ ਕਿਸੇ ਨੂੰ ਰਹਿਣ ਦਿੰਦੇ ਕਿਉਂਕਿ ਠਾਣੇਦਾਰ ਕਰੜਾਈ ਕਰਦਾ ਸੀ ਨੰਬਰਦਾਰਾਂ ਕੋ ਤੇ ਚੌਕੀਦਾਰਾਂ ਕੋ ਕੇ ਰਾਈਆਂ ਮੇਂ, ਕੋਟ (ਗੰਗੂ ਰਾਇ) ਮੇਂ, ਕੁਰਕੀ ਕਟਾਣੀਂ, ਲਾਟੋ, ਚੱਕ, ਟੇਢੇਵਾਲ ਏਨਾਂ ਪਿੰਡਾਂ ਵਿਚ ਨਾਮਧਾਰੀਆ ਰਾਤ ਕੋ ਨਾ ਦਿਨ ਕੋ ਕੋਈ ਰਹੇ।

"ਮੁਕਬਰ ਸਫੈਦਪੋਸ਼ ਸੁੱਖੂ ਥੀਂ ਲੈ ਕੇ, ਠਾਕਰੀਏ ਨਾਮਧਾਰੀ ਥੀਂ ਸਭ ਤਨਖਾਹ ਖਾਂਦੇ ਹੈ। ਕਰੜਾਈ ਸਾਰੇ ਕਰਨ ਲੱਗੇ। ਜਿੱਥੇ ਸਿੰਘ ਹੋਵੇ ਖਬਰ ਗਾਰਦ ਨੂੰ ਦੇਣੀ ਤੇ ਉਠਵਾਇ ਦੇਣਾ ਜਾਂ ਫੜਾਇ ਦੇਣਾ।"[6] ਗੁਰੂ ਹਰੀ ਸਿੰਘ ਦੇ ਹੁਕਮ ਅਨੁਸਾਰ ਨੱਥਾ ਸਿੰਘ ਦਾ ਪਰਸ਼ਾਦਾ, ਸੰਤ ਜਿਊਣ ਸਿੰਘ ਝੱਬਰ ਪੁਚਾਉਂਦਾ ਸੀ। (ਸੰਤ ਜਿਊਣ ਸਿੰਘ ਝੱਬਰ ਲੇਖਕ ਦਾ ਦਾਦਾ ਸੀ।

ਸਰਕਾਰ ਦਾ ਮਤਲਬ ਸੀ ਕਿ ਜੇ ਸਖਤੀ ਰੱਖਾਂਗੇ ਤਾਂ ਕੂਕੇ ਇੱਥੇ ਆਉਣੋਂ ਹਟ ਜਾਣਗੇ। ਗੁਰੂ ਕੇ ਲੰਗਰ ਲਈ ਭੇਟਾ ਨਾ ਆਵੇਗੀ ਲੰਗਰ ਬੰਦ ਹੋ ਜਾਏਗਾ। ਇਸ ਲਈ ਭੈਣੀ ਸਾਹਿਬ ਦੇ ਲੰਬੜਦਾਰ ਸੁੱਖੂ, ਡੇਰੇ ਵਿਚ ਰਹਿਣ ਵਾਲੇ ਭਾਈ ਠਾਕਰ ਸਿੰਘ 'ਛੀਬਾ' ਆਦਿ ਇੱਕਾ ਦੁੱਕਾ ਸਿੱਖ ਵੀ ਸਰਕਾਰੀ ਪੈਸੇ ਬਦਲੇ, ਮੁਖਬਰੀ ਸਿੰਘਾਂ ਦੀ ਕਰਿਆ ਕਰਦੇ ਸਨ। ਇਹਨਾਂ ਡੇਰੇ ਵਿਚਲੇ ਮੁਖਬਰਾ ਜਿਹਾ ਕਿ ਲੋਹਗੜ੍ਹ ਪਿੰਡ ਦੀ ਲੋਹ ਝੋਕਣ ਵਾਲੀ, ਮਾਈ ਕਰਮ ਕੌਰ ਜੱਟੀ ਆਦਿਕ ਦੇ ਮੁਖਬਰੀ ਕਰਨ ਬਾਰੇ ਵੀ ਗੁਰੂ ਹਰੀ ਸਿੰਘ ਜੀ ਜਾਣਦੇ ਸਨ ਪਰ ਉਹ ਕਦੇ ਕਦਾਈਂ ਮੁਖਬਰਾਂ ਨੂੰ ਤਾੜ ਛੱਡਦੇ ਸਨ। ਰੱਬ ਤਰਸੀਂ ਉਹਨਾਂ ਦੀ ਰੋਟੀ ਦਾ ਆਹਰ ਬਣਿਆ ਜਾਣ, ਡੇਰੇ ਵਿਚੋਂ ਨਿਸ਼ਕਾਸ਼ਨ ਦੀ ਸਜ਼ਾ ਨਹੀਂ ਦਿੰਦੇ ਸਨ।

ਭਾਈ ਨੱਥਾ ਸਿੰਘ ਬੋਲ ਤੋਲ ਦਾ ਪੂਰਾ ਅਤੇ ਸੂਰਮਾ ਸਿੰਘ ਸੀ। ਆਪਣੇ ਸਤਿਗੁਰੂ ਦੀ ਬਖਸ਼ਿਸ਼ ਤੇ ਉਸਨੂੰ ਪੂਰਨ ਭਰੋਸਾ ਸੀ। ਇਸ ਲਈ ਉਸਦੇ ਸੁਭਾਅ ਵਿਚ ਕੁਝ

ਖਾੜਕੂਪੁਣਾ ਵੀ ਸੀ। ਸੀ ਵੀ ਤਾਂ ਮਾਝੇ ਦੇ ਟਕਸਾਲੀ ਪਿੰਡ ਸਰਹਾਲੀ ਦਾ ਬਸ਼ਿੰਦਾ। ਸ਼ਾਇਰਾਂ ਨੇ ਗੁਰੂ ਕੇ ਲਾਡਲੇ ਮਜ਼ਬੀ ਸਿੰਘਾਂ ਦੀਆਂ ਵਾਰਾਂ ਐਵੇਂ ਨਹੀਂ ਜੋੜੀਆਂ "ਸੀਸ ਤਲੀ ਤੇ ਧਰ ਕੇ ਲੜਦੀ, ਮਜ਼੍ਹਬੀ ਕੌਮ ਦਲੇਰਾਂ ਦੀ।" ਤਰਨ ਤਾਰਨ ਦੇ ਖਿੱਤੇ ਵਿਚ ਅਠਾਰਵ੍ਹੀਂ ਸਦੀ ਦੇ ਵਿਚਕਾਰਲੇ ਸਮੇਂ, ਭਾਈ ਬੋਤਾ ਸਿੰਘ ਅਤੇ ਗਰਜਾ ਸਿੰਘ ਦਾ ਨੂਰਦੀਨ ਦੀ ਸਰਾਂ ਕੋਲ ਸ਼ਾਹ ਰਾਹ ਰੋਕ ਕੇ, ਮਸੂਲ ਉਗਰਾਹ ਕੇ ਆਪਣੀ ਪ੍ਰਭੂ ਸੱਤਾ ਦਾ ਐਲਾਨ ਕਰਨਾਕ ਇਕ ਜੱਟ ਸਿੱਖ ਅਤੇ ਮਜ਼੍ਹਬੀ ਸਿੰਘ ਦਾ ਵਿਲੱਖਣ ਕਾਰਨਾਮਾ ਸੀ। ਜਿਹਦੇ ਵਿਚ ਅਜੋਕੇ ਯੁੱਗ ਦੇ, ਨਵ ਸਾਮਰਾਜੀ ਹੱਲੇ, ਸਮੇਂ ਵਿਸ਼ਵ ਪੂੰਜੀ ਦੇ ਤਬਾਹਕੁੰਨ ਪ੍ਰਭਾਵ ਹੇਠਾਂ ਲਾਮਬੰਦ ਹੁੰਦੀ ਪੇਂਡੂ ਜਨਤਾ ਦੇ "ਮਜ਼ਦੂਰ ਕਿਸਾਨ" ਏਕਤਾ ਦੇ ਨਾਹਰੇ ਦੇ ਬੀਜ ਰੂਪ ਨੂੰ ਵੇਖਿਆ ਜਾ ਸਕਦਾ ਹੈ। ਵੈਸੇ ਤਾਂ ਸਾਰੀਆਂ ਹੀ ਮਿਹਨਤਕਸ਼ ਜਾਤੀਆਂ ਦੇ ਲੋਕ, ਆਪਣੀ ਹੋਂਦ ਬਚਾਉਣ ਵਾਸਤੇ ਸਮੇਂ ਸਮੇਂ ਸ਼ਸਤਰਬੱਧ ਹੁੰਦੇ ਰਹੇ ਹਨ। ਭਾਈ ਨੱਥਾ ਸਿੰਘ ਆਮ ਤੌਰ ਤੇ ਅਮਨ, ਅਹਿੰਸਾ ਨੂੰ ਪਰਣਾਈ ਕੂਕਾ ਲਹਿਰ ਵਿਚ, ਕਦੇ ਕਦੇ ਅਪਵਾਦ ਸਰੂਪ ਪ੍ਰਗਟ ਹੋਣ ਵਾਲੀ, ਖਾੜਕੂ ਧਾਰਾ ਦਾ ਵੀ ਇਕ ਪ੍ਰਤੀਕ ਹੈ ਜਿਸ ਵਿਚ ਉੱਘਾ ਨਾਮ ਉਸਦੇ ਹਮਵਤਨੀ, ਸੰਤ ਭਗਵਾਨ ਸਿੰਘ ਅੜਬੰਗੀ ਮਰਹਾਣੇ ਵਾਲੇ ਦਾ ਹੈ। ਗੁਰੂ ਕੇ ਲੰਗਰ ਲਈ ਅੱਕ ਪੁੱਟਦਿਆਂ ਇਕ ਵੇਰ ਗੁਆਂਢੀ ਪਿੰਡ ਟੇਢੇਵਾਲ ਦੇ ਲੋਕਾਂ ਨਾਲ, ਇਕ ਅਣਸੁਖਾਵੀਂ ਸਥਿਤੀ ਬਣ ਗਈ। ਜਿਸ ਕਾਰਨ ੧੮੯੬ ਤੋਂ ੧੯੦੩ ਈ. ਤੱਕ ਕੋਈ ਸੱਤ ਸਾਲ ਭਾਈ ਨੱਥਾ ਸਿੰਘ ਨੂੰ ਜਿਹਲ ਯਾਤਰਾ ਵੀ ਕਰਨੀ ਪਈ। "ਸਤਿਗੁਰੂ ਬਿਲਾਸ" ਵਿਚ ਦਰਜ ਹੇਠਲੀ ਘਟਨਾ ਤੋਂ ਭਾਈ ਨੱਥਾ ਸਿੰਘ ਦੇ ਜੁਝਾਰੂ ਸੁਭਾਅ ਦਾ ਅਤਿ ਸੁੰਦਰ ਅਵਲੋਕਨ ਹੁੰਦਾ ਹੈ-

"ਸਿੰਘ ਅੱਕ ਪੁੱਟਣ ਟੇਢੇਵਾਲ ਗਏ। ਤੁਰਕਾਂ ਨੇ ਆਇਕੇ ਕਹਾ ਕਿ ਤੁਸੀਂ ਏਹ ਅੱਕ ਨਾ ਪੁੱਟੋ ਬੰਨੇ ਕੇ ਹੈਂ। ਹੋਰ ਅੱਕ ਸਭ ਪੁਟ ਲਵੋ। ਤੁਰਕ ਕੋ ਗਾਲਾਂ ਭੀ ਕੱਢੀਆਂ ਤੇ ਨੱਥਾ ਸਿੰਘ ਮਜ਼੍ਹਬੀ ਨੇ ਚਪੇੜ ਭੀ ਮਾਰੀ। ਤੁਰਕ ਡਰਕੇ ਭੱਜ ਗਏ। ਮੁੜ ਆਏ ਸਿੰਘ ਡੇਰੇ। ਗੱਲ ਕੀਤੀ ਤਾਂ ਮਹੰਤਾਂ ਸੰਤਾਂ ਨੇ ਕਿਹਾ ਕਿ ਓਥੇ ਨਾ ਜਾਣਾ ਹੋਰ ਬਥੇਰੇ ਅੱਕ ਹੈ। ਦੰਗਾ ਨਹੀਂ ਕਰਨਾ. ਨੱਥਾ ਸਿੰਘ ਨੇ ਨਾ ਬਚਨ ਮੰਨਿਆ। ਸਿੰਘਾਂ ਨੂੰ ਲੈ ਕੇ ਓਥੇ ਹੀ ਗਿਆ। ਸਿੰਘ ਤਾਂ ਉਰੇ ਹੀ ਟਲ ਗਏ ਕਿ ਦੰਗਾ ਜ਼ਰੂਰ ਹੋਵੇਗਾ ਨੱਥਾ ਸਿੰਘ ਨਾ ਮੁੜਿਆ। ਓਥੇ ਹੀ ਜਾਇਕੇ ਅੱਕ ਪੁੱਟਣ ਲੱਗਾ। ਤੁਰਕ ਸਭੀ ਇਕੱਠੇ ਹੋਇ ਕੇ ਆਏ। ਦਸ ਬਾਰਾਂ ਤੁਰਕ ਥੇ, ਆਇਕੇ ਕੁੱਟਣ ਲੱਗ ਪਏ। ਨੱਥਾ ਸਿੰਘ ਨੂੰ ਧਰਤੀ ਉਪਰ ਸੁੱਟ ਕੇ ਸੋਟਿਆਂ ਨਾਲ ਕੁੱਟਿਆ। ਏਕ ਕ੍ਰਿਪਾਨ ਥੀ ਨੱਥਾ ਸਿੰਘ ਕੋਲ, ਮਿਆਨ ਵਿਚੋਂ ਖਿੱਚ ਕੇ ਮਾਰੀ ਤਾਂ ਇਕ ਦੀ ਗਰਦਨ ਕੋਲ ਲੱਗੀ। ਦੂਏ ਕੇ ਹਾਥ ਪਰ ਲੱਗੀ। ਤੀਏ ਕੀ ਬੱਖੀ ਮੈਂ ਲਗੀ ਤਾਂ ਸਾਰੇ ਤੁਰਕ ਛੱਡਕੇ ਭੱਜ ਚਲੇ। ਨੱਥਾ ਸਿੰਘ ਰਾਮਸਰ ਆਇ ਗਿਆ। ਖਬਰ ਆਇਕੇ ਸੁਣਾਈ ਕਿ ਦੰਗਾ ਹੋਇਆ ਹੈ। ਤੁਰਕ ਕੀ ਬੱਖੀ ਮੈਂ ਕਰਦ ਲਗੀ ਹੈ, ਮਰ ਜਾਵੇਗਾ। ਗੁਰੂ ਮਹਾਰਾਜ ਜੀ ਬੀ ਗਏ। ਦਾਨ ਸਿੰਘ ਨੇ ਚਾਲੀ ਰੁਪਯੇ ਦੇਣੇ ਕੀਤੇ ਤੇ ਗੱਲ ਰਫ਼ਾ ਦਫ਼ਾ ਕਰ ਦਿੱਤੀ। ਮੁੜ ਆਏ ਤੁਰਕ ਰਪਟ ਨੂੰ ਜਾਂਦੇ ਥੇ।

ਰਾਤ ਕੋ ਤੁਰਕ ਮਰ ਗਿਆ। ਜਿਸ ਕੀ ਬੱਖੀ ਮੈਂ ਕ੍ਰਿਪਾਨ ਲਗੀ ਹੋਈ ਸੀ ਉਸ ਨੇ

ਰਪੋਟ ਦਿਤੀ। ਥਾਣੇਦਾਰ ਆਇਆ, ਨੱਥਾ ਸਿੰਘ ਕੋ ਫੜਕੇ ਡਿਓਢੀ ਮੈਂ ਬਿਠਾਇਆ। ਪੈਹਰੇ ਮੌਕੇ ਪਰ ਲਗਾਇਕੇ ਥਾਨੇਦਾਰ ਲਾਸ਼ ਚੁਕਵਾਇਕੇ ਲਿਆਇਆ। ਲੋਥ ਕਾ ਚਲਾਣ ਕਰਕੇ ਨੱਥਾ ਸਿੰਘ ਕੋ ਕਹਿਣੇ ਲਗਾ ਨੱਥਾ ਸਿੰਘ ਕੁਝ ਗੱਫਾ ਦੇ ਤੁਮ ਛੁੱਟ ਜਾਏਗਾ। ਫੇਰ ਦਾਨ ਸਿੰਘ ਪੰਜ ਸੈ ਥਾਣੇਦਾਰ ਕੋ ਦੀਆ, ਸੌ ਗਾਰਦ ਨੂੰ ਦੀਆ। ਪੱਚੀ ਰੁਪਈਏ ਹੌਲਦਾਰ ਨੂੰ ਦੀਏ। ਮੌਕੇ ਪਰ ਸਭ ਸੇ ਪੁੱਛ ਕੇ ਲਿਖ ਕੇ ਨੱਥਾ ਸਿੰਘ ਕੋ ਗ੍ਰਿਫਤਾਰ ਕੀਤਾ। ਥਾਨੇਦਾਰ ਨੇ ਜੋਰ ਜਾਰ ਸੇ ਦੋਹਾਂ ਧਿਰਾਂ ਕੇ ਬਿਆਨ ਲਿਖੇ। ਨੱਥਾ ਸਿੰਘ ਕਹੇ ਕਿ ਮੇਰੇ ਅਕੇਲੇ ਉਤੇ ਪਿੰਡ ਉਲਟ ਪਿਆ। ਜੇ ਮੈਂ ਮਾਰਨਾ ਹੁੰਦਾ ਤਾਂ ਮੈਂ ਏਨਾਂ ਤੋਂ ਮਾਰ ਕਿਉਂ ਖਾਂਦਾ। ਮੇਰਾ ਤਾਂ ਸਗੋਂ ਏਨ੍ਹਾਂ ਨੇ ਹੱਡ ਹੱਡ ਭੰਨਿਆ ਹੈ। ਸਾਰੇ ਪਿੰਡ ਨੇ ਮਾਰਿਆ ਹੈ ਮੇਰੇ ਇਕੱਲੇ ਕੋ। ਤੁਰਕਾਂ ਨੂੰ ਪੁੱਛਿਆ। ਤੁਰਕਾਂ ਨੇ ਕਿਹਾ ਏਹ ਅੱਠ ਸਿੰਘ ਸੀ। ਜੇਹੜਾ ਕਰਦ ਕਾ ਫੱਟ ਹੈ ਏਹ ਬਿਸ਼ਨ ਸਿੰਘ ਨੇ ਕੁਹਾੜੀ ਮਾਰੀ ਹੈ। ਥਾਨੇਦਾਰ ਨੇ ਦੋਹਾਂ ਕੇ ਜਹਾਰ ਲਿਖ ਲਏ। ਲਿਖਕੇ ਥਾਨੇ ਲੈ ਗਏ। ਥਾਨੇ ਨੇ ਕਿਹਾ ਕਿ ਇਕ ਆਦਮੀ ਔਰ ਦਿਓ ਤਾਂ ਨੱਥਾ ਸਿੰਘ ਫਾਂਸੀ ਥੀਂ ਬਚ ਜਾਏਗਾ। ਤਾਂ ਥਾਣੇਦਾਰ ਬਿਸ਼ਨ ਸਿੰਘ ਕੋ ਨਾਲ ਲੈ ਗਿਆ। ਤੀਏ ਦਿਨ ਕਪਤਾਨ ਆਏ ਤੇ ਬੁਲਾਇਆ। ਮੁਕਬਰਾਂ ਨੇ ਕਹਿ ਦੀਆ ਕਿ ਰਿਸ਼ਵਤ ਖਾਧੀ ਹੈ ਥਾਨੇਦਾਰ ਨੇ। ਘਿਓ ਖੰਡ ਕੀ ਕੁਝ ਗਿਣਤੀ ਨਹੀਂ ਰਹੀ ਹੈ। ਆਸੇ ਪਾਸੇ ਕੋ ਨੰਬਰਦਾਰਾਂ ਨੂੰ ਘਿਓ ਖੰਡ ਤੇ ਕੜਾਹ ਪ੍ਰਸ਼ਾਦ ਛਕਾਇਆ ਹੈ। ਕਪਤਾਨ ਨੇ ਥਾਨੇਦਾਰ ਨੂੰ ਕਿਹਾ ਕਿ ਇਹ ਕਿਆ ਆਖਦੇ ਹੈ। ਤੂੰ ਕਿਆ ਲਿਆਇਆ ਹੈਂ। ਗੁੱਸੇ ਹੋਇਕੇ ਕਾਗ਼ਜ਼ ਫਾੜ ਦੀਆ। ਨੱਥਾ ਸਿੰਘ ਕੀ ਪੇਸ਼ੀ ਹੋਈ।

"ਏਥੇ ਰਾਮਦਾਸਪੁਰੇ ਮੈਂ ਅਖੰਡ ਪਾਠ ਤੋਰੇ। ਬਾਰਾਂ ਭੋਗ ਪਾਏ ਕਿ ਰੱਛਿਆ ਹੋਵੇ। ਪਹਿਲੀ ਪੇਸ਼ੀ ਹੋਈ। ਫਰੰਗੀ ਨੇ ਪੁਛਿਆ–ਤੁਮਾਰਾ ਏਸਦੇ ਨਾਲ ਕੋਈ ਵੈਰ ਭਾਵ ਹੈ। ਕਹਾ ਕਿ ਨਹੀਂ ਹੈ। ਫੇਰ ਕਹਾ ਕਿ ਇਹ ਲੋਕ ਕੀ ਆਖਦੇ ਹਨ। ਨੱਥਾ ਸਿੰਘ ਨੇ ਕਹਾ ਕਿ ਸੱਚ ਆਖਦੇ ਹੈਂ। ਵਕੀਲ ਨੇ ਕਿਹਾ ਕਿ ਨੱਥਾ ਸਿੰਘ ਕਿਓਂ ਫਾਂਸੀ ਲੈਂਦਾ ਹੈ। ਉਸਨੇ ਸ਼ਿਸ਼ਨ ਦੇ ਚਲਾਨ ਕਰ ਦੀਆ। ਸ਼ਿਸ਼ਨ ਨੇ ਉਮਰ ਕੈਦ ਕਰ ਦਿੱਤੀ।

"ਰਾਤ ਨੂੰ ਕੋਈ ਐਸਾ ਭੈ ਦਿਖਾਇਆ ਗੁਰੂ ਜੀ, ਨਾਲੇ ਡਾਕਟਰ ਨੇ ਭੀ ਕਿਹਾ ਸੀ ਕਿ ਓਸ ਸਿੰਘ ਕੀ ਹੱਡੀ ਹੱਡੀ ਭੰਨੀਂ ਪਈ ਹੈ, ਜਿਸ ਵੇਲੇ ਸਾਮਣੇ ਹੋਇਆ ਤਾਂ ਕੈਹਣੇ ਲਗਾ–ਨੱਥਾ ਸਿੰਘ ਹਮ ਧੋਖੇ ਮੇਂ ਆ ਗਏ ਹੈਂ। ਤੁਮਾਰੀ ਕੈਦ ਸੱਤ ਬਰਸ ਕੀ ਰਹੀ। ਫੇਰ ਸਾਹੀਵਾਲ (ਮਿੰਟਗੁਮਰੀ) ਲੈ ਗਏ। ਓਥੇ ਭੀ ਬੋਲ ਬੋਲਾ ਰਖਣਾ। ਕਈ ਕੈਦੀਆਂ ਨੂੰ ਭਜਨ ਦੀਆ। ਸੱਭੇ ਲੋਕ ਭੈ ਕਰਦੇ ਸੀ। ਸਤੀਂ ਵਰੀਂ ਰਾਮਦਾਸਪੁਰੇ ਮੈਂ ਆਇਕੇ ਸੇਵਾ ਕਰਨੇ ਲਗਾ। ਦੋ ਸਾਲ ਬਿਸ਼ਨ ਸਿੰਘ ਕੋ ਕੈਦ ਕੀਤੀ। ਬਲਵਾ ਲਿਖਾਇਆ ਗਿਆ ਸੀ।"

"ਗੁਰੂ ਮਹਾਰਾਜ ਜੀ ਹੌਲਦਾਰ ਨੂੰ ਬਚਨ ਕੀਤਾ–ਦੇਖੀ ਥੁਆਡੀ ਅਦਾਲਤ। ਸਾਢੇ ਛੇ ਸੌ ਰੁਪਯਾ ਲੈ ਲੀਆ ਸਿੰਘ ਸੇ ਕਿ ਛੁੱਟ ਜਾਵਣਗੇ, ਸੋ ਦੇਵੇਂ ਨਾਂ ਛੁੱਟੇ। ਪਿਛੋਂ ਕੰਮ ਕੌਡੀ ਦਾ ਨਹੀਂ ਹੋਇਆ। ਜੋ ਏਸ ਘਰ ਕਾ ਨੁਕਸਾਨ ਕਰੇਗਾ ਉਸਨੂੰ ਲੇਖਾ ਦੇਣਾ

ਪਵੇਗਾ। ਤੈਂ ਖਾ ਕੇ ਭੀ ਕੋਈ ਕੰਮ ਨਹੀਂ ਕੀਤਾ ਹੈ। ਹੌਲਦਾਰ ਨੇ ਕਿਹਾ ਜੀ ਜੇਕਰ ਕੂਕਰ ਕੋ ਟੁਕੜਾ ਸੁਟੀਏ ਤਾਂ ਭੌਂਕਦਾ ਨਹੀਂ ਹੈ।"[7]

ਜੇ ਭਾਈ ਨੱਥਾ ਸਿੰਘ ਗੁਰੂ ਘਰ ਦੀ ਆਨ ਸ਼ਾਨ ਲਈ ਹਮੇਸ਼ਾਂ ਸਿਰ ਤੋਂ ਖੇਡ ਜਾਣ ਲਈ ਵੀ ਤਿਆਰ ਰਹਿੰਦਾ ਸੀ ਤਾਂ ਗੁਰੂ ਹਰੀ ਸਿੰਘ ਜੀ ਨੇ ਅਤੇ ਉਹਨਾਂ ਦੇ ਹੁਕਮ ਅਨੁਸਾਰ, ਡੇਰਾ ਪਰਬੰਧਕਾਂ ਨੇ ਵੀ ਭਾਈ ਸਾਹਿਬ ਨੂੰ ਬਚਾਉਣ ਲਈ, ਹਰ ਤਰ੍ਹਾਂ ਨਾਲ ਆਪਣੀ ਪੂਰੀ ਵਾਹ ਲਈ। ਉਹ ਜਿਹਲ ਵਿਚ ਵੀ ਸੂਰਬੀਰਾਂ ਜਿਉਂ ਵਿਚਰਿਆ ਅਤੇ ਇਕ ਹੰਕਾਰੀ ਕੈਦੀ ਨੂੰ ਵੀ ਉਹਨਾਂ ਜਿਹਲ ਵਿਚ ਗਤਕੇ ਦੇ ਮੁਕਾਬਲੇ ਵਿਚ ਹਰਾਇਆ ਸੀ। ਭਾਈ ਨੱਥਾ ਸਿੰਘ ਗੁਰਬਾਣੀ ਦੇ ਚੰਗੇ ਪਾਠੀ ਵੀ ਸਨ। ਜਿਹਲ ਵਿਚ ਉਹ ਆਪਣੇ ਭਜਨ, ਬਾਣੀ, ਇਸ਼ਨਾਨ ਆਦਿ ਵਿਚ ਪਰਪੱਕ ਰਹੇ।

ਕੈਦ ਕੱਟਣ ਤੋਂ ਬਾਅਦ ਉਹ ਫਿਰ ਸਿੱਧਾ ਡੇਰਾ ਭੈਣੀ ਸਾਹਿਬ ਵਿਚ ਗੁਰੂ ਹਰੀ ਸਿੰਘ ਜੀ ਦੇ ਚਰਨਾਂ ਵਿਚ ਆ ਟਿਕੇ।... "ਆ ਕਿਹਾ ਆਦਿ ਗ੍ਰੰਥ ਸਾਹਿਬ ਤੇ ਦਸਮ ਦਾ ਪਾਠ ਕਰਦੇ ਕਾਂਸ਼ੀ ਗੁਰੂ ਕੀ ਹੀ ਰਹੇ ਹਾਂ।... ਜਿਵੇਂ ਘਰ ਹੀ ਰਹੇ ਹਾਂ।"[8]

ਸੰਤ ਤਰਨ ਸਿੰਘ ਵਹਿਮੀ "ਜੱਸ ਜੀਵਨ" ਭਾਗ ਦੂਜਾ ਵਿਚ ਉਪਰੋਕਤ ਘਟਨਾ ਦਾ ਵੇਰਵਾ ਦਿੰਦਿਆਂ, ਭਾਈ ਨੱਥਾ ਸਿੰਘ ਹੋਰਾਂ ਨਾਲ ਪੇਸ਼ ਹੋ ਕੇ ਕੈਦ ਭੁਗਤਣ ਵਾਲੇ ਦੂਸਰੇ ਸਿੰਘ ਦਾ ਨਾਮ ਗੜਾਲਾ ਸਿੰਘ ਕਿਲਾ ਰਾਇਪੁਰ ਲਿਖਦੇ ਹਨ। ਪ੍ਰੰਤੂ ਇਹ ਗੱਲ ਦਰੁਸਤ ਨਹੀਂ ਮਾਲੂਮ ਹੁੰਦੀ ਕਿਉਂਕਿ ਜਦੋਂ ਦੀ ਇਹ ਘਟਨਾ ਹੈ, ਉਸ ਸਮੇਂ ਸਮਕਾਲੀ ਇਤਿਹਾਸਕਾਰ ਭਾਈ ਸੰਤੋਖ ਸਿੰਘ ਬਾਹੋਵਾਲ ਵੀ ਤਾਂ ਡੇਰੇ ਸ੍ਰੀ ਭੈਣੀ ਸਾਹਿਬ ਵਿਚ ਹੀ ਨਿਵਾਸ ਰੱਖਦੇ ਸਨ ਅਤੇ ਉਹਨਾਂ ਨੇ ਜੋ ਉਹਨਾਂ ਦੇ ਸਾਂਹਵੇਂ ਵਾਪਰਿਆ ਹੈ ਉਹ ਹੀ ਲਿਖਣਾ ਸੀ। ਹੁਣ ਇਹ ਬਿਸ਼ਨ ਸਿੰਘ ਜੋ ਦੋ ਸਾਲ ਕੈਦ ਕੱਟ ਕੇ ਆਇਆ ਕਿਹੜਾ ਸੀ ਇਸ ਬਾਰੇ ਕਿਆਸ ਅਰਾਈਆਂ ਹੀ ਕੀਤੀਆਂ ਜਾ ਸਕਦੀਆਂ ਹਨ। ਡੇਰੇ ਵਿਚ ਤਿੰਨ ਬਿਸ਼ਨ ਸਿੰਘ ਸਨ ਉਸ ਸਮੇਂ ਇਕ ਬਿਸ਼ਨ ਸਿੰਘ ਰਪਟੀਆ, ਬਾਬਾ ਸੁਹੇਲ ਸਿੰਘ ਬਿਲਗੇ ਦਾ ਭਤੀਜਾ, ਦੂਜਾ ਬਿਸ਼ਨ ਸਿੰਘ ਜੌਣਾ ਮੈਨ ਦੁਆਬ ਦਾ ਹੈ। ਤੀਜਾ ਬਿਸ਼ਨ ਸਿੰਘ ਘੱਕੂ ਹੈ ਬਾਜਾ ਖਾਨਾ ਪਿੰਡ ਦਾ। ਸੰਨ ੧੯੦੫ ਈ. ਵਿਚ ਨਾਮਧਾਰੀ ਸਿੰਘਾਂ ਦੇ ਸ੍ਰੀ ਭੈਣੀ ਸਾਹਿਬ ਦੇ ਲਾਗੇ ਨਹਿਰ ਵਾਲੇ ਡੇਰੇ ਵਿਚ ਘਾਹ ਦੇ ਉਜਾੜੇ ਦੇ ਸੁਆਲ ਤੇ ਓਡ ਮੁਸਲਮਾਨਾਂ, ਜੋ ਭੇਡਾਂ ਬੱਕਰੀਆਂ ਲੈ ਕੇ ਘੁੰਮਦੇ ਸਨ ਦੇ ਸੱਠ ਡਾਂਗ ਬਹਾਦਰਾਂ ਨਾਲ, ਵੀਹ ਕੂਕੇ ਸਿੰਘਾਂ ਦੀ ਖੜਕ ਪਈ ਸੀ। ਇਸ ਵਿਚ ਰਪਟੀਏ ਤੋਂ ਬਿਨਾਂ ਦੋਵੇਂ ਬਿਸ਼ਨ ਸਿੰਘ, ਭਾਈ ਨੱਥਾ ਸਿੰਘ ਸਰਹਾਲੀ, ਉਸਦਾ ਪੁੱਤਰ ਸਮੁੰਦ ਸਿੰਘ, ਮੱਲ ਸਿੰਘ ਠੇਠਰਕਿਆਂ ਦਾ, ਨਿਹਾਲ ਸਿੰਘ ਲਾਂਗਰੀ ਘਣੀਏਕਿਆਂ ਦਾ, ਸਹਿੰਸਰਾ (ਅੰਮ੍ਰਿਤਸਰ) ਦੇ ਥਾਣੇਦਾਰੀ ਛੱਡ ਕੇ ਕੂਕਾ ਬਣੇ ਬੁੱਲ੍ਹੇ ਸ਼ਾਹ ਦੇ ਪੁੱਤਰ ਝੰਡਾ ਸਿੰਘ, ਸੋਹਣ ਸਿੰਘ ਅਤੇ ਮੋਹਣ ਸਿੰਘ, ਇੰਦਰ ਸਿੰਘ ਘੁੱਕੇਵਾਲੀ (ਅੰਮ੍ਰਿਤਸਰ), ਵੀਰ ਸਿੰਘ ਭੋਮਾ ਵਡਾਲਾ (ਅੰਮ੍ਰਿਤਸਰ) ਮਹੰਤ ਕੌਲਾ ਸਿੰਘ ਮੌਲੀ ਦਰਾਜ (ਉਸ ਸਮੇਂ ਜ਼ਿਲ੍ਹਾ ਅੰਬਾਲਾ), ਈਸ਼ਰ ਸਿੰਘ, ਸਾਧੂ ਸਿੰਘ ਰਵਿਦਾਸੀਆਂ, ਮਾਘਾ ਸਿੰਘ ਸੁਖਈ, ਕੂਹਣੀਮਾਰ ਹੀਰਾ ਸਿੰਘ ਖੁੱਡੀਆਂ, ਚੰਦਾ ਸਿੰਘ ਵਲਟੋਹੀਆਂ, ਲਹਿਣਾ ਸਿੰਘ, ਜੈ ਸਿੰਘ ਗੜ੍ਹੀ (ਜਲੰਧਰ) ਅਤੇ ਚੇਤ ਸਿੰਘ

ਆਸਲਾਂ ਦਾ ਸਿੰਘ ਸ਼ਾਮਲ ਸਨ। ਅੱਧਾ ਘੰਟਾ ਡਾਂਗ ਤੇ ਡਾਂਗ ਖੜਕੀ। ਤਿੰਨ ਤਿੰਨ ਓਡ ਸੂਰਮੇ, ਇਕ ਇਕ ਕੂਕੇ ਸਿੰਘ ਦੇ ਦੁਆਲੇ ਹੋ ਗਏ। ਨਿਹਾਲ ਸਿੰਘ ਲਾਂਗਰੀ ਇਕੱਲਾ ਹੀ ਦਸ ਓਡਾਂ ਦੇ ਘੇਰੇ ਵਿਚ ਆ ਗਿਆ। ਇੰਦਰ ਸਿੰਘ ਨੇ ਨਾਲਦਿਆਂ ਨੂੰ ਕਿਹਾ ਨਿਹਾਲ ਸਿੰਘ ਨਹੀਂ ਦਿਸਦਾ ਸ਼ਾਇਦ ਇਕੱਲਾ ਘਿਰ ਗਿਆ ਹੈ। ਉਹਦੀ ਸੰਭਾਲ ਕਰੀਏ। ਇੰਦਰ ਸਿੰਘ ਦੇ ਲਲਕਾਰੇ ਦਾ ਨਿਹਾਲ ਸਿੰਘ ਨੇ ਜੁਆਬ ਦਿੱਤਾ, 'ਤੁਸੀਂ ਇਕ ਦੋ ਜਿਹੜੇ ਬਿਰਧ ਸਰੀਰ ਵਿਚ ਨੇ ਉਹਨਾਂ ਦੀ ਸੰਭਾਲ ਕਰੋ। ਇਹਨਾਂ ਦਸਾਂ ਤੋਂ ਮੈਂ ਨਹੀਂ ਲਈਦਾ। ਇਨ੍ਹਾਂ ਦਸਾਂ ਜੋਗਾ ਮੈਂ ਕੱਲਾ ਹੀ ਬਥੇਰਾ ਹਾਂ। ਉਹ ਦਸੇ ਓਡ ਵੀ ਸਿੰਘਾਂ ਦੀ ਚੜ੍ਹਤ ਵੇਖ ਕੇ ਬਾਕੀਆਂ ਜਿਉਂ ਹਰਨ ਹੋ ਗਏ। ਮੈਦਾਨ ਕੂਕਿਆਂ ਦੇ ਹੱਥ ਰਿਹਾ। ਗੁਰੂ ਕੇ ਮਾਲ ਪਸ਼ੂ ਲਈ ਰੱਖੇ ਘਾਹ ਦਾ ਉਜਾੜਾ ਬੰਦ ਹੋ ਗਿਆ। ਇਹੋ ਜਿਹੇ ਨਾਮਧਾਰੀ ਇਤਿਹਾਸ ਦੇ ਅਨੇਕ ਰੌਚਕ ਪਰਸੰਗਾਂ ਵਿਚ ਭਾਈ ਨੱਥਾ ਸਿੰਘ ਅਤੇ ਉਸਦੇ ਪਰਿਵਾਰ ਦਾ ਯੋਗਦਾਨ ਹਮੇਸ਼ਾ ਯਾਦ ਰਹੇਗਾ।[9]

ਹਾਥੀ ਬਾਰੇ ਇਕ ਮਿੱਥ ਪ੍ਰਚਲਿਤ ਹੈ ਕਿ ਉਸਨੂੰ ਸਰੀਰ ਤੇ ਕਿੱਡਾ ਵੀ ਫੱਟ ਜੇ ਦਿਨੇ ਲੱਗਦਾ ਹੈ ਤਾਂ ਰਾਤ ਨੂੰ ਜਦੋਂ ਉਹ ਤਾਰੇ ਵੇਖਦਾ ਹੈ ਤਾਂ ਉਸਦਾ ਫੱਟ ਵੀ ਮਿਲ ਜਾਂਦਾ ਹੈ। ਭਾਈ ਨੱਥਾ ਸਿੰਘ ਵੀ ਆਪਣੇ ਆਪ ਨੂੰ ਕਦੇ ਕਦੇ ਮੌਜ ਵਿਚ ਆ ਕੇ, ਹਾਥੀ ਦਾ ਅਵਤਾਰ ਹੀ ਦੱਸਣ ਲੱਗ ਪੈਂਦਾ ਸੀ। ਇਸ ਦੀ ਤਹਿ ਵਿਚ ਜਾਈਏ ਤਾਂ ਖੇਤ ਮਜ਼ਦੂਰ ਦਾ ਬਿਖਮ ਕਾਰਜ ਕਰਨ ਵਾਲੇ ਨੂੰ ਕਹੀ ਕੁਹਾੜੀ ਜਿਸ ਦੇ ਗਹਿਣੇ ਹੁੰਦੇ ਹਨ, ਸੱਟ ਫੇਟ ਤਾਂ ਅਕਸਰ ਲੱਗਦੀ ਹੀ ਰਹਿੰਦੀ ਹੈ। ਖੇਤੀਬਾੜੀ ਦੇ ਕੰਮ ਵਿਚ ਅਤੇ ਕਿਸਾਨੀ ਜੀਵਨ ਦੇ ਐਸੇ ਸੁਭਾਉ ਕਾਰਨ ਵੀ ਆਂਢੀਆਂ ਗੁਆਂਢੀਆਂ ਵਿਚਾਲੇ ਵੀ ਕਦੇ ਕਦੇ ਖੜਕ ਪੈਂਦੀ ਹੈ। ਇਸ ਤਰ੍ਹਾਂ ਦੇ ਜੀਵਨ ਵਾਲੇ ਸੱਜਣ, ਸੱਟ ਫੇਟਾਂ ਨੂੰ ਅਕਸਰ ਗੰਭੀਰਤਾ ਨਾਲ ਨਹੀਂ ਲਿਆ ਕਰਦੇ ਸਨ। ਇਸ ਤਰ੍ਹਾਂ ਦਾ ਇਕ ਹੋਰ ਰੌਚਕ ਪਰਸੰਗ, ਭਾਈ ਨੱਥਾ ਸਿੰਘ ਦੀ ਦਬੰਗਈ ਨੂੰ ਵੀ ਪ੍ਰਗਟ ਕਰਦਾ ਹੈ ਅਤੇ ਆਪਣੇ ਗੁਰੂ ਕੇ ਭਾਣੇ ਵਿਚ ਅਡੋਲ ਰਹਿਣ ਅਤੇ ਅਜਰ ਨੂੰ ਜਰਨ ਦੀ ਉਹਨਾਂ ਦੀ ਵਡੀ ਸਮਰੱਥਾ ਦਾ ਵੀ ਲਖਾਇਕ ਹੈ।

ਭਾਈ ਪਾਖਰ ਸਿੰਘ ਡੇਰੇ ਵਿਚ ਸੇਵਾ ਕਰਦੇ ਹਨ। ਉਹ ਵੀ ਅਬੁਲ ਖਰਾਣਾ (ਮੁਕਤਸਰ) ਦੇ ਮਜ਼੍ਹਬੀ ਸਿੰਘ ਸਨ। "ਪਾਖ਼ਰ ਸਿੰਘ ਜੀ ਨੇ ਨੱਥਾ ਸਿੰਘ ਮਜ਼੍ਹਬੀ ਨੂੰ ਕਿਹਾ ਕਿ ਚਿੱਟੀ ਤੂੜੀ ਘਾਣੀ ਵਿਚ ਨਹੀਂ ਪਾਉਣੀ, ਗੁਰੂ ਹਰੀ ਸਿੰਘ ਜੀ ਦਾ ਹੁਕਮ ਹੈ। ਨੱਥਾ ਸਿੰਘ ਨੇ ਕਿਹਾ, ਮੈਂ ਤਾਂ ਚਿੱਟੀ ਹੀ ਪਾਨੀ ਏ, ਜਾਹ, ਨਹੀਂ ਹਟਦਾ।" ਉਸ ਕਿਹਾ, "ਮੈਂ ਨਹੀਂ ਪਾਉਣ ਦਿੰਦਾ।" ਦੋਹਾਂ ਦੇ ਹੱਥਾਂ ਵਿਚ ਕਹੀਆਂ ਸਨ। ਤਬੇਲੇ ਲਿੱਪਣ ਲਈ ਘਾਣੀ ਜੂ ਕਰ ਰਹੇ ਸਨ। ਜਿਉਂ ਅੱਖ ਬਚਾ ਕੇ ਪਾਖਰ ਸਿੰਘ ਨੇ ਨੱਥਾ ਸਿੰਘ ਦੇ ਸਿਰ ਵਿਚ ਮਾਰੀ ਕਹੀ, ਕੰਨਾਂ ਤੱਕ ਧਸ ਗਈ। ਸਿੰਘਾਂ ਨੇ ਫੜ ਕੇ ਪਾਖਰ ਸਿੰਘ ਨੂੰ ਪਿਛਾਂਹ ਹਟਾ ਦਿੱਤਾ ਅਤੇ ਨੱਥਾ ਸਿੰਘ ਨੂੰ ਮੰਜੀ ਤੇ ਪਾ ਦਿੱਤਾ। ਸਿੰਘਾਂ ਨੇ ਬਚਾ ਕੇ ਅਡੋਲ ਹੀ ਕਹੀ ਵੀ ਨੱਥਾ ਸਿੰਘ ਦੇ ਸਿਰ ਵਿਚੋਂ ਕੱਢ ਲਈ। ਪਤਲੀ ਮਲ ਮਲ ਨਾਲ ਸਿਰ ਘੁੱਟ ਕੇ ਬੰਨ੍ਹ ਕੇ, ਸਿਰ 'ਤੇ ਚੱਕਰ ਪਾ ਕੇ ਉਤੇ ਭੂਰੇ ਨਾਲ ਬੰਨ੍ਹ ਦਿੱਤਾ। ਛੇ ਸੱਤ ਸੇਰ ਦੁਧ, ਸੇਰ ਖੰਡ, ਸੇਰ ਘਿਓ ਮਿਲਾ ਕੇ ਨੱਥਾ ਸਿੰਘ ਹੋਰਾਂ ਨੂੰ ਛਕਾ ਦਿਤਾ।...(ਹਾਥੀ ਦੇ ਜ਼ਖਮ ਤਾਰੇ

ਵਿੰਹਦਿਆਂ ਮਿਟਣ ਵਾਲਾ ਬਚਨ) ਉਹਨਾਂ ਸੱਚਾ ਕਰਕੇ ਵਿਖਾ ਦਿਤਾ। ਜਿਸ ਵੇਲੇ ਸਵੇਰੇ ਉੱਠ ਕੇ ਜੰਗਲ ਮੈਦਾਨ ਗਏ ਤਾਂ ਭੈਣੀ ਸਾਹਿਬ ਦੀ ਪੁਲੀਸ ਚੌਂਕੀ ਦੇ ਹਵਾਲਦਾਰ ਨੇ ਪੁੱਛਿਆ ਕਿ ਨੱਥਾ ਸਿੰਘ ਤੈਨੂੰ ਤਾਂ ਪਾਖਰ ਸਿੰਘ ਨੇ ਕਹੀ ਮਾਰੀ ਹੈ। ਤੂੰ ਰਪਟ ਕਿਉਂ ਨਹੀਂ ਲਿਖਵਾਈ ? ਨੱਥਾ ਸਿੰਘ ਮਾਰ ਕੇ ਛਾਲ ਬਦਲ ਕੇ ਪੈਂਤੜਾ ਕਹਿੰਦਾ, "ਹੌਲਦਾਰਾ। ਜੇ ਮੈਨੂੰ ਕਹੀ ਵੱਜੀ ਹੋਵੇ ਤਾਂ ਮੈਂ ਇਸ ਤਰ੍ਹਾਂ ਛਾਲਾਂ ਮਾਰ ਕੇ ਪੈਂਤੜੇ ਬਦਲ ਸੱਕਦਾ ਹਾਂ ?" ਹੌਲਦਾਰ ਚੁੱਪ ਕਰ ਗਿਆ ਤੇ ਸੋਚੀਂ ਪੈ ਗਿਆ। ਹੌਲਦਾਰ ਨੇ ਕਿਹਾ, "ਨੱਥਾ ਸਿੰਘਾ ! ਤੁਹਾਡੇ ਕੂਕਿਆਂ ਦੇ ਇਸ ਸਲੂਕ ਨੇ ਹੀ ਅੰਗਰੇਜ਼ ਰਾਜ ਦੀਆਂ ਜੜ੍ਹਾਂ ਹਿਲਾ ਦਿੱਤੀਆਂ ਹਨ। ਕਿਉਂਕਿ ਜਦੋਂ ਤੋਂ ਸਤਿਗੁਰੂ ਰਾਮ ਸਿੰਘ ਜੀ ਨੇ ਸੂਬੇ ਥਾਪ ਕੇ, ਤੁਹਾਡਾ ਪੰਥ ਸਾਜਿਆ ਹੈ, ਉਹ ਦਿਨ ਜਾਵੇ ਤੇ ਅੱਜ ਦਾ ਆਵੇ, ਤੁਹਾਡਾ ਕੋਈ ਮੁਕਦਮਾ ਅਦਾਲਤ ਵਿਚ ਨਹੀਂ ਗਿਆ। ਸਭ ਦੇ ਫੈਸਲੇ ਤੁਸੀਂ ਆਪ ਹੀ ਕਰ ਲੈਂਦੇ ਹੋ।" ਅਗਲੇ ਦਿਨ ਫਿਰ ਦੋਵੇਂ ਸਿੰਘ ਇਕੱਠੇ ਹੋ ਕੇ ਨਹਿਰ 'ਤੇ ਘਾਹ ਵੱਢਣ ਵਾਸਤੇ ਚਲੇ ਗਏ।"[10]

ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪਣੇ ਗੁਰਤਾ ਕਾਲ ਦੇ ਆਰੰਭਕ ਸਮੇਂ ਵਿਚ, ਨਹਿਰ ਵਾਲੇ ਡੇਰੇ ਤੇ ਨਿਵਾਸ ਰੱਖ ਕੇ, ਸਾਲਾਨਾ ਜਪ ਪ੍ਰਯੋਗ, ਜਿਸਨੂੰ ਉਦੋਂ ਚਾਲ੍ਹੀਆ ਕਿਹਾ ਜਾਂਦਾ ਸੀ, ਕੱਟਣਾ ਅਰੰਭਿਆ ਸੀ। ਇਹ ਪ੍ਰਯੋਗ ੨੦ ਸਾਵਣ ਤੋਂ ਪਹਿਲੀ ਅੱਸੂ ਤਕ ਚੱਲਦਾ ਸੀ। ਇਹ ਉਦੋਂ ਤੱਕ ਨਿਰੰਤਰ ਜਾਰੀ ਰਿਹਾ ਜਦੋਂ ਤੱਕ ਨਾਭੇ ਵਾਲੀ ਬੀੜ ਸਤਿਗੁਰੂ ਜੀ ਨੂੰ ਅਰਦਾਸ ਨਹੀਂ ਹੋਈ। ਇਸ ਸਾਲਾਨਾ ਚਾਲ੍ਹੀਆ ਸਮਾਗਮ ਵਿਖੇ, ਭਾਈ ਨੱਥਾ ਸਿੰਘ ਹਰ ਵਰ੍ਹੇ, ਵੱਡੇ ਉਮਾਹ ਨਾਲ ਸ਼ਾਮਲ ਹੁੰਦੇ ਸਨ। ਕਿਉਂਕਿ ਉਹ ਗੁਰਬਾਣੀ ਦੇ ਚੰਗੇ ਪਾਠੀ ਵੀ ਸਨ ਇਸ ਲਈ ਸੰਬਤ ੧੯੭੫ ਬਿਕਰਮੀ (ਮੁ. ੧੯੧੮ ਈ.) ਵਿਚ ਜਦੋਂ ਬੀਬੀ ਨੰਦਾ, ਸਤਿਗੁਰੂ ਰਾਮ ਸਿੰਘ ਜੀ ਦੀ ਵੱਡੀ ਪੁੱਤਰੀ ਸੁਰਗਵਾਸ ਹੋਈ ਤਾਂ ਉਸ ਨਮਿਤ ਜਿਹੜੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ੪੧ ਪਾਠਾਂ ਦੇ ਭੋਗ ਪਾਏ ਗਏ ਸਨ, ਉਹਨਾਂ ਵਿਚੋਂ ਇਕ ਪਾਠ ਭਾਈ ਨੱਥਾ ਸਿੰਘ ਹੋਰਾਂ ਖੁਦ ਕੀਤਾ ਸੀ ਅਤੇ ਇਉਂ ਸਤਿਗੁਰੂ ਪੁੱਤਰੀ ਪ੍ਰਤੀ ਆਪਣੀ ਅਕੀਦਤ ਦਾ ਪ੍ਰਗਟਾਵਾ ਕੀਤਾ ਸੀ। ਇਹਨਾਂ ਪਾਠਾਂ ਦਾ ਭੋਗ ਵੈਸਾਖੀ ਦੇ ਦਿਨ ਪਾਇਆ ਗਿਆ।[11]

ਭਾਈ ਨੱਥਾ ਸਿੰਘ ਗੁਰੂ ਹਰੀ ਸਿੰਘ ਜੀ ਦਾ ਵਿਸ਼ਵਾਸਪਾਤਰ ਸਿੰਘ ਸੀ, ਡਾਂਗ ਬਹਾਦਰ ਅਤੇ ਹੋਰ ਅਸਤਰ ਸ਼ਸ਼ਤਰ ਚਲਾਉਣ ਵਿਚ ਵੀ ਮੁਹਾਰਤ ਰੱਖਦਾ ਸੀ। ਸੱਤ ਬਚਨੀ ਸਿਖ ਸੀ ਇਸ ਲਈ ਗੁਰੂ ਜੀ ਵੇਲੇ ਕੁਵੇਲੇ ਹੋਰਨਾਂ ਸਿੰਘਾਂ ਦੀ ਇਮਦਾਦ ਵਾਸਤੇ ਵੀ ਉਹਨਾਂ ਨੂੰ ਭੇਜ ਦਿਆ ਕਰਦੇ ਸਨ। ਇਸ ਤਰ੍ਹਾਂ ਹੀ ਮਾਲਵੇ ਦੇ ਪਿੰਡ ਖੁੱਡੀ ਵਿਚੋਂ ਇਕ ਭਾਈ ਅਤਰ ਸਿੰਘ ਗੁਰੂ ਦਰਸ਼ਨਾਂ ਨੂੰ ਆ ਰਿਹਾ ਸੀ। ਉਸ ਦੇ ਰਸਤੇ ਦੇ ਸਫਰ ਨੂੰ ਸੰਕਟ ਮੁਕਤ ਰੱਖਣ ਲਈ ਗੁਰੂ ਸਾਹਿਬ ਨੇ ਨੱਥਾ ਸਿੰਘ ਹੋਰਾਂ ਦੀ ਸੇਵਾ ਲਾਈ ਸੀ। "ਅਤਰ ਸਿੰਘ ਨੰਬਰਦਾਰ ਖੁਡੀ ਥੀਂ ਤੁਰਿਆ। ਪਦਾਰਥ ਕੋਲ ਸੀ। ਜਨਾਨਿਆਂ ਨੇ ਕਹਿਆ ਇਕ ਸਰੀਰ ਹੋਰ ਨਾਲ ਚਾਹੀਦਾ ਸੀ। ਅਤਰ ਸਿੰਘ ਨੇ ਕਹਿਆ ਅਸੀਂ ਜੋ ਬੋਲਾ ਐਥੇ ਕਰਦੇ ਹਾਂ ਸੋ ਗੁਰੂ ਜੀ ਸਭ ਸੁਣਦੇ ਹਨ। ਘਰੋਂ ਤੁਰ ਪਿਆ। ਏਧਰੋਂ ਨੱਥਾ ਸਿੰਘ ਮਜਬੀ ਅਗੋਂ ਭੇਜਿਆ ਕਿ ਅਤਰ ਸਿੰਘ ਆਉਂਦਾ ਹੈ ਉਸਕੋ ਲੈ ਆਓ, ਕੋਲ ਪਦਾਰਥ

ਹੈ। ਅੱਗੇ ਰਸਤੇ ਪਰ ਮਿਲਿਆ। ਬ੍ਰਿਤਾਂਤ ਸੁਣਾਇਆ। ਪ੍ਰਤੀਤ ਹੋਈ ਕਿ ਗੁਰੂ ਜੀ ਹੈ। ਆਇ ਦਰਸ਼ਨ ਕੀਤਾ। ਬਚਨ ਹੋਇਆ ਮਜਬੀ ਸਿੰਘ ਭੇਜਿਆ ਸੀ। ਜਾਇਕੇ ਸਿੰਘਣੀ ਨੂੰ ਬ੍ਰਿਤਾਂਤ ਸੁਣਾਇਆ। ਸਿੰਘਣੀ ਨੂੰ ਭੀ ਪ੍ਰਤੀਤ ਹੋਈ।"[12]

ਜਿਸ ਤਰ੍ਹਾਂ ਉੱਪਰ ਦੱਸਿਆ ਗਿਆ ਹੈ ਕਿ ਭਾਈ ਨੱਥਾ ਸਿੰਘ ਪਰਿਵਾਰ ਸਮੇਤ ਡੇਰੇ ਭੈਣੀ ਸਾਹਿਬ ਦੀ ਸੇਵਾ ਕਰਦੇ ਰਹੇ ਸਨ। ਆਪ ਦੀ ਪੁੱਤਰੀ ਬੀਬੀ ਲੱਛਮੀ ਜਾਂ ਲੱਛੀ ਨਾਉਂ ਦੀ, ਸੁੰਦਰ ਸਿੰਘ ਨਾਲ ਵਿਆਹੀ ਸੀ। ਧੀ ਜੁਆਈ ਵੀ ਆਪ ਦੇ ਨਾਲ ਹੀ ਡੇਰੇ ਦੀ ਸੇਵਾ ਵਿਚ ਸਨ। ਬੀਬੀ ਲੱਛਮੀ ਦੇ ਘਰ ਲੜਕੇ ਹੁੰਦੇ ਸਨ ਪਰ ਬਚਦੇ ਨਹੀਂ ਸਨ। ਇਸ ਲਈ ਉਸਦਾ ਇਕ ਐਸੇ ਬੱਚੇ ਨੂੰ ਲੈ ਕੇ ੧੯੦੩ ਈ. ਵਿਚ ਗੁਰੂ ਹਰੀ ਸਿੰਘ ਨੂੰ ਬੇਨਤੀ ਕਰਨ ਦਾ ਪਰਸੰਗ ਵੀ ਭਾਈ ਬਾਹੋਵਾਲ ਕਾਨੀਬੱਧ ਕਰ ਗਏ ਹਨ ਜੋ ਆਮ ਸੰਗਤਾਂ ਜਿਉਂ, ਨੱਥਾ ਸਿੰਘ ਪਰਿਵਾਰ ਦਾ ਗੁਰੂ ਘਰ ਪ੍ਰਤੀ ਆਸਥਾ ਦਾ ਲਖਾਇਕ ਬਣ ਗਿਆ ਹੈ। "ਲੱਛੀ ਮਜ਼੍ਹਬਣ (ਨੱਥਾ ਸਿੰਘ ਦੀ ਧੀ) ਨੇ ਆਇ ਕਰ ਲੜਕਾ ਅਗੇ ਧਰਿਆ ਜੀ ਜੇੜਾ ਲੜਕਾ ਹੁੰਦਾ ਹੈ ਸੋ ਮਰ ਜਾਂਦਾ ਹੈ। ਏਹ ਭੀ ਸੁੱਕ ਗਿਆ ਹੈ। ਦੇਣਾ ਹੈ ਤਾਂ ਜੀਊਣਾ ਜਾਗਣਾ ਦਿਓ ਨਹੀਂ ਤਾਂ ਕਾਹਨੂੰ ਦੇਣਾ ਹੈ। ਗੁਰੂ ਜੀ ਬਚਨ ਕੀਤਾ ਚੁੱਕ ਲੈ ਹਰਾ ਹੋਇ ਜਾਏਗਾ। ਚੁੱਕ ਲਿਆ। ਸੁਕਦਾ ਸੀ ਹਰਾ ਹੋਇਆ।"[13] ਇਹ ਲੜਕਾ ਸ਼ਰਧਾ ਸਿੰਘ ਜੀ ਜੋ ਬਾਅਦ ਵਿਚ ਗੁਰਦੁਆਰੇ ਸ੍ਰੀ ਭੈਣੀ ਸਾਹਿਬ ਸੇਵਾ ਕਰਦਾ ਰਿਹਾ।

੧੯੦੫ ਈ. ਦੀ ਦੀਪਮਾਲਾ ਤੋਂ ਮਗਰੋਂ ਗੁਰੂ ਹਰੀ ਸਿੰਘ ਜੀ ਸਰਕਾਰੀ ਮਨਜ਼ੂਰੀ ਬਾਅਦ ਅੰਮ੍ਰਿਤਸਰ ਜੀ ਗਏ ਸਨ। ਅੱਖਾਂ ਦੀ ਤਕਲੀਫ ਸੀ ਪਰ ਅਜੇ ਡਾਕਟਰ ਅਪਰੇਸ਼ਨ ਕਰਨ ਲਈ ਉਚਿਤ ਸਮਾਂ ਨਹੀਂ ਦੱਸਦਾ ਸੀ। ਛੁੱਟੀ ਸਿਰਫ ਤਿੰਨ ਦਿਨਾਂ ਦੀ ਹੀ ਸੀ ਕਿਉਂਕਿ ਇਸ ਤੋਂ ਪਹਿਲਾਂ ਕੁਝ ਚਿਰ ਪਿੰਡ ਕੱਕੜ (ਅੰਮ੍ਰਿਤਸਰ) ਵਿਖੇ ਨਾਮਧਾਰੀ ਸਿੰਘਾਂ ਅਤੇ ਅਨਮਤੀਆਂ ਵਿਚਾਲੇ ਝਗੜਾ ਹੋ ਗਿਆ ਸੀ। ਵਾਪਸ ਤਿੰਨਾਂ ਦਿਨਾਂ ਬਾਅਦ ਹੀ ਸ੍ਰੀ ਭੈਣੀ ਸਾਹਿਬ ਆਏ ਤਾਂ ਗੁਰੂ ਜੀ ਦੀ ਕਮਜ਼ੋਰ ਸਿਹਤ ਵੇਖ ਕੇ, ਆਪ ਦਾ ਸ਼ਰਧਾਲੂ ਸਿੱਖ, ਭਾਈ ਨੱਥਾ ਸਿੰਘ ਬਹੁਤ ਫਿਕਰਮੰਦ ਹੋਇਆ। ਉਹ ਤੇ ਆਸ ਰੱਖੀ ਬੈਠਾ ਸੀ ਕਿ ਛੇਤੀ ਹੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਹੋਣੇ ਹਨ ਪਰ ਇਹ ਦਰਸ਼ਨ ਹੀ ਅੱਖਾਂ ਤੋਂ ਓਝਲ ਹੁੰਦੇ ਵੇਖ ਕੇ, ਸਿੱਖ ਦੇ ਮਨ ਦੀ ਵੇਦਨਾ, ਭਾਈ ਸੰਤੋਖ ਸਿੰਘ ਹੋਰਾਂ ਦੇ ਸ਼ਬਦਾਂ ਵਿਚ ਸਾਂਭ ਲਈ ਗਈ ਹੈ। "ਨੱਥਾ ਸਿੰਘ ਮਜਬੀ ਨੇ ਅਰਜ ਕੀਤੀ–ਜੀ ਤੁਹਾਡਾ ਬਚਨ ਹੈ ਤੈਨੂੰ ਸਤਿਗੁਰਾਂ ਦੇ ਦਰਸ਼ਨ ਕਰਾਵਾਂਗੇ। ਅੰਗ ਦੀ ਪੁਸ਼ਾਕ ਦੇਵਾਂਗੇ ਤੇ ਗੋਦੀ ਮੈਂ ਬਿਠਾਵਾਂਗੇ। ਤੁਸੀਂ ਕੀ ਸਾਂਗ ਧਾਰਿਆ ਹੈ। ਸਾਡਾ ਕਰਾਰ ਪੂਰਾ ਕਰੋ ਸਤਿਗੁਰੂ ਜੀ ਕੇ ਦੀਦਾਰ ਕਰੌਣ ਕਾ। ਧੁਆਡੇ ਸਾਂਗ ਦਾ ਤੇ ਅੰਤ ਨਹੀਂ ਆਉਂਦਾ ਹੈ। ਬਚਨ ਕੀਤਾ ਦੀਨਾਨਾਥ ਜੀ ਚੁਪ ਕਰੋ ਚੁਪ।"[14]

੧੯੧੯ ਈ. ਦੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਹਜ਼ੂਰੀ ਵਿਚ ਹੋਏ, ਅਨੰਦਪੁਰ ਸਾਹਿਬ ਦੇ ਦੂਸਰੇ ਹੋਲੇ ਮਹੱਲੇ ਸਮੇਂ, ਜਿਹੜੇ ਊਠਾਂ ਘੋੜਿਆਂ ਵਾਲੇ ਸਿੰਘ ਆਪ ਜੀਦੇ ਨਾਲ ਸ਼ਾਮਲ ਹੋਏ ਉਹਨਾਂ ਵਿਚ ਬਾਬਾ ਜੀ ਆਪ ਨਹੀਂ ਸਨ ਸਗੋਂ ਉਹਨਾਂ ਦਾ ਸਪੁੱਤਰ ਸਮੁੰਦ ਸਿੰਘ ਸੀ। ਬਾਬਾ ਜੀ ਹੁਣ ਬਿਰਧ ਹੋ ਗਏ ਸਨ ਅਤੇ ਉਹ ਡੇਰੇ ਭੈਣੀ ਸਾਹਿਬ ਦੇ

ਵਿਚ ਹੀ ਨਿਵਾਸ ਰੱਖਦੇ ਸਨ। ਉਹਨਾਂ ਦਾ ਅੰਤਿਮ ਸਮਾਂ, ਪਿਛਲੀ ਸਦੀ ਦੇ ਤੀਜੇ ਦਹਾਕੇ ਵਿਚ ਅਨੁਮਾਨਿਤ ਹੈ। ਉਸ ਸਮੇਂ ਉਹ ਨੌਂ ਦਹਾਕਿਆਂ ਦੇ ਲਗਭਗ ਆਰਜਾ ਬਤੀਤ ਕਰ ਚੁੱਕੇ ਸਨ। ਕੂਕੇ ਬਾਗੀਆਂ ਦੀ ਇਸ ਬਸਤੀ ਵਿਚ, ਉਸ ਸਮੇਂ ਆਪਣਾ ਟਿਕਾਣਾ ਕਰਕੇ, ਭਾਈ ਨੱਥਾ ਸਿੰਘ ਨੇ ਵੇਲੇ ਦੀ ਸ਼ਕਤੀਸ਼ਾਲੀ ਹਕੂਮਤ ਨੂੰ ਨਾਂ ਸਿਰਫ ਵੰਗਾਰਿਆ ਹੀ ਸੀ ਸਗੋਂ ਇਹ ਵੀ ਸਾਬਤ ਕੀਤਾ ਸੀ ਕਿ ਜਾਤ ਪਾਤ ਦੇ ਭਿੰਨ ਭੇਦ ਤੋਂ ਉੱਪਰ ਉਠ ਕੇ, ਲੋਕ ਲਹਿਰਾਂ ਆਪਣੇ ਕਲੇਵਰ ਵਿਚ ਵਸੋਂ ਦੇ ਸਾਰੇ ਤਬਕਿਆਂ ਨੂੰ ਲੈ ਲੈਂਦੀਆਂ ਹਨ। ਗੁਰੂ ਆਸ਼ੇ ਅਨੁਸਾਰ ਵਿਚਰਦਿਆਂ, ਭਾਈ ਨੱਥਾ ਸਿੰਘ ਨੇ ਫਰੰਗੀ ਸਰਕਾਰ ਦੀ ਜਿਹਲ ਦੀ ਵੱਸੋਂ ਨੂੰ ਵੀ ਗੁਰੂ ਕੀ ਕਾਸ਼ੀ ਹੀ ਬਣਾਈ ਰੱਖਿਆ ਹੈ। ਨਾਮਬਾਣੀ ਦਾ ਰਸੀਆ ਹਠੀ, ਤਪੀ, ਜਪੀ ਭਾਈ ਨੱਥਾ ਸਿੰਘ, ਵੇਲੇ ਦੇ ਹੋਰਨਾਂ ਲਖੂਖਾਂ ਨਾਮਧਾਰੀ ਸਿੰਘਾਂ ਜਿਉਂ, ਚੀਨੀ ਵਾਲੇ ਪ੍ਰੀਤਮ ਦੇ ਦਰਸ ਦੀਦਾਰ ਦੀ ਸਿਕ ਵਿਚ ਹੀ ਆਪਣੀ ਜੀਵਨ ਯਾਤਰਾ ਸੰਪੂਰਨ ਕਰ ਗਿਆ। ਉਸ ਦੀ ਕੀਰਤੀ ਨਾਮਧਾਰੀ ਇਤਿਹਾਸ ਵਿਚ ਸੁਰੱਖਿਅਤ ਰਹੇਗੀ।

## ਹਵਾਲੇ ਅਤੇ ਟਿੱਪਣੀਆਂ


1. ਸਤਿਜੁਗ ਦਾ ਬਸੰਤ ਅੰਕ, ੧੨ ਮਾਘ ੧੯੮੭ ਬਿਕਰਮੀ, ਸ੍ਰੀ ਭੈਣੀ ਸਾਹਿਬ, ਸਫਾ ੧੫੦
2. ਜੱਸ ਜੀਵਨ, ਦੂਜਾ ਭਾਗ, ਸੰਤ ਤਰਨ ਸਿੰਘ ਵਹਿਮੀ, ਸਫਾ ੨੬
3. ਉਹੀ, ਸਫਾ ੨੭
4. ਉਹੀ, ਸਫਾ ੨੭
5. ਉਹੀ, ਸਫਾ ੨੬
6. ਸਤਿਗੁਰੂ ਬਿਲਾਸ, ਦੂਜਾ ਭਾਗ, ਭਾਈ ਸੰਤੋਖ ਸਿੰਘ ਬਾਹੋਵਾਲ, ਸਫਾ ੧੫੫
7. ਉਹੀ, ਸਫਾ ੧੯੫-੯੬
8. ਜੱਸ ਜੀਵਨ, ਦੂਜਾ ਭਾਗ, ਸਫਾ ੨੬
9. ਅੱਖੀਂ ਡਿਠਾ ਕਿਸਾ ਕੀਤਾ, ਸੰ. ਸੁਵਰਨ ਸਿੰਘ ਵਿਰਕ, ਸਫਾ ੭੪-੭੫
10. ਉਹੀ, ਸਫਾ ੧੧੫-੧੬
11. ਜੱਸ ਜੀਵਨ, ਭਾਗ ਪਹਿਲਾ, ਸੰਤ ਤਰਨ ਸਿੰਘ ਵਹਿਮੀ, ਸਫਾ ੧੯੭)
12. ਸਤਿਗੁਰੂ ਬਿਲਾਸ, ਭਾਗ ਦੂਜਾ, ਸਫਾ ੩੮੪
13. ਉਹੀ, ਸਫਾ ੩੪੧
14. ਉਹੀ, ਸਫਾ ੩੮੭

# ਭਾਈ ਦਾਨ ਸਿੰਘ ਜੀ
## ਗੁਰੂ ਹਰੀ ਸਿੰਘ ਜੀ ਦੇ ਸਮੇਂ ਡੇਰਾ ਪਰਬੰਧਕ

ਅੰਗਰੇਜ਼ੀ ਵਾਲਿਆਂ ਦਾ ਇਕ ਮੁਹਾਵਰਾ ਹੈ ਕਿ ਸ਼ਾਂਤ ਸਮੁੰਦਰ ਵਿਚ ਤਾਂ ਹਰ ਕੋਈ ਚੰਗਾ ਨਾਵਿਕ ਹੁੰਦਾ ਹੈ ਪਰ ਉਫਾਨ ਵਿਚ ਆਏ ਸਾਗਰਾਂ ਵਿਚ ਤਾਂ ਦਿਲ ਗੁਰਦੇ ਵਾਲੇ ਹੀ ਆਪਣੇ ਬੇੜੇ ਠੇਲ੍ਹਦੇ ਹਨ। ਕੂਕਾ ਲਹਿਰ ਦੇ ਇਤਿਹਾਸ ਵਿਚ ੧੮੭੨ ਤੋਂ ੧੯੦੬ ਈ. ਦਾ ਗੁਰੂ ਹਰੀ ਸਿੰਘ ਕਾਲ, ਇਹੋ ਜਿਹਾ ਹੀ ਵੱਡੀ ਉੱਥਲ ਪੁੱਥਲ ਵਾਲਾ ਸਮਾਂ ਸੀ। ਇਸ ਸਮੇਂ ਵਿਚ ਅੰਗਰੇਜ਼ ਬਸਤੀਵਾਦੀਆਂ ਨੂੰ, ਸਤਿਗੁਰੂ ਰਾਮ ਸਿੰਘ ਜੀ ਅਤੇ ਉਹਨਾਂ ਦੇ ਕੂਕਾ ਪੰਥ ਦੇ ਰੂਪ ਵਿਚ, ਆਪਣੇ ਰਾਜ ਲਈ ਵੱਡਾ ਖ਼ਤਰਾ ਨਜ਼ਰ ਆਉਂਦਾ ਸੀ। ਗੁਰੂ ਹਰੀ ਸਿੰਘ ਬੇਸ਼ਕ ੧੮੭੨ ਈ. ਤੱਕ, ਬੜੀ ਉਹਲੇ ਜਿਹੇ ਵਿਚ ਵਿਚਰਣ ਵਾਲੀ, ਸ਼ਾਂਤ-ਚਿੱਤ, ਸਾਧੂ-ਸੁਭਾਉ, ਸ਼ਖਸੀਅਤ ਦੇ ਸੁਆਮੀ ਸਨ, ਪਰ ਸਿਰ ਪਈ ਬਿਪਤਾ ਦੇ ਸਮੇਂ ਨੂੰ, ਜਿਸ ਠਰ੍ਹੰਮੇ ਅਤੇ ਦ੍ਰਿੜਤਾ ਨਾਲ ਉਹਨਾਂ ਕੱਟਿਆ ਉਸਦੀ ਮਿਸਾਲ ਇਤਿਹਾਸ ਵਿਚ ਘੱਟ ਹੀ ਮਿਲਦੀ ਹੈ। ਸਤਿਗੁਰੂ ਰਾਮ ਸਿੰਘ ਦੁਆਰਾ ਵਿੱਢੇ ਕੂਕਾ ਸੰਗਰਾਮ ਦੇ ਮੁੱਖ ਕੇਂਦਰ ਗੁਰਦੁਆਰਾ ਸ੍ਰੀ ਭੈਣੀ ਸਾਹਿਬ ਦੀ ਮਰਿਆਦਾ ਨੂੰ, ਹਰ ਤਰ੍ਹਾਂ ਦੀਆਂ ਵਿਦੇਸ਼ੀ ਅਤੇ ਦੇਸੀ ਲੋਕਾਂ ਦੀਆਂ ਸਖਤੀਆਂ ਨੂੰ ਜਰਦਿਆਂ ਜਿਵੇਂ ਆਪ ਨੇ ਕਾਇਮ ਰੱਖਿਆ, ਉਹ ਛੋਟਾ ਕੰਮ ਨਹੀਂ ਸੀ। ਡੇਰੇ ਵਿਚ ਅਖੰਡ ਪਾਠ ਗੁਪਤ ਰੂਪ ਵਿਚ ਕੀਤੇ ਜਾਂਦੇ ਅਤੇ ਡੇਰੇ ਦੇ ਇਰਦ ਗਿਰਦ, ਗੁਰਦੁਆਰੇ ਦੇ ਅਤੇ ਆਪ ਦੇ ਦਰਸ਼ਨਾਂ ਨੂੰ ਆਏ ਸਿੰਘਾਂ ਨੂੰ, ਲੰਗਰ ਪਾਣੀ ਵੀ ਗੁਪਤ ਰੂਪ ਵਿਚ ਹੀ ਛਕਾਇਆ ਜਾਂਦਾ। ਅੱਠਾਂ ਪਹਿਰਾਂ ਵਿਚ ਬੂਹੇ ਤੇ ਬੈਠੀ ਪੁਲੀਸ ਚੌਂਕੀ ਦੀ ਇਜਾਜ਼ਤ ਨਾਲ ਸਿਰਫ਼ ਦਸ ਸਿੰਘ ਅੰਦਰ ਜਾ ਸੱਕਦੇ ਸਨ। ਗੁਰੂ ਹਰੀ ਸਿੰਘ ਨੂੰ ਪਹਿਲੇ ੧੭-੧੮ ਸਾਲ ਤਾਂ ਬਹੁਤ ਘੱਟ ਸਮੇਂ ਲਈ, ਭੈਣੀ ਸਾਹਿਬ ਤੋਂ ਬਾਹਰ ਜਾਣ ਦਿੱਤਾ ਜਾਂਦਾ। ਫਿਰ ਵੀ ਜੇ ਉਹ ਦੀਵਾਲੀ, ਵੈਸਾਖੀ ਜਾਂ ਮਾਘੀ ਤੇ ਅੰਮ੍ਰਿਤਸਰ, ਮੁਕਤਸਰ ਸਾਹਿਬ ਆਦਿ ਸਿੱਖ ਤੀਰਥਾਂ ਤੇ ਜਾਣ ਦੀ ਆਗਿਆ ਦਿੰਦੇ ਵੀ ਤਾਂ ਮੇਲਾ ਲੰਘ ਜਾਣ ਤੋਂ ਤਿੰਨ ਚਾਰ ਦਿਨ ਬਾਅਦ ਹੀ ਜਾਣ ਦਿੱਤਾ ਜਾਂਦਾ ਤਾਂ ਕਿ ਉਹ ਬਹੁਤੇ ਲੋਕਾਂ ਨਾਲ ਸੰਪਰਕ ਨਾ ਕਰ ਸੱਕਣ। ਇਹੋ ਜਿਹੇ ਬਿਪਤਾ, ਸਖਤੀਆਂ ਅਤੇ ਤੰਗੀਆਂ ਤੁਰਸ਼ੀਆਂ ਦੇ ਸਮੇਂ ਵਿਚ, ਜਿਹਨਾਂ ਸਿੰਘਾਂ ਨੇ, ਆਪ ਦੀ ਅਗੁਆਈ ਵਿਚ ਡੇਰਾ ਭੈਣੀ ਸਾਹਿਬ ਦੀ ਸੇਵਾ ਸੰਭਾਲ ਵਿਚ ਜਾਂ ਗੁਰੂ ਹਰੀ ਸਿੰਘ ਜੀ ਦੀ ਸੇਵਾ ਵਿਚ ਆਪਣੇ ਆਪ ਨੂੰ, ਘਰ ਘਾਟ ਦਾ ਮੋਹ ਛੱਡ ਕੇ, ਸਾਲਾਂ ਬੱਧੀ ਸਮਰਪਿਤ ਕਰ ਛੱਡਿਆ ਸੀ, ਉਹ ਕੋਈ ਛੋਟੇ ਲੋਕ ਨਹੀਂ ਸਨ। ਕੂਕਾ ਇਤਿਹਾਸ ਅਤੇ ਇਸ ਮੁਲਕ ਦੀ ਕੌਮੀ ਅਜ਼ਾਦੀ ਦੀ ਲੜਾਈ ਦਾ ਇਤਿਹਾਸ, ਅਜਿਹੇ

ਕਰਮਯੋਗੀਆਂ ਦੀਆਂ ਕਰਨੀਆਂ ਨਾਲ, ਮਾਲਾ ਮਾਲ ਹੋਇਆ ਪਿਆ ਹੈ। ਅਜਿਹੇ ਹੀ ਇਕ ਗੁਰੂ ਪਿਆਰੇ ਭਾਈ ਦਾਨ ਸਿੰਘ ਜੀ ਹੋਏ ਹਨ।

ਮਹੱਤਵਪੂਰਨ ਕੂਕਿਆਂ ਵਾਲੀ ਸਰਕਾਰ ਅੰਗਰੇਜ਼ੀ ਦੇ ਖ਼ੁਫੀਆ ਵਿਭਾਗ ਦੀ ਸੂਚੀ ਵਿਚ, ਆਪ ਦਾ ਜ਼ਿਕਰ ਇਉਂ ਅੰਕਿਤ ਕੀਤਾ ਮਿਲਦਾ ਹੈ। ਲੁਧਿਆਣਾ ਜ਼ਿਲ੍ਹਾ ਦਾ ਸੂਚੀ ਨੰ. ੩੭, ਦਾਨ ਸਿੰਘ ਪੁੱਤਰ ਧਰਮ ਸਿੰਘ, ਬਾਬਾ ਬੁੱਧ ਸਿੰਘ (ਨੰ. ੩੮) (ਗੁਰੂ ਹਰੀ ਸਿੰਘ ਜੀ) ਦਾ ਗੜਵਈ, ਪਿੰਡ ਭੈਣੀ (ਸਾਹਿਬ), ਥਾਣਾ-ਸਾਹਨੇਵਾਲ, ਰੰਗ ਕਣਕ ਵੰਨਾ, ਛੋਟੀ ਕਾਲੀ ਦਾਹੜੀ, ਸਰੀਰ ਪਤਲਾ, ਕੱਦ ਲੰਮਾ, ਉਮਰ ੩੫ ਸਾਲ ਦੇ ਕਰੀਬ। ਦਾਨ ਸਿੰਘ ਠੀਕ ਤੌਰ ਤੇ ਤਾਂ ਪਿੰਡ ਗੰਗੋਹਰ, ਰਿਆਸਤ ਪਟਿਆਲਾ ਦਾ ਰਹਿਣ ਵਾਲਾ ਹੈ ਪਰ ਇਸ ਸਮੇਂ ਉਹ ਬਾਬਾ ਬੁੱਧ ਸਿੰਘ ਦੇ ਨਿੱਜੀ ਸੇਵਕ ਦੇ ਤੌਰ ਤੇ ਕੰਮ ਕਰ ਰਿਹਾ ਹੈ ਅਤੇ ਉਹਨਾਂ ਪਾਸ ਹੀ ਰਹਿ ਰਿਹਾ ਹੈ। ਉਹ ਬਾਬਾ (ਗੁਰੂ ਸਾਹਿਬ) ਜੀ ਨਾਲ ਉਹਨਾਂ ਦੇ ਦੌਰਿਆਂ ਤੇ ਜਾਂਦਾ ਹੈ। ਸੰਗਤ ਵਲੋਂ ਉਹਨਾਂ ਨੂੰ ਚੜ੍ਹਨ ਵਾਲੀ ਭੇਟਾ ਸੰਭਾਲਦਾ ਹੈ ਅਤੇ ਘਰ-ਬਾਰ ਦਾ ਹਿਸਾਬ ਕਿਤਾਬ ਵੀ ਰੱਖਦਾ ਹੈ। ਉਹ ਭੈੜੇ ਸੁਭਾਅ ਵਾਲਾ ਝਗੜਾਲੂ ਵਿਅਕਤੀ ਹੈ।"[1]

ਜਿਸ ਵਿਅਕਤੀ ਨੂੰ ਦਿਨ ਵਿਚ ਅਨੇਕ ਵੇਰ, ਗੁਰੂ ਸਾਹਿਬ ਦੇ ਸਾਥ ਵਿਚ ਜਾਂ ਇਕੱਲਿਆਂ ਵੀ ਭੈਣੀ ਸਾਹਿਬ ਵਿਚ ਤਾਇਨਾਤ ਪੁਲੀਸ ਚੌਕੀਦੇ ਸਾਂਹਵਿਉਂ ਡੇਰੇ ਦੇ ਅੰਦਰ ਜਾਂ ਬਾਹਰ ਜਾਣਾ ਪੈਂਦਾ ਹੋਵੇ ਅਤੇ ਹਲਕਾਏ ਕੁੱਤਿਆਂ ਜਿਉਂ ਭੂਤਰੇ, ਬ੍ਰਿਟਿਸ਼ ਪੁਲੀਸ ਦੇ ਕਰਮਚਾਰੀ, ਉਹਨਾਂ ਨੂੰ ਲੰਘਦਿਆਂ ਟੱਪਦਿਆਂ ਨੂੰ, ਵਾਰ ਵਾਰ ਨੱਕ ਮੂੰਹ ਵੱਟਣ ਤਾਂ ਅਜਿਹੀ ਸਥਿਤੀ ਵਿਚ, ਭਾਈ ਦਾਨ ਸਿੰਘ ਹੋਰਾਂ ਨੂੰ ਇਕ ਜਾਂ ਦੋ ਨਹੀਂ ਸਗੋਂ ਦਹਾਕਿਆਂ ਬੱਧੀ ਵਰ੍ਹਿਆਂ ਦਾ ਸਮਾਂ ਕੱਟਣਾ ਪਿਆ ਹੋਵੇ ਤਾਂ ਫਿਰ ਉਹਨਾਂ ਦੀ ਬੋਲ ਬਾਣੀ ਜਾਂ ਵਤੀਰਾ ਕਿਤਨਾ ਕੂ ਕੋਮਲ ਰਹਿ ਸੱਕਦਾ ਹੈ। ਜਿਹਨੂੰ ਉਹ ਭੈੜੇ ਸੁਭਾਅ ਵਾਲਾ ਲਿਖ ਰਹੇ ਹਨ। ਇਸ ਦਾ ਮਤਲਬ ਹੈ ਕਿ ਭਾਈ ਦਾਨ ਸਿੰਘ ਸਰਕਾਰ ਦੀ ਅੱਖ ਦੀ ਕਿਰਕਿਰੀ ਬਣ ਚੁੱਕਾ ਸੀ।

ਸਾਡੇ ਇਤਿਹਾਸ ਵਿਚ ਭਾਈ ਦਾਨ ਸਿੰਘ ਹੋਰਾਂ ਦਾ ਪਹਿਲੀ ਵੇਰ ਜ਼ਿਕਰ, ਸਤਿਗੁਰੂ ਰਾਮ ਸਿੰਘ ਜੀ ਦੇ ਪਰਦੇਸ ਗਵਨ ਸਾਕੇ ਸਮੇਂ ਹੀ ਮਿਲਦਾ ਹੈ। ਉਂਞ ਵੀ ਸਰਕਾਰੀ ਰੀਕਾਰਡ ਮੁਤਾਬਿਕ ਉਹਨਾਂ ਦਾ ਜਨਮ ੧੮੪੫ ਈ. ਦੇ ਆਸ ਪਾਸ ਦਾ ਹੈ। ਤਾਂ ਉਹ ਜੇ ੨੦-੨੫ ਸਾਲ ਦੀ ਉਮਰ ਵਿਚ ਕੂਕੇ ਬਣ ਗਏ ਹੋਣ ਤਾਂ ਪਰਦੇਸ ਗਵਨ ਤੋਂ ਕੁਝ ਸਮਾਂ ਪਹਿਲਾਂ ਹੀ ਉਹ ਸਤਿਗੁਰੂ ਜੀ ਪਾਸ, ਡੇਰੇ ਵਿਚ ਆ ਕੇ ਰਹਿਣ ਲੱਗੇ ਹੋਣ। ਜਿਸ ਕਾਰਨ ਉਹਨਾਂ ਨਾਲ ਸਬੰਧਿਤ ਵੇਰਵਾ, ਸਾਡੇ ਪਹਿਲੇ ਇਤਿਹਾਸਕਾਰ, ਪਰਦੇਸ ਜਾਣ ਵਾਲੇ ਸਾਕੇ ਵਿਚ ਹੀ ਲਿਖਦੇ ਹਨ। "ਸਭ ਸਿੰਘ ਖੜੇ ਕਰ ਦਿੱਤੇ ਖ਼ਰਾਸ ਕੀ ਗੁਠ ਕੋਲ ਕੇ ਅੱਗੇ ਨਾ ਕੋਈ ਆਓ।.. ਦਾਨ ਸਿੰਘ ਨਾਲ ਗਿਆ ਠਡੇ ਤੋੜੀ। ਸਤਿਗੁਰੂ ਜੀ ਬਚਨ ਕੀਤਾ ਡਰਨਾ ਨਹੀਂ ਅਸੀਂ ਛੇਤੀ ਆਵਾਂਗੇ। ਗੁਪਾਲ ਸਿੰਘ ਨੂੰ ਕਹਿਣਾ ਸੌਂਵੇ ਨਾ ਕੋਈ, ਪਾਠ ਕਰੋ। ਜੇ ਜਪੁ ਸਾਹਿਬ ਨਾ ਕੰਠ ਹੋਵੇ ਸੋ ਮਾਲਾ ਫੇਰੇ, ਸੌਂਵੇ ਕੋਈ ਨਾ ਰਾਤ ਨੂੰ। ਜਦ ਗੱਡਾ ਸੜਕ ਪਰ ਗਿਆ ਤਾਂ ਦੋ ਅਸਵਾਰ ਪਿੱਛੇ ਫਰਕ ਨਾਲ

ਤੁਰੇ।"[2] ਸੋ ਜਿੱਥੇ ਬਾਕੀ ਸੰਗਤ ਨੂੰ ਸਤਿਗੁਰੂ ਜੀ ਨੇ ਆਪਣੇ ਡੇਰੇ ਦੇ ਨੇੜਿਉਂ ਹੀ ਅੱਗੇ ਨਹੀਂ ਆਉਣ ਦਿੱਤਾ ਉੱਥੇ ਭੈਣੀ ਸਾਹਿਬ ਦੀ ਜੂਹ ਤੱਕ, ਪਰਦੇਸੀ ਪ੍ਰੀਤਮ ਨੂੰ ਲੈ ਜਾ ਰਹੇ ਗੱਡੇ ਦੇ ਨਾਲ ਨਾਲ ਚੱਲਣ ਦਾ ਸੁਭਾਗ, ਭਾਈ ਦਾਨ ਸਿੰਘ ਹੋਰਾਂ ਨੂੰ ਹੀ ਹਾਸਲ ਹੋਇਆ ਸੀ। ਸੋ ਜੇ ਉਹ ੧੮੭੦ ਈ. ਦੇ ਲਾਗੇ ਚਾਗੇ ਡੇਰਾ ਭੈਣੀ ਸਾਹਿਬ ਵਿਚ ਆਉਂਦੇ ਹਨ ਤਾਂ ਉਹਨਾਂ ਦਾ ਪੂਰਾ ਤਿੰਨ ਦਹਾਕਿਆਂ ਦਾ ਸਮਾਂ, ਕੂਕਾ ਸੰਗਰਾਮੀਆਂ ਦੀ ਕਰਮ ਭੂਮੀ ਗੁਰਦੁਆਰਾ ਸ੍ਰੀ ਭੈਣੀ ਸਾਹਿਬ ਵਿਖੇ ਹੀ ਬਤੀਤ ਹੁੰਦਾ ਹੈ। ਉਹ ਲੰਮਾਂ ਸਮਾਂ ਡੇਰੇ ਦੀ ਸੇਵਾ ਵਿਚ ਰਹੇ, ਇਸ ਦਾ ਸਬੂਤ ਸਤਿਗੁਰੂ ਰਾਮ ਸਿੰਘ ਜੀ ਦੀ ਪੁੱਤਰੀ ਬੀਬੀ ਨੰਦਾ ਦੇ ਉਸ ਕਥਨ ਤੋਂ ਵੀ ਮਿਲਦਾ ਹੈ ਜਦੋਂ ਇਕ ਵੇਰ ਕਿਸੇ ਗੱਲੋਂ ਗੁੱਸੇ ਰਾਜੀ ਹੋ ਕੇ ਭਾਈ ਦਾਨ ਸਿੰਘ, ਆਪਣੇ ਪਿੰਡ ਚਲੇ ਜਾਂਦੇ ਹਨ ਤਾਂ ਫਿਰ ਉਹਨਾਂ ਬਾਰੇ ਡੇਰੇ ਵਿਚ ਹੋਣ ਵਾਲੇ ਵਿਚਾਰ ਵਟਾਂਦਰੇ ਸਮੇਂ, ਬੀਬੀ ਨੰਦਾ ਦੀ ਨਾ ਸਿਰਫ ਰਾਇ ਲਈ ਜਾਂਦੀ ਹੈ ਸਗੋਂ ਗੁਰੂ ਹਰੀ ਸਿੰਘ ਜੀ ਵੱਲੋਂ ਬੀਬੀ ਦੇ ਸਤਿਕਾਰ ਅਤੇ ਦਾਨ ਸਿੰਘ ਹੋਰਾਂ ਦੀ ਸੇਵਾ ਵਜੋਂ, ਉਹਨਾਂ ਨੂੰ ਮੁੜ ਆਦਰ ਮਾਣ ਨਾਲ ਡੇਰੇ ਵਿਚ ਲਿਆਂਦਾ ਜਾਂਦਾ ਹੈ।

"ਸਿੰਘਾਂ ਨੇ ਅਰਜ ਕੀਤੀ ਕਿ ਦਾਨ ਸਿੰਘ ਕੋ ਲੈ ਆਵੀਏ। ਗੁਰੂ ਜੀ ਬਚਨ ਕੀਤਾ ਅਕਾਓ ਨਾ ਸਾਨੂੰ ਬਹੁਤਾ। ਬੀਬੀ (ਨੰਦਾਂ) ਕੀ ਰਾਇ ਲੈ ਲਵੋ। ਜਾਇਕੇ ਪੁੱਛਿਆ ਤਾਂ ਬੀਬੀ ਨੇ ਕਹਿਆ-ਸਾਰੀ ਉਮਰ ਉਸਨੇ ਏਥੇ ਕੱਟੀ ਹੈ, ਹੁਣ ਕਿੱਥੇ ਜਾਏ ? ਮੰਗਵਾਇਆ ਚਾਹੀਏ। ਬੀਬੀ ਕੇ ਕਹੇ ਤੇ ਲੈ ਆਏ।"[3]

ਦਾਨ ਸਿੰਘ ਹੋਰਾਂ ਦੇ ਰੁੱਸ ਕੇ ਜਾਣ ਦੀ ਵਾਰਤਾ ੧੯੦੧ ਈ. ਦੀ ਹੈ ਅਤੇ ਉਹਨਾਂ ਦਾ ਅਕਾਲ ਚਲਾਣਾ ਡੇਰੇ ਵਿਚ ਦੋਬਾਰਾ ਆਉਣ ਤੋਂ ਦੋ ਕੁ ਸਾਲ ਬਾਅਦ ਵਿਚ ੧੯੦੩ ਈ. ਵਿਚ ਹੁੰਦਾ ਹੈ। ਸੋ ਆਪ ਦੀ ਕੁੱਲ ਆਰਜਾ ਸੱਠ ਸਾਲ ਤੋਂ ਵਧੇਰੇ ਮਾਲੂਮ ਨਹੀਂ ਹੁੰਦੀ।

ਭੈਣੀ ਸਾਹਿਬ ਡੇਰੇ ਵਿਚ, ਸਢੌਰਾ (ਤਦੋਂਕਾ ਜ਼ਿਲ੍ਹਾ ਅੰਬਾਲਾ) ਦਾ, ਭਾਈ ਠਾਕਰ ਸਿੰਘ ਛੀਂਬਾ ਵੀ ਰਹਿੰਦਾ ਸੀ। ਇਹ ਡੇਰੇ ਵਿਚ ਬਸਤਰ ਸਿਊਣ ਦਾ ਕੰਮ ਵੀ ਕਰਦਾ ਸੀ ਅਤੇ ਇਕ ਹੁਕਮਨਾਮੇ ਵਿਚ ਸਤਿਗੁਰੂ ਰਾਮ ਸਿੰਘ ਇਸ ਬਾਰੇ ਪੁੱਛਦੇ ਹਨ ਕਿ ਕੀ ਠਾਕਰ ਸਿੰਘ ਦਰਜ਼ੀ ਦਾ ਕੰਮ ਕਰਦਾ ਹੈ ਜਾਂ ਕੋਈ ਹੋਰ ਕੰਮ। ਜੁਲਾਈ ੧੮੭੯ ਵਿਚ ਭਾਈ ਨਰਾਇਣ ਸਿੰਘ ਰੋਡਿਆਂ ਵਾਲੇ ਤੋਂ ਥੋਕ ਵਿਚ ਫੜੇ ਹੁਕਮਨਾਮਿਆਂ ਦਾ ਅੰਗਰੇਜ਼ੀ ਅਨੁਵਾਦ ਕੁਝ ਟਿੱਪਣੀਆਂ ਸਮੇਤ ਜਦੋਂ ਲੁਧਿਆਣਾ ਦਾ ਪੁਲੀਸ ਕਪਤਾਨ ਜੇ. ਪੀ. ਵਾਰਬਰਟਨ, ਆਪਣੇ ਉਚ ਅਧਿਕਾਰੀਆਂ ਨੂੰ ਭੇਜਦਾ ਹੈ ਤਾਂ ਉਹ ਠਾਕਰ ਸਿੰਘ ਵਾਲੇ ਹੁਕਮਨਾਮੇ ਨੰਬਰ ੧੧ ਵਿਚ ਆਪਣੀ ਟਿੱਪਣੀ ਵਿਚ ਲਿਖਦਾ ਹੈ-ਉਹ (ਠਾਕਰ ਸਿੰਘ) ਬਚਪਨ ਤੋਂ ਹੀ ਡੇਰੇ ਨਾਲ ਜੁੜਿਆ ਹੈ। ਉਹ ਬਾਬਾ ਬੁੱਧ ਸਿੰਘ ਅਤੇ ਦਾਨ ਸਿੰਘ ਦੀ ਤਾਬਿਆ ਵਿਚ ਰਹਿੰਦਾ ਹੈ। (ਦਾਨ ਸਿੰਘ ਜੋ) ਡੇਰੇ ਦਾ ਕੁੰਜੀ ਬਰਦਾਰ ਹੈ ਅਤੇ ਜਿਸ ਪਾਸ ਹਿਸਾਬ ਕਿਤਾਬ ਵੀ ਹੁੰਦਾ ਹੈ।"[4]

ਸੋ ੧੮੭੯ ਈ. ਤੱਕ ਭਾਈ ਦਾਨ ਸਿੰਘ ਸਰਕਾਰੀ ਰੀਕਾਰਡ ਮੁਤਾਬਿਕ, ਡੇਰੇ ਵਿਚ ਮੁੱਖ ਭੂਮਿਕਾ ਨਿਬਾਹੁਣ ਵਾਲੇ ਚੁਨਿੰਦਾ ਸੱਜਣਾਂ ਵਿਚ ਸ਼ਾਮਲ ਹੋ ਚੁੱਕਾ ਸੀ।

ਇਸਦਾ ਦੂਜਾ ਵੇਰਵਾ ਮਹੱਤਵਪੂਰਨ ਕੂਕਿਆਂ ਵਾਲੀ ਸੂਚੀ ਵਿਚ ਅਤੇ ਤੀਜਾ ਜ਼ਿਕਰ ਲਾਟੋਂ ਦੀ ਢੱਕੀ ਵਿਚ ਹੋਈ ਸ਼ੱਕੀ ਕੂਕਿਆਂ ਦੀ ਉਸ ਮੀਟਿੰਗ ਵਿਚ ਮਿਲਦਾ ਹੈ, ਜਿਸਦਾ ਜ਼ਿਕਰ ਭਾਈ ਰਾਗਾ ਸਿੰਘ ਵਾਲੇ ਲੇਖ ਵਿਚ ਪਹਿਲਾਂ ਆ ਚੁੱਕਾ ਹੈ। ਜੇ. ਪੀ. ਵਾਰਬਰਟਨ ਦੀ ੨੦ ਮਾਰਚ, ੧੮੮੧ ਨੂੰ ਸਾਂਹਨੇਵਾਲ ਥਾਣੇ ਵਿਚੋਂ ਭੇਜੀ ਰੀਪੋਰਟ ਦਾ ਅਰੰਭ, ਇਹਨਾਂ ਸ਼ਬਦਾਂ ਨਾਲ ਹੁੰਦਾ ਹੈ "ਇਸੇ ਮਹੀਨੇ ਦੀ ੧੭ ਤਾਰੀਖ ਨੂੰ ਸੁੱਖੂ ਲੰਬੜਦਾਰ ਵਾਸੀ ਭੈਣੀ (ਸਾਹਿਬ) ਨੇ ਮੈਨੂੰ ਇਤਲਾਹ ਦਿੱਤੀ ਕਿ ੧੫੦ ਅਜਨਬੀ ਕੂਕੇ ਭੈਣੀ ਸਾਹਿਬ ਦੇ ਲਾਗਲੇ ਪਿੰਡ ਲਾਟੋਂ ਦੇ ਢੱਕ ਜੰਗਲ (ਢੱਕੀ) ਵਿਚ ਇਕੱਠੇ ਹੋਏ ਹਨ। ਹੋਰਨਾਂ ਖ਼ੁਫੀਆ ਵਿਭਾਗ ਦੇ ਆਦਮੀਆਂ ਨੇ ਵੀ ਇਸਦੀ ਪੁਸ਼ਟੀ ਕੀਤੀ। ਇਕ ਹੋਰ ਕੂਕਾ (ਸੂਹੀਏ) ਨੇ, ਜਿਸਦੀ ਸੂਚਨਾ ਤੇ ਸ਼ੱਕ ਨਹੀਂ ਕੀਤਾ ਜਾ ਸੱਕਦਾ, ਮੈਨੂੰ ਦੱਸਿਆ ਕਿ ਦਾਨ ਸਿੰਘ, ਗੁਰਦਿੱਤ ਸਿੰਘ, ਠਾਕੁਰ ਸਿੰਘ, ਜੈਮਲ ਸਿੰਘ ਅਤੇ ਦਰਬਾਬਾ ਸਿੰਘ ਜੋ ਸਾਰੇ ਭੈਣੀ ਸਾਹਿਬ ਵਿਚ ਰਹਿੰਦੇ ਹਨ ਅਤੇ ਰਾਈਆਂ ਪਿੰਡ ਦਾ ਮੰਗਲ ਸਿੰਘ ਕਿਸੇ ਸ਼ਰਾਰਤ ਦੀ ਯੋਜਨਾ ਬਣਾ ਰਹੇ ਹਨ। ਇਸੇ ਅਧਾਰ ਤੇ ੧੮ ਮਾਰਚ ਨੂੰ ਸਵੇਰੇ ਮੇਰੇ ਦੁਆਰਾ ਇੰਸਪੈਕਟਰ ਸਰਫਰਾਜ਼ ਖ਼ਾਨ ਨੇ, ਉੱਥੇ ਭੇਜੇ ਜਾਣ ਤੇ, ੩੯ ਕੂਕੇ ਗ੍ਰਿਫਤਾਰ ਕੀਤੇ ਸਨ। ਮਾਈ ਅਤਰੀ ਮਾਈਸਰ ਖਾਨੇ ਵਾਲੇ ਦੀ, ਭੇਤ ਭਰੇ ਢੰਗ ਨਾਲ ਗਰਿਫਤਾਰੀ, ਇੱਥੇ ਹੀ ਹੋਈ। ਬਹੁਤ ਸਾਰੇ ਅਤੀ ਵਿਸ਼ਿਸ਼ਟ ਕੂਕਾ ਆਗੂਆਂ ਦੁਆਰਾ ਸੱਦੀ ਗਈ ਮੀਟਿੰਗ ਵਿਚ, ਮਾਈ ਅਤਰੀ ਦੀ ਹਾਜ਼ਰੀ ਬਾਰੇ ਵਾਰਬਰਟਨ ਲਿਖਦਾ ਹੈ–"ਮੁਸੰਮਤ ਅਤਰੀ, ਜਿਹੜੀ ਹੋਰਨਾਂ ਕੂਕਿਆਂ ਨਾਲ ਇੱਥੇ ਹਾਜ਼ਰ ਸੀ, ਨਾਮਧਾਰੀ ਸੰਪਰਦਾਇ ਤੇ ਬੇਹੱਦ ਪ੍ਰਭਾਵ ਰੱਖਦੀ ਹੈ।" ਅੱਗੇ ਚੱਲ ਕੇ ਵਾਰਬਰਟਨ ਇਹ ਵੀ ਜੋੜਦਾ ਹੈ ਕਿ (ਗੁਰੂ) ਰਾਮ ਸਿੰਘ ਦਾ ਪੱਤਰ ਲੈ ਕੇ ਇਕ ਕੂਕਾ ਦੂਤ ਇਸ ਸਮੇਂ ਪਿੰਡੋ ਪਿੰਡ ਘੁੰਮ ਰਿਹਾ ਹੈ ਕਿ ਸਾਰੇ ਕੂਕੇ ਭੈਣੀ (ਸਾਹਿਬ) ਪੁੱਜਣ ਕਿਉਂਕਿ ਜਿਸ ਸਮੇਂ ਦੀ ਗੁਰੂ ਰਾਮ ਸਿੰਘ ਦੁਆਰਾ ਭਵਿੱਖਬਾਣੀ ਕੀਤੀ ਗਈ ਸੀ ਉਹ ਪੁੱਜ ਚੁੱਕਾ ਹੈ। ਇਸੇ ਸਬੰਧ ਵਿਚ ਢੱਕੀ ਵਾਲੀ ਮੀਟਿੰਗ ਨੂੰ ਵੇਖਿਆ ਗਿਆ ਜਿਸਦੇ ਪ੍ਰੇਰਨਾ ਸਰੋਤਾਂ ਵਿਚ ਨਿਸਸੰਸਦੇਹ ਭਾਈ ਦਾਨ ਸਿੰਘ ਦਾ ਪ੍ਰਮੁੱਖ ਨਾਮ ਆਉਂਦਾ ਹੈ। ਇਸ ਸਭ ਕਾਸੇ ਦੇ ਨਤੀਜੇ ਵਜੋਂ ਸਰਕਾਰ ਨੇ ਸਤਿਗੁਰੂ ਰਾਮ ਸਿੰਘ ਜੀ ਤੇ ਹੋਰ ਸਖਤ ਪਹਿਰੇ ਕਰ ਦਿੱਤੇ। ਪੰਜਾਬ ਦੇ ਕੂਕਿਆਂ ਨਾਲ ਉਹਨਾਂ ਦਾ ਸੰਪਰਕ ਤੋੜਨ ਲਈ।[5]

ਸਤਿਗੁਰੂ ਰਾਮ ਸਿੰਘ ਜੀ ਦੇ ਦੇਸ਼ ਨਿਕਾਲੇ ਬਾਅਦ ਵੀ ਗੁਰੂ ਹਰੀ ਸਿੰਘ ਦੀ ਅਗੁਆਈ ਵਿਚ ਡੇਰਾ ਭੈਣੀ ਸਾਹਿਬ ਵਿਚ ਰਹਿਣ ਵਾਲੇ ਭਾਈ ਦਾਨ ਸਿੰਘ ਜਿਹੇ ਸਾਬਤ ਕਦਮ ਕੂਕਾ ਆਗੂਆਂ ਨੇ, ਹਾਰ ਤਾਂ ਕੀ ਮੰਨਣੀ ਸੀ, ਸਗੋਂ ਸਖਤੀਆਂ ਦੇ ਇਸ ਦੌਰ ਵਿਚ ਵੀ, ਜਦੋਂ ਪ੍ਰਗਟ ਤੌਰ ਤੇ ਕੰਮ ਕਰਨਾ ਔਖਾ ਸੀ, ਗੁਪਤ ਰੂਪ ਵਿਚ ਆਪਣੇ ਢੰਗ ਤਰੀਕੇ ਵਿਕਸਿਤ ਕਰਕੇ, ਸਮੁੱਚੇ ਪੰਜਾਬ ਵਿਚ ਫੈਲੀ ਲਹਿਰ ਨੂੰ, ਇਸਦੇ ਕੇਂਦਰ ਨਾਲ ਜੋੜੀ ਰੱਖਣ ਲਈ ਅਮੁੱਲਾ ਯੋਗਦਾਨ ਪਾਇਆ। ਆਪ ਨੇ ਗੁਰੂ ਹਰੀ ਸਿੰਘ ਜੀ ਦੇ ਨਿੱਜੀ ਅਤੇ ਧਾਰਮਿਕ ਜੀਵਨ ਦੀਆਂ, ਸਾਰੀਆਂ ਸੁਖ ਸੁਵਿਧਾਵਾਂ ਦਾ ਖਿਆਲ ਰੱਖਦਿਆਂ ਉਹਨਾਂ ਦੇ ਹੁਕਮ ਅਨੁਸਾਰ, ਜਿੱਥੇ ਵੀ ਉਹ ਆਪ ਨੂੰ ਭੇਜਦੇ ਨਤੀਜੇ ਤੋਂ

ਬੇਪਰਵਾਹ ਹੋ ਕੇ ਉੱਥੇ ਪੁੱਜਦੇ ਅਤੇ ਸੰਗਤ ਨੂੰ ਹੱਲਾਸ਼ੇਰੀ ਵੀ ਦੇਈ ਰੱਖਦੇ। ਸੰਨ ੧੯੭੫ ਈ. ਦੇ ਜਨਵਰੀ ਮਹੀਨੇ ਬਾਬਾ ਦਰਬਾਰਾ ਸਿੰਘ ਰਾਇਪੁਰੀਆ, ਰੰਗੂਨ ਜਾ ਕੇ ਸਤਿਗੁਰੂ ਜੀ ਦੇ ਦਰਸ਼ਨ ਪਰਸ ਕੇ, ਸਾਰੀ ਸੰਗਤ ਦੇ ਨਾਮ ਗੁਰੂ ਹਰੀ ਸਿੰਘ ਜੀ ਨੂੰ ਆਪਣੀ ਥਾਂ ਤੇ, ਸਿਰ ਕਰਤਾ ਜਾਨਣ ਵਾਲਾ ਹੁਕਮਨਾਮਾ ਲੈ ਕੇ ਆਇਆ ਸੀ। ਬਾਬਾ ਜੀ ਇਸੇ ਸਾਲ ਦੇ ਆਰੰਭ ਵਿਚ ਹੀ ਸ੍ਰੀ ਭੈਣੀ ਸਾਹਿਬ ਡੇਰੇ ਵਿਚ ਆ ਗਏ ਸਨ। ਇਸੇ ਸਮੇਂ ਹੀ ਡੇਰੇ ਦੀ ਪਰਬੰਧ ਵਿਵਸਥਾ ਅਤੇ ਨਾਮਧਾਰੀ ਪੰਥ ਦੀਆਂ ਹੋਰ ਗਤੀਵਿਧੀਆਂ ਸੰਚਾਲਿਤ ਕਰਨ ਦਾ ਅਧਿਕਾਰ, ਗੁਰੂ ਹਰੀ ਸਿੰਘ ਜੀ ਨੇ ਭਾਈ ਦਾਨ ਸਿੰਘ ਨੂੰ ਦਿੱਤਾ ਸੀ। "ਸਰਕਾਰੇ ਜੇ ਜਾਣਾ ਹੋਵੇ ਤਾਂ ਬਾਬੇ ਦਰਬਾਰਾ ਸਿੰਘ ਨੇ ਜਾਣਾ। ਮੁਖਤਿਆਰ ਕੀਤਾ ਹੋਇਆ ਸੀ ਤੇ ਦਾਨ ਸਿੰਘ ਭੀ ਕਾਰ ਮੁਖਤਿਆਰ ਕੀਤਾ।"[6]

ਭਾਈ ਦਾਨ ਸਿੰਘ ਗਊ ਗਰੀਬ ਦੀ ਰੱਖਿਆ ਲਈ ਹਮੇਸ਼ਾਂ ਤਤਪਰ ਰਹਿੰਦਾ ਸੀ। ਗੁਰਦੁਆਰੇ ਦੇ ਇਕ ਸਾਹਨ ਦੇ ਘੇਰ ਲਏ ਜਾਣ ਤੇ ਉਹ ਪੁਲਿਸ ਪ੍ਰਸ਼ਾਸਨ ਦੀ ਸਖਤੀ ਨੂੰ ਠੁੱਠ ਵਖਾਉਂਦਿਆਂ, ਉਸਦੀ ਰਿਹਾਈ ਲਈ ਤੁਰੰਤ ਯਤਨਸ਼ੀਲ ਹੋਏ। ਗਊ ਦੇ ਜਾਏ ਦੀ ਰਿਹਾਈ ਕੂਕੇ ਸਿੰਘਾਂ ਦੀ ਚੜ੍ਹਾਈ ਦੀ ਖਬਰ ਨੇ ਹੀ ਕਰਾ ਦਿੱਤੀ। ਪਰ ਫਿਰ ਵੀ ਉਹਨਾਂ ਦੀ ਰੀਪੋਰਟ ਹੋਈ ਅਤੇ ਸਾਹਨੇਵਾਲ ਤੱਕ ਦੀ ਪੁਲੀਸ ਨੂੰ ਭਾਜੜਾਂ ਵੀ ਪੈ ਗਈਆਂ। "ਇਕ ਦਿਨ ਖਬਰ ਆਈ ਕਿ ਬਲੀਏਵਾਲ ਮੈਂ ਤੁਰਕਾ ਨੇ ਅੱਜ ਰਾਤ ਢੱਠਾ ਕਤਲ ਕਰ ਦੇਨਾ ਹੈ। ਇਹ ਢੱਠਾ ਗੁਰਦੁਆਰੇ ਕਾ ਸੀ। ਸੁਣਕੇ ਦਾਨ ਸਿੰਘ ਤੇ ਹੋਰ ਖਾਲਸਾ ਚੜ੍ਹਿਆ ਗਊ ਕੀ ਰੱਛਿਆ ਵਾਸਤੇ। ਅੱਗੇ ਅਸਵਾਰ ਪਿੱਛੇ ਪੈਦਲ ਧਾਵਾ ਕਰੀ ਜਾਂਦੇ ਹੈ ਜਾਂ ਕੂੰਮ ਕੇ ਆਗੇ ਗਏ ਤਾਂ ਓਹੀ ਸਾਹਨ ਚਲਿਆ ਆਉਂਦਾ ਹੈ। ਤੁਰਕਾਂ ਨੇ ਖਾਲਸੇ ਕਾ ਆਉਣ ਸੁਨਕੇ ਛੱਡ ਦੀਆ। ਦਾਨ ਸਿੰਘ ਨੇ ਕਿਹਾ ਜਿਸ ਵਾਸਤੇ ਚਲੋ ਹੈ-ਸੋ ਤਾਂ ਏਹ ਤੁਰਿਆ ਆਉਂਦਾ ਹੈ, ਪਿੰਡ ਮੇਂ ਕਿਉਂ ਜਾਣਾ ਹੈ। ਖਾਲਸਾ ਮੁੜ ਆਇਆ। ਉਸ ਵਖਤ ਕਾਣੇ ਹੌਲਦਾਰ ਕਾ ਕਾਲਜਾ ਧੜਕੇ ਕਿਧਰੇ ਖਾਲਸਾ ਪਿੰਡ ਨਾ ਕਤਲ ਕਰ ਦੇਵੇ। ਬੜੇ ਗੁੱਸੇ ਨਾਲ ਗਏ ਹੈ। ਹੌਲਦਾਰ ਨੇ ਥਾਨੇ ਲਿਖ ਭੇਜਿਆ। ਥਾਨੇਦਾਰ ਸਾਹਨੇ ਸੇ ਆਇਆ। ਗੁਰੂ ਜੀ ਕੋ ਕੈਹਣੇ ਲਗਾ ਕਿ ਸਿੰਘ ਜਮਾ ਨਾ ਹੋਣ ਦਿਆ ਕਰੋ। ਦਰਸ਼ਨ ਕਰਾਕੇ ਤੋਰ ਦਿਆ ਕਰੋ। ਏਥੇ ਇਕੱਠੇ ਨਾ ਹੋਨ।"[7]

ਗੁਰੂ ਹਰੀ ਸਿੰਘ ਜੀ ਮੱਲ੍ਹੇਆਣਾ ਟੋਭੇ ਤੇ ਭਜਨ ਕਰਨ ਇਕੰਤ ਜਾਇਆ ਕਰਦੇ ਸਨ। ਇਹ ਟੋਭਾ ਡੇਰੇ ਤੋਂ ਅੱਧ ਮੀਲ ਚੜ੍ਹਦੇ ਦੱਖਣ ਵੱਲ ਹੈ। ਇਕ ਦਿਨ ਇਕ ਹੋਰ ਸਿੰਘ ਆਪ ਦੇ ਨਾਲ ਗਿਆ ਸੀ। ਸੋਨੇ ਦੀ ਅੰਗੂਠੀ ਕਿਸੇ ਸਿੰਘ ਨੇ ਭੇਟ ਕੀਤੀ ਸੀ ਅਤੇ ਉਸਦੇ ਪ੍ਰੇਮ ਨੂੰ ਮੁੱਖ ਰੱਖ ਕੇ, ਉਸਦੇ ਇਸਰਾਰ ਕਰਨ ਤੇ, ਆਪਨੇ ਕੁਝ ਕੁ ਦਿਨਾਂ ਲਈ ਪਹਿਰ ਲਈ ਉਂਗਲੀ ਵਿਚ। ਉਹ ਅੰਗੂਠੀ ਬਾਹਰ ਡਿੱਗ ਪਈ। ਦਾਨ ਸਿੰਘ ਨੂੰ ਭੇਜਿਆ ਤਾਂ ਦੋ ਪੈੜਾਂ ਤਾਂ ਉੱਥੇ ਸਨ ਗੁਰੂ ਜੀ ਅਤੇ ਦੂਜੇ ਸਿੰਘ ਦੀਆਂ ਪਰ ਅੰਗੂਠੀ ਨਹੀਂ ਸੀ। ਦਾਨ ਸਿੰਘ ਨਰਾਇਣ ਸਿੰਘ ਉਸ ਸਿੰਘ ਨੂੰ ਸਤਿਗੁਰੂ ਜੀ ਦੇ ਹਜ਼ੂਰ ਲੈ ਆਏ। "ਸਿੰਘ ਸ਼ਰਮਿੰਦਾ ਹੋਵੇ ਕਿ ਮੈਂ ਮੁੰਦਰੀ ਚੁਰਾਈ ਨਹੀਂ ਹੈ ਤੇ ਏਹ ਮੈਨੂੰ ਕੈਂਹਦੇ ਹੈ। ਮੈਂ ਇਨ੍ਹਾਂ ਨੂੰ ਕੀ ਕਹਾਂ ਜਿਨਾਂ ਨੂੰ ਅੰਤਰਜਾਮੀ ਜਾਣਿਆ ਹੈ। ਬਚਨ ਹੋਇਆ ਹੈ ਨਹੀਂ ਚੁਰਾਈ ਜਾਹ ਸੰਸਾ

ਨਾ ਕਰ। ਸਿੰਘ ਚਲਾ ਗਿਆ ਖੁਸ਼ੀਆਂ ਲੈ ਕੇ। ਕਈਆਂ ਦਿਨਾਂ ਪਿਛੋਂ ਇਕ ਦਿਨ ਬਾਰਸ਼ ਪਈ ਹੋਈ ਸੀ। ਬਚਨ ਕੀਤਾ ਗੁਰੂ ਜੀ ਐਸ ਬਖਤ ਤਾਂ ਚੁਕ ਲਿਆਵੀਏ ਛਾਪ ਪਈ ਹੈ....। ਗੁਰੂ ਜੀ ਹੱਲੇ ਸੇ ਗਏ। ਮੱਲ੍ਹੇਆਣੇ ਜਿੱਥੇ ਬੈਠੇ ਸੇ ਓਥੇ ਈ ਪਈ ਸੀ। ਲੈ ਕੇ ਮੁੜ ਆਏ। ਦਾਨ ਸਿੰਘ ਕੋ ਦਿਖਾਈ। ਉਸੀ ਸਿੰਘ ਨੂੰ ਸੱਦ ਕੇ ਬਚਨ ਕੀਤਾ ਭਾਈ ਛਾਪ ਥਿਆ ਗਈ ਹੈ। ਸੁਣਕੇ ਨਿਸਚਾ ਹੋਇਆ ਕਿ ਅੰਤਰਜਾਮੀ ਗੁਰੂ ਜੀ ਝਗੜਾ ਨਬੇੜਿਆ ਹੈ। ਸਿੰਘ ਕਾ ਦਿਲ ਠਕਾਣੇ ਹੋਇਆ।"[8]

ਇਹ ਛਾਪ ਗੁਰੂ ਹਰੀ ਸਿੰਘ ਜੀ ਲਈ ਚਿੰਤਾ ਦਾ ਵਿਸ਼ਾ ਇਸ ਲਈ ਬਣੀ ਕਿ ਉਹ ਤੰਗੀਆਂ ਤੁਰਸ਼ੀਆਂ ਵਿਚ, ਛੋਟਾ ਮੋਟਾ ਗਹਿਣਾ ਗੱਟਾ ਵੀ ਵੇਚ ਵੱਟ ਕੇ, ਸਤਿਗੁਰੂ ਜੀ ਦੇ ਸਦਾ ਬਰਤ ਲੰਗਰ ਨੂੰ ਚੱਲਦਾ ਰੱਖਣਾ ਚਾਹੁੰਦੇ ਸਨ। ਸਤਿਗੁਰੂ ਰਾਮ ਸਿੰਘ ਜੀ ਆਪਣੇ ਹੁਕਮਨਾਮਿਆਂ ਵਿਚ ਵੀ ਇਹੋ ਹੁਕਮ ਗੁਰੂ ਹਰੀ ਸਿੰਘ ਨੂੰ ਦਿਆ ਕਰਦੇ ਸਨ ਕਿ ਮੇਰਾ ਸੋਨਾ ਧਨ ਪਦਾਰਥ, ਜੋ ਜੋ ਜਿਸ ਤੋਂ ਲੈਣਾ ਹੈ ਲੈ ਕੇ ਸਾਰਾ ਲੰਗਰ ਵਿਚ ਪਾ ਦਿਉ। ਲੰਗਰ ਨਹੀਂ ਰੁਕਣ ਦੇਣਾ। ਗੁਰੂ ਹਰੀ ਸਿੰਘ ਅਤੇ ਉਹਨਾਂ ਦੇ ਸਮਕਾਲੀ ਸਿੰਘਾਂ ਦੀਆਂ ਭਾਰੀ ਕੁਰਬਾਨੀਆਂ ਸਦਕਾ ਹੀ ਇਹ ਲੰਗਰ ੧੯੫੬ ਬਿਕਰਮੀ ਦੇ ਭਿਆਨਕ ਅਕਾਲ ਸਮੇਂ ਵੀ ਨਹੀਂ ਬੰਦ ਹੋਇਆ ਜਦੋਂ ਸਾਰਾ ਬਾਗੜ ਦੇਸ਼ ਵੀ ਆਪਣੇ ਮਾਲ ਪਸ਼ੂ ਸਮੇਤ, ਭੈਣੀ ਸਾਹਿਬ ਦੇ ਗੁਰੂ ਦਰਬਾਰ ਵਿਚ ਪੁੱਜ ਗਿਆ ਸੀ।

ਅਪ੍ਰੈਲ ੧੯੭੯ ਵਿਚ ਗੁਰੂ ਹਰੀ ਸਿੰਘ ਜੀ, ਸਤਿਗੁਰੂ ਰਾਮ ਸਿੰਘ ਨਮਿਤ ਪਾਠਾਂ ਦੇ ਭੋਗ ਪਾਉਣ, ਉਹਨਾਂ ਦੇ ਹੁਕਮ ਅਨੁਸਾਰ, ਵੈਸਾਖੀ ਪੁਰਬ ਦੇ ਆਸ ਪਾਸ ਦਮਦਮਾ ਸਾਹਿਬ ਗਏ। ਪੰਜ ਅਖੰਡ ਪਾਠਾਂ ਦੇ ਭੋਗ ਪਾਏ। ਦੌਰਾ ਕਰਦੇ ਵਾਪਸ ਜਦੋਂ ਪਿੰਡ ਲੱਖਾ (ਲੁਧਿਆਣਾ) ਵਿਖੇ ਪੁੱਜੇ। "ਇਹ ਚੁਗਲੀ ਕਰਕੇ ਬਟਨ (ਜੇ.ਪੀ. ਵਾਰਬਟਨ) ਨੂੰ ਅਗਨੀ ਲਾਇ ਦਿਤੀ ਮੁਕਬਲਾਂ ਨੇ ਕਿ ਪਾਂਚ ਸੈ ਸਿੰਘ ਇਕੱਠਾ ਹੋਇਆ ਹੋਇਆ ਹੈ।....ਇਹ ਸੁਨਕੇ ਬਟਨ ਤੇ ਜਿਲਾ ਤੇ ਥਾਨੇਦਾਰ ਤਿੰਨੇ ਈ ਆਏ ਜਿੱਥੇ ਗੁਰੂ ਜੀ ਬੈਠੇ ਹੋਏ ਸੀ ਦੀਵਾਨ ਮੇਂ। ਤੀਨ ਵੇਰੀ ਗੁਰੂ ਜੀ ਕਾ ਨਾਮ ਲੈ ਲੈ ਕੇ ਅਵਾਜ਼ਾ ਮਾਰੀਆਂ। ਗੁਰੂ ਜੀ ਸਮਾਧੀ ਮੇਂ ਥੇ ਨਾ ਸੁਨੀਆਂ। ਤਾਂ ਹਰਨਾਮ ਸਿੰਘ ਨੇ ਦਾਨ ਸਿੰਘ ਨੂੰ ਕਹਿਆ ਫਰੰਗੀ ਬੁਲੌਂਦਾ ਹੈ ਗੁਰੂ ਜੀ ਕੋ। ਦਾਨ ਸਿੰਘ ਚਰਨਾਂ ਨੂੰ ਹਾਥ ਸੇ ਹਲਾਇਆ। ਨੇਤਰ ਖੋਹਲਿਆ ਤਾਂ ਦਾਨ ਸਿੰਘ ਆਖਿਆ ਸੀ ਬਟਨ ਵਾਜਾਂ ਮਾਰਦਾ ਹੈ ਧੁਹਾਡਾ ਨਾਉ ਲੈ ਕੇ। ਗੁਰੂ ਜੀ ਉਠੇ। ਜ਼ਿਲ੍ਹੇ ਨੇ ਕਿਹਾ ਬਾਬਾ ਸਾਹਿਬ ਅੱਜ ਭੈਣੀ (ਸਾਹਿਬ) ਮੇਂ ਜਾਇ ਹਾਜ਼ਰ ਹੋਵੋ। ਗੁਰੂ ਜੀ ਭੀ ਅਸਵਾਰ ਹੋਏ। ਕਾਹਨ ਸਿੰਘ ਦੇ ਘਰ ਦਾਖੀਂ ਆਏ। ਮੰਡਿਆਲੀ ਵਾਲੇ ਸਿੰਘ ਨੇ ਸਰਦਾਈ ਕੀਤੀ। ਚੌਲ ਰਿੰਨ੍ਹੇ। ਕਿਸੇ ਛਕੇ ਕਿਸੇ ਨਾ ਛਕੇ, ਥਾਲੀਆਂ ਮੈਂ ਈ ਪਏ ਰਹੇ।"

ਇਹੋ ਜਿਹਾ ਸੀ ਉਹ ਸਮਾਂ ਜਦੋਂ ਅੱਵਲ ਤਾਂ ਭੈਣੀ ਸਾਹਿਬ ਤੋਂ ਬਾਹਰ ਨਿਕਲਣ ਦੀ ਛੁੱਟੀ ਨਹੀਂ ਸੀ ਮਿਲਦੀ, ਜੇ ਕਦੇ ਸਬੱਬੀ ਮਿਲ ਗਈ ਤਾਂ ਸਰਕਾਰੀ ਅਧਿਕਾਰੀ ਜਦੋਂ ਚਾਹੁਣ, ਇਹਨੂੰ ਮਨਸੂਖ ਕਰ ਦੇਣ। ਲੰਗਰ ਪਾਣੀ ਵੀ ਪੂਰਾ ਛਕਣਾ ਨਾ ਮਿਲੇ। ਇਹ ਸੀ ਉਹ ਸਲੂਕ ਜੋ ਬਸਤੀਵਾਦੀ ਸਰਕਾਰ ਆਪਣੇ ਵਿਰੋਧੀ ਕੂਕਿਆਂ ਨਾਲ ਅੱਧੀ ਸਦੀ ਤੱਕ ਕਰਦੀ ਰਹੀ।

ਭਾਈ ਦਾਨ ਸਿੰਘ ਨੇ ਬਾਬਾ ਦਰਬਾਰਾ ਸਿੰਘ ਨਾਲ ਮਿਲ ਕੇ, ਕਈ ਦਫਾ ਗੁਰੂ ਹਰੀ ਸਿੰਘ ਜੀ ਦਾ ਹੁਕਮ ਹੋਣ ਤੇ ਕਸਾਈਆਂ ਦੇ ਵੱਸ ਪਈਆਂ, ਗਊਆਂ ਛੁਡਾਈਆਂ ਸਨ। ਇਕ ਬੁੱਚੜ ਬ੍ਰਾਹਮਣ ਦੇ ਭੇਸ ਵਿਚ ਭੈਣੀ ਸਾਹਿਬ ਡੇਰੇ ਤੋਂ ਗਊਆਂ ਖਰੀਦ ਕੇ ਲੈ ਗਿਆ। ਜਦੋਂ ਪਤਾ ਲੱਗਾ ਕਿ ਇਹ ਤਾਂ ਬ੍ਰਾਹਮਣ ਨਹੀਂ ਸਗੋਂ ਗਊਆਂ ਕਸਾਈਆਂ ਲਈ ਸ਼ਿਮਲੇ ਤੱਕ ਪੁਚਾਉਂਦਾ ਹੈ। ਉਪਰ ਵਰਣਿਤ ਦੋਹਾਂ ਸਿੰਘਾਂ ਨੇ ਉਸਨੂੰ ਪਿੱਛਾ ਕਰਕੇ ਘੇਰਿਆ ਅਤੇ ਗਊਆਂ ਦੇ ਪੈਸੇ ਮੋੜ ਕੇ ਵਾਪਸ ਲਿਆਂਦੀਆਂ। ਨਾਲ ਹੀ ਉਸ ਨਕਲੀ ਬ੍ਰਾਹਮਣ ਨੂੰ ਪੁਲੀਸ ਚੌਂਕੀ ਵਾਲਿਆਂ ਦੇ ਹਵਾਲੇ ਕੀਤਾ। "ਗਾਰਦ ਮੇਂ ਲਿਆਇਕੇ ਦਾਨ ਸਿੰਘ ਨੇ ਕਿਹਾ ਕਿ ਏਨਾਂ ਗਊਆਂ ਵਾਸਤੇ ਸਾਡੇ ਸਿੰਘ ਫਾਂਸੀ ਚੜ੍ਹੇ ਹੈਂ, ਸ੍ਰੀ ਸਤਿਗੁਰੂ ਜੀ ਪ੍ਰਦੇਸ ਗਏ ਹੈਨ। ਜੇਕਰ ਸਾਥੋਂ ਖਰੀਦ ਕੇ ਗਊਆਂ ਕਾ ਬਿਘਨ ਕੀਤਾ ਜਾਏ ਤਾਂ ਸਾਡਾ ਕੀ ਧਰਮ ਰਿਹਾ। ਗਾਰਦ ਕੇ ਸਾਹਮਣੇ ਤੁਰਕ ਸੇ ਅਖਵਾਇ ਲੀਆ ਕਿ ਮੈਨੂੰ ਗਊਆਂ ਕੇ ਰੁਪਏ ਦੇ ਦੀਏ ਹੈਂ। ਤੁਰਕ ਨੇ ਮਸਾਂ ਜਿੰਦ ਛੁਡਾਈ।"[10]

ਭਾਈ ਦਾਨ ਸਿੰਘ ਵੀ ਮਾਤਾ ਜੀਵਣ ਕੌਰ ਜੀ ਵਾਂਗ ਕਾਫ਼ੀ ਉਦਾਰ ਸੁਭਾਉ ਦੇ ਸਨ। ਉਹਨਾਂ ਦੇ ਵਕਤ ਵਿਚ "ਥੋਹੜਾ ਟੈਹਲਾ ਕਰਨਾ, ਪ੍ਰਸਾਦੇ ਤੇ ਘਿਓ ਸ਼ੱਕਰ ਖੁੱਲਾ ਮਿਲ ਜਾਣਾ। ਜੈਸੇ ਤੰਗਲੀ ਨਾਲ ਧੜ ਉਡਾਈ ਦੀ ਹੈ ਤਿਸੀ ਤਰਾਂ ਪਦਾਰਥ ਉਡਿਆ।...ਉਨੀ ਸੈ ਬਤਾਲੀਏ ਸੰਮਤ (੧੯੮੬ ਈ.) ਤੱਕ ਬੜੀ ਲੁੱਟ ਰਹੀ।.... ਸਾਂਭਣੇ ਵਾਲੇ ਥੋੜੇ ਸੀ ਸੋ ਸਾਂਭਦਾ ਸੀ ਜਿਸਨੂੰ ਅੰਦਰੋਂ ਭੈ ਸੀ ਕਿ ਗੁਰੂ ਅੰਤਰਯਾਮੀ ਕਾ ਘਰ ਹੈ। ਗੁਰੂ ਹਰੀ ਸਿੰਘ ਜੀ ਕਿਸੇ ਨੂੰ ਕੁਝ ਨਾ ਸੇ ਕਹਿੰਦੇ ਚਾਹੇ ਭਲੀ ਕਰੇ ਚਾਹੇ ਬੁਰੀ ਕਰੇ। ਦਾਨ ਸਿੰਘ ਖਜ਼ਾਨਚੀ ਸੀ। ਆਮਦਨੀ ਤੇ ਨਕਾਲ ਦਾ ਕੁਝ ਲੇਖਾ ਨਾ ਸੀ। ਬੇਅੰਤ ਹੀ ਔਂਦਾ ਤੇ ਬੇਅੰਤ ਹੀ ਖਰਚ ਸੀ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਕਾ ਬਚਨ ਹੈ ਏਹ ਦੇਗ ਗੁਰੂ ਜੀ ਆਪ ਚਲਾਈ ਹੈ। ਕਿਸੇ ਕੀ ਆਮਦਨੀ ਨਾਲ ਨਹੀਂ ਭਰਦੀ ਤੇ ਕਿਸੇ ਦੇ ਮੁਕਾਇਆ ਮੁੱਕਦੀ ਨਹੀਂ।[11]

ਸੰਨ ੧੯੮੮ ਈ. ਵਿਚ ਮਾਈ ਅਤਰੀ ਮਾਈਸਰ ਖਾਨੇ ਵਾਲੀ, ਰਾਮ ਸਿੰਘ ਉਰਫ ਹਰਨਾਮ ਸਿੰਘ, ਮਾਈਸਰ ਖਾਨਾ ਦੀ ਪੁੱਤਰੀ ਅਤੇ ਮਨੀ ਸਿੰਘ, ਜਿਸਦਾ ਸਤਿਗੁਰੂ ਜੀ ਦੇ ਕਈ ਹੁਕਮਾਨਿਆਂ ਵਿਚ ਜ਼ਿਕਰ ਮਿਲਦਾ ਹੈ, ਦੀ ਭਤੀਜੀ ਵੀ ਡੇਰਾ ਭੈਣੀ ਸਾਹਿਬ ਵਿਚ ਆ ਰਹੀ। ਇਸ ਤੋਂ ਪਹਿਲਾਂ ਸਰਕਾਰ ਨੇ ਉਸਦੇ ਭੈਣੀ ਸਾਹਿਬ ਜਾਣ ਤੇ ਰੋਕ ਲਾਈ ਸੀ। ਉਸਨੂੰ ਪਟਿਆਲਾ ਰਾਜ ਜਿਸਦੀ ਉਹ ਪਰਜਾ ਸੀ ਨੇ ਬਾਗੀ ਪ੍ਰਚਾਰ ਕਾਰਨ ਬਹਾਦਰਗੜ੍ਹ ਕਿਲ੍ਹੇ ਵਿਚ ਨਜ਼ਰਬੰਦ ਵੀ ਰੱਖਿਆ ਸੀ। ਇੱਥੇ ਉਹ ਤਿੰਨ ਵਰ੍ਹੇ ਰਹੀ ਸੀ। ਭਾਈ ਦਾਨ ਸਿੰਘ ਤੋਂ ਡੇਰੇ ਦੇ ਕਾਰ ਵਿਹਾਰ ਦੀ ਮੁਖਤਾਰੀ ਮਾਈ ਅਤਰੀ ਪਾਸ ਆਉਣ ਦਾ ਵਰਣਨ ਵੀ ਸਾਡੇ ਪੁਰਾਤਨ ਇਤਿਹਾਸ ਵਿਚ ਮਿਲਦਾ ਹੈ।

"ਖਾਨੇ ਵਾਲੀ ਕੇ ਦਿਲ ਮੇਂ ਹੋਈ ਕਿ ਜੇ ਮੇਰੇ ਪਾਸ ਕੁੰਜੀਆਂ ਆਇ ਜਾਵਣ ਤਾਂ ਮੈਂ ਬੰਦੋਬਸਤ ਕਰਾਂ ਜੇਹੜਾ ਫਾਲਤੂ ਖਰਚ ਹੈ। ਦਾਨ ਸਿੰਘ ਨੇ ਕੁੰਜੀਆਂ ਸੁੱਟ ਦਿੱਤੀਆਂ ਕਿਸੇ ਬੋਲੇ ਥੀਂ ਖਿਝਕੇ। ਗੁਰੂ ਮਹਾਰਾਜ ਜੀ ਕੁੰਜੀਆਂ ਚੁੱਕ ਕੇ ਖਾਨੇ ਵਾਲੀ ਕੋ ਫੜਾਇ ਦਿੱਤੀਆਂ। ਉਸੀ ਦਿਨ ਸੇ ਫਾਲਤੂ ਖਰਚ ਸਭ ਹਟਾਇ ਦੀਏ, ਮਾਮੂਲੀ ਖਰਚ ਰੱਖਿਆ।

ਜਿਸਸੇ ਨਾ ਸਰੇ ਸੋ ਰਖਿਆ ਅਤੇ ਹੋਰ ਸਭ ਬੰਦ ਕੀਤੇ। ਜੇਹੜਾ ਬਚਨ ਮੰਨੇ ਉਸ ਪਰ ਰਾਜੀ ਜੇਹੜਾ ਬਚਨ ਨਾ ਮੰਨੇ ਉਸ ਪਰ ਨਰਾਜ।"[12]

ਮਾਈ ਨੇ ਪਰਬੰਧ ਦੀ ਸਖਤੀ ਵਿਚ ਮਿਥੇ ਵਕਤ ਤੋਂ ਪਹਿਲਾਂ ਕੱਪੜਾ ਪਾਟੇ ਅਤੇ ਜੁੱਤੀ ਟੁੱਟੇ ਤੋਂ ਵੀ ਨਵੀਂ ਨਾ ਲੈ ਕੇ ਦੇਣੀ। ਭਾਈ ਦਾਨ ਸਿੰਘ ਵੀ ਇਸ ਸਖਤੀ ਦੇ ਸ਼ਿਕਾਰ ਹੋ ਗਏ। ਉਹਨਾਂ ਨੇ ਕਈ ਦਿਨ ਨੰਗੇ ਪੈਰੀਂ ਹੀ ਕੱਢ ਦਿੱਤੇ। ਸੰਤ ਤਰਨ ਸਿੰਘ ਵਹਿਮੀ ਹੋਰਾਂ ਨੇ "ਜੱਸ ਜੀਵਨ" ਵਿਚ ਇਹ ਗੱਲ ਲਿਖੀ ਹੈ ਕਿ ਕਿਸੇ ਸਿੰਘ ਨੇ ਜਦੋਂ ਪੁੱਛਿਆ ਕਿ ਭਾਈ ਜੀ ਤੁਸੀਂ ਸਤਿਗੁਰੂ ਜੀ ਦੇ ਵਜ਼ੀਰ ਹੋ ਕੇ ਵੀ ਨੰਗੇ ਪੈਰੀਂ ਕਿਉਂ ਤੁਰੇ ਫਿਰਦੇ ਹੋ। ਉਹਨਾਂ ਦੇ ਉੱਤਰ ਵਿਚ ਮਾਈ ਅਤਰੀ ਪ੍ਰਤੀ ਕੋਈ ਸਾੜਾ ਈਰਖਾ ਜਾਂ ਦੁਰਵਾਕ ਨਹੀਂ ਨਿਕਲਦਾ। ਉਹ ਕਹਿੰਦੇ ਹਨ, "ਭਾਈ ਸੱਜਣਾਂ ਜਿਹੜਾ ਮੋਚੀ ਮੇਰੀ ਜੁੱਤੀ ਬਣਾਉਂਦਾ ਹੈ ਉਹ ਕਿਤੇ ਗਿਆ ਹੋਇਆ ਹੈ। ਜਦੋਂ ਪਰਤ ਆਵੇਗਾ ਉਹ ਮੈਨੂੰ ਜੁੱਤੀ ਪੁਆ ਦਵੇਗਾ।" ਇਹ ਉਹ ਮਰਿਆਦਾ ਅਤੇ ਉੱਚ ਇਖਲਾਕ ਸੀ, ਜਿਸ ਵਿਚ ਭਾਈ ਦਾਨ ਸਿੰਘ ਜਿਹੇ ਗੁਰੂ ਪਿਆਰੇ ਢਲੇ ਹੋਏ ਸਨ।

ਭਾਈ ਦਾਨ ਸਿੰਘ ਦਾ ਗੁਰਦੁਆਰਾ ਭੈਣੀ ਸਾਹਿਬ ਦੇ ਨਿਰਮਾਣ ਵਿਚ ਵੀ ਵੱਖ ਵੱਖ ਸਮਿਆਂ ਤੇ ਯੋਗਦਾਨ ਹੈ। ਬਾਗ ਵਾਲੀ ਕੋਠੀ ਦੀ ਉਸਾਰੀ ਵੀ ਆਪ ਦੇ ਸਮੇਂ ਵਿਚ ਹੋਈ। "੧੯੫੦ (੧੮੯੩ ਈ.) ਮੇਂ ਰਾਮਸਰ ਖੂਹੀ ਲੱਗੀ। ਏਥੇ ਗੁਰੂ ਜੀ ਸੇ ਆਗਿਆ ਲੈ ਕੇ ਟੱਕ ਲਾਇਆ ਸੀ ਦਾਨ ਸਿੰਘ ਨੇ। ਇਕ ਦਿਨ ਮੇਂ ਪਹੀਏ ਕਾ ਚੱਕ ਸਿੱਟਕੇ ਉਸਾਰੀ ਕਰਾਇਕੇ ਜਲ ਕੱਢ ਕੇ ਸਿੰਘ ਛਕਣ ਲੱਗੇ। ਸੁਖ ਹੋਇਆ। ਪੈਹਲੇ ਜਲ ਦੂਰੋਂ ਲਿਆਇਕੇ ਛਕਦੇ ਸੇ। ਖੂਹੀ ਉਤਾਰੀ ਬਿੰਗੀ ਹੋਇ ਗਈ। ਗੁਰੂ ਮਹਾਰਾਜ ਜੀ ਪਾਸ ਅਰਜ਼ ਕੀਤੀ। ਬਚਨ ਹੋਇਆ ਵੱਡੇ ਸਾਹਿਬਜ਼ਾਂਦੇ ਕੋ ਲੈ ਜਾਓ। ਪਰਤਾਪ ਸਿੰਘ ਜੀ ਮੌਣ ਪਰ ਖੜੇ ਹੋਇਕੇ ਬਚਨ ਕੀਤਾ ਖੂਹੀ ਤਾਂ ਸਿੱਧੀ ਹੈ। ਤਾਂ ਸਿਧੀ ਹੋਇ ਗਈ ਖੂਹੀ। ਅੰਬ ਲਗਾਏ ਹੋਰ ਕਈ ਬੂਟੇ ਲਗਾਏ।[13] ੧੮੯੩ ਈ. ਵਿਚ ਗੁਰੂ ਹਰੀ ਸਿੰਘ ਜੀ ਦੇ ਪਹਿਲੇ ਸਿਆਲਕੋਟ ਜ਼ਿਲ੍ਹੇ ਦੇ ਦੌਰੇ ਸਮੇਂ ਵੀ ਭਾਈ ਦਾਨ ਸਿੰਘ ਹਾਜ਼ਰ ਸਨ। ਇਹ ਦੌਰਾ ਵੀ ਜੇ. ਪੀ. ਵਾਰਬਰਟਨ, ਜੋ ਹੁਣ ਸਿਆਲਕੋਟ ਦਾ ਪੁਲੀਸ ਕਪਤਾਨ ਸੀ, ਉਸਨੇ ਸਤਿਗੁਰੂ ਜੀ ਨੂੰ ਬਹਾਨੇ ਨਾਲ ਨਾ ਕਰਨ ਦਿੱਤਾ।[14]

ਇਸ ਸਮੇਂ ਪਿੰਡ ਭੈਣੀ ਸਾਹਿਬ ਦੇ ਆਮ ਕਿਸਾਨਾਂ ਦਾ, ਕੁਝ ਨਾ ਨੂੰ ਛੱਡ ਕੇ ਸਰਕਾਰੀ ਸ਼ਹਿ ਕਾਰਨ ਡੇਰੇ ਪ੍ਰਤੀ ਮਾੜਾ ਵਤੀਰਾ ਸੀ। ਅਜਿਹੇ ਸਮੇਂ ਭਾਈ ਦਾਨ ਸਿੰਘ ਵੀ ਆਪਣਾ ਜਟਕਾ ਸੁਭਾਉ, ਵਰਤ ਲੈਂਦਾ ਸੀ ਭਾਵੇਂ ਗੁਰੂ ਹਰੀ ਸਿੰਘ ਹਮੇਸ਼ਾਂ ਸ਼ਾਂਤਮਈ ਦੀ ਸਿੱਖਿਆ ਦਿੰਦੇ ਸਨ। "ਰਾਮ ਸਰ ਕੀ ਹੱਦ ਮੇਂ ਹਰਨਾਮ ਸਿੰਘ ਕੇ ਪੁੱਤ ਨੇ ਹਲ ਫੇਰਿਆ। ਕੈਹਣੇ ਲਗਾ ਕਿ ਸਾਡੀ ਹੱਦ ਮੇਂ ਸਰਕੜਾ ਲਾਇਆ ਹੈ। ਦਾਨ ਸਿੰਘ ਨੇ ਗਾਲਾਂ ਕੱਢੀਆਂ ਤੇ ਕਿਹਾ ਮੈਂ ਏਨਾ ਕੇ ਹਲ ਛੁਡਾਵਾਂਗਾ। ਗੁਰੂ ਮਹਾਰਾਜ ਜੀ ਕਿਹਾ ਕਿ ਦੰਗਾ ਕਿਓਂ ਕਰਨਾ ਹੈ, ਅਰਜ਼ੀ ਪਾਇ ਦਿਓ। ਗਲੇ ਨਾ ਪਵੋ।[15] ਕਈ ਵੇਰ ਅਜੇਹੇ ਸਮੇਂ ਤੇ ਭਾਈ ਦਾਨ ਸਿੰਘਦੇ ਕਰੋਧ ਭਰੇ ਬਚਨ ਸੁਣ ਕੇ ਵੀ ਗੁਰੂ ਹਰੀ ਸਿੰਘ ਫੁਰਮਾਉਂਦੇ ਸਨ, "ਅਸੀਂ ਤਾਂ ਦਾਨ ਸਿੰਘ ਨੂੰ ਸਭ ਥੀਂ ਚੰਗਾ ਰੱਖਿਆ ਹੈ।"[16]

ਸੰਨ ੧੯੦੧ ਈ. ਵਿਚ ਦਸ ਦਿਨ ਦੌਰੇ ਦੀ ਛੁੱਟੀ ਸਮੇਂ ਇਕ ਦਿਨ ਗੁਰੂ ਹਰੀ ਸਿੰਘ ਜੀ ਦੇਹ ਕਰਕੇ ਢਿੱਲੇ ਹੋ ਗਏ। ਭਾਈ ਦਾਨ ਸਿੰਘ ਅਤੇ ਭਾਈ ਰਾਗਾ ਸਿੰਘ ਜੋ ਇਸ ਸਮੇਂ ਸਦਾ ਸੇਵਾ ਵਿਚ ਤਤਪਰ ਰਹਿੰਦੇ ਸਨ ਸਾਰੀ ਰਾਤ ਜਾਗਦੇ ਰਹੇ।[17] ਗੁਰੂ ਜੀ ਨਾਲ ਇਕ ਦੌਰੇ ਸਮੇਂ, ਦਸ ਦਿਨ ਦੀ ਛੁੱਟੀ ਉਟਾਲਾਂ ਦੇ ਰਿਖੀ ਸਿੰਘ ਦਾ ਅਨੰਦ ਪੜ੍ਹਾਉਣ ਲਈ ਮਿਲੀ। "ਅਗਲੇ ਦਿਨ ਦਿਆਲਪੁਰੇ ਫੇਰ ਖੰਨੇ ਗਏ। ਥਾਨੇ ਸੇ ਸਿਪਾਹੀ ਆਇਆ। ਕਹਿਣੇ ਲਗਾ ਕਿ ਆਪ ਕੋ ਦੋਨੋ ਪੜਾਉ ਕਰਨ ਕਾ ਹੁਕਮ ਸੀ ਤੁਸੀਂ ਖੰਨੇ ਕਿਉਂ ਆਏ ਹੈਂ। ਦਾਨ ਸਿੰਘ ਦਰਬਾਰਾ ਸਿੰਘ ਭੇਜੇ। ਮੁਨਸ਼ੀ ਨੇ ਕਹਾ ਕਿ ਮੈਂ ਡਰਦਾ ਹਾਂ। ਥਾਨੇਦਾਰ ਏਥੇ ਨਹੀਂ ਹੈ। ਏਤਨੇ ਮੈਂ ਖਬਰ ਆਈ ਏਕ ਆਦਮੀ ਨੇ ਔਰਤ ਬੱਢ ਦਿੱਤੀ ਹੈ, ਸੈਕਦੀ ਹੈ। ਮੁਨਸ਼ੀ ਨੂੰ ਸਭੇ ਗੱਲਾਂ ਭੁਲ ਗਈਆਂ। ਸਿੰਘ ਮੁੜ ਆਏ।"[18]

੧੯੦੦ ਈ. ਵਿਚ ਦੀਵਾਲੀ ਤੋਂ ਬਾਅਦ ਚਾਰ ਮਹੀਨਿਆਂ ਦੀ ਛੁੱਟੀ ਮਿਲੀ ਤੇ ਗੁਰੂ ਹਰੀ ਸਿੰਘ ਜੀ ਲੰਮੇ ਦੌਰੇ ਤੇ ਨਿਕਲੇ। ਅੰਮ੍ਰਿਤਸਰ ਤੋਂ ਮੁੜਦਿਆਂ ਮੀਰਾਂਕੋਟ, ਲੋਪੋਕੇ, ਨਾਰਲੀ ਆਦਿ ਪਿੰਡਾਂ ਵਿਚੋਂ ਹੁੰਦੇ ਹੋਏ ਵਲਟੋਹੇ ਪੁੱਜੇ ਬਾਬਾ ਫਤੇਹ ਸਿੰਘ ਪਹਿਲਵਾਨ ਦੇ ਪਿੰਡ ਵਿਖੇ। ਵਲਟੋਹੇ ਤੋਂ ਚੱਲ ਕੇ ਮਰਹਾਣੇ ਜਾਣਾ ਸੀ ਜਿੱਥੇ ਭਗਵਾਨ ਸਿੰਘ ਅੜਬੰਗੀ ਦੇ ਪੁੱਤਰ ਦੇ ਗੁਜ਼ਰਨ ਤੇ ਗੁਰੂ ਜੀ ਨੇ ਭੋਗ ਸਮੇਂ ਦਰਸ਼ਨ ਦੇਣਾ ਸੀ। ਰਸਤੇ ਵਿਚ ਭਾਈ ਦਾਨ ਸਿੰਘ ਬੀਮਾਰ ਹੋ ਗਏ। ਗੁਰੂ ਹਰੀ ਸਿੰਘ ਜੀ ਨੇ ਉਸਨੂੰ ਨਾਲ ਸਿੰਘ ਦੇ ਕੇ ਘੋੜੀਆਂ ਸਣੇ ਹਰੀਕੇ ਪੱਤਣ ਤੋਂ ਹੀ ਸ੍ਰੀ ਭੈਣੀ ਸਾਹਿਬ ਨੂੰ ਵਾਪਿਸ ਭੇਜ ਦਿੱਤਾ।[19]

੧੯੦੧ ਈ. ਵਿਚ ਮੁਕਤਸਰ ਦੀ ਮਾਘੀ ਪੁਰਬ ਤੇ ਗੁਰੂ ਹਰੀ ਸਿੰਘ ਉੱਥੇ ਪੁੱਜੇ। ਮੁਕਤਸਰ ਤੋਂ ਫੂਲੇਵਾਲਾ, ਗੱਦਾਂ ਡੋਬ (ਗੁਰੂ ਸਰ) ਉੱਥੋਂ ਸੇਖਾ ਪਿੰਡ ਵਿਚ ਗਏ ਜਿੱਥੇ ਜਗਦੀਸ਼ ਸਿੰਘ ਨਾਮ ਦਾ ਸੰਤ ਰਹਿੰਦਾ ਸੀ। ਉਹ ਮਾਈ ਅਤਰੀ ਦੇ ਪ੍ਰਭਾਵ ਵਿਚ ਸੀ ਅਤੇ ਇਲਾਕੇ ਵਿਚ ਉਸਦੀ ਵੀ ਮਾਨਤਾ ਸੀ। ਗੁਰੂ ਹਰੀ ਸਿੰਘ ਨੇ ਨਾਮਧਾਰੀ ਮੁੱਖਧਾਰਾ ਤੋਂ ਨਿੱਖੜੇ ਬਹੁਤ ਸਾਰੇ ਸਾਧੂ ਸੰਤਾਂ, ਨੂੰ ਮੁੜ ਨਾਲ ਜੋੜਿਆ। ਇਸ ਤਰਹਾਂ ਦਾ ਹੀ ਮਨੋਰਥ ਜਗਦੀਸ਼ ਸਿੰਘ ਪਾਸ ਜਾਣ ਦਾ ਸੀ। ਦੂਜਾ ਮਾਈ ਅਤਰੀ ਜੋ ਪਰਦੇਸ ਗਮਨ ਤੋਂ ੨੭-੨੮ ਸਾਲ ਤੱਕ ਮੁੱਖਧਾਰਾ ਦੇ ਨਾਲ ਸੀ ਹੁਣ ਜਾਣ ਬੁੱਝ ਕੇ ਕਿਨਾਰੇ ਤੇ ਚੱਲਣ ਲੱਗ ਪਈ ਸੀ। ਉਸਦੇ ਪ੍ਰਭਾਵ ਖੇਤਰ ਨੂੰ ਵੀ ਗੁਰੂ ਸਾਹਿਬ ਖੋਰਾ ਲਾ ਕੇ ਸਾਰੀ ਨਾਮਧਾਰੀ ਸੰਗਤ, ਏਕਤਾ ਵਿਚ ਸੂਤਰ ਬੱਧ ਕਰਨਾ ਚਾਹੁੰਦੇ ਸਨ। ਭਾਈ ਦਾਨ ਸਿੰਘ ਇਹਨਾਂ ਕਾਰਜਾਂ ਵਿਚ, ਆਪ ਦੇ ਅੰਗ ਸੰਗ ਰਹਿੰਦਾ ਸੀ। ਸਾਡੇ ਇਤਿਹਾਸ ਵਿਚੋਂ ਕੁਝ ਦਿਲਚਸਪ ਟੂਕਾਂ ਹਾਜ਼ਰ ਹਨ—

"ਜਗਦੀਸ਼ ਸਿੰਘ ਜਿੱਥੇ ਰਹਿੰਦਾ ਸੀ ਸੇਖੀਂ, ਉਥੇ ਗਏ। ਗੁਰੂ ਜੀ ਮੰਜੇ ਪਰ ਬੈਠੇ, ਜਗਦੀਸ਼ ਸਿੰਘ ਭੀ ਆਇਆ। ਬਚਨ ਹੋਇਆ ਮੰਜੇ ਪਰ ਬੈਠ ਪੀੜ੍ਹੀ ਪਰ ਬੈਠਾ। ਗੁਰੂ ਜੀ ਬਚਨ ਕੀਤਾ ਜੇਹੜਾ ਜੰਗੀ ਭਜਨ ਕਹਿੰਦਾ ਹੈ ਸੋ ਮੈਨੂੰ ਦੇ। ਉਸਨੇ ਕਹਿਆ-ਜੀ ਮੈਨੂੰ ਤਾਂ ਤੁਹਾਡੇ ਹੀ ਘਰੋਂ ਖੈਰ ਪਿਆ ਸੀ ਸੋ ਮੈਂ ਬਰਤਾਈ ਜਾਂਦਾ ਹਾਂ। ਕੋਲੋਂ ਦਾਨ ਸਿੰਘ ਨੇ ਕਹਾ ਤੂੰ ਏਨਾਂ ਨੂੰ ਨਹੀਂ ਦੱਸਦਾ ਤਾਂ ਸਾਨੂੰ ਹੀ ਦੱਸ ਦੇ। ਉਸਨੇ ਕਹਿਆ ਜੀ ਮੈਂ ਤਾਂ

ਸਾਰਿਆਂ ਦਾ ਹੀ ਦਾਸ ਹਾਂ। ਗੁਰੂ ਜੀ ਬਚਨ ਕੀਤਾ ਤੇਰੀ ਚਿਠੀ ਸਾਡੇ ਪਾਸ ਗਈ। ਕਹਾ ਕਿ ਜੀ ਓਹ ਚਿੱਠੀ ਅਤਰੀ ਨੇ ਭੇਜੀ ਹੈ। ਮੈਥੋਂ ਸੌ ਰੁਪਈਆ ਮੰਗਦੀ ਸੀ ਮੈਂ ਨਾ ਦਿੱਤਾ ਤਾਂ ਚਿਠੀ ਭੇਜੀ ਹੈ।"[20]

ਫਿਰ ਗੁਰੂ ਸਾਹਿਬ ਮਾਈਸਰ ਖਾਨੇ ਦੇ ਸਿੰਘਾਂ ਦੀ ਅਰਜ਼ ਤੇ ਉਸ ਪਿੰਡ ਵੀ ਗਏ। ਮਾਈ ਅਤਰੀ ਦੇ ਡੇਰੇ ਵਿਚ ਵੀ ਗਏ। ਪਰ ਉਹ ਉਪਰ ਚੌਬਾਰੇ ਵਿਚ ਹੀ ਬੈਠੀ ਰਹੀ। ਗੁਰੂ ਜੀ ਦੇ ਗਿਆਂ ਸਨਮੁੱਖ ਨਾ ਹੋਈ। ਜਦੋਂ ਗੁਰੂ ਜੀ ਮੰਡੀ ਗਏ ਤਾਂ ਉੱਥੇ ਆ ਕੇ ਫਿਰ ਵਾਧੇ ਘਾਟੇ ਦੇ ਬਚਨ ਵੀ ਕਰੇ ਅਤੇ ਨਾਲ ਖੜਨ ਦਾ ਇਸਰਾਰ ਵੀ ਕਰੇ। ਉਸਦੇ ਅਜਿਹੇ ਬਚਨ ਭਾਈ ਦਾਨ ਸਿੰਘ ਜਹੇ ਸੂਰਮੇ ਕਦੋਂ ਜਰਦੇ ਸਨ—

..."ਮੰਡੀ ਮੈਂ ਗਏ ਤਾਂ ਖਾਨੇ ਵਾਲੀ ਆਈ। ਗੁਰੂ ਜੀ ਬਚਨ ਕੀਤਾ ਅਸੀਂ ਤਾਂ ਚੱਲਕੇ ਗਏ ਸੀ, ਤੂੰ ਸਾਡੇ ਨਾਲ ਐਸੀ ਕਰੀ। ਕਹਿਣੇ ਲੱਗੀ ਅਸਾਂ ਨੂੰ ਪੁੱਛੋ। ਮੱਸਾ* ਸਿੰਘ ਤੋਂ ਤੁਸੀਂ ਕਹਿ ਕੇ ਅਰਜੀ ਪੁਵਾਈ ਹੈ। ਬਚਨ ਹੋਰ ਕਰੜੇ ਕਰੜੇ ਕਰਦੀ ਰਹੀ। ਦਾਨ ਸਿੰਘ ਭੀ ਬੋਲਿਆ। ਗੁਰੂ ਜੀ ਮਨੇ ਕੀਤਾ ਬੋਲਣੋ। ਕਹਾ ਕਿ ਏਹ ਨਹੀਂ ਹਟਦੀ ਹੈ ਬੋਲਣੋਂ, ਬਾਧੇ ਬੋਲਦੀ ਹੈ।"[21]

ਮਾਰਚ ੧੯੦੧, ਵਿਚ ਸੱਦੋਵਾਲ, ਲਾਇਲਪੁਰ ਬਾਰ ਵਿੱਚ ਗੁਰੂ ਹਰੀ ਸਿੰਘ ਜੀ ਨੇ ਹੋਲਾ ਮਹੱਲਾ ਪੁਰਬ ਤੇ ਦਰਸ਼ਨ ਦਿੱਤੇ। ਬਾਰ ਦੇ ਇਲਾਕੇ ਦਾ ਦੌਰਾ ਕਰਦੇ ਲਾਹੌਰ ਸ਼ਹਿਰ ਵਿੱਚ ਪ੍ਰਸਿੱਧ ਕੂਕਾ ਮੁੱਖੀ ਭਾਈ ਦੇਵਾ ਸਿੰਘ ਪੁੱਤਰ ਸੋਭਾ ਸਿੰਘ ਕਾਰੀਗਰ ਸਿੰਘ ਦੇ ਕਾਰਖਾਨੇ ਵਿੱਚ, ਉਸਦੇ ਭੋਗ ਸਮੇਂ ਉਤਾਰਾ ਕੀਤਾ। ਫਿਰ ਅੰਮ੍ਰਿਤਸਰ ਨਾਮਧਾਰੀ ਧਰਮਸ਼ਾਲਾ ਵਿੱਚ ਆ ਟਿਕੇ। ਇੱਥੇ ਭਾਈ ਦਾਨ ਸਿੰਘ ਨੇ ਖਬਰ ਦਿੱਤੀ, "ਜੀ ਰਾਮਦਾਸਪੁਰੇ ਤਬੇਲੇ ਕੋ ਅਗਨੀ ਲੱਗੀ ਹੈ। ਪਰਲਾ ਤਬੇਲਾ ਸਭ ਜਲ ਗਿਆ ਹੈ।... ਸਿੰਘ ਨੇ ਹੋਲਾਂ ਭੁੰਨਕੇ ਵਲ੍ਹੇਟ ਕੇ ਪ੍ਰਛੱਤੀ ਪਰ ਰੱਖ ਦਿੱਤੀਆਂ ਆਪ ਲਾਂਭੇ ਹੋਇਆ। ਵਿੱਚੋਂ ਕੋਲਾ ਮਘਕੇ ਸਰਕੜੇ ਨੂੰ ਅੱਗ ਲੱਗ ਗਈ।[22] ਇਹ ਭਾਈ ਦਾਨ ਸਿੰਘ ਦੀ ਪੈਨੀ ਦ੍ਰਿਸ਼ਟੀ ਜਾਂ ਪਰਬੰਧ ਕੁਸ਼ਲਤਾ ਸੀ ਕਿ ਕਿਸੇ ਘਟਨਾ ਦਾ ਵੇਰਵਾ ਦਿੰਦੇ ਸਮੇਂ ਉਸ ਦੇ ਕਾਰਨ, ਨੁਕਸਾਨ ਆਦਿ ਦਾ ਸਟੀਕ ਬਿਓਰਾ ਪੇਸ਼ ਕਰ ਦਿੰਦੇ ਸਨ।

ਭੈਣੀ ਸਾਹਿਬ ਤੋਂ ਇਕ ਗਊ ਬਾਣੀਆ ਲੈ ਗਿਆ। ਉਸ ਨੇ ਲੁਧਿਆਣੇ ਇਕ ਨਾਈ ਨੂੰ ਵੇਚ ਦਿੱਤੀ। ਜਦੋਂ ਸੂਈ ਤਾਂ ਇਕ ਥਣ ਵਿੱਚ ਦੁੱਧ, ਤਿੰਨ ਸੁੱਕੇ ਸਨ। ਉਸ ਨੇ ਕਸਾਈਆਂ ਨੂੰ ਦੇ ਦਿੱਤੀ। ਇਕ ਨਾਮਧਾਰੀ ਸਿੰਘ ਨੇ ਵੇਖ ਲਈ ਕਿ ਡੇਰੇ ਦੀ ਗਊ ਕਸਾਈਆਂ ਪਾਸ ਆ ਗਈ ਹੈ। ਉਸਨੇ ਸ੍ਰੀ ਭੈਣੀ ਸਾਹਿਬ ਸੂਚਨਾ ਭੇਜ ਦਿੱਤੀ। "ਸੁਣਦੇ ਸਾਰ ਦਾਨ ਸਿੰਘ ਭੇਜਿਆ। ਤੀਸ ਰੁਪਏ ਦੇ ਕੇ ਗਊ ਕਸਾਈਆਂ ਥੀਂ ਛੁਡਾਇ ਲਿਆਂਦੀ।"[23] ਭਾਈ ਦਾਨ ਸਿੰਘ ਜੈਸੇ ਸਿੰਘ ਹੀ ਭਾਈ ਧਿਆਨ ਸਿੰਘ ਕਾਦਰਾਬਾਦੀ ਦੀ, ਸਤਿਗੁਰੂ ਰਾਮ ਸਿੰਘ ਹੋਰਾਂ ਬਾਰੇ ਉਚਰੇ ਸਵਈਏ ਦੀ ਉਸ ਤੁਕ ਤੇ, ਫੁੱਲ ਚੜ੍ਹਾ ਰਹੇ ਸਨ–"ਗੋਇ ਗਰੀਬਨ ਪਾਲਨ ਕੇ ਹਿਤ, ਰਾਮ ਮ੍ਰਿਗਿੰਦ ਆਇਓ ਤਨ ਧਾਰੀ।"

*ਇਹ ਮੱਸਾ ਸਿੰਘ ਮਾਈ ਅਤਰੀ ਦਾ ਸਕਾ ਭਾਈ ਸੀ।

ਵੀਹਵੀਂ ਸਦੀ ਦੇ ਚੜ੍ਹਦਿਆਂ ਹੀ ਪੰਜਾਬ ਵਿਚ ਤਾਊਨ ਪਈ। ਪਿੰਡਾਂ ਦੇ ਪਿੰਡ

ਖਾਲੀ ਹੋ ਰਹੇ ਸਨ। ਡੇਰੇ ਭੈਣੀ ਸਾਹਿਬ ਤੇ ਗੁਰੂ ਜੀ ਦੀ ਕਿਰਪਾ ਰਹੀ। ਸਾਫ਼ ਸ਼ੁੱਧ ਵਾਤਾਵਰਣ ਸੀ। ਸੰਗਤ ਦਾ ਲੰਗਰ ਪਾਣੀ ਵੀ ਮਰਿਆਦਾ ਵਾਲਾ ਹੁੰਦਾ ਸੀ। ਅਜਿਹੇ ਸਮੇਂ ਕੋਈ ਵੀ ਸਿੰਘ ਭੈਣੀ ਸਾਹਿਬ ਤੋਂ ਪਾਸੇ ਜਾਣ ਦਾ ਹੀਆ ਘੱਟ ਕਰਿਆ ਕਰਦਾ ਸੀ। ਪ੍ਰੰਤੂ ਗੁਰੂ ਕਾ ਹੁਕਮ ਮੰਨ ਕੇ ਭਾਈ ਦਾਨ ਸਿੰਘ ਹੋਰਾਂ ਅਜਿਹੇ ਸਮੇਂ ਵੀ ਗੁਰੂ ਘਰ ਦੇ ਕਾਰਜ ਲਈ, ਬੀਮਾਰੀ ਵਾਲੇ ਪਿੰਡਾਂ ਵਿੱਚ ਜਾਣ ਦੀ ਪਰਵਾਹ ਨਹੀਂ ਕੀਤੀ ਸੀ ਜਦੋਂ ਕਿ ਹੋਰ ਜ਼ਿੰਮੇਵਾਰ ਸਿੰਘ ਆਲਾ ਟਾਲਾ ਵੀ ਕਰ ਜਾਂਦੇ–

"ਮੋਹੀ (ਲੁਧਿਆਣਾ) ਮੈਂ ਗੁਰਦਿਤ* ਸਿੰਘ ਅੱਠ ਸੈ ਰੁਪਈਆ ਉਧਾਰ ਲੈ ਗਿਆ ਸੀ। ਦਮਾਂ ਪਰ ਪਿਆ। ਉਸਨੇ ਰਾਮਦਾਸਪੁਰੇ ਸੁਨੇਹਾ ਭੇਜਿਆ ਆਇਕੇ ਸਭ ਕੁਝ ਮੇਰੇ ਜਿਊਂਦਿਆਂ ਲੈ ਜਾਓ। ਗੁਰੂ ਜੀ ਪਹਿਲੇ ਤਾਂ ਮਹੰਤ (ਸੇਵਾ ਸਿੰਘ) ਨੂੰ ਕਹਿਆ। ਮਹੰਤ ਨੇ ਕਹਿਆ ਜੀ ਦਾਨ ਸਿੰਘ ਨੂੰ ਭੇਜੋ। ਬਚਨ ਹੋਇਆ ਮਹੰਤ ਮੌਤੋਂ ਡਰਦਾ ਹੈ। ਦਾਨ ਸਿੰਘ ਮੋਹੀ ਗਿਆ। ਸਾਰਾ ਅਸਬਾਬ ਹੱਟੀ ਕਾ ਉਸਨੇ ਗੱਡੇ ਪਰ ਧਰ ਦਿੱਤਾ। ਬਾਲਕ ਜੋ ਸੀ ਸੋ ਭੀ ਗੱਡੇ ਪਰ ਚਾੜ੍ਹਕੇ ਗੱਡਾ ਤੋਰ ਦੀਆ। ਗੁਰਦਿਤ ਸਿੰਘ ਨੇ ਜਾਂਦਿਆਂ ਦਾਨ ਸਿੰਘ ਨੂੰ ਕਹਿਆ ਜੀ ਮੇਰੇ ਹਿਰਦੇ ਮੈਂ ਪ੍ਰਾਣ ਅਟਕੇ ਰਹੇ ਹੈ। ਜਿਨਾਂ ਚਿਰ ਤੁਸੀਂ ਆਏ ਨਹੀਂ ਉਤਨਾ ਚਿਰ ਗੁਰੂ ਜੀ ਨੇ ਆਪਣੇ ਰੁਪਈਏ ਲੈਣ ਨੂੰ ਪ੍ਰਾਣ ਨਾ ਨਿਕਲਣ ਦਿੱਤੇ ਜਾਂ ਗੱਡਾ ਤੁਰਿਆ ਤਾਂ ਸਿੰਘ ਚੜ੍ਹਾਈ ਕੀਤੀ। ਬਾਲ ਬੱਚਾ ਬਲਦੀ ਅੱਗ ਵਿੱਚੋਂ ਕੱਢ ਆਂਦਾ ਰਾਮਦਸਾਪੁਰੇ।"[24]

*ਸਤਿਗੁਰੂ ਰਾਮ ਸਿੰਘ ਜੀ ਦੀ ਮਾਮੀ ਰਾਮੀ ਦੀ ਨੂੰਹ ਬੀਬੀ ਭੋਲੀ, ਲੁਧਿਆਣੇ ਵਾਲੀ ਦਾ ਜੁਆਈ।

ਸਤਿਗੁਰੂ ਪ੍ਰਤਾਪ ਸਿੰਘ ਜੀ ਜਦੋਂ ਬਾਰਾਂ ਕੁ ਸਾਲ ਦੇ ਆਯੂ ਦੇ ਸਨ ਤਾਂ ਆਪ ਦਾ ਨਿਵਾਸ ਤਬੇਲੇ ਵਿੱਚ ਛੱਤੇ ਇਕ ਚੌਬਾਰੇ ਵਿਚ ਹੁੰਦਾ ਸੀ। ਬਚਪਨ ਵਿਚ ਆਪ ਗੁਰੂ ਕੇ ਊਠਾਂਵਾਲੇ ਉਗਰਾਹੀਆਂ, ਬਾਬਾ ਸੰਤਾ ਸਿੰਘ, ਵੀਰ ਸਿੰਘ, ਸੁਰਜਨ ਸਿੰਘ, ਮਾਝੇ ਦੇ ਸਿੰਘਾਂ ਦੇ, ਆਸਣਾਂ ਵਿਚਾਲੇ ਹੀ ਬਰਾਜਦੇ ਸਨ। ਹੁਣ ਤਬੇਲੇ ਅਤੇ ਭੈਣੀ ਸਾਹਿਬ ਗੁਰਦੁਆਰੇ ਦੇ ਵਿਚਾਲੇ, ਜੋ ਪੰਜ ਕਰਮ ਦੀ ਗਲੀ ਸੀ ਉਸਨੂੰ ਕੱਜਣ ਲਈ ਤਾਂਕਿ ਵਾਰ ਵਾਰ ਪੁਲੀਸ ਚੌਂਕੀ ਦੀ ਪੁੱਛਗਿੱਛ ਤੋਂ ਬਚਕੇ, ਉੱਪਰੋਂ ਉੱਪਰ ਲੰਘਿਆ ਜਾ ਸਕੇ, ਭਾਈ ਦਾਨ ਸਿੰਘ ਹੋਰਾਂ ਨੇ ਤੀਹ ਕੁ ਫੁੱਟ ਲਟੈਣ ਲਿਆ ਕੇ, ਲੱਕੜ ਦਾ ਪੁਲ ਬਣਾ ਦਿੱਤਾ। ਇਸਨੂੰ ਬਹੁਤ ਵੱਡੀ ਹੁਕਮ ਅਦੂਲੀ ਸਮਝ ਕੇ ੨੧ ਮਾਰਚ ੧੯੦੨ ਨੂੰ ਪੁਲਿਸ ਕਪਤਾਨ, ਸ੍ਰੀ ਭੈਣੀ ਸਾਹਿਬ ਪੁੱਜ ਗਿਆ। "ਉਨੀ ਸੈ ਅਠਵੰਜਾ ਕੀ ਫਗਣ ਸਦੀ ਬਾਰਾਂ ਕੋ ਫਰੰਗੀ ਪੁਲਸ ਕਾ ਆਇਆ। ਕਹਿਣੇ ਲੱਗਾ ਕਹਾ ਹੈ ਪੁਲ ਜੋ ਗਲੀ ਕੇ ਉੱਪਰ ਪਾਇਆ ਹੈ ? ਹੌਲਦਾਰ ਨੇ ਕਹਿਆ ਵੋਹ ਹੈ। ਦੇਖ ਕੇ ਪੁੱਛਨੇ ਲਗਾ ਕਿਉਂ ਬਨਾਇਆ ਹੈ ? ਦਾਨ ਸਿੰਘ ਨੇ ਕਹਿਆ ਕਿ ਪ੍ਰਤਾਪ ਸਿੰਘ ਸਾਹਿਬਜ਼ਾਦੇ ਕਾ ਚੁਬਾਰੇ ਵਿੱਚ ਆਸਨ ਹੈ, ਜਾਣ ਵਾਸਤੇ ਪਾਇਆ ਹੈ। ਪਹਿਲੇ ਪੁਲ ਕਾ ਛਤੀਰ ਟੁੱਟ ਗਿਆ ਹੈ, ਉਸਕੀ ਜਗਾ ਲਟੈਣ ਪਾਇਕੇ ਬਣਾਇਆ ਹੈ। ਨਵਾਂ ਨਹੀਂ ਪਹਿਲੇ ਭੀ ਥਾ ਪੁਲ। ਫਰੰਗੀ ਨੇ ਕਹਾ ਤੁਮ ਆਦਮੀ ਲਿਆਵਣ ਨੂੰ ਬਣਾਇਆ ਹੈ। ਇਧਰ ਸੇ ਚੋਰੀ ਸਿੰਘ ਲੰਘ ਜਾਂਦੇ ਹੈ।...ਫੇਰ ਭੀ

ਏਹੀ ਕਹਿ ਗਿਆ ਕਿ ਗਰਾਇਆ ਗਿਆ ਸੀ ਸਰਕਾਰ ਦੇ ਹੁਕਮ ਨਾਲ ਤੁਮਨੇ ਫੇਰ ਬਣਾਇ ਲੀਆ ਹੈ। ਦਾਨ ਸਿੰਘ ਨੇ ਕਹਿਆ ਬਨਿਆ ਨੂੰ ਬਹੁਤ ਚਿਰ ਹੋਇਆ ਹੈ। ਸਾਡੇ ਤਾਂ ਦਸ ਸਿੰਘ ਭੀ ਪੂਰੇ ਨਹੀਂ ਹੁੰਦੇ। ਅਸਾਂ ਚੋਰੀ ਕਿਉਂ ਲੰਘਣਾ ਹੈ। ਗੁਰੂ ਜੀ ਬਚਨ ਕੀਤਾ ਇਸ ਪੁਲ ਕਰਕੇ ਤੁਹਾਡਾ ਕੀ ਨੁਕਸਾਨ ਹੈ। ਫਰੰਗੀ ਨੇ....ਕਿਹਾ ਬਾਬਾ ਜੀ ਬਹੁਤ ਬੁੱਢੇ ਹੋ ਗਏ ਹੈ। ਚਲਾ ਗਿਆ।"[25]

ਭਾਈ ਦਾਨ ਸਿੰਘ ਅਤੇ ਨਰਾਇਣ ਸਿੰਘ ਹੋਰਾਂ ਨੇ ਲੁਧਿਆਣੇ ਗੁਰੂ ਜੀ ਦੇ ਦੌਰੇ ਲਈ ਛੁੱਟੀ ਵਾਸਤੇ ਜਾਣਾ ਸੀ। ਅੱਗੇ ਸਰਕਾਰੀ ਡਾਕਟਰ ਜਬਰੀ ਟੀਕੇ ਲਾ ਰਹੇ ਸਨ ਡੌਲਿਆਂ ਵਿੱਚ। ਦੋਹਾਂ ਸਿੰਘਾਂ ਨੇ ਆਪਣੀ ਮਰਿਆਦਾ ਕਾਇਮ ਰੱਖਣ ਲਈ ਇਹ ਟੀਕੇ ਨਾ ਲੁਆਏ। "ਜੇਕਰ ਅਸੀਂ ਲੋਦਾ ਕਰਾਈਏ ਤਾਂ ਸਿਖੀ ਮੈਂ ਫਰਕ ਪੈਂਦਾ ਹੈ। ਗੁਰੂ ਜੀ ਕਾ ਭਾਣਾ ਮੰਨਣਾ ਹੈ। ਫਰੰਗੀ ਨਰਾਜ਼ ਜੇਹਾ ਹੋਇਆ। ਲੋਦਾ ਏਹ ਹੈ ਡੌਲੇ ਕੇ ਉੱਪਰ ਸੂਆ ਚੁਭੋਇ ਦਿੰਦੇ ਹੈ।"[26]

ਦਾਨ ਸਿੰਘ ਤੋਂ ਬਾਅਦ ਮਾਈ ਅਤਰੀ ਕੁਝ ਵਰ੍ਹੇ ਖਜ਼ਾਨੇ ਦੀ ਕੁੰਜੀ ਬਰਦਾਰ ਰਹੀ ਸੀ। ਉਸਦੇ ਜਾਣ ਬਾਦ ਮਾਈ ਗੁਰਦੇਈ ਖੰਨੇ ਵਾਲੀ ਨੂੰ ਕੁੰਜੀਆਂ ਮਿਲੀਆਂ ਅਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪ੍ਰਕਾਸ਼ ਲੈਣ ਬਾਅਦ, ਕੁੰਜੀਆਂ ਮਾਤਾ ਜਿਊਣ ਕੌਰ ਜੀ ਨੂੰ ਮਿਲ ਗਈਆਂ। ਗੁਰੂ ਹਰੀ ਸਿੰਘ ਜੀ ਨੇ ਬਚਨ ਕੀਤਾ "ਜਦੋਂ ਦੇ ਜਿਊਣ ਕੌਰ ਹੱਥ ਖਜ਼ਾਨਾ ਆਇਆ ਹੈ ਤਾਂ ਕੁਝ ਖਜ਼ਾਨਾ ਜਮ੍ਹਾਂ ਹੋਇਆ ਹੈ...ਦਾਨ ਸਿੰਘ ਹੁਦਾਰੇ ਰੁਪਏ ਲੈ ਕੇ ਕੰਮ ਸਾਰਦਾ ਹੁੰਦਾ ਸੀ ਪਿੰਡ ਦੇ ਲੋਕਾਂ ਥੀਂ।"[27]

ਲਾਹੌਰ ਦੇ ਉੱਪਰ ਵਰਣਿਤ ਸੂਬਾ ਦੇਵਾ ਸਿੰਘ ਹੋਰਾਂ ਦੇ ਛੋਟੇ ਪੁੱਤਰ, ਭਗਤ ਸਿੰਘ ਨੂੰ ਅਕਾਰਣ ਹੀ ਕਿਸੇ ਮੁਕਦਮੇ ਵਿੱਚ, ਸੱਤ ਸਾਲ ਦੀ ਕੈਦ ਹੋਈ। ਅੰਮ੍ਰਿਤਸਰ ਦੇ ਭਾਈ ਮਤਾਬ ਸਿੰਘ ਪਕੌੜੀਏ ਨੇ, ਗੁਰੂ ਹਰੀ ਸਿੰਘ ਜੀ ਪਾਸ ਅਰਜ਼ ਕੀਤੀ ਕਿ ਇਸ ਵਕਤ ਉਸਦਾ ਕੋਈ ਨਹੀਂ। ਆਪ ਜੀ ਬਿਨਾਂ ਕੌਣ ਸਹਾਇਤਾ ਕਰੇ।... ਗੁਰੂ ਜੀ ਬਚਨ ਕੀਤਾ ਦਰੋਗੇ ਕੋ ਕਹੋ ਜੋ ਮੁਸ਼ੱਕਤ ਕੀ ਨਰਮਾਈ ਹੋਵੇ ਨਾਲੇ ਅਪੀਲ ਕਰੋ ਛੁੱਟ ਜਾਇਗਾ। ਦਾਨ ਸਿੰਘ ਭੇਜਿਆ। ਦਾਨ ਸਿੰਘ ਜਾਣ ਵਕਤ ਅਰਦਾਸਾ ਕੀਤਾ ਕਿ ਮੇਰਾ ਸਰੀਰ ਬੇਸ਼ਕ ਚੜ੍ਹ ਜਾਵੇ ਪਰ ਭਗਤ ਸਿੰਘ ਛੁੱਟ ਜਾਵੇ ਜਾਂ ਦਾਨ ਸਿੰਘ ਮੁੜਕੇ ਆਇਆ ਤਾਂ ਬੀਮਾਰ ਹੋ ਕੇ ਚੜ੍ਹਾਈ ਕਰ ਗਿਆ। ਉਸੀ ਦਿਨ ਤਾਰ ਆਈ ਕਿ ਭਗਤ ਸਿੰਘ ਛੁੱਟ ਗਿਆ ਹੈ।"[28] ਇਹ ਘਟਨਾ ੧੯੦੩ ਈ. ਦੀ ਹੈ।

ਸਤਿਗੁਰੂ ਪ੍ਰਤਾਪ ਸਿੰਘ ਜੀ ਆਪਣੇ ਬਚਪਨ ਵਿੱਚ ਭਾਈ ਦਾਨ ਸਿੰਘ ਹੋਰਾਂ ਨਾਲ ਘੋੜੀ ਤੇ ਸੁਆਰੀ ਕਰਿਆ ਕਰਦੇ ਸਨ। ਆਪਦੇ ਉਪਦੇਸ਼ਾਂ ਵਿੱਚ ਭਾਈ ਦਾਨ ਸਿੰਘ ਦੀ ਸੁਚੇਤਤਾ ਪਰਥਾਇ ਕੀਤੇ ਹੋਏ ਬਚਨ, ਰੀਕਾਰਡ ਹੋਏ ਮਿਲਦੇ ਹਨ—

"ਇਹ ਗੁਰੂ ਹਰੀ ਸਿੰਘ ਜੀ ਦੇ ਚੁਰੰਜੇ ਸੰਮਤ ੧੯੫੪ (ਮੁਤਾਬਿਕ ੧੮੯੭ ਈ.) ਦੇ ਦੌਰੇ ਦੀ ਗੱਲ ਹੈ।....ਤਾਂ ਉੱਥੋਂ ਮੁਹਾਵੇ ਨੂੰ ਗਏ ਹਾਂ ਚੇਲੇਕਿਆਂ ਤੋਂ। ਦਾਨ ਸਿੰਘ ਹੁਰੀਂ ਘੋੜੀ ਰਾਮਕਲੀ ਉਹਦਾ ਨਾਮ ਸੀ, ਉਹਦੇ ਤੇ ਹੁੰਦੇ ਤੇ ਅਸੀਂ ਦੋਵੇਂ ਵੱਖਰੇ ਹੀ ਜਾਂਦੇ। ਮੈਂ ਉਸ ਘੋੜੀ ਤੇ ਚੜ੍ਹਿਆ। ਪਹਿਲਾਂ ਰਾਹ 'ਚ ਪਾਣੀ ਪਿਲਾਉਣ ਲੱਗਿਆਂ–ਮੇਰੀ ਕਿਤੇ

ਦਾੜ੍ਹੀ ਫੁੱਲ ਨਾ ਪੁਵਾਈਂ ਦਾਨ ਸਿੰਘ ਹੁਰਾਂ ਮੈਨੂੰ ਇਹ ਗੱਲ ਆਖੀ ਹੈ। ਘੋੜੀ ਤੋਂ ਨਾ ਕਿਤੇ...ਬੱਚਾ ਸਾਂ। ਦੇਸੀ ਕਾਠੀ ਸੀ। ਘੋੜੀ ਦੀ ਲਗਾਮ ਦੀ ਵਾਗ ਸੀ ਨਾ, ਉਹ ਜਿਹੜੀ ਸੂਤਰ ਦੀਆਂ ਹੁੰਦੀਆਂ ਨੇ, ਉਹ ਹੰਨੇ ਨਾਲ ਬੰਨ੍ਹ ਕੇ...।"[29]

ਅਜਿਹੇ ਸਨ, ਗਊ ਗਰੀਬ ਦੀ ਰੱਖਿਆ ਲਈ, ਗੁਰੂ ਕਾ ਹੁਕਮ ਸਦਾ ਵਜਾਉਣ ਲਈ ਤਤਪਰ, ਆਪਣੇ ਸੁਖ ਆਰਾਮ ਇੱਥੋਂ ਤਕ ਕਿ ਜਾਨ ਦੀ ਪਰਵਾਹ ਨਾ ਕਰਕੇ, ਵੇਲੇ ਦੇ ਜਾਬਰ ਹਾਕਮਾਂ ਦਾ ਕਰੋਧ ਸਹੇੜਨ ਵਾਲੇ ਅਤੇ ਦੂਸਰੇ ਸਿੰਘ ਦੇ ਭਲੇ ਲਈ ਆਪਣੇ ਪਰਾਣ ਤੱਕ ਨਿਉਛਾਵਰ ਕਰ ਦੇਣ ਤੋਂ ਨਾ ਘਬਰਾਉਣ ਵਾਲੇ, ਗੁਰੂ ਹਰੀ ਸਿੰਘ ਜੀ ਦੇ ਅਨਿੰਨ ਸਿੱਖ, ਨਿਕਟੀ ਸੇਵਕ, ਡੇਰਾ ਪਰਬੰਧਕ ਅਤੇ ਪਰਉਪਕਾਰੀ ਭਾਈ ਦਾਨ ਸਿੰਘ ਜੀ। ਉਹਨਾਂ ਦਾ ਨਾਮ ਨਾਮਧਾਰੀ ਇਤਿਹਾਸ ਦੇ ਗੁਰੂ ਹਰੀ ਸਿੰਘ ਕਾਲ ਵਿੱਚ ਹਮੇਸ਼ਾਂ ਹੀ ਆਦਰ ਸਤਿਕਾਰ ਨਾਲ ਲਿਆ ਜਾਂਦਾ ਰਹੇਗਾ।

## ਹਵਾਲੇ ਅਤੇ ਟਿੱਪਣੀਆਂ


1. ਕੂਕਾਜ਼ ਆਫ ਨੋਟ ਇਨ ਦਾ ਪੰਜਾਬ (ਸੰ. ਜਸਵਿੰਦਰ ਸਿੰਘ) ਸਫਾ ੨੮-੨੯
2. ਸਤਿਗੁਰੂ ਬਿਲਾਸ, ਭਾਗ ਪਹਿਲਾ, ਭਾਈ ਸੰਤੋਖ ਸਿੰਘ ਬਾਹੋਵਾਲ (ਸੰ. ਜਸਵਿੰਦਰ ਸਿੰਘ) ਸਫਾ ੪੮੩-੮੪
3. ਸਤਿਗੁਰੂ ਬਿਲਾਸ ਭਾਗ ਦੂਜਾ, ਭਾਈ ਸੰਤੋਖ ਸਿੰਘ ਬਾਹੋਵਾਲ, ਸਫਾ ੨੩੬
4. ਕੂਕਾ ਮੂਵਮੈਂਟ (ਫਰੀਡਮ ਸਟਰਗਲ ਇਨ ਪੰਜਾਬ)-ਸੰ. ਜਸਵਿੰਦਰ ਸਿੰਘ, ਸਫਾ ੫੮
5. ਰੀਬੈਲਜ਼ ਅਗੇਂਸਟ ਦਾ ਬ੍ਰਿਟਿਸ਼ ਰੂਲ (ਸੰ. ਭਾਈ ਨਾਹਰ ਸਿੰਘ ਕਿਰਪਾਲ ਸਿੰਘ) ਸਫਾ ੮੧੫-੨੦
6. ਸਤਿਗੁਰੂ ਬਿਲਾਸ ਭਾਗ ਦੂਜਾ ਸਫਾ ੬੧
7. ਉਹੀ, ਸਫਾ ੬੩-੬੪
8. ਉਹੀ, ਸਫਾ ੭੨-੭੩
9. ਉਹੀ, ਸਫਾ ੮੪
10. ਉਹੀ, ਸਫਾ ੧੫੪
11. ਉਹੀ, ਸਫਾ ੧੬੯
12. ਉਹੀ, ਸਫਾ ੧੭੨
13. ਉਹੀ, ਸਫਾ ੧੮੫
14. ਉਹੀ, ਸਫਾ ੧੮੫
15. ਉਹੀ, ਸਫਾ ੨੩੫
16. ਉਹੀ, ਸਫਾ ੨੩੬
17. ਉਹੀ, ਸਫਾ ੨੫੮
18. ਉਹੀ, ਸਫਾ ੨੫੯

19. ਉਹੀ, ਸਫਾ ੨੭੭
20. ਉਹੀ, ਸਫਾ ੨੭੮
21. ਉਹੀ, ਸਫਾ ੨੮੦-੮੧
22. ਉਹੀ, ਸਫਾ ੨੮੬-੮੭
23. ਉਹੀ, ਸਫਾ ੨੯੮
24. ਉਹੀ, ਸਫਾ ੩੦੬
25. ਉਹੀ, ਸਫਾ ੩੧੫
26. ਉਹੀ, ਸਫਾ ੩੧੬
27. ਉਹੀ, ਸਫਾ ੩੨੬
28. ਉਹੀ, ਸਫਾ ੩੪੫
29. ਲਾਲ ਏਹਿ ਰਤਨ (ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪਵਿੱਤਰ ਉਪਦੇਸ਼)- ਭਾਗ ੫ (ਸੰ. ਪ੍ਰਿੰ. ਬੇਅੰਤ ਕੌਰ) ਸਫਾ ੭੧

# ਕੂਕਾ ਕਾਰ ਵਿਚ ਰੰਗੀ ਹੋਈ,ਮਾਈ ਗੁਰਦੇਈ ਖੰਨੇ ਵਾਲੀ

ਆਪਣੇ ਹੋ ਗੁਜ਼ਰੇ ਪੁਰਖਿਆਂ ਦੀ ਵਿਰਾਸਤ ਤੋਂ, ਆਪਣੇ ਮਹਾਂ ਪੁਰਖਾਂ ਦੇ ਇਤਿਹਾਸ ਤੋਂ, ਮੁਨਕਰ ਹੋਣ ਦੇ ਕੀ-ਕੀ ਮਾਰੂ ਪ੍ਰਣਾਮ ਨਿਕਲ ਸੱਕਦੇ ਹਨ; ਇਸ ਸਬੰਧ ਵਿਚ ਬਹੁਤ ਪਹਿਲਾਂ ੧੯੩੮ ਇ. ਵਿੱਚ ਕਾਸ਼ੀ ਵਿਦਿਆਪੀਠ ਦੇ ਸ਼੍ਰੀ ਅਚਾਰੀਆ ਜੈ ਚੰਦਰ ਜੀ ਵਿਦਿਆਲੰਕਾਰ ਦੀ ਇਹ ਲਿਖਤ, ਬੜੀ ਮਹੱਤਵਪੂਰਨ ਹੈ "ਸਾਨੂੰ ਭਾਰਤ ਵਾਸੀਆਂ ਨੂੰ ਆਪਣੇ ਇਤਿਹਾਸ ਦੀ ਕੋਈ ਖਾਸ ਪਰਵਾਹ ਨਹੀਂ। ਆਪਣੇ ਕੌਮੀ ਜੀਵਨ ਦੀਆਂ ਜਿਨ੍ਹਾਂ ਕਮਜ਼ੋਰੀਆਂ ਕਰਕੇ ਅਸੀ ਗੁਲਾਮ ਹਾਂ, ਉਹੀ ਸਾਡੀ ਇਤਿਹਾਸ ਵਲੋਂ ਬੇਪ੍ਰਵਾਹੀ ਦਾ ਭੀ ਕਾਰਣ ਹਨ। ਕਿਉਂਕਿ ਇਤਿਹਾਸ ਪੜ੍ਹਾਉਣ ਦਾ ਮਤਲਬ, ਆਪਣੀ ਪਿਛਲੀ ਅਰ ਮੌਜੂਦਾ ਹਾਲਤ ਉਪਰ ਵਿਚਾਰ ਕਰਨਾ ਹੀ ਹੈ। ਕਿਸੇ ਕੌਮ ਵਿਚ ਐਸੀ ਆਦਤ ਦਾ ਘਟ ਜਾਣਾ, ਉਸਦੀ ਜੀਵਨ ਸ਼ਕਤੀ ਦੇ ਘਟਣ ਦਾ ਹੀ ਸਬੂਤ ਹੈ। ਸਾਡੀ ਗੁਲਾਮੀ ਦਾ ਤਾਂ ਖ਼ਾਸ ਕਾਰਣ ਹੀ ਇਹ ਹੈ ਕਿ ਸਾਡੀ ਆਪਣੀ ਗਲਤੀ ਨੂੰ ਦੇਖਣ, ਸਮਝਣ ਅਤੇ ਉਸ ਤੇ ਵਿਚਾਰ ਕਰਨ ਵੱਲ ਝੁਕਾ ਹੀ ਨਹੀਂ ਰਿਹਾ।... ਸਾਡੇ ਆਪਣੇ ਜ਼ਮਾਨੇ ਵਿਚ ਹਿੰਦੁਸਤਾਨ ਨੇ ਜੋ ਨਵਾਂ ਜੀਵਨ ਗ੍ਰਹਿਣ ਕੀਤਾ, ਉਸਦੇ ਇਤਿਹਾਸ ਵਿਚੋਂ ਸਾਨੂੰ ਰਾਜਾ ਰਾਮ ਮੋਹਨ ਰਾਇ, ਸਵਾਮੀ ਦਯਾ ਨੰਦ ਅਰ ਸਵਾਮੀ ਵਿਵੇਕਾ ਨੰਦ ਦੇ ਨਾਮ ਹੀ ਬਹੁਤੇ ਯਾਦ ਹਨ। ਪਰ ਪੰਜਾਬ ਦੇ ਜਿਸ ਸਤਿਗੁਰੂ ਰਾਮ ਸਿੰਘ ਜੀ ਨੇ ਸਭ ਤੋਂ ਪਹਿਲੇ ਨਾਮਿਲਵਰਤਨ ਅਰ ਦੇਸ਼ ਭਗਤੀ ਦੀ ਸਿਖਿਆ ਦੇਸ਼ ਨੂੰ ਦਿੱਤੀ, ਉਹਨਾਂ ਦਾ ਅਸੀਂ ਨਾਮ ਹੀ ਭੁੱਲ ਰਹੇ ਹਾਂ।

"ਜਦ ਭੀ ਪੰਜਾਬ ਦੀ ਅਣਖ ਫੇਰ ਜਾਗੇਗੀ ਅਤੇ ਜਦ ਭੀ ਵਰਤਮਾਨ ਭਾਰਤ ਦਾ ਸੱਚਾ ਇਤਿਹਾਸ ਲਿਖਣ ਵੱਲ ਧਿਆਨ ਦਿਆਂਗੇ, ਸਤਿਗੁਰੂ ਰਾਮ ਸਿੰਘ ਜੀ ਦੇ ਮਾਨਵ ਚਰਿਤਰ ਦਾ ਬੜੀ ਸਾਵਧਾਨੀ ਨਾਲ ਗਹੁ ਕਰਨਾ ਪਵੇਗਾ। ਸਚਮੁਚ ਭਾਰਤ ਵਿਚ ਵਰਤਮਾਨ ਯੁੱਗ ਦੇ ਆਪ ਮਹਾਂ-ਪੁਰਖ ਹਨ।"[1]

ਵਿਦੇਸ਼ਾਂ ਵਿੱਚ ਇਕ ਸਦੀ ਪਹਿਲਾਂ ਬਣੀ ਗਦਰ ਪਾਰਟੀ, ਸ਼ਹੀਦੇ ਆਜ਼ਮ ਭਗਤ ਸਿੰਘ ਅਤੇ ਦੇਸ਼ ਦੇ ਹੋਰ ਕੌਮੀ ਆਗੂਆਂ ਨੇ ਸਤਿਗੁਰੂ ਜੀ ਦੀ ਅਗੁਆਈ ਵਿਚ ਚੱਲਣ ਵਾਲੇ ਕੂਕਾ ਅੰਦੋਲਨ ਦਾ ਪੰਜਾਬ ਵਿਚ ਕੌਮੀ ਮੁਕਤੀ ਅੰਦੋਲਨ ਵਜੋਂ ਜਦੋਂ ਅਧਿਐਨ ਕੀਤਾ ਤਾਂ ਉਹ ਅਚੰਭਿਤ ਰਹਿ ਗਏ ਕਿ ਕਿਰਤੀ ਕਿਸਾਨਾਂ ਅਤੇ ਦਸਤਕਾਰਾਂ ਦੀ ਇਸ ਲੋਕ-ਲਹਿਰ, ਕੂਕਾ ਲਹਿਰ ਦਾ ਕਲੇਵਰ ਕਿਤਨਾ ਵਿਸ਼ਾਲ ਸੀ ਅਤੇ ਬਾਹਰੀ ਤੌਰ ਤੇ ਭਾਂਵੇ ਇਕ ਸਿੱਖ ਧਾਰਮਿਕ ਜਾਗਰਣ ਦੀ ਲਹਿਰ ਸੀ ਪਰ ਇਸ ਦੀ ਗਿਰੀ ਦਾ ਸਿਆਸੀ ਤੱਤ, ਸਾਮੰਤ ਸ਼ਾਹੀ, ਬਸਤੀਵਾਦੀ ਪ੍ਰਣਾਲੀ ਦਾ ਖਾਤਮਾ ਅਤੇ ਭਾਈਚਾਰੇ ਤੇ ਆਧਾਰਿਤ ਸਮਤਾ ਮੂਲਕ ਮੁੱਲ ਵਿਧਾਨ ਨੂੰ, ਕੌਮੀ ਜੀਵਨ ਦਾ ਅੰਗ ਬਣਾਉਣਾ

ਸੀ। ਸਤਿਗੁਰੂ ਰਾਮ ਸਿੰਘ ਜੀ ਦੇ ਪਰਦੇਸ ਗਮਨ ਤੋਂ ਬਾਅਦ ਆਪਦੇ ਅਨੁਜ ਭਰਾਤਾ, ਗੁਰੂ ਹਰੀ ਸਿੰਘ ਜੀ ਨੇ ਚੌਤੀ ਵਰ੍ਹੇ ਜਿਸ ਸਿਰੜ, ਸਿਦਕ ਤੇ ਤਨਦੇਹੀ ਨਾਲ, ਕੂਕਾ ਅੰਦੋਲਨ ਜਾਂ ਨਾਮਧਾਰੀ ਪੰਥ ਦੀ ਅਗੁਆਈ ਕੀਤੀ, ਉਸ ਦੀ ਮਿਸਾਲ ਇਤਿਹਾਸ ਵਿਚ ਘੱਟ ਹੀ ਮਿਲਦੀ ਹੈ। ਆਪ ਦਾ ਘਰ, ਡੇਰਾ ਭੈਣੀ ਸਾਹਿਬ ਜਾਂ ਕੂਕਾ ਕੇਂਦਰ ਇਹਨਾਂ ਸਮਿਆਂ ਵਿਚ, ਬਰਤਾਨਵੀ ਹਾਕਮਾਂ ਦੀਆਂ ਕਠੋਰ ਪਾਬੰਦੀਆਂ, ਪੇਸ਼ਬੰਦੀਆਂ ਅਤੇ ਬਾਹਰੀ ਦੁਨੀਆਂ ਨਾਲ ਅਤਿ ਸੀਮਿਤ ਸੰਚਾਰ ਵਿੱਚ ਜਕੜਿਆ ਰਿਹਾ। ਇਸ ਬਿਪਤਾ ਦੇ ਸਮੇਂ ਵਿਚ ਡੇਰੇ ਦੀ ਪਰਬੰਧ ਵਿਵਸਥਾ ਜਾਂ ਕਾਰਜ ਸੰਚਾਲਨ ਵਿਚ ਜਿਹਨਾਂ ਜਿਹਨਾਂ ਮਾਈਆਂ ਭਾਈਆਂ ਦਾ ਯੋਗਦਾਨ ਰਿਹਾ, ਉਹਨਾਂ ਨੂੰ ਭੁਲਾਉਣਾ ਵੀ ਆਪਣੇ ਇਤਿਹਾਸ ਪ੍ਰਤੀ ਅਕਿਰਤ ਘਣਤਾ ਗਿਣੀ ਜਾ ਸਕਦੀ ਹੈ। ਅਸੀਂ ਆਪਣੇ ਇਤਿਹਾਸ ਦੇ ਇਹਨਾਂ ਅਮਰ ਨਾਇਕਾਂ ਪ੍ਰਤੀ ਨਤਮਸਤਕ ਹੋ ਕੇ, ਆਪਣੀ ਜੀਵਨ ਚੰਗਿਆੜੀ ਨੂੰ ਵੀ ਭਖਦੀ ਰੱਖ ਸਕਦੇ ਹਾਂ ਅਤੇ ਵਰਤਮਾਨ ਚੁਨੌਤੀਆਂ ਦਾ ਮੁਕਾਬਲਾ ਕਰਨ ਲਈ, ਉਹਨਾਂ ਦੀ ਦ੍ਰਿੜ ਇੱਛਾ ਸ਼ਕਤੀ ਤੋਂ ਸੇਧ ਵੀ ਲੈ ਸਕਦੇ ਹਾਂ।

ਗੁਰੂ ਹਰੀ ਸਿੰਘ ਜੀ ਦੇ ਸਮੇਂ ਵਿਚ ਜਿੱਥੇ ਕੁਝ ਸਿੰਘ ਡੇਰੇ ਦੇ ਲੰਗਰ, ਪਸ਼ੂ ਤਬੇਲੇ, ਖੇਤੀ ਬਾੜੀ, ਉਸਾਰੀ, ਉਗਰਾਹੀ, ਸਰਕਾਰੇ ਦਰਬਾਰੇ ਜਾਕੇ, ਵੱਖ-ਵੱਖ ਸੇਵਾਵਾਂ ਨਿਬਾਹੁੰਦੇ ਸਨ, ਉੱਥੇ ਕੁਝ ਬੀਬੀਆਂ ਵੀ ਪਰਬੰਧਕੀ ਕਾਰਜਾਂ ਵਿੱਚ ਹੱਥ ਵਟਾਉਂਦੀਆਂ ਸਨ। ਇਹਨਾਂ ਵਿਚੋਂ ਮਾਈ ਹੁਕਮੀ, ਇਸਤਰੀ ਸੂਬਾ ਵਰਿਆਂਹ ਵਾਲੀ, ਮਾਈ ਉਤਮੀ ਉਰਫ ਘੁੱਲੀ ਚੱਕ ਦੇਸ ਰਾਜ (ਜਲੰਧਰ), ਮਾਈ ਭਾਗਣ ਅਟਾਰੀ ਸ਼੍ਰ. ਸ਼ਾਮ ਸਿੰਘ ਵਾਲੀ ਆਦਿ ਤਾਂ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਤੋਂ ਡੇਰੇ ਵਿੱਚ ਸੇਵਾ ਕਰਦੀਆਂ ਸਨ। ਗੁਰੂ ਹਰੀ ਸਿੰਘ ਜੀ ਦੇ ਵਕਤ ਵਿਚ ਮਾਈ ਧਰਮੋ ਰੁੜਕੇ (ਡੇਹਲੋਂ ਪਾਸ) ਵਾਲੀ, ਮਾਈ ਭੋਲਾਂ ਝਨਾਂ ਦੇ ਕੰਢੇ ਦੇ ਪਿੰਡ ਮੁਜ਼ੱਫਰ ਨਗਰ ਤੋਂ, ਮਾਈ ਗੁਰਦੇਈ ਖੰਨੇ ਵਾਲੀ ਆਦਿ ਬੀਬੀਆਂ ਇੱਥੇ ਆਈਆਂ ਅਤੇ ਜੀਵਨ ਪ੍ਰਯੰਤ ਡੇਰੇ ਅਤੇ ਪੰਥ ਦੀ ਸੇਵਾ ਕਰਕੇ, ਆਪਣਾ ਜੀਵਨ ਸਾਰਥਕ ਕਰ ਗਈਆਂ। ਇਹਨਾਂ ਮਾਈਆਂ ਵਿਚੋਂ, ਮਾਈ ਗੁਰਦੇਈ ਖੰਨੇ ਵਾਲੀ ਦਾ ਕਾਫ਼ੀ ਤਪ ਤੇਜ ਸੀ ਅਤੇ ਦੂਜੀਆਂ ਬੀਬੀਆਂ ਦੇ ਮੁਕਾਬਲੇ ਉਭਰਵੀਂ ਸ਼ਖਸੀਅਤ ਸੀ।

ਮਾਈ ਗੁਰਦੇਈ ਦੇ ਸਬੰਧ ਵਿਚ ਬਹੁਤ ਸੀਮਿਤ ਜਾਣਕਾਰੀ ਸਾਡੇ ਇਤਿਹਾਸ ਵਿਚ ਉਪਲਬਧ ਹੈ। ਫਿਰ ਵੀ ਜਿਹੜੇ ਚਾਰ ਪੰਜ ਸਰੋਤਾਂ ਤੋਂ ਉਹਨਾਂ ਬਾਰੇ ਸਮੱਗਰੀ ਮਿਲਦੀ ਹੈ, ਉਸਨੂੰ ਇਕ ਥਾਂ ਸੂਤਰਬੱਧ ਕਰਨ ਦਾ ਯਤਨ ਹੈ ਤਾਂ ਕਿ ਸਮੇਂ ਦੀ ਗਰਦ ਵਿਚ, ਐਸੀਆਂ ਕੌਮੀ ਸ਼ਖਸੀਅਤਾਂ ਦਾ ਜੀਵਨ ਚਰਿੱਤਰ ਜਿਤਨਾ ਕੁ ਮਿਲਦਾ ਹੈ, ਅਲੋਪ ਹੋਣ ਤੋਂ ਬਚਾਇਆ ਜਾ ਸੱਕੇ। ਭਾਈ ਬਿਸ਼ਨ ਸਿੰਘ ਹਿਸਟੋਰੀਅਨ ਪਹਿਲਾਂ ਪਿੰਡ ਨੰਗਲ ਕਲਾਂ (ਲੁਧਿਆਣਾ) ਫਿਰ ਦੇਸ਼ ਬਟਵਾਰੇ ਬਾਅਦ, ਇਲਾਕਾ ਜੀਵਨ ਨਗਰ (ਸਿਰਸਾ) ਵਿਚ ਵੱਸ ਗਏ ਸਨ, ਉਹਨਾਂ ਦੀ ਪੁਸਤਕ "ਅਜ਼ਾਦੀ ਦੀ ਲਹਿਰ ਅਤੇ ਨਾਮਧਾਰੀ ਦੇਵੀਆਂ ਦਾ ਇਤਿਹਾਸ", ਇਸ ਸਬੰਧ ਵਿਚ ਸਾਡੀ ਕਾਫੀ ਇਮਦਾਦ ਕਰਦੀ ਹੈ। ਬਿਸ਼ਨ ਸਿੰਘ ਦੇ ਪਿਤਾ ਗਿਆਨੀ ਕਾਲਾ ਸਿੰਘ, 'ਸਿੰਘਾਂ ਨਾਮਧਾਰੀਆਂ

ਦਾ ਪੰਥ ਪਰਕਾਸ਼' ਆਦਿ ਕੁਝ ਮਹੱਤਵਪੂਰਨ ਗਰੰਥਾਂ ਦਾ ਪੰਜਾਬੀ ਕਵਿਤਾ ਵਿਚ ਲਿਖਣ ਵਾਲਾ ਸੀ। ਖੋਜੀ ਵਿਅਕਤੀ ਸੀ। ਉਹ ਸੰਨ ੧੮੮੫ ਈ. ਵਿਚ ਭੈਣੀ ਸਾਹਿਬ ਆਕੇ ਗੁਰੂ ਹਰੀ ਸਿੰਘ ਜੀ ਤੋਂ ਫੈਜ਼ਯਾਬ ਹੋਕੇ ਕੂਕਾ ਬਣਿਆ ਸੀ। ਉਹਨਾਂ ਦੀਆਂ ਕੁੱਝ ਹੱਥ ਲਿਖਤਾਂ ਨੋਟਸ ਵਗੈਰਾ ਭਾਈ ਬਿਸ਼ਨ ਸਿੰਘ ਦੁਆਰਾ ਇਤਿਹਾਸ ਲੇਖਣ ਵਿਚ ਸਹਾਈ ਹੋਏ। ਬੇਸ਼ਕ ਭਾਈ ਬਿਸ਼ਨ ਸਿੰਘ ਦੇ ਇਸ ਕਾਰਜ ਦੀਆਂ ਕੁਝ ਆਪਣੀਆਂ ਸੀਮਾਵਾਂ ਹਨ, ਫਿਰ ਵੀ ਨਾਮਧਾਰੀ ਇਤਿਹਾਸ ਦੇ ਅਨੇਕ ਭੁੱਲੇ ਵਿਸਰੇ ਪਾਤਰਾਂ ਨੂੰ, ਸ਼ਬਦਾਂ ਦਾ ਜਾਮਾ ਪਹਿਨਾਉਣ ਵਿਚ, ਉਹ ਸਾਡੀ ਯੋਗ ਅਗੁਆਈ ਕਰਦਾ ਰਹੇਗਾ।

ਮਾਈ ਗੁਰਦੇਈ ਨੂੰ ਅਸੀਂ ਅਜੋਕੇ ਸਿੱਖ ਲੇਖਕਾਂ ਜਿਉਂ ਮਾਤਾ ਗੁਰਦੇਵ ਕੌਰ ਦੀ ਬਜਾਏ, ਉਸ ਦੇ ਇਸੇ ਨਾਮ ਨਾਲ ਹੀ ਯਾਦ ਕਰਾਂਗੇ ਜੋ ਸਾਡੀਆਂ ਪੁਰਾਤਨ ਲਿਖਤਾਂ ਅਤੇ ਸੀਨਾ-ਬਸੀਨਾ ਸੁਣੇ ਬਚਨਾਂ ਵਿਚ ਸਾਂਭਿਆ ਗਿਆ ਹੈ। ਆਪ ਦਾ ਪੇਕਾ ਸ਼ਹਿਰ ਅੰਬਾਲਾ ਸੀ ਅਤੇ ਆਹਲੂਵਾਲੀਆਂ ਦੇ ਖਾਨਦਾਨ ਵਿਚੋਂ ਸਨ। ਪੰਜਾਬ ਵਿਚ ਸਿੱਖ ਮਿਸਲਾਂ ਦੀ ਅਠਾਰ੍ਹਵੀਂ ਸਦੀ ਦੀ ਆਖਰੀ ਤਿਮਾਹੀ ਵਿਚ ਸਥਾਪਨਾ ਹੋਣ ਕਾਰਨ ਬਹੁਤ ਸਾਰੇ ਮਿਸਲਦਾਰਾਂ ਨੇ ਅਟਕ ਅਤੇ ਜਮਨਾ ਨਦੀ ਵਿਚਾਲੇ, ਆਪੋ ਆਪਣੇ ਇਲਾਕੇ ਮੱਲ ਲਏ। ਅੰਗਰੇਜ਼ੀ ਅਮਲਦਾਰੀ ਵਿਚ ਆਉਣ ਤੋਂ ਬਾਅਦ ਵੀ ਕਈਆਂ ਦੀਆਂ ਜਗੀਰਾਂ ਕਾਇਮ ਰਹਿ ਗਈਆਂ ਅਤੇ ਸਰਕਾਰ ਵਿਰੋਧੀਆਂ ਦੀਆਂ ਜ਼ਬਤ ਵੀ ਹੋ ਗਈਆਂ। ਛੋਟੀ ਉਮਰ ਵਿਚ ਵਿਆਹ ਦਾ ਰਿਵਾਜ ਹੋਣ ਕਾਰਨ, ਗੁਰਦੇਈ ਦੀ ਸ਼ਾਦੀ ਖੰਨਾ (ਲੁਧਿਆਣਾ) ਦੇ ਰਾਜਾ ਸਹਿਪੂਰ ਸਿੰਘ ਨਾਲ ਹੋ ਗਈ। ਮਾਈ ਗੁਰਦੇਈ ਦਾ ਜਨਮ ੧੮੪੦ ਈ. ਅਤੇ ਮਿਰਤੂ ੧੯੧੦ ਈ. ਤੋਂ ਪਹਿਲਾਂ ਮਾਲੂਮ ਹੁੰਦੀ ਹੈ। ਬਿਸ਼ਨ ਸਿੰਘ ਉਹਨਾਂ ਦੀ ਉਮਰ ੬੩ ਸਾਲ ਲਿਖਦੇ ਹਨ, ਇਹ ਵੱਧ ਘੱਟ ਵੀ ਹੋ ਸਕਦੀ ਹੈ। ੧੯੦੬ ਈ. ਤੱਕ ਉਹਨਾਂ ਦੇ ਜੀਵਤ ਹੋਣ ਦਾ ਸਬੂਤ ਇਤਿਹਾਸ ਵਿਚ ਮਿਲਦਾ ਹੈ। ਸਤਿਗੁਰੂ ਪਰਤਾਪ ਸਿੰਘ ਕਾਲ ਦੇ ਮੁੱਢਲੇ ਸਾਲਾਂ ਵਿਚ ਹੀ ਉਹਨਾਂ ਦਾ ਅੰਤ ਸਮਾਂ ਨਿਸ਼ਚਿਤ ਹੁੰਦਾ ਹੈ।

ਰਾਜਾ ਸਹਿਪੂਰ ਸਿੰਘ ਖੰਨੇ ਦੇ ਨੇੜੇ ਸੱਤਰ ਕੁ ਪਿੰਡਾਂ ਦੀ ਇਕ ਛੋਟੀ ਰਿਆਸਤ ਦਾ ਮਾਲਕ ਸੀ। ਖੰਨਾ ਸ਼ਹਿਰ ਵਿਚ ਇਕ ਛੋਟੇ ਜਿਹੇ ਕਿਲੇ ਵਿਚ ਨਿਵਾਸ ਕਰਦੇ ਸਨ। ਮੁਦਕੀ ਦੀ ਜੰਗ ਸਮੇਂ, ਸੰਨ ੧੮੪੫ ਈ. ਵਿਚ, ਰਾਜਾ ਸਹਿਪੂਰ ਸਿੰਘ ਅੰਗਰੇਜ਼ਾਂ ਦੇ ਵਿੱਰੁਧ ਲਾਹੌਰ ਦਰਬਾਰ ਵਲੋਂ ਬੜੀ ਵੀਰਤਾ ਨਾਲ ਲੜਿਆ ਜਿਸ ਲੜਾਈ ਵਿਚ, ਉਸ ਦੇ ਦੋ ਭਤੀਜੇ ਅਤੇ ਕਈ ਸੈਨਿਕ ਵੀ ਸ਼ਹੀਦ ਹੋ ਗਏ। ਸ਼ਹੀਦ ਭਤੀਜਿਆਂ ਦੀਆਂ ਪਤਨੀਆਂ ਦੇ ਨਾਮ ਸਨ ਰਾਣੀ ਛਿੱਬੀ, ਰਾਣੀ ਕਰਤਾਰੀ, ਰਾਣੀ ਭਗਵਾਨੀ। ਰਾਣੀ ਗੁਰਦੇਈ ਇਹਨਾਂ ਸਮਿਆਂ ਵਿਚ ਹੀ ਜਦੋਂ ਸੰਨ ੧੮੬੦ ਈ. ਦੇ ਨੇੜੇ ਤੇੜੇ ਖੰਨੇ ਆਪਣੇ ਮੁਕਲਾਵੇ ਸਮੇਂ ਗਈ ਤਾਂ ਸਹਿਪੂਰ ਸਿੰਘ ਰਾਜਾ ਵੀ ਸਵਰਗ ਸਿਧਾਰ ਗਿਆ।

ਰਾਜੇ ਦੇ ਦੇਹਾਂਤ ਤੋਂ ਬਾਅਦ ਛੇ ਕੁ ਮਹੀਨੇ ਦੇ ਵਕਫੇ ਤੇ ਰਾਣੀ ਗੁਰਦੇਈ ਦੇ ਘਰ ਇਕ ਬਾਲਕ ਜਨਮਿਆ ਜਿਸ ਦਾ ਨਾਮ ਰਤਨ ਸਿੰਘ ਰੱਖਿਆ ਗਿਆ। ਇਸ ਬਾਲਕ ਦੇ ਸਹਾਰੇ ਗੁਰਦੇਈ ਅੱਖਾਂ ਵਿਚ ਭਵਿੱਖ ਨਕਸ਼ੇ ਲੈ ਕੇ, ਦਿਨ- ਕਟੀ ਕਰਨ ਲੱਗੀ।

ਲਾਟ ਹਿੰਦ ਨੇ ਰਾਜਾ ਸਹਿਪੂਰ ਸਿੰਘ ਦੀ ਰਿਆਸਤ ਤਾਂ ਜਿੱਡੀ ਕੁ ਸੀ ਉਹ ਸਾਰੀ ਜ਼ਬਤ ਕਰ ਲਈ ਅਤੇ ਕੁਝ ਗੁਜ਼ਾਰਾ ਭੱਤਾ ਗੁਰਦੇਈ ਤੇ ਉਸਦੇ ਬੱਚੇ ਨੂੰ ਲਾ ਦਿਤਾ। ਗੁਰਦੇਈ ਪਾਸ ਅੰਬਾਲੇ ਦੀ ਜ਼ਮੀਨ ਦੀ ਮਾਲਕੀ ਸੀ। ਜਦੋਂ ਸਮਾਂ ਰੰਗ ਬਦਲਦਾ ਹੈ ਤਾਂ ਹੇਠ ਉੱਤੇ ਕਈ ਤਬਦੀਲਿਆਂ, ਤਰਥੱਲੀਆਂ ਝੱਲਣੀਆਂ ਪੈਂਦੀਆਂ ਹਨ। ਮਾਈ ਗੁਰਦੇਈ ਦੀ ਅੰਬਾਲੇ ਵਾਲੀ ਜ਼ਮੀਨ ਉਤੇ ਨਵੇਂ ਆਏ ਗੋਰੇ ਹਾਕਮਾਂ ਨੇ ਛਾਉਣੀ ਪਾ ਕੇ, ਉਸ ਤੋਂ ਉਪਜੀਵਿਕਾ ਦਾ ਇਹ ਵਸੀਲਾ ਵੀ ਖੋਹ ਲਿਆ। ਇਸ ਤੋਂ ਕੁਝ ਸਮਾਂ ਗੁਰਦੇਈ ਨਾਭਾ ਰਿਆਸਤ ਦੇ ਰਾਜੇ ਤੋਂ ਮਾਲੀ ਸਹਾਇਤਾ ਲੈ ਕੇ ਆਪਣਾ ਅਤੇ ਭਤੀਜਿਆਂ ਦੇ ਪਰਿਵਾਰ ਦਾ ਪਾਲਣ ਪੋਸ਼ਣ ਕਰਦੀ ਰਹੀ। ਇਸ ਸਮੇਂ ਸਤਿਗੁਰੂ ਰਾਮ ਸਿੰਘ ਅਤੇ ਉਹਨਾਂ ਦੇ ਨਵੇਂ ਪੰਥ ਦੀ ਸੋਅ ਚਾਰ ਚੁਫੇਰੇ ਫੈਲ ਚੁੱਕੀ ਸੀ। ਸਤਿਗੁਰੂ ਜੀ ਨੇ ਆਪਣੇ ਪਰਚਾਰ ਦੌਰਿਆਂ ਸਮੇਂ, ਕਈ ਵਾਰ ਖੰਨੇ ਵੀ ਦਰਸ਼ਨ ਦਿਤੇ। ਇਹੋ ਜਿਹੇ ਕਿਸੇ ਦੌਰੇ ਸਮੇਂ ਗੁਰਦੇਈ ਨੇ ਵੀ ਆਪਦੇ ਚਰਨ ਪਰਸੇ ਅਤੇ ਆਪਣੀ ਤਕਦੀਰ ਨੂੰ ਕੂਕਾ ਲਹਿਰ ਦੇ ਹਵਾਲੇ ਕਰ ਦਿਤਾ। ਸਰਕਾਰੀ ਜ਼ਿਆਦਤੀਆਂ ਦਾ ਸ਼ਿਕਾਰ ਸਾਰੇ ਲੋਕਾਂ ਲਈ, ਇਸ ਸਮੇਂ ਪ੍ਰਤੀਰੋਧ ਦੇ ਉਭਰ ਰਹੇ ਮਜ਼ਬੂਤ ਕੇਂਦਰ ਦੁਆਲੇ ਇਕੱਤਰਿਤ ਹੋਣਾ, ਮਾਨਸਿਕ ਸੁਖ ਸ਼ਾਂਤੀ ਹਾਸਲ ਕਰਨ ਦਾ ਵੀ ਸਾਧਨ ਬਣਦਾ ਸੀ। ਨਾਭੇ ਦਾ ਮਹਾਰਾਜਾ ਹੀਰਾ ਸਿੰਘ ਕਿਸੇ ਸਮੇਂ ਜਦੋਂ ਉਹ ਰਾਜਗੱਦੀ ਤੇ ਨਹੀਂ ਸੀ ਆਇਆ, ਸਤਿਗੁਰੂ ਰਾਮ ਸਿੰਘ ਜੀ ਤੋਂ ਨਾਮਦਾਨ ਲੈ ਕੇ, ਉਹਨਾਂ ਦੀ ਸੰਗਤ ਵਿਚ ਸ਼ਾਮਲ ਹੋ ਚੁੱਕਾ ਸੀ। ਰਿਆਸਤ ਦੇ ਰਾਜੇ ਦੇ ਬੇ-ਉਲਾਦ ਗੁਜ਼ਰ ਜਾਣ ਕਾਰਨ ਉਹ ਰਾਜ ਘਰਾਣੇ ਦਾ ਨਜ਼ਦੀਕੀ ਹੋਣ ਕਰਕੇ, ਗੱਦੀ ਵਾਸਤੇ ਚੁਣਿਆ ਗਿਆ। ਸਤਿਗੁਰੂ ਰਾਮ ਸਿੰਘ ਜੀ ਨੇ ਇਹ ਖਬਰ ਸੁਣਕੇ ਹੀ ਟਿਪਣੀ ਕੀਤੀ ਸੀ- "ਹੀਰੇ ਨੇ ਵੀ ਡੁੱਬਦੇ ਬੇੜੇ ਵਿਚ ਲੱਤ ਧਰ ਦਿਤੀ ਹੈ।" ਸਤਿਗੁਰੂ ਜੀ ਭਾਵੀ ਵਕਤ ਦੇ ਨਕਸ਼ਾਂ ਦੀ ਪਹਿਚਾਣ ਕਰਕੇ ਕਹਿ ਰਹੇ ਸਨ ਕਿ ਰਾਜਿਆਂ ਦਾ ਜੁੱਗ ਤਾਂ ਹੁਣ ਬੀਤਣ ਵਾਲਾ ਹੈ। ਆਉਣ ਵਾਲਾ ਜੁੱਗ ਤਾਂ ਲੋਕਾਂ ਦਾ ਜੁੱਗ ਹੋਵੇਗਾ। ਪਰੰਤੂ ਰਾਜਾ ਬਨਣ ਬਾਅਦ ਵੀ ਰਾਜਾ ਹੀਰਾ ਸਿੰਘ ਨੇ, ਨਾਮਧਾਰੀ ਪੰਥ ਪ੍ਰਥਾਇ ਆਪਣੇ ਲਗਾਉ ਵਿਚ ਕੋਈ ਕਮੀ ਨਹੀਂ ਸੀ ਆਉਣ ਦਿਤੀ। ਇਸ ਲਈ ਮਾਈ ਗੁਰਦੇਈ ਦਾ ਉਸ ਪਾਸ ਜਾਣ ਆਉਣ ਸੀ। ਉਦੋਂ ਕੁ ਜਹੇ ਪਰਦੇਸ ਗਮਨ ਸਾਕਾ ਵਾਪਰ ਚੁੱਕਾ ਸੀ। ਮੁਖੀ ਸੂਬੇ ਸਤਿਗੁਰੂ ਜੀ ਦੇ ਨਾਲ ਭੇਜ ਦਿਤੇ ਗਏ, ਪੰਜਾਬ ਤੋਂ ਬਾਹਰ। ਬਾਕੀ ਆਗੂਆਂ ਤੇ ਪਿੰਡਾਂ ਵਿਚ ਨਜ਼ਰਬੰਦੀਆਂ ਆਇਦ ਹੋ ਗਈਆਂ। ਉਹਨਾਂ ਦੀ ਪੂਰਵ ਸੂਚਨਾ ਚੌਕੀਦਾਰ, ਲੰਬੜਦਾਰ, ਸਰਕਾਰੀ ਕਰਿੰਦਿਆਂ ਨੂੰ ਦਿਤੇ ਬਿਨਾਂ ਕਿਤੇ ਵੀ ਆਉਣਾ ਜਾਣਾ ਸੰਭਵ ਨਹੀਂ ਸੀ। ਹਰ ਮੁਖੀ ਕੂਕੇ ਨੂੰ ਪਿੰਡ ਦੇ ਕਰਿੰਦੇ, ਸੁਬਹਾ ਸ਼ਾਮ ਵੇਖ ਕੇ ਆਉਂਦੇ ਸਨ ਕਿ ਉਹ ਆਪਣੇ ਘਰ ਵਿਚ ਹੀ ਹੈ। ਸੂਬਾ ਮਾਈ ਹੁਕਮੀ ਵਰਿਆਂਹ ਵਾਲੀ ਨੇ ਕਾਫ਼ੀ ਸਮਾਂ, ਮਹਾਰਾਜਾ ਨਾਭਾ ਦੇ ਰਣਵਾਸ ਵਿਚ ਰਾਣੀਆਂ ਅਤੇ ਹੋਰ ਮਾਈਆਂ ਬੀਬੀਆਂ ਨੂੰ, ਕਥਾ ਕੀਰਤਨ ਆਦਿ ਨਾਲ ਜੋੜਦਿਆਂ ਬਤੀਤ ਕੀਤਾ। ਮਾਈ ਗੁਰਦੇਈ ਦੀ ਸਥਿਤੀ ਨੂੰ ਭਾਪਦਿਆਂ ਸੂਬਾ ਹੁਕਮੀ ਹੋਰਾਂ ਉਸ ਨੂੰ, ਡੇਰਾ ਸ਼੍ਰੀ ਭੈਣੀ ਸਾਹਿਬ ਵਿਚ ਗੁਰੂ ਹਰੀ ਸਿੰਘ ਜੀ ਪਾਸ ਜਾ ਟਿਕਣ ਦੀ ਰਾਇ

ਦਿਤੀ। ਸੰਨ ੧੯੭੭ ਈ. ਵਿਚ ਮਾਈ ਗੁਰਦੇਈ ਖੰਨੇ ਵਾਲੀ ਆਪਣੇ ਪਰਿਵਾਰ ਦੇ ਬਚੇ ਜੀਆਂ ਦੇ ਨਾਲ, ਗੁਰਦੁਆਰਾ ਸ਼੍ਰੀ ਭੈਣੀ ਸਾਹਿਬ ਵਿਚ ਸ਼ਰਨ ਲੈਣ ਵਿਚ ਸਫਲ ਹੋ ਗਈ।[2] ਇਸ ਤੋਂ ਪਹਿਲਾਂ ਸੂਬਾ ਹੁਕਮੀ ਜੀ ਜਿਹਨਾਂ ਨੂੰ ਮਾਈ ਮਹਾਤਮਾ ਜੀ ਅਦਬ ਨਾਲ ਕਿਹਾ ਜਾਂਦਾ ਸੀ ਨੇ, ਸ੍ਰੀ ਗੁਰੂ ਹਰੀ ਸਿੰਘ ਪਾਸ, ਸ਼੍ਰੀ ਭੈਣੀ ਸਾਹਿਬ ਆਕੇ, ਮਾਈ ਗੁਰਦੇਈ ਦੇ ਨਾਮਧਾਰੀ ਸਬੰਧਾਂ ਬਾਰੇ ਦੱਸ ਕੇ, ਉਸ ਦੇ ਦੇਸ਼ ਭਗਤ ਪਰਿਵਾਰ ਦੇ ਪਿਛੋਕੜ ਬਾਰੇ ਜਾਣਕਾਰੀ ਦੇ ਕੇ, ਉਸ ਦਾ ਡੇਰੇ ਵਿਚ ਆ ਟਿਕਣ ਦਾ ਸਬੱਬ ਬਣਾ ਦਿਤਾ ਸੀ। ਕੌਮੀ ਮੁਕਤੀ ਸੰਗਰਾਮ ਦੇ, ਇਕ ਸਦੀ ਲੰਮੇ ਪੰਜਾਬ ਦੇ ਇਤਿਹਾਸ ਵਿਚ, ਡੇਰਾ ਸ਼੍ਰੀ ਭੈਣੀ ਸਾਹਿਬ, ਸਭ ਰੰਗਾਂ ਦੇ ਮੁਕਤੀ ਸੰਗਰਾਮੀਆਂ ਦੀ ਸੁਰੱਖਿਅਤ ਸ਼ਰਨਗਾਹ ਤਾਂ ਬਣਿਆਂ ਹੀ ਰਿਹਾ ਹੈ। ਇਸੇ ਕਾਰਨ ਉਨ੍ਹੀਵੀਂ ਸਦੀ ਦੇ ਆਖਰੀ ਤਿੰਨ ਦਹਾਕਿਆਂ ਵਿਚ, ਜਦੋਂ ਬਰਤਾਨਵੀ ਬਸਤੀਵਾਦੀ ਦਮਨ-ਤੰਤਰ ਦੀ ਚੱਕੀ ਜ਼ੋਰਾਂ ਨਾਲ ਚੱਲ ਰਹੀ ਸੀ ਤਾਂ ਮਾਈ ਗੁਰਦੇਈ ਨੇ ਬੜੇ ਦਿਲ ਗੁਰਦੇ ਦਾ ਸਬੂਤ ਦਿੰਦਿਆਂ, ਉਸ ਸਮੇਂ ਪੰਜਾਬ ਵਿਚ ਜਨ ਵਿਦਰੋਹ ਦੇ ਇੱਕੋ ਇਕ ਕੇਂਦਰ, ਸ਼੍ਰੀ ਭੈਣੀ ਸਾਹਿਬ ਅਤੇ ਕੂਕਾ ਸੰਗਰਾਮ ਨਾਲ ਆਪਣਾ ਪੱਕਾ ਪੀਡਾ ਨਾਤਾ ਜੋੜ ਦਿਤਾ ਸੀ।

ਮਾਈ ਗੁਰਦੇਈ ਜਿਸ ਸਮੇਂ ਸ਼੍ਰੀ ਭੈਣੀ ਸਾਹਿਬ ਵਿਖੇ ਰਾਜੇ ਸਹਿਪੂਰ ਸਿੰਘ ਦੇ ਸ਼ਹੀਦ ਭਤੀਜਿਆਂ ਦੀਆਂ ਵਿਧਵਾਵਾਂ, ਰਾਣੀ ਛਿੱਬੀ, ਰਾਣੀ ਕਰਤਾਰੀ ਆਦਿ ਨਾਲ ਪੁੱਜਦੀ ਹੈ ਤਾਂ ਉਸ ਨੇ ਇੱਥੇ ਆਉਂਦਿਆਂ ਹੀ ਆਪਣਾ ਸਰਦਾਰੀ ਠਾਠ ਬਾਠ ਤਿਆਗ ਦਿਤਾ ਸੀ। ਸਿਰ ਤੇ ਦਸਤਾਰ ਤੇ ਨੀਵਾਂ ਚੋਲਾ ਪਾਕੇ, ਲੰਗਰ ਦੀ ਸੇਵਾ ਸੰਭਾਲ ਲਈ ਅਤੇ ਬਰਤਨ ਮਾਂਜਣ ਵਿਚ ਜੁੱਟ ਗਈ। ਇਹ ਉਹ ਸਮਾਂ ਸੀ ਜਦੋਂ ਪੰਜਾਬ ਵਿਚੋਂ, ਰੰਗੂਨ ਵਿਖੇ ਨਜ਼ਰਬੰਦ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿੱਤ ਜਾਣ ਵਾਲੇ, ਨਾਮਧਾਰੀ ਸਿੰਘਾਂ ਦਾ ਪਰਵਾਹ ਚੱਲ ਰਿਹਾ ਸੀ। ਅਕਸਰ ਰੰਗੂਨ ਜਾਣ ਵਾਲੇ ਗੁਰੂ ਪਿਆਰੇ ਪਹਿਲਾਂ ਗੁਰਦੁਆਰਾ ਸ਼੍ਰੀ ਭੈਣੀ ਸਾਹਿਬ ਪੁੱਜਦੇ। ਗੁਰੂ ਹਰੀ ਸਿੰਘ ਜੀ ਨਾਲ ਉਹਨਾਂ ਦੀ ਮੁਲਾਕਾਤ ਦਾ ਪਰਬੰਧ ਡੇਰੇ ਦੀ ਜੂਹ ਤੋਂ ਚੋਖਾ ਪਸਿੱਤੇ, ਸਰਕਾਰੀ ਸੂਹੀਆ ਏਜੰਸੀਆਂ ਦੀਆਂ, ਉੱਡਦੇ ਪੰਛੀਆਂ ਦੇ ਪਰਛਾਂਵੇਂ ਫੜਨ ਵਾਲੀਆਂ ਚਲਾਕ ਅਤੇ ਭੇਦੀਆਂ ਨਜ਼ਰਾਂ ਤੋਂ ਬਚਕੇ, ਬੜੀ ਹੁਸ਼ਿਆਰੀ ਨਾਲ ਕੀਤਾ ਜਾਂਦਾ ਸੀ। ਚਾਰ ਚੁਫੇਰੇ ਸਰਕਾਰੀ ਮੁਖ਼ਬਰ ਅਵਾਰਾ ਕੁੱਤਿਆਂ ਜਿਉਂ ਹਰਲ ਹਰਲ ਕਰਦੇ ਫਿਰਦੇ ਸਨ। ਇਹ ਉਹ ਵੇਲਾ ਸੀ ਜਦੋਂ ਕੇਂਦਰੀ ਏਸ਼ੀਆ ਵਿਚ ਰੂਸੀ ਹਾਕਮਾਂ ਨਾਲ, ਗੁਰੂ ਰਾਮ ਸਿੰਘ ਅਤੇ ਗੁਰੂ ਹਰੀ ਸਿੰਘ ਜੀ ਦਾ ਪੱਤਰ ਵਿਹਾਰ, ਸਿਰਲੱਥ ਨਾਮਧਾਰੀ ਯੋਧਿਆਂ ਦੀ ਹਿੰਮਤ ਸਦਕਾ ਚੱਲਦਾ ਸੀ। ਭਾਰਤ ਦੀ ਮੁਕਤੀ ਵਾਸਤੇ ਛਟਪਟਾਹਟ, ਹਰ ਨਾਮਧਾਰੀ ਹਿਰਦੇ ਦਾ ਅੰਤਰ ਨਾਦ ਬਣ ਚੁੱਕਾ ਸੀ ਕਿਉਂਕਿ ਇਸ ਮੁਕਤੀ ਸੰਗਰਾਮ ਦੀ ਸਫਲਤਾ ਨਾਲ ਹੀ ਉਹਨਾਂ ਦੇ ਹਿਰਦੇ ਸਮਰਾਟ, ਸਤਿਗੁਰੂ ਰਾਮ ਸਿੰਘ ਜੀ ਦੀ ਦੇਸ਼ ਵਾਪਸੀ ਦਾ ਸੁਪਨਾ ਜੁੜਿਆ ਹੋਇਆ ਸੀ। ਮੇਰੇ ਉਪਰੋਕਤ ਆਸ਼ੇ ਦੀ ਪੁਸ਼ਟੀ, ਕੂਕਿਆਂ ਤੇ ਵਿਸ਼ੇਸ਼ ਨਿਗਰਾਨੀ ਰੱਖਣ ਵਾਲੇ ਅਤਰ ਸਿੰਘ ਭਦੌੜ ਜੋ ਲੁਧਿਆਣੇ ਰਹਿੰਦਾ ਸੀ ਦੇ ੨੬ ਨਵੰਬਰ ੧੯੭੮ ਦੇ, ਪੁਲਿਸ ਵਿਭਾਗ ਦੇ ਇਕ ਸੁਪਰਡੈਂਟ ਨੂੰ ਲਿਖੇ, ਇਸ ਪੱਤਰ ਵਿਚੋਂ ਵੀ ਹੁੰਦੀ ਹੈ।

"ਇਸ ਸਮੇਂ ਪੰਜਾਬ ਦੇ ਹਿੰਦੂਆਂ (ਸਮੇਤ ਸਿੱਖਾਂ) ਵਿਚੋਂ ਸਿਰਫ਼ ਕੂਕੇ ਹੀ ਹਨ ਜੋ ਬਗਾਵਤ ਦੇ ਵਿਚਾਰ ਰੱਖਦੇ ਹਨ। (ਗੁਰੂ) ਰਾਮ ਸਿੰਘ ਪਾਸੋਂ ਰੰਗੂਨ ਤੋਂ ਇਸ ਮੱਤ ਨੂੰ ਬਹੁਤ ਸਾਰੇ ਪੱਤਰ (ਹੁਕਮਨਾਮੇ) ਹੁਣੇ ਹੀ ਪਰਾਪਤ ਹੋਏ ਹਨ ਜਿਹਨਾਂ ਵਿਚੋਂ ਕੁਝਨਾਂ ਦੀਆਂ ਨਕਲਾਂ, ਲੇਖਕ ਦੁਆਰਾ ਸਰਕਾਰ ਤੱਕ ਪੁਚਾ ਦਿਤੀਆਂ ਗਈਆਂ ਹਨ। ਇਹਨਾਂ ਪੱਤਰਾਂ ਦਾ ਸਾਰ ਤੱਤ ਇਹੋ ਹੈ ਕਿ ਇਸ ਸਮੇਂ ਮੁਲਕ ਦੇ ਅਮਨ ਅਮਾਨ ਨਾਲ ਕੂਕਿਆਂ ਦਾ ਕੋਈ ਲਾਗਾ ਲਾਣਾ ਨਹੀਂ ਪਰ ਉਹ ਉਸ ਭਵਿੱਖ ਬਾਣੀ ਦੀ ਪੂਰਤੀ ਦੀ ਉਡੀਕ ਵਿਚ ਹਨ ਜਿਹੜੀ ਹਰੀਪੁਰ (ਅਬੋਹਰ ਦੇ ਨੇੜੇ) ਵਿਚੋਂ ਮਿਲੇ ਕਾਗਜ਼ਾਂ, (ਭਾਵ ਸਾਖੀ ਪੋਥੀ) ਵਿਚ ਬਿਆਨ ਕੀਤੀ ਗਈ ਹੈ। ਕਾਬਲ ਦੀ ਵਰਤਮਾਨ (ਸੈਨਿਕ) ਮੁਹਿੰਮ ਦੀ ਸੂਚਨਾ ਇਕੱਤਰ ਕਰਨ ਲਈ, ਉਹਨਾਂ ਨੇ ਆਪਣੇ ਬਹੁਤੇ ਸਾਰੇ ਵਿਅਕਤੀ ਉਧਰ ਨੂੰ ਤੋਰ ਦਿੱਤੇ ਹਨ।"[3] ਇਹਨਾਂ ਸਾਖੀਆਂ ਵਿਚ ਪੰਜਾਬ ਵਿਚ ਅੰਗਰੇਜ਼ਾਂ ਦਾ ਆਉਣਾ, ਸਤਿਗੁਰੂ ਰਾਮ ਸਿੰਘ ਦਾ ਜਲਾਵਤਨ ਹੋਣਾ ਅਤੇ ਫਿਰ ਦੇਸ਼ ਵਿਚ ਪਰਤ ਕੇ ਧਰਮ, ਨਿਆਂ, ਹੱਕ, ਸੱਚ ਦਾ ਸੁਖਦਾਈ ਰਾਜ, ਕਾਇਮ ਕਰਨ ਵੱਲ ਇਸ਼ਾਰੇ ਸਨ। ਇਸ ਲਈ ਇਹਨਾਂ ਸਮਿਆਂ ਵਿਚ, ਜਦੋਂ ਪੱਤਾ ਪੱਤਾ ਕੂਕਿਆਂ ਦਾ ਵੈਰੀ ਸੀ, ਮਾਈ ਗੁਰਦੇਈ ਜੋ ਇਕ ਹੋਰ, ਫਰੰਗੀ ਸਰਕਾਰ ਵਿਰੁੱਧ ਲੜਨ ਵਾਲੇ ਜੁਝਾਰ ਪਰਿਵਾਰ ਨਾਲ ਸਬੰਧ ਰੱਖਦੀ ਸੀ, ਉਸ ਦਾ ਡੇਰੇ ਵਿਚ ਆ ਟਿਕਣਾ ਕੋਈ ਛੋਟੀ ਗੱਲ ਨਹੀਂ ਸੀ, ਸਗੋਂ ਇਸ ਨਾਲ ਦੇਸ਼ ਭਗਤ ਕੂਕਾ ਸੰਗਰਾਮ ਨੂੰ ਵੀ ਹੋਰ ਸ਼ਕਤੀਸ਼ਾਲੀ ਹੋਣ ਦਾ ਮਾਨਸਿਕ ਬਲ ਮਿਲਿਆ।

ਡੇਰੇ ਵਿਚ ਨਿਵਾਸ ਤੋਂ ਕੁਝ ਸਮੇਂ ਬਾਅਦ, ਉਸ ਦੇ ਹਿਰਦੇ ਵਿਚ ਨਾਮ ਬਾਣੀ ਦਾ ਨਿਵਾਸ ਅਤੇ ਸਵੱਛ ਭਾਵਨਾ ਵੇਖ ਕੇ, ਗੁਰੂ ਹਰੀ ਸਿੰਘ ਜੀ ਨੇ ਉਸ ਨੂੰ ਗੁਰੂ ਕੇ ਖਜ਼ਾਨੇ ਦੀਆਂ ਕੁੰਜੀਆਂ ਸਉਂਪ ਦਿੱਤੀਆਂ। ਉਦੋਂ ਅਜੇ ਲੰਗਰ ਵਾਸਤੇ ਆਟਾ ਹੱਥ ਚੱਕੀਆਂ ਨਾਲ ਹੀ ਪੀਸਿਆ ਜਾਂਦਾ ਸੀ। ਇਕ ਚੱਕੀ ਮੁਸ਼ਕਿਲ ਨਾਲ ਦਸ ਪੰਦਰਾਂ ਜੀਆਂ ਤੱਕ ਦੇ ਪਰਿਵਾਰ ਦਾ ਡੰਗ ਟਪਾਉਂਦੀ ਸੀ। ਡੇਰੇ ਵਿਚ ਟਿਕਣ ਵਾਲੇ ਮਾਈ ਭਾਈ ਦੀ ਗਿਣਤੀ ਵੀ ੧੦੦-੧੫੦ ਦੇ ਦਰਮਿਆਨ ਸੀ। ਇਤਨੀ ਕੁ ਸੰਗਤ ਬਾਹਰੋਂ ਵੀ ਆਉਂਦੀ ਗੁਰੂ ਦਰਸ਼ਨਾਂ ਲਈ। ਉਹਨਾਂ ਨੂੰ ਵੀ ਜਾਇਜ਼ ਨਜਾਇਜ਼ ਢੰਗ ਵਰਤ ਕੇ, ਲੰਗਰ ਪੁਚਾਉਣਾ ਪੈਂਦਾ ਸੀ। ਕੁਝ ਲੰਘਦਾ ਟੱਪਦਾ ਗ਼ਰੀਬ ਗੁਰਬਾ, ਅਭਿਆਗਤ ਵੀ ਡੇਰਾ ਜਾਣ ਕੇ ਆਇਆ ਰਹਿੰਦਾ। ਲੰਗਰ ਦੀ ਰੋਜ਼ਾਨਾ ਆਟੇ ਦੀ ਖਪਤ ਨੂੰ ਧਿਆਨ ਵਿਚ ਰੱਖਦਿਆਂ, ਮਾਈ ਗੁਰਦੇਈ ਨੇ ਹੁਣ ਹੱਥ ਚੱਕੀਆਂ ਦੀ ਗਿਣਤੀ ਵਧਾ ਕੇ, ਪੂਰੀਆਂ ਬਾਰਾਂ ਕਰ ਲਈਆਂ। ਇਹਨਾਂ ਚੱਕੀਆਂ ਤੇ ਉਹ ਆਪ, ਉਸ ਨਾਲ ਆਈਆਂ ਦੋਵੇਂ ਬੀਬੀਆਂ ਰਾਣੀ ਛਿੱਬੀ, ਰਾਣੀ ਕਰਤਾਰੀ, ਮਾਈ ਠਾਕਰੀ ਚਮਕੌਰ ਵਾਲੀ, ਮਾਈ ਨੰਦੀ, ਮਾਈ ਉਤਮਾਂ ਉਰਫ ਘੁੱਲੀ, ਮਾਈ ਬੁੱਧਾਂ, ਮਾਈ ਖੇਮੀ ਲੱਖੇ ਵਾਲੀ, ਇਤਿਆਦਿਕ ਬੀਬੀਆਂ ਹਰ ਰੋਜ਼ ਵੱਡੇ ਤੜਕੇ ਉਠਕੇ ਇਸ਼ਨਾਨ ਪਾਣੀ ਤੋਂ ਬਾਅਦ ਚੱਕੀਆਂ ਝੋ ਲੈਂਦੀਆਂ ਸਨ। ਆਪਣਾ ਨਿਤਨੇਮ, ਭਜਨ ਪਾਠ ਪੂਰਾ ਕਰਨ ਤੋਂ ਬਾਅਦ

ਉਹ ਸਵੈ ਰਚੇ, ਲੋਕ ਗੀਤ ਨਾਲ ਮਨ ਪਰਚਾਵਾ ਵੀ ਕਰਦੀਆਂ .... "ਘੁੰਮ ਘੁੰਮ ਨੀ ਚੱਕੀਏ, ਤੇਰਾ ਆਟਾ ਲੰਗਰ ਨੂੰ ਜਾਵੇ।"

ਮਾਈ ਗੁਰਦੇਈ ਨੂੰ ਵਾਰਿਸਸ਼ਾਹ ਦੇ ਕਥਨ ਜਿਉਂ ਇਕ ਨਾਂ ਉੱਠ ਕੇ ਚੱਕੀਆਂ ਝੋਤੀਆਂ ਨੀ" ਪੰਜਾਬਣ ਬੀਬੀਆਂ ਦੀ ਇਹ ਕਾਰ, ਡੇਰੇ ਵਿਚ ਨਿਬਾਹੁਣ ਦੀ ਸੇਵਾ ਤਕਰੀਬਨ ਵੀਹ ਵਰ੍ਹੇ ਨਿਬਾਹੁਣੀ ਪਈ। ਇਸ ਤੋਂ ਬਾਆਦ ਭਾਈ ਠਾਕੁਰ ਸਿੰਘ ਬਾਠਾਂ ਵਾਲਾ (ਸਿਆਲਕੋਟ) ਦੇ ਕਾਰੀਗਰ ਸਿੰਘ ਨੇ, ਡੇਰੇ ਵਿਚ ਖਰਾਸ ਲਾ ਦਿਤਾ ਸੀ। ਸਾਰੇ ਪਾਸੇ ਮੁਸ਼ਕਿਲਾਂ ਉਪਰ ਮੁਸ਼ਕਿਲਾਂ। ਪਹਿਲਾਂ ਤਾਂ ਪਿੰਡ ਦੇ ਕੁਝ ਭਲੇ ਲੋਕਾਂ ਸਹਿਮਤੀ ਪ੍ਰਗਟਾਈ ਕਿ ਲੰਗਰ ਦਾ ਕੰਮ ਹੈ, ਖਰਾਸ ਲਾ ਲਵੋ। ਫਿਰ ਲੰਬਰਦਾਰ ਕਹੇ ਕਿ ਮੈਂ ਨਹੀਂ ਲੱਗਣ ਦਿੰਦਾ ਮੇਰੀ ਜਗ੍ਹਾ ਹੈ। ਬਹੁ ਗਿਣਤੀ ਪਿੰਡ ਦੀ ਸਹਿਮਤੀ ਨਾਲ ਕੰਮ ਸ਼ੁਰੂ ਹੋ ਗਿਆ। ਇਹ ਖਰਾਸ ੨੯ ਸਿਤੰਬਰ ੧੯੯੫ ਨੂੰ ਤਿਆਰ ਹੋ ਕੇ, ਦੁਸਹਿਰੇ ਦੇ ਰੋਜ਼ ਚਾਲੂ ਹੋ ਗਿਆ ਸੀ।[4] ਫਿਰ ਵੀ ਘੁਮੰਡੇ ਨੇ ਲੁਧਿਆਣਾ ਕਚਹਿਰੀ ਵਿਚ ਡੇਰੇ ਦੇ ਖਿਲਾਫ ਜਾ ਅਰਜ਼ੀ ਪਾਈ। ਜਿਸ ਦਾ ਰੇੜਕਾ ਕਾਫੀ ਚਿਰ ਪਿਆ ਰਿਹਾ ਸੀ। ਅਖੀਰ ਪਿੰਡ ਦੇ ਲੋਕਾਂ ਦੇ ਕਹਿਣ ਤੇ ਕਿ ਸਾਡੇ ਵਡਾਰੂਆਂ ਨੇ ਜਗ੍ਹਾ, ਡੇਰੇ ਨੂੰ ਪੁੰਨ ਵਜੋਂ ਦਾਨ ਕੀਤੀ ਹੈ, ਫੈਸਲਾ ਗੁਰੂ ਘਰ ਦੇ ਹੱਕ ਵਿਚ ਹੋ ਗਿਆ।

ਸੰਨ ੧੯੭੫ ਈ. ਤੋਂ ਬੂਹੇ ਤੇ ਬੈਠੀ ਪੁਲੀਸ ਚੌਕੀ ਦੀਆਂ ਅੱਖਾਂ ਵਿਚ ਘੱਟਾ ਪਾ ਕੇ, ਗੁਰੂ ਹਰੀ ਸਿੰਘ ਜੀ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਰੰਗੂਨੋਂ ਆਏ ਹੁਕਮਨਾਮਿਆਂ ਤੇ ਅਮਲ ਕਰਦਿਆਂ, ਲੰਗਰ ਵਿਚ ਬਣੇ ਭੋਰੇ ਵਿਚ, ਗੁਪਤ ਰੂਪ ਵਿਚ ਅਖੰਡ ਪਾਠ ਸ਼ੁਰੂ ਕਰਵਾ ਦਿੱਤੇ ਸਨ ਜਿਸ ਕਾਰਨ ਡੇਰੇ ਦੀ ਰਸਤ ਬਸਤ ਦਾ ਖਰਚਾ ਵੀ ਵਧ ਗਿਆ ਸੀ। ਮਾਈ ਗੁਰਦੇਈ ਘੋੜੇ ਤੇ ਸੁਆਰ ਹੋ ਕੇ, ਮਾਛੂਵਾੜੇ ਜਾਂਦੀ ਅਤੇ ਖੰਡ ਘਿਉ ਆਦਿ ਪਾਠਾਂ ਲਈ ਲੋੜੀਂਦੀ ਸਮੱਗਰੀ ਘੋੜੇ ਤੇ ਲੱਦ ਕੇ, ਡੇਰੇ ਵਿਚ ਲੈ ਆਉਂਦੀ। ਡੇਰੇ ਦੀ ਸੇਵਾ ਵਿਚ ਉਸਨੇ ਕਦੇ ਸੁਸਤੀ ਨਹੀਂ ਵਰਤੀ ਸੀ। ਉਹ ਚੰਗੀ ਘੋੜ ਸੁਆਰ ਸੀ ਅਤੇ ਲੋੜ ਵੇਲੇ ਦੋ-ਦੋ ਗੇੜੇ ਵੀ ਰਸਤ ਬਸਤ ਲਈ ਲਾ ਲੈਂਦੀ ਸੀ। ਮਾਈ ਗੁਰਦੇਈ ਨੇ ਕੀਰਤਨ ਦੀ ਦਾਤ ਬਚਪਨ ਵਿਚ ਹੀ ਸਿਖ ਲਈ ਸੀ। ਗੁਰੂ ਹਰੀ ਸਿੰਘ ਜੀ ਦੇ ਸਮੇਂ ਗੱਦੀ ਸਾਹਿਬ ਵਾਲੇ ਚੁਬਾਰੇ ਵਿਚ ਸਵੇਰੇ ਅੰਮ੍ਰਿਤ ਵੇਲੇ ਚੱਕੀਆਂ ਪੀਹਣ ਬਾਦ ਮਾਈ ਹੁਕਮੀ ਅਤੇ ਮਾਈ ਗੁਰਦੇਈ ਸਿਤਾਰ ਵਜਾਉਂਦੀਆਂ, ਮਹੰਤ ਗੁਰਦਿਤ ਸਿੰਘ ਮੋਰੋਂ ਵਾਲਾ ਢੋਲਕੀ ਵਜਾਉਂਦਾ ਸੀ। ਰਾਗਾ ਸਿੰਘ, ਝਾਬਾ ਸਿੰਘ, ਦਾਨ ਸਿੰਘ, ਜੀਊਣ ਸਿੰਘ ਝੱਬਰ ਆਦਿ ਸਿੰਘਾਂ ਤੇ ਹੋਰ ਮਾਈਆਂ ਬੀਬੀਆਂ ਦਾ ਜਥਾ ਨਾਲ ਸ਼ਬਦ ਪੜ੍ਹਦਾ। ਆਸਾ ਦੀ ਵਾਰ ਵਿਚ ਅਜਿਹਾ ਅੰਮ੍ਰਿਤ ਰਸ ਵਰਤਦਾ ਸੀ ਕਿ ਸਭ ਸੰਗਤਾਂ ਨਾਮ ਦੀ ਖੁਮਾਰੀ ਵਿਚ ਝੂੰਮ ਉੱਠਦੀਆਂ ਸਨ।

ਮਾਈ ਗੁਰਦੇਈ ਦੇ ਦੈਨਿਕ ਜੀਵਨ ਦਾ ਧਾਰਮਿਕ ਕਾਰਜ-ਕਰਮ ਬੜਾ ਵਿਸ਼ਾਲ ਸੀ। ਉਸ ਦਾ ਖਾਨ ਪਾਨ ਸਾਦਾ ਅਤੇ ਸੀਮਿਤ ਸੀ। ਉਸ ਦੇ ਨਿਤਨੇਮ ਵਿਚ ਰੋਜ਼ਾਨਾ ਪੰਜ ਮਾਲਾ ਭਜਨ ਦੀਆਂ, ਪੰਜਾਹ ਪੰਨੇ ਸ਼੍ਰੀ ਆਦਿ ਗੁਰੂ ਗਰੰਥ ਸਾਹਿਬ ਦਾ ਪਾਠ, ਅਤੇ ਮੂੰਹ ਜ਼ੁਬਾਨੀ ਕੰਠ ਕੀਤੀ, ਬਾਣੀ ਪੋਥੀ ਪੰਜਗਰੰਥੀ ਦਾ ਪਾਠ, ਸ਼ਾਮਿਲ ਸੀ। ਉਹ

ਆਪਣੀ ਸਰੀਰਕ ਸਮਰੱਥਾ ਬਰਕਰਾਰ ਰੱਖਣ ਲਈ, ਅੱਠੀਂ ਪਹਿਰੀਂ ਪਰਸ਼ਾਦਾ ਗੁਰੂ ਕੇ ਲੰਗਰ ਵਿਚ ਬੈਠ ਕੇ ਛਕਦੀ। ਡੇਰੇ ਦੀਆਂ ਕੰਧਾਂ, ਛੱਤਾਂ ਅਤੇ ਹੋਰ ਥਾਵਾਂ, ਲਿੰਬਣ ਪੋਚਣ ਦੀ ਸੇਵਾ ਕਰਨ ਸਮੇਂ ਵੀ ਉਹ ਮਾਈਆਂ ਬੀਬੀਆਂ ਨਾਲ ਮੋਹਰੀ ਹੁੰਦੀ ਸੀ। ਦਰਅਸਲ ਬਹੁਤ ਨਿਯਮ ਬੱਧ, ਕਠਿਨ, ਤਪ ਤਿਆਗ ਵਾਲਾ ਅਤੇ ਅਨੁਸ਼ਾਸਿਤ ਜੀਵਨ ਬਤੀਤ ਕਰਨਾ, ਮਾਈ ਗੁਰਦੇਈ ਦਾ ਸੁਭਾਉ ਬਣ ਗਿਆ ਸੀ। ਉਸ ਦੇ ਇਹਨਾਂ ਗੁਣਾਂ ਕਰਕੇ ਹੀ ਇਹੋ ਜਿਹੇ ਕਠਿਨ ਸਮਿਆਂ ਵਿਚ, ਉਹ ਡੇਰੇ ਦੀ ਲੰਮਾ ਸਮਾਂ ਮਰਯਾਦਾ ਵਿਚ ਰਹਿ ਕੇ, ਗੁਰੂ ਆਸ਼ੇ ਅਨੁਸਾਰ ਸੇਵਾ ਨਿਬਾਹ ਸੱਕੀ ਸੀ।

ਗੁਰੂ ਹਰੀ ਸਿੰਘ ਜੀ ਨੇ ਆਪਣੇ ਵੱਡੇ ਸਾਹਿਬਜ਼ਾਦੇ ਪਰਤਾਪ ਸਿੰਘ ਅਤੇ ਛੋਟੇ ਨਿਹਾਲ ਸਿੰਘ ਹੋਰਾਂ ਦੇ ਜਨਮ ਤੋਂ ਬਾਅਦ, 1896 ਈ. ਵਿਚ ਇਕ ਬਾਗ ਰਾਮਸਰ ਦੇ ਕੋਲ ਲੁਆਕੇ ਵਿਚ ਇਕ ਕੋਠੀ ਬਣਵਾਈ ਸੀ ਜਿਸਨੂੰ ਬਾਗ ਵਾਲੀ ਕੋਠੀ ਆਖਦੇ ਸਨ। ਦਰਅਸਲ ਕੋਠੀ ਪੈਣ ਤੋਂ ਚਾਰ ਪੰਜ ਸਾਲ ਪਹਿਲਾਂ, ਸੰਨ ੧੮੯੦ ਈ. ਦੇ ਲਾਗੇ ਚਾਗੇ ਇਹ ਥਾਂ ਲੈ ਕੇ, ਬਾਗ ਲਾਉਣ ਅਤੇ ਰਾਮ ਸਰ ਦੇ ਆਸ ਪਾਸ ਸਿੰਘਾਂ ਦੀ ਰਹਾਇਸ਼ ਆਦਿ ਲਈ ਕੱਖਾਂ ਕਾਨਿਆਂ ਦੀਆਂ ਕੁਟੀਆਂ ਛੱਪਰ, ਇਕੜ ਦੁੱਕੜ ਕੱਚੇ ਕੋਠੇ, ਪੈਣੇ ਸ਼ੁਰੂ ਹੋ ਗਏ ਸਨ। ਬਾਗ ਵਾਲੀ ਕੋਠੀ ਪਾਸ ਵੱਡਾ ਖੂਹ ਪੱਕਾ ਅਤੇ ਤਿੰਨ ਚਾਰ ਹੋਰ ਪੱਕੀਆਂ ਇਕ ਦੋ ਕੱਚੀਆਂ ਖੂਹੀਆਂ ਵੀ ਲੱਗ ਗਈਆਂ ਸਨ। ਹੁਣ ਬਾਗ ਵਾਲੀ ਕੋਠੀ ਨੂੰ ਇਕ ਸੁਚੱਜੇ ਮਾਲੀ ਦੀ ਲੋੜ ਵੀ ਸੀ। ਮਾਈ ਗੁਰਦੇਈ ਦਾ ਗੱਭਰੂ ਪੁੱਤਰ ਰਤਨ ਸਿੰਘ, ਗੁਰੂ ਕੇ ਬਾਗ ਵਿਚ ਮਾਲੀ ਦੀ ਸੇਵਾ ਕਾਫੀ ਸਮਾਂ ਸਫਲਤਾ ਪੂਰਵਕ ਨਿਭਾਹੁੰਦਾ ਰਿਹਾ। ਜਦੋਂ ਉਸਨੇ ਘਰ ਪਰਿਵਾਰ ਵਸਾਉਣ ਦਾ ਫੁਰਨਾ ਕੀਤਾ ਤਾਂ ਗੁਰੂ ਹਰੀ ਸਿੰਘ ਜੀ ਤੋਂ ਛੁੱਟੀ ਲੈ ਕੇ ਖੰਨੇ ਸਥਿਤ ਆਪਣੇ ਪੁਸ਼ਤੈਨੀ ਮਕਾਨ ਵਿਚ ਜਾ ਕੇ ਰਹਿਣ ਲੱਗ ਪਿਆ। ਘਰੋਗੀ ਜਾਇਦਾਦ ਵਿਚੋਂ ਪੰਦਰਾਂ ਘੋੜੇ ਲੈਕੇ ਯੱਕੇ ਤਿਆਰ ਕਰ ਲਏ। ਇਹਨਾਂ ਦੇ ਕਿਰਾਏ ਨਾਲ ਆਪਣਾ ਨਿਰਬਾਹ ਵੀ ਕਰਦਾ ਅਤੇ ਸ਼੍ਰੀ ਭੈਣੀ ਸਾਹਿਬ ਦੇ ਲੰਗਰ ਵਾਸਤੇ, ਹਰ ਮਹੀਨੇ ਪੰਞੀ ਰੁਪਏ ਆਪਣੀ ਕਿਰਤ ਕਮਾਈ ਵਿਚੋਂ, ਦਸਵੰਧ ਰੂਪ ਵਿਚ ਭੇਜਦਾ ਰਹਿੰਦਾ ਸੀ। ਉਸਦੇ ਹਿਰਦੇ ਵਿੱਚ ਅੰਗਰੇਜ਼ ਸਰਕਾਰ ਪ੍ਰਤੀ ਨਫ਼ਰਤ ਗਹਿਰੀ ਉਤਰੀ ਹੋਈ ਸੀ। ਇਸ ਲਈ ਖੰਨੇ ਵਿਚ ਉਸ ਦੇ ਪਾਸ ਆਉਣ ਜਾਣ ਵਾਲੇ ਕੂਕਿਆਂ ਦੇ ਸੁਆਲ ਉਤੇ, ਲੁਧਿਆਣਾ ਦੇ ਬਦਨਾਮ ਪੁਲੀਸ ਕਪਤਾਨ ਵਾਰਬਰਟਨ ਨਾਲ, ਉਸ ਦੀਆਂ ਅਕਸਰ ਝੜਪਾਂ ਹੁੰਦੀਆਂ ਰਹਿੰਦੀਆਂ ਸਨ। ਬਟਨ ਚਾਹੁੰਦਾ ਸੀ ਕਿ ਉਸ ਨੂੰ ਕਿਸੇ ਤਰ੍ਹਾਂ ਕੂਕਿਆਂ ਨਾਲੋਂ ਤੋੜ ਕੇ, ਜਗੀਰ ਆਦਿ ਦੇ ਕੇ, ਸਰਕਾਰ ਪ੍ਰਸਤਾਂ ਦੀ ਕਤਾਰ ਵਿੱਚ ਸ਼ਾਮਲ ਕੀਤਾ ਜਾਵੇ, ਪਰ ਭੈਣੀ ਸਾਹਿਬ ਵਿਚ ਰਹਿਣ ਕਾਰਨ ਉਸ ਦੇ ਅੰਦਰੋਂ ਹਕੂਮਤ ਪ੍ਰਸਤੀ ਦੀ ਸੋਚ ਸਦਾ-ਸਦਾ ਲਈ ਸਮਾਪਤ ਹੋ ਚੁੱਕੀ ਸੀ।[5]

ਇਸ ਤੋਂ ਪਹਿਲਾਂ ਇਕ ਸਮਾਂ ਐਸਾ ਵੀ ਆਇਆ ਸੀ ਜਦੋਂ ਭਾਈ ਰਤਨ ਸਿੰਘ ਨੇ ਕਿਸੇ ਕਾਰਨ, ਹਾਲਾਤ ਵੱਸ, ਸਰਕਾਰੀ ਨੌਕਰੀ ਕਰਨ ਦਾ ਇਰਾਦਾ ਬਣਾ ਲਿਆ ਸੀ। ਪਰ ਗੁਰੂ ਹਰੀ ਸਿੰਘ ਜੀ ਪਾਸ ਇਸ ਪਰਥਾਇ ਮਾਈ ਗੁਰਦੇਈ ਪਾਸੋਂ ਸੂਚਨਾ

ਪੁੱਜਣ ਤੇ, ਆਪ ਨੇ ਡੇਰੇ ਵਿਚੋਂ ਦਰੋਗਾ ਸੁਹੇਲ ਸਿੰਘ ਬਿਲਗੇ ਵਾਲੇ ਨੂੰ ਭੇਜਕੇ, ਆਪਣੇ ਸਿੰਘ ਨੂੰ ਕੂਕਾ ਕਾਰ ਤੋਂ ਬਾਹਰ ਜਾਣ ਤੋਂ, ਬਚਾ ਲਿਆ ਸੀ। ਬਾਹੋਵਾਲ ਜੀ ਇਸ ਪ੍ਰਥਾਇ, ਆਪਣੇ ਇਤਿਹਾਸਕ ਗਰੰਥ, ਸਤਿਗੁਰੂ ਬਿਲਾਸ ਦੇ ਦੂਜੇ ਭਾਗ ਵਿਚ ਲਿਖਦੇ ਹਨ: "ਰਤਨ ਸਿੰਘ ਗੁਰਦੇਈ ਦਾ ਪੁੱਤਰ ਸੀ, ਉਸਨੇ ਨੌਕਰੀ ਜਾਇ ਲਵਾਈ। ਗੁਰੂ ਜੀ ਬਚਨ ਕੀਤਾ ਸ਼ਹੀਦ ਲਿਆਵਣਗੇ। ਰੇਲ ਪਰ ਚੜ੍ਹਨਾ ਸੀ ਪਰ ਸ਼ਹੀਦਾਂ ਨੇ ਅਟਕਾਇ ਲੀਆ। ਸੁਹੇਲ ਸਿੰਘ ਭੇਜਿਆ ਲੈਣ ਕੋ, ਜਾਂ ਫਰੰਗੀ ਕੇ ਗਿਆ ਤਾਂ ਪੁੱਛਿਆ ਜੋ ਕੌਣ ਹੈ ? ਕਹਾ ਮੈਂ ਕੂਕਾ ਹਾਂ। ਰਤਨ ਸਿੰਘ ਨਾਮੇ ਜੋ ਕੂਕਾ ਹੈ ਮੈਂ ਤਿਸ ਕੋ ਲੈਣ ਆਇਆ ਹਾਂ। ਕਹਾ ਕਿ ਵੋਹ ਕੈਹਤਾ ਹੈ ਮੈਂ ਕੂਕਾ ਨਹੀਂ ਜਿਮੀਦਾਰ ਹਾਂ। ਸੁਹੇਲ ਸਿੰਘ ਨੇ ਕਹਾ ਕਿ ਉਸਕਾ ਜਨਮ ਭੀ ਕੂਕਿਆਂ ਕੇ ਘਰ ਦਾ ਹੈ। ਫਰੰਗੀ ਨੇ ਪੁਰਾਣਾ ਦਫ਼ਤਰ ਕੱਢ ਕੇ ਦੇਖ ਲਿਆ, ਜੋ ਕੂਕਾ ਹੈ ਸੋ ਨੌਕਰ ਨਹੀਂ ਰੱਖਣਾ। ਫਰੰਗੀ ਨੇ ਕਹਾ ਕਿ ਲੇ ਜਾਓ, ਕੂਕਾ ਭਰਤੀ ਕਰਨ ਕਾ ਹੁਕਮ ਨਹੀਂ ਹੈ। ਜਾਂ ਆਇਆ ਰਤਨ ਸਿੰਘ ਤਾਂ ਗੁਰੂ ਜੀ ਬਚਨ ਕੀਤਾ, ਏਨੂੰ ਕਾਲ ਘੇਰ ਕੇ ਲੈ ਚਲਿਆ ਸੀ। ਕਾਲ ਕੇ ਮੂੰਹ ਵਿਚੋਂ ਕੱਢਕੇ ਆਂਦਾ ਹੈ।"[6]

ਬਿਸ਼ਨ ਸਿੰਘ ਹਿਸਟੋਰੀਅਨ ਸਾਹਿਬ ਲਿਖਦੇ ਹਨ ਕਿ ਰਤਨ ਸਿੰਘ ਅਚਨਚੇਤ ਬੀਮਾਰ ਹੋ ਗਿਆ। ਸੰਬਤ ੧੯੫੯ (ਮੁਤਾਬਿਕ ੧੯੦੨-੩ ਈ.) ਵਿਚ ਉਹ ਸਵਰਗ ਸਿਧਾਰ ਗਿਆ। ਗੁਰੂ ਹਰੀ ਸਿੰਘ ਜੀ ਦੇ ਉਸ ਦੇ ਅੰਤਿਮ ਭੋਗ ਤੇ ਨੌਂ ਦਿਨਾਂ ਦੀ ਛੁਟੀ ਲੈ ਕੇ ਖੰਨੇ ਪੁੱਜੇ। ਇਸ ਦੌਰਾਨ ਆਪ ਨੇ ਨੌਂ ਪਿੰਡ ਜੋ ਕੂਕਿਆਂ ਦੇ ਖੰਨੇ ਦੇ ਆਸ ਪਾਸ ਲੱਗਦੇ ਸਨ, ਉਹਨਾਂ ਵਿਚ ਦੌਰਾ ਕੀਤਾ। ਖੰਨੇ ਦੇ ਅਗਲ-ਬਗਲ ੩੯ ਕੂਕੇ ਉਹ ਵੱਸਦੇ ਸਨ, ਜਿਹਨਾਂ ਦੇ ਨਾਮ ੧੯੮੧ ਈ. ਵਾਲੀ, ਖ਼ਤਰਨਾਕ ਕੂਕਿਆਂ ਦੀ ਖੁਫੀਆ ਸੂਚੀ ਵਿਚ ਸ਼ਾਮਲ ਹਨ। ਇਹਨਾਂ ਵਿਚੋਂ ਪੰਜ ਪ੍ਰਸਿੱਧ ਕੂਕੇ ਤਾਂ ਖੰਨਾ ਸ਼ਹਿਰ ਵਿਚ ਹੀ ਵੱਸਦੇ ਸਨ। ਮੋਹਰ ਸਿੰਘ ਦਾ ਪੁੱਤਰ ਖੜਕ ਸਿੰਘ ਝੀਵਰ, ਖੰਨਾ ਨਿਵਾਸੀ ਪਾਸ ਦੇਸ ਦੇਸਾਂਤਰਾਂ ਦੇ ਕੂਕੇ ਆਉਂਦੇ ਸਨ। ਉਸ ਦਾ ਭੈਣੀ ਸਾਹਿਬ ਨਾਲ ਸੰਪਰਕ ਜੁੜਿਆ ਰਹਿੰਦਾ ਸੀ। ਉਹ ਬਰਤਾਨਵੀ ਸਰਕਾਰ ਦੇ ਸ਼ੀਘਰ ਹੀ ਤਖਤਾ ਪਲਟ ਅਤੇ ਸਿੱਖ ਰਾਜ ਦੀ ਪੁਨਰ ਸਥਾਪਨਾ ਦੀ ਭਵਿੱਖ ਬਾਣੀ ਕਰਦਾ ਰਹਿੰਦਾ ਸੀ। ਉਸ ਤੋਂ ਇਕ ਵਰ੍ਹਾ ਉਮਰ ਵਿਚ ਛੋਟਾ ਉਹਦਾ ਭਾਈ ਦੀਵਾਨ ਸਿੰਘ/ਭਾਈ ਬਾਹੋਵਾਲ ਜੀ ਦੇ ਸਤਿਗੁਰੂ ਬਿਲਾਸ ਭਾਗ ਪਹਿਲਾ, ਸਫਾ ੪੦੬ ਅਨੁਸਾਰ, ਪਹਿਲਾ ਭਾਈ ਦੀਵਾਨ ਸਿੰਘ ਨੂੰ ਭੈਣੀ ਸਾਹਿਬ ਬੁਲਾਕੇ ੧੮੭੦ ਈ. ਵਿਚ ਸਤਿਗੁਰੂ ਰਾਮ ਸਿੰਘ ਜੀ ਨੇ ਨਾਲੇ ਉਸਨੂੰ ਕੂਕਾ ਸਿੰਘ ਸਾਜਿਆ ਨਾਲੇ ਬਾਅਦ ਵਿੱਚ ਉਸਦੇ ਘਰ ਜਾ ਕੇ ਦੀਵਾਨ ਲਾਇਆ। ਉਸ ਦਾ ਵੱਡਾ ਭਾਈ ਖੜਕ ਸਿੰਘ ਅਤੇ ਪਿਤਾ ਮੋਹਰ ਸਿੰਘ ਵੀ ਉਸ ਤੋਂ ਬਾਅਦ, ਭੈਣੀ ਸਾਹਿਬ ਆ ਕੇ ਸਿੰਘ ਸਜੇ ਸਨ। ਕਿਸੇ ਨੂੰ ਕੁਝ ਵੀ ਮੂੰਹ ਤੇ ਕਹਿ ਦੇਣ ਵਾਲਾ ਸੀ ਜੋ ਖੁੱਲ੍ਹਮ ਖੁੱਲ੍ਹਾ, ਅੰਗਰੇਜ਼ਾਂ ਨੂੰ ਕੱਢ ਕੇ ਗੁਰੂ ਰਾਮ ਸਿੰਘ ਜੀ ਦਾ ਹੀ ਰਾਜ ਕਾਇਮ ਹੋਣ ਵਿਚ ਭਰੋਸਾ ਦੁਹਰਾਉਂਦਾ ਰਹਿੰਦਾ ਸੀ। ਬਸਾਵਾ ਸਿੰਘ ਪੁੱਤਰ ਦੇਵੀਆ ਅਤੇ ਅਤਰ

ਸਿੰਘ ਪੁਤਰ ਦੇਸਾ ਸਿੰਘ ਵੀ ਕ੍ਰਮਵਾਰ ੫੦ ਅਤੇ ੬੮ ਸਾਲ ਦੇ, ਦੋ ਵਾਹੀਵਾਨ ਕੂਕੇ ਸਿੰਘ ਸਨ,

ਜੋ ਭੈਣੀ ਸਾਹਿਬ ਜਾਂਦੇ ਆਉਂਦੇ ਸਨ ਅਤੇ ਗੁਰੂ ਰਾਮ ਸਿੰਘ ਦਾ ਰਾਜ ਸਥਾਪਿਤ ਕਰਨ ਲਈ, ਫਰੰਗੀ ਸਰਕਾਰ ਦੀਆਂ ਸਫਾਂ ਵਲੇਟਣ ਲਈ ਯਤਨਸ਼ੀਲ ਸਨ। ਖੰਨੇ ਦਾ ਹੀ ਜੈਮਲ ਸਿੰਘ ਪੁੱਤਰ ਸ਼ੇਰ ਸਿੰਘ ੩੨ ਕੁ ਸਾਲ ਦਾ ਛੋਟਾ ਦੁਕਾਨਦਾਰ ਸੀ ਜਿਸ ਦੇ ਸੰਪਰਕ, ਦੇਸ਼ ਦੇ ਹਰ ਭਾਗ ਵਿੱਚ ਵੱਸਦੇ, ਕੂਕਿਆਂ ਨਾਲ ਸਨ ਅਤੇ ਉਹ ਵੀ ਉਪਰੋਕਤ ਕੂਕਿਆਂ ਵਾਲੀ ਗੋਰਾਸ਼ਾਹੀ ਦੇ ਖਾਤਮੇ ਦੀ ਇਛਾ ਪਾਲੀ ਬੈਠਾ ਸੀ। ਖੰਨੇ ਦੇ ਆਲੇ ਦੁਆਲੇ ਦੇ ਕੂਕਾ ਵੱਸੋਂ ਵਾਲੇ ਪਿੰਡ ਸਨ, ਬਗਲੀ ਕਲਾਂ, ਉਟਾਲਾਂ, ਬੂਥ ਗੜ, ਬਰਵਾਲੀ ਕਲਾਂ, ਸੇਹ, ਦਿਆਲ ਪੁਰ, ਦੀਣਾ, ਦੌਂਦ ਪੁਰ, ਕੋਟਲਾ ਅਜਨੇਰ, ਸ਼ਹਾਬਪੁਰ, ਹਰਗਣਾ, ਗੰਢਵਾਂ ਅਤੇ ਖੰਨਾ ਸ਼ਹਿਰ ਸਮੇਤ ਇਹਨਾਂ ਵਿਚ ੩੯ ਉਹ ਕੂਕੇ ਵਸਦੇ ਸਨ ਜਿਹੜੇ ਸਰਕਾਰ ਬਰਤਾਨੀਆਂ ਦੀ ਰਾਤਾਂ ਦੀ ਨੀਂਦ ਹਰਾਮ ਕਰਨ ਵਾਲੇ ਸਨ।[7] ਕੂਕਿਆਂ ਦੇ ਇਸ ਪ੍ਰਭਾਵਸ਼ਾਲੀ ਤਾਣੇ ਪੇਟੇ ਦੇ ਪਿੱਛੇ ਜਿੱਥੇ ਸਤਿਗੁਰੂ ਰਾਮ ਸਿੰਘ ਜੀ ਅਤੇ ਗੁਰੂ ਹਰੀ ਸਿੰਘ ਜੀ ਦਾ ਵਿਆਪਕ ਪ੍ਰਭਾਵ ਸੀ, ਉੱਥੇ ਖੰਨੇ ਦੀ ਵੀਰਾਗਣਾਂ ਮਾਈ ਗੁਰਦੇਈ ਦਾ ਯੋਗਦਾਨ ਵੀ ਅਣਡਿੱਠ ਨਹੀਂ ਕੀਤਾ ਜਾ ਸਕਦਾ। ਵੈਸੇ ਖੰਨਾ ਥਾਣੇ ਦੇ ਕੁੱਲ ੩੪ ਪਿੰਡਾਂ ਵਿਚ ਵੱਧ-ਘੱਟ ਕੂਕਾ ਅਬਾਦੀ ਸੀ, ਜਿਹਨਾਂ ਵਿਚ ਨਸਰਾਲੀ, ਨਾਗਰਾ ਮੱਲ ਮਾਜਰਾ, ਗੋਹ, ਪੂਰਬਾ, ਜਟਾਣਾ, ਬੁਰਜ, ਰੁਪਾਲਾਂ, ਮਜਾਲੀ ਕਲਾ, ਮਾਣਕ ਮਾਜਮ ਆਦਿ ਸ਼ਾਮਲ ਸਨ।

ਭਾਈ ਸੰਤੋਖ ਸਿੰਘ ਮੁਤਾਬਿਕ ਦਸ ਦਿਨ ਦੀ ਛੁੱਟੀ ਵਾਲਾ ਗੁਰੂ ਹਰੀ ਸਿੰਘ ਜੀ ਦਾ ਦੌਰਾ, ੧੯੫੭ ਬਿਕਰਮੀ ਵਿਚ ਲੁਧਿਆਣਾ ਜ਼ਿਲ੍ਹਾ ਖੰਨਾ ਇਲਾਕੇ ਦਾ ਹੋਣਾ ਲਿੱਖਿਆ ਹੈ। ਹੋ ਸੱਕਦਾ ਹੈ ਇਸੇ ਦੌਰੇ ਵਾਲੇ ਸਾਲ ਮੁਤਾਬਿਕ ੧੯੦੦-੦੧ ਵਿਚ ਹੀ ਭਾਈ ਰਤਨ ਸਿੰਘ ਨੇ ਚਲਾਣਾ ਕੀਤਾ ਹੋਵੇ। ਖੈਰ ਜੋ ਵੀ ਸੀ ਉਸਦੇ ਚਲਾਣੇ ਬਾਅਦ ਕਿਉਂਕਿ ਉਹ ਹੁਣ ਬੇਉਲਾਦ ਸੀ, ਮਾਈ ਗੁਰਦੇਈ ਦੀ ਦੁਨਿਆਵੀ ਸਾਂਝ ਦੀ ਜੇ ਕੋਈ ਤੰਦ ਸੀ ਤਾਂ ਉਹ ਵੀ ਟੁੱਟ ਗਈ।

ਸੰਤ ਬਿਸ਼ਨ ਸਿੰਘ ਹਿਸਟੋਰੀਅਨ ਦੇ ਮੁਤਾਬਿਕ ਰਤਨ ਸਿੰਘ ਦੇ ਭੋਗ ਤੋਂ ਬਾਅਦ ਮਾਈ ਗੁਰਦੇਈ ਨੇ ਆਪਣੇ ਪਰਿਵਾਰ ਦਾ ਬਹੁਤ ਸਾਰਾ ਧਨ ਪਦਾਰਥ, ਬਸਤਰ, ਬਰਤਨ ਅਤੇ ਦੋ ਘੋੜਿਆਂ ਦੁਆਰਾ ਚਲਾਈ ਜਾਣ ਵਾਲੀ ਬੱਘੀ ਘੋੜਿਆਂ ਸਮੇਤ, ਗੁਰੂ ਹਰੀ ਸਿੰਘ ਜੀ ਨੂੰ ਮੱਥਾ ਟੇਕ ਦਿੱਤੀ ਸੀ। ਉਹਨਾਂ ਅਨੁਸਾਰ ਮਾਈ ਦਾ ਕੱਦ ਛੇ ਫੁੱਟ ਉਚਾ ਸੀ। ਉਹ ਨਾਮਧਾਰੀ ਪੰਥ ਦਾ ਉਸ ਸਮੇਂ ਚਮਕਦਾ ਸਿਤਾਰਾ ਸੀ। ਉਹਨਾਂ ਬਾਰੇ ਇਸ ਲਿਖਤ ਮੁਤਾਬਿਕ ੧੯੯੫ (ਬਿਕ੍ਰਮੀ) ਵਿਚ ਭੈਣੀ ਸਾਹਿਬ ਪੰਜ ਭੂਤਕ ਦੇਹ ਤਿਆਗਣੀ ਲਿਖੀ ਹੈ। ਇਸ ਵਿਚ ਭੈਣੀ ਸਾਹਿਬ ਸਰੀਰ ਛਡਣ ਵਾਲੀ ਗੱਲ ਦਰੁਸਤ ਹੈ ਪਰ ਸਮਾਂ ਸਹੀ ਨਹੀਂ। ਕਿਉਂਕਿ ੧੯੯੫ ਬਿ. ਜਾਂ ੧੯੩੮-੩੯ ਈ. ਤੱਕ ਜੇ ਮਾਈ ਗੁਰਦੇਈ ਡੇਰੇ ਵਿਚ ਜੀਵਿਤ ਹੁੰਦੀ ਤਾਂ ਬਾਹੋਵਾਲ ਜੀ ਤੋਂ ਮਗਰਲੀਆਂ ਬਹੁਤ ਸਾਰੀਆਂ ਲਿਖਤਾਂ ਵਿਚ ਉਸਦਾ ਜ਼ਿਕਰ ਆਉਣਾ ਸੀ। ਅਸੀਂ ਹਿਸਟੋਰੀਅਨ ਜੀ ਦੇ ਸਮੇਂ,

ਉਹਨਾਂ ਦੀਆਂ ਦੁਬਾਰਾ ਪਰੂਫ ਆਦਿ ਨਾ ਵੇਖ ਸਕਣ ਦੀਆਂ ਮਜ਼ਬੂਰੀਆਂ ਤੋਂ ਸਮਝ ਸਕਦੇ ਹਾਂ ਕਿ ਉਹਨਾਂ ਦੀਆਂ ਲਿਖਤਾਂ ਵਿੱਚ, ਸੰਨ ਸੰਬਤ ਦੀਆਂ ਉਕਾਈਆਂ ਆਮ ਆਉਂਦੀਆਂ ਹਨ। ਫਿਰ ਵੀ ਸਾਡੇ ਮੁੱਢਲੇ ਸਮੇਂ ਦੇ ਇਤਿਹਾਸ ਬਾਰੇ, ਉਹਨਾਂ ਬੇਸ਼ਕੀਮਤੀ ਮਸਾਲਾ ਆਪ ਤੁਰ ਫਿਰ ਕੇ ਇਕੱਠਾ ਕੀਤਾ ਜਾਂ ਗਿਆਨੀ ਕਾਹਲਾ ਸਿੰਘ ਜੀ ਦੇ ਲਿਖਤੀ ਨੋਟਾਂ ਵਿਚੋਂ ਲੈ ਕੇ ਵਰਤਿਆ ਸੀ। ਸੋ ਮਾਈ ਗੁਰਦੇਈ ਦਾ ਦੇਹਾਂਤ ਉਪਰ ਜਿਵੇਂ ਆ ਚੁੱਕਾ ਹੈ ੧੯੧੦ ਈ. ਤੋਂ ਪਹਿਲਾਂ ਹੀ ਸਿੱਧ ਹੁੰਦਾ ਹੈ। ਸਾਡੇ ਇਤਿਹਾਸ ਵਿਚ ਗੁਰੂ ਹਰੀ ਸਿੰਘ ਜੀ ਦੇ ਅੰਤਿਮ ਸਮੇਂ ਤਕ ਉਸਦੇ ਜੀਵਤ ਹੋਣ ਦੇ ਪਰਮਾਣ ਹਨ। ਮਾਈ ਗੁਰਦੇਈ ਅੰਤ ਸਮੇਂ ਗੁਰੂ ਹਰੀ ਸਿੰਘ ਜੀ ਦੀ, ਬੜੇ ਪ੍ਰੇਮ ਪੂਰਵਕ ਪਰਸ਼ਾਦ ਪਾਣੀ ਦੀ ਸੇਵਾ ਕਰ ਰਹੀ ਸੀ, ਪਰ ਗੁਰੂ ਜੀ ਦੀ ਰਜ਼ਾ ਹੁਣ ਅੰਤ ਸਮੇਂ, ਮਾਤਾ ਜੀਵਨ ਕੌਰ ਜੀ ਦੇ ਹੱਥੋਂ ਪਰਸ਼ਾਦਾ ਛਕਣ ਦੀ ਹੋ ਗਈ।

"ਫੇਰ ਇਕ ਦਿਨ ਬਚਨ ਕੀਤਾ ਜੀਉਣ ਕੌਰੇ ਗੁਰਦੇਈ ਫੁਲਕੇ ਜਹੇ ਬਣਾਇ ਲਿਆਂਵਦੀ ਹੈ, ਤੂੰ ਮੋਟਾ ਜੇਹਾ ਪ੍ਰਸ਼ਾਦਾ ਬਣਾਇ ਲਿਆਇਆ ਕਰ। ਦਸ ਦਿਨ ਛਕਣਾ ਹੈ, ਅਸਾਂ ਕੇਹੜਾ ਰੋਜ ਛਕਣਾ ਹੈ।"[8]

ਇਕ ਸਮੇਂ ਨਾਮਧਾਰੀ ਪੰਥ ਵਿਚ ਮਾਈ ਅਤਰੀ ਮਾਈਸਰਖਾਨੇ ਵਾਲੀ ਦੀ ਕਾਫੀ ਚੜ੍ਹਦੀ ਕਲਾ ਸੀ। ਉਹ ਸਤਿਗੁਰੂ ਜੀ ਦੇ ਪਰਦੇਸ ਗਮਨ ਬਾਅਦ ਸਮੁੱਚੇ ਪੰਜਾਬ ਵਿਚ ਕੂਕਾ ਪਰਚਾਰ ਲਈ ਫਿਰਦੀ ਸੀ। ਉਸ ਦਾ ਆਪਣਾ ਪਿੰਡ ਰਿਆਸਤ ਪਟਿਆਲਾ ਵਿਚ ਸੀ। ਉਂਜ ਉਹ ਆਪਣੇ ਆਪ ਨੂੰ ਸਤਿਗੁਰੂ ਰਾਮ ਸਿੰਘ ਜੀ ਦੀ ਮੰਗੇਤਰ ਦੱਸ ਕੇ ਇਸ ਆਸ ਤੇ ਵੀ ਵਿਚਰਦੀ ਸੀ ਕਿ ਦੇਸ ਵਾਪਸੀ ਬਾਅਦ, ਸਤਿਗੁਰੂ ਜੀ ਉਸਨੂੰ ਅਨੰਦ ਪੜ੍ਹਾ ਕੇ ਸਵੀਕਾਰ ਕਰ ਲੈਣਗੇ। ਇਸ ਖ਼ਾਮ ਖਿਆਲੀ ਵਿਚੋਂ ਉਸਨੂੰ ਬਾਹਰ ਕੱਢਣ ਲਈ, ਸਤਿਗੁਰੂ ਜੀ ਨੇ ਬਹੁਤ ਯਤਨ ਪੂਰਵਕ, ਅਨੇਕ ਹੁਕਮਨਾਮੇ ਲਿਖੇ ਸਨ। ਉਸ ਦੇ ਚਾਚੇ ਅਤੇ ਪਿਤਾ ਨੂੰ ਵੀ ਲਿਖਿਆ, ਜ਼ੁਬਾਨੀ ਵੀ ਕਿਹਾ ਸੀ, ਮੇਰੀ ਝਾਕ ਛੱਡ ਕੇ ਇਸ ਦਾ ਅਨੰਦ ਕਿਸੇ ਸਿੱਖ ਨਾਲ ਕਰਾ ਦਿਉ। ਪਰ ਉਹ ਇਸ ਮਾਮਲੇ ਵਿਚ ਹਠ ਤੇ ਅੜੀ ਰਹੀ ਜਿਸ ਦਾ ਅੰਤ ਸੁਖਦਾਈ ਨਾ ਹੋਇਆ। ਫਿਰ ਵੀ ਉਸਦੇ ਕੂਕਾ ਪੰਥ ਪ੍ਰਤੀ ਸਰਗਰਮ ਪਰਚਾਰ ਤੋਂ ਭੈਅ ਭੀਤ ਹੋ ਕੇ, ਅੰਗਰੇਜ਼ ਸਰਕਾਰ ਨੇ ਪਟਿਆਲਾ ਰਿਆਸਤ ਨੂੰ ਕਹਿ ਕੇ ਉਸਨੂੰ ਪਟਿਆਲੇ ਵਿਚ ਨਜ਼ਰਬੰਦ ਰੱਖਿਆ ਅਤੇ ਫਿਰ ਬਹਾਦਰਗੜ੍ਹ ਕਿਲ੍ਹੇ ਵਿਚ ਤਿੰਨ ਸਾਲ ਕੈਦ ਕਰ ਦਿਤਾ। ਇੱਥੇ ਉਹ ਗੁਰੂ ਗਰੰਥ ਸਾਹਿਬ ਦੇ ਪਾਠ ਕਰਦੀ। ਸਿੰਘ ਉਸ ਪਾਸ ਆਉਂਦੇ ਜਾਂਦੇ ਰਹਿੰਦੇ। ਬਾਬਾ ਖੁਸ਼ਹਾਲ ਸਿੰਘ ਸੂਬਾ ਥਰਾਜ ਨਿਵਾਸੀ ਨੇ ਤੁਰ ਫਿਰ ਕੇ ਆਪਣੇ ਯਤਨਾਂ ਨਾਲ, ਉਸਦੀ ਪਟਿਆਲਾ ਤੋਂ ਰਿਹਾਈ ਕਰਵਾਈ। ਹੁਣ ਉਹ ਡੇਰੇ ਭੈਣੀ ਸਾਹਿਬ ਵਿਚ ਆਕੇ ਰਹਿਣ ਲੱਗ ਪਈ ੧੮੮੭ ਈ. ਦੇ ਸਮੇਂ ਵਿਚ। ਕਿਉਂਕਿ ਨਜ਼ਰਬੰਦੀ ਦੌਰਾਨ ਆਪਣੇ ਪਿਤਾ ਸੂਬਾ ਖੁਸ਼ਹਾਲ ਸਿੰਘ ਨਾਲ, ਮਾਤਾ ਜੀਵਣ ਕੌਰ ਤੇ ਫਤੇਹ ਕੌਰ ਜੀ ਵੀ ਆਉਂਦੀਆਂ ਸਨ ਅਤੇ ਕੁਝ ਦਿਨ ਅਤਰੀ ਪਾਸ, ਉਸ ਨੂੰ ਇਕ ਸਤਿਕਾਰਿਤ ਪੰਥਿਕ ਆਗੂ ਜਾਣ ਕੇ, ਉਸ ਦੀ ਸੇਵਾ ਕਰਦੀਆਂ ਸਨ। ਮਾਈਸਰਖਾਨੇ ਉਸਦੇ ਡੇਰੇ ਵਿਚ ਵੀ ਸੂਬਾ ਜੀ ਦੋਹਾਂ ਪੁੱਤਰੀਆਂ

ਨਾਲ ਆ ਕੇ ਰਹਿੰਦੇ ਸਨ। ਜਦੋਂ ਅਤਰੀ ਭੈਣੀ ਸਾਹਿਬ ਡੇਰੇ ਵਿਚ ਰਹਿਣ ਲੱਗੀ ਤਾਂ ਦੋਵੇਂ ਮਾਤਾਵਾਂ, ਪਿੰਡ ਥਰਾਜ ਪਿਤਾ ਜੀ ਨਾਲ ਪੁੱਜ ਗਈਆਂ। ਉਹਨਾਂ ਨੂੰ ਡੇਰੇ ਵਿਚ ਸੱਦਣ ਲਈ ਤਾਂਕਿ ਗੁਰੂ ਹਰੀ ਸਿੰਘ ਜੀ ਦੇ ਪਹਿਲੇ ਮਹਿਲ ਮਾਤਾ ਸਾਹਿਬ ਕੌਰ ਦੇ ਚਲਾਣੇ ਬਾਅਦ ਉਹਨਾਂ ਦਾ ਗੁਰੂ ਜੀ ਨਾਲ ਅਰਦਾਸਾ ਕਰ ਦਿਤਾ ਜਾਏ, ਮਾਈ ਅਤਰੀ ਨੇ ਲੁਧਿਆਣਾ ਅਰਜ਼ੀ ਪਾਈ। ਇਸ ਤੇ ਅੰਗਰੇਜ਼ ਹਾਕਮਾਂ ਨੇ ਇਕ ਵੇਰ ਇਤਰਾਜ਼ ਵੀ ਕੀਤਾ ਕਿ ਇਤਨੀ ਦੂਰੋਂ ਇਕ ਬਾਗੀ ਕੂਕਾ ਸੂਬਾ ਦੀਆਂ ਪੁੱਤਰੀਆਂ, ਕਿਉਂ ਇੱਥੇ ਬੁਲਾਈਆਂ ਜਾਣ।" "ਫਰੰਗੀ (ਡਿਪਟੀ ਕਮਿਸ਼ਨਰ ਲੁਧਿਆਣਾ) ਨੇ ਕਿਹਾ ਕਿ ਹੋਰ ਜ਼ਨਾਨੇ ਬਹੁਤ ਹੈਂ। ਗੁਰਦੇਈ ਹੈ। ਉਸਸੇ ਕਰਵਾਇ ਲਵੋ ਸੇਵਾ। ਖਾਨੇ ਵਾਲੀ ਨੇ ਕਹਾ ਕਿ ਹੋਰ ਕੋ ਮੇਰੀ ਟੈਹੁਲ ਕਰਨੇ ਕੀ ਕੁਝ ਖਵਰ ਨਹੀਂ। ਓਹ ਮੇਰੀ ਟੈਹਲ ਨੂੰ ਜਾਣਦੀਆਂ ਹੈਂ, ਅੱਗੇ ਮੇਰੀ ਸੇਵਾ ਕਰਦੀਆਂ ਰਹੀਆਂ। ਫਰੰਗੀ ਨੇ ਹੁਕਮ ਦੀਆ ਕਿ ਮੰਗਵਾ ਲਵੋ। ਤਾਂ ਮਾਈ ਜੀਉਣ ਕੌਰ ਆਈ। ਰਾਮਦਾਸਪੁਰੇ ਸਾਹਿਬ ਖਾਨੇ ਵਾਲੀ ਕੀ ਟਰੈਲ ਸੇਵਾ ਮੇਂ ਹਾਜ਼ਰ ਹੋਈ। ਪਹਿਲੇ ਤਾਂ ਏਕ ਬੁਰਜ ਸੀ ਤਿਸ ਮੇਂ ਰਹਿਣ ਲੱਗੀਆਂ। ਫਿਰ ਮੰਦਰ ਬਣਾਇਆ, ਉਪਰ ਚੁਬਾਰਾ।"[9]

ਖਾਨੇ ਵਾਲੀ ਮਾਈ ਦੇ ਡੇਰੇ ਵਿਚ ਨਿਵਾਸ ਕਰਨ ਬਾਅਦ ਹੀ ਹਜ਼ੂਰੀ ਸੇਵਕ ਭਾਈ ਦਾਨ ਸਿੰਘ ਦੀ ਬਜਾਏ, ਗੁਰੂ ਦੇ ਖਜ਼ਾਨੇ ਦੀਆਂ ਕੁੰਜੀਆਂ ਉਸ ਪਾਸ ਆ ਗਈਆਂ ਸਨ। ਮਾਈ ਅਤਰੀ ਦੇ ਇਸ ਪਰਬੰਧਕੀ ਵਾਲੇ ਸਮੇਂ ਵਿਚ ਹੀ ਗੁਰੂ ਹਰੀ ਸਿੰਘ ਜੀ ਦਾ ਦੋਬਾਰਾ ਅਨੰਦ ਕਾਰਜ ਦਾ ਅਰਦਾਸਾ, ਮਾਤਾ ਜਿਊਣ ਕੌਰ ਜੀ ਨਾਲ ਕਰ ਦਿਤਾ ਗਿਆ ਸੀ, ਸੰਨ ੧੯੮੭ ਈ. ਵਿਚ ਵੈਸਾਖੀ ਦੇ ਦਿਨ।[10] ਪਰੰਤੂ ਜਿਸ ਤਰ੍ਹਾਂ ਦਾ ਮਾਈ ਅਤਰੀ ਦਾ ਖੜਕੇ-ਦੜਕੇ ਵਾਲਾ ਸੁਭਾਉ ਸੀ, ਬਾਹੋਵਾਲ ਜੀ ਮੁਤਾਬਿਕ ਉਹ ਭਗਵਾਨ ਸਿੰਘ ਅੜਬੰਗੀ ਵਰਗੇ ਖਾੜਕੂ ਕੂਕੇ ਨੂੰ ਵੀ ਕੁੱਟ ਸੱਕਦੀ ਸੀ, (ਬੇਸ਼ਕ ਉਹ ਮਾਈ ਜਾਣਕੇ ਅਦਬ ਵਜੋਂ ਚੁੱਪ ਰਹਿੰਦੇ), ਉਸ ਦਾ ਜ਼ਿਆਦਾ ਸਮਾਂ, ਡੇਰੇ ਵਿਚ ਕੱਟਣਾ ਮੁਸ਼ਕਿਲ ਸੀ। ਇਉਂ ਮਾਲੂਮ ਹੁੰਦਾ ਹੈ ਕਿ ਅਤਰੀ ਦੇ ਇੱਥੋਂ ਕੂਚ ਕਰ ਜਾਣ ਬਾਅਦ ਸੰਨ ੧੯੯੦-੯੧ ਈ. ਤੱਕ, ਗੁਰੂ ਕੇ ਖਜ਼ਾਨੇ ਦੀਆਂ ਕੁੰਜੀਆਂ, ਯੋਗ ਪਾਤਰ ਜਾਣਕੇ ਹੁਣ ਮਾਈ ਗੁਰਦੇਈ ਦੇ ਹੱਥ ਆ ਗਈਆਂ ਸਨ। ਕੋਈ ਦਸ ਸਾਲ ਤੱਕ ਮਾਈ ਗੁਰਦੇਈ ਗੁਰੂ ਘਰ ਦੀ ਕੁੰਜੀ ਬਰਦਾਰ ਰਹੀ। ਘਰ ਗ੍ਰਿਹਸਤੀ ਨੂੰ ਚਲਾਉਣ ਲਈ, ਮਾਈਆਂ ਬੀਬੀਆਂ ਨੂੰ ਬੜੀ ਵਿਉਂਤਬੰਦੀ ਨਾਲ, ਸੰਜਮ ਸਰਫੇ ਨਾਲ ਕਾਰ ਵਿਹਾਰ ਚਲਾਉਣਾ ਪੈਂਦਾ ਹੈ। ਜਿਸ ਨੇ ਰੋਜ਼ ਕੱਢ ਕੇ ਵਰਤਣਾ ਹੁੰਦਾ ਹੈ ਉਹ ਆਮਦਨੀ ਦੇ ਸੀਮਿਤ ਸਾਧਨਾਂ ਤੋਂ ਵਧ ਖਰਚਾ ਕਿਵੇਂ ਬਰਦਾਸ਼ਤ ਕਰੇ। ਫਿਰ ਇਹ ਸਮਾਂ ਵੀ ਆਰਥਿਕ ਤੌਰ ਤੇ ਮੰਦਵਾੜੇ ਅਤੇ ਮੀਂਹ ਨਾਂ ਪੈਣ ਕਰਕੇ ਕਾਲ ਦਾ ਵਕਤ ਸੀ। ਮਾਈ ਗੁਰਦੇਈ ਦੀ ਇਹ ਸਿਆਣਪ ਖੁੱਲਾ ਵਰਤਣ ਛਕਣ ਛਕਾਉਣ ਵਾਲੇ ਸਿੰਘਾਂ ਦੇ ਰਾਸ ਨਹੀਂ ਸੀ ਆ ਰਹੀ। ਭਾਈ ਸੁੱਧ ਸਿੰਘ ਬਗਲੀ ਕਲਾਂ ਦੀ ਮਾਰਫਤ ਗੁਰੂ ਹਰੀ ਸਿੰਘ ਪਾਸ ਮਾਈ ਗੁਰਦੇਈ ਦੇ ਹੱਥ ਘੁੱਟ ਕੇ ਵਰਤਣ ਵਾਲੀ "ਖਾਲਸੇ, ਦੀ ਬਰਤਾਵੀ' ਦੀ ਸ਼ਕਾਇਤ ਹੋਈ। ਗੁਰੂ ਹਰੀ ਸਿੰਘ ਜੀ ਨੇ ਮੌਕੇ ਦੀ ਨਜ਼ਾਕਤ ਨੂੰ ਸਮਝਦਿਆਂ .... "ਗੁਰਦੇਈ ਨੂੰ

ਬਚਨ ਕੀਤਾ ਕਿ ਤੂੰ ਭਜਨ ਬਾਣੀ ਕਰਿਆ ਕਰ, ਬਥੇਰੀ (ਸੇਵਾ) ਹੋਈ ਹੈ।"[11]

ਹੁਣ ਗੁਰੂ ਹਰੀ ਸਿੰਘ ਜੀ ਨੇ ਮਾਤਾ ਜੀਵਣ ਕੌਰ ਜੀ ਨੂੰ ਕੁੰਜੀਆਂ ਸਾਂਭਣ ਵਾਸਤੇ ਕਿਹਾ। ਪਰ ਉਹ ਵੱਡੇ ਨਾਮ ਵਾਲੇ ਪਿਤਾ ਦੀ ਪੁੱਤਰੀ ਵੱਜੋਂ ਵਿਸ਼ਾਲ ਹਿਰਦੇ ਦੇ ਸੁਆਮੀ ਵੀ ਸਨ। ਉਹ ਜਾਣਦੇ ਸਨ ਕਿ ਕਿਸ ਤਰ੍ਹਾਂ ਦੇ ਦੇਸ਼ ਭਗਤ ਪਰਿਵਾਰ ਵਿਚੋਂ, ਡੇਰੇ ਵਿਚ ਆਕੇ ਪਿਛਲੇ ੨੦-੨੫ ਸਾਲਾਂ ਤੋਂ, ਮਾਈ ਗੁਰਦੇਈ ਨਾਮਧਾਰੀ ਪੰਥ ਅਤੇ ਗੁਰੂ ਘਰ ਦੀ ਸੇਵਾ ਨਿਬਾਹ ਰਹੀ ਸੀ। ਇਸ ਲਈ ਉਹਨਾਂ ਨੇ ਗੁਰੂ ਦੇ ਬਚਨਾਂ ਨੂੰ ਪਾਲਣ ਲਈ ਜ਼ਿਆਦਾ ਕਾਹਲ ਨਾ ਵਿਖਾਈ ਤਾਂਕਿ ਮਾਈ ਗੁਰਦੇਈ ਦੇ ਮਾਨ ਸਨਮਾਨ ਵਿਚ, ਕੋਈ ਫ਼ਰਕ ਨਾ ਪਵੇ। ਫਿਰ ਇਕ ਦਿਨ ਜਦੋਂ ਗੁਰੂ ਹਰੀ ਸਿੰਘ ਜੀ ਨੇ ਕਿਸੇ ਕਾਰਜ ਵੱਸ ਮਾਤਾ ਜੀਵਨ ਕੌਰ ਜੀ ਨੂੰ ਖਜ਼ਾਨਾ ਖੋਹਲਣ ਲਈ ਕਿਹਾ ਤਾਂ ਉਹਨਾਂ ਦੱਸਿਆ ਕਿ ਅਜੇ ਕੁੰਜੀਆਂ ਮੇਰੇ ਪਾਸ ਨਹੀਂ ਹਨ। "ਮਾਈ ਜੀ ਨੇ ਆਕੇ ਅਰਜ਼ ਕੀਤੀ ਕੁੰਜੀਆਂ ਘਰ ਨਹੀਂ ਹਨ ਗੁਰਦੇਈ ਲੈ ਗਈ ਹੈ। ਗੁਰੂ ਜੀ ਕਿਹਾ-ਕੁੰਜੀਆਂ ਨਾਲ ਲੈ ਜਾਂਦੀ ਹੈ ਘਰ ਕਿਉਂ ਨਾ ਦੇ ਗਈ। ਮਾਈ ਜੀ ਨੇ ਕਿਹਾ ਓਹ ਤਾਂ ਦੇਂਦੀ ਸੀ ਮੈਂ ਨਾ ਲਈਆਂ। ਫੇਰ ਗੁਰਦੇਈ ਨਾਭੇ ਗਈ ਤੇ ਕੁੰਜੀਆਂ ਦੇ ਗਈ। ਜਦੋਂ ਸੁਧ ਸਿੰਘ ਬਗਲੀ ਵਾਲੇ ਨੂੰ ਪਤਾ ਲੱਗਾ ਕਿ ਕੁੰਜੀਆਂ ਦੇ ਗਈ ਹੈ, ਸਿੰਘਾਂ ਨੇ ਰਲ ਕੇ ਮਾਈ ਜੀ ਨੂੰ ਕਿਹਾ ਅਸੀਂ ਅਰਜ਼ ਕਰਨੀ ਹੈ ਤੁਸੀਂ ਕੁੰਜੀਆਂ ਸਾਂਭੋ। ਮਾਈ ਜੀ ਕਿਹਾ, ਉਸਨੂੰ ਨਰਾਜ਼ ਨਹੀਂ ਕਰਨਾ।"[12] ਇਸ ਤਰ੍ਹਾਂ ੧ ਅਗਸਤ ੧੯੯੯ ਈ. ਨੂੰ ਮਾਈ ਗੁਰਦੇਈ ਪਾਸੋਂ ਕੁੰਜੀਆਂ, ਮਾਤਾ ਜੀਵਣ ਕੌਰ ਜੀ ਪਾਸ ਆਈਆਂ। ਪਰ ਇਸ ਦੇ ਬਾਵਜੂਦ ਵੀ ਡੇਰੇ ਦੀ ਪਰਬੰਧ ਵਿਵਸਥਾ ਵਿਚ, ਗੁਰੂ ਹਰੀ ਸਿੰਘ ਜੀ ਦੇ ਸਮੇਂ ਤੱਕ ਮਾਈ ਗੁਰਦੇਈ ਦੇ ਬੋਲ ਬਾਲੇ ਦੀ ਸੂਹ ਦੇਣ ਵਾਲੇ ਪਰਸੰਗ, ਸਾਡੇ ਇਤਿਹਾਸ ਵਿਚ ਮਿਲਦੇ ਹਨ।

ਲੇਖਕ ਦਾ ਦਾਦਾ ਸੰਤ ਜਿਊਣ ਸਿੰਘ ਝੱਬਰ, ੧੮੮੫-੯੦ ਈ. ਦੇ ਦਰਮਿਆਨ, ਗੁਰੂ ਦੇ ਲੰਗਰ ਤੇ ਸੰਕਟ ਦੇ ਸਮੇਂ, ਆਪਣੇ ਹਿੱਸੇ ਦੀ ਕੁਝ ਭੂਮੀ ਵੇਚ ਵੱਟ ਕੇ ਗੁਰੂ ਦੇ ਲੰਗਰ ਵਿਚ ਪਾਕੇ, ਭੈਣੀ ਸਾਹਿਬ ਰਹਿਣ ਲੱਗ ਪਿਆ। ਪਿਤਾ ਜੀ ਜਥੇਦਾਰ ਗੁਰਮੁਖ ਸਿੰਘ ਦਾ ਜਨਮ ੨੦ ਹਾੜ ਸੰਬਤ ੧੯੫੭ ਬਿਕਰਮੀ ਦਾ ਹੈ। ਜਦੋਂ ਉਹ ਪੰਜ ਕੁ ਸਾਲ ਦੇ ਸਨ ਉਹਨਾਂ ਦੀ ਮਾਤਾ ਹਰ ਕੌਰ ਚਲਾਣਾ ਕਰ ਗਈ। ਮੇਰੇ ਦਾਦਾ ਜੀ ਨੇ ਬਿਹੰਗਮ ਵਿਚਰਨਾ ਸ਼ੁਰੂ ਕੀਤਾ ਸੀ। ਬਾਪੂ ਜੀ ਦੀ ਪਾਲਣ ਪੋਸ਼ਣ ਡੇਰੇ ਭੈਣੀ ਸਾਹਿਬ ਵਿਚ ਰਹਿਣ ਵਾਲੇ, ਉਹਨਾਂ ਦੇ ਤਿੰਨ ਅੰਤਰੰਗ ਸੱਜਣਾਂ, ਬਾਬਾ ਸੰਤਾ ਸਿੰਘ, ਵੀਰ ਸਿੰਘ, ਸੁਰਜਨ ਸਿੰਘ ਹੋਰਾਂ ਨੇ ਸਾਂਭ ਲਈ ਜੋ ਗੁਰੂ ਕੇ ਲੰਗਰ ਦੇ ਉਗਰਾਹੀਏ ਸਨ। ਅਗਲਾ ਵੇਰਵਾ ਬਾਪੂ ਜੀ ਦੇ ਸੰਸਮਰਣਾਂ ਤੇ ਅਧਾਰਿਤ ਪੁਸਤਕ ਵਿਚੋਂ ਹੈ .... "ਬਾਬੇ (ਸੰਤਾ ਸਿੰਘ) ਹੋਰੀਂ ਮੈਨੂੰ ਲੈ ਕੇ ਪੜਾਉ ਪੜਾਈ ਸ਼੍ਰੀ ਭੈਣੀ ਸਾਹਿਬ ਪੁੱਜ ਗਏ। ਸ਼ਾਮ ਦੇ ਦੀਵਾਨ ਵਿਚ ਗੁਰੂ ਹਰੀ ਸਿੰਘ ਜੀ ਨੂੰ ਮੱਥਾ ਟੇਕਿਆ। ਹਜ਼ੂਰੀ ਸਿੰਘ ਪਤਾਸਿਆਂ ਦਾ ਪ੍ਰਸ਼ਾਦ ਵਰਤਾ ਰਿਹਾ ਸੀ। ਮੈਨੂੰ ਉਹ ਕਵ੍ਹੇ ਕਿ ਝੋਲੀ ਕਰ। ਮੈਂ ਸੰਗਾਂ। ਗੁਰੂ (ਹਰੀ ਸਿੰਘ) ਜੀ ਤਾੜ ਗਏ ਕਿ ਹੇਠਾਂ ਤਾਂ ਕਛੈਹਰਾ ਹੀ ਨਹੀਂ। ਉਦੋਂ ਹੀ ਡੇਰੇ ਦੀ ਮੁਖਤਿਆਰ ਮਾਈ

ਨੂੰ ਕਹਿਣ ਲੱਗੇ "ਗੁਰਦੇਈਏ! ਬਿਹੰਗਮਾਂ ਦੇ ਬੱਚਿਆਂ ਦਾ ਖ਼ਿਆਲ ਕੌਣ ਕਰੇਗਾ? ਸਵੇਰ ਦੇ ਦੀਵਾਨ ਤੱਕ ਛੋਟੇ ਝੱਬਰ ਨੂੰ ਕਛੈਹਰਿਆਂ ਦੀ ਜੋੜੀ ਸੁਆ ਕੇ ਪੁਆ ਦੇਵੀਂ।"[13] ਗੁਰੂ ਦੇ ਹੁਕਮ ਦੀ ਤਾਮੀਲ ਤੁਰੰਤ ਹੋਈ।

ਸੂਬਾ ਮਾਈ ਹੁਕਮੀ ਅਤੇ ਮਾਈ ਗੁਰਦੇਈ ਦਾ ਆਪਸੀ ਗੁਰ ਸਿੱਖੀ ਦਾ ਐਸਾ ਨਾਤਾ ਜੁੜਿਆ ਸੀ ਕਿ ਕਦੇ ਮਾਈ ਹੁਕਮੀ ਨੇ ਉਸ ਪਾਸ ਗੁਰਦੁਆਰੇ ਸ਼੍ਰੀ ਭੈਣੀ ਸਾਹਿਬ ਆ ਕੇ ਰਹਿ ਜਾਣਾ ਅਤੇ ਕਦੇ-ਕਦੇ ਮਾਈ ਗੁਰਦੇਈ ਨਾਭਾ ਵਿੱਖੇ, ਸੂਬਾ ਜੀ ਪਾਸ ਕਈ -ਕਈ ਦਿਨ ਕੱਟ ਆਉਂਦੇ ਸਨ। ਸ਼੍ਰੀ ਭੈਣੀ ਸਾਹਿਬ ਦੇ ਆਲੇ ਦੁਆਲੇ ਦੇ ਪਿੰਡਾਂ ਵਿਚ ਵੀ ਉਹਨਾਂ ਦੇ ਉੱਚੇ ਸੁੱਚੇ ਆਚਰਣ, ਕੌਮੀ ਜਜ਼ਬੇ, ਸਿੱਖੀ ਸਿਦਕ, ਗੁਰੂ ਭਗਤੀ ਅਤੇ ਪ੍ਰਾਣੀ ਮਾਤਰ ਪ੍ਰਤੀ ਪ੍ਰੇਮ ਭਾਵ ਸਦਕਾ, ਆਮ ਲੋਕਾਂ ਵਿਚ ਉਹਨਾਂ ਦੀ ਇਕ ਸਤਿਕਾਰਤ ਕੂਕਾ ਮਹਿਲਾ ਨੇਤਰੀ ਜਿਹੀ ਤਸਵੀਰ, ਨਜ਼ਰ ਆਉਂਦੀ ਸੀ। ਉਹਨਾਂ ਦਾ ਸਾਰਾ ਜੀਵਨ ਦੁਖ ਸੁਖ, ਨਿਜੀ ਹਾਨ ਲਾਭ, ਮਾਨ ਅਪਮਾਨ, ਨਿੰਦਾ, ਉਸਤਤ ਤੋਂ ਉਪਰ ਉਠ ਕੇ, ਸਤਿਗੁਰੂ ਜੀ ਦੇ ਮਾਨਵ ਕਲਿਆਣ ਦੇ ਉਚ ਆਦਰਸ਼ ਨੂੰ ਸਮਰਪਿਤ ਰਿਹਾ। ਸਮੇਂ ਸਮੇਂ ਵਿਖਾਏ ਕਉਤਕਾਂ ਸਦਕਾ, ਗੁਰੂ ਹਰੀ ਸਿੰਘ ਜੀ ਦੀ ਵੀ ਉਹ ਸ਼ਰਧਾ ਪਾਤਰ ਬਣੀ ਰਹੀ। "ਏਕ ਸਮੇਂ ਗੁਰਦੇਈ ਮਰਨ ਵਾਲੀ ਹੋਈ। ਗੁਰੂ ਮਹਾਰਾਜ ਬਚਨ ਕੀਤਾ-ਗੁਲਾਬ ਸਿੰਘ ਇਸ ਨੂੰ ਦੁਆਈ ਦੇ। ਕਹਿਣ ਲੱਗਾ, ਜੀ ਮੈਂ ਇਸਨੂੰ ਕਿਹੜੀ ਦੁਆਈ ਦੇਵਾਂ, ਬੇਹੋਸ਼ ਮਰਨ ਵਾਲੀ ਹੋਈ ਪਈ ਹੈ। ਬਚਨ ਹੋਇਆ। ਕੁਝ ਤਾਂ ਦੇ, ਇਕ ਦੁਆਈ ਮੂੰਹ ਮੇਂ ਪਾਈ। ਗੁਰੂ ਜੀ ਕੇ ਬਚਨ ਨਾਲ ਨਾੜਾਂ ਸਾਬਤ ਹੋਈਆਂ। ਗਰਮ ਹੋਇ ਆਈ। ਦਸਤਾਂ ਕੀ ਬੀਮਾਰੀ ਸੀ ਤੁਰੰਤ ਰਾਜੀ ਹੋਈ। ਕਹੇ ਕਿ ਮੈਨੂੰ ਗੁਰੂ ਮਹਾਰਾਜ ਜੀ ਮੋੜ ਕੇ ਲਿਆਏ ਹੈਂ। ਮਿਰਤਕ ਕਉ ਜੀਵਾਲਨ ਹਾਰ॥ ਭੂਖੇ ਕਉ ਦੇਵਤ ਆਧਾਰ॥"[14]

ਸੂਬਾ ਜਮੀਅਤ ਸਿੰਘ ਗਿਲ ਨਮਿਤ ਭੋਗ ਮੇਲਾ ੧੧ ਸਤੰਬਰ ੧੯੯੭ ਈ. ਨੂੰ ਗਿੱਲ ਜਿਲ੍ਹਾ ਸਿਆਲਕੋਟ ਵਿਚ ਹੋਇਆ। ਗੁਰੂ ਹਰੀ ਸਿੰਘ ਜੀ ਨਾਲ ਭੈਣੀ ਸਾਹਿਬ ਤੋਂ ਗਈ ਸੰਗਤ ਵਿਚ, ਮਾਈ ਗੁਰਦੇਈ ਵੀ ਸ਼ਾਮਲ ਸੀ। ਮੇਲੇ ਤੋਂ ਬਾਅਦ ਦਾਤੇਵਾਲ (ਸਿਆਲਕੋਟ) ਪਿੰਡ ਵਿਚ ਪੜਾਅ ਸੀ ਦੀਵਾਨ ਸੀ। ਇਕ ਮੱਠਾ ਜੀਵਨ ਸਿੰਘ ਬੀਬੀ ਨੰਦਾਂ ਦਾ ਖਜਾਨਚੀ ਸੀ। "ਫਿਰ ਉਹਨੇ ਖੌਲਕੇ ਵਾਸਨੀ ਰੁਪੱਈਆਂ ਦੀ ਸੁਟ ਦਿਤੀ ਉੱਥੇ (ਦੀਵਾਨ) ਵਿਚ। ਗੁਰਦੇਈ, ਹੁਕਮੀ, ਸਾਰੀਆਂ ਮਸਤਾਨੀਆਂ ਹੋਈਆਂ ਸੀ ਰਾਤ ਨੂੰ, ਦੀਵਾਨ ਲੱਗਾ ਉੱਥੇ।"[15] ਸਤਿਗੁਰੂ ਪਰਤਾਪ ਸਿੰਘ ਜੀ ਸੱਤ ਸਾਲ ਦੀ ਉਮਰ ਵਿਚ, ਉਸ ਦੌਰੇ ਵਿਚ ਸਨ। ਆਪ ਦੇ ਉਪਦੇਸ਼ ਵਿਚੋਂ, ਮਾਈ ਗੁਰਦੇਈ ਦੀ ਕੂਕਾ ਕਾਰ ਵਿਚ ਰੰਗੀ ਹੋਈ ਦੀ ਪ੍ਰੋੜ੍ਹਤਾ ਹੁੰਦੀ ਹੈ।

## ਹਵਾਲੇ ਤੇ ਟਿੱਪਣੀਆਂ

1. ਸਤਿਜੁਗ ਦਾ ਬਸੰਤ ਅੰਕ, ੧੯੯੪ ਬਿ. ਮੁਤਾਬਿਕ ੧੯੩੮ ਈ., ਸਫਾ ੭੯

2. ਆਜ਼ਾਦੀ ਦੀ ਲਹਿਰ ਤੇ ਨਾਮਧਾਰੀ ਦੇਵੀਆਂ ਦਾ ਇਤਿਹਾਸ, ਬਿਸ਼ਨ ਸਿੰਘ ਹਿਸਟੋਰੀਅਨ ਨੰਗਲ, ਪਰਕਾਸ਼ਕ ਗਿਆਨੀ ਬੂਟਾ ਸਿੰਘ ਘੜੀ ਸਾਜ਼, ਪਿੰਡ ਦਮਦਮਾ ਡਾ. ਧਰਮਪੁਰਾ (ਇਲਾਕਾ ਸ਼੍ਰੀ ਜੀਵਨ ਨਗਰ), ਜ਼ਿਲ੍ਹਾ ਹਿਸਾਰ (ਹੁਣ ਸਿਰਸਾ), ਪਰਕਾਸ਼ਨ ਸਾਲ ਲਿਖਿਆ ਨਹੀਂ ਅੰਦਾਜ਼ਨ ੧੯੬੮-੭੦ਈ., ਸਫਾ ੧੦੩

3. ਲਾਇਲ ਸਰਵਿਸਜ਼ ਬਾਈ ਸਰਦਾਰ ਅਤਰ ਸਿੰਘ, (ਸੰ. ਜਸਵਿੰਦਰ ਸਿੰਘ), ੨੦੧੩, ਆਰਸੀ ਪਬਲਿਸ਼ਰਜ਼, ਨਵੀਂ ਦਿੱਲੀ, ਸਫਾ ੧੦

4. ਸਤਿਗੁਰੂ ਬਿਲਾਸ, ਭਾਗ ਦੂਜਾ, ਭਾਈ ਸੰਤੋਖ ਸਿੰਘ ਬਾਹੋਵਾਲ, (ਸੰ. ਜਸਵਿੰਦਰ ਸਿੰਘ), ਸਫਾ ੧੯੩

5. ਆਜ਼ਾਦੀ ਦੀ ਲਹਿਰ ਤੇ ਨਾਮਧਾਰੀ ਦੇਵੀਆਂ ਦਾ ਇਤਿਹਾਸ, ਸਫਾ ੧੦੪

6. ਸਤਿਗੁਰੂ ਬਿਲਾਸ ਭਾਗ ਦੂਜਾ, ਸਫਾ ੨੯੨

7. ਕੂਕਾਜ਼ ਆਫ ਨੋਟ ਇਨ ਦਾ ਪੰਜਾਬ (ਸੰ. ਜਸਵਿੰਦਰ ਸਿੰਘ), ਸਫਾ 56-69

8. ਸਤਿਗੁਰੂ ਬਿਲਾਸ ਭਾਗ ਦੂਜਾ, ਸਫਾ੩੯੫

9-10. ਉਹੀ, ਸਫਾ ੧੭੧-੭੨

11-12. ਉਹੀ, ਸਫਾ ੨੨੧

13. ਅੱਖੀ ਡਿਠਾ ਕਿੱਸਾ ਕੀਤਾ।(ਜਥੇਦਾਰ ਗੁਰਮੁਖ ਸਿੰਘ ਝੱਬਰ ਦੀਆਂ ਯਾਦਾਂ ਦੇ ਝਰੋਖੇਂ ਚੋਂ), ਸੰ. ਸੁਵਰਨ ਸਿੰਘ ਵਿਰਕ, ਸਫਾ ੪੯

14. ਸਤਿਗੁਰੂ ਬਿਲਾਸ ਭਾਗ ਦੂਜਾ, ਸਫਾ ੩੪੭

15. ਲਾਲ ਏਹਿ ਰਤਨ, ਸ਼੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪਵਿਤਰ ਉਪਦੇਸ਼-੫੦ (ਸੰ. ਪ੍ਰਿੰ. ਬੇਅੰਤ ਕੌਰ ਜੀ), ਸਫਾ ੭੦

# ਮਹਾਂਬਲੀ, ਦੇਸ਼-ਭਗਤ, ਬਾਬਾ ਫਤੇਹ ਸਿੰਘ ਵਲਟੋਹਾ

ਵਕਤ ਦੀ ਕੁੱਖ ਵਿਚੋਂ ਜਨਮ ਲੈਣ ਵਾਲੀਆਂ ਲੋਕ ਲਹਿਰਾਂ ਨੇ ਕਈ ਵੇਰ ਧਰਤੀ ਦੇ ਭਾਗ ਬਦਲੇ ਹਨ। ਬਸਤੀਵਾਦ ਅਧੀਨ ਨਵੇਂ ਨਵੇਂ ਆਏ ਪੰਜਾਬ ਵਿਚੋਂ, ਮੁਲਕ ਦੀ ਸੁਤੰਤਰਤਾ ਲਈ, ਪਹਿਲੀ ਕੂਕ ਮਾਰਨ ਵਾਲੇ ਕੂਕੇ, ਕੂਕਾ ਲਹਿਰ ਦੇ ਰੂਪ ਵਿਚ, ਸਤਿਗੁਰੂ ਰਾਮ ਸਿੰਘ ਜੀ ਦੇ ਸਫੈਦ ਝੰਡੇ ਹੇਠ, ਇਕੱਠੇ ਹੋਣੇ, ਸ਼ੁਰੂ ਹੋ ਗਏ। ਇਸ ਲਹਿਰ ਵਿਚ ਉਸ ਸਮੇਂ ਦੇ ਨਾਮੀ ਗਰਾਮੀ ਸੰਤ, ਸੂਰਮੇ, ਹਲ ਵਾਹਕ, ਦਸਤਕਾਰ, ਮਿਹਨਤ ਮਜ਼ਦੂਰੀ ਕਰਨ ਵਾਲੇ ਕਿਰਤੀ ਵੀ ਸ਼ਾਮਲ ਹੋ ਰਹੇ ਸਨ ਅਤੇ 'ਭੁਇੰ ਨਈਂ ਦੇ ਸਾਈਂ' ਵੀ ਆ ਰਹੇ ਸਨ। ਸਿੱਖ ਰਾਜ ਦੇ ਪੂਰਬ ਸੈਨਿਕ ਤਾਂ ਇਸ ਲਹਿਰ ਦਾ ਧੁਰਾ ਬਣੇ। ਜਿੱਥੇ ਅਨੇਕਾਂ ਕਸਬਾਂ ਅਤੇ ਕਿੱਤਿਆਂ ਵਾਲੇ ਲੋਕ ਇਸ ਵਿਚ ਸ਼ਾਮਲ ਹੋਏ, ਉੱਥੇ ਭਿੰਨ ਭਿੰਨ ਸ਼ੌਕ ਪਾਲਣ ਵਾਲੇ, ਕੋਮਲ ਕਲਾਵਾਂ ਵਿਚ ਮੁਹਾਰਤ ਰੱਖਣ ਵਾਲੇ ਵੀ ਆਏ ਅਤੇ ਆਪਣੇ ਸਰੀਰਕ ਬਲ ਦੀ ਧਾਂਕ ਜਮਾਉਣ ਵਾਲੇ, ਪੰਜਾਬ ਦੇ ਅਣਖੀਲੇ ਗੱਭਰੂ ਵੀ ਧੜਾਧੜ ਕੂਕਿਆਂ ਦੀਆਂ ਸਫਾਂ ਵਿਚ ਸ਼ਾਮਲ ਹੋਏ। ਇਕ ਬਹੁਤ ਵੱਡਾ ਨਾਂ ਜਿਸਨੇ ਇਸ ਲਹਿਰ ਦਾ ਪ੍ਰਭਾਵ ਕਬੂਲਿਆ ਅਤੇ ਫਿਰ ਇਸਦੇ ਪਰਚਾਰ ਪਰਸਾਰ ਵਿਚ ਵੀ ਹਿੱਸਾ ਪਾਇਆ, ਮਾਝੇ ਦੇ ਮਸ਼ਹੂਰ ਪਿੰਡ ਵਲਟੋਹੇ ਦੇ ਫ਼ਤੇਹ ਸਿੰਘ ਪਹਿਲਵਾਨ ਦਾ ਆਉਂਦਾ ਹੈ। ਉਹ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਵਿਚ ਕੂਕਾ ਜਾਂ ਨਾਮਧਾਰੀ ਸਿੰਘ ਸਜਿਆ, ਉਨ੍ਹੀਵੀਂ ਸਦੀ ਦੇ ਸਤਵੇਂ ਦਹਾਕੇ ਦੇ ਤਕਰੀਬਨ ਅੱਧ ਵਿਚ ਅਤੇ ਫਿਰ ਜੀਵਨ ਪ੍ਰਯੰਤ ਕੋਈ ੪੦ ਸਾਲ ਤੋਂ ਵੱਧ ਸਮਾਂ ਉਹ ਇਸ ਲੋਕ ਲਹਿਰ ਵਿਚ ਸਰਗਰਮ ਭੂਮਿਕਾ ਨਿਬਾਹੁੰਦਾ ਰਿਹਾ।

ਫਤੇਹ ਸਿੰਘ ਭੀਮ ਬਲੀ ਸੀ। ਉਹ ਇਤਨਾ ਤਾਕਤਵਰ ਸੀ ਕਿ ਜਿਊਂਦੇ ਜੀਅ ਹੀ ਉਸ ਬਾਰੇ ਦੰਦ ਕਥਾਵਾਂ ਤੁਰ ਪਈਆਂ ਸਨ। ਉਹ ਸੌਂਚੀ ਦਾ, ਕਬੱਡੀ ਦਾ ਉੱਘਾ ਖਿਡਾਰੀ ਤਾਂ ਹੈ ਸੀ ਪਹਿਲਵਾਨੀ ਵਿਚ ਵੀ ਕਦੇ ਕਿਸੇ ਨੇ ਉਸ ਦੀ ਕੰਡ ਨਹੀਂ ਸੀ ਲਾਈ। ਉਸ ਸਮੇਂ ਦੇ ਪੰਜਾਬ ਦੇ ਉਘੇ ਪਹਿਲਵਾਨ ਕਿੱਕਰ ਸਿੰਘ ਅਤੇ ਗਾਮਾ ਉਰਫ ਗੁਲਾਮ ਵੀ ਉਸਨੂੰ ਆਪਣੇ ਤੋਂ ਵੱਡੇ ਪਹਿਲਵਾਨ ਵਾਲਾ, ਆਦਰ ਮਾਣ ਦਿਆ ਕਰਦੇ ਸਨ। ਜਿੱਥੇ ਇਹ ਨਾਮੀ ਪਹਿਲਵਾਨ ਜੋਧਪੁਰ, ਜੰਮੂ ਜਾਂ ਹੋਰ ਦੇਸੀ ਰਿਆਸਤਾਂ ਵਲੋਂ ਮਿਲਦੀ ਖੁਰਾਕ ਦੇ ਸਿਰ ਤੇ ਪਲਦੇ ਸਨ, ਫਤੇਹ ਸਿੰਘ ਨਿਰੋਲ ਆਪਣੇ ਘਰੋਂ ਜਾਂ ਪੇਂਡੂ ਭਾਈਚਾਰੇ ਦੇ ਸਿਰ ਤੇ ਹੀ ਆਪਣੀ ਖੁਰਾਕੀ ਲੋੜ ਪੂਰੀ ਕਰਦਾ ਸੀ। ਪਹਿਲੇ ਸਮੇਂ ਦਾ ਤਾਂ ਪਤਾ ਨਹੀਂ ਪਰ ਕੂਕਾ ਬਨਣ ਬਾਅਦ ਤਾਂ ਉਹ ਸ਼ੁੱਧ ਸ਼ਾਕਾਹਾਰੀ ਭੋਜਨ ਤੇ ਹੀ ਚਾਰ ਦਹਾਕੇ ਜੀਵਿਆ। ਪਹਿਲਵਾਨ ਨੇ ਇਹ ਵੀ ਸਾਬਤ ਕੀਤਾ ਸੀ ਕਿ ਗੈਰ ਮਾਸਾਹਾਰੀ ਭੋਜਨ ਕਿਸੇ ਪੱਖੋਂ ਵੀ ਘੱਟ ਊਰਜਾ ਨਹੀਂ ਰੱਖਦਾ। ਉਹਨਾਂ ਦੇ ਸਰੀਰਕ ਬਲ

ਬਾਰੇ ਪ੍ਰਚਲਿਤ ਸਭ ਤੋਂ ਮਸ਼ਹੂਰ ਘਟਨਾ ਇਹ ਦੱਸੀ ਜਾਂਦੀ ਹੈ ਕਿ ਉਹ ਤਿੰਨ ਸੌ ਟਿੰਡਾਂ ਵਾਲੇ ਖੂਹ ਦੀ ਲੱਠ ਨੂੰ ਰੱਸਾ ਪਾ ਕੇ, ਲੱਕ ਨਾਲ ਹਿਜੋਕਾ ਮਾਰ ਕੇ ਸਾਰਾ ਸਾਜ ਸਮਾਨ ਖੂਹ ਦਾ ਚੁੱਕ ਦਿਆ ਕਰਦੇ ਸਨ। ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਕੰਦੋਵਾਲੀ ਵਿਖੇ ਆਪ ਦੀ ਸਿੰਘਣੀ ਬੀਬੀ ਮਾਨ ਕੌਰ ਦੇ ਪੇਕੇ ਸਨ। ਪਹਿਲਵਾਨ ਸਹੁਰੇ ਗਿਆ ਤਾਂ ਪਿੰਡ ਵਾਲਿਆਂ ਨੇ ਖੂਹ ਚੁੱਕਣ ਬਾਰੇ ਫ਼ੁਰਮਾਇਸ਼ ਕਰ ਦਿੱਤੀ। ਪਰ ਜਿਵੇਂ ਪਰਾਹੁਣੇ ਨਾਲ ਪਹਿਲੇ ਸਮਿਆਂ ਵਿਚ ਵੀ ਹੁਣ ਜਿਉਂ ਮਜ਼ਾਕ ਕੀਤੇ ਜਾਂਦੇ ਸਨ, ਉਹਨਾਂ ਨੂੰ ਇਕ ਕੋਝਾ ਮਜ਼ਾਕ ਸੁੱਝਿਆ। ਖੂਹ ਦੀ ਮਾਹਲ ਨੂੰ ਸੰਗਲ ਪਾ ਕੇ ਅੰਦਰ ਵਾਰ ਉੱਗੇ ਪਿੱਪਲ ਦੀਆਂ ਜੜ੍ਹਾਂ ਨਾਲ ਬੰਨ੍ਹ ਦਿੱਤਾ। ਪਹਿਲਵਾਨ ਨੇ ਹੁਜਕਾ ਮਾਰਿਆ। ਖੂਹ ਦਾ ਸਾਜ਼ ਸਮਾਨ ਚੁੱਕਿਆ ਨਾ ਗਿਆ। ਉਸ ਤਣੀ ਦੇ ਕੇ ਜਦੋਂ ਦੁਬਾਰਾ ਜ਼ੋਰ ਮਾਰਿਆ ਤਾਂ ਮਾਹਲ ਦੇ ਨਾਲ ਹੀ ਪਿੱਪਲ ਦੀਆਂ ਜੜ੍ਹਾਂ ਵੀ ਉਪਰ ਆ ਗਈਆਂ ਤੇ ਫਤੇਹ ਸਿੰਘ ਹੋਰਾਂ ਦੇ ਨੱਕ ਵਿਚੋਂ ਖੂਨ ਵੀ ਸਿੰਮ ਪਿਆ। ਇਸ ਮਹਿੰਗੇ ਮਜ਼ਾਕ ਤੋਂ ਬਾਅਦ ਪਹਿਲਵਾਨ ਨੇ ਫਿਰ ਕਦੇ ਇਹ ਕੌਤਕ ਦੁਬਾਰਾ ਨਾ ਕੀਤਾ। ਕਿੱਕਰ ਸਿੰਘ ਹੀ ਪੰਜਾਬ ਦਾ ਪਹਿਲਾ ਪਹਿਲਵਾਨ ਸੀ ਜਿਸਨੂੰ ਉਸਦੇ ਸਰੀਰਕ ਬਲ ਸਦਕਾ 'ਰੁਸਤਮੇ ਜ਼ਮਾਂ' ਦਾ ਖ਼ਿਤਾਬ ਅੰਗਰੇਜ਼ ਸਰਕਾਰ ਨੇ ਦਿੱਤਾ ਸੀ। ਕਿੱਕਰ ਸਿੰਘ ਦਾ ਜੋੜ ਗੁਲਾਮ ਜਾਂ ਗਾਮੇ ਪਹਿਲਵਾਨ ਨਾਲ ਪੈਂਦਾ ਸੀ। ਸੰਨ ੧੮੯੫ ਈ. ਵਿਚ ਲਹੌਰ ਸ਼ਹਿਰ ਵਿਚ ਅਕਤੂਬਰ ਦੇ ਮਹੀਨੇ ਕਿੱਕਰ ਸਿੰਘ ਅਤੇ ਗੁਲਾਮ ਦੀ ਕੁਸ਼ਤੀ ਵੇਖਣ ਲਈ ਕਾਲ ਦੇ ਉਹਨਾਂ ਸਮਿਆਂ ਵਿਚ, ਅੱਸੀ ਹਜ਼ਾਰ ਲੋਕ, ਸਵਾ ਅੱਠ ਰੁਪੈ ਦੀ ਟਿਕਟ ਲੈ ਕੇ ਆਏ ਸਨ। ਪਰ ਇਹ ਕੁਸ਼ਤੀ ਅਤੇ ਅਗਲੇ ਸਾਲ ਵੀ ਬਰਾਬਰ ਹੀ ਛੁੱਟੀ।[1] ਗੁਲਾਮ ਬਾਰੇ ਇਕ ਲੋਕ ਗੀਤ ਵੀ ਮਿਲਦਾ ਹੈ ਜਿਸ ਵਿਚ ਉਹ ਆਪਣੇ ਛੋਟੇ ਭਰਾ ਕੱਲੂ ਨੂੰ ਇਉਂ ਦੱਸਦਾ ਹੈ-

"ਕੱਲੂ ਨੂੰ ਗੁਲਾਮ ਕਹਿ ਗਿਆ,
ਅਸਾਂ ਰਲ ਕੇ ਵਕਤ ਲੰਘਾਇਆ"

ਇਸੇ ਗੁਲਾਮ ਪਹਿਲਵਾਨ ਦੇ ਅਖਾੜੇ ਨਾਲ ਸਬੰਧਿਤ ਇਕ ਘਟਨਾ ਫਤੇਹ ਸਿੰਘ ਦੇ ਸਰੀਰਕ ਬਲ ਦਾ ਪ੍ਰਗਟਾਵਾ ਇਸ ਰੂਪ ਵਿਚ ਕਰਦੀ ਹੈ-"ਸੌਂਚੀ ਖੇਡਦਿਆਂ ਜੁਆਨ ਤੋਂ ਜੁਆਨ ਮਨੁੱਖ ਨੂੰ ਪਛਾੜਦਾ ਮਿੰਟ ਨਾ ਲਾਂਦਾ। ਕੌਡੀ ਵਿਚ ਉਸ ਦੀ ਮਾਰ ਦਾ ਮਾਰਿਆ ਖਿਡਾਰੀ ਫੜਕ ਫੜਕ ਘਾਇਲ ਹੋ ਜਾਂਦਾ।... ਫਤੇਹ ਸਿੰਘ ਦੇ ਜ਼ੋਰ ਦੀਆਂ ਕਹਾਣੀਆਂ ਪੰਜਾਬ ਦੇ ਬੱਚੇ ਬੱਚੇ ਦੀ ਜ਼ਬਾਨ ਤੇ ਸਨ। ਪਹਿਲਵਾਨ ਤਾਂ ਉਹਦਾ ਨਾਮ ਲੈ ਕੇ ਅਖਾੜੇ ਵਿਚ ਪੈਰ ਪਾਂਦੇ। ਇਕ ਵਾਰ ਹਿੰਦੁਸਤਾਨ ਦੇ ਪ੍ਰਸਿੱਧ ਪਹਿਲਵਾਨ ਗੁਲਾਮ ਦੇ ਅਖਾੜੇ ਵਿਚ ਜਾ ਪਹੁੰਚਾ। ਕੋਈ ਦੋ, ਢਾਈ ਗਜ਼ ਰੇਲ ਦੀ ਪਟੜੀ ਨੂੰ ਦੂਹਾਂ ਸਿਰਿਆਂ ਤੋਂ ਫੜ ਕੇ, ਵਿਚਕਾਰ ਪੈਰ ਧਰ ਕੇ ਅਜੇਹਾ ਜ਼ੋਰ ਮਾਰਿਓ ਸੂ ਕਿ ਪਟੜੀ ਚੰਗੀ ਕੁੱਬੀ ਹੋ ਗਈ। ਪਹਿਲਵਾਨਾਂ ਨੂੰ ਤਕਾ ਕੇ ਕਹਿਣ ਲੱਗਾ,-"ਕਰੋ ਇਹਨੂੰ ਸਿੱਧੀ।" ਪਰ ਕਿਸੇ ਨੂੰ ਹੌਂਸਲਾ ਨਹੀਂ ਸੀ ਪੈਂਦਾ। ਅੰਤ ਫਤੇਹ ਸਿੰਘ ਨੂੰ ਹੀ ਕਿਹੋ ਨੇ। ਉਸ ਜ਼ਰਾ ਸਖਤ ਧਰਤੀ ਤੇ ਕੁੱਬ ਪਰਨੇ ਰੱਖ ਕੇ, ਦੋਹਾਂ ਉੱਠੇ ਹੋਏ ਸਿਰਿਆਂ ਤੇ ਹੱਥ ਧਰ ਕੇ, ਪੰਜ ਵਾਰ ਡੰਡ ਕੱਢੇ ਤਾਂ ਲੋਹੇ ਦਾ ਗਾਡਰ ਨਿੱਸਲ ਹੋ ਗਿਆ। ਅਜੇਹਾ ਜ਼ੋਰਾਵਰ ਆਦਮੀ,

ਇਹਨਾਂ ਦਿਨਾਂ ਵਿਚ ਪਾਂਡਵਾਂ ਦੇ ਭੀਮ ਵਾਂਗ, ਬਲਵਾਨ ਹੰਕਾਰੀਆਂ ਦੇ ਘੁਮੰਡ ਦੂਰ ਕਰਦਾ ਫਿਰਦਾ ਸੀ।[2]

ਖਰਾਸ ਦੇ ਦੋਹਾਂ ਪੁੜਾਂ ਦੇ ਵਿਚਾਲਿਉਂ ਬਾਹਾਂ ਲੰਘਾ ਕੇ, ਫਤੇਹ ਸਿੰਘ ਉਹਨਾਂ ਨੂੰ ਇਸ ਤਰ੍ਹਾਂ ਘੁੰਮਾ ਸੱਕਦਾ ਸੀ ਜਿਵੇਂ ਪਹਿਲਵਾਨ ਮੁੰਗਲੀਆਂ ਘੁਮਾਉਂਦੇ ਹਨ। ਜਿੱਥੇ ਕੁਸ਼ਤੀਆਂ ਦਾ ਪਿੜ ਬੱਝਿਆ ਹੁੰਦਾ, ਉਹ ਕਦੇ ਸਿੱਧਾ ਨਹੀਂ ਸਗੋਂ ਛਾਲ ਮਾਰ ਕੇ, ਖਲੋਤੀ ਖ਼ਲਕਤ ਦੇ ਉੱਤੋਂ ਦੀ ਟੱਪ ਕੇ, ਪਿੜ ਵਿਚ ਜਾ ਡਿੱਗਦਾ। ਦਾਣਿਆਂ ਦਾ ਭਰਿਆ ਗੱਡਾ, ਵੱਟ, ਬੰਨਾ, ਖਾਲ ਟਪਾਉਣ ਵੇਲੇ, ਚੁੱਕ ਕੇ ਟਪਾ ਦਿਆ ਕਰਦਾ ਸੀ। ਉੱਚੀ ਛਾਲ ਦਾ ਉਸਦਾ ਰੀਕਾਰਡ ਸੀ ਕਿ ਛਾਲ ਮਾਰ ਕੇ ਊਠ ਟੱਪ ਜਾਂਦਾ ਸੀ। ਇਹ ਤੇ ਅਨੇਕ ਕਿੱਸੇ ਫਤੇਹ ਸਿੰਘ ਦੇ ਸਰੀਰਕ ਬਲ ਬਾਰੇ ਮਾਝੇ ਵਿਚ, ਹਾਲੇ ਵੀ ਸੀਨਾ ਬਸੀਨਾ ਪ੍ਰਚਲਿੱਤ ਹਨ।

ਫਤੇਹ ਸਿੰਘ ਕੂਕਾ ਕਿਸ ਤਰ੍ਹਾਂ ਬਣਿਆ? ਇਸ ਲਈ ਵਲਟੋਹੇ ਪਿੰਡ ਵਿਚ ਨਾਮਧਾਰੀ ਸੰਗਤ ਕਿਵੇਂ ਪਰਵੇਸ਼ ਕਰਦੀ ਹੈ, ਇਸ ਬਾਰੇ ਲੇਖਕ ਦੇ ਪਿਤਾ ਜਥੇਦਾਰ ਗੁਰਮੁਖ ਸਿੰਘ ਝੱਬਰ ਦੀਆਂ ਯਾਦਾਂ ਤੇ ਆਧਾਰਿਤ ਲਿਖਤ ਵਿਚ, ਇਹ ਪ੍ਰਕਰਣ ਮਿਲਦਾ ਹੈ।

"ਸਤਿਗੁਰੂ ਰਾਮ ਸਿੰਘ ਦੀ ਸੋਅ ਸੁਣ ਕੇ, ਫਤੇਹ ਸਿੰਘ ਜਦੋਂ ਆਪਣੇ ਪਿੰਡ ਵਲਟੋਹੇ ਤੋਂ ਭੈਣੀ ਸਾਹਿਬ ਸਿਖ ਬਣਨ ਵਾਸਤੇ ਗਿਆ ਸੀ ਤਾਂ ਇਹ ਭੈਣੀ ਸਾਹਿਬ ਦੇ ਪਰਲੇ ਪਾਸੇ ਰਾਈਆਂ ਵੱਲ ਜੌੜੇ ਖੂਹ ਸਦਾਉਂਦੇ ਸਨ, ਉੱਥੇ ਬੈਠਾ ਸੀ। ਇਸ ਦੇ ਚਿੱਤ ਵਿਚ ਇਹ ਫੁਰਨਾ ਹੋਇਆ ਕਿ ਜੇ ਇਹ ਪੂਰਾ ਗੁਰੂ ਹੈ ਤਾਂ ਜਿਸ ਖੂਹ ਤੇ ਮੈਂ ਬੈਠਾ ਹਾਂ ਇਹ ਖੂਹ ਪਾਣੀ ਦੀ ਥਾਂ ਦੁੱਧ ਦਾ ਖੂਹ ਹੋ ਜਾਏ। ਸਤਿਗੁਰੂ ਤਾਂ ਇਹੋ ਜਿਹੇ ਸੁਆਲ ਝੱਟ ਪੂਰੇ ਕਰ ਦਿੰਦਾ ਹੈ। ਉਹਦੇ ਵਾਸਤੇ ਤਾਂ ਗੱਲ ਹੀ ਕੋਈ ਨਹੀਂ ਹੁੰਦੀ ਔਖੀ। ਖੂਹ ਦੁੱਧ ਦਾ ਹੋ ਗਿਆ। ਫਤੇਹ ਸਿੰਘ ਦਾ ਸ਼ੰਕਾ ਨਵਿਰਤ ਹੋ ਗਿਆ। ਉੱਠ ਕੇ ਸਤਿਗੁਰਾਂ ਦੀ ਚਰਨੀ ਜਾ ਲੱਗਾ ਕਿ ਨਾਮ ਦਾਨ ਦਿਉ। ਇਸੇ ਤਰ੍ਹਾਂ ਹੀ ਬਾਬੇ ਜਵਾਹਰ ਸਿੰਘ ਹੋਰਾਂ ਫੁਰਨਾ ਕੀਤਾ ਸੀ ਕਿ ਜੇ ਗੁਰੂ ਹੈ ਤਾਂ ਆਪ ਆ ਕੇ ਅੱਗਲ ਵਾਂਢੀ ਮਿਲੇ। ਉਹਨੂੰ ਵੀ ਸਤਿਗੁਰੂ ਜੀ ਆਪ ਬਾਹਰ ਹੀ ਭੈਣੀ ਸਾਹਿਬ ਤੋਂ ਮਿਲ ਪਏ ਸਨ। ਇਵੇਂ ਹੀ ਰਿਖੀਕੇਸ਼ ਵਿਖੇ ਬਾਬਾ ਕਾਹਨ ਸਿੰਘ, ਦੁਆਬੇ ਵਾਲਾ, ਉਦਾਸੀਆਂ ਦੀ ਮੰਡਲੀ ਵਿਚ ਬੈਠਾ ਸੀ। ਇਹਨੂੰ ਅਵਾਜ਼ਾ ਹੋਇਆ ਕਿ ਆ ਤੈਨੂੰ ਭਜਨ ਦੇਈਏ। ਉੱਠ ਕੇ ਤੁਰ ਪਿਆ ਭੈਣੀ ਸਾਹਿਬ ਨੂੰ। ਮੰਜ਼ਲੋ ਮੰਜ਼ਲ ਸਮਰਾਲੇ ਪੁੱਜ ਗਿਆ। ਇੱਥੇ ਆ ਕੇ ਇਹਨਾਂ ਦੇ ਅੰਦਰ ਵੀ ਫੁਰਨਾ ਹੋਇਆ ਕਿ ਮੈਂ ਕਿਸੇ ਨੂੰ ਰਾਹ ਨਹੀਂ ਪੁੱਛਣਾ। ਬੱਸ ਇਹਨੂੰ ਵੀ ਆਪ ਹੀ ਰਸਤਾ ਮਿਲਦਾ ਗਿਆ ਅਤੇ ਭੈਣੀ ਸਾਹਿਬ ਪੁੱਜਦਿਆਂ ਹੀ ਇਹਨਾਂ ਦੇ ਭਰਮ ਭੁਲੇਖੇ ਵੀ ਦੂਰ ਹੋ ਗਏ। ਸੋ ਇਹ ਤਿੰਨ ਸਿੰਘ ਸਤਿਗੁਰੂ ਰਾਮ ਸਿੰਘ ਜੀ ਦੀ ਪਹਿਲੋਂ ਅਜ਼ਮਾਇਸ਼ ਕਰ ਕੇ ਫਿਰ ਸਿੰਘ (ਨਾਮਧਾਰੀ) ਸਜੇ ਸਨ।

"ਵਲਟੋਹੇ ਵਿਚ ਸਭ ਤੋਂ ਪਹਿਲੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਵੇਲੇ, ਇਕ ਦਸੌਂਧਾ ਸਿੰਘ ਨਾਮੇ ਨਾਮਧਾਰੀ ਸਿੰਘ ਸਜਿਆ ਸੀ। ਅੰਮ੍ਰਿਤਸਰ ਦੀ ਨਾਮਧਾਰੀ

ਧਰਮਸਾਲਾ ਵਿਚ ਇਕ ਮੱਈਆ ਸਿੰਘ ਨਾਉਂ ਦਾ ਸਿੰਘ ਹੁੰਦਾ ਸੀ। ਉਸਨੇ ਮੈਨੂੰ ਇਹ ਬਚਨ ਸੁਣਾਇਆ ਕਿ ਜਦੋਂ ਦਸੌਂਧਾ ਸਿੰਘ ਕੂਕਾ ਬਣਿਆ ਤਾਂ ਪਿੰਡ ਦੇ ਖੂਹ ਤੋਂ ਪਾਣੀ ਲੈਣ ਗਏ ਨੂੰ ਲੋਕਾਂ ਨੇ ਪਾਣੀ ਨਾ ਭਰਨ ਦਿੱਤਾ। ਸਿੰਘ ਨੇ ਘਰ ਜਾ ਕੇ ਸੋਚਿਆ ਪਈ ਖੂਹ ਵਿਚ ਤਾਂ ਮੈਂ ਵੀ ਹਿੱਸੇਦਾਰ ਹਾਂ। ਉਤਨੇ ਚਿਰ ਨੂੰ ਭਾਈ ਮੱਈਆ ਸਿੰਘ ਅੰਮ੍ਰਿਤਸਰੋਂ ਇਸ ਨਾਲ, ਮੇਲਾ ਗੇਲਾ ਕਰਨ ਵਾਸਤੇ ਆ ਗਿਆ। ਦਸੌਂਧਾ ਸਿੰਘ ਨੇ ਮੱਈਆ ਸਿੰਘ ਨੂੰ ਸਾਰੀ ਗੱਲ ਦੱਸੀ। ਇਕ ਇਕ ਤੇ ਦੋ ਗਿਆਰਾਂ। ਚੜ੍ਹ ਗਿਆ ਗੁੱਸਾ ਸਿੰਘਾਂ ਨੂੰ। ਸਿੰਘ ਦੋਵੇਂ ਹੀ ਜੋਬਨ ਰੁੱਤ ਵਿਚ ਸਨ। ਦਸੌਂਧਾ ਸਿੰਘ ਸੰਧੂ ਜੱਟ ਤੇ ਮੱਈਆ ਸਿੰਘ ਸੁਨਿਆਰਾ ਸਿੰਘ। ਲਾਂ ਕੇ ਗੰਡਾਸੇ ਖੂਹ ਦੇ ਉਤੇ ਜਾ ਖਲੋਤੇ। ਨਵੇਂ ਪੰਥ ਦੀ ਆਣ ਬਦਲੇ, ਮਰਨ ਮਾਰਨ ਨੂੰ ਤਿਆਰ। ਪਿੰਡ ਵਾਲਿਆਂ ਨੂੰ ਆਖਿਆ, "ਆਉ ਭਰੋ ਪਾਣੀ! ਨਾ ਅਸੀਂ ਭਰਦੇ ਹਾਂ ਅਤੇ ਨਾ ਤੁਹਾਨੂੰ ਭਰਨ ਦਿੰਦੇ ਹਾਂ!! ਖੂਹ ਵਿਚ ਹਿੱਸੇਦਾਰ ਹਾਂ!!!" ਸਤਿਗੁਰੂ ਰਾਮ ਸਿੰਘ ਦੇ ਪਰਤਾਪ ਨਾਲ ਪਿੰਡ ਵਾਲਿਆਂ ਨੂੰ ਗਿਆਨ ਹੋ ਗਿਆ ਕਿ ਇਹਨਾਂ ਦੋਹਾਂ ਤਾਂ ਕਿਸੇ ਨੂੰ ਵੀ ਨਹੀਂ ਛੱਡਣਾ। ਸਿਆਣੇ ਬੰਦਿਆਂ ਪਿੰਡ ਦਿਆਂ ਆ ਕੇ ਕਿਹਾ ਕਿ ਤੁਸੀਂ ਗੜਵੇ ਮਾਂਜ ਕੇ ਜਿੱਥੇ ਮਰਜ਼ੀ ਇਸ਼ਨਾਨ ਕਰੋ। ਜਲ ਭਰੋ। ਤੁਹਾਨੂੰ ਕੋਈ ਨਹੀਂ ਡੱਕਦਾ।... ਖੂਹ ਦਾ ਮੋਰਚਾ ਫ਼ਤੇਹ ਹੋ ਗਿਆ।"[3]

ਮਾਲੂਮ ਹੁੰਦਾ ਹੈ ਕਿ ਸਰੀਰਕ ਬਲ ਵਿਚ ਭਰਪੂਰ ਇਹ ਪਹਿਲਵਾਨ, ਭਾਈ ਦਸੌਂਧਾ ਸਿੰਘ ਅਤੇ ਮੱਈਆ ਸਿੰਘ ਜੈਸੇ ਦੋ ਕੂਕੇ ਸਿੰਘਾਂ ਦੇ, ਆਤਮਕ ਬਲ ਤੋਂ ਪ੍ਰਭਾਵਿਤ ਹੋ ਕੇ ਹੀ, ਖ਼ੁਦ ਕੂਕਾ ਸਤਿਗੁਰੂ ਨੂੰ ਮਿਲਣ ਵਾਸਤੇ, ਭੈਣੀ ਸਾਹਿਬ ਦਾ ਪਾਂਧੀ ਬਣਿਆ ਹੋਵੇਗਾ। ਗੱਲ ਵੀ ਹੈਰਾਨੀ ਵਾਲੀ ਹੈ ਕਿ ਜੇ ਕਿਸੇ ਦੇ ਵਿਸ਼ਵਾਸਾਂ ਸਦਕਾ ਹੀ ਭਾਈਚਾਰਾ, ਉਹਨੂੰ ਖੂਹ ਟੋਭੇ ਤੋਂ ਵੀ ਛੇਕਣ ਤਕ ਚਲਾ ਜਾਏ ਤਾਂ ਫਿਰ ਜੂਝਣ ਕਾ ਦਾਉ ਹੀ ਬਾਕੀ ਰਹਿ ਜਾਂਦਾ ਹੈ। ਖ਼ੈਰ ਬਾਅਦ ਵਿਚ ਇਸ ਵਲਟੋਹੇ ਪਿੰਡ ਵਿਚ ਬੜੇ ਬੜੇ ਹਠੀ, ਜਪੀ, ਤਪੀ, ਦਾਨੀ, ਇਸ਼ਨਾਨੀ, ਨਾਮ ਬਾਣੀ ਦੇ ਰਸੀਏ ਅਤੇ ਸੂਰਮੇ ਨਾਮਧਾਰੀ ਸਿੰਘ ਹੋਏ ਹਨ। ਸੰਨ ੧੯੧੫ ਈ. ਵਿਚ ਨਾਮਧਾਰੀ ਸੰਗਤ ਦਾ ਸਾਲਾਨਾ ਪੁਰਬ ਹੋਲਾ ਮਹੱਲਾ ਵਲਟੋਹੇ ਵਿਖੇ ਬੜੀ ਧੂਮਧਾਮ ਨਾਲ ਯੁਵਾ ਸਤਿਗੁਰੂ ਪਰਤਾਪ ਸਿੰਘ ਜੀ ਦੀ ਛਤਰ ਛਾਇਆ ਹੇਠ ਮਨਾਇਆ ਗਿਆ ਸੀ। ਇਸ ਹੋਲੇ ਮਹੱਲੇ ਵਿਚ ਹੋਰ ਸੰਗਤ ਤੋਂ ਇਲਾਵਾ ਗੁਰੂ ਮਹਿਲ ਮਾਤਾ ਭੂਪਿੰਦਰ ਕੌਰ ਜੀ ਅਤੇ ਮਹਾਰਾਜ ਨਿਹਾਲ ਸਿੰਘ ਹੋਰਾਂ ਦੇ ਮਹਿਲ ਬੇਬੇ ਸਤਵੰਤ ਕੌਰ ਜੀ ਵੀ ਸੰਗਤਾਂ ਵਿਚ ਸੁਭਾਇਮਾਨ ਸਨ ਜਿਹਨਾਂ ਦੇ ਅਨੰਦ ਕਾਰਜ ਇਸ ਹੋਲੇ ਤੋਂ ਕੁਝ ਮਹੀਨੇ ਪਹਿਲਾਂ ਹੀ ਹੋਏ ਸਨ। ਭਾਈ ਜੈ ਸਿੰਘ ਭਾਈ ਘਸੀਟਾ ਸਿੰਘ ਮਦਾਰ ਦਾ ਸਹੁਰਾ, ਉਸ ਦੇ ਦੋ ਛੋਟੇ ਭਰਾ ਸੁਰਜਨ ਸਿੰਘ ਤੇ ਤੇਜਾ ਸਿੰਘ, ਮੱਲ ਸਿੰਘ, ਪੰਡਿਤ ਸੇਵਾ ਸਿੰਘ, ਗੰਗਾ ਸਿੰਘ ਨਾਮੇ ਕਾਰੀਗਰ ਸਿੰਘ ਅਤੇ ਇਕ ਕਪੂਰ ਸਿੰਘ ਨਾਮੇ ਸਿੰਘ ਜਿਸਨੂੰ ਪਹਿਲੇ ਨਵਾਬ ਕਪੂਰ ਸਿੰਘ ਹੋਰਾਂ ਦੀ ਤਰਜ਼ ਤੇ ਨਾਮਧਾਰੀ ਸੰਗਤ 'ਨਵਾਬ' ਕਪੂਰ ਸਿੰਘ ਕਹਿੰਦੀ ਸੀ, ਇਸ ਹੋਲੇ ਦੇ ਕਰਤੇ ਧਰਤੇ ਸਨ। ਹੋਲੇ ਦੀ ਮੰਗ ਕਰਨ ਵਿਚ ਬਾਬਾ ਫਤੇਹ ਸਿੰਘ ਵੀ ਸ਼ਾਮਿਲ ਸਨ ਪ੍ਰੰਤੂ ਫਿਰ ਉਹਨਾਂ ਦਾ ਸਰੀਰ ਇਸ ਹੋਲੇ ਤੋਂ ਪਹਿਲਾਂ ਹੀ ੧੯੧੪-੧੫

ਈ. ਵਿਚ ਚੜ੍ਹ ਗਿਆ ਸੀ। ਉਹਨਾਂ ਦੇ ਘਰ ਵਿਚ ਜਿੱਥੇ ਕਦੇ ਮਾਝੇ ਦਾ ਦੌਰਾ ਕਰਦਿਆਂ ਸਤਿਗੁਰੂ ਰਾਮ ਸਿੰਘ ਜੀ ਨੇ ਉਨੀਵੀਂ ਸਦੀ ਦੇ ਸਤਵੇਂ ਦਹਾਕੇ ਦੇ ਦੂਜੇ ਅੱਧ ਵਿਚ ਚਰਨ ਪਾਏ ਸਨ, ਉੱਥੇ ਬਾਬਾ ਜੀ ਨੇ ਇਕ ਥੜਾ ਬਣਾ ਕੇ ਉੱਪਰ ਨਾਮਧਾਰੀ ਸੰਤ ਖਾਲਸਾ ਜੀ ਦਾ ਸੁਫੈਦ ਨਿਸ਼ਾਨ ਸਾਹਿਬ ਝੁਲਾਇਆ ਸੀ ਅਤੇ ਹੋਲੇ ਤੇ ਆਈ ਤਕਰੀਬਨ ਸਾਰੀ ਸੰਗਤ, ਉਸ ਘਰ ਦੀ ਜ਼ਿਆਰਤ ਕਰਕੇ ਨਿਸ਼ਾਨ ਸਾਹਿਬ ਨੂੰ ਨਤਮਸਤਕ ਹੋ ਕੇ, ਬਾਬਾ ਜੀ ਅਤੇ ਉਹਨਾਂ ਜਿਹਿਆਂ ਬੇਓੜਕਾਂ ਦਾ ਜੀਵਨ ਪਰਿਵਰਤਿਤ ਕਰਨ ਵਾਲੇ, ਸਤਿਗੁਰੂ ਜੀ ਦੀ ਯਾਦ ਵਿਚ ਸਰਸ਼ਾਰ ਹੋ ਉੱਠਦੀ ਸੀ। ੧੯੨੮ ਈ. ਵਿਚ ਸਤਿਗੁਰੂ ਪਰਤਾਪ ਸਿੰਘ ਦੀ ਹਜ਼ੂਰੀ ਵਿਚ ਨਾਮਧਾਰੀ ਸੰਗਤ ਨੇ, ਵਲਟੋਹਾ ਵਿਖੇ ਦੂਸਰਾ ਹੋਲਾ ਮਹੱਲਾ ਮਨਾਇਆ ਸੀ। ਸਤਿਗੁਰੂ ਰਾਮ ਸਿੰਘ ਦੁਆਰਾ ਮਾਝੇ ਦੇ ਇਸ ਵੱਡੇ ਤੇ ਇਤਿਹਾਸਕ ਨਗਰ ਵਿਚ ਚਰਨ ਪਾਉਣ ਦਾ ਬਿਰਤਾਂਤ, ਸੰਤ ਇੰਦਰ ਸਿੰਘ ਚੱਕਰਵਰਤੀ ਹੋਰਾਂ ਨੇ ਆਪਣੇ ਵਿਲੱਖਣ ਅੰਦਾਜ਼ ਵਿਚ ਇਉਂ ਕੀਤਾ ਹੈ-

"ਮਾਝੇ ਵਿਚ ਮੁੜ ਆ ਗਏ, ਚੰਬਾ, ਚੋਹਲਾ ਹੋਰ
ਮੱਖੀ ਕਲਸੀਆਂ ਵਲਟੋਹਾ, ਸਿਖੀ ਕਰੀ ਬਹੋਰ
ਫਤਹ ਸਿੰਘ ਵਲਟੋਹੀਆ, ਤਾਕਤ ਵਿਚ ਮਹਾਨ
ਲੋਹਾ ਜਿਸ ਦਾ ਮੰਨਦਾ, ਕਿਕਰ ਸਿੰਘ ਭਲਵਾਨ
ਸਰਨ ਲਈ ਸੀ ਇਨ੍ਹਾਂ ਵੀ, ਛੱਡ ਕੇ ਦਾਰੂ ਮਾਸ
ਸਿੰਘ ਸਜੇ ਸਤਿਗੁਰੂ ਦੇ, ਲਾਹ ਵਿਡਾਣੀ ਆਸ
ਜਿਸ ਥਾਂ ਬੈਠੇ ਸਤਿਗੁਰੂ, ਇਸਦੇ ਘਰ ਵਿਚਕਾਰ
ਝੰਡਾ ਝੂਲੇ ਓਸ ਥਾਂ, ਸਾਜ ਗੁਰੂ ਦਰਬਾਰ
ਵਲਟੋਹੇ ਵਿਚ ਜਾਇ ਮੈਂ, ਕੀਤੇ ਇਨਾਂ ਦੀਦਾਰ
ਸਤਿਗੁਰੂ ਦੇ ਪ੍ਰਸੰਗ, ਇਨ ਦੱਸੇ ਕਿਰਪਾ ਧਾਰ"[4]

ਚੱਕਰਵਰਤੀ ਜੀ ਜਿਉਂ ਹੀ, ਲੇਖਕ ਦੇ ਪਿਤਾ ਜੀ, ਜੋ ਚੱਕਰਵਰਤੀ ਜੀ ਦੇ ਸਮਕਾਲੀ ਵੀ ਸਨ ਤੇ ਉਨ੍ਹਾਂ ਜਿਉਂ ਬਚਪਨ ਵਿਚ ਹੀ ਗੁਰਦੁਆਰਾ ਭੈਣੀ ਸਾਹਿਬ ਪੁੱਜ ਗਏ ਸਨ, ਵੀ ਦੱਸਿਆ ਕਰਦੇ ਸਨ ਕਿ ਉਹ ਇਕ ਵੇਰ ਆਪਣੇ ਪਿਤਾ ਸੰਤ ਜਿਊਣ ਸਿੰਘ ਝੱਬਰ ਨਾਲ, ਵਲਟੋਹੇ ਪਹਿਲਵਾਨ ਦੇ ਘਰ ਗਏ ਸਨ। ਪਹਿਲਵਾਨ ਜੀ ਕਾਨਿਆਂ ਦੇ ਮੂਹੜੇ ਤੇ ਬਿਰਾਜਮਾਨ ਸਨ। ਬੜੇ ਖੁਸ਼ ਹੋ ਕੇ ਬੀਬੀ ਮਾਨ ਕੌਰ ਨੂੰ ਕਹਿੰਦੇ, "ਲਿਆਉ ਕੋਈ ਗੱਫਾ! ਅੱਜ ਤੇ ਸੁੱਖ ਨਾਲ ਛੋਟਾ ਝੱਬਰ ਵੀ ਆਇਆ ਹੈ।" ਦਾਦਾ ਜੀ ਨੇ ਦੱਸਿਆ ਕਿ ਇਹ ਤਾਂ ਤੁਹਾਡੇ ਦਰਸ਼ਨ ਕਰਨ ਆਇਆ ਹੈ। ਚਾਂਦੀ ਦਾ ਇਕ ਰੁਪੈਆ ਜੇਬ ਵਿਚੋਂ ਕੱਢਿਆ। ਅੰਗੂਠੇ ਨਾਲ ਦੋਹਾਂ ਪਾਸਿਆਂ ਦੇ ਅੱਖਰ ਮਿਟਾ ਕੇ ਆਪਣੇ ਬਲ ਦਾ ਨਮੂਨਾ ਛੋਟੇ ਬਾਲਕ ਨੂੰ ਵਿਖਾਇਆ।

ਇਕ ਸਮੇਂ ਬਾਬਾ ਜੀ ਆਪਣੀ ਸਿੰਘਣੀ ਨੂੰ ਊਠ ਤੇ ਬਹਾ ਕੇ ਸਹੁਰੇ ਪਿੰਡ ਕੰਦੋਵਾਲੀ ਤੋਂ ਵਲਟੋਹੇ ਨੂੰ ਆ ਰਹੇ ਸਨ। ਰਸਤੇ ਵਿਚ ਇਹਨਾਂ ਦੇ ਬਲ ਤੋਂ ਅਨਜਾਣ, ਦੋ ਗੱਭਰੂ ਲੁਟੇਰੇ ਬੈਠੇ ਸਨ। ਮਾਤਾ ਦੇ ਹੱਥਾਂ ਵਿਚ ਸੋਨੇ ਦੇ ਕੰਗਣਾਂ ਦੀਆਂ ਜੋੜੀਆਂ

ਸਨ। ਉਹਨਾਂ ਦਾਬਾ ਮਾਰਿਆ ਕਿ ਬਾਬਾ ਆਹ ਕੰਗਣ ਲਾਹ ਦਿਉ ਨਹੀਂ ਤਾਂ ਅਸੀਂ ਅੱਗੇ ਨਹੀਂ ਜਾਣ ਦਿਆਂਗੇ। ਬਾਬਾ ਜੀ ਨੇ ਊਠ ਬਹਾ ਕੇ ਉਹਨਾਂ ਨੂੰ ਕਿਹਾ ਕਿ ਜੁਆਨੋ ਆਪ ਹੀ ਲਾਹ ਲਵੋ, ਮਾਈ ਦੇ ਕੰਗਣ। ਹੱਥੀਂ ਲਾਹ ਕੇ ਦੇਣੇ ਤਾਂ ਉਹਨੂੰ ਔਖੇ ਨੇ। ਜਦੋਂ ਉਹ ਦੋਵੇਂ ਮਾਈ ਦੇ ਗੁੱਟਾਂ ਵੱਲ ਵਧੇ ਤਾਂ ਬਾਬਾ ਜੀ ਨੇ ਇਕ ਹੱਥ ਵਿਚ ਇਕ ਦਾ ਤੇ ਦੂਜੇ ਵਿਚ ਦੂਸਰੇ ਦਾ ਗੁੱਟ ਫੜ ਕੇ ਊਠ ਨੂੰ ਸ਼ਿਸ਼ਕਾਰ ਕੇ ਉਠਾਇਆ ਤੇ ਦੁੜਕੀ ਪਾ ਦਿੱਤਾ। ਦੋਵੇਂ ਲੁਟੇਰੇ ਤੋਰੀਆਂ ਜਿਉਂ ਲਟਕਦੇ ਆਉਣ। ਪਿੰਡ ਜਾ ਕੇ ਲੋਕਾਂ ਨੂੰ ਦੱਸਿਆ ਪਈ ਆਹ ਗੱਭਰੂ ਫ਼ਤੇਹ ਸਿੰਘ ਨੂੰ ਲੁੱਟਣ ਆਏ ਸਨ। ਪਿੰਡ ਦੇ ਮੁੰਡੇ ਉਹਨਾਂ ਨੂੰ ਕੁੱਟਣਾ ਮਾਰਨਾ ਚਾਹੁੰਦੇ ਸੀ। ਬਾਬਾ ਜੀ ਨੇ ਵਰਜ ਦਿੱਤੇ। ਰਾਤ ਮੰਜੀਆਂ ਕੋਲ ਡਹਾ ਕੇ ਸੁਆ ਲਏ। ਪਰਸ਼ਾਦ ਪਾਣੀ ਛਕਾਇਆ। ਸਵੇਰੇ ਵੀ ਜਲ ਪਰਸ਼ਾਦੇ ਦੀ ਟਹਿਲ ਕਰਕੇ ਕਹਿੰਦੇ ਕਿ ਜਾਉ ਤੇ ਅੱਗੇ ਤੋਂ ਬੰਦੇ ਬਣ ਕੇ ਰਹਿਣਾ।

ਫਤੇਹ ਸਿੰਘ ਦੀ ਸੋਅ ਕੂਕਾ ਬਣਨ ਤੋਂ ਪਹਿਲਾਂ, ਪਟਿਆਲੇ ਦੇ ਰਾਜੇ ਤੱਕ ਵੀ ਪੁੱਜ ਗਈ ਸੀ। ਉਸ ਇਹਨਾਂ ਨੂੰ ਆਪਣੇ ਪਾਸ ਸ਼ਾਹੀ ਪਹਿਲਵਾਨ ਰੱਖਣਾ ਚਾਹਿਆ। ਇਸ ਤੇ ਰਾਜ ਦਰਬਾਰ ਦੇ ਪਹਿਲਾਂ ਵਾਲੇ ਸ਼ਾਹੀ ਪਹਿਲਵਾਨ ਜੋ ਮੁਸਲਮਾਨ ਭਾਈਚਾਰੇ ਵਿਚੋਂ ਸਨ, ਰਾਜੇ ਨੂੰ ਕਹਿਣ ਲੱਗੇ ਕਿ ਕੁਸ਼ਤੀ ਤਾਂ ਐਸਾ ਕਸਬ ਹੈ ਜੋ ਪੁਸ਼ਤੈਨੀ ਤੁਰਿਆ ਆਉਂਦਾ ਹੈ। ਨਵਾਂ ਬੰਦਾ ਇਹਦੇ ਵਿਚ ਸਫਲ ਨਹੀਂ ਹੋ ਸੱਕਦਾ। ਇਹਦੇ ਲਈ ਦਿਮਾਗ ਦੀ ਵੀ ਲੋੜ ਹੈ ਤਾਂ ਜੁ ਠੀਕ ਸਮੇਂ ਤੇ ਠੀਕ ਦਾਅ ਲਾ ਸੱਕੇ। ਇਹੋ ਜਹੇ ਜੱਟ ਬੂਟ ਸਰੀਰਕ ਬਲ ਕਾਰਨ, ਝੋਟਿਆਂ ਨੂੰ ਨੱਥ ਤਾਂ ਮਾਰ ਸੱਕਦੇ ਹਨ, ਪਰ ਕੁਸ਼ਤੀ ਵਿਚ ਜਿੱਤ ਨਹੀਂ ਸੱਕਦੇ। ਫਤੇਹ ਸਿੰਘ ਹੋਰਾਂ ਪਾਸ ਵੀ ਇਹ ਖ਼ਬਰ ਪੁੱਜ ਗਈ। ਉਹ ਤੁਰਦੇ ਫਿਰਦੇ ਪਟਿਆਲੇ ਜਾ ਅੱਪੜੇ। ਪਤਾ ਲੱਗਾ ਕਿ ਸ਼ਾਹੀ ਪਹਿਲਵਾਨ ਨਾਲ ਰਾਤ ਸਮੇਂ ਤੰਬੂ ਵਿਚ ਹੀ ਦਸਤਪੰਜਾ ਲੈ ਲਿਆ ਅਤੇ ਸਾਰੀ ਰਾਤ ਉਹਨੂੰ ਘਰਕਾ ਘਰਕਾ, ਕੇ ਤੜਕੇ ਉੱਥੋਂ ਚਾਲੇ ਮਾਰ ਗਿਆ। ਪਹਿਲਵਾਨ ਦੇ ਲਾਕੜੀਆਂ ਪੁੱਛਿਆ ਕਿ ਰਾਤ ਤੰਬੂ ਵਿਚ ਸ਼ੋਰ ਕੇਹਾ ਪੈਂਦਾ ਸੀ ਤਾਂ "ਉਸ ਭਲਵਾਨ ਕਿਹਾ, ਰਾਤ ਜਿੰਨ ਆ ਪਿਆ ਸੀ, ਪਰ ਮੈਂ ਰੱਬ ਦੇ ਫ਼ਜ਼ਲ ਨਾਲ ਮਾਰ ਭਜਾਇਆ ਹੈ।"[5]

ਕੂਕਾ ਬਣਨ ਤੋਂ ਬਾਅਦ ਫਤੇਹ ਸਿੰਘ ਵਿਚ ਦੇਸ਼ ਭਗਤੀ, ਲੋਕਸੇਵਾ ਆਦਿ ਗੁਣਾਂ ਦਾ ਪਰਵੇਸ਼ ਤਾਂ ਹੋ ਗਿਆ ਸੀ ਪਰ ਜਗੀਰੂ ਰੁਚੀਆਂ ਦੀ ਰਹਿੰਦ ਖੂੰਹਦ, ਔਰਤ ਨੂੰ ਪੈਰ ਦੀ ਜੁੱਤੀ ਸਮਝ ਕੇ, ਗੱਲੇ ਕੱਥੇ ਉਸਦਾ ਅਪਮਾਨ ਅਤੇ ਕਦੇ ਕਦੇ ਧੌਲ ਧੱਫਾ ਕਰਨ ਦੇ ਕੁਚੱਜ ਤੋਂ ਉਹ ਮੁਕਤ ਨਹੀਂ ਸੀ ਹੋ ਸੱਕਿਆ ਜਿਸਦਾ ਖ਼ਮਿਆਜ਼ਾ ਵਿਚਾਰੀ ਬੀਬੀ ਮਾਨ ਕੌਰ, ਉਸਦੀ ਧਰਮ ਪਤਨੀ ਨੂੰ ਭੁਗਤਣਾ ਪੈਂਦਾ ਸੀ। ਇਕ ਵੇਰ ਨਿਮਾਣੀ ਦੇ ਮੇਲੇ ਦੇ ਸਮੇਂ, ਵਲਟੋਹੇ ਦੀਆਂ ਹੋਰ ਨਾਮਧਾਰੀ ਸੰਗਤਾਂ ਨਾਲ ਫਤੇਹ ਸਿੰਘ ਅਤੇ ਬੀਬੀ ਮਾਨ ਕੌਰ ਉਰਫ਼ ਮਾਨੋ ਵੀ ਭੈਣੀ ਸਾਹਿਬ ਆਏ। ਸ੍ਰੀ ਗੁਰੂ ਹਰੀ ਸਿੰਘ ਜੀ ਗੱਦੀ ਸਾਹਿਬ ਵਾਲੇ ਚੁਬਾਰੇ ਵਿਚ ਬਿਰਾਜਮਾਨ ਸਨ। ਡੇਰੇ ਦੇ ਬੂਹੇ ਅੱਗੇ ਪੁਲਿਸ ਚੌਕੀ ਸੀ, ਉਹ ਪਹਿਲੇ ਦਿਨ ਦੇ ਅੰਦਰ ਗਏ ਦਸ ਨਾਮਧਾਰੀਆਂ ਦੇ, ਡੇਰੇ ਵਿਚੋਂ ਬਾਹਰ ਆਉਣ ਤੇ ਹੀ, ਫਤੇਹ ਸਿੰਘ ਵਾਲੇ ਪੂਰ ਨੂੰ ਅੰਦਰ ਲੰਘਾਉਣ ਲਈ ਕਹਿ ਰਹੇ ਸਨ। ਜਦੋਂ

ਪਹਿਲਵਾਨ ਉਹਨਾਂ ਤੋਂ ਵੇਹਰ ਕੇ ਅੱਗੇ ਲੰਘਣ ਲੱਗਾ ਤਾਂ ਇਕ ਸਿਪਾਹੀ ਦੋਵੇਂ ਬਾਹਾਂ ਫੈਲਾ ਕੇ, ਸਾਹਮਣੇ ਅੜ ਗਿਆ। ਪਹਿਲਵਾਨ ਨੇ ਉਹਦੇ ਗਲ ਵਿਚ ਹੱਥ ਪਾ ਕੇ ਉਚਾ ਚੁੱਕ ਦਿੱਤਾ ਤੇ ਇਵੇਂ ਹੀ ਗੱਦੀ ਸਾਹਿਬ ਵਾਲੇ ਚਉਬਾਰੇ ਦੀਆਂ ਪਉੜੀਆਂ ਚੜ੍ਹ ਗਿਆ। ਸਿਪਾਹੀ ਦੇ ਆਨੇ ਪੁੱਠੇ ਹੋ ਰਹੇ ਸਨ। ਗੁਰੂ ਹਰੀ ਸਿੰਘ ਜੀ ਨੇ ਦੁੱਧ ਘਿਓ ਛਕਾ ਕੇ ਰਾਜੀ ਕੀਤਾ। ਫਿਰ ਪਹਿਲਵਾਨ ਨਾਲ ਬਚਨ ਬਿਲਾਸ ਹੁੰਦੇ ਰਹੇ। ਇਸੇ ਸਮੇਂ ਹੀ ਬੀਬੀ ਮਾਨੋ ਨੇ ਆਪਣੀ ਫਰਿਆਦ ਗੁਰੂ ਜੀ ਅੱਗੇ ਲਾ ਦਿੱਤੀ ਕਿ ਤੁਹਾਡਾ ਪਹਿਲਵਾਨ ਮੈਨੂੰ ਬਹੁਤ ਤੰਗ ਕਰਦਾ ਹੈ। ਗੁਰੂ ਹਰੀ ਸਿੰਘ ਐਸੇ ਖੁਸ਼ੀ ਦੇ ਘਰ ਵਿਚ ਆਏ ਕਿ ਪਹਿਲਾਂ ਤਾਂ ਪਹਿਲਵਾਨ ਨੂੰ, ਨਸੀਹਤਾਂ ਦਿੱਤੀਆਂ ਕਿ ਬਹਾਦਰ ਆਦਮੀ ਔਰਤਾਂ ਦੀ ਰਾਖੀ ਕਰਦੇ ਹਨ ਨਾ ਕਿ ਉਹਨਾਂ ਤੇ ਹੱਥ ਚੁੱਕਣ। ਅਤੇ ਫਿਰ ਇਕ ਅਨੋਖਾ ਹੁਕਮ ਸਾਦਰ ਕੀਤਾ-"ਫਤੇਹ ਸਿੰਘ ਜੀ ਤੁਸੀਂ ਤਾਂ ਹੋਏ ਆਪਣੇ ਸਰੀਰਕ ਬਲ ਕਰਕੇ 'ਭੈਰਉ ਸਿੰਘ' ਅਤੇ ਬੀਬੀ ਮਾਨੋ ਤੁਹਾਡੀ ਅਤੇ ਸੰਗਤ ਦੀ ਪ੍ਰੇਮ ਸਹਿਤ ਟਹਿਲ ਸੇਵਾ ਕਰਨ ਕਰਕੇ 'ਪਰੇਮ ਸਿੰਘ' ਹੋਈ। ਅੱਜ ਤੋਂ ਅਸੀਂ ਇਹ ਬਚਨ ਤੁਹਾਥੋਂ ਲੈ ਰਹੇ ਹਾਂ ਕਿ ਹੁਣ ਭੈਰਉਂ ਸਿੰਘ, ਪਰੇਮ ਸਿੰਘ ਦਾ ਹਰ ਬਚਨ ਸੱਤ ਕਰਕੇ ਮੰਨੇਗਾ ਅਤੇ ਪਰੇਮ ਸਿੰਘ ਹੋਰੀਂ ਕਿਤੇ ਵੀ ਤੁਰ ਕੇ ਨਹੀਂ ਜਾਣਗੇ, ਉਹ ਭੈਰਉਂ ਸਿੰਘ ਦੇ ਕੰਧਾੜੇ ਜਾਂ ਮੋਢਿਆਂ ਤੇ ਚੜ੍ਹ ਕੇ ਹੀ ਰਹਿੰਦੀ ਜੀਵਨ ਯਾਤਰਾ ਪੂਰਾ ਕਰਨਗੇ। ਫ਼ਤੇਹ ਸਿੰਘ ਨੇ ਨਾ ਸਿਰਫ ਸਿਰ ਹੀ ਨਿਵਾਇਆ ਸਗੋਂ ਡੇਰੇ ਤੋਂ ਬਾਹਰ ਵੀ ਪ੍ਰੇਮ ਸਿੰਘ ਨੂੰ ਮੋਢਿਆਂ ਤੇ ਬੈਠਾ ਕੇ ਹੀ ਨਿਕਲਿਆ। ਇਹ ਕੋਈ ਜਿੰਨ ਕਥਾ ਨਹੀਂ ਬਲਕਿ ਇਕ ਸੱਚਾ ਪਰਸੰਗ ਹੈ ਅਤੇ ਮਾਝੇ ਦੇ ਲੋਕ ਪ੍ਰੇਮ ਸਿੰਘ ਦੁਆਰਾ ਭੈਰਉਂ ਸਿੰਘ ਤੇ ਸਵਾਰੀ ਕਰਕੇ ਹਰ ਥਾਂ ਪਹੁੰਚਣ ਤੇ ਮੂੰਹ ਵਿਚ ਉਂਗਲਾਂ ਪਾ ਲੈਂਦੇ ਸਨ ਇਹ ਸੋਚ ਕੇ ਕਿ ਇਹ ਦਰਮਿਆਨੇ ਕੱਦ ਵਾਲੀ ਔਰਤ, ਇਸ ਭੀਮ ਬਲੀ ਦੀਆਂ ਮੌਰਾਂ ਤੇ ਕਿਵੇਂ ਸਵਾਰੀ ਕਰੀ ਫਿਰਦੀ ਹੈ। ਕੋਈ ਸਿਆਣਾ ਉਹਨਾਂ ਦਾ ਸ਼ੰਕਾ ਨਵਿਰਤ ਕਰ ਦਿੰਦਾ ਕਿ ਹਾਥੀ ਦੇ ਬਲ ਵਾਲੇ ਇਸ ਮਨੁੱਖ ਨੂੰ, ਇਸ ਬੀਬੀ ਨੇ ਇਹਦੇ ਗੁਰੂ ਦੇ ਹੁਕਮ ਨਾਲ ਕੀਲਿਆ ਹੋਇਆ ਹੈ। ਐਸਾ ਸੀ ਸਿੱਖੀ ਸਿਦਕ ਅਤੇ ਭਰੋਸਾ ਆਪਣੇ ਗੁਰੂ ਵਿਚ ਪਹਿਲਵਾਨ ਜੀ ਦਾ। ਇਹ ਵਾਰਤਾ ਸਤਿਗੁਰੂ ਪਰਤਾਪ ਸਿੰਘ ਜੀ ਅਤੇ ਮਾਤਾ ਜਿਊਣ ਕੌਰ ਜੀ ਨੂੰ ਵਲਟੋਹੇ ਗਿਆਂ ਬੀਬੀ ਮਾਨੋ ਉਰਫ ਪ੍ਰੇਮ ਸਿੰਘ ਜੀ ਨੇ ਸੁਣਾਈ ਸੀ ਜਦੋਂ ਭਾਈ ਦੇਵਾ ਸਿੰਘ ਭੈਣੀ ਸਾਹਿਬੀਆ ਵੀ ਸਤਿਗੁਰੂ ਜੀ ਦੇ ਨਾਲ ਸੀ। ਉਸ ਤੋਂ ਇਹ ਵਾਰਤਾ ਪ੍ਰੀਤਮ ਸਿੰਘ ਕਵੀ ਹੋਰਾਂ ਸੁਣ ਕੇ ਆਪਣੇ ਇਕ ਲੇਖ ਵਿਚ ਲਿਖੀ ਸੀ।[6]

ਫਤੇਹ ਸਿੰਘ ਨਾਮਧਾਰੀ ਪੰਥ ਵਿਚ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਸ਼ਾਮਲ ਹੋਇਆ ਜਾਂ ਗੁਰੂ ਹਰੀ ਸਿੰਘ ਜੀ ਦੇ ਵਕਤ ਇਸ ਬਾਰੇ ਥੋਹੜੇ ਮੱਤਭੇਦ ਸਾਡੇ ਲਿਖਤੀ ਅਤੇ ਮੌਖਿਕ ਇਤਿਹਾਸ ਵਿਚ ਹਨ। ਮੇਰੀ ਸਮਝ ਅਨੁਸਾਰ ਸਿੱਖ ਦਰਬਾਰ ਲਾਹੌਰ ਦਾ ਸੈਨਿਕ ਬਾਬਾ ਫਤੇਹ ਸਿੰਘ ਨਾਮਧਾਰੀ ਪੰਥ ਵਿਚ, ਸਤਿਗੁਰੂ ਰਾਮ ਸਿੰਘ ਜੀ ਦੇ ਮਾਝੇ ਆਗਮਨ ਸਮੇਂ ਹੀ ਸ਼ਾਮਲ ਹੋ ਗਿਆ ਸੀ। ਉਸਦੀ ਪੰਥਕ ਪਰਚਾਰ ਲਈ ਲਗਨ ਅਤੇ ਦੇਸ਼ ਭਗਤੀ ਦੇ ਜ਼ਜ਼ਬੇ ਨੂੰ ਵੇਖਦਿਆਂ (ਜਿਸ ਤਹਿਤ ਉਹ 400 ਗੋਰੇ ਨੂੰ ਕੁੱਟ ਕੱਢਦਾ

ਹੈ) ਗੁਰੂ ਹਰੀ ਸਿੰਘ ਜੀ ਉਸਨੂੰ ੧੮੭੯ ਈ. ਵਿਚ ਸੂਬਾ ਪਦਵੀ ਬਖਸ਼ਦੇ ਹਨ। ਖੂਹ ਵਿਚੋਂ ਦੁੱਧ ਮਿਲਣ ਵਾਲੀ ਸਾਖੀ ਬਾਹੋਵਾਲ ਜੀ ਗੁਰੂ ਹਰੀ ਸਿੰਘ ਸਮੇਂ ਘਟਿਤ ਦੱਸਦੇ ਹਨ ਅਤੇ ਮੌਖਿਕ ਸਰੋਤ ਸਤਿਗੁਰੂ ਰਾਮ ਸਿੰਘ ਸਮੇਂ। ਪਰ ਬਾਹੋਵਾਲ ਜੀ ਇਹ ਨਹੀਂ ਲਿਖਦੇ ਕਿ ਉਸਨੇ ਭਜਨ ਗੁਰੂ ਹਰੀ ਸਿੰਘ ਜੀ ਦੇ ਸਮੇਂ ਲਿਆ। ਸੋ ਇਹ ਸਿੱਧ ਹੁੰਦਾ ਹੈ ਕਿ ਉਹ ਕੂਕਾ ਪਹਿਲਾਂ ਹੀ ਬਣਾ ਚੁੱਕਾ ਸੀ। ਉਸਦੇ ਪਿਛੋਕੜ ਤੇ ਵਡਮੁੱਲੀ ਜਾਣਕਾਰੀ ਭਾਈ ਸੰਤੋਖ ਸਿੰਘ ਬਾਹੋਵਾਲ ਪਰਦਾਨ ਕਰਦੇ ਹਨ–

"ਬਾਬਾ ਫਤਹ ਸਿੰਘ ਜੀ ਪਹਿਲਾਂ ਫੌਜ ਮੈ ਨੌਕਰ ਸੇ। ਗੋਰਿਆਂ ਨਾਲ ਲੜਾਈ ਹੋ ਪਈ। ੪੦੦ ਗੋਰਾ ਕੁੱਟਿਆ। ਫੇਰ ਇਕ ਵਾਰ ਭੰਗੀਆਂ ਵਾਲੀ ਤੋਪ ਮੋਢੇ ਤੇ ਚੁੱਕੀ। ਇਕ ਵਾਰ ਲੜਕਾ ਬਾਹਰ ਗਿਆ ਸੀ, ਉਸਨੂੰ ਸੰਢੇ ਨੇ ਘੇਰ ਲਿਆ ਤਾਂ ਲੜਕਾ ਦਰਖਤ ਤੇ ਚੜ੍ਹ ਗਿਆ। ਜਾਂ ਪਤਾ ਲੱਗ ਤਾਂ ਘਰੋਂ ਦਾਤਰੀ ਤੇ ਰੱਸਾ ਲੈ ਕੇ ਓਥੇ ਆਏ। ਸੰਢੇ ਨੂੰ ਪੁੱਠਾ ਕਰਕੇ ਸੁੱਟ ਲਿਆ ਤੇ ਦਾਤਰੀ ਨਾਲ ਨੱਕ ਵਿੰਨ੍ਹ ਕੇ ਨੱਥ ਪਾ ਲਈ। ਨੱਥ ਪਾ ਕੇ ਲੈ ਆਏ।

...ਸੁਭਾਅ ਐਸਾ ਸੀ ਕੇ ਕੋਈ ਜੁਆਨ ਹੋਵੇ ਜਾ ਕੇ ਉਸ ਨਾਲ ਇਕੱਲੇ ਘੁਲਨਾ ਤੇ ਬਾਹਾਂ ਜਾਂ ਲੱਤ ਤੋੜ ਕੇ ਸੁੱਟ ਆਉਣਾ। ਇਕ ਸਮੇਂ ਠਰੂ ਦੇ ਭਾਈ ਜੀਊਣ ਸਿੰਘ ਬਾਰੇ ਸੁਣਿਆ, ਉੱਥੇ ਚਲੇ ਗਏ। ਓਹ ਬੀ ਬੜੇ ਜੁਆਨ ਸੇ। ਓਹਨਾਂ ਦੇ ਪਿੰਡ ਜਾ ਕੇ ਦਿਨੇ ਘੁਲਦੇ ਰਹਿਨਾ ਰਾਤ ਰਲ ਕੇ ਅੰਨ ਪਾਣੀ ਛਕਨਾ। ਸੱਤ ਦਿਨ ਏਸੇ ਤਰ੍ਹਾਂ ਹੋਇਆ ਕੋਈ ਨਾ ਹਾਰਿਆ ਤਾਂ ਸਤਵੇਂ ਦਿਨ ਪੱਗਾਂ ਵਟਾ ਕੇ ਘਰ ਆਇਆ। ਇਕ ਦਿਨ ਦੋਵੇਂ ਅੰਮ੍ਰਿਤਸਰ ਆਏ। ਘੋੜਾ ਮੰਡੀ ਵਿਚ ਗਏ। ਉੱਥੇ ਕਿਕਰ ਸਿੰਘ (ਭਲਵਾਨ) ਮਿਲਿਆ। ਉਸਨੂੰ ਕਹਿਨ ਲਗੇ ਫੇਰ ਬੁੱਢੇ ਹੁੰਦਿਆ ਨਾ ਆਖੀਂ ਜੇ ਘੁਲਨਾ ਹੈ ਤਾਂ ਹੁਣ ਘੁਲ ਲੈ, ਤਾਂ ਉਸਨੇ ਦੋਹਾਂ ਦੇ ਚਰਨੀਂ ਹੱਥ ਲਾਇਆ ਕਿ ਤੁਹਾਡੇ ਨਾਲ ਨਹੀਂ ਮੈਂ ਘੁਲਦਾ।"[7]

ਬਾਬੇ ਦੋਵੇਂ ਮਹਾਂਬਲੀ ਤੇ ਹੈ ਹੀ ਸਨ ਉਮਰੋਂ ਛੋਟਾ ਕਿੱਕਰ ਸਿੰਘ ਦੋਹਾਂ ਦੀ ਬਜ਼ੁਰਗੀ ਦਾ ਸਤਿਕਾਰ ਵੀ ਕਰਦਾ ਹੋਏਗਾ। ਦੂਸਰਾ ਪਹਿਲਵਾਨ, ਜਿਸਦਾ ਉਪਰ ਜ਼ਿਕਰ ਆਇਆ ਹੈ, ਭਾਈ ਜਿਊਣ ਸਿੰਘ ਠਰੂ, ਜ਼ਿਲ੍ਹਾ ਲਾਹੌਰ , ਉਸ ਬਾਰੇ ਵੀ ਸੰਭਾਵਨਾ ਹੈ ਕਿ ਫਤੇਹ ਸਿੰਘ ਨਾਲ ਪ੍ਰੇਮ ਪਿਆਰ ਬਣਨ ਬਾਅਦ ਉਹ ਵੀ ਨਾਮਧਾਰੀ ਸੰਗਤ ਵਿਚ ਸ਼ਾਮਲ ਹੋ ਗਏ ਸਨ ਕਿਉਂਕਿ ਇਹ ਪਹਿਲਵਾਨ ਕੁਝ ਮਾਇਆਧਾਰੀ ਤਾਂ ਹੋਵੇਗਾ–"ਠਰੂ ਮੇਂ ਆਏ। ਜਿਊਣ ਸਿੰਘ ਨੇ ਕਿਹਾ ਕਿ ਮੈਂ ਖੰਡ ਕੀ ਸ਼ਰਦਾਈ ਛਕਾਮਾਂਗਾ। ਪਾਛੇ ਗੁੜਕੀ ਬਰਤੀ ਹੈ। ਸਭ ਸਿੰਘਾਂ ਕੋ ਖੰਡ ਕੀ ਸ਼ਰਦਾਈ ਦਿੱਤੀ।" ਬਾਹੋਵਾਲ ਜੀ ਮੁਤਾਬਿਕ, ੧੯੯੨ ਈ. ਦੀ ਅੰਮ੍ਰਿਤਸਰ ਦੀ ਦੀਪਮਾਲਾ ਤੋਂ ਬਾਅਦ, ਗੁਰੂ ਹਰੀ ਸਿੰਘ ਜੀ ਨੇ ਮਾਝੇ ਦਾ ਦੌਰਾ ਕਰਦਿਆਂ ਹੋਇਆ ਹੀ ਠਰੂ ਪਿੰਡ ਵਿਚ ਚਰਨ ਪਾਏ ਸਨ।[8]

ਸੰਤ ਤਰਨ ਸਿੰਘ ਵਹਿਮੀ ਹੋਰਾਂ ਦੀ ਲਿਖਤ ਮੁਤਾਬਿਕ ਫਤੇਹ ਸਿੰਘ ਹੋਰਾਂ ਦਾ ਇਹ ਵੀ ਸੁਭਾਉ ਸੀ ਕਿ ਉਹ ਆਪਣੇ ਘਰ ਮਿਲਣ ਗਿਲਣ ਆਏ, ਕਿਸੇ ਸਿੱਖ ਸਾਧ

ਦੀ ਸੇਵਾ ਲੁੱਟ ਕੇ, ਅਤੀ ਪਰਸੰਨ ਹੁੰਦੇ ਸਨ। ਉਸ ਨਾਲ ਸਤਿਗੁਰੂ ਰਾਮ ਸਿੰਘ ਅਤੇ ਗੁਰੂ ਹਰੀ ਸਿੰਘ ਜੀ ਦੇ ਬਚਨ ਕਰਦਿਆਂ ਕਈ ਕਈ ਦਿਨ ਬਿਤਾ ਦਿੰਦੇ। ਇਹਨਾਂ ਬਚਨਾਂ ਦਾ ਵਿਸ਼ਾ, ਵਿਦੇਸ਼ੀ ਸਰਕਾਰ ਦੁਆਰਾ ਪੰਜਾਬ ਦੇ ਜਨ ਜੀਵਨ ਤੇ ਪੈਂਦੇ ਦੁਸ਼ ਪਰਭਾਵਾਂ ਦਾ ਚਰਚਾ ਵੀ ਹੁੰਦਾ ਸੀ। ਆਜ਼ਾਦ ਮੁਲਕ ਦੀ ਸਰਕਾਰ ਵਿਚ ਸੈਨਿਕ ਸੇਵਾ ਨਿਬਾਹੁਣ ਵਾਲੇ, ਗੁਲਾਮੀ ਵਿਚ ਕਿਵੇਂ ਰਹਿੰਦੇ ਸਨ ਇਸਦੇ ਹੌਕੇ ਹਾਅਵੇ ਵੀ, ਇਹਨਾਂ ਗੱਲਾਂ ਵਿਚ ਸ਼ਾਮਲ ਹੁੰਦੇ। ਇਹੋ ਵਜ੍ਹਾ ਸੀ ਕਿ ਆਪਣੇ ਆਪ ਵਿਚ, ਗਾਮਾ, ਕੱਲੂ, ਕਿੱਕਰ ਸਿੰਘ ਜਿਹੇ ਵਿਸ਼ਵ ਵਿਜੇਤਾ ਪਹਿਲਵਾਨਾਂ ਤੋਂ ਵੱਧ ਬਲ ਰੱਖਦਿਆਂ ਹੋਇਆ ਵੀ ਬਾਬਾ ਫਤੇਹ ਸਿੰਘ ਨੇ, ਆਪਣੀ ਕੁਸ਼ਤੀ ਦੇ ਮੁਆਮਲੇ ਵਿਚ ਨਾ ਵਿਦੇਸ਼ੀ ਅਤੇ ਨਾ ਕਿਸੇ ਦੇਸੀ ਰਜਵਾੜਾ ਸਰਕਾਰ ਦੀ, ਸਰਪਰਸਤੀ ਲੈਣੀ ਪਰਵਾਨ ਕੀਤੀ ਸੀ। ਪਰ ਉਸ ਵਿਚ ਇਕ ਨੁਕਸ ਵੀ ਸੀ। ਜਦੋਂ ਉਸਦੇ ਘਰ ਟਿਕਿਆ ਸਿੱਖ ਸਾਧ, ਉਸਤੋਂ ਵਿਹਰ ਕੇ ਆਪਣੇ ਪਿੰਡ ਦਾ ਰਾਹ ਫੜਨ ਤੁਰਦਾ ਤਾਂ ਉਹ ਰਸਤੇ ਵਿਚ ਹੀ ਉਸਨੂੰ ਹੇਠਾਂ ਸੁੱਟ ਕੇ, ਉਹਨਾਂ ਦੀ ਬਿਅਦਬੀ ਵੀ ਕਰਦਾ। ਇਸੇ ਤਰ੍ਹਾਂ ਹੀ ਜਦੋਂ ਇਕ ਵੇਰ ਸੰਤ ਬਾਬਾ ਕੇਸਰ ਸਿੰਘ ਜੀ ਮੁਹਾਵੇ ਵਾਲੇ, ਉਸ ਪਾਸੋਂ ਤੁਰਨ ਲੱਗੇ ਤਾਂ ਫਿਰ ਇਉਂ ਹੀ ਕਰਨ ਲੱਗਾ। ਇਹ ਸੰਤਾਂ ਦੀ ਸ਼ਖਸੀਅਤ ਦਾ ਅਨੋਖਾ ਪਰਭਾਵ ਸੀ ਕਿ ਪਹਿਲਵਾਨ ਜੀ ਦੀ ਇਸ ਮੰਦੀ ਆਦਤ ਤੋਂ, ਆਪ ਨੇ ਉਸਨੂੰ ਮੁਕਤ ਕਰ ਦਿੱਤਾ।[੯]

ਬਾਬਾ ਫਤੇਹ ਸਿੰਘ ਸਿਆਸੀ ਇਰਾਦੇ ਵੀ ਰੱਖਦਾ ਸੀ, ਆਪਣਾ ਕੌਮੀ ਰਾਜ ਕਾਇਮ ਕਰਨ ਵਾਸਤੇ। ਇਸੇ ਲਈ ਮਹੱਤਵਪੂਰਨ ਕੂਕਿਆਂ ਵਾਲੀ ੧੯੮੧ ਈ. ਦੀ ਸੂਚੀ ਵਿਚ ਆਪ ਦਾ ਨਾਂ ਸ਼ਾਮਲ ਕੀਤਾ ਗਿਆ। ਆਪ ਬਾਰੇ ਪੂਰਾ ਇੰਦਰਾਜ ਇਉਂ ਹੈ-"ਸੀਰੀਅਲ ਨੰ. ੧੨, ਫਤੇਹ ਸਿੰਘ ਸੂਬਾ ਪੁੱਤਰ ਖਜ਼ਾਨ ਸਿੰਘ, ਵਾਹੀਵਾਨ, ਪਿੰਡ ਤੇ ਥਾਣਾ-ਵਲਟੋਹਾ, ਜ਼ਿਲ੍ਹਾ ਲਾਹੌਰ (ਹੁਣ ਅੰਮ੍ਰਿਤਸਰ), ਦਾਹੜੀ ਸਫੈਦ, ਸੱਜਾ ਕੰਨ ਵਿੰਨ੍ਹਿਆ ਹੋਇਆ, ਖੱਬੇ ਗੋਡੇ ਤੇ ਗਿੱਦੜ ਦੇ ਵੱਢਣ ਦਾ ਨਿਸ਼ਾਨ, ਕੱਦ ਪੌਣੇ ਛੇ ਫੁੱਟ ਦੇ ਕਰੀਬ, ਤਕੜਾ ਤੇ ਵੱਡਾ ਤਾਕਤਵਰ ਮਨੁੱਖ (ਪਹਿਲਵਾਨ ਹੈ), ਉਮਰ ੪੫ ਦੇ ਆਸ ਪਾਸ ਅਤੇ ਪੰਜਾਬੀ ਪੜ੍ਹ ਲਿਖ ਸਕਦਾ ਹੈ ਗੁਰਮੁਖੀ ਲਿੱਪੀ ਵਿਚ, ਕਿਉਂਕਿ ਉਹ ਰੱਫੜਬਾਜ਼ ਹੈ ਇਸ ਲਈ ੧੮੭੮ ਵਿਚ ਉਸ ਤੋਂ ਨੇਕਚਲਨੀ ਦੀ ਜ਼ਮਾਨਤ ਮੰਗੀ ਗਈ ਸੀ। ਹੁਣ ਕੁਝ ਟਿਕਿਆ ਹੈ। ਨਵੰਬਰ ੧੮੭੯ ਵਿਚ ਉਸਨੂੰ ਸੂਬਾ ਬਣਾ ਦਿੱਤਾ ਗਿਆ ਸੀ। ਉਹ ਸਿੱਖ ਰਾਜ ਦੀ ਪੁਨਰ ਸਥਾਪਨਾ ਦੀ ਭਵਿੱਖ ਬਾਣੀ ਕਰਦਾ ਰਹਿੰਦਾ ਹੈ।"[10]

ਸਰਕਾਰੀ ਰੀਕਾਰਡ ਮੁਤਾਬਿਕ ਆਪ ਦਾ ਜਨਮ ਸਾਲ ੧੮੩੫-੩੬ ਬਣਦਾ ਹੈ। ਇਸ ਗੱਲ ਨੂੰ ਜੇ ਸਿੱਖ ਅੰਗਰੇਜ਼ ਜੰਗਾਂ ਵਿਚ ਭਾਗ ਲੈਣ ਅਤੇ ਲਾਹੌਰ ਕਿਲੇ ਵਿਚ ਸਿੱਖ ਰਾਜ ਸਮੇਂ ਭੰਗੀਆਂ ਵਾਲੀ ਤੋਪ ਚੁੱਕਣ ਨਾਲ ਜੋੜੀਏ ਤਾਂ ਆਪਦਾ ਜਨਮ ੧੮੨੦-੨੫ ਦੇ ਲਗਭਗ ਹੀ ਬਣੇਗਾ। ਆਪ ਨੇ ਨਿਸ਼ਚੇ ਹੀ ਉਮਰ ਦੇ ਨੌਂ ਦਹਾਕੇ ਪੂਰੇ ਕੀਤੇ ਅਤੇ ਆਪ ਦਾ ਦੇਹਾਂਤ ੧੯੧੪ ਈ. ਵਿਚ ਹੋਇਆ ਪ੍ਰਮਾਣਿਤ ਹੁੰਦਾ ਹੈ।

ਕਿਉਂਕਿ ਨਾਮਧਾਰੀ ਪੰਥ ਦੀਆਂ ਹੋਰ ਪ੍ਰਸਿੱਧ ਹਸਤੀਆਂ ਦੇ ਨਾਲ ਮਹਾਰਾਜ ਨਿਹਾਲ ਸਿੰਘ ਅਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਅਨੰਦ ਕਾਰਜਾਂ (ਜੋ ੧੯੧੪ ਦੀ ਆਖਰੀ ਤਿਮਾਹੀ ਦੇ ਲਾਗੇ ਚਾਗੇ ਹੋਏ) ਵਿਚ ਆਪ ਦੇ ਸ਼ਾਮਲ ਹੋਣ ਦਾ ਜ਼ਿਕਰ ਨਹੀਂ ਆਉਂਦਾ। ਵਲਟੋਹੇ ਵਿਖੇ ਆਪ ਦਾ ਪੁੱਤਰ ਅਮਰ ਸਿੰਘ ਅਤੇ ਪੋਤਰਾ ਕਿਸ਼ਨ ਸਿੰਘ ਰਹਿੰਦੇ ਰਹੇ।[11] ਹੁਣ ਪਰਿਵਾਰ ਸਿਰਸੇ ਤੋਂ ਚੜ੍ਹਦੇ ਪਾਸੇ ਡਿੰਗ ਮੋੜ ਪਾਸ ਪਿੰਡ ਮੌਜੂ ਖੇੜਾ ਵਿਖੇ ਵੀ ਅਤੇ ਉੱਤਰ ਪਰਦੇਸ ਵਿਚ ਕਿਸੇ ਜਗ੍ਹਾ ਵੀ ਰਹਿੰਦਾ ਹੈ।

ਵਹਿਮੀ ਜੀ ਵਾਲੀ ਲਿਖਤ ਵਿਚ ਇਹ ਵੀ ਦਰਜ ਹੈ ਕਿ ਬਾਬਾ ਫਤੇਹ ਸਿੰਘ ਹੋਰਾਂ ਨੂੰ ਨਾਮਧਾਰੀ ਸਾਧ ਸੰਗਤ ਦੇ ਦਰਸ਼ਨਾਂ ਲਈ ਵੀ ਆਪਣੇ ਪਿੰਡੋਂ ਬਾਹਰ, ਸਰਕਾਰੀ ਇਜਾਜ਼ਤ ਲੈ ਕੇ ਹੀ ਜਾਣਾ ਪੈਂਦਾ ਸੀ। ਇਹ ਵੀ ਵੇਰਵਾ ਹੈ ਕਿ ਜਦੋਂ ਉਹ ਆਪਣੇ ਪਿੰਡੋਂ ਬਾਹਰ ਕਿਧਰੇ ਜਾਂਦੇ ਤਾਂ ਘਰ ਦੀ ਰਾਖੀ ਲਈ ਪੁਲੀਸ ਦੇ ਇਕ ਸਿਪਾਹੀ ਨੂੰ ਡਿਉੜੀ ਵਿਚ ਸੁਆ ਜਾਂਦੇ ਸਨ ਕਿ ਮਾਲ ਡੰਗਰ ਦਾ ਧਿਆਨ ਰੱਖੇ। ਉਹਨਾਂ ਉੱਤੇ ਵੀ ਅੰਗਰੇਜ਼ ਸਰਕਾਰ ਦੀ ਪੁਲੀਸ ਵਲੋਂ ਉਹੋ ਜਹੀ ਨਿਗਰਾਨੀ ਰੱਖੀ ਜਾਂਦੀ ਸੀ ਜਿਹੋ ਜਹੀ ਸਭਰਾਵਾਂ ਦੀ ਜੰਗ ਵਿਚ ਸ਼ਾਮਲ ਅਤੇ ਡੇਰਾ ਭੈਣੀ ਸਾਹਿਬ ਰਹਿੰਦੇ, ਬਾਬਾ ਦਰਬਾਰਾ ਸਿੰਘ ਰਾਇਪੁਰੀਏ ਤੇ ਰੱਖੀ ਜਾਂਦੀ ਸੀ। ਆਖਰ ੪੦੦ ਗੋਰੇ ਤੇ ਭਾਰੂ ਹੋਣ ਵਾਲੇ ਪੰਜਾਬੀ ਸੂਰਮੇ ਨਾਲ, ਬ੍ਰਿਟਿਸ਼ ਹਕੂਮਤ ਹੋਰ ਕਿਹੋ ਜਿਹਾ ਸਲੂਕ ਕਰ ਸੱਕਦੀ ਸੀ ? ਤੇ ਜੇ ਉਹ ਸੂਰਮਾਂ ਸਤਿਗੁਰੂ ਰਾਮ ਸਿੰਘ ਵਲੋਂ ਚਲਾਏ ਕੂਕਾ ਅੰਦੋਲਨ ਦਾ ਇਕ ਸਰਗਰਮ ਰੁਕਨ ਵੀ ਹੋਵੇ, ਬਲਸ਼ਾਲੀ ਵੀ ਹੋਵੇ, ਬਹੁਤ ਸਾਰੀ ਪਰਸਿੱਧੀ ਵੀ ਰੱਖਦਾ ਹੋਵੇ ਅਤੇ ਆਪਣਾ ਗੁਆਚਾ ਰਾਜ ਮੁੜ ਬਹਾਲ ਕਰਨ ਦੀਆਂ ਸੱਦਾਂ ਵੀ ਲਾ ਰਿਹਾ ਹੋਵੇ ਤਾਂ ਬਸਤੀਵਾਦੀ ਸਰਕਾਰ ਨੂੰ ਉਸ ਪਾਸੋਂ ਖ਼ਤਰਾ ਕਈ ਗੁਣਾ ਹੋਰ ਵਧ ਜਾਂਦਾ ਹੈ। ਗੁਰੂ ਕੇ ਭਾਣੇ ਵਿਚ ਵਿਚਰਨ ਵਾਲੇ, ਬਾਬਾ ਫਤੇਹ ਸਿੰਘ ਦੀ ਕੀਰਤੀ ਅੱਗੇ ਸਿਰ ਸ਼ਰਧਾ ਨਾਲ ਝੁੱਕ ਜਾਂਦਾ ਹੈ। ਬਾਬਾ ਜੀ ਦੇ ਪਿੰਡ ਵਲਟੋਹੇ ਵਿਚ ਉਹਨਾਂ ਦੀ ਸ਼ਾਨਦਾਰ ਯਾਦਗਾਰ ਵਾਸਤੇ ਵਕਤ ਦੀ ਸਰਕਾਰ ਤੱਕ, ਪੰਜਾਬ ਦੇ ਖੇਡ ਪ੍ਰੇਮੀ ਅਤੇ ਦੇਸ਼ ਭਗਤ ਲੋਕਾਂ ਨੂੰ ਗੁਹਾਰ ਲਾਉਣੀ ਬਣਦੀ ਹੈ। ਵਲੈਤ ਵੱਸਦੇ ਭਿੰਨ ਭਿੰਨ ਕਲਾਵਾਂ ਤੇ ਹੁਨਰਾਂ ਵਿਚ ਪਰਬੀਨ ਸੱਜਣਾਂ ਬਾਰੇ, ਲਗਾਤਾਰ ਲੇਖ ਲਿਖਣ ਵਾਲੇ, ਸ. ਬਲਬੀਰ ਸਿੰਘ ਕੰਵਲ ਹੋਰਾਂ ਦੇ ਕੁਝ ਚਿਰ ਪਹਿਲਾਂ 'ਵਰਿਆਮ' ਵਿਚ ਛਪੇ, ਇਕ ਛੋਟੇ ਲੇਖ ਤੋਂ ਬਿਨਾਂ, ਹੋਰ ਕਿਸੇ ਗੈਰ ਨਾਮਧਾਰੀ ਸੱਜਣ ਨੇ (ਬਾਬਾ ਜੀ ਬਾਰੇ) ਕਦੇ ਕੁਝ ਨਹੀਂ ਲਿਖਿਆ। ਕਲਮਾਂ ਵਾਲਿਆਂ ਨੂੰ ਪੰਜਾਬ ਦੇ ਸਾਂਝੇ ਕੌਮੀ ਵਿਰਸੇ ਪ੍ਰਤੀ ਆਪਣੀ ਚੁੱਪੀ ਤੋੜਨੀ ਬਣਦੀ ਹੈ।

## ਹਵਾਲੇ ਤੇ ਟਿੱਪਣੀਆਂ


1. **ਹੁਣ** (ਸਿਤੰਬਰ-ਦਸੰਬਰ ੨੦੧੧) ਵਿਚ ਬਲਬੀਰ ਸਿੰਘ 'ਕੰਵਲ' ਦਾ ਲੇਖ 'ਕੋਈ ਨਾ ਕੁਸ਼ਤੀ ਲਾਂਵਦਾ ਕਿਕਰ ਸਿੰਘ ਬਗੈਰ,' ਸੈਕਟਰ ੬੭-ਮੋਹਾਲੀ, ਸੰਪਾਦਕ-ਅਵਤਾਰ ਜੰਡਿਆਲਵੀ ਤੇ ਸੁਸ਼ੀਲ ਦੋਸਾਂਝ, ਸਫਾ ੧੩੮-੧੪੭
2. **ਸਤਿਜੁਗ** ਦਾ 'ਗੁਰੂ ਹਰੀ ਸਿੰਘ ਅੰਕ', ੨੫ ਭਾਦਰੋਂ ੨੦੨੨, ਜੀਵਨ ਨਗਰ

(ਹਿਸਾਰ-ਹੁਣ ਸਿਰਸਾ) ਸੰ. ਪ੍ਰੀਤਮ ਸਿੰਘ ਕਵੀ, ਪ੍ਰੀਤਮ ਸਿੰਘ ਕਵੀ ਦਾ ਲੇਖ "ਭੈਰਉਂ ਸਿੰਘ" ਸਫਾ (੬੮-੭੧)

3. ਜਥੇਦਾਰ ਗੁਰਮੁਖ ਸਿੰਘ 'ਝੱਬਰ' ਦੀਆਂ ਯਾਦਾਂ ਤੇ ਆਧਾਰਿਤ 'ਅੱਖੀਂ ਡਿੱਠਾ ਕਿੱਸਾ ਕੀਤਾ', ਸੰਪਾਦਕ, ਸੁਵਰਨ ਸਿੰਘ ਵਿਰਕ, ਸਫਾ ੧੦੯-੧੨

4. **ਮਾਲਵੇਂਦ੍ਰ** (ਮਹਾਂਕਾਵਿ) ਸੰਤ ਇੰਦਰ ਸਿੰਘ ਚੱਕਰਵਰਤੀ, ੧੯੫੭, ਨਾਮਧਾਰੀ ਸੰਗਤ ਦਿੱਲੀ, ਸਫਾ ੧੬੨

5. **ਜੱਸ ਜੀਵਨ**, ਭਾਗ ਪਹਿਲਾ, ਸੰਤ ਤਰਨ ਸਿੰਘ ਵਹਿਮੀ, ੧੯੭੧ ਈ., ਰਾਮਪੁਰ ਬੁੱਢੀਮਾੜੀ (ਹਿਸਾਰ-ਹੁਣ ਸਿਰਸਾ), ਸਫਾ ੧੫੨

6. **ਸਤਿਜੁਗ ਦਾ ਗੁਰੂ ਹਰੀ ਸਿੰਘ ਅੰਕ**, ਸਫਾ ੭੦-੭੧

7. **ਸਤਿਗੁਰੂ ਬਿਲਾਸ** (ਭਾਗ ਦੂਜਾ), ਭਾਈ ਸੰਤੋਖ ਸਿੰਘ ਬਾਹੋਵਾਲ, (ਸੰ. ਜਸਵਿੰਦਰ ਸਿੰਘ), ੨੦੦੫, ਸ੍ਰੀ ਭੈਣੀ ਸਾਹਿਬ, ਸਫਾ ੩੬੬-੬੭

8. ਉਹੀ, ਸਫਾ ੧੭੯

9. **ਜੱਸ ਜੀਵਨ (ਭਾਗ ਪਹਿਲਾ)** ਸਫਾ ੧੫੩-੫੪

10. **ਕੂਕਾਜ਼ ਆਫ ਨੋਟ ਇਨ ਦਾ ਪੰਜਾਬ**-੧੮੮੧ (ਸੰ० ਜਸਵਿੰਦਰ ਸਿੰਘ) ੧੯੮੫, ਨਾਮਧਾਰੀ ਦਰਬਾਰ, ਸ੍ਰੀ ਭੈਣੀ ਸਾਹਿਬ, ਸਫਾ (੧੦੪-੦੫)

11. **ਜੱਸ ਜੀਵਨ** (ਭਾਗ ਪਹਿਲਾ), ਸਫਾ ੧੫੪

# ਬਹੁਪੱਖੀ ਪ੍ਰਤਿਭਾ ਦੇ ਸੁਆਮੀ—ਦਰੋਗਾ ਸੁਹੇਲ ਸਿੰਘ ਬਿਲਗਾ

ਕਿਸੇ ਵੀ ਲੋਕ ਲਹਿਰ ਦੇ ਕਲੇਵਰ ਵਿਚ ਬਹੁਤ ਸਾਰੇ ਲੋਕ ਆਉਂਦੇ ਹਨ। ਇਹਨਾਂ ਦੇ ਸੁਭਾਅ, ਪਿਛੋਕੜ, ਹਾਲਾਤ ਬੇਸ਼ਕ ਵੱਖ-ਵੱਖ ਹੁੰਦੇ ਹਨ ਪਰ ਇਹ ਸਾਰੇ ਇਕ ਸਾਂਝੇ ਕਾਜ਼ ਨੂੰ ਸਮਰਪਿਤ ਹੋਣ ਕਰਕੇ, ਇਕ ਜਥੇਬੰਦੀ ਵਿਚ ਪਰੋਏ ਜਾਂਦੇ ਹਨ। ਪੰਜਾਬ ਦੇ ਕੌਮੀ ਮੁਕਤੀ ਸੰਗਰਾਮ ਵਿਚ, ਭਿੰਨ ਭਿੰਨ ਖਿਤਿਆਂ ਤੋਂ ਆਉਣ ਵਾਲੇ ਲੋਕ, ਨਾਮਧਾਰੀ ਪੰਥ ਜਾਂ ਕੂਕਾ ਅੰਦੋਲਨ ਵਿਚ ਸ਼ਾਮਲ ਹੋਏ ਸਨ। ਇਹਨਾਂ ਵਿਚੋਂ ਕੁਝ ਜ਼ਿਆਦਾ ਸਿਆਸੀ ਮਿਸ਼ਨ ਪ੍ਰਤੀ ਪ੍ਰੇਰਿਤ ਹੋਏ। ਕੁਝ ਆਪਣੇ ਸਮੁਦਾਇ ਵਿਚ ਸ਼ਾਮਲ ਹੋ ਕੇ, ਕੂਕਾ ਕੇਂਦਰ ਭੈਣੀ ਸਾਹਿਬ ਵਿਖੇ ਪੁੱਜ ਗਏ ਅਤੇ ਆਪਣੀ ਜੁਆਨੀ ਦੇ ਕੀਮਤੀ ਵਰ੍ਹੇ ਅਤੇ ਢਲਦੀ ਉਮਰ ਵੀ ਆਪਣੇ ਮਿਸ਼ਨ ਨੂੰ, ਇੱਥੇ ਰਹਿ ਕੇ ਹੀ ਸਮਰਪਿਤ ਕਰ ਦਿੱਤੀ। ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਨਾਲੋਂ, ਗੁਰੂ ਹਰੀ ਸਿੰਘ ਜੀ ਦੁਆਰਾ ਕੂਕਾ ਲਹਿਰ ਦੀ ਪੰਜਾਬ ਵਿਚ ਅਗਵਾਈ ਕਰਨ ਦਾ, ੧੮੭੨ ਤੋਂ ੧੯੦੬ ਈ. ਤਕ ਦਾ ਸਮਾਂ, ਕੂਕਾ ਕੇਂਦਰ ਭੈਣੀ ਸਾਹਿਬ ਵਿਚ ਰਹਿਣ ਵਾਲੇ ਨਾਮਧਾਰੀ ਲਈ, ਬਹੁਤ ਕਸ਼ਟਕਾਰੀ ਸੀ। ਸਰਕਾਰ ਵਲੋਂ ਗੁਰਦੁਆਰੇ ਵਿਚ ਇਕ ਸੀਮਤ ਸੰਖਿਆ ਵਿਚ ਰਹਿਣ ਦਿੱਤੇ ਗਏ ਸੇਵਾਦਾਰਾਂ ਤੋਂ ਇਲਾਵਾ, ਹੋਰਨਾਂ ਲਈ ਇੱਥੇ ਰੁਕਣਾ, ਆਪਣੀ ਜਾਨ ਜੋਖਮ ਵਿਚ ਪਾਉਣ ਵਾਲੀ ਖੇਡ ਸੀ। ਅੱਠਾਂ ਪਹਿਰਾਂ ਵਿਚ ਪੰਜ ਜਾਂ ਦਸ ਵਿਅਕਤੀ ਹੀ ਗੁਰਦੁਆਰੇ ਦੇ ਦਰਸ਼ਨਾਂ ਨੂੰ, ਆ ਸੱਕਦੇ ਸਨ। ਉਹਨਾਂ ਨੂੰ ਕੱਢ ਕੇ ਫਿਰ ਹੋਰਨਾਂ ਨੂੰ ਪਰਵੇਸ਼ ਮਿਲਦਾ। ਇਸ ਦੌਰਾਨ ਡੇਰੇ ਵਿਚ ਰਹਿ ਕੇ ਜਿਹਨਾਂ ਸਿੱਖਾਂ ਸਿੱਖਣੀਆਂ ਨੇ ਸੇਵਾ ਕਰਨੀ ਹੁੰਦੀ, ਉਹਨਾਂ ਨੂੰ ਪਹਿਲਾਂ ਕਈ ਦਿਨ ਚੋਰੀ ਛਿਪੇ ਰਹਿਣਾ ਪੈਂਦਾ। ਫਿਰ ਡੇਰੇ ਵਲੋਂ ਪੁਲੀਸ ਚੌਂਕੀ ਨੂੰ ਛੋਟੇ ਮੋਟੇ ਪ੍ਰਲੋਭਨ ਦੇ ਕੇ, ਉਹਨਾਂ ਨੂੰ ਰਿਆਇਤ ਨਾਲ ਰਹਿਣ ਵਾਲਿਆਂ ਵਿਚ ਸ਼ਾਮਲ ਕਰ ਲਿਆ ਜਾਂਦਾ। ਫਿਰ ਵੀ, ਕਦੇ ਵੀ, ਪੁਲੀਸ, ਉਹਨਾਂ ਨੂੰ ਡੇਰੇ ਤੋਂ ਬਾਹਰ ਕੱਢ ਸੱਕਦੀ ਸੀ। ਸਰਕਾਰੀ ਭੈਅ ਦੀ ਤਲਵਾਰ, ਉਹਨਾਂ ਦੇ ਸਿਰ ਤੇ ਲਟਕਦੀ ਰਹਿੰਦੀ, ਪਰ ਅਨੇਕ ਸਿਰਲੱਥਾਂ ਨੇ, ਇਸ ਔਖੇ ਸਮੇਂ ਵਿਚ, ਡੇਰੇ ਵਿਚ ਰਹਿ ਕੇ, ਵੱਖ ਵੱਖ ਜ਼ਿੰਮੇਵਾਰੀਆਂ ਨਿਭਾਅ ਕੇ, ਕੂਕਾ ਕੇਂਦਰ ਦੇ ਕਾਰ ਵਿਹਾਰ ਨੂੰ, ਇਸ ਸੰਕਟ ਵਿਚ ਵੀ ਚੱਲਦਾ ਰੱਖਿਆ। ਇਹ ਕੇਂਦਰ ਹੀ ਸੀ, ਜਿਸ ਦੇ ਜ਼ਿੰਮੇ ਸਮੁੱਚੇ ਪੰਜਾਬ ਵਿਚ, ਕੂਕਾ ਗਤੀਵਿਧੀਆਂ ਨੂੰ ਸੰਚਾਲਿਤ ਕਰਨ ਦੀ ਜ਼ਿੰਮੇਵਾਰੀ ਵੀ ਆਉਂਦੀ ਸੀ ਅਤੇ ਰੰਗੂਨ, ਮਰਗੋਈ ਬੈਠੇ, ਸਤਿਗੁਰੂ ਰਾਮ ਸਿੰਘ ਨਾਲ, ਰੂਸ ਸਰਕਾਰ ਦੇ ਗੁਪਤ ਪੱਤਰਾਚਾਰ ਨੂੰ, ਸਿਰੇ ਚੜ੍ਹਾਉਣ ਦਾ ਜ਼ੋਖਮ ਭਰਿਆ ਕੰਮ ਵੀ। ਇਹਨਾਂ ਸਮਿਆਂ ਵਿਚ ਡੇਰੇ ਵਿਚ, ਆਪਣੇ ਕੁਝ ਹੋਰ ਪਰਿਵਾਰਕ ਮੈਂਬਰਾਂ ਸਮੇਤ ਰਹਿਣ ਵਾਲੇ, ਇਕ ਮੁਖੀ ਸੱਜਣ, ਭਾਈ ਸੁਹੇਲ ਸਿੰਘ ਬਿਲਗਾ ਵੀ ਸਨ। ਉਹ ਗੁਰੂ ਹਰੀ ਸਿੰਘ ਜੀ ਦੇ ਵਿਸ਼ੇਸ਼ ਕ੍ਰਿਪਾ ਦੇ ਪਾਤਰ ਵੀ ਸਨ ਅਤੇ ਵਿਸ਼ਵਾਸਪਾਤਰ ਵੀ।

ਬਿਲਗਾ ਦੁਆਬੇ ਦਾ ਇਕ ਇਤਿਹਾਸਿਕ ਪਿੰਡ ਹੈ ਜਿਸਨੂੰ, ਪੰਜਵੇਂ ਗੁਰੂ ਅਰਜਨ ਦੇਵ ਜੀ ਦੀ, ਚਰਨ ਛੋਹ ਪ੍ਰਾਪਤ ਕਰਨ ਦਾ ਮਾਣ ਹਾਸਲ ਹੈ। ਮਾਤਾ ਗੰਗਾ ਜੀ ਨਾਲ ਵਿਆਹ ਕਰਵਾਉਣ ਵਾਸਤੇ, ਆਪ ਨੇ ਆਖਰੀ ਪੜਾਅ, ਬਿਲਗੇ ਕੀਤਾ ਸੀ, ਜਿੱਥੋਂ ਮੌ. ਸਾਹਿਬ ਢਾਈ ਮੀਲ ਦੂਰ ਹੈ। ਬਿਲਗਾ ਲਾਹੌਰ ਤੋਂ ਦਿੱਲੀ ਜਾਣ ਵਾਲੀ ਪੁਰਾਣੀ ਜਰਨੈਲੀ ਸੜਕ ਤੇ ਆਬਾਦ ਹੈ ਜਿਸ ਦਾ ਸਬੂਤ, ਸ਼ੇਰ ਸ਼ਾਹ ਸੂਰੀ ਵੇਲੇ ਦਾ ਡਾਕ ਸੇਵਾ ਲਈ ਉਸਾਰੇ ਇਕ ਮੀਨਾਰ ਦਾ, ਬਿਲਗੇ ਦੀ ਜੂਹ ਵਿੱਚ ਮਿਲਣਾ ਹੈ। ਇਹ ਦੁਆਬੇ ਦਾ ਬਹੁਤ ਵੱਡਾ ਪਿੰਡ ਹੈ। ਬਾਬਾ ਭਗਤ ਸਿੰਘ ਬਿਲਗਾ, ਆਪਣੇ ਪਿੰਡ ਬਿਲਗਾ ਬਾਰੇ, ਆਪਣੀ ਪੁਸਤਕ ਵਿਚ, ਬਿਲਗੇ ਦੇ ਸ਼ਾਨਦਾਰ ਇਤਿਹਾਸ ਬਾਰੇ ਲਿਖਦੇ ਹੋਏ, ਦੱਸਦੇ ਹਨ ਕਿ ਇਸ ਪਿੰਡ ਦੇ ਬਹਾਦਰਾਂ ਨੇ, ਸਿੱਖਾਂ ਅਤੇ ਅੰਗਰੇਜ਼ਾਂ ਦੀਆਂ ਲੜਾਈਆਂ ਵਿਚ, ਬੱਦੋਵਾਲ ਦੀ ਅੰਗਰੇਜ਼ੀ ਛਾਉਣੀ ਤੇ ਕਬਜ਼ਾ ਕੀਤੀ ਸੀ। "ਅਸੀਂ ਐਲਾਨੀਆਂ ਕਹਿੰਦੇ ਹਾਂ ਕਿ ਅਸੀਂ ਅੰਗਰੇਜ਼ੀ ਹਕੂਮਤ ਦੇ ਜਾਨੀ ਦੁਸ਼ਮਣ ਸਾਂ, ਇਸ ਹਕੂਮਤ ਨੂੰ ਦੇਸ਼ੋਂ ਕੱਢਣ ਲਈ ਅਤੇ ਮੁਲਕ ਨੂੰ ਆਜ਼ਾਦ ਕਰਵਾਉਣ ਲੱਖਾਂ ਕੁਰਬਾਨੀਆਂ ਕੀਤੀਆਂ, ਅਸਾਂ ਕਦੇ ਪਿਠ ਨਹੀਂ ਵਿਖਾਈ।...ਅਸੀਂ ਫ਼ਖਰ ਨਾਲ ਕਹਿੰਦੇ ਹਾਂ ਕਿ ਅਸੀਂ ਮਾਤਾ ਗੰਗਾ ਜੀ ਦੀ ਪੈਦਾਇਸ਼ ਦੀ ਪਵਿੱਤਰ ਧਰਤੀ ਦੇ ਜਾਏ ਹਾਂ ਅਤੇ ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੀਆਂ ਰਗਾਂ ਵਿਚ ਬਹਾਦਰੀ ਦੀ ਰੂਹ ਪੈਦਾ ਕਰਨ ਵਾਲੇ ਖ਼ੂਨ ਦੇ ਅਗਲੇਰੇ ਵਾਰਿਸ ਹਾਂ। ਅਖੀਰ ਵਿਚ ਅਸੀਂ ਸਵੀਕਾਰ ਕਰਦੇ ਹਾਂ ਕਿ ਬਿਲਗਾ ਨਗਰ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਥਾਪਨਾ ਨਾਲ ਬੱਝਿਆ ਤੇ ਵਧਿਆ-ਫੁੱਲਿਆ।"[1]

ਪਿੰਡ ਬਿਲਗਾ ਵਿਚ ਬਹੁਤ ਸਾਰੇ ਗੁਰਦੁਆਰੇ, ਮੰਦਰ, ਮੱਠ, ਮਸਜਿਦਾਂ, ਦਰਗਾਹਾਂ ਆਦਿਕ ਵੱਖ ਵੱਖ ਧਰਮਾਂ ਨੂੰ ਮੰਨਣ ਵਾਲਿਆਂ ਦੇ ਇਬਾਦਤ ਦੇ ਟਿਕਾਣੇ ਸਨ। ਭਾਰਤ ਦਾ ਕੋਈ ਵੱਡਾ ਮੱਤ ਮਤਾਂਤਰ ਐਸਾ ਨਹੀਂ ਸੀ, ਜਿਸਦੀ ਛੋਟੀ ਮੋਟੀ ਸ਼ਾਖ, ਬਿਲਗੇ ਵਿਚ ਨਾਂ ਹੋਵੇ। ਸੋ ਇੱਥੇ ਗਿਆਨ ਚਰਚਾ ਕਰਨ ਵਾਲੇ ਡੇਰੇ ਵੀ ਸਨ ਅਤੇ ਸੂਰਮਿਆਂ ਦੇ ਨਿਵਾਸ ਸਥਾਨ ਵੀ। ਅਜਿਹੇ ਮਿੱਸੇ ਵਾਤਾਵਰਣ ਵਾਲੇ ਪਿੰਡ ਦੀ ਮਿੱਟੀ, ਇਤਿਹਾਸਕ ਤੌਰ ਤੇ ਵੀ ਬੜੀ ਜ਼ਰਖੇਜ਼ ਹੁੰਦੀ ਹੈ, ਜਿੱਥੋਂ ਗਾਹੇ ਬਗਾਹੇ ਕੌਮੀ ਲਹਿਰਾਂ ਉੱਠਦੀਆਂ ਰਹਿੰਦੀਆਂ ਹਨ। ਜੋ ਬਿਲਗੇ ਨੇ ਇਕ ਸੈਂਕੜਾ ਦੇ ਕਰੀਬ ਦੇਸ਼ ਭਗਤਾਂ ਨੂੰ ਵੀਹਵੀਂ ਸਦੀ ਦੇ ਲਾਗੇ ਚਾਗੇ ਜਨਮ ਦਿੱਤਾ ਤਾਂ ਇਸ ਪਿੰਡ ਦੀ ਬਸਤੀਵਾਦ ਵਿਰੋਧੀ ਪਰੰਪਰਾ ਤੇ ਜਿਹਨਾਂ ਸ਼ਖਸੀਅਤਾਂ ਦਾ ਵੱਡਾ ਪ੍ਰਭਾਵ ਪਿਆ, ਉਹਨਾਂ ਨੂੰ ਨਾ ਪਛਾਨਣਾ ਵੀ ਇਤਿਹਾਸ ਨਾਲ ਬੇਨਿਆਈ ਹੋਏਗੀ। ਕੂਕਾ ਅੰਦੋਲਨ ਵਿਚ ਦੁਆਬਾ ਖਿੱਤਾ ਖਾਸ ਕਰਕੇ ਤਦੋਕਾ ਜਲੰਧਰ ਜ਼ਿਲ੍ਹਾ ਚੋਖਾ ਸਰਗਰਮ ਸੀ। ਇਸ ਜ਼ਿਲ੍ਹੇ ਵਿਚ ਮਿਲਣ ਵਾਲੇ ਕੂਕਿਆਂ ਦੇ ੭੦ ਪਿੰਡਾਂ ਵਿਚ ਨੂਰ ਮਹਿਲ ਥਾਣਾ ਦੇ, ਪਿੰਡ ਬਿਲਗਾ ਦਾ ਵੀ ਸ਼ੁਮਾਰ ਹੁੰਦਾ ਹੈ। ਅੰਗਰੇਜ਼ ਸਰਕਾਰ ਵਾਲੀ ਮਹੱਤਵਪੂਰਨ ਕੂਕਿਆਂ ਦੀ ਸੂਚੀ-੧੯੮੦ ਵਿਚ ਬਿਲਗਾ ਪਿੰਡ ਦੇ ਬਿਹੰਗਮ ਸਾਧੂ, ਮਹਿਤਾਬ ਸਿੰਘ ਸੂਬੇ ਦਾ ਜ਼ਿਕਰ ਆਉਂਦਾ ਹੈ, ਜਿਸ ਦਾ ਕੋਈ ਧੰਦਾ ਨਹੀਂ, ਜੁੱਸਾ ਮਜ਼ਬੂਤ ਕੱਦ ੫ ਫੁੱਟ ੮ ਇੰਚ, ਦਾਹੜਾ ਸਫੈਦ ਅਤੇ ਉਮਰ

੬੦ ਦੇ ਲਗਭਗ ਹੈ। ਇਹਨੂੰ ਗੁਰੂ ਹਰੀ ਸਿੰਘ ਜੀ ਨੇ ਸੂਬਾ ਥਾਪਿਆ ਅਤੇ ਫੀਰੋਜ਼ਪੁਰ ਜ਼ਿਲ੍ਹੇ ਵਿਚ ਕੂਕਾ ਪ੍ਰਚਾਰ ਲਈ ਭੇਜਿਆ ਹੈ।[2]

ਸਤਿਗੁਰੂ ਰਾਮ ਸਿੰਘ ਜੀ ਨੇ ਆਪਣਾ ਕੁਝ ਸਮਾਂ ਸਿੱਖਿਆ ਦੀਖਿਆ ਲਈ, ਇਸੇ ਇਤਿਹਾਸਿਕ ਨਗਰ ਵਿਖੇ ਬਿਤਾਇਆ ਸੀ। "ਬਿਲਗਾ ਗ੍ਰਾਮ ਹੈ, ਤਿਸ ਜਗ੍ਹਾ ਏਕ ਮਹੀਨਾ ਗਏ। ਏਕ ਸਾਧ ਸੀ ਉਸ ਜਗ੍ਹਾ, ਉਸ ਤੋਂ ਅੱਖਰ ਕੁਝ ਪੜ੍ਹੇ। ਏਕ ਮਹੀਨਾ ਰਹਿ ਕੇ ਮੁੜ ਆਏ। ਮਹਾਰਾਜ ਬੁੱਧ ਸਿੰਘ ਜੀ ਕੇ ਸਾਥ ਬਚਨ ਕੀਤਾ ਪੜ੍ਹਨਾ ਕੀ ਥਾ ਸੈਲ ਕਰਨ ਗਏ ਸੇ ਸੋ ਕਰ ਆਏ ਹੈ।"[3] ਇਸ ਸਮੇਂ ਆਪ ਦੀ ਆਰਜਾ ੧੮-੧੯ ਸਾਲ ਦੀ ਸੀ। ਸਤਿਗੁਰੂ ਰਾਮ ਸਿੰਘ ਜੀ ਦੀ ਚਰਨ ਰਜ ਨਾਲ ਪਵਿੱਤਰ ਹੋਏ, ਇਸ ਵੱਡੇ ਪਿੰਡ ਵਿਚੋਂ, ਇਸਦੀ ਪੁਰਾਣੇ ਸਮੇਂ ਤੇ ਚੱਲੀ ਆ ਰਹੀ, ਸੂਰਮੇ ਪੁੱਤ ਜਣਨ ਦੀ ਰਵਾਇਤ ਸਦਕਾ, ਕੂਕਾ ਅੰਦੋਲਨ ਨੂੰ ਵੀ ਉੱਨਤ ਮਨੁੱਖੀ ਮਸਾਲਾ ਮਿਲਣਾ ਹੀ ਸੀ। ਬੇਸ਼ਕ ਉੱਪਰ ਵਰਣਿਤ ਸੂਬਾ ਮਹਿਤਾਬ ਸਿੰਘ ਹੋਰਾਂ ਦਾ ਕੂਕਾ ਲਹਿਰ ਵਿਚ ਯੋਗਦਾਨ ਉਲੇਖਨੀਯ ਹੋਣ ਸਦਕਾ, ਉਹਨਾਂ ਦੀ ਸਰਕਾਰ ਵਲੋਂ ਨਿਗਰਾਨੀ ਰੱਖੀ ਜਾ ਰਹੀ ਸੀ, ਪ੍ਰੰਤੂ ਨਾਮਧਾਰੀ ਇਤਿਹਾਸ ਵਿਚ ਬਿਲਗੇ ਦਾ ਜ਼ਿਆਦਾ ਚਰਚਿਤ ਵਿਅਕਤੀ, ਭਾਈ ਸੁਹੇਲ ਸਿੰਘ ਹੋਇਆ ਹੈ। ਉਹ ਆਪਣੇ ਦੂਜੇ ਦੋ ਭਰਾਵਾਂ ਅਲਬੇਲ ਸਿੰਘ ਅਤੇ ਘਨੱਈਆ ਸਿੰਘ ਹੋਰਾਂ ਅਤੇ ਇਕ ਭਤੀਜੇ ਬਿਸ਼ਨ ਸਿੰਘ ਸਮੇਤ ਗੁਰੂ ਹਰੀ ਸਿੰਘ ਕਾਲ ਅਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਮੁੱਢਲੇ ਦੌਰ ਵਿਚ, ਡੇਰਾ ਭੈਣੀ ਸਾਹਿਬ ਵਿਖੇ ਰਹਿ ਕੇ ਡੇਰੇ ਦੀ ਸੇਵਾ ਦੇ ਨਾਲ ਨਾਲ ਪ੍ਰਬੰਧਕੀ ਕੰਮਾਂ ਵਿਚ ਵੀ ਹੱਥ ਵਟਾਉਂਦੇ ਰਹੇ ਸਨ। ਉਹਨਾਂ ਦੀ ਸ਼ਖਸੀਅਤ ਬਹੁਪੱਖੀ ਸੀ। ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਚੰਗੇ ਪਾਠੀ, ਗੁਰਬਾਣੀ ਦੇ ਗਿਆਤਾ, ਰਾਗ ਵਿਦਿਆ ਦੀ ਸਮਝ ਰੱਖਣ ਵਾਲੇ, ਘੋੜਿਆਂ ਦੀ ਸਾਂਭ ਸੰਭਾਲ ਅਤੇ ਦਵਾ ਦਾਰੂ ਦੇ ਵੀ ਚੰਗੇ ਮਾਹਰ ਸਨ। ਉਹਨਾਂ ਦੇ ਪਰਿਵਾਰਿਕ ਮੈਂਬਰਾਂ ਸਮੇਤ, ਔਖਾ ਸਮਾਂ ਗੁਰਦੁਆਰਾ ਭੈਣੀ ਸਾਹਿਬ ਦੀ ਸੇਵਾ ਵਿਚ ਬਿਤਾਇਆ ਸੀ। ਸੁਭਾਅ ਦੇ ਦਲੇਰ ਅਤੇ ਕਿਸੇ ਵੀ ਆਈ ਬਿਪਤਾ ਦਾ, ਖਿੜੇ ਮੱਥੇ ਸੁਆਗਤ ਕਰਨ ਵਾਲੇ ਸਨ। ਉਹ ੧੯੯੦ ਈ. ਤੋਂ ਸਾਲ ਦੋ ਪਹਿਲਾਂ ਗੁਰਦੁਆਰਾ ਵਿਖੇ ਆਏ ਸਿੱਧ ਹੁੰਦੇ ਹਨ ਕਿਉਂਕਿ ਉਹ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ, ਡੇਰੇ ਵਿਚ ਨਹੀਂ ਰਹਿ ਰਹੇ ਸਨ। ਪਰਿਵਾਰ ਕੂਕਾ ਤਾਂ ਉਹਨਾਂ ਦੇ ਸਮੇਂ ਹੀ ਬਣਿਆ ਸੀ ਪਰ ਆਏ ਦਿਨ ਦੀਆਂ ਅੰਗਰੇਜ਼ ਸਰਕਾਰ ਦੀਆਂ ਸਖਤੀਆਂ ਨੇ, ਉਹਨਾਂ ਨੂੰ ਇਸ ਕਦਰ ਬੇਖੌਫ ਕਰ ਦਿੱਤਾ ਕਿ ਉਹਨਾਂ ਨੇ ਭਰਾਵਾਂ ਭਤੀਜਿਆਂ ਸਮੇਤ, ਡੇਰਾ ਸ੍ਰੀ ਭੈਣੀ ਸਾਹਿਬ ਵਿਖੇ ਗੁਰੂ ਹਰੀ ਸਿੰਘ ਜੀ ਦੀ ਹਜ਼ੂਰੀ ਵਿਚ ਆ ਡੇਰੇ ਲਾਏ ਅਤੇ ਘੱਟੋ ਘੱਟ ੩੫-੪੦ ਸਾਲ ਦਾ ਬਾਕੀ ਜੀਵਨ, ਸਾਧ ਸੰਗਤ ਵਿਚ ਇਕ ਜਾਣੇ ਪਹਿਚਾਣੇ ਕੂਕਾ ਆਗੂ ਜਿਉਂ ਵਿਚਰਦਿਆਂ, ਗੁਰਬਾਣੀ ਪਠਨ ਪਾਠਨ ਨੂੰ ਸਮਰਪਿਤ ਹੋ ਕੇ, ਇੱਥੇ ਹੀ ਬਤੀਤ ਕੀਤੀ। ਉਹਨਾਂ ਦਾ ਚਲਾਣਾ ਪਿਛਲੀ ਸਦੀ ਦੇ ਤੀਜੇ ਦਹਾਕੇ ਦੇ ਅੱਧ ਬਾਅਦ, ਹੋਇਆ ਸਿੱਧ ਹੁੰਦਾ ਹੈ ਕਿ ਅੰਤਿਮ ਸਮੇਂ ਵਿਚ ਉਹਨਾਂ ਨੂੰ ਕੁਝ ਸਰੀਰਕ ਤਕਲੀਫ ਵੀ ਆਈ ਰਹੀ, ਜਿਸ ਕਾਰਨ ਸਤਿਗੁਰੂ

ਪ੍ਰਤਾਪ ਸਿੰਘ ਜੀ ਦੁਆਰਾ, ਆਪਣੇ ਕਿਸੇ ਦੌਰੇ ਦੇ ਦੌਰਾਨ, ਉਹਨਾਂ ਦੀ ਖਬਰ ਲੈਣ ਆਉਣ ਬਾਰੇ ਕੁਝ ਸੰਕੇਤ ਮਿਲਦੇ ਹਨ। ਗੁਰੂ ਹਰੀ ਸਿੰਘ ਜੀ ਵਿਚ ਆਪ ਦਾ ਅਥਾਹ ਭਰੋਸਾ ਸੀ ਅਤੇ ਉਹਨਾਂ ਦਾ ਹਰ ਹੁਕਮ ਆਪ ਖਿੜੇ ਮੱਥੇ ਪਰਵਾਨ ਕਰਦੇ ਸਨ। ਅੰਤ ਸਮੇਂ ਤੱਕ ਭਾਈ ਸੁਹੇਲ ਸਿੰਘ ਜੀ ਭੈਣੀ ਸਾਹਿਬ ਵਿਖੇ ਰਹੇ ਉਹਨਾਂ ਦਾ ਬਾਕੀ ਪਰਿਵਾਰ ਪਿੰਡ ਬਿਲਗੇ ਵਿਚ ਜਾ ਰਿਹਾ ਸੀ। ਬਾਬਾ ਭਗਤ ਸਿੰਘ ਬਿਲਗਾ ਹੋਰਾਂ ਨੇ, ਪਿੰਡ ਬਿਲਗੇ ਬਾਰੇ ਆਪਣੀ ਕਿਤਾਬ ਵਿਚ, ਬਿਲਗੇ ਦੇ ਨਾਮਧਾਰੀ ਸਿੰਘਾਂ ਦਾ ਵਿਸ਼ੇਸ਼ ਜ਼ਿਕਰ ਕੀਤਾ ਹੈ। "ਦੇਸ਼ ਵਿਚ ਚੱਲੀਆਂ ਮੁਖ਼ਤਲਿਫ ਲਹਿਰਾਂ ਦਾ ਬਿਲਗੇ ਤੇ ਵੀ ਅਸਰ ਹੋਇਆ। ਮਿਸਤਰੀ ਸਿੰਘਾਂ ਦੇ ਕਾਫੀ ਘਰਾਣੇ ਨਾਮਧਾਰੀ ਲਹਿਰ ਵਿਚ ਸ਼ਾਮਲ ਹੋ ਕੇ ਅੰਗਰੇਜ਼ੀ ਰਾਜ ਦੇ ਖਿਲਾਫ਼ ਸਫ਼ਬੰਦੀ ਵਿਚ ਆਏ। ਜੱਟਾਂ 'ਚੋਂ ਪੱਤੀ ਨੀਲੋਵਾਲ ਦਾ ਘਨੁੱਈਆ ਸਿੰਘ ਦਾ ਟੱਬਰ ਅਤੇ ਪੱਤੀ ਮਨਸੂਰ ਦੇ ਮੌਲਿਆਂ ਦੇ ਟੱਬਰ 'ਚੋਂ ਜੰਗਾ ਸਿੰਘ ਆਦਿ ਕੂਕਿਆਂ ਦੀਆਂ ਮੋਹਰਲੀਆਂ ਸਫਾਂ ਵਿਚ ਸ਼ਾਮਲ ਹੋ ਗਏ। ਜਿਹਨਾਂ ਨੇ ਅੱਗੇ ਜਾ ਕੇ ਕੌਮੀ ਲਹਿਰਾਂ ਵਿਚ ਵਧ ਚੜ੍ਹ ਕੇ ਹਿੱਸਾ ਲਿਆ।"[4] ਪੱਤੀ ਨੀਲੋਵਾਲ ਵਿਖੇ ਹੀ ਭਾਈ ਸੁਹੇਲ ਸਿੰਘ ਹੋਰਾਂ ਦੇ ਪਰਿਵਾਰ ਦਾ ਪੁਸ਼ਤੈਨੀ ਘਰ ਸੀ। ਇਸੇ ਪੱਤੀ ਵਿਚ ਪਿੰਡ ਦਾ ਪਰਸਿੱਧ ਬਾਜ਼ਾਰ ਸੀ ਜਿੱਥੋਂ ਆਸ ਪਾਸ ਦੇ ਲੋਕ, ਸੌਦਾ ਸੂਤ ਵੀ ਖਰੀਦਦੇ ਸਨ।

ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਅਰੰਭਿਕ ਦੌਰ ਸਮੇਂ ਆਪ ਦੇ ਪਾਸ ਡੇਰਾ ਭੈਣੀ ਸਾਹਿਬ ਵਿਖੇ ਰਹਿਣ ਵਾਲੇ, ਪੁਰਾਤਨ ਨਾਮਧਾਰੀ ਸਿੱਖਾਂ ਦੀ ਸੂਚੀ ਵਿਚ ਜਥੇਦਾਰ ਗੁਰਮੁਖ ਸਿੰਘ ਝੱਬਰ ਦੀਆਂ ਯਾਦਾਂ ਵਿਚ ਇਹ ਅੰਕਿਤ ਹੈ "ਛੇਵੇਂ ਸੁਹੇਲ ਸਿੰਘ ਹੋਰੀਂ ਸਨ। ਗੁਰੂ ਹਰੀ ਸਿੰਘ ਜੀ ਅਤੇ ਸਤਿਗੁਰੂ ਪ੍ਰਤਾਪ ਸਿੰਘ ਸਮੇਂ, ਘੋੜਿਆਂ ਦੇ ਦਰੋਗੇ ਸਨ। ਇਹ ਪਾਠੀ ਵੀ ਅੱਵਲ ਦਰਜੇ ਦੇ ਸਨ। ਸਤਿਗੁਰਾਂ ਦੇ ਨਾਲ ਘੋੜੇ ਤੇ ਸਵਾਰ ਹੋ ਕੇ ਚੱਲਦੇ ਸਨ। ਇਹ ਦੁਆਬੇ ਦੇ ਪ੍ਰਸਿੱਧ ਪਿੰਡ ਬਿਲਗੇ ਦੇ ਸਨ। ਇਹਨਾਂ ਨੂੰ ਰਾਗ ਦੀ ਵੀ ਚੰਗੀ ਸਮਝ ਸੀ। ਘੋੜਿਆਂ ਦੇ ਆਹਲਾ ਦਰਜੇ ਦੇ ਸਲੋਤਰੀ ਵੀ ਸਨ। ਇਕ ਘੰਟੇ ਵਿਚ ਪੰਜਾਹ ਪੱਤਰੇ ਦਰਬਾਰ ਸਾਹਿਬ ਦੇ ਸੁਣਾ ਕੇ, ਸ਼ੁੱਧ ਪਾਠ ਕਰਿਆ ਕਰਦੇ ਸਨ।"[5] ਇਹ ਦੌਰਾ ੧੯੧੦ ਈ. ਵਿਚ ਅੰਮ੍ਰਿਤਸਰ ਦੀ ਦੀਵਾਲੀ ਵੇਖਣ ਬਾਅਦ, ਲਾਹੌਰ ਕੱਤਕ ਪੁੰਨਿਆ ਤੇ ਨਨਕਾਣਾ ਸਾਹਿਬ ਆਦਿ ਅਸਥਾਨਾਂ, ਮਾਝੇ ਅਤੇ ਪੱਛਮੀ ਪੰਜਾਬ ਦੇ ਕੂਕਾ ਵੱਸੋਂ ਵਾਲੇ ਗੁਜਰਾਂਵਾਲਾ, ਲਾਇਲਪੁਰ ਆਦਿ ਇਲਾਕਿਆਂ ਦਾ ਸੀ।

ਭਾਈ ਸੰਤੋਖ ਸਿੰਘ ਬਾਹੋਵਾਲ ਵਾਲੇ ਗਰੰਥ ਸਤਿਗੁਰੂ ਬਿਲਾਸ ਦੇ ਦੂਸਰੇ ਭਾਗ ਵਿਚ, ਭਾਈ ਸੁਹੇਲ ਸਿੰਘ ਬਿਲਗਾ ਨਾਲ ਸਬੰਧਿਤ, ਕੁਝ ਵੇਰਵੇ ਦਰਜ ਹਨ। ਜਿਹਨਾਂ ਤੋਂ ਆਪ ਜੀ ਦੇ ਗੁਰੂ ਹਰੀ ਸਿੰਘ ਪ੍ਰਤੀ ਸਮਰਪਣ ਦੇ ਝਲਕਾਰੇ ਵੀ ਮਿਲਦੇ ਹਨ ਅਤੇ ਅਵੱਗਿਆ ਹੋਣ ਤੇ, ਸਤਿਗੁਰੂ ਜੀ ਦੇ ਹੁਕਮ ਅਨੁਸਾਰ, ਆਪ ਮਾਨ ਸਨਮਾਨ ਨੂੰ ਦਰ ਕਿਨਾਰ ਕਰਕੇ, ਬਚਨ ਮੰਨਣ ਦੀ ਖ਼ੁਸ਼ੀ ਵੀ ਹਾਸਲ ਕਰਦੇ ਹਨ। "ਸੁਹੇਲ ਸਿੰਘ ਨੇ ਏਕ ਬੁੱਢੇ ਸਿੰਘ ਕੋ ਮਾਰਿਆ। ਗੁਰੂ ਜੀ ਬਚਨ ਕੀਤਾ ਜੇਕਰ ਸਿੰਘਾਂ ਨੂੰ ਮਾਰਨਾ ਹੈ ਤਾਂ ਚਲੇ ਜਾਓ। ਸੁਹੇਲ ਸਿੰਘ ਨੇ ਕਹਾ ਜੀ ਸਰਾਫ ਤੋਂ ਡਰਦੇ ਹੈ, ਹੋਰ ਜੋ ਧੁਆਡੀ ਰਜ਼ਾਇ ਹੈ

ਤਿਸੀ ਤਰਾਂ ਕਰੋ। ਸਾਨੂੰ ਜਾਣ ਨੂੰ ਹੋਰ ਥਾਉਂ ਨਹੀਂ ਹੈ। ਔਗੁਣ ਕੀਤੇ ਹਰ ਨਾਂ ਚਿਤਾਰੇ ਤਾਂ ਬਚਾਂਗੇ। ਜੇ ਲੇਖਾ ਲਿਆ ਤਾਂ ਸਾਡਾ ਕੁਝ ਨਹੀਂ ਬਣਨਾ। ਹਰ ਬਖਤ ਕੇ ਗੁਨਾਹੀ ਹਾਂ। ਆਪ ਬਖਸ਼ੋ ਜਿਮੇ ਬਖਸ਼ਣਾ ਹੈ। ਫੇਰ ਨਹੀਂ ਮੈਂ ਮਾਰਦਾ ਹਾਂ। (ਹੀਰਾ ਸਿੰਘ ਕੁੱਬਿਆਂ ਵਾਲੇ ਨੂੰ ਮਾਰਿਆ ਸੀ)। ਗੁਰੂ ਜੀ ਬਚਨ ਕੀਤਾ ਮੂੰਹ ਕਾਲਾ ਕਰਕੇ ਬਖਸ਼ਾਓ ਜਾਇ ਕੇ। ਜਿਸਨੂੰ ਮਾਰਿਆ ਹੈ ਉਸਨੂੰ ਕਹੋ ਕਿ ਮੈਂ ਭੁਲ ਗਿਆ ਹਾਂ। ਸੁਹੇਲ ਸਿੰਘ ਮੂੰਹ ਕਾਲਾ ਕਰਕੇਂ ਕਿਹਾ, ਮੈਨੂੰ ਬਖਸ਼ੋ। ਬਚਨ ਹੋਇਆ ਜਾਹ ਮੂੰਹ ਧੋਇ ਆਉ।"[76] ਨਾ ਤਾਂ ਗੁਰੂ ਹਰੀ ਸਿੰਘ ਜੀ ਨੇ ਆਪਣੇ ਦਰੋਗੇ, ਆਗੂ ਸਿੱਖ ਦਾ ਲਿਹਾਜ਼ ਕੀਤਾ ਅਤੇ ਨਾ ਹੀ ਦਰੋਗਾ ਜੀ, ਹਉਮੈ ਵਿਚ ਆਏ।

ਬਿਪਤਾ ਦੇ ਇਸ ਸਮੇਂ ਵਿਚ ਕਦੇ ਕਦੇ ਤਾਂ ਪਾਣੀ ਸਿਰ ਤੋਂ ਲੰਘਣ ਵਾਲੀ ਨਉਬਤ ਵੀ ਆ ਜਾਂਦੀ ਸੀ। ਲਾਚਾਰੀ ਸੀ, ਮਜ਼ਬੂਰੀ ਸੀ। ਭਾਈ ਸੁਹੇਲ ਸਿੰਘ ਇਹ ਸਭ ਬਰਦਾਸ਼ਤ ਤਾਂ ਕਰ ਜਾਂਦੇ ਪਰ ਆਪਣੀ ਅਕੀਦਤ ਤੇ, ਆਂਚ ਨਾ ਆਉਣ ਦਿੰਦੇ। ਸਤਿਗੁਰੂ ਰਾਮ ਸਿੰਘ ਜੀ ਨੇ ਇਹੋ ਜਿਹੇ ਕਠਿਨ ਸਮੇਂ ਵਾਸਤੇ ਹੀ ਸਿੰਘਾਂ ਨੂੰ ਖਿਮਾਂ, ਧਰੀਜ ਧਾਰਨ ਕਰਨ ਅਤੇ ਸ਼ਾਂਤਗੀ ਫੜਨ ਦਾ, ਸ਼ੁਭ ਉਪਦੇਸ਼ ਦਿੱਤਾ ਸੀ। ਡਾਢੇ ਦੁਸ਼ਮਣ ਦੀਆਂ ਸਖਤੀਆਂ ਨੂੰ, ਗੁਰੂ ਆਸਰੇ ਜਰਨ ਦੀ ਹਦਾਇਤ ਕੀਤੀ ਸੀ ਅਤੇ ਫਰਿਆਦ ਵੀ ਜ਼ਾਲਮ ਹਾਕਮ ਦੀ ਥਾਂ ਗੁਰੂ ਅੱਗੇ ਕਰਨ ਲਈ ਕਿਹਾ ਸੀ। ਇਹ ਸਿੱਖਿਆ ਭਾਈ ਸੁਹੇਲ ਸਿੰਘ ਨੇ ਆਤਮਸਾਤ ਕਰ ਲਈ ਸੀ। ਇਸ ਲਈ ਕਦੇ ਕਦੇ ਉਹਨਾਂ ਦੇ ਇਮਤਿਹਾਨ ਲੈਣ ਵਾਲੇ ਪਰਸੰਗ ਵੀ, ਸ੍ਰੀ ਭੈਣੀ ਸਾਹਿਬ ਡੇਰੇ ਵਿਚ ਵਾਪਰਦੇ ਰਹੇ। "ਏਕ ਦਿਨ ਤੁਰਕ (ਪੁਲਿਸ ਚੌਂਕੀ ਦੇ ਮੁਲਾਜ਼ਿਮ ਜੋ ਆਮ ਕਰਕੇ ਮੁਸਲਮਾਨ ਹੀ ਹੁੰਦੇ ਸਨ) ਨੇ ਕਹਿਆ ਕੂੰਮ ਤੱਕ ਜਾਣਾ ਹੈ ਅਸਵਾਰੀ ਮਿਲੇ ਕੁੱਲੀ ਘੋੜੀ ਕੀ। ਗੁਰੂ ਜੀ ਬਚਨ ਕੀਤਾ ਜਾ ਸੁਹੇਲ ਸਿੰਘ ਥੀਂ ਲੈ ਲੈ। ਤੁਰਕ ਨੇ ਆਇਕੇ ਦਰੋਗੇ ਨੂੰ ਕਹਿਆ ਘੋੜੀ ਕੁੱਲੀ ਪਰ ਕਾਠੀ ਪਾਇ ਦੇਵੋ। ਦਰੋਗੇ ਨੇ ਕਹਾ ਕਿ ਗੁਰੂ ਮਹਾਰਾਜ ਜੀ ਦੇ ਚੜਨ ਵਾਲੀ ਘੋੜੀ ਹੈ, ਮੈਂ ਤੈਨੂੰ ਆਪ ਕਾਠੀ ਪਾਕੇ ਨਹੀਂ ਦਿੰਦਾ ਹਾਂ। ਮਾਨੋ ਤੁਰਕ ਕੇ ਚੋਲੇ ਮੇਂ ਚਿਣਗ ਪਈ। ਜਲ ਬਲਕੇ ਕੋਲਾ ਹੋਇ ਗਿਆ। ਗਾਲਾਂ ਬਕਦਾ ਆਇਆ। ਗੁਰੂ ਜੀ ਮਦਾਨ ਚਲੇ ਤੇ ਹੌਲਦਾਰ ਨੇ ਫੇਰ ਗਾਲ ਕੱਢੀ। ਦੋ ਗਾਲਾਂ ਹੋਰ ਕੱਢੀਆਂ ਦਰੋਗੇ ਨੂੰ। ਗੁਰੂ ਜੀ ਸੱਜੇ ਹੱਥ ਦੀ ਛਿੱਬੀ ਦੇ ਕੇ ਤੇਜ਼ੀ ਮੈਂ ਹੋਇਕੇ ਬਚਨ ਕੀਤਾ ਤੂੰ ਸਾਡੇ ਸਾਮਣੇ ਗਾਲ ਕੱਢੀ ਹੈ ਸਿੰਘ ਨੂੰ। ਹਾਕਮਾਂ ਭੇਜਿਆ ਹੈ ਸਾਡੇ ਕੋਲ ਗਾਲਾਂ ਕੱਢਣ ਨੂੰ ? ਗਾਲ ਕੱਢਣੀ ਬੜੀ ਮਾੜੀ ਹੈ। ਅਸੀਂ ਤੈਨੂੰ ਘੋੜੀ ਥੀਂ ਕਦੀ ਨਾਂਹ ਕਰੀ ਹੈ ? ਸਾਨੂੰ ਘੋੜਾ ਅੱਛਾ ਹੈ। ਤੁਰਕ ਨੇ ਕਹਿਆ ਮੈਂ ਓਹੀ ਕੁੱਲੀ ਲਜਾਣੀ ਹੈ।......ਗੁਰੂ ਜੀ ਬਚਨ ਕੀਤਾ ਸੁਹੇਲ ਸਿੰਘ ਤੂੰ ਸਾਡੇ ਵਾਲੀ ਘੋੜੀ ਪਰ ਕਾਠੀ ਪਾਇ ਦਿਓ। ਸੁਹੇਲ ਸਿੰਘ ਬੋਲਿਆ ਮੈਂ ਆਪਣੀ ਹੱਥੀਂ ਨਹੀਂ ਪਾਇਕੇ ਦੇਣੀ ਹੈ। ਦੂਆ ਦਰੋਗਾ ਸੋਣ ਸਿੰਘ ਸੀ, ਓਸਨੂੰ ਗੁਰੂ ਜੀ ਆਪ ਬਚਨ ਕੀਤਾ ਕੁੱਲੀ ਉੱਤੇ ਕਾਠੀ ਪਾਇ ਦਿਓ। ਉਸ ਪਾਇ ਦਿਤੀ। ਉਸ ਉੱਪਰ ਚੜਕੇ ਗਿਆ ਤੁਰਕ।

"ਸੁਹੇਲ ਸਿੰਘ ਨੇ ਅੰਦਰੋਂ ਅਰਜ਼ ਕੀਤੀ ਸਾਡਾ ਗੁਰੂ ਅੰਤਰਜਾਮੀ ਨਾ ਹੋਇਆ ਜੇਕਰ ਤੁਰਕ ਕੋ ਕੋਈ ਸਜਾਇ ਨਾ ਮਿਲੀ। ਨਿਹੱਕ ਗਾਲਾਂ ਕਢੀਆਂ ਹੈਨ ਤੇ ਨਾਲੇ ਘੋੜੀ ਪਰ ਚੜਨ ਵਾਲੀ ਭੀ ਮਾੜੀ ਕੀਤੀ ਹੈ। ਜੇਕਰ ਏਨਾਂ ਤੁਰਕਾਂ ਨੂੰ ਸਜਾਇ ਨਾ ਮਿਲੀ ਤਾਂ ਏਹ ਕੀ ਜਾਨਣਗੇ ਪਰਤਾਪ ਗੁਰੂ ਜੀ ਕਾ।"

"ਮੁਨਸ਼ੀ ਕੇ ਪੇਟ ਮੈਂ ਸੂਲ ਹੋਣੇ ਲਗਾ। ਚਮਾਰਾਂ ਸੇ ਚੁਕਵਾਇਕੇ ਹਸਪਤਾਲ ਲੈ ਗਏ। ਫੇਰ ਹੌਲਦਾਰ ਦਹੀਂ ਮੰਗਣ ਗਿਆ ਮਾਈ ਜਿਊਣ ਕੌਰ ਥੀਂ। ਮਾਤਾ ਜੀ ਬਚਨ ਕੀਤਾ ਤੇਰੇ ਸਪਾਈ ਕੋ ਮਾਰੀਏ ਜਾਂ ਗਾਲ ਕੱਢੀਏ ਤਾਂ ਤੂੰ ਚੁੱਪ ਕਰ ਰਹੇ ? ਤਿਸੀ ਤਰ੍ਹਾਂ ਜਾਣ ਜਿਨਾਂ ਨੂੰ ਤੂੰ ਗਾਲਾਂ ਕੱਢਦਾ ਹੈ ਤੇ ਮਾਰਦਾ ਹੈ, ਏਹ ਸਾਡੇ ਪੁੱਤਰ ਹੈਨ। ਅਸੀਂ ਤਾਂ ਕੈਦੀਆਂ ਕੀ ਤਰ੍ਹਾਂ ਹੈ। ਅਸੀਂ ਤੇਰੀ ਟੰਗ ਤੇ ਨਹੀਂ ਤੋੜ ਦੇਣੀ। ਜੋ ਤੇਰੀ ਤਬਾ ਚਾਹੇ ਸੋ ਕਰ। ਉਸੀ ਰਾਤ ਤੁਰਕ ਕਾ ਗਿਟਾ ਟੁੱਟ ਗਿਆ। ਅੰਦਰੋਂ ਅੰਦਰ ਦਰਦ ਹੋਣ ਲੱਗੀ। ਹਿਲਣੋਂ ਜੁਲਣੋਂ ਰਹਿ ਗਿਆ। ਹੌਲਦਾਰ ਧਰਤੀ ਪਰ ਬਹਿ ਗਿਆ। ਤੋਬਾ ਤੋਬਾ ਕਰਨੇ ਲਗਾ।...ਸਿੰਘ ਦਾ ਕਹਿਣਾ ਪੂਰਾ ਹੋਇਆ ਅਕਾਲ ਪੁਰਖ ਜੀ ਸਜ਼ਾਇ ਦਿਤੀ ਹੈ।"[7]

ਮਾਰਚ ੧੯੦੧ ਵਿਚ ਗੁਰੂ ਹਰੀ ਸਿੰਘ ਜੀ ਨੇ ਸੱਦੋਵਾਲ (ਲਾਇਲਪੁਰ) ਵਿਖੇ ਹੋਲੇ ਮਹੱਲੇ ਦਾ ਪੁਰਬ ਮਨਾਇਆ। ਦੋ ਮਹੀਨੇ ਦੀ ਛੁੱਟੀ ਸੀ। ਲਾਇਲਪੁਰ ਦੁੱਲੇ ਦੀ ਬਾਰ, ਗੁਜਰਾਂ ਵਾਲਾ, ਲਾਹੌਰ ਸ਼ਹਿਰ ਵਿਚੋਂ ਹੁੰਦੇ ਹੋਏ, ਅੰਮ੍ਰਿਤਸਰ ਦੀ ਨਾਮਧਾਰੀ ਧਰਮਸ਼ਾਲਾ ਵਿਚ ਰੁਕੇ। ਮਾਝੇ, ਦੁਆਬੇ ਵਿਚੋਂ ਹੁੰਦੇ ਵਾਪਸ ਪਰਤੇ। ਇਸ ਦੌਰੇ ਸਮੇਂ ਬਾਰ ਦੇ ਪੇਸ਼ਾਵਰ ਪਸ਼ੂ ਚੋਰਾਂ ਤੋਂ, ਭਾਈ ਸੁਹੇਲ ਸਿੰਘ ਬਿਲਗਾ, ਪੂਰਾ ਸੁਚੇਤ ਸੀ। ਅਜਿਹੇ ਇਕ ਚੋਰ ਨੂੰ, ਜੋ ਦਿਨੇ ਭਜਨ ਪੁੱਛ ਕੇ, ਰਾਤ ਨੂੰ ਚੋਰੀ ਕਰਨ ਆਇਆ ਸੀ, ਬਿਲਗਾ ਜੀ ਨੇ ਸੋਟਾ ਪਰਸਾਦ ਦੇ ਕੇ ਵਕਤ ਸਿਰ ਹੀ ਤਰਾਹ ਦਿਤਾ।[8] ਘਟਨਾ ਪਿੰਡ ਦਿਆਲ ਸਿੰਘ ਵਾਲਾ (ਲਾਇਲਪੁਰ) ਦੀ ਸੀ।

ਅੰਗਰੇਜ਼ੀ ਸਰਕਾਰ ਦੀ ਨੌਕਰੀ ਦਾ ਬਾਈਕਾਟ, ਨਾਮਧਾਰੀਆਂ ਦੁਆਰਾ ਗੁਰੂ ਹਰੀ ਸਿੰਘ ਕਾਲ ਅਤੇ ਲਗਭਗ ੧੯੪੭ ਤੱਕ ਹੀ ਜਾਰੀ ਰਿਹਾ। ਗੁਰੂ ਹਰੀ ਸਿੰਘ ਜੀ ਦੇ ਸਮੇਂ ਮਾਈ ਗੁਰਦੇਈ ਖੰਨੇ ਵਾਲੀ ਵੀ ਡੇਰਾ ਪ੍ਰਬੰਧ ਵਿਚ, ਅਹਿਮ ਯੋਗਦਾਨ ਪਾਉਂਦੀ ਸੀ। ਮਾਈ ਦਾ ਇਕ ਪੁੱਤਰ, ਰਤਨ ਸਿੰਘ ਨਾਮ ਦਾ ਵੀ ਕਦੇ ਡੇਰੇ, ਕਦੇ ਖੰਨੇ ਰਹਿੰਦਾ ਸੀ। ਉਸਨੇ ਸਰਕਾਰੀ ਨੌਕਰੀ ਕਰਨ ਦਾ ਸੰਕਲਪ ਕਰ ਲਿਆ। ਪਤਾ ਲੱਗਣ ਤੇ ਗੁਰੂ ਹਰੀ ਸਿੰਘ ਜੀ ਨੇ ਉਸਨੂੰ ਨੌਕਰੀ ਵਿਚੋਂ, ਵਾਪਸ ਬੁਲਾਉਣ ਲਈ, ਭਾਈ ਸੁਹੇਲ ਸਿੰਘ ਨੂੰ ਹੀ ਉਪਯੁਕਤ ਵਿਅਕਤੀ ਸਮਝ ਕੇ, ਇਹ ਸੇਵਾ ਲਾਈ। "ਰਤਨ ਸਿੰਘ ਗੁਰਦੇਈ ਦਾ ਪੁੱਤਰ ਸੀ, ਉਸਨੇ ਨੌਕਰੀ ਜਾਇ ਲਵਾਈ। ਗੁਰੂ ਜੀ ਬਚਨ ਕੀਤਾ ਸ਼ਹੀਦ ਲਿਆਵਣਗੇ। ਰੇਲ ਪਰ ਚੜਨਾ ਸੀ ਪਰ ਸ਼ਹੀਦਾਂ ਨੇ ਅਟਕਾਇ ਲੀਆ। ਸੁਹੇਲ ਸਿੰਘ ਭੇਜਿਆ ਲੈਣ ਕੋ। ਜਾਂ ਫਰੰਗੀ ਕੇ ਗਿਆ ਤਾਂ ਪੁੱਛਿਆ-ਯੇ ਕੌਣ ਹੈ ? ਕਹਾ ਕਿ ਮੈਂ ਕੂਕਾ ਹਾਂ। ਰਤਨ ਸਿੰਘ ਨਾਮੇ ਜੋ ਕੂਕਾ ਹੈ ਮੈਂ ਤਿਸਕੋ ਲੈਣ ਆਇਆ ਹਾਂ। ਕਹਾ ਕਿ ਵੋਹ ਕੈਹਤਾ ਹੈ ਮੈਂ ਕੂਕਾ ਨਹੀਂ ਜਿਮੀਦਾਰ ਹਾਂ। ਸੁਹੇਲ ਸਿੰਘ ਨੇ ਕਹਾ ਕਿ ਜੀ ਉਸਕਾ ਜਨਮ

ਭੀ ਕੂਕਿਆਂ ਦੇ ਘਰ ਦਾ ਹੈ। ਫਰੰਗੀ ਨੇ ਪੁਰਾਣਾ ਦਫਤਰ ਕੱਢ ਕੇ ਦੇਖ ਲਿਆ ਜੋ ਕੂਕਾ ਹੈ ਸੋ ਨੌਕਰ ਨਹੀਂ ਰੱਖਣਾ। ਫਰੰਗੀ ਨੇ ਕਹਾ ਕਿ ਲੈ ਜਾਓ ਕੂਕਾ ਭਰਤੀ ਕਰਨੇ ਕਾ ਹੁਕਮ ਨਹੀਂ ਹੈ। ਜਾਂ ਆਇਆ ਰਤਨ ਸਿੰਘ ਤਾਂ ਗੁਰੂ ਜੀ ਬਚਨ ਕੀਤਾ ਏਨੂੰ ਕਾਲ ਘੇਰ ਕੇ ਲੈ ਚੱਲਿਆ ਸੀ। ਕਾਲ ਕੇ ਮੂੰਹ ਵਿਚੋਂ ਕੱਢ ਕੇ ਆਂਦਾ ਹੈ।[9]

ਗੁਰੂ ਹਰੀ ਸਿੰਘ ਜੀ ਦੇ ਸਮੇਂ ਅਤੇ ਬਾਅਦ ਵਿਚ ਵੀ ਜਿਤਨਾ ਚਿਰ, ਪੁਲੀਸ ਚੌਂਕੀ ਕਾਇਮ ਰਹੀ, ਡੇਰਾ ਭੈਣੀ ਸਾਹਿਬ ਦੀ ਲੰਗਰ ਵਾਲੀ ਰਹਾਇਸ਼ ਅਤੇ ਪਸ਼ੂ ਤਬੇਲੇ ਵਿਚ ਹੋਣ ਵਾਲੀ, ਕਿਸੇ ਵੀ ਉਸਾਰੀ ਸਮੇਂ ਪੁਲੀਸ ਗਾਰਦ, ਵਿਘਨ ਪਾਉਂਦੀ। ਅਜਿਹੇ ਸਰਕਾਰ ਦਰਬਾਰ ਪੈਣ ਵਾਲੇ ਝਮੇਲਿਆਂ ਸਮੇਂ ਮੁਖੀ ਅਤੇ ਬੁੱਧੀਮਾਨ, ਦਲੇਰ ਅਤੇ ਨਿਝੱਕ, ਹੁਸ਼ਿਆਰ ਵਿਅਕਤੀ ਅਤੇ ਖੜਕੇ ਦੜਕੇ ਵਾਲੀ ਬੋਲਬਾਣੀ ਵੀ ਅਤੇ ਵੇਲਾ ਸੰਭਾਲਣ ਦੀ ਕਲਾ ਵਿਚ ਨਿਪੁੰਨ ਹੋਣ ਸਦਕਾ ਵੀ ਗੁਰੂ ਹਰੀ ਸਿੰਘ, ਭਾਈ ਸੁਹੇਲ ਸਿੰਘ ਹੋਰਾਂ ਦੇ ਜ਼ਿੰਮੇ, ਇਹੋ ਜਹੀਆਂ ਸੇਵਾਵਾਂ ਵੀ ਲਾਇਆ ਕਰਦੇ ਸਨ। "ਨਵੇਂ ਤਬੇਲੇ ਬੱਘੀਖਾਨਾ ਬਣਾਇਆ। ਗਾਰਦ ਹੌਲਦਾਰ ਨੇ ਰਪੋਟ ਕੀਤੀ, ਤਸੀਲਦਾਰ ਨੇ ਸੱਦ ਭੇਜਿਆ। ਸੁਹੇਲ ਸਿੰਘ ਗਿਆ ਲੁਧਿਆਣਾ। ਤਸੀਲਦਾਰ ਕੇ ਕੋਲ ਕਿ ਅਗੇ ਏਤਨੇ ਮੰਦਰ ਬਨਾਏ ਹੈ ਕੋਈ ਇਤਲਾਹ ਨਹੀਂ ਦਿਤੀ। ਗਾਰਦ ਕੇ ਸਾਹਮਣੇ ਬਣਿਆ ਹੈ। ਬੱਘੀ ਰੱਖਣ ਕੋ ਕੋਈ ਜਗਾ ਨਾ ਸੀ, ਚੋਰੀ ਤਾਂ ਨਹੀਂ ਬਣਿਆ। ਜਦ ਬਣਾਉਂਦੇ ਸੇ ਤਾਂ ਕਹਿੰਦੇ ਭਾਈ ਹੁਕਮ ਲੈ ਕੇ ਬ਼ਣਾਓ। ਫੇਰ ਕੋਈ ਉਤਰ ਨਾ ਆਇਆ।"[10]

ਸਰੀਰ ਨੂੰ ਦੁਖ ਸੁਖ ਤਾਂ ਆਉਂਦੇ ਜਾਂਦੇ ਹੀ ਰਹਿੰਦੇ ਹਨ। ਪਰ ਅਜਿਹੇ ਮੌਕਿਆਂ ਤੇ ਵੀ ਭਾਈ ਸੁਹੇਲ ਸਿੰਘ ਆਪਣੀ ਟੇਕ ਗੁਰੂ ਸਾਹਿਬ ਤੇ ਹੀ ਰੱਖਦੇ ਸਨ। ਮਾਲੂਮ ਹੁੰਦਾ ਹੈ ਸਮਕਾਲੀ ਨਾਮਧਾਰੀ ਇਤਿਹਾਸ ਲੇਖਕ ਅਤੇ ਮਸਤਾਨਾ ਸਿੱਖ, ਭਾਈ ਸੰਤੋਖ ਸਿੰਘ ਬਾਹੋਵਾਲ, ਡੇਰਾ ਭੈਣੀ ਸਾਹਿਬ ਵਿਚ ਵੀ ਬਾਈ ਵਰ੍ਹੇ ਇਕੱਠੇ ਰਹਿਣ ਸਦਕਾ, ਬਿਲਗਾ ਜੀ ਦੇ ਚੰਗੇ ਮਿੱਤਰ ਬਣ ਚੁੱਕੇ ਸਨ। ਸੰਨ ੧੯੦੪ ਈ. ਵਿਚ ਭਾਈ ਸੁਹੇਲ ਸਿੰਘ ਇਕ ਗੰਭੀਰ ਰੋਗ ਤੋਂ ਪੀੜਿਤ ਹੋਇਆ ਪਰ ਸੰਤੋਖ ਸਿੰਘ ਬਾਹੋਵਾਲ ਦੀ ਮਾਰਫਤ ਗੁਰੂ ਜੀ ਨੂੰ ਬੇਨਤੀ ਕਰਕੇ ਸਿਹਤਯਾਬ ਹੋ ਗਿਆ। "ਸੁਹੇਲ ਸਿੰਘ ਸਖਤ ਬੀਮਾਰ ਸੀ।...ਦੋ ਵਰ੍ਹੇ ਤੱਕ, ਦੁਖ ਰਿਹਾ। ਇਕ ਹਕੀਮ ਮੁਸਲਮਾਨ ਜਿਸਨੇ ਦੁਆਈ ਖਾਣ ਨੂੰ ਦਿਤੀ। ਦਰਦ ਸ਼ੁਰੂ ਹੋਈ ਹੋਈ ਪੇਟ ਮੇਂ। ਸੰਤੋਖ ਸਿੰਘ (ਲਿਖਾਰੀ) ਝਾੜੂ ਦੇਂਦਾ ਸੀ। ਸੱਦ ਕੇ ਕਹਿਆ ਕਿ ਮੇਰੀ ਅਰਜ਼ ਕਰੋ ਗੁਰੂ ਮਹਾਰਾਜ ਜੀ ਦੇ ਪਾਸ। ਜੋ ਪੇਡੂ ਤੋਂ ਦਰਦ ਉਠਕੇ ਕਾਲਜੇ ਨੂੰ ਜਾਂਦੀ ਹੈ ਇਸ ਨਾਲੋਂ ਤਾਂ ਮਰਨਾ ਚੰਗਾ ਹੈ, ਨਹੀਂ ਤਾਂ ਰਾਜੀ ਕਰੋ।...ਸੰਤੋਖ ਸਿੰਘ ਨੇ ਸਾਰਾ ਬ੍ਰਿਤਾਂਤ ਸੁਣਾਇਆ। ਭਗੌਤੀਆਂ ਕੀ ਮਾਲਾ ਫੇਰਨ ਲਗਾ ਤਾਂ ਅਰਾਮ ਹੋਇਆ। ਥੋੜੇ ਦਿਨਾਂ ਮੈਂ ਰਾਜੀ ਹੋਇ ਗਿਆ।"

ਡੇਰਾ ਭੈਣੀ ਸਾਹਿਬ ਤੋਂ ਬਾਹਰ ਗੁਆਂਢੀ ਸਿੱਖ ਰਿਆਸਤਾਂ ਤੱਕ ਵੀ ਭਾਈ ਸੁਹੇਲ ਸਿੰਘ ਬਿਲਗਾ ਦੀ ਜਾਣ ਪਹਿਚਾਣ ਸੀ। ਨਾਭੇ ਦਾ ਮਹਾਰਾਜ ਹੀਰਾ ਸਿੰਘ ਤਾਂ ਵੈਸੇ ਪੱਕਾ ਨਾਮਧਾਰੀ ਸਿੰਘ ਸੀ ਜਿਸਨੇ ਸਤਿਗੁਰੂ ਰਾਮ ਸਿੰਘ ਜੀ ਤੋਂ ਕਿਸੇ ਸਮੇਂ, ਨਾਮ ਦਾਨ

ਪ੍ਰਾਪਤ ਕੀਤਾ ਸੀ। ਨਾਭੇ ਵਾਲੇ ਰਾਜੇ ਦੀ ਇਕ ਘੋੜੀ ਚੋਰਾਂ ਨੇ ਕੱਢ ਲਈ ਸੀ। ਜਦੋਂ ਉਸ ਘੋੜੀ ਦੇ ਖੁਰੇ ਪਿੱਛੇ ਰਿਆਸਤ ਦਾ ਖੋਜੀ ਅਤੇ ਵਾਹਰ ਆ ਰਹੀ ਸੀ ਤਾਂ ਲਾਲ ਸਿੰਘ ਗੁਮਟੀ ਦਾ ਭਰਾ ਹਜ਼ੂਰਾ ਸਿੰਘ ਗੁਮਟੀ ਵੀ ਕੂਕਾ ਹੋਣ ਕਾਰਨ, ਡੇਰੇ ਦਰਸ਼ਨ ਕਰਨ ਆ ਗਿਆ ਅਤੇ ਹਜ਼ੂਰਾ ਸਿੰਘ ਨੇ, ਸੁਹੇਲ ਸਿੰਘ ਬਿਲਗਾ ਤੋਂ, ਗੁਰੂ ਹਰੀ ਸਿੰਘ ਜੀ ਪਾਸ, ਚੋਰ ਲਭਾਉਣ ਵਾਸਤੇ ਬੇਨਤੀ ਵੀ ਕਰਵਾ ਦਿੱਤੀ। ਭੈਣੀ ਸਾਹਿਬ ਤੋਂ ਰਤਾ ਅੱਗੇ ਬੇਟ ਦੇ ਇਲਾਕੇ ਵਿਚੋਂ, ਘੋੜੀ ਲਈ ਜਾਂਦਾ ਚੋਰ ਕਾਬੂ ਕਰਕੇ, ਘੋੜੀ ਵਾਪਸ ਨਾਭੇ ਪੁਚਾ ਦਿੱਤੀ। ਬਾਅਦ ਵਿਚ ਰਾਜੇ ਨੇ ਵੀ ਗੁਰੂ ਕੇ ਲੰਗਰ ਦੀ ਭੇਟ, ਸਵਾ ਸੌ ਦਮੜੇ ਪੁਚਾ ਦਿੱਤੇ।[12] ਇਹ ਮਹਾਰਾਜਾ ਹੀਰਾ ਸਿੰਘ ਦਾ ਕੂਕਾ ਹੋਣਾ, ਉਸ ਦੇ ਮਹਿਲਾਂ ਵਿਚ ਜਾ ਕੇ ਇਸਤਰੀ ਸੂਬਾ ਮਾਤਾ ਹੁਕਮੀ ਵਰਿਆਂਹ ਵਾਲੀ ਉਰਫ ਮਾਈ ਮਹਾਤਮਾ ਦਾ, ਰਾਣੀਆਂ ਨੂੰ ਰਣਵਾਸ ਵਿਚ ਕਥਾ ਸੁਨਾਉਣ ਦਾ ਹੀ ਪ੍ਰਭਾਵ ਸੀ ਕਿ ਉਸਦੇ ਪੁੱਤਰ ਮਹਾਰਾਜਾ ਰਿਪੁਦਮਨ ਸਿੰਘ ਦੇ, ਸ਼ੁਰੂ ਤੋਂ ਹੀ ਅੰਗਰੇਜ਼ ਵਿਰੋਧੀ ਵਿਚਾਰ ਬਣ ਗਏ ਸਨ ਜਿਸ ਦੀ ਕੀਮਤ, ਉਸਨੂੰ ਨਾਭੇ ਦਾ ਰਾਜ ਤਿਆਗ ਕੇ ਤਾਰਨੀ ਪਈ ਸੀ। ਖੈਰ ਕੂਕੇ ਤੇ ਨਾਭਾ ਵੱਖਰਾ ਵਿਸ਼ਾ ਹੈ, ਜਿਸ ਬਾਰੇ ਕਦੇ ਫਿਰ ਚਰਚਾ ਕਰਾਂਗੇ।

ਸਤਿਗੁਰੂ ਰਾਮ ਸਿੰਘ ਜੀ ਦੇ ਪਰਦੇਸ ਗਮਨ ਬਾਅਦ ਹਰ ਧਾਰਮਿਕ ਅਸਥਾਨ ਦੀ ਜ਼ਰੂਰਤ ਮੁਤਾਬਿਕ, ਗੁਰਦੁਆਰਾ ਸ੍ਰੀ ਭੈਣੀ ਸਾਹਿਬ ਵਿਚ ਆਉਣ ਵਾਲੀਆਂ ਸੰਗਤਾਂ ਦੀ ਭਾਵੀ ਜ਼ਰੂਰਤ ਨੂੰ ਮੁੱਖ ਰੱਖਦਿਆਂ, ਗੁਰੂ ਹਰੀ ਸਿੰਘ ਜੀ ਨੇ ਇਕ ਸਰੋਵਰ ਦੀ ਉਸਾਰੀ ਦਾ ਕਾਰਜ ਵੀ ਅਰੰਭਿਆ। ਨਾਮਧਾਰੀ ਸਰੋਤਾਂ ਅਨੁਸਾਰ ਇਕ ਤਿਕੋਣਾ ਹਵਨ ਕੁੰਡ ਫਲਾਹੀ ਹੇਠੋਂ ਨਿਕਲਿਆ ਸੀ ਜਿਸ ਫਲਾਹੀ ਹੇਠ ਸਤਿਗੁਰੂ ਰਾਮ ਸਿੰਘ ਜੀ ਬੰਦਗੀ ਕਰਦੇ ਸਨ। ਉਹਨਾਂ ਨੇ ਗੁਰੂ ਹਰੀ ਸਿੰਘ ਜੀ ਨੂੰ ਉਸ ਹਵਨ ਕੁੰਡ ਦੇ ਅਵਸ਼ੇਸ਼ ਵਗੈਰਾ ਵਿਖਾ ਕੇ ਕਿਹਾ ਸੀ ਕਿ ਭਾਈ ਇਹ ਉਹੋਂ ਥਾਂ ਹੈ ਜਿੱਥੇ ਮੈਂ ਅਤੇ ਤੂੰ ਤਰੇਤੇ ਯੁੱਗ ਵਿਚ, ਆਪਣੇ ਬਨਵਾਸ ਦੇ ਸਮੇਂ ਹਵਨ ਕਰਿਆ ਕਰਦੇ ਸਾਂ। ਸੋ ਨੌਂਵੇਂ ਦਹਾਕੇ, ਉਨ੍ਹੀਵੀਂ ਸਦੀ ਦੇ ਅਰੰਭ ਵਿਚ, ਸਰੋਵਾਰ ਦੀ ਪੁਟਾਈ ਸ਼ੁਰੂ ਹੋ ਗਈ। ਕੱਚੀ ਮਿੱਟੀ ਦੀਆਂ ਢਿੱਗਾਂ ਕਦੇ ਕਦੇ ਡਿੱਗ ਪੈਂਦੀਆਂ ਹਨ। ਜ਼ੋਖਮ ਵਾਲਾ ਕੰਮ ਸੀ। ਦਿਨੇ ਪਿੰਡ ਦੇ ਲੋਕ ਅਤੇ ਪੁਲੀਸ ਨਹੀਂ ਸੀ ਪੁੱਟਣ ਦਿੰਦੇ, ਰਾਤ ਨੂੰ ਲੁਕ ਛਿਪ ਕੇ ਪੁਟਾਈ ਕਰਦੇ। ਆਲੇ ਦੁਆਲੇ ਝਾੜ ਬੂਟ ਸੀ। ਰੋਹੀਆਂ ਦੇ ਟਿੱਬੇ ਸਨ। ਇਕ ਦਿਨ ਇਕ ਸਰੀਰ ਢਿੱਗ ਹੇਠਾਂ ਆ ਕੇ ਚੱਲ ਵੱਸਿਆ, ਜੇ ਦਿਨੇ ਸਸਕਾਰ ਕਰਦੇ ਤਾਂ ਇਸ ਕੰਮ ਵਿਚ, ਪੁਲੀਸ ਨੇ ਨਜਾਇਜ਼ ਤੌਰ ਤੇ ਹੀ ਪਤਾ ਨਹੀਂ ਗੁਰੂ ਜੀ ਸਮੇਤ ਕਿਤਨੇ ਸਿੰਘਾਂ ਨੂੰ ਫਸਾਉਣ ਦੀ ਕੋਸ਼ਿਸ਼ ਕਰਨੀ ਸੀ। ਇਹੋ ਜਿਹੇ ਸਮੇਂ ਘੋੜਿਆਂ ਦੇ ਦਰੋਗੇ ਭਾਈ ਸੁਹੇਲ ਸਿੰਘ ਬਿਲਗਾ ਹੋਰਾਂ ਦੀ ਭੂਮਿਕਾ, ਸੰਕਟ ਮੋਚਨ ਵਾਲੀ ਹੁੰਦੀ ਸੀ। ਇਹ ਵੇਰਵਾ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ, ਰੀਕਾਰਡ ਹੋਏ ਉਪਦੇਸ਼ਵਿਚ ਮਿਲਦਾ ਹੈ—

"ਗੁਰਦੁਆਰੇ ਭੈਣੀ ਸਾਹਿਬ ਪੁਲਿਸ ਦਾ ਪਹਿਰਾ ਹੈ। ਬਾਹਰੋਂ ਕੋਈ ਆਦਮੀ ਆਉਣਾ ਨਹੀਂ ਮਿਲਦਾ। ਰਾਮਸਰ ਦਾ ਤਲਾਅ ਹੈ। ਇਹਦੇ ਵਿਚ ਮੀਂਹ ਦਾ ਪਾਣੀ ਉੱਚੇ

ਬਾਂ ਖਲੋਤਾ ਹੈ। ਸਿੱਖ ਜਿਹੜੇ ਰਾਤ ਨੂੰ ਚੋਰੀ ਆਉਂਦੇ ਹਨ, ਪਿੰਡਾਂ ਵਿਚ ਨਹੀਂ ਵੜਨਾ ਮਿਲਦਾ। ਉਹ ਰਾਤ ਨੂੰ ਆ ਕੇ ਤਲਾਅ ਦੀ ਕਾਰ ਕੱਢਦੇ ਸਨ-ਹਨੇਰੇ, ਰਾਤ ਵਿਚ। ਰਾਤ ਨੂੰ ਤਲਾਅ ਪੁੱਟਦਿਆਂ-ਪੁੱਟਦਿਆਂ ਇਕ ਵਜਿਆ ਰਾਤ ਦਾ। ਇਕ ਬਾਬੇ ਸੰਤਾ ਸਿੰਘ ਹੁਰੀਂ ਹੁੰਦੇ ਸੀ ਉੱਥੇ, ਬੜਾ ਭਾਰਾ ਸਰੀਰ ਸੀ। ਸਿੰਘ ਥੱਲੇ ਕਾਰ ਕੱਢਦੇ ਸੀ। ਉਹ (ਸੰਤਾ ਸਿੰਘ) ਉੱਤੇ ਜਿਹੜਾ ਪਾਣੀ ਖਲੋਤਾ ਸੀ, ਉਹਦੇ ਵਿਚ ਜਾ ਕੇ ਉਹ ਪਲੇਟੀ ਮਾਰਨ ਲੱਗ ਪਏ ਇਸ਼ਨਾਨ ਕਰਕੇ ਆਏ ਇਕ ਵਜੇ।

..... ਉਹ ਇਸ਼ਨਾਨ ਕਰਨ ਲੱਗੇ, ਉੱਥੋਂ ਢਿੱਗ ਡਿਗ ਪਈ, ਭਾਈ ਰਣ ਸਿੰਘ ਹੁਰੀਂ ਸਿੰਘ ਸਨ, ਉਹ ਥੱਲੇ ਆ ਗਏ। ਆ ਪਤਾ ਲੱਗਿਆ ਡੇਰੇ ਵਿਚ। ਦੂਏ ਸਿੰਘ ਨਾਲ ਦੇ ਨੇ ਦੱਸਿਆ। ਅੱਧੀ ਰਾਤ, ਸਿੰਘ ਨਿਕਲੇ ਚੋਰੀ। ਪੁਲਿਸ ਦਰਵਾਜ਼ੇ ਵਿਚ ਹੈ ਜਾ ਕੇ ਉਸ ਸਿੰਘ (ਰਣ ਸਿੰਘ) ਨੂੰ ਕੱਢਿਆ। ਜਦੋਂ ਕੱਢਿਆ ਤਾਂ ਹੁਣ ਉਹਦਾ ਕਰਨ ਕੀ। ਸੁਹੇਲ ਸਿੰਘ ਹੁੰਦਾ ਸੀ ਦਰੋਗਾ ਤਬੇਲੇ ਵਿਚ, ਘੋੜੇ ਉੱਤੇ ਖੁਰਗੀਨ ਕੱਸਿਆ। ਖੁਰਗੀਨ ਕੱਸ ਕੇ-ਤਬੇਲੇ ਦੇ ਦਰਵਾਜ਼ੇ ਵਿਚ ਪੁਲਿਸ ਦਾ ਪਹਿਰਾ ਸੀ-(ਪੁਲਿਸ ਵਾਲਾ) ਕਹਿਣ ਲੱਗਾ, "ਕਿਧਰ ਲੈ ਚਲਿਐਂ ਘੋੜਾ।"

(ਸੁਹੇਲ ਸਿੰਘ) ਕਹਿੰਦਾ, 'ਦਰਦ ਹੁੰਦੈ, ਇਹਨੂੰ ਬਾਹਰ ਫੇਰਨ ਲੈ ਚੱਲਿਆਂ।"

ਲਿਜਾ ਕੇ ਉੱਤੇ ਧਰ ਕੇ ਉਹ (ਰਣ ਸਿੰਘ) ਨੂੰ ਨਹਿਰ ਦੇ ਕੰਢੇ ਤੇ ਲਿਜਾ ਕੇ ਉਹਦਾ ਮੂੰਹ ਸਿਰ ਸਾੜ ਕੇ ਉਹਨੂੰ ਨਹਿਰ ਵਿਚ ਸੁੱਟ ਦਿੱਤਾ। ਹੋਰ ਤੇ ਕੁਝ ਕਰ ਨਹੀਂ ਸੀ ਸਕਦੇ। ਕੁਝ ਦਿਨਾਂ ਬਾਅਦ ਕਿਤੇ ਸੁਧ ਨਿਕਲਦੀ ਨਿਕਲ੍ਹ ਆਈ। ਥਾਣੇਦਾਰ ਜਿਹੜਾ ਲੱਗਾ ਹੋਇਆ ਸੀ, ਬੜਾ ਉਹ ਆਪਣੇ ਵਲੋਂ ਆਪਣਾ ਮਿਤਰ ਸੁਹੇਲ ਸਿੰਘ ਨੂੰ ਸਮਝਦਾ ਸੀ। ਸੁਹੇਲ ਸਿੰਘ ਨੂੰ ਸੱਦ ਲਿਆ ਥਾਣੇ। ਗੱਲਾਂ ਬਾਤਾਂ ਕਰ ਕਰਾ ਕੇ-ਘੋੜੀ ਦਾ ਕੀ ਹਾਲ ਹੈ, ਫਲਾਣੀ ਦਾ ਕੀ ਹਾਲ ਹੈ-ਕਹਿਣ ਲੱਗਾ-ਉਹ ਗੱਲ ਕਿਵੇਂ ਹੋਈ, ਉਹ ਰਣ ਸਿੰਘ ਕਿਵੇਂ ਚੜ੍ਹਿਆ ਸੀ, ਉਹ ਸਿੰਘ ਰਾਤ ਨੂੰ।

"ਹੈਂ। ਥਾਣੇਦਾਰਾ! ਕਿਹੜਾ ਸਿੰਘ ? ਤੂੰ ਕਿੱਥੋਂ ਗੱਲ ਸੁਣੀ ਹੈ ? ਕਿਹਦੀ ਤੂੰ ਗੱਲ ਕਰਦਾ ਹੈਂ"-ਬਿਲਕੁਲ ਅਨਜਾਣ ਹੋ ਕੇ।

ਦੇ ਕੇ ਥਾਪੀ (ਥਾਣੇਦਾਰ) ਕਹਿੰਦਾ, "ਓ ਸ਼ਾਬਾਸ਼ ਕੂਕਿਓ। ਗੌਰਮਿੰਟ ਤੁਹਾਡਾ ਬੀ ਪੁੱਟ ਦੇਂਦੀ ਜੇ ਤੁਹਾਡੇ ਵਿਚ ਇਹ ਇਤਫਾਕ ਨਾ ਹੁੰਦਾ।"[13]

ਬਿਸ਼ਨ ਸਿੰਘ ਭਾਈ ਸੁਹੇਲ ਸਿੰਘ ਬਿਲਗਾ ਦਾ ਸਕਾ ਭਤੀਜਾ ਸੀ। ਇਸਨੂੰ ਬਿਸ਼ਨ ਸਿੰਘ ਰਪਟੀਆ ਭੀ ਕਹਿੰਦੇ ਸਨ। ਹੋ ਸਕਦਾ ਹੈ ਡੇਰੇ ਦੇ ਛੋਟੇ ਮੋਟੇ ਮੁਆਮਲਿਆਂ ਦੀ ਸੂਚਨਾ ਡੇਰੇ ਦੇ ਇਕ ਜ਼ਿੰਮੇਵਾਰ ਸਿੰਘ, ਭਾਈ ਸੁਹੇਲ ਸਿੰਘ ਤੱਕ ਪੁਚਾਉਣ ਸਦਕਾ, ਉਸਦਾ ਨਾਮ ਸਿੰਘਾਂ ਨੇ ਰਪਟੀਆ ਧਰ ਦਿੱਤਾ ਹੋਵੇ। ਡੇਰੇ ਵਿਚ ਖਰਾਸ ਲੱਗਣ ਤੋਂ ਬਾਅਦ, ਇਸ ਦੀ ਡਿਊਟੀ ਖਰਾਸ ਦੇ ਦਾਣੇ ਪੀਹਣ ਦੀ ਵੀ ਲੱਗੀ ਰਹੀ ਸੀ ਜਿਸ ਕਾਰਨ ਇਸੇ ਨੂੰ, ਬਿਸ਼ਨ ਸਿੰਘ ਖਰਾਸੀਆ ਵੀ ਲਿਖਿਆ ਮਿਲਦਾ ਹੈ। ਉਸ ਤੇ ਡੇਰੇ ਦੇ ਕੰਮ ਦਾ, ਜ਼ਿਆਦਾ ਬੋਝ ਜਾਪਦਾ ਹੈ। ਜਿਸ ਕਾਰਨ ਉਹ ਗੁਰੂ ਹਰੀ ਸਿੰਘ ਜੀ ਪਾਸ

ਬੇਨਤੀ ਕਰਦਾ ਹੈ ਅਤੇ ਘਰ ਜਾਣ ਦੀ ਛੁੱਟੀ ਦੇਣ ਵਾਸਤੇ ਅਤੇ ਗੁਰੂ ਜੀ ਉਸ ਨੂੰ ਧੀਰਜ ਬੰਨ੍ਹਾਉਂਦੇ ਹਨ। "ਖਰਾਸੀਏ ਬਿਸ਼ਨ ਸਿੰਘ ਨੇ ਕਿਹਾ ਜੀ ਮੈਨੂੰ ਦੂਆ ਆਦਮੀ ਮਿਲੇ ਟੈਹਲਾ ਬਹੁਤ ਹੈ। ਬਚਨ ਹੋਇਆ ਤੂੰ ਕੀ ਰੂਪ ਕਰਕੇ ਮੈਨੂੰ ਜਾਣਦਾ ਹੈ? ਕੈਹਣੇ ਲੱਗਾ ਜੀ ਗੁਰੂ ਰੂਪ ਕਰਕੇ ਜਾਣਦਾ ਹਾਂ। ਬਚਨ ਕੀਤਾ ਮੈਂ ਗੁਰੂ ਨਹੀਂ ਹਾਂ ਪਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਕਾ ਦੀਦਾਰ ਕਰਾਇ ਦੇਵਾਂਗਾ। ਏਥੋਂ ਨਾ ਜਾਣੇ ਕਾ ਨੇਮ ਪਾਵੋ, ਜਾਵੋ ਨਾ। ਉਸ ਸਿੰਘ ਕੇ ਸਾਰੇ ਤੁਰ ਜਾਣੇ ਵਾਲੇ ਸੰਕਲਪ ਸੀ ਸੋ ਸਭ ਮਿਟ ਗਏ ਕ੍ਰੋਧ ਭੀ ਹਟ ਗਿਆ।"[14]

ਸੰਨ ੧੮੭੮ ਦਾ ਡੇਰੇ ਦਾ ਇਕ ਵਾਕਿਆ ਬਾਹੋਵਾਲ ਜੀ ਦੁਆਰਾ ਕਾਨੀਬੱਧ ਕੀਤਾ ਗਿਆ ਹੈ। ਜਿਸ ਅਨੁਸਾਰ ਭੈਣੀ ਸਾਹਿਬ ਦੀ ਜੂਹ ਦੇ ਆਸ ਪਾਸ, ਝਾੜ ਬੇਲਿਆਂ ਵਿਚ, ਗੁਰੂ ਦਰਸ਼ਨਾਂ ਲਈ ਗੁਰਦੁਆਰਾ ਸ੍ਰੀ ਭੈਣੀ ਸਾਹਿਬ ਵਿਖੇ, ਲੁਕ ਛਿਪ ਕੇ ਮਿਲਣ ਲਈ, ਮੌਕੇ ਦੀ ਉਡੀਕ ਵਿਚ ਬੈਠੀ ਸੰਗਤ ਪਾਸ ਪ੍ਰਸ਼ਾਦ ਪਾਣੀ ਪੁਚਾਉਣ ਦਾ ਔਖਾ ਕੰਮ ਵੀ ਇਹ ਬਿਸ਼ਨ ਸਿੰਘ ਹੋਰੀਂ ਕਰਿਆ ਕਰਦੇ ਸਨ। "ਇਕ ਦਿਨ ਬਿਸ਼ਨ ਸਿੰਘ ਬਿਲਗੇ ਵਾਲਾ ਪ੍ਰਸਾਦੇ ਪਿੱਛੋਂ ਦੀ (ਲੰਗਰ ਦੇ ਪਿਛਵਾੜਿਉਂ ਜਿਧਰ ਪੁਲੀਸ ਨਹੀਂ ਬੈਠਦੀ ਸੀ) ਉਤਾਰ ਕੇ ਲੈ ਤੁਰਿਆ ਤਾਂ ਮੁਕਬਲਾਂ ਨੇ ਖਵਰ ਦਿੱਤੀ ਹੁਣੇ ਸਿੰਘ ਪ੍ਰਸਾਦੇ ਲੈ ਕੇ ਨਿਕਲਿਆ ਹੈ। ਚੌਕੀਦਾਰ ਮਗਰ ਭੱਜਿਆ। ਸਿੰਘ ਭੀ ਨੱਠਿਆ। ਪ੍ਰਸਾਦਿਆਂ ਕਾ ਭਾਰ ਜ਼ਿਆਦਾ ਸੀ। ਪ੍ਰਸਾਦੇ ਝਾੜੀ ਵਿਚ ਰੱਖ ਦਿੱਤੇ ਤੇ ਆਪ ਨੱਸ ਗਿਆ। ਥਾਨੇਦਾਰ ਆਇਆ ਹੋਇਆ ਸੀ। ਉਹ ਭੀ ਮਗਰ ਗਿਆ ਕਿ ਜਿੱਥੇ ਸਿੰਘ ਹੋਨਗੇ ਉੱਥੋਂ ਫੜਕੇ ਲਿਆਵਾਂਗੇ। ਬਿਸ਼ਨ ਸਿੰਘ ਤੁਰਕਾਂ ਕੋ ਓਹਲਾ ਦੇ ਕੇ ਜਿੱਥੇ ਸਿੰਘ ਸੇ ਓਹਨਾਂ ਨੂੰ ਖਬਰ ਦਿੱਤੀ, ਥਾਨੇਦਾਰ ਆਉਂਦਾ ਹੈ, ਲੁਕ ਜਾਓ। ਸਭ ਸਿੰਘ ਖਿੰਡ ਕੇ ਲੁਕ ਗਏ। ਸਪਾਹੀ ਘੱਟਾ ਛਾਣਦੇ ਖੂਹਾਂ ਪਰ ਦੇਖ ਦੇਖ ਕੇ ਮੁੜ ਆਏ। ਜਿੱਥੇ ਰਾਤ ਨੂੰ ਸਿੰਘ ਆਏ। ਜਿੱਥੇ ਰਾਤ ਨੂੰ ਸਿੰਘ ਪਏ ਸੇ ਤਿੱਥੇ ਬਘਿਆੜ ਵੀ ਰਾਤ ਨੂੰ ਆਇਆ। ਸੁੰਘ ਕੇ ਚਲਾ ਗਿਆ। ਦਿਨ ਚੜ੍ਹੇ ਸਿੰਘਾਂ ਨੇ ਪੈੜਾ ਦੇਖੀ। ਨਾ ਡੇਰੇ ਬੜਨਾ ਮਿਲੇ ਨਾ ਬਾਹਰਲੇ ਪਿੰਡਾਂ ਮੇਂ ਸਿੰਘਾਂ ਨੂੰ ਬੜਨ ਦੇਂਦੇ ਹੈ। ਇਸ ਸਬਬ ਸੇ ਸਿੰਘ ਜੰਗਲ ਮੇ ਰੇਤੇ ਪਰ ਹੀ ਪੈ ਰਹਿੰਦੇ ਹੈ।"[15] ਇਸ ਤਰ੍ਹਾਂ ਦੇ ਔਖੇ ਸਮੇਂ ਵਿਚ ਡੇਰੇ ਦੀ ਸੇਵਾ ਨਿਬਾਹੁਣ ਵਾਲੇ ਸੂਰਮੇ ਸਿੰਘਾਂ ਦੀ ਮਹਾਨਤਾ ਦਾ ਸਹਿਜੇ ਹੀ ਅੰਦਾਜ਼ਾ ਲਾਇਆ ਜਾ ਸੱਕਦਾ ਹੈ। ਬਾਬਾ ਭਗਤ ਸਿੰਘ ਬਿਲਗਾ ਦੁਆਰਾ, ਉੱਪਰ ਵਰਣਿਤ, ਬਿਲਗਾ ਪਿੰਡ ਦੀ ਸੂਰਬੀਰਾਂ ਵਾਲੀ ਪਰੰਪਰਾ ਦਾ ਹੀ ਲਖਾਇਕ ਹੈ, ਭਾਈ ਸੁਹੇਲ ਸਿੰਘ ਬਿਲਗਾ ਅਤੇ ਉਸ ਦਾ ਸਮੂਹ ਪਰਿਵਾਰ ਅਤੇ ਬਿਲਗਾ ਪਿੰਡ ਦੇ ਕੁਝ ਹੋਰ ਕੂਕਾ ਸਿੰਘ, ਜਿਹਨਾਂ ਦਾ ਜ਼ਿਕਰ ਅੱਗੇ ਆਇਗਾ।

ਦਰੋਗਾ ਜੀ ਦਾ ਭਤੀਜੇ ਬਿਸ਼ਨ ਸਿੰਘ ਨਾਲ ਵੀ ਯਾਰਾਂ ਦੋਸਤਾਂ ਵਰਗਾ ਪ੍ਰੇਮ ਵੀ ਸੀ ਜਿਸ ਦਾ ਵਰਣਨ, ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਉਪਦੇਸ਼ਾਂ ਵਿਚ ਦਰਜ ਹੈ। ਸੰਦਰਭ, ੧੯੬੭ ਈ. ਵਿਚ ਅੱਸੂ ਦੇ ਮਹੀਨੇ, ਗਿੱਲ (ਸਿਆਲਕੋਟ) ਵਿਖੇ, ਸਤਿਗੁਰੂ ਰਾਮ ਸਿੰਘ ਜੀ ਦੇ ਪੁਰਾਤਨ ਸਿੱਖ, ਸੂਬਾ ਜਮੀਅਤ ਸਿੰਘ ਗਿੱਲ ਹੋਰਾਂ ਦੇ ਭੋਗ ਸਮੇਂ,

ਭੈਣੀ ਸਾਹਿਬ ਤੋਂ ਗੁਰੂ ਹਰੀ ਸਿੰਘ ਜੀ ਦੇ ਛੁਟੀ ਲੈ ਕੇ ਉੱਥੇ ਜਾਣ ਸਮੇਂ ਦੀ ਹੈ। ਬਾਬਾ ਜੀ ਦੇ ਭੋਗ ਤੋਂ ਬਾਅਦ, ਹੱਲੋਵਾਲ ਪਿੰਡ ਤੋਂ, ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਥਾਪੇ ਸੂਬਾ ਹਰੀ ਸਿੰਘ ਦੇ, ਪਿੰਡ ਮੱਲੋਕੀ ਆਉਣ ਸਮੇਂ ਦਾ ਬਚਨ ਹੈ।

"ਹੱਲੋਵਾਲੋਂ ਮਲੋਕੀ ਜਿਦਣ ਆਏ ਹਾਂ ਸੂਬੇ ਦੇ ਪਿੰਡ, ਓਦਣ ਮੱਲ ਸਿੰਘ ਠੇਠਰ ਦੀ ਤੇ ਰਪਟੀਏ ਦੀ ਲੜਾਈ ਹੋਈ ਹੈ। ਸੁਹੇਲ ਸਿੰਘ ਦਾ ਭਤਰੀਆ ਸੀ, ਯਾਰੀ ਵੀ ਸੀ। ਰਪਟੀਏ ਦੀ ਬਾਂਹ ਤੋੜ ਦਿਤੀ ਸੀ ਮੱਲਾ ਸਿੰਘ ਨੇ ਸੋਟਾ ਮਾਰ ਕੇ ਉਹ ਦੀ ਉਂਗਲ ਰਪਟੀਏ ਨੇ ਤੋੜ ਦਿਤੀ ਸੀ।"[16] ਸਤਿਗੁਰੂ ਪ੍ਰਤਾਪ ਸਿੰਘ ਉਦੋਂ ਸਾਢੇ ਕੁ ਸੱਤਾਂ ਸਾਲਾਂ ਦੇ ਸਨ, ਆਪਨੇ ਗੁਰੂ ਹਰੀ ਸਿੰਘ ਜੀ ਦੇ ਦੌਰਿਆਂ ਦੇ ਸਮੇਂ ਦੇ ਬਚਨ, ਸੰਨ ੧੯੫੫-੫੬ ਵਿਖੇ ਸਤਿਗੁਰੂ ਜਗਜੀਤ ਸਿੰਘ ਜੀ ਦੁਆਰਾ ਖਰੀਦੀ ਟੇਪ ਮਸ਼ੀਨ ਤੇ, ਰੀਕਾਰਡ ਸ੍ਰੀ ਭੈਣੀ ਸਾਹਿਬ ਵਿਖੇ ਕਰਵਾਏ ਸਨ। ਮੱਲ ਸਿੰਘ ਠੇਠਰ ਵੀ ਬੜਾ ਸੂਰਮਾ ਸਿੰਘ ਸੀ ਅਤੇ ਘੱਟ ਰਪਟੀਆ ਵੀ ਨਹੀਂ ਸੀ। ਇਉਂ ਕਦੇ ਕਦੇ ਮਝੈਲ ਤੇ ਦੁਆਬੀਏ ਸੂਰਮੇ ਭੇੜਾ ਵੀ ਕਰ ਲੈਂਦੇ। ਬਾਅਦ ਵਿਚ ਗੁਰੂ ਹਰੀ ਸਿੰਘ ਜੀ, ਸੁਲਹ ਸਫਾਈ ਕਰਵਾ ਕੇ ਫਿਰ ਦੋਹਾਂ ਨੂੰ ਕੱਠਿਆਂ ਕਰ ਦਿਆ ਕਰਦੇ ਸਨ।

ਅੱਸੂ ਦੇ ਮਹੀਨੇ ੧੯੧੪ ਈ. ਵਿਚ ਮਹਾਰਾਜ ਨਿਹਾਲ ਸਿੰਘ ਜੀ ਦਾ ਅਨੰਦ ਕਾਰਜ ਲਾਹੌਰ ਵਿਖੇ ਹੋਇਆ ਸੀ। ਇਸ ਅਨੰਦ ਕਾਰਜ ਲਈ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਭੈਣੀ ਸਾਹਿਬ ਦੀ ਜਿਹੜੀ ਸੰਗਤ ਲੈ ਕੇ ਲਾਹੌਰ ਗਏ ਸਨ ਉਸ ਵਿਚ ਭਾਈ ਸੁਹੇਲ ਸਿੰਘ ਬਿਲਗਾ ਵੀ ਸੀ।[17] ਇਉਂ ਬਿਲਗਾ ਜੀ ਦਾ ਅਨੁਮਾਨਿਤ ਜੀਵਨ ਕਾਲ ੧੮੫੦-੧੯੨੫ ਈ. ਮਾਲੂਮ ਹੁੰਦਾ ਹੈ। ਕਿਉਂਕਿ ਇਹਨਾਂ ਸਤਰਾਂ ਦੇ ਲੇਖਕ ਦੇ ਦਾਦੇ ਦਾ ਅਨੁਮਾਨਿਤ ਜਨਮ ੧੮੪੭ ਈ. ਸੀ। ਲੇਖਕ ਦਾ ਪਿਤਾ ਡੇਰਾ ਭੈਣੀ ਸਾਹਿਬ ਵਿਚ ਰਹਿਣ ਸਮੇਂ ਬਿਲਗਾ ਜੀ ਨੂੰ ਚਾਚਾ ਜੀ ਕਿਹਾ ਕਰਦਾ ਸੀ ਸੋ ਆਪ ਮੇਰੇ ਦਾਦਾ, ਸੰਤ ਜਿਊਣ ਸਿੰਘ ਝੱਬਰ ਤੋਂ, ਕੁਝ ਵਰ੍ਹੇ ਛੋਟੇ ਸਨ। ਬਾਪੂ ਜੀ ਦੀਆਂ ਯਾਦਾਂ ਤੇ ਆਧਾਰਿਤ ਪ੍ਰਕਾਸ਼ਿਤ ਕਿਤਾਬ ਵਿਚ ਵੀ ਬਿਲਗਾ ਪਰਿਵਾਰ ਬਾਰੇ ਮਹੱਤਵਪੂਰਨ ਜਾਣਕਾਰੀ ਦਰਜ਼ ਹੈ-"ਦੁਆਬੇ ਦੇ ਪਿੰਡ ਬਿਲਗੇ ਦੇ ਤਿੰਨ ਸਕੇ ਭਰਾਵਾਂ ਵੀ ਗੁਰੂ ਹਰੀ ਸਿੰਘ ਜੀ ਦੇ ਸਮੇਂ ਡੇਰੇ ਦੀ ਸੇਵਾ ਕੀਤੀ। ਅਰਬੇਲ ਸਿੰਘ ਬਿਲਗਾ (ਲੰਗਰ ਵਿਚ), ਸੁਹੇਲ ਸਿੰਘ ਇਹ ਘੋੜਿਆਂ ਦਾ ਦਰੋਗਾ ਸੀ ਅਤੇ ਪਾਠੀ ਵੀ ਅੱਵਲ ਦਰਜੇ ਦਾ ਸੀ। ਕਨ੍ਹਈਆ ਸਿੰਘ ਬਿਲਗਾ, ਇਹ ਦੀਵਾਨ ਲਾਇਆ ਕਰਦਾ ਸੀ। ਅਰਬੇਲ ਸਿੰਘ ਦਾ ਮੁੰਡਾ ਸੀ, ਬਿਸ਼ਨ ਸਿੰਘ ਰਪਟੀਆ। (ਭੈਣੀ ਸਾਹਿਬ ਦੇ ਲਾਗੇ ਚਾਰੇ ਦਰਸ਼ਨਾਂ ਨੂੰ ਆਏ ਸਿੰਘ ਕਿਤੇ ਬੈਠੇ ਹੋਣ), ਮਾਤਾ ਜਿਊਣ ਕੌਰ ਜੀ ਪਰਸ਼ਾ ਦੇ ਪਕਾ ਕੇ ਉਹਦੇ ਸਿਰ ਤੇ ਰੱਖ ਦੇਣ, ਤਾਂ ਰਪਟੀਆ ਏਨਾ ਭੱਜਦਾ ਸੀ ਕਿ ਚੌਕੀ ਵਾਲਾ ਪੁਲੀਸ ਨੂੰ ਡਾਹ ਨਹੀਂ ਦਿੰਦਾ ਸੀ। ਪਰਸ਼ਾਦੇ ਸਿੰਘਾਂ ਤਕ ਪੁਚਾ ਕੇ ਰੁਕਦਾ ਸੀ।"[16]

ਬਿਲਗਾ ਪਿੰਡ ਦਾ ਹੀ ਭਾਈ ਜੰਗ ਸਿੰਘ, ੧੯੧੨-੧੩ ਈ. ਵਿਚ ਨਹਿਰ ਵਾਲੇ ਡੇਰੇ ਤੇ ਡੇਰਾ ਭੈਣੀ ਸਾਹਿਬ ਦੇ ਮਾਲ ਪਸ਼ੂ ਚਰਾਉਣ ਦੀ ਸੇਵਾ ਵੀ ਕਰਦੇ ਰਹੇ ਸਨ।[17]

ਬਾਅਦ ਵਿਚ ਜਦੋਂ ੧੯੨੧ ਈ. ਵਿਚ ਮੁਕਤਸਰ ਦੇ ਹੋਲੇ ਸਮੇਂ, ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਪੰਥ ਦੀਆਂ ਰਾਜਸੀ, ਧਾਰਮਿਕ ਗਤੀਵਿਧੀਆਂ ਲਈ, ਨਾਮਧਾਰੀ ਦਰਬਾਰ ਦੀ ਸਥਾਪਨਾ ਕੀਤੀ ਤਾਂ ਇਹ ਭਾਈ ਜੰਗ ਸਿੰਘ ਬਿਲਗਾ ਉਸ ਦੇ ਮੈਂਬਰ ਬਣਾਏ ਗਏ ਸਨ।[18] ਇਹ ਬਿਹੰਗਮ ਸਿੰਘ ਸਨ ਅਤੇ ਇਹਨਾਂ ਦੀ ਦੇਸ਼ ਭਗਤੀ ਦੀ ਮੁਕਤ ਕੰਠ ਨਾਲ ਪਰਸੰਸਾ, ਉਹਨਾਂ ਦੇ ਗਿਰਾਈਂ ਅਤੇ ਉਹਨਾਂ ਦੇ ਕੰਮ ਅਤੇ ਸਤਿਗੁਰੂ ਰਾਮ ਸਿੰਘ ਜੀ ਦੇ ਕੂਕਾ ਅੰਦੋਲਨ ਤੋਂ ਹੋਰ ਗ਼ਦਰੀ ਆਗੂਆਂ ਜਿਉਂ ਹੀ ਪ੍ਰਭਾਵਿਤ, ਬਾਬਾ ਭਗਤ ਸਿੰਘ ਬਿਲਗਾ, ਆਪਣੀਆਂ ਰਚਨਾਵਾਂ ਵਿਚ ਕਰਦੇ ਰਹਿੰਦੇ ਸਨ।

"ਮੈਨੂੰ ਯਾਦ ਹੈ ਕਿ ਮੇਰੇ ਪਿੰਡ ਬਿਲਗੇ, ਜੰਗ ਸਿੰਘ "ਮੌਲਾ" ਨਾਮੀ ਕੂਕਾ ਹੁੰਦਾ ਸੀ। ਸ਼ਾਦੀ ਨਹੀਂ ਕਰਾਈ। ਇਕ ਗਊ ਰੱਖਦਾ ਖ਼ੁਦ ਉਸਦੀ ਸੇਵਾ ਕਰਦਾ ਤੇ ਗਊ ਦਾ ਪਵਿੱਤਰ ਦੁੱਧ-ਘੀ ਇਸਤੇਮਾਲ ਕਰਦਾ। ੧੯੩੬ ਵਿਚ ਜਦ ਸਭ ਪੰਜਾਬ ਦੀਆਂ ਪੁਲੀਟੀਕਲ ਪਾਰਟੀਆਂ ਕਾਂਗਰਸ ਵਿਚ ਸ਼ਾਮਲ ਹੋ ਗਈਆਂ ਤਾਂ ਪਹਿਲਾ ਸਵਾਲ ਸਾਹਮਣੇ ਆਇਆ ਕਿ ਕਾਂਗਰਸ ਨੂੰ ਪਿੰਡਾਂ ਤੱਕ ਲਿਜਾਇਆ ਜਾਵੇ। ਸਿਆਸੀ ਵਰਕਰਾਂ ਦੀ ਮਾਲੀ ਹਾਲਤ ਖ਼ਸਤਾ ਸੀ। ਜੰਗਾ ਸਿੰਘ ਜੀ ਨੇ ਬਿਲਗੇ ਦੇ ਵਰਕਰਾਂ ਨੂੰ ਐਲਾਨ ਕਰ ਦਿੱਤਾ ਸੀ ਕਿ ਮੈਨੂੰ ਦੋ ਦਿਨ ਪਹਿਲਾਂ ਦੱਸ ਦਿਆ ਕਰੋ, ਮੈਂ ਕਾਂਗਰਸ ਦੀ ਭਰਤੀ ਲਈ ਤੁਹਾਡੇ ਨਾਲ ਜਾਇਆ ਕਰਾਂਗਾ ਤੇ ਕਦੇ ਵੀ ਭੁੱਖਿਆਂ ਨਹੀਂ ਰਹਿਣ ਦਿਆਂਗਾ। ਇਨਾਂ ਦੋ ਦਿਨਾਂ ਵਿਚ ਉਸਨੇ ਖੱਦਰ ਦੀ ਆਪਣੀ ਕੂਕੀ ਵਰਦੀ ਧੋ-ਧੋ ਚਿੱਟੇ ਦੁੱਧ ਵਰਗੀ, ਕਰ ਲੈਣੀ ਤੇ ਸਰਬ ਲੋਹ ਦਾ ਗੜਵਾ ਮਾਂਜ-ਮਾਂਜ ਕੇ ਸੂਰਜ ਵਾਂਗ ਲਿਸ਼ਕਾ ਲੈਣਾ। ਗਊ ਦੇ ਪੱਠੇ ਦੱਥੇ ਦਾ ਇੰਤਜ਼ਾਮ ਕਰ ਜੰਗਾ ਸਿੰਘ ਕੂਕਿਆਂ ਦੇ ਫ਼ੌਜੀ ਅਫਸਰਾਂ ਵਾਂਗ, ਅੱਗੇ ਅੱਗੇ ਛਾਲਾਂ ਮਾਰਦੇ ਪੈਲਾਂ ਪਾਉਂਦੇ ਤੁਰਨਾ। ਇਕ ਪਿੰਡੋਂ ਦੂਜੇ ਪਿੰਡ ਪ੍ਰਚਾਰ ਕਰਕੇ ਭਰਤੀ ਕਰਦਿਆਂ ਜਦ ਦੁਪਹਿਰ ਹੋ ਜਾਣੀ ਤੇ ਕਦੇ ਮੁਠੱਡਾ ਕਲਾਂ ਭਾਈ ਸ਼ੀਹਾਂ ਸਿੰਘ ਵੱਲ ਜਾਂ ਮੋਰੋਂ ਦੇ ਕੂਕਿਆਂ ਦੇ ਘਰਾਂ ਵੱਲ ਤੋਰ ਲੈਣਾ। ਕੂਕਿਆਂ ਦੀ ਮਹਿਮਾਨ ਨਵਾਜ਼ੀ ਕਮਾਲ ਦੀ ਸੀ। ਉਨ੍ਹਾਂ ਨੂੰ ਦੇਸ਼ ਭਗਤਾਂ ਦੇ ਆਉਣ ਤੇ ਚਾਅ ਚੜ੍ਹ ਜਾਣਾ। ਸ਼ੁੱਧ ਦੇਸੀ ਘਿਓ ਨਾਲ ਤਿਆਰ ਕੀਤੇ ਪ੍ਰਸ਼ਾਦੇ ਤੇ ਗਲਾਸ-ਗਲਾਸ ਗਊ ਦਾ ਦੁੱਧ ਪੀ ਕੇ ਕੌਮੀ ਵਰਕਰਾਂ ਦੇ ਥਕੇਵੇ ਲਹਿ ਜਾਣੇ।"[19]

ਕੂਕੇ ਸਿੰਘਾਂ ਨੂੰ ਸਤਿਗੁਰੂ ਰਾਮ ਸਿੰਘ ਜੀ ਦਾ ਬਸਤੀਵਾਦੀ ਰਾਜ ਦੀਆਂ ਸਫਾਂ ਵਲ੍ਹੇਟਣ ਲਈ, "ਘਰ ਘਰ ਰਾਮ ਸਿੰਘ ਕਰਨ ਵਾਲਾ" ਸੁਪਨਾ, ਸਾਕਾਰ ਹੁੰਦਾ ਦਿਸਦਾ ਸੀ, ਤਦੇ ਹੀ ਉਹ ਕੌਮੀ ਅੰਦੋਲਨ ਲਈ ਕੰਮ ਕਰਕੇ, ਖ਼ੁਸ਼ੀ ਮਹਿਸੂਸ ਕਰਦੇ ਸਨ। ੧੯੪੭ ਤੋਂ ਪਹਿਲਾਂ ਦੇ ਆਜ਼ਾਦੀ ਘੋਲ ਵਿਚ ਭਾਗ ਲੈਣ ਵਾਲਿਆਂ ਲਈ, ਆਪਣੇ ਘਰਾਂ ਦੇ ਹਮੇਸ਼ਾਂ ਬੂਹੇ ਖੋਹਲਣ ਅਤੇ ਉਹਨਾਂ ਦੀ ਅੱਖੀਂ ਵੇਖੀ ਤੇ ਆਪ ਮਾਣੀ ਪ੍ਰਾਹੁਣਾਚਾਰੀ ਦਾ ਦਿਲ ਦੀਆਂ ਗਹਿਰਾਈਆਂ ਵਿਚੋਂ ਵਰਣਨ ਕਰਨ ਵਾਲੇ, ਸਾਡੇ ਕੌਮੀ ਮੁਕਤੀ ਅੰਦੋਲਨ ਦੇ ਦੋਮਹਾਨ ਯੋਧਿਆਂ, ਕਾਮਰੇਡ ਜਗਜੀਤ ਸਿੰਘ ਅਨੰਦ ਹੋਰਾਂ ਦੀ ਅਨੇਕ ਥਾਵਾਂ ਤੇ ਛਪੀ ਇਤਿਹਾਸਕ ਲਿਖਤ ਤੋਂ ਬਾਅਦ, ਬਾਬਾ ਭਗਤ ਸਿੰਘ ਬਿਲਗਾ ਹੋਰਾਂ

ਦੀ ਸਦਾ ਸੱਜਰੀ ਲਿਖਤ, ਹਮੇਸ਼ਾਂ ਸ਼ਾਹਦੀ ਭਰਦੀਆਂ ਰਹਿਣਗੀਆਂ। ਇਸ ਪੀੜ੍ਹੀ ਦੇ ਕੂਕਿਆਂ ਦੇ ਹੋਠਾਂ ਤੇ ਲੋਕ ਗੀਤ ਦੇ ਇਹ ਬੋਲ, ਹਮੇਸ਼ਾਂ ਗੂੰਜਦੇ ਰਹਿੰਦੇ ਸਨ—

"ਅਸਾਂ ਹਿੰਦ ਵਿਚ ਗ਼ਦਰ ਮਚਾਉਣਾ/ਕੱਢਣਾ ਫਰੰਗੀਆਂ ਨੂੰ"

ਇਸੇ ਲਈ "ਸਤਿਗੁਰੂ ਰਾਮ ਸਿੰਘ ਅਤੇ ਉਨ੍ਹਾਂ ਦੀ ਨਾਮਧਾਰੀ ਲਹਿਰ" ਵਾਲੇ ਆਪਣੇ ਬਹੁਤ ਮਹੱਤਵਪੂਰਨ ਲੇਖ ਦਾ ਬਾਬਾ ਬਿਲਗਾ ਸਮਾਪਨ, ਇਹਨਾਂ ਸ਼ਬਦਾਂ ਨਾਲ ਕਰਦੇ ਹਨ—"ਮੁਲਕ ਦੀ ਆਜ਼ਾਦੀ ਤੇ ਦੇਸ਼ ਭਗਤੀ ਕੂਕਿਆਂ ਦੇ ਖ਼ੂਨ ਵਿਚ ਰਚੀ ਹੋਈ ਸੀ। ਸ਼ਹੀਦ ਭਗਤ ਸਿੰਘ ਨੇ ਕਿਰਤੀ ਰਸਾਲੇ ਵਿਚ, ਜਦ ਆਪ ਉਹ ਕਿਰਤੀ ਰਸਾਲੇ ਦੇ ਸਬ ਐਡੀਟਰ ਸਨ, ਕੂਕਾ ਲਹਿਰ ਦੀ ਮੁਲਕ ਨੂੰ ਦੇਣ ਬਾਰੇ ਮਜ਼ਮੂਨ ਲਿਖੇ। ਅੱਜ ਵੀ ਭਾਰਤ ਤੇ ਪਾਕਿਸਤਾਨ ਦੇ ਤਾਰੀਖ਼ਦਾਨ (ਇਤਿਹਾਸਕਾਰ) ਕੂਕਾ ਲਹਿਰ ਦਾ ਜ਼ਿਕਰ ਮਾਣ ਨਾਲ ਕਰਦੇ ਹਨ।"[20]

ਭਾਈ ਸੁਹੇਲ ਸਿੰਘ ਬਿਲਗਾ ਦੀ ਵੱਡੀ ਕੀਰਤੀ ਨੂੰ ਚੇਤੇ ਕਰਦਿਆਂ, ਉਸ ਮਜ਼ਬੂਤ ਇਰਾਦੇ ਤੇ ਦਲੇਰ ਫੈਸਲੇ ਲੈ ਕੇ ਜੂਝਣ ਵਾਲੇ, ਸੂਰਮੇ ਸਿੰਘ ਦੇ, ਗੁਰਮਤਿ ਗਿਆਨ, ਰਾਗ ਵਿੱਦਿਆ ਦੀ ਸੋਝੀ ਜਹੀਆਂ ਕੋਮਲ ਕਲਾਵਾਂ ਦਾ ਧਾਰਨੀ ਹੋਣਾ ਅਤੇ ਅਸ਼ਵ ਪਾਲਣ, ਸੰਭਾਲਣ, ਸਿਧਾਉਣ ਅਤੇ ਰੋਗ ਮੁਕਤ ਕਰਨ ਹਿੱਤ, ਉਸ ਦੀਆਂ ਤਕਨੀਕੀ ਜਾਣਕਾਰੀਆਂ, ਬਹੁਪੱਖੀ ਸ਼ਖ਼ਸ਼ੀਅਤ ਦਾ ਸੁਆਮੀ ਹੋਣ ਬਾਅਦ, ਇਕ ਨਿਰਮਾਣ ਸਿੱਖ ਜਿਉਂ ਗੁਰੂ ਹਰੀ ਸਿੰਘ ਜੀ ਦੇ ਹਰ ਹੁਕਮ ਤੇ ਫੁੱਲ ਚੜ੍ਹਾਉਣ ਲਈ ਤਿਆਰ ਰਹਿਣਾ, ਉਸਨੂੰ ਕੂਕਾ ਲਹਿਰ ਦਾ ਅਮਰ ਨਾਇਕ ਬਨਾਉਣ ਵਾਲੇ, ਸਾਰੇ ਹੀ ਦਿਲ ਦਿਮਾਗ ਦੇ ਗੁਣਾਂ ਨਾਲ, ਮਾਲਾ ਮਾਲ ਕਰਨ ਵਾਲਾ ਅਮੁੱਲਾ ਖਜ਼ਾਨਾ ਪ੍ਰਦਾਨ ਕਰਦੇ ਹਨ। ਭਾਈ ਸੁਹੇਲ ਸਿੰਘ ਬਿਲਗਾ, ਉਸਦੇ ਪਰਿਵਾਰ ਅਤੇ ਪਿੰਡ ਬਿਲਗਾ ਦੇ ਹੋਰ ਕੂਕਿਆਂ ਦੇ ਨਾਲ ਨਾਲ, ਇਸ ਆਲੇਖ ਦੁਆਰਾ, ਇਸ ਮਹਾਨ ਨਗਰੀ ਦੇ ਸਮੂਹ ਲੋਕ ਹਿੱਤਾਂ ਲਈ ਜੂਝਣ ਵਾਲਿਆਂ ਸੂਰਮਿਆਂ ਨੂੰ ਨਤਮਸਤਕ ਹੋਣਾ ਲਾਹੇਵੰਦਾ ਕਾਰਜ ਹੋ ਨਿਬੜਿਆ ਹੈ।

## ਹਵਾਲੇ ਅਤੇ ਟਿੱਪਣੀਆਂ


1. ਇਤਿਹਾਸਕ ਪਿੰਡ ਬਿਲਗਾ-ਭਗਤ ਸਿੰਘ ਬਿਲਗਾ ਸੰ. ਪ੍ਰੋ. ਗੋਪਾਲ ਸਿੰਘ ਬੁੱਟਰ-ਬਾਬਾ ਬਿਲਗਾ ਯਾਦਗਾਰੀ ਕਮੇਟੀ ਬਿਲਗਾ, ਜਲੰਧਰ, ੨੦੧੦, ਸਫਾ ੧੮-੧੯
2. ਕੂਕਾਜ਼ ਆਫ ਨੋਟ ਇਨ ਦਾ ਪੰਜਾਬ-੧੮੮੦ ਸੰ. ਜਸਵਿੰਦਰ ਸਿੰਘ, ੧੯੮੫, ਨਾਮਧਾਰੀ ਦਰਬਾਰ ਭੈਣੀ ਸਾਹਿਬ ਸਫਾ ੮੪-੮੫
3. ਸਤਿਗੁਰੂ ਬਿਲਾਸ (ਭਾਗ ਪਹਿਲਾ), ਸੰਤ ਸੰਤੋਖ ਸਿੰਘ ਬਾਹੋਵਾਲ, (ਸੰ. ਜਸਵਿੰਦਰ ਸਿੰਘ), ੨੦੦੨, ਸ੍ਰੀ ਭੈਣੀ ਸਾਹਿਬ, ਸਫਾ ੧੦੩
4. ਇਤਿਹਾਸਿਕ ਪਿੰਡ ਬਿਲਗਾ, ਸਫਾ ੪੬
5. ਅੱਖੀਂ ਡਿਠਾ ਕਿਸਾ ਕੀਤਾ, (ਜਥੇਦਾਰ ਗੁਰਮੁਖ ਸਿੰਘ ਝੱਬਰ ਦੀਆਂ ਯਾਦਾਂ

ਦੇ ਝਰੋਖੇ 'ਚੋਂ), ਸੰ. ਸੁਵਰਨ ਸਿੰਘ ਵਿਰਕ, ੨੦੧੩, ਨਾਮਧਾਰੀ ਦਰਬਾਰ ਸ੍ਰੀ ਭੈ. ਸਾ. ਸਫਾ ੬੨
6. ਸਤਿਗੁਰੂ ਬਿਲਾਸ ਭਾਗ ਦੂਜਾ-ਸੰਤ ਬਾਹੋਵਾਲ, (ਸੰ. ਜਸਵਿੰਦਰ ਸਿੰਘ, ੨੦੦੫, ਸ੍ਰੀ ਭੈ. ਸ., ਸਫਾ ੨੨੨)
7. ਉਹੀ, ਸਫਾ ੨੫੨-੫੩
8. ਉਹੀ, ਸਫਾ ੨੮੪
9. ਉਹੀ, ਸਫਾ ੨੯੨
10. ਉਹੀ, ਸਫਾ ੩੫੫
11. ਉਹੀ, ਸਫਾ ੩੯੧
12. ਉਹੀ, ਸਫਾ ੩੯੧
13. ਲਾਲ ਏਹਿ ਰਤਨ-੩, (ਉਪਦੇਸ਼ ਸਤਿਗੁਰੂ ਪ੍ਰਤਾਪ ਸਿੰਘ)-ਸੰ. ਪ੍ਰਿੰ. ਬੇਅੰਤ ਕੌਰ, ੨੦੦੨, ਨਾਮਧਾਰੀ ਸੀਡਜ਼ ਪ੍ਰਾਈਵੇਟ ਲਿਮਿਟੇਡ ਬੰਗਲੌਰ, ਸਫਾ ੨੩੧-੩੩
14. ਸਤਿਗੁਰੂ ਬਿਲਾਸ, ਭਾਗ ਦੂਜਾ, ਸਫਾ ੨੨੨
15. ਉਹੀ, ਸਫਾ ੮੬-੮੭
16. ਅੱਖੀਂ ਡਿੱਠਾ ਕਿੱਸਾ ਕੀਤਾ, ਸਫਾ ੨੪੪-੪੫
17. ਉਹੀ, ਸਫਾ ੯੬
18. ਜੱਸ ਜੀਵਨ ਭਾਗ ਪਹਿਲਾ, ਸੰਤ ਤਰਨ ਸਿੰਘ ਵਹਿਮੀ, ੧੯੭੧ ਈ. ਸਾਧੂ ਸਿੰਘ ਕਿਸਾਨ, ਬੁੱਢੀ ਮਾੜੀ (ਸਿਰਸਾ), ਸਫਾ ੨੮੮
19. ਮੇਰੇ ਸੰਗਰਾਮੀ ਸਾਥੀ-ਭਗਤ ਸਿੰਘ ਬਿਲਗਾ ਸੰ. ਗੋਪਾਲ ਸਿੰਘ ਬੁੱਟਰ, ੨੦੧੨, ਚੇਤਨਾ ਪ੍ਰਕਾਸ਼ਨ ਲੁਧਿਆਣਾ, ਸਫਾ ੫੦-੫੧
20. ਉਹੀ, ਸਫਾ ੨੧

## 'ਗੁਰੂ ਦੀਆਂ ਕਾਰਾਂ' ਅਤੇ ਫ਼ੱਕਰਾਂ ਦੇ ਹੋਲੇ ਵਾਲੇ
## ਸੰਤਾ ਸੰਮਾ ਸਿੰਘ ਮਾਂਗਾ

ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ਼ ਗਮਨ ਕਰਨ ਬਾਅਦ ਨਾਮਧਾਰੀ ਪੰਥ ਤੇ ਸੰਕਟ ਦੇ ਬੱਦਲ ਛਾਏ ਰਹੇ। ਇਸ ਸਮੇਂ ਸਤਿਗੁਰੂ ਸੀ ਨੇ ਰੰਗੂਨ ਤੋਂ ਭਾਈ ਦਰਬਾਰਾ ਸਿੰਘ ਰਾਇਪੁਰੀਏ ਦੇ ਨਾਮ ਭੇਜੇ ਹੁਕਮਨਾਮੇ ਵਿਚ, ਸ੍ਰੀ ਗੁਰੂ ਹਰੀ ਸਿੰਘ ਜੀ ਜਿਹਨਾਂ ਦਾ ਪਹਿਲਾ ਨਾਮ ਬੁੱਧ ਸਿੰਘ ਸੀ, ਉਹਨਾਂ ਨੂੰ "ਸਿਰ ਕਰਤਾ ਜਾਨਣ ਦਾ" ਹੁਕਮ ਦਿਤਾ ਸੀ। ਇਸ ਤੋਂ ਪਹਿਲਾਂ ਅਲਾਹਬਾਦ ਕਿਲੇ ਵਿਚ ਰਹਿੰਦਿਆਂ ਆਪਣੇ ਘਰ-ਡੇਰੇ, ਸ੍ਰੀ ਭੈਣੀ ਸਾਹਿਬ ਦੀਆਂ ਕੁੰਜੀਆਂ ਸੰਭਾਲਣ ਲਈ ਵੀ ਛੋਟੇ ਭਾਈ ਬੁੱਧ ਸਿੰਘ ਨੂੰ ਅਧਿਕਾਰ ਦਿਤੇ ਸਨ। ਭੈਣੀ ਸਾਹਿਬ ਗੁਰ ਧਾਮ ਦੇ ਬੂਹੇ ਅੱਗੇ 51 ਵਰ੍ਹੇ ਤੋਂ ਵੱਧ ਸਮਾਂ ਪੁਲੀਸ ਚੌਂਕੀ ਬੈਠੀ ਰਹੀ। ਸ਼ੁਰੂ ਵਿਚ ਅੱਠਾਂ ਪਹਿਰਾਂ ਵਿਚ ਪੰਜ ਅਤੇ ਕੁਝ ਵਰ੍ਹੇ ਬਾਅਦ, ਦਸ ਸਿੱਖ ਹੀ ਦਰਸ਼ਨ ਕਰ ਸਕਦੇ ਸਨ। ਕੂਕਾ ਕੇਂਦਰ ਸ੍ਰੀ ਭੈਣੀ ਸਾਹਿਬ ਅਤੇ ਨਾਮਧਾਰੀ ਸੰਗਤਾਂ ਵਿਚਾਲੇ ਰਾਬਤਾ ਰੱਖਣਾ, ਪੰਝੀ ਕੁ ਸਾਲ ਬੜਾ ਔਖਾ ਕੰਮ ਰਿਹਾ। ਇਸ ਸਮੇਂ ਦੌਰਾਨ ਵੱਖ ਵੱਖ ਖਿਤਿਆਂ ਵਿਚ ਕੁੱਝ ਐਸੇ ਕਰਨੀ ਵਾਲੇ, ਨਾਮਧਾਰੀ ਸਾਧੂ ਹੋਏ ਜਿਹਨਾਂ ਨੇ ਆਪਣੇ ਉੱਚੇ ਸੁੱਚੇ ਜੀਵਨ, ਨਾਮ ਬਾਣੀ ਵਿਚ ਰੰਗੇ ਰਹਿਣ ਕਾਰਨ, ਇਲਾਕੇ ਦੀਆਂ ਸੰਗਤਾਂ ਨੂੰ, ਸਤਿਗੁਰੂ ਰਾਮ ਸਿੰਘ ਜੀ ਦੇ ਨਾਮ ਅਤੇ ਮਿਸ਼ਨ ਨਾਲ ਜੋੜੀ ਰੱਖਣ ਦਾ ਵੱਡਾ ਕਾਰਜ ਕੀਤਾ। ਤਦੋਕੀ ਨਾਮਧਾਰੀ ਸੰਗਤ ਇਹ ਵਿਸ਼ਵਾਸ ਕਰਦੀ ਸੀ ਕਿ ਸਤਿਗੁਰੂ ਰਾਮ ਸਿੰਘ ਜੀ ਆਪਣੇ ਕਿਸੇ ਵੀ ਸਿੱਖ ਤੋਂ ਇਹ ਕਾਰਜ ਕਰਾਉਣ ਜਾਂ ਕਾਰ ਲੈਣ ਦੇ ਸਮਰੱਥ ਹਨ। ਉਹਨਾਂ ਪਹੁੰਚੇ ਸਾਧੂਆਂ ਬਾਰੇ ਆਮ ਕੂਕੇ ਕਹਿੰਦੇ ਸਨ ਕਿ ਇਸ ਸਮੇਂ ਇਹਨਾਂ ਵਿਚ 'ਗੁਰੂ ਕੀ ਕਾਰ' ਆਈ ਹੋਈ ਹੈ।

ਸੰਤਾ ਗੰਡਾ ਸਿੰਘ, ਜਿਹਨਾਂ ਦਾ ਡੇਰਾ ਇੱਬਣ ਪਿੰਡ ਜਿਲ੍ਹਾ ਅੰਮ੍ਰਿਤਸਰ ਵਿਚ ਸੀ, ਮਾਝੇ ਵਿਚ, ਪਹਿਲੋਂ ਪਹਿਲ 'ਗੁਰੂ ਕੀ ਕਾਰ' ਉਹਨਾਂ ਵਿਚ ਆਉਣ ਦੀ ਚਰਚਾ ਸੀ। ਬਾਬਾ ਜੀ ਦਾ ਜਨਮ ਪਿੰਡ ਰਟੌਲ (ਅੰਮ੍ਰਿਤਸਰ) ਦਾ ਸੀ। ਆਪ ਨੇ ਭਜਨ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਤੋਂ ਪੁੱਛਿਆ ਸੀ। ਆਪ ਦੇ ਨਾਮ ਦਾਨ ਲੈਣ ਤੋਂ ਕੁਝ ਸਮੇਂ ਬਾਅਦ ਹੀ ਪ੍ਰਦੇਸ ਗਮਨ ਸਾਕਾ ਵਾਪਰ ਗਿਆ। ਬਾਬਾ ਜੀ ਦੇ ਦੀਵਾਨ ਵਿਚ ਬੈਠਿਆਂ ਇਕ ਦਿਨ ਆਵਾਜ਼ਾ ਹੋਇਆ ਕਿ 12 ਵਰ੍ਹੇ ਮੈਂ ਇੱਬਣ ਰਹਾਂਗਾ। ਸਰੋਤੇ ਸਿੱਖਾਂ ਦਾ ਵਿਚਾਰ ਸੀ ਕਿ ਹੁਕਮ ਸਤਿਗੁਰੂ ਰਾਮ ਸਿੰਘ ਜੀ ਦਾ ਬਾਬਾ ਗੰਡਾ ਸਿੰਘ ਦੀ ਦੇਹ ਦੁਆਰਾ ਵਾਪਰ ਰਿਹਾ ਹੈ। ਯਾਦ ਰਹੇ ਕਿ ਬਾਬਾ ਜਮੀਅਤ ਸਿਘ ਕਾਹਨਾ ਵੀ ਆਪਣੇ ਪਾਸ ਆਉਣ ਵਾਲੇ ਜਗਿਆਸੂਆਂ ਨੂੰ ਇਸ ਸਮੇਂ, ਗੰਡਾ ਸਿੰਘ ਜੀ ਪਾਸ ਇੱਬਣ ਜਾਣ ਲਈ ਕਿਹਾ ਕਰਦੇ ਸਨ। ਆਮ ਸਾਧ ਸੰਗਤ ਇਹਨਾਂ ਇਸ਼ਾਰਿਆਂ ਤੋਂ ਪ੍ਰੇਰਿਤ ਹੋਕੇ

ਬਾਬਾ ਗੰਡਾ ਸਿੰਘ ਪਾਸ ਪੁੱਜਣੀ ਸ਼ੁਰੂ ਹੋ ਗਈ। ਇਸ ਸਮੇਂ ਆਪ ਜੀ ਦੇ ਜੀਵਨ ਨਾਲ ਬਹੁਤ ਸਾਰੀਆਂ ਅਲੌਕਿਕ ਘਟਨਾਵਾਂ, ਸਾਖੀਆਂ ਜੁੜ ਗਈਆਂ, ਜਿਸ ਕਾਰਨ ਆਪ ਦੀ ਮਾਨਤਾ ਚੋਖੀ ਵਧ ਗਈ। ਜਿਹਾ ਕਿ ਉਹ ਕਿਸੇ ਦੇ ਛਿਪ ਕੇ ਕੀਤੇ ਮੰਦੇ ਕਰਮ ਪ੍ਰਗਟ ਕਰ ਸਕਦੇ ਸਨ। ਕਿਸੇ ਦੀ ਮਨਾਉਤ ਦੀ ਰਕਮ ਬਾਰੇ ਦੱਸ ਸਕਦੇ ਸਨ। ਆਪ ਪਾਸ ਕਾਫੀ ਸੰਗਤ ਇਕੱਠੀ ਹੋ ਗਈ ਸੀ। ਕੁਝ ਸਿੱਖਾਂ ਨੇ ਮੇਲਾ ਕਰਾਉਣ ਦੀ ਗਰਜ਼ ਨਾਲ ਇਕ ਖੱਤਰੀ ਦੀ ਦੁਕਾਨ ਵਿਚੋਂ 500 ਰੁਪੈ ਚੁਰਾ ਲਏ। ਰਾਤ ਦੇ ਦੀਵਾਨ ਵਿਚ ਬਾਬਾ ਜੀ ਨੇ ਉਹਨਾਂ ਸਿੱਖਾਂ ਨੂੰ ਖੜ੍ਹੇ ਕਰ ਲਿਆ। ਉਹ ਮੁੱਕਰ ਗਏ। "ਬਾਬਾ ਜੀ ਕਿਹਾ—ਤੁਸੀਂ ਗੰਡਾ ਸਿੰਘ ਕੋਲੋਂ ਤਾਂ ਮੁੱਕਰ ਸਕਦੇ ਹੋ, ਪਰ ਜੋ ਸਰਬ ਵਿਆਪਕ ਸਤਿਗੁਰੂ ਰਾਮ ਸਿੰਘ ਹੈ ਉਸ ਨੂੰ ਤਾਂ ਤੁਹਾਡੀ ਹਰੇਕ ਹਰਕਤ ਦਾ ਪਤਾ ਹੈ-ਉਸ ਪਾਸੋਂ ਕਿਵੇਂ ਮੁੱਕਰੋਗੇ ?" ਸਿੱਖਾਂ ਨੇ ਗਲਤੀ ਮੰਨ ਕੇ ਖੱਤਰੀ ਦੀ ਰਕਮ ਮੋੜ ਦਿਤੀ।[1]

ਸਿੱਖੀ ਦਾ ਰਸਤਾ ਸਮਤਾ ਮੂਲਕ ਮੰਜ਼ਿਲ ਵੱਲ ਵਧਦਾ ਹੈ। ਧਨ ਪਦਾਰਥ ਦਾ ਮਾਣ, ਅਭਿਮਾਨ ਪੈਦਾ ਕਰਦਾ ਹੈ। ਬਹੁਤੇ ਸਨੇਹੀ-ਸੱਜਣ ਹੋਣ ਦਾ ਮਾਣ ਵੀ ਮਨੁੱਖ ਨੂੰ ਹੰਕਾਰੀ ਬਣਾਉਂਦਾ ਹੈ। ਉਹ ਆਪਣਿਆਂ ਲਈ ਉਚੇਚ ਅਤੇ ਬੇਗਾਨਿਆਂ ਨਾਲ ਵਿਤਕਰਾ ਕਰਦਾ ਹੈ। ਖ਼ੁਦਪੁਰ (ਲਾਹੌਰ) ਦੇ ਕਈ ਸਿੰਘ ਸਮੇਤ ਪਰਿਵਾਰ ਬਾਬਾ ਜੀ ਪਾਸ ਇੱਬਣ ਰਹਿੰਦੇ ਸਨ। ਇਹਨਾਂ ਵਿਚੋਂ ਇਕ ਭਾਈ ਜਵਾਹਰ ਸਿੰਘ ਵੀ ਸਨ। ਉਹਨਾਂ ਨੇ ਆਪਣੇ ਪਿੰਡ ਖੁਦਪੁਰ ਵਿਖੇ ਸੰਗਤ ਦਾ ਇਕ ਲੰਗਰ ਕੀਤਾ। ਆਮ ਸੰਗਤ ਨੂੰ ਦਾਲ ਪਰਸ਼ਾਦਾ ਵਰਤਿਆ। ਭਾਈ ਜਵਾਹਰ ਸਿੰਘ ਦੀ ਮਾਤਾ ਨੇ ਆਪਣੇ ਕੁੜਮਾਂ ਤੋਂ ਆਏ ਨਾਈ ਨੂੰ ਬੋੜਵਾਂ (ਖੰਡ ਘਿਉ ਰਲਾ ਕੇ) ਦਿਤਾ। ਜਦੋਂ ਜਵਾਹਰ ਸਿੰਘ ਸੰਤਾਂ ਪਾਸ ਵਾਪਸ ਇੱਬਣ ਪੁੱਜਿਆ ਤਾਂ ਸੰਤ ਜੀ ਨੇ ਕਿਹਾ—'ਜਵਾਹਰ ਸਿੰਘ ਤੂੰ ਦੋ ਲੰਗਰ ਕਿਉਂ ਕੀਤੇ ਹਨ ?' ਜਵਾਹਰ ਸਿੰਘ ਨੂੰ ਮਾਤਾ ਵੱਲੋਂ ਬੋੜਵਾਂ ਦੇਣ ਦਾ ਪਤਾ ਨਹੀਂ ਸੀ। ਉਹ ਮੰਨਿਆ ਨਾ। ਸੰਤਾਂ ਦੇ ਕਹਿਣ ਤੇ ਜਦੋਂ ਉਸ ਸਿੱਖ ਭੇਜਕੇ ਪਤਾ ਕਰਵਾਇਆ ਤਾਂ ਸੰਤਾਂ ਦੇ ਲਾਏ ਵਿਤਕਰੇ ਵਾਲੇ ਦੋਸ਼ ਦੀ ਪੁਸ਼ਟੀ ਹੋਈ। ਅੱਗੇ ਤੋਂ ਸਿੱਖ ਨੇ ਅਜਿਹਾ ਵਿਤਕਰਾ ਕਰਨ ਤੋਂ ਤੋਬਾ ਕੀਤਾ।[2]

ਉਹਨਾਂ ਦਿਨਾਂ ਵਿਚ ਮਾਝੇ ਵਿਚ ਭਾਈ ਫੇਰੂ ਤੇ ਮਾਣਕ ਵਾਲੇ ਡੇਰੇ ਦੇ ਮਹੰਤ ਕਰਾਮਾਤੀ ਦੇ ਤੌਰ ਤੇ ਪ੍ਰਸਿੱਧ ਸਨ। ਭਾਈ ਚਤਰ ਸਿੰਘ ਰਾਮ ਕੇ ਖੂਹ (ਲਾਹੌਰ) ਨੇ ਨਾਮਧਾਰੀ ਸਜਣ ਤੋਂ ਬਾਅਦ ਮਾਣਕ ਦੇ ਮਹੰਤਾਂ ਦੇ ਚੇਲਿਆਂ ਦੇ, ਪੱਠੇ ਲੈਣ ਆਏ ਗੱਡੇ ਨੂੰ ਖਾਲੀ ਮੋੜ ਦਿਤਾ। ਮਹੰਤ ਨੇ ਕਿਹਾ ਕਿ ਜੇ ਸਾਨੂੰ ਪੱਠੇ ਨਹੀਂ ਦਿਓਗੇ ਤਾਂ ਦੁੱਧ ਤੁਸੀਂ ਵੀ ਨਹੀਂ ਚੋਵੋਂਗੇ। ਚਤਰ ਸਿੰਘ ਦੀਆਂ ਪੰਜ ਮੱਝਾਂ ਸੱਜਰ ਸੂਈਆਂ ਸਨ। ਸ਼ਾਮ ਨੂੰ ਮੱਝਾਂ ਨੇ ਜਾਅ ਨਾਂ ਝੱਲੇ। ਭਾਈ ਚਤਰ ਸਿੰਘ ਪਸ਼ੂਆਂ ਸਮੇਤ ਤੀਜੇ ਦਿਨ ਇੱਬਣ ਪੁੱਜ ਗਿਆ। ਹੁਣ ਪੰਜੇ ਮੱਝਾਂ ਦੁੱਧ ਦੇ ਰਹੀਆਂ ਸਨ। ਸੰਤਾਂ ਨੇ ਕਿਹਾ ਚਤਰ ਸਿੰਘ ਘਰ ਜਾਓ ਮੱਝਾਂ ਮਿਲਦੀਆਂ ਰਹਿਣਗੀਆਂ। ਪਰ ਸਿੱਖ ਨੇ ਪ੍ਰੇਮਵੱਸ ਇੱਬਣ ਦੇ ਡੇਰੇ ਨੂੰ ਹੀ ਮੱਝਾਂ ਸਉਂਪ ਦਿਤੀਆਂ। ਇਸ ਤਰ੍ਹਾਂ ਪੁਰਾਣੀਆਂ ਮਨਾਉਤਾਂ ਟੁਟ ਕੇ ਹੀ ਨਵੀਆਂ ਲਈ ਰਾਹ

ਪੱਧਰਾ ਹੁੰਦਾ ਹੈ। ਬਾਬਾ ਗੰਡਾ ਸਿੰਘ ਜੀ ਨੂੰ ਨਾਮ ਦੀ ਦਾਤ, ਸਤਿਗੁਰੂ ਰਾਮ ਸਿੰਘ ਜੀ ਦੇ ਇਕ ਪਰਮੁੱਖ ਸੂਬੇ ਬ੍ਰਹਮਾ ਸਿੰਘ ਤੋਂ ਪ੍ਰਾਪਤ ਹੋਈ ਸੀ।[3]

ਬਾਬਾ ਗੰਡਾ ਸਿੰਘ ਜੀ ਇੱਬਣ ਦੀ ਮਹਿਮਾ ਇਸ ਸਮੇਂ ਦੂਰ ਦੂਰ ਤਕ ਫੈਲੀ ਹੋਈ ਸੀ। ਆਪ ਨੂੰ ਆਪਣੀ ਪ੍ਰਾਪਤੀ ਦੇ ਮਾਣ ਵਿਚ ਸੂਖਮ ਹੰਕਾਰ ਹੋ ਗਿਆ ਜੋ ਵਧਦਾ ਵਧਦਾ ਇਤਨਾ ਵਧ ਗਿਆ ਕਿ ਜਦੋਂ 'ਜੋਤ ਕਾ ਜਾਮਾ' ਗੁਰੂ ਹਰੀ ਸਿੰਘ ਜੀ ਆਪ ਦੀ ਸੋਅ ਸੁਣਕੇ, ਮਾਝੇ ਦੇ ਪਰਚਾਰ ਦੌਰੇ ਸਮੇਂ, ਆਪ ਪਾਸ ਇੱਬਣ ਪਿੰਡ ਵਿਚ ਪੁੱਜੇ ਤਾਂ ਅਭਿਮਾਨ ਵੱਸ ਹੋ ਕੇ, ਬਾਬਾ ਜੀ ਆਪਣੇ ਮੰਜੇ ਤੋਂ ਹੀ ਨਾ ਉੱਠੇ ਅਤੇ ਸਤਿਗੁਰੂ-ਸਤਿਕਾਰ ਤੋਂ ਵਿਰਵੇ ਰਹਿ ਗਏ। ਇਸ ਦਿਨ ਤੋਂ ਬਾਅਦ ਸੰਗਤ ਵਿਚ ਵੀ ਬਾਬਾ ਜੀ ਦਾ ਆਦਰ-ਸਤਿਕਾਰ ਖ਼ਤਮ ਹੋ ਗਿਆ। ਸ਼ਾਇਦ ਉਹਨਾਂ ਨੂੰ ਮਿਲੇ 12 ਸਾਲ ਦਾ ਸਮਾਂ ਵੀ ਪੂਰਾ ਹੋ ਗਿਆ ਸੀ। ਇਹ ਦੌਰਾ ਗੁਰੂ ਹਰੀ ਸਿੰਘ ਜੀ ਨੇ 1892 ਈ. ਵਿਚ ਦੀਪਮਾਲਾ ਅੰਮ੍ਰਿਤਸਰ ਤੇ ਜਾਣ ਲਈ ਕੀਤਾ ਸੀ। ਇਸ ਤਰ੍ਹਾਂ ਮਾਝੇ ਦੀ ਨਾਮਧਾਰੀ ਸੰਗਤ ਵਿਚ ਬਾਬਾ ਗੰਡਾ ਸਿੰਘ ਦਾ ਤੇਜ ਪ੍ਰਤਾਪ 1880 ਈ. ਤੋਂ 1892 ਈ. ਤੱਕ ਬਣਿਆ ਰਿਹਾ। ਉਹਨਾਂ ਨੇ ਭਜਨ 1870 ਈ. ਵਿਚ ਲਿਆ ਹੋਵੇਗਾ ਅਤੇ ਆਪ ਦਾ ਜਨਮ ਅੰਦਾਜ਼ਨ 1840-45 ਈ. ਵਿਚ ਹੋਵੇਗਾ। ਆਪ ਦਾ ਚਲਾਣਾ ਵੀਹਵੀਂ ਸਦੀ ਦੇ ਬਿਲਕੁਲ ਪਹਿਲੇ ਦੂਜੇ ਸਾਲਾਂ ਤੱਕ ਹੋਇਆ ਮਾਲੂਮ ਹੁੰਦਾ ਹੈ। ਹੋ ਸਕਦਾ ਹੈ ਪਿਛਲੀ ਸਦੀ ਦਾ ਆਖਰੀ ਸਾਲ ਹੋਵੇ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਬਚਪਨ ਵਿਚ ਉਹਨਾਂ ਦੇ ਦਰਸ਼ਨ ਕੀਤੇ ਸਨ। ਉਹਨਾਂ ਦੇ ਹੱਥ ਹਿੱਲਦੇ ਰਹਿੰਦੇ ਸੀ। ਪਰਸ਼ਾਦਾ ਆਪ ਨਹੀਂ ਛਕ ਸਕਦੇ ਸਨ। ਸਤਿਗੁਰੂ ਜੀ ਬਾਬਾ ਜੀ ਦੀਆਂ ਅਜ਼ਮਤਾਂ ਦੀ ਮੁਕਤ-ਕੰਠ ਨਾਲ ਪਰਸੰਸਾ ਵੀ ਕਰਦੇ ਹਨ।

ਬਾਬਾ ਗੰਡਾ ਸਿੰਘ ਜੀ ਤੋਂ ਹੀ ਵਰੋਸਾਏ ਅਤੇ ਉਹਨਾਂ ਦੀ ਅਧਿਆਤਮਕ ਸ਼ਕਤੀ ਦੇ ਅਗਲੇ ਵਾਰਿਸ, ਬਾਬਾ ਵਸਾਵਾ ਸਿੰਘ ਪਿੰਡ ਜੀਆ ਬੱਗਾ, ਬੇਸ਼ਕ ਆਪਣੇ ਸਹੁਰੇ ਪਰਿਵਾਰ ਦੀ ਮਾਰਫ਼ਤ, ਕਛਹਿਰੇ ਦੀ ਮਰਿਆਦਾ ਦੇ ਧਾਰਨੀ ਬਣੇ, ਪਰ ਅਜੇ ਨਾਮਧਾਰੀਪੁਣੇ ਵਿਚ ਕੱਚੇ ਪੱਕੇ ਹੀ ਸਨ। ਜੀਆ ਬੱਗਾ ਵੀ ਲਾਹੌਰ ਜ਼ਿਲ੍ਹੇ ਦਾ ਹੀ ਇਕ ਉੱਘਾ ਪਿੰਡ ਹੈ ਜਿੱਥੋਂ ਦੇ ਇਕ ਵਾਹੀਵਾਨ ਈਸ਼ਰ ਸਿੰਘ ਦੇ ਘਰ ਵਸਾਵਾ ਸਿੰਘ 1850 ਈ. ਦੇ ਲਾਗੇ ਚਾਗੇ ਪੈਦਾ ਹੋਏ। ਪੰਝੀ ਕੁ ਵਰ੍ਹਿਆਂ ਦੀ ਉਮਰ ਵਿਚ ਆਪ ਦਾ ਅਨੰਦ ਕਾਰਜ, ਮਾਣਕ ਡੇਰੇ ਦੇ ਮਹੰਤ ਭਾਈ ਆੜੂ ਦੀ ਵਿਚੋਲਗੀ ਕਾਰਨ, ਲੋਪੋਕੀ ਜ਼ਿਲ੍ਹਾ ਅੰਮ੍ਰਿਤਸਰ ਵਿਚ ਹੋਇਆ। ਇਹ ਘਰ ਨਾਮਧਾਰੀ ਸਿੱਖਾਂ ਦਾ ਸੀ। ਅਨੰਦ ਕਾਰਜ ਸਮੇਂ ਕਛਹਿਰਾ ਪਹਿਨ ਲਿਆ, ਘਰ ਆਕੇ ਫਿਰ ਲੁੰਗੀ ਬੰਨ੍ਹ ਲਈ ਤੇ ਕਛਹਿਰਾ ਤਿਆਗ ਦਿਤਾ। ਪਿੰਡ ਦੇ ਦੂਜੇ ਪਾਸੇ ਬੱਗੇ ਦੇ ਵਣਾਂ ਹੇਠ, ਮੰਜੀ ਡਾਹ ਕੇ ਦੁਪਹਿਰਾ ਕੱਟਣਾ ਚਾਹਿਆ। ਪ੍ਰਚਲਿਤ ਰਵਾਇਤ ਮੁਤਾਬਿਕ ਸੰਤ ਹੇਠਾਂ ਤੇ ਮੰਜੀ ਉੱਪਰ। ਜਦੋਂ ਘਰ ਆ ਕੇ ਫਿਰ ਕਛਹਿਰਾ ਪਹਿਰਿਆ ਤਾਂ ਭਾਰ ਮੁਕਤ ਹੋਏ। ਹੁਣ ਆਪ ਬਾਬਾ ਜਮੀਅਤ ਸਿੰਘ ਕਾਹਨਾ ਪਾਸ ਹਾਜ਼ਰ ਹੋਏ ਕਿ ਬੰਦ-ਖ਼ਲਾਸ ਕਰੋ। ਉਹਨਾਂ ਇੱਬਣ ਬਾਬਾ ਗੰਡਾ ਸਿੰਘ ਜੀ ਵੱਲ ਤੋਰ ਦਿਤਾ।

ਸੰਤਾਂ ਦਾ ਦਰਸ਼ਨ ਕੀਤਾ ਅਤੇ ਆਪਣੇ ਆਉਣ ਦਾ ਮਨੋਰਥ ਦੱਸਿਆ। ਸਾਧੂਆਂ ਦੀਆਂ ਰਮਜ਼ਾਂ ਸਾਧੂ ਹੀ ਜਾਣਦੇ ਹਨ। ਬਾਬਾ ਗੰਡਾ ਸਿੰਘ ਜੀ ਨੇ ਵਸਾਵਾ ਸਿੰਘ ਹੋਰਾਂ ਨੂੰ ਕਿਹਾ—"ਤੁਸੀਂ ਮਾਝੇ ਵਿਚ ਦਸ (10) ਸਾਡੇ ਚੋਰ ਹੋ।" ਵਸਾਵਾ ਸਿੰਘ ਜੀ ਨੇ ਵੀ ਉਸੇ ਭਾਸ਼ਾ ਵਿਚ ਜੁਆਬ ਦਿਤਾ—ਦਸ ਚੋਰਾਂ ਨਾਲ ਤਾਂ ਫੇਰ ਵੇਖੀ ਜਾਏਗੀ ਪਹਿਲਾਂ ਮੇਰਾ ਜਿੰਦਰਾ ਤਾਂ ਖੋਹਲੋ। ਸਵਾ ਮਣ ਪੱਕੇ ਦਾ ਜਿੰਦਰਾ ਮੈਨੂੰ ਲੱਗਾ ਹੋਇਆ ਹੈ, ਜੇ ਖੋਹਲ ਦਿਓ ਤਾਂ......।" ਸੰਤਾਂ ਨੇ ਦਸ ਘੜੀਆਂ ਰਾਤ ਗੁਜ਼ਰੀ ਬਾਦ ਜਿੰਦਰਾ ਖੋਹਲਣ ਲਈ ਕਿਹਾ।[6]

ਮਿੱਥੇ ਵਕਤ ਤੇ ਸੰਤਾਂ ਦੀ ਐਸੀ ਕ੍ਰਿਪਾ ਹੋਈ ਕਿ ਵਸਾਵਾ ਸਿੰਘ ਹੋਰਾਂ ਨੂੰ ਉਹਨਾਂ ਦੇ ਮਨੋਰਥ ਦੀ ਪੂਰਤੀ ਹੋਈ ਭਾਸ ਗਈ। ਸੰਤਾਂ ਨੇ ਵਸਾਵਾ ਸਿੰਘ ਨੂੰ ਹੁਕਮ ਕੀਤਾ ਕਿ ਦੋ ਸਾਲ ਇੱਬਣ ਰਹਿਕੇ ਸੇਵਾ ਕਰੋ। ਫਿਰ ਦੋ ਸਾਲ ਆਪਣੇ ਪਿੰਡ ਬਤੀਤ ਕਰੋ ਅਤੇ ਫਿਰ ਦੋ ਸਾਲ ਹੋਰ ਇੱਬਣ ਆਕੇ ਲਾਉਣੇ। ਦੋ ਸਾਲ ਬਾਬਾ ਵਸਾਵਾ ਸਿੰਘ ਨੇ ਤਨ ਮਨ ਨਾਲ ਸੰਤ ਜੀ ਅਤੇ ਡੇਰੇ ਦੀ ਸੇਵਾ ਕੀਤੀ। ਪਿੰਡ ਜਾ ਕੇ ਉਹ ਜੀਏ ਬੱਗੇ ਵਾਲੇ ਭਾਈਚਾਰੇ ਦੇ ਰਾਵੀ ਕੰਢੇ ਵੱਸੇ, ਦੂਸਰੇ ਪਿੰਡ ਖੁਦਪੁਰ ਚਲੇ ਗਏ। ਸਾਰੀ ਰਾਤ ਰਾਵੀ ਦੇ ਲੱਕ ਲੱਕ ਪਾਣੀ ਵਿਚ ਖਲੋ ਕੇ ਬੰਦਗੀ ਕਰਦੇ ਰਹਿਣਾ। ਦਿਨੇ ਭਾਈ ਜਵਾਹਰ ਸਿੰਘ ਦੇ ਘਰ ਨਾਮ ਜਪਣਾ। ਇਉਂ ਚਾਲੀ ਦਿਨ ਦਾ ਸ਼ਿਲਾ ਕੱਟਕੇ, ਫਿਰ ਇੱਬਣ ਬਾਬਾ ਜੀ ਦੇ ਸੇਵਾ ਵਿਚ ਹਾਜ਼ਰ ਹੋ ਗਏ। ਦੋ ਸਾਲ ਬਾਅਦ ਆਪ ਫਿਰ ਜੀਏ ਬੱਗੇ ਆ ਗਏ। ਹੁਣ ਆਪ ਹਰ ਤਰ੍ਹਾਂ ਨਾਲ ਕਾਮਲ ਪੁਰਖ ਬਣ ਚੁੱਕੇ ਸਨ। ਆਪ ਦਾ ਬਾਬਾ ਗੰਡਾ ਸਿੰਘ ਦੀ ਸ਼ਰਨ ਵਿਚ ਜਾਣ ਦਾ ਸਮਾਂ ਅੰਦਾਜ਼ਨ 1885-88 ਈ. ਦੇ ਦਰਮਿਆਨ ਬਣਦਾ ਹੈ ਅਤੇ 1892 ਈ. ਤੋਂ ਪਹਿਲਾਂ ਆਪ 'ਗੁਰੂ ਕੀ ਕਾਰ' ਨਾਲ ਮਾਲਾ-ਮਾਲ ਹੋ ਕੇ ਵਾਪਿਸ ਆਪਣੇ ਪਿੰਡ ਜੀਏ ਬੱਗੇ ਪੁੱਜ ਚੁੱਕੇ ਸਨ।

ਹੁਣ ਬਾਬਾ ਜੀ ਦੇ ਜਪ ਤਪ ਦੀ ਮਹਿਮਾ ਆਲੇ ਦੁਆਲੇ ਫੈਲ ਗਈ। ਆਪ ਦੇ ਡੇਰੇ ਤੇ ਨਾਮ ਅਭਿਲਾਖੀਆਂ ਦੀਆਂ, ਦੁਨਿਆਵੀ ਰੋਗ ਸੋਗ ਦੀ ਤ੍ਰਿਪਤੀ ਚਾਹੁਣ ਵਾਲਿਆਂ ਦੀਆਂ, ਭੀੜਾਂ ਜੁੜਦੀਆਂ ਰਹਿੰਦੀਆਂ। ਆਪ ਰੋਗੀਆਂ ਨੂੰ ਰੋਗ ਮੁਕਤ ਕਰਦੇ। ਉਹਨਾਂ ਨੂੰ ਸੁਚੱਜੀ ਜੀਵਨ ਜਾਚ ਵੱਲ ਪਰੇਰਕੇ, ਅਨੇਕ ਆਧੀਆਂ ਬਿਆਧੀਆਂ ਤੋਂ ਮੁਕਤ ਕਰ ਦਿੰਦੇ। ਸਾਤਵਿਕ ਭੋਜਨ, ਉੱਚ ਨੈਤਿਕ ਜੀਵਨ, ਨਸ਼ਾ ਮੁਕਤ ਰਹਿਣ ਦੇ ਉਪਦੇਸ਼ ਨਾਲ ਅਨੇਕਾਂ ਦਾ ਕਾਇਆ ਕਲਪ ਕਰ ਦਿੰਦੇ। ਆਪਣੇ ਪੁੱਤਰਾਂ ਨੂੰ ਦੁਨਿਆਵੀ ਰੰਗ ਤਮਾਸ਼ੇ ਵੇਖਣ ਤੋਂ ਮਨ੍ਹਾ ਕਰਦੇ। ਜਿਹੜੇ ਨਾ ਮੰਨਦੇ ਉਹ ਵੀ ਖਵਾਰ ਹੋ ਕੇ ਫਿਰ ਆਪ ਦੀ ਸ਼ਰਨ ਵਿਚ ਆ ਜਾਂਦੇ। ਆਪ ਜੀ ਦੇ ਚਾਰ ਸਪੁੱਤਰ ਸਨ ਸਾਧੂ ਸਿੰਘ ਸੰਤਾ ਸਿੰਘ ਆਦਿਕ। ਸੰਤਾ ਸਿੰਘ ਦਾ ਪਰਿਵਾਰ ਕਰੀਵਾਲਾ (ਸਿਰਸਾ) ਅਤੇ ਸਾਧੂ ਸਿੰਘ ਤੇ ਬਾਕੀ ਦੋਹਾਂ ਦਾ ਗੰਗਾ ਨਗਰ (ਰਾਜਸਥਾਨ) ਵਿਚ ਹੈ। ਅੰਤ ਸਮੇਂ ਸਿੰਘਣੀ ਨੂੰ ਕਹਿਣ ਲੱਗੇ ਕਿ ਸਾਡੇ ਨਾਲ ਜਾਣਾ ਹੈ ਕਿ ਪੁੱਤਰਾਂ ਨਾਲ ਆਵੇਂਗੀ? ਮਾਤਾ ਨੇ ਕਿਹਾ ਕਿ ਹੁਣੇ ਤਾਂ ਜੀਵਨ ਦਾ ਅਨੰਦ ਆਉਣਾ ਸ਼ੁਰੂ ਹੋਇਆ ਹੈ, ਨਾ ਆਪ ਜਾਂਵਾਂਗੀ ਨਾ ਤੁਹਾਨੂੰ ਜਾਣ ਦਿਆਂਗੀ।" ਸੰਤ ਜੀ ਨੇ ਕਿਹਾ—"ਮੈਂ ਤੇਰੇ ਵੱਸ ਨਹੀਂ,

ਸਗੋਂ ਤੂੰ ਮੇਰੇ ਵੱਸ ਹੈਂ। ਚੰਗਾ ਮੈਂ ਤਾਂ ਜਾਵਾਂਗਾ ਤੂੰ ਅਨੰਦ ਮਾਣ ਕੇ ਹੀ ਆਈਂ। ਸੰਤ ਜੀ ਗੁਜ਼ਰ ਗਏ। ਪ੍ਰੰਤੂ ਬਾਅਦ ਵਿਚ ਮਾਤਾ ਦਾ ਅੰਤ ਠੀਕ ਨਾ ਬੀਤਿਆ।[7]

ਸੰਤ ਵਸਾਵਾ ਸਿੰਘ ਜੀ ਤੋਂ ਬਾਅਦ ਇਹ ਗੁਰੂ ਕੀ ਕਾਰ, ਲਾਹੌਰ ਜ਼ਿਲ੍ਹੇ ਦੇ ਹੀ ਨਾਮਧਾਰੀਆਂ ਦੇ ਮਸ਼ਹੂਰ ਪਿੰਡ ਮਾਂਗਾ ਦੇ ਇਕ ਕਿਸਾਨ ਹੀਰਾ ਸਿੰਘ ਦੇ ਪੁੱਤਰ ਸੰਤ ਜੈਮਲ ਸਿੰਘ ਵਿਚ ਆਈ। ਮਾਂਗਾ ਪਿੰਡ ਵਿਚ ਸਰਕਾਰੀ ਰੀਕਾਰਡ ਮੁਤਾਬਿਕ ਤਿੰਨ ਮਹੱਤਵਪੂਰਨ ਕੂਕਾ ਆਗੂਆਂ ਦਾ ਜ਼ਿਕਰ ਮਿਲਦਾ ਹੈ। 1820 ਈ. ਵਿਚ ਜਨਮਿਆ ਜੀਤ ਸਿੰਘ ਪੁੱਤਰ ਸੋਭਾ ਸਿੰਘ ਖੇਤੀ ਅਤੇ ਸ਼ਾਹੂਕਾਰਾ ਕਰਦਾ ਸੀ। ਉਸਨੂੰ 1865 ਈ. ਵਿਚ ਸਤਿਗੁਰੂ ਰਾਮ ਸਿੰਘ ਤੋਂ ਨਾਮ ਦਾਨ ਪ੍ਰਾਪਤ ਹੋਇਆ। ਸੰਨ 1879 ਈ. ਵਿਚ ਕੂਕਾ ਸਰਗਰਮੀਆਂ ਵਿਚ ਭਾਗ ਲੈਣ ਸਦਕਾ, ਉਸ ਤੋਂ ਨੇਕ ਚਲਨੀ ਦੀ ਜ਼ਮਾਨਤ ਲਈ ਗਈ ਸੀ। ਸਰਕਾਰੀ ਰੀਕਾਰਡ ਮੁਤਾਬਿਕ ਉਹ ਇਲਾਕੇ ਵਿਚ ਅਸਰ ਰਸੂਖ ਵਾਲਾ ਸੀ ਅਤੇ ਪੰਜਾਬ ਵਿਚ ਲੋਕਾਂ ਦਾ ਆਪਣਾ ਭਾਵ ਸਿੱਖ-ਰਾਜ ਕਾਇਮ ਹੋਣ ਦੀ ਭਵਿੱਖ ਬਾਣੀ ਕਰਦਾ ਰਹਿੰਦਾ ਸੀ। ਰਤਨ ਸਿੰਘ ਦਾ ਪੁੱਤਰ ਬੂਟਾ ਸਿੰਘ ਲੰਬੜਦਾਰ ਹੈ। ਇਸ ਦਾ ਜਨਮ 1832 ਈ. ਦਾ ਹੈ। ਇਹ ਫ਼ਾਰਸੀ ਅਤੇ ਗੁਰਮੁਖੀ ਦੋ ਭਾਸ਼ਾਵਾਂ ਜਾਣਦਾ ਹੈ। ਇਲਾਕੇ ਵਿਚ ਅਸਰ ਰਸੂਖ ਰੱਖਣ ਵਾਲਾ ਅਮੀਰ ਆਦਮੀ ਹੈ ਅਤੇ ਆਪਣੇ ਸਹਿ-ਧਰਮੀਆਂ ਦੀ ਮੱਦਦ ਲਈ ਹਮੇਸ਼ਾਂ ਤਿਆਰ ਰਹਿੰਦਾ ਹੈ। ਤੀਸਰਾ ਆਦਮੀ ਹਰਸਾ ਸਿੰਘ ਵੀ ਬੂਟਾ ਸਿੰਘ ਜਿਉਂ ਸੂਬਾ ਹੈ, ਇਸ ਦਾ ਜਨਮ ਸਾਲ 1835 ਈ. ਹੈ। ਇਹ 1877 ਈ. ਵਿਚ ਕੂਕਾ ਬਣਿਆ ਅਤੇ 1879 ਵਿਚ ਇਸਨੂੰ ਸੂਬਾ ਥਾਪਿਆ ਗਿਆ। ਇਹ ਵੀ ਰਸੂਖਦਾਰ ਵਿਅਕਤੀ ਹੈ। ਸਿੱਖ ਰਾਜ ਕਾਇਮ ਹੋਣ ਦੀਆਂ ਗੱਲਾਂ ਕਰਨ ਤੇ ਇਸ ਦੀ ਵੀ ਜ਼ਮਾਨਤ 1879 ਈ. ਵਿਚ ਮੰਗੀ ਗਈ ਸੀ।[8] ਸਤਿਗੁਰੂ ਪਰਤਾਪ ਸਿੰਘ ਜੀ ਦੇ ਸਮੇਂ, ਉੱਘੇ ਨਾਮਧਾਰੀ ਪਰਚਾਰਕ ਅਤੇ ਫ਼ਲਾਸਫ਼ਰ, ਸੰਤ ਫਤੇਹ ਸਿੰਘ ਜੀ ਵੀ ਮਾਂਗਾ ਦੇ ਹੀ ਸਨ।

ਉਪਰੋਕਤ ਦਸਤਾਵੇਜ਼ੀ ਵੇਰਵੇ ਮਾਂਗਾ ਪਿੰਡ ਦੀ ਕੂਕਾ ਅੰਦੋਲਨ ਵਿਚ ਭੂਮਿਕਾ ਦੀ ਨਿਸ਼ਾਨ-ਦੇਹੀ ਕਰਦੇ ਹਨ। ਅੰਦੋਲਨ ਵਿਚ ਕੁਝ ਪ੍ਰਤੱਖ ਬਾਹਰ ਮੁਖੀ ਸਿਆਸੀ ਝੁਕਾਅ ਵਾਲੇ ਕਾਰਜ-ਕਰਤਾ ਵੀ ਹੁੰਦੇ ਹਨ ਅਤੇ ਕੁਝ ਅੰਤਰ-ਮੁਖੀ ਅਧਿਆਤਮਿਕ ਰੁਚੀਆਂ ਵਾਲੇ ਸਾਧੂ ਸੰਤ ਵੀ। ਅਸੀਂ ਮਾਂਗੇ ਦੇ ਇਹਨਾਂ ਪਹੁੰਚੇ ਹੋਏ ਦੋ ਸਾਧੂਆਂ ਤੱਕ ਆਪਣੀ ਚਰਚਾ ਨੂੰ ਸੀਮਿਤ ਰੱਖਾਂਗੇ। ਬਾਬਾ ਜੈਮਲ ਸਿੰਘ ਦਾ ਜਨਮ 1852 ਈ. ਦਾ ਸੀ। ਸੋਲਾਂ ਕੁ ਸਾਲ ਦੀ ਉਮਰ ਵਿਚ ਸਨ ਜਦੋਂ ਸਤਿਗੁਰੂ ਰਾਮ ਸਿੰਘ ਜੀ ਮਾਂਗੇ ਆਏ ਸਨ। ਬਾਬਾ ਜੀ ਦੇ ਸ਼ਬਦਾਂ ਵਿਚ 'ਆਪ ਦੇ ਮੈਂ ਰੱਜਵੇਂ ਦਰਸ਼ਨ ਕੀਤੇ ਹਨ, ਪਰ ਭੁੱਖ ਨਹੀਂ ਲੱਥਦੀ, ਉਹਨਾਂ ਦੇ ਦਰਸ਼ਨਾਂ ਨਾਲ ਸਗੋਂ ਚਮਕਦੀ ਏ। ਆਪ ਦਾ ਅਦਭੁੱਤ ਜਾਹੋ ਜਲਾਲ ਤੱਕ ਕੇ ਮੈਂ ਭੀ ਨਾਮਧਾਰੀ ਹੋ ਗਿਆ। ਮੈਨੂੰ ਭਜਨ ਉਸ ਵੇਲੇ ਦੇ ਇਕ ਸੂਬੇ ਨੇ ਦਿਤਾ ਸੀ। ਥੋੜ੍ਹਾ ਚਿਰ ਕੱਛ ਰੱਖਕੇ ਫਿਰ ਲਾਹ ਦਿਤੀ ਤੇ ਸਤਿਗੁਰਾਂ ਦੇ ਪ੍ਰਦੇਸ਼ ਗਮਨ ਬਾਦ ਮੈਂ ਕੱਛ ਦਾ ਵਿਰੋਧੀ ਹੋ ਗਿਆ। ਤੰਬੋਲੀ ਕੇ ਖੂਹਾਂ ਵਾਲੇ ਸਿੱਖ, ਬਾਬਾ ਵਸਾਵਾ ਸਿੰਘ ਜੀ ਤੋਂ ਵਰੋਸਾਏ ਸਨ। ਇਕ ਦਿਨ ਮੈਨੂੰ ਬਦੋਬਦੀ ਸੰਤਾਂ ਦੇ ਦੀਵਾਨ ਵਿਚ ਲੈ

ਗਏ ਤੇ ਅਰਜ਼ ਕੀਤੀਓ ਨੇ—"ਬਾਬਾ ਜੀ! ਇਹ ਸਾਡੀਆਂ ਕੱਛਾਂ ਲਾਹ ਦਿੰਦਾ ਏ, ਇਹਨੂੰ ਵੀ ਨੱਥੋ। ਸੰਤਾਂ ਨੇ ਮੇਰੇ ਵੱਲ ਮੇਹਰਾਂ ਭਰੀ ਨਿਗਾਹ ਕੀਤੀ। ਮੈਂ ਅਰਜ਼ ਕੀਤੀ—ਗੁਰੂ ਗੋਬਿੰਦ ਸਿੰਘ ਤੇ ਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕਰਾ ਦਿਓ, ਫਿਰ ਉਸੇ ਵੇਲੇ ਭਜਨ ਪੁੱਛਕੇ ਸਿੰਘ ਸਜ ਜਾਵਾਂਗਾ। ਸੰਗਤ ਨੇ ਆਖਿਆ ਬੜੀ ਕਾਹਲੀ ਉ, ਕੋਈ ਜਪ ਨਹੀਂ ਤਪ ਨਹੀਂ, ਏਡੀ ਛੇਤੀ ਦਰਸ਼ਨ ? ਸੰਤਾਂ ਨੇ ਸੰਗਤ ਨੂੰ ਕਿਹਾ—ਭਾਈ ਜੱਟੀ ਭਾਂਡਾ ਖਰੀਦਨ ਲੱਗੀ ਸੌ ਸੌ ਠੂੰਗੇ ਲਾਂਦੀ ਏ, ਹੇਠੋਂ ਉੱਪਰੋਂ ਉਲਟਾ ਪੁਲਟਾ ਕੇ ਸੌ ਸੌ ਵਾਰ ਵੇਖਦੀ ਏ, ਫਿਰ ਵੀ ਪਸੰਦਗੀ ਦੀ ਗੱਲ ਏ, ਘਾਬਰੋ ਨਾ! ਫਿਰ ਬਾਬਾ ਜੀ ਨੇ ਮੈਨੂੰ ਆਖਿਆ—ਭਜਨ ਪੁੱਛ ਲੈ ਤੇ 40 ਦਿਨ ਇਕਾਂਤ ਬਹਿਕੇ ਕਰ, ਫਿਰ ਜਿਹਨੂੰ ਜੀ ਚਾਹੀਂ ਮਿਲ ਲਈਂ, ਦਰਸ਼ਨ ਕਰ ਲਈਂ ਪਰਸ਼ਨ ਕਰ ਲਈਂ।"[9]

ਜੱਕੋ ਤੱਕੇ ਜਿਹੇ ਵਿਚ ਜੈਮਲ ਸਿੰਘ ਰਾਵੀ ਦੇ ਕੰਢੇ ਆ ਗਏ। ਓੜਕ ਦੁਬਿਧਾ ਛੱਡਕੇ ਬੰਦਗੀ ਵਿੱਚ ਜੁੱਟ ਗਏ। ਸੱਤਵੀਂ ਰਾਤ ਮੁੱਕਣ ਵਿੱਚ ਇਕ ਪਹਿਰ ਰਹਿੰਦਾ ਸੀ ਜਦੋਂ ਮਨ ਦੇ ਫੁਰਨੇ ਪੂਰੇ ਹੋਣੇ ਸ਼ੁਰੂ ਹੋ ਗਏ। ਗੁਰੂ ਦਰਸ਼ਨਾਂ ਨਾਲ ਸੁੱਧ ਬੁੱਧ ਭੁੱਲ ਗਈ। ਕਦੇ ਰੋਈ ਜਾਣ ਕਦੇ ਹੱਸੀ ਜਾਣ। ਬੇਸੁਧੀ ਦੇ ਇਸੇ ਆਲਮ ਵਿਚ ਜੀਏ ਬੱਗੇ ਸੰਤ ਵਸਾਵਾ ਸਿੰਘ ਜੀ ਦੇ ਦਰਸ਼ਨ ਆ ਕੀਤੇ। ਉੱਥੇ ਵੀ ਰਾਵੀ ਦੇ ਕੰਢੇ ਵਾਲੀ ਖੇਡ ਵਰਤਦੀ ਵੇਖੀ। ਸੱਤ ਸਾਲ ਲਗਾਤਾਰ ਬਾਬਾ ਵਸਾਵਾ ਸਿੰਘ ਜੀ ਦੀ ਸੰਗਤ ਵਿੱਚ ਰਹੇ।

ਇਕ ਵੇਰ ਸੰਤ ਜੈਮਲ ਸਿੰਘ ਦੀ ਸਿੰਘਣੀ ਅਤੇ ਮਾਤਾ ਦੂਜੇ ਪਿੰਡ ਦੇ ਇਕ ਸਿੰਘ ਨਾਲ ਜੀਏ ਬੱਗੇ ਪੁੱਜੀਆਂ ਤੇ ਸੰਤਾਂ ਨੂੰ ਬੇਨਤੀ ਕੀਤੀ ਕਿ ਜੈਮਲ ਸਿੰਘ ਨੂੰ ਘਰ ਭੇਜਣ ਦੀ ਛੁੱਟੀ ਦਿਓ। ਸੰਤ ਜੀ ਨੇ ਛੁੱਟੀ ਦੇ ਦਿੱਤੀ। ਪਰ ਇਹ ਨਾ ਗਏ। ਮਾਤਾ ਤੇ ਸਿੰਘਣੀ ਮੁੜ ਗਈਆਂ। ਇਸ ਤੋਂ ਪੰਦਰਾਂ ਦਿਨਾਂ ਬਾਅਦ ਆਪ ਸੰਤ ਵਸਾਵਾ ਸਿੰਘ ਜੀ ਨਾਲ ਬਾਹਰ ਕਿਆਰੇ ਤੇ ਸਿੱਟੇ ਡੂੰਗਣ ਗਏ। ਜਵਾਰ ਦੀਆਂ ਦੋ ਪੂਲੀਆਂ ਸਨ। ਦੋਵੇਂ ਇੱਕ ਇੱਕ ਨੂੰ ਡੂੰਗ ਰਹੇ ਸਨ ਭਾਵ ਜਵਾਰ ਦੇ ਟਾਂਡੇ ਨਾਲੋਂ ਸਿੱਟਾ ਦਾਤਰੀ ਨਾਲ ਅਲਹਿਦਾ ਕਰ ਰਹੇ ਸਨ। ਕੁਝ ਸਮੇਂ ਬਾਅਦ ਸੰਤ ਵਸਾਵਾ ਸਿੰਘ ਜੀ ਨੇ ਕਿਹਾ ਕਿ ਜੈਮਲ ਸਿੰਘ ਜੀ ਅੱਜ ਮਾਲਕ ਮੈਨੂੰ ਸਿੱਟੇ ਨਹੀਂ ਡੂੰਗਣ ਦਿੰਦਾ। ਜੈਮਲ ਸਿੰਘ ਹੋਰਾਂ ਕਿਹਾ-ਮੈਨੂੰ ਤਾਂ ਕਹਿੰਦਾ ਏ ਡੂੰਗੀ ਹੀ ਚੱਲ।" ਇਸ ਘਟਨਾ ਤੋਂ ਬਾਅਦ 'ਗੁਰੂ ਕੀ ਕਾਰ' ਦਾ ਪ੍ਰਵੇਸ਼ ਬਾਬਾ ਵਸਾਵਾ ਸਿੰਘ ਜੀ ਹੋਰਾਂ ਦੀ ਬਜਾਏ ਬਾਬਾ ਜੈਮਲ ਸਿੰਘ ਵਿਚ ਹੋ ਗਿਆ। ਹੁਣ ਵਸਾਵਾ ਸਿੰਘ ਜੀ ਵੀ ਜੈਮਲ ਸਿੰਘ ਹੋਰਾਂ ਦਾ ਬਚਨ ਮੰਨਣ ਲੱਗ ਪਏ ਅਤੇ ਹਰ ਕੰਮ ਉਹਨਾਂ ਤੋਂ ਪੁੱਛ ਕੇ ਹੀ ਕਰਦੇ। ਚਾਲੀ ਦਿਨ ਦੋਵੇਂ ਸਾਧੂ ਇੱਕਠੇ ਰਹੇ ਅਤੇ ਫਿਰ ਜੈਮਲ ਸਿੰਘ ਜੀ ਮਾਂਗੇ ਪਿੰਡ ਦੇ ਇਕ ਟਿੱਬੇ ਤੇ ਆ ਬੈਠੇ।

ਇੱਥੇ ਸੰਤ ਜੈਮਲ ਸਿੰਘ ਹੋਰਾਂ ਦੀ ਸੋਅ ਚਾਰ ਚੁਫੇਰੇ ਫੈਲਣ ਲੱਗ ਪਈ। ਜਿਸ ਤਰ੍ਹਾਂ ਸੰਗਤ ਪਹਿਲਾਂ ਇੱਬਣ ਅਤੇ ਫਿਰ ਜੀਏ ਬੱਗੇ ਜਾਂਦੀ ਸੀ ਹੁਣ ਮਾਂਗੇ ਦੇ ਟਿੱਬੇ ਤੇ ਆਉਣ ਲੱਗ ਪਈ। ਸੰਤ ਜੀ ਤੇ ਦਿਨੋਂ-ਦਿਨ ਮਸਤੀ ਚੜ੍ਹਦੀ ਗਈ। ਨਾਮ ਬਾਣੀ ਵਾਲਿਆਂ ਦੀਆਂ ਭੀੜਾਂ ਆਪ ਪਾਸ ਜੁੜੀਆਂ ਰਹਿੰਦੀਆਂ। ਕਈ ਸਿੰਘ ਮੱਝਾਂ ਗਾਵਾਂ

ਵੀ ਅਰਦਾਸ ਕਰਾ ਜਾਂਦੇ। ਲੋਹ ਲੰਗਰ ਚੱਲਦਾ ਰਹਿੰਦਾ। ਆਏ ਗਏ ਸੱਜਣ ਜਲ ਪਾਣੀ ਪਰਸ਼ਾਦਾ ਛਕਦੇ।

ਬਾਬਾ ਜੀ ਨਾਲ ਤਫਸੀਲ ਵਿੱਚ ਮੁਲਾਕਾਤ 1941 ਈ. ਦੀਆਂ ਗਰਮੀਆਂ ਵਿੱਚ ਪ੍ਰੀਤਮ ਸਿੰਘ ਜੀ ਕਵੀ ਨੇ ਕੀਤੀ ਸੀ, ਜਿਸ ਦੇ ਅਧਾਰ ਤੇ ਉਹਨਾਂ ਸੰਤ ਅੰਕ ਭਾਗ ਦੂਜਾ ਲਈ ਉਸੇ ਸਾਲ 'ਗੁਰੂ ਦੀਆਂ ਕਾਰਾਂ' ਲੇਖ ਲਿਖਿਆਂ ਸੀ। ਇਸ ਲੇਖ ਦੇ ਅੰਤਲੇ ਪੈਰ੍ਹੇ ਵਿਚ ਬਾਬਾ ਜੀ ਦੇ ਸਤਿਗੁਰੂ ਰਾਮ ਸਿੰਘ ਜੀ ਵਿਚ ਦ੍ਰਿੜ੍ਹ ਵਿਸ਼ਵਾਸ ਦੇ ਦਰਸ਼ਨ ਹੁੰਦੇ ਹਨ—"(ਲੇਖਕ ਨੂੰ ਸੰਬੋਧਨ ਕਰਕੇ) ਕਾਕਾ, ਇਹ ਸਭ ਕੁਝ, ਜੋ ਕੁਝ ਹੋ ਰਿਹਾ ਹੈ, ਸਤਿਗੁਰੂ ਰਾਮ ਸਿੰਘ ਕਰ ਰਿਹਾ ਹੈ, ਜੋ ਕੁਝ ਹੋ ਚੁੱਕਾ ਹੈ ਸਤਿਗੁਰੂ ਰਾਮ ਸਿੰਘ ਕੀਤਾ ਸੀ ਤੇ ਅੱਗੇ ਭੀ ਜੋ ਕੁਝ ਹੋਵੇਗਾ ਸਤਿਗੁਰੂ ਰਾਮ ਸਿੰਘ ਕਰੇਗਾ।... ਸਤਿਗੁਰੂ ਰਾਮ ਸਿੰਘ ਤੋਂ ਬਿਨਾਂ ਦੁਨੀਆਂ ਉੱਤੇ ਕੋਈ ਚੀਜ਼ ਨਹੀਂ।..."[10]

ਜਦੋਂ 1946-47 ਈ. ਵਿੱਚ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਇਲਾਕਾ ਜੀਵਨ ਨਗਰ ਵਸਾਉਣ ਲਈ ਜ਼ਿਲ੍ਹਾ ਹਿਸਾਰ ਦੀ ਸਿਰਸਾ ਤਸੀਲ ਦੇ ਘੱਗਰ ਨਾਲੀ ਦੇ ਕੰਢੇ ਦੇ ਕੁਝ ਪਿੰਡਾਂ ਦੀ ਜ਼ਮੀਨ, ਸਿੱਖਾਂ ਦੀ ਸਹਾਇਤਾ ਨਾਲ ਉਹਨਾਂ ਵਾਸਤੇ ਖਰੀਦਣ ਦਾ ਆਹਰ ਕੀਤਾ ਸੀ ਤਾਂ ਦੂਰ-ਦਰਸ਼ੀ ਬਾਬਾ ਜੈਮਲ ਸਿੰਘ ਜੀ ਟਿੱਬਾ ਇਕ ਦਿਨ ਲਾਹੌਰ ਪੱਥਰਾਂ ਵਾਲਿਆਂ ਦੀ ਕੋਠੀ ਵਿੱਚ, ਆਪ ਜੀ ਦੇ ਦਰਸ਼ਨ ਕਰਨ ਆਏ। ਅਰਜ਼ ਕੀਤੀ— "ਤੁਸੀਂ ਆਖਦੇ ਹੋ ਅਸਾਂ ਸਿੱਖੀ ਦੇ ਬਚਾਅ ਤੇ ਸੁੱਖ ਵਾਸਤੇ ਸੋਚ ਇਹ ਕੰਮ ਕੀਤਾ ਹੈ। ਮੈਨੂੰ ਗੋਬਿੰਦ ਜਣਾਉਂਦਾ ਏ, ਚੰਗਾ ਨਹੀਂ ਹੋਇਆ। ਸਤਿਗੁਰੂ ਜੀ ਉੱਤਰ ਦਿਤਾ, ਮਨੋ ਭਲੇ ਨੂੰ ਭਲੀ ਸੋਚ ਤੁਰਨਾ ਚਾਹੀਦਾ ਹੈ। ਅਸਾਂ ਤਿਵੇਂ ਕੀਤਾ ਹੈ। ਪਰ ਸਭ ਪ੍ਰੋਗਰਾਮ ਚੰਗੇ ਜਾ ਮੰਦੇ ਉਸ ਕਰਤੇ ਰਾਮ ਦੇ ਹੱਥ ਹਨ। ਤਾਂ ਬਾਬਾ ਜੈਮਲ ਸਿੰਘ ਰੋਣ ਲੱਗ ਪਿਆ ਤੇ ਕਿਹੋ ਸੂ, ਤੁਸੀਂ ਤੇ ਸੁੱਖ ਦਾ ਸਾਧਨ ਕੀਤਾ ਹੈ, ਇਹ ਸਿੱਖ ਆਪੋ ਵਿਚ ਲੜਨਗੇ ਤੁਹਾਨੂੰ ਭੀ ਸਿੱਧੇ ਹੋਣਗੇ। ਤੁਹਾਡੀ ਤੇ ਸਿੱਖਾਂ ਦੀ ਆਪੋ ਵਿਚ ਇਹ ਸ਼ਰਧਾ ਨਹੀਂ ਰਹੇਗੀ। ਸ੍ਰੀ ਸਤਿਗੁਰੂ ਜੀ ਬਚਨ ਕੀਤਾ, ਜੋ ਹੋਣਾ ਸੀ ਸੋ ਹੋ ਗਿਆ ਜੋ ਸਿਰ ਪਵੇਗੀ ਸਹਿ ਲਵਾਂਗੇ।"[11]

ਸਤਿਗੁਰੂ ਜੀ ਇਹ ਵੀ ਫੁਰਮਾਇਆ ਸੀ ਕਿ ਮੈਂ ਆਪਣੇ ਵਲੋਂ ਆਪਣੇ ਸਿੱਖਾਂ ਦਾ ਭਲਾ ਸੋਚਿਆ ਹੈ। ਬੇਸ਼ਕ ਇਹ ਮੇਰੇ ਨਾਲ ਲੜਨ ਝਗੜਨਗੇ ਵੀ, ਪਰ ਕਦੇ ਇਹਨਾਂ ਦੇ ਪੁੱਤਰ ਪੋਤਰੇ ਕਿਹਾ ਕਰਨਗੇ ਕਿ ਕੋਈ ਸਾਡਾ ਹੁੰਦਾ ਸੀ ਜੋ ਸਾਡਾ ਇਹ ਬਾਨਣੂੰ ਬੰਨ੍ਹ ਗਿਆ ਸੀ। ਬਾਬਾ ਜੈਮਲ ਸਿੰਘ ਜੀ ਦੇਸ਼ ਬਟਵਾਰੇ ਤੋਂ ਕੁਝ ਮਹੀਨੇ ਪਹਿਲਾਂ ਹੀ ਅਕਾਲ ਚਲਾਣਾ ਕਰ ਗਏ ਸਨ। ਆਪ ਦਾ ਦੂਜਾ ਭਾਈ ਨਰਾਇਣ ਸਿੰਘ ਸੀ। ਬਾਬਾ ਜੈਮਲ ਸਿੰਘ ਦੇ ਦੋ ਪੁੱਤਰ ਸਨ ਪ੍ਰੇਮ ਸਿੰਘ ਅਤੇ ਦੇਵਾ ਸਿੰਘ। ਪ੍ਰੇਮ ਸਿੰਘ ਦਾ ਲੜਕਾ ਹਰਨਾਮ ਸਿੰਘ ਸੀ ਜਿਸ ਦੇ ਪੁੱਤਰ ਲਾਭ ਸਿੰਘ, ਬੂਟਾ ਸਿੰਘ ਕੜੈਲ (ਸੰਗਰੂਰ) ਰਹਿੰਦੇ ਹਨ। ਦੇਵਾ ਸਿੰਘ ਦਾ ਲੜਕਾ ਉਤਮ ਸਿੰਘ ਅਤੇ ਉਸਦਾ ਮਹਿਲ ਸਿੰਘ ਹੈ। ਸੰਤਾਂ ਦੇ ਭਾਈ ਨਰਾਇਣ ਸਿੰਘ ਦਾ ਪੁੱਤਰ ਕਿਸ਼ਨ ਸਿੰਘ ਅਤੇ ਉਸਦਾ ਵਧਾਵਾ ਸਿੰਘ ਸੀ। ਵਧਾਵਾ

ਸਿੰਘ ਦਾ ਪਰਿਵਾਰ ਪੱਤਰ ਹਰਬੰਸ ਸਿੰਘ ਅਤੇ ਉਸਦਾ ਭਤੀਜਾ ਵਰਿਆਮ ਸਿੰਘ ਕਰੀਵਾਲੇ ਹੀ ਰਹਿੰਦੇ ਹਨ।

ਗੁਰੂ ਦੀਆਂ ਕਾਰਾਂ ਵਾਲੇ ਉਪਰੋਕਤ ਤਿੰਨਾਂ ਬਾਬਿਆਂ ਦੀ ਗਾਥਾ ਸਮੇਟ ਕੇ, ਅਸੀਂ ਪਿੰਡ ਮਾਂਗੇ ਦੀ ਹੀ ਨਾਮਧਾਰੀ ਪੰਥ ਦੀ ਉੱਘੀ ਹਸਤੀ ਸੰਤ ਸੰਮਾ ਸਿੰਘ ਜੀ ਬਾਰੇ ਸਾਡੇ ਸਰੋਤਾਂ ਤੋਂ ਉਪਲਬਧ ਸਮਾਚਾਰਾਂ ਤੇ ਦ੍ਰਿਸ਼ਟੀਪਾਤ ਕਰਾਂਗੇ। ਆਪ ਜੀ ਆਪਣੇ ਸਮੇਂ ਦੀਆਂ ਨਾਮਧਾਰੀ ਮਸਤਾਨਿਆਂ ਦੀਆਂ ਮਸਤ ਮੰਡਲੀਆਂ ਦੇ ਸ਼ਿੰਗਾਰ ਸਨ। ਨਾਮ ਬਾਣੀ ਅਤੇ ਸੇਵਾ ਸਮਰਪਣ ਵਿਚ ਰੰਗੀ ਹੋਈ ਆਪ ਦੀ ਰੂਹ, ਸਤਿਗੁਰੂ ਰਾਮ ਸਿੰਘ ਜੀ ਦੀਆਂ ਬਖਸ਼ਿਸ਼ਾਂ ਨਾਲ ਮਾਲਾ-ਮਾਲ ਸੀ। ਆਪ ਪਿੰਡ ਦੇ ਬਾਹਰ ਆਪਣੇ ਖੂਹ ਤੇ ਜਿਸ ਨੂੰ ਤੰਬੋਲੀ ਵਾਲਾ ਖੂਹ ਆਖਦੇ ਸਨ ਨਿਵਾਸ ਕਰਦੇ ਸਨ।

ਜਦੋਂ 'ਗੁਰੂ ਦੀ ਕਾਰ' ਸੰਤ ਵਸਾਵਾ ਸਿੰਘ ਜੀਆ ਬੱਗਾ ਵਿਖੇ ਨਿਵਾਸ ਕਰ ਰਹੀਸੀ, ਇਕ ਦਿਨ ਆਪ ਨੂੰ ਆਪਣੇ ਡੇਰੇ ਤੇ ਸੁੱਤਿਆਂ ਆਵਾਜ਼ਾ ਹੋਇਆ-ਸੰਮਾ ਸਿੰਘ ਸੰਤ ਵਸਾਵਾ ਸਿੰਘ ਜੀ ਜੀਏ ਬੱਗੇ ਵਾਲਿਆਂ ਨੂੰ ਜਾ ਕੇ ਮਿਲ। ਸੰਮਾ ਸਿੰਘ ਨੇ ਆਵਾਜ਼ ਪ੍ਰਥਾਇ ਕੋਈ ਗੌਰ ਨਾ ਕੀਤਾ। ਸਵੇਰੇ ਜਦੋਂ ਮੰਜੇ ਤੋਂ ਉੱਠਣ ਲੱਗੇ ਤਾਂ ਆਪ ਦੇ ਹੱਥ ਜਿਵੇਂ ਕਿਸੇ ਨੇ ਕੰਡ ਮਗਰ ਕਰਕੇ ਮੁਸ਼ਕਾਂ ਬੰਨ੍ਹ ਦਿਤੀਆਂ ਹੋਣ। ਕਾਫੀ ਸਮੇਂ ਬਾਅਦ ਆਪਨੇ ਇਸ ਨੂੰ ਰਾਤ ਵਾਲੀ ਅਲੌਕਿਕ ਘਟਨਾ ਨਾਲ ਜੋੜ ਕੇ ਵੇਖਿਆ। ਮਾਂਗੇ ਪਿੰਡ ਦੇ ਹੀ ਸੁਹੇਲ ਸਿੰਘ ਨਾਮ ਦੇ ਆਪਣੇ ਸਬੰਧੀ ਨੂੰ ਨਾਲ ਲੈ ਕੇ, ਜੀਏ ਬੱਗੇ ਸੰਤ ਵਸਾਵਾ ਸਿੰਘ ਜੀ ਦੀ ਸੇਵਾ ਵਿਚ ਜਾ ਹਾਜ਼ਰ ਹੋਏ।

ਸੰਮਾ ਸਿੰਘ ਪਾਸੋਂ ਉਸ ਦੀ ਵਿੱਥਿਆ ਸੁਣਕੇ ਸੰਤ ਵਸਾਵਾ ਸਿੰਘ ਜੀ ਨੇ ਸੁਹੇਲ ਸਿੰਘ ਨੂੰ ਕਿਹਾ ਕਿ ਇਹਨਾਂ ਦਾ ਸਕੇਸ਼ ਇਸ਼ਨਾਨ ਕਰਾ ਲਿਆਓ। ਇਸ਼ਨਾਨ ਕਰਕੇ ਆਏ। ਸੰਤ ਜੀ ਨੇ ਕੰਨ ਵਿਚ ਭਜਨ ਦੱਸ ਦਿਤਾ। ਇਸ ਸਮੇਂ ਮੁਸ਼ਕਾਂ ਵੀ ਜਿਵੇਂ ਬੱਝੀਆਂ ਸੀ ਉਵੇਂ ਖੁੱਲ੍ਹ ਗਈਆਂ। ਵਸਾਵਾ ਸਿੰਘ ਜੀ ਨੇ ਗੁਰਮੰਤਰ ਦੱਸਕੇ ਕਿਹਾ "ਇਹਨੂੰ ਸੁਆਸ ਸੁਆਸ ਜਪਨਾ, ਜਪਦਿਆਂ ਹੋਇਆਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪਾਵਨ ਚਰਨਾਂ ਦਾ ਧਿਆਨ ਧਰਨਾ। ਤੁਸੀਂ ਉਹਨਾਂ ਦੇ ਸਉ, ਅੱਜ ਤੋਂ ਉਹਨਾਂ ਦੀ ਪਾਵਨ ਸ਼ਰਨ ਵਿਚ ਆ ਗਏ ਹੋ। ਇਸ ਲਈ ਕੋਈ ਕੰਮ ਅਜਿਹਾ ਨਾ ਕਰਨਾ, ਜਿਸ ਨਾਲ ਲੋਕੀਂ ਉਹਨਾਂ ਦੇ ਨਾਮ ਨੂੰ ਕਲੰਕ ਲਾਣ।"

ਸੰਮਾ ਸਿੰਘ ਨੇ ਅਰਜ਼ ਕੀਤੀ—ਮੇਰੇ ਵਿਚ ਕੋਈ ਤਾਕਤ ਨਹੀਂ ਮੈਂ ਕੋਈ ਚੰਗਾ ਕੰਮ ਕਰ ਸੱਕਾਂ। ਜਿਸ ਤਰ੍ਹਾਂ ਆਪਣੀ ਸ਼ਰਨ ਵਿਚ ਫੜਕੇ ਆਂਦਾ ਜੇ, ਇਸੇ ਤਰ੍ਹਾਂ ਅੱਗੋਂ ਨੂੰ ਵੀ ਅੰਗ ਸੰਗ ਰਹਿੰਦਿਆਂ ਹੋਇਆਂ ਕੋਈ ਕੰਮ ਅਜਿਹਾ ਨਾ ਕਰਨ ਦੇਣਾ, ਜਿਸ ਨਾਲ ਮੇਰਾ ਪਰਲੋਕ ਵਿਗੜੇ ਅਤੇ ਸਤਿਗੁਰੂ ਜੀ ਦੇ ਉੱਜਲ ਨਾਮ ਨੂੰ ਧੱਬਾ ਲੱਗੇ।"[12]

ਜਦੋਂ ਨਾਲ ਆਏ ਭਾਈ ਸੁਹੇਲ ਸਿੰਘ ਨੇ ਵਾਪਿਸ ਮਾਂਗੇ ਮੁੜਨ ਲਈ ਕਿਹਾ ਤਾਂ ਸੰਮਾ ਸਿੰਘ ਜੀ ਨੇ ਕਿਹਾ-ਸੁਹੇਲ ਸਿੰਘ ਜੀ ਤੁਸੀਂ ਹੁਣ ਜਦੋਂ ਚਾਹੋ ਪਿੰਡ ਜਾ ਸਕਦੇ ਹੋ। ਮੈਂ ਜਿੱਥੇ ਆਉਣਾ ਸੀ ਆ ਗਿਆ ਹਾਂ। ਮੇਰਾ ਘਰ ਬਾਰ, ਖੂਹ ਖੇਤ, ਹੁਣ ਸੰਤਾਂ ਦਾ ਡੇਰਾ ਹੀ ਹੈ। ਮੈਂ ਇਹਨਾਂ ਦੀ ਸੇਵਾ ਵਿਚ ਰਹਿਕੇ ਜਨਮ ਸਫਲ ਕਰਨ ਨੂੰ, ਧੰਨ ਭਾਗ

ਸਮਝਾਂਗਾ, ਜਦੋਂ ਤੱਕ ਇਹ ਸੇਵਾ ਮੈਥੋਂ ਲੈਣਗੇ। ਸੁਹੇਲ ਸਿੰਘ ਜੀ ਮੁੜ ਆਏ ਤੇ ਸੰਮਾ ਸਿੰਘ ਜੀ, ਕਵੀ ਦੇ ਸ਼ਬਦਾਂ ਵਿਚ—

"ਕਾਲੀ ਦਾਸ ਮਣਕਾ ਜਿਹੜੇ ਥਾਉਂ ਦਾ ਸੀ,
ਉਸੇ ਮਾਲਾ ਦੇ ਵਿਚ ਪਰੋ ਗਿਆ।"

ਸੰਮਾ ਸਿੰਘ ਜੀ ਨੇ ਸੰਤਾਂ ਦੇ ਡੇਰੇ ਤੇ ਚੱਲਦੇ ਲੰਗਰ ਦੀਸੇਵਾ ਵੀ ਕਰਨੀ। ਲੰਗਰ ਲਈ ਅੰਨ ਦਾਣਾ ਹਾਸਲ ਕਰਨ ਲਈ ਸੰਤ ਵਸਾਵਾ ਸਿੰਘ ਜੀ ਦੇ ਖੇਤਾਂ ਵਿਚ ਵਾਹੀ ਜੋਤੀ ਦਾ ਆਹਰ ਵੀ ਕਰਦੇ। ਇਸ ਸਮੇਂ ਆਪ ਦੇ ਦੂਜੇ ਗੁਰਭਾਈ ਸੰਤ ਜੈਮਲ ਸਿੰਘ ਜੀ ਟਿੱਬੇ ਵਾਲੇ ਵੀ ਇੱਥੇ ਹੀ ਰਹਿਕੇ ਸੰਤਾਂ ਦੀ ਸੇਵਾ ਕਰਦੇ ਸਨ। ਸੰਤ ਵਸਾਵਾ ਸਿੰਘ ਜੀ ਵੀਹਵੀਂ ਸਦੀ ਦੇ ਪਹਿਲੇ ਦਹਾਕੇ ਵਿਚ ਪਰਲੋਕ ਸਿਧਾਰ ਗਏ ਸਨ। ਹੁਣ ਸੰਤ ਜੈਮਲ ਸਿੰਘ ਜੀ ਨੂੰ ਆਵਾਜ਼ਾ ਹੋਇਆ ਕਿ ਟਿੱਬੇ ਤੇ ਚੱਲੋ। ਸੰਤ ਗੁਰੂ ਕੀ ਕਾਰ ਵਿਚ ਆਪਣੇ ਟਿੱਬੇ ਤੇ ਆ ਟਿਕੇ। ਹੁਣ ਸੰਤ ਸੰਮਾ ਸਿੰਘ ਜੀ ਭਾਵੇਂ ਜੈਮਲ ਸਿੰਘ ਜੀ ਦੇ ਬਰਾਬਰ ਹੀ ਸੰਤ ਵਸਾਵਾ ਸਿੰਘ ਦੇ ਸੇਵਕ ਸਨ ਪਰ "ਗੁਰੂ ਕੀ ਕਾਰ" ਦੇ ਵਾਰਿਸ ਸਮਝ ਕੇ ਉਹ ਹੁਣ ਸੰਤ ਵਸਾਵਾ ਸਿੰਘ ਜਿਉਂ ਹੀ ਸੰਤ ਜੈਮਲ ਸਿੰਘ ਹੋਰਾਂ ਦੀ ਸੇਵਾ ਵਿਚ ਸਮਰਪਿਤ ਹੋ ਗਏ। ਪੰਜ ਛੇ ਸਾਲ ਆਪ ਨੇ ਸੰਤਾਂ ਦੀ ਹਰ ਤਰ੍ਹਾਂ ਨਾਲ ਸੇਵਾ ਕਰਕੇ ਉਹਨਾਂ ਦੀਆਂ ਖੁਸ਼ੀਆਂ ਲਈਆਂ। ਵਿਹਲਾ ਸਮਾਂ ਨਾਮ ਬਾਣੀ ਨਾਲ ਜੁੜੇ ਰਹਿੰਦੇ। ਬੰਦਗੀ ਤਾਂ ਸੇਵਾ ਕਰਦੇ ਸਮੇਂ ਵੀ ਹੁੰਦੀ ਰਹਿੰਦੀ।

ਇਹਨਾਂ ਸਮਿਆਂ ਵਿਚ ਪੰਜਾਬ ਵਿਚ ਪਲੇਗ ਦੀ ਨਾਮੁਰਾਦ ਬੀਮਾਰੀ ਫੈਲ ਗਈ। ਘਰਾਂ ਦੇ ਘਰ ਖਾਲੀ ਹੋ ਗਏ। ਪਿੰਡ ਉੱਜੜ ਕੇ ਬਾਹਰ ਖੇਤਾਂ ਵਿਚ ਚਲੇ ਗਏ। ਆਪਣੀ ਅਧਿਆਤਮਿਕ ਮਾਨਤਾ ਤਹਿਤ ਲੋਕ ਦੋਹਾਂ ਸੰਤਾਂ ਜੈਮਲ ਸਿੰਘ ਤੇ ਸੰਮਾ ਸਿੰਘ ਜੀ ਨੂੰ ਆਪਣੇ ਘਰਾਂ ਵਿਚ ਲੈ ਜਾਂਦੇ। ਸੰਤਾਂ ਦੇ ਆਉਣ ਨਾਲ ਪਰਿਵਾਰ ਦਾ ਮਨੋਬਲ ਵਧ ਜਾਂਦਾ। ਰੋਗੀ ਠੀਕ ਹੋ ਜਾਂਦੇ। ਸੰਤ ਆਪਣੀ ਸਿਹਤ ਦੀ ਚਿੰਤਾ ਨਾ ਕਰਦਿਆਂ ਜਿੱਥੇ ਕੋਈ ਬੁਲਾਉਂਦਾ ਪੁੱਜਦੇ। ਸਤਿਗੁਰੂ ਰਾਮ ਸਿੰਘ ਜੀ ਦੇ ਪਵਿਤਰ ਨਾਮ ਦੇ ਆਸਰੇ ਰੋਗੀਆਂ ਦੀ ਸਿਹਤ-ਯਾਬੀ ਲਈ ਅਰਦਾਸ ਕਰਦੇ। ਲਾਭਵੰਤ ਹੋਣ ਵਾਲੇ ਪਰਿਵਾਰ ਆਪ ਨੂੰ ਗਊਆਂ ਦੇਣ ਲੱਗ ਪਏ, ਲੰਗਰ ਦੇ ਦੁੱਧ ਵਾਸਤੇ। ਚਾਲੀ ਪੰਜਾਹ ਗਊਆਂ ਹੋ ਗਈਆਂ। ਸੰਤ ਜੈਮਲ ਸਿੰਘ ਜੀ ਦੇ ਪੁੱਤਰ ਇਤਨੇ ਪਸ਼ੂਆਂ ਦੀ ਸਾਂਭ ਸੰਭਾਲ ਤੋਂ ਤੰਗ ਆ ਗਏ। ਸੰਤ ਜੀ ਨੇ ਆਪਣੀ ਸੰਗਤ ਇਕੱਠੀ ਕਰਕੇ ਸੰਮਾ ਸਿੰਘ ਜੀ ਨੂੰ ਕਿਹਾ ਕਿ ਅੱਧਾ ਮਾਲ ਵੰਡ ਕੇ ਤੁਸੀਂ ਲੈ ਜਾਉ। ਹੁਣ ਖਲਾਰਾ ਵਧਦਾ ਜਾਂਦਾ ਹੈ। "ਸੰਮਾ ਸਿੰਘ ਅਰਜ਼ ਕੀਤੀ—ਮੈਨੂੰ ਮਾਲ ਡੰਗਰ ਦੀ ਲੋੜ ਨਹੀਂ, ਮੈਂ ਤੇ ਆਪ ਜੀ ਦੀ ਖ਼ੁਸ਼ੀ ਲੈਣ ਵਾਸਤੇ ਆਇਆ ਹਾਂ। ਆਪ ਦੇ ਉੱਤੇ ਇਕ ਲੋਈ ਸੀ, ਆਪ ਜੀ ਨੇ ਉਹ ਵੀ ਉਤਾਰਕੇ ਸੰਤ ਜੈਮਲ ਸਿੰਘ ਜੀ ਦੇ ਚਰਨਾਂ ਵਿਚ ਰੱਖਕੇ ਕਿਹਾ ਕਿ ਇਹ ਵੀ ਆਪ ਜੀ ਦੀ ਏ, ਮੇਰੀ ਨਹੀਂ।

"ਸੰਤ ਜੈਮਲ ਸਿੰਘ ਜੀ ਮਸਤ ਹੋ ਗਏ। ਸੰਤ ਸੰਮਾ ਸਿੰਘ ਜੀ ਨੂੰ ਆਪਣੇ ਗਲ਼ ਨਾਲ ਲਾ ਕੇ ਹੁਕਮ ਕੀਤਾ-ਜਾਹ ਮੈਂ ਤੈਨੂੰ ਆਪਣਾ ਰੂਪ ਕੀਤਾ। ਸੰਤਾਂ ਨੇ ਖੁਸ਼ੀਆਂ ਲੈ

ਕੇ ਆਪਣੇ ਖੂਹ ਤੰਬੋਲੀ ਵਾਲੇ ਤੇ ਆਣ ਡੇਰਾ ਲਾਇਆ। ਜੱਸ ਸੁਣਕੇ ਹੁਣ ਦੂਰੋਂ ਦੂਰੋਂ ਸੰਗਤਾਂ ਆਪ ਪਾਸ ਆਉਣ ਲਗੀਆਂ। ਲੰਗਰ ਜਾਰੀ ਹੋ ਗਿਆ। ਜੋ ਜੀ ਆਏ, ਨਿਰਾਸਾ ਨਾ ਜਾਏ।"[13]

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਸੰਨ 1867 ਅਤੇ 1870 ਈ. ਵਿਚ ਦੋ ਹੋਲੇ ਮਹੱਲੇ ਖਾਲਸੇ ਦੀ ਜਨਮ ਭੂਮੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਕੀਤੇ ਸਨ। ਪ੍ਰਦੇਸ਼ ਗਮਨ ਸਾਕੇ ਤੋਂ ਕੋਈ ਵੀਹ ਤੀਹ ਸਾਲ ਤੱਕ ਤਾਂ ਨਾਮਧਾਰੀ ਪੰਥ ਇਹ ਹੋਲੇ ਮਹੱਲੇ ਜਾਂ ਹੋਰ ਮੇਲੇ, ਸਰਕਾਰੀ ਸਖਤੀ ਕਾਰਨ ਮਨਾ ਨਹੀਂ ਸੀ ਸੱਕਿਆ। ਗੁਰੂ ਹਰੀ ਸਿੰਘ ਜੀ ਨੂੰ ਆਯੂ ਦੇ ਆਖਰੀ ਛੇ ਸੱਤ ਸਾਲਾਂ ਵਿਚ, ਕੁਝ ਹੋਲੇ ਮਹੱਲੇ ਮਨਾਉਣ ਦੀ ਸੀਮਤ ਸਮੇਂ ਲਈ ਸਰਕਾਰੀ ਮਨਜ਼ੂਰੀ ਮਿਲੀ। ਸਤਿਗੁਰੂ ਪ੍ਰਤਾਪ ਸਿੰਘ ਜੀ ਪਿਤਾ ਗੁਰੂ ਦੇ ਜੀਵਨ ਕਾਲ ਤੋਂ ਇਹਨਾਂ ਹੋਲਿਆਂ ਵਿਚ ਜਾਂਦੇ ਅਤੇ 1906 ਈ. ਤੋਂ ਆਪ ਦੀ ਛਤਰ ਛਾਇਆ ਹੇਠ, ਹੋਲੇ ਮਹੱਲੇ, ਹਰ ਵਰ੍ਹੇ 1959 ਈ. ਤਕ ਮਨਾਏ ਜਾਂਦੇ ਰਹੇ। ਆਪ ਜੀ ਨੇ ਫਿਰ 42 ਸਾਲਾਂ ਬਾਅਦ ਇਤਿਹਾਸਿਕ ਨਗਰੀ ਅਨੰਦਪੁਰ ਸਾਹਿਬ ਵਿਖੇ ਨਾਮਧਾਰੀ ਪੰਥ ਦਾ ਹੋਲਾ ਮਹੱਲਾ ਮਾਰਚ 1912 ਈ. ਵਿਚ ਧੂਮ ਧਾਮ ਨਾਲ ਮਨਾਇਆ। ਇਤਿਹਾਸਕ ਅਸਥਾਨ ਤੇ ਦੋ ਪਹਿਲੇ ਹੋਲਿਆਂ ਦੀ ਯਾਦ ਵਿਚ ਨਾਮਧਾਰੀ ਪੰਥ ਦੇ ਇਸ ਹੋਲੇ ਮਹੱਲੇ ਵਿਚ ਸਮੂਹ ਨਾਮਧਾਰੀ ਸੰਗਤਾਂ, ਸਾਧੂ ਸੰਤ, ਵਧ ਚੜ੍ਹਕੇ ਪੁੱਜੇ। ਬਾਬਾ ਸੰਮਾ ਸਿੰਘ ਜੀ ਵੀ ਇਸ ਹੋਲੇ ਦੀ ਸੰਤ-ਮੰਡਲੀ ਵਿਚ ਸ਼ੋਭਾ ਪਾ ਰਹੇ ਸਨ।

ਨਾਮਧਾਰੀ ਹੋਲੇ ਮਹੱਲੇ ਦੀ ਇਹ ਰਵਾਇਤ ਹੈ ਕਿ ਅਗਲੇ ਹੋਲੇ ਵਾਸਤੇ ਹੋਲੇ ਦੇ ਭੋਗ ਵਾਲੇ ਦਿਨ, ਸੰਗਤਾਂ ਵੱਲੋਂ ਵੱਖ-ਵੱਖ ਅਰਜ਼ਾਂ ਪੁੱਜਦੀਆਂ ਹਨ। ਸਤਿਗੁਰੂ ਜੀ ਦੀ ਪ੍ਰਵਾਨਗੀ ਵਾਲੀ ਜਗ੍ਹਾ ਦਾ ਭੋਗ ਸਮੇਂ ਐਲਾਨ ਹੋ ਜਾਂਦਾ ਹੈ। ਹੋਲਾ ਕਰਾਉਣ ਵਾਲੀ ਸੰਗਤ ਨੂੰ ਆਪਣੇ ਸੰਗੀਆਂ ਸਾਥੀਆਂ ਨਾਲ, ਹੋਲੇ ਦੀ ਤਿਆਰੀ, ਖ਼ਰਚ ਖੇਚਲ ਲਈ ਸਾਲ ਭਰ ਦਾ ਸਮਾਂ ਮਿਲ ਜਾਂਦਾ ਹੈ।

ਭੋਗ ਵਾਲੇ ਦਿਨ ਜਦੋਂ ਮੰਚ ਸੰਚਾਲਕ, ਸੰਤ ਮੰਗਲ ਸਿੰਘ ਜੀ 'ਅਰਸ਼ੀ ਫਰਿਸ਼ਤਾ' ਨੇ ਹੋਲਾ ਅਭਿਲਾਖੀਆਂ ਦੇ ਉੱਠਣ ਦਾ ਐਲਾਨ ਕੀਤਾ ਤਾਂ ਝੱਟ ਪੱਟ ਪਾਟੇ ਕਛਿਹਰੇ, ਉੱਘੜ ਦੁੱਘੜ ਬਸਤਰਾਂ ਵਾਲੇ, ਸੰਤ ਸੰਮਾ ਸਿੰਘ ਜੀ ਆਪਣੇ ਇਲਾਕੇ ਦੀਆਂ ਕੁਝ ਸੰਗਤਾਂ ਸਮੇਤ, ਜਿਹਨਾਂ ਨੂੰ ਉਹ ਇਸੇ ਮਕਸਦ ਲਈ ਘਰੋਂ ਪਰੇਰਕੇ ਲਿਆਏ ਸੀ, ਉਠਕੇ ਖਲੋ ਗਏ ਕਿ ਸੰਤ ਜੀ ਹੋਲਾ ਮਹੱਲਾ ਸਾਨੂੰ ਕਰਾਉਣ ਲਈ ਦਰਗਾਹੀ ਹੁਕਮ ਲੱਗ ਰਿਹਾ ਏ।

ਸੰਤ ਮੰਗਲ ਸਿੰਘ ਜੀ ਨੇ ਪੁੱਛਿਆ ਕਿ ਹੋਲਾ ਕਿੱਥੇ ਕਰੋਗੇ? ਸੰਤਾਂ ਨੇ ਆਖਿਆ- ਮਾਂਗੇ ਪਿੰਡ ਦੇ ਰਕਬੇ ਵਿਚ ਆਪਣੇ ਖੂਹਾਂ ਤੇ ਕਰਾਂਗੇ। ਫਿਰ ਸੰਤ ਮੰਗਲ ਸਿੰਘ ਜੀ ਨੇ ਹੋਲੇ ਤੇ ਹੋਣ ਵਾਲੇ ਵੱਡੇ ਖਰਚੇ ਨੂੰ ਧਿਆਨ ਵਿਚ ਰੱਖਦਿਆਂ ਪੁੱਛਿਆ ਕਿ ਸੰਤ ਸੰਮਾ ਸਿੰਘ ਜੀ ਤੁਹਾਡੇ ਪਾਸ ਕਿਤਨਾ ਕੁ ਪੈਸਾ ਹੈ?

"ਸੰਤਾਂ ਨੇ ਮਸਤੀ ਵਿਚ ਆਕੇ ਜੁਆਬ ਦਿਤਾ ਕਿ ਸਾਰੀ ਦੁਨੀਆਂ ਦਾ ਧਨ ਸਾਡਾ ਹੀ ਏ, ਜਿੱਥੇ ਸਤਿਗੁਰਾਂ ਦੇ ਅਤੇ ਸਾਧ ਸੰਗਤ ਦੇ ਚਰਨ ਪੈਣਗੇ ਉੱਥੇ ਧਨ ਦਾ

ਕੋਈ ਘਾਟਾ ਨਹੀਂ ਰਹਿ ਜਾਏਗਾ। ਸੰਤ ਮੰਗਲ ਸਿੰਘ ਜੀ ਕਿਹਾ—"ਸੰਤ ਜੀ, ਹੋਲੇ ਇਸ ਤਰ੍ਹਾਂ ਨਹੀਂ ਹੋਇਆ ਕਰਦੇ। ਇਹ ਪੰਜ ਸੱਤ ਹਜ਼ਾਰ ਦਾ ਖਰਚ ਏ, ਤੁਹਾਡੇ ਪਾਸ ਕੌਡੀ ਨਹੀਂ, ਹੋਲਾ ਕਿਸ ਤਰ੍ਹਾਂ ਹੋਵੇਗਾ ? ਸੰਤ ਮੰਗਲ ਸਿੰਘ ਜੀ ਨੇ ਇਲਾਕੇ ਦੇ ਹੋਰਨਾਂ ਸੱਜਨਾਂ ਨੂੰ ਪੁੱਛਿਆ ਕਿ ਭਾਈ ਹੋਲਾ ਤੇ ਸਤਿਗੁਰੂ ਜੀ ਵੱਲੋਂ ਜ਼ਿਲ੍ਹਾ ਲਾਹੌਰ ਨੂੰ ਮਿਲ ਗਿਆ ਏ, ਪਰ ਤੁਹਾਡੇ ਵਿਚੋਂ ਜਿਹੜਾ ਬਹੁਤੀ ਕੁਰਬਾਨੀ ਕਰ ਸਕਦਾ ਹੋਵੇ ਤੇ ਬਹੁਤੀ ਖੇਚਲ ਝੱਲ ਸਕਦਾ ਹੋਵੇ, ਉੱਥੇ ਹੋਲਾ ਹੋਵੇਗਾ। ਬਾਬਾ ਲੱਖਾ ਸਿੰਘ ਜੀ ਜਾਗੂਵਾਲਿਆਂ ਕਿਹਾ—ਜੇ ਮੇਰੇ ਪਿੰਡ ਹੋਲਾ ਹੋਵੇ, ਤਾਂ ਮੈਂ 500 ਰੁਪੈ ਨਗਦ ਅਤੇ ਬਾਲਣ ਪੱਠੇ ਵਗੈਰਾ ਸਾਰਾ ਖਰਚ ਝੱਲਾਂਗਾ। ਮੇਰੇ ਅੱਗੇ ਸਾਕ ਵੀ ਤਕੜੇ ਹਨ ਜੇ ਕੋਈ ਔਖੀ ਸੌਖੀ ਬਣੀ ਤਾਂ ਹੋਰ ਕੰਮ ਵੀ ਸਾਰ ਸਕਦਾ ਹਾਂ। ਸੰਤ ਮੰਗਲ ਸਿੰਘ ਜੀ ਨੇ ਕਿਹਾ—ਤਦ ਹੋਲਾ ਫਿਰ ਜਾਗੂ ਵਾਲੇ ਹੀ ਹੋਵੇਗਾ। ਇਹ ਸੁਣਕੇ ਸੰਤ ਸੰਮਾ ਸਿੰਘ ਜੀ ਫਿਰ ਮਸਤ ਹੋ ਗਏ ਅਤੇ ਕਿਹਾ—ਮੇਰਾ ਸ਼ਾਹ ਮੈਨੂੰ ਹੁਕਮ ਕਰਦਾ ਹੈ ਕਿ ਮੈਂ ਦੇਈ ਜਾਵਾਂਗਾ ਤੂੰ ਲਈ ਜਾਂਵੀਂ, ਦੇ ਕੇ ਮੰਗਦਾ ਵੀ ਨਹੀਂ ਅਤੇ ਤੋਟ ਵੀ ਨਹੀਂ ਆਉਣ ਦੇਵਾਂਗਾ ਜਾਹ ! ਹੋਲਾ ਤੈਨੂੰ ਦਿਤਾ। ਮੰਗਲ ਸਿੰਘ ! ਹੋਲਾ ਮੇਰਾ ਏ ਤੇ ਮੈਂ ਕਰਨਾ ਏ ਤੇ ਜ਼ਰੂਰ ਕਰਨਾ ਏ। ਸੰਤ ਮੰਗਲ ਸਿੰਘ ਜੀ ਕਿਹਾ—ਸੰਤ ਜੀ ਭਜਨ ਕਰੋ, ਤੁਹਾਨੂੰ ਇਹਨਾਂ ਵਿਹਾਰਾਂ ਦਾ ਕੀ ਪਤਾ ਹੈ ? ਇਹ ਸੁਣਕੇ ਸੰਤ ਮੰਗਲ ਸਿੰਘ ਜੀ ਨੂੰ ਬਾਹੋਂ ਫੜ ਲਿਆ ਤੇ ਕਿਹਾ "ਆਓ ਤੁਹਾਨੂੰ ਆਪਣੇ ਦੇਸ਼ ਦਿਆਂ ਕੋਲ ਲੈ ਚੱਲਾਂ। ਇਹ ਮੇਰੇ ਦੇਸ਼ ਦੇ ਨਹੀਂ, ਜਿਨ੍ਹਾਂ ਕੋਲ ਤੁਸੀਂ ਆਏ ਹੋ।" ਸੰਤ ਮੰਗਲ ਸਿੰਘ ਜੀ ਸੰਤਾਂ ਦੇ ਨਾਲ ਤੁਰ ਪਏ। ਰਸਤੇ ਵਿਚ ਯੋਗੀ ਰਾਜ ਸੰਤ ਕੇਸਰ ਜੀ ਮੁਹਾਵੇ ਵਾਲੇ ਮਿਲ ਪਏ। ਮਿਲਦਿਆਂ ਹੀ ਠਾਕੁਰ ਜੀ ਨੇ ਬਚਨ ਕੀਤਾ—ਬੱਚਾ ਸੰਮਿਆ, ਜਾਹ ਹੋਲਾ ਤੈਨੂੰ ਦਿਤਾ। ਇਹ ਫ਼ਕੀਰਾਂ ਦੀ ਚੀਜ਼ ਏ, ਫ਼ਕੀਰਾਂ ਦਾ ਟੁਕੜਾ ਏ, ਇਸ ਨੂੰ ਹੋਰ ਕੋਈ ਨਹੀਂ ਖੋਹ ਸਕਦਾ। ਸੰਤਾਂ ਕਿਹਾ—"ਮੰਗਲ ਸਿੰਘਾ ! ਆਂਹਦੇ ਤੇ ਲੋਕੀਂ ਤੁਹਾਨੂੰ ਵੀ ਮਸਤਾਨੇ ਹੀ ਹਨ, ਪਰ ਤੁਸੀਂ ਕਿਸੇ ਖਚਰੇ ਦੇਸ਼ ਦੇ ਮਸਤਾਨੇ ਹੋ। ਵੇਖੋ ਜੇ ਸਾਡੇ ਦੇਸ਼ ਦੇ ਠਾਕੁਰ ਜੀ। ਇਹੋ ਜਿਹੇ ਹਨ ਸਾਡੇ ਦੇਸ਼ ਦੇ ਬੰਦੇ।" ਇਹ ਸਭ ਕੁਝ ਹੋਇਆ ਪਰ ਹੋਲਾ ਫਿਰ ਵੀ ਬਾਬਾ ਲੱਧਾ ਸਿੰਘ ਜੀ ਜਾਗੂਵਾਲੀਆਂ ਦਾ ਹੀ ਮਨਜ਼ੂਰ ਰਿਹਾ।"[14]

ਸਤਿਗੁਰੂ ਪ੍ਰਤਾਪ ਸਿੰਘ ਜੀ, ਦੀਪ ਮਾਲਾ ਸਮੇਂ ਅੰਮ੍ਰਿਤਸਰ ਦਰਸ਼ਨ ਦੇ ਰਹੇ ਸਨ। ਜਦੋਂ ਬਾਬਾ ਲੱਧਾ ਸਿੰਘ ਜਾਗੂ ਵਾਲਾ ਮੱਥਾ ਟੇਕਣ ਆਇਆ ਤਾਂ ਸਤਿਗੁਰੂ ਜੀ ਹੋਲੇ ਬਾਬਤ ਪੁੱਛਿਆ। ਉਹਨਾਂ ਕਿਹਾ ਕਿ ਮੈਂ ਹੋਲਾ ਕਰਨ ਦੀ ਤਾਕਤ ਨਹੀਂ ਰੱਖਦਾ। ਇਸ ਸਮੇਂ ਨੱਕੇ ਦੀ ਹੋਰ ਸੰਗਤ ਵੀ ਹਾਜ਼ਰ ਸੀ। ਯਾਦ ਰਹੇ ਕਿ ਮਾਂਗਾ ਲਾਹੌਰ ਦੇ ਜਿਸ ਖਿੱਤੇ ਵਿਚ ਆਉਂਦਾ ਸੀ ਉਸਨੂੰ 'ਨੱਕਾ' ਕਿਹਾ ਜਾਂਦਾ ਸੀ। ਸਤਿਗੁਰੂ ਜੀ ਨੇ ਨੱਕੇ ਦੀ ਬਾਕੀ ਸੰਗਤ ਵੱਲ ਇਸਾਰਾ ਕੀਤਾ ਕਿ ਕੌਣ ਇਹ ਕਾਰਜ ਕਰ ਸਕਦਾ ਹੈ ਜਾਂ ਕਿਹੜੇ ਪਿੰਡ ਦੀ ਸੰਗਤ ? ਪਰ ਕਿਸੇ ਹੁੰਗਾਰਾ ਨਾ ਭਰਿਆ। ਇਸ ਤਰ੍ਹਾਂ ਸੰਤ ਸੰਮਾ ਸਿੰਘ ਜੀ ਦੀ ਤੰਬੋਲੀ ਖੂਹਾਂ-ਮਾਂਗੇ, ਹੋਲਾ ਕਰਨ ਦੀ ਲਟਕਦੀ ਅਰਜ਼ ਨੂੰ, ਸਤਿਗੁਰੂ ਜੀ ਵਲੋਂ ਪੂਰਨ ਪਰਵਾਨਗੀ ਮਿਲ ਗਈ।

ਹੁਣ ਸੰਤ ਸੰਮਾ ਸਿੰਘ ਜੀ ਨੇ ਆਪਣੇ ਖੂਹਾਂ ਅਤੇ ਆਲੇ ਦੁਆਲੇ ਦੀ ਸੰਗਤ ਨੂੰ ਸਲਾਹ ਮਸ਼ਵਰੇ ਲਈ ਬੁਲਾਇਆ। ਆਦਤ ਅਨੁਸਾਰ ਕਈਆਂ ਨੇ ਪਹਿਲਾਂ ਤਾਂ ਥੋਹੜੀ ਨਾਂਹ ਨੁੱਕਰ ਵੀ ਕੀਤੀ ਕਿ ਸਾਡੇ ਨਾਲ ਰਾਇ ਕਰਕੇ ਹੋਲਾ ਮੰਗਿਆ ਜੇ। ਸੰਤ ਜੀ ਨੇ ਕਿਹਾ—ਜਿਸਦਾ ਇੱਕੋ "ਵੱਡਾ ਸਲਾਹਕਾਰ" ਹੋਵੇ ਉਹ ਫਿਰ ਕਿੰਨਿਆਂ ਕੂ ਨਾਲ ਸਲਾਹਾਂ ਕਰ ਸਕਦਾ ਹੈ।

ਆਲੇ ਦੁਆਲੇ ਦੀ ਸੰਗਤ ਆਪ ਪਾਸ ਰਸਤ-ਬਸਤ ਜਮ੍ਹਾਂ ਕਰਨ ਲੱਗ ਪਈ। ਕਈ ਪ੍ਰੇਮੀਆਂ ਨੇ ਆਪਣੀਆਂ ਜ਼ਮੀਨਾਂ ਗਹਿਣੇ ਪਾ ਪਾ ਕੇ ਵੀ ਇਸ ਹੋਲੇ ਮਹੱਲੇ ਲਈ ਸੰਤ ਜੀ ਪਾਸ ਮਾਇਆ ਪੁਚਾਉਣੀ ਸ਼ੁਰੂ ਕਰ ਦਿਤੀ। ਹੁਣ ਬਾਕੀ ਸਾਰਾ ਪਰਬੰਧ ਹੋ ਗਿਆ ਸੀ ਪਰ ਚਾਨਣੀ ਦਾ ਪ੍ਰਬੰਧ ਨਹੀਂ ਸੀ ਹੋ ਰਿਹਾ। ਵੈਸੇ ਤਾਂ ਹੋਲਾ ਸਰਦੀ ਦਾ ਮੌਸਮ ਮੁੱਕਣ ਤੇ ਹੁੰਦਾ ਹੈ ਪਰ ਧੁੱਪੇ ਬਹਿਣਾ ਔਖਾ ਹੋ ਜਾਂਦਾ ਹੈ। ਛਿੱਟ ਕਣੀ ਦਾ ਵੀ ਅੰਦੇਸ਼ਾ ਬਣਿਆ ਰਹਿੰਦਾ ਹੈ। ਰਾਇਵਿੰਡ ਇਕ ਸਰਦਾਰ ਪਾਸ ਚਾਨਣੀ ਦੀ ਦੱਸ ਪਈ। ਸੰਤ ਜੀ ਰਵਾਂ-ਰਵੀਂ ਸਰਦਾਰ ਦੇ ਘਰ ਚਲੇ ਗਏ। ਪੁਰਾਣੇ ਸਰਦਾਰਾਂ ਦੇ ਘਰ ਪੜਦਾ ਹੁੰਦਾ ਸੀ। ਸੰਤ ਬੇਧਿਆਨੇ ਉਸ ਦੇ ਜ਼ਨਾਨਖਾਨੇ ਵਿਚ ਚਲੇ ਗਏ। ਬੀਬੀਆਂ ਨੇ ਦੱਸਿਆ ਕਿ ਸਰਦਾਰ ਤਾਂ ਘਰ ਨਹੀਂ। ਅੰਦਰੋਂ ਨਿਕਲਦਿਆਂ ਨੂੰ ਵਿਹੜੇ ਵਿਚ ਹੀ ਸਰਦਾਰ ਮਿਲ ਗਿਆ। ਸੰਤਾਂ ਦੇ ਖੱਦਰ ਦੇ ਕੱਪੜੇ ਪਾਟਾ ਹੋਇਆ ਕਛਹਿਰਾ ਵੇਖ ਕੇ ਉਹ ਤਾਂ ਲੋਹਾ ਲਾਖਾ ਹੋ ਗਿਆ। ਆਖੇ—"ਹਾਂ ਹਾਂ ਤੁਸੀਂ ਮੇਰੇ ਘਰ ਅੰਦਰ ਆਏ ਹੀ ਕਿਉਂ ?" ਸੰਤਾਂ ਸ਼ਾਂਤੀ ਨਾਲ ਕਿਹਾ—ਭਾਈ ਇਕ ਸਿੱਖ ਦੇ ਘਰ ਸਿੱਖ ਨਾ ਆਵੇ ਤਾਂ ਹੋਰ ਕਿਸ ਆਉਣਾ ਹੋਇਆ। ਸਾਨੂੰ ਚਾਨਣੀ ਦੀ ਲੋੜ ਸੀ। ਤੇਰੇ ਕੋਲ ਚਾਨਣੀ ਸੁਣਕੇ ਆਏ ਸਾਂ। ਧੀਆਂ ਭੈਣਾਂ ਜਿਹੋ ਜਿਹੀਆਂ ਤੇਰੀਆਂ ਹਨ ਤਿਹੋ ਜਿਹੀਆਂ ਸਾਡੀਆਂ ਹਨ।" ਇਹ ਸੁਣਕੇ ਸਰਦਾਰ ਨੇ ਕਿਹਾ—"ਤੂੰ ਉਹ ਸੰਮਾ ਸਿੰਘ ਤੇ ਨਹੀਂ ਜਿਸ ਹੋਲਾ ਕਰਨ ਲਈ, ਲੋਕਾਂ ਦੀਆਂ ਜ਼ਮੀਨਾਂ ਗਹਿਣੇ ਪੁਆ ਦਿਤੀਆਂ ਹਨ।"

ਸੰਤਾਂ ਨੇ ਕਿਹਾ—ਤੂੰ ਸਾਨੂੰ ਤਿੰਨ ਦਿਨ ਲਈ ਚਾਨਣੀ ਨਹੀਂ ਦਿੰਦਾ, ਸਾਡੇ ਆਖੇ ਕੋਈ ਜ਼ਮੀਨਾਂ ਕਦ ਗਹਿਣੇ ਪਾਉਣ ਲੱਗਾ ਏ ? ਸਰਦਾਰ ਨੇ ਚਾਨਣੀ ਨਾ ਦਿਤੀ। ਸੰਤਾਂ ਨੇ ਮਸਤ ਹੋ ਕੇ ਕਿਹਾ—ਜਿਸ ਹੋਲਾ ਦਿਤਾ ਏ ਉਹ ਛਾਂ ਵੀ ਆਪ ਹੀ ਕਰੇਗਾ।[15]

ਮਿੱਥੇ ਦਿਨਾਂ ਤੇ ਹੋਲਾ ਸ਼ੁਰੂ ਹੋ ਗਿਆ। ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਹੋਲੇ ਤੋਂ ਪਹਿਲਾਂ ਵੀ ਖੂਹਾਂ ਦੀ ਸੰਗਤ ਨੂੰ, ਦਰਸ਼ਨ ਦੇਕੇ ਆਪਣਾ ਥਾਪੜਾ ਦੇ ਗਏ ਸਨ। ਹੋਲੇ ਤੇ ਸੰਗਤ ਹੁੰਮ ਹੁੰਮਾ ਕੇ ਪੁੱਜਣੀ ਸ਼ੁਰੂ ਹੋਈ। ਰਾਇਵਿੰਡ ਸਟੇਸ਼ਨ ਤੋਂ ਉੱਤਰਦੀਆਂ ਹੰਸਾਂ ਦੀਆਂ ਡਾਰਾਂ ਦੇ ਦਰਸ਼ਨ ਕਰ ਕਰਕੇ, ਉਸ ਸਰਦਾਰ ਦਾ ਮਨ ਵੀ ਪਸੀਜ ਗਿਆ। ਉਹ ਵੀ ਹੋਲੇ ਵਾਲੀ ਜਗ੍ਹਾ ਤੇ ਪੁੱਜਕੇ, ਸੰਤਾਂ ਪਾਸੋਂ ਕਿਸੇ ਸੇਵਾ ਦੀ ਮੰਗ ਕਰਨ ਲੱਗਾ। ਸੰਤ ਜੀ ਨੇ ਕਿਹਾ ਕਿ ਲੰਗਰ ਵਿਚ ਜਾ ਕੇ ਸੰਗਤਾਂ ਵਿਚ ਪਰਸ਼ਾਦੇ ਵਰਤਾਓ। ਉਸ ਕਿਹਾ ਕਿ ਇਹ ਸੇਵਾ ਤਾਂ ਮੈਥੋਂ ਹੋਣੀ ਨਹੀਂ ਕੋਈ ਮਾਇਆ ਆਦਿ ਦੀ ਸੇਵਾ ਦੱਸ ਦਿਉ। ਸੰਤ ਜੀ ਨੇ ਆਖਿਆ—"ਜਿਸ ਹੋਲਾ ਦਿਤਾ ਏ ਉਸ ਮਾਇਆ ਦੀ ਲੋੜ ਰਹਿਣ ਹੀ ਨਹੀਂ

ਦਿਤੀ। ਤੁਸੀਂ ਸੰਗਤ ਵਿਚ ਜਾ ਕੇ ਸਤਿਗੁਰੂ ਜੀ ਅਤੇ ਸੰਗਤ ਦਾ ਦਰਸ਼ਨ ਕਰੋ। ਕੀਰਤਨ ਸੁਣੋ।"

ਹੋਲੇ ਦੇ ਤਿੰਨੇ ਦਿਨ ਅਸਮਾਨ ਤੇ ਘਣੇ ਬੱਦਲ ਛਾਏ ਰਹੇ। 'ਕੁਦਰਤੀ-ਚਾਨਣੀ' ਪੰਡਾਲ ਵਿਚ ਤਣੀ ਰਹੀ। ਇਕ ਦਿਨ ਬੱਦਲ ਇਤਨਾ ਘੁਲਿਆ ਕਿ ਹੁਣੇ ਵਰ੍ਹਿਆ ਕਿ ਵਰ੍ਹਿਆ ਵਾਲੀ ਹਾਲਤ ਸੀ। ਲਾਂਗਰੀ ਸਿੰਘਾਂ ਨੇ ਅਰਜ਼ ਕੀਤੀ—"ਸੰਤ ਜੀ ਜੇ ਬਾਰਸ਼ ਆ ਗਈ ਕੀ ਕਰਾਂਗੇ, ਲੰਗਰ ਤੇ ਕੋਈ ਆਸਰਾ ਨਹੀਂ।" ਸੰਤ ਜੀ ਫਿਰ ਮਸਤਾਨੀ ਬਿਰਤੀ ਵਿਚ ਹੋ ਗਏ ਕਹਿਣ ਲੱਗੇ—"ਜੇ ਇਕ ਛਿੱਟ ਵੀ ਲੋਹ ਉੱਤੇ ਪੈ ਗਈ ਤਾਂ ਤੁਹਾਡਾ ਜੋ ਜੀਅ ਚਾਹੇ ਸਾਨੂੰ ਆਖਣਾ। ਪੌਣ ਪਾਣੀ ਅੱਗ ਸਭ ਮੇਰੇ ਸਤਿਗੁਰੂ ਦੇ ਹੁਕਮ ਅਨੁਸਾਰ ਵਰਤਦੇ ਹਨ।"[16]

ਸੰਤ ਸੰਮਾ ਸਿੰਘ ਜੀ ਹੋਲੇ ਦੇ ਦਿਨਾਂ ਵਿਚ ਮਸਤਾਨੀ ਅਵਸਥਾ ਵਿਚ ਵਿਚਰਦੇ ਕਦੇ ਇਸ ਪਾਸੇ, ਕਦੇ ਉਸ ਪਾਸੇ। ਉਹ ਸ਼ਬਦ ਪੜ੍ਹਦੇ ਸਨ—

ਸੰਤਾਂ ਕੇ ਕਾਰਜਿ ਆਪਿ ਖਲੋਇਆ
ਹਰਿ ਕੰਮੁ ਕਰਾਵਣਿ ਆਇਆ ਰਾਮ।

(ਸ੍ਰੀ ਆਦਿ ਗੁਰੂ ਗਰੰਥ ਸਾਹਿਬ)

ਆਸਾ ਦੀ ਵਾਰ ਦਾ ਐਸਾ ਰਸ ਬਣਿਆ ਕਿ ਭੋਗ ਪਾਉਣ ਦਾ ਖਿਆਲ ਹੀ ਨਾ ਆਵੇ। ਲੰਗਰ ਅਤੁੱਟ ਵਰਤਿਆ। ਕਿਸੇ ਪਦਾਰਥ ਦੀ ਘਾਟ ਨਾ ਰਹੀ। ਇਹ ਸਾਬਤ ਹੋਇਆ ਕਿ ਗੁਰੂ ਕੇ ਮਸਤਾਨੇ ਸਿੰਘ ਜਦੋਂ ਕਿਸੇ ਕਾਰਜ ਲਈ ਕਮਰਕੱਸੇ ਕਰ ਲੈਣ ਤਾਂ ਉਹ ਮੋਰਚਾ ਅਵੱਸ਼ ਫਤੇਹ ਹੋ ਜਾਂਦਾ ਹੈ। ਸੰਤ ਸੰਮਾ ਸਿੰਘ ਜੀ ਦੇ ਪਾਸ ਲਾਹੌਰ ਦੇ ਜ਼ਿਲ੍ਹੇ ਦੇ ਅਨੇਕ ਸਾਧੂ ਸੰਤ ਆਕੇ, ਨਿਵਾਸ ਰੱਖਿਆ ਕਰਦੇ ਸਨ ਜਿਹਨਾਂ ਵਿਚੋਂ ਸੰਤ ਸੁੰਦਰ ਸਿੰਘ ਜੀ ਪਾਜੀ ਵਾਲੇ ਬੜੇ ਮਸ਼ਹੂਰ ਸੰਤ ਸਨ। ਉਹ ਸੰਤ ਸੰਮਾ ਸਿੰਘ ਦੇ ਡੇਰੇ ਤੇ ਲੰਗਰ ਦੀ ਸੇਵਾ ਕਰਦੇ ਰਹੇ ਸਨ। ਉਹਨਾਂ ਦੇ ਦੱਸਣ ਅਨੁਸਾਰ ਜੇ ਦੋ ਤਿੰਨ ਦਿਨ, ਡੇਰੇ ਵਿਚ ਕੋਈ ਸਿੱਖ ਸਾਧ ਨਾ ਆਉਣਾ ਤਾਂ ਸੰਤ ਸੰਮਾ ਸਿੰਘ ਜੀ ਨੇ ਪਰਸ਼ਾਦਾ ਅਨਚੋਪੜਿਆ ਛਕਣਾ ਅਤੇ ਕਹਿਣਾ ਜਿਹਨਾਂ ਦੀ ਚੀਜ਼ ਏ ਜੇ ਉਹ ਨਹੀਂ ਛਕਦੇ ਤਾਂ ਅਸੀਂ ਕਿਉਂ ਛਕੀਏ। ਘਿਉ ਜੋੜੀ ਜਾਣਾ। ਸੰਤ ਜੀ ਸਾਲ ਵਿਚ ਦੋ ਮੇਲੇ ਕਰਦੇ—ਇਕ ਸਤਿਗੁਰੂ ਜੀ ਦੇ ਪ੍ਰਦੇਸ਼ ਗਮਨ ਵਾਲੇ ਦਿਨ ਪੰਜ ਮਾਘ ਨੂੰ ਅਤੇ ਦੂਸਰਾ ਨਿਮਾਣੀ ਇਕਾਦਸ਼ੀ ਨੂੰ।

ਸੰਮਾ ਸਿੰਘ ਜੀ ਦੇ ਪਿਤਾ ਦਾ ਨਾਮ ਅਮਰ ਸਿੰਘ ਸੀ ਜਿਸਦੇ ਚਾਰ ਪੁੱਤਰ ਸਨ। ਇਕ ਛੋਟੀ ਉਮਰੇ ਗੁਜ਼ਰ ਗਿਆ। ਸੰਨ 1927 ਈ. ਦੇ ਮਈ ਮਹੀਨੇ ਵਿਚ ਸੰਤ ਸੰਮਾ ਸਿੰਘ ਜੀ ਆਪਣੇ ਡੇਰੇ ਵਿਖੇ ਅਕਾਲ ਚਲਾਣਾ ਕਰ ਗਏ। ਆਪ ਦੇ ਭੋਗ ਮੇਲੇ ਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਇਲਾਕੇ ਦੀਆਂ ਸੰਗਤਾਂ ਨੇ ਦਰਸ਼ਨ ਦਿਤੇ। ਸੰਤ ਸੰਮਾ ਸਿੰਘ ਜੀ ਅਤੇ 1913 ਈ. ਦਾ ਮਾਂਗੇ ਦਾ ਤੰਬੋਲੀ ਵਾਲੇ ਖੂਹ ਤੇ ਹੋਇਆ ਹੋਲਾ ਮਹੱਲਾ, ਨਾਮਧਾਰੀ ਇਤਿਹਾਸ ਦੀ ਇਕ ਵਿਲੱਖਣ ਘਟਨਾ ਬਣ ਗਏ ਹਨ। ਸੰਤ ਜੀ ਚੰਗੀ ਜ਼ਮੀਨ ਜਾਇਦਾਦ ਦੇ ਮਾਲਕ ਸਨ ਪਰ ਆਪ ਜੀ ਨੇ ਬਿਹੰਗਮ ਵਿਚਰਦਿਆਂ, ਸਾਧੂ ਮਤੇ ਵਿਚ ਹੀ ਅਵਿਵਾਹਿਤ ਰਹਿਕੇ, ਆਪਣੇ ਜਤ ਸਤ ਵਿਚ ਜੀਵਨ ਬਤੀਤ

ਕੀਤਾ। ਵੀਰ ਸਿੰਘ ਅਤੇ ਬੂਟਾ ਸਿੰਘ ਨਾਮੀਂ ਆਪ ਦੇ ਦੋ ਭਾਈਆਂ ਦੇ ਹੀ ਪਰਿਵਾਰ ਸਨ। ਵੀਰ ਸਿੰਘ ਹੋਰਾਂ ਦਾ ਚਲਾਣਾ 1960 ਈ. ਵਿਚ ਕਰੀਵਾਲਾ (ਸਿਰਸਾ) ਵਿਖੇ ਹੋਇਆ ਜਿੱਥੇ ਅਤੇ ਆਸ ਪਾਸ ਉਹਨਾਂ ਦੇ ਤਿੰਨਾ ਪੁੱਤਰਾਂ, ਫ਼ੌਜਾ ਸਿੰਘ, ਸ਼ਿਗਾਰਾ ਸਿੰਘ ਅਤੇ ਬਾਜ ਸਿੰਘ ਹੋਰਾਂ ਦੇ ਪਰਿਵਾਰ ਵੱਸਦੇ ਹਨ। ਬੂਟਾ ਸਿੰਘ ਦੀ ਇੱਕੋ ਪੁੱਤਰੀ ਬੀਬੀ ਰਾਜਣ ਸੀ। ਉਸਦਾ ਅਨੰਦ ਕਾਰਜ ਨੱਥੋਕੇ (ਲਾਹੌਰ) ਦੇ ਨਾਮਧਾਰੀ ਸਿੱਖ, ਹਜਾਰਾ ਸਿੰਘ ਸਿੱਧੂ ਨਾਲ ਹੋਇਆ। ਹਜਾਰਾ ਸਿੰਘ ਹੋਰਾਂ ਦਾ ਪਰਿਵਾਰ ਜੀਵਤ ਪੁੱਤਰ ਮਹਿੰਦਰ ਸਿੰਘ ਅਤੇ ਉਹਨਾਂ ਦੇ ਸੁਰਗਵਾਸੀ ਭਰਾਵਾਂ, ਤੇਜਾ ਸਿੰਘ, ਕਰਤਾਰ ਸਿੰਘ, ਅਜਾਇਬ ਸਿੰਘ ਦੇ ਪਰਿਵਾਰ, ਕਰੀਵਾਲਾ (ਸਿਰਸਾ), ਰਾਣੀਆਂ ਅਤੇ ਹੋਰ ਪਿੰਡਾਂ ਵਿਚ ਰਹਿੰਦੇ ਹਨ।

ਸੰਤ ਸੰਮਾ ਸਿੰਘ ਜੀ ਉਹ ਹਲ-ਵਾਹ ਸਾਧੂ ਸਨ ਜਿਹਨਾਂ ਨੂੰ ਗੁਰਬਾਣੀ ਦੀਆਂ ਬਾਰੀਕੀਆਂ ਦੀ ਸਾਰ ਸੀ। ਉਹਨਾਂ ਦੇ ਡੇਰੇ ਤੇ ਵਿਵੇਕ ਸ਼ੀਲ ਸੱਜਣ ਹੀ ਜੁੜਦੇ ਸਨ। ਸਤਿਗੁਰੂ ਪਰਤਾਪ ਸਿੰਘ ਜੀ ਵੀ ਇਸ ਤਰ੍ਹਾਂ ਦੇ ਦਾਨਿਆਂ ਮਸਤਾਨਿਆਂ ਦੇ ਦਰਸ਼ਨ, ਵੱਡੇ ਚਾਅ ਨਾਲ ਕਰਿਆ ਕਰਦੇ ਸਨ। ਗੁਰਬਾਣੀ ਵਿਚਾਰ ਪਰਕਰਣ ਦੇ ਸਬੰਧ ਵਿਚ, ਸੰਤ ਸੰਮਾ ਸਿੰਘ ਜੀ ਦੇ ਡੇਰੇ ਦੀ ਇਕ ਵਿਚਾਰ ਚਰਚਾ ਆਪ ਦੇ ਉਪਦੇਸ਼ ਵਿਚ ਮਿਲਦੀ ਹੈ—

"ਇਕ ਦਿਨ ਬੈਠਿਆਂ ਸ਼ਬਦ ਤੇ ਵਿਚਾਰ ਸ਼ੁਰੂ ਹੋ ਗਈ, ਤੰਬੋਲੀ ਦੇ ਖੂਹਾਂ ਤੇ ਮਾਂਗੇ ਸੰਤ ਸੰਮਾ ਸਿੰਘ ਹੁਰੀਂ ਜਿੱਥੇ ਸਨ। ਉੱਥੇ ਬੈਠਿਆਂ ਬਚਨ ਚੱਲ ਪਿਆ—

ਬੇਢੀ ਕੇ ਗੁਣ ਸੁਨਿ ਰੀ ਬਾਈ
ਜਲਧਿ ਬਾਂਧਿ ਧ੍ਰੂ ਥਾਪਿਓ ਹੋ ॥

—ਸੋਰਠ ਨਾਮਦੇਵ ਜੀ, ਪੰਨਾ-(657)

ਇਹਦਾ ਅਰਥ ਕੁਝ ਸੱਜਣਾਂ ਨੇ ਐਸਾ ਕੀਤਾ—ਉਨ੍ਹੇ ਰਾਮ ਚੰਦਰ ਦੇ ਰੂਪ 'ਚ ਸਮੁੰਦਰ ਦਾ ਪੁਲ ਬੱਧਾ। ਮੈਂ ਜਿਹੜਾ ਅਰਥ ਸੁਣਿਆ ਸੀ, ਸੰਤਾਂ ਤੋਂ—ਉਹ ਇਹ ਉਹਨਾਂ ਕੀਤਾ ਕਿ ਸਮੁੰਦਰ ਦਾ ਪਾਣੀ ਜਿਹੜਾ ਉਹ ਚਾਰ ਜੋਜਨ ਜ਼ਮੀਨ ਤੋਂ ਉੱਚਾ ਖੜਾ ਹੈ, ਇਹ ਉਸਦੀ ਬਖਸ਼ਿਸ਼ ਨਾਲ ਖੜ੍ਹਾ ਹੈ। ਇਕ ਸਾਧੂ ਸਾਡਾ ਹਲ ਵਾਹ ਜ਼ਿਮੀਦਾਰ ਉਹ ਕਹਿੰਦਾ—ਇਉਂ ਨਹੀਂ ਜੀ, ਗੱਲ ਇਹ ਹੈ ਬਈ-ਜਲਧਿ ਬਾਂਧਿ—ਬੱਦਲਾਂ 'ਚ ਕਰੋੜਾਂ ਮਣ ਪਾਣੀ ਬੰਨ੍ਹ ਦਿਤਾ ਹੈ, ਉਸਨੇ। ਅਸੀਂ ਉੱਥੇ ਹੈਰਾਨ ਹੋਏ। ਜਿਹੜਾ ਉੱਤੋਂ ਬਾਰਸ਼ਾਂ 'ਚ ਪਾਣੀ ਆਉਂਦਾ ਹੈ—ਜਲਧਿ ਬਾਂਧਿ ਧ੍ਰੂ ਥਾਪਿਓ ਹੋ। ਇਹ ਗੁਰੂ ਦੇ ਘਰ ਦੀ ਬੇਅੰਤ ਵਡਿਆਈ ਹੈ। ਇਸ ਤਰ੍ਹਾਂ ਹੀ ਕੋਈ ਵੀ ਆਦਮੀ ਕੋਈ ਕੰਮ ਕਰਨ ਲੱਗਦਾ ਹੈ, ਜੇ ਉਸ ਕੰਮ ਵਿਚ ਉਹ ਕਿਸੇ ਦੀ ਅਕਲ ਨੂੰ ਮਾੜੀ ਜਾਣਦਾ ਹੈ—ਠੀਕ ਨਹੀਂ। ਹਾਂ, ਵਿਚਾਰ ਕਰੋ ਬੈਠਕੇ, ਇੱਕ ਦੋ ਚਾਰ ਗੱਲ।[17]

## ਹਵਾਲੇ ਅਤੇ ਟਿੱਪਣੀਆਂ


1. ਪ੍ਰੀਤਮ ਸਿੰਘ ਕਵੀ ਦਾ ਲੇਖ-ਗੁਰੂ ਦੀਆਂ ਕਾਰਾਂ, ਸਤਿਜੁਗ ਸ੍ਰੀ ਭੈਣੀ ਸਾਹਿਬ ਦਾ ਸੰਤ ਅੰਕ, 20 ਭਾਦਰੋਂ ਸੰਬਤ 1998 ਇ., ਸਫਾ 133

2. ਸਫਾ 134
3. ਸਫਾ 134
4. ਸਤਿਗੁਰੂ ਬਿਲਾਸ-ਭਾਗ ਦੂਜਾ, ਸੰਤ ਸੰਤੋਖ ਸਿੰਘ ਬਾਹੋਵਾਲ, ਸਫਾ 176-77
5. ਲਾਲ ਏਹਿ ਰਤਨ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪਵਿਤਰ ਉਪਦੇਸ਼-2 (ਸੰ. ਪ੍ਰਿੰ. ਬੇਅੰਤ ਕੌਰ), ਸਫਾ 271-72
6. ਉਪਰੋਕਤ ਸੰਤ ਅੰਕ, ਸਫਾ 136
7. ਉਪਰੋਕਤ, ਸਫਾ 137
8. ਕੂਕਾਜ਼ ਆਫ ਨੋਟ ਇਨ ਦਾ ਪੰਜਾਬ, (ਦਸਤਾਵੇਜ਼-1881 ਈ.) ਸ੍. ਜਸਵਿੰਦਰ ਸਿੰਘ, ਸਫਾ 102-05
9. ਸੰਤ ਅੰਕ, ਸਫਾ 137-38
10. ਉਪਰੋਕਤ, ਸਫਾ 140-41
11. ਜੱਸ ਜੀਵਨ, ਜਿਲਦ ਚੌਥੀ, ਸੰਤ ਤਰਨ ਸਿੰਘ ਵਹਿਮੀ, ਸਫਾ 56
12. ਉਪਰੋਕਤ, ਸੰਤ ਇੰਦਰ ਸਿੰਘ ਚੱਕਰ ਵਰਤੀ ਜੀ ਦਾ ਲੇਖ, ਸੰਤ ਸੰਮਾ ਸਿੰਘ ਜੀ ਮਾਂਗਾ, ਸਫਾ 118.
13. ਉਪਰੋਕਤ ਸੰਤ ਅੰਕ, ਸਫਾ 119-20
14. ਉਪਰੋਕਤ, ਸਫਾ 120-21
15. ਉਪਰੋਕਤ, ਸਫਾ 121
16. ਉਪਰੋਕਤ, ਸਫਾ 122
17. ਲਾਲ ਏਹਿ ਰਤਨ, ਪਵਿਤਰ ਉਪਦੇਸ਼-5, ਸਫਾ 347

# ਆਸ਼ਕਾਂ ਸਾਦਕਾਂ ਦੇ ਕੀਰਤਨੀਏ-ਸੰਤ ਲਾਲ ਸਿੰਘ ਜੀ 'ਭੂਰੇ ਗਿੱਲ'

"ਆਸ਼ਕ ਜੇਡ ਬੇ ਅਕਲ ਨਾ ਕੋਈ, ਜਿਨ ਜਾਣ ਸਮਝ ਨਿਤ ਤਪਣਾ।
ਵੇਦ ਕੁਰਾਨ ਪੜ੍ਹੇ ਜੱਗ ਸਾਰਾ, ਉਸ ਨਾਮ ਜਾਨੀ ਦਾ ਜਪਣਾ।
ਆਤਸ਼ ਲੈਣ ਬਿਗਾਨੇ ਘਰ ਦੀ, ਅਤੇ ਫੂਕ ਦੇਵਣ ਘਰ ਅਪਣਾ।
*ਹਾਸ਼ਮ ਸ਼ਾਹ ਕੀ ਹਾਸਲ ਇਸ਼ਕੋਂ, ਐਵੇਂ ਮੁਫਤ ਬਿਰਹੋਂ ਵਿੱਚ ਖਪਣਾ।"*

ਸੂਫੀ ਕਵੀ ਬਾਬਾ ਹਾਸ਼ਮ ਸ਼ਾਹ ਦਰਦ ਫਿਰਾਕ ਦੇ ਮਾਰੇ ਆਸ਼ਕਾਂ ਦੀਆਂ ਬਾਤਾਂ, ਆਪਣੇ ਕਲਾਮ ਵਿੱਚ ਪਾਉਂਦੇ ਹਨ। ਪੰਜਾਬ ਵਿੱਚ ਨਾਮਧਾਰੀਆਂ ਜਾਂ ਕੂਕਿਆਂ ਨੇ ਸਤਿਗੁਰੂ ਰਾਮ ਸਿੰਘ ਜੀ ਦਾ ਇਹ ਬਿਰਹਾ ਵੀ ਘਰ ਫੂਕਣ ਵਾਲੇ ਅੰਦਾਜ਼ ਵਿੱਚ ਹੰਡਾਇਆ। ਉਹ ਪਰਦੇਸੀ ਪ੍ਰੀਤਮ ਦੇ ਵਿਯੋਗ ਵਿੱਚ ਵਰ੍ਹਿਆਂ ਬੱਧੀ, ਘਰਾਂ ਦੇ ਕੰਮ ਕਾਰ ਤਿਆਗ ਕੇ, ਸਿਰਫ ਉਹਨਾਂ ਬਾਰੇ ਬਚਨ ਬਿਲਾਸ ਕਰਨ, ਉਹਨਾਂ ਦੇ ਨਾਮ ਦਾ ਡੰਕਾ ਸਰਕਾਰੀ ਸਖਤੀਆਂ ਝੱਲ ਕੇ ਵੀ ਵਜਾਉਣ ਵਿੱਚ ਰੁੱਝੇ ਰਹਿੰਦੇ ਸਨ। ਉਹ ਦੀਵਾਨਿਆਂ ਹਾਰ ਪਿੰਡ ਪਿੰਡ ਫਿਰਦੇ, ਗੁਰੂ ਪਿਆਰਿਆਂ ਦੇ ਹਿਰਦੇ ਟਟੋਲ ਕੇ ਬਿਰਹੋਂ ਦੀ ਭਾਹ ਨੂੰ ਹੋਰ ਭੜਕਾਉਂਦੇ ਸਨ। ਉਹਨਾਂ ਨੇ ਸਰਦਾਰੀਆਂ ਛੱਡ ਦਿੱਤੀਆਂ, ਜ਼ਮੀਨ ਜਾਇਦਾਦਾਂ ਦਾ ਲਾਲਚ ਨਾ ਕੀਤਾ ਅਤੇ ਕਈਆਂ ਨੇ ਤਾਂ ਇਸੇ ਮਸਤ ਬਿਰਤੀ ਵਿੱਚ ਅੱਠੇ ਪਹਿਰ ਫਿਰਦਿਆਂ ਘਰ ਬਾਰ ਤੱਕ ਵੀ ਨਾ ਵਸਾਏ। ਹਰ ਕੂਕੇ ਦਾ ਘਰ ਉਹਨਾਂ ਦਾ ਘਰ ਸੀ। ਅਜਿਹੇ ਮਸਤਾਨੇ ਸਿੰਘ ਜਿੱਥੇ ਵੀ ਪੁੱਜਦੇ ਸੰਗਤ ਨੂੰ ਚਾਅ ਚੜ੍ਹ ਜਾਂਦੇ ਸਨ। ਉਹ ਨਾਮਧਾਰੀਆਂ ਨੂੰ ਦਿਲਾਸੇ ਦਿੰਦੇ, ਧੀਰਜ ਬੰਨ੍ਹਾਉਂਦੇ ਕਿ ਸਦਾ ਇਹ ਸਖਤੀਆਂ ਦਾ ਦੌਰ, ਇਹਨਾਂ ਗੁਰੂ ਪਿਆਰਿਆਂ ਲਈ ਨਹੀਂ ਹੈ। ਰੁੱਤਾਂ ਬਦਲਣਗੀਆਂ। ਖ਼ਿਜ਼ਾਂ ਜਾਏਗੀ ਅਤੇ ਬਸੰਤ ਬਹਾਰ ਆਏਗੀ। ਆਪਣੇ ਕੂਕਾ ਪਰਚਾਰ ਵਿੱਚ ਦਿਨ ਰਾਤ ਮਸਤ ਹੋ ਕੇ, ਉਹ ਸਤਿਗੁਰੂ ਰਾਮ ਸਿੰਘ ਜੀ ਦੁਆਰਾ ਲੋਕ ਮਨਾਂ ਵਿੱਚ ਬਾਲੀਆਂ, ਬਦੇਸ਼ੀ ਸਰਕਾਰ ਵਿਰੁੱਧ ਵਿਦਰੋਹ ਦੀਆਂ ਚੰਗਿਆੜੀਆਂ ਨੂੰ ਹੋਰ ਪਰਚੰਡ ਕਰਦੇ ਸਨ। ਨਵੇਂ ਲੋਕਾਂ ਨੂੰ ਮਨੁੱਖਾ ਜੀਵਨ ਦਾ ਅਸਲ ਮਨੋਰਥ, ਵਿਸ਼ੇ ਵਿਕਾਰਾਂ ਦੀ ਕੈਦ ਵਿੱਚੋਂ ਨਿਕਲ ਕੇ, ਮੁਕਤ ਜੀਵਨ ਜਾਚ ਦੇ ਰਾਹ ਤੇ ਪਾਉਂਦੇ ਸਨ। ਮਾਝੇ ਵਿੱਚ ਉਨੀਵੀਂ ਸਦੀ ਦੀ ਆਖਰੀ ਚੌਥਾਈ ਵਿੱਚ ਇੱਕ ਸੰਤ ਵਰਿਆਮ ਸਿੰਘ ਜੀ "ਛੈਣਿਆਂ ਵਾਲੇ" ਨਾਮ ਨਾਲ ਮਸ਼ਹੂਰ, ਐਸੇ ਹੀ ਪਹੁੰਚੇ ਹੋਏ ਕੂਕੇ ਮਸਤਾਨੇ ਸਾਧੂ ਸਨ।

ਇਹਨਾਂ ਬਾਬਾ ਛੈਣਿਆਂ ਵਾਲਿਆਂ ਦੀ ਸੰਗਤ ਨਾਲ ਕੂਕਾ ਜੀਵਨ ਵਿੱਚ ਆ ਕੇ, ਪ੍ਰਸਿੱਧ ਕੀਰਤਨੀਏ ਵਜੋਂ ਵਖਿਆਤ ਹੋਣ ਵਾਲੇ, ਸੰਤ ਲਾਲ ਸਿੰਘ ਜੀ ਭੂਰੇ ਗਿੱਲ (ਜ਼ਿਲ੍ਹਾ ਅੰਮ੍ਰਿਤਸਰ) ਉੱਘੇ ਨਾਮਧਾਰੀ ਸੰਤ ਹੋਏ ਹਨ। ਸੰਤ ਲਾਲ ਸਿੰਘ ਜੀ ਬਾਰੇ ਨਾਮਧਾਰੀ ਵਿਦਵਾਨ, ਮਾਸਟਰ ਨਿਹਾਲ ਸਿੰਘ ਹੋਰਾਂ ਦੀ ਮਸਤਾਨੀ ਲੇਖਣੀ ਅੰਕਿਤ

ਕਰਦੀ ਹੈ: "ਰੱਬ ਦੇ ਵਿਹੜੇ ਦੇ ਖਿਡਾਰੀ, ਜਿਹਨਾਂ ਦੇ ਚੰਨ ਸੂਰਜ ਖੇਨੂ, ਅਕਾਸ਼ ਪਾਤਾਲ ਸੈਰ ਗਾਹ, ਅਰਸ਼ ਕੁਰਸ਼ ਦੇ ਮਾਲਿਕ ਦੇ ਸਾਂਝੀ, ਮਸਤੀ ਦੇ ਵਣਜਾਰੇ, ਮਾਰਫਤ ਦੇ ਬਪਾਰੀ, ਅਕੀਦਤ ਦੇ ਸਾਗਰ, ਕਾਦਰ ਦੀ ਕੁਦਰਤ 'ਚ ਕਾਦਰ ਦੇ ਮੁਤਲਾਸ਼ੀ, ਹਮਦਰਦੀ ਦੇ ਚਸ਼ਮੇ, ਦਇਆ ਦੇ ਸੋਮੇ, ਮੁਹੱਬਤ ਦੇ ਮੁਜੱਸਮੇਂ, ਰੂਹਾਨੀਅਤ ਦੇ ਮੁਨਾਰੇ ਹਰੇਕ ਨੂੰ ਗਲਵੱਕੜੀ 'ਚ ਲੈਣ ਦੇ ਆਸ਼ਕ, ਇਹ ਸਨ ਭੂਰੇ ਗਿੱਲ ਜ਼ਿਲ੍ਹਾ ਅੰਮ੍ਰਿਤਸਰ ਦੇ ਇੱਕ ਸਰਦੇ ਪੁੱਜਦੇ ਸ੍ਰ. ਅਤਰ ਸਿੰਘ ਗਿੱਲ ਦੇ ਲਾਡਲੇ ਪੁੱਤਰ। ਇਹਨਾਂ ਦਾ ਜਨਮ ੧੮੫੩ ਈ. ਵਿੱਚ ਹੋਇਆ।

"ਉਹਨਾਂ ਦੇ ਬੁੱਲਾਂ ਵਿੱਚੋਂ ਫੁੱਲ ਕਿਰਦੇ ਸਨ। ਸ਼ਬਦਾਂ ਵਿੱਚੋਂ ਸ਼ਹਿਦ ਝਰਦਾ ਸੀ। ਨੇਤਰਾਂ ਵਿੱਚੋਂ ਨੂਰ ਵਰਸੇ, ਉਹਨਾਂ ਦੀ ਕੂਕ ਨਾਲ ਖੰਡ ਬ੍ਰਹਿਮੰਡ ਤੇ ਵਜਦ ਤਾਰੀ ਹੋ ਜਾਂਦਾ ਸੀ ਤੇ ਉਹਨਾਂ ਦੀ ਹੂਕ ਨਾਲ ਕਾਇਨਾਤ ਰਕਸ ਕਰਨ ਲੱਗ ਪੈਂਦੀ ਸੀ। ਇਹਨਾਂ ਨੂੰ ਰੂਹਾਨੀਅਤ ਦੇ ਚਸ਼ਮੇ ਦੀ ਦੱਸ ਪਾਉਣ ਵਾਲੇ, ਸੰਤ ਵਰਿਆਮ ਸਿੰਘ ਛੈਣਿਆਂ ਵਾਲੇ ਸਨ, ਜਿਨ੍ਹਾਂ ਅੱਖ ਦੇ ਪਲਕਾਰੇ ਵਿੱਚ ਨਰਕ ਦੇ ਗੰਦੇ ਟੋਏ ਵੱਲ ਰੁੜ ਰਹੇ ਨੂੰ ਸਵਰਗ ਦੇ ਗੁਲਜ਼ਾਰ ਵਿੱਚ ਆਤਮਕ ਤਖਤ ਤੇ ਬਿਠਾ ਦਿੱਤਾ। ਜਿਸ ਦਿਨ ਤੋਂ ਸੰਤਾਂ ਦੇ ਕੰਨਾਂ ਵਿੱਚ ਫੂਕ ਵੱਜੀ, ਇਹਨਾਂ ਵਾਸਤੇ ਬਹਿਸ਼ਤਾਂ ਦੇ ਦਰਵਾਜ਼ੇ ਖੁੱਲ੍ਹ ਗਏ।

"ਆਪ ਦਾ ਜੀਵਨ ਅਮੀਰ ਸਰਦਾਰਾਂ ਵਾਲਾ ਸੀ। ਕੁਸ਼ਤੀ ਲੜਣੀ, ਮੁਗਦਰ ਚੁੱਕਣਾ, ਮੁੰਗਲੀਆਂ ਫੇਰਨੀਆਂ ਅਤੇ ਸ਼ਿਕਾਰ ਖੇਡਣਾ ਇਹ ਇਹਨਾਂ ਦੇ ਸ਼ੁਗਲ ਸਨ। ਇੱਕ ਸੇਰ ਘਿਉ ਰੋਜ਼ਾਨਾ ਇਹਨਾਂ ਦੀ ਖੁਰਾਕ ਸੀ। ਆਪ ਦੀਆਂ ਦੋ ਸ਼ਾਦੀਆਂ ਹੋਈਆਂ। ਜਿਹਨਾਂ ਤੋਂ ਇੱਕ ਲੜਕੀ ਤੇ ਤਿੰਨ ਲੜਕੇ ਹੋਏ।"[1] ਲੜਕੇ ਨੱਥਾ ਸਿੰਘ, ਪਰਤਾਪ ਸਿੰਘ ਤੇ ਦਰਸ਼ਨ ਸਿੰਘ ਸਨ। ਆਪ ਦੀ ਮਾਤਾ ਦਾ ਨਾਮ ਮਾਨ ਕੌਰ ਸੀ।[2]

ਸਤਿਗੁਰੂ ਪਰਤਾਪ ਸਿੰਘ ਜੀ ਨੇ ਬਹੁਤ ਸਾਰੇ ਰਾਮ ਵਿਓਗੀਆਂ ਦੀ ਸੰਗਤ ਮਾਣੀ ਸੀ। ਉਹ ਆਪ ਵੀ ਬਹੁਤ ਵੱਡੇ ਰਾਮ ਵਿਓਗੀ ਸਨ। ਪੁਰਾਣੇ ਨਾਮਧਾਰੀ ਸਾਧੂਆਂ ਦੇ ਸ਼ਰਧਾ ਮਈ ਬਚਨ ਸੁਣਾਉਂਦੇ ਹੋਏ ਸਤਿਗੁਰੂ ਜੀ ਵੈਰਾਗ ਦੀ ਉੱਚ ਅਵਸਥਾ ਵਿੱਚ ਪੁੱਜ ਜਾਂਦੇ ਹਨ। ਅਜਿਹੀ ਅਵਸਥਾ ਵਿੱਚ ਆ ਕੇ ਹੀ ਆਪ ਨੇ ਸੰਤ ਲਾਲ ਸਿੰਘ ਹੋਰਾਂ ਦੇ ਕੂਕੇ ਬਣਨ ਦੀ ਸਾਖੀ ਆਪਣੇ ਉਪਦੇਸ਼ਾਂ ਵਿੱਚ ਬਿਆਨ ਕੀਤੀ ਹੈ।"

ਹਮ ਐਸੇ ਥੇ ਨੀਚ
ਰਾਮ ਮ੍ਰਿਗਿੰਦ ਗੁਰੂ ਕਿਰਪਾ

ਕਹਿੰਦੇ ਨੇ-ਸਾਡੀ ਇਹ ਹਾਲਤ ਸੀ, ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਅਕਾਲ ਪੁਰਖ ਨੇ ਕਰੀ ਕਿਰਪਾ ਜਿਸ ਵੇਲੇ।

ਹਮ ਐਸੇ ਥੇ ਨੀਚ ਮਿਲੇ ਸੁਖ ਧੋਰਾ।

ਅਸੀਂ ਐਸੇ ਨੀਚ ਥੇ ਸਾਨੂੰ ਸੁੱਖ ਦਾ ਧੋਰਾ-ਆਸਰਾ ਮਿਲ ਗਿਆ, ਸਤਿਗੁਰੂ ਨੇ

ਕਿਰਪਾ ਕਰ ਦਿੱਤੀ, ਬਖਸ਼ਿਸ਼ ਕੀਤੀ, ਮਾਇਆ ਤੋਂ ਮਨ ਮੁੜਕੇ ਸਤਿਗੁਰੂ ਵੱਲ ਲੱਗ ਗਿਆ।

ਸੰਤ ਲਾਲ ਸਿੰਘ ਜੀ ਭੂਰੇ ਗਿੱਲਾਂ ਵਾਲੇ, ਪੇਰਨੀਆਂ (ਤਵਾਇਫਾਂ) ਬੁਲਾ ਲੈਣੀਆਂ ਅੰਮ੍ਰਿਤਸਰੋਂ, ਕੋਠੀ ਨਹਿਰ ਤੇ ਸੀ, ਉੱਥੇ ਰੱਖਣੀਆਂ। ਨਾਚ ਸੁਣਨਾ, ਗਾਉਣਾ ਸੁਣਨਾ, ਸ਼ਰਾਬ ਪੀਣੀ, ਕੁੱਤੇ ਰੱਖੇ ਹੋਏ ਸ਼ਿਕਾਰ ਜਾਣਾ। ਬਾਬੇ ਛੈਣਿਆਂ ਵਾਲੇ ਮਹਾਂਪੁਰਖ ਬਾਬੇ ਪਰਾਣੇ ਦੀ ਅੰਸ਼ ਵਿੱਚੋਂ ਚਲੇ ਗਏ ਉੱਥੇ। ਵਜਾਇਆ ਛੈਣਾ। ਹੁਣ ਤੇ ਉਹ ਗੀਤਾਂ ਹੀ ਭੁੱਲ ਗਈਆਂ ਸ਼ਬਦ ਦੀਆਂ, ਕੀਰਤਨ ਹੀ ਭੁੱਲ ਗਿਆ। ਟਿਕਾ ਕੇ, ਛੈਣੇ ਹਰ ਵੇਲੇ ਕੋਲ ਰੱਖਣੇ, ਕੁੱਤਿਆਂ ਨੂੰ ਭਜਨ ਦੇਣਾ, ਬਾਂਦਰਾਂ ਨੂੰ, ਜਾਨਵਰਾਂ ਨੂੰ, ਸਭ ਉੱਤੇ ਕਿਰਪਾ ਕਰੀ ਜਾਣੀ-ਹੌਲੀ ਹੌਲੀ ਵਜਾਉਣੇ।

ਮੁਰਲੀ ਵੱਜੀ ਏ ਸਤਿਗੁਰੂ ਰਾਮ ਸਿੰਘ ਦੀ।

ਟਿਕਾ ਕੇ ਇਸ ਤਰ੍ਹਾਂ ਸ਼ਬਦ ਪੜ੍ਹਨੇ। ਸ਼ਰਾਬ ਪੀਤੀ ਹੋਈ ਸੰਤਾਂ ਦੀ, ਬੋਤਲਾਂ ਰੱਖੀਆਂ ਹੋਈਆਂ, ਕੁੱਤੇ ਕੋਲ ਬੱਧੇ ਹੋਏ, ਸ਼ਰਾਬੀ ਹੋਏ ਹੋਏ ਕਹਿੰਦੇ ਨੇ ਕਿ ਕੂਕਿਆਂ ਦਾ ਭਜਨ ਖਰੀ ਕਰ ਦਿੰਦਾ ਹੈ। ਉੱਠ ਕੇ ਮਖੌਲ ਨਾਲ ਬਾਬੇ ਛੈਣਿਆਂ ਵਾਲਿਆਂ ਅੱਗੇ ਕੰਨ ਜਾ ਡਾਹਿਆ। ਬਾਬੇ ਹੁਰੀਂ ਆਪਣੇ ਰੰਗ 'ਚ ਸੀ, ਬਾਬੇ ਹੋਰਾਂ ਕਿਰਪਾ ਕੀਤੀ। ਬੋਤਲ ਨਾਲ ਬੋਤਲ ਮਾਰ ਕੇ ਭੰਨ ਦਿੱਤੀ ਤੇ ਕੁੱਤਿਆਂ ਦੀਆਂ ਰੱਸੀਆਂ ਲਾਹ ਦਿੱਤੀਆਂ- ਲੱਗੇ ਭਜਨ ਕਰਨ। ਮੈਨੂੰ ਦੱਸਦੇ ਸਨ, ਬਈ ਛੋਲੇ ਭੁੰਨਾ ਲੈਣੇ, ਕੋਈ ਕੋਠਾ ਉਹ ਦੇਖਣਾ ਜਿਹਦੇ ਨੇੜੇ ਕੋਈ ਪਿੰਡ ਨਾ ਹੋਵੇ। ਜਿਹੜੇ ਲੜਕੇ ਬਾਗੀਂ ਜਾ ਕੇ ਬੈਠਦੇ ਹਨ, ਉਥੇ ਅੱਠ-ਅੱਠ ਦਿਨ ਜਾ ਕੇ, ਪਾਈਆ-ਪਾਈਆਂ ਛੋਲੇ, ਦੋ ਦੋ ਫੱਕੇ ਮਾਰਨੇ ਤੇ ਪਾਣੀ ਪੀ ਕੇ, ਅੱਠ-ਅੱਠ ਦਿਨ ਫਿਰ ਬੈਠ ਕੇ ਭਜਨ ਕਰਨਾ ਅਰ ਬਚਨ ਕਰਕੇ ਰੋ ਪੈਣਾ, ਆਖਣਾ-ਮਖੌਲ ਨਾਲ ਪੁੱਛਿਆ ਸੀ ਇਹ ਹਾਲ ਹੋ ਗਿਆ, ਜੇ ਪ੍ਰੇਮ ਨਾਲ ਪੁੱਛਦੇ ਖਬਰੇ ਕੀ ਬਣਦਾ।

ਹਮ ਐਸੇ ਥੇ ਨੀਚ ਮਿਲੇ ਸੁਖ ਧੋਰਾ।

ਸਤਿਗੁਰੂ ਰਾਮ ਸਿੰਘ ਜੀ ਮਿਲਿਆ। ਕੀਤੀ ਕਿਰਪਾ।[3]

ਸ੍ਰ. ਲਾਲ ਸਿੰਘ, ਸੰਤ ਲਾਲ ਸਿੰਘ ਵਿੱਚ ਇਸ ਤਰ੍ਹਾਂ ਪਰਵਰਤਿਤ ਹੋ ਗਿਆ ਸੀ।

ਬਾਬਾ ਵਰਿਆਮ ਸਿੰਘ ਜੀ ਛੈਣਿਆਂ ਵਾਲੇ, ਜਿਹਨਾਂ ਬਾਰੇ ਸਤਿਗੁਰੂ ਪਰਤਾਪ ਸਿੰਘ ਜੀ ਭਾਈ ਪਿਰਾਣੇ ਦੇ ਵੰਸ਼ ਵਿੱਚੋਂ ਹੋਣ ਦਾ ਜ਼ਿਕਰ ਕਰਦੇ ਹਨ, ਉਹ ਕੂਕਾ ਰੂਸ ਸੰਬੰਧਾਂ ਦੇ ਪੰਜਾਬ ਵਿਚਲੇ ਮੁੱਖ ਸੂਤਰ ਧਾਰ, ਸੂਬਾ ਗੁਰਬਚਨ ਸਿੰਘ ਜੀ ਚੱਕ ਰਾਮਦਾਸ (ਸਿਆਲਕੋਟ) ਦੇ ਪਰਿਵਾਰ ਨਾਲ ਸੰਬੰਧਿਤ ਹੋ ਸੱਕਦੇ ਹਨ। ਉਹ ਨਾਮਧਾਰੀ ਮੱਤ ਦੇ, ਸਤਿਗੁਰੂ ਰਾਮ ਸਿੰਘ ਜੀ ਦੇ ਮਿਸ਼ਨ ਦੇ ਪਰਚਾਰ ਹਿੱਤ, ਆਪਣਾ ਰਾਗੀ ਜਥਾ ਲੈ ਕੇ ਥਾਂ ਥਾਂ ਵਿਚਰਦੇ ਸਨ। ਉਹਨਾਂ ਦਾ ਜਥੇ ਸਮੇਤ ੧੧ ਸੰਤਬਰ ੧੯੯੭ ਈ. ਨੂੰ ਸੂਬਾ ਬਾਬਾ ਜਮੀਅਤ ਸਿੰਘ ਜੀ ਦੇ ਭੋਗ ਮੇਲੇ ਤੇ ਗੁਰੂ ਹਰੀ ਸਿੰਘ ਜੀ ਦੀ ਹਜ਼ੂਰੀ ਵਿੱਚ, ਜਾਣ ਦਾ ਜ਼ਿਕਰ ਭਾਈ ਸੰਤੋਖ ਸਿੰਘ ਬਾਹੋਵਾਲ ਕਰਦੇ ਹਨ।[4]

ਸੰਤ ਲਾਲ ਸਿੰਘ ਜੀ ਦਾ ਕੂਕਾ ਬਣਨਾ ੩੭-੩੮ ਸਾਲ ਦੀ ਉਮਰ ਵਿੱਚ ਮਾਲੂਮ ਹੁੰਦਾ ਹੈ ਕਿਉਂਕਿ ਜਵਾਨੀ ਦੀ ਪਹਿਲੀ ਉਮਰ, ਆਪ ਨੇ ਉਪਰ ਵਰਣਿਤ ਕਿਰਿਆ ਕਲਾਪਾਂ ਵਿੱਚ ਹੀ ਗੁਜ਼ਾਰ ਲਈ ਸੀ। ਆਪ ਜੀ ਦੇ ਦੋ ਵਿਆਹ ਸਨ ਇਹ ਵੀ ਲਾਜ਼ਮੀ, ਨਾਮਧਾਰੀ ਬਣਨ ਤੋਂ ਪਹਿਲਾਂ ਹੀ ਹੋ ਗਏ ਹੋਣਗੇ। ਸਿੰਘ ਸਜਣ ਬਾਅਦ ਤਾਂ ਆਪ ਇਕਦਮ ਇਲਾਹੀ ਰੰਗਣ ਵਿੱਚ ਰੰਗੇ ਗਏ, ਰਸਾਂ ਕਸਾਂ ਤੋਂ ਉਪਰਾਮ ਹੋ ਗਏ। ਕੁਝ ਵਰ੍ਹੇ ਆਪ ਨੇ ਨਾਮ ਬਾਣੀ ਅਤੇ ਕੀਰਤਨ ਨੂੰ ਸਮਰਪਿਤ ਹੋਣ ਲਈ ਵੀ ਲਾਏ। ਗੁਰੂ ਹਰੀ ਸਿੰਘ ਜੀ ਦੇ ਮਾਝੇ ਦੇ ਦੌਰਿਆਂ ਵਿੱਚ, ਆਪ ਦਾ ੧੯੯੬ ਈ. ਵਿੱਚ ਹੀ ਜ਼ਿਕਰ ਮਿਲਦਾ ਹੈ।

ਗੁਰੂ ਹਰੀ ਸਿੰਘ ਜੀ ਨੂੰ ਇੱਕ ਮਹੀਨੇ ਦੀ ਛੁੱਟੀ, ਅੰਮ੍ਰਿਤਸਰ ਅਤੇ ਗੁਰਦਾਸਪੁਰ ਜ਼ਿਲ੍ਹਿਆਂ ਦੀ ਦੀਵਾਲੀ ਪੁਰਬ ਦੇ ਲਾਗੇ ਚਾਗੇ, ਦੌਰਾ ਕਰਨ ਲਈ ਮਿਲੀ। ਜਦੋਂ ਗੁਰੂ ਜੀ ਅੰਮ੍ਰਿਤਸਰ ਸ਼ਹਿਰ ਵਿੱਚ ਆਏ ਤਾਂ ਦੀਵਾਨ ਵਿੱਚ ਰਾਗੀਆਂ ਸਿੰਘਾਂ ਨੇ ਸ਼ਬਦ ਪੜ੍ਹਿਆ-

'ਅਰਜਨ ਕਾਇਆ ਪਲਟ ਕੈ ਮੂਰਤਿ ਹਰਿਗੋਬਿੰਦ ਸਵਾਰੀ "- ਭਾਈ ਗੁਰਦਾਸ ਜੀ ਦੀਆਂ ਵਾਰਾਂ।

ਇੱਕ ਸਿੰਘ ਕੁਝ ਮਸਤੀ ਵਿੱਚ ਆ ਕੇ ਕਹਿਣ ਲੱਗਾ ਕਿ ਮੈਂ ਹਾਂ ਅਰਜਨ ਦੇਵ। ਇਸ ਤੇ ਗੁਰੂ ਹਰੀ ਸਿੰਘ ਜੀ ਉਸਨੂੰ ਕੁਝ ਸਜ਼ਾ ਦਿੱਤੀ ਕਿ ਗੁਰੂ ਸਾਹਿਬ ਦਾ ਮਾਣ ਤਾਣ ਰੱਖੋ। ਗੁਰੂ ਜੀ ਫਿਰ ਬਾਬਾ ਜਮੀਅਤ ਸਿੰਘ ਹੋਰਾਂ ਪਾਸ ਗਿੱਲ ਪਿੰਡ ਗਏ ਇੱਥੇ ਹੀ ਬਾਹੋਵਾਲ ਜੀ, ਲਾਲ ਸਿੰਘ ਹੋਰਾਂ ਦਾ ਆਪਣੇ ਗ੍ਰੰਥ ਵਿੱਚ ਪਹਿਲੀ ਵੇਰ ਜ਼ਿਕਰ ਕਰਦੇ ਹਨ:-

ਘੁਮਾਣਾ ਦੇ ਬਿਚੋਂ ਗਿਲੀਂ ਆਏ। ਦੀਵਾਨ ਲੱਗਾ। ਲਾਲ ਸਿੰਘ ਭੀ ਆਇਆ, ਮੱਥਾ ਟੇਕਿਆ ਤੇ ਸਾਹਮਣੇ ਬੈਠਾ ਜਿਸਨੇ ਆਪਣੇ ਆਪ ਨੂੰ ਅਰਜਨ ਦੇਵ ਕਹਿਆ ਸੀ ਉਸਨੇ ਕਹਿਆ- ਮੈਂ ਖੁਦਾਉ ਹਾਂ। ਫੇਰ ਆਪਣਾ ਕੰਨ ਫੜਕੇ ਆਪੁ ਕਹਿਣ ਲੱਗਾ ਮੈਂ ਭੁੱਲ ਗਿਆ ਹਾਂ, ਫੇਰ ਨਹੀਂ ਮੈਂ ਕਹਿੰਦਾ। ਲਾਲ ਸਿੰਘ ਛਾਲ ਮਾਰ ਕੇ ਖੜਾ ਹੋਇਕੇ ਕਹਿਣ ਲੱਗਾ ਹੁਣ ਕਹਿ ਲੈ ਖੁਦਾਉ, ਫੇਰ ਨਹੀਂ ਕਹਿਣਾ ਮਿਲੇਗਾ। ਕਹਿਣੇ ਲਗਾ ਕਿ ਹੁਣ ਨਹੀਂ ਮੈਂ ਖੁਦਾਓ ਕਹਿੰਦਾ, ਭੁੱਲ ਗਿਆ ਹਾਂ।"[5]

ਸੰਤ ਜੀ ਦੇ ਪੋਤਰੇ ਡਾ. ਬੇਅੰਤ ਸਿੰਘ ਤੋਂ ਸੁਣਕੇ ਮਾ. ਨਿਹਾਲ ਸਿੰਘ ਹੋਰਾਂ ਨੇ ਸੰਤਾਂ ਦੇ ਪਹਿਲੇ ਜੀਵਨ ਵਿੱਚ ਵਾਪਰੇ ਇਸ ਪਰਿਵਰਤਨ ਨੂੰ ਇਉਂ ਕਾਨੀ ਬੰਦ ਕੀਤਾ ਹੈ, "ਭਰ ਜਵਾਨੀ ਵਿੱਚ ਇਕ ਦਿਨ ਜਦ ਆਪ ਸ਼ਿਕਾਰ ਜਾਣ ਵਾਸਤੇ ਪਿੰਡ ਤੋਂ ਬਾਹਰ ਨਿਕਲੇ ਤਾਂ ਅੱਗੋਂ ਸੰਤ ਵਰਿਆਮ ਸਿੰਘ ਜੀ (ਪ੍ਰਸਿੱਧ ਬਾਬਾ ਛੈਣਿਆਂ ਵਾਲੇ) ਅਚਾਨਕ ਮਿਲ ਪਏ ਅਤੇ ਕਿਹਾ, "ਲਾਲੂ ਇਧਰ ਆ ਤੈਨੂੰ ਨਾਮ ਦੇਈਏ।" ਆਪ ਬੜੇ ਅੱਖੜ ਖਾਨ ਸਨ, ਕਿਸੇ ਦਾ ਹੁਕਮ ਘੱਟ ਹੀ ਮੰਨਦੇ ਸਨ, ਪਰ ਬਾਬਾ ਜੀ ਦਾ ਕਹਿਣਾ ਮੋੜ ਨਾ ਸੱਕੇ, ਉਨਾਂ ਦੇ ਪਾਸ ਖੜ੍ਹੇ ਹੋ ਕੇ ਕਹਿਣ ਲੱਗੇ, ਨਾਮ ਬੇਸ਼ਕ ਦੇ ਦੇਵੋ, ਪਰ ਮੈਂ ਸ਼ਿਕਾਰ ਖੇਡਣੋਂ ਨਹੀਂ ਹਟਣਾ। ਬਾਬਾ ਜੀ ਨੇ ਮਸਤੀ ਵਿੱਚ ਕਿਹਾ, 'ਜੇ ਇਸ

ਨਾਮ ਵਿੱਚ ਸ਼ਕਤੀ ਹੋਵੇਗੀ ਤਾਂ ਆਪੇ ਸ਼ਿਕਾਰ ਛੁਡਾ ਦੇਵੇਗਾ' ਅਤੇ ਆਪਣੀ ਗਲਵੱਕੜੀ ਵਿੱਚ ਲੈ ਕੇ ਭਜਨ ਦੱਸ ਦਿੱਤਾ। ਸੰਤ ਦੱਸਦੇ ਹੁੰਦੇ ਸਨ ਕਿ ਮੇਰਾ ਰੋਮ ਰੋਮ ਖਿੜ ਗਿਆ। ਮੈਂ ਆਪਣੇ ਆਪ ਨੂੰ ਧਰਤੀ ਤੋਂ ਉੱਚਾ ਉੱਠਾ ਹੋਇਆ ਅਨੁਭਵ ਕਰਨ ਲੱਗਾ। ਸਾਰੇ ਸਰੀਰ ਵਿੱਚ ਝਰਨਾਟ ਛਿੜ ਗਈ ਤੇ ਠੰਢ ਵਰਤ ਗਈ।

"ਹੁਣ ਸ਼ਿਕਾਰ ਨੂੰ ਦਿਲ ਨਹੀਂ ਸੀ ਕਰਦਾ, ਪਰ ਸਾਥੀਆਂ ਦੇ ਮਜਬੂਰ ਕਰਨ ਤੇ ਦਿਲ ਨਖਾਸਤਾ ਘੋੜੀ ਉਪਰ ਸਵਾਰ ਹੋ ਕੇ ਸ਼ਿਕਾਰ ਨੂੰ ਚੱਲ ਪਿਆ। ਜੰਗਲ ਵਿੱਚੋਂ ਇਕ ਖਰਗੋਸ਼ ਨਿਕਲਿਆ, ਉਸਦੇ ਪਿੱਛੇ ਕੁੱਤੇ ਅਤੇ ਆਪ ਦੀ ਘੋੜੀ ਦੌੜੇ, ਅੱਗੇ ਇੱਕ ਨਦੀ ਵਗਦੀ ਸੀ। ਖਰਗੋਸ਼, ਕੁੱਤੇ ਅਤੇ ਘੋੜੀ ਸਮੇਤ ਆਪ ਭੀ ਨਦੀ ਵਿੱਚ ਡੁੱਬੇ, ਘੋੜੀ ਜ਼ੋਰ ਵਾਲੀ ਸੀ ਗੋਤਾ ਖਾ ਕੇ ਵੀ ਜ਼ੋਰ ਨਾਲ ਨਦੀ ਵਿੱਚੋਂ ਨਿਕਲ ਕੇ, ਅਗਲੇ ਕਿਨਾਰੇ ਪੁੱਜ ਕੇ ਬੇਹੋਸ਼ ਹੋ ਗਈ। ਆਪ ਨੂੰ ਭੀ ਬੇਹੋਸ਼ੀ ਦੀ ਹਾਲਤ ਵਿੱਚ ਸਾਥੀਆਂ ਘਰ ਲਿਆਂਦਾ। ਇਸ ਘਟਨਾ ਕਾਰਨ ਕੁਝ ਦਿਨ ਢਿੱਲੇ ਮੱਠੇ ਰਹੇ, ਪਰ ਫੇਰ ਸ਼ਿਕਾਰ ਨਹੀਂ ਗਏ। ......ਹੁਣ ਮਾਸ ਦਾ ਵੀ ਤਿਆਗ ਕਰ ਦਿੱਤਾ ਅਤੇ ਪੂਰੀ ਰਹਿਤ ਮਰਿਆਦਾ ਰੱਖ ਕੇ ਨਾਮਧਾਰੀ ਪੰਥ ਵਿੱਚ ਪ੍ਰਵੇਸ਼ ਕਰ ਲਿਆ।

"ਸਰਦਾਰੀ ਲਿਬਾਸ ਉਤਾਰ ਦਿੱਤਾ, ਖੱਦਰ ਦੀ ਅਲਫੀ ਅਤੇ ਕਛਹਿਰਾ ਪਹਿਨ ਲਏ। ਆਖਰੀ ਸਾਸ ਤੱਕ ਇਹ ਬਾਣਾ ਅਪਣਾਇਆ। ਘਰ ਵਿੱਚ ਅਖੰਡ ਪਾਠ ਸ਼ੁਰੂ ਕਰਵਾ ਦਿਤੇ। ਕਈ ਪੁਸ਼ਤਾਂ ਦਾ ਸ਼ਾਹੂਕਾਰਾ ਸੀ ਉਹ ਸਭ ਵਹੀ ਖਾਤੇ, ਬਾਹਰ ਦੇ ਛੱਪੜ ਵਿੱਚ ਸੁੱਟ ਦਿੱਤੇ ਅਤੇ ਐਲਾਨ ਕਰ ਦਿੱਤਾ ਕਿ ਮੈਂ ਕਿਸੇ ਪਾਸੋਂ ਕੁਝ ਨਹੀਂ ਲੈਣਾ, ਜੇ ਕਿਸੇ ਅਸਾਮੀ ਦਾ ਦਿਲ ਕਰੇ ਤਾਂ ਲੰਗਰ ਵਿੱਚ ਰਸਦ ਪਾ ਦੇਵੇ। ਇਹਨਾਂ ੧੦੧ ਅਖੰਡ ਪਾਠ ਕਰਵਾਏ। ਸਾਰਾ ਸਾਲ ਸੰਗਤ ਦਾ ਮੇਲਾ ਲੱਗਾ ਰਿਹਾ। ਇਕ ਦਿਨ ਅਨੋਖਾ ਹੀ ਖੇਲ ਰਚਿਆ, ਘਰ ਵਿੱਚ ਜੋ ਪੂੰਜੀ ਸੀ ਸਭ ਗੁਰੂ ਕੇ ਲੰਗਰ ਦੀ ਭੇਟਾ ਕਰ ਦਿੱਤੀ। ਫਿਰ ਜ਼ਮੀਨ ਵੇਚ ਕੇ ਗੁਰੂ ਲੇਖੇ ਲਾਉਣ ਦਾ ਪ੍ਰੋਗਰਾਮ ਬਣਾਇਆ, ਪਰ ਆਪ ਦੇ ਇਕ ਨਾਵਲਦ ਚਾਚਾ ਜੀ ਨੇ ਇਹ ਕੰਮ ਨਾ ਕਰਨ ਦਿੱਤਾ। ਕਈ ਸਾਲਾਂ ਦੀ ਜਮ੍ਹਾਂ ਕੀਤੀ ਕਣਕ ਦੇ ਗੁਦਾਮ ਸਭ ਖਾਲੀ ਕਰ ਦਿੱਤੇ।[6]

ਸੰਤ ਜੀ ਹੁਣ ਢੋਲਕੀ ਛੈਣਿਆਂ ਨਾਲ ਕੀਤਰਨ ਵੀ ਕਰਨ ਲੱਗ ਪਏ। ਆਵਾਜ਼ ਸੁਰੀਲੀ ਸੀ ਬੋਲਾਂ ਵਿੱਚ ਰਸ ਸੀ। ਭਜਨ ਪੁੱਛਣ ਬਾਅਦ ਸ੍ਰੀ ਭੈਣੀ ਸਾਹਿਬ, ਆਪ ਗੁਰੂ ਹਰੀ ਸਿੰਘ ਜੀ ਦੇ ਦਰਸ਼ਨ ਕਰ ਕੇ ਆਏ ਸਨ। ਗੁਰੂ ਹਰੀ ਸਿੰਘ ਜੀ ਨੇ ਹੁਕਮ ਕੀਤਾ ਕਿ ਕੀਰਤਨੀਏ ਜਥੇਦਾਰ, ਪਿੰਡੋ ਪਿੰਡ ਸ਼ਬਦ ਕੀਰਤਨ ਕਰਦੇ, ਦੀਵਨ ਸਜਾਉਂਦੇ ਜੇ ਭੈਣੀ ਸਾਹਿਬ ਪਹੁੰਚਿਆ ਕਰਨ ਤਾਂ ਇਸ ਤਰ੍ਹਾਂ ਸਤਿਗੁਰੂ ਰਾਮ ਸਿੰਘ ਜੀ ਦੇ ਪੰਥ ਦੀ ਮਹਿਮਾ ਦੂਣ ਸਵਾਈ ਹੋਏਗੀ। ਸੰਤ ਇਸੇ ਯੋਜਨਾ ਤਹਿਤ ਜਦੋਂ ਫਿਰ ਦਰਸ਼ਨਾਂ ਨੂੰ ਆਏ ਤਾਂ ਪਿੰਡੋ ਪਿੰਡ ਸਤਿਗੁਰੂ ਦੇ ਨਾਮ ਦਾ ਡੰਕਾ ਵਜਾਉਂਦੇ ਜਦੋਂ ਭੈਣੀ ਸਾਹਿਬ ਪੁੱਜੇ ਤਾਂ ਕੁਝ ਸੰਗਤ ਆਪ ਮਾਝੇ ਵਿੱਚੋਂ ਲੈ ਕੇ ਚੱਲੇ ਸਨ, ਕੁਝ ਰਸਤੇ ਵਿੱਚੋਂ ਰਲਦੀ ਗਈ ਅਤੇ ਪੰਜ ਸੌ ਦੇ ਕਰੀਬ ਮਾਈ ਭਾਈ ਬਾਲ ਬੱਚਿਆਂ ਸਮੇਤ ਇਹ ਜਥਾ, ਭੈਣੀ ਸਾਹਿਬ ਦੀ ਜੂਹ ਵਿੱਚ ਪੁੱਜ ਗਿਆ। ਇਤਨਾ ਜਥਾ ਵੇਖ ਕੇ ਪੁਲੀਸ ਨੇ ਇਹਨਾਂ ਨੂੰ ਲੰਘਣ

ਨਹੀਂ ਸੀ ਦੇਣਾ, ਇਹ ਸੋਚ ਕੇ ਪਿੰਡ ਤੱਖਰਾਂ ਦੀ ਜੂਹ ਵਿੱਚ ਰਾਤ ਨੂੰ ਚਲੇ ਗਏ ਅਤੇ ਉੱਥੇ ਦੀਵਾਨ ਲਾ ਦਿੱਤਾ। ਢੋਲਕੀ ਅਤੇ ਛੈਣਿਆਂ ਦੀ ਗੂੰਜ ਭੈਣੀ ਸਾਹਿਬ ਦੀ ਪੁਲੀਸ ਚੌਂਕੀ ਵਿੱਚ ਪੁੱਜ ਗਈ ਅਤੇ ਉਹ ਆਪਣੇ ਸੰਭਾਵਿਤ ਸ਼ਿਕਾਰ ਦੀ ਭਾਲ ਵਿੱਚ ਉਧਰ ਨੂੰ ਤੁਰੇ ਆਏ। ਉਥੋਂ ਪੁਲੀਸ ਵਾਲਿਆ ਨੇ ਸਾਰਿਆਂ ਨੂੰ ਕਿਹਾ ਕਿ ਤੁਸੀਂ ਸਾਡੀ ਹਿਰਾਸਤ ਵਿੱਚ ਹੋ, ਘੇਰ ਕੇ ਅੱਗੇ ਲਾ ਲਿਆ ਅਤੇ ਰਾਤੋ ਰਾਤ ਉਹਨਾਂ ਨੂੰ ਭੈਣੀ ਸਾਹਿਬ ਦੇ ਤਬੇਲੇ ਵਿੱਚ ਲਿਆ ਡੱਕਿਆ। ਅੰਨ੍ਹਾ ਕੀ ਭਾਲੇ, ਦੋ ਅੱਖਾਂ, ਇਹੋ ਤੇ ਉਹ ਸਿੰਘ ਚਾਹੁੰਦੇ ਸਨ। ਗੁਰੂ ਹਰੀ ਸਿੰਘ ਜੀ ਨੂੰ ਖ਼ਬਰ ਹੋਈ ਉਹਨਾਂ ਮਾਤਾ ਜੀਵਨ ਕੌਰ ਜੀ ਤੇ ਹੋਰ ਮਾਈਆਂ ਬੀਬੀਆਂ ਨੂੰ, ਲਾਂਗਰੀ ਸਿੰਘਾਂ ਨੂੰ ਜਗਾ ਕੇ ਕੜਾਹੇ, ਦੇਗਾਂ ਚਾਹੜ ਦਿੱਤੀਆਂ। ਅੱਧੀ ਰਾਤ ਤੱਕ ਪਰਸ਼ਾਦ ਪਾਣੀ, ਕੜਾਹ ਪਰਸ਼ਾਦ ਤਿਆਰ ਕਰਵਾ ਕੇ, ਤਬੇਲੇ ਵਿੱਚ ਪੰਗਤਾਂ ਲੁਆ ਕੇ ਸਭ ਨੂੰ ਛਕਾਇਆ। ਲੋਅ ਲੱਗਦੀ ਨੂੰ ਪੁਲੀਸ ਪਾਰਟੀ ਨੇ ਸਭ ਨੂੰ ਲੁਧਿਆਣੇ ਨੂੰ ਤੋਰ ਲਿਆ। ਉਹਨਾਂ ਦਾ ਗੁਰੂ ਦਰਸ਼ਨਾਂ ਅਤੇ ਗੁਰੂ ਨਗਰੀ ਦਾ ਸਿਜਦਾ ਕਰਨ ਦਾ ਮਨੋਰਥ ਪੂਰਾ ਹੋ ਗਿਆ ਸੀ। ਹੁਣ ਪੁਲੀਸ ਦਾ ਕੰਮ ਬਾਕੀ ਸੀ। ਇਹ ਸਮਾਂ ਸਤਿਗੁਰੂ ਪਰਤਾਪ ਸਿੰਘ ਜੀ ਦੇ ਅਵਤਾਰ ਧਾਰਨ ਤੋਂ ਕੁਝ ਸਾਲ ਬਾਅਦ ਦਾ ਹੈ। ਭੈਣੀ ਸਾਹਿਬ ਇਸ ਜਥੇ ਨੇ ਬਾਲ ਰੂਪ ਵਿੱਚ ਸਤਿਗੁਰੂ ਪਰਤਾਪ ਸਿੰਘ ਜੀ ਦੇ ਵੀ ਦਰਸ਼ਨ ਕੀਤੇ। ਲੁਧਿਆਣਾ ਪੁਲੀਸ ਨੇ ਇਹਨਾਂ ਵਿੱਚ ਬੱਚੇ, ਬਿਰਧ, ਤੇ ਔਰਤਾਂ ਵੇਖ ਘਰੋ ਘਰੀ ਤੋਰ ਦਿੱਤੇ ਸਨ।[7]

੧੯੦੧ ਈ. ਨੂੰ ਗੁਰੂ ਹਰੀ ਸਿੰਘ ਜੀ ਦੇ ਸਮੇਂ ਦਾ ਹੋਲਾ ਮਹੱਲਾ, ਸੱਦੋਵਾਲ (ਜ਼ਿਲ੍ਹਾ ਲਾਇਲਪੁਰ) ਨਵੇਂ ਮੁਰੱਬਿਆਂ ਵਿੱਚ ਹੋਇਆ ਸੀ। ਇਹ ਹੋਲਾ ਮਹੱਲਾ ਸੰਤ ਸਾਉਣ ਸਿੰਘ ਸੱਦੋਵਾਲ ਤੇ ਸੰਤ ਮਿੱਤ ਸਿੰਘ ਜਿਊਣ ਭਿੰਡਰ ਵਾਲਿਆਂ ਮਿਲ ਕੇ ਕਰਵਾਇਆ ਸੀ। ਗੁਰੂ ਹਰੀ ਸਿੰਘ ਜੀ ਪਾਸ ਹੋਲੇ ਤੇ ਦਰਸ਼ਨ ਦੇਣ ਦੀ ਚਿੱਠੀ, ਸੰਤ ਬਾਬਾ ਮਿੱਤ ਸਿੰਘ ਜਿਊਣ ਭਿੰਡਰ ਵਾਲਿਆਂ ਭੇਜੀ ਸੀ। ਇਹ ਸੰਤ ਚੰਗੇ ਮਾਲ ਗੁਜ਼ਾਰ ਸਨ ਪਰ ਉਸ ਵੇਲੇ ਦੀ ਨਾਮਧਾਰੀ ਸਾਧੂ ਮੰਡਲੀ ਵਿੱਚ ਇਹਨਾਂ ਦਾ ਸ਼ੁਮਾਰ ਹੁੰਦਾ ਸੀ। ਸੰਤ ਜਿਊਣ ਸਿੰਘ ਸਰਹਾਲੀ ਵੀ ਜ਼ਿਆਦਾ ਸਮਾਂ ਆਪਣੇ ਭਤੀਜੇ ਜ਼ੈਲਦਾਰ ਸਾਉਣ ਸਿੰਘ ਪਾਸ ਰੱਤੇ ਚੋਏ ਗੁਜ਼ਾਰਦੇ ਸਨ, ਜੋ ਜ਼ਿਲ੍ਹਾ ਲਾਇਲਪੁਰ ਵਿੱਚ ਹੀ ਸੀ। ਇਹਨਾਂ ਤਿੰਨਾਂ ਸਾਧੂਆਂ, ਦੋਵੇਂ ਉੱਪਰਲੇ ਤੇ ਤੀਜੇ ਸੰਤ ਲਾਲ ਸਿੰਘ ਭੂਰੇ ਗਿੱਲੀਏ ਦੀ ਆਪਸ ਵਿੱਚ ਖ਼ੂਬ ਬਣਦੀ ਸੀ। ਇੱਕ ਦਿਨ ਹਾਸੇ ਠੱਠੇ ਵਿੱਚ ਸੰਤ ਸਰਹਾਲੀ ਤੇ ਸੰਤ ਭੂਰੇ ਗਿੱਲ, ਸੰਤ ਮਿੱਤ ਸਿੰਘ ਹੋਰਾਂ ਨੂੰ ਕੁਝ ਕਹਿ ਬੈਠੇ ਤਾਂ ਉਹਨਾਂ ਦਸਤਾਰ ਲਾਹ ਕੇ ਸਿਰ ਇਹਨਾਂ ਦੀ ਰਜ਼ਾ ਮੰਨਣ ਲਈ ਝੁਕਾ ਦਿੱਤਾ। ਇਹ ਉਸ ਸਮੇਂ ਦੇ ਕੂਕੇ ਮਸਤਾਨਿਆਂ ਦੀ ਮਸਤੀ ਦੀ ਕਾਰ ਸੀ, ਜਿਸਦਾ ਜ਼ਿਕਰ ਚੱਕਰਵਰਤੀ ਜੀ ਦੀ ਮਸਤਾਨੀ ਲੇਖਣੀ ਵਿੱਚ ਮਿਲਦਾ ਹੈ।

"ਕੂਕੇ ਦੀ ਵਿਥਿਆ ਵਿਦਿਆ ਦੇ ਅਧੀਨ ਨਹੀਂ, ਕਿਉਂਕਿ ਇਹ ਕੋਈ ਦਾਰਸ਼ਨਿਕ ਫਲਸਫਾ ਨਹੀਂ। ਇਹ ਤੇ ਅਮਲ ਹੈ, ਮਸਤੀ ਹੈ, ਸਰੂਰ ਹੈ। ਇਸ ਨੂੰ ਕੋਈ ਉਹੀ ਬਿਆਨ ਕਰ ਸੱਕਦਾ ਹੈ; ਜਿਸ ਇਹਨਾਂ ਮਸਤਾਂ ਦੀ ਧੂਣੀ ਲਈ ਗੋਹੇ ਢੋਏ ਹੋਣ।

ਜਿਸ ਇਹਨਾਂ ਦੇ ਕਾਸੇ ਸਾਫ ਕੀਤੇ ਹੋਣ। ਜਿਸ ਸੰਤ ਮਿੱਤ ਸਿੰਘ ਜੀ ਜਹਿਆਂ ਵਾਂਗ ਦਿਮਾਗ ਵਿੱਚੋਂ ਹਉਮੈ ਦੀ ਬੂ ਕੱਢਣ ਲਈ ਇਹਨਾਂ ਅੱਗੇ (ਸੰਤ ਲਾਲ ਸਿੰਘ ਜੀ ਭੂਰੇ ਗਿੱਲ ਤੇ ਸੰਤ ਜਿਊਣ ਸਿੰਘ ਸਰਹਾਲੀ) ਪੱਗ ਲਾਹ ਕੇ ਨੀਵੇਂ ਥਾਂ ਬੈਠ ਕੇ ਡਿੱਠਾ ਹੋਵੇ। ਜਿੰਨਾ ਚਿਰ ਕੋਈ ਇਸ ਕੂਕਾ ਕਾਰ ਦਾ ਜਾਣੂ ਨਾ ਹੋਵੇ, ਜੋ ਕਦੀ 'ਨਾਚ ਰੇ ਮਨ ਗੁਰ ਕੇ ਆਗੇ' ਪੜ੍ਹਦਾ ਆਪਣੇ ਗੁਰਦੇਵ ਨੂੰ ਰਿਝਾਉਣ ਖਾਤਰ ਥਈਆ ਥਈਆ ਕਰ ਕੇ ਨੱਚਿਆ ਨਾ ਹੋਵੇ, ਓਨਾ ਚਿਰ ਉਸ ਤੇ ਕਿਵੇਂ ਮਸਤੀ ਦੀ ਇਨਾਇਤ ਹੋ ਸਕਦੀ ਹੈ।"[8]

ਇਹ ਉਹ ਅਵਸਥਾ ਹੈ ਜਿਸ ਵਿੱਚ ਸਾਧਕ ਤੇ ਉਸਦੇ ਇਸ਼ਟ ਵਿਚਕਾਰ ਕੋਈ ਵਿੱਥ ਨਹੀਂ ਰਹਿੰਦੀ। ਪੰਜਾਬੀ ਕਵਿਤਾ ਵਿੱਚ ਐਸੀ ਅਭੇਦਤਾ ਦਾ ਬਹੁਤ ਵਾਰ ਜ਼ਿਕਰ ਹੁੰਦਾ ਹੈ-

"ਜਾਤ ਸਨਾਤ ਪਛਾਣੋਂ ਨਾਹੀਂ ਮੈਂ ਚਾਕੇ ਨਾਲ ਚਕੇਟੀ।
ਕੱਦਣ ਚੂਚਕ ਮਾਂ ਪਿਉ ਮੈਂਡਾ ਤੇ ਮੈਂ ਕੱਦਣ ਉਨ੍ਹਾਂ ਦੀ ਬੇਟੀ।"

-(ਹੀਰ ਦਮੋਦਰ)

..........................

ਰਾਂਝਣ ਰਾਂਝਣ ਕਰਦੀ ਨੀ ਮੈਂ ਆਪੇ ਰਾਂਝਾ ਹੋਈ।
ਸੱਦੋ ਨੀ ਮੈਨੂੰ ਧੀਦੋ ਰਾਂਝਾ ਹੀਰ ਨਾ ਆਖੋ ਕੋਈ। -(ਸੱਯਦ ਬੁੱਲ੍ਹੇ ਸ਼ਾਹ)

ਸੰਤ ਲਾਲ ਸਿੰਘ ਜੀ ਵੀ ਆਪਣੇ ਮੁਰਸ਼ਦ ਦੇ ਰੰਗ ਵਿੱਚ ਇਸੇ ਤਰ੍ਹਾਂ ਰੰਗੇ ਗਏ ਸਨ। ਸੰਨ ੧੯੦੩ ਈ. ਦਾ ਹੋਲਾ ਮਹੱਲਾ, ਗਿੱਲ ਬਾਰ ਵਾਲੇ ਵਿੱਚ ਸੀ। ਇੱਥੇ ਗੁਰੂ ਹਰੀ ਸਿੰਘ ਜੀ ਦੇ ਰੋਕਣ ਦੇ ਬਾਵਜੂਦ ਵੀ ਬਹੁਤ ਸਾਰੇ ਸਿੰਘ ਮਸਤਾਨੇ ਹੋ ਗਏ, ਸੂਤਰ ਕੱਢਣ ਲੱਗ ਗਏ। ਗੁਰੂ ਹਰੀ ਸਿੰਘ ਜੀ ਦੀਵਾਨ ਵਿੱਚੋਂ ਉੱਠ ਕੇ ਬਾਹਰ ਆ ਗਏ। ਉਹ ਮਹਿਮਦ ਵਾਲੀ ਚਲੇ ਗਏ। ਉੱਥੇ ਦੀਵਾਨ ਲੱਗਾ। ਤਾਂ ਹਰਨਾਮ ਸਿੰਘ ਰਣੀਖਾਨ ਨੇ ਸੰਗਤ ਨਾਲ ਸਲਾਹ ਕਰਕੇ ਅਰਜ਼ ਕੀਤੀ ਕਿ ਜਿਹੜਾ ਇੱਕ ਰੁਪੈਆ ਦੇਉ ਉਹ ਸੂਤਰ ਕੱਢੇ। ਇਉਂ ਇਕੱਠੀ ਹੋਈ ਰਕਮ, ਸਿੰਧ ਤੋਂ ਆਈ ਸੰਗਤ ਨੂੰ ਜੋ ਬੇ ਕਰਾਇਆ ਹੈ ਦਿੱਤੀ ਜਾਵੇ। "ਗੁਰੂ ਜੀ ਨੇ ਪੰਜ ਰੁਪੈ ਆਪਣੇ ਖਜ਼ਾਨੇ ਵਿੱਚੋਂ ਪੁਆ ਕੇ ਹੁਕਮ ਸੁਣਾ ਦਿੱਤਾ ਕਿ ਕੱਢੋ ਸੂਤਰ।" ਲਾਲ ਸਿੰਘ ਨੂੰ ਬਚਨ ਹੋਇਆ ਕੱਢੋ ਸੂਤਰ। ਕਹਿਣ ਲੱਗਾ ਸੂਤਰ ਕਾਧੇ ਨਾਲ ਕੱਢੀਏ, ਸੱਤਿਆ ਤਾਂ ਤੁਸਾਂ ਕੱਢ ਲਈ ਹੈ। ਫੇਰ ਬਚਨ ਹੋਇਆ ਕੱਢੋ ਸੂਤਰ। ਇੱਕ ਸੌ ਚਾਲੀ ਰੁਪੈ ਇਕੱਠੇ ਹੋਏ ਸਿੰਧੀ ਸਿੱਖਾਂ ਲਈ। ਸੌ ਤੋਂ ਵੱਧ ਸਿੰਘ ਇੱਥੇ ਮਸਤਾਨੇ ਹੋਏ।[9]

੧੯੦੪ ਈ. ਦਾ ਹੋਲਾ ਗੁਰੂ ਚੱਕ ਮਨਾ ਕੇ, ਹੁਕਮ ਸਿੰਘ ਸ਼ਾਹ ਦੇ ਪਾਸ ਗੁਰੂ ਹਰੀ ਸਿੰਘ ਜੀ ਸਖਾਣੀਂ ਆ ਗਏ। ਇੱਥੇ ਸਵੇਰੇ "ਆਸਾ ਦੀ ਵਾਰ ਦਾ ਭੋਗ ਪਿਆ ਤਾਂ ਸੰਤ ਲਾਲ ਸਿੰਘ ਰਾਗੀਆਂ ਕੋਲ ਬੈਠੇ ਸੇ। ਗੰਗੀ, ਸੰਤ ਹਰਨਾਮ ਸਿੰਘ ਕਿਲੇ ਵਾਲਿਆਂ ਦੀ ਭੈਣ ਨੇ ਪਿੱਛੋਂ ਆ ਕੇ ਸੰਤ ਲਾਲ ਸਿੰਘ ਦੇ ਸਿਰ ਉੱਤੇ ਪੈਰ ਧਰ ਦਿੱਤਾ।....... ਸੰਤਾਂ ਦੇ ਸੇਵਕ ਗੰਗੀ ਨੂੰ ਮਾਰਨ ਵਾਸਤੇ ਤਿਆਰ ਹੋਏ ਤਾਂ ਗੁਰੂ ਹਰੀ ਸਿੰਘ ਜੀ ਬਚਨ ਕੀਤਾ, ਖ਼ਬਰਦਾਰ ਜੇ ਕੋਈ ਇਸ ਨੂੰ ਮਾਰੇ।"[10] ਇਹ ਵੀ ਸਾਧੂਆਂ ਦਾ ਕੋਈ ਗੁੱਝਾ ਭੇਦ ਸੀ।

ਗੁਰੂ ਹਰੀ ਸਿੰਘ ਜੀ ਇਕ ਵੇਰ ਮਾਨਾਂਵਾਲਾ (ਸ਼ੇਖੂਪੁਰਾ) ਵਿਖੇ, ਸ੍ਰ. ਸੁੰਦਰ ਸਿੰਘ ਮਾਨ ਦੇ ਡੇਰੇ ਤੇ ਲੱਗੇ ਦੀਵਾਨ ਵਿੱਚ ਦਰਸ਼ਨ ਦੇ ਰਹੇ ਸਨ। ਕਾਲੂ ਕੇ ਰਾਗੀ ਅਤੇ ਸੰਤ ਲਾਲ ਸਿੰਘ ਭੂਰੇ ਗਿੱਲ ਵਾਲਿਆਂ ਨੇ ਦੀਵਾਨ ਲਾਇਆ ਸੀ। "ਬਹੁਤ ਸਾਧੂ ਮਸਤ ਹੋਏ, ਬਹੁਤ ਮਾਇਆ ਭੇਟਾ ਹੋਈ। ਪਰ ਸੰਤ ਜੀ ਭੀ ਬਹੁਤ ਤਿਆਗ ਬਿਰਤੀ ਰੱਖਦੇ, ਗਲ ਅਲਫੀ ਤੇ ਮੋਢੇ ਤੇ ਉੱਨ ਦਾ ਆਸਣ, ਗਲ ਮਾਲਾ ਹੀ। ਹੋਰ ਪਰਸ਼ਾਦਾ ਜਲ ਬਿਨਾਂ ਝਾਕਦੇ ਹੀ ਨਾ। ਸਾਰੀ ਮਾਇਆ ਰਾਗੀ ਕਾਲੂ ਕੇ ਹੀ ਲੈਂਦੇ। ਗੁਰੂ ਹਰੀ ਸਿੰਘ ਜੀ ਹੌਲੀ ਜਿਹੀ ਨੇੜੇ ਸੱਦ ਕਿਹਾ ਕੁਝ ਤੂੰ ਭੀ ਮਾਇਆ, ਬਸਤਰ, ਜੋੜੇ, ਭਾੜੇ ਲਈ ਲੈ ਲਿਆ ਕਰ। ਸਾਰੀ ਰਾਗੀਆਂ ਦਾ ਹੀ ਹੱਕ ਨਹੀਂ। ਸੰਤ ਜੀ ਨਾ ਮੰਨੇ। ਗੁਰੂ ਜੀ ਕਿਹਾ, ਤੂੰ ਦੋ ਹਿੱਸੇ ਵੰਡਾਣੇ ਕਰਨੇ ਨੇ, ਹੁਣ ਥੋੜ੍ਹੀ ਨਹੀਂ ਲੈਂਦਾ। ਇਹ ਵਾਕ ਗੁਰੂ ਕਾ, ਬਾਦ ਮਸਤੀ ਦਾ ਅਮਲ ਉਤਰਿਆ, ਸੰਤ ਜੀ ਤੇ ਵਰਤਿਆ।"[11] ਜਦੋਂ ਸੰਤ ਜੀ ਨੇ ਫਿਰ ਕੀਰਤਨ ਭੇਟ ਲੈਣੀ ਸ਼ੁਰੂ ਕਰ ਦਿੱਤੀ ਤਾਂ ਉਹਨਾਂ ਦੇ ਮਿੱਤਰਾਂ ਵਿੱਚੋਂ ਇੱਕ ਸ਼ਾਇਦ ਸੰਤ ਮਿੱਤ ਸਿੰਘ ਜੀ ਜਾਂ ਸੰਤ ਜਿਊਣ ਸਿੰਘ ਜੀ ਨੇ ਉਸ ਸ਼ਾਮ ਪਰਸ਼ਾਦਾ ਨਾ ਛਕਿਆ। ਸ਼ਾਇਦ ਉਪਰੋਕਤ ਘਟਨਾ ਬੀਬੀ ਗੰਗੀ ਵਾਲੀ ਵੀ ਸੰਤਾਂ ਦੁਆਰਾ ਕੀਰਤਨ ਭੇਟ ਲਏ ਜਾਣ ਦੇ ਸੰਦਰਭ ਵਿੱਚ ਵਰਤੀ ਹੋਵੇ। ਗੁਰੂ ਹਰੀ ਸਿੰਘ ਜੀ ਤਿਰਕਾਲ ਦਰਸ਼ੀ ਸਨ ਉਹ ਸਮਝਦੇ ਸਨ ਕਿ ਜਿਉਂਦੀ ਜਾਨ ਦੀਆਂ ਕਈ ਲੋੜਾਂ ਹੁੰਦੀਆਂ ਹਨ, ਇਸ ਲਈ ਸੰਤ ਜੀ ਭੇਟਾ ਸਵੀਕਾਰ ਕਰਨ ਤਾਂ ਇਹ ਪਾਪ ਨਹੀਂ। ਕਿਉਂਕਿ ਉਹ ਹੁਣ ਆਪਣੇ ਆਪ ਨੂੰ ਮੁਕੰਮਲ ਤੌਰ ਤੇ ਸ਼ਬਦ ਕੀਰਤਨ ਨੂੰ ਹੀ ਸਮਰਪਿਤ ਕਰ ਬੈਠੇ ਸਨ।

੧੯੧੦ ਈ. ਦੇ ਸਤਿਗੁਰੂ ਪਰਤਾਪ ਸਿੰਘ ਜੀ ਦੇ ਸਮੇਂ ਨਾਮਧਾਰੀ ਹੋਲਾ ਮਹੱਲਾ ਗਿੱਲ ਬਾਰ ਵਾਲੇ ਵਿੱਚ ਬਾਬਾ ਜਮੀਅਤ ਸਿੰਘ ਗਿੱਲ ਦੀ ਅੰਸ ਤੇ ਹੋਰ ਪਿੰਡ ਦੇ ਸਿੱਖਾਂ ਵੱਲੋਂ ਹੋਇਆ। ਸਤਿਗੁਰੂ ਪਰਤਾਪ ਸਿੰਘ ਜੀ ਤਿੰਨ ਚਾਰ ਕੁ ਸਾਲ ਤੋਂ ਹੀ ਗੱਦੀ ਨਸ਼ੀਨ ਹੋਏ ਸਨ। ਆਪ ਦੀ ਉਮਰ ਵੀਹ ਕੁ ਸਾਲ ਸੀ।

"ਇਸ ਗਿੱਲਾਂ ਦੇ ਹੋਲੇ ਤੇ ਇਕ ਦਿਨ ਸੰਤ ਲਾਲ ਸਿੰਘ ਜੀ ਭੂਰੇ ਗਿੱਲਾਂ ਵਾਲੇ ਸਮੇਤ ਕਾਲੂ ਰਾਗੀ ਦੇ ਜਥੇ ਦੇ ਪੜ੍ਹਦਿਆਂ, "ਪੁੱਤਰ ਨੰਦ ਦਾ ਨੀ ਨੰਦ ਦਾ" ਆਪ ਐਸੇ ਮਸਤ ਹੋਏ ਕਿ ਉਹਨਾਂ ਦਾ ਦਰਸ਼ਨ ਕਰ ਤੇ ਸ਼ਬਦ ਸੁਣ, ਸਭ ਸੰਗਤ ਹੀ ਮਸਤ ਹੋ ਗਈ। ਸਿਆਲਕੋਟ ਦੇ ਜ਼ਿਲ੍ਹੇ ਵਿੱਚੋਂ ਆਇਆ ਸਾਧੂ ਤੇ ਇੱਕ ਭੀ ਐਸਾ ਨਾ ਰਿਹਾ, ਜਿਸ ਦੇ ਸਿਰ ਤੇ ਪੱਗ ਰਹੀ ਹੋਵੇ।

"ਸੰਤ ਜੀ "ਬਿਨ ਚਿਤ ਦੀਨ ਹਾਥ ਨਹੀ ਆਵੈ। ਚਾਰ ਬੇਦ ਇਮ ਭੇਦ ਬਤਾਵੈ" ਦੀ ਵਿਆਖਿਆ ਕਰਦਿਆਂ ਜਦ ਕਿਹਾ, ਸਾਧੋ! ਸਿਰ ਦੇਣ ਨਾਲੋਂ ਦਿਲ ਦੇਣਾ ਔਖਾ ਹੈ॥ 'ਜੀਂਦੇ ਰਹਿ ਰਗੜ ਸਭ ਸਹਿਣੀ। ਮੂਲ ਮੂੰਹੋਂ ਸੀ ਹਾਇ ਨਾ ਕਹਿਣੀ', ਤਾਂ ਸਭ ਸੁਨਣ ਵਾਲੇ ਲੋਟਪੋਟ ਹੀ ਹੋ ਗਏ।........

"ਸਤਿਗੁਰੂ ਪਰਤਾਪ ਸਿੰਘ ਜੀ ਬਚਨ ਕੀਤਾ ਕਰਦੇ ਸੀ, "ਅਸਾਂ ਸਿਖਰ ਦੀ ਸੇਵਾ ਤੇ ਸਿੱਖੀ ਦੇ ਸੁਆਦ ਦਾ ਮੇਵਾ ਮਸਤੀ, ਜੋ ਗਿੱਲਾਂ ਦੇ ਹੋਲੇ ਤੇ ਵੇਖੀ ਹੈ, ਉਹ ਅੱਜ ਤੱਕ ਆਪਣੇ ਸੁਆਦ ਵਾਲਾ ਨਜ਼ਾਰਾ, ਪਿਆਰਾ ਪਿਆਰਾ ਮਨ ਵਿੱਚ ਜਦੋਂ ਚੇਤੇ

ਆਉਂਦਾ ਏ, ਡ਼ਾਤ ਅੰਦਰ ਪੈਂਦੀ ਏ, ਤਾਂ ਉਸੇ ਤਰ੍ਹਾਂ ਰਸ ਤੇ ਤਰਾਰਾ ਦਿੰਦਾ ਹੈ। ਤੇ ਕਹਿੰਦੇ ਉਸ ਦਿਨ ਤੋਂ ਮੇਰੇ ਮਨ ਵਿੱਚ ਐਸਾ ਅਸਰ ਹੋ ਗਿਆ ਏ, ਜਿਵੇਂ ਕੋਰੇ ਭਾਂਡੇ ਵਿੱਚ ਘਿਉ ਭਰ ਦੇਈਦਾ ਏ, ਤਾਂ ਉਹਦੇ ਰੋਮ ਰੋਮ ਵਿੱਚ ਰਚ ਜਾਂਦਾ ਏ ਤੇ ਉਹ ਫਿਰ ਕੋਰਿਆਂ ਨਾਲ ਸਾਰੀ ਉਮਰ ਨਹੀਂ ਰਲਦਾ। ਮੈਂ ਤਦੋਂ ਤੋਂ ਅਜਿਹਾ ਹੋ ਗਿਆ ਹਾਂ।"[12] ਸੰਤ ਭੂਰੇ ਗਿੱਲਾਂ ਦੀ ਅਨੂਠੀ ਕੀਰਤਨ ਸ਼ੈਲੀ ਨੂੰ ਜੋ ਮਸਤ ਬਣਾ ਦਿੰਦੀ ਸੀ, ਇਸ ਤੋਂ ਵੱਡੇ ਪਰਮਾਣ ਦੀ ਹੋਰ ਕੀ ਲੋੜ ਹੈ।

੧੯੧੧ ਈ. ਦਾ ਹੋਲਾ ਮਹੱਲਾ ਲਾਹੌਰ ਸ਼ਹਿਰ ਵਿੱਚ ਬਾਬਾ ਧਿਆਨ ਸਿੰਘ ਪੱਥਰਾਂ ਵਾਲਿਆਂ ਦੇ ਅਰਜ਼ ਕਰਨ ਤੇ ਹੋਇਆ ਸੀ। ਇਸ ਹੋਲੇ ਤੇ ਸੰਤ ਲਾਲ ਸਿੰਘ ਜੀ ਸ਼ਬਦ ਪੜ੍ਹਦੇ ਤੇ ਰਾਗੀ ਭਾਈ ਕਾਲੂ, ਮੱਤੂ ਕੇ ਮਗਰ ਬੋਲਦੇ ਸਨ। ਸੰਤ ਜੀ ਨੇ ਸ਼ਬਦ ਦੀ ਮੁੱਖ ਧਾਰਨਾ ਲਈ-

ਐਸੋ ਕਉਨ ਬਲੀ ਰੇ, ਐਸੋ ਕਉਨ ਬਲੀ
ਜਿਨਿ ਮਿਲਿ ਮਾਰੇ ਪੰਚ ਸੂਰਬੀਰ, ਐਸੋ ਕਉਨੁ ਬਲੀ ਰੇ ॥

ਸੰਤ ਜੀ ਬੜੇ ਰੰਗ ਵਿਚ ਰੱਤੇ, ਚੁੰਗੀਆਂ ਭਰਦੇ ਸਨ। ਦੂਰ ਦੂਰ ਤੱਕ ਸ਼ਬਦ ਗਾਉਂਦੇ, ਤੁਕਾਂ ਬੋਲਦੇ ਪਰਮਾਣ ਵੀ ਦਿੰਦੇ ਸਨ। ਕਹਿੰਦੇ ਸੀ ਰਾਗ ਆਸਾ ਵਿਚ ਪੰਜਵੀਂ ਪਾਤਸ਼ਾਹੀ ਦਾ ਫੁਰਮਾਨ ਹੈ:

ਜਿਨਿ ਮਿਲਿ ਮਾਰੇ ਪੰਚ ਸੂਰਬੀਰ ਐਸੋ ਕਉਨੁ ਬਲੀ ਰੇ ॥
ਜਿਨਿ ਪੰਚ ਮਾਰਿ ਬਿਦਾਰਿ ਗੁਦਾਰੇ ਸੋ ਪੂਰਾ ਇਹ ਕਲੀ ਰੇ ॥੧॥ਰਹਾਉ ॥
ਵਡੀ ਕੋਮ ਵਸਿ ਭਾਗਹਿ ਨਾਹੀ ਮੁਹਕਮ ਫਉਜ ਹਠਲੀ ਰੇ ॥
ਕਹੁ ਨਾਨਕ ਤਿਨਿ ਜਨਿ ਨਿਰਦਲਿਆ ਸਾਧ ਸੰਗਤ ਕੈ ਝਲੀ ਰੇ ॥

ਇਸ ਸ਼ਬਦ ਦਾ, ਇਸ ਦੀ ਵਿਆਖਿਆ ਵਿਚ ਪੜ੍ਹੇ ਗੁਰਬਾਣੀ ਦੇ ਹੋਰ ਸ਼ਬਦਾਂ ਦਾ, ਸੰਗਤ ਤੇ ਇਹੋ ਜਿਹਾ ਅਸਰ ਹੋਇਆ ਕਿ ਸੰਤ ਜਿਊਣ ਸਿੰਘ ਸਰਹਾਲੀ, ਸੰਤ ਕੇਸਰ ਸਿੰਘ ਜੀ ਮੁਹਾਵਾ, ਸੰਮਾ ਸਿੰਘ ਜੀ ਮਾਂਗਾ ਇਤਿਆਦਕ ਬਹੁਤ ਸਾਰੇ ਕੂਕੇ ਸਾਧੂ ਮਸਤਾਨੇ ਹੋ ਗਏ ਸਨ। ਸੰਤ ਜਿਊਣ ਸਿੰਘ ਸਰਹਾਲੀ ਦੀ ਮਸਤੀ ਤਾਂ ਉਸ ਦਿਨ ਸ਼ਰ੍ਹਾ ਸ਼ਰੀਅਤ ਦੀਆਂ ਸਾਰੀਆਂ ਹੱਦਾਂ ਪਾਰ ਕਰ ਗਈ ਸੀ। ਸੰਤ ਦੋਹਾਂ ਹੱਥਾਂ ਨਾਲ ਆਪਣੇ ਮੋਢੇ ਥਪ ਥਪਾਉਂਦਿਆ ਕਹਿ ਰਹੇ ਸਨ-"ਗੁਰੂ ਰਾਮ ਸਿੰਘ ਦੀ ਕਿਰਪਾ ਨਾਲ ਪੰਜੇ ਵੱਸ ਵਿਚ ਕੀਤੇ ਹਨ"।

"ਸੰਤ ਲਾਲ ਸਿੰਘ ਜੀ ਭੂਰੇ ਗਿੱਲੀਏ, ਆਪਣੇ ਨਾਲ ਰਾਗੀ ਕਾਲੂ, ਮੱਤੂ ਨੂੰ ਰੱਖਦੇ। ਸੋ ਭੀ ਸਤਿਗੁਰੂ ਜੀ ਦੇ ਸਾਥ ਹੀ ਦੌਰਿਆਂ ਵਿਚ ਰਹਿੰਦੇ। ਇਹ ਸੰਤ ਜੀ ਸ਼ਬਦ ਭੀ ਬੜੇ ਪ੍ਰੇਮ ਨਾਲ ਪੜ੍ਹਦੇ। ਵਿਆਖਿਆ ਬਹੁਤ ਅਨੁਭਵ ਭਰੀ, ਖਰੀ ਖਰੀ ਮਹਾਂ ਪੁਰਖਾਂ ਦੇ ਮਤਲਬ, ਮਸਤਾਂ ਦੇ ਮਨ ਤੇ ਮਜ਼ਲ ਦੀ ਵਰਤਦੀ ਕਰਦੇ।"[13]

੧੯੧੯ ਈ. ਦੀਆਂ ਗਰਮੀਆਂ ਵਿੱਚ ਭੈਣੀ ਸਾਹਿਬ ਨਿਮਾਣੀ ਦੇ ਮੇਲੇ ਤੇ ਫਿੱਲੋਕੇ ਵਾਲੇ ਸੇਠਾਂ ਨੇ ਅਰਜ਼ ਕੀਤੀ ਕਿ ਅਸਾਂ ਗੁਜਰਾਂਵਾਲੇ ਨਵੇਂ ਮਕਾਨ ਛੱਤੇ ਹਨ, ਸਾਧ ਸੰਗਤ ਦਾ ਮੇਲਾ ਕਰਨਾ ਚਾਹੁੰਦੇ ਹਾਂ। ਸਤਿਗੁਰੂ ਜੀ, ਮਾਤਾ ਜੀਵਨ ਕੌਰ, ਮਾਤਾ

ਫਤਹਿ ਕੌਰ ਜੀ, ਦੋਵੇਂ ਮਹਾਰਾਜ ਜੀ, ਗੱਲ ਕੀ ਮਾਤਾ ਭੁਪਿੰਦਰ ਕੌਰ ਜੀ ਸਮੇਤ ਸਾਰਾ ਹੀ ਗੁਰੂ ਪਰਵਾਰ ਹਾੜ ਦੇ ਮਹੀਨੇ ਗੁਜਰਾਂਵਾਲੇ ਇਸ ਮੇਲੇ ਤੇ ਪੁਜਾ। ਇਸ ਮੇਲੇ ਤੇ ਸਤਿਗੁਰੂ ਜੀ ਨੇ ਸੰਗਤ ਨੂੰ ਕਿਹਾ ਸੀ ਕਿ ਹੁਕਮਨਾਮੇ ਸਤਿਗੁਰੂ ਰਾਮ ਸਿੰਘ ਜੀ ਦੇ ਜਿਸ ਕਿਸੇ ਸਰੀਰ ਕੋਲ ਹੋਣ ਭੈਣੀ ਸਾਹਿਬ ਭੇਜ ਦਿਉ। ਸਤਿਗੁਰੂ ਜੀ ਭੈਣੀ ਸਾਹਿਬ ਚਾਲ੍ਹੀਏ ਦੇ ਦਿਨਾਂ ਵਿੱਚ ਹੁਕਮਨਾਮਿਆਂ ਦਾ ਪਾਠ ਕਰਿਆ ਕਰਦੇ ਸਨ। ਇਸ ਮੇਲੇ ਤੇ ਭੀ ਹੋਰ ਰਾਗੀਆਂ ਦੇ ਜਥਿਆਂ ਤੋਂ ਇਲਾਵਾ, ਸੰਤ ਲਾਲ ਸਿੰਘ ਜੀ ਨੇ ਆਪਣੇ ਸ਼ਬਦ ਕੀਰਤਨ ਨਾਲ ਸੰਗਤ ਨੂੰ ਨਿਹਾਲ ਕੀਤਾ। ਇਸ ਵਰ੍ਹੇ ਤੇ ਚਾਹਲੀਏ ਤੇ ਨਹਿਰ ਵਾਲੇ ਡੇਰੇ ਤੇ ਸਤਿਗੁਰੂ ਬਿਲਾਸ ਕ੍ਰਿਤ ਭਾਈ ਸੰਤੋਖ ਸਿੰਘ ਬਾਹੋਵਾਲ ਪੜ੍ਹਦੇ ਜਾਂ ਸੁਣਦੇ। ਹੁਕਮਨਾਮੇ ਰਾਤ ਇਕਾਂਤ ਵਿੱਚ ਥੋਹੜੇ ਸਿੰਘਾਂ ਵਿੱਚ ਬੈਠ ਪੜ੍ਹਦੇ, ਵੀਚਾਰਦੇ। ਪਹਿਰਾ ਲੁਆ ਕੇ। ਇਸ ਸਮੇਂ ਅੰਗਰੇਜ਼ ਸਰਕਾਰ ਦੀ ਸਖਤੀ ਬਹੁਤ ਸੀ ਅਤੇ ਹੁਕਮਨਾਮਿਆਂ ਵਿੱਚ ਗੋਰੀ ਸਰਕਾਰ ਵਿਰੁੱਧ ਸਤਿਗੁਰੂ ਜੀ ਨੇ ਕਰੜੇ ਬਚਨ ਵੀ ਲਿਖੇ ਹਨ। ਸੰਤ ਤਰਨ ਸਿੰਘ ਵਹਿਮੀ ਲਿਖਦੇ ਹਨ ਕਿ ਇਹ ਬਚਨ ਉਹ ਸੰਤ ਭਗਤ ਸਿੰਘ ਦਾਤੇਵਾਲ ਸੰਤ ਲਾਲ ਸਿੰਘ ਭੂਰੇ ਗਿੱਲ ਆਦਿ ਤੋਂ ਸੁਣਦੇ ਸਨ, ਜੋ ਇਸ ਸਮੇਂ ਚਾਲ੍ਹੀਏ ਵਿੱਚ ਹਾਜ਼ਰ ਹੁੰਦੇ।[14]

੧੯੨੦ ਈ. ਵਰਨਾਂ ਦੇ ਹੋਲੇ ਸਮੇਂ ਸੰਤ ਲਾਲ ਸਿੰਘ ਜੀ ਨੇ ਆਪਣੇ ਦੀਵਾਨ ਵਿੱਚ ਬਿਹੰਗਮ ਜਾਂ ਪਿੰਡਾ ਵਿੱਚ ਘੁੰਮਣ ਵਾਲੇ, ਨਾਮਧਾਰੀ ਸਾਧੂਆਂ ਨੂੰ ਹਦਾਇਤ ਕੀਤੀ ਕਿ ਉਹ ਕਿਸੇ ਪਿੰਡ ਜਾਣ ਸਮੇਂ ਡੇਰਾ ਕਿਸੇ ਸਾਂਝੀ ਥਾਂ ਤੇ ਰੱਖਣ। ਜੇ ਕੋਈ ਸਿੱਖ ਅਰਜ਼ ਕਰਕੇ ਘਰ ਖੜੇ ਤਾਂ ਜਾਵੇ । ਇੱਕ ਦੋ ਦਿਨਾਂ ਤੋਂ ਵੱਧ ਇੱਕ ਥਾਂ ਤੇ ਟਿਕੇ ਨਾ। ਅਤੇ ਬਚਨ ਬਿਲਾਸ ਵੀ ਘਰ ਵਾਲੇ ਸਿੰਘ ਨਾਲ ਉਤਨਾ ਕੁ ਕਰੇ ਜਿਤਨਾ ਉਹ ਸੁਣਨਾ ਚਾਹੇ।[15] ਸੰਤ ਜੀ ਕਿਉਂਕਿ ਪਿਛਲੇ ੨੫-੩੦ ਸਾਲਾਂ ਤੋਂ ਕੀਰਤਨ ਪਰਚਾਰ ਲਈ ਸੰਗਤਾਂ ਵਿੱਚ ਵਿਚਰ ਰਹੇ ਸਨ, ਇਸ ਲਈ ਉਹ ਐਸੀ ਸੁਚੱਜੀ ਜੀਵਨ ਜਾਚ ਦੇ ਜਾਣੂ ਹੋ ਚੁੱਕੇ ਸਨ। ਉਹਨਾਂ ਵਿੱਚ ਮਹਾਂ ਪੁਰਖਾਂ ਵਾਲੇ ਸਾਰੇ ਹੀ ਸਦਾਚਾਰਕ ਗੁਣ ਸਨ, ਜਿਹਨਾਂ ਨੂੰ ਉਹ ਨਾਮਧਾਰੀ ਸੰਗਤ ਵਿੱਚ ਵੰਡਣਾ ਆਪਣਾ ਮੁੱਖ ਕਰਤਵ ਸਮਝਦੇ ਸਨ।

੧੯੧੩ ਈ. ਦਾ ਨਾਮਧਾਰੀ ਸੰਗਤ ਦਾ ਹੋਲਾ ਮਹੱਲਾ ਮਾਂਗਾ (ਲਾਹੌਰ) ਵਿੱਚ ਸੀ, ਇਸ ਹੋਲੇ ਵਿੱਚ ਸੰਤ ਲਾਲ ਸਿੰਘ ਜੀ ਦੇ ਪੁੱਤਰ ਪਰਤਾਪ ਸਿੰਘ ਹੋਰਾਂ ਦਾ ਜ਼ਿਕਰ ਇਸ ਰੂਪ ਵਿੱਚ ਮਿਲਦਾ ਹੈ ਕਿ ਉਹ ਵਾਜਾ ਵਜਾਉਂਦੇ ਸਨ ਅਤੇ ਹੋਲੇ ਵਿੱਚ ਉਹਨਾਂ ਦੇ ਕੀਰਤਨ ਕਰਨ ਦਾ ਜ਼ਿਕਰ ਹੈ। ਇਸ ਤਰ੍ਹਾਂ ਸੰਤ ਜੀ ਨੇ ਕੀਰਤਨ ਵਾਲਾ ਆਪਣਾ ਗੁਣ ਅੱਗੋਂ ਪਰਿਵਾਰ ਵਿੱਚ ਵੀ ਵੰਡ ਦਿੱਤਾ। ਸੰਤ ਜੀ ਨੇ ਰਾਗ ਤਾਲ ਦੀ, ਨਾਮਧਾਰੀ ਬਣਨ ਬਾਅਦ, ਬਕਾਇਦਾ ਸਿੱਖਿਆ ਲਈ ਸੀ ਕੀਰਤਨੀਏ ਬਣਨ ਤੋਂ ਪਹਿਲਾਂ।[16] ਸੰਤ ਜੀ ਦਾ ਦੂਜਾ ਸਪੁੱਤਰ ਨੱਥਾ ਸਿੰਘ ਵੀ ਕੀਰਤਨ ਕਰਨ ਲੱਗ ਪਿਆ ਸੀ। ਸੰਨ ੧੯੧੪ ਈ. ਵਿੱਚ ਮਹਾਰਾਜ ਨਿਹਾਲ ਸਿੰਘ ਜੀ ਦੇ ਅਨੰਦ ਕਾਰਜ ਸਮੇਂ ਲਾਹੌਰ ਵਿੱਚ ਜਿਹੜੇ ਕੀਰਤਨੀ ਜਥੇ ਪੁੱਜੇ ਸਨ, ਉਹਨਾਂ ਵਿੱਚ ਇੱਕ ਜਥਾ ਸੰਤ ਲਾਲ ਸਿੰਘ ਅਤੇ

ਉਹਨਾਂ ਦੇ ਪੁੱਤਰਾਂ ਪਰਤਾਪ ਸਿੰਘ ਨੱਥਾ ਸਿੰਘ ਦਾ ਵੀ ਸੀ। ਇਸੇ ਤਰ੍ਹਾਂ ਹੀ ਇਹ ਜਥਾ ਇਸੇ ਸਾਲ ਦੇ ਅੰਤ ਤੇ ਸਤਿਗੁਰੂ ਪਰਤਾਪ ਸਿੰਘ ਜੀ ਦੇ ਅਨੰਦ ਕਾਰਜ ਸਮੇਂ ਗੁਰੂ ਸਰ ਵੀ ਪੁੱਜਿਆ ਸੀ।[17] ਕਈ ਵੇਰ ਸੰਤ ਜੀ ਤਾਂ ਭਾਈ ਕਾਲੂ ਤੇ ਮੱਤੂ ਹੋਰਾਂ ਨਾਲ ਰਲ ਕੇ ਕੀਰਤਨ ਕਰਦੇ ਅਤੇ ਉਹਨਾਂ ਦੇ ਦੋਵੇਂ ਸਪੁੱਤਰ ਵੱਖਰੀ ਚੌਂਕੀ ਭਰਦੇ ਸਨ, ਉਸੇ ਸਮਾਗਮ ਵਿੱਚ।

੧੯੨੭ ਈ. ਦੀ ਨਿਮਾਣੀ ਦੇ ਮੇਲੇ ਤੇ ਅਤੇ ਬਾਅਦ ਵਿੱਚ ਜਪ ਪ੍ਰਯੋਗ ਦੇ ਸਮਾਪਤੀ ਮੇਲੇ ਸਮੇਂ ਵੀ ਸੰਤ ਲਾਲ ਸਿੰਘ ਜੀ ਦਾ ਭਾਈ ਕਾਲੂ, ਮੱਤੂ, ਸੰਦਲ ਆਦਿ ਰਾਗੀਆਂ ਦੇ ਨਾਲ ਕੀਰਤਨ ਕਰਨ ਦਾ ਜ਼ਿਕਰ ਸਾਡੇ ਸਮਕਾਲੀ ਇਤਿਹਾਸ ਵਿੱਚ ਮਿਲਦਾ ਹੈ। ਸੰਤ ਜੀ ਬਾਰੇ ਇਹ ਵੀ ਦਰਜ਼ ਹੈ ਕਿ ਉਹ ਇਸ ਸਮੇਂ ਸਰੀਰ ਵਾਹਵਾ ਬਿਰਧ ਹੋਣ ਬਾਅਦ ਵੀ ਦੂਰ ਨੇੜੇ ਦਿਆਂ ਨਗਰਾਂ ਵਿੱਚ ਫਿਰ ਕੇ, ਪੰਥਕ ਪਰਚਾਰ ਕਰਦੇ ਸਨ।[18]

ਸੰਤ ਜੀ ਦਾ ਖੜਕੇ ਦੜਕੇ ਵਾਲਾ ਸੁਭਾਉ ਵੀ ਸੀ। ਵੈਸੇ ਤਾਂ ਉਹ ਨਾਮਧਾਰੀ ਬਣਨ ਬਾਅਦ ਸ਼ਾਂਤਗੀ ਵਿੱਚ ਹੀ ਵਿਚਰੇ ਪਰ ਇਕ ਵੇਰ ਜਦੋਂ ਸ਼ਰੀਕਾਂ ਨੇ ਉਹਨਾਂ ਦੇ ਪੁੱਤਰਾਂ ਨੂੰ ਜ਼ਿਆਦਾ ਹੀ ਤੰਗ ਕੀਤਾ ਤਾਂ ਸੰਤ ਜੀ ਨੇ ਵੀ ਆ ਕੇ ਤਰਲਾ ਲਿਆ ਕਿ ਇਸ ਤਰ੍ਹਾਂ ਨਾ ਕਰੋ। ਦੋ ਵੇਰ ਦੇ ਤਰਲੇ ਦਾ ਕੋਈ ਅਸਰ ਨਾ ਹੋਣ ਤੇ ਸੰਤ ਜੀ ਨੇ ਜਥਾ ਬਣਾ ਕੇ ਸ਼ਰੀਕਾਂ ਨੂੰ ਚੰਗਾ ਸੋਧਾ ਲਾਇਆ ਅਤੇ ਫਿਰ ਪਿੰਡ ਟਿਕ ਗਏ ਸਨ, ਕੁਝ ਸਮੇਂ ਲਈ। "ਡੰਡਾ ਪੀਰ ਹੈ ਵਿਗੜਿਆਂ ਤਿਗੜਿਆਂ ਦਾ" ਵਾਰਿਸ ਸ਼ਾਹ ਹੋਰਾਂ ਨੂੰ ਇਸੇ ਕਾਰਨ ਲਿਖਣਾ ਪਿਆ ਸੀ। ਸੰਤ ਜੀ ਦੀ ਸ਼ਰੀਕਾਂ ਨੂੰ ਬੇਵੱਸ ਹੋ ਕੇ ਸੋਧਣ ਦੀ ਵਾਰਤਾ ਸਤਿਗੁਰੂ ਪਰਤਾਪ ਸਿੰਘ ਜੀ ਸੁਣਾਇਆ ਕਰਦੇ ਸਨ।[19]

੧੯੩੧ ਈ. ਦੇ ਸੰਧਵਾਂ (ਜਲੰਧਰ) ਦੇ ਹੋਲੇ ਮਹੱਲੇ ਸਮੇਂ ਵੀ ਸੰਤ ਲਾਲ ਸਿੰਘ ਜੀ ਨੇ ਆਪਣੇ ਜਥੇ ਸਮੇਤ ਕੀਰਤਨ ਕੀਤਾ। ਦੋ ਦਿਨ ਇੱਥੇ ਲਗਾਤਾਰ ਮੀਂਹ ਪੈਂਦਾ ਰਿਹਾ ਸੀ। ਤੀਜੇ ਦਿਨ ਸਾਰੇ ਜਥਿਆਂ ਨੇ ਅੱਡ ਅੱਡ ਥਾਂਵਾਂ ਤੇ ਇੱਕੋ ਸਮੇਂ, ਦੀਵਾਨ ਸ਼ੁਰੂ ਕਰ ਦਿੱਤੇ। ਪਹਿਲੇ ਦੋ ਦਿਨਾਂ ਦੀ ਬੇਸੁਆਦੀ ਮੁੱਕ ਗਈ। ਤੇ ਸੰਧਵਾਂ ਦਾ ਇਹ ਹੋਲਾ ਨਾਮਧਾਰੀ ਇਤਿਹਾਸ ਵਿੱਚ ਯਾਦਗਾਰੀ ਬਣ ਗਿਆ। ਇਸੇ ਸਾਲ ਗੁਰਬਾਣੀ ਸ਼ੁੱਧ ਪੜ੍ਹਨ ਅਤੇ ਅਰਥਾਂ ਦੇ ਭਾਵ ਤੇ ਵਿਚਾਰ ਕਰਨ ਲਈ, ਸਤਿਗੁਰੂ ਜੀ ਨੇ ਜਪ ਪ੍ਰਯੋਗ ਸਮੇਂ ਨੇਮ ਬਣਾਇਆ ਸੀ। ਸੰਤ ਭੂਰੇ ਗਿੱਲ ਇਸ ਪ੍ਰਯੋਗ ਅਤੇ ਵਿਚਾਰ ਚਰਚਾ ਵਿੱਚ ਸ਼ਾਮਲ ਹੋਏ।[20] ਇਸੇ ਤਰ੍ਹਾਂ ਸੰਤ ਜੀ ਤੇ ਭਾਈ ਕਾਲੂ ਕੇ ਰਾਗੀ ਅਤੇ ਸੰਤਾਂ ਦਾ ਪੁੱਤਰ ਪਰਤਾਪ ਸਿੰਘ, ਆਪਣੇ ਕੀਰਤਨੀ ਜਥਿਆਂ ਸਮੇਤ, ੧੯੩੨ ਈ. ਦੇ ਸ੍ਰੀ ਭੈਣੀ ਸਾਹਿਬ ਹੋਏ ਹੋਲੇ ਮਹੱਲੇ ਦੀ ਰੌਣਕ ਬਣੇ। ਇਸੇ ਹੋਲੇ ਮਹੱਲੇ ਦੇ ਭੋਗ ਸਮੇਂ ਸੰਤ ਮੋਹਨ ਸਿੰਘ ਜੀ ਭਾਗੋਵਾਲੀਏ, ਹਵਨ ਦੀ ਅਗਨੀ ਵਿੱਚ ਜਾ ਪਏ ਸਨ, ਮਸਤੀ ਦੇ ਆਲਮ ਵਿੱਚ। ਪਰ ਉਹਨਾਂ ਨੂੰ ਕਿਤੇ ਵੀ ਸੇਕ ਨਾ ਲੱਗਾ, ਜਿਸ ਦਾ ਜ਼ਿਕਰ ਸਤਿਗੁਰੂ ਪਰਤਾਪ ਸਿੰਘ ਜੀ ਦੇ ਉਪਦੇਸ਼ਾਂ ਵਿੱਚ ਵੀ ਮਿਲਦਾ ਹੈ।

ਸਤਿਗੁਰੂ ਪਰਤਾਪ ਸਿੰਘ ਜੀ ਜਦੋਂ ੧੯੩੪ ਈ. ਵਿੱਚ ਆਪਣੇ ਪਹਿਲੇ ਸਿਆਮ

ਦੌਰੇ ਤੋਂ ਵਾਪਿਸ ਆਏ ਤਾਂ ਸ੍ਰੀ ਭੈਣੀ ਸਾਹਿਬ ਵਿੱਚ ਸੰਤ ਲਾਲ ਸਿੰਘ ਜੀ ਨੇ ਦੀਵਾਨ ਲਾਇਆ ਹੋਇਆ ਸੀ। ਸਤਿਗੁਰੂ ਜੀ ਸੰਗਤ ਨੂੰ ਨਮਸਕਾਰ ਕਰ ਦੀਵਾਨ ਵਿੱਚ ਸਜ ਗਏ। "ਸੰਤ ਲਾਲ ਸਿੰਘ ਜੀ ਸ਼ਬਦ ਦੀ ਸਮਾਪਤੀ ਬਾਦ ਸੀਸ ਨਿਵਾ, ਹੱਥ ਜੋੜ, ਚਰਨੀਂ ਲੱਗ, ਸੁੱਖ ਪੁੱਛੀ ਤੇ ਅਰਜ਼ ਕੀਤੀ, "ਸੱਚੇ ਪਾਤਸ਼ਾਹ, ਸਰੀਰ ਤੇ ਚਿਤ ਰਾਜੀ ਰਿਹਾ ਹੈ ? ਤੇ ਕੀ ਦਿੱਤਾ ਲਿਆ ਹੈ ਇਸ ਦੌਰੇ ਦੇ ਸਫਰ ਲਾਭ, ਸਤਿਗੁਰੂ ਜੀ ਉੱਤਰ ਦਿੱਤਾ, "ਜਪੁ ਤਪੁ ਸਤੁ ਸੰਤੋਖ ਪਿਖਿ ਦਰਸਨੁ ਗੁਰ ਸਿਖਹ" ਤਾਂ ਸੁਤੇ ਹੀ ਪਰਾਪਤ ਹੋਏ ਹਨ। ਪਰ ਸਿੰਘ-ਸਭੀਆਂ ਦੀ ਦੁਬਿਧਾ ਦੇਖ ਤੇ ਸਰਬ ਧਰਮ ਸੰਮੇਲਨ ਸੁਣ, ਮੈਂ ਭੀ ਮਨ ਬਣਾਇਆ ਹੈ ਕਿ ਐਸਾ ਹੀ ਸੰਮੇਲਨ ਦੁਬਿਧਾ ਦੇ ਘਟਾਉਣ ਲਈ ਜ਼ਰੂਰ ਕਰੀਏ ਤੇ ਯਤਨ ਕਰੀਏ ਜੋ ਸਿੱਖ ਪੰਥ ਤੇ ਹਿੰਦੀ ਜਨਤਾ ਆਪੋ ਵਿੱਚ ਸੁਖ ਸਕੂਨ ਨਾਲ ਵੱਸੇ। ਗੋਰੇ ਦੀ ਚਾਲੋਂ ਬਚੇ।"[21] ਸਤਿਗੁਰੂ ਜੀ ੧ ਫੱਗਣ ੧੯੯੦ ਬਿ. ਨੂੰ ਆਏ ਸਨ। ਇਸੇ ਸਾਲ ੧੬-੧੭-੧੮-੧੯ ਫੱਗਣ ਨੂੰ ਸ੍ਰੀ ਭੈਣੀ ਸਾਹਿਬ ਹੋਲਾ ਮਹੱਲਾ ਸੀ।" ਰਾਗੀ ਜੈ ਸਿੰਘ ਜੀ ਤੇ ਕਾਲੂ ਜੀ, ਸੰਤ ਲਾਲ ਸਿੰਘ ਜੀ, ਭਾਈ ਹਰਨਾਮ ਸਿੰਘ ਜੀ ਟਿੱਬਾ, ਹਰਨਾਮ ਸਿੰਘ ਜੀ ਚਵਿੰਡਾ (ਆਸਾ ਦੀ) ਵਾਰ ਤੇ ਸ਼ਬਦ ਇਕੱਠਾ ਹੀ ਪੜ੍ਹਦੇ। ਸਾਧ ਸਾਰੀ ਰਾਤ ਗੁਰਬਾਣੀ ਪੜ੍ਹਦੇ, ਜਾਗਾ ਕੱਟਦੇ।" ੧੯੩੪ ਈ. ਦੇ ਹੋਲੇ ਮਹੱਲੇ ਦਾ ਇਹ ਦੀਵਾਨ ਸੰਤਾਂ ਲਈ ਆਖਰੀ ਹੋ ਨਿੱਬੜਿਆ। ਇਸ ਹੋਲੇ ਤੋਂ ਛੇਤੀ ਮਗਰੋਂ ਜਥੇਦਾਰ ਬੇਲਾ ਸਿੰਘ ਸੂਜੋਵਾਲੀਏ ਚੜ੍ਹਾਈ ਕਰ ਗਏ ਸਨ। ਇਹਨਾਂ ਗਰਮੀਆਂ ਵਿੱਚ ਹੀ ਸ੍ਰ. ਸੁੰਦਰ ਸਿੰਘ ਮਾਨਾਂ ਵਾਲਾ ਚੱਲ ਵੱਸੇ ਸਨ। ਪਟਿਆਲੇ ਵਾਲੇ ਰਾਗੀ ਮਸਤਾਨ ਸਿੰਘ ਜੀ ਵੀ ਇਸੇ ਸਮੇਂ ਗੁਜਰੇ। ਗੁਰਮਤਿ ਕੀਰਤਨ ਨੂੰ ਵੱਡਾ ਘਾਟਾ ੨੮ ਜੇਠ ੧੯੯੧ ਬਿ. ਨੂੰ ਸੰਤ ਭੂਰੇ ਗਿੱਲ ਜੀ ਦੇ ਅਕਾਲ ਚਲਾਣੇ ਨਾਲ ਪਿਆ।

"੧੯੩੪ ਈ. ਮਹੀਨਾ ਜੇਠ ਦੀ ਬਾਤ ਹੈ, ਗੁਜਰਾਂਵਾਲੇ ਤੋਂ ਸੰਗਤ ਦੀ ਚਿੱਠੀ ਆਈ, ਆਪ ਨੂੰ ਉੱਥੇ ਦਰਸ਼ਨ ਦੇਣ ਲਈ ਬੁਲਾਇਆ ਸੀ। ਜਦ ਜਾਣ ਲੱਗੇ ਤਾਂ ਮੈਨੂੰ (ਪੋਤਰਾ ਡਾ. ਬੇਅੰਤ ਸਿੰਘ) ਕਹਿਣ ਲੱਗੇ, -ਮੈਂ ਗੁਜਰਾਂ ਵਾਲੇ ਚੱਲਿਆਂ ਹਾਂ, ਮੇਰਾ ਹੁਣ ਅੰਤ ਸਮਾਂ ਆ ਗਿਆ ਹੈ, ਮੈਂ ਸ਼ਾਇਦ ਵਾਪਸ ਨਾ ਆ ਸੱਕਾਂ। ਮੇਰੇ ਪਿੱਛੋਂ ਮੇਰੇ ਨਮਿੱਤ ਕੋਈ ਬੜਾ ਅਡੰਬਰ ਨਾ ਕਰਨਾ। ਮੈਂ ਤਾਂ ਪਹਿਲਾਂ ਕੀਤੇ ਦਾਨ ਦਾ ਫਲ ਵੀ ਗੁਰੂ ਤੋਂ ਨਹੀਂ ਮੰਗਦਾ, ਜਿਸ ਲਈ ਦੁਬਾਰਾ ਜਨਮ ਲੈਣਾ ਪਵੇ, ਪਰ ਤੁਸਾਂ ਉੱਕਣਾ ਨਹੀਂ ਕੇਵਲ ਇੱਕ ਸਾਧਾਰਨ ਪਾਠ ਕਰਵਾਕੇ ਭੋਗ ਪਵਾ ਦੇਣਾ।......... ਸੋ ਗੁਜਰਾਂਵਾਲੇ ਤੁਰ ਗਏ, ੧੫ ਦਿਨਾਂ ਪਿੱਛੋਂ ਉੱਥੋਂ ਚਿੱਠੀ ਆਈ ਕਿ ਆਪ ਦੀ ਸਿਹਤ ਠੀਕ ਨਹੀਂ। ਸੋ ਮੇਰੇ ਤਾਇਆ (ਨੱਥਾ ਸਿੰਘ) ਅਤੇ ਮਾਮਾ ਪਾਲਾ ਸਿੰਘ ਜੀ ਜਾ ਕੇ ਗੁਜਰਾਂਵਾਲੇ ਤੋਂ ਲਿਆਏ। ਸਿਹਤ ਬਹੁਤ ਕਮਜ਼ੋਰ ਹੋ ਚੁੱਕੀ ਸੀ, ਆਪਣੇ ਆਪ ਉੱਠ ਬੈਠ ਨਹੀਂ ਸਨ ਸਕਦੇ।...... ੨੮ ਜੇਠ ਨੂੰ ਸਵੇਰੇ ਦਸ ਵਜੇ ਸਰੀਰ ਤਿਆਗ ਦਿੱਤਾ। ਪੂਰੀ ਨਾਮਧਾਰੀ ਮਰਿਆਦਾ ਅਨੁਸਾਰ ਆਪ ਦਾ ਅੰਤਿਮ ਸਸਕਾਰ ਕੀਤਾ ਗਿਆ। ਹੁਣ ਤੱਕ ਹਰ ਸਾਲ ੨੮ ਜੇਠ ਨੂੰ ਉਹਨਾਂ ਦੀ ਯਾਦ ਵਿੱਚ ਮੇਲਾ ਕੀਤਾ ਜਾਂਦਾ ਹੈ, ਜਿਸ ਵਿੱਚ ਨਾਮਧਾਰੀ ਪੰਥ ਦਾ ਪਰਚਾਰ ਅਤੇ ਕੀਰਤਨ ਪਰਵਾਹ ਚੱਲਦਾ ਹੈ। ਇਸ ਮੇਲੇ ਉੱਪਰ ਸਤਿਗੁਰੂ

ਜਗਜੀਤ ਸਿੰਘ ਜੀ ਭੀ ਦਰਸ਼ਨ ਦੇ ਚੁੱਕੇ ਹਨ।[22] ਮੇਲਾ ਹੁਣ ਭੀ ਹਰ ਸਾਲ ਸੰਤਾਂ ਦਾ ਪਰਿਵਾਰ ਅਤੇ ਨਾਮਧਾਰੀ ਸੰਗਤ ਮਨਾਉਂਦੀ ਹੈ।

ਸੰਤ ਜੀ ਦੇ ਪੋਤਰੇ ਡਾ. ਬੇਅੰਤ ਸਿੰਘ ਦੀ ਮਾਤਾ ਉਸਨੂੰ ੯ ਮਹੀਨੇ ਦਾ ਛੱਡ ਕੇ ਗੁਜ਼ਰ ਗਈ ਸੀ, ਭਾਈ ਪਰਤਾਪ ਸਿੰਘ ਦੀ ਸਿੰਘਣੀ। ਦਾਦੀ ਨੇ ਉਸਨੂੰ ਪਾਲਿਆ ਅਤੇ ੨੪ ਸਾਲ ਇਸ ਲੜਕੇ ਨੇ ਦਾਦੇ ਦਾਦੀ ਨਾਲ ਰਹਿ ਕੇ ਉਹਨਾਂ ਦੀ ਬਹੁਤ ਸੇਵਾ ਕੀਤੀ ਸੀ। ਇਸੇ ਕਾਰਨ ਸੰਤ ਜੀ ਦੇ ਭੋਗ ਮੇਲੇ ਤੇ ਸਤਿਗੁਰੂ ਪਰਤਾਪ ਸਿੰਘ ਜੀ ਨੇ ਸੰਤ ਜੀ ਦੀ ਇੱਛਾ ਅਨੁਸਾਰ ਜੋ ਉਹਨਾਂ ਆਪ ਪਾਸ ਪ੍ਰਗਟ ਕੀਤੀ ਸੀ, ਸੰਤਾਂ ਦੀ ਦਸਤਾਰ ਪੋਤਰੇ ਬੇਅੰਤ ਸਿੰਘ ਨੂੰ ਬੰਨ੍ਹਾਈ ਸੀ।

ਸੰਤ ਜੀ ਜਦੋਂ ਕਦੇ ਮਸਤੀ ਵਿੱਚ ਆ ਕੇ ਕੀਰਤਨ ਕਰਿਆ ਕਰਦੇ ਸਨ, ਤਾਂ ਸਭ ਹਿੰਦੂ, ਮੁਸਲਮਾਨ, ਗੈਰ ਨਾਮਧਾਰੀ ਸਿੱਖ ਵੀ ਆ ਕੇ ਸੁਣਦੇ ਸਨ। ਮੁਸਲਿਮ "ਅੱਲਾ ਹੂ, ਅੱਲਾ ਹੂ" ਕਰਦੇ ਵਜਦ ਵਿੱਚ ਆ ਜਾਂਦੇ। ਹਿੰਦੂ "ਹਰੇ ਰਾਮ ਹਰੇ ਕ੍ਰਿਸ਼ਨ" ਕਹਿ ਨਿਰਤ ਆਰੰਭ ਦਿੰਦੇ। ਜਦੋਂ ਸੰਤ ਇੱਕ ਹੱਥ ਕੰਨ ਤੇ ਰੱਖ ਕੇ ਦੂਜੀ ਬਾਂਹ ਖੜ੍ਹੀ ਕਰਕੇ ਪੜ੍ਹਦੇ- "ਦੂਈ ਦੂਰ ਕਏ ਕੋਈ ਹੋਰ ਨਹੀਂ। ਸਭ ਸਾਧ ਲਖੋ ਕੋਈ ਚੋਰ ਨਹੀਂ" ਤਾਂ ਸਾਰੇ ਦੀਵਾਨ ਵਿੱਚ ਕਿਲਕਾਰੀਆਂ ਵੱਜਣ ਲੱਗ ਪੈਂਦੀਆਂ। ਸੰਤ ਜੀ ਦੀਆਂ ਦੀਵਾਨ ਵਿੱਚ ਦਿੱਤੀਆਂ ਮਿਸਾਲਾਂ ਦੀ ਚਰਚਾ ਸਤਿਗੁਰੂ ਪਰਤਾਪ ਸਿੰਘ ਜੀ ਆਪਣੇ ਉਪਦੇਸ਼ਾਂ ਵਿੱਚ ਵੀ ਕਰਦੇ ਸਨ:-

"ਸੰਤ ਲਾਲ ਸਿੰਘ ਹੋਰੀਂ ਕਦੇ-ਕਦੇ ਮੌਜ 'ਚ ਆ ਕੇ ਕਹਿੰਦੇ ਨੇ- ਉਹ ਮੁੱਢੋਂ ਹੀ ਕੱਲ ਖੋਰ ਹੈ। ਉਹ ਇੱਕ ਹੈ ਜਿਸਦੇ ਨਾਲ ਹੋਰ ਕੋਈ ਚੀਜ਼ ਨਹੀਂ-ਦੂਸਰੀ। ਤਾਂ, ਕਹਿੰਦੇ ਨੇ 'ਜੱਸ ਚੰਦ'- ਜੱਸਾ ਸਿੰਘ ਦਾ ਪੁੱਤਰ ਬਣਿਆ ਹੋਇਆ ਹੈ ।

ਜਸ ਚੰਦ ਜੋ ਤਾਤ ਅਨੰਦਹ ਮੂਰਤ।

ਜੱਸੇ ਦਾ ਚੰਦ੍ਰਮਾ ਪੁੱਤਰ ਬਣਕੇ ਜਿਹੜਾ ਅਨੰਦ ਦੀ ਮੂਰਤ ਹੈ, ਉਹ ਦਸ਼ਰਥ ਦੇ ਘਰ ਵੀ ਇੱਕ ਬਣ ਕੇ ਆਉਂਦਾ ਹੈ ਤੇ ਉਹ ਹੈ ਕਿਸੇ ਦਾ ਵੀ ਨਹੀਂ-ਸਾਰਿਆਂ ਦਾ ਹੀ ਹੈ।"[23]

"ਸੰਤ ਲਾਲ ਸਿੰਘ ਹੋਰੀਂ ਕਹਿੰਦੇ ਸੀ, "ਬਿਗਾਨੇ ਕੋਲੋਂ ਗੁਣ-ਦੂਸਰੇ ਦਾ ਤਾਂ ਲਉ, ਜੇ ਅਉਗਣ ਵੇਖਣੇ ਨੇ, ਇਹ ਪਦਾਰਥ ਦਾ ਆਪਣੇ ਕੋਲ ਕੋਈ ਘਾਟਾ ਨਹੀਂ"[24]

"ਉਹ ਜਿਵੇਂ ਹੀਰ ਨੇ ਆਖਿਆ ਸੀ-ਮੈਨੂੰ ਹੁਣ ਹੀਰ ਨਾ ਆਖੋ ਰਾਂਝਾ ਹੀ ਆਖੋ। ਮਤਲਬ ਉਹੋ ਹੀ ਹੈ। ਉਹੋ ਭਾਵੇਂ ਬਾਹਰ ਦੀ ਗੱਲ ਹੈ। ਸੰਤ ਲਾਲ ਸਿੰਘ ਜੀ ਕਦੇ ਕਦੇ ਕਹਿੰਦੇ ਪ੍ਰੇਮ ਦੀ ਗੱਲ। ਹੀਰ ਇੱਕ ਦਿਨ ਤੁਰੀ ਜਾਵੇ ਰਾਂਝੇ ਵੱਲ। ਕਾਜ਼ੀ ਪੜ੍ਹੇ ਨਮਾਜ਼, ਉਹਦੇ ਅੱਗੋਂ ਦੀ ਲੰਘ ਗਈ। ਉਹਨਾਂ ਦੇ ਇਸ ਤਰ੍ਹਾਂ ਦੇ ਹੀ ਸ਼ਬਦ ਹਨ, ਉਹ ਕਹਿੰਦੇ- ਉਹ ਨਾ-ਮਾਕੂਲੇ, ਮੇਰੀ ਤੂੰ ਨਮਾਜ਼ ਕਜ਼ਾ ਕਰ ਦਿੱਤੀ ਹੈ। ਹੀਰ ਨੇ ਦੇਖਿਆ-ਕੀ ਕਹਿੰਦਾ ਹੈ ? ਉਹ ਵੀ ਮੌਜ ਵਿੱਚ ਜਾਂਦੀ ਸੀ। ਕਹਿੰਦੀ-ਕਾਜ਼ੀ ਜੀ ਕਿਹਦੀ ਨਮਾਜ਼ ਪੜ੍ਹਦੇ ਹੋ ?

ਕਹਿੰਦਾ , "ਖ਼ੁਦਾ ਦੀ।"

ਉਹ ਕਹਿੰਦੀ, "ਧਰੋਹੀ ਖੁਦਾ ਦੀ, ਕੋਈ ਖੁਦਾ ਦੀ ਨਮਾਜ਼ ਨਹੀਂ।"

ਉਹ ਕਹਿੰਦਾ "ਕਿਉਂ ?"

ਉਹ ਕਹਿੰਦੀ, "ਮੇਰੀ ਬੰਦੇ ਨਾਲ ਪ੍ਰੀਤ ਹੈ, ਮੈਂ ਇਮਾਨ ਨਾਲ ਕਹਿੰਦੀ ਹਾਂ ਕਿ ਤੂੰ ਮੈਨੂੰ ਨਹੀਂ ਦਿਸਿਆ, ਤੇ ਤੇਰੀ ਖੁਦਾ ਨਾਲ, ਤੂੰ ਨਮਾਜ਼ ਪੜ੍ਹਦਾਂ ਤੇ ਮੈਂ ਤੈਨੂੰ ਅੱਗੋਂ ਦੀ ਲੰਘਦੀ ਦੀਹਦੀ ਹਾਂ।"[25]

ਸੰਤਾਂ ਛੈਣਿਆਂ ਵਾਲਿਆਂ ਦੀ ਕਿਰਪਾ ਨਾਲ ਨਿਵਾਜੇ, ਗੁਰੂ ਹਰੀ ਸਿੰਘ ਜੀ ਤੋਂ ਵਰੋਸਾਏ, ਸੰਤ ਲਾਲ ਸਿੰਘ ਜੀ, ਕੋਈ ੨੮ ਵਰ੍ਹੇ ਸਤਿਗੁਰੂ ਪਰਤਾਪ ਸਿੰਘ ਜੀ ਦੇ ਸਾਲਾਨਾ ਹੋਲਿਆਂ ਮੇਲਿਆਂ ਅਤੇ ਦੌਰਿਆਂ ਸਮੇਂ ਜਾਂ ਫਿਰ ਪੰਥਕ ਪਰਚਾਰ ਲਈ ਉਹਨਾਂ ਦੇ ਹੁਕਮ ਅਨੁਸਾਰ ਹੋਏ ਵੱਖ ਵੱਖ ਦੀਵਾਨਾਂ ਦੀ ਸ਼ੋਭਾ ਬਣਦੇ ਰਹੇ। ਉਹਨਾਂ ਦਾ ਗੁਰਬਾਣੀ ਗਾਇਨ, ਲੋਕ ਧੁਨਾਂ ਨਾਲ ਰਲ ਕੇ, ਅਦੁੱਤੀ ਸੰਗੀਤ ਸਿਰਜਿਆ ਕਰਦਾ ਸੀ। ਉਹਨਾਂ ਦੇ ਪੋਤਰੇ ਡਾ. ਬੇਅੰਤ ਸਿੰਘ ਦੇ ਦੱਸਣ ਮੁਤਾਬਿਕ, "ਸੰਨ ੧੯੨੮ ਦੀ ਦੀਵਾਲੀ ਦਾ ਦੀਵਾਨ, ਅੰਮ੍ਰਿਤਸਰ ਨਾਮਧਾਰੀ ਗੁਰਦੁਆਰੇ ਦੇ ਸਾਹਮਣੇ ਲੱਕੜ ਮੰਡੀ ਵਿੱਚ ਲੱਗਾ ਹੋਇਆ ਸੀ। ਆਪ ਕੀਰਤਨ ਕਰਨ ਸਮੇਂ ਪੰਡਾਲ ਵਿੱਚ ਖੜ੍ਹੇ ਹੋ ਕੇ ਸ਼ਬਦ ਪੜ੍ਹਦੇ ਸਨ ਅਤੇ ਰਾਗੀ ਸਿੰਘ ਥੱਲੇ ਬੈਠੇ ਸਾਜਾਂ ਨਾਲ ਬੋਲਦੇ ਸਨ। ਸੰਧਿਆ ਹੋ ਚੁੱਕੀ ਸੀ, ਗੈਸ ਜਗ ਚੁੱਕੇ ਸਨ, ਸ਼ਬਦ ਦਾ ਪ੍ਰਭਾਵ ਬਹੁਤ ਵੈਰਾਗਮਈ ਸੀ। ਬਹੁਤ ਮਸਤਾਨੇ ਪੰਡਾਲ ਵਿੱਚ ਨਿਰਤ ਕਰ ਰਹੇ ਸਨ। ਧੰਨ ਸਤਿਗੁਰੂ ਰਾਮ ਸਿੰਘ ਦੀ ਧੁਨੀ ਬੁਲੰਦ ਹੋ ਰਹੀ ਸੀ। ਸਾਰੀ ਸੰਗਤ ਹੀ ਮਸਤਾਨੀ ਹੋ ਰਹੀ ਸੀ। ਉਸ ਸਮੇਂ ਸਤਿਗੁਰੂ ਰਾਮ ਸਿੰਘ ਜੀ ਦੇ ਵਿਛੋੜੇ ਦਾ ਵਿਯੋਗ ਪ੍ਰਬਲ ਸੀ। ਦੀਵਾਨ ਵਿੱਚ ਆਮ ਕੂਕਾਂ ਨਿਕਲ ਰਹੀਆਂ ਸਨ। ਸੋ ਐਸੇ ਬੈਰਾਗ ਭਰਪੂਰ ਸਮੇਂ ਸਤਿਗੁਰੂ ਪਰਤਾਪ ਸਿੰਘ ਜੀ ਆਪਣੇ ਆਸਨ ਉਪਰ ਬੈਠੇ ਵੈਰਾਗੀ ਹੋ ਗਏ। ਮੈਂ ਉਸ ਸਮੇਂ ਦੀਵਾਨ ਵਿੱਚ ਬੈਠਾ ਸਾਂ। ਉਹ ਸਮਾਂ ਹੁਣ ਭੀ ਜਦੋਂ ਮੈਨੂੰ ਯਾਦ ਆਉਂਦਾ ਹੈ ਮੈਂ ਭਾਵੁਕ ਹੋ ਜਾਂਦਾ ਹਾਂ।"[26]

ਪੰਜਾਬੀ ਸਾਹਿਬ ਜਗਤ ਦੇ ਵੀਹਵੀਂ ਸਦੀ ਦੇ ਚਮਕਦੇ ਸਿਤਾਰੇ, ਮਹਾਂਕਵੀ ਅਤੇ ਪਰਸਿੱਧ ਪੱਤਰਕਾਰ ਸ੍ਰ. ਅਵਤਾਰ ਸਿੰਘ 'ਅਜ਼ਾਦ' ਸੰਤ ਜੀ ਦੀ ਕੀਲ ਲੈਣ ਵਾਲੀ ਕੀਰਤਨ ਸ਼ੈਲੀ ਦਾ ਜ਼ਿਕਰ ਇਸ ਅਨੂਠੇ ਅੰਦਾਜ਼ ਵਿੱਚ ਕਰਦੇ ਹਨ: "ਜਦ ਮੈਂ ਅੰਮ੍ਰਿਤਸਰ ਆ ਟਿਕਿਆ ਤੇ ਮੇਰਾ ਮਕਾਨ ਬਾਬਾ ਭੌੜੀ ਵਾਲੇ ਦੇ ਚੌਂਕ ਵਿੱਚ ਸੀ, ਜਿੱਥੋਂ ਨਾਮਧਾਰੀ ਗੁਰਦੁਆਰਾ ਕੁਝ ਕਦਮਾਂ ਉੱਤੇ ਹੈ। ਏਥੇ ਬਾਬਾ ਲਾਲ ਸਿੰਘ ਜੀ ਭੂਰੇ ਗਿੱਲ ਦੇ ਦੀਵਾਨ ਸੁਣਨ ਦਾ ਸਮਾਂ ਕਈ ਵੇਰ ਮਿਲਿਆ। ਬਾਬਾ ਜੀ ਜਦ ਕੀਰਤਨ ਕਰਦੇ ਸਨ ਤੇ ਸ਼ਬਦ ਤੇ ਸੰਗੀਤ ਦੇ ਰਸ ਵਿੱਚ ਆ ਕੇ, ਮਸਤੀਆਂ ਦੇ ਡੁੱਲ੍ਹ ਡੁੱਲ੍ਹ ਪੈਂਦੇ ਪਿਆਲੇ ਅਰਪਦੇ ਸਹੀ ਹੁੰਦੇ ਸਨ। ਜਦ ਮੈਂ ਉਹਨਾਂ ਦੇ ਦਰਸ਼ਨ ਕੀਤੇ, ਜਿੱਥੋਂ ਤੀਕ ਮੈਨੂੰ ਚੇਤਾ ਹੈ ੧੯੨੬ ਈ. ਦਾ ਏੜ ਗੇੜ ਸੀ, ਉਦੋਂ ਉਹੋ ਕਾਫੀ ਵਡੇਰੀ ਉਮਰ ਦੇ ਸਨ, ਪਰ ਉਨ੍ਹਾਂ ਦੇ ਗਲੇ ਵਿੱਚ ਇੱਕ ਅਜੀਬ ਰਸ ਸੀ, ਕਿ ਸ਼ਬਦ ਸੰਗੀਤ ਗਮਕਾਂ ਨਾਲ ਗਲਵੱਕੜੀ ਹੁੰਦੇ ਜਾਦੂ ਧੂੜਦੇ ਜਾਪਣ ਲੱਗ ਪੈਂਦੇ ਸਨ। ਉਹਨਾਂ ਦੇ ਨੇਤਰਾਂ ਵਿੱਚ ਅਸਚਰਜ ਜਹੀ ਕੋਈ ਚਮਕ ਸੀ, ਜੋ ਸਰੋਤਿਆਂ ਦੇ ਮਨਾਂ ਨੂੰ ਬਦੋਬਦੀ ਪ੍ਰਭਾਵਿਤ

ਕਰਦੀ ਸੀ। ਨਿੱਕੀ-ਨਿੱਕੀ ਸੁਰ ਵਿੱਚ ਬੜੇ ਠਰ੍ਹੰਮੇ ਤੇ ਰਸਿਕ ਸੁਆਦ ਨਾਲ ਭਰਪੂਰ ਹੋ ਕੇ ਉਹ ਗੁਰੂ ਸ਼ਬਦਾਂ ਦਾ ਕੀਰਤਨ ਕਰਦੇ ਸਨ। ਵਧੀਕ ਰਸ ਆ ਜਾਏ ਤਾਂ ਨਿੱਕਾ-ਨਿੱਕਾ ਹਲੋਰੀਆਂ ਲੈਂਦਾ ਨਿਰਤ ਵੀ ਕਰਦੇ ਸਨ। ਸੰਗਤ ਦੀ ਉਹਨਾਂ ਨੂੰ ਬਹੁਤ ਸੂਝ ਜਾਪਦੀ ਸੀ। ਰਸ ਵਿੱਚ ਡੁੱਲ੍ਹਦੇ ਹੋਏ ਤਾਲੀ ਵੀ ਵਜਾਉਂਦੇ ਸਨ। ਮੈਨੂੰ ਉਹਨਾਂ ਦੇ ਦੀਵਾਨਾਂ ਵਿੱਚ ਆਪਾ ਭੁੱਲ ਜਾਣ ਜਿੰਨਾ ਸਰੂਰ ਆਉਂਦਾ ਸੀ। ਸੰਤ ਆਪ ਗੁਰੂ ਮਿਹਰਾਂ ਸਦਕਾ ਸੁਆਦ ਸਾਕਾਰ ਸਨ ਤੇ ਉਹ ਜਿੱਥੇ ਵੀ ਬੈਠਦੇ, ਬੋਲਦੇ ਤੇ ਕੂਹਕਦੇ ਸਨ, ਓਥੇ ਹੀ ਬੈਕੁੰਠ ਦੇ ਧਰਤੀ ਉਤੇ ਦਰਸ਼ਨ ਹੋਣ ਲੱਗ ਪੈਂਦੇ ਸਨ।

ਮੈਂ ਉਹਨਾਂ ਨੂੰ ਸਤਿਗੁਰਾਂ ਦੇ ਹਜ਼ੂਰ ਮਸਤ ਅਲ ਮਸਤੀ ਲਟਕ ਵਿੱਚ ਕੀਰਤਨ ਕਰਦਿਆਂ ਤੇ ਉਚੇ ਸੰਕੇਤ ਸੁਣਦੇ ਵੇਖਦਾ ਰਿਹਾ ਹਾਂ।"[27] ਸਤਿਗੁਰੂ ਰਾਮ ਸਿੰਘ ਜੀ ਦਾ ਬਿਰਹਾ, ਜਿਸ ਸ਼ਿੱਦਤ ਅਤੇ ਗਹਿਰਾਈ ਨਾਲ ਕੂਕਿਆਂ ਨੇ ਹੰਡਾਇਆ ਹੈ ਉਸ ਦੀ ਮਿਸਾਲ ਬਹੁਤ ਘੱਟ ਮਿਲਦੀ ਹੈ। ਵਿਛੋੜੇ ਦੇ ਇਸ ਸੇਕ ਵਿਚੋਂ, ਅੰਗਰੇਜ਼ ਸਰਕਾਰ ਨੂੰ ਆਪਣੇ ਰਾਜ ਲਈ ਇਕ ਨਫਰਤ ਅਤੇ ਵੰਗਾਰ ਦੇ ਦਰਸ਼ਨ ਹੁੰਦੇ ਸਨ। ਸਰਕਾਰੀ ਦਮਨ ਚੱਕਰ ਸਮੇਂ ਜਦੋਂ ਸਿੱਧਾ ਵਿਰੋਧ ਕਰਨ ਦਾ ਕੋਈ ਕਾਰਗਰ ਹਥਿਆਰ ਸੰਭਵ ਨਾਂ ਹੋਵੇ ਤਾਂ ਸਾਂਈ ਦੇ ਦਰਵੇਸ਼ ਆਪਣੀ ਮਸਤੀ ਨੂੰ ਵੀ ਇਕ ਹਥਿਆਰ ਬਣਾ ਲੈਂਦੇ ਹਨ। ਇਸੇ ਲਈ ਕੂਕਿਆਂ ਦੇ ਡੇਰੇ, ਉਹਨਾਂ ਦੇ ਘਰ ਅਤੇ ਦੀਵਾਨ ਵੀ ਅੰਗਰੇਜ਼ ਸਰਕਾਰ ਵਿਰੁਧ ਚੱਲਣ ਵਾਲੀਆਂ ਸਾਰੀਆਂ ਲੋਕ ਲਹਿਰਾਂ ਲਈ ਪ੍ਰੇਰਣਾ ਸਰੋਤ ਅਤੇ ਸੁੱਰਖਿਅਤ ਅੱਡੇ ਬਣ ਜਾਂਦੇ ਸਨ। ਸਰਦਾਰੀ ਬਾਣਾ ਲਾਹ ਕੇ ਗਲ ਅੱਧੀਆਂ ਬਾਹਾਂ ਵਾਲੀ ਕਫਨੀ ਪਾਕੇ ਸੰਤ ਭੂਰੇ ਗਿੱਲ ਨੇ ਵੀ ਇਹੋ ਵਿਦਰੋਹ ਦਾ ਢੰਗ ਵਰਤਿਆ। ਸੰਤ ਜੀ ਦਾ ਜ਼ਿਕਰ ਇਹਨਾਂ ਆਸ਼ਕਾਂ ਸਾਦਕਾਂ ਦੇ ਕੀਰਤਨਕਾਰਾਂ ਵਿਚ ਬੜੇ ਅਦਬ ਨਾਲ ਕੀਤਾ ਜਾਏਗਾ।

## ਹਵਾਲੇ ਤੇ ਟਿੱਪਣੀਆਂ


1. ਰਤਨ ਮਾਲਾ, ਮਾਸਟਰ ਨਿਹਾਲ ਸਿੰਘ, ਸਫਾ ੯੭
2. ਸੀਤਲਤਾ ਦਾ ਸ੍ਰੋਤ, ਮਾ. ਨਿਹਾਲ ਸਿੰਘ, ਫੁੱਟ ਨੋਟ ਸਫਾ ੧੬੩
3. ਲਾਲ ਏਹਿ ਰਤਨ-ਭਾਗ ੩, ਸਫਾ ੨੧੩-੧੪
4. ਸਤਿਗੁਰੂ ਬਿਲਾਸ-ਭਾਗ ਦੂਜਾ, ਭਾਈ ਸੰਤੋਖ ਸਿੰਘ ਬਾਹੋ ਵਾਲਾ ਸ. ਜਸਵਿੰਦਰ ਸਿੰਘ, ਸਫਾ ੨੦੧੪
5. ਉਹੀ , ਸਫਾ ੧੯੭-੯੮
6. ਰਤਨਮਾਲਾ, ਸਫਾ ੯੭-੯੯
7. ਸਤਿਜੁਗ ਦਾ ਗੂਰੂ ਹਰੀ ਸਿੰਘ ਅੰਕ, ੨੫ ਭਾਦਰੋਂ ੨੦੨੨ ਬਿ., ਸ਼੍ਰੀ ਜੀਵਨ ਨਗਰ, ਸੁਵਰਨ ਸਿੰਘ ਝੱਬਰ (ਵਿਰਕ) ਕਰੀਵਾਲਾ ਦਾ ਲੇਖ, ਸਿਮਰਤੀ ਚੋਂ ਸਮਰਪਣ, ਸਫਾ ੧੧੮-੧੧੯ ਅਤੇ ਜੱਸ ਜੀਵਨ, ਭਾਗ ਪਹਿਲਾ, ਸੰਤ ਤਰਨ ਸਿੰਘ ਵਹਿਮੀ, ਸਫਾ ੪੨-੪੪
8. ਕੂਕਿਆਂ ਬਾਰੇ, ਸੰਤ ਇੰਦਰ ਸਿੰਘ ਚੱਕਰਵਰਤੀ, ਸਫਾ ੨੯੯-੩੦੦

9. ਸਤਿਗੁਰੂ ਬਿਲਾਸ, ਭਾਗ ਦੂਜਾ, ਸਫਾ ੩੪੦
10. ਉਹੀ, ਸਫਾ ੩੫੦
11. ਜੱਸ ਜੀਵਨ, ਭਾਗ ਇੱਕ, ਸਫਾ ੧੦੧
12. ਉਹੀ, ਸਫਾ ੧੦੮-੦੯
13. ਉਹੀ, ਸਫਾ ੧੬੭
14. ਉਹੀ, ਸਫਾ ੨੩੭
15. ਉਹੀ, ਸਫਾ ੨੪੨
16. ਉਹੀ, ਸਫਾ ੧੨੫
17. ਅੱਖੀ ਡਿੱਠਾ ਕਿਸਾ ਕੀਤਾ, ਜਥੇਦਾਰ ਗੁਰਮੁਖ ਸਿੰਘ ਝੱਬਰ ਦੀਆਂ 'ਯਾਦਾਂ ', ਸੰ. ਸੁਵਰਨ ਸਿੰਘ ਵਿਰਕ, ਸਫਾ ੧੦੧
18. ਜੱਸ ਜੀਵਨ, ਭਾਗ ਦੂਜਾ, ਸੰਤ ਤਰਨ ਸਿੰਘ ਵਹਿਮੀ, ਸਫਾ ੧੮੧-੧੮੨
19. ਉਹੀ, ਸਫਾ ੨੩੩
20. ਉਹੀ, ਸਫਾ ੨੫੨
21. ਉਹੀ, ਸਫਾ ੩੨੧
22. ਰਤਨਮਾਲਾ, ਸਫਾ ੧੦੧-੦੨
23. ਲਾਲ ਏਹਿ ਰਤਨ ਭਾਗ ੨, ਸਫਾ ੧੬੧
24. ਉਹੀ, ਸਫਾ ੨੪੧
25. ਲਾਲ ਏਹਿ ਰਤਨ, ਭਾਗ ੫, ਸਫਾ ੪੬੬
26. ਰਤਨਮਾਲਾ, ਸਫਾ ੯੯-੧੦੦
27. ਸ੍ਰ. ਅਵਤਾਰ ਸਿੰਘ ਆਜ਼ਾਦ ਦਾ ਲੇਖ "ਮੇਰੇ ਨਾਮਧਾਰੀ ਪੰਥ ਨਾਲ ਸੰਬੰਧ", ਸਤਿਜੁਗ, ਸ੍ਰੀ ਜੀਵਨ ਨਗਰ ਦਾ ਬਸੰਤ ਨੰਬਰ, ੧੩ ਮਾਘ ੨੦੧੪ ਬਿ., ਸਫਾ ੪੦

# ਸੰਗਰਾਮੀਆ-ਇਤਿਹਾਸਕਾਰ, ਭਈ ਸੰਤੋਖ ਸਿੰਘ ਬਾਹੋਵਾਲ

ਸਿੱਖਾਂ ਬਾਰੇ ਇਹ ਮਿਸਲ ਮਸ਼ਹੂਰ ਹੈ ਕਿ ਉਹ ਇਤਿਹਾਸ ਰਚ ਤਾਂ ਸਕਦੇ ਹਨ, ਪਰ ਲਿਖ ਨਹੀਂ ਸਕਦੇ। ਦਰਅਸਲ ਉਹ ਲੋਕ ਜੋ ਆਪਣੇ ਅਕੀਦੇ ਵੱਲ ਸੇਧਿਤ ਹੋਕੇ ਲਗਾਤਾਰ ਕ੍ਰਿਆਸ਼ੀਲ ਰਹਿੰਦੇ ਹਨ, ਜਿਹਨਾਂ ਨੂੰ ਕਾਬਲ ਦੇ ਜੰਮਿਆਂ ਵਾਂਗ ਆਏ ਦਿਨ ਮੁਹਿੰਮਾਂ ਤੇ ਚੜ੍ਹਨਾ ਪੈਂਦਾ ਹੋਵੇ, ਉਹਨਾਂ ਪਾਸ ਇਤਿਹਾਸ ਲੇਖਨ ਲਈ, ਸਮਾਂ ਹੀ ਕਿਤਨਾ ਕੁ ਬਚਦਾ ਹੈ ? ਫਿਰ ਵੀ ਉਪਰੋਕਤ ਧਾਰਨਾ ਬਾਰੇ ਕੁਝ ਅਪਵਾਦ ਮੌਜੂਦ ਹਨ। ਆਦਿ ਗੁਰੂ ਨਾਨਕ ਦੇਵ ਜੀ ਦੇ ਦੂਜੇ ਸਰੂਪ, ਸ੍ਰੀ ਗੁਰੂ ਅੰਗਦ ਸਾਹਿਬ ਜੀ ਨੇ ਆਪਣੇ ਇਸ਼ਟ ਸਤਿਗੁਰੂ ਦੇ ਜੀਵਨ ਵੇਰਵਿਆਂ ਨੂੰ ਸੰਭਾਲਣ ਲਈ, ਭਾਈ ਪੈੜੇ ਮੋਖੇ ਲਿਖਾਰੀ ਦੁਆਰਾ, ਭਾਈ ਬਾਲਾ ਆਦਿਕ ਪੁਰਾਤਨ ਗੁਰ ਸਿੱਖਾਂ ਤੋਂ ਵੇਰਵੇ ਇਕੱਤਰ ਕਰਨੇ ਸ਼ੁਰੂ ਕੀਤੇ। ਭਾਈ ਬਾਲਾ ਜਾਂ ਉਸਦੀ ਜਨਮ ਸਾਖੀ ਦੀ ਇਤਿਹਾਸਿਕਤਾ ਕੁਝ ਵੀ ਹੋਵੇ, ਇਸ ਦਿਸ਼ਾ ਵਿਚ ਦੂਜੇ ਗੁਰੂ ਸਾਹਿਬ ਵੇਲੇ ਤੋਂ ਕੰਮ ਹੁੰਦਾ ਰਿਹਾ। ਫਿਰ ਗੁਰਬਾਣੀ ਦੇ ਲਿਖਾਰੀ ਭਾਈ ਗੁਰਦਾਸ ਜੀ ਨੇ ਛੇ ਸਤਿਗੁਰੂ ਸਾਹਿਬਾਨ ਤੱਕ ਦੇ ਪਰਮੁੱਖ ਗੁਰ ਸਿੱਖਾਂ ਦੇ ਨਾਮ, ਅੰਕਿਤ ਕਰਕੇ ਵੱਡਾ ਕਾਰਜ ਕੀਤਾ। ਦਸਵੇਂ ਪਾਤਸ਼ਾਹ ਜੀ ਦੇ ਭਾਈ ਮਨੀ ਸਿੰਘ, ਭਾਈ ਕੋਇਰ ਸਿੰਘ ਆਦਿ ਵਿਦਵਾਨ ਸਿੱਖਾਂ ਨੇ ਵੀ ਗੁਰ ਇਤਿਹਾਸ ਨੂੰ ਸੰਭਾਲਿਆ। ਮੱਸਾ ਰੰਘੜ ਦਾ ਸਿਰ ਵੱਢਣ ਵਾਲੇ, ਭਾਈ ਮਤਾਬ ਸਿੰਘ ਸ਼ਹੀਦ ਮੀਰਾਂਕੋਟੀਏ ਦੇ ਪੋਤਰੇ, ਕਰੋੜਾ ਸਿੰਘੀਆ ਮਿਸਲ ਦੇ ਜਥੇਦਾਰ ਬਘੇਲ ਸਿੰਘ ਦੇ ਦੋਹਤਰੇ, ਭਾਈ ਰਤਨ ਸਿੰਘ ਭੰਗੂ ਨੇ ਪੁਰਾਤਨ ਸਿੰਘਾਂ ਪਾਸੋਂ ਸਰਵਣ ਕਰਕੇ, ਗੁਰੂ ਇਤਿਹਾਸ ਅਤੇ ਸਿੱਖ ਇਤਿਹਾਸ ਨੂੰ ਮੋਟੀ ਠੁੱਲ੍ਹੀ ਪੰਜਾਬੀਨੁਮਾ ਬਰੱਜ ਭਾਸ਼ਾ ਵਿਚ ਛੰਦ ਬੱਧ ਕੀਤਾ। ਗੁਰੂ ਕਾਲ ਦਾ ਪ੍ਰਮੁੱਖ ਲਿਖਾਰੀ, ਗਿਆਨ ਮਾਰਤੰਡ ਭਾਈ ਸੰਤੋਖ ਸਿੰਘ, ਕੈਥਲਪਤੀ ਉਦੇ ਸਿੰਘ ਪਾਸ ਰਹਿੰਦਿਆਂ, ਉਨ੍ਹੀਵੀਂ ਸਦੀ ਦੇ ਪਹਿਲੇ ਅੱਧ ਵਿੱਚ 'ਸ੍ਰੀ ਗੁਰੂ ਪ੍ਰਤਾਪ ਸੂਰਜ' ਜਿਹਾ ਵਿਸ਼ਾਲ ਕਾਵਿ ਗਰੰਥ ਰਚਕੇ, ਅਮਰਤਾ ਨੂੰ ਪ੍ਰਾਪਤ ਹੋ ਗਿਆ। ਇਸ ਤਰ੍ਹਾਂ ਗੁਰੂ ਕਾਲ ਅਤੇ ਫਿਰ ਸਿੱਖ ਸੂਰਬੀਰਾਂ, ਰਾਜਿਆਂ ਮਹਾਰਾਜਿਆਂ ਦੇ ਇਤਿਹਾਸ ਸਮੇਤ ਨਾਮਧਾਰੀ ਸਿੰਘਾਂ ਦੇ, ਬਾਰੇ ਆਪਣੇ ਪੰਥ ਪਰਕਾਸ਼ ਵਿਚ ਗਿਆਨੀ ਗਿਆਨ ਸਿੰਘ ਜੀ ਨੇ ਲਿਖਿਆ ਹੈ। ਗੁਰੂ ਇਤਿਹਾਸ ਸਾਂਭਣ ਲਈ 'ਗੁਰ ਬਿਲਾਸਾਂ' ਦੀ ਪਰੰਪਰਾ ਵਿਚ ਭਾਈ ਭਗਤ ਸਿੰਘ, ਕੁਇਰ ਸਿੰਘ, ਸੁੱਖਾ ਸਿੰਘ ਅਤੇ ਦਸਵੇਂ ਪਾਤਸ਼ਾਹ ਦੇ ਦਰਬਾਰੀ ਕਵੀ ਸੈਨਾਪਤੀ ਪ੍ਰਮੁੱਖ ਹਨ।

ਉਪਰੋਕਤ ਲੜੀ ਵਿਚ ਜੇ ਅਸੀਂ ਨਾਮਧਾਰੀ ਇਤਿਹਾਸ ਦੀ ਗੱਲ ਕਰਾਂਗੇ ਤਾਂ ਜਿਹੜਾ ਉੱਭਰਵਾਂ ਨਾਮ ਸਾਹਮਣੇ ਆਉਂਦਾ ਹੈ, ਉਹ ਭਾਈ ਸੰਤੋਖ ਸਿੰਘ ਬਾਹੋਵਾਲ ਜੀ ਦਾ ਹੈ। ਆਪ ਨੇ ਜਨਮ ਸਾਖੀਆਂ ਅਤੇ ਗੁਰ ਬਿਲਾਸਾਂ ਦੀ ਤਰਜ਼ ਤੇ ਆਪਣਾ

ਵਾਰਤਕ ਗ੍ਰੰਥ "ਸਤਿਗੁਰੂ ਬਿਲਾਸ" ਲਿਖਿਆ। ਇਸ ਗਰੰਥ ਵਿਚ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਕਾਸ਼ ਤੇ ਲੈਕੇ ਸ੍ਰੀ ਗੁਰੂ ਹਰੀ ਸਿੰਘ ਜੀ ਦੇ ਦੇਹ ਦਾ ਓਹਲਾ ਕਰਨ ਤੱਕ ਦੇ ਸਮਾਚਾਰ ਕਾਨੀ ਬੰਦ ਕੀਤੇ ਗਏ ਹਨ। 'ਗੁਰ ਬਿਲਾਸ' ਜਨਮ ਸਾਖੀਆਂ ਦੇ ਉਲਟ, ਬਰੱਜ ਕਾਵਿ ਵਿਚ ਰਚੇ ਗਏ ਹਨ। ਭਾਈ ਬਾਹੋਵਾਲ ਕਹਿੰਦਾ ਹੈ ਕਿ ਉਸ ਦਾ ਗਰੰਥ ਪੰਜਾਬੀ ਵਾਰਤਕ ਵਿਚ ਲਿਖਿਆ ਹੈ, ਇਸ ਦਾ ਇਹ ਮਤਲਬ ਨਹੀਂ ਕਿ ਉਸਨੂੰ ਕਵਿਤਾ ਜਾਂ ਬ੍ਰਜ ਕਵਿਤਾ ਲਿਖਣੀ ਨਹੀਂ ਆਉਂਦੀ। ਕਾਰਨ ਦੱਸਦਿਆਂ ਕਹਿੰਦੇ ਹਨ— "ਇਸ ਗ੍ਰੰਥ ਕੀ ਕਵਤਾ ਨਹੀਂ ਕਰਨੀ ਕਿਉਂਕਿ ਹੁਕਮਨਾਮੇ ਜੋ ਆਏ ਹੈਂ ਸੋ ਪੰਜਾਬੀ ਬੋਲੀ ਵਿਚ ਲਿਖ ਭੇਜੇ ਹੈਂ। ਤਾਂਤੇ ਜਾਣਿਆ ਜੋ ਗੁਰੂ ਬਾਰ੍ਹਵੇਂ ਕੀ ਬਾਣੀ ਪੰਜਾਬੀ ਬੋਲੀ ਵਿਚ ਹੋਵੇਗੀ, ਕਿਉਂਕਿ ਦੇਸਾਂ ਪ੍ਰਦੇਸਾਂ ਮੇਂ ਜਾਣੀ ਹੈ। ਇਹ ਬਾਣੀ ਪੰਜਾਬੀ ਸਿੱਖ ਜਾਣਨਗੇ। ਕਵਤਾ ਪਹਿਲੇ ਤਾਂ ਅਨਜਾਣ ਨੂੰ ਪੜ੍ਹਨੀ ਨਹੀਂ ਔਂਦੀ ਹੈ, ਜੇ ਪੜ੍ਹੇ ਹੀ ਤਾਂ ਅਰਥ ਨਹੀਂ ਸਮਝੇ ਜਾਂਦੇ ਹੈਂ। ਇਹ ਪੰਜਾਬੀ ਬੋਲੀ ਸਰਬ ਪੜ੍ਹ ਲੈਣਗੇ।"[1]

ਆਪਣੇ ਕਵੀ ਹੋਣ ਦਾ ਸਬੂਤ ਦਿੰਦਿਆਂ, ਭਾਈ ਸੰਤੋਖ ਸਿੰਘ ਜੀ ਆਪਣੇ ਗ੍ਰੰਥ ਦਾ ਸਾਰ, ਦੋ ਕਬਿਤਾਂ ਵਿਚ ਹੀ ਲਿਖ ਦਿੰਦੇ ਹਨ। ਦੂਸਰੇ ਕਬਿਤ ਵਿਚ ਸਤਿਗੁਰੂ ਰਾਮ ਸਿੰਘ ਜੀ ਦੇ ਵਿਸ਼ਾਲ ਜੀਵਨ ਸੰਗਰਾਮ ਨੂੰ ਚਾਰ ਤੁਕਾਂ ਵਿਚ ਹੀ ਬਿਆਨਕੇ, ਗਾਗਰ ਵਿਚ ਸਾਗਰ ਭਰ ਦਿੱਤਾ ਹੈ—

"ਪੂਨ੍ਹਾ ਗੁਰੂ ਬਾਰ੍ਹਵੇਂ ਅਵਤਾਰ ਲੀਲ੍ਹਾ ਖੇਲ ਕਰ,  
ਨੌਕਰੀ ਲਾਹੌਰ ਹੂੰ ਸੇ ਹਜਰੋਂ ਜੀ ਜਾਇ ਬੋ।  
ਲੈਕੇ ਉਪਦੇਸ ਮਸਤਾਨੇ ਹੋ ਨਰੇਸ ਸਾਚੇ,  
ਕਰੀ ਕਿਰਸਾਨੀ ਬਨਜ ਗੰਗਾ ਗਏ ਆਇ ਬੋ।  
ਸੂਬੇ ਥਾਪ, ਧਰਮ ਵਰਤਾਏ, ਮੜ੍ਹੀ ਗੌਰ ਢਹਾਏ,  
ਬੁੱਚੜ ਹਟਾਏ ਜੈਸੇ ਕੋਟਲੇ ਪੈ ਧਾਇ ਬੋ।  
ਪੰਥ ਪ੍ਰਕਾਸ਼ ਨਿਜ ਭਾਈ ਕੋ ਅਵਾਸ ਕਲਾ  
ਜਾਇ ਟਾਪੂ ਕਵੀ ਕਹੇ ਫੇਰ ਗੁਰੂ ਆਇ ਬੋ।"[2]

ਇਸ ਤਰ੍ਹਾਂ ਭਾਈ ਸੰਤੋਖ ਸਿੰਘ ਜੇ ਪੰਜਾਬੀ ਵਾਰਤਕ ਵਲ ਪਰਤੇ ਹਨ ਤਾਂ ਉਹਨਾਂ ਦੀ ਕੀਰਤੀ, ਉਨੀਵੀਂ ਸਦੀ ਦੇ ਪਿਛਲੇ ਦੋ ਦਹਾਕਿਆਂ ਵਿਚ ਪੰਜਾਬੀ ਭਾਸ਼ਾ ਦੇ ਪਰਚਾਰ ਪਰਸਾਰ ਵਿਚ ਜੁੱਟੇ, ਹੋਰ ਮੁਦੱਈਆਂ ਦੇ ਸਮਾਨ ਹੀ ਹੈ। ਬੇਸ਼ਕ ਉਸੇ ਸਮੇਂ ਆਪਣੇ ਹੁਕਮਨਾਮਿਆਂ ਵਿਚ ਇਸ ਭਾਸ਼ਾ ਨੂੰ ਮਾਣ ਬਖ਼ਸ਼ ਕੇ, ਸਤਿਗੁਰੂ ਰਾਮ ਸਿੰਘ ਜੀ ਨੇ ਵੀ ਆਧੁਨਿਕ ਪੰਜਾਬੀ ਵਾਰਤਕ ਦੇ ਮੋਢੀਆਂ ਵਾਲਾ ਕਾਰਜ ਕੀਤਾ। ਉਸੇ ਕਾਰਜ ਨੂੰ ਭਾਈ ਬਾਹੋਵਾਲ ਜੀ ਹੋਰ ਅੱਗੇ ਵਿਸਥਾਰ ਦੇ ਰਹੇ ਹਨ।

ਭਾਈ ਬਾਹੋਵਾਲ ਜੀ ਦੇ ਸ੍ਰੀ ਭੈਣੀ ਸਾਹਿਬ ਕਿਆਮ (1882-1909) ਤੋਂ ਇਲਾਵਾ, ਸਾਨੂੰ ਉਹਨਾਂ ਦੇ ਬਹੁਤੇ ਜੀਵਨ ਵੇਰਵੇ ਪਰਾਪਤ ਨਹੀਂ ਹੁੰਦੇ। ਗੁਰ ਬਿਲਾਸ ਪਾ ਦਸਵੀਂ ਦੇ ਕਰਤਾ ਭਾਈ ਕੋਇਰ ਸਿੰਘ ਵਾਂਗੂ ਆਪ ਵੀ ਕਲਾਲ (ਆਹਲੂਵਾਲੀਆ, ਭਾਈਚਾਰੇ ਨਾਲ ਸਬੰਧ ਰੱਖਦੇ ਸਨ। ਆਪ ਦਾ ਜਨਮ ਨਗਰ ਬਾਹੋਵਾਲ ਤਾਂ ਆਪ ਨੇ,

ਆਪਣੇ ਨਾਮ ਨਾਲ ਹੀ ਸਜਾ ਲਿਆ ਸੀ। ਪਰ ਮਾਤਾ ਪਿਤਾ, ਭੈਣ ਭਰਾਵਾਂ ਬਾਰੇ ਆਪ ਦੀ ਵੱਡੀ ਰਚਨਾ ਵੀ ਪਤਾ ਨਹੀਂ ਕਿਉਂ ਖਾਮੋਸ਼ ਰਹੀ ਹੈ। ਕੋਈ ਖੋਜੀ ਸੱਜਣ ਲੁਧਿਆਣੇ ਕਚਹਿਰੀ ਵਿਚ ਭਾਈ ਸੰਤੋਖ ਸਿੰਘ ਤੇ ਚੱਲੇ ਮੁਕੱਦਮੇ ਦੀ ਮਿਸਲ ਲੱਭੇ ਤਾਂ ਉਹਨਾਂ ਦੇ ਪਿਤਾ ਦਾ ਨਾਮ ਲੱਭਿਆ ਜਾ ਸਕਦਾ ਹੈ। ਸ੍ਰੀ ਭੈਣੀ ਸਾਹਿਬ ਪੁਲੀਸ ਚੌਕੀ ਵਿਚ ਹਾਜ਼ਰੀ ਲੁਆਕੇ ਗੁਰੂਧਾਮਾਂ ਦੀ ਯਾਤਰਾ ਕਰਨ ਆਉਣ ਵਾਲਿਆਂ ਦੇ ਹਜ਼ਾਰਾਂ ਨਾਮ, ਪੁਲੀਸ ਰਜਿਸਟਰਾਂ ਵਿਚ ਦਰਜ ਹੋਣਗੇ। ਇਹ ਵੀ ਪਤਾ ਨਹੀਂ ਉਹ ਰਜਿਸਟਰ ਕਿਤੇ ਉਪਲਬਧ ਹਨ ਜਾਂ ਸਮੇਂ ਦੀ ਧੂੜ, ਮੀਂਹ ਹਨੇਰੀਆਂ, ਸਿਉਂਕ ਦੁਆਰਾ ਬਰਬਾਦ ਕਰ ਦਿਤੇ ਗਏ ਹਨ। ਆਪ ਦਾ ਨੱਗਰ ਬਾਹੋਵਾਲ ਕਿੱਥੇ ਹੈ, ਇਸ ਬਾਰੇ ਵੀ ਕੁਝ ਭਾਂਤੀਆਂ ਸਨ। ਸੰਤ ਤਰਨ ਸਿੰਘ ਵਹਿਮੀ ਜੀ ਆਪਣੇ ਸਰੋਤਾਂ ਦੇ ਅਧਾਰ ਤੇ ਇਸ ਨੂੰ ਡੇਰਾ ਬਾਬਾ ਨਾਨਕ, ਜ਼ਿਲ੍ਹਾ ਗੁਰਦਾਸਪੁਰ ਦੇ ਪਾਸ ਲਿਖਦੇ ਹਨ।[3] ਸੰਤ ਵਹਿਮੀ ਜੀ ਨੂੰ ਇਸ ਸਬੰਧ ਵਿਚ ਟਪਲਾ ਲੱਗ ਗਿਆ ਹੈ ਕਿਉਂ ਜੁ ਜਸਵਿੰਦਰ ਸਿੰਘ, ਸੰਪਾਦਕ ਸਤਿਗੁਰੂ ਬਿਲਾਸ ਅਨੁਸਾਰ ਗੁਰਦਾਸਪੁਰ ਜ਼ਿਲ੍ਹੇ ਵਿਚ ਬਾਹੋਵਾਲ ਨਾਮ ਦਾ ਕੋਈ ਪਿੰਡ ਨਹੀਂ। "ਬੋਲੀ ਅਤੇ ਲਿਖਣ ਦੀ ਸ਼ੈਲੀ ਵੀ ਲੇਖਕ ਦੀ ਮਾਝੇ ਵਾਲੀ ਨਹੀਂ ਹੈ। ਪੰਜਾਬ ਦੇ ਸਾਰੇ ਪਿੰਡਾਂ ਦੀ ਜੋ ਜਾਣਕਾਰੀ ਪੁਸਤਕ ਛਪੀ ਹੋਈ ਹੈ ਉਸ ਅਨੁਸਾਰ ਹੁਸ਼ਿਆਰਪੁਰ ਤੋਂ ਲਗਪਗ ਤਿੰਨ ਕੁ ਕਿਲੋਮੀਟਰ ਦੀ ਵਿੱਥ ਤੇ ਬਾਹੋਵਾਲ ਪਿੰਡ ਹੈ। ਇਸ ਤਰ੍ਹਾਂ ਸੰਤ ਸੰਤੋਖ ਸਿੰਘ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਬਾਹੋਵਾਲ ਦੇ ਮੂਲ ਨਿਵਾਸੀ ਬਣਦੇ ਹਨ।"[4] ਇਤਿਹਾਸ ਖੋਜੀ ਦਵਿੰਦਰ ਸਿੰਘ ਗਿੱਲ ਜੀਆ ਨੱਥਾ ਹੁਸ਼ਿਆਰਪੁਰ ਹੋਰਾਂ ਪਿੰਡ ਬਾਰੇ, ਹੋਰ ਖੋਜ ਨੂੰ ਵਿਸਥਾਰ ਦਿੰਦਿਆਂ ਹੋਇਆਂ ਦੱਸਿਆ ਕਿ ਦਰ-ਅਸਲ ਪਿੰਡ ਬਾਹੋਵਾਲ ਹੁਸ਼ਿਆਰਪੁਰ ਤੋਂ ਮਾਹਲਪੁਰ-ਨਵਾਂ ਸ਼ਹਿਰ ਸੜਕ ਉਤੇ ਕੋਈ ਪੰਦਰਾਂ ਕਿਲੋਮੀਟਰ ਦੇ ਫਾਸਲੇ ਤੇ ਸਥਿੱਤ ਹੈ। ਇਹ ਮਾਹਲਪੁਰ ਤੋਂ ਹੁਸ਼ਿਆਰਪੁਰ ਵਾਲੇ ਪਾਸੇ ਤਿੰਨ ਕੁ ਕਿਲੋਮੀਟਰ ਤੇ ਹੈ। ਗਿੱਲ ਹੋਰਾਂ ਨੇ ਇਹ ਵੀ ਦੱਸਿਆ ਹੈ ਕਿ ਉਹ ਜਦੋਂ ਭਾਈ ਸੰਤੋਖ ਸਿੰਘ ਹੋਰਾਂ ਬਾਰੇ ਖੋਜ ਕਰਨ ਇਸ ਪਿੰਡ ਗਏ ਤਾਂ ਕਾਫੀ ਤਰੱਦਦ ਬਾਅਦ ਉਹਨਾਂ ਨੂੰ ਇਕ ਵਾਹਵਾ ਬਜ਼ੁਰਗ ਸੱਜਣ ਮਿਲਿਆ, ਜਿਹਨੇ ਦੱਸਿਆ ਕਿ ਅਸੀਂ ਉਹਨਾਂ ਦੇ ਭਾਈ ਦਾ ਪਰਵਾਰ ਹਾਂ ਇਹ ਆਹਲੂਵਾਲੀਆ ਪਰਵਾਰ ਹੀ ਸੀ। ਉਸ ਬਜ਼ੁਰਗ ਦਾ ਨਾਂ ਕੁਲਦੀਪ ਸਿੰਘ ਸੀ। 28-3-2009 ਈ. ਨੂੰ ਗਿੱਲ ਹੋਰਾਂ ਦੀ ਉਸ ਬਜ਼ੁਰਗ ਨਾਲ ਬਾਹੋਵਾਲ ਵਿਖੇ ਮੁਲਾਕਾਤ ਹੋਈ। ਉਸ ਦੇ ਮੁਤਾਬਿਕ ਸੁਰਜਨ ਸਿੰਘ ਪੁੱਤਰ ਹਮੀਰਾ ਹੀ, ਸੰਤੋਖ ਸਿਘ ਸੀ। ਅਮਰ ਸਿੰਘ ਬਸੰਤ ਸਿੰਘ ਉਸ ਦੇ ਦੋ ਭਾਈ ਸਨ। ਸੁਰਜਨ ਸਿੰਘ ਉਰਫ ਸੰਤੋਖ ਸਿੰਘ ਦੇ ਤਿੰਨ ਪੁੱਤਰ ਸਨ ਕਰਨੈਲ ਸਿੰਘ, ਬਲਵੰਤ ਸਿੰਘ, ਤਾਰਾ ਸਿੰਘ। ਕਰਨੈਲ ਸਿੰਘ ਦਾ ਪੁੱਤਰ ਇਹ ਕੁਲਦੀਪ ਸਿੰਘ ਮੁਲਾਕਾਤੀ ਸੀ। ਇਹਨਾਂ ਤੱਥਾਂ ਦੀ ਹੋਰ ਪੁਸ਼ਟੀ ਕਰਨ ਲਈ ਖੋਜੀ ਸੱਜਣਾਂ ਦੇ ਮਾਰਗ ਦਰਸ਼ਨ ਲਈ ਮੈਂ ਇਹ ਵੇਰਵਾ ਲਿੱਖ ਦਿਤਾ ਹੈ। ਇਹ ਗਿੱਲ ਹੋਰਾਂ ਸਤਿਜੁਗ ਸਪਤਾਹਿਕ ਵਿਚ ਵੀ ਛਪਵਾਇਆ ਸੀ। ਪਰ ਅਜੇ ਪੁਸ਼ਟੀ ਜ਼ਰੂਰੀ ਹੈ।

ਸ੍ਰੀ ਭੈਣੀ ਸਾਹਿਬ ਦੇ ਬ੍ਰਾਹਮਣ ਪਰਿਵਾਰ ਵਿਚੋਂ ਇਕ ਸੱਜਣ ਹਰਦੇਵ ਸਿੰਘ

ਬਖਸ਼ੀ, ਆਯੂ ਵਿਚ ਸਤਿਗੁਰੂ ਪਰਤਾਪ ਸਿੰਘ ਜੀ ਤੋਂ ਦੋ ਸਾਲ ਵੱਡੇ ਸਨ। ਉਹ ਸਤਿਗੁਰੂ ਪਰਤਾਪ ਸਿੰਘ ਜੀ ਦੇ ਬਾਲ ਸਖਾ ਵੀ ਰਹੇ ਸਨ। ਭਾਈ ਸੰਤੋਖ ਸਿੰਘ ਬਾਹੋਵਾਲ ਤੋਂ ਸਤਿਗੁਰੂ ਪਰਤਾਪ ਸਿੰਘ ਜੀ ਨੇ ਗੁਰਮੁਖੀ ਲਿੱਪੀ ਦੇ ਅੱਖਰਾਂ ਦਾ ਗਿਆਨ ਹਾਸਲ ਕੀਤਾ ਸੀ, ਚਾਰ ਸਾਲ ਦੀ ਉਮਰ ਵਿਚ।[5] ਬਖਸ਼ੀ ਜੀ ਇਕ ਸੈਂਕੜਾ ਉਮਰ ਭੋਗ ਕੇ ਹੁਕਮ ਸੱਤ ਹੋਏ। ਉਹਨਾਂ ਨਾਲ 9 ਜੂਨ 1988 ਨੂੰ, ਹਿਸਟੋਰੀਅਨ ਜਸਵਿੰਦਰ ਸਿੰਘ ਹੋਰਾਂ ਨੇ ਮੁਲਾਕਾਤ ਕੀਤੀ ਸੀ ਕਿਉਂਕਿ ਉਹ ਸੰਤੋਖ ਸਿੰਘ ਦੇ ਦਰਸ਼ਨ ਆਪਣੇ ਬੱਚਪਨ ਤੋਂ ਲੈਕੇ, 1909 ਈ. ਉਹਦੇ ਸ੍ਰੀ ਭੈਣੀ ਸਾਹਿਬ ਦੇਹਾਂਤ ਤੱਕ, ਕਰਦੇ ਰਹੇ ਸਨ। ਉਹ ਸੰਤੋਖ ਸਿੰਘ ਦੇ ਪਿੰਡ ਤੇ ਪਰਿਵਾਰ ਬਾਰੇ ਕੁਝ ਨਹੀਂ ਸਨ ਜਾਣਦੇ। ਉਸਦਾ ਨਖਸ਼ਿਖ ਵਰਣਨ ਉਨ੍ਹਾਂ ਨੇ ਕੀਤਾ ਸੀ। "ਸੰਤੋਖ ਸਿੰਘ ਦਾ ਕੱਦ ਲਗ ਪਗ 5 ਫੁੱਟ 6 ਇੰਚ, ਰੰਗ ਸਾਫ਼, ਸਰੀਰ ਪਤਲਾ ਅਤੇ ਚਿਹਰੇ ਤੇ ਪਤਲੀ ਦਾਹੜੀ। ਜਾਤ ਉਹਨਾਂ ਦੀ ਕਲਾਲ ਸੀ।"[6]

ਜਸਵਿੰਦਰ ਸਿੰਘ ਹੋਰਾਂ ਦੇ ਉਪਰੋਕਤ ਭੂਮਿਕਾ ਵਿਚ ਲਿਖਣ ਮੂਜਬ ਸੰਤੋਖ ਸਿੰਘ ਦਾ ਜਨਮ 1845 ਈ. ਹੈ। ਇਹ ਅਨੁਮਾਨਿਤ ਹੈ ਕਿਉਂਕਿ ਕਿਆਸ ਕੀਤੀ ਜਾਂਦੀ ਹੈ ਕਿ ਆਪ ਨੇ 64-65 ਸਾਲ ਉਮਰ ਭੋਗੀ ਸੀ। ਉਸ ਦੇ ਭੈਣੀ ਸਾਹਿਬ ਗੁਰਦੁਆਰਾ ਵਿਖੇ ਗੁਰੂ ਹਰੀ ਸਿੰਘ ਜੀ ਦੀ ਸ਼ਰਨ ਵਿਚ ਆਉਣ ਦਾ ਪਰਸੰਗ ਉਹਨਾਂ ਦੇ ਆਪਣੇ ਸ਼ਬਦਾਂ ਵਿਚ ਹੀ ਕਾਨੀਬੱਧ ਕੀਤਾ ਗਿਆ ਹੈ।

"ਰਾਮਦਾਸਪੁਰੇ ਸਾਹਿਬ ਗੁਰੂ ਹਰੀ ਸਿੰਘ ਜੀ ਦਾ ਦਰਸ਼ਨ ਕਰਨ ਸੰਤੋਖ ਸਿੰਘ ਆਇਆ। ਏਹ ਨਿਸਚਾ ਹੋਇਆ ਕਿ ਗੁਰੂ ਨਾਨਕ ਦੇਵ ਜੀ ਨੇ ਮੂਰਤੀ ਧਾਰੀ ਹੈ। ਗੁਰੂ ਹਰੀ ਸਿੰਘ ਜੀ ਬਚਨ ਕੀਤਾ ਏਹ ਤਾਂ ਬੜਾ ਗਰੀਬ ਸਾਧ ਹੈ। ਏਕ ਪਰਨਾ ਤੀਨ ਹਾਥ ਕਾ ਤੇ ਦੋ ਕਛਹਿਰੇ ਤਿੰਨੇ ਬਸਤਰ ਸੇ। ਦੀਨ ਦਿਆਲ ਜੀ ਕੁੜਤਾ ਚਾਦਰ, ਪੈਰਾਂ ਨੂੰ ਜੋੜਾ ਤੇ ਸੀਸ ਕੋ ਪਰਨਾ ਦੀਆ। ਬਚਨ ਕੀਤਾ ਸੰਸਾ ਨਾ ਕਰੋ, ਜੋ ਬਸਤਰ ਪਾਟੇ ਸੋ ਸਾਥੋਂ ਲਵੋ। ਭਜਨ ਕਰੋ, ਬਾਣੀ ਪੜ੍ਹੋ। ਸੰਤੋਖ ਸਿੰਘ ਕਾ ਐਸਾ ਮਨ ਪ੍ਰੇਰਿਆ ਕਿ ਸੇਵਾ ਕਰ ਗੁਰੂ ਜੀ ਕੇ ਘਰ ਕੀ। ਗੁਰੂ ਮਹਾਰਾਜ ਜੀ ਅੰਦਰ ਕੀ ਜਾਣ ਕੇ ਬਚਨ ਕੀਤਾ ਕਿ ਨੱਥਾ ਸਿੰਘ ਮਜ਼ਬੀ ਨਾਲ ਕੰਮ ਕਰਾਓ। ਨੱਥਾ ਸਿੰਘ ਲੰਗਰ ਵਾਸਤੇ ਅੱਕ ਪੁਟਦਾ ਹੁੰਦਾ ਸੀ। ਸੰਤੋਖ ਸਿੰਘ ਉਸ ਕੇ ਨਾਲ ਕੁਝ ਕੰਮ ਕਰੌਣਾ।

"ਸੰਤੋਖ ਸਿੰਘ (ਇਸ ਪੁਸਤਕ ਦੇ ਲੇਖਕ) ਨੇ ਕਈ ਭੇਖ ਦੇਖੇ, ਸ਼ਾਂਤ ਨਾ ਆਈ। ਸੁਥਰਾ, ਪਰਮ ਹੰਸ, ਨਾਂਗਾ ਭੀ ਹੋਇਆ। ਮੋਨ ਭੀ ਧਾਰਿਆ। ਫੇਰ ਨਿਰਮਲਿਆਂ ਦਾ ਉਪਦੇਸ਼ ਮਹਾਂ ਵਾਕ ਦਾ ਭੀ ਲੀਆ। ਏਤਨੇ ਭੇਖ ਫਿਰਿਆ ਪਰ ਸ਼ਾਂਤ ਨਾ ਆਈ। ਹਾਰਕੇ ਸ੍ਰੀ ਸਤਿਗੁਰੂ ਜੀ ਕਾ ਉਪਦੇਸ਼ ਲੀਆ ਚੇਤ ਚੌਦੇਂ ਪਰ ਸੰਮਤ ੧੯੩੯।"[7]

ਸੰਤੋਖ ਸਿੰਘ ਜਗਿਆਸੂ ਸੁਭਾ ਦਾ ਸਿੰਘ ਹੈ ਜੋ ਆਪਣੇ ਸਮੇਂ ਦੇ ਪ੍ਰਸਿੱਧ ਮੱਤਾਂ ਮਤਾਂਤਰਾਂ ਦਾ ਅਧਿਅਨ ਕਰਦਾ ਅਤੇ ਉਹਨਾਂ ਵਿਚ ਵਿਚਰਦਾ ਹੋਇਆ, ਆਪਣੀ ਭਰ ਜੁਆਨੀ 35-37 ਸਾਲ ਦੀ ਉਮਰ ਵਿਚ, ਡੇਰਾ ਸ੍ਰੀ ਭੈਣੀ ਸਾਹਿਬ ਵਿਚ 1882 ਈ. ਦੇ ਮਾਰਚ ਮਹੀਨੇ ਵਿਚ ਅੱਪੜਦਾ ਹੈ। ਸਤਿਗੁਰੂ ਰਾਮ ਸਿੰਘ ਜੀ ਦੇ ਨਾਮਧਾਰੀ

ਪੰਥ, ਉਹਨਾਂ ਦੇ ਦੇਸ਼ ਭਗਤੀ ਅਤੇ ਲੋਕ ਭਗਤੀ ਦੇ ਖੇਤਰ ਵਿਚ ਪਾਏ ਵੱਡੇ ਯੋਗਦਾਨ ਅਤੇ ਕੂਕਿਆਂ ਦੀਆਂ ਮੁਲਕ ਵਾਸਤੇ ਕੀਤੀਆਂ ਅਥਾਹ ਕੁਰਬਾਨੀਆਂ ਨੇ ਸੰਤੋਖ ਸਿੰਘ ਬਾਹੋਵਾਲ ਨੂੰ ਵੀ ਟੁੰਬਿਆ ਹੋਵੇਗਾ ਤੇ ਉਹ ਫਿਰ ਇਕ ਦਿਨ ਕੂਕਾ ਸੰਗਰਾਮ ਦੇ ਇਸ ਮਹਾਨ ਕੇਂਦਰ ਵਿਚ ਪੁੱਜ ਗਿਆ, ਜਿਸ ਦੇ ਅਕਾਲ ਬੁੰਗੇ ਆਦਿਕ ਅਸਥਾਨਾਂ ਤੇ, ਜਾਨਾਂ ਵਾਰਨ ਵਾਲੇ ਕੂਕੇ ਮਸਤਾਨਿਆਂ ਦੀ ਪੈੜ ਛਾਪ ਅਜੇ ਮੌਜੂਦ ਸੀ। ਜਿਸ ਦੇ ਰਾਮ ਸਰ ਦੇ ਕੰਢਿਆਂ ਤੇ ਨਿੱਤ ਸੁਬਹਾ ਸ਼ਾਮ ਇਸ਼ਨਾਨ ਕਰਨ ਆਏ, ਰਾਮ ਵਿਓਗੀਆਂ ਦੇ ਹਟਕੋਰੇ ਅਜੇ ਸੱਜਰੀ ਬਾਤ ਸਨ। ਸੰਤੋਖ ਸਿੰਘ ਨੂੰ ਵੀ ਸਤਿਗੁਰੂ ਰਾਮ ਸਿੰਘ ਜੀ ਦੇ ਰੰਗੂਨ, ਮਰਗੋਈ ਵਿਚੋਂ ਦਰਸ਼ਨ ਕਰਕੇ ਆਉਣ ਵਾਲੇ ਸਿੰਘਾਂ ਦੇ, ਪੁਰ ਨੂਰ ਚਿਹਰੇ ਆਕ੍ਰਿਸ਼ਤ ਕਰਨ ਲੱਗੇ। ਉਹ ਸ੍ਰੀ ਭੈਣੀ ਸਾਹਿਬ ਵਿਚ ਸ਼ਾਂਤ ਮੂਰਤੀ ਗੁਰੂ ਹਰੀ ਸਿੰਘ ਦੇ ਦਰਸ਼ਨ ਕਰਕੇ, ਸਦਾ ਲਈ ਉਹਨਾਂ ਦਾ ਹੋ ਗਿਆ।

ਉਸ ਸਮੇਂ ਸ੍ਰੀ ਭੈਣੀ ਸਾਹਿਬ ਰਹਿਣ ਵਾਲੇ ਸਿੰਘ, ਪੁਲੀਸ ਦੀ ਮਨਜ਼ੂਰੀ ਨਾਲ ਹੀ ਰਹਿ ਸੱਕਦੇ ਸਨ ਕਿਉਂਕਿ ਸਥਾਈ ਤੌਰ ਤੇ ਰਹਿਣ ਵਾਲੇ ਪਹਿਲਾਂ ਤੋਂ ਰਹਿੰਦੇ ਆ ਰਹੇ ਸਨ। ਉਹਨਾਂ ਦੀ ਕੋਈ ਰੋਕਾ-ਟੋਕੀ ਨਹੀਂ ਸੀ ਹੁੰਦੀ। ਨਵੇਂ ਆਏ ਵਿਅਕਤੀ ਨੂੰ ਅੱਠਾਂ ਪਹਿਰਾਂ ਬਾਅਦ ਪੁਲੀਸ ਵਾਲੇ ਘੂਰ ਘੱਪ ਕੇ ਕੱਢ ਦਿੰਦੇ ਸਨ। ਡੇਰੇ ਵੱਲੋਂ ਪੁਲੀਸ ਨੂੰ ਛਕਣ ਛਕਾਣ ਦੇ ਮੁਆਮਲੇ ਵਿਚ ਖੰਡ, ਘਿਓ ਆਦਿ ਵਸਤਾਂ ਇਸ ਲਈ ਦੇ ਦਿੱਤੀਆਂ ਜਾਂਦੀਆਂ ਸਨ ਕਿਉਂਕਿ ਉਹ ਨਵੇਂ ਆਕੇ ਰਹਿਣ ਵਾਲਿਆਂ ਨੂੰ ਪਰੇਸ਼ਾਨ ਨਾਂ ਕਰਨ। ਪਰ ਉਹ ਫਿਰ ਵੀ ਆਪਣੇ ਸੁਭਾਅ ਅਨੁਸਾਰ ਖਾਂਦੇ ਵੀ ਸਨ ਅਤੇ ਘੂਰਦੇ ਵੀ ਸਨ। ਭਾਈ ਸੰਤੋਖ ਸਿੰਘ ਉਹਨਾਂ ਗੁਰੂ ਪਿਆਰਿਆਂ ਵਿਚੋਂ ਸਨ, ਜਿਹੜੇ ਸਦਾ ਬੇਖੌਫ ਅਤੇ ਨਿਰਭੈ ਹੋਕੇ, ਆਪਣੇ ਗੁਰੂ ਦੇ ਹੁਕਮ ਅਨੁਸਾਰ ਡੇਰੇ ਵਿਚ ਸਖਤੀਆਂ ਬਰਦਾਸ਼ਤ ਕਰਕੇ ਵੀ ਟਿਕੇ ਰਹੇ।

ਸੰਤੋਖ ਸਿੰਘ ਡੇਰੇ ਵਿੱਚ ਆਉਣ ਸਾਰ ਹੀ ਇਸ ਵਿਚਾਰ ਦੇ ਧਾਰਨੀ ਬਣ ਗਏ ਕਿ ਉਹ ਸਤਿਗੁਰੂ ਰਾਮ ਸਿੰਘ ਜੀ ਅਤੇ ਉਹਨਾਂ ਦੇ ਸੂਰਮੇ ਪੰਥ ਦਾ ਸ਼ਾਨਦਾਰ ਇਤਿਹਾਸ ਕਾਨੀਬੱਧ ਕਰਨ। ਇਸ ਕਾਰਜ ਲਈ ਸ੍ਰੀ ਭੈਣੀ ਸਾਹਿਬ ਤੋਂ ਉਪਯੁਕਤ ਹੋਰ ਕੋਈ ਸਥਾਨ ਨਹੀਂ ਸੀ ਹੋ ਸਕਦਾ, ਜਿੱਥੇ ਇਸ ਸਮੇਂ ਨਾਮਧਾਰੀ ਮੁਖੀ ਗੁਰੂ ਹਰੀ ਸਿੰਘ ਜੀ ਬਿਰਾਜਮਾਨ ਸਨ। ਬਹੁਤ ਸਾਰੇ ਪੁਰਾਤਨ ਸਿੰਘ ਵੀ ਇਥੇ ਰਹਿ ਰਹੇ ਸਨ ਜਾਂ ਗਾਹੇ-ਬਗਾਹੇ ਦਰਸ਼ਨ ਮੇਲਾ ਕਰਨ ਲਈ ਆ ਜਾਂਦੇ ਸਨ। ਗੁਰੂ ਹਰੀ ਸਿੰਘ ਜੀ, ਗੁਰੂ ਰਾਮ ਸਿੰਘ ਜੀ ਤੋਂ ਮਸਾਂ ਸਾਢੇ ਕੁ ਤਿੰਨ ਸਾਲ ਛੋਟੇ ਸਨ। ਸਤਿਗੁਰੂ ਜੀ ਦੇ ਹਾਣੀ ਅਤੇ ਬਾਲ ਸਖਾਈ, ਲਹਿਣਾ ਸਿੰਘ, ਖੇਮਾ ਅਤੇ ਬੁੱਗ ਵੀ ਇਸ ਸਮੇਂ ਪਿੰਡ ਸ੍ਰੀ ਭੈਣੀ ਸਾਹਿਬ ਵਿਖੇ ਮੌਜੂਦ ਸਨ। ਸੰਤੋਖ ਸਿੰਘ ਨੂੰ ਇਹਨਾਂ ਸਾਰਿਆਂ ਤੋਂ ਸਤਿਗੁਰੂ ਜੀ ਦੇ ਬਚਪਨ ਅਤੇ ਯੁਵਾ ਕਾਲ ਬਾਰੇ ਕਾਫੀ ਸਮੱਗਰੀ ਮਿਲ ਗਈ। ਸੰਤੋਖ ਸਿੰਘ ਖੋਜੀ ਬਿਰਤੀ ਦਾ ਵਿਅਕਤੀ ਸੀ। ਪੰਜ ਸੂਬੇ ਮਲੂਕ ਸਿੰਘ, ਮਾਨ ਸਿੰਘ, ਹੁਕਮਾ ਸਿੰਘ, ਕਾਹਨ ਸਿੰਘ ਅਤੇ ਬ੍ਰਹਮਾ ਸਿੰਘ ਭੈਣੀ ਸਾਹਿਬ ਨਾ ਜਾਣ ਅਤੇ ਨਾ ਹੀ ਆਪਣੇ ਪਾਸ ਆਏ ਕੂਕਿਆਂ ਨੂੰ ਮਿਲਣ ਆਦਿ ਰੋਕਾਂ ਲਾ ਕੇ, ਸਰਕਾਰ ਨੇ 1887-88 ਈ. ਵਿਚ ਪੰਜਾਬ ਵਾਪਸ

ਭੇਜ ਦਿਤੇ ਸਨ। ਇਹਨਾਂ ਵਿਚੋਂ ਕਾਹਨ ਸਿੰਘ ਪਾਸ ਫੌਜੀ ਜੀਵਨ, ਸਤਿਗੁਰੂ ਜੀ ਦੇ ਲਾਹੌਰ ਨਿਵਾਸ ਦੇ ਕਾਫੀ ਬਚਨ ਸਨ। ਉਹ ਕੁਝ ਚਿਰ ਚੱਕ ਵਿਖੇ ਰਹਿਕੇ ਫਿਰ ਅੰਮ੍ਰਿਤਸਰ, ਮਿ. ਨਾਹਰ ਸਿੰਘ ਜੀ ਪਾਸ ਜਾ ਟਿਕੇ ਸਨ। ਸੂਬਾ ਮਲੂਕ ਸਿੰਘ ਆਪਣੇ ਪਿੰਡ ਭੂਲੇਵਾਲਾ (ਮੁਕਤਸਰ) ਦੀ ਜੂਹ ਵਿਖੇ ਪਿੰਡੋਂ ਬਾਹਰ ਰੋਹੀ ਵਿਚ ਟਿਕੇ। ਸੂਬਾ ਹੁਕਮਾ ਸਿੰਘ ਕੁਝ ਸਮਾਂ ਪਿੱਥੋਂ ਕੱਟਕੇ ਗੱਦਾਂ ਡੋਬ, ਗੁਰੂ ਸਰ (ਫੀਰੋਜ਼ਪੁਰ) ਵਿਚ ਸ੍. ਸੁੰਦਰ ਸਿੰਘ ਸੋਹੂ ਪਾਸ ਜਾ ਰਹੇ। ਸੂਬਾ ਮਾਨ ਸਿੰਘ ਸੈਦੋਕੀ ਵਿਖੇ ਜਾਂ ਬਾਅਦ ਵਿਚ ਸ਼ਾਇਦ ਫੀਰਜ਼ਪੁਰ ਸ਼ਹਿਰ ਦੇ ਨਾਮਧਾਰੀਆਂ ਪਾਸ ਜਾ ਰਹੇ ਸਨ। ਸੂਬਾ ਬ੍ਰਹਮਾ ਸਿੰਘ ਵੀ ਆਪਣੇ ਪਿੰਡ ਦਰੀਆਪਰੁ (ਮਾਨਸਾ) ਆ ਟਿਕੇ। ਭਾਈ ਸੰਤੋਖ ਸਿੰਘ ਬਾਹੋਵਾਲ ਨੇ ਇਹਨਾਂ ਨਜਰਬੰਦੀ ਤੋਂ ਪਰਤੇ ਪਰ ਜੂਹ ਬੰਦ ਸੂਬਿਆਂ ਨਾਲ ਵੀ ਜਾਨ ਜੋਖਮ ਵਿਚ ਪਾ ਕੇ ਗੁਪਤ ਮੁਲਾਕਾਤਾਂ ਕੀਤੀਆਂ ਅਤੇ ਕੂਕਾ ਇਤਿਹਾਸ ਦੇ ਖੂਨੀ ਪੱਤਰਿਆਂ ਲਈ ਮਸਾਲਾ ਪ੍ਰਾਪਤ ਕੀਤਾ। ਭਾਈ ਨਾਨੂੰ ਸਿੰਘ ਨੂੰ ਵੀ 1881 ਵਿਚ ਪੰਜਾਬ ਭੇਜ ਦਿਤਾ ਸੀ ਸਰਕਾਰ ਨੇ। ਉਹ ਇਕ ਦੋ ਵੇਰ ਭੇਸ ਬਦਲ ਕੇ ਘੋੜਿਆਂ ਦੇ ਸੌਦਾਗਰ ਦੇ ਰੂਪ ਵਿਚ, ਸ੍ਰੀ ਭੈਣੀ ਸਾਹਿਬ ਆਇਆ ਸੀ। ਗੁਰੂ ਹਰੀ ਸਿੰਘ ਵੀ ਉਸ ਦੀ ਖਬਰ ਸੁਰਤ ਲੈਣ ਬਹਾਦਰਗੜ੍ਹ, ਪਟਿਆਲਾ ਪਾਸ ਉਸਦੇ ਪਿੰਡ ਰੁੜਕੀ, ਸਿੰਘਾਂ ਨੂੰ ਭੇਜਦੇ ਰਹੇ। ਇਹ ਸਾਰੇ ਵਿਅਕਤੀ ਬਾਹੋਵਾਲ ਜੀ ਲਈ ਬੜੇ ਮੁੱਲਵਾਨ ਸਨ। ਉਹਨਾਂ ਨੇ ਰੰਗੂਨ ਮਰਗੋਈ ਦੇ ਜ਼ਿਆਦਾ ਸਮਾਚਾਰ ਸੇਵਕ ਨਾਨੂੰ ਸਿੰਘ ਜੀ ਤੋਂ ਪੁੱਛ ਪੁਛਾ ਕੇ ਲਿਖੇ। ਇਸ ਸਮੇਂ ਉਹ ਪਵਣ ਵੇਗ ਨਾਲ ਚੱਲਦੀ, ਆਪਣੀ ਕਲਮ ਦੁਆਰਾ ਨੋਟ ਲਈ ਜਾਂਦੇ।

ਉਹਨਾਂ ਦੇ ਕੰਮਾਂ ਅਤੇ ਇਤਿਹਾਸ ਖੋਜ ਬਾਰੇ, ਬਾਹੋਵਾਲ ਜੀ ਦਾ ਸ੍ਵੈ-ਕਥਨ, ਬਹੁਤ ਕੁਝ ਆਪਣੇ ਵਿਚ ਸਮੇਟੀ ਬੈਠਾ ਹੈ। ਜਿਵੇਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨਾਲ ਸਿੰਘ ਰਹੇ, ਜਿਵੇਂ ਬਚਨ ਹੋਏ, ਉਵੇਂ ਸਿੱਖਾਂ ਪਾਸੋਂ ਸੁਣਕੇ ਲਿਖੇ ਹੈਂ ਵੱਧ ਘੱਟ ਨਹੀਂ ਲਿਖੇ। ..... ਦੇਖਿਆ ਕਿ ਸਤਿਗੁਰਾਂ ਦੀਆਂ ਸਾਖੀਆਂ ਕਿਸੇ ਨਹੀਂ ਲਿਖੀਆਂ ਤਾਂ ਮੈਂ ਲਿਖਣੇ ਲਗਾ। ਪਹਿਲਾਂ ਗੋਹਾ ਕੂੜਾ ਕਰਨਾ, ਫੇਰ ਸੋਧ ਦਾ ਇਸ਼ਨਾਨ ਕਰਕੇ ਲਿਖਣਾ। ਫੇਰ ਸ਼ਾਮ ਨੂੰ ਲੱਕੜਾਂ ਢੋਣੀਆਂ ਲੰਗਰ ਵਾਸਤੇ। ਆਏ ਸਿੱਖਾਂ ਪਾਸੋਂ ਸਾਖੀਆਂ ਪੁੱਛਕੇ ਲਿਖ ਲੈਣੀਆਂ, ਨਾਲੇ ਗੁਰੂ ਹਰੀ ਸਿੰਘ ਜੀ ਤੋਂ ਤੇ ਪਿੰਡ ਦੇ ਹਾਣੀਆਂ ਤੋਂ ਪੁੱਛ ਕੇ ਲਿਖਣੀਆਂ। ਬਾਰਾਂ ਬਰਸ ਲੱਕੜੀਆਂ ਢੋਈਆਂ ਲੰਗਰ ਕੀਆ ਤੇ ਨਾਲੇ ਗੋਹਾ ਕੂੜਾ ਕੀਤਾ। ਜੇਹੜੇ ਸਿੰਘ ਸਤਿਗੁਰਾਂ ਨਾਲ ਗਏ ਸੀ ਜਾਂ ਉਹ ਮੁੜਕੇ ਆਏ ਤਾਂ ਉਹਨਾਂ ਪਾਸੋਂ ਪੁੱਛ ਕੇ ਤੇ ਨਾਨੂੰ ਸਿੰਘ ਸਤਿਗੁਰਾਂ ਦਾ ਜੋ ਗੜਵਈ ਸੀ, ਜਾਂ ਉਹ ਮੁੜਕੇ ਆਇਆ ਤਾਂ ਉਸ ਪਾਸੋਂ ਭੀ ਪੁੱਛਕੇ ਲਿਖੇ ਹੈਂ।[8]

ਇਸੇ ਤਰ੍ਹਾਂ ਗੁਰੂ ਬਾਲਕ ਸਿੰਘ ਜੀ ਦੇ ਜੋ ਪਰਸੰਗ, ਸਾਖੀਆਂ ਅਤੇ ਬਚਨ ਇਸ ਪੁਸਤਕ ਵਿਚ ਦਰਜ ਹਨ ਉਹਨਾਂ ਬਾਰੇ ਉਹ ਗੁਰੂ ਜੀ ਦੇ ਸਮਕਾਲੀ ਕਵੀ ਭਾਈ ਛੌਕਾ ਰਾਮ ਕਵੀਸ਼ਰ ਜੋ ਹਜਰੋਂ ਸਾਹਿਬ ਨਿਵਾਸ ਰੱਖਦੇ ਸਨ, ਦੀ ਹੱਥ ਲਿਖਤ, ਜੋ ਕਵਿਤਾ ਵਿਚ ਹੈ, ਉਸ ਤੇ ਆਧਾਰਿਤ ਹਨ। 1885 ਈ. ਵਿਚ ਹਜਰੋਂ ਸਾਹਿਬ ਦਾ ਮਹੰਤ ਬਾਬਾ ਕਾਹਨ ਸਿੰਘ ਸ੍ਰੀ ਭੈਣੀ ਸਾਹਿਬ ਆਏ। ਇਹ ਮਹੰਤ ਜੀ ਗੁਰੂ ਬਾਲਕ ਸਿੰਘ ਦੇ ਭਤੀਜੇ

ਸਨ, ਭਾਈ ਮੰਨਾ ਸਿੰਘ ਦੇ ਪੁਤੱਰ। ਉਹ ਛੌਕਾ ਰਾਮ ਵਾਲੀ ਪੋਥੀ ਆਪਣੇ ਪਾਸ ਰੱਖਦੇ ਸਨ। ਉਸ ਵਿਚ ਕਵਿਤਾ ਵਿਚ ਗੁਰੂ ਬਾਲਕ ਸਿੰਘ ਜੀ ਦੇ ਸਮਾਚਾਰ ਦਰਜ ਸਨ। ਸੰਤੋਖ ਸਿੰਘ ਦੀ ਬੇਨਤੀ ਤੇ ਕਾਹਨ ਸਿੰਘ ਹੋਰਾਂ, ਇਹ ਪੁਸਤਕ ਉਸ ਨੂੰ ਵਰਤਣ ਲਈ ਦਿਤਾ ਕੁਝ ਦਿਨਾਂ ਲਈ। ਬਾਹੋਵਾਲ ਜੀ ਨੇ ਉਸ ਵਿਚੋਂ ਕੁਝ ਪਰਸੰਗਾਂ ਦਾ ਉਤਾਰਾ ਕਰ ਲਿਆ। ਇਸੇ ਕਰਕੇ ਉਹਨਾਂ ਲਈ ਗੁਰੂ ਬਾਲਕ ਸਿੰਘ ਜੀ ਬਾਰੇ ਕਈ ਕੁਝ ਲਿਖਣਾ ਸੰਭਵ ਹੋਇਆ। ਬਾਬਾ ਕਾਹਨ ਸਿੰਘ ਫਿਰ ਕੁਝ ਸਾਲਾਂ ਬਾਅਦ ਦੋਬਾਰਾ ਭੈਣੀ ਸਾਹਿਬ ਵੀ ਆਏ ਸਨ।

ਇਸ ਤਰ੍ਹਾਂ ਦੇ ਪ੍ਰਮਾਣੀਕ ਸਰੋਤਾਂ, ਸਮਕਾਲੀ ਟਿੱਪਣੀਆਂ, ਦੇ ਆਧਾਰ ਤੇ ਕਹਿ ਸਕੱਦੇ ਹਾਂ ਕਿ ਬਾਹੋਵਾਲ ਜੀ ਨੇ ਇਤਿਹਾਸ ਦੇ ਮੁੱਢਲੇ ਸਰੋਤਾਂ ਨੂੰ ਵਰਤਕੇ, ਆਪਣੇ ਗ੍ਰੰਥ ਨੂੰ ਸੰਸਾ ਰਹਿਤ ਬਣਾ ਦਿਤਾ। ਭਾਈ ਨਾਨੂੰ ਸਿੰਘ ਤੋਂ ਬਿਨਾਂ ਰੰਗੂਨ, ਮਰਗੋਈ ਦੇ ਸਤਿਗੁਰੂ ਜੀ ਦੇ ਬੰਦੀ ਜੀਵਨ ਦੇ ਸਮਾਚਾਰ ਕੌਣ ਦੱਸ ਸਕਦਾ ਸੀ?

ਬਾਹੋਵਾਲ ਜੀ ਦੁਆਰਾ ਰਚਿਤ "ਸਤਿਗੁਰੂ ਬਿਲਾਸ" ਨਾਮਧਾਰੀ ਇਤਿਹਾਸ ਦਾ ਇਕ ਸੰਦਰਭ ਗ੍ਰੰਥ ਬਣ ਚੁੱਕਾ ਹੈ। ਆਪਣੇ ਰਚਨਾ ਕਾਲ 1906 ਈ. ਤੋਂ ਇਕ ਸਦੀ ਬਾਅਦ ਹੀ ਜਸਵਿੰਦਰ ਸਿੰਘ ਦੀ ਸੁਯੋਗ ਸੰਪਾਦਨਾ ਹੇਠ, ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਨਾਲ, ਇਸਨੂੰ ਛਾਪੇ ਦਾ ਜਾਮਾ ਪਾਉਣਾ ਨਸੀਬ ਹੋਇਆ। ਇਹ ਨਾਮਧਾਰੀ ਭਾਈਚਾਰੇ ਦਾ ਸਮਾਜਿਕ, ਆਰਥਿਕ, ਰਾਜਨੈਤਿਕ, ਸਾਂਸਕ੍ਰਿਤਿਕ ਅਤੇ ਸਭਿਆਚਾਰ ਅਧਾਰ ਤੇ ਵਿਸ਼ਲੇਸ਼ਣ ਕਰਨ ਲਈ ਵੀ ਵੱਡਮੁੱਲਾ ਖਜ਼ਾਨਾ ਸਾਂਭੀ ਬੈਠਾ ਹੈ। ਉਨ੍ਹੀਵੀਂ ਸਦੀ ਦੇ ਪੰਜਾਬੀ ਜਨ-ਜੀਵਨ ਦੀਆਂ ਝਲਕਾਂ ਵੀ ਇਸ ਵਿਚ ਮਿਲਦੀਆਂ ਹਨ। ਇਹ ਗ੍ਰੰਥ ਕੁਝ ਜਾਣਕਾਰੀਆਂ ਲਈ ਤਾਂ ਬੇਜੋੜ ਗ੍ਰੰਥ ਹੈ। ਇਸ ਦੀਆਂ ਇਹਨਾਂ ਵਿਸ਼ੇਸ਼ਤਾਵਾਂ ਦਾ ਜਸਵਿੰਦਰ ਸਿੰਘ ਇਸ ਦੀ ਭੂਮਿਕਾ ਵਿਚ ਸਟੀਕ ਵਰਣਨ ਕਰਦੇ ਹਨ। "ਫੌਜ ਦੀ ਨੌਕਰੀ ਅਤੇ ਸਤਿਗੁਰੂ ਹਰੀ ਸਿੰਘ ਜੀ ਦੇ ਸਮੇਂ ਦੀਆਂ ਜਾਣਕਾਰੀਆਂ ਦੀ ਕਿਸੇ ਵੀ ਹੋਰ ਪੁਸਤਕ ਨਾਲ ਪੜਚੋਲ ਨਹੀਂ ਹੋ ਸੱਕਦੀ ਕਿਉਂਕਿ ਹੋਰ ਕੋਈ ਸਰੋਤ ਹੈ ਹੀ ਨਹੀਂ। ਹਾਂ ਉਨੇ ਕੁ ਹਿੱਸੇ ਬਾਰੇ ਦੇਖਿਆ ਜਾ ਸੱਕਦਾ ਹੈ, ਜਿਸ ਬਾਰੇ ਸਰਕਾਰੀ ਦਸਤਾਵੇਜ਼ਾਂ ਵਿਚ ਵੀ ਜ਼ਿਕਰ ਆਉਂਦਾ ਹੈ। 1863 ਈ. ਤੋਂ ਬਾਅਦ ਦੀਆਂ ਜਿਹੜੀਆਂ ਘਟਨਾਵਾਂ ਸੰਤ ਸੰਤੋਖ ਸਿੰਘ ਨੇ ਲੋਕਾਂ ਜਾਂ ਸਾਧਾਂ ਪਾਸੋਂ ਸੁਣਕੇ ਲਿਖੀਆਂ ਸਨ, ਉਹ ਤਾਂ ਬਹੁਤ ਹੱਦ ਤੱਕ ਦਸਤਾਵੇਜ਼ਾਂ ਵਿਚ ਵੀ ਇਨ-ਬਿਨ ਮਿਲਦੀਆਂ ਹਨ। ਇਹਨਾਂ ਵਿਚੋਂ ਪ੍ਰਮੁੱਖ ਹਨ 1867 ਈ. ਦਾ ਅਨੰਦਪੁਰ ਸਾਹਿਬ ਦਾ ਪਹਿਲਾ ਹੋਲਾ ਅਤੇ ਦੀਵਾਲੀ ਸ੍ਰੀ ਅੰਮ੍ਰਿਤਸਰ, ਥਰਾਜਵਾਲਾ ਘਟਨਾ (1869 ਈ.) ਬੁੱਚੜਾਂ ਵਿਰੁੱਧ ਕਾਰਵਾਈ, ਸ੍ਰੀ ਭੈਣੀ ਸਾਹਿਬ ਡੇਰੇ ਦੀ ਤਲਾਸ਼ੀ ਅਤੇ ਰੰਗੂਨ ਨਾਮਧਾਰੀ ਸਿੰਘਾਂ ਦੀ ਯਾਤਰਾ ਆਦਿ। ਸਰਕਾਰੀ ਰਿਕਾਰਡਾਂ ਵਿਚ ਅਤੇ 'ਸਤਿਗੁਰੂ ਬਿਲਾਸ' ਗ੍ਰੰਥ ਵਿਚ, ਇਹਨਾਂ ਘਟਨਾਵਾਂ ਬਾਰੇ ਜ਼ਿਕਰ ਲਗ ਪਗ ਇਕੋ ਜਿਹੇ ਹਨ ਕੇਵਲ ਪੇਸ਼ ਕਰਨ ਵਿਚ ਹੀ ਦੋਨਾਂ ਪੱਖਾਂ ਦਾ ਆਪਣਾ ਆਪਣਾ ਢੰਗ ਹੈ। ਇਸ ਤੋਂ ਪਤਾ ਲੱਗਦਾ ਹੈ ਕਿ ਘਟਨਾਵਾਂ ਲਿਖਵਾਉਣ ਵਾਲਿਆਂ ਨੇ ਵਿਵੇਕ ਬੁੱਧੀ ਨਾਲ ਅਤੇ ਠੀਕ ਹੀ ਜਾਣਕਾਰੀ ਲਿਖਵਾਈ ਸੀ।"[9]

ਭਾਈ ਸੰਤੋਖ ਸਿੰਘ ਨੇ 1882 ਈ. ਤੋਂ 1909 ਈ. ਤੱਕ ਨਿਰੰਤਰ ਡੇਰਾ ਭੈਣੀ ਸਾਹਿਬ ਵਿਚ ਪੂਰੇ 27 ਸਾਲ ਬਿਤਾਏ। ਇਸ ਸਮੇਂ ਕੂਕਿਆਂ ਦੇ ਕਿਸੇ ਵੀ ਵਿਰੋਧੀ ਭਾਵੇਂ ਉਹ ਕੋਈ ਭੈਣੀ ਸਾਹਿਬ ਪਿੰਡ ਦਾ ਵਿਅਕਤੀ ਸੀ ਤੇ ਭਾਵੇਂ ਪੁਲੀਸ ਚੌਂਕੀ ਵਾਲੇ, ਉਹਨਾਂ ਕਿਸੇ ਦੀ ਵੀ ਝੇਪ ਨਹੀਂ ਮੰਨੀ। ਗੁਰੂ ਕੇ ਬਚਨ ਸਿਰੇ ਚੜ੍ਹਾਉਣ ਬਦਲੇ, ਉਹ ਪੁਲੀਸ ਚੌਂਕੀ ਦੇ ਖੂੰਖਾਰ ਮੁਲਾਜ਼ਮਾਂ ਨਾਲ ਭਿੜਨ ਲਈ ਵੀ ਸਦਾ ਤਿਆਰ-ਬਰ-ਤਿਆਰ ਰਹਿੰਦਾ ਸੀ। ਭਾਂਵੇ ਇਸ ਸੁਭਾਅ ਦੇ ਬਦਲੇ ਉਸਨੂੰ ਛੇ ਮਹੀਨੇ ਲੁਧਿਆਣੇ ਜਿਹਲ ਵਿਚ ਸਜ਼ਾ ਵੀ ਕੱਟਣੀ ਪਈ, ਪਰ ਸਜ਼ਾ ਕੱਟਣ ਤੋਂ ਬਾਅਦ ਵੀ ਉਹ ਘਬਰਾਇਆ ਨਹੀਂ ਸਗੋਂ ਸਿੱਧਾ, ਗੁਰਦੁਆਰੇ ਭੈਣੀ ਸਾਹਿਬ ਹੀ ਪੁੱਜਿਆ ਅਤੇ ਹੁਣ ਹੋਰ ਕੰਮਾਂ ਦੇ ਨਾਲ ਨਾਲ ਉਸਨੇ ਗੁਰੂ ਦੀਆਂ ਸਾਖੀਆਂ ਲਿਖਣੀਆਂ ਵੀ ਅਰੰਭ ਕਰ ਦਿੱਤੀਆਂ। ਮਲੂਮ ਹੁੰਦਾ ਹੈ ਕਿ 1882 ਵਿਚ ਆਇਆ ਸੰਤੋਖ ਸਿੰਘ ਕਦੇ ਡੇਰੇ ਦੇ ਅੰਦਰ ਕੁਝ ਦਿਨ ਕੱਟ ਲੈਂਦਾ ਸੀ ਅਤੇ ਕਦੇ ਪੁਲੀਸ ਦਾ ਜ਼ੋਰ ਪੈਣ ਤੇ ਉਸਨੂੰ ਸੱਜੇ ਖੱਬੇ ਵੀ ਸਮਾਂ ਲੰਘਾਉਣਾ ਪੈਂਦਾ ਸੀ। 1885 ਈ. ਵਿਚ ਉਸਨੇ ਛੇ ਮਹੀਨੇ ਕੈਦ ਕੱਟਣ ਬਾਅਦ ਫਿਰ ਡੇਰੇ ਵਿਚ ਹੀ ਕਿਆਮ ਰੱਖਿਆ। ਕੈਦ ਹੋਣ ਦਾ ਪਰਸੰਗ ਭਾਈ ਸੰਤੋਖ ਸਿੰਘ ਦੇ ਆਪਣੇ ਸ਼ਬਦਾਂ ਵਿਚ ਅੰਕਿਤ ਹੈ :

"ਫੇਰ ਨੂਰਾ ਹੌਲਦਾਰ ਆਇਆ। ਬੜਾ ਬੇਈਮਾਨ। ਕਿਹਾ ਕਰੇ ਮੈਂ ਡੇਰੇ ਦੀਆਂ ਜੜਾਂ ਪੱਟਕੇ ਜਾਂਵਾਗਾ। ਗੁਰੂ ਜੀ ਕੇ ਸਾਮਣੇ ਦਾੜ੍ਹੀ ਉੱਤੇ ਹੱਥ ਫੇਰਕੇ ਆਖੇ— ਮੈਂ ਜੜਾਂ ਤੇ ਪੱਟਕੇ ਜਾਵਾਂਗਾ। ਗੁਰੂ ਜੀ ਬਚਨ ਕੀਤਾ— ਡੇਰਾ ਤਾਂ ਇਮੇਂ ਹੀ ਰਹੇਗਾ ਤੇਰੀ ਦਾਹੜੀ ਨਹੀਂ ਰਹੇਗੀ।

(ਬਿ.) 1942 ਸੰਤੋਖ ਸਿੰਘ (ਲਿਖਾਰੀ) ਦਰਸ਼ਨ ਨੂੰ ਆਇਆ। ਬਾਲਣ ਵਾਲੇ ਬਾੜੇ ਕੇ ਕੋਲ ਲਿਖਣ ਵਾਲੇ ਇਕੱਠੇ ਹੁੰਦੇ ਸੇ! ਤੁਰਕ ਏਕ ਸਿਪਾਹੀ ਨਾਲ ਲੈ ਕੇ ਆਇਆ। ਸੰਤੋਖ ਸਿੰਘ ਕੋ ਪੁਛਣੇ ਲਗਾ ਕਿ ਤੁਮ ਸ਼ਤਾਬੀ ਕਿਉਂ ਆਇਆ ਹੈ ? ਕਹਾ ਕਿ ਪ੍ਰਸ਼ਾਦਾ ਲੈ ਕੇ ਚਲਿਆ ਜਾਮਾਂਗਾ। ਤੁਰਕ ਨੇ ਕਹਾ ਤੁਮ ਚਲੇ ਜਾਓ ਪ੍ਰਸ਼ਾਦਾ ਦੇਣ ਦਾ ਹੁਕਮ ਨਹੀਂ ਹੈ। ਮੈਂ ਕਹਾ ਕਿ ਗੁਰੂ ਕੇ ਦਰਵੱਜੇ ਸੇ ਭੁੱਖੇ ਨਹੀਂ ਜਾਵਾਂਗੇ। ਸਰਬ ਜਾਤਾਂ ਕੋ ਪ੍ਰਸ਼ਾਦਾ ਮਿਲਦਾ ਹੈ। ਤੁਰਕ ਨੇ ਗਾਲ ਕੱਢੀ ਤਾਂ ਸੰਤੋਖ ਸਿੰਘ ਨੇ ਕਹਾ ਕਿ ਗਾਲ ਕੱਢਣੇ ਕੀ ਕੀ ਰਾਹੁ ਹੈ। ਤੁਰਕ ਨੇ ਝੱਟ ਦਾਹੜੀ ਫੜੀ। ਉਸਕਾ ਤਾਂ ਹੱਥ ਬਿਚੇ ਹੀ ਰਿਹਾ ਸੰਤੋਖ ਸਿੰਘ ਦੋ ਵਾਰੀ ਖਿੱਚਕੇ ਉਸਦੀ ਦਾਹੜੀ ਖੋਹ ਸੁੱਟੀ। ਨਾਲ ਇਕ ਸਪਾਹੀ ਹੋਰ ਥਾ, ਦੋਹਾਂ ਕੀਆਂ ਗਰਦਨਾਂ ਕੋ ਹੱਥ ਪਾਇ ਕੇ ਫੜ ਲੀਏ। ਗੁਰੂ ਜੀ ਇਤਨਾ ਕੁ ਬਲ ਬਖਸ਼ਿਆ ਦੋਨੋਂ ਕੋ ਟਕਰਾਇਕੇ ਮਾਰਨ ਦਾ ਹੁਕਮ ਹੋਇਆ। ਕੋਲ ਬਾਬਾ ਦਰਬਾਰਾ ਸਿੰਘ ਸੀ। ਉਸਨੇ ਬਾਹਾਂ ਨੂੰ ਹੱਥ ਪਾਇਆ ਤਾਂ ਜੇਹੜਾ ਬਲ ਸੀ ਸਭ ਹਰ ਗਿਆ। ਤਾਂ ਤੁਰਕ ਉਸ ਨੂੰ ਫੜਕੇ ਦਰਵੱਜੇ ਕੋਲ ਲੇ ਗਏ। ਹੱਥਕੜੀ ਲਾਇਕੇ ਸਾਹਨੇ (ਸਾਹਨੇਵਾਲ) ਭੇਜ ਦੀਆਂ ਠਾਣੇ ਮੈਂ। ਜੇਹੜੀ ਦਾਹੜੀ ਖੋਹੀ ਸੀ ਸਪਾਹੀ ਕੀ ਸੋ ਦਾਹੜੀ ਨਾਲ ਭੇਜੀ। ਫੇਰ ਲੁਧਿਆਣੇ ਮੇਂ ਭੇਜਿਆ। ਪੁਲਸ ਵਾਲੇ ਫਰੰਗੀ ਨੇ ਹੁਕਮ ਭੇਜਿਆ ਕਿ ਹਮ ਤਹਿਕੀਕਾਤ ਕਰੇਂਗੇ। ਫੇਰ ਰਾਮਦਾਸਪੁਰੇ ਲੈ ਆਏ।

"ਹੌਲਦਾਰ ਨੇ ਇਕ ਪਾਸੇ ਦੀ ਦਾਹੜੀ ਉਸਤਰੇ ਨਾਲ ਸਾਫ ਕਰੀ। ਦੋ ਝੂਠੇ ਉਗਾਹ ਬਣਾਇ ਲੀਤੇ ਸੁੱਖੂ ਨਿੰਦਕ ਤੇ ਗੁਰਦਿਤਾ ਨਿੰਦਕ। (ਇਹ ਭੈਣੀ ਸਾਹਿਬ ਦੇ ਗੁਰੂ ਵਿਰੋਧੀ ਘੁਮੰਡੇ ਦਾ ਪੁੱਤਰ ਸੀ।) ਹਵਲਦਾਰ ਕੀ ਦਾਹੜੀ ਦੇਖੀ। ਨਿੰਦਕਾਂ ਨੇ ਕਿਹਾ ਕਿ ਸਾਡੇ ਸਾਮਣੇ ਪੱਟੀ ਹੈ ਦਾਹੜੀ। ਫਰੰਗੀ ਚਲਿਆ ਗਿਆ। ਸੰਤੋਖ ਸਿੰਘ ਕੋ ਲੁਧਿਆਣੇ ਲੈ ਗਏ। ਜਾਂ ਜ਼ਿਲੇ ਨੇ ਦੇਖਿਆ ਤਾਂ ਕਹਾ ਉਹੀ ਹੈ ਸੰਤੋਖ ਸਿੰਘ ਜੋ ਕਹਿਤਾ ਥਾ ਕਿ ਈਹਾਂ ਜੁੱਧ ਹੋਵੇਗਾ। ਜਹਾਰ ਪੁਛਨੇ ਲਗਾ। ਸੰਤੋਖ ਸਿੰਘ ਕਹਾ-ਮੇਰੀ ਦਾਹੜੀ ਹੌਲਦਾਰ ਨੇ ਪੱਟੀ ਹੈ। ਉਗਾਹ ਮੰਗੇ। ਬਾਬਾ ਦਰਬਾਰਾ ਸਿੰਘ (ਕਿਲਾ ਰਾਇਪੁਰ) ਨੇ ਕਿਹਾ ਕਿ ਹੌਲਦਾਰ ਨੇ ਦਾਹੜੀ ਪੱਟੀ ਹੈ ਸਿੰਘ ਕੀ। ਪੰਜਾਬ ਸਿੰਘ ਲੋਹਗੜੀਆ ਥਾ ਮੌਕੇ ਪਰ। ਮੁੱਕਰ ਗਿਆ ਕਿ ਮੈਨੂੰ ਕੁਝ ਖਵਰ ਨਹੀਂ ਹੈ, ਮੈਂ ਬਿਚ ਨਾ ਥਾ। ਤੁਰਕ ਕੇ ਝੂਠੇ ਉਗਾਹ ਭੀ ਵਿਚ ਥੇ। ਤਿਨਾਂ ਨੇ ਕਿਹਾ ਕਿ ਹੌਲਦਾਰ ਦੀ ਦਾਹੜੀ ਪੱਟੀ ਹੈ। ਛੇ ਮਹੀਨੇ ਕੀ ਕੈਦ ਕੀਤੀ ਸੰਤੋਖ ਸਿੰਘ ਕੋ। ਹੁਕਮ ਦੇਣੇ ਕੇ ਬਾਦ ਏਕ ਪੱਥਰ ਸੀ ਛੋਟਾ ਜਿਹਾ, ਉਪਰ ਸੇ ਡਿਗਿਆ। ਸੰਤੋਖ ਸਿੰਘ ਨੇ ਕਹਾ-ਦੇਖੋ ਤੁਮਨੇ ਅਦਾਲਤ ਨਹੀਂ ਕੀਤੀ ਤਾਂ ਅਜ਼ਗੈਬ ਦਾ ਗੋਲਾ ਡਿੱਗਿਆ ਹੈ ਅਕਾਸ ਸੇ। ਗੋਲੇ ਕੋ ਦੇਖ ਕਰ ਸਭ ਸੁੰਨ ਹੋ ਗਏ।

"ਛੇ ਮਹੀਨੇ ਦੀ ਕੈਦ ਭੁਗਤ ਕੇ ਸੰਤੋਖ ਸਿੰਘ ਫੇਰ ਰਾਮਦਾਸਪੁਰ ਆਇਕੇ ਗਊਂ ਭੈਸਾਂ ਘੋੜਿਆਂ ਕਾ ਝਾੜੂ ਕਰਨੇ ਲਗਾ, ਨਾਲੇ ਪੁੱਛ ਪੁੱਛ ਕੇ ਸਾਖੀਆਂ ਲਿਖਣੇ ਲਗਾ ਬਾਰ੍ਹਮੇ ਗੁਰੂ ਕੀਆਂ।"[10]

ਦਰਅਸਲ ਭਾਈ ਪੰਜਾਬ ਸਿੰਘ ਵੀ ਡੇਰੇ ਵਿਚ ਰਹਿਣ ਦਾ ਖਾਹਿਸ਼ਮੰਦ ਸੀ। ਬਾਹੋਵਾਲ ਅਨੁਸਾਰ "ਲੋਹਗੜੀਆ ਜੇਹੜਾ ਮੁੱਕਰ ਗਿਆ ਸੀ ਓਸਨੂੰ ਫਰੰਗੀ ਨੇ ਕਿਹਾ ਸੀ ਕਿ ਤੂੰ ਉਗਾਹੀ ਨਾਂ ਦੇ ਤਾਂ ਤੁਮਕੋ ਅੰਦਰ ਕਰ ਦੇਵਾਂਗੇ (ਡੇਰੇ ਦੇ)। ਜਿਸ ਦਿਨ ਸੰਤੋਖ ਸਿੰਘ ਕੈਦ ਹੋਇਆ ਸੀ, ਉਸ ਦਿਨ ਸੇ ਲੋਹਗੜੀਏ ਬਾੜੇ ਡੇਰੇ ਮੈਂ ਬਟਨ ਨੇ।"[11] ਇਸੇ ਲੋਹਗੜ ਪਿੰਡ ਦੀ ਮਾਈ ਕਰਮ ਕੌਰ ਮੁਖਬਰਨੀ ਪਹਿਲਾਂ ਤੋਂ ਹੀ ਡੇਰੇ ਵਿਚ ਰਹਿ ਰਹੀ ਸੀ। ਪੁਲੀਸ ਕਪਤਾਨ ਬਾਰਬਟਨ ਵਧ ਰਹੇ ਰੂਸ ਕੂਕਾ ਸੰਬਧਾਂ ਦੀ ਆਹਟ ਤੋਂ ਘਬਰਾਇਆ ਹੋਇਆ, ਅਜੇਹੇ ਨਾਜ਼ਕ ਸਮੇਂ ਵਿਚ ਕੁਝ ਕਮਜ਼ੋਰ ਦਲੀਲ ਵਾਲੇ ਵਿਅਕਤੀਆਂ ਨੂੰ ਕੂਕਿਆਂ ਦੇ ਅੰਦਰੂਨੀ ਭੇਦ, ਉਸ ਤਕ ਪੁਚਾਉਣ ਲਈ ਵਰਤਣਾ ਚਾਹੁੰਦਾ ਸੀ। ਸੰਤੋਖ ਸਿੰਘ ਇਹਨਾਂ ਘਟਨਾਵਾਂ ਤੇ ਬੜੀ ਪੈਨੀ ਦ੍ਰਿਸ਼ਟੀ ਰੱਖ ਰਹੇ ਸਨ।

ਜਨਵਰੀ 1883 ਈ. ਵਿਚ ਭੈਣੀ ਸਾਹਿਬ ਪੁਲੀਸ ਚੌਂਕੀ ਦਾ ਇਕ ਹੰਕਾਰੀ ਅਤੇ ਜ਼ਾਲਮ ਸਿਪਾਹੀ ਗੇਂਦਾ, ਖਾੜਕੂ ਕੂਕੇ ਸੰਤ ਭਗਵਾਨ ਸਿੰਘ ਅੜਬੰਗੀ ਦੇ ਹੱਥੋਂ ਸੋਧਿਆ ਗਿਆ ਸੀ। ਉਸ ਕਤਲ ਤੋਂ ਬਾਅਦ ਪੁਲੀਸ ਵਿਚ ਅਫਰਾ- ਤਫਰੀ ਮਚ ਗਈ। ਗੁਰੂ ਹਰੀ ਸਿੰਘ ਜੀ ਸਮੇਤ ਸਭ ਸਿੰਘਾਂ ਨੂੰ ਜੋ ਡੇਰੇ ਵਿਚ ਰਹਿਣ ਵਾਲੇ ਸਨ, ਡੇਰੇ ਦੇ ਅੰਦਰ ਕਰਕੇ ਬਾਹਰੋਂ ਦਰਵਾਜੇ ਬੰਦ ਕਰ ਦਿਤੇ, ਤਬੇਲੇ ਵਿਚ ਡੱਕ ਦਿਤੇ ਸਨ। ਉਸ ਸਮੇਂ ਭਾਈ ਸੰਤੋਖ ਸਿੰਘ ਤੱਖਰਾਂ, ਭੈਣੀ ਸਾਹਿਬ ਦੇ ਗੁਆਂਢੀ ਪਿੰਡ ਦੀ ਜੂਹ ਵਿਚ ਦਿਨ ਕਟੀ ਕਰਦੇ ਸਨ। ਇਸ ਗੇਂਦਾ ਬੱਧ ਵਾਲੇ ਸਾਕੇ ਦੀ ਮਾਰ ਵਿਚ ਇਕ ਵੇਰ ਉਹ

ਵੀ ਆਏ ਪਰ ਫਿਰ ਬਚਾਅ ਹੋ ਗਿਆ, ਕਿਉਂਕਿ ਖ਼ੂਨ ਭੈਣੀ ਸਾਹਿਬ ਦੀ ਜੂਹ ਤੋਂ ਬਾਹਰ ਹੋਇਆ ਸੀ। "ਚੁਫੇਰੇ ਖਬਰਾਂ ਹੋਈਆਂ ਕਿ ਕੂਕਿਆਂ ਨੇ ਸਪਾਹੀ ਬੱਢ ਦਿਤਾ ਹੈ। ਨੰਬਰਦਾਰਾਂ ਨੂੰ ਤੇ ਚੌਕੀਦਾਰਾਂ ਨੂੰ ਇਹ ਹੁਕਮ ਹੋਇਆ ਕਿ ਜਿੱਥੇ ਕੂਕਾ ਮਿਲੇ ਉਸਕੋ ਫੜਕੇ ਲੈ ਆਵਣ। ਸੰਤੋਖ ਸਿੰਘ (ਲੇਖਕ) ਕੋ ਤੱਖਰਾਂ ਕਾ ਚੌਕੀਦਾਰ ਫੜ ਲੈ ਆਇਆ। ਤਬੇਲੇ ਮੇਂ ਅਕੱਠੇ ਕੀਤੇ ਸਭ ਸਿੰਘ ਜੋ ਆਏ। ਸਿੰਘਾਂ ਕੋ ਭੈ ਪੈ ਗਿਆ ਕਿ ਖ਼ਬਰੇ ਕੀ ਹੋਵੇਗੀ।"[12]

ਇਹ ਉਹ ਸਮਾਂ ਸੀ ਜਦੋਂ ਕੁਹਾੜੇ ਦੇ ਪੜਾਅ ਤੇ ਤੋਪਾਂ ਵੀ ਪੁਲੀਸ ਕਪਤਾਨ ਵਾਰਬਰਟਨ ਨੇ ਮੰਗਵਾ ਕੇ ਸਾਰਾ ਡੇਰਾ ਭੈਣੀ ਸਾਹਿਬ ਸਿੰਘਾਂ ਸਮੇਤ, ਉਡਾ ਦੇਣ ਦੀ ਯੋਜਨਾ ਬਣਾਈ ਸੀ, ਉਹ ਵੀ ਡਿਪਟੀ ਕਮਿਸ਼ਨਰ ਕਾਵਨ ਜਿਉਂ ਕੂਕਿਆਂ ਦੇ ਖ਼ੂਨ ਦਾ ਤਰਿਹਾਇਆ ਸੀ। ਪ੍ਰੰਤੂ ਕਮਿਸ਼ਨਰ ਨੇ ਉਸਦੀ ਪੇਸ਼ ਨਾ ਜਾਣ ਦਿਤੀ।[13] ਕਿਉਂਕਿ ਸਾਡਾ ਇਤਿਹਾਸਕਾਰ, ਇਹਨਾਂ ਭਿਆਨਕ ਸਮਿਆਂ ਦਾ ਪ੍ਰਤੱਖ ਦਰਸ਼ੀ ਹੈ, ਇਸ ਲਈ ਉਹ ਆਪਣੇ ਇਤਿਹਾਸ ਨਾਲ ਪੂਰਾ ਪੂਰਾ ਨਿਆਂ ਕਰਕੇ, ਸਮੁੱਚੇ ਘਟਨਾਕਰਮ ਦਾ ਸਟੀਕ ਵੇਰਵਾ ਪੇਸ਼ ਕਰ ਸੱਕਿਆ ਹੈ।

ਭਾਈ ਸੰਤੋਖ ਸਿੰਘ ਦੇ ਕਾਰਨਾਮੇ ਸਾਡੇ ਇਤਿਹਾਸ ਦਾ ਮਾਣ ਹਨ। ਉਸ ਨੂੰ ਵਿਵੇਕਸ਼ੀਲ ਅਤੇ ਸ਼ਰਧਾਵਾਨ ਸਿੱਖ ਜਾਣਕੇ, ਗੁਰੂ ਹਰੀ ਸਿੰਘ ਜੀ ਨੇ ਕੂਕਾ ਅੰਦੋਲਨ ਦਾ ਇਕ ਨਵਾਂ ਪੈਂਤੜਾ ਉਲੀਕਦਿਆਂ, ਸੰਤੋਖ ਸਿੰਘ ਨੂੰ ਅੰਮ੍ਰਿਤਸਰ, ਲਾਹੌਰ, ਲੁਧਿਆਣੇ ਆਦਿਕ ਸ਼ਹਿਰਾਂ ਵਿਚ ਜਾਕੇ ਦਿਨੇ ਮਸ਼ਾਲ ਬਾਲਣ ਦਾ ਹੁਕਮ ਦਿਤਾ ਤਾਂਕਿ ਕੂਕਿਆਂ ਨੂੰ ਨਿਆਂ ਨਾਂ ਮਿਲਣ ਦੀ ਦੁਹਾਈ ਹਾਕਮਾਂ ਦੀਆਂ ਅਦਾਲਤਾਂ ਵਿਚ ਅਤੇ ਹੋਰ ਜਨਤਕ ਥਾਂਵਾਂ ਤੇ ਪੁਚਾਈ ਜਾਵੇ। ਸੰਤੋਖ ਸਿੰਘ ਆਪਣੇ ਇਸ ਮੰਤਵ ਵਿਚ ਪੂਰਾ ਸਫਲ ਹੋਇਆ। ਸਾਡੀ ਖ਼ੁਸ਼ਕਿਸਮਤੀ ਨੂੰ ਉਹ ਇਸ ਵੱਡੀ ਘਟਨਾ ਨੂੰ ਆਪਣੇ ਲਿਖੇ ਸਤਿਗੁਰੂ ਬਿਲਾਸ ਵਿਚ ਸਾਂਭ ਗਏ ਹਨ।

"ਉਸੀ ਸਾਲ (1883 ਈ.) ਮੇਂ ਸੰਤੋਖ ਸਿੰਘ (ਲੇਖਕ) ਕੋ ਗੁਰੂ ਹਰੀ ਸਿੰਘ ਜੀ ਬਚਨ ਕੀਤਾ ਕਿ ਤੂੰ ਲਾਹੌਰ ਵਿਚ ਕਮਿਸ਼ਨਰ ਦੀ ਕਚੈਹਰੀ ਮੇਂ ਜਾਇਕੇ ਦਿਨ ਕੋ ਮਸ਼ਾਲ ਬਾਲੀਂ। ਜੇ ਪੁੱਛਣ ਕਿਉਂ ਬਾਲੀ ਹੈ ਮਸ਼ਾਲ ਤਾਂ ਕੈਹਣਾ ਧੁਆਡੀ ਅਦਾਲਤ ਨਹੀਂ ਰਹੀ ਹੈ। ਬੇ-ਅਦਾਲਤੀਆਂ ਕਰਦੇ ਹੋ। ਅਨੇਰ ਪੈ ਗਿਆ ਹੈ। ਹੋਰ ਤਾਂ ਰਾਤ ਕੇ ਅੰਨ੍ਹੇ ਹੁੰਦੇ ਹੈਂ ਤੁਸੀਂ ਦਿਨ ਕੇ ਅੰਨ੍ਹੇ ਹੋ। ਜੇ ਪੁੱਛਣ ਕਿਉਂ ਤਾਂ ਤੂੰ ਕਹੀਂ ਕਿ ਸਤਿਗੁਰੂ ਰਾਮ ਸਿੰਘ ਜੀ ਕੋ ਬੇਗੁਨਾਹ ਫੜਕੇ ਲੈ ਗਏ ਹੋ। ਫੇਰ ਕਿਸੇ ਨੂੰ ਮਿਲਣ ਨਹੀਂ ਦਿੰਦੇ ਹੋ। ਚਿੱਠੀ ਭੇਜਕੇ ਭੀ ਕੋਈ ਉਤਰ ਨਹੀਂ ਮੰਗਾਉਣ ਦਿੰਦੇ ਹੋ। ਦਿਨ ਦੇ ਅੰਨ੍ਹੇ ਸਮਝਕੇ ਤਾਂ ਮਸ਼ਾਲ ਬਾਲੀ ਹੈ ਕਿ ਚਾਨਣ ਹੋ ਜਾਏ।

"ਸੰਤੋਖ ਸਿੰਘ ਲਾਹੌਰ ਮੇਂ ਗਿਆ। ਬਾਬੇ ਦੇਵਾ ਸਿੰਘ ਦੇ ਕਾਰਖਾਨੇ ਉਤਰ ਗਿਆ ਅਨਾਰਕਲੀ ਮੇਂ। ਦੁਪਹਿਰ ਢਲੀ ਸੇ ਚਾਦਰ ਪਾੜਕੇ ਮਸ਼ਾਲ ਬੱਧੀ ਕੌਲੀ ਮੇਂ ਤੇਲ ਪਾਇਕੇ। ਕਮਿਸ਼ਨਰ ਕੀ ਕਚੈਹਰੀ ਮੇਂ ਜਾਇਕੇ ਮਸ਼ਾਲ ਬਾਲ ਲਈ। ਉਤਾਂਹ ਜਾਇ ਕਰੀ।

"ਇਕ ਫਰੰਗੀ ਬੱਘੀ ਪਰ ਚੜ੍ਹਿਆ ਔਂਦਾ ਸੀ। ਬੱਘੀ ਛੱਡਕੇ ਜੰਗਲਾ ਟੱਪਕੇ ਕੋਠੀ ਮੇਂ ਜਾਇ ਰਿਹਾ। ਸੰਤੋਖ ਸਿੰਘ ਭੀ ਕਚੈਹਰੀ ਦੇ ਅਗੇ ਜਾਇ ਖੜਾ ਹੋਇਆ। ਮਸ਼ਾਲ ਬਲ ਰਹੀ ਹੈ। ਸਭ ਕਚੈਹਰੀ ਬਾਹਰ ਨਿਕਲ ਆਈ। ਪੁਛਣੇ ਲਗੇ ਤੁਮਨੇ ਕਿਉਂ ਮਸ਼ਾਲ ਬਾਲੀ ਹੈ? ਕਹਾ ਕਿ ਤੁਸੀਂ ਅਦਾਲਤ ਨਹੀਂ ਕਰਦੇ ਹੋ। ਦਿਨ ਨੂੰ ਅੰਧੇਰ ਪੈ ਗਿਆ ਹੈ। ਅੰਨਿਆਂ ਨੂੰ ਚਾਨਣ ਕੀਤਾ ਹੈ। ਹੋਰ ਤਾਂ ਰਾਤ ਕੋ ਅੰਨ੍ਹੇ ਹੈਂ ਅਦਾਲਤੀ ਦਿਨ ਕੇ ਅੰਨ੍ਹੇ ਹੈਂ। ਉਨਾਂ ਨੇ ਪੁਛਿਆ ਕਿਉਂ ਅੰਨ੍ਹੇ ਹੈਂ? ਕਹਾ ਕਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਕੋ ਫੜਕੇ ਲੈ ਗਏ ਹੈਂ। ਕੀ ਗੁਨਾਹ ਕੀਤਾ ਸੀ? ਜਿਨਾਂ ਸਿੰਘਾਂ ਨੇ ਹਮਲਾ ਕੀਤਾ ਸੀ ਸੋ ਉਡਾਇ ਦੀਏ ਥੇ । ਸਤਿਗੁਰੂ ਜੀ ਪਹਿਲੇ ਇਤਲਾਹ ਦਿਤੀ ਸੀ ਕਿ ਸਿੰਘ ਸਾਥੋਂ ਬੇਬੱਸ ਹੈਂ। ਸਰਕਾਰ ਨੇ ਨਾਂ ਬੰਦੋਬਸਤ ਕੀਤਾ। ਸਤਿਗੁਰੂ ਜੀ ਬੇਗੁਨਾਹਿਆਂ ਕੋ ਫੜਕੇ ਲੈ ਗਏ ਹੈਂ। ਫੇਰ ਹੋਰ ਏਤਨੀਆਂ ਅਰਜੀਆਂ ਦਿਤੀਆਂ ਹੈ ਕੋਈ ਉੱਤਰ ਨਹੀਂ ਦਿੰਦੇ ਕਿ ਕਿੱਥੇ ਹੈਨ। ਨਾ ਦੀਦਾਰ ਕਰਨ ਦਿੰਦੇ ਹੋ ਨਾ ਚਿਠੀ ਭੇਜਣ ਦਿੰਦੇ ਹੋ। ਸਤਿਗੁਰੂ ਜੀ ਕੋ ਤੈ ਸੂਬਿਆਂ ਕੋ ਕੇਹੜੀ ਅਦਾਲਤ ਨਾਲ ਫੜਕੇ ਲੈ ਗਏ ਹੋ ਏਸ ਬਾਰਤਾ ਕਾ ਉਤਰ ਦਿਓ? ਇਸ ਵਾਸਤੇ ਅੰਨ੍ਹੇ ਅਦਾਲਤੀਆਂ ਕੋ ਚਾਨਣ ਕੀਤਾ ਹੈ। ਅਦਾਲਤ ਨਹੀਂ ਰਹੀ ਹੈ ਅੰਧੇਰ ਪੈ ਗਿਆ ਹੈ ਦਿਨ ਕੋ। ਕਚੈਹਰੀ ਵਾਲੇ ਕਹਿਣ ਲੱਗੇ ਕਮਿਸ਼ਨਰ ਸ਼ਿਮਲੇ ਗਿਆ ਹੋਇਆ ਹੈ। ਜਦੋਂ ਉਹ ਆਵੇਗਾ ਤਬ ਤੁਮਨੇ ਆਣਾ। ਲਾਹੌਰੀ ਦਰਵੱਜੇ ਸੇ ਪੈਕੇ ਕੁਤਵਾਲੀ ਦੇ ਕੋਲੋਂ ਦੀ ਦਿੱਲੀ ਦਰਵੱਜੇ ਕੋਲੋ ਹੋਇਕੇ ਸਾਰੇ ਸ਼ਹਿਰ ਮੇਂ ਫਿਰਿਆ। ਜੇੜਾ ਪੁਛੇ ਕਿਉਂ ਮਸ਼ਾਲ ਬਾਲੀ ਹੈ, ਕਹਿਣਾ ਅਦਾਲਤੀਆਂ ਨੇ ਅਨ੍ਹੇਰ ਪਾਇਆ ਹੈ, ਤਿਨਾਂ ਕੋ ਚਾਨਣ ਕੀਤਾ ਹੈ। ਸ਼ਾਹ ਆਲਮੀ ਦਰਵੱਜੇ ਸੇ ਨਿਕਲ ਕੇ ਬਾਬੇ ਦੇਵਾ ਸਿੰਘ ਦੇ ਕਾਰਖਾਨੇ ਤੇ ਆਇ ਧਰੀ।

"ਫੇਰ ਗੁਰੂ ਕੇ ਬਾਗ ਮੇਂ ਜੋ ਅਖੰਡ ਪਾਠ ਧਰੇ ਹੋਏ ਸੇ ਸੋ ਵੀ ਪੂਰੇ ਹੋਏ। ਅਕੋਤ੍ਰ ਸੌ ਪਾਠ ਦਾ ਜਿਸ ਦਿਨ ਭੋਗ ਪੈਣਾ ਸੀ, ਉਸ ਦਿਨ ਦੁਪਹਿਰ ਨੂੰ ਮਸ਼ਾਲ ਬਲੀ। (ਇਹ 101 ਅਖੰਡ ਪਾਠ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਨਮਿਤ ਨਾਮਧਾਰੀ ਸੰਗਤ ਨੇ ਕਰਵਾਏ ਸਨ ਅੰਮ੍ਰਿਤਸਰ ਜ਼ਿਲ੍ਹੇ ਦੇ ਨੇੜੇ ਤੇੜੇ ਦੇ ਪਿੰਡਾਂ ਆਦਿ ਨੇ।) ਉਧਰੋਂ ਹਮਨ ਚੁਕਿਆ ਉਧਰੋਂ ਬੂਟਾ ਸਿੰਘ ਪੱਕੀ ਮਮਟੀ ਪਰ ਖੜਾ ਥਾ, ਜਿਉ ਡਿਗਿਆ ਹੈ, ਮਮਟੀ ਦੇ ਹੇਠ ਲੋਹ ਸੀ ਉਸ ਲੋਹ ਮੇਂ ਜਾਇ ਡਿਗਿਆ। ਲਹੂ ਨਿਕਲਿਆ ਮਾਨੋ ਚੰਡੀ ਨੇ ਭੇਟਾ ਲਈ ਹੈ।

"ਫੇਰ ਅੰਮ੍ਰਿਤਸਰ ਜਾ ਮਸ਼ਾਲ ਬਾਲੀ ਦਰਬਾਰ (ਸਾਹਿਬ) ਮੈਂ। ਸਾਰਿਆਂ ਕੋ (ਪੁਜਾਰੀਆਂ ਨੂੰ) ਹੁਕਮ ਸੁਣਾਇਆ ਕਿ ਤਕੜੇ ਹੋਵੇ। ਜੇਹੜੀ ਤੁਸੀਂ ਕਰਦੇ ਹੋ ਏਸ ਕਰਤੂਤ ਦਾ ਧੁਆਨੂੰ ਹੁਣ ਪਤਾ ਲੱਗੇਗਾ, ਸਮਾਂ ਪੁੱਜ ਗਿਆ ਹੈ।

"ਫੇਰ ਲੁਧਿਆਣੇ ਆਇਕੇ ਮਸ਼ਾਲ ਬੱਧੀ। ਬਾਲਣ ਕੋ ਤੇਲ ਭੀ ਲਿਆ। ਜਾਂ ਕਚੈਹਰੀ ਜਾਇਕੇ ਬਾਲਣੇ ਲਗਾ ਤਾਂ ਠਾਕਰੀਏ ਮੁਖਬਰ ਨੇ ਫੜਾਇ ਦੀਆ ਕਿ ਯੇ ਹੈ ਜਿਸਨੇ ਲਾਹੌਰ ਅੰਮ੍ਰਿਤਸਰ ਮਸ਼ਾਲ ਬਾਲੀ ਹੈ। ਸਪਾਹੀ ਕੁਤਵਾਲੀ ਲੈ ਗਏ, ਨਜ਼ਰਬੰਦ ਰਖਿਆ। ਤੀਏ ਦਿਨ ਬਟਨ (ਵਾਰਬਰਟਨ) ਆਇਆ। ਦੇਖਕੇ ਹੁਕਮ ਦੇ ਗਿਆ ਕਿ

ਕਚੈਹਰੀ ਲੈ ਆਵੋ। ਇਸ ਕੋ। ਤਾਂ ਅਗਲੇ ਦਿਨ ਸਪਾਹੀ ਕਚੈਹਰੀ ਲੈ ਗਿਆ। ਬਟਨ ਨੇ ਪੁੱਛਿਆ ਕਿ ਚਾਲ੍ਹੀਏ ਕਾ ਬਿਆਨ (ਸੰਬਤ ਉੱਨੀ ਸੌ ਚਾਲੀ ਬਿਕਰਮੀ) ਜੋ ਸਾਖੀਆਂ ਮੇਂ ਲਿਖਿਆ ਹੈ ਸੋ ਕਹੁ। "ਗੁਰੂ ਜੀ ਨੇ ਤਾਂ ਬਡਾ ਢੂੰਢ ਲਿਖਿਆ ਹੈ ਅਗਲਿਆਂ ਬਰਸਾਂ ਚਾਲੀਆ ਤਾਈ"— ਹੁਕਮਨਾਮੇ ਸਤਿਗੁਰੂ ਰਾਮ ਸਿੰਘ , ਪੰਨਾ 159) ਕਹਾ ਕਿ ਜੇਕਰ ਤੁਹਾਨੂੰ ਦੱਸਿਆ ਤਾਂ ਤੁਸੀ ਕੈਦ ਕਰ ਦਿਉਗੇ। ਬਟਨ ਨੇ ਕਹਾ ਕਿ ਕੈਦ ਨਹੀਂ ਕਰਦੇ ਹੈਂ ਤੂੰ ਦੱਸ। ਸੰਤੋਖ ਸਿੰਘ ਨੇ ਕਹਾ ਕਿ ਰੂਸ ਆਵੇਗਾ। 'ਜਦੋਂ ਰੂਸ ਪੰਜਾਬੇ ਆਵੇ। ਦੂਨੀਆਂ ਮਰੇ ਅੰਨ ਕੇ ਹਾਵੇ' ਸੋ ਰੂਸ ਆਵੇਗਾ। ਬਟਨ ਨੇ ਕਹਾ ਕਿ ਤੁਮ ਗੁਰੂ ਹਰੀ ਸਿੰਘ ਕਿਉਂ ਕਹਿੰਦੇ ਹੋ, ਉਸਕਾ ਨਾਮ ਤੋਂ ਬੁੱਧ ਸਿੰਘ ਹੈ। ਸੰਤੋਖ ਸਿੰਘ ਕਹਾ ਬ੍ਰਿਛ ਕਾ ਬੂਟਾ ਸੁਕੇ ਤੇ ਪਾਣੀ ਪਾਏ ਤੇ ਹਰਾ ਹੋਇ ਜਾਂਦਾ ਹੈ। ਇਸੀ ਤਰ੍ਹਾਂ ਸਤਿਗੁਰੂ ਰਾਮ ਸਿੰਘ ਜੀ ਕੇ ਜਾਣੇ ਸੇ ਸੰਗਤ ਸੁੱਕ ਗਈ ਸੀ। ਇਸ ਮੂਰਤੀ ਦਾ ਦਰਸ਼ਨ ਕਰਕੇ ਦਿਲ ਹਰਾ ਹੁੰਦਾ ਹੈ। ਸ੍ਰੀ ਸਤਿਗੁਰੂ ਜੀ ਕਾ ਹੁਕਮ ਹੈ ਇਸ ਕਾ ਨਾਮ ਹਰੀ ਸਿੰਘ ਹੈ, ਮੇਰਾ ਰੂਪ ਕਰਕੇ ਜਾਨਣਾ। ਇਸੀ ਕਰਕੇ ਗੁਰੂ ਹਰੀ ਸਿੰਘ ਜੀ ਕਹਿੰਦੇ ਹੈਂ ਸਿੰਘ।

"ਫਰੰਗੀ ਨੇ ਕਹਾ ਕਿ ਡੇਰੇ ਕਾ ਕਿਆ ਚਾਲ-ਚਲਣ ਹੈ। ਸੰਤੋਖ ਸਿੰਘ ਕਹਾ ਅੱਠ ਪੈਹਰ ਸਾਨੂੰ ਰਹਿਣ ਦਿੰਦੇ ਹੈਂ, ਫੇਰ ਕੱਢ ਦਿੰਦੇ ਹੈਂ। ਹੋਰ ਸਾਨੂੰ ਕੁਝ ਖਵਰ ਨਹੀਂ। ਮੁਨਸ਼ੀ ਲਿਖੀ ਗਿਆ ਸਾਰੇ ਬੋਲੇ।

"ਫੇਰ ਬਟਨ ਕੈਹਣੇ ਲਗਾ ਹਮਾਰੇ ਭੀ ਇਕ ਸੰਤ ਹੈ ਉਸਕਾ ਦਰਸ਼ਨ ਕਰੋ। ਨਾਲ ਉਸਨੇ ਮੁਨਸ਼ੀ ਭੇਜਿਆ ਬੰਗ ਫੀਲ ਕੋਲ। ਜਾਂ ਉਸ ਨੇਤਰ ਉਤਾਂਹ ਕੀਤੇ ਤਾਂ ਸੰਤੋਖ ਸਿੰਘ ਨੇ ਵੀ ਨੇਤਰ ਮਿਲਾਏ ਤਾਂ ਉਸਨੂੰ ਗੁਰੂ ਜੀ ਐਸਾ ਭੈ ਦਿਖਾਇਆ ਕੈਹਣੇ ਲਗਾ ਨੇਤਰ ਹੇਠਾਂ ਕਰ ਲਵੋ। ਤੁਮ ਐਸੇ ਝਾਕਦੇ ਹੋ ਜੈਸੇ ਗਊ ਕੋ ਕਸਾਈ ਝਾਕਦਾ ਹੈ। ਸੰਤੋਖ ਸਿੰਘ ਨੇ ਨੇਤਰ ਹੇਠਾਂ ਕਰ ਲਏ। ਮੁਨਸ਼ੀ ਨੇ ਸਾਰਾ ਲਿਖਿਆ ਸੁਣਾਇਆ। ਸੁਣਕੇ ਫਰੰਗੀ ਬੋਲਿਆ ਕਿ ਤੁਮ ਹਮਾਰੇ ਮੁਦਈ ਹੋ, ਤੁਮਨੇ ਕੋਟਲੇ ਵਿਚ ਕਤਲ ਕੀਤੇ ਹੈਂ। ਤੁਮਾਰਾ ਵੱਸ ਨਹੀਂ ਚੱਲਦਾ ਹੈਂ ਨਹੀਂ ਤੇ ਤੁਮ ਹਮਾਰੇ ਮਾਰਨੇ ਮੇਂ ਭੀ ਫਰਕ ਨਹੀਂ ਕਰਦੇ। ਤੁਮ ਕੈਦ ਕੀ ਲਾਇਕ ਹੋ। ਤੁਮ ਸਰਕਾਰ ਕੇ ਸਾਮ੍ਹਣੇ ਬੋਲਤੇ ਹੋ, ਲੋਕਾਂ ਕੋ ਭੀ ਏਹੀ ਬੋਲਤੇ ਹੋਵੇਗੇ। ਸੰਤੋਖ ਸਿੰਘ ਕਹਾ ਕਿ ਮੈਂ ਤਾਂ ਕਿਸੇ ਨੂੰ ਨਹੀਂ ਕੁਝ ਬੋਲਦਾ। ਤੁਮਨੇ ਤੀਨ ਫੇਰੀ ਕਹਾ ਹੈ ਤਾਂ ਮੈਂ ਬੋਲੇ ਦੱਸੇ ਹੈਂ। ਅਸੀਂ ਕਾਹਨੂੰ ਕਿਸੇ ਨੂੰ ਕੁਛ ਕਹਿੰਦੇ ਹੈਂ। ਫੇਰ ਰੁਖਸਦ ਕਰ ਦੀਆ। ਰਾਮਦਾਸ ਪੁਰੇ ਸਾਹਿਬ ਆਇਆ। ਗੁਰੂ ਜੀ ਕੇ ਹਜ਼ੂਰ ਸਾਰੇ ਬਚਨ ਕਹਿ ਸੁਣਾਏ। ਸੁਣਕੇ ਸਾਰੇ ਪ੍ਰਸੰਨ ਹੋਏ ਕਿ ਚੰਗੇ ਬੋਲੇ ਕੀਤੇ ਹੈਨ।"[14]

ਸੰਤੋਖ ਸਿੰਘ ਦਾ ਬਿੰਬ ਇਕ ਅਤਿ ਸਾਹਸੀ, ਹਿੰਮਤੀ, ਦ੍ਰਿੜ-ਵਿਸ਼ਵਾਸੀ ਅਤੇ ਆਪਣੇ ਗੁਰੂ ਦੇ ਹੁਕਮ ਤੇ ਸਭ ਕੁਝ ਘੋਲ ਘੁਮਾਉਣ ਵਾਲੇ, ਨਾਮਧਾਰੀ ਸਿੱਖ ਦਾ ਹੈ। ਉਹ ਮੁਸੀਬਤਾਂ ਨੂੰ ਵਾਜਾਂ ਮਾਰਦਾ ਹੈ। ਉਹ ਖ਼ਤਰਿਆਂ ਤੋਂ ਮੋੜ ਕੱਟਣ ਦੀ ਬਜਾਏ ਉਹਨਾਂ ਨੂੰ ਸਿੱਧਾ ਹੋਕੇ ਟੱਕਰਦਾ ਹੈ। ਭਾਵੇਂ ਲਾਹੌਰ ਕਮਿਸ਼ਨਰ ਦਫਤਰ ਦੇ ਅਧਿਕਾਰੀ ਹੋਣ, ਭਾਵੇਂ ਜਾਬਰ ਪੁਲੀਸ ਕਪਤਾਨ ਵਾਰਬਰਟਨ, ਜਾਂ ਫਿਰ ਅੰਮ੍ਰਿਤਸਰ ਗੁਰਧਾਮਾਂ

ਦੇ ਸਰਕਾਰੀ ਚਾਟੜੇ ਪੁਜਾਰੀ ਜਾਂ ਇਸਾਈ ਪਾਦਰੀ 'ਬੰਗ ਫੀਲ', ਸੰਤੋਖ ਸਿੰਘ ਕਿਸੇ ਅੱਗੇ ਵੀ ਝੇਪ ਨਹੀਂ ਮੰਨਦਾ। ਉਹ ਹਰ ਗੱਲ ਦਾ ਸਟੀਕ ਉੱਤਰ ਦਿੰਦਾ ਹੈ। ਆਪਣੇ ਨੁਕਤੇ ਨੂੰ ਸਪਸ਼ਟ ਕਰਨ ਵਿਚ ਉਸਨੂੰ ਕੋਈ ਦਿੱਕਤ ਨਹੀਂ ਆਉਂਦੀ। ਉਹ ਬੋਲ ਤੋਲ ਦਾ ਪੂਰਾ ਅਤੇ ਆਪਣੀ ਸਾਫ ਸ਼ਫਾਫ ਤੱਕਣੀ ਨਾਲ ਹੀ ਵਿਰੋਧੀ ਨੂੰ ਨਿਵਾ ਲੈਣ ਦੇ ਹੁਨਰ ਵਿਚ ਮਾਹਿਰ ਹੈ। ਦਰਅਸਲ ਉਹ ਇਕ ਕ੍ਰਿਆਸ਼ੀਲ ਬੁੱਧੀ ਜੀਵੀ ਹੈ ਜਿਹੜਾ, ਉਨ੍ਹੀਵੀਂ ਸਦੀ ਅਤੇ ਮਗਰਲੇ ਵਕਤ ਦੀ ਲੋਕ ਲਹਿਰ, ਕੂਕਾ ਲਹਿਰ ਦੀ ਕੁਠਾਲੀ ਵਿਚ ਪੈਕੇ ਕੁੰਦਨ ਹੋ ਗਿਆ ਹੈ। ਮਨ, ਬਚ, ਕਰਮ ਦੀ ਏਕਤਾ ਵਾਲੇ ਐਸੇ ਸਾਹਿਤਕਾਰ ਹੀ ਸਤਿਗੁਰੂ ਬਿਲਾਸ ਜਿਹਾ ਉੱਤਮ ਸ਼ਾਹਕਾਰ ਰਚ ਸੱਕਦੇ ਹਨ।

1892 ਈ. ਵਿਚ ਪ੍ਰਦੇਸ਼ ਗਵਨ ਸਾਕੇ ਤੋਂ 20 ਸਾਲ ਬਾਅਦ, ਗੁਰੂ ਹਰੀ ਸਿੰਘ ਜੀ ਨੂੰ ਅੰਮ੍ਰਿਤਸਰ ਜ਼ਿਲ੍ਹੇ ਅਤੇ ਗੁਰਧਾਮਾਂ ਦੀ ਪਹਿਲੀ ਯਾਤਰਾ ਕਰਨ ਦੀ ਸਰਕਾਰ ਤੋਂ ਮਨਜ਼ੂਰੀ ਮਿਲੀ। ਇਸ ਦੌਰੇ ਵਿਚ ਆਪਣੇ ਇਤਿਹਾਸਕਾਰ ਨੂੰ ਵੀ ਉਹ ਨਾਲ ਲੈ ਗਏ। ਵੈਸੇ ਛੁੱਟੀ ਕੁੱਲ ਪੰਦਰਾਂ ਦਿਨਾਂ ਦੀ ਸੀ। ਇਸੇ ਦੌਰੇ ਸਮਾਂ ਆਪਣੇ ਤਰਨ ਤਾਰਨ ਦੇ ਪੜਾਅ ਤੇ ਗੁਰੂ ਹਰੀ ਸਿੰਘ ਜੀ ਨੇ, ਭਾਈ ਸੰਤੋਖ ਸਿੰਘ ਨੂੰ ਉੱਚਾ ਬੁੰਗਾ ਧਾਰਨ ਕਰਨ ਤੋਂ ਹਟਵਾ ਕੇ ਸਿੱਧਾ ਦਸਤਾਰ ਸਜਾਉਣ ਦਾ ਮਾਨ ਬਖਸ਼ਿਆ ਸੀ।[15] ਜਿਹਨਾਂ ਜਿਹਨਾਂ ਦੌਰਿਆਂ ਵਿਚ ਜਾਂ ਭੋਗਾਂ, ਮੇਲਿਆਂ ਵਿਚ ਭਾਈ ਸੰਤੋਖ ਸਿੰਘ ਗੁਰੂ ਜੀ ਦੇ ਨਾਲ ਸ਼ਾਮਲ ਹੋਏ ਉਹਨਾਂ ਦਾ ਸੁੰਦਰ ਵਰਣਨ ਆਪ ਨੇ ਅੰਕਿਤ ਕੀਤਾ ਹੈ।

1893 ਈ. ਦੀ ਮਾਘੀ ਦੇ ਸਮੇਂ ਗੁਰੂ ਹਰੀ ਸਿੰਘ ਜੀ ਨੇ ਜ਼ਿਲ੍ਹਾ ਫੀਰੋਜ਼ਪੁਰ ਦਾ ਦੌਰਾ ਕੀਤਾ ਸੀ। ਸਰਕਾਰ ਨੇ ਨੀਤੀ ਨੂੰ ਵਿਚਾਰਦਿਆਂ ਕਿ ਵੱਡੇ ਇਕੱਠ ਵਿਚ ਸ਼ਾਮਲ ਨਾਂ ਹੋਣ.., ਮਾਘੀ ਲੰਘਣ ਬਾਅਦ ਛੁੱਟੀ ਦਿਤੀ। ਇਸ ਦੌਰੇ ਵਿਚ ਵੀ ਭਾਈ ਜੀ ਨਾਲ ਸਨ। "ਚਰਨ ਪੌਂਦੇ ਬਿਰਕੀਂ ਆਏ। ਆਸਾ ਦੀ ਵਾਰ ਲੱਗੀ। ਸੰਤੋਖ ਸਿੰਘ ਨੇ ਹਮਨ ਕੀਤਾ, ਬਾਜੇ (ਬਾਜਾਖਾਨਾ) ਮੇਂ ਆਇਕੇ ਇਕ ਅਨੰਦ ਪੜ੍ਹਿਆ ਭੋਗ ਪਿਆ। ਅਗੇ ਗੁਮਟੀ ਆਏ, ਪਿਪਲ ਹੇਠਾਂ ਬੈਠੇ ਹੈਂ। ਸੰਤੋਖ ਸਿੰਘ ਕੋ ਗੁਰੂ ਜੀ ਕਾ ਹੁਕਮ ਸੀ ਪ੍ਰਸ਼ਾਦੇ ਲੋਹ ਉਤੇ ਪੌਣੇ। ਕਵੀਸ਼ਰ (ਸੰਤੋਖ ਸਿੰਘ) ਕੋ ਤਪ ਰਸਤੇ ਵਿਚ ਹੀ ਚੜ੍ਹਿਆ। ਗੁਰੂ ਜੀ ਪਾਸ ਅਰਜ਼ ਕੀਤੀ ਜੀ ਮੈਨੂੰ ਤਪ ਹੋਇ ਗਿਆ ਹੈ। ਗੁਰੂ ਜੀ ਛੰਨਾ ਦਹੀ ਕਾ ਲੈਕੇ ਇਸ਼ਨਾਨ ਕੀਤਾ। ਸੰਤੋਖ ਸਿੰਘ ਭੀ ਦਹੀ ਛਕਿਆ। ਤਤਕਾਲ ਤਪ ਉਤਰ ਗਿਆ। ਇਸ਼ਨਾਨ ਕਰਕੇ ਪ੍ਰਸ਼ਾਦੇ ਬਣੌਣ ਲਗਾ।[15]

ਇਸ ਦੌਰੇ ਦੇ ਪਰਸੰਗ ਵਿਚ ਹੀ ਸਾਨੂੰ ਭਾਈ ਸੰਤੋਖ ਸਿੰਘ ਹੋਰਾਂ ਦੀ ਦਿਨਚਰਿਆ ਦਾ ਗਿਆਨ। ਉਹਨਾਂ ਦੀ ਲਿਖਤ ਦੁਆਰਾ ਹੀ ਪ੍ਰਾਪਤ ਹੁੰਦਾ ਹੈ। "ਚੰਡੀ ਦੀ ਵਾਰ, ਉਗ੍ਰਦੰਤੀ, ਛੋਟਾ ਚਲਿਤਰ (ਚੰਡੀ ਚਰਿਤਰ ਛੋਟਾ), ਚੌਪਈ, ਜਪ-ਜਾਪੁ, ਰਹਿਰਾਸ, ਆਰਤੀ ਸੋਹਿਲਾ, ਸਵੈਯੇ ਅੰਮ੍ਰਿਤ ਦੇ, ਏਤਨੀ ਬਾਣੀ ਨਿਤਨੇਮ ਦੀ ਕੰਠ ਹੈ ਇਸ ਕਵੀਸ਼ਰ ਕੋ। ਰੋਜ਼ ਪੜ੍ਹਦਾ ਹੈ। ਸੂਰਜ ਦੀਆਂ ਰਿਸ਼ਮਾਂ ਦੇ ਨਾਲ ਚੰਡੀ ਦੀ ਵਾਰ ਦਾ ਨਿਤ ਪਾਠ ਕਰਦਾ ਹੈ। ਕਾਰ ਮੇਰੀ ਏਹੁ ਹੈ ਗੁਰੂ ਜੀ ਕੇ ਬਚਨ ਲਿਖ ਲਿਖ ਧਰਦਾ ਹਾਂ। ਗੁਰੂ ਸਾਧ ਸੰਗਤ ਤੇ ਡਰਦਾ ਹਾਂ।"[16]

ਮਾਘੀ 1894 ਈ. ਏ ਆਸਪਾਸ ਇਕ ਨਾਮਧਾਰੀ ਸਿੰਘ, ਭਾਈ ਪ੍ਰੇਮ ਸਿੰਘ, ਆਪਣੇ ਘਰੋਂ ਗੁੰਮ ਹੋ ਗਿਆ। ਲਾਸ਼ ਮਿਲ ਗਈ। ਗੁਰੂ ਹਰੀ ਸਿੰਘ ਜੀ ਦੇ ਹੁਕਮ ਤੇ ਕਿ ਕੋਈ ਸਿੰਘ ਮੁਕਤਸਰ ਜਾਕੇ ਦੀਵਾਨ ਵਿਚ ਸਾਡੀ ਅਰਦਾਸ ਸੁਣਾਵੇ । ਸੰਤੋਖ ਸਿੰਘ ਓਥੇ ਗਿਆ ਤੇ ਅਰਦਾਸ ਮੁਕਤਸਰ ਦੇ ਦੀਵਾਨ ਵਿਚ ਸੁਣਾਈ। "ਮੁਕਤਸਰੀਆਂ ਕੇ ਇਲਾਕੇ ਵਿਚ ਖ਼ੂਨ ਹੋਇਆ ਹੈ। ਜਿੰਨਾ ਚਿਰ ਸੱਚ ਨਾਂ ਦੱਸਣ ਓਨਾਂ ਚਿਰ ਮੁਕਤਸਰੀਆਂ ਕਾ ਅੰਨ ਪਾਣੀ ਨਹੀਂ ਛਕਣਾ। ਜੋ ਗੁਰੂ ਰਾਮ ਸਿੰਘ ਜੀ ਦਾ ਸਿੰਘ ਹੈ ਸੱਚ ਦੱਸੇ ਕਿ ਕਿਸ ਤਰ੍ਹਾਂ ਮਾਰਿਆ ਹੈ ਪ੍ਰੇਮ ਸਿੰਘ ਕਿਸਨੇ ਮਾਰਿਆ ਹੈ। ਜਦੋਂ ਕੋਈ ਨਾਂ ਉਠਿਆ ਤਾਂ ਸੰਤੋਖ ਸਿੰਘ ਨੇ ਕਿਹਾ ਜੀ ਮੈਂ ਲਿਆਵਾਂਗਾ ਪਤਾ। ਹੁਕਮ ਪਾਕੇ ਸੰਤੋਖ ਸਿੰਘ ਨੇ ਮੁਕਤਸਰ ਦੀਵਾਨ ਵਿਚ ਗੁਰੂ ਜੀ ਵਾਲੀ ਅਰਦਾਸ ਸੁਣਾ ਦਿੱਤੀ। ਸੰਤੋਖ ਸਿੰਘ ਨੂੰ ਕਾਹਨ ਸਿੰਘ ਵਾੜਿਆਂ ਵਾਲੇ ਧਿਆਨ ਸਿੰਘ ਨੇ ਕਿਹਾ ਕਿ ਪ੍ਰੇਮ ਸਿੰਘ ਨੂੰ ਤਿੰਨ ਸਿੰਘ ਸੱਦਕੇ ਘਰੋਂ ਲੈ ਗਏ ਕਿ ਮਾਈ ਅਤਰੀ ਸੱਦਦੀ ਹੈ। ਫੇਰ ਮੁੜਕੇ ਪ੍ਰੇਮ ਸਿੰਘ ਘਰ ਨਾ ਆਇਆ। .... ਇਹ ਸੁਣਕੇ ਸਿੰਘਾਂ ਦੀ ਸ਼ਰਧਾ ਅਤਰੀ ਤੇ ਹਟ ਗਈ ਕਿ ਮਾਂ ਕਾਸ ਦੀ ਹੋਈ ਜੋ ਖ਼ੂਨ ਕਰਾਉਂਦੀ ਹੈ ਡੈਣ ਹੈ।"[17] ਗੁਰੂ ਹੁਕਮ ਵਜਾਉਣ ਲਈ ਭਾਈ ਸੰਤੋਖ ਸਿੰਘ ਕਤਲ ਦੀ ਤਫਤੀਸ਼ ਜਿਹੇ ਮਾਮਲੇ ਵਿਚ ਵੀ ਜਾ ਸਿਰ ਅੜਾਉਂਦਾ ਸੀ।

1895 ਈ. ਦੀ ਮਾਘੀ ਤੇ ਮੇਲੇ ਤੇ, ਗੁਰੂ ਹਰੀ ਸਿੰਘ ਜੀ ਦੀ ਹਜ਼ੂਰੀ ਵਿਚ 322 ਪਾਠਾਂ ਦੇ ਭੋਗ ਮੁਕਤਸਰ ਨਾਮਧਾਰੀ ਗੁਰਦੁਆਰੇ ਵਿਖੇ ਪਾਏ ਗਏ। ਇਹਨਾਂ ਪਾਠਾਂ ਵਿਚ ਵੀ ਬਾਹੋਵਾਲ ਜੀ ਸ਼ਾਮਲ ਸਨ।[18] 1896-97 ਈ. ਦੇ ਸਾਲਾਂ ਵਿਚ ਹਿੰਦੁਸਤਾਨ ਵਿਚ ਪਲੇਗ ਦੀ ਬੀਮਾਰੀ ਫੈਲੀ ਜੋ 1911 ਈ. ਤੱਕ ਰਹੀ। ਗੁਰੂ ਕੇ ਸਿੰਘਾਂ ਦਾ ਬਚਾਅ ਰਿਹਾ। ਗੁੜ ਖੁੜੀ ਵਿਚ ਭਾਈ ਰਾਗਾ ਸਿੰਘ ਹਜ਼ੂਰੀ ਸੇਵਕ ਦੇ ਭਰਾ ਰਹਿੰਦੇ ਸਨ। ਰਾਗਾ ਸਿੰਘ ਰਾਹੀਂ ਉਹਨਾਂ ਵੀ ਬੀਮਾਰੀ ਤੋਂ ਡਰਦਿਆਂ ਪਾਠਾਂ ਦੇ ਭੋਗ ਪੁਆਉਣ ਦੀ ਗੁਰੂ ਹਰੀ ਸਿੰਘ ਜੀ ਨੂੰ ਅਰਦਾਸ ਬੇਨਤੀ ਆ ਕੀਤੀ । "ਸੰਤੋਖ ਸਿੰਘ ਪਾਠੀ ਭੇਜਿਆ। ਜਾਂ ਪਾਠ ਤੋਰਿਆ ਤਾਂ ਜੇੜੇ ਬੀਮਾਰ ਸੇ ਸੋ ਰਾਜੀ ਹੋਇ ਗਏ ਕਹਿਣ ਧੰਨ ਗੁਰੂ ਜੀ ਹੈਨ। ਸੋ ਕਈਆਂ ਨੇ ਭਜਨ ਲੈ ਲਿਆ ਬੀਮਾਰੀ ਥੀਂ ਡਰਦਿਆਂ। ਪਿੰਡ ਪਿੰਡ ਪਾਠ ਹੁੰਦੇ ਹੈਂ ਮੌਤ ਥੀਂ ਡਰਦਿਆਂ। ਡਾਕਟਰ ਕਹਿੰਦੇ ਹਨ ਕਿ ਇਸ ਬੀਮਾਰੀ ਦੀ ਕੋਈ ਦੁਆਈ ਨਹੀਂ ਹੈ।"[19]

ਭਾਈ ਸੰਤੋਖ ਸਿੰਘ ਨੂੰ 1899-1900 ਈ. ਤੱਕ ਵੀ ਜਦੋਂ ਵੀ ਪੁਲੀਸ ਚੌਂਕੀ ਦੇ ਮੁਲਾਜ਼ਮਾਂ ਨੂੰ ਛਕਣ ਛਕਾਉਣ ਲਈ ਗੱਫੇ ਨਾ ਮਿਲਦੇ ਡੇਰੇ ਵਿਚੋਂ ਕੱਢ ਦਿੰਦੇ ਸਨ। ਇਕ ਦਿਨ ਕੜਾਹ ਪ੍ਰਸ਼ਾਦ ਨਾਂ ਮਿਲਣ ਤੇ "ਹੌਲਦਾਰ ਨੇ ਸੰਤੋਖ ਸਿੰਘ ਨੂੰ ਨਿਕਾਲ ਦੀਆ। ਬਾਹਰ ਗੋਹਾ ਕੂੜਾ ਕਰਦਾ ਸੀ। ਗੁਰੂ ਜੀ ਪਾਸ ਅਰਜ਼ ਕੀਤੀ ਕਿ ਤੁਰਕ ਨੇ ਕੱਢ ਦਿਤਾ ਹੈ ਸੰਤੋਖ ਸਿੰਘ। ਗੁਰੂ ਜੀ ਬਚਨ ਕੀਤਾ ਹਲਕੇ ਕੁੱਤੇ ਵਾਂਗੂ ਏਨਾਂ ਨੂੰ ਲੈਹਰ ਉਠ ਪੈਂਦੀ ਹੈ। ਇਤਨਾ ਨਹੀਂ ਸਮਝਦੇ ਕਿ ਹਿੰਦੂ ਮੁਸਲਮਾਨ ਕੋ ਪ੍ਰਸ਼ਾਦਾ ਮਿਲਦਾ ਹੈ। ਪੁੰਨ ਦੀ ਜਗਾ ਹੈ। ਕਿਸੇ ਕੋ ਦੁੱਖ ਨਹੀਂ ਦਿੰਦੇ ਹੈ।"[20]

ਡੇਰੇ ਵਿਚ ਰਹਿਕੇ ਸੇਵਾ ਕਰਨੀ। ਦੁਪਹਿਰੇ ਇਸ਼ਨਾਨ ਪਾਣੀ ਤੋਂ ਵਿਹਲੇ ਹੋਕੇ ਗੁਰ-ਇਤਿਹਾਸ ਲਿਖਣਾ। ਪਿਛਲੇ ਪਹਿਰ ਗੁਰੂ ਹਰੀ ਸਿੰਘ ਜੀ ਦੀ ਹਜ਼ੂਰੀ ਵਿਚ ਆਪਣੇ ਲਿਖੇ ਪਰਸੰਗਾਂ ਦੀ ਕਥਾ ਕਰਨੀ। ਵਿਚ ਵਿਚ ਗੁਰੂ ਜੀ ਜਾਂ ਹੋਰ ਸਿੱਖਾਂ ਦੁਆਰਾ ਦੱਸੇ ਦਰੁਸਤੀ ਦੇ ਸੁਝਾਅ ਨੋਟ ਕਰਕੇ, ਰਚਨਾ ਨੂੰ ਫਿਰ ਸੋਧ ਕੇ ਲਿਖਣਾ। ਏਡੀ ਵੱਡੀ ਸੇਵਾ ਕਰਨ ਵਾਲੇ ਭਾਈ ਸੰਤੋਖ ਸਿੰਘ ਦੀਆਂ ਮੁਸੀਬਤਾਂ ਮੁੱਕਣ ਵਿਚ ਨਹੀਂ ਆਉਂਦੀਆਂ। ਹੁਣ ਉਸਦੀ ਬਿਰਧ ਵਰੇਸ ਹੈ ਫਿਰ ਵੀ ਪਿੰਡ ਦੇ ਕੂਕਿਆਂ ਦੇ ਵਿਰੋਧੀਆਂ ਦੀ ਕਰੋਪੀ ਦਾ ਉਹ ਇਸ ਲਈ ਵੀ ਸ਼ਿਕਾਰ ਬਣਦਾ ਹੈ ਕਿ ਉਹ ਕੂਕਿਆਂ ਦੇ ਪਰਸੰਗ, ਸਾਖੀਆਂ, ਇਤਿਹਾਸ ਕਿਉਂ ਲਿਖ ਰਿਹਾ ਹੈ? ਹੱਡੀਂ ਹੰਡਾਈਆਂ ਇਹਨਾਂ ਮੁਸੀਬਤਾਂ ਦਾ ਚਿਤਰਨ, ਸੰਤੋਖ ਸਿੰਘ ਆਪਣੀ ਰਚਨਾ ਵਿਚ ਬਖੂਬੀ ਕਰ ਰਹੇ ਹਨ।

"ਏਕ ਦਿਨ ਲਿਖਾਰੀ (ਸੰਤੋਖ ਸਿੰਘ) ਨੇ ਮੁੰਡਿਆਂ ਕੋ ਕਿਹਾ ਕਿ ਮੇਰੇ ਘਰ ਦੇ ਦਰਵੱਜੇ ਅੱਗੇ ਗੁਲੀ ਡੰਡਾ ਨਾ ਖੇਡੋ ਹੋਰ ਥਾਂ ਤੇ ਖੇਡੋ। ਇਤਨਾ ਕਹਿਣ ਵਿਚ ਇਕ ਮੁੰਡਾ ਸੀ, ਉਸਨੇ ਕਿਹਾ ਕਿ ਤੈਨੂੰ ਸੂਲ ਹੁੰਦਾ ਹੈ? ਮੁੰਡੇ ਏਵੇਂ ਹੀ ਖੇਡਣਗੇ। ਮਾਵਾਂ ਭੈਣਾਂ ਦੀਆਂ ਗਾਲਾਂ ਕੱਢੀਆਂ। ਦਾੜ੍ਹੀ ਪੱਟਣ ਨੂੰ ਆਵੇ। ਕਹੇ ਕਿ ਏਸ ਕੋੜ੍ਹੀ ਨੂੰ ਏਥੇ ਰਹਿਣ ਨਹੀਂ ਦੇਣਾ ਹੈ। ਹੱਲੇ ਕਰ ਕਰ ਆਵੇ। ਪੇਸ਼ ਨਾ ਕੋਈ ਗਈ, ਮਾਰਨ ਮੈਂ ਅਰ ਦਾੜ੍ਹੀ ਖੋਹਣ ਮੈਂ ਕਸਰ ਕੋਈ ਨਹੀਂ ਰਖੀ। ਲਿਖਾਰੀ ਨੇ ਹੀ ਸਮਾਈ ਰੱਖੀ ਕਿ ਦਾੜ੍ਹੀ ਪੁੱਟੇਗਾ। ਦੋ-ਜਣੇ ਹੈਨ। ਏਨਾਂ ਨੂੰ ਤਾਂ ਮਾਇਆ ਦਾ ਹੰਕਾਰ ਹੈ, ਅਸੀਂ ਕਾਹਦਾ ਹੰਕਾਰ ਕਰਨਾ ਹੈ। ਸੰਤਾਂ ਕੀ ਖਿਮਾ ਹੈ।

"ਏਕ ਜਨਾਨੀ ਦੇ ਲੜਕੇ ਨੂੰ, ਜੋ ਗੁਲੀ ਡੰਡਾ ਖੇਡਦਾ ਸੀ, ਔਖੇ ਹੋ ਕੇ ਸੰਤੋਖ ਸਿੰਘ ਨੇ ਕਲਮ ਮਾਰੀ। ਮੁੰਡੇ ਦੀ ਮਾਈ ਜੱਟੀ ਲਿਖਾਰੀ ਨੂੰ ਕਹਿਣ ਲੱਗੀ ਤੈਂ ਮੇਰੇ ਮੁੰਡੇ ਦੇ ਛਟੀ ਮਾਰੀ ਹੈ। ਜੇਕਰ ਤੂੰ ਉਸ ਵਕਤ ਮੈਨੂੰ ਮਿਲਦੋ ਤਾਂ ਮੈਂ ਤੈਨੂੰ ਚੀਰ ਸੁੱਟਦੀ। ਤੂੰ ਮਿਲਿਆ ਨਾ। ਲਾਲ ਲਾਖੀ ਹੋਈ ਹੋਈ ਨੇ ਕਈ ਬਾਧੇ ਦੀਆਂ ਗੱਲਾਂ ਕੀਤੀਆਂ। ਕਿਸੇ ਦੇਸ਼ ਦੇ ਕੀਰ ਲੋਕ ਆਨ ਇਕੱਠੇ ਹੋਏ ਹੈਂ। ਤੇਰੇ ਵਰਗੇ ਕਈ ਆਇਕੇ ਚਲੇ ਗਏ। ਲਿਖਾਰੀ ਨੇ ਕਿਹਾ ਤੂੰ ਆਪਣਾ ਭਲਾ ਮੰਗ।

"ਲਿਖਾਰੀ ਅਕਾਲ ਬੁੰਗੇ ਮੈਂ ਰਹਿੰਦਾ ਸੀ। ਇਕ ਜੱਟ ਗਊ ਬੰਨ੍ਹ ਆਇਆ ਬੂਹੇ ਅੱਗੇ। ਸਾਰਾ ਦਿਨ ਰੰਭਦੀ ਰੁਹੀ ਭੁੱਖੀ ਤਿਹਾਈ। ਉਸੇ ਜੱਟ ਦਾ ਖੇਤ ਸੀ, ਲਿਖਾਰੀ ਨੇ ਲੰਮਾ ਰੱਸਾ ਪਾਇਕੇ ਬੰਨ੍ਹ ਦਿਤੀ ਕੇ ਹੋਰ ਕੇ ਖੇਤ ਨਾ ਜਾਇ ਬੜੇ। ਜਿਮੀਦਾਰ ਆਇਆ। ਰੱਸਾ ਲਾਹਕੇ ਕਹਿਣ ਲਗਾ ਖਾਹ ਖਸਮਾਂ ਨੂੰ। ਜਿਉਂ ਲੱਗਾ ਹੈ ਗਾਲਾਂ ਕੱਢਣ, ਗੁਰੂ ਜੀ ਕੇ ਪਾਸ ਆਇ ਕਹਿਆ ਸੰਤੋਖ ਸਿੰਘ ਨੇ ਮੇਰੀ ਗਊ ਖੇਤ ਮੈ ਛੱਡੀ ਹੈ। ਗਾਲਾਂ ਕੱਢਦਾ ਹੀ ਆਇਆ ਸੀ, ਕੱਢਦਾ ਹੀ ਮੁੜ ਗਿਆ।"[21]

ਸੰਤੋਖ ਸਿੰਘ ਹੋਰਾਂ ਦੀਆਂ ਮੁਸੀਬਤਾਂ ਨਾਂ ਸਿਰਫ ਮਨੁੱਖ ਕਿਰਤ ਸਨ ਸਗੋਂ ਕੁਦਰਤ ਦੀ ਕਈ ਵੇਰ ਉਹਨਾਂ ਦੇ ਵਿਰੁੱਧ ਭੁਗਤਦੀ ਸੀ। ਉਹ ਦਮੇਂ, ਸਾਹ-ਖੰਘ ਦੀ ਤਕਲੀਫ ਤੋਂ ਵੀ ਪੀੜਿਤ ਸਨ।[22] ਆਦਮੀ ਦੀ ਹਿੰਮਤ ਨੂੰ ਦਾਦ ਦੇਣੀ ਬਣਦੀ ਹੈ ਕਿ ਇਤਨੀਆਂ ਵਿਪਰੀਤ ਪ੍ਰਸਥਿਤੀਆਂ ਵਿਚ ਰਹਿੰਦਿਆਂ ਹੋਇਆਂ, ਜਿੱਥੇ ਪਲ ਪਲ ਮਨੁੱਖ ਦਾ ਚੈਨ,

ਮਾਨਸਿਕ ਤਵਾਜ਼ਨ ਡਾਂਵਾਂ ਡੋਲ ਕਰਨ ਦੇ ਅਨੇਕ ਕਾਰਨ ਹੋਣ ਫਿਰ ਵੀ ਸਾਬਤ ਕਦਮ ਰਹਿਕੇ, ਆਪਣੇ ਮਿਥੇ ਕੰਮ ਨੂੰ ਸਿਰੇ ਚਾੜ੍ਹਨਾ ਹਾਰੀਸਾਰੀ ਦੇ ਵੱਸ ਦੀ ਗੱਲ ਨਹੀਂ। ਉਤੋਂ ਬਿਪਤਾ ਇਹ ਵੀ ਬਣ ਗਈ ਕਿ 1897 ਈ. ਵਿਚ ਉਹਨਾਂ ਦੀ ਕੁਟੀਆ ਨੂੰ ਅੱਗ ਲੱਗ ਗਈ। "ਸੰਤੋਖ ਸਿੰਘ ਕੀ ਛਪਰੀ ਬੱਧੀ ਹੋਈ ਸੀ ਨਵੇਂ ਤਬੇਲੇ ਮੇਂ ਉਸਕੋ ਅਗਨੀ ਲੱਗੀ। ਲੋਕ ਸਭ ਆਏ। ਪਾਣੀ ਲਿਆਂਵਦਿਆਂ ਨੂੰ ਸਭ ਕੁਝ ਸੜ ਬਲ ਗਿਆ। ਸੰਤੋਖ ਸਿੰਘ ਨੂੰ ਇਹ ਚਿੰਤਾ ਕਿ ਗ੍ਰੰਥ ਬਣਾਇਆ ਸੀ, ਜੇਕਰ ਜਲ ਗਿਆ ਤਾਂ ਬਡੀ ਮੁਸ਼ਕਿਲ ਹੈ। ਬੜੇ ਜਤਨ ਸੇ ਬਚਨ ਇੱਕਠੇ ਕੀਤੇ ਸੇ, ਸਤਿਗੁਰੂ ਜੀ ਕੇ ਪੁਰਾਣੇ ਸਿੰਘਾਂ ਥੀਂ ਪੁੱਛ ਪੁੱਛ ਕੇ ਲਿਖੇ ਸੇ ਬਚਨ। ਪਾਣੀ ਪਾ ਕੇ ਅਗਨੀ ਬੁਝਾਈ। ਸੰਤੋਖ ਸਿੰਘ ਨੇ ਪਹਿਲੇ ਉਹ ਜਗਾ ਦੇਖੀ ਜਿਥੇ ਗ੍ਰੰਥ ਸੀ। ਹੇਠੋਂ ਗ੍ਰੰਥ ਨਿਕਲ ਆਇਆ। ਹਾਸ਼ੀਆ ਜਲ ਗਿਆ। ਅੱਖਰ ਇਕ ਨਹੀਂ ਜਲਿਆ। ਸੰਤੋਖ ਸਿੰਘ ਨੇ ਗ੍ਰੰਥ ਗੁਰੂ ਜੀ ਕੇ ਸਾਹਮਣੇ ਜਾਇ ਧਰਿਆ। ਗੁਰੂ ਜੀ ਬਚਨ ਕੀਤਾ ਭਾਈ ਇਹ ਸਤਿਗੁਰਾਂ ਦੇ ਬਚਨ ਹੈਨ, ਜਿਹੜੇ ਅਗਨੀ ਵਿਚ ਬਚ ਰਹੇ ਹੈਂ।"[23]

ਜਿਸ ਸਮੇਂ ਉਪਰੋਕਤ ਘਟਨਾ ਵਾਪਰੀ ਛਪਰੀ ਜਲਣ ਦੀ ਸਤਿਗੁਰੂ ਪਰਤਾਪ ਸਿੰਘ ਜੀ 7-8 ਸਾਲ ਦੀ ਬਾਲ ਅਵਸਥਾ ਵਿਚ ਸਨ। ਆਪ ਦੇ ਨੇਤਰਾਂ ਸਾਂਹਵੇਂ ਇਹ ਕਾਂਡ ਵਾਪਰਿਆ। ਉਹ ਵੀ ਆਪਣੇ ਪਵਿੱਤਰ ਉਪਦੇਸ਼ ਵਿਚ ਇਸ ਦਾ ਵਰਣਨ ਕਰਦੇ ਹਨ—

"ਮੈਨੂੰ ਇਹ ਚੰਗੀ ਤਰ੍ਹਾਂ ਪਤਾ ਹੈ, ਜਿਹੜਾ ਗ੍ਰੰਥ ਸਤਿਗੁਰਾਂ ਵਾਲਾ ਭਾਈ ਸੰਤੋਖ ਸਿੰਘ ਨੇ ਲਿਖਿਆ- ਸਤਿਗੁਰੂ ਰਾਮ ਸਿੰਘ ਦਾ- ਮੇਰੇ ਸਾਹਮਣੇ ਦੀ ਇਹ ਗੱਲ ਹੈ, ਮੈਨੂੰ ਹੋਸ਼ ਹੈ ਚੰਗੀ ਤਰ੍ਹਾਂ - ਉਹਨਾਂ ਨੇ ਇਕ ਝੁੱਗੀ ਪਾਈ ਹੋਈ ਸੀ, ਜਿਹੜਾ ਪਿਛਲਾ ਤਬੇਲਾ ਹੈ ਉਹਦੇ ਵਿਚ, ਜਿੱਥੇ ਹੁਣ ਖੂਹੀ ਲਗੀ ਹੈ- ਇੱਥੇ, ਅੱਗ ਲੱਗ ਗਈ। ਰੁੱਤ ਗਰਮੀ ਦੀ ਹੈ, ਗੁਰੂ ਹਰੀ ਸਿੰਘ ਜੀ ਆਏ, ਤਬੇਲੇ ਉਤੇ ਚੜ੍ਹ ਕੇ ਦੇਖ ਰਹੇ ਹਨ- ਅੱਗ ਲੱਗੀ ਨੂੰ, ਝੁੱਗੀ ਸੜ ਗਈ। ਸੰਤੋਖ ਸਿੰਘ ਪਿਟਦਾ ਹੈ "ਮੇਰੀ ਕਰੀ ਕਰਾਈ ਖੂਹ ਵਿਚ ਪੈ ਗਈ", ਝੁੱਗੀ ਸੜ ਜਾਂਦੀ ਹੈ ਉਹ ਪੀਲਾ ਦਸਤਾਰਾ ਸਜਾ ਲੈਂਦੇ ਸੀ- ਸੰਤੋਖ ਸਿੰਘ ਹੁਰੀ, ਕਿਉਂਕਿ ਨਾਮਧਾਰੀਆਂ ਵਿਚ ਪੀਲੇ ਦਸਤਾਰੇ ਦੀ ਕੋਈ ਮਨਾਹੀ ਨਹੀਂ ਹੈ। ਇਸ ਤਰ੍ਹਾਂ ਆਮ ਤੌਰ ਤੇ ਚਿੱਟਾ ਨਹੀਂ ਪੀਲਾ ਵੀ, ਉਹਨਾਂ ਦੀ ਉਹ ਪੱਗ ਜਲੀ ਦੇ ਐਨੇ ਐਨੇ ਟੁਕੜੇ ਮੈਂ ਦੇਖੇ, ਰੁਮਾਲੀਆਂ ਜਿਹੀਆਂ। ਬਾਹਰ ਸੰਤੋਖ ਸਿੰਘ ਹੁਰੀਂ ਬੜੇ ਦੁਖੀ, ਗੁਰੂ ਹਰੀ ਸਿੰਘ ਜੀ ਕੋਠੇ ਉਤੇ ਖਲੋਤੇ— ਉਹ (ਗ੍ਰੰਥ) ਨਾ ਜਲਿਆ।"[24]

ਮਈ 1906 ਈ. ਵਿਚ ਗੁਰ ਗੱਦੀ ਤੇ ਬਿਰਾਜਮਾਨ ਹੋਣ ਬਾਅਦ, ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਇਸ ਗ੍ਰੰਥ ਨੂੰ ਤਰਤੀਬ ਵਾਰ ਕਰਕੇ, ਇਸ ਦੀਆਂ ਸੁੰਦਰ ਹੱਥ ਲਿਖਤਾਂ ਕਰਵਾਈਆਂ। ਉਹਨਾਂ ਦੇ ਸਮੇਂ ਤੋਂ ਲੈ ਕੇ ਹੁਣ ਤੱਕ, ਇਸ ਦੀ ਕਥਾ ਨਾਮਧਾਰੀ ਦੀਵਾਨਾਂ ਦੀ ਸ਼ਾਨ ਬਣਦੀ ਹੈ। ਸੰਤੋਖ ਸਿੰਘ ਸੱਦ ਜੀਵਤ ਹਨ।

ਭਾਈ ਸੰਤੋਖ ਸਿੰਘ ਮਸਤਾਨੀ ਬਿਰਤੀ ਵਾਲੇ ਗੁਰੂ ਪਿਆਰੇ ਸਨ। ਉਹ ਭਾਰਤ ਦੇ ਸਿਆਸੀ ਬੰਦੀਆਂ ਦੀ ਬੰਦ ਖਲਾਸੀ, ਹੋਰ ਕੂਕਿਆਂ ਜਿਉਂ ਅੰਗ੍ਰੇਜ਼ਾਂ ਦੇ ਦੰਦ ਖੱਟੇ

ਕਰਨ ਲਈ, ਰੂਸੀ ਲਸ਼ਕਰਾਂ ਨੂੰ ਵੀ ਰੋਜ਼ ਟਾਹਰਾਂ ਮਾਰਦੇ ਸਨ। ਉਹ ਅਕਸਰ ਇਹ ਕਬਿੱਤ ਪੜ੍ਹਿਆਂ ਕਰਦੇ ਸਨ—

"ਆਊਂਗਾ ਰੂਸ ਮਈਆ,
ਸਭ ਕੋ ਕਰ ਦਊ ਭਸਮੱਈਆ
ਆਪਣੇ ਪਿਆਰਿਆਂ ਨੂੰ ਰੱਖੂ ਕੰਢੇ ਲਾਇ ਕੇ।

ਸਿੰਘ ਸੁਖੀ ਸਿੰਘਾ ਸੁਰਗ ਵਿਚ ਵਾਸਾ
ਸਿੰਘ ਵੇਖਣਗੇ ਤਮਾਸ਼ਾ
ਪਿਰਥੀ ਮਰੂਗੀ ਅੜਾਇ ਕੇ।

ਮੋਹ ਤੇ ਜੰਜਾਲ
ਘਰ ਬਾਰ ਸਭ ਤਿਆਗ ਦੇਵਾਂ
ਗੁਰੂ ਕਾ ਪੰਥ ਨਹੀਂ ਰੱਖਣਾ ਛਪਾਇ ਕੇ।

ਅਗੇ ਧੁਰੋਂ ਦਰਗਾਹੋਂ
ਜਿੰਨੀਆਂ ਆਈਆਂ ਪਾਤਸ਼ਾਹੀਆਂ,
ਅੱਗੇ ਵੇਖਿਆ ਤਮਾਸ਼ਾ ਵੇਖੋ ਅੜਿਕੇ ਆਇ ਕੇ।"[24]

ਭਾਈ ਸੰਤੋਖ ਸਿੰਘ ਦੇ ਕੁਰਬਾਨੀਆਂ ਭਰੇ ਜੀਵਨ, ਉਸਦੀ ਸਾਹਿਤਕ ਸੂਝ ਬੂਝ, ਉਸ ਦੇ ਸਿਰੜ ਲਗਨ, ਸੁਹਿਰਦਤਾ ਅਤੇ ਤਿਆਗੀ ਜੀਵਨ ਅੱਗੇ ਸਿਰ ਝੁਕਦਾ ਹੈ। ਉਸ ਦੇ ਸਤਿਗੁਰੂ ਬਿਲਾਸ (ਦੋਹਾਂ ਭਾਗਾਂ) ਦੇ ਵਿਸ਼ੇ ਵਸਤੂ ਬਾਰੇ, ਵਿਸਥਾਰ ਸਹਿਤ ਲੇਖ ਸੁਵਰਨ ਸਿੰਘ ਵਿਰਕ ਦੀ ਪੁਸਤਕ "ਕੂਕਾ ਲਹਿਰ ਦਾ ਪੰਜਾਬੀ ਸਾਹਿਤ" ਵਿਚ ਪੜ੍ਹਿਆ ਜਾ ਸਕਦਾ ਹੈ।

## ਹਵਾਲੇ ਤੇ ਟਿੱਪਣੀਆਂ

1. ਸਤਿਗੁਰੂ ਬਿਲਾਸ (ਭਾਗ ਪਹਿਲਾ) (ਸੰ. ਜਸਵਿੰਦਰ ਸਿੰਘ),—ਭਾਈ ਸੰਤੋਖ ਸਿੰਘ ਬਾਹੋਵਾਲ, ਸਫਾ 26
2. ਉਹੀ, ਸਫਾ 27
3. ਜੱਸ ਜੀਵਨ, ਭਾਗ ਪਹਿਲਾ, ਪਹਿਲੀ ਛਾਪ, ਸਫਾ 24
4. ਸਤਿਗੁਰੂ ਬਿਲਾਸ (ਭਾਗ ਪਹਿਲਾ), ਸਫਾ 8
5. ਲਾਲਾ ਏਹਿ ਰਤਨ, (ਸੰ. ਪ੍ਰਿੰ. ਬੇਅੰਤ ਕੌਰ) ਭਾਗ ਪੰਜਵਾਂ ਪ੍ਰਸਤਾਵਨਾ, ਸਫਾ 27
6. ਸਤਿਗੁਰੂ ਬਿਲਾਸ (ਭਾਗ ਪਹਿਲਾ), ਸਫਾ 9
7. ਸਤਿਗੁਰੂ ਬਿਲਾਸ (ਭਾਗ ਦੂਜਾ), ਸਫਾ 150
8. ਉਹੀ, ਸਫਾ 26

9. ਉਹੀ, ਸਫ਼ਾ 17
10. ਉਹੀ, ਸਫ਼ਾ 167-68
11. ਉਹੀ, ਸਫ਼ਾ 169
12. ਉਹੀ, ਸਫ਼ਾ 160
13. ਉਹੀ, ਸਫ਼ਾ 161
14. ਉਹੀ, ਸਫ਼ਾ 164-66
15. ਉਹੀ, ਸਫ਼ਾ 176
16. ਉਹੀ, ਸਫ਼ਾ 183
17. ਉਹੀ, ਸਫ਼ਾ 188
18. ਉਹੀ, ਸਫ਼ਾ 244
19. ਉਹੀ, ਸਫ਼ਾ 246
20. ਉਹੀ, ਸਫ਼ਾ 313
21. ਉਹੀ, ਸਫ਼ਾ 398
22. ਉਹੀ, ਸਫ਼ਾ 203
23. ਲਾਲ ਏਹਿ ਰਤਨ, ਭਾਗ 2, ਸਫ਼ਾ 278
24. ਕੂਕਿਆਂ ਬਾਰੇ-ਸੰਤ ਇੰਦਰ ਸਿੰਘ ਚੱਕਰਵਰਤੀ, ਸਫ਼ਾ 204

# ਨਿਰਬਾਣ ਕੀਰਤਨਕਾਰ ਸੂਬਾ ਭਗਤ ਸਿੰਘ ਦਾਤੇਵਾਲ

ਵੀਹਵੀਂ ਸਦੀ ਦੇ ਪਹਿਲੇ ਅੱਧ ਵਿਚ, ਦੋ ਕੂਕੇ ਪਰਚਾਰਕਾਂ ਦੇ ਨਾਂਵਾਂ ਦੀ ਧਾਂਕ, ਸਮੁੱਚੇ ਪੰਜਾਬ ਵਿਚ ਪੈਂਦੀ ਸੀ। ਉਹਨਾਂ ਨੂੰ ਕੂਕੇ, ਗ਼ੈਰ ਕੂਕੇ, ਸਿੱਖ, ਹਿੰਦੂ, ਮੁਸਲਮਾਨ, ਇਸਾਈ ਸਭ ਵੱਡੇ ਚਾਅ-ਉਮਾਹ ਅਤੇ ਅਦਬ-ਸਤਿਕਾਰ ਨਾਲ ਸੁਣਿਆ ਕਰਦੇ ਸਨ। ਇਹ ਦੋ ਨਾਮਧਾਰੀ ਜਥੇਦਾਰ ਸਨ, ਸੰਤ ਭਗਤ ਸਿੰਘ ਜੀ ਦਾਤੇਵਾਲੀਏ ਅਤੇ ਸੰਤ ਮੰਗਲ ਸਿੰਘ ਜੀ 'ਅਰਸ਼ੀ-ਫਰਿਸ਼ਤਾ'। ਇਹ ਦੋਵੇਂ ਉਨ੍ਹੀਵੀਂ ਸਦੀ ਦੇ ਆਖਰੀ ਦਹਾਕੇ ਵਿਚ, ਠੰਢੀ ਮੂਰਤ ਗੁਰੂ ਹਰੀ ਸਿੰਘ ਜੀ ਤੋਂ ਫ਼ੈਜ਼ਯਾਬ ਹੋ ਕੇ, ਨਾਮਧਾਰੀ ਮਿਸ਼ਨ ਦੇ ਪਰਚਾਰ ਪਰਸਾਰ ਨੂੰ ਸਮਰਪਿਤ ਹੋ ਗਏ ਸਨ। ਇਹ ਦੋਵੇਂ ਸਿਆਲਕੋਟੀਏ ਸਨ। ਦੋਵੇਂ ਹੀ ਗੁਰਬਾਣੀ, ਗੁਰੂ ਇਤਿਹਾਸ ਤੋਂ ਇਲਾਵਾ, ਅਰਬੀ ਫ਼ਾਰਸੀ ਦੀ ਮੁੱਢਲੀ ਤਾਲੀਮ ਦੇ ਜਾਣਕਾਰ ਹੋਣ ਕਾਰਨ, ਇਸਲਾਮ ਅਤੇ ਈਸਾਈਅਤ ਦੇ ਧਾਰਮਿਕ ਅਸੂਲਾਂ, ਕਾਇਦੇ ਕਾਨੂੰਨਾਂ ਤੋਂ ਵੀ ਭਲੀ ਭਾਂਤ ਪਰਿਚਿਤ ਸਨ। ਦੋਹਾਂ ਦੀ ਰਸਨਾ ਤੇ ਸਰਸਵਤੀ ਦਾ ਵਾਸ ਸੀ। ਦੋਹਾਂ ਨੂੰ ਆਪਣੇ ਦੇਸ਼, ਕੌਮ, ਲੋਕਾਂ ਅਤੇ ਇਸਦੀ ਮਿੱਟੀ ਨਾਲ ਅੰਤਾਂ ਦਾ ਮੋਹ ਸੀ। ਦੋਵੇਂ ਵਾਕਪਟੁਤਾ ਦੇ ਗੁਣ ਦੇ ਧਾਰਨੀ ਸਨ ਅਤੇ ਆਪਣੇ ਉੱਚੇ ਸੁੱਚੇ ਇਖ਼ਲਾਕੀ ਜੀਵਨ ਕਾਰਨ, ਕਹਿਣੀ ਅਤੇ ਕਥਨੀ ਦੀ ਏਕਤਾ ਕਾਰਨ, ਆਪਣੇ ਸੰਪਰਕ ਵਿਚ ਆਉਣ ਵਾਲਿਆਂ ਤੇ ਆਪਣੀ ਸੁਭਾਸ਼ਣੀ ਕਲਾ ਸਦਕਾ, ਸੰਮੋਹਨ ਕ੍ਰਿਆ ਜਿਹਾ ਪ੍ਰਭਾਵ ਛੱਡਣ ਦੇ ਸਮਰੱਥ ਸਨ। ਦੋਹਾਂ ਨੇ ਗੁਰੂ ਹਰੀ ਸਿੰਘ ਜੀ ਦੇ ਜੀਵਨ ਦਾ ਅੰਤਮ ਦਹਾਕਾ ਅਤੇ ਸਤਿਗੁਰੂ ਪਰਤਾਪ ਸਿੰਘ ਜੀ ਦੇ ਗੁਰਤਾ ਕਾਲ ਦੇ ਚਾਰ ਪੰਜ ਦਹਾਕਿਆਂ ਤੋਂ ਵੱਧ ਸਮਾਂ ਸਤਿਗੁਰੂ ਰਾਮ ਸਿੰਘ ਜੀ ਦੇ ਮਿਸ਼ਨ ਨੂੰ ਸਮਰਪਿਤ ਕੀਤਾ। ਦੋਹਾਂ ਦੀ ਆਪੋ ਵਿਚ ਜੋੜੀ ਬੜੀ ਫੱਬਦੀ ਸੀ। ਦੋਵੇਂ ਰਾਮ ਵਿਓਗੀ ਕੂਕਿਆਂ ਦੇ ਪੰਥ ਦੇ ਮਸਤਾਨੇ ਦੀਵਾਨੇ, ਸ਼ਾਹ ਹੁਸੈਨ ਦੀ ਭਾਸ਼ਾ ਵਿਚ—"ਮੈਂ ਬੈਰਾਗਣ ਆਦਿ ਦੀ ਵੋ" ਰੂਪ ਵਿਚ ਵਿਚਰਦੇ ਸਨ। ਇਸੇ ਲਏ ਜੇ ਦੀਵਾਨ ਸੰਤ ਮੰਗਲ ਸਿੰਘ ਜੀ ਦਾ ਲੱਗਾ ਹੋਇਆ ਹੈ ਤਾਂ ਮਸਤੀ ਦੇ ਆਲਮ ਵਿਚ ਆਏ ਸੰਤ ਭਗਤ ਸਿੰਘ ਨੇ ਕਹਿਣਾ—"ਬਹਿ ਜਾ ਉਇ ਮੰਗਲਾ!" ਉਹਨਾਂ ਦੀਵਾਨ ਦਾ ਸਿੱਖਰ ਛੱਡ ਕੇ ਬਹਿ ਜਾਣਾ ਤੇ ਦੀਵਾਨ ਭਗਤ ਸਿੰਘ ਹੋਰਾਂ ਦਾ ਲੱਗ ਜਾਣਾ। ਤੇ ਜੇ ਦੀਵਾਨ ਸੰਤ ਭਗਤ ਸਿੰਘ ਹੋਰਾਂ ਲਾਇਆ ਹੁੰਦਾ ਤਾਂ ਜਦੋਂ ਲਹਿਰ ਉੱਠਦੀ, ਮੰਗਲ ਸਿੰਘ ਹੋਰਾਂ ਉੱਠ ਕੇ ਕਹਿਣਾ—"ਬਹਿ ਜਾ ਉਇ ਭਗਤੂ!" ਉਹਨਾਂ ਸਤਿਬਚਨ ਕਹਿ ਦੇਣਾ 'ਤੇ ਦੀਵਾਨ ਮੰਗਲ ਸਿੰਘ ਜੀ ਲਾ ਦਿੰਦੇ। ਬਹੁਤ ਸਾਂਝਾਂ ਦੇ ਬਾਵਜੂਦ ਇਕ ਅੰਤਰ ਪਰਤੱਖ ਹੈ ਕਿ ਸੰਤ ਭਗਤ ਸਿੰਘ ਜੀ ਜ਼ਿਆਦਾ ਅਧਿਆਤਮ ਮੰਡਲ ਵਿਚ ਵਿਚਰਕੇ, ਨਾਮ ਬਾਣੀ ਵਿਚ ਰੰਗੇ ਰਹਿੰਦੇ। ਦੂਜੇ ਬੰਨੇ ਮੰਗਲ ਸਿੰਘ ਜੀ ਗੋਰਾਸ਼ਾਹੀ ਹਕੂਮਤ ਦਾ ਤਕਰੀਰ ਤੇ ਤਹਿਰੀਰ, ਦੋਹਾਂ ਮਾਧਿਅਮਾਂ ਦੁਆਰਾ ਵਿਰੋਧ ਕਰਨ ਲਈ ਕੌਮੀ ਤਹਿਰੀਕ ਵਿਚ ਕਾਂਗਰਸ ਮੰਚ ਤੋਂ ਸ਼ਾਮਲ ਹੁੰਦੇ ਰਹਿੰਦੇ ਅਤੇ ਕਦੇ

ਵਰ੍ਹਿਆਂ ਤੱਕ ਜਿਹਲ ਯਾਤਰਾ ਕਰਦੇ ਅਤੇ ਕਦੇ ਜੂਹ ਬੰਦੀਆਂ ਕੱਟਦੇ।

ਦਾਤੇ ਵਾਲ, ਭਿੰਡਰ ਗੋਤ ਦੇ ਜੱਟ ਸਿੱਖਾਂ ਦੀ ਆਬਾਦੀ ਵਾਲਾ, ਸਿਆਲਕੋਟ ਜ਼ਿਲ੍ਹਾ (ਹੁਣ ਪਾਕਿਸਤਾਨੀ ਪੰਜਾਬ) ਦੇ ਰੱਈਏ ਥਾਣੇ ਦਾ ਪਿੰਡ ਸੀ। ਸੰਨ 1880 ਈ. ਦੀ ਪੰਜਾਬ ਪੁਲਿਸ ਦੀ ਸੂਚੀ ਮੁਤਾਬਿਕ ਇਹ ਨਾਮਧਾਰੀ ਵੱਸੋਂ ਵਾਲਾ ਪਿੰਡ ਸੀ। ਇਸ ਥਾਣੇ ਵਿਚ 23 ਪਿੰਡ ਸਨ ਜਿਹਨਾਂ ਵਿਚ ਕੂਕੇ ਰਹਿੰਦੇ ਸਨ। ਆਸ ਪਾਸ ਹੋਰ ਕੂਕਿਆਂ ਦੇ ਮਸ਼ਹੂਰ ਪਿੰਡ ਸਨ, ਬਾਠਾਂ ਵਾਲਾ, ਸ਼ੇਰ ਕੋਟ, ਗਾਹੜੂਵਾਲ, ਕਿਰਨ ਵਾਲੀ, ਚੱਕਰਾਲੀ, ਬੱਦੋ ਮੱਲੀ, ਘੋਟਾ, ਸਰਾਜ, ਐਨੂ ਬਾਜਵਾ, ਨੱਥੋਕੇ, ਮੱਲਹੋਕੇ, ਬੱਲ, ਢੇ, ਪੂੰਗ ਆਦਿ। ਇਹਨਾਂ ਪਿੰਡਾਂ ਵਿਚ ਸਤਿਗੁਰੂ ਰਾਮ ਸਿੰਘ ਜੀ ਦੇ ਮੱਤ ਦਾ ਪਰਚਾਰ, ਚੰਗਾ ਜੰਮਿਆ ਸੀ। ਬੇਸ਼ਕ ਪਿੰਡ ਦਾਤੇਵਾਲ ਵਿਚ ਪੁਰਾਣੀ ਨਾਮਧਾਰੀ ਸਿੱਖੀ ਤੁਰੀ ਆਉਂਦੀ ਸੀ ਪਰ ਸੰਤ ਭਗਤ ਸਿੰਘ ਹੋਰਾਂ ਦਾ ਜਨਮ, ਸਤਿਗੁਰੂ ਰਾਮ ਸਿੰਘ ਜੀ ਦੇ ਪਰਦੇਸ ਗਮਨ ਤੋਂ ਤਿੰਨ ਚਾਰ ਸਾਲ ਬਾਅਦ ਹੋਇਆ ਅਨੁਮਾਨਿਤ ਹੈ। ਸੰਤ ਜੀ ਨੇ ਕੋਈ ਸੱਤ ਦਹਾਕੇ ਆਰਜਾ ਬਤੀਤ ਕੀਤੀ। ਉਹਨਾਂ ਦੇ ਜੀਵਨ ਦੇ ਸੰਖੇਪ ਵੇਰਵੇ ਲਈ, ਅਸੀਂ ਸੰਤ ਇੰਦਰ ਸਿੰਘ ਚੱਕਰਵਰਤੀ ਅਤੇ ਸੰਤ ਤਰਨ ਸਿੰਘ ਵਹਿਮੀ ਜਿਹੇ ਸਤਿਗੁਰੂ ਪਰਤਾਪ ਸਿੰਘ ਜੀ ਦੇ ਸਮਕਾਲੀ ਲੇਖਕਾਂ ਅਤੇ ਉਸੇ ਸਮੇਂ ਦੇ ਹੀ ਜੱਥੇਦਾਰ ਗੁਰਮੁਖ ਸਿੰਘ ਝੱਬਰ ਦੀਆਂ ਲਿਖਤੀ ਯਾਦਾਂ ਦੇ ਆਭਾਰੀ ਹਾਂ।

1941 ਈ. ਵਿੱਚ ਸਤਿਜੁਗ ਦਾ "ਸੰਤ ਅੰਕ ਭਾਗ ਦੂਜਾ" ਸ੍ਰੀ ਭੈਣੀ ਸਾਹਿਬ ਤੋਂ ਸੰਤ ਇੰਦਰ ਸਿੰਘ ਚੱਕਰਵਰਤੀ ਦੀ ਸੰਪਾਦਨਾ ਹੇਠ ਪਰਕਾਸ਼ਿਤ ਹੋਇਆ। ਉਸ ਵਿਚ ਸੰਤ ਭਗਤ ਸਿੰਘ ਜੀ ਦੇ ਜੀਵਨ ਦੀ ਇਕ ਝਾਕੀ, 'ਨਾਮ ਖੁਮਾਰੀ'ਨਾਮੇਂ ਇਕਾਂਗੀ ਨਾਟਕ ਵਿਚ, ਚੱਕਰਵਰਤੀ ਜੀ ਨੇ ਪੇਸ਼ ਕੀਤੀ ਹੈ। ਇਸ ਦੇ ਅੰਤ ਵਿਚ ਇਕ ਫੁੱਟ ਨੋਟ ਵਿਚ ਸੰਤਾਂ ਦੇ ਜੀਵਨ ਬਾਰੇ ਵਡਮੁੱਲੀ ਜਾਣਕਾਰੀ ਦਰਜ ਹੈ। "ਸੰਤ ਭਗਤ ਸਿੰਘ ਦੇ ਜੀਵਨ ਦੀ ਇਕ ਝਾਕੀ ਪਾਠਕਾਂ ਨੇ ਪੜ੍ਹੀ ਏ। ਆਪ ਜੀ ਦੇ ਜੀਵਨ ਵਿਚ ਅਜੇਹੀਆਂ ਘਟਨਾਵਾਂ ਬੇਅੰਤ ਹਨ।"

"ਆਪ ਦਾ ਜਨਮ ਪਿੰਡ ਦਾਤੇਵਾਲ ਜ਼ਿਲ੍ਹਾ ਸਿਆਲਕੋਟ ਵਿਚ ਸ੍ਰ. ਬਘੇਲ ਸਿੰਘ ਜੀ ਦੇ ਘਰ ਮਾਤਾ ਤਾਬਨ ਦੀ ਭਾਗ ਭਰੀ ਗੋਦ ਵਿਚ ਹੋਇਆ। ਆਪਦਾ ਖਾਨਦਾਨ ਬੜਾ ਪ੍ਰਤਿਸ਼ਟ ਅਤੇ ਮੰਨਿਆ ਪ੍ਰਮੰਨਿਆ ਹੋਇਆ ਸੀ। ਆਪ ਨੇ ਉਰਦੂ ਤੇ ਫਾਰਸੀ ਦੀ ਤਾਲੀਮ ਆਪਣੇ ਪਿੰਡ ਦੇ ਸਕੂਲ ਵਿਚ ਪੜ੍ਹੀ। ਸੰਤ ਕੇਸਰ ਸਿੰਘ ਜੀ ਚਵਿੰਡੇ ਵਾਲਿਆਂ ਤੋਂ ਭਜਨ ਪੁੱਛਕੇ ਸਤਿਗੁਰੂ ਰਾਮ ਸਿੰਘ ਜੀ ਦੀ ਸ਼ਰਨ ਵਿਚ ਪ੍ਰਾਪਤ ਹੋਏ। ਆਪ ਹਰ ਵੇਲੇ ਭਜਨ ਵਿਚ ਰੰਗੇ ਹੋਏ ਵੈਰਾਗ ਨਾਲ ਹਰ ਸਮੇਂ ਮਸਤ ਰਹਿੰਦੇ। ਸ਼ਬਦ ਪੜ੍ਹਦੇ ਰਹਿੰਦੇ। ਅਜਿਹੇ ਮਸਤ ਹੋ ਜਾਂਦੇ ਕਿ ਕਈ ਵਾਰੀ ਖਾਣਾ ਪੀਣਾ ਵਿਸਰ ਜਾਂਦਾ। ਪਿੰਡ ਦੇ ਲੋਕ ਆਪ ਨੂੰ ਮਸਤਾਨਾ ਕਹਿ ਕੇ ਸੱਦਦੇ।"

"ਇਕ ਵਾਰ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੜਪ ਦੇ ਦੌਰੇ ਗਏ ਅਤੇ ਦਾਤੇਵਾਲ ਨੂੰ ਭਾਗ ਲਾਇਆ। ਕਿਸੇ ਕਾਰਨ ਕਰਕੇ ਸੰਗਤ ਨਾਲ ਰਾਗੀਆਂ ਦੀ ਅਜੋੜਤਾ ਹੋ ਗਈ। ਉਹਨਾਂ ਨੇ ਸਤਿਗੁਰੂ ਜੀ ਦੇ ਕਹਿਣ ਤੇ ਵੀ ਚੌਂਕੀ ਕਰਨੀ ਪਰਵਾਨ ਨਾ ਕੀਤੀ।

ਸਤਿਗੁਰੂ ਹਰੀ ਸਿੰਘ ਜੀ ਨੇ ਸੰਤ ਭਗਤ ਸਿੰਘ ਜੀ ਨੂੰ ਦੀਵਾਨ ਲਾਣ ਦੀ ਆਗਿਆ ਕੀਤੀ। ਆਪ ਜੀ ਨੇ ਦੀਵਾਨ ਲਾਇਆ ਅਤੇ ਉਸਦਾ ਅਜਹਾ ਰਸ ਬੱਝਾ, ਸੰਗਤ ਨੂੰ ਰਾਗੀਆਂ ਦੀ ਯਾਦ ਭੁੱਲ ਗਈ। ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੇ ਪਰਸੰਨ ਹੋ ਕੇ ਆਪ ਨੂੰ ਵਰ ਦਿੱਤਾ ਕਿ ਮਸਤਾਨਿਆ! ਤੇਰੇ ਸੌਂਹੇਂ ਇਸ ਲੋਕ ਦੇ ਲੋਕਾਂ ਤੇ ਕੀ ਅੜਨਾ ਸੀ ਬ੍ਰਹਮ ਲੋਕ ਦੇ ਲੋਕੀਂ ਵੀ ਆਣ ਤਾਂ ਉਹ ਵੀ ਨਿਰੁੱਤਰ ਹੋ ਕੇ ਜਾਣਗੇ।[1]

ਇਹ ਘਟਨਾ ਦੜਪ ਦੇ ਗੁਰੂ ਹਰੀ ਸਿੰਘ ਜੀ ਦੇ ਪਹਿਲੇ ਦੌਰੇ ਦੀ ਹੈ ਜੋ 1893 ਈ. ਦੇ ਨਵੰਬਰ ਦਸੰਬਰ ਦੇ ਮਹੀਨੇ ਹੋਇਆ।[2] ਰਾਗੀਆਂ ਦੇ ਵਿਗੜਨ ਤੇ ਦਾਤੇਵਾਲ ਪੁੱਜੇ, ਗੁਰੂ ਹਰੀ ਸਿੰਘ ਜੀ ਨੇ ਜਦੋਂ ਸੰਗਤ ਤੋਂ ਕਿਸੇ ਸਥਾਨਕ ਸ਼ਬਦੀ ਜੱਥੇ ਬਾਰੇ ਪੁੱਛਿਆ ਤਾਂ ਲੋਕਾਂ ਕਿਹਾ, "ਜੀ ਸਾਡੇ ਪਿੰਡ ਦਾ ਮੁੰਡਾ, ਭਗਤ ਸਿੰਘ ਸ਼ਬਦ ਪੜ੍ਹਦਾ ਹੈ।" ਇਸ ਤੇ 17-18 ਸਾਲ ਦੀ ਉਮਰ ਦੇ ਇਸ ਯੁਵਕ ਨੇ ਦੀਵਾਨ ਲਾਉਣਾ ਅਰੰਭਿਆ ਸੀ। ਆਪ ਢੋਲਕੀ ਵੀ ਬਹੁਤ ਸੁੰਦਰ ਵਜਾਇਆ ਕਰਦੇ ਸਨ। ਪਹਿਲੇ ਦੀਵਾਨ ਨਾਲ ਹੀ ਆਪ ਗੁਰੂ ਹਰੀ ਸਿੰਘ ਜੀ ਦੇ ਮਨਜ਼ੂਰ-ਇ-ਨਜ਼ਰ ਹੋ ਗਏ। ਗੁਰੂ ਚੱਕ ਦਾ ਹੋਲਾ, ਗੁਰੂ ਹਰੀ ਸਿੰਘ ਜੀ ਦੀ ਹਜ਼ੂਰੀ ਵਿਚ 1904 ਈ. ਨੂੰ ਹੋਇਆ। ਉਸ ਸਮੇਂ ਤੱਕ ਸੰਤ ਭਗਤ ਸਿੰਘ ਜੀ ਨੂੰ ਦੀਵਾਨ ਲਾਉਂਦਿਆਂ ਇਕ ਦਹਾਕਾ ਹੋ ਚੁੱਕਾ ਸੀ ਅਤੇ ਉਹਨਾਂ ਦਾ ਸ਼ੁਮਾਰ ਉਘੇ ਕੂਕਾ ਜਥੇਦਾਰਾਂ ਵਿਚ ਹੁੰਦਾ ਸੀ। ਇਸ ਹੋਲੇ ਤੇ ਜਾਣ ਸਮੇਂ ਦੀ ਵਾਰਤਾ ਬਾਹੋਵਾਲ ਜੀ ਦੇ ਸ਼ਬਦਾਂ ਵਿਚ—"ਅੰਮ੍ਰਿਤਸਰ ਤੋਂ ਭੁਇਵਾਲੀ, ਫੱਤੇਵਾਲ ਚਰਨ ਪਾਏ ਫੇਰ ਬਾਠਾਂ ਵਾਲੇ ਗਏ। ਲੰਗਰ ਉੱਥੇ ਕੀਤਾ। ਅਗਲੇ ਦਿਨ ਦਾਤੇਵਾਲ। ਦਾਤੇਵਾਲ ਦੇ ਸਿੱਖਾਂ ਨੇ ਅਰਜ਼ ਕੀਤੀ—ਜੀ ਔੜ ਲੱਗੀ ਹੋਈ ਹੈ। ਗੁਰੂ ਹਰੀ ਸਿੰਘ ਜੀ ਸੰਤ ਭਗਤ ਸਿੰਘ ਨੂੰ ਕਿਹਾ ਕਿ ਅਰਦਾਸ ਕਰੋ। ਫਿਰ ਰਾਤ ਨੂੰ ਬੜੀ ਬਾਰਸ਼ ਹੋਈ। ਅਗਲੇ ਦਿਨ ਕਿਲੇ ਸੂਬਾ ਸਿੰਘ ਦੇ ਚਰਨ ਪਾ ਕੇ ਗੁਰੂ ਚੱਕ ਗਏ।"[3] ਬਾਹੋਵਾਲ ਜੀ ਅਗਲੇ ਸਫਿਆਂ ਤੇ ਲਿਖਦੇ ਹਨ ਕਿ ਫਿਰ ਇਹ ਬਾਰਸ਼ ਰੁਕ-ਰੁਕ ਕੇ ਇਕ ਮਹੀਨੇ ਤੱਕ ਹੁੰਦੀ ਰਹੀ।[4]

17 ਮਈ 1906 ਈ. ਨੂੰ ਗੁਰੂ ਹਰੀ ਸਿੰਘ ਜੀ ਬ੍ਰਹਮਲੀਨ ਹੋ ਗਏ। ਗੁਰੂ ਜੀ ਦਾ ਸਰੀਰ ਢਿੱਲਾ ਹੋਣਾ ਸੁਣਕੇ, ਹੋਰ ਬਹੁਤ ਸਾਰੀਆਂ ਸੰਗਤਾਂ ਜਿਉਂ ਸੰਤ ਭਗਤ ਸਿੰਘ ਜੀ ਵੀ ਭੈਣੀ ਸਾਹਿਬ ਪੁੱਜੇ ਹੋਏ ਸਨ। ਇਸ ਸਮੇਂ ਆਪ ਨੇ ਦੀਵਾਨੀ ਅਸਵਥਾ ਵਿਚ ਗਲ ਵਿਚ ਢੋਲਕੀ ਪਾਈ ਅਤੇ ਭੈਣੀ ਸਾਹਿਬ ਤੋਂ ਰਾਮ ਸਰ ਅਤੇ ਰਾਮ ਸਰ ਤੋਂ ਭੈਣੀ ਸਾਹਿਬ ਤਕ ਕਈ ਦਿਨ ਤੁਰ-ਫਿਰਕੇ ਕੀਰਤਨ ਕੀਤਾ। ਸੰਤ ਇੰਦਰ ਸਿੰਘ ਚੱਕਰਵਰਤੀ ਦੀ ਲਿਖਤ ਹੈ—"ਨਾਮਧਾਰੀ ਪੰਥ ਵਿਚ ਖਲੋ ਕੇ ਸ਼ਬਦ ਪੜ੍ਹਨ ਦਾ ਰਿਵਾਜ਼, ਖਲੋਕੇ ਕੀਰਤਨ ਕਰਨ ਦਾ ਰਿਵਾਜ਼, ਸ੍ਰੀ ਮਾਨ ਪਰਮ-ਪੂਜਯ ਸੰਤ ਭਗਤ ਸਿੰਘ ਜੀ ਦਾਤੇਵਾਲੀਏ ਨੇ ਪਾਇਆ। ਆਪ ਜੀ ਦਾ ਕੀਰਤਨ ਸੁਨਣ ਦਾ ਇਹਨਾਂ ਪੰਗਤੀਆਂ ਦੇ ਲੇਖਕ ਨੂੰ ਸੁਭਾਗ ਹਾਸਲ ਹੋਇਆ ਜਿਸ ਨੂੰ ਵਰਣਨ ਕਰਨਾ ਕੋਈ ਸੁਖੈਨ ਨਹੀਂ। ਕੌਣ ਨਹੀਂ ਜਾਣਦਾ ਕਿ ਜਿਸ ਨਿਮਾਣੀ ਨੂੰ ਗੁਰੂ ਹਰੀ ਸਿੰਘ ਜੀ ਦਾ ਸਰੀਰ ਸ਼ਾਂਤ ਹੋਇਆ ਆਪਨੇ ਅੱਠ ਪਹਿਰ, ਅਖੰਡ ਕੀਰਤਨ ਕਈ ਦਿਨ ਕੀਤਾ।ਆਪ ਨੂੰ ਸ ਰੀਰ ਦੀ ਕੋਈ ਸੁੱਧ ਨਹੀਂ

ਸੀ ਰਹਿੰਦੀ। ਬਦੇਹ ਹੋ ਜਾਂਦੇ ਸਨ। ਆਪ ਦੇ ਕੀਰਤਨ ਦੇ ਪ੍ਰਭਾਵ ਨਾਲ ਹਜ਼ਾਰਾਂ ਆਦਮੀ ਸਤਿਗੁਰਾਂ ਦੇ ਝੰਡੇ ਹੇਠ ਆਏ। ਆਪ ਵਖਿਆਨ ਅਸਲੋਂ ਹੀ ਘੱਟ ਕਰਦੇ ਜੇ ਕਰਦੇ ਤਾਂ ਖੰਡਨ ਮੰਡਨ ਘੱਟ ਅਤੇ ਯਥਾਰਥ ਸਾਰਾ ਹੀ।"[5]

ਸੰਤ ਜੀ ਦੀ ਸੰਗਤ ਵਿਚ ਕੀਰਤੀ ਫੈਲਣ ਦਾ ਮੁੱਢ, ਸਤਿਗੁਰੂ ਪਰਤਾਪ ਸਿੰਘ ਜੀ ਦੀ ਹਜ਼ੂਰੀ ਵਿਚ 45 ਚੱਕ (ਸਰਗੋਧਾ-ਪਾਕਿਸਤਾਨੀ ਪੰਜਾਬ) ਵਿਚ ਹੋਏ ਸਲਾਨਾ ਹੋਲੇ ਮਹੱਲੇ ਦੇ ਪੁਰਬ ਸਮੇਂ ਬੱਝਿਆ ਸੀ। ਇਹ ਹੋਲਾ 1910 ਈ. ਵਿਚ ਹੋਇਆ। ਨਾਮਧਾਰੀ ਪੰਥ ਤੇ ਅੰਗਰੇਜ਼ ਸਰਕਾਰ ਅਜੇ ਪੂਰੀ ਨਿਗਰਾਨੀ ਰੱਖ ਰਹੀ ਸੀ। ਵੈਸੇਵੀ ਇਹ ਹੋਲਾ ਉਸ ਸਮੇਂ ਹੋ ਰਿਹਾ ਸੀ ਜਦੋਂ ਪੱਛਮੀ ਪੰਜਾਬ ਦੀਆਂ ਨਵੀਂਆਂ ਆਬਾਦੀਆਂ ਨਹਿਰੀ ਕਾਲੋਨੀਆਂ ਵਿਚ ਕਿਸਾਨਾਂ ਤੇ ਵਧਾਏ ਆਬਿਆਨੇ ਕਾਰਨ ਅਸੰਤੋਖ ਵਧ ਰਿਹਾ ਸੀ। 'ਪਗੜੀ ਸੰਭਾਲ ਜੱਟਾ ਲਹਿਰ' ਦਾ ਹੀ ਇਹ ਨੇੜਲਾ ਸਮਾਂ ਸੀ ਜਦੋਂ, ਕੌਮੀ ਆਗੂ ਸ੍. ਅਜੀਤ ਸਿੰਘ (ਚਾਚਾ ਸ਼ਹੀਦ ਭਗਤ ਸਿੰਘ) ਅਤੇ ਲਾਲਾ ਲਾਜਪਤ ਰਾਇ, ਮਾਂਡਲੇ ਨਿਰਵਾਸਤ ਕੀਤੇ ਗਏ ਸਨ। ਇਸ ਹੋਲੇ ਦੀ ਨਿਗਰਾਨੀ ਵਾਸਤੇ ਕਿ ਕੂਕੇ ਕਿਤੇ ਬਾਗੀਆਨਾ ਪਰਚਾਰ ਤਾਂ ਨਹੀਂ ਕਰਦੇ, ਸਰਗੋਧਾ ਪੁਲੀਸ ਦੇ ਇਕ ਹਵਾਲਦਾਰ ਨੱਥਾ ਸਿੰਘ ਨੂੰ ਦਸ ਸਿਪਾਹੀ ਦੇ ਕੇ, ਤਾਇਨਾਤ ਕੀਤਾ ਗਿਆ। ਜਦੋਂ ਨਾਮਧਾਰੀ ਹੋਲੇ ਮਹੱਲੇ ਦੀ ਦਰਖ਼ਾਸਤ, ਐਸ. ਪੀ. ਸਰਗੋਧਾ ਪਾਸ ਪੇਸ਼ ਹੋਈ ਤਾਂ ਇਹੋ ਹਵਾਲਦਾਰ ਕੂਕਿਆਂ ਦੇ ਖਿਲਾਫ਼ ਰਾਇ ਰੱਖਦਾ ਸੀ ਜਦੋਂ ਕਿ ਨਿਹਾਲ ਚੰਦ, ਸਬ ਇੰਸਪੈਕਟਰ ਦੇ ਸ਼ਬਦਾਂ ਵਿਚ ਇਹ ਸਿੱਖਾਂ ਦਾ ਹੀ ਇਕ ਫਿਰਕਾ ਏ, ਪਰ ਹੈਨ ਬੜੇ ਸੂਧੇ ਸਾਦੇ। ਕੋਈ ਜੁਰਮ, ਕੋਈ ਉਪਾਧ ਇਹ ਕਰਨਾ ਹੀ ਨਹੀਂ ਜਾਣਦੇ। ਮਾਸ ਨਹੀਂ ਖਾਂਦੇ, ਸ਼ਰਾਬ ਨਹੀਂ ਪੀਂਦੇ, ਰੋਟੀ ਆਪਣੇ ਹੱਥ ਦੀ ਖਾਂਦੇ ਹਨ। ਦਿਨ ਦਾ ਬਹੁਤ ਸਾਰਾ ਹਿਸਾ ਖ਼ੁਦਾ ਦੀ ਯਾਦ ਵਿਚ ਹੀ ਗੁਜ਼ਾਰਦੇ ਹਨ। "ਇਸ ਤੇ ਨੱਥਾ ਸਿੰਘ ਕਹਿ ਉਠਦਾ ਹੈ—"ਢੋਲਕੀ ਨਾਲ ਸ਼ਬਦ ਗਾਂਦੇ ਹੋਏ ਦੀਵਾਨ ਵਿਚ ਕੰਜਰਾਂ ਵਾਂਗ ਨੱਚਦੇ ਹਨ।" ਜਦੋਂ ਐਸ. ਪੀ. ਪੁੱਛਦਾ ਹੈ ਕਿ ਕੀ ਕਦੇ ਇਹਨਾਂ ਗੋਰਮਿੰਟ ਨਾਲ ਵੀ ਟੱਕਰ ਲਈ ਸੀ ਤਾਂ ਨੱਥਾ ਸਿੰਘ ਫਿਰ ਕਹਿੰਦਾ ਹੈ ਕਿ ਸਰਕਾਰੀ ਮਾਲ ਦਾ ਬਾਈਕਾਟ, ਸਰਕਾਰੀ ਨੌਕਰੀ ਕਰਨ ਦੀ ਮਨਾਹੀ, ਸਰਕਾਰੀ ਕਚਹਿਰੀਆਂ ਦਾ ਬਾਈਕਾਟ—ਕੀ ਇਹ ਗੋਰਮਿੰਟ ਨਾਲ ਸਿੱਧੀ ਟੱਕਰ ਨਹੀਂ ਸੀ ? ਇਹ ਤੇ ਗੋਰਮਿੰਟ ਦੀ ਨਹਿਰ ਦਾ ਪਾਣੀ ਲੈਣਾ ਵੀ ਪਸੰਦ ਨਹੀਂ ਕਰਦੇ। ਪਤਾ ਨਹੀਂ ਇਹ ਲੋਕ ਏਥੇ ਬਾਰ ਵਿਚ ਕਿਵੇਂ ਆ ਗਏ ?" ਕੂਕਿਆਂ ਦੀ ਸਫਾਈ ਵਿਚ ਸਬ ਇੰਸਪੈਕਟਰ ਫਿਰ ਬੋਲਦਾ ਹੈ—"ਆਪਣੇ ਦੇਸ਼ ਨਾਲ, ਆਪਣੇ ਦੇਸ਼ ਦੀਆਂ ਚੀਜ਼ਾਂ ਨਾਲ ਖੱਦਰ ਨਾਲ ਇਹਨਾਂ ਦਾ ਖਾਸ ਪ੍ਰੇਮ ਹੈ। ਇਸ ਜੁਰਮ ਤੋਂ ਇਹ ਸ਼ੁਹਦੇ ਨਹੀਂ ਬਚ ਸਕਦੇ। ਇਸ ਤੋਂ ਬਿਨਾਂ ਪਿੱਛੇ ਦਾ ਤੇ ਮੈਨੂੰ ਪਤਾ ਨਹੀਂ, ਪਰ ਅੱਜ ਤੇ ਮੈਂ ਸਹੁੰ ਖਾ ਕੇ ਆਖ ਸਕਦਾ ਹਾਂ ਕਿ ਇਨ੍ਹਾਂ ਜਿਹੀ ਭਲੀ ਮਾਣਸ ਕੌਮ, ਪੰਜਾਬ ਵਿਚ ਕੋਈ ਨਹੀਂ। ਮੈਂ ਇਹਨਾਂ ਨੂੰ ਬੜਾ ਨੇੜਿਉਂ ਹੋ ਕੇ ਡਿਠਾ ਏ। ਜਦ ਮੈਂ ਨਾਰੋਵਾਲ ਸਾਂ ਤਦ ਮੇਰੇ ਕੋਲ ਇਹਨਾਂ ਦੇ ਇਕ ਆਗੂ ਸੰਤ ਭਗਤ ਸਿੰਘ ਜੀ ਦਾਤੇਵਾਲ ਆਇਆ ਕਰਦੇ ਸਨ, ਉਹ ਬੜੇ ਖ਼ੁਦਾ ਪ੍ਰਸਤ, ਸੂਫ਼ੀ ਤੇ ਆਲਮ ਹਨ।"

ਇਸ ਤੇ ਨੱਥਾ ਸਿੰਘ ਕਹਿੰਦਾ ਹੈ—"ਲਾਲਾ ਜੀ! ਤੁਹਾਨੂੰ ਉਹਨਾਂ ਦੇ ਹੱਥ ਨਹੀਂ ਲੱਗੇ, ਉਹੀ ਤੇ ਗੌਰਮਿੰਟ ਦੇ ਵੱਡੇ ਦੁਸ਼ਮਨ ਹਨ। ਉਹੀ ਤੇ ਹਨ ਜਿਹਨਾਂ ਕੂਕਿਆਂ ਵਿਚ ਫਿਰ ਨਵੀਂ ਰੂਹ ਫੂਕ ਦਿੱਤੀ ਏ। ਨਹੀਂ ਤੇ ਸਿੰਘ ਸਭਾ ਦੇ ਅਸਰ ਨੇ ਇਹਨਾਂ ਦੀ ਗਿਣਤੀ ਬਹੁਤ ਘਟਾ ਦੇਣੀ ਸੀ ਜੇ ਇਹ ਤੇ ਇਹਨਾਂ ਦੇ ਸਾਥੀ ਸੰਤ ਮੰਗਲ ਸਿੰਘ ਜੀ ਨਾਂ ਹੁੰਦੇ। ਇਹ ਜਿੱਥੇ ਵੀ ਜਾਂਦੇ ਹਨ, ਬਾਗੀਆਨਾਂ ਤਕਰੀਰਾਂ ਕਰਕੇ, ਲੋਕਾਂ ਨੂੰ ਭੜਕਾਂਦੇ ਹਨ ਅਤੇ ਸੈਕੜੇ ਨਵੇਂ ਕੂਕੇ ਬਣਾ ਦਿੰਦੇ ਹਨ।"

'ਤੇ ਨਥਾ ਸਿੰਘ ਅਗਲੇ ਦਿਨ ਜਦੋਂ ਪੁੱਜਦਾ ਹੈ ਹੋਲੇ ਵਿਚ, ਸੰਤ ਭਗਤ ਸਿੰਘ ਜੀ ਦਾ ਦੀਵਾਨ ਸਜਿਆ ਹੋਇਆ ਹੈ। ਸੰਤ ਜੀ ਸ਼ੇਖ ਫ਼ਰੀਦ ਦੇ ਇਸ ਸ਼ਬਦ 'ਤੇ ਆਧਾਰਿਤ ਦੀਵਾਨ ਲਾਇਆ ਹੈ—

ਦਿਲਹੁ ਮੁਹਬਤਿ ਜਿੰਨ੍ਹ ਸੇਈ ਸਚਿਆ ॥
ਜਿਨ੍ਹ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ ॥੧॥
ਰਤੇ ਇਸ਼ਕ ਖੁਦਾਇ, ਰੰਗ ਦੀਦਾਰ ਕੇ ॥
ਵਿਸਰਿਆ ਜਿਨ ਨਾਮੁ ਤੇ ਭੁਇ ਭਾਰੁ ਥੀਏ ॥੧॥ ਰਹਾਉ ॥
ਆਪਿ ਲੀਏ ਲੜਿ ਲਾਇ ਦਰਿ ਦਰਵੇਸ ਸੇ ॥
ਤਿਨ ਧੰਨੁ ਜਣੇਦੀ ਮਾਉ ਆਏ ਸਫਲੁ ਸੇ ॥੨॥
ਪਰਵਦਗਾਰ ਅਪਾਰ ਅਗਮ ਬੇਅੰਤ ਤੂ ॥
ਜਿਨਾ ਪਛਾਤਾ ਸਚੁ ਚੁੰਮਾ ਪੈਰ ਮੂੰ ॥੩॥
ਤੇਰੀ ਪਨਹ ਖੁਦਾਇ ਤੂੰ ਬਖਸੰਦਗੀ ॥
ਸੇਖ ਫਰੀਦੈ ਖੈਰੁ ਦੀਜੈ ਬੰਦਗੀ ॥(੪)॥੧

—ਰਾਗ ਆਸਾ

"ਸ਼ਬਦ ਦੀ ਚੋਟ ਨਾਂ ਬਰਦਾਸ਼ਤ ਕਰਦੇ ਹੋਏ, ਬਹੁਤ ਸਾਰੇ ਨਾਮਧਾਰੀ ਸੰਤ ਲੋਟ ਪੋਟ ਹੋਏ, ਮਸਤਾਨੇ ਹੋ ਕੇ ਨੱਚ ਰਹੇ ਹਨ। ਕਈ ਹਜ਼ਾਰ ਸੰਗਤਾਂ ਦੀ ਭੀੜ-ਭਾੜ ਏ।"

ਨੱਥਾ ਸਿੰਘ ਨਾਲ ਦੇ ਸਿਪਾਹੀਆਂ ਨੂੰ ਹਦਾਇਤ ਕਰਦਾ ਹੈ ਕਿ ਜੇ ਇਕ ਵੀ ਕੂਕਾ ਸਰਕਾਰ ਵਿਰੋਧੀ ਗੱਲ ਕਰੇ, ਤੁਰੰਤ ਗਰਿਫਤਾਰ ਕਰ ਲਉ। ਉਸ ਦੇ ਨਾਲ ਦਾ ਸਿਪਾਹੀ, ਗੁਲਾਮਨਬੀ ਉਸਨੂੰ ਕਹਿੰਦਾ ਹੈ ਕਿ ਇਥੇ ਤਾਂ ਖ਼ੁਦਾ ਦੀ ਯਾਦ ਅਤੇ ਉਸਦੀ ਇਬਾਦਤ ਬਿਨਾਂ, ਹੋਰ ਦੂਜੀ ਗੱਲ ਕੋਈ ਸੁਣੀ ਹੀ ਨਹੀਂ, ਮੈਂ ਤੇ ਕੱਲ੍ਹ ਸੰਤ ਭਗਤ ਸਿੰਘ ਦਾ ਦੀਵਾਨ ਅਤੇ ਉਹਨਾਂ ਦੀ ਅਵਾਜ਼ ਸੁਣ ਕੇ ਉਹਨਾਂ ਦਾ ਸ਼ੈਦਾਈ ਹੋ ਗਿਆ ਹਾਂ। ਅਜਿਹੇ ਖ਼ੁਦਾ ਰਸ਼ੀਦਾ ਬੰਦੇ ਮੈਂ ਬਹੁਤ ਘੱਟ ਡਿੱਠੇ ਹਨ।"

ਸੰਤਾਂ ਦੇ ਦੀਵਾਨ ਵਿਚ ਜਾ ਕੇ ਨੱਥਾ ਸਿੰਘ ਕਹਿੰਦਾ ਹੈ—"ਉਇ ਕੂਕਿਓ ਕਿਉਂ ਕੰਜਰਾਂ ਵਾਂਗ ਨੱਚਦੇ ਜੇ ?" ਜਿਸ ਤੇ ਸੰਤ ਭਗਤ ਸਿੰਘ ਬੜੀ ਧੀਰਜ ਅਤੇ ਸ਼ਾਂਤੀ ਨਾਲ ਆਖਦੇ ਹਨ—"ਹੌਲਦਾਰ ਜੀ ਤੁਸੀਂ ਕੱਲ੍ਹ ਵੀ ਭਰੇ ਦੀਵਾਨ ਵਿਚ ਇਹੀ ਸ਼ਬਦ ਆਖੇ ਸਨ। ਪਰ ਸਾਧ ਸੰਗਤ ਨੇ ਸ਼ਾਂਤੀ ਨਾਲ ਸਰਵਣ ਕੀਤੇ ਸਨ। ਅੱਜ ਫਿਰ ਤੁਸੀਂ ਉਹੋ ਕੁਝ ਕਹਿ ਰਹੇ ਹੋ। ਮੰਨਿਆ, ਤੁਸੀਂ ਅਫਸਰ ਹੋ ਪਰ ਇਹ ਗੱਲਾਂ ਚੰਗੀਆਂ ਨਹੀਂ।"

ਸੰਤ ਉਸ ਨੂੰ ਨਾਮ ਦੀ ਮਸਤੀ ਦਾ ਰਾਜ਼ ਸਮਝਾਉਂਦੇ ਹਨ। ਗੱਲਾਂ-ਗੱਲਾਂ ਵਿਚ ਉਹ ਵੀ ਨਾਮ ਲੈਣ ਦੀ ਹਾਂ ਕਰ ਦਿੰਦਾ ਹੈ। ਤੇ ਜਦੋਂ ਸੰਤ ਜੀ ਉਸਦੇ ਕੰਨ ਵਿਚ ਚੌਅੱਖਰਾ ਮੰਤਰ ਪਾਉਂਦੇ ਹਨ, ਉਹ ਇਕਦਮ ਮਸਤਾਨਾ ਹੋ ਜਾਂਦਾ ਹੈ। ਵਰਦੀ ਪਾੜ੍ਹ ਸੁੱਟਦਾ ਹੈ। ਮੂੰਹ ਵਿਚ ਛਿੱਤਰ ਲਿਆ ਹੋਇਆ। ਵਾਲ ਖੁੱਲ੍ਹੇ ਹਨ। ਨਾਲ ਦੇ ਸਾਥੀ ਸਿਪਾਹੀ ਉਸੇ ਹਾਲਤ ਵਿਚ ਡੇਰੇ ਨੂੰ ਫੜਕੇ ਲੈ ਜਾਂਦੇ ਹਨ। ਸੰਤ ਭਗਤ ਸਿੰਘ ਜੀ ਆਪਣੇ ਉਸੇ ਰੰਗ ਵਿਚ ਫਿਰ ਪੜ੍ਹਦੇ ਹਨ—"ਸ਼ੇਖ ਫਰੀਦੈ ਨੂੰ, ਖੈਰ ਬੰਦਗੀ ਦਾ ਦੀਜੈ।"[6] ਇਹ ਨੱਥਾ ਸਿੰਘ ਆਪਣਾ ਬਾਕੀ ਜੀਵਨ ਕੂਕਿਆਂ ਦੀ ਸੰਗਤ ਵਿਚ ਹੀ ਗੁਜ਼ਰਦਾ ਹੈ।

45 ਚੱਕ ਸਰਗੋਧੇ ਦਾ ਹੋਲਾ ਸੰਤ ਮੂਲਾ ਸਿੰਘ ਜੀ ਤੇ ਕਿਸ਼ਨ ਸਿੰਘ ਜੀ ਦੀ ਅਰਜ਼ ਤੇ ਮਿਲਿਆ ਸੀ। ਹੋਲਾ 45 ਚੱਕ ਸਰਗੋਧੇ ਜ਼ਿਲ੍ਹੇ ਵਿਚ ਚੋਖੇ ਚਿਰ ਪਿੱਛੋਂ ਸਾਰੇ ਨਾਮਧਾਰੀ ਪੰਥ ਦਾ ਬੜੇ ਚਾਅ ਤੇ ਮਲ੍ਹਾਰ ਭਰਿਆ ਹੋਇਆ। ਨਵੀਂ ਅਬਾਦੀ, ਨਵੀਂ ਸੰਗਤ ਦੀ ਗਹਿਮਾ-ਗਹਿਮੀ ਮੇਲਾ,.... ਸਾਰੇ ਜ਼ਿਲ੍ਹੇ ਦੀ ਸੰਗਤ ਰਲ ਸੇਵਾ ਕੀਤੀ।

ਸੰਤ ਭਗਤ ਸਿੰਘ ਜੀ ਗੱਜ ਵੱਜ ਕੇ ਪੜ੍ਹਦੇ ਸੀ—

"ਦਿਨ ਤੇ ਰਹਿ ਗਏ ਥੋਹੜੇ, ਹੁਣ ਕੀ ਵੇਖਨੈ। ਸਤਿਗੁਰ ਪਾ ਲੈ ਮੋੜੇ, ਹੁਣ ਕੀ ਵੇਖਨੈਂ।"[7]

ਸਤਿਗੁਰੂ ਪਰਤਾਪ ਸਿੰਘ ਜੀ ਦੇ ਸਮੇਂ ਇਹ ਸਾਰੇ ਹੋਲੇ ਮਹੱਲੇ ਇਕ ਤੋਂ ਇਕ ਚੜ੍ਹਦੇ ਹੋਏ ਸ਼ੁਰੂ ਹੋਏ। ਪਰ ਇਕ ਘਾਟ ਸਾਰੀ ਸੰਗਤ ਮਹਿਸੂਸ ਕਰਦੀ ਸੀ। ਉਹ ਇਹ ਸੀ ਕਿ ਸਤਿਗੁਰੂ ਜੀ ਆਈ ਸੰਗਤ, ਸਿੱਖਾਂ ਸਾਧਾਂ ਵੱਲ, ਨਿਗਾਹ ਭਰ ਕੇ ਵੇਖਣ ਤੇ ਕੁੱਝ ਬਚਨ ਬਿਲਾਸ ਵੀ ਕਰਨ। ਸੰਤ ਭਗਤ ਸਿੰਘ ਜੀ, ਮੰਗਲ ਸਿੰਘ ਅਤੇ ਲਾਲ ਸਿੰਘ ਭੂਰੇ ਗਿਲੀਏ ਇਸ ਪ੍ਰਥਾਇ ਪਹਿਲਾਂ ਮਾਤਾ ਜੀਵਨ ਕੌਰ ਅਤੇ ਫਿਰ ਸਤਿਗੁਰੂ ਜੀ ਨੂੰ ਅਰਜ਼ ਕੀਤੀ। ਸਤਿਗੁਰੂ ਜੀ ਦਾ ਕਹਿਣਾ ਸੀ ਕਿ ਉਮਰ ਵਿਚ ਵੱਡੇ ਸਾਧੂ ਜਦੋਂ ਮੈਨੂੰ ਨਿਉਂਦੇ ਹਨ ਤਾਂ ਸੰਗ ਲੱਗਦੀ ਹੈ। ਮੈਂ ਇਹ ਸਮਾਂ ਹਾਸੇ ਠੱਠੇ ਬਚਨ ਬਿਲਾਸ ਦੀ ਬਜਾਇ ਬੰਦਗੀ ਵਿਚ ਲਾਉਣਾ ਚਾਹੁੰਦਾ ਹਾਂ। ਇਸ ਤੇ ਸੰਤ ਭਗਤ ਸਿੰਘ ਜੀ ਨੇ ਫਿਰ ਬੇਨਤੀ ਕੀਤੀ ਕਿ ਆਏ ਸਿਖ ਦਾ ਚਾਅ ਆਪ ਦੇ ਉਸ ਵੱਲ ਪ੍ਰੇਮ ਨਾਲ ਤੱਕਿਆਂ ਤੇ ਇਕ ਅੱਧ ਬੋਲ ਸਾਂਝਾ ਕਰਨ ਨਾਲ ਹੀ ਪੂਰਾ ਹੁੰਦਾ ਹੈ। ਇਸ ਤੇ ਮਾਤਾ ਜੀਵਨ ਕੌਰ ਜੀ ਨੇ ਵੀ ਕਿਹਾ ਕਿ ਸਾਡਾ ਤਾਂ ਪਰਿਵਾਰ ਹੀ ਸਾਧ ਸੰਗਤ ਹੈ। ਸਤਿਗੁਰੂ ਜੀ ਨੇ ਸੰਗਤ ਦੀ ਇੱਛਾ ਦਾ ਅਦਬ ਕਰਦਿਆਂ ਅੱਗੇ ਤੋਂ ਸਭ ਨੂੰ ਇਵੇਂ ਹੀ ਨਿਵਾਜਣਾ ਅਰੰਭਿਆ।[8]

ਪਹਿਲੇ ਸੰਸਾਰ ਜੰਗ ਦੇ ਸਮੇਂ (1914-18) ਨਾਮਧਾਰੀ ਮਸਤਾਨਿਆਂ ਨੂੰ ਫਿਰ ਸਤਿਗੁਰੂ ਰਾਮ ਸਿੰਘ ਜੀ ਦੇ ਭਾਣੇ ਬਾਬਤ ਕੀਤੇ ਬਚਨ ਯਾਦ ਆਉਂਦੇ। ਇਸ ਸਮੇਂ, ਨਾਮਧਾਰੀ ਪੰਥ ਦਾ ਪਰਚਾਰ ਕਰਨ ਦੇ ਸ਼ੌਕ ਵਾਲੇ ਜਥੇ ਜੋ ਫਿਰਦੇ ਸੀ, ਦੂਰ ਨੇੜੇ ਸੰਤ ਸੁੰਦਰ ਸਿੰਘ ਜੀ ਪੂੰਗਾਂ ਵਾਲੇ, ਸੰਤ ਭਗਤ ਸਿੰਘ ਜੀ ਦਾਤੇਵਾਲ, ਸੰਤ ਮੰਗਲ ਸਿੰਘ ਜੀ ਫਤੂਹੀ ਚੱਕ, ਸੰਤ ਨੱਥਾ ਸਿੰਘ ਜੀ, ਪਤੰਗ ਬੁੱਜਿਆਂ ਵਾਲੀ, ਸੰਤ ਆਲਾ ਸਿੰਘ ਜੀ ਵਰਨ, ਸੰਤ ਬੰਤਾ ਸਿੰਘ ਜੀ ਜਰਮੀਆਂ, ਸੰਤ ਅਤਰ ਸਿੰਘ ਜੀ ਸੰਬੜਿਆਲ, ਪੰਡਿਤ

ਬਸੰਤ ਸਿੰਘ ਜੀ ਪਧਾਣਾ, ਆਦਿ ਰਾਮ ਵਿਜੋਗੀ ਹੋ ਘਰੋਂ ਨਿਕਲੇ ਸੀ, ਦੇਸ ਵਿਚ ਦੌਰਾ ਕਰ ਆਪਣੇ ਸਤਿਗੁਰੂ ਜੀ ਦੇ ਨਾਮ ਦਾ ਪਰਚਾਰ ਕਰਦੇ ਸੀ।[9]

"ਸੰਤ ਭਗਤ ਸਿੰਘ ਜੀ ਦਾਤੇਵਾਲੀਏ! ਗੁਰੂ ਹਰੀ ਸਿੰਘ ਜੀ ਦੇ ਸਾਹਵ੍ਹੇ ਮਸਤ ਹੋਇਆਂ ਆਪਣੇ ਨਗਰ ਹੀ ਦੀਵਾਨ ਲਾਇਆ ਸੀ। ਬੜਾ ਰਸ ਬਣਿਆ ਸੀ। ਨਗਰ ਦੇ ਸਿੱਖਾਂ ਗੁਰੂ ਜੀ ਪਾਸ ਬਚਨ ਕੀਤਾ, ਜਦ ਦਾ ਇਹ ਭਗਤ ਸਿੰਘ, ਸਿਖ ਸਜ ਸ਼ਬਦ ਪੜ੍ਹਨ ਲੱਗਾ ਹੈ, ਪਿੰਡ ਦੇ ਬ੍ਰਹਿਮਣ ਕੁਝ ਢਿੱਲੇ ਹੋਏ ਹਨ, ਨਹੀਂ ਤੇ ਤੰਗ ਹੀ ਕਰਦੇ ਸੀ। ਗੁਰੂ ਜੀ ਬਚਨ ਕੀਤਾ ਸੀ—ਇੱਥੋਂ ਦੇ ਬ੍ਰਹਿਮਣ ਕੀ ਇਹਦੇ ਸਾਹਵੇਂ ਤਾਂ ਕਾਸ਼ੀ ਦੇ ਪੰਡਿਤ ਭੀ ਨਾ ਕੁਸਕਣਗੇ।

"ਸੰਤ ਜੀ ਬੜੇ ਹਾਜ਼ਰ ਜਵਾਬੀ ਸੀ। ਸਿੰਘ-ਸਭੀਆਂ ਨੂੰ ਬੜੀ ਛੇਤੀ ਨਿਰੁੱਤਰ ਕਰਦੇ ਸੀ। ਸ਼ਬਦ ਖਲੋ ਕੇ ਗੱਜਵਾਂ ਪੜ੍ਹਨਾ ਤੇ ਪਰਚਾਰ ਖੜੋ ਕੇ ਕਰਨਾ, ਕੂਕਿਆਂ ਵਿਚ ਇਹਨਾਂ ਤੋਂ ਟੁਰਿਆ ਹੈ। ਇਹ ਆਮ ਪੜ੍ਹਿਆ ਕਰਦੇ ਸੀ—'ਭੱਜੇ ਜਾਣ ਫਰੰਗੀ ਵੱਜੇ ਘੁੰਗਰੂ।' 'ਕਾਬਲ ਰੋਂਦੀ ਏ ਮੁਗਲਾਣੀ ਕਾਬਲ ਰੋਂਦੀ ਏ।' ਫ਼ਾਰਸੀ, ਉਰਦੂ, ਗੁਰਮੁੱਖੀ ਬਹੁਤ ਤਿੱਖੀ ਤੇ ਵਧੀਆ ਬੋਲਦੇ ਸੀ। ਅੰਗਰੇਜ਼ ਵੱਲੋਂ ਇਹਨਾਂ ਦੇ ਹਰ ਦੀਵਾਨ ਵਿਚ ਸਿਪਾਹੀ ਆਉਂਦੇ ਸੀ।"[10]

ਉੱਪਰ ਵਰਣਿਤ ਹਵਾਲਦਾਰ ਨੱਥਾ ਸਿੰਘ ਦੇ ਕੂਕਾ ਬਣਨ ਦੀ ਸਾਖੀ ਜਿਹੀ ਸਾਖੀ ਵਹਿਮੀ ਜੀ ਨੇ ਜੱਸ ਜੀਵਨ ਵਿਚ ਮਾਛੀ ਕੇ ਜ਼ਿਲ੍ਹਾ ਸ਼ੇਖੂਪੁਰਾ ਵਿਚ ਘਟਿਤ ਹੋਈ ਵੀ ਲਿਖੀ ਹੈ।[11]

ਉੱਪਰਲੇ ਪਰਸੰਗ ਦੇ ਨਾਲ ਹੀ ਵਹਿਮੀ ਜੀ ਲਿਖਦੇ ਹਨ ਕਿ ਇਕ ਸਿਪਾਹੀ ਦੀਵਾਨ ਸਿੰਘ ਨੇ ਗੁਜਰਾਂਵਾਲੇ ਸਟੇਸ਼ਨ ਦੇ ਨੇੜੇ ਇਕ ਵੇਰ ਸੰਤ ਜੀ ਨਾਲ ਟੋਕਾ ਟਾਕੀ ਕੀਤੀ। ਸੰਤ ਜੀ ਨੇ ਉਸਨੂੰ ਇਹ ਕਹਿੰਦਿਆਂ ਇਕ ਥੱਪੜ ਜੜਿਆ ਕਿ ਬਿੱਲਿਆਂ ਦੇ ਕਹੇ ਤੋਂ ਸਿੱਖਾਂ ਨੂੰ ਰੋਕਦੈਂ। ਉਹ ਚਪੇੜ ਖਾ ਕੇ ਕਹਿੰਦਾ ਕਿ ਐਸੀ ਨਿਰਭੈਤਾ ਮੈਨੂੰ ਵੀ ਬਖਸ਼ੋ। ਸੰਤ ਜੀ ਉਸਦੇ ਕੰਨ ਵਿਚ ਭਜਨ ਦੱਸਿਆ ਤੇ ਗੁਰਦੁਆਰੇ ਆ ਗਏ। ਉਹ ਮਸਤ ਹੋ ਗਿਆ, ਪੇਟੀ ਸੁੱਟ ਦਿੱਤੀ ਤੇ ਸੰਤਾਂ ਬਾਰੇ ਪੁੱਛਦਾ ਗੁਰਦੁਆਰੇ ਆ ਕੇ ਕਹਿਣ ਲੱਗਾ—ਹੁਣ ਆਪਦਾ ਕੀ ਹੁਕਮ ਹੈ? ਆਪਨੇ ਕਿਹਾ—"ਨਾਮ ਜਪੋ ਤੇ ਧਰਮ ਦੀ ਕਿਰਤ ਕਰੋ। ਵੰਡ ਕੇ ਛਕੋ।" ਇਹ ਕੰਗ (ਸਿਆਲਕੋਟ) ਦਾ ਦੀਵਾਨ ਸਿੰਘ ਫਿਰ ਸਾਰੀ ਉਮਰ ਮਸਤਾਨੀ ਬਿਰਤੀ ਵਿਚ ਹੀ ਰਿਹਾ।[12]

ਪਹਿਲੀ ਸੰਸਾਰ ਜੰਗ ਸਮੇਂ, ਮਹਾਤਮਾ ਗਾਂਧੀ ਵੀ ਇਸ ਭੁਲੇਖੇ ਤਹਿਤ, ਅੰਗਰੇਜ਼ ਸਰਕਾਰ ਲਈ ਜੰਗੀ ਭਰਤੀ ਦੀ ਮੁਹਿੰਮ ਚਲਾ ਰਹੇ ਸਨ ਕਿ ਜੰਗ ਜਿੱਤ ਕੇ ਸਾਨੂੰ ਆਜ਼ਾਦ ਕਰ ਦੇਣਗੇ, ਨਾਮਧਾਰੀ ਪਰਚਾਰਕ ਭਗਤ ਸਿੰਘ ਅਤੇ ਮੰਗਲ ਸਿੰਘ ਜੀ ਗੱਜ ਵੱਜ ਕੇ ਜੰਗੀ ਭਰਤੀ ਦਾ ਵਿਰੋਧ ਕਰਦੇ ਸਨ ਅਤੇ ਨਾਮਧਾਰੀਆਂ ਬਾਬਤ ਸਰਕਾਰੀ ਲਿਖਤ ਦੇ ਹਵਾਲੇ ਨਾਲ ਦੱਸਦੇ ਸਨ ਕਿ ਅੰਗਰੇਜ਼ਾਂ ਨੇ ਮੰਨਿਆ ਹੈ ਕੂਕਾ ਝੂਠ ਨਹੀਂ ਬੋਲਦਾ, ਸ਼ਰਾਬ ਨਹੀਂ ਪੀਂਦਾ ਅਤੇ ਉਹ ਅੰਗਰੇਜ਼ੀ ਰਾਜ ਦਾ ਵਫ਼ਾਦਾਰ ਨਹੀਂ ਹੋ ਸਕਦਾ। ਜਬਰਨ ਭਰਤੀ ਤੋਂ ਬਚਾਉਣ ਲਈ ਅਨੇਕ ਲੋਕਾਂ ਨੂੰ ਸੰਤ ਭਗਤ ਸਿੰਘ ਹੋਰਾਂ ਨਾਮ

ਦਾਨ ਦਿੱਤਾ। ਨਾਮਧਾਰੀ ਬਾਣਾ ਵੇਖ ਕੇ ਭਰਤੀ ਅਫਸਰ ਦੂਰੋਂ ਹੀ ਸਿਰ ਫੇਰ ਦਿੰਦੇ ਸਨ ਕਿ ਕੂਕੇ ਨੂੰ ਸਰਕਾਰੀ ਨੌਕਰੀ ਵਿਚ ਨਹੀਂ ਰੱਖਿਆ ਜਾ ਸਕਦਾ।

ਸੰਤ ਭਗਤ ਸਿੰਘ ਜੀ ਤੋਂ ਵਰੋਸਾਏ ਅਨੇਕ ਨਾਮਧਾਰੀ ਬੜੇ ਅਸਚਰਜ ਸਾਧੂ ਹੋ ਨਿਭੇ। ਅਜਿਹਾ ਇਕ ਸਿੱਖ, ਸਾਦੂ-ਗੁਰਾਏ ਦਾ ਫਤੇਹ ਸਿੰਘ ਸੀ ਜੋ ਨਾਨਕੀ ਢੇਰੀ ਤੇ ਮਾਛੀ ਕੇ (ਸ਼ੇਖ਼ੂਪੁਰੇ) ਆ ਰਿਹਾ ਸੀ। ਇਸ ਦੇ ਖੇਤ, ਘਰ, ਰੇਲਵੇ ਸਟੇਸ਼ਨ ਦੇ ਨੇੜੇ ਸਨ। ਸਟੇਸ਼ਨ ਮਾਸਟਰ ਦੇ ਪਸ਼ੂਆਂ ਲਈ ਇਸ ਸ਼ਰਤ ਤੇ ਪੱਠੇ ਬੀਜ ਛੱਡਦਾ ਕਿ ਉਹ ਕਿਸੇ ਬਿਹੰਗਮ ਸਾਧੂ ਤੋਂ ਟਿਕਟ ਨਹੀਂ ਪੁੱਛੇਗਾ। ਉਂਜ ਉਹ ਘਰ ਆਏ ਸਿੱਖ ਨੂੰ ਇਹ ਹਦਾਇਤ ਵੀ ਕਰਦੇ ਕਿ ਗੁਰੂ ਕਾ ਸਿੱਖ ਕਿਸੇ ਦਾ ਦੇਣਦਾਰ ਨਾਂ ਹੋਵੇ। ਟਿਕਟ ਜ਼ਰੂਰ ਲਉ। ਘਰ ਵਿਚ ਆਟਾ ਦਾਲ, ਗੁੜ, ਖੰਡ, ਬਦਾਮ ਆਦਿ ਜਮ੍ਹਾਂ ਰੱਖਦਾ। ਘਰ ਦੀ ਚਾਬੀ ਆਲੇ ਵਿਚ ਇੱਟ ਥੱਲੇ ਰੱਖ ਛੱਡਦਾ। ਆਪ ਦਿਨੇ ਕਾਰ ਵਿਹਾਰ ਵਿਚ ਰੁੱਝਿਆ ਰਹਿੰਦਾ। ਸਿੱਖ ਆਪੇ ਆਉਂਦੇ, ਬੂਹਾ ਖੋਲ੍ਹਦੇ, ਲੋੜ ਮੁਤਾਬਿਕ ਜਲ ਪਰਸ਼ਾਦ ਪਾਣੀ ਛਕਦੇ, ਵਿਸ਼ਰਾਮ ਕਰਦੇ ਤੇ ਚਲੇ ਜਾਂਦੇ। ਜੋ ਜਿੰਦਰਾ ਵੇਖ ਕੇ ਟੁਰ ਜਾਂਦਾ ਉਸਨੂੰ ਭੱਜ ਕੇ ਘਰ ਲਿਆਉਂਦਾ। ਜਿਹੜਾ ਕੋਈ ਜਿੰਦਰਾ ਤੋੜ ਕੇ ਅੰਦਰ ਆਉਂਦਾ ਉਸ ਨੂੰ ਕਹਿੰਦਾ, "ਤੂੰ ਅਸਲ ਸੱਜਣਾਂ ਵਾਲੀ ਕੀਤੀ ਹੈ, ਆਪਣਾ ਘਰ ਜਾਣਿਆ ਈ।" ਇਹ ਬਿਹੰਗਮ ਸਾਧ ਸੀ। ਬਹੁਤ ਸਾਦਗੀ ਵਿਚ ਕਛਹਿਰੇ ਪਰਨੇ ਵਿਚ ਹੀ ਵਿਚਰਦਾ ਸੀ। ਸੇਵਾ ਵੱਲੋਂ ਫ਼ਰਕ ਨਹੀਂ ਆਉਣ ਦਿੰਦਾ ਸੀ। ਜੇ ਕੋਈ ਪਿੱਛਲੇ ਪਿੰਡ ਸਾਦੂ ਗੁਰਾਏ ਜਾਣ ਬਾਰੇ ਕਹਿੰਦਾ ਤਾਂ ਜੁਆਬ ਦਿੰਦਾ ਕਿ ਇਹੋ ਜਿਹੀ ਸੰਗਤ ਦੀ ਸੇਵਾ, ਸਟੇਸ਼ਨ ਕੋਲ ਘਰ ਹੋਣ ਕਰਕੇ ਪਾਸੇ ਨਹੀਂ ਲੁੱਟੀ ਜਾ ਸਕਦੀ।[13]

1921 ਈ. ਦਾ ਹੋਲਾ ਮਹੱਲਾ ਸਤਿਗੁਰੂ ਪਰਤਾਪ ਸਿੰਘ ਜੀ ਨੇ ਮੁਕਤਸਰ ਸਾਹਿਬ ਵਿਖੇ ਮਨਾਇਆ ਸੀ। ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਤੋਂ ਨਾਮਧਾਰੀ ਪੰਥ ਵਿਚ ਸੂਬਾ ਪਰਣਾਲੀ ਚੱਲੀ ਆ ਰਹੀ ਸੀ। ਸੂਬੇ ਸੰਗਤ ਅਤੇ ਸਤਿਗੁਰੂ ਜੀ ਵਿਚਾਲੇ ਇਕ ਕੜੀ ਦਾ ਕੰਮ ਕਰਦੇ ਸਨ। ਆਪਣੇ ਵੱਖ-ਵੱਖ ਇਲਾਕਿਆਂ ਵਿਚ ਗੁਰਮਤਿ ਪਰਚਾਰ, ਸਤਿਗੁਰੂ ਜੀ ਦੇ ਦੀਵਾਨਾਂ, ਦੌਰਿਆਂ, ਮੇਲਿਆਂ ਦਾ ਪ੍ਰੋਗਰਾਮ ਉਲੀਕਣਾ ਉਹਨਾਂ ਦੇ ਜ਼ਿੰਮੇ ਸੀ। ਉਹ ਸਿੱਖਾਂ ਦੇ ਆਪਸੀ ਅਤੇ ਹੋਰਨਾਂ ਨਾਲ ਵਿਵਾਦਾਂ ਦਾ ਨਿਪਟਾਰਾ ਵੀ ਕਰਦੇ। ਗੁਰੂ ਹਰੀ ਸਿੰਘ ਜੀ ਨੇ ਵੀ ਆਪਣੇ ਸਮੇਂ ਵਿਚ ਅਨੇਕ ਨਵੇਂ ਸੂਬੇ ਥਾਪੇ ਸਨ। ਉਹ ਹੁਣ ਜ਼ਿਆਦਾ ਬਿਰਧ ਹੋ ਚੁੱਕੇ ਸਨ। ਕਈ ਚੜ੍ਹ ਗਏ ਸਨ। ਮੁਕਤਸਰ ਦੇ ਹੋਲੇ ਸਮੇਂ ਕੌਮੀ ਮੁਕਤੀ ਅੰਦੋਲਨ ਦੇ ਵੱਖ-ਵੱਖ, ਪੜਾਵਾਂ ਨਾਲ ਤਾਲ ਮੇਲ ਕਰਨ ਲਈ, ਨਾਮਧਾਰੀਆਂ ਦੀ ਅੰਗਰੇਜ਼ ਵਿਰੋਧੀ ਰਾਜਨੀਤੀ ਨੂੰ ਸਰਗਰਮ ਰੱਖਣ ਲਈ, ਸਤਿਗੁਰੂ ਜੀ ਨੇ ਨਾਮਧਾਰੀ ਦਰਬਾਰ ਦੀ ਸਥਾਪਨਾ ਕੀਤੀ ਅਤੇ ਸਾਰੇ ਪੰਜਾਬ ਵਾਸਤੇ ਅਤੇ ਪੰਜਾਬ ਤੋਂ ਬਾਹਰਲੇ ਇਲਾਕਿਆਂ ਲਈ, ਨਵੇਂ ਸਿਰੇ ਤੋਂ ਸੂਬਿਆਂ ਦੀ ਨਿਯੁਕਤੀ ਵੀ ਕੀਤੀ। ਨਾਮਧਾਰੀ ਦਰਬਾਰ ਦੇ ਮੁਖੀ ਮਹਾਰਾਜ ਗੁਰਦਿਆਲ ਸਿੰਘ ਜੀ ਥਾਪੇ ਗਏ ਅਤੇ ਇਸ ਦੇ 33 ਮੈਂਬਰਾਂ ਵਿਚੋਂ ਆਲਿਮ ਜੀ, ਅਰਸ਼ੀ ਫਰਿਸ਼ਤਾ ਜੀ ਅਤੇ ਚੱਕਰਵਰਤੀ ਜੀ ਆਦਿ ਸਮੇਤ, ਸੰਤ ਭਗਤ ਸਿੰਘ ਦਾਤੇਵਾਲ ਵੀ ਇਕ ਸਨ।[14]

ਇਸ ਤੋਂ ਪਹਿਲਾਂ 1915 ਈ. ਵਿਚ ਮਹਾਰਾਜ ਨਿਹਾਲ ਸਿੰਘ ਜੀ ਅਤੇ ਸਤਿਗੁਰੂ ਪਰਤਾਪ ਸਿੰਘ ਜੀ ਦੇ ਅਨੰਦ ਕਾਰਜਾਂ ਵਿਚ ਸ਼ਾਮਲ ਹੋਣ ਦਾ ਸੁਭਾਗ ਵੀ ਸੰਤ ਭਗਤ ਸਿੰਘ ਹੋਰਾਂ ਨੂੰ ਹੋਇਆ। ਦੋਹੀਂ ਥਾਈ ਆਪ ਨੇ ਦੀਵਾਨ ਸਜਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਮੁਕਤਸਰ ਦੇ ਹੋਲੇ ਸਮੇਂ ਹੀ ਸਮੂਹ ਨਾਮਧਾਰੀ ਜਥੇਦਾਰਾਂ, ਪਰਚਾਰਕਾਂ ਦੇ ਮੁਖੀ ਸੰਤ ਭਗਤ ਸਿੰਘ ਜੀ ਦਾਤੇਵਾਲੀਏ ਥਾਪੇ ਗਏ। ਪਰਚਾਰ ਦੇ ਮਾਮਲੇ ਵਿਚ ਕੋਈ ਸ਼ੰਕਾ, ਪੁੱਛ ਪੜਤਾਲ ਬਾਕੀ ਜਥੇਦਾਰ, ਇਹਨਾਂ ਤੋਂ ਨਵਿਰਤ ਕਰ ਸਕਦੇ ਸਨ। ਇਹ ਸੰਤ ਗਿਆਨ ਦਾ ਸਮੁੰਦਰ ਸਨ।[15] ਆਦਿ ਅਤੇ ਦਸਮ ਗ੍ਰੰਥ ਦੀ ਬਾਣੀ ਬਹੁਤ ਕੰਠ ਸੀ। ਕਈ ਵੇਰ ਦੀਵਾਨਾਂ ਵਿਚ ਤਿੰਨ ਰੰਗਾ ਚੋਲਾ ਪਾ ਕੇ ਜੰਗ ਭੰਗਾਣੀ ਦਾ ਪਰਸੰਗ, ਭਾਈ ਬੀਰ ਸਿੰਘ ਦਾ ਪੁਰਾਤਨ ਬਾਰਾਂਮਾਂਹ ਆਦਿ ਵਜਦ ਵਿਚ ਆ ਕੇ ਪੜ੍ਹਿਆ ਕਰਦੇ ਸਨ—"ਕੁਤਕ ਲੈਂਦੀ ਏ ਲੈਂਦੀ ਦਸਤ ਹੁਲਾਰੇ, ਕੁਤਕ ਲੈਂਦੀ ਏ।" ਦੇਹਧਾਰੀ ਗੁਰੂ ਦੀ ਲੋੜ ਦੇ ਸੁਆਲ ਤੇ ਸੰਤ ਜੀ ਗੁਰਬਾਣੀ ਪ੍ਰਮਾਣਾਂ ਦੀ ਝੜੀ ਲਾ ਦਿਆ ਕਰਦੇ ਸਨ।

1922 ਈ. ਦਾ ਹੋਲਾ ਮਹੱਲਾ ਸ੍ਰ. ਆਤਮਾ ਸਿੰਘ ਰਈਸ ਰਾਵਲਪਿੰਡੀ ਵੱਲੋਂ ਉਹਨਾਂ ਦੇ ਸ਼ਹਿਰ ਵਿਚ ਮਨਾਇਆ ਗਿਆ। ਇਸੇ ਹੋਲੇ ਸਮੇਂ ਇਕ ਸ਼ਾਮ ਦੇ ਦੀਵਾਨ ਵਿਚ ਅੰਗਰੇਜ਼ ਡਿਪਟੀ ਕਮਿਸ਼ਨਰ ਵੀ ਆਇਆ ਸੀ। ਸਤਿਗੂ ਜੀ ਨੇ ਸੰਤ ਭਗਤ ਸਿੰਘ ਜੀ ਦਾਤੇਵਾਲੀਏ ਨੂੰ ਕਿਹਾ, "ਅੱਜ ਸ਼ਾਮ ਦੇ ਦੀਵਾਨ ਵਿਚ ਡੀ. ਸੀ. ਗੋਰਾ ਆ ਰਿਹਾ ਹੈ। ਥੋੜ੍ਹਾ ਜਿਹਾ ਧਿਆਨ ਰੱਖ ਲਿਆ ਜੇ।" ਪਰ ਜਿਉਂ ਹੀ ਡੀ. ਸੀ. ਤੇ ਉਹਦਾ ਅਮਲਾ ਫੈਲਾ ਦੀਵਾਨ ਵਿਚ ਦਾਖਲ ਹੋਏ, ਸੰਤਾਂ ਭਗਤ ਸਿੰਘ ਹੋਰਾਂ ਤੇ ਅਗੰਮੀ ਮਸਤੀ ਦਾ ਆਲਮ ਤਾਰੀ ਹੋ ਗਿਆ ਤੇ ਉਹਨਾਂ ਸ਼ਬਦ ਦੀ ਧਾਰਨਾ ਚੁੱਕ ਲਈ—

"ਭੱਜੇ ਜਾਣ ਫਰੰਗੀ ਵੱਜੇ ਘੁੰਗਰੂ......
ਦਿਨ ਤਾਂ ਰਹਿ ਗਏ ਥੋੜ੍ਹੇ, ਹੁਣ ਕੀ ਵੇਖਨੈ ?"

"ਕੂਕੇ ਉਸ ਮਿੱਟੀ ਦੇ ਨਹੀਂ ਬਣੇ ਸਨ, ਜਿਹੜੇ ਗੋਰਾਸ਼ਾਹੀ ਦੀ ਫੌਜ ਜਾਂ ਪੁਲੀਸ ਵੇਖ ਕੇ ਡਰ ਜਾਂਦੇ। ਇਹਨਾਂ ਦਾ ਜੋਸ਼ ਸਗੋਂ ਅੰਗਰੇਜ਼ਾਂ ਨੂੰ ਵੇਖਕੇ ਦੂਣ ਸਵਾਇਆ ਹੁੰਦਾ ਸੀ। ਜਿਹਨਾਂ ਦੀ ਜ਼ਾਲਮ ਸਰਕਾਰ ਨੇ ਸਿੰਘ ਸ਼ਹਬੀਦ ਕੀਤੇ ਅਤੇ ਸਤਿਗੁਰੂ ਜੀ ਨੂੰ ਪ੍ਰਦੇਸ ਭੇਜਿਆ ਸੀ। ਨਾ ਹੀ ਕੂਕੇ ਉਹਨਾਂ 'ਸਰਕਾਰ ਭਗਤ' ਸਿੱਖਾਂ ਵਿਚੋਂ ਸਨ ਜਿਹੜੇ ਦੋਵੇਂ ਵੇਲੇ ਗੁਰੁਦਆਰਿਆਂ ਵਿਚ ਅਰਦਾਸੇ ਤੋਂ ਬਾਅਦ "ਜੁਗ ਜੁਗ ਰਾਜ ਸਵਾਇਆ, ਟੋਪੀ ਵਾਲੇ ਦਾ" ਦੀ ਧਾਰਨਾ ਪੜ੍ਹਿਆ ਕਰਦੇ ਸਨ।[16]

ਸੰਤ ਭਗਤ ਸਿੰਘ ਜੀ ਦੇ ਤਿੰਨ ਭਰਾ ਹੋਰ ਸਨ, ਸ਼ੇਰ ਸਿੰਘ, ਗੰਗਾ ਸਿੰਘ ਤੇ ਜੱਸਾ ਸਿੰਘ।[17] ਸੰਤ ਭਗਤ ਸਿੰਘ ਜੀ ਦਾ ਅਨੰਦ ਕਾਰਜ ਸੰਭੜਿਆਲ ਦੀ ਬੀਬੀ ਹਰਨਾਮ ਕੌਰ ਨਾਲ ਹੋਇਆ ਸੀ। ਇਹ ਬੀਬੀ ਜੀ ਇਕੋ ਪੁੱਤਰ ਰਣਜੀਤ ਸਿੰਘ ਨੂੰ ਜਨਮ ਦੇ ਕੇ ਅਕਾਲ ਚਲਾਣਾ ਕਰ ਗਈ ਸੀ। ਸੰਤ ਜੀ ਨੇ ਦੁਬਾਰਾ ਵਿਆਹ ਦਾ ਫੁਰਨਾ ਨਹੀਂ ਕੀਤਾ ਅਤੇ ਰਹਿੰਦੀ ਆਯੂ ਜਤ ਸਤ ਵਿਚ ਬਤੀਤ ਕੀਤੀ। "ਆਪ ਬੜੇ ਖ਼ੂਬਸੂਰਤ ਨੌਜਵਾਨ ਸਨ। ਜਦ ਦੀਵਾਨ ਲਾਂਦੇ ਤਾਂ ਆਪ ਦਾ ਤੇਜ਼ ਹੋਰ ਵੀ ਚਮਕ ਉੱਠਦਾ। ਇਕ ਵਾਰੀ ਦੀ ਗੱਲ ਹੈ ਕਿ ਇਕ ਬੀਬੀ ਆਪ ਜੀ ਤੇ ਆਸ਼ਕਤ ਹੋ ਗਈ। ਕਈ ਹਜ਼ਾਰ ਨਗਦੀ ਤੇ

ਗਹਿਣਾ ਲੈ ਕੇ ਅਪਦੇ ਪਾਸ ਰਾਤ ਨੂੰ ਪੁੱਜੀ ਅਤੇ ਕਿਹਾ—'ਮੈਂ ਵਿਧਵਾ ਹਾਂ, ਮੇਰਾ ਕੋਈ ਵਾਲੀ ਵਾਰਿਸ ਨਹੀਂ, ਮੇਰੀ ਜਾਇਦਾਦ ਦਾ ਕੋਈ ਨੇੜਿਉਂ ਹੱਕਦਾਰ ਨਹੀਂ। ਇਸ ਲਈ ਮੈਂ ਇਹ ਮਾਇਆ ਲੈ ਕੇ ਤੁਹਾਡੇ ਚਰਨਾਂ ਵਿਚ ਹਾਜ਼ਰ ਹੋਈ ਹਾਂ। ਸਾਡੀ ਤੁਹਾਡੀ ਜ਼ਿੰਦਗੀ ਵਾਸਤੇ ਇਹ ਮਾਇਆ ਕਾਫੀ ਏ, ਇਸ ਨੂੰ ਅਪਣਾਉਂਦੇ ਹੋਏ ਅੰਗੀਕਾਰ ਕਰੋ ਤੇ ਮੈਨੂੰ ਆਪਣੇ ਨਾਲ ਲੈ ਚੱਲੋ।" ਸੰਤਾਂ ਨੇ ਕਿਹਾ—"ਬੀਬੀ ਠੀਕ ਏ ਕਿ ਏਨੀ ਮਾਇਆ ਮੈਨੂੰ ਕਦੇ ਸ਼ਾਇਦ ਹੀ ਪ੍ਰਾਪਤ ਹੋਵੇ। ਪਰ ਮੈਂ ਅਫਸੋਸ ਨਾਲ ਕਹਿੰਦਾ ਹਾਂ ਕਿ ਇਸਨੂੰ ਪਰਵਾਨ ਕਰਕੇ ਮੈਂ ਤੁਹਾਨੂੰ ਪਰਸੰਨ ਨਹੀਂ ਕਰ ਸਕਦਾ, ਕਿਉਂਕਿ ਅਜੇਹਾ ਕਰਨ ਨਾਲ ਸਤਿਗੁਰੂ ਰਾਮ ਸਿੰਘ ਦੇ ਸਿੱਖ ਦਾ ਸਾਂਗ ਭੰਡਿਆ ਜਾਂਦਾ ਹੈ। ਮੇਰੇ ਪੰਥ ਦੀ ਬਦਨਾਮੀ ਹੋਵੇਗੀ, ਜਿਸ ਨੂੰ ਮੈਂ ਕਦੇ ਸਹਿਨ ਕਰਨ ਲਈ ਤਿਆਰ ਨਹੀਂ। ਤੂੰ ਮੇਰੀ ਭੈਣ ਏ, ਇਹ ਮਾਇਆ ਘਰ ਨੂੰ ਲੈ ਜਾ।" ਅਜਿਹੀਆਂ ਕਈ ਘਟਨਾਵਾਂ ਸੰਤਾਂ ਦੇ ਪੇਸ਼ ਆਈਆਂ ਪਰ ਸੰਤ, ਸਭ ਵਿਚੋਂ ਅਡੋਲ ਰਹਿੰਦੇ ਹੋਏ, ਜਿਉਂ ਦੇ ਤਿਉਂ ਬਚਕੇ ਨਿਕਲੇ। ਕਿਸੇ ਵੀ ਲੋਭ ਨੇ ਆਪ ਤੇ ਗਲਬਾ ਨਾ ਪਾਇਆ।"[18]

ਸੰਤ ਜੀ ਦੇ ਇਕਲੌਤੇ ਸਪੁੱਤਰ ਰਣਜੀਤ ਸਿੰਘ ਜੀ ਦਾ ਅਨੰਦ ਕਾਰਜ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੀ ਹਜ਼ੂਰੀ ਵਿਚ ਆਦਮ ਕੀ (ਸਿਆਲਕੋਟ) ਦੇ ਸੰਤ ਵਿਰਸਾ ਸਿੰਘ ਦੀ ਪੁੱਤਰੀ ਦਿਆਲ ਕੌਰ ਨਾਲ 1926 ਈ. ਵਿਚ ਹੋਇਆ। ਸਤਿਗੁਰੂ ਜੀ ਦੇ ਦਰਸ਼ਨ ਦੇਣ ਕਾਰਨ ਤਕਰੀਬਨ ਦੜਪ ਦੀ ਸਾਰੀ ਸੰਗਤ ਹੀ ਆਦਮ ਕੀ ਪੁੱਜ ਗਈ। ਸੰਤ ਵਿਰਸਾ ਸਿੰਘ ਹੋਰਾਂ ਨੇ ਸਮੂੰਹ ਆਏ ਸਿੱਖਾਂ ਸਾਧਾਂ ਦੀ ਸੇਵਾ ਖਿੜੇ ਮੱਥੇ ਇਕ ਰਸ ਲੰਗਰ ਵਰਤਾ ਕੇ ਕੀਤੀ।[19]

ਸੰਤ ਜੀ ਦਾ ਸਪੁੱਤਰ ਰਣਜੀਤ ਸਿੰਘ 1930 ਈ. ਵਿਚ ਚਲਾਣਾ ਕਰ ਗਿਆ ਸੀ। ਉਸ ਤੋਂ ਕੁਝ ਦਿਨ ਬਾਅਦ ਸਤਿਗੁਰੂ ਜੀ ਨੇ ਸੂਜੋਵਾਲੀ (ਸਿਆਲਕੋਟ) ਵਿਖੇ ਸੰਤ ਬੇਲਾ ਸਿੰਘ ਜੀ ਪ੍ਰਸਿੱਧ ਪਰਚਾਰਕ ਦੀ ਮੇਲੇ ਦੀ ਅਰਜ਼ ਤੇ ਦਰਸ਼ਨ ਦਿੱਤੇ। ਇੱਥੇ ਹੀ ਸਤਿਗੁਰੂ ਜੀ ਨੂੰ ਇਹ ਦੁਖਦਾਈ ਖ਼ਬਰ ਮਿਲੀ ਕਿ ਰਣਜੀਤ ਸਿੰਘ ਚੜ੍ਹਾਈ ਕਰ ਗਿਆ ਹੈ। ਸਤਿਗੁਰੂ ਜੀ ਨੇ ਇਹ ਵੀ ਕਿਹਾ ਕਿ ਸੰਤਾਂ ਦੇ ਸਹੁਰੇ ਸੰਭੜਿਆਲ ਜਿੱਥੇ ਇਹ ਗੱਭਰੂ ਗੁਜ਼ਰਿਆ ਹੈ, ਉੱਥੇ ਜਾ ਕੇ ਸੰਤਾਂ ਨੇ ਹੱਥੀਂ ਇਸ਼ਨਾਨ ਕਰਵਾ, ਨਵੇਂ ਬਸਤਰ ਪਹਿਨਾ, ਕੀਰਤਨ ਕਰਦਿਆਂ ਪੁੱਤਰ ਦਾ ਸਸਕਾਰ ਕੀਤਾ ਹੈ। ਨਾ ਆਪ ਅੱਥਰੂ ਕੇਰੀ ਨਾ ਕਿਸੇ ਨੂੰ ਕੇਰਨ ਦਿੱਤੀ। ਖਿੜੇ ਮੱਥੇ ਇਹ ਕਰੜਾ ਭਾਣਾ ਮੰਨਿਆ ਹੈ। ਅਸਾਂ ਹੁਣ ਸੰਤ ਜੀ ਪਾਸ ਪਰਚਾਉਣੀ ਲਈ ਦਾਤੇਵਾਲ ਜਾਣਾ ਹੈ। ਸੂਜੋਵਾਲੀ ਤੋਂ ਸਤਿਗੁਰੂ ਜੀ ਦਾਤੇਵਾਲ ਨੂੰ ਚੱਲ ਪਏ। ਦੋਹਾਂ ਨਗਰਾਂ ਦੇ ਵਿਚਾਲੇ ਸਤਿਗੁਰੂ ਜੀ ਤੇ ਸੰਤ ਜੀ ਦਾ ਮੇਲ ਹੋਇਆ। ਇਕ ਬ੍ਰਿਛ ਹੇਠ ਬੈਠ ਕੇ, ਵੈਰਾਗ ਦੇ ਵਿਛੋੜੇ ਦੇ ਬਚਨ ਬਿਲਾਸ ਕਰਕੇ, ਸਤਿਗੁਰੂ ਜੀ ਨੇ ਸੰਤ ਜੀ ਨੂੰ ਇਹ ਕਰੜਾ ਭਾਣਾ ਇਸੇ ਹੌਂਸਲੇ ਨਾਲ ਮੰਨਣ ਦਾ ਉਪਦੇਸ਼ ਦਿੱਤਾ। ਯਾਦ ਰਹੇ ਕਿ ਬੱਚਾ ਗੁਜ਼ਰਨ ਬਾਅਦ ਸੰਤ ਜੀ ਦੇ ਕੁਝ ਸ਼ਰੀਕਾਂ ਨੇ ਆਪਣਾ ਜੱਟਕਾ ਸੁਭਾਉ ਵਰਤਦਿਆਂ, ਸੰਤਾਂ ਨੂੰ ਕੁਝ ਅਯੋਗ ਬਚਨ ਆਖੇ। ਸਤਿਗੁਰੂ ਜੀ ਨੇ ਸੰਤਾਂ ਦੇ ਪਿੰਡ ਜਾ ਕੇ, ਕੀਰਤਨ ਬਾਅਦ ਉਹਨਾਂ ਸ਼ਰੀਕਾਂ ਨੂੰ ਤਾੜਨਾ ਕੀਤੀ

ਕਿ ਸਾਂਈ ਲੋਕਾਂ ਨਾਲ ਐਸਾ ਵਿਹਾਰ ਠੀਕ ਨਹੀਂ, ਇਹਨਾਂ ਦੀ ਆਹ ਕਦੇ ਖਾਲੀ ਨਹੀਂ ਜਾਂਦੀ। ਉਹਨਾਂ ਨੂੰ ਸੁਮੱਤ ਆਈ ਅਤੇ ਉਹਨਾਂ ਨੇ ਪਿਛਲੀ ਗ਼ਲਤੀ ਦੀ ਖਿਮਾ ਮੰਗੀ। ਅੱਗੇ ਤੋਂ ਠੀਕ ਰਹਿਣ ਦਾ ਵਾਅਦਾ ਕੀਤਾ। ਦੀਵਾਨ ਦੀ ਸਮਾਪਤੀ ਬਾਅਦ ਸਤਿਗੁਰੂ ਜੀ ਨੇ ਸੰਤਾਂ ਨੂੰ ਇਕ ਘੋੜੇ ਤੇ ਸਵਾਰ ਕਰਾ ਕੇ ਦੌਰੇ ਨਾਲ ਹੀ ਸ਼ਾਮਲ ਕਰ ਲਿਆ ਤਾਂ ਕਿ ਮਨ ਹੋਰ ਪਾਸੇ ਜਾਏ ਹੀ ਨਾ। ਦੌਰੇ ਤੋਂ ਬਾਅਦ ਸ੍ਰੀ ਭੈਣੀ ਸਾਹਿਬ ਲੈ ਗਏ। ਫਿਰ 5-6 ਅੱਸੂ ਨੂੰ ਦੋ ਰੋਜਾ ਮੇਲੇ ਤੇ ਸੰਤਾਂ ਸਮੇਤ ਸ਼ਿਮਲੇ ਵੀ ਦਰਸ਼ਨ ਦਿੱਤੇ। ਦੁਸਹਿਰੇ ਦੇ ਮੇਲੇ ਤੇ ਗੁਜਰਾਂਵਾਲੇ ਆ ਗਏ। ਇਉਂ ਤੁਰ ਫਿਰ ਕੇ ਸੰਤਾਂ ਦਾ ਪਰਚਾ ਵੀ ਬਣਾਈ ਰੱਖਿਆ। ਸੰਨ 1931 ਈ. ਦੇ ਹੋਲੇ ਮਹੱਲੇ ਸਮੇਂ ਸੰਧਵਾਂ (ਜਲੰਧਰ) ਵਿਚ ਕੁਝ ਸਥਾਨਕ ਲੋਕਾਂ ਦੇ ਵਿਰੋਧ ਦੇ ਬਾਵਜੂਦ ਵੀ ਸੰਤ ਭਗਤ ਸਿੰਘ ਜੀ ਅਤੇ ਹੋਰ ਕੂਕਾ ਪਰਚਾਰਕਾਂ ਨੇ ਗੱਜ-ਵੱਜ ਕੇ ਸਤਿਗੁਰੂ ਰਾਮ ਸਿੰਘ ਜੀ ਦੇ ਮਿਸ਼ਨ ਦਾ ਪਰਚਾਰ ਕੀਤਾ।

1932 ਈ. ਵਿੱਚ ਸਤਿਗੁਰੂ ਪਰਤਾਪ ਸਿੰਘ ਜੀ ਨੇ ਸੰਤ ਭਗਤ ਸਿੰਘ ਜੀ ਦੀਆਂ ਪੰਥਕ ਸੇਵਾਵਾਂ ਤੇ ਆਪਣੀ ਵਿਸ਼ੇਸ਼ ਪਰਵਾਨਗੀ ਦੀ ਮੋਹਰ ਲਾਉਂਦਿਆਂ ਸਾਂਝੇ ਪੰਜਾਬ ਵਿਚ ਸਭ ਤੋਂ ਵੱਧ ਕੂਕਿਆਂ ਦੇ ਪਿੰਡਾਂ ਵਾਲੇ ਜ਼ਿਲ੍ਹਾ ਸਿਆਲਕੋਟ ਦਾ ਆਪ ਜੀ ਨੂੰ ਸੂਬਾ ਵੀ ਥਾਪ ਦਿੱਤਾ। ਆਪ ਜੀ ਨੇ ਆਯੂ ਪਰਯੰਤ 13 ਸਾਲ ਇਹ ਸੇਵਾ ਬੜੀ ਤਨਦੇਹੀ ਨਾਲ ਨਿਬਾਹੀ। ਆਪ ਨੇ ਹਰ ਸੰਕਟ ਸਮੇਂ ਫੈਸਲੇ ਦੀ ਹਰ ਘੜੀ ਵਿਚ ਆਪਣਾ ਮੂੰਹ ਸਤਿਗੁਰੂ ਪਰਤਾਪ ਸਿੰਘ ਜੀ ਵੱਲ ਸਿੱਧਾ ਰੱਖਿਆ।

ਸੰਮਤ 1995 ਬਿਕਰਮੀ ਮੁਤਾਬਿਕ 1939 ਈ. ਦਾ ਨਾਮਧਾਰੀ ਹੋਲਾ ਮਹੱਲਾ ਤਲਹਾੜਾ (ਸਿਆਲਕੋਟ) ਵਿਖੇ ਮਨਾਇਆ ਗਿਆ। ਸੰਨ 1929 ਈ. ਦੇ ਲਾਹੌਰ ਕਾਂਗਰਸ ਸਮਾਗਮ ਦਾ ਅਕਾਲੀ ਆਗੂ, ਬਾਬਾ ਖੜਕ ਸਿੰਘ ਨੇ ਵਿਰੋਧ ਕੀਤਾ ਸੀ। ਬਾਬਾ ਗੁਰਦਿਤ ਸਿੰਘ ਕਾਮਾਗਾਟਾ ਮਾਰੂ ਦੀ ਬੇਨਤੀ ਤੇ ਸਤਿਗੁਰੂ ਪਰਤਾਪ ਸਿੰਘ ਜੀ ਨੇ ਪੰਡਿਤ ਜਵਾਹਰ ਲਾਲ ਨਹਿਰੂ ਦੀ ਅਗੁਆਈ ਹੇਠਲੇ ਕਾਂਗਰਸ ਸਮਾਗਮ ਸਮੇਂ ਨਾ ਸਿਰਫ਼ ਇਕ ਸੌ ਘੋੜ ਸੁਆਰ, ਜਲੂਸ ਵਿਚ ਸ਼ਾਮਲ ਕਰਵਾਏ ਸਗੋਂ ਪਿੰਡਾਂ ਤੋਂ ਆਈਆਂ ਹਜ਼ਾਰਾਂ ਸੰਗਤਾਂ ਨੂੰ ਲੰਗਰ ਪਾਣੀ ਵੀ ਛਕਾਇਆ। ਇਸ ਕਾਰਨ ਬਾਬਾ ਖੜਕ ਸਿੰਘ ਜੀ ਆਪਣੇ ਜ਼ਿਲੇ ਦੇ ਪਿੰਡ ਵਿਚ ਕੂਕਿਆਂ ਦੇ ਸਲਾਨਾ ਸਮਾਗਮ ਦੇ ਮੌਕੇ ਤੇ ਕਥਿਤ 'ਨੈਸ਼ਨਲ ਅਕਾਲੀ ਦਲ' ਵੱਲੋਂ ਤਲਹਾੜੇ ਦੇ ਨੇੜੇ ਹੀ ਆਪਣਾ ਸਮਾਗਮ ਵਿੱਢ ਕੇ, ਤਲਹਾੜਾ ਨਾਮਧਾਰੀ ਹੋਲੇ ਮਹੱਲੇ ਦੀ ਸਫਲਤਾ ਵਿਚ ਅੜਿੱਕੇ ਪਾਉਣੇ ਸ਼ੁਰੂ ਕੀਤੇ। ਉਹਨਾਂ ਤਲਹਾੜੇ ਦੇ ਮੁਸਲਮਾਨਾਂ ਨੂੰ ਕਿਹਾ ਕਿ ਨਾਮਧਾਰੀ ਤੁਹਾਡੇ ਖੇਤ ਮਿੱਧ ਕੇ, ਉਜਾੜਾ ਕਰਨਗੇ। ਹੋਲਾ ਨਾ ਹੋਣ ਦਿਉ। ਪਿੰਡ ਦੇ ਮੁਸਲਮਾਨ ਚੌਧਰੀਆਂ ਨਾਲ ਗੱਲਬਾਤ, ਵਾਸਤੇ ਸੰਤ ਭਗਤ ਸਿੰਘ ਜੀ ਗਏ। ਸੰਤ ਜੀ ਨੇ ਉਹਨਾਂ ਨੂੰ ਸਮਝਾਇਆ ਕਿ ਅਸੀਂ ਆਪਣੀ ਸੰਗਤ ਨੂੰ ਹਦਾਇਤ ਕਰਾਂਗੇ ਵਾਹ ਲੱਗਦੇ ਨੁਕਸਾਨ ਕਰਨ ਤੋਂ ਬਚਿਆ ਜਾਵੇ ਤੇ ਜੇ ਕਿਤੇ ਬੇਵੱਸੀ ਕਾਰਨ, ਕੁਝ ਨੁਕਸਾਨ ਫਸਲ ਦਾ ਹੋਵੇ ਤਾਂ ਤੁਸੀਂ ਵੱਡੇ ਲੋਕ ਹੋ, ਜਰਿਆ ਜੇ ਵੀ। ਇਕ ਚੌਧਰੀ ਤਾਂ ਪੂਰਨ ਸਹਿਮਤ ਹੋ ਗਿਆ। ਦੂਜਾ

ਥੋੜਾ ਅੜਦਾ ਰਿਹਾ। ਕਰਨੀ ਕੁਦਰਤ ਦੀ ਐਸੀ ਬਣੀ ਕਿ ਦੋ ਦਿਨ ਹੋਲੇ ਤੋਂ ਅਗਦੀਂ ਮੀਂਹ ਤੇ ਗੜਾ ਆ ਲੱਥਾ। ਕੂਕਿਆਂ ਨਾਲ ਸਹਿਮਤ ਚੌਧਰੀ ਵਾਲਾ ਪਾਸਾ ਬਚ ਗਿਆ ਅਤੇ ਦੂਜਾ ਰਗੜਿਆ ਗਿਆ। ਹੁਣ ਰਾਖੀ ਦੀ ਲੋੜ ਈ ਮੁੱਕ ਗਈ। ਸੰਤਾਂ ਦੀ ਸਿਆਣਪ ਨਾਲ ਹੋਲਾ ਵਧੀਆ ਹੋਇਆ। ਸ਼ਰੋਮਣੀ ਕਮੇਟੀ ਨੇ ਪ੍ਰਿੰਸੀਪਲ ਗੰਗਾ ਸਿੰਘ ਪਰਸਿੱਧ ਸਿੱਖ ਪਰਚਾਰਕ ਤੇ ਜਥੇਦਾਰ ਤੇਜਾ ਸਿੰਘ ਅਕਰਪੁਰੀ ਨੂੰ ਨਾਮਧਾਰੀ ਹੋਲੇ ਮਹੱਲੇ ਵਿਚ ਭੇਜਿਆ। ਉਹਨਾਂ ਬੋਲਦਿਆਂ ਕਿਹਾ ਕਿ ਇਹ 'ਨੈਸ਼ਨਲ ਅਕਾਲੀ' ਸੱਜਣ ਚੋਣਾਂ ਵਿਚ ਹਾਰਿਆ ਧੜਾ ਹੈ। ਅਸੀਂ ਤੁਹਾਡੇ ਪ੍ਰਤੀ ਸਮਰਥਨ ਵਿਅਕਤ ਕਰਨ ਆਏ ਹਾਂ ਕਿ ਮਤੇ ਤੁਸੀਂ ਸਮਝੋ ਕਿ ਅਸਲੀ ਅਕਾਲੀ ਵੀ ਕੂਕਿਆਂ ਦੇ ਵਿਰੋਧੀ ਹਨ। ਨੈਸ਼ਨਲ ਅਕਾਲੀਆਂ ਨੇ ਪਰਸਿੱਧ ਕਾਂਗਰਸੀ ਆਗੂ ਡਾ. ਸੱਤਪਾਲ ਦਾ ਵੀ ਆਪਣੀ ਸਭਾ ਵਿਚ ਆਉਣ ਦਾ ਇਸ਼ਤਿਹਾਰ ਛਾਪਿਆ ਸੀ ਪਰ ਸੰਤ ਨਿਧਾਨ ਸਿੰਘ ਆਲਿਮ ਦੇ ਪੱਤਰ ਨਾਲ ਅਸਲੀਅਤ ਜਾਣ ਕੇ ਉਸਨੇ ਵੀ ਕੂਕਿਆਂ ਦੇ ਵਿਰੋਧ ਤੋਂ ਬਚਣਾ ਹੀ ਠੀਕ ਸਮਝਿਆ। ਇਸੇ ਹੋਲੇ ਵਿਚ ਨਾਮਧਾਰੀ ਦਰਬਾਰ ਨੇ ਮਤਾ ਪਾਸ ਕੀਤਾ ਸੀ ਕਿ ਅਗਲਾ ਕਾਂਗਰਸ ਦਾ ਸਲਾਨਾ ਸਮਾਗਮ ਸ੍ਰੀ ਭੈਣੀ ਸਾਹਿਬ ਹੀ ਰੱਖਿਆ ਜਾਏ। ਪਰ ਸ੍ਰੀ ਭੈਣੀ ਸਾਹਿਬ ਇਕ ਛੋਟਾ ਪਿੰਡ ਸੜਕ, ਰੇਲ ਤੋਂ ਹਟਵਾਂ ਹੋਣ ਕਾਰਨ ਉਪਰਲੇ ਆਗੂਆਂ ਨੂੰ ਜਚਿਆ ਨਾ।[22]

ਇਸ ਸਮੇਂ ਸਤਿਗੁਰੂ ਪਰਤਾਪ ਸਿੰਘ ਜੀ, ਦੂਜੇ ਸੰਸਾਰ ਜੰਗ ਦੀ ਭਿਆਨਕਤਾ ਦੇ ਮੱਦੇ ਨਜ਼ਰ ਵਿਸ਼ਵ ਸ਼ਾਂਤੀ ਅਤੇ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿੱਤ ਸਵਾ ਲੱਖ ਅਖੰਡ ਪਾਠਾਂ ਦੀ ਲੜੀ ਤੋਰੀ ਹੋਈ ਸੀ। ਪਰ ਪਿੰਡਾਂ ਵਿਚ ਲੋਕ ਗੁਰਮੁਖੀ ਪੜ੍ਹੇ ਘੱਟ ਹੋਣ ਕਾਰਨ, ਪਾਠੀ ਨਹੀਂ ਸਨ ਮਿਲ ਰਹੇ। ਇਸ ਲਈ ਸਤਿਗੁਰੂ ਜੀ ਨੇ ਹਰ ਪਿੰਡ ਸ਼ਹਿਰ ਦੇ ਨਾਮਧਾਰੀ ਮਾਈ ਭਾਈ ਲਈ, ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ ਵਿਚਲੇ ਆਦੇਸ਼ਾਂ ਅਨੁਸਾਰ, ਗੁਰਮੁਖੀ ਲਿੱਪੀ ਵਿਚ ਪੰਜਾਬੀ ਭਾਸ਼ਾ ਦਾ ਮੁੱਢਲਾ ਗਿਆਨ, ਲਾਜ਼ਮੀ ਹੋਣ ਦਾ ਹੁਕਮ ਦਿੱਤਾ। ਵੱਖ-ਵੱਖ ਜ਼ਿਲ੍ਹਿਆਂ ਵਿਚ ਸੂਬਿਆਂ ਦੀ ਅਗੁਆਈ ਵਿਚ ਵਿਦਿਆ ਦਾਨ ਦੇਣ ਲਈ ਕਮੇਟੀਆਂ ਬਣਾਈਆਂ ਜੋ ਸਾਰੇ ਕਾਰਜ ਤੇ ਨਿਗਰਾਨੀ ਰੱਖ ਕੇ ਨਤੀਜੇ ਹਾਸਲ ਕਰਨਗੇ। ਇਸ ਸਮੇਂ 9 ਪੋਹ 1997 ਬਿਕਰਮੀ (ਮੁਤਾਬਿਕ ਦਸੰਬਰ 1940 ਈ.) ਨੂੰ ਲਾਹੌਰ ਵਿਖੇ ਸਿਰਕਰਦਾ ਨਾਮਧਾਰੀਆਂ ਦੀ ਸਭਾ ਸਤਿਗੁਰੂ ਜੀ ਨੇ ਬੁਲਾਈ ਇਸ ਵਿਚ ਸਿਆਲਕੋਟ ਦੀ ਕਮੇਟੀ ਦੀ ਅਗੁਆਈ ਸੂਬਾ ਭਗਤ ਸਿੰਘ ਹੋਰਾਂ ਕੀਤੀ। ਆਪ ਦੇ ਸਹਿਯੋਗੀ ਸੱਜਣ ਸਨ, ਸੋਹਣ ਸਿੰਘ ਜਾਮ ਕੇ, ਟਹਿਲ ਸਿੰਘ ਸੱਦੋਵਾਲੀਏ, ਨੱਥਾ ਸਿੰਘ ਸੰਭੜਿਆਲ, ਸੁਦਾਗਰ ਸਿੰਘ ਕੱਕੇਕੇ, ਜਵੰਦ ਸਿੰਘ ਕਿਆਮਪੁਰ, ਯੁਵਾ ਪੰਡਿਤ ਗੁਪਾਲ ਸਿੰਘ ਜੀ, ਸੰਤ ਜਗਤ ਸਿੰਘ ਜੀ ਖੰਡੂਵਾਲੀਏ ਦੇ ਪ੍ਰਤੀਨਿਧ ਵਜੋਂ ਅਤੇ ਸ੍ਰ. ਕੇਸਰ ਸਿੰਘ ਚਵਿੰਡਾ।[23]

1941 ਈ. ਨੂੰ ਅੰਮ੍ਰਿਤਸਰ ਦੀ ਦੀਪਮਾਲਾ ਸਮੇਂ ਸਰਕਾਰ ਦੀਆਂ ਨੀਤੀਆਂ ਦੀ ਵਿਰੋਧਤਾ ਲਈ ਅਤੇ ਅਕਾਲੀ, ਉਦਾਸੀ, ਨਿਰਮਲੇ, ਨਿਹੰਗ, ਸੇਵਾ ਪੰਥੀ, ਅੱਡਣ ਸ਼ਾਹੀ ਨਾਮਧਾਰੀ ਆਦਿ ਸਭ ਸਿੱਖ ਸੰਪਰਦਾਵਾਂ ਦੀ ਏਕਤਾ ਇਤਫਾਕ ਵਾਸਤੇ ਇਕ

ਕਾਨਫਰੰਸ ਅਕਾਲੀ ਆਗੂ ਮਾ. ਤਾਰਾ ਸਿੰਘ ਨੇ ਆਯੋਜਿਤ ਕੀਤੀ। ਸੰਤ ਭਗਤ ਸਿੰਘ ਜੀ ਦਾਤੇਵਾਲ ਨੇ ਹੋਰ ਪ੍ਰਮੁੱਖ ਜਥੇਦਾਰਾਂ ਪ੍ਰਚਾਰਕਾਂ ਸਮੇਤ ਇਸ ਵਿਚ ਸ਼ਾਮਲ ਹੋ ਕੇ ਕਾਨਫਰੰਸ ਦੀ ਸਫਲਤਾ ਵਿਚ ਹਿੱਸਾ ਪਾਇਆ।[24] ਵੱਡ ਅਕਾਰੀ, ਛੇ ਭਾਗਾਂ ਵਾਲੀ, ਸਤਿਗੁਰੂ ਪਰਤਾਪ ਸਿੰਘ ਜੀ ਦੇ ਜੀਵਨ ਕਾਲ ਨਾਲ ਸੰਬੰਧਿਤ ਪੁਸਤਕ 'ਜੱਸ-ਜੀਵਨ' ਦੇ ਲੇਖਕ, ਸੰਤ ਤਰਨ ਸਿੰਘ ਵਹਿਮੀ ਇਤਿਹਾਸ ਲੇਖਨ ਦੇ ਆਪਣੇ ਕਾਰਜ ਵਿਚ ਜਿਹਨਾਂ ਸਰੋਤ-ਪੁਰਖਾਂ ਦਾ ਜ਼ਿਕਰ ਕਰਦੇ ਹਨ, ਸੰਤ ਦਾਤੇਵਾਲੀਆ ਵੀ ਉਹਨਾਂ ਵਿਚੋਂ ਇਕ ਹਨ।[25] ਇਸੇ ਤਰ੍ਹਾਂ ਵਹਿਮੀ ਜੀ ਲਿਖਦੇ ਹਨ ਕਿ ਨਨਕਾਣਾ ਸਾਹਿਬ ਦੀ ਨਾਮਧਾਰੀ ਧਰਮਸ਼ਾਲਾ ਵੀ ਪੁਰਾਣੇ ਸਾਧਾਂ ਤੋਂ ਜਗਾਹ ਲੈ ਕੇ, ਸੰਤ ਭਗਤ ਸਿੰਘ ਜੀ, ਮੰਗਲ ਸਿੰਘ ਜੀ ਅਰਸ਼ੀ ਫਰਿਸ਼ਤਾ ਅਤੇ ਹਾਕਮ ਸਿੰਘ ਜੀ ਘੁੱਕਲ ਨੇ ਹੀ ਬਣਾਈ ਸੀ ਬਾਅਦ ਵਿਚ ਸੰਤ ਸੁੰਦਰ ਸਿੰਘ ਭੂਰੀ ਵਾਲਿਆਂ ਵੀ ਇਸ ਦੀ ਸੇਵਾ ਕਰਾਈ।[26]

ਪੂਰੇ ਪੰਜਾਹ ਸਾਲ ਨਾਮਧਾਰੀ ਪੰਥ ਦੇ ਪ੍ਰਚਾਰ ਦੀ ਸੇਵਾ ਨਿਭਾਅ ਕੇ ਸੰਤ ਜੀ 8 ਮੱਘਰ 2002 ਬਿਕਰਮੀ (ਮੁਤਾਬਿਕ 23 ਨਵੰਬਰ 1945 ਈ.) ਦਿਨ ਸ਼ੁੱਕਰਵਾਰ ਨੂੰ ਆਪਣੇ ਪਿੰਡ ਵਿਖੇ ਹੀ ਅਕਾਲ ਚਲਾਣਾ ਕਰ ਗਏ। ਆਪ ਦੇ ਭੋਗ ਮੇਲੇ ਤੇ ਸਤਿਗੁਰੂ ਜੀ ਨੇ ਦਰਸ਼ਨ ਦਿੱਤੇ ਅਤੇ ਫੁਰਮਾਇਆ—"ਇਹ ਸੰਤ ਹਜ਼ਾਰ ਜੁਆਬ ਬੜੇ ਸਨ ਤੇ ਖਲੋ ਕੇ ਸ਼ਬਦ ਪੜ੍ਹਨੇ ਇਹਨਾਂ ਤੋਂ ਨਾਮਧਾਰੀ ਪੰਥ ਵਿੱਚ ਪ੍ਰਚਲਿਤ ਹੋਏ ਹਨ। ਇਹਨਾਂ ਨੇ ਅਨੁਮਤੀਆਂ ਦੇ ਮੁਕਾਬਲੇ ਤੇ ਜਿਸ ਤਰ੍ਹਾਂ ਨਿਧੜਕ ਹੋ ਪ੍ਰਚਾਰ ਕੀਤਾ ਏ ਉਸ ਦੀ ਯਾਦ ਸਦਾ ਨਾਮਧਾਰੀ ਪੰਥ ਵਿਚ ਰਹੇਗੀ ਤੇ ਕਿਹਾ ਕਿ ਸੰਤ ਭਗਤ ਸਿੰਘ ਜੀ ਇਕ ਐਸੇ ਉਪਦੇਸ਼ਕ ਹੋ ਨਿਭੇ ਹਨ ਜਿਨ੍ਹਾਂ ਤੇ ਗੁਰੂ ਘਰ ਵੱਲੋਂ ਗਿਲਾ ਉਜ਼ਰ ਨਹੀਂ ਆਇਆ। ਸੰਤ ਜੀ ਦਾ ਮੱਤ ਉੱਚਾ ਤੇ ਮਨ ਗੁਰੂ ਘਰ ਵੱਲ ਨੀਵਾਂ ਰਿਹਾ ਹੈ।[27]"

ਵਹਿਮੀ ਜੀ ਨੂੰ ਸੰਤ ਭਗਤ ਸਿੰਘ ਹੋਰਾਂ ਇਕੇਰਾਂ ਦੱਸਿਆ ਸੀ ਕਿ ਉਹਨਾਂ ਪਾਸ ਜੋ ਕੁੱਝ ਵੀ ਹੈ ਉਹ ਸਭ ਗੁਰੂ ਹਰੀ ਸਿੰਘ ਜੀ ਦੀ ਬਖਸ਼ਿਸ਼ ਸਦਕਾ ਹੀ ਹੈ। ਸਰਕਾਰੀ ਸਖਤੀਆਂ ਕਾਰਨ 1900 ਈ. ਤੋਂ ਪਹਿਲਾਂ ਵੀ ਕੁਝ ਪਿੰਡਾਂ ਦੇ ਕੂਕੇ ਰਲ ਕੇ, ਸਰਕਾਰ ਅੱਗੇ ਅਰਜ਼ੀ ਪੱਤਰੀ ਕਰਕੇ, ਮਨਜ਼ੂਰੀ ਲੈ ਕੇ ਛੋਟੇ-ਛੋਟੇ ਹੋਲੇ ਮੇਲੇ ਕਰ ਲਿਆ ਕਰਦੇ ਸਨ। ਗੁਰੂ ਹਰੀ ਸਿੰਘ ਜੀ ਇਹਨਾਂ ਹੋਲਿਆਂ ਮੇਲਿਆਂ ਵਿਚ ਸ਼ਾਮਲ ਨਾ ਹੋਏ ਸਨ। ਇਹ ਹੋਲੇ ਰੋੜੀ ਸਾਹਿਬ (ਏਮਨਾਬਾਦ), ਮੁਸਾਇਕੇ ਵਾਲੀ ਅਤੇ ਹਿੰਦੂ-ਚੱਕ ਗੁਜਰਾਂ ਵਾਲਾ ਜ਼ਿਲ੍ਹਾ, ਭੋਇਵਾਲੀ (ਅੰਮ੍ਰਿਤਸਰ) ਅਤੇ ਕੰਗ (ਸਿਆਲਕੋਟ) ਵਿਚ ਹੋਏ ਸਨ। ਸਤਿਗੁਰੂ ਪਰਤਾਪ ਸਿੰਘ ਜੀ ਦੇ ਸਮੇਂ ਦਾ ਪਹਿਲਾ ਹੋਲਾ ਮਹੱਲਾ ਕਰਨ ਦਾ ਸੁਅਵਸਰ ਨੁਸ਼ਹਿਰਾ (ਗੁਜਰਾਤ—ਪੱਛਮੀ ਪੰਜਾਬ) ਸੰਤ ਗੰਗਾ ਸਿੰਘ ਅਤੇ ਮਾਈ ਗੰਗਾ ਦੇਵੀ ਨੂੰ ਮਿਲਿਆ। ਸੰਤ ਦਾਤੇਵਾਲੀਆ ਹੋਰਾਂ ਮਸਤੀ ਵਿਚ ਨਿਰਤ ਕਰਕੇ, ਖਲੋ ਕੇ ਦੀਵਾਨ ਲਾਉਣ ਦਾ ਆਰੰਭ ਇਸ ਹੋਲੇ ਤੋਂ ਕੀਤਾ ਸੀ। ਉਪਰੋਕਤ ਦੰਪਤੀ ਦਾ ਪਰਿਵਾਰ ਹੁਣ ਡਾਲਟਨਗੰਜ ਅਤੇ ਚੰਡੀਗੜ੍ਹ ਆਦਿ ਸ਼ਹਿਰਾਂ ਵਿਚ ਹੈ।[28]

ਸਤਿਗੁਰੂ ਪਰਤਾਪ ਸਿੰਘ ਜੀ ਦੇ ਰੀਕਾਰਡ ਹੋਏ ਉਪਦੇਸ਼ ਵਿਚ ਵੀ ਇਹ ਵੇਰਵਾ

ਮਿਲਦਾ ਹੈ ਕਿ 1896-97 ਈ. ਵਿਚ ਪੱਛਮੀ ਪੰਜਾਬ ਦੇ ਗੁਰੂ ਹਰੀ ਸਿੰਘ ਜੀ ਦੇ ਦੌਰਿਆਂ ਸਮੇਂ ਸੰਤ ਭਗਤ ਸਿੰਘ ਹਾਜ਼ਰ ਹੁੰਦੇ ਸਨ। ਇਕ ਪ੍ਰਸੰਗ ਵਿਚ ਦੌਰੇ ਨਾਲ ਡਿਊਟੀ ਤੇ ਤਾਈਨਾਤ ਮੁਸਲਮਾਨ ਥਾਣੇਦਾਰ ਦਾ, ਗੁਰੂ ਹਰੀ ਸਿੰਘ ਜੀ ਦੇ ਰੂਹਾਨੀ ਪ੍ਰਭਾਵ ਵਿਚ ਆਉਣ ਦਾ ਵਰਣਨ ਸੰਤ ਭਗਤ ਸਿੰਘ ਦੇ ਹਵਾਲੇ ਨਾਲ ਸਤਿਗੁਰੂ ਜੀ ਕਰਦੇ ਹਨ।[29] 1897 ਈ. ਦੇ ਅੱਸੂ ਦੇ ਮਹੀਨੇ ਬਾਬੇ ਜਮੀਅਤ ਸਿੰਘ 'ਗਿੱਲ' ਦੇ ਭੋਗ ਮੇਲੇ ਤੇ ਦਰਸ਼ਨ ਦੇਣ ਲਈ, ਗੁਰੂ ਹਰੀ ਸਿੰਘ ਜੀ ਸਿਆਲਕੋਟ ਦੇ ਦੌਰੇ ਸਮੇਂ, ਇਕ ਰਾਤ ਦਾਤੇਵਾਲ ਪੜਾਅ ਕੀਤਾ। ਪਿੰਡ ਦੇ ਮਦਰੱਸੇ ਵਿਚ ਦੀਵਾਨ ਲੱਗਾ। ਬਹੁਤ ਸੰਗਤ ਮਸਤਾਨੀ ਹੋਈ। ਬੀਬੀ ਨੰਦਾਂ ਦੇ ਖਜ਼ਾਨਚੀ ਜੀਵਨ ਸਿੰਘ ਮੱਠੇ ਨੇ ਰੁਪੈਆਂ ਵਾਲੀ ਵਾਸਣੀ ਲੱਕ ਨਾਲੋਂ ਖੋਹਲ ਕੇ ਦੀਵਾਨ ਵਿਚ ਵਗਾਹ ਮਾਰੀ। ਕਾਲੂ ਕਿਆਂ ਰਾਗੀਆਂ ਦੀਵਾਨ ਲਾਇਆ। ਮਾਈ ਗੁਰਦੇਈ ਖੰਨੇਵਾਲੀ, ਮਾਈ ਹੁਕਮੀ ਸੂਬਾ, ਸਭ ਮਸਤਾਨੀਆਂ ਹੋਈਆਂ। ਇਹਨਾਂ ਦੀਵਾਨਾਂ ਰਾਹੀਂ ਹੀ ਕੂਕਾ ਕਾਰ ਸੰਤ ਭਗਤ ਸਿੰਘ ਹੋਰਾਂ ਵਿੱਚ ਆ ਗਈ।[30]

ਸੰਤ ਭਗਤ ਸਿੰਘ ਜੀ ਬਿਨਾਂ ਗੱਲਾਂ ਤੋਂ ਨਿਰਬਾਣ ਕੀਰਤਨ ਕਰਿਆ ਕਰਦੇ ਸਨ। ਸਤਿਗੁਰੂ ਪਰਤਾਪ ਸਿੰਘ ਜੀ ਆਪਣੇ ਉਪਦੇਸ਼ ਵਿਚ ਫਰਮਾਉਂਦੇ ਹਨ—

"ਕੀਰਤਨ—ਪਤਾ ਕਰ ਲਓ ਕੋਈ ਜਿਦ ਦੀ ਗੱਲ ਨਹੀਂ-ਅੱਜ ਵੀ ਕਿਤੇ ਕੂਕਿਆਂ ਦੀ ਢੋਲਕ ਵੱਜਦੀ ਹੋਵੇ। ਹੁਣ ਤਾਂ ਅਸੀਂ ਵੀ ਨਿਰੇ ਗੱਲਾਂ ਕਰਨ ਜੋਗੇ ਹੋ ਗਏ।"

ਪਰ ਕੌਣ ਇਸ ਤਰ੍ਹਾਂ ਕੀਰਤਨ ਕਰਦਾ ਸੀ। ਸੰਤ ਭਗਤ ਸਿੰਘ ਹੁਰੀਂ, ਜਵਾਹਰ ਸਿੰਘ ਹੁਰੀਂ ਜਿਹਨਾਂ ਨੇ ਉਹਨਾਂ ਨੂੰ ਸੁਣਿਆ ਹੋਇਆ ਹੈ ਖਾਨਪੁਰੀਆਂ ਨੂੰ, ਪਤਾ ਉਹਨਾਂ ਨੂੰ ਹੈ ਕਿ ਉਹ ਕਿਸ ਤਰ੍ਹਾਂ ਕੀਰਤਨ ਕਰਦੇ ਸਨ। ਹੁਣ ਵੀ ਤੁਸੀਂ ਸਵੇਰੇ ਵਾਰਾ ਸੁਣਿਐ ਇਹ ਕੀਰਤਨ ਹੈ—

ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ
ਨਿਮਖ ਸਿਮਰਤ ਜਿਤੁ ਛੂਟੈ॥

—ਸੂਹੀ ਮ:੫, ਪੰਨਾ—੭੪੭

ਜਿਹਦੇ 'ਚ ਗੱਲਾਂ ਨਹੀਂ। ਨਿਰਬਾਣ ਬਿਨਾਂ ਕਿਸੇ ਹੋਰ ਬਾਣ ਤੋਂ ਸਤਿਗੁਰੂ ਦੀ ਬਾਣੀ—

ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ॥

—ਰਾਮਕਲੀ ਮ—੩, ਪੰਨਾ ੯੨੦

ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਤੋਂ ਨਾਮਧਾਰੀ ਪੰਥ ਵਿਚ ਰਸਨਾ ਹਿਲਾ ਕੇ ਨਾਮ ਜਪਣ ਦੀ ਮਰਿਆਦਾ ਸੀ। ਸੰਤ ਭਗਤ ਸਿੰਘ ਜੀ ਇਹੋ ਮਰਿਆਦਾ ਪਰਪੱਕ ਕਰਨ ਬਾਰੇ ਕਹਿੰਦੇ। ਪਾਵਨ ਉਪਦੇਸ਼ ਵਿਚ ਦਰਜ ਹੈ—

"ਸੰਤ ਭਗਤ ਸਿੰਘ ਹੁਰੀਂ ਵੀ ਕਦੇ-ਕਦੇ, ਕੋਈ ਪੁਰਾਣੇ ਸਾਧ ਜਦੋਂ ਦੀਵਾਨ ਲੱਗਦਾ-ਸਾਧ ਸੰਗਤ ਜੀ ਨਾਮ ਜਪੋ, ਰਸਨਾ ਰੱਟ-ਰੱਟ ਚੱਲਦੀਆਂ ਸਨ। ਹੁਣ ਕਦੇ-ਕਦੇ ਏਥੇ ਨਿਤਨੇਮ 'ਚ ਬੈਠੇ ਵੀ ਦੇਖੀ ਦਾ ਹੈ ਬੁੱਲ ਮੀਚੇ ਹੁੰਦੇ ਨੇ। ਸ਼ਰਮ ਨਾ ਕਰਿਆ

ਕਰੋ। ਭਜਨ ਕਰਨਾ ਤਾਂ ਲੋਕਾਂ ਵਿਚ ਗੱਲ ਮਸ਼ਹੂਰ ਸੀ—ਕੂਕੇ ਇਉਂ ਭਜਨ ਕਰਦੇ ਨੇ ਜਿਵੇਂ ਬੱਕਰੀ ਉਗਾਲੀ ਕਰਦੀ ਹੈ। ਲੋਕਾਂ 'ਚ ਇਹ ਗੱਲ ਸੀ, ਪਰ ਜੇ ਲੋਕਾਂ ਦੇ ਮਿਹਣਿਆਂ ਤੋਂ ਡਰ ਕੇ, ਫੇਰ ਇਸ਼ਕ ਨਹੀਂ ਪੁੱਗਦਾ, ਪ੍ਰੇਮ ਨਹੀਂ ਰਹਿੰਦਾ। ਪ੍ਰੇਮ ਵਾਸਤੇ ਰਸਤਾ ਹੀ ਇਕੋ ਹੈ ਕਿ ਕੋਈ ਕੁਝ ਆਖੇ—

ਕੋਈ ਭਲਾ ਕਹਉ ਭਾਵੈ ਬੁਰਾ ਕਹਉ
ਹਮ ਤਨੁ ਦੀਓ ਹੈ ਢਾਰਿ॥

—ਦੇਵ ਗੰਧਾਰੀ ਮ—੧ ਪੰਨਾ ੫੨੮

ਭਲੇ ਨਿੰਦਉ ਭਲੇ ਨਿੰਦਉ ਭਲੇ ਨਿੰਦਉ ਲੋਗ॥
ਤਨੁ ਮਨੁ ਰਾਮ ਪਿਆਰੇ ਜੋਗੁ॥

—ਭੈਰਉ ਨਾਮਦੇਉ ਜੀ, ਪੰਨਾ ੧੧੯੪

ਤਾਂ ਹੀ ਉਸਦੇ ਬਣ ਸਕੀਦਾ ਹੈ।"[32]

ਭਰ ਜੁਆਨੀ ਵਿਚ ਗੁਜ਼ਰ ਗਏ ਪੁੱਤਰ ਰਣਜੀਤ ਸਿੰਘ ਨੇ ਤਿੰਨ ਬੱਚਿਆਂ ਨੂੰ ਜਨਮ ਦਿੱਤਾ ਜਿਹਨਾਂ ਦੇ ਨਾਮ ਸਨ—ਗੁਰਬਚਨ ਸਿੰਘ, ਰਤਨ ਸਿੰਘ ਅਤੇ ਹਰਿਭਜਨ ਸਿੰਘ ਜੋ ਬਚਪਨ ਵਿਚ ਹੀ ਗੁਜ਼ਰ ਗਿਆ ਸੀ। ਪਹਿਲੇ ਦੋਹਾਂ ਦੀ ਸੰਤਾਨ ਹੈ। ਗੁਰਬਚਨ ਸਿੰਘ ਨੂੰ ਸਤਿਗੁਰੂ ਜਗਜੀਤ ਸਿੰਘ ਜੀ ਨੇ ਸੂਬਾ ਥਾਪਿਆ ਸੀ। ਉਹ ਇਕ ਵਿਦਿਅਕ ਸੰਮੇਲਨ ਸਮੇਂ, 1967 ਈ. ਵਿਚ, ਸ੍ਰੀ ਭੈਣੀ ਸਾਹਿਬ ਇਸ਼ਨਾਨ ਤੋਂ ਬਾਅਦ ਭੁਲੇਖੇ ਨਾਲ ਬਿਜਲੀ ਦੀ ਤਾਰ ਤੇ ਕਛਹਿਰਾ ਸੁੱਕਣੇ ਪਾਉਂਦੇ ਕਰੰਟ ਭੇਟ ਹੋ ਗਏ। ਉਹ ਪੂਰਨ ਸਿੰਘ ਮੁਹਾਵਾ ਦੀ ਭੈਣ ਨਾਲ ਵਿਆਹੇ ਸਨ। ਉਹਨਾਂ ਦੇਸਪੁੱਤਰ ਨਿਸ਼ਾਨ ਸਿੰਘ ਹੋਰਾਂ ਦਾ ਹੁਣ ਨਿਵਾਸ ਯੂ.ਪੀ. ਦੇ ਜ਼ਿਲੇ ਪੂਰਨਪੁਰ ਦੇ ਪਿੰਡ ਬਹੇੜੀ ਵਿਚ ਹੈ। ਰਤਨ ਸਿੰਘ ਹੋਰਾਂ ਦੇ ਚਾਰ ਪੁੱਤਰ ਹੋਏ—ਮਾ, ਅਨੂਪ ਸਿੰਘ, ਸੂਬੇਦਾਰ ਮੇਜਰ ਰੀਟਾਇਰਡ ਸੱਜਣ ਸਿੰਘ, ਕੁਲਦੀਪ ਸਿੰਘ ਅਤੇ ਗੁਰਦੇਵ ਸਿੰਘ। ਇਹ ਚਾਰੇ ਸਿੰਘ ਵੰਡ ਤੋਂ ਬਾਅਦ ਦਾਤੇਵਾਲ ਤੋਂ ਮੁੰਨਣ ਕਲਾਂ ਤਹਿਸੀਲ ਤੇ ਜ਼ਿਲ੍ਹਾ ਗੁਰਦਾਸਪੁਰ ਵਿਚ ਪਰਿਵਾਰ ਦੀ ਕੁਝ ਅਲਾਟ ਹੋਈ ਭੂਮੀ ਤੇ ਰਹਿੰਦੇ ਹਨ। ਸਾਰਿਆਂ ਤੋਂ ਛੋਟਾ ਗੁਰਦੇਵ ਸਿੰਘ ਭੈਣੀ ਸਾਹਿਬ ਬਿਰਧਸ਼ਾਲਾ ਦੀ ਸੇਵਾ ਕਰਦਾ ਹੈ। ਕੁਲਦੀਪ ਸਿੰਘ ਹਰ ਹੋਲੇ, ਮੇਲੇ ਜਾਂ ਸਮਾਗਮ ਤੇ ਸ੍ਰੀ ਭੈਣੀ ਸਾਹਿਬ ਪੁੱਜਦਾ ਹੈ। ਸੰਤ ਜੀ ਦੇ ਵੰਸ਼ਿਜਾਂ ਬਾਰੇ ਜਾਣਕਾਰੀ ਉਹਨਾਂ ਤੋਂ ਹੀ ਪ੍ਰਾਪਤ ਹੋਈ, ਇਹਨਾਂ ਚਾਰਾਂ ਭਰਾਵਾਂ ਦੀਆਂ ਦੋ ਭੈਣਾਂ ਹਨ ਰਜਵੰਤ ਕੌਰ ਅਤੇ ਬੇਅੰਤ ਕੌਰ, ਜੋ ਸੰਤਾਂ ਦੇ ਪੋਤਰੇ ਰਤਨ ਸਿੰਘ ਦੀਆਂ ਪੁੱਤਰੀਆਂ ਹਨ। ਸੂਬਾ ਗੁਰਬਚਨ ਸਿੰਘ ਸਤਿਗੁਰੂ ਜਗਜੀਤ ਸਿੰਘ ਜੀ ਦੇ ਵਿਸ਼ੇਸ਼ ਪ੍ਰੇਮ ਦਾ ਪਾਤਰ ਸੀ। ਉਹ ਪਰਉਪਕਾਰੀ ਸਿੱਖ ਸੀ। ਉਸਦੇ ਇਕਲੌਤੇ ਬੇਟੇ ਨਿਸ਼ਾਨ ਸਿੰਘ ਨਾਲ ਵੀ ਸਤਿਗੁਰੂ ਜੀ ਬਹੁਤ ਹਿਤ ਰੱਖਦੇ ਸਨ।

ਗੱਭਰੂ ਪੁੱਤਰ ਦੀ ਮੌਤ ਦਾ ਸਦਮਾ ਗੁਰਮੁਖਾਂ ਜਿਉਂ ਭਾਣੇ ਵਿਚ ਅਡੋਲ ਰਹਿ ਕੇ ਮੰਨਣ ਸਦਕਾ ਸਤਿਗੁਰੂ ਪਰਤਾਪ ਸਿੰਘ ਜੀ ਨੇ ਸੂਬਾ ਭਗਤ ਸਿੰਘ ਜੀ ਨੂੰ ਭਾਈ ਭਿਖਾਰੀ ਵਰਗਾ ਸਿੱਖ ਆਖਿਆ ਸੀ। ਵੀਹਵੀਂ ਸਦੀ ਦੇ ਪਹਿਲੇ ਅੱਧ ਵਿਚ ਨਿਰਬਾਣ

ਕੀਰਤਨ ਕਰਨ ਵਾਲੇ ਇਸ ਕੂਕਾ ਪ੍ਰਚਾਰਕ ਦਾ ਨਾਮ ਹਮੇਸ਼ਾ ਬੜੇ ਅਦਬ ਨਾਲ ਲਿਆ ਜਾਏਗਾ।

## ਹਵਾਲੇ ਅਤੇ ਟਿੱਪਣੀਆਂ


1. ਸਤਿਜੁਗ ਦਾ ਸੰਤ ਅੰਕ (ਭਾਗ ਦੂਜਾ), 20 ਭਾਦਰੋਂ ਸੰਬਤ 1998 ਬਿ., ਸਫਾ 93-94
2. ਸਤਿਗੁਰੂ ਬਿਲਾਸ ਭਾਗ ਦੂਜਾ—ਸੰਤ ਸੰਤੋਖ ਬਾਹੋਵਾਲ, ਸਫਾ 185
3. ਉਹੀ, ਸਫਾ 349
4. ਉਹੀ, ਸਫਾ 374
5. ਸਪਤਾਹਿਕ ਸਤਿਜੁਗ, ਸ੍ਰੀ ਭੈਣੀ ਸਾਹਿਬ, 3 ਵੈਸਾਖ 1989 ਬਿ.
6. ਸਤਿਜੁਗ ਦਾ ਸੰਤ ਅੰਕ—1998 ਬਿ. ਸੰਤ ਇੰਦਰ ਸਿੰਘ ਚੱਤਰਵਰਤੀ ਦੀ ਰਚਨਾ "ਨਾਮ-ਖੁਮਾਰੀ" ਸਫਾ 87-93
7. ਜੱਸ ਜੀਵਨ ਭਾਗ ਪਹਿਲਾ ਕ੍ਰਿਤ ਸੰਤ ਤਰਨ ਸਿੰਘ ਵਹਿਮੀ, ਸਫਾ 110
8. ਉਹੀ, ਸਫਾ 111-113
9. ਉਹੀ, ਸਫਾ 173
10. ਉਹੀ, ਸਫਾ 180
11. ਉਹੀ, ਸਫਾ 181
12. ਉਹੀ, ਸਫਾ 181
13. ਉਹੀ, ਸਫਾ 182
14. ਉਹੀ, ਸਫਾ 287-288
15. ਅੱਖੀਂ ਡਿੱਠਾ ਕਿੱਸਾ ਕੀਤਾ, ਜਥੇਦਾਰ ਗੁਰਮੁਖ ਸਿੰਘ ਝੱਬਰ ਦੀਆਂ ਯਾਦਾਂ ਦੇ ਝਰੋਖੇ 'ਚੋਂ (ਸ. ਸੁਵਰਨ ਸਿੰਘ ਵਿਰਕ ਸਫਾ 185
16. ਉਹੀ, ਸਫਾ 192
17. ਸੀਤਲਤਾ ਦਾ ਸ੍ਰੋਤ—ਮਾਸਟਰ ਨਿਹਾਲ ਸਿੰਘ, ਫੁੱਟ ਨੋਟ ਸਫਾ 165
18. ਸੰਤ ਅੰਕ—ਸਫਾ 94
19. ਜੱਸ ਜੀਵਨ ਭਾਗ ਦੂਜਾ ਸਫਾ 160
20. ਉਹੀ, ਸਫਾ 232-234
21. ਅੱਖੀ ਡਿੱਠਾ ਕਿੱਸਾ ਕੀਤਾ—ਸਫਾ 192-193
22. ਜੱਸ ਜੀਵਨ ਭਾਗ ਤੀਜਾ, ਸਫਾ 43-45
23. ਉਹੀ, ਸਫਾ 111
24. ਉਹੀ, ਸਫਾ 151
25. ਉਹੀ, ਸਫਾ 230
26. ਉਹੀ, ਸਫਾ 256

27. ਜੱਸ ਜੀਵਨ ਭਾਗ ਚੌਥਾ ਸਫਾ 22
28. ਉਹੀ ਸਫਾ 229-230
29. ਲਾਲ ਏਹਿ ਰਤਨ—ਭਾਗ 5, ਸਫਾ 67
30. ਉਹੀ, ਸਫਾ 69-70
31. ਉਹੀ, ਸਫਾ 105
32. ਲਾਲ ਏਹਿ ਰਤਨ—ਭਾਗ 3 ਸਫਾ 320-321

# ਮਨੁੱਖੀ ਗੌਰਵ ਦੇ ਪ੍ਰਤੀਕ- ਸੰਤ ਕਰਮ ਸਿੰਘ ਹਿੰਮਤਪੁਰਾ

"ਹਿੰਮਤਪੁਰੇ ਦੇ ਮੁੰਡੇ ਬੰਬਲੇ*, ਸੱਤਾਂ ਪੱਤਣਾਂ ਦੇ ਤਾਰੂ।
ਸੂਇਆਂ ਕੱਸੀਆਂ ਤੇ ਕਣਕਾਂ ਬੀਜਦੇ, ਛੋਲੇ ਬੀਜਦੇ ਮਾਰੂ।
ਇੱਕ ਮੁੰਡਾ ਤਾ ਫਤਹ ਮੁਹੰਮਦ, ਦੂਜਾ ਹੈ ਸਰਦਾਰੂ।
ਗਾਮਾ, ਬਰਕਤ, ਸੌਣ, ਨਿਹਾਲਾ, ਸਭ ਦੇ ਉਤੋਂ ਬਾਰੂ।
ਸਾਰੇ ਮਿਲ ਕੇ ਮੇਲੇ ਜਾਂਦੇ, ਨਾਲੇ ਜਾਂਦਾ ਨਾਹਰੂ।
ਬਸੰਤੀ ਰੀਝਾਂ ਨੂੰ, ਗਿੱਧੇ ਦਾ ਚਾਉ ਉਭਾਰੂ।"[1]

ਕਦੇ ਜ਼ਿਲ੍ਹਾ ਫੀਰੋਜ਼ਪੁਰ ਅਤੇ ਅੱਜ-ਕੱਲ੍ਹ ਜ਼ਿਲ੍ਹਾ ਮੋਗਾ ਦੇ ਇਸ ਪਿੰਡ ਹਿੰਮਤਪੁਰਾ ਨੂੰ, ਇੱਥੋਂ ਦੇ ਸਾਰੇ ਧਰਮਾਂ ਦੇ ਉੱਚੇ ਲੰਮੇ ਅਤੇ "ਸੱਤਾਂ ਪੱਤਣਾਂ ਦੇ ਤਾਰੂ" ਗੱਭਰੂਆਂ ਨੂੰ, ਉਨ੍ਹਾਂ ਦੀ ਬੁਲੰਦ ਕੀਰਤੀ ਸਦਕਾ, ਉਨ੍ਹਾਂ ਦੇ ਚੰਗੇ ਵਾਹੀਵਾਨ ਹੋਣ ਕਾਰਨ, ਰਲ ਮਿਲ ਕੇ ਮੇਲੇ ਮੁਸਾਹਬੇ ਵੇਖਣ ਦਾ ਸ਼ੌਂਕ ਅਤੇ ਗਿੱਧੇ ਦੇ ਪਿੜ ਵਿੱਚੋਂ ਉੱਠਦੀਆਂ ਬਸੰਤੀ ਰੀਝਾਂ ਨੂੰ, ਲੋਕ ਗੀਤ ਨੇ ਸਦਾ ਸਦਾ ਲਈ, ਆਪਣੀ ਪਟਾਰੀ ਵਿਚ ਸਾਂਭ ਲਿਆ ਹੈ। ਕੂਕਾ ਲਹਿਰ ਦਾ ਅਸਰ ਮਾਲਵੇ ਦੇ ਇਸ ਖਿੱਤੇ ਵਿਚ ਵੀ ਪੂਰੇ ਜਲੌਅ ਵਿਚ ਸੀ। ਅਨੰਦ ਮਰਿਆਦਾ ਦਾ ਮੁੱਢ ਬੰਨ੍ਹਣ ਵਾਲਾ ਖੋਟੇ ਪਿੰਡ ਵੀ ਇੱਥੇ ਹੀ ਸੀ ਅਤੇ ਸਤਿਗੁਰੂ ਰਾਮ ਸਿੰਘ ਜੀ ਨਾਲ ਜਲਾਵਤਨ ਹੋ ਕੇ ਪੰਦਰਾਂ ਸਾਲਾਂ ਤੋਂ ਵੱਧ ਸਮਾਂ ਪੰਜਾਬ ਤੋਂ ਦੂਰ ਓਪਰੀ ਧਰਤੀ ਵਿਚ ਕੈਦ ਕੱਟਣ ਵਾਲਾ ਸੂਬਾ ਮਾਨ ਸਿੰਘ ਵੀ ਲਾਗਲੇ ਪਿੰਡ ਸੈਦੋਕੀ ਦਾ ਹੀ ਵਸਨੀਕ ਸੀ। ਇਨ੍ਹਾਂ ਪਿੰਡਾਂ ਦੇ ਕਿਸਾਨ, ਖੇਤ ਕਾਮੇ, ਦਸਤਕਾਰ ਅਤੇ ਹਟਵਾਣੀਏ ਆਦਿ ਸਤਿਗੁਰੂ ਰਾਮ ਸਿੰਘ ਜੀ ਦੀ ਬੁਲੰਦ ਸ਼ਖ਼ਸੀਅਤ, ਮਨਮੋਹਕ ਦੀਦਾਰੇ ਅਤੇ ਕੂਕਿਆਂ ਦੀਆਂ ਅੰਗਰੇਜ਼ ਸਰਕਾਰ ਨਾਲ ਲਾਈਆਂ ਸਿਰ ਧੜ ਦੀਆਂ ਬਾਜ਼ੀਆਂ ਦੀ ਚਰਚਾ, ਸੱਥਾਂ ਵਿਚ ਕਰਿਆ ਕਰਦੇ ਸਨ। ਉਨ੍ਹੀਵੀਂ ਸਦੀ ਦੇ ਆਖਰੀ ਦਹਾਕੇ ਦੇ ਪਹਿਲੇ ਤਿੰਨ ਸਾਲ ਮੁੱਕਣ ਦੇ ਕਰੀਬ ਇਸੇ ਪਿੰਡ ਹਿੰਮਤਪੁਰਾ ਦੇ ਵਾਹੀਵਾਨ ਊਧਮ ਸਿੰਘ ਅਤੇ ਮਾਤਾ ਪਰਧਾਨ ਕੌਰ ਦੇ ਘਰ ਇਕ ਅਤੀ ਸੁੰਦਰ ਬਾਲਕ ਨੇ ਜਨਮ ਲਿਆ ਜੋ ਆਪਣੇ ਬਚਪਨ ਵਿਚ ਹੀ ਮੰਜੇ ਤੇ ਲੇਟਿਆ ਛੜੀਆਂ ਮਾਰਦਾ ਹੋਇਆ ਵੀ ਹੂੰਅ-ਹੂੰਅ ਕਰਦਾ, ਦਰਸ਼ਕਾਂ ਨੂੰ ਬੜਾ ਪਿਆਰਾ ਲੱਗਦਾ ਸੀ। ਵੱਡੇ ਹੋ ਕੇ ਇਸੇ ਬਾਲਕ ਨੇ ਸੰਤ ਕਰਮ ਸਿੰਘ 'ਹਿੰਮਤਪੁਰਾ' ਦੇ ਨਾਮ ਨਾਲ ਵਿਖਿਆਤ ਹੋ ਕੇ, ਵੀਹਵੀਂ ਸਦੀ ਦੇ ਪਹਿਲੇ ਅੱਧ ਵਿਚ ਸਤਿਗੁਰੂ ਰਾਮ ਸਿੰਘ ਜੀ ਦੇ ਮਿਸ਼ਨ ਦਾ ਪਰਚਾਰ ਕਰਦਿਆਂ ਵਿਚਰਨਾ ਸੀ। ਸੰਤ ਜੀ ਨੇ ਤੀਹ (30) ਸਾਲ ਦੇ ਕਰੀਬ ਆਪਣਾ ਜੱਥਾ ਬਣਾ ਕੇ, ਹਿੰਮਤਪੁਰੇ ਡੇਰਾ ਬਣਾਇਆ ਅਤੇ ਵੱਖ-ਵੱਖ ਇਲਾਕਿਆਂ ਵਿਚ ਵਿਚਰ ਕੇ ਵੀ ਕੂਕਾ

---

* ਲੰਮੇ ਤੇ ਨਰੋਏ

ਪੰਥ ਨਾਲ ਲੋਕਾਂ ਨੂੰ ਜੋੜਿਆ। ਸੰਤਾਂ ਦੇ ਸਿੱਧੇ ਸਾਦੇ ਬੋਲਾਂ ਦਾ ਸਰੋਤਿਆਂ ਤੇ ਅਜਿਹਾ ਅਸਰ ਪੈਂਦਾ ਸੀ ਕਿ ਉਨ੍ਹਾਂ ਦੇ ਸੰਪਰਕ ਵਿਚ ਆਉਣ ਵਾਲੇ ਲੋਕ, ਉਮਰ ਭਰ ਲਈ ਉਨ੍ਹਾਂ ਦੇ ਹੋ ਜਾਂਦੇ ਸਨ। ਸੰਤ ਜੀ ਨਾਲ ਸੰਬੰਧਿਤ ਅਨੇਕ ਦੰਤ ਕਥਾਵਾਂ ਉਨ੍ਹਾਂ ਦੇ ਜਿਊਂਦੇ ਜੀਅ ਵੀ ਪ੍ਰਚਲਿਤ ਹੋ ਗਈਆਂ ਸਨ ਅਤੇ ਉਨ੍ਹਾਂ ਦੇ ਅਕਾਲ ਚਲਾਣੇ ਤੋਂ 77 ਸਾਲ ਬਾਅਦ, ਅੱਜ ਵੀ ਇਨ੍ਹਾਂ ਅਲੌਕਿਕ ਘਟਨਾਵਾਂ ਦਾ ਬਿਆਨ ਕਰਨ ਵਾਲੇ ਮਿਲ ਜਾਂਦੇ ਹਨ। ਬੇਸ਼ਕ ਵਿਗਿਆਨ ਦੀ ਕਸਵੱਟੀ ਤੇ ਪਰਖਣ ਵਾਲਿਆਂ ਨੂੰ, ਇਨ੍ਹਾਂ ਘਟਨਾਵਾਂ ਵਿਚ ਅੱਤਕਥਨੀ ਦੇ ਅੰਸ਼ ਮਹਿਸੂਸ ਹੁੰਦੇ ਹਨ ਪਰ ਧਾਰਮਿਕ ਆਸਥਾ ਵਾਲਿਆਂ ਦਾ ਇਕ ਆਪਣਾ ਖੇਤਰ ਹੁੰਦਾ ਹੈ ਤੇ ਉਸ ਖੇਤਰ ਵਿਚ ਲੋਕ-ਮਨਾਂ ਤੇ ਪਏ ਇਨ੍ਹਾਂ ਵਰਤਾਰਿਆਂ ਦੇ ਪ੍ਰਭਾਵ ਨੂੰ ਅੱਖੋਂ ਪਰੋਖਾ ਨਹੀਂ ਕੀਤਾ ਜਾ ਸਕਦਾ। ਇਸ ਨੂੰ ਅਸੀਂ ਮੌਕਾ ਮੇਲ ਕਹਿ ਲਈਏ ਜਾਂ ਕੋਈ ਹੋਰ ਸਹਿਜ ਵਰਤਾਰਾ, ਇਹ ਦੰਤ ਕਥਾਵਾਂ, ਮਿੱਥ ਬਣਕੇ, ਸਾਡੇ ਲੋਕ ਯਾਨ ਵਿਚ ਆਪਣੀ ਹਾਜ਼ਰੀ ਲੁਆਉਂਦੀਆਂ ਰਹਿੰਦੀਆਂ ਹਨ। ਲੋਕ ਚੇਤਨਾ ਵਿਚੋਂ ਉਗਮੀਆਂ ਲੋਕ ਲਹਿਰਾਂ ਵਿਚ ਵੀ ਇਸ ਮਿੱਥ ਦੀ ਵਰਤੋਂ, ਆਪਣੇ ਟੀਚਿਆਂ ਨੂੰ ਹਾਸਲ ਕਰਨ ਲਈ ਕੀਤੀ ਜਾ ਸਕਦੀ ਹੈ।

"ਪੁੱਤਰਾਂ ਦੇ ਦਾਨੀ" ਦੇ ਤੌਰ ਤੇ ਵਿਖਿਆਤ ਸੰਤ ਕਰਮ ਸਿੰਘ ਹਿੰਮਤਪੁਰਾ ਦੇ ਜੀਵਨ ਵੇਰਵੇ ਤੇ ਹੋਰ ਸਮਾਚਾਰਾਂ ਲਈ ਅਸੀਂ ਨਾਮਧਾਰੀ ਪੰਥ ਦੇ ਮਹਾਨ ਵਿਦਵਾਨ ਅਤੇ ਨਿਸ਼ਕਾਮ ਸੇਵਕ ਮਾਸਟਰ ਨਿਹਾਲ ਸਿੰਘ ਜੀ ਦੀ ਲਿਖਤ ਦੇ ਆਭਾਰੀ ਹਾਂ। ਮਾਸਟਰ ਜੀ ਨੇ ਆਪਣੇ ਸਮੇਂ ਦੇ ਹੋਰ ਕੂਕੇ ਸਾਧੂ ਸੰਤਾਂ ਜਿਉਂ, ਸੰਤ ਕਰਮ ਸਿੰਘ ਜੀ ਬਾਰੇ ਵੀ ਉਨ੍ਹਾਂ ਦੇ ਸੰਗੀਆਂ ਸਾਥੀਆਂ ਅਤੇ ਹੋਰ ਸੱਜਣਾਂ ਤੋਂ ਕਾਫੀ ਕੁੱਝ ਨੋਟ ਕਰਕੇ ਪ੍ਰਕਾਸ਼ਿਤ ਕਰਵਾ ਦਿੱਤਾ ਸੀ। ਮਾਸਟਰ ਜੀ ਦੀ ਰਚਨਾ, "ਕਰਮਯੋਗੀ ਸੰਤ ਕਰਮ ਸਿੰਘ ਜੀ" ਦਾ ਪਹਿਲਾ ਪਹਿਰਾ ਹੀ ਆਪਣੇ ਨਾਇਕ ਦੀ ਸਟੀਕ ਜਾਣਕਾਰੀ ਨਾਲ ਮਾਲਾ ਮਾਲ ਕਰਨ ਵਾਲਾ ਹੈ।

"ਕਰਮ ਯੋਗੀ, ਰਾਜ-ਰਿਸ਼ੀ, ਮਹਾਨ ਤਪੱਸਵੀ, ਪਰ-ਉਪਕਾਰੀ, ਕੀੜੀ ਤੋਂ ਲੈ ਕੇ ਹਾਥੀ ਤੱਕ ਉਸ ਰੱਬੀ ਜੋਤ ਨੂੰ ਵੇਖਣ ਵਾਲੇ, ਸੱਚ ਦੇ ਮੁਤਲਾਸ਼ੀ, ਅੱਠੇ ਪਹਿਰ ਮਸਤ, ਸਦਾ ਚੜ੍ਹਦੀਆਂ ਕਲਾਂ ਵਿਚ ਵਿਚਰਨ ਵਾਲੇ, ਉੱਚਾ ਕੱਦ, ਦਮਕਦਾ ਮੱਥਾ, ਹਸੂੰ ਹਸੂੰ ਕਰਦਾ ਚਿਹਰਾ, ਮੋਟੇ ਨੇਤਰ, ਤੋਤੇ ਦੀ ਚੁੰਝ ਵਰਗਾ ਨੱਕ, ਸਡੌਲ ਸਰੀਰ, ਚਿੱਟੇ ਬਸਤਰਾਂ ਨਾਲ ਘਿਰੇ ਸਾਧ ਮੰਡਲੀ ਵਿਚ ਇਉਂ ਸ਼ੋਭਦੇ ਜਿਵੇਂ ਰਾਜ ਹੰਸ ਮਾਨ ਸਰੋਵਰ ਤੇ। ਇਹ ਸਨ ਕਰਮਾਂ ਵਾਲੀ ਦੇ ਲਡਿੱਕੇ ਤੇ ਕਰਮਾਂ ਵਾਲੇ ਦੇ ਅੱਖ ਦੇ ਤਾਰੇ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਚਰਨਾਂ ਕਮਲਾਂ ਦੇ ਭੌਰੇ, ਬਿਨਾ ਵਿਤਕਰਾ ਹਿੰਦੂ ਸਿੱਖਾਂ ਦੇ ਮਨਾਂ ਦੀਆਂ ਕਾਮਨਾਵਾਂ ਪੂਰੀਆਂ ਕਰਨ ਵਾਲੇ, ਸ੍ਰੀਮਾਨ ਸੰਤ ਕਰਮ ਸਿੰਘ ਜੀ।"[2]

ਅਣਵੰਡੇ ਪੰਜਾਬ ਦੇ ਫਿਰੋਜ਼ਪੁਰ ਜ਼ਿਲ੍ਹੇ ਵਿਚ ਕੂਕਿਆਂ ਦੇ 88 ਪਿੰਡ ਸਨ, ਜਿਨ੍ਹਾਂ ਪਿੰਡਾਂ ਵਿਚ ਕੂਕੇ ਵੱਸਦੇ ਸਨ। ਉਸ ਸਮੇਂ ਦੇ ਨਿਹਾਲ ਸਿੰਘ ਵਾਲਾ ਥਾਣਾ ਵਿਚ ਪੰਦਰਾਂ ਪਿੰਡਾਂ ਵਿਚ ਸਰਕਾਰੀ ਦਸਤਾਵੇਜ਼, ਕੂਕਿਆਂ ਦੀ ਨਿਸ਼ਾਨਦੇਹੀ ਕਰਦੇ ਹਨ। ਇਹ ਪਿੰਡ ਸਨ ਹਿੰਮਤਪੁਰਾ ਅਤੇ ਉਸਦੇ ਆਸ ਪਾਸ ਬਿਲਾਸਪੁਰ, ਬੁਰਜ ਹਮੀਰਾ,

ਭਾਗੀਕੇ, ਦੀਨਾ, ਧੂੜਕੋਟ, ਖੋਟੇ, ਲੋਪੋ, ਨੰਗਲ, ਪੱਤੋਕੀ, ਰਾਓਕੇ ਖੁਰਦ, ਰਣੀਆ, ਰੌਂਤਾ, ਸੈਦੋਕੀ ਅਤੇ ਤਖਤੂਪੁਰਾ। ਲੋਪੋ, ਤਖਤੂਪੁਰਾ ਅਤੇ ਬਿਲਾਸਪੁਰ ਤਿੰਨ ਉਹ ਪਿੰਡ ਹਨ ਜਿੱਥੇ ਸਤਿਗੁਰੂ ਰਾਮ ਸਿੰਘ ਜੀ ਦੁਆਰਾ ਸਥਾਪਿਤ, ਸੂਬਾ ਪ੍ਰਣਾਲੀ ਦੇ ਪ੍ਰਮੁੱਖ ਸੂਬਾ ਜਵਾਹਰ ਸਿੰਘ ਜੀ ਵੀ ਕੁਝ ਕੁਝ ਸਮੇਂ ਲਈ ਨਿਵਾਸ ਰੱਖਦੇ ਰਹੇ ਹਨ। ਮਾਲਵੇ ਦੇ ਇਸ ਖਿੱਤੇ ਵਿਚ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਚਾਰ ਦਾ ਵਿਸ਼ੇਸ਼ ਅਸਰ ਹੋਇਆ ਅਤੇ ਇਨ੍ਹਾਂ ਗੁਰੂ ਦੁਲਾਰੇ ਕੂਕੇ ਮਸਤਾਨਿਆਂ ਨੇ ਆਪਣਾ ਤਨ, ਮਨ, ਧਨ ਸਤਿਗੁਰੂ ਤੋਂ ਨਿਛਾਵਰ ਕਰਕੇ, ਉਨ੍ਹਾਂ ਦੁਆਰਾ ਅਰੰਭੇ ਮੁਕਤੀ ਸੰਗਰਾਮ ਵਿਚ, ਆਪਣਾ ਸਭ ਕੁਝ ਤਿਲ ਤਿਲ ਕਰਕੇ ਹੋਮ ਕਰ ਦਿੱਤਾ ਸੀ। ਸੰਤ ਇੰਦਰ ਸਿੰਘ 'ਚੱਕਰਵਰਤੀ' ਇਸ ਇਲਾਕੇ ਦੀ ਮਹਿਮਾ ਦਾ ਇਉਂ ਬਖਾਨ ਕਰਦੇ ਹਨ–

"ਆਂਹਦੇ ਜਿਸ ਨੂੰ ਮਾਲਵਾ, ਹਿੱਸਾ ਦੇਸ਼ ਪੰਜਾਬ
ਜਿਸ ਦੇ ਅੱਗੇ ਸਵਰਗ ਦੀ, ਫਿੱਕੀ ਲੱਗੇ ਆਬ
ਕੁਦਰਤ ਰਾਣੀ ਵੱਸਦੀ, ਵਿਚ ਮਾਲਵੇ ਆਪ
ਵਿੰਹਦਿਆਂ ਜਿਸ ਨੂੰ ਨੱਸਦੇ, ਦੁਖ ਭੁਖ ਸੰਤਾਪ
ਸਭ ਤੋਂ ਪਹਿਲਾਂ ਮਾਲਵੇ, ਕਰੀ ਆਵਾਜ਼ ਬੁਲੰਦ
ਹੋਣਾ ਅਸੀਂ ਆਜ਼ਾਦ ਹੈ, ਕੱਢ ਗੁਲਾਮੀ ਗੰਦ
ਇਸ ਥਾਂ ਹੋਏ ਕੁਰਬਾਨ ਨੇ, ਹੀਰੇ, ਮੋਤੀ, ਲਾਲ
ਭਰਿਆ ਸੀ ਦਿਲ ਜਿਨ੍ਹਾਂ ਦਾ, ਸੁਤੰਤਰਤਾ ਦੇ ਨਾਲ
ਸਾਡੀ ਧਰਤੀ ਏਸ ਤੇ, ਅਸੀਂ ਆਪ ਕਰਾਂਗੇ ਰਾਜ
ਕਰ ਗਏ ਏਹੋ ਕੂਕਦੇ, ਤੋਪ ਅੱਗੇ ਪਰਵਾਜ।"[3]

ਹੋਸ਼ ਆਉਂਦੀ ਦੇ ਨਾਲ ਸੰਤ ਕਰਮ ਸਿੰਘ ਜੀ ਨੇ ਮੁੱਢਲੀ ਵਿਦਿਆ ਪਿੰਡ ਹਿੰਮਤਪੁਰੇ ਦੇ ਗ੍ਰੰਥੀ ਸਿੰਘ ਤੋਂ ਪੜ੍ਹੀ। ਗੁਰਮੁਖੀ ਅੱਖਰਾਂ ਅਤੇ ਲਗਾਂ ਮਾਤਰਾਂ ਦੀ ਪਹਿਚਾਣ ਕਰਨ ਬਾਅਦ, ਉਨ੍ਹਾਂ ਨੇ ਪੰਜ ਗ੍ਰੰਥੀ ਦਾ ਪਾਠ ਗ੍ਰੰਥੀ ਜੀ ਤੋਂ ਸਰਲ ਕਰ ਲਿਆ ਅਤੇ ਫਿਰ ਇਤਨੀ ਵਿੱਦਿਆ ਲੈ ਕੇ ਹੀ ਗ੍ਰੰਥੀ ਸਿੰਘ ਨੂੰ ਮੱਥਾ ਟੇਕ ਕੇ, ਬੁੱਲ੍ਹੇ ਸ਼ਾਹ ਦੀ ਇਹ ਤੁਕ ਗਾਉਂਦੇ ਹੋਏ ਘਰ ਆ ਗਏ–

"ਇਲਮੋਂ ਬੱਸ ਕਰੀਂ ਓ ਯਾਰ! ਇੱਕੋ ਅਲਫ ਤੈਨੂੰ ਦਰਕਾਰ।"

ਤੇ ਸੰਤਾਂ ਦੀ ਗੱਲ ਵੀ ਠੀਕ ਸੀ, ਜਦੋਂ ਇੱਕ ਨਾਲ ਲਿਵ ਲੱਗ ਜਾਵੇ ਉਦੋਂ ਦੁਨਿਆਵੀ ਗਿਆਨ ਉਸਦੇ ਹਾਣ ਦੇ ਨਹੀਂ ਰਹਿੰਦੇ। ਸੰਨ 1908 ਈ. ਵਿਚ ਜਦੋਂ ਸੰਤ ਜੀ 15 ਕੁ ਸਾਲ ਦੀ ਉਮਰ ਦੇ ਸਨ, ਘਰਦਿਆਂ ਨੇ ਗ੍ਰਹਿਸਤ ਦਾ ਬੰਧਨ ਪਾਉਣ ਲਈ ਰੌੜੇ ਭੈਣੀ ਪਿੰਡ ਦੀ ਇੱਕ ਬੀਬੀ ਨਾਲ ਆਪ ਦਾ ਵਿਆਹ ਕਰ ਦਿੱਤਾ। ਇਹ ਬੀਬੀ ਤਿੰਨ ਕੁ ਸਾਲ ਵੱਸਣ ਮਗਰੋਂ, ਬਗੈਰ ਕਿਸੇ ਸੰਤਾਨ ਦੇ ਅਕਾਲ ਚਲਾਣਾ ਕਰ ਗਈ। ਪਰਿਵਾਰ ਨੇ ਦੁਬਾਰਾ ਸੰਤ ਜੀ ਦੀ ਸ਼ਾਦੀ ਗੱਲ ਤੋਰਨੀ ਚਾਹੀ ਤਾਂ ਆਪ ਨੇ ਕਿਹਾ ਕਿ ਜੇ ਅਸੀਂ ਗ੍ਰਹਿਸਤੀ ਜੀਵਨ ਹੀ ਬਿਤਾਉਣਾ ਹੁੰਦਾ ਤਾਂ ਇਹ ਕਿਉਂ ਜਾਂਦੀ। ਜੋ ਪ੍ਰਮੇਸ਼ਰ ਦੀ ਰਜ਼ਾ ਹੈ ਹੁਣ ਉਸੇ ਵਿਚ ਹੀ ਨਿਭੇਗੀ। ਇਸੇ ਦੌਰਾਨ ਨਰਾਇਣ ਸਿੰਘ

ਨਾਮ ਦੇ ਇਕ ਕੂਕੇ ਸਾਧੂ ਨਾਲ ਆਪ ਦਾ ਮੇਲ ਹੋ ਗਿਆ। ਸੁਭਾਅ ਪਹਿਲਾਂ ਹੀ ਵਿਰਕਤਾਂ ਵਾਲਾ ਸੀ। ਹੁਣ ਜਦੋਂ ਸੰਤ ਨਰਾਇਣ ਸਿੰਘ ਜੀ ਨੇ ਗੁਰਮਤਿ ਦਾ ਉਪਦੇਸ਼ ਦ੍ਰਿੜਾਉਂਦਿਆਂ ਕੰਨ ਵਿਚ ਚੌਅੱਖਰੇ ਨਾਮ ਦੀ ਫੂਕ ਮਾਰ ਦਿੱਤੀ ਤਾਂ ਸੰਤਾਂ ਦੀ ਅਵਸਥਾ, "ਮੈਂ ਹੁੰਦੀ ਜਾਂ ਕੋਈ ਹੋਰ ਹੋਰ" ਵਾਲੀ ਹੋ ਗਈ। ਅੰਮ੍ਰਿਤ ਛਕ ਕੇ ਗੁਰ ਮਰਿਆਦਾ ਧਾਰਨ ਕਰ ਲਈ ਅਤੇ ਤਿਆਰ ਬਰ ਤਿਆਰ, ਨਾਮਧਾਰੀ ਸੰਤ ਖਾਲਸਾ ਸਜ ਗਏ। ਉਸ ਸਮੇਂ ਸਤਿਗੁਰੂ ਪਰਤਾਪ ਸਿੰਘ ਜੀ ਨੂੰ ਨਾਮਧਾਰੀ ਪੰਥ ਦੀ ਗੁਰਗੱਦੀ 'ਤੇ ਬਿਰਾਜਮਾਨ ਹੋਇਆਂ, ਪੰਜ ਕੁ ਸਾਲ ਹੀ ਹੋਏ ਸਨ। ਸਮਾਂ ਮਿਲਣ ਤੇ ਆਪ ਦੇ ਦਰਸ਼ਨ ਦੀਦਾਰ ਕੀਤੇ ਚਰਨ ਪਰਸੇ ਅਤੇ ਫਿਰ ਜੀਵਨ ਦੇ ਅਗਲੇ ਤੀਹ ਵਰ੍ਹੇ ਆਪਣੇ ਅੰਤ ਸਮੇਂ ਤੱਕ, ਸਤਿਗੁਰੂ ਜੀ ਨਾਲ ਪ੍ਰੇਮ ਦੇ ਐਸੇ ਅਤੁੱਟ ਸੂਤਰ ਵਿਚ ਬੱਝ ਗਏ ਕਿ ਗੁਰੂ ਸਿੱਖ ਦਾ ਪ੍ਰੇਮ ਵੀ ਮਿਸਾਲੀ ਬਣ ਗਿਆ ਅਤੇ ਸੰਤ ਕਰਮ ਸਿੰਘ ਜੀ ਰਹਿੰਦੀ ਆਰਜਾ, ਅਨੇਕ ਲੋਕਾਂ ਨੂੰ ਸਤਿਗੁਰੂ ਪਰਤਾਪ ਸਿੰਘ ਜੀ ਦੇ ਚਰਨਾਂ ਨਾਲ ਜੋੜਨ ਵਿਚ ਹੀ ਬਤੀਤ ਕੀਤੀ।

"ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਐਸੀ ਮਿਹਰ ਹੋਈ ਕਿ ਘਰ ਬਾਹਰ ਭੁੱਲ ਗਿਆ, ਬਾਹਰ ਖੇਤਾਂ ਵਿਚ ਡੇਰਾ ਲਾ ਲਿਆ। ਮੱਝਾਂ ਰੱਖ ਲਈਆਂ, ਮਰਿਆਦਾ ਰੱਖ ਲਈ। ਸੋਧ ਦੇ ਪੂਰੇ। ਬੱਸ ਭਜਨ ਬਾਣੀ ਤੋਂ ਬਿਨਾਂ ਕੋਈ ਵਾਸਤਾ ਨਹੀਂ। ਅੱਠੇ ਪਹਿਰ ਭਜਨ ਬਾਣੀ ਜਾਰੀ ਰਹਿਣ। ਅੰਮ੍ਰਿਤ ਵੇਲੇ ਦਾ ਜਾਗਣਾ, ਇਸ਼ਨਾਨ ਕਰਨਾ, ਫੇਰ ਚੌਂਕੜਾ ਮਾਰ ਕੇ ਭਜਨ ਕਰਨਾ, ਆਏ ਗਏ ਨੂੰ ਪ੍ਰਸ਼ਾਦ ਛਕਾਉਣਾ, ਹਰ ਵੇਲੇ ਰੰਗ ਚੜ੍ਹਿਆ ਰਹੇ। ਇਕ ਯੁਵਾ ਅਵਸਥਾ, ਦੂਜਾ ਬ੍ਰਹਮਚਰਿਆ ਦਾ ਪਾਲਣ, ਤੀਜਾ ਭਜਨ ਬੰਦਗੀ ਦਾ ਪ੍ਰਤਾਪ, ਚਿਹਰੇ ਦਾ ਜਲਾਲ ਝੱਲਿਆ ਨਾਂ ਜਾਵੇ। ਸੰਤਾਂ ਦੀ ਇਸ ਕ੍ਰਿਆ ਨੂੰ ਵੇਖ ਕੇ ਹੋਰ ਕਈ ਸੱਜਣ ਮਿਲ ਗਏ। ਸੰਤਾਂ ਨੇ ਉਨ੍ਹਾਂ ਨੂੰ ਨਾਮ ਜਪਾਉਣਾ ਤੇ ਆਪ ਵੀ ਜਪਣਾ।"[4]

ਸੰਤ ਜੀ ਦਾ ਆਪਣਾ ਖਾਣ-ਪਾਨ ਵੈਸਾ ਹੀ ਹੁੰਦਾ ਸੀ ਜਿਹੋ ਜਿਹਾ ਬਾਕੀ ਜਥੇ ਦੇ ਸਿੰਘਾਂ ਦਾ। ਉਹ ਅਕਸਰ ਰੇਸ਼ਮੀ ਬਸਤਰ ਪਹਿਨਿਆ ਕਰਦੇ ਸਨ। ਸਫੈਦ ਰੇਸ਼ਮ ਵਿਚ ਲਿਪਟੇ ਹੰਸਾਂ ਦੀ ਡਾਰ ਜਿਹਾ ਸੰਤਾਂ ਦਾ ਜੱਥਾ। ਇਕ ਵਾਰ ਬਰਨਾਲੇ ਵਿਚੋਂ ਲੰਘ ਰਹੇ ਸਨ। ਨਾਲਦਿਆਂ ਕੁਝ ਸਿੰਘਾਂ ਦੇ ਬਸਤਰ ਮਸਤਾਨੇ ਹੋ ਗਏ ਸਨ। ਉਨ੍ਹਾਂ ਦੀ ਸਥਿਤੀ ਵੇਖ ਕੇ ਸੰਤ ਜੀ ਇਕ ਬਜਾਜੀ ਦੀ ਦੁਕਾਨ 'ਤੇ ਜਾ ਰੁਕੇ। ਬਜਾਜ ਸੰਤ ਜੀ ਦੇ ਤਪ ਤੇਜ਼ ਤੋਂ ਜਾਣੂ ਸੀ। ਸੰਤਾਂ ਦੀ ਸੋਅ ਦੂਰ ਦੂਰ ਤਕ ਪੁੱਜ ਚੁੱਕੀ ਸੀ। ਉਸ ਸੰਤਾਂ ਨੂੰ ਕਿਹਾ ਜੀ ਕੀ ਹੁਕਮ ਹੈ ? ਸੰਤਾਂ ਉਨ੍ਹਾਂ ਸਿੰਘਾਂ ਵੱਲ ਇਸ਼ਾਰਾ ਕਰਦਿਆਂ ਕਿਹਾ ਕਿ ਇਨ੍ਹਾਂ ਦੀ ਲੋੜ ਜੋਗੇ ਰੇਸ਼ਮੀ ਬਸਤਰ ਦੇ ਦਿਓ। ਦੁਕਾਨਦਾਰ ਦੇ ਥਾਨ ਖੁੱਲ੍ਹ ਗਏ। ਗਜ ਮਾਰੇ ਜਾਣ ਲੱਗੇ ਤੇ ਜਦੋਂ ਸਭ ਨੂੰ ਬਸਤਰ ਮਿਲ ਗਏ ਸੰਤ ਫਤੇਹ ਬੁਲਾ ਕੇ ਤੁਰ ਪਏ। ਹੁਣ ਦੁਕਾਨਦਾਰ ਵੀ ਸੰਗਦਾ ਚੁੱਪ ਕਰ ਰਿਹਾ ਕਿ ਸ਼ਾਇਦ ਆਪੇ ਮਾਇਆ ਬਾਰੇ ਕੁਝ ਕਹਿ ਜਾਣਗੇ। ਕੁਝ ਦਿਨ ਲੰਘਣ ਬਾਅਦ ਉਹ ਪੁੱਛਦਾ ਪੁਛਾਉਂਦਾ ਸੰਤਾਂ ਦੇ ਪਿੰਡ ਪਹੁੰਚ ਗਿਆ। ਪਿੰਡ ਵਾਲੇ ਉਸ ਨੂੰ ਮਖੌਲ ਕਰਨ ਕਿ ਭਾਲਦੈਂ ਸੰਤਾਂ ਤੋਂ ਰੌਕੜਾਂ ! ਸੰਤ ਜੀ ਨੂੰ ਮਿਲਕੇ ਉਸ ਮਾਇਆ ਦੀ ਬੇਨਤੀ ਕੀਤੀ। ਸੰਤ ਜੀ ਨੇ ਕਿਹਾ ਕਿ ਸੇਠ ਜੀ

ਮਾਇਆ ਦਾ ਸਾਧੂਆਂ, ਫ਼ਕੀਰਾਂ ਅਤੇ ਦਰਵੇਸ਼ਾਂ ਕੋਲ ਕੋਈ ਟਿਕਾਣਾ ਨਹੀਂ ਹੁੰਦਾ। ਸਾਡੇ ਪਾਸ ਇਕ ਮੱਝ ਹੈ, ਦੁੱਧ ਦੇਣ ਵਾਲੀ ਹੈ ਇਹ ਵੇਖ ਲੈ। ਉਸ ਸੰਤ ਜੀ ਨੂੰ ਕਿਹਾ, "ਮੱਝ ਦਾ ਮੁੱਲ ਦੱਸੋ।" ਸੰਤਾਂ ਦਾ ਜੁਆਬ ਸੀ ਮੁੱਲ ਕੱਪੜਿਆਂ ਦਾ ਵੀ ਤੈਨੂੰ ਹੀ ਪਤੈ ਅਸਾਂ ਤੇ ਤੈਥੋਂ ਪੁੱਛਿਆ ਹੀ ਨਹੀਂ ਸੀ ਅਤੇ ਮੱਝ ਦਾ ਵੀ ਤੂੰ ਹੀ ਦੱਸੇਂਗਾ ਕਿ ਕੀ ਮੁੱਲ ਹੈ। ਇਹ ਸੁਣ ਕੇ ਦੁਕਾਨਦਾਰ ਦਾ ਚਿਹਰਾ ਖਿੜ ਗਿਆ। ਉਸ ਨੂੰ ਤਾਂ ਲੋਕਾਂ ਦੀਆਂ ਗੱਲਾਂ ਤੋਂ ਡਰ ਲੱਗ ਰਿਹਾ ਸੀ ਕਿ ਪੈਸੇ ਡੁੱਬ ਜਾਣੇ ਹਨ। ਹੁਣ ਉਸ ਕੱਪੜਿਆਂ ਦਾ ਮੁੱਲ ਜੋੜ ਕੇ, ਅੱਟੇ ਸੱਟੇ ਮੱਝ ਦਾ ਮੁੱਲ ਪਾਇਆ ਅਤੇ ਆਪਣੀ ਰਕਮ ਵਿਚੋਂ ਵਧਦੀ ਮਾਇਆ ਸੰਤਾਂ ਨੂੰ ਭੇਟ ਕਰਕੇ, ਮੱਝ ਲੈ ਕੇ ਘਰ ਆ ਗਿਆ। ਸੰਤ ਤਾਂ ਸਤਿਗੁਰੂ ਰਾਮ ਸਿੰਘ ਜੀ ਦੀ ਉਸ ਸਿੱਖਿਆ 'ਤੇ ਪਹਿਰਾ ਦੇ ਰਹੇ ਸਨ ਕਿ ਕਰਜਾ ਲੈ ਕੇ ਨਾ ਦੇਣਾ ਚੋਰੀ ਧਾੜੇ ਤੇ ਵੀ ਬੜਾ ਪਾਪ ਹੈ।

ਸਤਿਗੁਰੂ ਜੀ ਦੀ ਚਲਾਈ ਸੁੱਚ ਸੋਧ ਦੀ ਮਰਿਆਦਾ ਤੇ ਸੰਤਾਂ ਨੇ ਡਟ ਕੇ ਪਹਿਰਾ ਦਿੱਤਾ। ਜੇ ਭਜਨ ਦੀ ਵਰਨੀ ਕਰਨੀ ਹੁੰਦੀ ਤਾਂ ਕਪਾਹੇ ਹੋਣ ਜਾਂ ਰੇਸ਼ਮੀ, ਸੁੱਚੇ, ਸਾਰੇ ਬਸਤਰ ਧੋ ਕੇ ਹੀ ਸਿੰਘ ਵਰਨੀ ਵਿਚ ਬੈਠਦੇ ਸਨ। ਜਦੋਂ ਸਿੰਘ ਸ਼ਹੀਦੀ ਦੇਗਾਂ ਸਾਜਦੇ ਸਨ ਤਾਂ ਉਨ੍ਹਾਂ ਨੂੰ ਹੁਕਮ ਸੀ ਕਿ ਉਹ ਦਸਮ ਪਾਤਸ਼ਾਹ ਦੀ ਬਾਣੀ ਪੜ੍ਹਨ–

ਬਿਦਿਹ ਸਾਕੀਯਾ ਸਾਗਰੇ ਸਬਜ਼ ਰੰਗ।
ਕਿ ਮਾ ਰਾ ਬਕਾਰ ਅਸਤ ਦਰ ਵਕਤੇ ਜੰਗ।
ਬਿਦਿਹ ਸਾਕੀਯਾ ਸਬਜ਼ ਰੰਗੇ ਫਿਰੰਗ।
ਕਿ ਵਕਤੇ ਬਕਾਰ ਅਸਤ ਅਜ਼ ਰੋਜ਼ ਜੰਗ।੧੭੯।੧੦।
ਬਿਦਿਹ ਸਾਕੀਯਾ ਸਾਗਰੇ ਕੋਕਨਾਰ।
ਦਰੇ ਵਕਤ ਜੰਗਸ਼ ਬਿਯਾਮਦ ਬਕਾਰ।੫੯॥(੧੧)
ਬਿਦਿਹ ਸਾਕੀਯਾ ਸਾ.ਗਰੇ ਸਬਜ਼ ਗੂੰ।
ਕਿ ਮਾਰਾ ਬਕਾਰਸਤ ਜੰਗ ਅੰਦਰੂ।੨੦॥
ਲਬਾ ਲਬ ਬਕੁਨ ਦਮ ਬਦਮ ਨੋਸ਼ ਕੂਨ।
ਗ਼ਮੇ ਹਰ ਦੋ ਆਲਮ ਫ਼ਰਾਮੋਸ਼ ਕੂਨ।੨੧।੧੨॥ (ਸ੍ਰੀ ਦਸਮ–ਗ੍ਰੰਥ ਸਾਹਿਬ)

ਜਦੋਂ ਸੰਤ ਜੀ ਆਪਣੇ ਪਰਚਾਰ ਦੌਰ ਤੇ ਨਿਕਲਦੇ ਤਾਂ ਉਨ੍ਹਾਂ ਦੇ ਸਿੰਘਾਂ ਨੂੰ ਹਦਾਇਤ ਹੁੰਦੀ ਸੀ ਕਿ ਉਹ ਇਕੱਠੇ ਹੋ ਕੇ ਨਹੀਂ ਤੁਰਨਗੇ। ਆਪੋ ਵਿਚ ਇਤਨੀ ਵਿੱਥ ਰੱਖ ਕੇ ਤੁਰਦੇ ਕਿ ਇਕ ਦੂਜੇ ਨਾਲ ਗੱਲ ਕਰਨ ਦੀ ਨੌਬਤ ਨਾ ਆਉਂਦੀ। ਰਸਤਾ ਪੁੱਛਣ ਦੀ ਜ਼ਿੰਮੇਵਾਰੀ ਇਕ ਸਿੰਘ ਨੂੰ ਸੌਂਪੀ ਜਾਂਦੀ। ਬਾਕੀ ਸਭ ਚੱਲਦੇ ਵਕਤ ਵੀ ਨਾਮ ਸਿਮਰਨ ਵਿਚ ਲੀਨ ਰਹਿੰਦੇ। ਸੁਆਰੀ ਦੇ ਤੌਰ ਤੇ ਸੰਤ ਜੀ ਘੋੜਾ ਜਾਂ ਊਠ ਹੀ ਪਸੰਦ ਕਰਦੇ ਸਨ ਪਰ ਸ੍ਰੀ ਭੈਣੀ ਸਾਹਿਬ ਗੁਰਧਾਮ ਦੀ ਯਾਤਰਾ ਹਮੇਸ਼ਾਂ ਆਪ ਪੈਦਲ ਚੱਲ ਕੇ ਹੀ ਕਰਿਆ ਕਰਦੇ ਸਨ। ਉੱਥੇ ਜਾ ਕੇ ਸ਼ਰਦਾਈ ਹੀ ਛਕਦੇ, ਪਰਸ਼ਾਦਾ ਵੀ ਨਾ ਛਕਦੇ ਅਤੇ ਸਾਰਾ ਸਮਾਂ ਸੇਵਾ ਵਿਚ ਲੀਨ ਰਹਿੰਦੇ। ਸਤਿਗੁਰੂ ਜੀ ਦੀ ਹਜ਼ੂਰੀ ਵਿਚ ਲੱਗਣ ਵਾਲੇ ਦੀਵਾਨਾਂ ਵਿਚ ਆਪ ਹਮੇਸ਼ਾ ਖੜੇ ਹੋ ਕੇ, ਸਜਗ ਪਹਿਰੂਏ ਦੀ ਸੇਵਾ ਨਿਭਾਉਣ ਵਿਚ ਪ੍ਰਸੰਨਤਾ ਅਨੁਭਵ ਕਰਦੇ ਸਨ।

ਸੰਤ ਸ਼ਾਂਤੀ ਦੇ ਤਾਂ ਪੁੰਜ ਸਨ ਪਰ ਵਕਤ ਆਉਣ ਤੇ ਉਨ੍ਹਾਂ ਵਿਚ ਬੀਰ ਰਸ ਵੀ ਪ੍ਰਧਾਨ ਹੋ ਜਾਂਦਾ ਸੀ। ਉਨ੍ਹਾਂ ਦੇ ਪਿੰਡ ਹਿੰਮਤਪੁਰੇ ਕੋਲ ਡੋਗਰਾਂ ਦੇ ਘਰ ਵੀ ਸਨ। ਇਕ ਦਿਨ ਕੁਝ ਡੋਗਰ ਇਕ ਸਾਨ੍ਹ ਦੇ ਪਿੱਛੇ ਪਏ ਹੋਏ ਸਨ। ਉਸਨੂੰ ਕੁੱਟਦੇ-ਕੁੱਟਦੇ ਉਹ ਸੰਤਾਂ ਦੇ ਨੇੜੇ ਅੱਪੜ ਗਏ, ਉੱਥੇ ਆ ਕੇ ਕਾਫ਼ੀ ਹਰਫਲਿਆ ਸਾਨ੍ਹ ਡਿੱਗ ਪਿਆ। ਉਹ ਡਿੱਗੇ ਪਸ਼ੂ 'ਤੇ ਵੀ ਡਾਂਗਾਂ ਦਾ ਮੀਂਹ ਵਰ੍ਹਾਈ ਜਾਂਦੇ ਸਨ। ਸੰਤਾਂ ਨੇ ਉਨ੍ਹਾਂ ਨੂੰ ਇਕ ਦੋ ਵਾਰੀ ਰਸਮੀ ਤੌਰ ਤੇ ਹਟ ਜਾਣ ਲਈ ਕਿਹਾ ਪਰ ਜਦੋਂ ਉਹ ਨਾ ਹਟੇ ਤਾਂ ਅਖੀਰ ਸੰਤ ਜੀ ਨੇ ਸੋਟਾ ਪਕੜ ਕੇ ਉਨ੍ਹਾਂ ਨੂੰ ਲਲਕਾਰਿਆ ਕਿ ਹੁਣ ਇਸ ਮਜ਼ਲੂਮ ਦੀ ਰਾਖੀ ਦਾ ਹੁਕਮ ਸਾਨੂੰ ਲੱਗ ਗਿਆ ਹੈ, ਖ਼ਬਰਦਾਰ ਜੇ ਹੁਣ ਇਹਨੂੰ ਫੁੱਲ ਦੀ ਵੀ ਲਾਈ ਤਾਂ ਖਾਲਸਾ ਤਿਆਰ ਬਰ ਤਿਆਰ ਹੈ। ਬੀਰ ਰਸ ਵਿਚ ਆਇਆ ਸੰਤਾਂ ਦਾ ਸਰੂਪ, ਲਾਲ ਨੇਤਰ, ਕੰਡੇਰਨੇ ਵਾਂਗ ਖੜ੍ਹੇ ਮੁਛਹਿਰੇ ਤੱਕ ਕੇ, ਡੋਗਰ ਪੱਤਰਾ ਵਾਚ ਗਏ। ਸੰਤ ਜੀ ਨੇ ਸਾਨ੍ਹ ਦੀ ਕੰਡ ਤੇ ਹੱਥ ਫੇਰਿਆ। ਕੋਸਾ-ਕੋਸਾ ਦੁੱਧ ਉਸ ਨੂੰ ਮਿੱਠਾ ਪਾ ਕੇ ਛਕਾਇਆ। ਸਾਨ੍ਹ ਹੁਣ ਸਿੱਧਾ ਹੋ ਕੇ ਬਹਿ ਗਿਆ। ਸੰਤਾਂ ਦੀ ਬੀਰਤਾ ਦੇ ਕਿੱਸੇ ਸੱਥਾਂ ਵਿਚ ਗੂੰਜਣ ਲੱਗ ਪਏ। ਮਾੜੇ ਕਿਰਦਾਰ ਵਾਲੇ ਅਤੇ ਲੋਕਾਂ ਨੂੰ ਬਿਨਾਂ ਮਤਲਬ ਤਰਾਹੁਣ ਵਾਲੇ ਲੁੱਚੇ, ਲਫੰਗੇ, ਸੰਤਾਂ ਤੋਂ ਭੈਅ ਖਾਣ ਲੱਗ ਪਏ।[5]

ਸਤਿਗੁਰੂ ਪ੍ਰਤਾਪ ਸਿੰਘ ਜੀ ਇਕ ਵੇਰ ਭੈਣੀ ਮਹਾਰਾਜ ਵਿਚ ਦਰਸ਼ਨ ਦੇ ਰਹੇ ਸਨ। ਦੀਵਾਨ ਸਜਿਆ ਹੋਇਆ ਸੀ। ਰਾਗੀ ਸਿੰਘ ਇਲਾਹੀ ਬਾਣੀ ਦਾ ਕੀਰਤਨ ਕਰ ਰਹੇ ਸਨ। ਮਸਤਾਨੇ ਸਿੰਘ ਸ਼ਬਦ ਦੀ ਚੋਟ ਨਾ ਸਹਾਰਦੇ ਹੋਏ, ਵਜਦ ਵਿਚ ਆ ਕੇ ਨਿਰਤਕਾਰੀ ਕਰ ਰਹੇ ਸਨ। ਸੰਤ ਕਰਮ ਸਿੰਘ ਜੀ ਵੀ ਇਸ ਆਲੌਕਿਕ ਛਬ ਵਾਲੇ ਸੁਹਾਵਣੇ ਸਮੇਂ ਵਿਚ ਆਪਣੇ ਜਥੇ ਸਮੇਤ ਦੀਵਾਨ ਦਾ ਰਸ ਮਾਣ ਰਹੇ ਸਨ। ਉਦੋਂ ਹੀ ਸੇਠ ਫੁੰਮਣ ਮੱਲ ਦੀਵਾਨ ਵਿਚ ਹਾਜ਼ਰ ਹੋਇਆ ਅਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਅੱਗੇ ਝੋਲੀ ਫੈਲਾ ਕੇ ਅਰਜ਼ ਕੀਤੀ ਕਿ ਔਂਤਰਾ ਜਾ ਰਿਹਾ ਹਾਂ, ਪੁੱਤਰ ਦੀ ਦਾਤ ਬਖਸ਼ੋ। ਸਤਿਗੁਰੂ ਜੀ ਨੇ ਸੰਤ ਕਰਮ ਸਿੰਘ ਜੀ ਵੱਲ ਇਸ਼ਾਰਾ ਕਰਕੇ ਕਿਹਾ ਕਿ ਸੇਠ ਜੀ ਪੁੱਤਰਾਂ ਦਾ ਖਜ਼ਾਨਾ ਤਾਂ ਸਤਿਗੁਰ ਜੀ ਨੇ ਸੰਤ ਕਰਮ ਸਿੰਘ ਹੋਰਾਂ ਨੂੰ ਬਖਸ਼ ਦਿੱਤਾ ਹੈ, ਉਨ੍ਹਾਂ ਪਾਸ ਜਾਓ। ਜਦੋਂ ਸੇਠ ਜੀ ਸੰਤਾਂ ਪਾਸ ਗਏ ਤਾਂ ਉਨ੍ਹਾਂ ਕਿਹਾ ਸੇਠ ਜੀ ਸਤਿਗੁਰੂ ਜੀ ਦੇ ਦਰਬਾਰ ਵਿਚ ਕਿਸੇ ਚੀਜ਼ ਦਾ ਘਾਟਾ ਨਹੀਂ, ਪੁੱਤਰ ਤਾਂ ਅਸੀਂ ਅਰਜ਼ ਕਰਾਂਗੇ, ਉਹ ਬਖਸ਼ ਦੇਣਗੇ ਪਰ ਤੂੰ ਸਾਡੇ ਨਾਲ ਵਾਅਦਾ ਕਰ ਕਿ ਪੁੱਤਰ ਹੋਣ ਤੇ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਮੇਲਾ ਕਰਵਾਏਂਗਾ। ਸੇਠ ਜੀ ਸੱਤ ਬਚਨ ਕਹਿ ਕੇ ਆ ਗਏ। ਸਾਲ ਦੇ ਵਿਚ ਹੀ ਉਨ੍ਹਾਂ ਦੇ ਘਰ ਲੜਕਾ ਪੈਦਾ ਹੋਇਆ। ਮੇਲਾ ਹੋਇਆ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਦਰਸ਼ਨ ਦਿੱਤੇ। ਸੇਠ ਜੀ ਨੇ ਇਕ ਘੋੜੀ ਅਰਦਾਸ ਕਰਾਈ। ਸੰਤਾਂ ਦੀ ਮਹਿਮਾਂ, ਇਸ ਪ੍ਰਸੰਗ ਬਾਅਦ ਪੁੱਤਰਾਂ ਦੇ ਦਾਤੇ ਦੇ ਤੌਰ ਤੇ ਦੂਰ ਦੂਰ ਤੱਕ ਫੈਲ ਗਈ। ਸੰਤ ਜੀ ਸਿਦਕੀ ਸਿੱਖ ਸਨ, ਉਹ ਆਪਣੇ ਮਨ, ਬਚਨ, ਕਰਮ ਦੁਆਰਾ, ਸਤਿਗੁਰੂ ਜੀ ਦੀ ਹਰ ਸਿਖਿਆ ਤੇ ਅੱਖਰ ਅੱਖਰ ਅਮਲ ਕਰਿਆ ਕਰਦੇ ਸਨ। ਸਤਿਗੁਰੂ ਰਾਮ ਸਿੰਘ ਜੀ ਨੇ ਮਾਈਆਂ ਬੀਬੀਆਂ ਨੂੰ ਸੋਨੇ ਚਾਂਦੀ ਦੇ ਝੂਠੇ ਗਹਿਣਿਆਂ ਦੀ ਗੁਲਾਮੀ ਤੋਂ

ਮੁਕਤ ਕਰਨ ਦਾ ਉਪਦੇਸ਼ ਦਿੱਤਾ ਸੀ। ਭਾਈ ਕਾਲ੍ਹਾ ਸਿੰਘ ਨੰਗਲ ਵਾਲੇ ਲਿਖਦੇ ਹਨ–

"ਪੂਰੇ ਸਤਿਗੁਰੂ ਪੰਥ ਨੂੰ ਹੁਕਮ ਦਿੰਦੇ,
ਬੁੱਢੀ ਬਾਲੀ ਨੂੰ ਕਹਿਣ ਪੁਕਾਰ ਬੀਬੀ।
ਨਾਮ ਦਾਨ ਇਸ਼ਨਾਨ ਸਣ ਕੇਸ ਕਰਨਾ,
ਖੋਲ੍ਹ ਗੁੱਤ ਜੂੜਾ ਸਿਰ ਧਾਰ ਬੀਬੀ।
ਡੋਰੀ ਖੰਮਣੀ ਸਿੱਟ ਪਰਾਂਦਿਆਂ ਨੂੰ,
ਰੱਖੀਂ ਪਾਸ ਤੂੰ ਪੰਜ ਕਰਾਰ ਬੀਬੀ।
ਨੱਥ ਚੌਂਕ ਤੇ ਵਾਲੀਆਂ ਡੰਡੀਆਂ ਜੋ,
ਤੀਲੀ ਲੌਂਗ ਨੂੰ ਦਈਂ ਉਤਾਰ ਬੀਬੀ।
ਛੱਲੇ ਪਹੁੰਚੀਆਂ ਹੱਥ ਨਾ ਭੁੱਲ ਪਾਈਂ,
ਸੋਧ ਨਾਲ ਹੈ ਇਨ੍ਹਾਂ ਦੀ ਖਾਰ ਬੀਬੀ।
ਸੋਨਾ ਕੂੜ ਰੁੱਪਾ ਗੁਰਾਂ ਹੁਕਮ ਦਿੱਤਾ,
ਕੂੜ ਸਮਝ ਲੈਣਾ ਪਹਿਨਣਹਾਰ ਬੀਬੀ।
ਕਾਲਾ ਸਿੰਘ ਮੈਂ ਦੇਖਿਆ ਹੁਕਮਨਾਮਾ,
ਤਾਂ ਹੀ ਲਿਖਿਆ ਕਲਮ ਪਸਾਰ ਬੀਬੀ।"[6]

ਇਸ ਲਈ ਸੰਤ ਕਰਮ ਸਿੰਘ ਜੀ ਮਾਈਆਂ ਬੀਬੀਆਂ ਵਲੋਂ ਪੁੱਤਰਾਂ ਦੀ ਮੰਗ ਕਰਨ ਤੇ ਟੂਮਾਂ ਦੀ ਮੰਗ ਕਰਿਆ ਕਰਦੇ ਸਨ। ਸੌਦਾ ਸਿੱਧਾ ਸੀ–ਟੂਮਾਂ ਦਿਓ ਤੇ ਪੁੱਤਰ ਲਉ। ਇਸ ਤਰ੍ਹਾਂ ਗੁਰੂ ਰਾਮ ਸਿੰਘ ਜੀ ਦੇ ਬਚਨਾਂ ਤੇ ਵੀ ਅਮਲ ਕਰਵਾਉਂਦੇ ਸਨ ਅਤੇ ਸੰਸਾਰੀ ਜੀਆਂ ਦੀਆਂ ਖੁਸ਼ੀਆਂ ਵੀ ਲੈਂਦੇ ਸਨ।

"ਧਿੰਗੜਾਂ ਦੇ ਨਾਈ ਸਿੰਘ ਦੇ ਘਰ ਪੁੱਤਰ ਨਹੀਂ ਸੀ। ਉਸ ਸੰਤਾਂ ਪਾਸ ਅਰਜ਼ ਕੀਤੀ, "ਜੀ, ਪੁੱਤਰ ਬਖਸ਼ੋ!" ਸੰਤਾਂ ਬਚਨ ਕੀਤਾ: ਇਸ਼ਨਾਨ ਕਰ ਆਈਏ ਤੇ ਤੇਰੇ ਵਾਸਤੇ ਦਰਗਾਹੋਂ ਪੁੱਤਰ ਲੈ ਆਈਏ।" ਸਿੰਘ ਨੂੰ ਲਾਲੀਆਂ ਚੜ੍ਹ ਗਈਆਂ। ਸੰਤ ਇਸ਼ਨਾਨ ਕਰਕੇ ਮੁੜੇ ਤੇ ਬਚਨ ਕੀਤਾ: "ਸਿੰਘਾ! ਲੈ ਸੌਦਾ ਕਰ ਲੈ!' ਜਿੰਨੇ ਅਖੰਡ ਪਾਠ ਉਤਨੇ ਪੁੱਤਰ! ਅਤੇ ਮਾਈ ਜਿੰਨੀਆਂ ਟੂਮਾਂ ਉਤਨੇ ਪੁੱਤਰ! ਸਿੰਘ ਨੇ ਕਿਹਾ: "ਇਕ ਅਖੰਡ ਪਾਠ" ਤੇ ਮਾਈ ਨੇ ਤਿੰਨ ਟੂਮਾਂ ਦਿੱਤੀਆਂ। ਸੰਤਾਂ ਕਹਿਆ "ਲੈ ਭਾਈ, ਤੇਰੇ ਵਾਸਤੇ ਦਰਗਾਹੋਂ ਪੰਜ ਪੁੱਤਰ ਲੈ ਆਏ ਹਾਂ, ਪਰ ਟੂਮਾਂ ਅਤੇ ਅਖੰਡ ਪਾਠਾਂ ਦੇ ਇਕੱਠੇ ਬੱਚੇ ਦਿੰਦੇ ਹਾਂ।" ਬਚਨ ਨਾਲ ਦੋ ਦੋ ਜੌੜੇ ਹੋਏ ਅਤੇ ਇਕ ਇਕੱਲਾ ਹੋਇਆ। ਘਰ ਵਾਲਿਆਂ ਨੂੰ ਲਾਲੀਆਂ ਚੜ੍ਹ ਗਈਆਂ, ਪਰ ਇਕ ਅਖੰਡ ਪਾਠ ਨਾ ਕਰਾਇਆ। ਇਕ ਪੁੱਤਰ ਚੜ੍ਹ ਗਿਆ, ਫੇਰ ਬੜਾ ਪਛਤਾਇਆ। ਫੇਰ ਅਰਜ਼ ਕੀਤੀ, ਜੀ ਅਖੰਡ ਪਾਠ ਦੀ ਪਹੁੰਚ ਨਹੀਂ, ਘਿਓ ਦਾ ਪੀਪਾ ਹੈ। ਸੰਤਾਂ ਹੁਕਮ ਕੀਤਾ ਉਤਨੀ ਖੰਡ ਲੈ ਆ। ਦਰਗਾਹੇ ਅਖੰਡ ਪਾਠ ਹੀ ਮਨਜ਼ੂਰ ਹੋ ਜਾਵੇਗਾ। ਖੰਡ ਘਿਓ ਆ ਗਿਆ, ਸੰਤਾਂ ਰਲ ਕੇ ਸਭ ਨੂੰ ਵਰਤਾ ਦਿੱਤਾ। ਸਭਸ ਦੀਆਂ ਖੁਸ਼ੀਆਂ ਲਈਆਂ।"[7]

ਸੰਤ, ਗਰੀਬ ਦਾ ਮੂੰਹ ਗੁਰੂ ਦੀ ਗੋਲਕ ਸਮਝ ਕੇ, ਆਪਣੇ ਪਾਸ ਆਏ ਪਹੁੰਚ ਵਾਲਿਆਂ ਦਾ ਧਨ ਪਦਾਰਥ ਲੈ ਕੇ ਉਸ ਮਾਇਆ ਦਾ ਲੰਗਰ ਲਾ ਕੇ, ਲੀੜਾ ਕੱਪੜਾ ਵੰਡ ਕੇ, ਉੜਿਆ ਥੁੜਿਆਂ ਦੀ ਮੱਦਦ ਕਰਦੇ ਸਨ।

ਧਿੰਗੜਾਂ ਦੇ ਜ਼ਿਮੀਦਾਰ ਕਿਸ਼ਨ ਸਿੰਘ ਦੀ ਲੜਕੀ ਨਿਹਾਲ ਕੌਰ, ਰਾਮੇ ਦੇ ਭਾਈ ਲਾਲ ਸਿੰਘ ਨਾਲ ਵਿਆਹੀ ਸੀ। ਲਾਲ ਸਿੰਘ ਫਿਰੋਜ਼ਪੁਰ ਵਕਾਲਤ ਕਰਦਾ ਸੀ। ਉਸਦੀ ਬੇਨਤੀ ਤੇ ਇਕ ਅਖੰਡ ਪਾਠ ਕਰਵਾਇਆ। ਬੀਬੀ ਨੇ ਟੂਮ ਲਾਹ ਦਿੱਤੀ। ਪੁੱਤਰ ਹੋਇਆ ਤੇ ਪਰਿਵਾਰ ਰੰਗ ਭਾਗਾਂ ਸਿਉਂ ਵੱਸਦਾ ਹੈ। ਸੰਤ ਜੀ ਦੀ ਮਹਿਮਾ ਸੁਣ ਕੇ ਉਨ੍ਹਾਂ ਦੇ ਸਕੇ ਭਾਈ ਬਸੰਤ ਸਿੰਘ ਦੀ ਸੁਪਤਨੀ ਨੇ ਵੀ ਸੰਤਾਂ ਨੂੰ ਮੱਥਾ ਟੇਕ ਕੇ ਆਪਣਾ ਸੰਕਲਪ ਦੱਸਿਆ। ਭਾਈ ਖਜ਼ਾਨ ਸਿੰਘ ਪਿੰਡ ਖੋਟੇ ਨੇ ਸੰਤਾਂ ਦੀ ਭਰਜਾਈ ਦੀਆਂ ਪਹਿਨੀਆਂ ਟੂਮਾਂ ਉਤਾਰ ਲਈਆਂ। ਸੰਤਾਂ ਨੇ ਖਜ਼ਾਨ ਸਿੰਘ ਨੂੰ ਕਿਹਾ ਕਿ ਬਸੰਤ ਸਿੰਘ ਨੂੰ ਪੁੱਛ ਲਵੇ–"ਟੂਮਾਂ ਲੈਣੀਆਂ ਹਨ ਜਾਂ ਪੁੱਤਰ।" ਉਸ ਦੇ ਪੁੱਤਰਾਂ ਦੀ ਮੰਗ ਕਰਨ ਤੇ ਸੰਤ ਜੀ ਨੇ ਭਰਜਾਈ ਦੇ ਸਾਰੇ ਗਹਿਣੇ ਵੇਚ ਵੱਟ ਕੇ ਗੁਰੂ ਕੇ ਲੰਗਰ ਲਈ ਰਸਤ ਬਸਤ ਹਾਜ਼ਰ ਕਰ ਦਿੱਤੀ। ਸਮਾਂ ਪਾ ਕੇ ਭਾਈ ਬਸੰਤ ਸਿੰਘ ਦੇ ਘਰ ਜਰਨੈਲ ਸਿੰਘ, ਕਾਹਨ ਸਿੰਘ ਅਤੇ ਮਾਹਣ ਸਿੰਘ ਤਿੰਨ ਪੁੱਤਰ ਹੋਏ। ਮਾਹਣ ਸਿੰਘ ਤਾਂ ਬਿਹੰਗਮ ਵਿਚਰਿਆ, ਪਹਿਲੇ ਦੋਹਾਂ ਦੇ ਪਰਿਵਾਰ ਹਿੰਮਤਪੁਰੇ ਵੱਸਦੇ ਹਨ। ਇਸੇ ਤਰ੍ਹਾਂ ਮਧੇ ਪਿੰਡ ਦੇ ਇਕ ਜੱਟ ਦੇ ਘਰ ਲੰਗਰ ਕਰਕੇ ਹੀ ਪੁੱਤਰ ਦੀ ਦਾਤ ਬਖਸ਼ ਦਿੱਤੀ।

"ਧਨੌਲੇ ਨਰਾਇਣ ਸਿੰਘ ਜ਼ਿਮੀਂਦਾਰ ਸੀ। ਉਸ ਦੀਆਂ ਦੋ ਸ਼ਾਦੀਆਂ ਸਨ। ਪਰ ਬੱਚਾ ਕੋਈ ਨਹੀਂ ਸੀ। ਪੁੱਤਰ ਵਾਸਤੇ ਅਰਜ਼ ਹੋਈ। ਸੰਤਾਂ ਟੂਮਾਂ ਦੀ ਮੰਗ ਕੀਤੀ। ਛੋਟੀ ਸਿੰਘਣੀ ਨੇ ਕਿਹਾ: "ਜੀ! ਟੂਮਾਂ ਮੈਂ ਦੇਂਦੀ ਹਾਂ।" ਪਰ ਸੰਤਾਂ ਕਿਹਾ: "ਵੱਡੀ ਸਿੰਘਣੀ ਤੋਂ ਟੂਮਾਂ ਲਵਾਂਗੇ। ਉਸ ਨੂੰ ਪੁੱਤਰ ਦੇਣਾ ਹੈ। ਦਾਨੀ ਨੇ ਕਿਹਾ: "ਜੀ ਮੈਂ ਤਾਂ ਪੰਜਾਹ ਸਾਲ ਦੀ ਹਾਂ, ਮੇਰੇ ਪੁੱਤਰ ਕਿੱਥੇ ? ਸੰਤਾਂ ਕਿਹਾ: "ਬੀਬੀ ਜੀ, ਸਤਿਗੁਰੂ ਦੇ ਘਰ ਉਮਰ ਦਾ ਕੋਈ ਸਵਾਲ ਨਹੀਂ। ਉਥੇ ਮਿਹਰ ਕੰਮ ਕਰਦੀ ਹੈ।" ਬੀਬੀ ਨੇ ਟੂਮਾਂ ਲਾਹ ਦਿੱਤੀਆਂ, ਸਾਲ ਦੇ ਅੰਦਰ ਅੰਦਰ ਪੁੱਤਰ ਹੋ ਗਿਆ।

"ਇਕ ਵੇਰ ਸੰਤ ਵੱਡੀ ਮਹੌਲੀ ਖੂਹ ਤੇ ਇਸ਼ਨਾਨ ਕਰ ਰਹੇ ਸਨ ਕਿ ਨੇੜੇ ਦੇ ਪਿੰਡ ਦੇ ਘੁਮਿਆਰ ਤੇ ਘੁਮਿਆਰੀ ਆਏ ਤੇ ਅਰਜ਼ ਕੀਤੀ: "ਪੁੱਤਰਾਂ ਤੋਂ ਵਾਂਝੇ ਹਾਂ, ਕਿਰਪਾ ਕਰੋ, ਗਰੀਬ ਹਾਂ।" ਸੰਤਾਂ ਘੁਮਿਆਰੀ ਦੇ ਨੱਕ ਵੱਲ ਇਸ਼ਾਰਾ ਕਰਦਿਆਂ ਕਿਹਾ: "ਉਹ ਕੋਕਾ ਲਾਹ ਦੇਹ। ਇਸ ਖਾਤਰ ਪੁੱਤਰ ਹੋ ਜਾਏਗਾ।" ਕੋਕਾ ਸਵਾ ਰੁਪਏ ਦਾ ਵਿਕਿਆ, ਉਹ ਲੰਗਰ ਵਿਚ ਪਾ ਦਿੱਤਾ। ਸਮਾਂ ਪਾ ਕੇ ਪੁੱਤਰ ਹੋ ਗਿਆ। ਫਿਰ ਉਹ ਸਵਾ ਸੌ ਰੁਪਿਆ ਲੈ ਕੇ ਹਾਜ਼ਰ ਹੋਏ। ਸੰਤਾਂ ਕਿਹਾ, "ਹੁਣ ਅਸੀਂ ਇਹ ਸਵਾ ਸੌ ਨਹੀਂ ਲੈਂਦੇ। ਉਸੇ ਸਵਾ ਰੁਪਏ ਵਿਚ ਪੁੱਤਰ ਹੈ।" ਪਰ ਉਹ ਦੰਪਤੀ ਸਵਾ ਸੌ ਰੁਪਏ ਲੰਗਰ ਵਿਚ ਪਾ ਕੇ ਹੀ ਮੁੜੇ।

"ਪੰਡਿਤ ਸੰਤ ਰਾਮ ਵੈਦ (ਖੁੱਡੀ ਵਾਲਾ) ਲੋਕਾਂ ਨੂੰ ਦਵਾਈਆਂ ਦੇਣ ਵਾਲਾ ਤੇ ਔਤਰਿਆਂ ਨੂੰ ਪੁੱਤਰ ਦੇਣ ਵਾਲਾ, ਆਪ ਖਾਲਮ ਖਾਲੀ ਸੀ। ਕਿਸੇ ਕਿਹਾ: ਵੈਦ ਜੀ

ਪੁੱਤਰ ਲਵੋ। ਪੁੱਤਰਾਂ ਦੇ ਵਰਤਾਵੇ ਆਏ ਹੋਏ ਹਨ।" ਵੈਦ ਜੀ ਪੁੱਤਰ ਵਾਸਤੇ ਹੱਥ ਬੰਨ੍ਹ ਕੇ ਅਰਜ਼ ਕੀਤੀ। ਹੁਕਮ ਹੋਇਆ– "ਨੱਤੀਆਂ ਲਾਹ ਦਿਓ।" ਨਾਲ ਦਾ ਸਿੰਘ ਨੱਤੀਆਂ ਲਾਹੁਣ ਲੱਗਾ ਤਾਂ ਉਹ ਕਹਿਣ ਲੱਗਾ: "ਜੀ ਨੱਤੀਆਂ ਦੂਹਰੀਆਂ ਹਨ।" ਤਾਂ ਸਿੰਘ ਨੇ ਕਿਹਾ: "ਪੁੱਤਰ ਵੀ ਦੂਹਰੇ ਹੋਣਗੇ।" ਸੰਤਾਂ ਕਿਹਾ: "ਸਿੰਘਾ ਜਿਵੇਂ ਤੂੰ ਆਖਦਾ ਹੈਂ ਤਿਵੇਂ ਹੋਵੇਗਾ।"

ਸਾਧੂ ਬੋਲੇ ਸਹਿਜ ਸੁਭਾ, ਸਾਧੂ ਦਾ ਬੋਲਿਆ ਬਿਰਥਾ ਨਾ ਜਾ। ਸਾਲ ਦੇ ਅੰਦਰ ਅੰਦਰ ਵਧਾਈਆਂ ਮਿਲਣ ਲੱਗ ਪਈਆਂ।

"ਭਗਤੇ ਵਿਚ ਚੈਂਚਲ ਸਿੰਘ ਨਾਈ ਤੇ ਇਕ ਹੋਰ ਖੁੱਲ੍ਹੇ ਸਿੰਘ ਦੇ ਘਰ ਪੁੱਤਰ ਨਹੀਂ ਸਨ। ਸੰਤਾਂ ਨੇ ਕਿਹਾ: 'ਇਸ਼ਨਾਨ ਕਰਕੇ ਭਜਨ ਪੁੱਛ ਲਵੋ।' ਉਨ੍ਹਾਂ ਬਚਨ ਮੰਨ ਲਿਆ। ਭਜਨ ਪੁਛ ਲਿਆ, ਬੱਸ ਦੁਹਾਂ ਤੇ ਕ੍ਰਿਪਾ ਹੋ ਗਈ।

"ਭਦੌੜ ਭਾਈ ਲਾਲ ਸਿੰਘ ਰਹਿੰਦਾ ਸੀ, ਭਾਣੇ ਅਨੁਸਾਰ ਉਹਦਾ ਟੱਬਰ ਚੜ੍ਹ ਗਿਆ। ਕਿਸੇ ਮਸਖਰੇ ਨੇ ਕਿਹਾ: "ਸੰਤ ਬਣੇ ਫਿਰਦੇ ਹਨ, ਲਾਲ ਸਿੰਘ ਨੂੰ ਵਿਆਹੁਣ।" ਸੰਤਾਂ ਸਰਬਣ ਸਿੰਘ ਨਾਲ ਗੱਲ ਕੀਤੀ ਕਿ ਲਾਲ ਸਿੰਘ ਕੁਛ ਦੇਵੇ ਤਾਂ ਇਹਦਾ ਵਿਆਹ ਕਰ ਦੇਈਏ। ਲਾਲ ਸਿੰਘ ਕਿਹਾ: "ਮੈਂ ਤਾਂ ਅੱਗੇ ਹੀ ਸਭ ਕੁਝ ਸੰਤਾਂ ਦਾ ਸਮਝਦਾ ਹਾਂ, ਦਸਾਂ ਵੀਹਾਂ ਦਾ ਕੀ ਦੇਵਾਂ। ਮੇਰੇ ਕੋਲ ਮੱਝ ਤੇ ਢੱਗਾ ਹੈ, ਜੋ ਮਰਜ਼ੀ ਹੈ ਲੈ ਲੈਣਾ।" ਸੰਤਾਂ ਮੱਝ ਲੈ ਲਈ ਤੇ ਕਿਹਾ ਕਿ ਮੱਝ ਵਿਕਾਊ ਹੈ ਤਾਂ ਇਕ ਜ਼ਿਮੀਂਦਾਰ ਨੇ ਕਿਹਾ: ਮੈਂ ਨੱਬੇ ਰੁਪਏ ਦਿੰਦਾ ਹਾਂ।" ਲਾਲ ਸਿੰਘ ਨੇ ਕਿਹਾ ਕਿ ਨੱਬੇ ਰੁਪਏ ਤਾਂ ਮੈਂ ਵੀ ਦਿੰਦਾ ਹਾਂ। ਸੰਤਾਂ ਕਿਹਾ, "ਭਾਈ ਦਾਨ ਕਰਕੇ ਮੁੜ ਨਹੀਂ ਵਸਤ ਲਈਦੀ, ਤੂੰ ਫਿਕਰ ਨਾਂ ਕਰ, ਤੇਰਾ ਮੰਗਣਾ ਕਰ ਦਿੱਤਾ ਹੈ।' ਸੰਤਾਂ ਸੌ ਰੁਪਏ ਦਾ ਸੀਧਾ (ਰਸਦ) ਮੰਗਵਾਇਆ ਤੇ ਲੱਗੇ ਲੰਗਰ ਛਕਾਉਣ। ਉਨ੍ਹੀਂ ਦਿਨੀਂ ਘਿਓ 17 ਛਟਾਂਕ ਇਕ ਰੁਪਏ ਦਾ, ਖੰਡ ਪੰਜ ਸੇਰ, ਚੌਲ ਤਿੰਨ ਰੁਪਏ ਮਣ, ਚੰਗੀ ਰਸਦ ਹੋ ਗਈ। ਬੜਾ ਲੰਗਰ ਲੱਗਾ, ਸੰਤਾਂ ਕਿਹਾ, "ਲਉ ਭਾਈ ਲਾਲ ਸਿੰਘ ਦਾ ਮੰਗਣਾ ਹੋ ਗਿਆ।" ਇਕ ਮਖੌਲੀਏ ਨੇ ਕਿਹਾ: "ਲਾਲ ਸਿੰਘਾ! ਮੰਗਣਾ ਕਿੱਥੇ ਹੋਇਆ ਹੈ।" ਲਾਲ ਸਿੰਘ ਅੱਗੋਂ ਉਤਰ ਦੇਵੇ ਸੰਤ ਜਾਨਣ।

"ਸੰਤ ਤਾਂ ਲੰਗਰ ਕਰਕੇ ਚਲੇ ਗਏ, ਮਗਰੋਂ ਲੱਗੀਆਂ ਲਾਲ ਸਿੰਘ ਨੂੰ ਟਿਚਕਰਾਂ ਹੋਣ: 'ਭਾਈ ਤੇਰਾ ਮੰਗਣਾ ਕਿਥੇ ਹੋਇਆ ਹੈ ?, ਲਾਲ ਸਿੰਘ ਦਾ ਇਕੋ ਉੱਤਰ ਸੀ, 'ਸੰਤ ਜਾਨਣ'। ਇਕ ਦਿਨ ਲਾਲ ਸੁੱਤਾ ਪਿਆ ਸੀ ਕਿ ਗੁਪਤ ਹੁਕਮ ਹੋਇਆ ਕਿ 'ਲਾਲ ਸਿੰਘਾ ਭਾਈਕੇ ਰੂਪੇ ਜਾ'। ਲਾਲ ਸਿੰਘ ਸਵੇਰੇ ਉੱਠਿਆ ਤੇ ਜਲ ਪ੍ਰਸ਼ਾਦ ਛਕ ਕੇ ਰੂਪੇ ਨੂੰ ਤੁਰ ਪਿਆ। ਰਾਹ ਵਿਚ ਦੂਲੇ ਵਾਲੇ ਦਾ ਨਿੱਕਾ ਸਿੰਘ ਮਿਲ ਪਿਆ, ਉਸ ਬੜਾ ਪ੍ਰੇਮ ਕੀਤਾ। ਰਾਤ ਦੂਲੇ ਵਾਲੇ ਰਹਿ ਪਿਆ। ਮਨ ਵਿਚ ਆਇਆ ਕਿ ਰੂਪੇ ਕੀ ਜਾਣਾ ਏਂ, ਮਗਰ ਰਾਤੀਂ ਫਿਰ ਹੁਕਮ ਹੋਇਆ ਭਾਈ! ਰੂਪੇ ਜਾ।'

"ਲਾਲ ਸਿੰਘ ਰੂਪੇ ਨੂੰ ਤੁਰ ਪਿਆ ਅੱਗੇ ਮਾਈ ਜੈ ਕੌਰ ਦੇ ਘਰ ਸਾਧ ਸੰਗਤ ਜੁੜੀ ਹੋਈ ਸੀ। ਨੰਦੀ ਮਰਾਸੀ ਨੂੰ ਕਹਿ ਰਹੀ ਸੀ, 'ਦਾਦਾ! ਜਾ ਭਦੌੜ ਵਾਲੇ ਲਾਲ ਸਿੰਘ ਨੂੰ

ਬੁਲਾ ਲਿਆ।' ਅਜੇ ਗੱਲਾਂ ਹੀ ਹੋ ਰਹੀਆਂ ਸਨ ਕਿ ਲਾਲ ਸਿੰਘ ਨੇ ਜਾ ਸਤਿ ਸ੍ਰੀ ਅਕਾਲ ਬੁਲਾਈ। ਨੰਦੀ ਕਿਹਾ: ਲਾਲ ਸਿੰਘ! ਜੈ ਕੌਰ ਦੀ ਬੀਬੀ ਬਾਰਾਂ ਸਾਲ ਦੀ ਹੈ, ਤੈਨੂੰ ਮਨਜ਼ੂਰ ਹੈ। ਪੰਜਾਂ ਦਿਨਾਂ ਪਿੱਛੋਂ ਅਨੰਦ ਹੋ ਗਿਆ ਤੇ ਲਾਲ ਸਿੰਘ, ਆਪਣੀ ਸਿਖਣੀ ਭਾਨ ਕੌਰ ਨੂੰ ਲੈ ਕੇ ਨਾਲ, ਭਦੌੜ ਨੂੰ ਮੁੜਿਆ। ਕਿਸੇ ਸੰਤਾਂ ਨੂੰ ਸਾਰੀ ਗੱਲ ਜਾਂ ਦੱਸੀ ਤੇ ਕਿਹਾ, 'ਜੀ ਲਾਲ ਸਿੰਘ ਦਾ ਅਨੰਦ ਤਾਂ ਹੋ ਗਿਆ ਹੈ ਮਗਰ ਸਿੱਖਣੀ ਛੋਟੀ ਹੈ। ਸੰਤਾਂ ਹੱਸਦਿਆਂ ਕਿਹਾ: "ਭਾਈ! ਜਿੱਡੀ ਮੱਝ ਉੱਡੀ ਸਿਖਣੀ, ਜੇ ਮੱਝ ਵੱਡੀ ਹੁੰਦੀ ਤਾਂ ਸਿੱਖਣੀ ਵੱਡੀ ਹੁੰਦੀ।

"ਇਕ ਵੇਰ ਦੌਰਾ ਕਰਦੇ ਭਦੌੜ ਆਏ। ਸੂਬਾ ਬਿਸ਼ਨ ਸਿੰਘ ਦੇ ਘਰ ਗਏ ਅੱਗੇ ਜੰਦਰਾ ਲੱਗਾ ਹੋਇਆ ਸੀ। ਸੰਤਾਂ ਜੰਦਰਾ ਖੋਲ੍ਹ ਲਿਆ ਤੇ ਲੰਗਰ ਹੋਣ ਲੱਗ ਪਿਆ। ਲੰਗਰ ਛੱਕ ਕੇ ਸਿੰਘ ਰਵਾਨਾ ਹੋਣ ਲੱਗੇ, ਇਕ ਸਿੱਖ ਨੇ ਕਿਹਾ, 'ਜੀ ਜੰਦਰਾ ਲਾ ਦੇਈਏ।' ਸੰਤਾਂ ਕਿਹਾ: 'ਭਾਈ ਅਸੀਂ ਜੰਦਰਾ ਖੋਲ੍ਹਣ ਆਏ ਹਾਂ, ਬਿਸ਼ਨ ਸਿੰਘ ਦੇ ਘਰ ਜੰਦਰਾ ਲਾਉਣ ਨਹੀਂ ਆਏ।' ਬਿਸ਼ਨ ਸਿੰਘ ਮੁਕਤਸਰ ਮੇਲੇ ਤੇ ਗਿਆ ਹੋਇਆ ਸੀ, ਉਥੇ ਮਾਤਾ ਜੀਉਣ ਕੌਰ ਜੀ ਵੀ ਗਏ ਹੋਏ ਸਨ। ਉਨ੍ਹਾਂ ਬਚਨ ਕੀਤਾ: 'ਬਿਸ਼ਨ ਸਿਹਾਂ ਤੇਰੇ ਘਰ ਦਾ ਬੂਹਾ ਖੋਲ੍ਹ ਦੇਈਏ' ਤਾਂ ਸੰਤਾਂ ਮੁਸਕਰਾਉਂਦਿਆਂ ਕਿਹਾ: 'ਤੁਹਾਡੀਆਂ ਖੁਸ਼ੀਆਂ।' ਮਾਤਾ ਜੀ ਉਸੇ ਵੇਲੇ ਸੰਤ ਬਖਤੌਰ ਸਿੰਘ ਦੀ ਬੀਬੀ ਜੈ ਕੌਰ ਨਾਲ ਅਰਦਾਸਾ ਕਰ ਦਿੱਤਾ (ਭਾਵ ਵਿਆਹ ਕਰ ਦਿੱਤਾ) ਤੇ ਬਿਸ਼ਨ ਸਿੰਘ ਦਾ ਬੂਹਾ ਖੁੱਲ੍ਹਦਾ ਹੋਇਆ।"[8]

ਸੰਤ ਜੀ ਦੇ ਭਾਈ ਬਸੰਤ ਸਿੰਘ ਨੇ ਕਈ ਵੇਰ ਸੰਤਾਂ ਦੀਆਂ ਕਾਰਵਾਈਆਂ ਤੇ ਕਿੰਤੂ ਪ੍ਰੰਤੂ ਵੀ ਕਰਨਾ ਕਿ ਐਵੇਂ ਵਿਹਲੜਾਂ ਨੂੰ ਰੇਸ਼ਮ ਪੁਆਉਂਦੇ ਫਿਰਦੇ ਹਨ। ਪੈਸੇ ਮੰਗਣ ਵਾਲੇ ਸਾਡੇ ਘਰ ਦੇ ਬੂਹੇ ਪੱਟ ਮਾਰਦੇ ਹਨ। ਸੰਤ ਜੀ ਉਸਨੂੰ ਸਮਝਾਉਂਦੇ ਕਿ ਭਾਈ ਇਹ ਲੋਕ ਬੜੇ ਕੰਜੂਸ ਹਨ ਉਂਜ ਤਾਂ ਇਨ੍ਹਾਂ ਹੱਥੋਂ ਕਿਸੇ ਗਰੀਬ ਗੁਰਬੇ ਦਾ ਭਲਾ ਹੋਣਾ ਨਹੀਂ ਹੁੰਦਾ, ਇਸ ਤਰ੍ਹਾਂ ਕਰਵਾ ਦਿੰਦੇ ਹਾਂ। ਜਿਹੜਾ ਕੋਈ ਮਾੜਾ ਧਾੜਾ ਸਾਡੀ ਦਾਬ ਵਿਚ ਆ ਜਾਏ, ਉਸ ਦੀ ਹੱਕ ਰਸੀ ਕਰਨ ਲੱਗਿਆਂ, ਅਸੀਂ ਲੱਗਦੀ ਵਾਹ ਕਸਰ ਨਹੀਂ ਛੱਡਦੇ।

ਜਦੋਂ ਕਦੇ ਮੀਂਹ ਨਾ ਪੈਣੇ ਔੜ ਲੱਗ ਜਾਣੀਂ, ਉਦੋਂ ਸੰਤਾਂ ਨੇ ਹਾਲੀਆਂ ਪਾਲੀਆਂ ਲਈ ਤਾਂ ਛਬੀਲਾਂ ਲਾਉਣੀਆਂ ਹੀ ਸਨ, ਉਨ੍ਹਾਂ ਦੇ ਬੈਲਾਂ ਆਦਿ ਨੂੰ ਵੀ ਗੁੜ ਦਾ ਸ਼ਰਬਤ ਪਿਆ ਦਿੰਦੇ। ਰੋਡੇ ਪਿੰਡ ਵਿਚ ਇਕ ਔੜ ਸਮੇਂ ਸਾਰੀਆਂ ਹੱਟੀਆਂ ਤੋਂ ਗੁੜ ਲੈ ਕੇ, ਪਾਣੀ ਦੇ ਕੜਾਹੇ ਮਿੱਠੇ ਜਲ ਦੇ ਭਰ ਲਏ। ਲੋਕ ਵੀ ਛਕਣ ਤੇ ਉਨ੍ਹਾਂ ਦੇ ਪਸ਼ੂ ਵੀ। ਸੰਤ ਬਿਨਾਂ ਪੈਸੇ ਦਿੱਤੇ ਚਲੇ ਗਏ। ਦੁਕਾਨਦਾਰਾਂ ਤਾਂ ਮੰਦਾ ਚੰਗਾ ਬੋਲਣਾ ਹੀ ਸੀ। ਕੁਝ ਸਮੇਂ ਬਾਅਦ ਸੰਤ ਜੀ ਨੇ ਫਿਰ ਰੋਡੇ ਪਿੰਡ ਜਾ ਕੇ ਜੱਗਾ ਸਿੰਘ ਨੂੰ ਉੱਥੇ ਅਖੰਡ ਪਾਠ ਕਰਨ ਦੀ ਮਨਸ਼ਾ ਦੱਸੀ। ਜੱਗਾ ਸਿੰਘ ਨੇ ਕਿਹਾ–'ਮਹਾਰਾਜ ਅੱਗੇ ਹੀ ਬੜੀ ਨਿੰਦਿਆ ਹੋ ਰਹੀ ਹੈ। ਹੁਣ ਇੱਥੇ ਅਖੰਡ ਪਾਠ ਨਾ ਕਰਿਉ! ਜੇ ਜ਼ਰੂਰ ਕਰਨਾ ਹੈ ਤਾਂ ਪੈਸੇ ਰਸਦ ਦੇ ਪਹਿਲਾਂ ਦਿਓ।" ਸੰਤ ਜੀ ਨੇ ਕਿਹਾ–"ਜੱਗਾ ਸਿੰਘ! ਅਸਾਂ ਅਖੰਡ ਪਾਠ ਇੱਥੇ ਹੀ ਕਰਨਾ ਹੈ। ਤੁਸੀਂ ਪਿੰਡ ਵਿਚ ਹੋਕਾ ਦੁਆ ਦਿਓ ਕਿ ਕੋਈ ਸਾਨੂੰ ਰਸਦ ਨਾ ਦੇਵੇ।" ਸੰਤ

ਜੀ ਅੱਠ ਦਿਨ ਰਹਿ ਕੇ ਜੱਥੇ ਸਮੇਤ ਲੰਗਰ ਕਰਦੇ ਰਹੇ, ਅਖੰਡ ਪਾਠ ਹੋਏ। ਜਿਹੜੇ ਪਹਿਲਾਂ ਮਾੜਾ ਬੋਲਦੇ ਸੀ, ਘਿਓ ਦੇਣ ਤੋਂ ਇਨਕਾਰੀ ਸਨ, ਸੰਤ ਜੀ ਦੇ ਡੇਰੇ ਤੇ ਚਰਨ ਪਾਉਂਦਿਆਂ ਹੀ ਘਿਓ ਦੇ ਪੀਪੇ ਚੁੱਕ ਲਿਆਏ। ਹੋਰ ਰਸਦਾਂ ਵੀ ਆ ਗਈਆਂ। ਅੱਠ ਦਿਨ ਮੇਲਾ ਬਣਿਆ ਰਿਹਾ। ਸੰਤ ਜੀ ਅਰਦਾਸਾ ਕਰਕੇ ਅਗਲੇ ਪਿੰਡ ਨੂੰ ਤੁਰੇ ਤਾਂ ਪਤਾ ਲੱਗਣ ਤੇ ਜੱਗਾ ਸਿੰਘ ਮਗਰ ਭੱਜਿਆ ਕਿ ਸੰਤ ਜੀ ਪੈਸੇ ਦੇ ਜਾਉ। ਸੰਤ ਜੀ ਨੇ ਉਸਨੂੰ ਇਹ ਕਹਿ ਕੇ ਸ਼ਾਂਤ ਕਰਕੇ ਮੋੜ ਦਿੱਤਾ ਕਿ ਭਾਈ ਜੇ ਤੇਰੇ ਪੈਸੇ ਹੋਏ ਤਾਂ ਜ਼ਰੂਰ ਮਿਲ ਜਾਣਗੇ। ਇਉਂ ਕਾਲ ਸੁਕਾਲ ਜਾਂ ਹੋਰ ਕੁਦਰਤੀ ਆਫਤਾਂ ਦਾ ਸਮਾਂ, ਸੰਤ ਜੀ ਆਪਣੇ ਜਥੇ ਸਮੇਤ ਭਜਨ ਬਾਣੀ ਕਰਦਿਆਂ, ਲੰਗਰ ਚਲਾਉਂਦਿਆਂ, ਲੰਘਾ ਦਿਆ ਕਰਦੇ ਸਨ। ਇਸੇ ਵਿਚ ਸੰਤਾਂ ਦੀ ਸੰਤਤਾਈ ਅਤੇ ਲੋਕਪ੍ਰਿਅਤਾ ਦਾ ਰਾਜ਼ ਛਿਪਿਆ ਹੁੰਦਾ ਸੀ।[੯]

ਸੰਤ ਜੀ ਨੇ ਆਪਣੀ ਪਾਰਸਾਈ ਤਬੀਅਤ ਨਾਲ ਆਪਣੇ ਸੰਪਰਕ ਵਿਚ ਆਉਣ ਵਾਲੇ ਅਨੇਕ ਦੀਨ ਦੁਖੀਆਂ ਦੇ ਦੁੱਖ ਦੂਰ ਕੀਤੇ ਸਨ। ਸੰਤ ਜੀ ਦੀ ਮਹਿਮਾਂ ਨਾਮਧਾਰੀ ਪੰਥ ਤੋਂ ਅੱਗੇ ਹੋਰ ਮੱਤਾਂ ਮਤਾਂਤਰਾਂ ਵਿਚ ਵੀ ਫੈਲ ਚੁੱਕੀ ਸੀ। ਇਕ ਵੇਰ ਇਕ ਪਰਮ ਹੰਸ ਇਹ ਅਜਮਾਇਸ਼ ਕਰਨ ਵਾਸਤੇ ਆਇਆ ਕਿ ਸੁਣਿਆ ਹੈ ਕਿ ਕੂਕਿਆਂ ਵਿਚ ਇਕ ਹਿੰਮਤਪੁਰੇ ਦਾ ਸੰਤ ਕਰਮ ਸਿੰਘ ਹੈ, ਜਿਸ ਦੇ ਭੰਡਾਰੇ ਵਿਚ ਕਦੇ ਤੋਟ ਨਹੀਂ ਆਉਂਦੀ। ਉਸ ਸਮੇਂ ਸੰਤ 'ਭਾਈ ਕਾ ਭਗਤਾ ਪਿੰਡ ਵਿਚ ਟਿਕੇ ਹੋਏ ਸਨ। ਗੱਲਾਂ ਬਾਤਾਂ ਬਾਅਦ ਉਸ ਆਪਣੀ ਮਨਸ਼ਾ ਦੱਸੀ ਅਤੇ ਕਿਹਾ ਕਿ ਲੰਗਰ ਤੁਸੀਂ ਕਰੋ ਵਰਤਾਂਵਾਂਗਾ ਮੈਂ। ਸੰਤ ਜੀ ਨੇ ਕਿਹਾ, "ਭੰਡਾਰਾ ਤਾਂ ਸਤਿਗੁਰਾਂ ਦਾ ਹੈ ਵਰਤਾਵੇ ਚਾਹੇ ਕੋਈ।" ਉਹਨੂੰ ਇਹ ਕਹਿ ਦਿੱਤਾ ਕਿ ਪਰਦੇ ਹੇਠੋਂ ਕੱਢ ਕੇ ਵਰਤਾਈ ਜਾਉ। ਇਕ ਜਿਹਾ ਵਰਤਾਰਾ ਦੇਣਾ। ਤਖਤ ਪੋਸ਼ ਤੇ ਕੜਾਹਾ ਰੱਖ ਕੇ ਉਸ ਵਿਚ ਖੰਡ ਘਿਓ ਰਲਾ ਕੇ ਭਰ ਦਿੱਤਾ। ਪਰਮ ਹੰਸ ਨੂੰ ਕਿਹਾ ਜਦੋਂ ਤੱਕ ਇਹ ਵਰਤ ਨਾ ਜਾਏ ਉੱਠਣਾ ਨਹੀਂ। ਕੜਾਹੇ ਵਾਲਾ ਤਖਤਪੋਸ਼ ਢਾਬ ਦੇ ਕੰਢੇ ਸੀ। ਪਰਮ ਹੰਸ ਜੀ ਬਾਰਾਂ ਕੁ ਵਜੇ ਉਬਾਸੀਆਂ ਲੈਣ ਲੱਗ ਪਏ ਸਨ, ਸਵੇਰ ਦੇ ਵਰਤਾਉਂਦਿਆਂ! ਜਦੋਂ ਪਰਦਾ ਚੁੱਕ ਕੇ ਵੇਖਿਆ ਤਾਂ ਕੜਾਹਾ ਅਜੇ ਭਰਪੂਰ ਸੀ। ਅੱਕ ਕੇ ਚਾਰ ਕੁ ਵਜੇ ਉਸ ਕੜਾਹਾ ਕੁੰਡਿਆਂ ਤੋਂ ਫੜ ਕੇ ਢਾਬ ਵਿਚ ਉਲਟਾ ਦਿੱਤਾ। ਸੰਤ ਜੀ ਨੇ ਕਿਹਾ–"ਪਰਮ ਹੰਸ ਜੀ, ਤੁਸੀਂ ਬਚਨ ਤੋਂ ਫਿਰ ਗਏ ਹੋ।" ਉਹ ਕਹਿੰਦਾ–ਮਹਾਰਾਜ ਜਲ–ਜੀਵਾਂ ਦੀਆਂ ਖੁਸ਼ੀਆਂ ਵੀ ਲੈਣੀਆਂ ਸਨ। ਪਰਮ ਹੰਸ ਸੰਤਾਂ ਦੀਆਂ ਖੁਸ਼ੀਆਂ ਲੈ ਕੇ ਚੱਲਦਾ ਹੋਇਆ।[10]

ਮਹੌਲੀ ਪਿੰਡ ਵਿਚ ਭਾਈ ਦਾਨ ਸਿੰਘ ਤੇ ਮਾਈ ਧੰਨ ਕੌਰ ਦੇ ਘਰ ਐਸਾ ਲੰਗਰ ਵਰਤਾਇਆ ਕਿ ਸਾਰਾ ਪਿੰਡ ਛਕ ਗਿਆ, ਰਸਤਾਂ ਵਧ ਗਈਆਂ। ਓੜਕ ਖੰਡ ਦੀਆਂ ਬੋਰੀਆਂ ਖੂਹ ਵਿਚ ਸੁੱਟ ਦਿੱਤੀਆਂ ਅਤੇ ਪਸ਼ੂਆਂ ਨੂੰ ਵੀ ਖੇਲ ਵਿਚ ਕੱਢ ਕੱਢ ਕੇ ਮਿੱਠਾ ਪਾਣੀ ਪਿਆਈ ਗਏ। ਪਸ਼ੂ ਏਨੇ ਰੱਜ ਗਏ ਕਿ ਦੋ ਬਲਦ ਆਫਰ ਗਏ। ਸੰਤਾਂ ਨੇ ਕਿਹਾ–ਭਾਈ ਬੰਦ ਕਰੋ ਕਿਤੇ ਪੁੰਨ ਦੀ ਥਾਂ ਪਾਪ ਨਾ ਲੱਗ ਜਾਏ।

ਵੱਡ ਤੀਰਥ, ਹਰੀਪੁਰਾ ਅੱਜ ਕੱਲ੍ਹ ਜ਼ਿਲ੍ਹਾ ਫਾਜ਼ਿਲਕਾ-ਪੰਜਾਬ ਵਿਚ ਹੈ। ਪਹਿਲੋਂ ਜ਼ਿਲ੍ਹਾ ਫਿਰੋਜ਼ਪੁਰ ਤੇ ਉਸ ਤੋਂ ਪਹਿਲਾਂ ਜਦੋਂ ਇਥੇ 1876 ਈ. ਦੇ ਅਕਤੂਬਰ ਵਿਚ ਸਾਖੀ ਪੋਥੀ ਇਕ ਜ਼ਰ ਜ਼ਰ ਲੋਹੇ ਦੇ ਪਿੰਜਰੇ ਵਿਚੋਂ, ਸਰੋਵਰ ਦੀ ਖ਼ੁਦਾਈ ਸਮੇਂ, 'ਬਾਲ ਗੁਰੂ ਨਾਨਕ ਦੀ ਚਰਨ ਛਾਪ ਵਾਲੀ', ਸੰਗਮਰਮਰ ਦੀ ਬਾਰਾਂ ਵਰਗ ਇੰਚ ਸਫੈਦ ਟੁਕੜੀ ਅਤੇ ਦਸਮ ਪਾਤਸ਼ਾਹ ਜੀ ਦੇ ਦੋ ਹੁਕਮਨਾਮੇ, ਚਰਨ ਦਾਸ ਉਦਾਸੀ ਫ਼ਕੀਰ ਨੂੰ ਪ੍ਰਾਪਤ ਹੋਏ ਤਾਂ ਉਦੋਂ ਇਹ ਪਿੰਡ, ਜ਼ਿਲ੍ਹਾ ਸਿਰਸਾ ਵਿਚ ਸੀ ਤੇ ਸਿਰਸਾ ਦੇ ਉਦੋਂ ਦੇ ਅੰਗਰੇਜ਼ ਡਿਪਟੀ ਕਮਿਸ਼ਨਰ ਵੇਕ ਫੀਲਡ ਨੇ, ਸਿਰਸਾ ਦੇ ਗੁਰੂ ਗੋਬਿੰਦ ਸਿੰਘ ਜੀ ਦੇ ਗੁਰਦੁਆਰੇ ਦੇ ਗ੍ਰੰਥੀ ਨੰਦ ਸਿੰਘ ਨੂੰ ਇਹ ਪਵਿੱਤਰ ਵਸਤਾਂ ਸਾਂਭਣ ਲਈ ਦੇ ਦਿੱਤੀਆਂ ਸਨ।[11] ਜਿਹੜੀ ਪੋਥੀ ਇੱਥੇ ਵੱਡ ਤੀਰਥ ਜਿਸ ਨੂੰ ਪੈਹਲਾਦ ਸਾਗਰ ਵੀ ਕਹਿੰਦੇ ਹਨ ਵਿਚੋਂ ਮਿਲੀ, ਇਸ ਵਿਚ ਬਾਰ੍ਹਵੇਂ ਜਾਮੇ ਦੇ ਤੌਰ ਤੇ ਗੁਰੂ ਰਾਮ ਸਿੰਘ ਜੀ ਦੇ ਅਤੇ ਉਨ੍ਹਾਂ ਦੇ ਕੂਕਾ ਪੰਥ ਦੇ ਪ੍ਰਗਟ ਹੋਣ ਦੇ ਭਵਿੱਖ ਵਾਕ ਸਨ। ਸਤਿਗੁਰੂ ਰਾਮ ਸਿੰਘ ਜੀ ਪਾਸ ਰੰਗੂਨ ਜਿਹਲਖਾਨੇ ਵਿਚ ਨਾਮਧਾਰੀ ਸਿੰਘਾਂ ਨੇ ਇਸ ਪੋਥੀ ਦਾ ਉਤਾਰਾ ਪੁਚਾ ਦਿੱਤਾ ਸੀ ਅਤੇ ਉਨ੍ਹਾਂ ਦੇ ਹੁਕਮਨਾਮਿਆਂ ਵਿਚ ਇਸ ਪੋਥੀ ਦਾ ਅਤੇ ਇਸ ਵਿਚਲੇ ਭਵਿੱਖਤ ਵਾਕਾਂ ਦਾ ਜ਼ਿਕਰ ਮਿਲਦਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬਾਰੇ ਕੁਝ ਪੁਸਤਕਾਂ ਵਿਚ ਇਹ ਜ਼ਿਕਰ ਆਉਂਦਾ ਹੈ ਕਿ ਉਹ ਆਪਣੀ ਦੱਖਣ ਯਾਤਰਾ ਸਮੇਂ ਸਿਰਸਾ ਤੋਂ ਮਾਧੋਸਿੰਘਾਣਾ ਅਤੇ ਮਾਧੋ ਸਿੰਘਾਣਾ ਤੋਂ ਹਰੀਪੁਰਾ-ਬਡ ਤੀਰਥ ਪੁੱਜੇ ਸਨ। ਇਸ ਤੀਰਥ ਤੇ ਕੱਤਕ ਪੂੰਨਿਆ ਦਾ ਮੇਲਾ ਵੀ 1876 ਈ. ਤੋਂ ਲੱਗਣਾ ਸ਼ੁਰੂ ਹੋਇਆ ਸੀ, ਜਿਸ ਵਿਚ ਪਹਿਲਾਂ ਪਹਿਲ ਬਹੁਤ ਕੂਕੇ ਸਿੰਘ ਭਾਗ ਲੈਂਦੇ ਰਹੇ ਸਨ।[12] ਇਸ ਅਸਥਾਨ ਦੀ ਨਾਮਧਾਰੀਆਂ ਵਾਸਤੇ ਮਹੱਤਤਾ ਨੂੰ ਸਮਝਦਿਆਂ ਹੋਇਆਂ ਸੰਤ ਉਸ ਦੀ ਸੇਵਾ ਲਈ ਪੁੱਜੇ। ਪੱਛਮ, ਪਹਾੜ ਸਰੋਵਰ ਦੀ ਬਾਹੀ ਦੀ ਸੇਵਾ, ਸੰਤ ਜੀ ਨੇ ਆਪਣੇ ਜੱਥੇ ਸਮੇਤ ਕਰਵਾਈ। ਉਸ ਸਮੇਂ ਨਾਮਧਾਰੀ ਗੁਰਦੁਆਰੇ ਦੀ ਸੇਵਾ ਵੀ ਕਰਵਾਈ। ਵਾਪਸੀ ਸਮੇਂ ਪੰਜ ਕੋਸੀ ਦੇ ਸਟੇਸ਼ਨ ਤੇ ਟੂਲੀ ਮੱਲ ਦੇ ਘਰ ਲੰਗਰ ਕੀਤਾ। ਉਸ ਮਹਾਜਨ ਨੇ ਸੰਤ ਸੇਵਾ ਸਿੰਘ ਦੇ ਮਸਤਾਨੇ ਬਸਤਰ ਵੇਖ ਕੇ, ਸੁੱਚੇ ਬਸਤਰ ਭੇਟ ਕੀਤੇ।

ਇਕ ਵੇਰ ਸੰਤ ਜੀ ਦੇਸ਼ ਦੇਸ਼ਾਂਤਰਾਂ ਦੇ ਰਟਨ ਬਾਅਦ ਹਿੰਮਤਪੁਰੇ ਆਏ। ਆਉਂਦਿਆਂ ਹੀ ਖੰਡ ਘਿਓ ਦਾ ਲੰਗਰ ਅਰੰਭ ਦਿੱਤਾ। ਸਾਲ ਭਰ ਹਰ ਅਭਿਆਗਤ ਨੂੰ ਖੰਡ ਘਿਓ ਛਕਾਇਆ। ਬੱਤੀ ਹਜ਼ਾਰ ਰੁਪਏ ਕਰਜ਼ਾ ਹੋ ਗਿਆ। ਲੈਹਣੇਦਾਰਾਂ ਨਾਲ ਦਿਨ ਮਿਥ ਲਿਆ। ਮਿਥੇ ਦਿਨ ਤੋਂ ਪਹਿਲਾਂ ਇਕ ਕਿਸ਼ਨ ਸਿੰਘ ਮਸਤਾਨਾ, ਰੁਪੈਆਂ ਦੀ ਪੰਡ ਬੰਨ੍ਹ ਕੇ ਆ ਗਿਆ ਕਿ ਮੈਨੂੰ ਹੁਕਮ ਹੁੰਦਾ ਹੈ, ਸੰਤਾਂ ਦਾ ਕਰਜ਼ਾ ਤਾਰਨ ਦਾ। ਸੰਤ ਜੀ ਨੇ ਉਹ ਰਕਮ ਮਸਤਾਨੇ ਨੂੰ ਕਹਿਕੇ, ਇਕ ਗੁੱਠ ਵਿਚ ਧਰਤੀ ਵਿਚ ਨੱਪ ਦਿੱਤੀ। ਅਗਲੇ ਦਿਨ ਲਹਿਣੇਦਾਰ ਆ ਗਏ। ਤਮਾਸ਼ਬੀਨ ਵੀ ਇਕੱਠੇ ਹੋ ਗਏ ਕਿ ਕਿਸੇ ਨੂੰ ਕੁਝ ਦੇਵੇਗਾ ਕਿ ਨਹੀਂ, ਖੰਡ ਘਿਓ ਸਾਲ ਭਰ ਵਰਤਾਈ ਗਿਆ ਹੈ। ਸੰਤ ਜੀ ਹੋਕਾ ਦਿੱਤਾ ਕਿ ਆ ਜਾਓ ਜਿਨ ਵੀ ਸਾਥੋਂ ਕੁਝ ਲੈਣਾ ਏ। ਉਹ ਅੱਗੇ ਈ ਉਡੀਕ ਰਹੇ ਸਨ। ਸੰਤਾਂ ਨੇ ਕਿਹਾ-ਮਸਤਾਨਿਆ ਜਿਹੜਾ ਧਨ ਧਰਤੀ ਵਿਚ ਬੀਜਿਆ ਹੈ, ਹੁਣ

ਵੱਢ-ਵੱਢ ਕੇ ਦੇਈ ਜਾ। ਮਸਤਾਨਾ ਉਨ੍ਹਾਂ ਦੀਆਂ ਝੋਲੀਆਂ ਵਿਚ ਇਕ ਰੱਦਾ, ਦੋ ਰੱਦੇ, ਰੁਪਏ (ਚਾਂਦੀ ਦੇ ਹੁੰਦੇ ਸਨ) ਦੇ ਭਰ-ਭਰ ਸੁੱਟਣ ਲੱਗਾ। ਉਹ ਜਿਤਨਾ-ਜਿਤਨਾ ਕਿਸੇ ਦੇ ਹਿੱਸੇ ਆਇਆ, ਕੋਈ ਥੋੜ੍ਹਾ, ਕੋਈ ਬਹੁਤਾ ਲੈ ਕੇ ਸੰਤਾਂ ਦੇ ਲੰਗਰ ਵਿਚੋਂ ਵਰਤਦਾ, ਖੰਡ ਘਿਓ ਛਕ ਕੇ, ਬਾਗੋ ਬਾਗ ਹੋ ਕੇ ਪਰਤ ਗਏ। ਐਸੀ ਮਹਿਮਾਂ ਸੀ ਸੰਤਾਂ ਦੀ।

ਗੁਰੂ ਕੇ ਕੋਠੇ ਤਾਰਾ ਸਿੰਘ ਨਾਮੀ ਸਿੱਖ ਰਹਿੰਦਾ ਸੀ। ਉਸ ਦੇ ਪਿਤਾ ਨੇ ਸਾਰੀ ਜ਼ਮੀਨ ਗਹਿਣੇ ਪਾ ਰੱਖੀ ਸੀ। ਦੂਜਾ ਭਰਾ ਸੁੰਦਰ ਸਿੰਘ ਕਿਸੇ ਬਾਹਰਲੇ ਮੁਲਕ ਗਿਆ ਅਤੇ ਪੈਸੇ ਕਮਾ ਕੇ ਮੁੜ ਆਇਆ। ਗਹਿਣੇ ਵਾਲੀ ਜ਼ਮੀਨ ਸਾਰੀ ਛੁਡਾ ਕੇ ਆਪ ਵਾਹੁਣ ਲੱਗ ਪਿਆ। ਸੰਤ ਜੀ ਨੇ ਉਸਨੂੰ ਕਿਹਾ ਕਿ ਤਾਰਾ ਸਿੰਘ ਤੇਰਾ ਭਾਈ ਹੈ, ਅੱਧੀ ਜ਼ਮੀਨ ਉਸ ਨੂੰ ਦੇ ਦੇ। ਉਸਦਾ ਜੁਆਬ ਸੀ, ਕਮਾਈ ਤਾਂ ਮੈਂ ਕੀਤੀ ਹੈ, ਉਹ ਵਿਹਲਾ ਫਿਰਦਾ ਰਿਹਾ ਹੈ। ਮੈਂ ਅੱਧੀ ਜ਼ਮੀਨ ਨਹੀਂ ਦੇ ਸਕਦਾ। ਸੰਤ ਜੀ ਕਹਿਣ ਲੱਗੇ-ਤਾਰਾ ਸਿੰਘ ਤੈਨੂੰ ਅੱਧੀ ਨਹੀਂ ਹੁਣ ਸਾਰੀ ਜ਼ਮੀਨ ਦਿਵਾਂਵਾਂਗੇ। ਇਕ ਸਾਲ ਦੇ ਵਿਚ ਹੀ ਸੁੰਦਰ ਸਿੰਘ ਤੇ ਉਸ ਦੀ ਸਿੱਖਣੀ ਅੱਗੜ ਪਿੱਛੜ ਚਲਾਣਾ ਕਰ ਗਏ। ਬੱਚਾ ਕੋਈ ਸੀ ਨਹੀਂ। ਜ਼ਮੀਨ ਸਾਰੀ ਤਾਰਾ ਸਿੰਘ ਨੂੰ ਮਿਲ ਗਈ।[13]

ਸੰਤਾਂ ਨੇ ਸਰੀਰ ਨੂੰ ਅਭਿਆਸ ਨਾਲ ਐਸਾ ਢਾਲਿਆ ਹੋਇਆ ਸੀ ਕਿ ਸਰਦੀ ਗਰਮੀ ਦੇ ਪ੍ਰਭਾਵ ਨੂੰ ਵੀ ਬਹੁਤ ਘੱਟ ਕਬੂਲਦੇ ਸਨ। ਇਕ ਵੇਰ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਦੌਰਾ ਸੂਬਾ ਸ਼ੇਰ ਸਿੰਘ ਜੀ ਨਗਰ ਪਿੱਥੋ ਵਿਖੇ ਸੀ। ਮੌਸਮ ਸਿਆਲ ਦਾ ਸੀ। ਸੂਬਾ ਜੀ ਨੇ ਸੰਤ ਕਰਮ ਸਿੰਘ ਜੀ ਦਾ ਡੇਰਾ, ਇਕ ਨਵੀਂ ਬਣੀ ਬੈਠਕ ਵਿਚ ਲੁਆ ਦਿੱਤਾ, ਜਿਸਦੇ ਅਜੇ ਬੂਹੇ ਬਾਰੀਆਂ ਵੀ ਨਹੀਂ ਲੱਗੇ ਸਨ। ਕੰਮਾਂਕਾਰਾਂ ਵਿਚ ਰੁੱਝਿਆ ਨੂੰ, ਸੰਤਾਂ ਦੀ ਬੈਠਕ ਵਿਚ ਬਿਸਤਰੇ ਪੁਚਾਉਣੇ ਵੀ ਭੁੱਲ ਗਏ। ਸਵੇਰੇ ਯਾਦ ਆਉਣ ਤੇ ਸੂਬਾ ਜੀ ਰਵਾਂ ਰਵੀਂ ਸੰਤਾਂ ਪਾਸ ਪੁੱਜਾ ਅਤੇ ਬਿਸਤਰੇ ਨਾ ਪੁਚਾਉਣ ਦੀ ਅਣਗਹਿਲੀ ਦੀ ਮੁਆਫ਼ੀ ਮੰਗੀ। ਸੰਤਾਂ ਨੇ ਕਿਹਾ, "ਵਾਹ ਸੂਬਾ ਜੀ, ਮੁਆਫ਼ੀ ਕਾਹਦੀ, ਤਕਲੀਫ਼ ਤੇ ਕੋਈ ਹੋਈ ਨਹੀਂ, ਰਾਤ ਬੜੇ ਅਨੰਦ ਵਿਚ ਬੰਦਗੀ ਕਰਦਿਆਂ ਬਤੀਤ ਹੋਈ ਹੈ। ਸਾਨੂੰ ਕਿਸੇ ਪਾਲੇ ਸਾਲੇ ਨਹੀਂ ਸਤਾਇਆ।" ਬੈਠਕ "ਧੰਨ ਸਤਿਗੁਰੂ ਰਾਮ ਸਿੰਘ" ਜੀ ਨਾਲ ਗੂੰਜਣ ਲੱਗੀ। ਸੰਤਾਂ ਦੇ ਸਾਥੀ ਵੀ ਮੰਜਿਆਂ ਤੇ ਸਾਰੀ ਰਾਤ ਬੈਠ ਕੇ ਮਾਲਾ ਫੇਰਦੇ ਰਹੇ ਸਨ।[14]

ਸੰਤਾਂ ਵਾਸਤੇ ਸ੍ਰੀ ਭੈਣੀ ਸਾਹਿਬ ਮੱਕੇ ਦੀ ਨਿਆਈਂ ਸੀ, ਜਿੱਥੇ ਉਨ੍ਹਾਂ ਦਾ ਦਿਲਾਂ ਦਾ ਜਾਨੀ, ਮੁਰਸ਼ਦ, ਸਤਿਗੁਰੂ ਪ੍ਰਤਾਪ ਸਿੰਘ ਬਿਰਾਜਮਾਨ ਸੀ। ਸੰਤਾਂ ਨੇ ਸੂਫੀ ਕਵੀ ਦੇ ਬੋਲਾਂ ਨੂੰ ਹਿਰਦੇ ਵਿਚ ਵਸਾ ਲਿਆ ਸੀ-"ਹਾਜੀ ਲੋਕ ਮੱਕੇ ਨੂੰ ਜਾਂਦੇ, ਮੇਰਾ ਰਾਂਝਣ ਮਾਹੀ ਮੱਕਾ।" ਇੱਕ ਵੇਰ ਭੈਣੀ ਸਾਹਿਬ ਦੀ ਯਾਤਰਾ ਤੇ ਗਏ। ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਅਰਜ਼ ਕੀਤੀ ਕਿ ਜੀ ਤੁਹਾਡੇ ਪ੍ਰਬੰਧਕ ਲੰਗਰ ਵਿਚ ਵਿਤਕਰਾ ਕਰਦੇ ਹਨ। ਸਤਿਗੁਰੂ ਜੀ ਨੇ ਆਪਣੇ ਮੋਦੀਖਾਨੇ ਦੇ ਮੋਦੀ ਸੇਠ ਪ੍ਰੀਤਮ ਸਿੰਘ ਹੋਰਾਂ ਨੂੰ ਕਿਹਾ ਕਿ ਕੁੰਜੀਆਂ ਸੰਤਾਂ ਨੂੰ ਦੇ ਦਿਓ, ਜਦੋਂ ਫੜਾਉਣ ਉਦੋਂ ਹੀ ਲੈਣੀਆਂ। ਸੰਤਾਂ ਦੇ ਨਾਲ ਵਾਹਵਾ ਹਜੂਮ, ਗੁਰੂ ਕੀ ਹੱਟੀ ਅੱਗੇ ਪੁੱਜ ਗਿਆ। ਸੇਠ ਜੀ ਨੇ ਹੱਟੀ ਖੋਲ੍ਹ ਕੇ ਸੰਤਾਂ ਨੂੰ

ਕਿਹਾ ਕਿ ਲਓ ਜੀ ਸਾਂਭ ਲਵੋ। ਸੰਤ ਜੀ ਨੇ ਇਕ ਬੋਰੀ ਖੰਡ ਦੀ, ਕੁਝ ਪੰਸੇਰੀਆਂ ਬਦਾਮਾਂ, ਮਗਜ਼ਾਂ, ਖਸਖਾਸ, ਕਾਲੀ ਮਿਰਚ, ਇਲੈਚੀ ਆਦਿ ਸਮੱਗਰੀ ਲਈ ਅਤੇ ਅਕਾਲ ਬੁੰਗੇ ਖ਼ੂਹ ਤੇ ਡੇਰਾ ਲਾ ਦਿੱਤਾ। ਰਗੜੇ ਸ਼ੁਰੂ ਹੋ ਗਏ। ਜਿੰਨੇ ਦਿਨ ਮੇਲਾ ਰਿਹਾ ਸ਼ਹੀਦੀ ਦੇਗਾਂ ਸਦਾ ਤਿਆਰ ਮਿਲਣ। ਸਾਧ ਸੰਗਤ ਜਦੋਂ ਚਾਹੇ ਛਕੇ। ਸੰਤਾਂ ਦੀ ਸਾਰੇ ਮੇਲੇ ਵਿਚ ਧੰਨ ਧੰਨ ਹੋ ਗਈ। ਇਉਂ ਸੰਤ ਬਾਹਰ ਲੋਕਾਂ ਦੀਆਂ ਹੱਟੀਆਂ ਹੀ ਨਹੀਂ ਸਨ ਲੁੱਟਦੇ, ਗੁਰੂ ਕੀ ਹੱਟੀ ਵਿਚ ਵੀ ਲੁੱਟ ਪਵਾ ਦਿੰਦੇ ਸਨ।

ਨੀਲਿਆਂ ਵਾਲੀ ਰਿਆਸਤ ਬਹਾਵਲਪੁਰ ਦਾ ਇਕ ਹਜਾਰਾ ਸਿੰਘ ਨਾਮੀ ਨਾਮਧਾਰੀ ਸਿੰਘ ਸੀ, ਉਸਨੇ ਸੰਤ ਜੀ ਨੂੰ ਬੇਨਤੀ ਕੀਤੀ ਕਿ ਮੈਂ ਚਾਲੀ ਦਿਨ ਜਪ ਪ੍ਰਯੋਗ ਕਰਨਾ ਚਾਹੁੰਦਾ ਹਾਂ ਤਾਂ ਕਿ ਗੁਰੂ ਸਾਹਿਬਾਨ ਦੇ ਦਰਸ਼ਨ ਕਰ ਸਕਾਂ। ਸੰਤਾਂ ਨੇ ਉਸਨੂੰ ਕਹਿਆ, ਹਜਾਰਾ ਸਿੰਘ ਤੂੰ ਚਾਲੀ ਦਿਨ ਸਾਡੇ ਜਥੇ ਵਿਚ ਰਹੁ, ਦਰਸ਼ਨ ਹੋ ਜਾਣਗੇ। ਹਜ਼ਾਰਾ ਸਿੰਘ ਚਾਲੀ ਦਿਨ ਜਥੇ ਵਿਚ ਰਹਿ ਕੇ ਟਹਿਲ ਸੇਵਾ ਕਰਦਾ ਰਿਹਾ। ਜਦੋਂ ਚਾਲ੍ਹੀਵਾਂ ਦਿਨ ਹੋ ਗਿਆ ਤਾਂ ਕਹਿੰਦਾ, ਜੀ ਅੱਜ ਇਕਰਾਰ ਪੂਰਾ ਕਰੋ। ਸੰਤ ਜੀ ਨੇ ਉਸਨੂੰ ਸ਼ਹੀਦੀ ਦੇਗ ਸਾਜਣ ਤੇ ਲਾ ਦਿੱਤਾ। ਆਪ ਦਸਮ ਜੀ ਦੀ ਬਾਣੀ ਦਾ ਤੁਰ ਫਿਰ ਕੇ ਪਾਠ ਕਰਨ ਲੱਗ ਪਏ। ਦੇਗ ਤਿਆਰ ਹੋ ਗਈ ਤਾਂ ਸੰਤ ਅਰਦਾਸਾ ਸੋਧਣ ਲੱਗ ਪਏ। ਜਿਵੇਂ-ਜਿਵੇਂ ਅਰਦਾਸਾ ਪੂਰਾ ਹੁੰਦਾ ਗਿਆ ਅਰਸ਼ਾਂ ਤੋਂ ਪਹਿਲੀ ਪਾਤਸ਼ਾਹੀ ਤੋਂ ਲੈ ਕੇ ਗੁਰੂ ਹਰੀ ਸਿੰਘ ਜੀ ਤੱਕ ਦੇ ਉੱਤਰਦਿਆਂ ਦੇ ਦਰਸ਼ਨ ਹੋ ਗਏ। ਇਕ ਗੁਰੂ ਸਾਹਿਬ ਤੋਂ ਬਿਨਾਂ ਬਾਕੀਆਂ ਨੇ ਹਜਾਰਾ ਸਿੰਘ ਦੇ ਹੱਥੋਂ ਸ਼ਹੀਦੀ ਦੇਗ ਵੀ ਛਕ ਲਈ। ਹਜਾਰਾ ਸਿੰਘ ਮਸਤੀ ਵਿਚ ਖੀਵਾ ਹੋ ਗਿਆ। ਬਾਅਦ ਵਿਚ ਕਹਿਣ ਲੱਗਾ-"ਸੰਤ ਜੀ ਕੋਈ ਬਚਨ ਨਹੀਂ ਹੋਇਆ।" ਸੰਤ ਜੀ ਨੇ ਕਿਹਾ-"ਹਜਾਰਾ ਸਿੰਘ ਤੂੰ ਦਰਸ਼ਨ ਮੰਗੇ ਸੀ, ਦਰਸ਼ਨ ਹੋ ਗਏ ਹਨ, ਜੇ ਪਹਿਲੋਂ ਕਹਿੰਦੋਂ ਬਚਨ ਵੀ ਕਰਵਾ ਦਿੰਦੇ। ਇਹ ਭਾਈ ਹਜ਼ਾਰਾ ਸਿੰਘ, ਹਰਿਆਣੇ ਦੇ ਪੰਜਾਬੀ ਕਵੀ, ਕਰਨੈਲ ਸਿੰਘ ਅਸਪਾਲ ਦੇ ਨਾਨਾ ਜੀ ਸਨ।[15]

"ਇਕ ਵੇਰ ਘਰ ਵਿਚ ਸੰਤ ਪ੍ਰਾਹੁਣੇ ਆ ਗਏ। ਗਿਣਤੀ ਵਿਚ ਬਾਰਾਂ ਤੋਂ ਪੰਦਰਾਂ ਤੱਕ ਹੋਣਗੇ। ਗਲਾਂ ਵਿਚ ਚਾਈਨਾ ਸਿਲਕ ਦੇ ਕੁਰਤੇ। ਸਿਰ ਤੇ ਰੇਸ਼ਮੀ ਦਸਤਾਰੇ। ਤੇੜ ਵੀ ਸੁੱਚੇ ਕਪੜਿਆਂ ਦੇ ਕਛਹਿਰੇ, ਪੈਰੀਂ ਤਿੱਲੇ ਮੜ੍ਹੇ ਨੋਕਦਾਰ ਜੋੜੇ, ਹੱਥੀਂ ਲਿਸ਼-ਲਿਸ਼ ਕਰਦੇ ਸਰਬ ਲੋਹ ਦੇ ਗੜਵੇ, ਗਲੀਂ ਉੱਨ ਦੀਆਂ ਸਫੈਦ ਮਾਲਾ ਤੇ ਸਾਫ਼ ਸੁਥਰੀਆਂ ਪਤਲੀਆਂ ਖੂਹ ਵਿਚੋਂ ਪਾਣੀ ਕੱਢਣ ਲਈ ਡੋਰੀਆਂ, ਮੋਢਿਆਂ ਤੇ ਰੇਸ਼ਮੀ ਅੰਡੀ ਦੀਆਂ ਚਾਦਰਾਂ, ਲੱਕਾਂ ਨਾਲ ਸੁੱਚੇ ਰੁਮਾਲੀ ਵਿਚ ਵਲ੍ਹੇਟੇ ਜ਼ਰੂਰਤ ਦੇ ਕੱਪੜੇ। ਕਿਸੇ ਦੇ ਹੱਥ ਵਿਚ ਮੁਤਹਿਰ, ਕਿਸੇ ਦੇ ਹੱਥ ਚਮਕਦਾ ਸਫਾ ਜੰਗ, ਕਿਸੇ ਦੇ ਹੱਥ ਵਿਚ ਸੰਮਾਂ ਵਾਲੀ ਡਾਂਗ ਤੇ ਕੋਈ ਕੂੰਡਾ ਡੰਡਾ ਹੀ ਨਾਲ ਚੁੱਕੀ ਫਿਰਦਾ ਹੈ।

"ਏਨੇ ਅਮੀਰ ਗਰੁੱਪ ਦਾ ਸੰਤ ਰੂਪ ਵਿਚ ਘਰ ਆ ਵੜਨਾ, ਉਜਾੜੇ ਤੋਂ ਉਰ੍ਹਾਂ ਕਿਵੇਂ ਮਿਥਿਆ ਜਾ ਸਕਦਾ ਹੈ, ਪਰ ਇਸ ਸੰਤ ਮੰਡਲੀ ਨੂੰ ਹਰ ਕੋਈ ਜਿਊਂਦੇ ਸ਼ਹੀਦ ਗਿਣਦਾ ਹੈ। ਨਾਮਧਾਰੀਆਂ ਤਾਂ ਲੰਗਰਾਂ, ਸ਼ਹੀਦੀਆਂ ਦੀਆਂ ਬੇਨਤੀਆਂ ਕਰਨੀਆਂ

ਹੀ ਸਨ, ਗ਼ੈਰ ਨਾਮਧਾਰੀ ਵੀ ਪ੍ਰਭਾਵ ਕਬੂਲਣੋਂ ਨਹੀਂ ਬਚਦੇ, ਹਰ ਸ਼ਰਤ ਉੱਤੇ ਉਹ ਅਜਿਹੇ ਖਰਚ ਖਾਹ ਸੰਤਾਂ ਨੂੰ ਆਪਣੇ ਘਰ ਆਂਗਣ ਵਿਚ ਲੈ ਜਾਣਾ, ਫ਼ਖਰ ਵਾਲੀ ਗੱਲ ਸਮਝਦੇ ਸਨ।

"ਜਿਸ ਘਰ ਵਿਚ ਇਸ ਸ਼ਾਹੀ-ਸੰਤ ਮੰਡਲ ਨੇ ਦਰਸ਼ਨ ਦਿੱਤੇ ਹਨ, ਇਸਦੇ ਸਵਾਮੀ ਤੇ ਗ੍ਰਹਿ-ਲਛਮੀ ਨੇ ਵੀ ਬੜੀ ਵਾਰ ਤਰਲਾ ਲਿਆ ਸੀ ਕਿ ਕਦੇ ਜ਼ਰੂਰ ਹੀ ਸੰਤ ਜਨ ਘਰ ਆਉਣ।"[16]

ਇਹ ਪਿੰਡ ਸੀ ਪੱਦੀ ਖਾਲਸਾ, ਫਗਵਾੜੇ ਦੇ ਨਜ਼ਦੀਕ, ਜਲੰਧਰ ਜ਼ਿਲ੍ਹੇ ਦਾ ਪਿੰਡ ਅਤੇ ਘਰ ਸੀ ਭਾਈ ਠਾਕੁਰ ਸਿੰਘ ਨਾਮਧਾਰੀ ਦਾ, ਜਿੱਥੇ ਸੰਤ ਜਨਾਂ ਦਾ ਉਤਾਰਾ ਹੋਇਆ ਸੀ। ਆਲੇ-ਦੁਆਲੇ ਦੇ ਲੋਕ ਵੀ ਸਾਧ ਮੰਡਲੀ ਦੇ ਦਰਸ਼ਨ ਕਰਨ ਤੇ ਕੁਝ ਇਸ ਉਤਸੁਕਤਾ ਵੱਸ ਵੀ ਆ ਗਏ ਕਿ ਦਿਹਾੜੀ ਦੱਪਾ ਕਰਕੇ ਗੁਜ਼ਾਰਾ ਕਰਨ ਵਾਲੇ, ਇਸ ਗਰੀਬ ਕਿਰਤੀ ਸਿੱਖ ਦੀ, ਸੰਤਾਂ ਵਲੋਂ ਪੈਂਦੀ ਲੁੱਟ ਵੇਖ ਲਈਏ। ਸੰਤ ਕਰਮ ਸਿੰਘ ਮੰਜੇ 'ਤੇ ਬੈਠੇ ਗੁਰਮਤਿ ਗਿਆਨ ਦੀ ਚਰਚਾ ਕਰ ਰਹੇ ਹਨ, ਸੰਗਤ ਇਕ ਰਸ ਸੁਣ ਰਹੀ ਹੈ। ਆਲੇ-ਦੁਆਲੇ ਮੰਜਿਆਂ 'ਤੇ ਬਾਕੀ ਸੰਤਾਂ ਨੇ ਆਪੋ ਆਪਣੇ ਗੜਵੇ ਡੋਰੀਆਂ ਆਦਿ ਅਸਬਾਬ ਟਿਕਾ ਦਿੱਤਾ ਹੈ। ਗਰਮੀ ਦੇ ਦਿਨ ਸਨ। ਧੁੱਪ ਆਪਣਾ ਤੇਜ਼ ਵਿਖਾ ਰਹੀ ਹੈ। ਤਦੇ ਘਰ ਵਾਲੇ ਸਿੰਘ ਨੇ ਕਿਹਾ-'ਸੰਤ ਜੀ ਰਸਤਾਂ ਬਾਰੇ ਹੁਕਮ ਕਰੋ ਅਤੇ ਲੰਗਰ ਸਾਜੋ।' ਪਰ ਸੰਤਾਂ ਦਾ ਜੁਆਬ ਸੀ ਕਿ "ਅਜੇ ਲੰਗਰ ਦਾ ਭਾਈ ਹੁਕਮ ਨਹੀਂ ਲੱਗਦਾ ਅਤੇ ਨਾ ਹੀ ਦੇਗਾਂ ਦਾ। ਹੁਕਮ ਇਹ ਲੱਗਦਾ ਹੈ ਕਿ ਤੇਰੇ ਘਰ ਦੀ ਛੱਤ ਏਨੀ ਕਮਜ਼ੋਰ ਹੈ, ਘੁਣ ਖਾਧੀ ਹੈ ਕਿ ਇਸ ਤੋਂ ਕਿਸੇ ਵੇਲੇ ਵੀ ਖ਼ਤਰਾ ਹੈ। ਇਸਨੂੰ ਲਾਹੋ ਤੇ ਛੱਤ ਨਵੀਂ ਪੁਆਉ।"

"ਰੇਸ਼ਮ ਦੇ ਬਸਤਰਧਾਰੀ ਸੰਤਾਂ ਨੇ ਉਸੇ ਰੇਸ਼ਮ ਤੇ ਉਨ੍ਹਾਂ ਹੀ ਤਿੱਲੇਦਾਰ ਜੁੱਤੀਆਂ ਦੇ ਪਹਿਨੇ ਪਹਿਨਾਇਆਂ, ਨਾਮਧਾਰੀ ਸਿਖ ਦੇ ਕੋਠੇ ਦੀ ਛੱਤ ਤੋਂ ਕਿਵੇਂ ਸੰਜਮ ਤੇ ਧਿਆਨ ਨਾਲ ਮਿੱਟੀ ਲਾਹੀ, ਫਿਰ ਬਚਾ-ਬਚਾ ਕੇ ਕੜੀਆਂ ਲਾਹੀਆਂ, ਛਤੀਰੀਆਂ ਉਤਾਰੀਆਂ, ਬੋਦੀਆਂ ਹੋ ਚੁੱਕੀਆਂ ਕੜੀਆਂ ਛਤੀਰੀਆਂ ਇਕ ਪਾਸੇ ਰੱਖ ਦਿੱਤੀਆਂ ਤੇ ਹੰਢਣਯੋਗ ਸਮਾਨ ਦੂਜੇ ਪਾਸੇ ਕਰ ਲਿਆ ਗਿਆ। ਸੰਤ ਠਾਕੁਰ ਸਿੰਘ ਜੀ ਨੇ ਆਪਣੇ ਭਰਾਵਾਂ ਨੂੰ ਵੀ ਵੰਗਾਰ ਆਂਦਾ। ਨਵਾਂ ਲੋੜੀਂਦਾ ਸਮਾਨ ਵੀ ਝੱਟ ਪੱਟ ਇਕੱਠਾ ਹੋ ਗਿਆ ਤੇ ਸੂਰਜ ਦੇ ਅਸਤਾਂਚਲ ਵੱਲ ਜਾਣ ਤਕ ਕੋਠਾ, ਨਵੀਂ ਛੱਤ ਨਾਲ ਨਰੋਆ-ਨਰੋਆ ਨਜ਼ਰ ਪੈਣ ਲੱਗਾ।"

ਜਦੋਂ ਭਾਈ ਠਾਕੁਰ ਸਿੰਘ ਨੇ ਪਰਸ਼ਾਦ ਪਾਣੀ ਲਈ ਬੇਨਤੀ ਕੀਤੀ ਤਾਂ ਸੰਤ ਜੀ ਨੇ ਕਿਹਾ ਕਿ ਹੁਣ ਤਾਂ ਹੁਕਮ ਬਿਰਾਜਣ ਦਾ ਹੈ। ਭਾਈ ਠਾਕੁਰ ਸਿੰਘ ਪਰੇਸ਼ਾਨੀ ਮੰਨੀ ਕਿ ਪਤਾ ਨਹੀਂ ਕਦੋਂ ਤੇ ਕਿੱਥੋਂ ਪਰਸ਼ਾਦ ਛਕ ਕੇ ਆਏ ਹਨ ਕਿੱਦਣ ਦੇ, ਅਤੇ ਸਾਰਾ ਦਿਨ ਖੜੀ ਲੱਤ ਮੇਰੇ ਕੋਠੇ ਦੀ ਛੱਤ ਬਦਲਣ ਤੇ ਲਾ ਦਿੱਤਾ, ਹੁਣ ਭੁੱਖੇ ਹੀ ਬਿਰਾਜ ਰਹੇ ਹਨ, ਕਿਤੇ ਮੈਨੂੰ ਪਾਪ ਨਾ ਲੱਗੇ। ਸੰਤਾਂ ਉਸ ਦੀ ਮਨੋਭਾਵਨਾ ਤਾੜ ਕੇ ਬਚਨ ਕੀਤਾ-

"ਠਾਕੁਰ ਸਿੰਘਾਂ! ਸਤਿਗੁਰੂ ਨੇ ਸਾਨੂੰ ਲੁੱਟਣ ਖਾਣ ਵਾਸਤੇ ਵੀ ਸਾਜਿਆ ਹੈ, ਪਰ

ਉਝੜੇ ਥੁੜੇ ਤੇ ਗਰੀਬ ਦੀ ਮੱਦਦ ਕਰਨ ਦਾ ਬਲ ਵੀ ਦਿੱਤਾ ਹੈ। ਤੂੰ ਚਿੰਤਾ ਨਾ ਕਰ, ਸਤਿਗੁਰੂ ਨੇ ਤੇਰਾ ਕੰਮ ਸਵਾਰਨ ਵਾਸਤੇ ਹੀ ਸਾਨੂੰ ਏਥੇ ਘਲਿਆ ਹੈ। ਜਦੋਂ ਉਸ ਹੁਕਮ ਕਰਨਾ ਹੈ ਲੰਗਰ ਤੇ ਦੇਗਾਂ ਉਦੋਂ ਹੀ ਤਿਆਰ ਹੋ ਜਾਣਗੀਆਂ। ਸਵੇਰੇ ਤੇਰੇ ਘਰ ਹੀ ਲੰਗਰ ਅਤੇ ਦੇਗਾਂ ਸਜਣਗੀਆਂ। ਇਹ ਸਤਿਗੁਰੂ ਦਾ ਹੀ ਉਪਦੇਸ਼ ਹੈ ਕਿ ਦਸਾਂ ਨਹੁੰਆਂ ਦੀ ਕਿਰਤ ਕਰਕੇ ਖਾਓ। ਸਾਡੇ ਲਈ ਹੁਕਮ ਹੈ, ਮਾੜਿਆਂ ਗਰੀਬਾਂ ਦੀ ਮਦਦ ਕਰਕੇ ਖਾਈਏ ਤੇ ਤਕੜਿਆਂ ਹੰਕਾਰੀਆਂ ਨੂੰ ਉਂਜ ਜਾ ਲੁੱਟੀਏ।"[17] ਇਹ ਸੰਤ ਠਾਕੁਰ ਸਿੰਘ ਜੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹਜ਼ੂਰੀ ਲਾਂਗਰੀ ਭਾਈ ਰਤਨ ਸਿੰਘ ਦੇ ਪਿਤਾ ਸਨ।

ਇਸੇ ਤਰ੍ਹਾਂ ਸੰਤ ਲਾਹੌਰ ਜ਼ਿਲ੍ਹਾ ਦੇ ਡੱਫਰਕੇ ਪਿੰਡ ਵਿਚ, ਪ੍ਰੀਤਮ ਸਿੰਘ ਕਵੀ ਹੋਰਾਂ ਦੇ ਪਿਤਾ, ਸੂਬਾ ਫੂਲਾ ਸਿੰਘ ਦੇ ਘਰ ਪੁੱਜ ਗਏ। ਜਿਤਨੇ ਦਿਨ ਇੱਥੇ ਰਹੇ ਮਾਹਲ ਪੂੜਿਆਂ ਦਾ ਲੰਗਰ ਰੋਜ਼ ਚੱਲਿਆ। ਹਿੰਦੂ, ਸਿੱਖ, ਮੁਸਲਮਾਨ ਸਭ ਛਕਣ ਤੇ ਆਸ ਪਾਸ ਦੇ ਪਿੰਡਾਂ ਵਿਚ ਵੀ ਸੰਤਾਂ ਦੇ ਜਥੇ ਦੀਆਂ ਧੁੰਮਾਂ ਪੈ ਗਈਆਂ। ਸੰਤ ਸੰਗਤ ਨੂੰ ਸੱਦ ਉਪਦੇਸ਼ ਸੁਣਾ ਕੇ, ਸਤਿਗੁਰੂ ਨਾਲ ਜੋੜਦੇ ਸਨ। ਫਿਰ ਸੰਤਾਂ ਨੇ ਕੋਟ ਰਾਧਾ ਕਿਸ਼ਨ (ਜਿਸਨੂੰ ਕੱਚੀ ਕੋਠੀ ਵੀ ਕਹਿੰਦੇ ਸਨ) ਵਿਖੇ ਜਾ ਦਰਸ਼ਨ ਦਿੱਤੇ। ਕਿਸੇ ਜੋੜਿਆਂ ਦੀ ਦੁਕਾਨ ਤੋਂ ਤਿੱਲੇਦਾਰ ਜੋੜੇ ਸਾਧਾਂ ਦੇ ਪੈਰੀਂ ਪੁਆ ਦਿੱਤੇ। ਬਸਤਰਾਂ ਵਾਲੇ ਤੋਂ ਸੁੱਚੇ ਰੇਸ਼ਮੀ ਬਸਤਰ ਲੈ ਲਏ। ਕਰਿਆਨਾ ਫਰੋਸ਼ ਤੋਂ ਬਦਾਮ, ਇਲਾਇਚੀ, ਕੁੱਜਾ ਮਿਸ਼ਰੀ ਲਈ ਤੇ ਵੰਡ ਵੰਡਾ ਦਿੱਤੀ। ਅੰਗਰੇਜ਼ਾਂ ਨੂੰ ਸੰਤ ਜੀ ਬਿੱਲਾ ਦੱਸਿਆ ਕਰਦੇ ਸਨ। ਸਰਕਾਰ ਦੇ ਖਿਲਾਫ਼ ਬੋਲਦਿਆਂ ਸੰਤ ਜੀ ਕਦੇ ਭੈਭੀਤ ਨਾ ਹੁੰਦੇ। ਉਸ ਸਮੇਂ ਚੱਲ ਰਹੇ ਕੌਮੀ ਅੰਦੋਲਨ ਨੂੰ ਸੰਤਾਂ ਦੇ ਦੌਰੇ ਬਲ ਦਿੰਦੇ ਸਨ।

ਸਤਿਗੁਰੂ ਪ੍ਰਤਾਪ ਸਿੰਘ ਜੀ ਨਾਲ ਆਪ ਦਾ ਆਖਰੀ ਮੇਲ, ਕਟੂ ਪਿੰਡ ਦੇ ਮੇਲੇ ਵਿਚ ਹੋਇਆ। ਸਤਿਗੁਰੂ ਜੀ ਵਲੋਂ ਸੰਤਾਂ ਦੀ ਸੁਆਰੀ ਲਈ ਦੌਰਿਆਂ ਵਿਚ, ਇਕ ਘੋੜਾ ਹਾਜ਼ਰ ਰਹਿੰਦਾ ਸੀ। ਸੰਤ ਜੀ ਨੇ ਸਤਿਗੁਰੂ ਜੀ ਨੂੰ ਅਰਜ਼ ਕੀਤੀ ਕਿ ਹੁਣ ਘੋੜਾ ਸ੍ਰੀ ਭੈਣੀ ਸਾਹਿਬ ਭੇਜ ਦਿਓ। ਸਤਿਗੁਰੂ ਜੀ ਨੇ ਸੰਤਾਂ ਨੂੰ ਘੋੜੇ ਦੀ ਚਿੰਤਾ ਨਾ ਕਰਨ ਬਾਰੇ ਕਿਹਾ। ਕਟੂ ਤੋਂ ਸੰਤ ਬਰਨਾਲੇ ਆ ਗਏ। ਇੱਥੋਂ ਆਪ ਸੈਦੋ ਪੁੱਜ ਗਏ। ਸੈਦੋ ਦੇ ਮਿਸਤਰੀ ਸਿੰਘਾਂ ਨੇ ਇਕ ਮੁਕੱਦਮਾ ਫਤੇਹ ਹੋਣ ਦੀ ਖੁਸ਼ੀ ਵਿਚ, ਸੰਤਾਂ ਦਾ ਮੇਲਾ ਸੁੱਖਿਆ ਸੀ। ਪਰ ਉਹ ਥੋੜ੍ਹੇ ਰੁਝੇਵੇਂ ਵਿਚ ਸਨ, ਇਸ ਲਈ ਕੰਮ ਮੁਕਾ ਕੇ ਮੇਲਾ ਕਰਨਾ ਚਾਹੁੰਦੇ ਸਨ। ਉਨ੍ਹਾਂ ਨੂੰ ਆਪਣੀ ਕਾਹਲ ਸੀ, ਸੰਤਾਂ ਨੂੰ ਆਪਣੀ। ਇਸ ਲਈ ਜਦੋਂ ਸੰਤ ਜਥੇ ਸਮੇਤ ਆਪ ਹੀ ਅੱਪੜ ਗਏ ਤਾਂ ਉਨ੍ਹਾਂ ਫਿਰ ਕੁਝ ਦਿਨ ਰੁਕ ਕੇ ਮੇਲਾ ਕਰਨ ਲਈ ਕਿਹਾ। ਸੰਤਾਂ ਨੇ ਕਿਹਾ ਕਿ ਨਹੀਂ ਭਾਈ ਅੱਜ ਹੀ ਕਰਾਂਗੇ। ਸੰਤ ਪਾਠ ਵਰਨੀ ਲਈ ਬਸਤਰ ਧੁਆਉਣ ਲੱਗੇ। ਰਾਤ ਦੇ ਅੱਠ ਵੱਜੇ ਸਨ। ਇਸ ਸਮੇਂ ਵਰਨੀ, ਕੀਰਤਨ ਕਰਨ ਵਾਲਾ ਕੋਈ ਨਹੀਂ ਸੀ। ਸੰਗਤ ਨੇ ਕਿਹਾ-ਈਸਰ ਦਾਸ (ਕੀਰਤਨੀਆ) ਨੂੰ ਸਿੰਘ ਲੈਣ ਗਏ ਹਨ। ਵਰਨੀ ਵਾਲੇ ਬਸਤਰ ਧੋ ਰਹੇ ਹਨ।" ਤਿਆਰੀ ਪੂਰੀ ਹੈ। ਫਿਰ ਸੰਤ ਜੀ ਨੇ ਆਪ ਹੀ ਸੂਬਾ ਬੋਘ ਸਿੰਘ ਜੀ ਸੈਦੋਕੀ ਦੇ ਕੋਠੇ ਦੀ ਛੱਤ ਤੇ ਲੰਗਰ

ਤਿਆਰ ਕੀਤਾ ਅਤੇ ਛਕ ਕੇ ਹੀਰਾ ਸਿੰਘ ਠੁੱਲ੍ਹੇਕੇ ਦੇ ਕੋਠੇ 'ਤੇ ਚੜ੍ਹ ਗਏ। ਹੁਣ ਸਮਾਂ 9 ਵਜੇ ਦਾ ਹੋਵੇਗਾ। ਸੰਗਤ ਨੂੰ ਕਿਹਾ ਭਾਈ ਮੇਲਾ ਹੁਣ ਆਪੇ ਹੋ ਜਾਇਗਾ, ਮੇਰੇ ਦਿਲ ਵਿਚ ਦਰਦ ਹੋ ਰਹੀ ਹੈ। ਬਚਨ ਬਿਲਾਸ ਕਰਦਿਆਂ ਹੀ 48 ਕੁ ਸਾਲਾਂ ਦੀ ਆਯੂ ਵਿਚ ਹੀ ਜੀਵਨ ਸਫ਼ਰ ਸਮਾਪਤ ਕਰ ਗਏ।

ਮਾਸਟਰ ਨਿਹਾਲ ਸਿੰਘ ਜੀ ਮੁਤਾਬਿਕ ਸੰਤ ਜੀ ਨੇ 12 ਭਾਦਰੋਂ 1998 ਬਿ. ਮੁਤਾਬਿਕ ਸਤੰਬਰ, 1941 ਈ. ਨੂੰ ਸੈਦੋ ਵਿਖੇ ਰਾਤ ਪਈ ਤੋਂ ਅਕਾਲ ਚਲਾਣਾ ਕੀਤਾ ਸੀ ਅਤੇ ਸਸਕਾਰ ਅਗਲੇ ਦਿਨ ਸ਼ਾਮ ਪੰਜ ਵਜੇ ਜੱਦੀ ਪਿੰਡ ਹਿੰਮਤਪੁਰੇ ਵਿਚ ਕੀਤਾ ਗਿਆ। ਸੰਤ ਤਰਨ ਸਿੰਘ ਜੀ ਵਹਿਮੀ ਲਿਖਦੇ ਹਨ, "ਸੰਤ ਕਰਮ ਸਿੰਘ ਜੀ ਹਿੰਮਤਪੁਰੀਏ 14 ਭਾਦਰੋਂ ਚੜ੍ਹੇ। ਉਨ੍ਹਾਂ ਦੇ ਭੋਗ ਮੇਲੇ ਤੇ ਬਹੁਤ ਸੰਗਤ ਜੁੜੀ ਤੇ ਸਤਿਗੁਰੂ ਜੀ ਦਰਸ਼ਨ ਦਿੱਤੇ।"[18] ਵੈਸੇ ਸੰਤ ਜੀ ਦੇ ਸਸਕਾਰ ਸਮੇਂ ਵੀ ਉਨ੍ਹਾਂ ਦੇ ਪ੍ਰੇਮ ਦੇ ਬੱਧੇ ਕੀ ਨਾਮਧਾਰੀ ਤੇ ਕੀ ਗੈਰ ਨਾਮਧਾਰੀ, ਵੀਹ ਵੀਹ ਕੋਹਾਂ ਤੋਂ ਸੰਗਤਾਂ ਚੱਲ ਕੇ ਵੱਡੀ ਗਿਣਤੀ ਵਿਚ ਹਿੰਮਤਪੁਰੇ ਪੁੱਜੀਆਂ ਸਨ।

1914 ਈ. ਵਿਚ ਮਹਾਰਾਜ ਨਿਹਾਲ ਸਿੰਘ ਜੀ ਦਾ ਅਨੰਦ ਕਾਰਜ ਲਾਹੌਰ ਹੋਇਆ ਸੀ। ਉਸ ਅਨੰਦ ਕਾਰਜ ਸਮੇਂ ਹੋਰ ਸਾਧੂ ਸੰਤਾਂ ਸਮੇਤ, ਮਾਲਵੇ ਦੇ ਇਲਾਕੇ ਵਿਚੋਂ ਸੰਗਤ ਲੈ ਕੇ ਜਾਣ ਵਾਲਿਆਂ ਵਿਚ ਸੰਤ ਕਰਮ ਸਿੰਘ ਜੀ ਦੇ ਨਾਮ ਦਾ ਜ਼ਿਕਰ ਆਉਂਦਾ ਹੈ।[19] ਇੱਥੋਂ ਇਹ ਸਾਬਤ ਹੁੰਦਾ ਹੈ ਕਿ ਸੰਤ ਜੀ ਨੇ ਸਿੰਘਣੀ ਦੇ ਚਲਾਣੇ ਤੋਂ ਤੁਰੰਤ ਬਾਅਦ ਹੀ ਆਪਣਾ ਜੱਥਾ ਤਿਆਰ ਕਰਕੇ, ਪੰਥਕ ਪ੍ਰਚਾਰ ਮੁਹਿੰਮ ਦੀ ਆਪਣੇ ਇਲਾਕੇ ਵਿਚ ਕਮਾਨ ਸੰਭਾਲ ਲਈ ਸੀ। ਇਸ ਪ੍ਰਕਾਰ ਪੂਰੇ ਤੀਹ ਵਰ੍ਹੇ ਉਨ੍ਹਾਂ ਨਿਸ਼ਕਾਮ ਕੂਕਾ ਪ੍ਰਚਾਰ ਦੀ ਸੇਵਾ ਆਪਣੇ ਅਦੁੱਤੀ ਅਤੇ ਅਲੌਕਿਕ ਢੰਗ ਨਾਲ ਨਿਬਾਹੀ। ਉਹ ਭੀੜ ਪੈਣ ਸਮੇਂ ਜਾਂ ਪੰਥਕ ਵੰਗਾਰਾਂ ਦੇ ਸਨਮੁਖ ਵੀ ਡਟ ਕੇ, ਸਿਰ ਧੜ ਦੀ ਬਾਜ਼ੀ ਲਾਉਣ ਤੋਂ ਗੁਰੇਜ਼ ਨਹੀਂ ਕਰਿਆ ਕਰਦੇ ਸਨ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਆਨੰਦ ਕਾਰਜ ਸਮੇਂ, ਮਾਤਾ ਭੁਪਿੰਦਰ ਕੌਰ ਜੀ ਦੇ ਤਾਇਆ ਸ੍ਰ. ਸੱਦਾ ਸਿੰਘ ਦਾ ਉਗਰ ਵਿਰੋਧ, ਜਿਹਨਾਂ ਕੂਕਿਆਂ ਦੀ ਇਸ ਮੌਕੇ ਆਪਣੇ ਪਿੰਡ ਆਮਦ ਸੁਣਕੇ, ਸ਼ਾਂਤ ਹੋ ਗਿਆ ਸੀ ਉਨ੍ਹਾਂ ਵਿਚੋਂ ਇਕ ਨਾਂ ਸੰਤ ਕਰਮ ਸਿੰਘ ਹੋਰਾਂ ਦਾ ਵੀ ਸੀ। ਸੱਦਾ ਸਿੰਘ ਨੇ ਆਪਣਾ ਕੋਈ ਬੰਦਾ ਜਦੋਂ ਇਹ ਵੇਖਣ ਲਈ ਭੇਜਿਆ ਕਿ ਜ਼ਰਾ ਪਤਾ ਕਰੋ, ਇਸ ਅਨੰਦ ਕਾਰਜ ਦੇ ਸਮਰਥਨ ਵਿਚ ਕੌਣ-ਕੌਣ ਪੁੱਜੇ ਹਨ ਤਾਂ ਉਸ ਆ ਕੇ ਦੱਸਿਆ, "ਜਵੰਦ ਸਿੰਘ ਖਿਆਲੀਆ, ਮੱਲ ਸਿੰਘ ਠੇਠਰਕੇ ਤੇ ਕਰਮ ਸਿੰਘ ਹਿੰਮਤਪੁਰੀਆ, ਆਪੋ ਆਪਣੇ ਜਥੇ ਲੈ ਕੇ, ਮਾਝੇ ਅਤੇ ਮਾਲਵੇ ਦੇ ਕਹਿੰਦੇ ਕਹਾਉਂਦੇ ਕੂਕਿਆਂ ਸਮੇਤ ਪੁੱਜੇ ਹੋਏ ਹਨ। ਸੱਦਾ ਸਿੰਘ ਤਾਂ ਉਦੋਂ ਹੀ ਗੱਡੇ ਜੁਆਕੇ, ਮਾਲ ਅਸਬਾਬ ਲੱਦ ਕੇ ਲਾਂਭਦੇ ਪਿੰਡ ਜਾਂ ਰਿਹਾ।"[20] ਜਥੇਦਾਰ ਗੁਰਮੁਖ ਸਿੰਘ ਝੱਬਰ ਦੇ ਸੰਸਮਰਣਾਂ ਵਿਚ ਦਰਜ ਹੈ, "ਸੰਤ ਕਰਮ ਸਿੰਘ ਜੀ ਹਿੰਮਤਪੁਰਾ ਨੇ ਮਾਲਵੇ ਵਿਚੋਂ ਚਾਰ ਸੌ ਸਿੰਘਾਂ ਦਾ ਜੱਥਾ ਲੈ ਕੇ, ਹਰ ਤਰ੍ਹਾਂ ਦੇ ਇੰਤਜ਼ਾਮ ਵਾਸਤੇ, ਅੱਗਲ ਵਾਂਢੀ ਜੰਞ ਨੂੰ ਮਿਲਣ ਲਈ, ਗੁਰੂ ਸਰ ਜਾ ਡੇਰੇ ਲਾਏ।"[21]

"ਸੰਤ ਕਰਮ ਸਿੰਘ ਜੀ ਦੀ ਸਾਥੀਆਂ ਨੂੰ ਸਿੱਖਿਆ ਸੀ, ਆਏ ਸਿੱਖ ਨੂੰ ਸਰਦਾ ਪੁੱਜਦਾ ਤੁਰੰਤ ਹਾਜ਼ਰ ਕਰੋ। ਪੁੱਛੋ ਨਾ ਕੀ ਛਕੋਗੇ ਅੱਗੋਂ ਜਿਵੇਂ ਉਹ ਕਰੇ, ਸੋ ਠੀਕ ਹੈ।

"ਸੰਤ ਕਰਮ ਸਿੰਘ ਜੀ ਕਿਸੇ ਦੇ ਕੰਮ ਥੁੜੇ ਤੇ ਵਿਗੜਦੇ ਨੂੰ ਵੇਖ, ਆਪੇ ਸਣੇ ਜਥੇ ਲੱਗ ਸਵਾਰਦੇ ਸੀ। ਕੋਠਾ ਛੱਤ ਦੇਣਾ, ਫਸਲ ਸਾਂਭਣਾ, ਬਿਮਾਰ ਦੀ ਸੇਵਾ ਕਰਨੀ ਆਦਿ।"[22]

ਸੰਤ ਕਰਮ ਸਿੰਘ ਹਿੰਮਤਪੁਰੀਆ ਲੋਕ ਗੀਤਾਂ ਵਿਚ ਮਸ਼ਹੂਰ ਹੋ ਚੁੱਕੇ ਪਿੰਡ ਹਿੰਮਤਪੁਰੇ ਦੇ ਵਾਸੀ ਸਨ, ਉਨ੍ਹਾਂ ਦੀ ਰੂਹ ਵੀ ਲੋਕ ਗੀਤ ਜਿਹੀ ਨਿਰਛਲ, ਨਿਸ਼ਕਪਟ, ਸਾਫ਼, ਸ਼ਫ਼ਾਫ ਅਤੇ ਸਰਬੱਤ ਦਾ ਭਲਾ ਮੰਗਣ ਵਾਲੇ ਰੰਗ ਵਿਚ ਰੰਗੀ ਹੋਈ ਸੀ। ਇਸੇ ਲਈ ਉਨ੍ਹਾਂ ਨੇ ਆਪਣੀ ਅੱਧੀ ਕੁ ਸਦੀ ਦੇ ਲਾਗੇ ਚਾਗੇ ਹੰਢਾਈ ਉਮਰ ਦੇ ਤਿੰਨ ਦਹਾਕੇ, ਪੰਜਾਬ ਵਿਚ ਬਸਤੀਵਾਦ ਵਿਰੁੱਧ ਚੱਲੀ ਪਹਿਲੀ ਲੋਕ ਲਹਿਰ, ਕੂਕਾ ਲਹਿਰ ਨੂੰ ਸਮਰਪਿਤ ਕਰਕੇ, ਤਿਆਰ ਬਰ ਤਿਆਰ ਕੂਕੇ ਮਸਤਾਨਿਆਂ ਦਾ ਜਥਾ ਫੇਰ ਕੇ, ਸਤਿਗੁਰੂ ਰਾਮ ਸਿੰਘ ਜੀ ਦੁਆਰਾ ਜਗਾਈ ਦੇਸ਼ ਆਜ਼ਾਦੀ ਦੀ ਜੋਤ ਨੂੰ ਪ੍ਰਚੰਡ ਰੱਖਿਆ। ਉਹ ਮਨੁੱਖੀ ਗੌਰਵ ਦੇ ਪ੍ਰਤੀਕ ਸਨ। ਉਹ ਆਪਣੇ ਸਤਿਗੁਰੂ ਤੋਂ ਬਿਨਾਂ ਕਿਸੇ ਦੀ ਅਧੀਨਗੀ ਸਵੀਕਾਰ ਨਹੀਂ ਕਰਦੇ ਸਨ। ਸੰਤ ਇੰਦਰ ਸਿੰਘ ਚੱਕਰਵਰਤੀ ਦੇ ਸ਼ਬਦ, ਅਜਿਹੇ ਸੰਤਾਂ ਦੇ ਕਿਰਦਾਰ ਦੀ ਤਰਜਮਾਨੀ ਕਰਦੇ ਹਨ:

"ਸਤਿਗੁਰੂ ਸਾਹਿਬ ਛੱਡ ਕੇ ਬੰਦੇ ਦੇ ਦਰਬਾਰ।
ਭੁੱਲ ਨਿਵਾਉਣਾ ਸੀਸ ਇਹ ਸਾਨੂੰ ਨਹੀਂ ਦਰਕਾਰ।"

ਅਨੇਕ ਲੋਕਾਂ ਦੇ ਆਪਣੇ ਢੰਗ ਨਾਲ ਸੰਕਲਪਾਂ ਦੀ ਪੂਰਤੀ ਕਰਨ ਸਦਕਾ ਉਹ ਅੱਜ ਵੀ ਲੋਕ ਚੇਤਿਆਂ ਵਿਚ ਵੱਸਦੇ ਹਨ। ਉਨ੍ਹਾਂ ਦਾ ਹਿਰਦਾ ਦੁਖੀਆਂ ਦੇ ਦੁੱਖ ਵਿਚ ਦਰਵਿਤ ਹੋ ਜਾਂਦਾ ਸੀ ਅਤੇ ਉਨ੍ਹਾਂ ਦੀ ਕਸ਼ਟ ਨਵਿਰਤੀ ਲਈ, ਉਹ ਕੋਈ ਵੀ ਜੋਖਮ ਉਠਾਉਣ ਲਈ ਤਿਆਰ ਰਹਿੰਦੇ ਸਨ। 'ਸੁਲਤਾਨ ਬਾਹੂ' ਨੇ ਠੀਕ ਕਿਹਾ ਸੀ–

"ਨਾਮ ਫ਼ਕੀਰ ਤਿੰਨਾਂ ਦਾ ਬਾਹੂ, ਕਬਰ ਜਿਹਨਾਂ ਦੀ ਜੀਵੇ ਹੂ!"

ਸੰਤਾਂ ਦਾ ਡੇਰਾ ਉਨ੍ਹਾਂ ਦੀ ਸੰਸਾਰਿਕ ਯਾਤਰਾ ਪੂਰੀ ਕਰਨ ਬਾਅਦ ਅੱਜ ਤਕ ਲਗਾਤਾਰ ਚੱਲਦਾ ਆ ਰਿਹਾ ਹੈ। ਜਿੱਥੇ ਲੋੜਵੰਦ, ਮਨ ਦੀਆਂ ਮੁਰਾਦਾਂ ਦੀ ਪੂਰਤੀ ਲਈ ਸਿਜਦੇ ਕਰਦੇ ਹਨ। ਸੰਤਾਂ ਤੋਂ ਬਾਅਦ ਕਰਮਵਾਰ ਸੰਤ ਹਰਨਾਮ ਸਿੰਘ ਲੋਹਗੜ੍ਹ, ਸੰਤ ਗੁਰਮੁਖ ਸਿੰਘ ਫਰਵਾਹੀ ਅਤੇ ਸੰਤ ਬਾਬਾ ਜੋਰਾ ਸਿੰਘ ਹਿੰਮਤਪੁਰਾ, ਇਸ ਡੇਰੇ ਦੀ ਸੇਵਾ ਕਰਦੇ ਰਹੇ। ਜਿੱਥੇ ਹਰ ਵਰ੍ਹੇ ਸੰਤਾਂ ਦੀ ਬਰਸੀ 'ਤੇ ਪੂਰਾ ਮੇਲਾ ਭਰਦਾ ਹੈ। ਵਕਤ ਦੇ ਨਾਮਧਾਰੀ ਸਤਿਗੁਰੂ ਇਸ ਸਮਾਗਮ ਨੂੰ ਨਿਵਾਜਦੇ ਹਨ। ਸੰਤ ਜੋਰਾ ਸਿੰਘ ਪਿਛਲੇ ਕੁਝ ਸਾਲਾਂ ਤੋਂ ਅਸੁਅਸਥ ਸਨ। ਸਤਿਗੁਰੂ ਉਦੇ ਸਿੰਘ ਜੀ ਦੇ ਹੁਕਮ ਅਨੁਸਾਰ, ਐਸ.ਪੀ.ਐਸ. ਹਸਪਤਾਲ ਲੁਧਿਆਣਾ ਦੇ ਡਾਕਟਰ ਅਤੇ ਹੋਰ ਅਮਲਾ ਫੈਲਾਅ ਉਨ੍ਹਾਂ ਦੀ ਹਿੰਮਤਪੁਰੇ ਹੀ ਹਰ ਤਰ੍ਹਾਂ ਦੀ ਸੇਵਾ ਸੰਭਾਲ, ਦਵਾ ਦਾਰੂ ਕਰ ਰਹੇ। ਸੰਤ ਜੋਰਾ ਸਿੰਘ 6 ਜੂਨ 2018 ਨੂੰ ਗੁਰੂ ਚਰਨਾਂ ਵਿਚ ਜਾ (ਬਿਰਾਜੇ) ਉਹਨਾਂ ਦੇ ਭੋਗ ਸਮਾਗਮ ਸਮੇਂ 10 ਜੂਨ ਨੂੰ ਸਤਿਗੁਰੂ ਉਦੇ ਸਿੰਘ ਜੀ ਨੇ ਮਹੰਤੀ ਦੀ ਦਸਤਾਰ ਬਾਬਾ ਜਸਵੰਤ ਸਿੰਘ

ਦੇ ਸੀਸ ਤੇ ਸਗਾਈ। ਡੇਰੇ ਦੇ ਵਰਤਮਾਨ ਮੁੱਖ ਪ੍ਰਬੰਧਕ, ਯੁਵਾ ਸੰਤ ਜਸਵੰਤ ਸਿੰਘ ਹਿੰਮਤਪੁਰਾ ਨੂੰ ਬਾਬਾ ਜੋਰਾ ਸਿੰਘ ਹੋਰਾਂ ਹੀ ਇਸ ਮਹਾਨ ਅਸਥਾਨ ਦੀ ਸੇਵਾ ਸੌਂਪੀ ਹੈ। ਸੰਤ ਜਸਵੰਤ ਸਿੰਘ ਜੀ ਵੀ ਹਿੰਮਤਪੁਰ ਦੇ ਜੁਆਨਾਂ ਦੀ ਪਰੰਪਰਾ ਵਿਚੋਂ ਆਉਂਦੇ, ਉੱਚੇ ਲੰਮੇ ਭਰਵੇਂ ਸੁੰਦਰ ਸਰੀਰ ਅਤੇ ਸਾਫ਼ ਤੱਕਣੀ ਦੇ ਮਾਲਕ ਹਨ। ਆਸ ਕਰਦੇ ਹਾਂ ਕਿ ਮਹਾਨ ਸੰਤਾਂ ਦਾ ਇਹ ਅਸਥਾਨ ਇਕ ਲੋਕ ਹਿੱਤੂ ਕੇਂਦਰ ਦੇ ਤੌਰ ਤੇ ਆਪਣੀ ਭੂਮਿਕਾ ਨਿਭਾਉਂਦਾ ਰਹੇਗਾ।

## ਹਵਾਲੇ ਤੇ ਟਿੱਪਣੀਆਂ


1. ਪੰਜਾਬੀ ਲੋਕ-ਗੀਤ, ਸੰ. ਮਹਿੰਦਰ ਸਿੰਘ ਰੰਧਾਵਾ ਤੇ ਦਵਿੰਦਰ ਸਤਿਆਰਥੀ, ਸਾਹਿਤ ਅਕਾਦਮੀ, ਨਵੀਂ ਦਿੱਲੀ, ਦੂਜੀ ਵੇਰ 1970, ਸਫਾ 238
2. ਰਤਨ ਮਾਲਾ, ਮਾਸਟਰ ਨਿਹਾਲ ਸਿੰਘ, 1985 ਈ. ਈਸਟ ਆਜ਼ਾਦ ਨਗਰ, ਦਿੱਲੀ, ਸਫ਼ਾ 17
3. ਮਾਲਵੇਂਦ੍-ਸੰਤ ਇੰਦਰ ਸਿੰਘ ਚੱਕਰਵਰਤੀ, ਸਫਾ 159-61
4. ਰਤਨ ਮਾਲਾ, ਸਫਾ 18
5. ਉਹੀ, ਸਫ਼ਾ 20
6. ਸਿੰਘਾਂ ਨਾਮਧਾਰੀਆਂ ਦਾ ਪੰਥ ਪ੍ਰਕਾਸ਼, ਸੰਤ ਕਾਲਾ ਸਿੰਘ ਨੰਗਲ ਕ੍ਰਿਤ (ਸੰ. ਦੇਵਿੰਦਰ ਸਿੰਘ ਗਿੱਲ ਜੀਆ ਨੱਥਾ) ਦੂਜੀ ਛਾਪ, ਸਫਾ 29-30
7. ਰਤਨ ਮਾਲਾ, ਸਫਾ 22
8. ਉਹੀ, ਸਫਾ 23-26
9. ਉਹੀ, ਸਫਾ 27
10. ਉਹੀ, ਸਫਾ 28-29
11. ਕੂਕਾ ਮੂਵਮੈਂਟ (ਦਸਤਾਵੇਜ਼, ਸੰ. ਜਸਵਿੰਦਰ ਸਿੰਘ), ਸਫਾ 286-87
12. ਉਹੀ, ਸਫਾ 288
13. ਰਤਨ ਮਾਲਾ, ਸਫਾ 30-31
14. ਉਹੀ, ਸਫਾ 32
15. ਉਹੀ, ਸਫਾ 33
16. ਉਹੀ, ਸਫਾ 33-34
17. ਉਹੀ, ਸਫਾ 36
18. ਜੱਸ ਜੀਵਨ, ਭਾਗ ਤੀਜਾ, ਸੰਤ ਤਰਨ ਸਿੰਘ ਵਹਿਮੀ, ਸਫਾ 147
19. ਅੱਖੀਂ ਡਿੱਠਾ ਕਿੱਸਾ ਕੀਤਾ (ਜਥੇਦਾਰ ਗੁਰਮੁਖ ਸਿੰਘ ਝੱਬਰ ਦੀਆਂ ਯਾਦਾਂ) ਸੰ. ਸੁਵਰਨ ਸਿੰਘ ਵਿਰਕ, ਸਫਾ 99
20. ਉਹੀ, ਸਫਾ 107
21. ਉਹੀ, ਸਫਾ 106
22. ਜੱਸ ਜੀਵਨ, ਭਾਗ-6, ਸੰਤ ਤਰਨ ਸਿੰਘ ਵਹਿਮੀ, ਸਫ਼ਾ 425

# ਉੱਘੇ ਸੁਤੰਤਰਤਾ-ਸੰਗਰਾਮੀ, ਸੰਤ ਮੰਗਲ ਸਿੰਘ 'ਅਰਸ਼ੀ ਫਰਿਸ਼ਤਾ'

"ਦੇਸ਼ ਪੰਥ ਹਿਤ ਅਪਨੇ ਕੀਤੀ ਜਾਨ ਨਿਸਾਰ।
ਬਿਨਾਂ ਅਸੂਲੋਂ ਸਭ ਨੂੰ ਛੱਡਿਆ ਹੋਰ ਵਿਸਾਰ।
ਰਕਾਬ ਗੰਜ ਹਿਤ ਸੰਤ ਜੀ ਝੱਲੇ ਦੁੱਖ ਅਪਾਰ।
ਗਾਂਧੀ ਬਿਗਲ ਵਜਾਇਆ ਆਏ ਛਾਲਾਂ ਮਾਰ।
ਕਿਹੜੇ ਕਿਹੜੇ ਆਪ ਦੇ ਗਿਣ ਦੱਸਾਂ ਉਪਕਾਰ।
ਸੰਤ ਮੰਗਲ ਮਰਗੇਸ਼ ਜੀ ਮਸਤਾਂ ਦੇ ਸਰਦਾਰ।"

—ਸੰਤ ਇੰਦਰ ਸਿੰਘ "ਚੱਕਰਵਰਤੀ"

ਉਪਰਲੀਆਂ ਕਾਵਿ ਪੰਕਤੀਆਂ ਵਿਚ, ਪੰਜਾਬ ਵਿਚ ਕੌਮੀ ਮੁਕਤੀ ਅੰਦੋਲਨ ਵਿਚ ਪੂਰੀ ਅੱਧੀ ਸਦੀ ਕੂਕਾ, ਕਾਂਗਰਸ ਅਤੇ ਹੋਰ ਜਨਤਕ ਅੰਦੋਲਨਾਂ ਵਿਚ, ਸਰਗਰਮ ਭੂਮਿਕਾ ਨਿਬਾਹੁਣ ਵਾਲੀ, ਇਕ ਨਾਮਧਾਰੀ ਹਸਤੀ, ਸੰਤ ਮੰਗਲ ਸਿੰਘ ਜੀ ਦੇ ਕਾਰਜ ਅਤੇ ਚਰਿੱਤਰ ਦੀ ਠੀਕ ਨੁਹਾਰ ਪੇਸ਼ ਕੀਤੀ ਗਈ ਹੈ। ਇਹ ਸੰਤ ਜੀ ਗੁਰੂ ਹਰੀ ਸਿੰਘ ਜੀ ਤੋਂ ਵਰੋਸਾਏ ਅਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਨਿਵਾਜੇ ਹੋਏ ਸਨ। ਵੈਸੇ ਤਾਂ ਸਤਿਗੁਰੂ ਰਾਮ ਸਿੰਘ ਜੀ ਦੇ ਪੰਥ ਵਿਚ ਸਭ ਇਕ ਦੂੰ ਇਕ ਚੜ੍ਹੰਦੇ ਸਨ ਪਰੰਤੂ ਜਿੱਥੋਂ ਤੱਕ ਵੀਹਵੀਂ ਸਦੀ ਦੇ ਪਹਿਲੇ ਅੱਧ ਦੇ ਲਾਗੇ ਚਾਗੇ ਹੋਏ ਨਾਮਧਾਰੀ ਪਰਚਾਰਕਾਂ ਦਾ ਸੁਆਲ ਹੈ, ਮੈਂ ਉਹਨਾਂ ਵਿਚੋਂ ਸੰਤ ਭਗਤ ਸਿੰਘ ਦਾਤੇਵਾਲੀਏ, ਸੰਤ ਮੰਗਲ ਸਿੰਘ 'ਅਰਸ਼ੀ ਫਰਿਸ਼ਤਾ ਅਤੇ ਸੰਤ ਨਿਧਾਨ ਸਿੰਘ ਆਲਿਮ ਹੋਰਾਂ ਨੂੰ ਤਿੰਨ ਸ਼ਰੋਮਣੀ ਪਰਚਾਰਕਾਂ ਦੀ ਕਤਾਰ ਵਿਚ ਖਲੋਤਾ ਵੇਖਦਾ ਹਾਂ।

ਸੰਤ ਮੰਗਲ ਸਿੰਘ ਹੋਰਾਂ ਨੇ ਕੂਕਾ ਕਾਰ ਦੇ ਘੇਰੇ ਵਿਚ ਆਉਣ ਤੇ ਜਿਹੜੀ ਮਸਤੀ ਆਪਣੀ ਚੜ੍ਹਦੀ ਜਵਾਨੀ ਵੇਲੇ ਮਾਣੀ ਸੀ, ਬਿਰਧ ਅਵਸਥਾ ਤੱਕ ਵੀ ਆਪ ਉਸੇ ਰੰਗ ਵਿਚ ਵਿਚਰਦੇ ਰਹੇ। ਇਸ ਲਈ ਆਪ ਨੂੰ ਮੰਗਲ ਸਿੰਘ 'ਮਸਤਾਨਾ' ਸਭ ਤੋਂ ਪਹਿਲਾਂ ਗੁਰੂ ਹਰੀ ਸਿੰਘ ਜੀ ਨੇ ਹੀ ਕਿਹਾ ਸੀ। ਬਾਅਦ ਵਿਚ ਕੁਝ ਸਮਾਂ ਲਾਹੌਰ ਤੋਂ ਆਪਣੀ ਸੰਪਾਦਨਾ ਹੇਠ ੧੯੨੦ ਈ. ਵਿਚ ਸਤਿਜੁਗ ਸਪਤਾਹਿਕ ਕੱਢਣ ਬਾਅਦ ਆਪਨੇ ਕੂਕਾ ਰੋਜ਼ਾਨਾ ਅਤੇ ਫਿਰ ਅਖਬਾਰ ਮਸਤਾਨਾ ਵੀ ਲਾਹੌਰ ਤੋਂ ਕੱਢਿਆ। ਪੰਜਾਬ ਵਿਚ ਜਲ੍ਹਿਆਂ ਵਾਲਾ ਬਾਗ ਸਾਕੇ ਤੋਂ ਬਾਅਦ ਕੌਮੀ ਮੁਕਤੀ ਅੰਦੋਲਨ ਉਭਾਰ ਵਿਚ ਸੀ। ਨਾਮਧਾਰੀ ਅਖਬਾਰ, ਆਪਣੀ ਬਸਤੀਵਾਦੀ ਸਰਕਾਰ ਵਿਰੋਧੀ ਨੀਤੀ ਕਾਰਨ, ਕੁਝ ਨਾ ਕੁਝ ਅਜਿਹਾ ਲਿਖਦੇ ਛਾਪਦੇ ਰਹਿੰਦੇ ਸਨ ਜਿਹੜਾ ਵਿਦੇਸ਼ੀ ਸਰਕਾਰ ਨੂੰ, ਹਜ਼ਮ ਨਹੀਂ ਹੁੰਦਾ ਸੀ। ਇਸ ਲਈ ਅਖਬਾਰਾਂ ਦੇ ਐਡੀਟਰ ਗ੍ਰਿਫਤਾਰ ਹੁੰਦੇ ਰਹਿੰਦੇ,

ਅਖਬਾਰਾਂ ਦੇ ਪ੍ਰਕਾਸ਼ਨ ਰੋਕ ਲਏ ਜਾਂਦੇ। ਫਿਰ ਨਵੇਂ ਨਾਂਅ ਅਤੇ ਨਵੇਂ ਸੰਪਾਦਕ ਹੇਠ, ਹੋਰ ਅਖਬਾਰ ਕੱਢਿਆ ਜਾਂਦਾ ਰਿਹਾ। ਸੰਤ ਮੰਗਲ ਸਿੰਘ ਜੀ ਸਤਿਜੁਗ, ਕੂਕਾ, ਮਸਤਾਨਾ ਆਦਿ ਅਖਬਾਰਾਂ ਦੇ ਕੁਝ ਕੁਝ ਸਮਾਂ ਸੰਪਾਦਕ ਵੀ ਰਹੇ ਪਿਛਲੀ ਸਦੀ ਦੇ ਤੀਜੇ ਦਹਾਕੇ ਵਿਚ।

ਸੰਤਾਂ ਦੇ ਵਖਿਆਨ ਸ਼ਰੋਤਿਆਂ ਦੇ ਹਿਰਦੇ ਵਿਚ ਸਿੱਧੇ ਉੱਤਰਦੇ ਜਾਂਦੇ। ਇਸ ਅਮਲੀ ਜੀਵਨ ਵਾਲਾ ਨਾਮਧਾਰੀ ਸਾਧੂ, ਜਿਸ ਉੱਪਰ ਸੂਫੀ ਸਾਧਕਾਂ ਵਾਲੀ ਮਸਤੀ ਦੀ ਹਾਲਤ ਤਾਰੀ ਰਹਿੰਦੀ ਸੀ ਜਦੋਂ ਬੋਲਦਾ, ਸ਼ਰੋਤਿਆਂ ਉੱਪਰ ਜਾਦੂ ਜਿਹਾ ਅਸਰ ਹੁੰਦਾ ਜਾਂਦਾ। ਉਹ ਸਮਝਦੇ ਸਨ ਕਿ ਜੋ ਗੱਲਾਂ ਇਹ ਸਿੱਧੇ ਸਾਦੇ ਲਿਬਾਸ ਵਾਲਾ, ਮੋਢੇ ਤੇ ਖੇਸੀ ਲਮਕਾਈ ਕਰੀ ਜਾਂਦਾ ਹੈ ਇਹ ਗੱਲਾਂ ਤੋਂ ਮਾਨੋ ਇਹਨੂੰ ਅਸਮਾਨਾਂ ਤੋਂ ਸਿੱਧੀਆਂ ਉੱਤਰ ਰਹੀਆਂ ਹਨ। ਧਰਤੀ ਉੱਤੇ ਏਨੀ ਕਮਾਲ ਦੀ ਵਾਕਪਟੁਤਾ ਦੇ ਗੁਣ ਨਾਲ ਮਾਲਾ ਮਾਲ ਲੋਕ ਤਾਂ ਕਦੇ ਵੇਖਣ ਨੂੰ ਨਹੀਂ ਮਿਲੇ। ਇਸ ਲਈ ਲੋਕਾਂ ਨੇ ਆਪ ਨੂੰ ਸੰਤ ਮੰਗਲ ਸਿੰਘ ਜੀ "ਅਰਸ਼ੀ ਫਰਿਸ਼ਤਾ" ਦੇ ਲਕਬ ਨਾਲ ਵੀ ਨਿਵਾਜਣਾ ਸ਼ੁਰੂ ਕਰ ਦਿੱਤਾ। ਆਪ ਦੇ ਕੁਝ ਕਾਰਨਾਮੇ ਇਤਨੇ ਹੈਰਾਨ ਕਰਨ ਵਾਲੇ ਹੁੰਦੇ ਸਨ ਕਿ ਆਮ ਦੁਨੀਆਂਦਾਰ ਵਿਅਕਤੀ ਤੋਂ ਉਸ ਦੀ ਤਵੱਕੋ ਨਹੀਂ ਕੀਤੀ ਜਾ ਸਕਦੀ ਸੀ। ਆਪ ਦੀ ਚੁਸਤੀ ਫੁਰਤੀ ਵੀ ਗੱਭਰੂਆਂ ਨੂੰ ਮਾਤ ਪਾਉਂਦੀ ਸੀ। ਤੇਜ਼ ਰਫਤਾਰ ਨਾਲ ਸਾਰੇ ਕਾਰਜ ਨਿਪਟਾਉਣ ਸਦਕਾ ਅਤੇ ਅਸੰਭਵ ਨੂੰ ਸੰਭਵ ਕਰ ਵਿਖਾਉਣ ਦੀ ਕਲਾ ਸਦਕਾ, ਆਪ ਦੇ ਸੰਗੀ ਸਾਥੀ ਲਾਡ ਨਾਲ ਆਪ ਨੂੰ, ਮੰਗਲ ਸਿੰਘ "ਭੂਤਨਾ" ਵੀ ਕਿਹਾ ਕਰਦੇ ਸਨ।

ਨਾਮਧਾਰੀ ਸੰਗਤ ਵਿਚ ਸੰਤ ਮੰਗਲ ਸਿੰਘ ਜੀ "ਅਰਸ਼ੀ ਫਰਿਸ਼ਤਾ" ਜਾਂ ਸੰਤ ਮੰਗਲ ਸਿੰਘ "ਫਤੂਹੀ ਚੱਕੀਆ" ਦੇ ਨਾਮ ਨਾਲ ਜ਼ਿਆਦਾ ਜਾਣੇ ਜਾਂਦੇ ਸਨ। "ਫਤੂਹੀ ਚੱਕ" ੧੯੪੭ ਤੋਂ ਪਹਿਲੇ ਗੁਰਦਾਸਪੁਰ ਜ਼ਿਲ੍ਹੇ ਦੀ ਸ਼ੱਕਰਗੜ੍ਹ ਤਹਿਸੀਲ ਦੇ ਕਾਹਲੋਂ ਜੱਟਾਂ ਦੀ ਮਾਲਕੀ ਵਾਲਾ ਪਿੰਡ ਸੀ ਜੋ ਵੰਡ ਤੋਂ ਬਾਅਦ ਤਹਿਸੀਲ ਸ਼ੱਕਰਗੜ੍ਹ, ਪਾਕਿਸਤਾਨ ਵਿਚ ਚਲੀ ਜਾਣ ਕਾਰਨ, ਅੱਜ ਕਲ੍ਹ ਪਾਕਿਸਤਾਨ ਵਿਚ ਹੈ। ਸੰਤ ਜੀ ਤਾਂ ਸਾਰੀ ਉਮਰ ਸਤਿਗੁਰੂ ਰਾਮ ਸਿੰਘ ਜੀ ਦੇ ਮਿਸ਼ਨ ਦੇਸ਼ ਆਜ਼ਾਦੀ ਅਤੇ ਨਾਮਧਾਰੀ ਪੰਥ ਦੇ ਪ੍ਰਚਾਰ ਪ੍ਰਸਾਰ ਨੂੰ ਸਮਰਪਿਤ ਰਹਿਣ ਕਾਰਨ, ਬਿਹੰਗਮ ਹੀ ਵਿਚਰਦੇ ਰਹੇ। ਆਪ ਦੀ ਪੈਤਰਿਕ ਭੂਮੀ ਅਤੇ ਭਤੀਜੇ ਦੇਸ਼ ਬਟਵਾਰੇ ਬਾਅਦ, ਗੁਰਦਾਸਪੁਰ ਜ਼ਿਲ੍ਹੇ ਦੇ ਪਿੰਡ ਬਗ੍ਹੀਲੇ ਵਿਚ ਆ ਗਏ। ਪੂਰੀ ਅੱਧੀ ਸਦੀ ਸਤਿਗੁਰੂ ਰਾਮ ਸਿੰਘ ਜੀ ਦੇ ਉੱਚੇ ਸੁੱਚੇ ਨਾਮ ਦਾ ਡੰਕਾ ਵਜਾਉਣ ਬਾਅਦ, ਸੰਤ ਜੀ ਸਰੀਰ ਬਿਰਧ ਹੋਇਆ ਮਹਿਸੂਸ ਕਰਕੇ, ਭਤੀਜਿਆਂ ਪਾਸ ਆ ਰਹੇ ਸਨ। ਇੱਥੇ ਹੀ ਅੰਤ ਸਮੇਂ ਤੋਂ ਥੋਹੜਾ ਸਮਾਂ ਪਹਿਲਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪ ਨੂੰ ਦਰਸ਼ਨ ਦਿੱਤੇ ਸਨ। ੧੯੫੭ ਈ. ਦੀ ਦੀਵਾਲੀ ਦੇ ਦਿਨ, ੭੭ ਸਾਲਾਂ ਦੀ ਆਯੂ ਵਿਚ ਆਪ ਅੰਤਿਮ ਫਤੇਹ ਬੁਲਾ ਗਏ ਸਨ।

ਮੰਗਲ ਸਿੰਘ ਹੋਰਾਂ ਦਾ ਜਨਮ ੧੮੮੦ ਈ. ਨੂੰ ਗੁਜਰਾਂਵਾਲਾ ਜ਼ਿਲ੍ਹਾ ਦੇ ਪਿੰਡ ਡੋਗਰਾਂਵਾਲਾ ਵਿਖੇ ਹੋਇਆ ਸੀ। ਇਹ ਵੜੈਚ ਜੱਟਾਂ ਦੀ ਮਾਲਕੀਵਾਲਾ ਪਿੰਡ ਸੀ।

ਇਸ ਪਿੰਡ ਵਿਚ ਇਹਨਾਂ ਦੇ ਨਾਨਕੇ ਸਨ। ਮਾਤਾ ਦਾ ਨਾਮ ਦਿਆਲ ਕੌਰ ਸੀ। ਪਿਤਾ ਨਰਾਇਣ ਸਿੰਘ ਫੌਜ ਦੇ ਰਸਾਲੇ ਵਿਚ ਭਰਤੀ ਸਨ। ਮਾਤਾ ਜੀ ਤਾਂ ਸੁਰਤ ਸੰਭਾਲਣ ਤੋਂ ਪਹਿਲਾਂ ਹੀ ਵਿਛੋੜਾ ਦੇ ਗਏ। ਪਿਤਾ ਭੀ ਆਪ ਨੂੰ ੧੫ ਕੁ ਸਾਲਾਂ ਦੀ ਉਮਰ ਵਿਚ ਹੀ ਯਤੀਮ ਕਰ ਗਏ। ਮਾਂ ਮਹਿੱਦਰ ਨੂੰ ਨਾਨੇ ਨਾਨੀ ਨੇ ਆਪਣੀ ਸ਼ਰਨ ਵਿਚ ਲੈ ਕੇ ਮਾਪਿਆਂ ਵਾਲਾ ਪਿਆਰ ਦਿੱਤਾ। ਕਿਉਂਕਿ ਨਾਨਾ ਜੀ ਮਿਲਟਰੀ ਪੁਲੀਸ ਵਿਚ ਨੌਕਰ ਸਨ। ਆਪ ਉਹਨਾਂ ਨਾਲ ੭ ਸਾਲ ਦੀ ਉਮਰ ਵਿਚ ਅੰਡੇਮਾਨ ਟਾਪੂ ਜਿਸਨੂੰ ਕਾਲਾਪਾਣੀ ਵੀ ਕਹਿੰਦੇ ਸਨ ਵਿਚ ਪੁੱਜ ਗਏ। ਚਾਰ ਸਾਲ ਇੱਥੇ ਰਹੇ। ਇੱਥੇ ਇਕ ਅੰਗਰੇਜ਼ ਅਫਸਰ ਅਤੇ ਉਸਦੇ ਪਰਿਵਾਰ ਵਿਚ ਇਕ ਲੜਕੀ ਹੋਣ ਕਾਰਨ, ਉਹਦੇ ਨਾਲ ਖੇਡਦਿਆਂ ਜੁਆਨੀ ਚੜ੍ਹੇ। ਵਿਆਹੇ ਜਾਣ ਤੇ ਲੜਕੀ ਨੇ ਕਲਕੱਤੇ ਜਾਣਾ ਸੀ। ਉਹ ਆਖੇ ਕਿ ਮੰਗਲ ਸਿੰਘ ਨੂੰ ਮੇਰੇ ਨਾਲ ਭੇਜ ਦਿਉ, ਕਲਕੱਤੇ ਵਿਚ ਇਸਨੂੰ ਪੜ੍ਹਾਵਾਂਗੀ। ਨਾਨਾ ਜੀ ਨੂੰ ਇਹ ਖ਼ਦਸ਼ਾ ਸੀ ਲੜਕਾ ਕਿਤੇ ਇਸਾਈ ਨਾ ਬਣ ਜਾਏ ਕਿਉਂ ਜੁ ਆਪ ਦਾ ਸਰੀਰ ਲੰਬਾ ਛਰਹਰਾ ਦਾਹੜਾ ਛੋਟਾ, ਰੰਗ ਗੋਰਾ, ਨਕਸ਼ ਤਿੱਖੇ, ਵਿਸ਼ਾਲ ਮਸਤਕ ਅਤੇ ਨੇਤਰ ਯੋਰਪੀਨਾਂ ਵਾਂਗ ਹੀ ਨੀਲੇ ਸਨ। ਅਜਿਹੇ ਬਣਦੇ ਫੱਬਦੇ ਪੰਜਾਬੀ ਗੱਭਰੂਆਂ ਨਾਲ ਨਾਤਾ ਜੋੜ ਕੇ ਉਹਨਾਂ ਤੋਂ ਈਸਾਈਅਤ ਦਾ ਪ੍ਰਚਾਰ ਕਰਵਾਉਣਾ, ਇਸਾਈ ਧਰਮਾਵਲੰਬੀਆਂ ਦੇ ਏਜੰਡੇ ਤੇ ਹੁੰਦਾ ਸੀ। ਫਿਰ ਵੀ ਇਸ ਮੇਲ ਜੋਲ ਕਾਰਨ ਉਹਨਾਂ ਦੀ ਜੀਵਨ ਜਾਚ, ਬਾਈਬਲ ਦੇ ਸੰਦੇਸ਼ ਤੋਂ, ਸੰਤ ਜੀ ਚੋਖੇ ਜਾਣੂ ਹੋ ਗਏ ਜੋ ਭਾਵੀ ਜੀਵਨ ਵਿਚ ਆਪ ਦੇ ਕਾਫੀ ਕੰਮ ਆਇਆ।

ਦੇਸ਼ ਵਾਪਸ ਆ ਕੇ ਕੁਝ ਸਮਾਂ ਗੁਜਰਾਂਵਾਲਾ ਦੇ ਮਿਸ਼ਨ ਸਕੂਲ ਵਿਚ ਪੜ੍ਹੇ। ਪਿਤਾ ਦੀ ਬਦਲੀ ਮੁਲਤਾਨ ਤੋਂ ਸਿਆਲਕੋਟ ਦੀ ਹੋਣ ਕਾਰਨ ਇੱਥੇ ਆਪ ਨੇ ਕਿਲੇ ਦੇ ਡਿਸਟਰਿਕਟ ਬੋਰਡ ਦੇ ਸਕੂਲ ਵਿਚ, ਬੋਰਡਿੰਗ ਹਾਊਸ ਵਿਚ ਰਹਿ ਕੇ ਸਤਵੀਂ ਜਮਾਤ ਪਾਸ ਕੀਤੀ। ਪਿਤਾ ੫ ਜਨਵਰੀ ੧੯੯੫ ਨੂੰ ਚਲਾਣਾ ਕਰ ਗਏ ਸਨ। ਉਦਾਸੀ ਦੀ ਹਾਲਤ ਵਿਚ ਪੜ੍ਹਨਾ ਛੱਡ ਦਿੱਤਾ। ਨਾਨਾ ਜੀ ਜਦੋਂ ਅੰਡੇਮਾਨ ਤੋਂ ਵਾਪਸ ਆਏ ਉਹਨਾਂ ਗੁਜਰਾਂਵਾਲਾ ਦੇ ਖਾਲਸਾ ਹਾਈ ਸਕੂਲ ਵਿਚ ਦਾਖ਼ਲ ਕਰਵਾਇਆ। ਜਿੱਥੋਂ ਆਪ ਨੇ ਮਿਡਲ ਦਾ ਇਮਤਿਹਾਨ ਪਾਸ ਕਰਕੇ ਪੜ੍ਹਾਈ ਛੱਡ ਦਿੱਤੀ।[1] ਗੁਜਰਾਂਵਾਲੇ ਤੋਂ ਹੀ ਪਟਵਾਰ ਦਾ ਇਮਤਿਹਾਨ ਪਾਸ ਕਰ ਲਿਆ। ਪਟਵਾਰੀ ਵਜੋਂ ਪਹਿਲੀ ਨਿਯੁਕਤੀ ਜੰਡਿਆਲਾ ਸ਼ੇਰ ਖਾਂ (ਸ਼ੇਖ਼ੂਪੁਰਾ) ਵਿਖੇ ਹੋ ਗਈ। ਇਹ ਪਿੰਡ ਸ਼ਿਰੋਮਣੀ ਕਿੱਸਾਕਾਰ ਸੱਯਦ ਵਾਰਿਸ ਸ਼ਾਹ ਹੋਰਾਂ ਦਾ ਸੀ ਜਿਸ ਨੂੰ ਉਹ ਆਪਣੀ ਰਚਨਾ ਵਿਚ ਲਿਖ ਗਏ ਹਨ—

> "ਵਾਰਿਸ ਸ਼ਾਹ ਵਸਨੀਕ ਜੰਡਿਆਲੜੇ ਦਾ
> ਤੇ ਸ਼ਾਗਿਰਦ ਮਖਦੂਮ ਕਸੂਰ ਦਾ ਈ।"

ਪਹਿਲੀ ਉਮਰੇ, ਸੱਯਦ ਹੋਰਾਂ ਦੀ ਮਜਾਰ ਤੇ ਬੈਠਿਆਂ ਮਜੌਰਾਂ ਪਾਸੋਂ, ਜਦੋਂ ਹੀਰ ਰੰਗ ਵਿਚ ਗਾਈ ਜਾਂਦੀ ਸੁਣੀ ਹੋਵੇਗੀ ਤਾਂ ਪਟਵਾਰੀ ਜੀ, ਆਪਣੀ ਸੱਭਿਆਚਾਰਕ ਵਿਰਾਸਤ ਨਾਲ ਮਾਲਾ ਮਾਲ ਹੋ ਕੇ ਸੋਚਦੇ ਹੋਣਗੇ ਕਿ ਵਿਦੇਸ਼ੀ ਧਰਮ ਪ੍ਰਚਾਰਕਾਂ ਦੀਆਂ

ਸਿੱਖਿਆਵਾਂ ਨਾਲੋਂ, ਸਾਡੇ ਆਰਫਾਂ ਦੇ ਬੋਲ ਕਿਤਨੇ ਗਹਿਰੇ ਅਤੇ ਲੋਕ ਵੇਦਨਾ ਦੀ ਤਰਜਮਾਨੀ ਕਰਨ ਵਾਲੇ ਹਨ।

੧੯੫੭ ਬਿਕਰਮੀ ਮੁਤਾਬਿਕ ਮਾਰਚ ੧੯੦੧ ਈ. ਦਾ ਹੋਲਾ ਮਹੱਲਾ ਗੁਰੂ ਹਰੀ ਸਿੰਘ ਜੀ ਦੀ ਹਜ਼ੂਰੀ ਵਿਚ ਸੱਦੋਵਾਲ (ਲਾਇਲਪੁਰ) ਵਿਖੇ ਹੋਇਆ ਸੀ। ਇਸ ਹੋਲੇ ਦੀ ਸੋਅ ਪਟਵਾਰੀ ਮੰਗਲ ਸਿੰਘ ਤੱਕ ਵੀ ਅੱਪੜ ਗਈ। ਉਸਨੂੰ ਆਪਣੇ ਹਲਕੇ ਦੇ ਪਿੰਡਾਂ ਵਿਚ ਗਿਰਦਾਵਰੀ ਕਰਦਿਆਂ ਇਕ ਸਫੈਦ ਬਸਤਰਧਾਰੀ ਅਲੌਕਿਕ ਹਸਤੀ ਜੋ ਘੋੜੀ ਤੇ ਸੁਆਰ ਸੀ ਨੇ ਹੋਲਾ ਵੇਖਣ ਦਾ ਸੱਦਾ ਦਿੱਤਾ ਅਤੇ ਫਿਰ ਟਿੱਬਿਆਂ ਵਿਚ ਅਲੋਪ ਹੋ ਗਈ। ਮੰਗਲ ਸਿੰਘ, ਸਿੰਘ ਸਭਾ ਦੇ ਪ੍ਰਭਾਵ ਵਿਚ ਵੀ ਸਕੂਲੀ ਜੀਵਨ ਸਮੇਂ ਰਿਹਾ ਹੋਣ ਕਾਰਨ, ਅਜੇ ਦੇਹਧਾਰੀ ਗੁਰੂ ਨੂੰ ਮੰਨਣ ਵਾਲੇ ਕੂਕਿਆਂ ਤੋਂ ਤਰਭਕਦਾ ਸੀ। ਪਰ ਉਸ ਦ੍ਰਿਸ਼ਟਾਂਤ ਤੋਂ ਬਾਅਦ ਉਸ ਦੇ ਮਨ ਵਿਚ ਕੂਕਿਆਂ ਬਾਰੇ ਉਤਸੁਕਤਾ ਜ਼ਰੂਰ ਵੱਧਣ ਲੱਗ ਪਈ ਤੇ ਇਕ ਦਿਨ ਫਿਰ ਨਵਾਂ ਸਬੱਬ ਬਣ ਗਿਆ।

ਹੋਲਾ ਮਹੱਲਾ ਸੱਦੋਵਾਲਾ ਤੋਂ ਗੁਰੂ ਹਰੀ ਸਿੰਘ ਜੀ ਨੇ ਇਲਾਕਾ ਸ਼ੇਖੂਪੁਰਾ ਦੇ ਪਿੰਡਾਂ ਦਾ ਰੁਖ ਕਰ ਲਿਆ। ਉਸ ਦਿਨ ਗੁਰੂ ਜੀ ਦਾ ਦੌਰਾ ਮਦਾਰ ਪਿੰਡ ਵਿਚ ਸੀ। ਪਟਵਾਰੀ ਜੀ ਦਾ ਇਹ ਹਲਕੇ ਦਾ ਪਿੰਡ ਸੀ। ਉਹ ਪਾਸ ਵਾਲੇ ਪਿੰਡ ਸ਼ਾਹਪੁਰ ਰਹਿੰਦੇ ਸਨ। ਉਸ ਦਿਨ ਇਹਨਾਂ ਦੀ ਖਾਨਗਾਹ ਡੋਗਰਾਂ, ਤਹਿਸੀਲ ਵਿਚ ਪੇਸ਼ੀ ਸੀ। ਉੱਥੇ ਜਾਣ ਲਈ ਪਿੰਡ ਵਿਚੋਂ ਘੋੜੀ ਮੰਗੀ। ਇਹ ਜਾਣ ਕੇ ਕਿ ਕੂਕਿਆਂ ਦੇ ਗੁਰੂ ਸਾਹਿਬ ਮਦਾਰ ਆਏ ਹਨ, ਪਟਵਾਰੀ ਜੀ ਨੇ ਤਹਿਸੀਲੇ ਜਾਣ ਦੀ ਥਾਂ ਘੋੜੀ ਦਾ ਮੂੰਹ ਮਦਾਰ ਨੂੰ ਕਰ ਲਿਆ। ਗੁਰੂ ਹਰੀ ਸਿੰਘ ਜੀ ਸਵੇਰ ਦੇ ਦੀਵਾਨ ਬਾਅਦ ਕੇਸ ਹਰੇ ਕਰਕੇ ਦਸਤਾਰਾ ਸਜਾ ਰਹੇ ਸਨ। ਆਪ ਨੇ ਘੋੜੀ ਤੇ ਚੜ੍ਹਿਆਂ ਹੀ ਸਤਿਗੁਰੂ ਜੀ ਦੇ ਦਰਸ਼ਨ ਦੂਰੋ ਹੀ ਕੀਤੇ। ਸਿੰਘਾਂ ਦੇ ਕਹਿਣ ਤੇ ਕਿ ਪਟਵਾਰੀ ਜੀ ਉੱਤਰ ਕੇ ਦਰਸ਼ਨ ਕਰ ਲਉ, ਮਨ ਫਿਰ ਦੁਬਿਧਾਗ੍ਰਸਤ ਹੋ ਗਿਆ ਤਾਂ ਘੋੜੀ ਦੀ ਵਾਗ ਜੰਡਿਆਲਾ ਸ਼ੇਰ ਖਾਂ ਨੂੰ ਮੋੜ ਲਈ, ਆਪਣੇ ਮੁਕਾਮੀ ਦਫਤਰ ਵੱਲ। ਸਤਿਗੁਰੂ ਜੀ ਨੇ ਬਾਬਾ ਬੁਲਾਕਾ ਸਿੰਘ ਮਹੰਤ ਅਤੇ ਸੰਗਤ ਦੇ ਸੱਦੇ ਤੇ ਮਦਾਰ ਤੋਂ ਲਾਗਲੇ ਪਿੰਡ ਵਰਨਾਂ ਵਿਚ ਜਾਣਾ ਸੀ। ਪਟਵਾਰੀ ਜੀ ਜੱਕੋ-ਤੱਕੇ ਵਿਚ ਨਿਕਲੇ ਪਰ ਜੰਡਿਆਲੇ ਨੂੰ ਜਾਣ ਦੀ ਥਾਂ ਹੁਣ ਘੋੜੀ ਦੀ ਵਾਗ ਵਰਨ ਪਿੰਡ ਨੂੰ ਮੋੜ ਲਈ। ਰਸਤੇ ਵਿਚ ਤੁਰੇ ਜਾਂਦਿਆਂ ਇਸੇ ਇਲਾਕੇ ਦੀ ਬਹੁਤ ਹੀ ਉਘੀ ਨਾਮਬਾਣੀ ਦੀ ਮੂਰਤੀ, ਸੰਤ ਨਰਾਇਣ ਸਿੰਘ ਜੀ ਸੰਤਪੁਰਾ, ਘੋੜੀਆਂ ਵਾਲਿਆਂ ਨਾਲ, ਰਸਤੇ ਵਿਚ ਮੇਲ ਹੋ ਗਿਆ। ਸੰਤ ਜੀ ਨੇ ਕ੍ਰਿਪਾ ਕਰਕੇ ਨਾਮ ਦੀ ਦਾਤ ਦੇ ਦਿੱਤੀ। ਥੋਹੜੇ ਸਮੇਂ ਬਾਅਦ ਹੀ ਪਿੱਛੋਂ ਦੌਰੇ ਵਾਲੇ ਸਿੰਘਾਂ ਸਮੇਤ, ਘੋੜੀ ਤੇ ਸਵਾਰ ਗੁਰੂ ਹਰੀ ਸਿੰਘ ਜੀ ਵੀ ਆ ਗਏ। ਹੁਣ ਉਹਨਾਂ ਦੇ ਭਰਪੂਰ ਦਰਸ਼ਨਾਂ ਬਾਅਦ ਮੰਗਲ ਸਿੰਘ ਦਾ ਕਾਇਆ ਕਲਪ ਹੋ ਗਿਆ। ਮੰਗਲ ਸਿੰਘ ਪਟਵਾਰੀ ਹੁਣ ਮੰਗਲ ਸਿੰਘ ਸੰਤ ਬਣ ਗਿਆ। ਪਟਵਾਰੀ ਵਾਲੇ ਤਿੰਨਾਂ ਗੁਣਾਂ ਦਾ ਸੰਤ ਫਾਰਸੀ ਦੇ ਇਕ ਸ਼ੇਅਰ ਨਾਲ ਬਿਆਨ ਕਰਿਆ ਕਰਦੇ ਸਨ—"ਪਟਵਾਰੀ ਸੇ ਹਰਫ ਅਸਤ। ਮੁਸ਼ਤੇ ਬੰਦਰ, ਚਸ਼ਮੇ ਆਹੂ, ਪੁਸ਼ਤ ਖਰਾ" ਭਾਵ ਪਟਵਾਰੀ ਵਿਚ ਤਿੰਨ ਗੁਣ ਹੁੰਦੇ ਹਨ। ਉਸਦਾ ਪੰਜਾ ਬਾਂਦਰ ਦਾ ਭਾਵ ਜੋ ਕਾਬੂ ਆ

ਗਿਆ ਛੱਡਣਾ ਨਹੀਂ, ਹਿਰਨ ਵਰਗੀਆਂ ਅੱਖਾਂ ਭਾਵ ਚੌਕਸ ਅਤੇ ਪਿੱਠ ਖੋਤੇ ਜਿਹੀ ਮਜ਼ਬੂਤ।"[2] ਇਸ ਤੋਂ ਬਾਅਦ ਉਹ ਵਰਨਾਂ ਤੋਂ ਤਹਿਸੀਲ ਨੂੰ ਮੁੜ ਗਏ ਪਰ ਹੁਣ ਗੁਰੂ ਵਾਲੇ ਬਣ ਗਏ ਸਨ। ਬਿਰਤੀ ਬੰਦਗੀ ਵਿਚ ਜੁੜਨ ਲੱਗ ਪਈ। ਪਹਿਲਾਂ ਮਾਸ ਸ਼ਰਾਬ ਆਮ ਖਾਣਾ ਪੀਣਾ ਸੀ, ਹੁਣ ਡਾਢੇ ਨੇ ਛੁਡਾ ਲਿਆ ਸੀ।

ਸੰਤਾ ਦਾ ਦਾਦਾ ਅਤੇ ਪਿਤਾ ਸਰਕਾਰੀ ਨੌਕਰੀ ਕਾਰਨ ਘਰੋਂ ਬਾਹਰ ਹੀ ਰਹੇ। ਜ਼ਮੀਨ ਤੇ ਸ਼ਰੀਕੇ ਵਿਚੋਂ ਇਕ ਬਾਬਾ ਲੱਗਦੇ ਸੁਖਬੀਰ ਸਿੰਘ ਨੇ ਕਬਜ਼ਾ ਕਰ ਲਿਆ ਸੀ। ਸੰਤ ਜੀ ਨੇ ਆਪਣੇ ਢੰਗ ਤਰੀਕੇ ਇਸ ਤਰ੍ਹਾਂ ਵਰਤੇ ਕਿ ਉਸਨੂੰ ਆਪ ਦੇ ਹਿਸੇ ਦੀ ਪੈਲੀ ਸਮੇਤ ਭਾਈ ਸੌਦਾਗਰ ਸਿੰਘ ਦੇ, ਦੋਹਾਂ ਦੇ ਨਾਂਅ ਵੀ ਕਰਾਉਣੀ ਪਈ ਅਤੇ ਕਬਜ਼ਾ ਵੀ ਛੱਡਣਾ ਪਿਆ। ਇਸੇ ਸਮੇਂ ਬੂੜੇ ਡੱਲੇ ਵਿਖੇ ਇਕ ਬਿਹੰਗਮ ਨਾਮਧਾਰੀ ਸਿੱਖ ਦੇ, ਸ਼ਾਮ ਦੇ ਦੀਵਾਨ ਵਿਚ, ਜੋ ਰਬਾਬ ਨਾਲ ਸ਼ਬਦ ਪੜ੍ਹਦਾ ਸੀ ਆਪ ਨੂੰ ਸੂਤਰ ਹੋ ਗਿਆ ਭਾਵ ਮਸਤਾਨੇ ਹੋ ਗਏ। ਉਸਦੇ ਕੋਠੇ ਤੇ ਹੀ ਆਪ ਨੂੰ ਕੋਈ ਆਵਾਜ਼ ਆਈ ਕਿ ਕਾਗਜ਼ ਪੱਤਰ ਲੈ ਕੇ ਲਿਖੋ—"ਲੁਧਿਆਣਾ ਮਾਈ ਭੋਲੀ ਦਾ ਘਰ ਅਤੇ ਪੁੱਜ ਜਾਉ।" ਆਪਨੇ ਕੁਝ ਦਿਨ ਬਿਤਾਏ ਫਿਰ ਫੁਰਨਾਂ ਜੋਰ ਪਾਏ। ਲੁਧਿਆਣੇ ਪੁੱਜ ਗਏ। ਪਰ ਕੋਈ ਮਾਈ ਭੋਲੀ ਦਾ ਘਰ ਨਾਂ ਦੱਸੇ। ਤਿੰਨ ਦਿਨ ਲੰਘ ਗਏ। ਮੁੰਡੇ ਕਮਲਾ ਕਮਲਾ ਆਖਦੇ ਮਗਰ ਲੱਗੇ ਫਿਰਨ। ਚੌਥੇ ਦਿਨ ਇਕ ਸਿੱਖ ਨੇ ਆ ਕਿਹਾ ਕਿ ਆਉ ਮਾਈ ਭੋਲੀ ਦੇ ਘਰ ਚੱਲੀਏ। ਪੁੱਜ ਗਏ। ਮਾਈ ਭੋਲੀ, ਸਤਿਗੁਰੂ ਰਾਮ ਸਿੰਘ ਅਤੇ ਗੁਰੂ ਹਰੀ ਸਿੰਘ ਜੀ ਦੇ ਮਾਮੇ ਦੇ ਪੁੱਤਰ ਖਜ਼ਾਨ ਸਿੰਘ ਦੀ ਵਿਧਵਾ ਸੀ। ਮਾਮਾ ਹਰੀ ਸਿੰਘ ਪਹਿਲਾਂ ਅਤੇ ਮਾਮੀ ਰਾਮੀ ਵੀ ਗੁਜ਼ਰ ਗਏ ਸਨ। ਦਰਅਸਲ ਹੁਣ ਇਹ ਘਰ ਲੁਧਿਆਣੇ ਸ਼ਹਿਰ ਵਿਚ ਨਾਮਧਾਰੀ ਸਿੰਘਾਂ ਦੀ ਧਰਮਸ਼ਾਲਾ ਸੀ। ਇੱਥੋਂ ਸੰਤ ਜੀ ਇਕ ਸਮਰਾਲੇ ਨੂੰ ਜਾਂਦੀ ਬੱਘੀ ਤੇ ਚੜ੍ਹ ਕੇ ਭੈਣੀ ਸਾਹਿਬ ਪੁੱਜ ਗਏ।

੧੯੦੪-੦੫ ਈ. ਦੇ ਸਮੇਂ ਸੰਤ ਜੀ ਪਹਿਲੀ ਵੇਰ ਸ੍ਰੀ ਭੈਣੀ ਸਾਹਿਬ ਜਾਂਦੇ ਹਨ। ਗੁਰੂ ਹਰੀ ਸਿੰਘ ਜੀ ਗੱਦੀ ਸਾਹਿਬ ਵਾਲੇ ਚੁਬਾਰੇ ਵਿਚ ਬੈਠੇ ਸਨ। ਅਖੰਡ ਪਾਠਾਂ ਦੇ ਭੋਗ ਪੈ ਰਹੇ ਸਨ। ਦਿਨੇ ਸੰਤ ਜਵੰਦ ਸਿੰਘ ਖਿਆਲੇ ਵਾਲੇ ਨੇ ਆਪ ਨੂੰ ਡੇਰੇ ਦੇ ਦਰਸ਼ਨ ਕਰਾਏ ਸ਼ਾਮ ਨੂੰ ਫਿਰ ਸਤਿਗੁਰੂ ਜੀ ਦੇ ਦਰਸ਼ਨ ਕਰਕੇ ਪੁੱਛਣ ਲੱਗੇ, "ਲੋਕ ਤਾਂ ਤੁਹਾਡੀ ਮਾਲਾ ਫੇਰਦੇ ਹਨ ਤੁਸੀਂ ਕਿਸ ਦੀ ਮਾਲਾ ਫੇਰਦੇ ਹੋ।" ਮਹਾਰਾਜ ਜੀ ਨੇ ਫੁਰਮਾਇਆ ਕਿ ਤੈਨੂੰ ਕੀ ਦਿਖਾਈ ਦਿੰਦਾ ਹੈ। ਸੰਤ ਮੰਗਲ ਸਿੰਘ ਜੀ ਨੇ ਕਿਹਾ, "ਪਾਓ ਪੰਜਾਂ ਘੋੜਿਆਂ ਤੇ ਕਾਠੀਆਂ ਅਤੇ ਵੱਢੀਏ ਲਾਹੌਰ ਵਾਲੇ ਲਾਟ (ਲੈਫਟੀਨੈਂਟ ਗਵਰਨਰ) ਦਾ ਸਿਰ।" ਮਹਾਰਾਜ ਜੀ ਨੇ ਕਿਹਾ, ਅਜੇ ਨਹੀਂ ਵੇਲਾ।"[3] ਦੂਸਰੇ ਦਿਨ ਸਵੇਰ ਦੇ ਦੀਵਾਨ ਬਾਦ, ਸਤਿਗੁਰੂ ਜੀ ਨੇ ਮਸਤਾਨੇ ਨੂੰ ਕੜਾਹ ਪ੍ਰਸ਼ਾਦ ਛਕਾ ਕੇ, ਸੜਕ ਤੇ ਪੁਚਾਉਣ ਦਾ ਹੁਕਮ ਦਿੱਤਾ। ਤਿੰਨ ਚਾਰ ਦਿਨ ਅਲੌਕਿਕ ਮਸਤੀ ਦੀ ਦੁਨੀਆਂ ਵਿਚ, ਲੁਧਿਆਣੇ ਸ਼ਹਿਰ ਵਿਚ ਵਿਚਰ ਕੇ, ਸੰਤ ਮੰਗਲ ਸਿੰਘ ਇਸੇ ਰੰਗ ਵਿਚ, ਫਿਰ ਸ੍ਰੀ ਭੈਣੀ ਸਾਹਿਬ ਆ ਗਏ। ਹੁਣ ਗੁਰੂ ਹਰੀ ਸਿੰਘ ਜੀ ਨੇ ਸਿੰਘਾਂ ਨੂੰ ਹੁਕਮ ਕੀਤਾ "ਪਾਓ ਪੰਜ ਘੋੜਿਆਂ ਤੇ ਕਾਠੀਆਂ ਇਹਨੂੰ ਲਾਹੌਰ ਘੱਲੀਏ।" ਸੰਤ ਜੀ ਨੇ ਕਿਹਾ "ਜੀ ਅਜੇ ਨਹੀਂ ਵੇਲਾ।"

ਹਜਾਰਾ ਸਿੰਘ ਮਹੰਤ ਹੋਰਾਂ ਕਿਹਾ "ਸੱਤਿ ਬਚਨ ਕਹੀਦਾ ਹੈ।" ਸੰਤ ਜੀ ਨੇ ਕਿਹਾ "ਤੂੰ ਕਰ ਸਤਿ ਬਚਨ।" ਲਾਲ ਸਿੰਘ ਅਤੇ ਬਾਵਾ ਲਾਭ ਸਿੰਘ ਨਾਮ ਦੇ ਦੋ ਸਿੰਘਾਂ ਨੂੰ ਸਤਿਗੁਰੂ ਜੀ ਨੂੰ ਮਸਤਾਨਾ ਜੀ ਦੀ ਸਉਂਪਣਾ ਕੀਤੀ ਕਿ ਰਾਵੀ ਤੋਂ ਪਾਰ ਕਰ ਆਉ। ਜਿਊਣ ਭਿੰਡਰ ਦੇ ਉੱਘੇ ਸੰਤ ਮਿੱਤ ਸਿੰਘ ਜੀ ਪਾਸ, ਉਹ ਸਿਆਲਕੋਟ ਜ਼ਿਲ੍ਹੇ ਵਿਚ ਆਪ ਨੂੰ ਛੱਡ ਆਏ। ਹੁਣ ਸੰਤਾਂ ਦੀ ਬਹਿਣੀ ਉਠਣੀ, ਨਾਮਧਾਰੀ ਸੰਤਾਂ ਮਸਤਾਨਿਆਂ ਨਾਲ ਹੋ ਗਈ। ਪਟਵਾਰ ਦੀ ਨੌਕਰੀ, ਮਹਿਬੂਬ ਦੀ ਨੌਕਰੀ ਲਈ, ਉਹਨਾਂ ਕਦੇ ਦੀ ਛੱਡ ਦਿੱਤੀ ਸੀ। ਪਟਵਾਰ ਛੱਡਣੀ ਸੌਖਾ ਤਿਆਗ ਨਹੀਂ ਗਿਣਿਆ ਜਾਂਦਾ, ਵੱਡਾ ਤਿਆਗ ਹੈ। ਇਸੇ ਲਈ ਹੀ ਤਾਂ ਸਾਡੇ ਇਕ ਸ਼ਾਇਰ ਦੇ ਸ਼ਬਦਾਂ ਵਿਚ ਵਾਅਦਾ ਨਾ ਪੁਗਾਉਣ ਵਾਲੇ ਸੱਜਣ ਨੂੰ ਕਿਸੇ ਇਉਂ ਨਿਹੋਰਾ ਦਿੱਤਾ ਸੀ—

"ਭਲਾ ਜੇ ਤੂੰ ਮਾਲਵਾ ਛੱਡ ਆਉਂਦੋਂ,
ਤੇਰੀ ਨਹੀਂ ਸੀ ਖੁੱਸ ਪਟਵਾਰ ਜਾਣੀ।"

ਨਾਮ ਦੇ ਰੰਗ ਅਤੇ ਦੇਸ਼ ਭਗਤੀ ਦੇ ਬਿਖਮ ਪੈਂਡਿਆਂ ਤੇ ਪੈ ਕੇ ਸੰਤ ਮੰਗਲ ਸਿੰਘ ਦੀ ਪਟਵਾਰ ਤਾਂ ਖੁੱਸ ਗਈ ਸੀ। ਜਿਊਣ ਭਿੰਡਰ ਤੋਂ ਸੰਤ ਅੰਮ੍ਰਿਤਸਰ ਰਾਤ ਆ ਰਹੇ। ਸਵੇਰੇ ਸੰਤੋਖ ਸਰ ਨੂੰ ਜਾ ਰਹੇ ਸਨ, ਰਸਤੇ ਵਿਚ ਸੁੱਤੇ ਲੋਕਾਂ ਨੂੰ ਠੋਕਰ ਮਾਰ ਕੇ ਜਗਾਉਣਾ ਕਿ ਉੱਠੋ ਰਾਮ ਕੇ ਪਿਆਰਿਉ ਰਾਮ ਕਹੋ। ਯਾਤਰੂਆਂ ਨੇ ਸਮਝਿਆ ਕੋਈ ਪਾਗਲ ਹੈ ਸ਼ਾਇਦ ਉਹਨਾਂ ਦੀਆਂ ਗੰਢਾ ਫਰੋਲ ਲਵੇ। ਉਹਨਾਂ ਚੋਰ ਚੋਰ ਦਾ ਰੌਲਾ ਪਾਇਆ। ਪੁਲਿਸ ਆ ਗਈ। ਕੋਤਵਾਲੀ ਵਿਚ ਚੋਰੀ ਦਾ ਮੁਕਦਮਾ ਕਿਸੇ ਦੁਕਾਨਦਾਰ ਤੋਂ ਝੂਠੀ ਰੀਪੋਰਟ ਕਰਵਾ ਕੇ ਬਣਾ ਦਿੱਤਾ। ਜਿਹਲ ਵਿਚ ਰਮਲੀਏ ਬਣ ਗਏ। ਜਿਹਨੂੰ ਕਹਿਣ 'ਬਰੀ' ਉਹ ਬਰੀ ਜਿਹਨੂੰ ਕਹਿਣ 'ਕੈਦ' ਉਹ ਕੈਦ/ਜਦੋਂ ਅਦਾਲਤ ਵਿਚ ਚਲਾਣ ਪੇਸ਼ ਹੋਇਆ ਤਾਂ ਮੈਜਿਸਟਰੇਟ ਵੀ ਭਾਂਪ ਗਿਆ ਗ਼ਲਤ ਆਦਮੀ ਪਕੜਿਆ ਗਿਆ ਹੈ। ਸੰਤਾਂ ਦੇ ਅੰਦਰ ਕੂਕਾ ਕਾਰ ਆ ਗਈ। "ਨੱਚਣ ਲੱਗੇ, "ਚੁੱਕ ਲੈ ਫਰੰਗੀਆਂ ਡੇਰਾ! ਤੈਂ ਕਰ ਲਿਆ ਰਾਜ ਬਥੇਰਾ"... "ਭੱਜੇ ਜਾਣ ਫਰੰਗੀ ਵੱਜੇ ਘੰਗਰੂ".... "ਦਿਨ ਤਾਂ ਰਹਿ ਗਏ ਥੋਹੜੇ, ਹੁਣ ਕੀ ਵੇਖਦੈ।" ਅਦਾਲਤੀ ਨੇ ਕਿਹਾ—"ਪਾਗਲ ਹੈ। ਹਥਕੜ੍ਹੀ ਲਾਹ ਦਿਉ।" ਸੰਤ ਸ਼ਬਦ ਪੜ੍ਹਦੇ ਬਾਹਰ ਆ ਗਏ।

ਇਕ ਵੇਰ ਸ੍ਰੀ ਭੈਣੀ ਸਾਹਿਬ ਦੇ ਲਾਗੇ ਉੱਪਲਾਂ ਪਿੰਡ ਦੀ "ਸਿੰਘ ਸਭਾ" ਵਿਚ ਸੰਤਾਂ ਨੇ "ਧੰਨ ਸਤਿਗੁਰੂ ਰਾਮ ਸਿੰਘ ਜੀ" ਦੇ ਬੋਲੇ ਕਰਨੇ ਸ਼ੁਰੂ ਕੀਤੇ ਅਤੇ ਸਿੰਘ ਸਭਾਈਆਂ ਦੀ ਅੰਗਰੇਜ਼ ਪ੍ਰਸਤੀ ਨੂੰ ਵੰਗਾਰਿਆ। ਆਪਣੀਆਂ ਦਲੀਲਾਂ ਨਾਲ ਜਦੋਂ ਉਹਨਾਂ ਨੂੰ ਨਿਰੁੱਤਰ ਕੀਤਾ ਤਾਂ ਉਹ ਦਲੀਲਬਾਜ਼ੀ ਨੂੰ ਛੱਡ ਕੇ ਘਸੁੰਨਬਾਜੀ ਤੇ ਉੱਤਰ ਆਏ। ਸੰਤਾਂ ਦੇ ਨਾਲ ਦੇ ਸਿੰਘਾਂ ਨੇ ਛੁਡਾ ਕੇ ਲਿਆਂਦਾ। ਮਾਤਾ ਜੀਵਣ ਕੌਰ ਜੀ ਨੇ ਦੁੱਧ ਘਿਉ ਨਾਲ ਸੱਟਾਂ ਦੀ ਟਕੋਰ ਕੀਤੀ। ਸੰਤਾਂ ਦੀ ਇਹ ਸਰਕਾਰ ਭਗਤਾਂ ਨਾਲ ਪਹਿਲੀ ਝੜਪ ਸੀ। ਗੁਰੂ ਹਰੀ ਸਿੰਘ ਜੀ ਬੜੀਆਂ ਖੁਸ਼ੀਆਂ ਬਖਸ਼ੀਆਂ। ਵਰ ਦਿੱਤੇ ਕਿ ਮਸਤਾਨਿਆ ਜੇ ਤੂੰ ਗਾਹਲਾਂ ਵੀ ਕੱਢੇਂਗਾ ਤਾਂ ਲੋਕ ਹੱਸ ਹੱਸ ਕੇ ਸੁਣਿਆ ਕਰਨਗੇ।

ਪਰਤੱਖ ਦਰਸ਼ੀ ਦੱਸਿਆ ਕਰਦੇ ਸਨ ਕਿ ਸੰਤਾਂ ਦੇ ਦੀਵਾਨਾਂ ਵਿਚ ਅਕਸਰ ਐਸਾ ਹੀ ਰੰਗ ਬੱਝਿਆ ਕਰਦਾ ਸੀ।[4]

੧੭ ਮਈ ੧੯੦੬ ਈ. ਨੂੰ ਗੁਰੂ ਹਰੀ ਸਿੰਘ ਜੀ ਦੇਹ ਦਾ ਉਹਲਾ ਕਰ ਗਏ। ਰਾਮ ਵਿਉਗੀ ਕੂਕਿਆਂ ਲਈ ਇਹ ਦੂਜੀ ਵੱਡੀ ਸੱਟ ਸੀ। ਸਤਿਗੁਰੂ ਰਾਮ ਸਿੰਘ ਜੀ ਦੇ ਪਰਦੇਸ ਗਮਨ ਬਾਅਦ ਉਹਨਾਂ ਨੇ ੩੪ ਵਰ੍ਹੇ ਬਹੁਤ ਜ਼ਿਆਦਾ ਸਰਕਾਰੀ ਪਾਬੰਦੀਆਂ, ਆਪਣਿਆਂ ਤੇ ਬੇਗਾਨਿਆਂ ਵਲੋਂ ਪੈਦਾ ਕੀਤੀਆਂ ਪਰੇਸ਼ਾਨੀਆਂ ਨਾਲ ਜੂਝਦਿਆਂ, ਸਤਿਗੁਰੂ ਰਾਮ ਸਿੰਘ ਜੀ ਦੀ ਨਾਮਧਾਰੀ ਫੁਲਵਾੜੀ ਨੂੰ ਸੰਭਾਲਣ ਲਈ ਕਮਰਕੱਸਾ ਕੀਤੀ ਰੱਖਿਆ ਸੀ। ਮਸਤਾਨਾ ਜੀ ਲਈ ਉਹਨਾਂ ਦਾ ਵਿਗੋਚਾ ਬਹੁਤ ਵੱਡਾ ਸੀ। ਉਹਨਾਂ ਰਹਿੰਦੀ ਉਮਰ ਗੁਰੂ ਹਰੀ ਸਿੰਘ ਜੀ ਦੇ ਮਿਸ਼ਨ ਦਾ ਪ੍ਰਚਾਰ ਕਰਦਿਆਂ, ਆਪ ਦੀਆਂ ਬਰਕਤਾਂ ਨੂੰ ਗਿਣਦਿਆਂ ਬਤੀਤ ਕੀਤੀ ਸੀ। ਸਤਿਗੁਰੂ ਪ੍ਰਤਾਪ ਸਿੰਘ ਜੀ ਗੁਰਗੱਦੀ ਤੇ ਆਉਣ ਸਮੇਂ, ਸਿਰਫ ਸੋਲਾਂ ਸਾਲਾਂ ਦੇ ਯੁਵਾ ਸਨ। ਬੇਸ਼ਕ ਉਹ ਜਿਸ ਅਸਥਾਨ ਤੇ ਬਿਰਾਜਮਾਨ ਸਨ, ਉਹ ਬਹੁਤ ਵੱਡਾ ਸੀ ਫਿਰ ਵੀ ਨਾਮਧਾਰੀ ਪੰਥ ਅਤੇ ਦੇਸ਼ ਦੁਨੀਆਂ ਦੇ ਮਸਲਿਆਂ ਨਾਲ ਜੂਝਣ ਲਈ, ਨਵੇਂ ਸਤਿਗੁਰੂ ਜੀ ਲਈ, ਸੰਤ ਮੰਗਲ ਸਿੰਘ ਜੀ ਦੀ ਕਿਸੇ ਵੀ ਮਸਲੇ ਤੇ ਦਿੱਤੀ ਰਾਇ ਵਜ਼ਨਦਾਰ ਰਹਿੰਦੀ ਸੀ। ਸੰਤ ਮੰਗਲ ਸਿੰਘ ਨੇ ਆਪਣੀ ਰਹਿੰਦੀ ਆਰਜਾ ਦਾ ਇਕ ਇਕ ਪਲ, ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਰਜ਼ਾ ਵਿਚ ਚੱਲਦਿਆਂ ਬਤੀਤ ਕੀਤਾ ਅਤੇ ਬਹੁਤ ਸਾਰੇ ਪੁਰਾਤਨ ਗੁਰੂ ਹਰੀ ਸਿੰਘ ਜੀ ਦੇ ਵੇਲੇ ਦੇ ਉਹਨਾਂ ਉਘੇ ਨਾਮਧਾਰੀ ਸਾਧੂ ਸੰਤਾਂ ਨੂੰ ਵੀ ਸਤਿਗੁਰੂ ਪ੍ਰਤਾਪ ਸਿੰਘ ਜੀ ਤੇ ਸ਼ਰਧਾ ਬੰਨ੍ਹਾਉਣ ਵਿਚ ਸਹਾਇਕ ਹੋਏ ਜੋ ਗੁਰੂ ਹਰੀ ਸਿੰਘ ਜੀ ਤੋਂ ਅੱਗੇ ਅਕੀਦਾ ਕਾਇਮ ਕਰਨ ਵਿਚ ਦਿੱਕਤ ਮਹਿਸੂਸ ਕਰ ਰਹੇ ਸਨ। ਸਤਿਗੁਰੂ ਪ੍ਰਤਾਪ ਸਿੰਘ ਜੀ ਵੀ ਆਪ ਨੂੰ "ਗੁਰੂ ਜੀ" ਕਹਿ ਕੇ ਸੰਬੋਧਨ ਕਰਿਆ ਕਰਦੇ ਸਨ। ਕੁਝ ਸ਼ੰਕਾਵਾਦੀਆਂ ਨੇ ਪ੍ਰਸਨ ਕੀਤਾ ਕਿ ਮੰਗਲ ਸਿੰਘ ਜੀ ਆਪਦੇ ਗੁਰੂ ਕਿੰਜ ਹੋਏ? ਸਤਿਗੁਰੂ ਜੀ ਦਾ ਉੱਤਰ ਸੀ, "ਜੀਵਨ ਵਿਚ ਕੰਮ ਆਉਣ ਵਾਲੀ ਸੁਚੱਜੀ ਮੱਤ ਬੇਸ਼ਕ ਇਕ ਅੱਧ ਵੀ ਹੋਵੇ, ਦੇਣ ਵਾਲਾ ਗੁਰੂ ਹੀ ਹੁੰਦਾ ਹੈ। ਜਦੋਂ ਕਾਕਿਆਂ ਦੀ ਮਾਤਾ (ਮਾਤਾ ਭੂਪਿੰਦਰ ਕੌਰ) ਸਰੀਰ ਤਿਆਗ ਗਈ (੧੯੨੪ ਈ.) ਤਾਂ ਇਹਨਾਂ ਸੰਤਾਂ ਹੀ ਮੈਨੂੰ ਕਿਹਾ ਸੀ ਜੇ ਸੁਖੀ ਰਹਿਣਾ ਜੇ ਤਾਂ ਹੁਣ ਦੋਬਾਰਾ ਅਨੰਦ ਕਾਰਜ ਨਹੀਂ ਕਰਵਾਉਣਾ। ਸੰਤਾਂ ਦੀ ਇਸ ਸਿੱਖਿਆ ਨੇ ਮੈਨੂੰ ਜੀਵਨ ਵਿਚ ਪੈਣ ਵਾਲੀਆਂ, ਕਈ ਦੁਸ਼ਵਾਰੀਆਂ ਤੋਂ ਬਚਾਈ ਰੱਖਿਆ ਹੈ।"

ਨਾਮਧਾਰੀ ਸੰਤ ਖਾਲਸਾ ਦੀ ਸਾਜਣਾ ਅਤੇ ਭਾਰਤ ਵਿਚ ਪਹਿਲੇ ਜਨ ਵਿਦਰੋਹ (੧੮੫੭) ਤੋਂ ਪੂਰੀ ਅੱਧੀ ਸਦੀ ਬਾਅਦ, ਪੰਜਾਬ ਦੇ ਸਿਆਸੀ ਤਾਪਮਾਨ ਵਿਚ ਤੇਜ਼ੀ ਆ ਗਈ। ਅੰਗਰੇਜ਼ ਸਰਕਾਰ ਦੀਆਂ ਕਿਸਾਨ ਵਿਰੋਧੀ ਨੀਤੀਆਂ ਦਾ ਸ. ਅਜੀਤ ਸਿੰਘ, ਬਾਂਕੇ ਦਿਆਲ ਅਤੇ ਲਾਲਾ ਲਾਜਪਤ ਰਾਇ ਦੀ ਅਗੁਆਈ ਵਿਚ ਬਾਰ ਦੇ ਕਿਸਾਨਾਂ ਨੇ ਤਿੱਖਾ ਵਿਰੋਧ ਕੀਤਾ ਜਿਸ ਕਾਰਨ, ਉਹਨਾਂ ਕਾਨੂੰਨਾਂ ਦੇ ਤਹਿਤ ਹੀ ਦੇਸ਼ ਭਗਤਾਂ ਨੂੰ ਜਲਾਵਤਨ ਕੀਤਾ ਗਿਆ ਜੋ ੧੮੭੨ ਵਿਚ ਕੂਕਿਆਂ ਖਿਲਾਫ ਵਰਤੇ ਗਏ

ਸਨ। "ਸੰਨ ੧੯੦੭ ਵਿਚ ਪੰਜਾਬ ਵਿਚ... ਤਹਿਰੀਕ ਜ਼ੋਰ ਪਕੜ ਗਈ ਅਤੇ ਆਪ ਨੇ ਕਾਂਗਰਸ ਦੇ ਹੱਕ ਵਿਚ ਲੈਕਚਰ ਦੇਣੇ ਸ਼ੁਰੂ ਕਰ ਦਿੱਤੇ। ਸੰਤ ਭਗਤ ਸਿੰਘ ਜੀ (ਦਾਤੇਵਾਲੀਏ) ਆਪ ਨੂੰ ਬਹੁਤ ਮਨਾਂਹ ਕਰਿਆ ਕਰਦੇ ਸਨ ਕਿ ਕਾਂਗਰਸ ਦੇ ਪ੍ਰਚਾਰ ਵਿਚ ਟਾਇਮ ਦੇਣ ਦੀ ਬਜਾਇ ਆਪਣਾ ਹੀ ਧਾਰਮਿਕ ਪ੍ਰਚਾਰ ਕੀਤਾ ਜਾਵੇ।... ਪਰ ਆਪ ਦੇ ਦਿਲ ਵਿਚ ਅੰਗਰੇਜ਼ੀ ਹਕੂਮਤ ਦੇ ਅੱਤਿਆਚਾਰਾਂ ਅਤੇ ਬਦੇਸੀ ਗੁਲਾਮੀ ਦੇ ਖ਼ਿਲਾਫ ਬੜਾ ਭਾਰੀ ਜਜ਼ਬਾ ਸੀ ਇਸ ਲਈ ਆਪ ਨੇ ਬਹੁਤ ਸਾਰੀ ਤਵੱਜੋ ਕਾਂਗਰਸ ਵੱਲ ਹੀ ਲਾਈ ਰੱਖੀ।

"ਓਨਾਂ ਦਿਨਾਂ ਵਿਚ ਲਾਲਾ ਲਾਜਪਤ ਰਾਇ ਅਤੇ ਸ. ਅਜੀਤ ਸਿੰਘ ਜੋ ਕਿ ਸ. ਭਗਤ ਸਿੰਘ ਸ਼ਹੀਦ ਦੇ ਚਾਚਾ ਜੀ ਸਨ, ਦੇ ਕੈਦ ਹੋਣ ਤੇ ਆਪ ਨੇ ਆਪਣਾ ਸਾਰਾ ਵਕਤ ਕਾਂਗਰਸ ਨੂੰ ਦੇ ਦਿੱਤਾ ਅਤੇ ਆਪਣੇ ਜ਼ੋਰਦਾਰ ਅਤੇ ਭੜਕੀਲੇ ਲੈਕਚਰਾਂ ਦੁਆਰਾ ਜਨਤਾ ਵਿਚ ਹਕੂਮਤ ਦੇ ਖਿਲਾਫ ਅੱਗ ਲਾ ਦਿੱਤੀ।"[5]

ਪਿਛਲੇ ਇਕ ਦਹਾਕੇ ਤੋਂ ਸੰਤ ਜੀ ਕੂਕਾ ਲਹਿਰ ਦੇ ਧਾਰਮਿਕ ਅਤੇ ਰਾਜਨੀਤਿਕ ਨਿਸ਼ਾਨਿਆਂ ਪ੍ਰਤੀ ਇਕਜੁੱਟਤਾ ਤਾਂ ਪ੍ਰਗਟ ਕਰ ਹੀ ਰਹੇ ਸਨ, ਇਹ ਬਾਰ ਦਾ ਕਿਸਾਨ ਅੰਦੋਲਨ ਅਤੇ ਇਸ ਵਿਚ ਵਿਸ਼ੇਸ਼ ਕਰਕੇ ਸ. ਅਜੀਤ ਸਿੰਘ ਦੀਆਂ ਤਕਰੀਰਾਂ ਨੇ ਸੰਤ ਜੀ ਦੀ ਬਸਤੀਵਾਦ ਵਿਰੋਧੀ ਰਾਜਨੀਤਿਕ ਚੇਤਨਾ ਨੂੰ ਹੋਰ ਪ੍ਰਚੰਡ ਕਰਕੇ, ਉਹਨਾਂ ਨੂੰ ਰਾਜ ਵਿਰੁੱਧ ਅੱਗ ਉਗਲਣ ਵਾਲੇ, ਭਾਸ਼ਣਕਾਰ ਦੇ ਰੂਪ ਵਿਚ, ਪ੍ਰਵਰਤਿਤ ਕਰ ਦਿੱਤਾ ਸੀ। ਸ. ਅਜੀਤ ਸਿੰਘ 'ਲੋਕ ਮਾਨਿਆ' ਬਾਲ ਗੰਗਾਧਰ ਤਿਲਕ ਦੀ ਰਿਹਾਈ ਲਈ ਵੀ ਅੰਦੋਲਨ ਚਲਾਉਂਦੇ ਰਹੇ ਸਨ, ਜਿਹਨਾਂ ਦੀ ਰਿਹਾਈ ਲਈ ਰੂਸੀ ਕਮਿਊਨਿਸਟ ਆਗੂ, ਕਾਮਰੇਡ ਲੈਨਿਨ ਨੇ ਵੀ ਪਾਰਟੀ ਅਖਬਾਰ 'ਪਰਾਵਦਾ' ਵਿਚ ਲੇਖ ਲਿਖੇ ਸਨ। ਭਾਰਤ ਦੇ ਸਮੂਹ ਅੱਗੇ ਵਧੂ ਤੇ ਤਿੱਖੇ ਵਿਚਾਰਾਂ ਵਾਲਿਆਂ ਤੇ ਤਿਲਕ ਮਹਾਰਾਜ ਦੀ ਗਰਿਫਤਾਰੀ ਦਾ ਬੜਾ ਟੂੰਬਵਾਂ ਪ੍ਰਭਾਵ ਪਿਆ। ਸੰਤ ਮੰਗਲ ਸਿੰਘ ਜੀ ਇਸ ਤੋਂ ਕਿਵੇਂ ਅਛੂਤੇ ਰਹਿ ਸੱਕਦੇ ਸਨ। ਬਾਰ ਦੇ ਇਲਾਕੇ ਦੇ ਉੱਘੇ ਲੋਕ ਸੰਗਰਾਮੀਏ ਜਥੇਦਾਰ ਤੇਜਾ ਸਿੰਘ ਚੂਹੜਕਾਣਾ ਦੇ ਸੰਸਮਰਣਾਂ ਵਿਚ ਦਰਜ ਹੈ, ਜਦੋਂ ਉਹ ਲਾਇਲਪੁਰ ਖਾਲਸਾ ਹਾਈ ਸਕੂਲ ਵਿਚ ਪੁੱਜੇ ਸਨ, "ਮੈਨੂੰ ਪਹਿਲੀ ਵਾਰ ਇੱਥੋਂ ਹੀ ਪਤਾ ਲੱਗਾ ਸੀ ਕਿ ਲਾਲਾ ਲਾਜਪਤ ਰਾਇ ਤੇ ਲੋਕ ਮਾਨਿਆ ਤਿਲਕ ਨੂੰ ਮਾਂਡਲੇ ਜੇਲ੍ਹ ਭੇਜ ਦਿੱਤਾ ਗਿਆ ਹੈ ਤੇ ਸ. ਅਜੀਤ ਸਿੰਘ (ਸ਼ਹੀਦ ਭਗਤ ਸਿੰਘ ਦੇ ਚਾਚਾ, ਮੌਲਵੀ ਬਰਕਤ ਉੱਲਾ ਤੇ ਬਾਂਕੇ ਦਿਆਲ ਦੇ ਵਰੰਟ ਨਿਕਲੇ ਹੋਏ ਨੇ ਤੇ ਇਸ ਗੱਲੋਂ ਲੋਕਾਂ ਵਿਚ ਬੜਾ ਗੁੱਸਾ ਏ।"[6]

ਸੰਤ ਮੰਗਲ ਸਿੰਘ ਜੀ ਅਤੇ ਜਥੇਦਾਰ ਚੂਹੜਕਾਣਾ ਵਿਚਾਰਾਂ ਦੀ ਸਾਂਝ ਕਾਰਨ ਕਾਫੀ ਨੇੜੇ ਆ ਗਏ। ਉਸ ਦੀਆਂ ਤਿੱਖੀਆਂ ਚੋਭਾਂ ਤੋਂ ਸਰਕਾਰੀ ਸਖਤੀ ਤੋਂ ਡਰਨ ਵਾਲੇ ਵੱਡੇ ਸਿੱਖ ਆਗੂ ਵੀ ਘਬਰਾ ਕੇ, ਕਈ ਵੇਰ ਮੰਗਲ ਸਿੰਘ ਹੋਰਾਂ ਦੇ ਭਾਸ਼ਣ ਦੇ ਵਿਚਾਲੇ ਹੀ ਦੀਵਾਨ ਦੀ ਸਮਾਪਤੀ ਦਾ ਜੈਕਾਰਾ ਬੁਲਾ ਕੇ ਪੱਤਰੇ ਵਾਚ ਜਾਇਆ ਕਰਦੇ ਸਨ। ਸੰਨ ੧੯੧੪ ਵਿਚ ਜਦੋਂ ਨਵੀਂ ਦਿੱਲੀ ਵਿਚ ਵਾਇਸਰਾਏ ਭਵਨ ਬਣ ਰਿਹਾ ਸੀ ਤਾਂ ਇਸਨੂੰ ਜਾਂਦੀ ਸੜਕ ਨੂੰ ਵਿੰਗ ਤੋਂ ਬਚਾਉਣ ਲਈ, ਗੁਰਦੁਆਰਾ ਰਕਾਬ

ਗੰਜ, ਨਵੀਂ ਦਿੱਲੀ, ਜਿੱਥੇ ਗੁਰੂ ਤੇਗ ਬਹਾਦਰ ਜੀ ਦੇ ਧੜ ਦਾ ਸਸਕਾਰ ਹੋਇਆ ਸੀ, ਉਸਦੀ ਚਾਰ ਦੀਵਾਰੀ ਦਾ ਕੁਝ ਹਿੱਸਾ ਸਰਕਾਰ ਵਲੋਂ ਡੇਗ ਦਿੱਤਾ ਗਿਆ। ਇਹ ਪਹਿਲੀ ਸੰਸਾਰ ਜੰਗ ਦਾ, ਸਾਕਾ ਕਾਮਾਗਾਟਾ ਮਾਰੂ ਅਤੇ ਗਦਰ ਪਾਰਟੀ ਦੇ ਸਿਰਲੱਥਾਂ ਦਾ ਦੇਸ਼ ਆ ਕੇ, ਗ਼ਦਰ ਮਚਾਉਣ ਦੇ ਯਤਨਾਂ ਵਾਲਾ, ਵਰ੍ਹਾ ਸੀ। ਸਰਕਾਰੀ ਸਖਤੀ ਜੋਰਾਂ ਤੇ ਸੀ। ਇਸ ਦੀਵਾਰ ਨੂੰ ਸਿੱਖ ਪੰਥ ਦੀ ਆਨ ਸ਼ਾਨ ਦਾ ਪ੍ਰਤੀਕ ਬਣਾ ਕੇ, ਇਸ ਦੀ ਮੁੜ ਕਾਇਮੀ ਲਈ ਲੋਕ ਰਾਇ ਲਾਮਬੰਦ ਕਰਨ ਦਾ ਕਾਰਜ ਸਭ ਤੋਂ ਪਹਿਲਾਂ ਸੰਤ ਮੰਗਲ ਸਿੰਘ ਜੀ ਨੇ ਹੀ ਆਰੰਭਿਆ। ਫਿਰ ਸਰਦੂਲ ਸਿੰਘ ਕਵੀਸ਼ਰ ਅਤੇ ਭਾਈ ਰਣਧੀਰ ਸਿੰਘ ਜੀ ਨਾਰੰਗਵਾਲ ਆਦਿ ਸੱਜਣ ਮੈਦਾਨ ਵਿਚ ਉਤਰੇ ਅਤੇ ਰਕਾਬ ਗੰਜ ਦਾ ਮੋਰਚਾ ਸ਼ੁਰੂ ਹੋ ਗਿਆ। ਇਸ ਸਮੇਂ ਸੰਤ ਜੀ, ਜਥੇਦਾਰ ਤੇਜਾ ਸਿੰਘ ਚੂਹੜਕਾਣਾ ਤੇ ਹੋਰ ਕੌਮੀ ਆਗੂਆਂ ਨਾਲ, ਥਾਂ ਥਾਂ ਤੇ ਜਲਸੇ, ਦੀਵਾਨ ਕਰਕੇ, ਸਰਕਾਰੀ ਧੱਕੇਸ਼ਾਹੀ ਦਾ ਪਰਦਾ ਫਾਸ਼ ਕਰ ਰਹੇ ਸਨ। ਸੰਤਾਂ ਦੇ ਬੇਖੌਫ ਸੁਭਾਅ ਦਾ ਵਰਣਨ ਚੂਹੜਕਾਣਾ ਜੀ ਆਪਣੀਆਂ ਯਾਦਾਂ ਵਿਚ, ਪ੍ਰਸਿੱਧ ਪੰਜਾਬੀ ਸਾਹਿਤਕਾਰ ਸ਼ਿਵ ਨਾਥ ਨਾਲ, ਇਉਂ ਸਾਂਝਾ ਕਰਦੇ ਹਨ—

"ਕੁਝ ਚਿਰ ਪਿੱਛੋਂ ਪੱਟੀ ਮੁਗਲਾਂ ਦੀ ਵਿਚ ਇਕ ਹੋਰ ਕਾਨਫਰੰਸ ਹੋਈ। ਉੱਥੇ ਮੰਗਲ ਸਿੰਘ ਨਾਮਧਾਰੀਆ ਬੋਲ ਰਿਹਾ ਸੀ। ਉਸਦੀਆਂ ਗੱਲਾਂ ਤੋਂ ਘਾਬਰ ਕੇ ਪੁਲਸ ਅਫਸਰ ਨੇ ਚਿੱਟ ਘੱਲੀ, "ਬੋਲਣੋ ਹਟ ਜਾ", ਪਰ ਉਹ ਡਰਨ ਵਾਲਾ ਕਿੱਥੇ ਸੀ ? ਤੇ ਜਦੋਂ ਉਹ ਨਾਂ ਹੀ ਹਟਿਆ ਤਾਂ ਕਿਹਰ ਸਿੰਘ ਹੋਰਾਂ ਨੇ ਕਾਨਫਰੰਸ ਹੀ ਖ਼ਤਮ ਕਰ ਦਿੱਤੀ।"[7]

ਬਾਬਾ ਕਿਹਰ ਸਿੰਘ ਪੱਟੀ, ਬੁਰਜ ਰਾਇ ਕੇ ਪਿੰਡ ਦਾ ਜੰਮ ਪਲ, ਪਿਛਲੀ ਸਦੀ ਦੇ ਪਹਿਲੇ ਅੱਧ ਦਾ ਮਾਝੇ ਦਾ ਉੱਘਾ ਪੰਥਕ ਆਗੂ ਹੋ ਗੁਜ਼ਰਿਆ ਹੈ। ਵੱਡੀ ਮਾਲਕੀ ਵਾਲਾ ਅਤੇ ਬਾਰ ਵਿਚ ਮਿਲੇ ਮੁਰੱਬਿਆਂ ਕਾਰਨ, ਉਹ ਕਦੇ ਕਦੇ ਜ਼ਿਆਦਾ ਦੂਰ ਅੰਦੇਸ਼ ਹੋ ਜਾਂਦਾ ਸੀ। ਸੰਤ ਮੰਗਲ ਸਿੰਘ ਦੀਆਂ ਤਕਰੀਰਾਂ ਤੋਂ ਸਰਕਾਰ ਨੇ ਭੈਅ ਮੰਨਦਿਆਂ, "ਆਖਿਰ ਸੰਨ ੧੯੧੪ ਵਿਚ ਪੰਜ ਹਜ਼ਾਰ ਦੀ ਜ਼ਮਾਨਤ ਅਤੇ ਪੰਜ ਹਜ਼ਾਰ ਦਾ ਮੁਚਲਕਾ ਲੈ ਕੇ ਆਪ ਨੂੰ ਆਪਦੇ ਨਾਨਕੇ, ਡੋਗਰਾਂ ਵਾਲਾ ਜ਼ਿਲ੍ਹਾ ਗੁਜਰਾਂਵਾਲਾ ਵਿਖੇ, ਨਜ਼ਰਬੰਦ ਕਰ ਦਿੱਤਾ ਅਤੇ ਪਿੰਡੋਂ ਬਾਹਰ ਜਾਣ ਦੀ ਪਾਬੰਦੀ ਲਾ ਦਿੱਤੀ।"[8]

ਉਸ ਪਿੰਡ ਵਿਚ ਉਹਨਾਂ ਦਿਨਾਂ ਵਿਚ ਈਸਾਈ ਮਿਸ਼ਨ ਦੇ ਪ੍ਰਚਾਰਕ, ਪਾਦਰੀ ਆਦਿ ਆਏ ਅਤੇ ਉਹਨਾਂ ਇਕ ਸਾਤਾ ਪਿੰਡ ਵਿਚ ਮਿਸ਼ਨ ਦੇ ਪ੍ਰਚਾਰ ਤੇ ਲਾਇਆ। ਸੰਤਾਂ ਨੇ ਹੁਣ ਤੱਕ ਇਸਲਾਮ, ਈਸਾਈ, ਹਿੰਦੂ ਅਤੇ ਸਿੱਖ ਧਰਮ ਗ੍ਰੰਥਾਂ ਦਾ ਚੰਗਾ ਮੁਤਾਲਿਆ ਕੀਤਾ ਹੋਇਆ ਸੀ। ਕੁਝ ਬਚਪਨ ਵਿਚ ਆਪ ਮਿਸ਼ਨ ਵਾਲਿਆਂ ਨਾਲ ਮਿਲਦੇ ਗਿਲਦੇ ਵੀ ਰਹੇ ਸਨ, ਇਸ ਲਈ ਉਹਨਾਂ ਨਾਲ ਵਿਚਾਰ ਵਟਾਂਦਰੇ ਦਾ ਮੌਕਾ ਬਣ ਗਿਆ। ਉਹਨਾਂ ਨੇ ਸੋਚਿਆ ਕਿ ਜੇ ਇਹ ਨਾਮਧਾਰੀ ਸੰਤ ਸਾਡੇ ਕਾਬੂ ਆ ਜਾਏ ਤਾਂ ਪੰਜਾਬ ਵਿਚ ਈਸਾਈਅਤ ਦੇ ਪ੍ਰਚਾਰ ਨੂੰ ਵੱਡਾ ਹੁਲਾਰਾ ਮਿਲੇਗਾ। ਰੋਜ਼ਾਨਾ ਲੋਕਾਂ ਦੀਆਂ ਭੀੜਾਂ ਵਿਚ ਬੋਲਣ ਵਾਲੇ ਸੰਤ ਜੀ ਇਕ ਪਿੰਡ ਦੀ ਜੂਹ ਵਿਚ ਹੀ ਬੰਦ ਸਨ।

ਉਹਨਾਂ ਦੇ ਅੰਦਰੋਂ ਵੀ ਵਲਵਲੇ ਉੱਠ ਰਹੇ ਸਨ ਕਿ ਕਿਸੇ ਤਰ੍ਹਾਂ ਜਨਤਾ ਦੇ ਦਰਬਾਰ ਵਿਚ ਫਿਰ ਹਾਜ਼ਰ ਹੋਈਏ। ਸੰਤਾਂ ਦੀ ਨਜ਼ਰਬੰਦੀ ਦਾ ਕਾਰਨ ਜਾਣ ਕੇ ਵੱਡੇ ਪਾਦਰੀ ਨੇ ਉਹਨਾਂ ਅੱਗੇ ਤਜ਼ਵੀਜ਼ ਪੇਸ਼ ਕਰ ਦਿੱਤੀ ਕਿ ਜੇ ਤੁਸੀਂ ਇਸਾਈ ਬਣ ਜਾਉ ਤਾਂ ਆਪ ਦੀ ਨਜ਼ਰਬੰਦੀ ਹਟਵਾਈ ਜਾ ਸੱਕਦੀ ਹੈ। ਸੰਤਾਂ ਦੇ ਅੰਦਰ ਸਤਿਗੁਰੂ ਰਾਮ ਸਿੰਘ ਤਾਂ ਹਮੇਸ਼ਾ ਵੱਸਦਾ ਹੀ ਸੀ ਉਹਨਾਂ ਨੇ ਸੋਚਿਆ ਕਿ ਜੇ ਚਾਰ ਦਿਨ ਤੁਰਨ ਫਿਰਨ ਦਾ ਮੌਕਾ ਮਿਲ ਜਾਏ ਤਾਂ ਇਸ ਵਲਗਣ ਵਿਚੋਂ ਤਾਂ ਬਾਹਰ ਨਿਕਲੀਏ, ਆਪਣੇ ਘਰ ਤਾਂ ਜਦੋਂ ਜੀ ਕਰੇ ਬੰਦਾ ਪਰਤ ਹੀ ਸੱਕਦਾ ਹੈ। ਸੰਤ ਇਸਾਈ ਬਣ ਗਏ ਪਰ ਕੇਸ ਦਾਹੜੀ ਸਲਾਮਤ ਰੱਖੇ ਕਿਉਂਕਿ ਬਹੁਤ ਸਾਰੇ ਅੰਗਰੇਜ਼ ਪਾਦਰੀਆਂ ਦੀਆਂ ਦਾਹੜੀਆਂ ਤਾਂ ਰੱਖੀਆਂ ਹੁੰਦੀਆਂ ਹੀ ਸਨ। ਹੁਣ ਉਹ ਈਸਾਈਅਤ ਦੇ ਪ੍ਰਚਾਰ ਲਈ ਨਜ਼ਰਬੰਦੀ ਤੋਂ ਮੁਕਤ ਕਰ ਦਿੱਤੇ ਗਏ। ਸੰਤਾਂ ਨੂੰ ਜਾਨਣ ਵਾਲੇ ਜਾਣਦੇ ਸਨ ਕਿ ਇਹ ਵੀ ਸੰਤਾਂ ਦਾ ਦਿਨ ਕਟੀ ਲਈ, ਕੋਈ ਨਵਾਂ ਜਟਕਾ ਫੰਧ ਹੈ। ਈਸਾਈ ਬਣਨ ਤੋਂ ਪਹਿਲਾਂ ਸੰਤ ਸ਼ਾਹਪੁਰ (ਸ਼ੇਖੂਪੁਰਾ) ਸਰਕਾਰੀ ਮਨਜ਼ੂਰੀ ਨਾਲ ਆ ਗਏ ਸਨ। ਹੁਣ ਜਦੋਂ ਉਹਨਾਂ ਤੋਂ ਪਾਬੰਦੀਆਂ ਹਟ ਗਈਆਂ ਤਾਂ ਮਿਸ਼ਨ ਵਾਲੇ ਉਹਨਾਂ ਨੂੰ ਪਿੰਡ ਪਿੰਡ ਅਤੇ ਸ਼ਹਿਰ ਸ਼ਹਿਰ ਲੈ ਜਾਂਦੇ ਅਤੇ ਆਪਣੇ ਹੱਕ ਵਿਚ ਪ੍ਰਚਾਰ ਕਰਵਾਉਂਦੇ। ਸੰਤਾਂ ਨੇ ਆਪਣੇ ਪ੍ਰਚਾਰ ਵਿਚ ਮਸੀਹ ਦੀ ਵਡਿਆਈ ਕਰਨੀ। ਕੁਝ ਵਾਧੇ ਘਾਟੇ ਦੀਆਂ ਗੱਲਾਂ ਜੋੜ ਕੇ, ਹੋਰ ਧਰਮਾਂ ਬਾਰੇ ਕਹਿ ਦੇਣੀਆਂ। ਜਥੇਦਾਰ ਕਰਤਾਰ ਸਿੰਘ 'ਝੱਬਰ' ਜਿਹੇ ਅਕਾਲੀ ਆਗੂਆਂ ਨੇ ਗੁੱਸਾ ਮਨਾਇਆ। ਉਹਨਾਂ ਵੱਡੇ ਪਾਦਰੀ ਨੂੰ ਕਿਹਾ ਕਿ ਜਿਹਨਾਂ ਧਰਮਾਂ ਦੀ ਇਹ ਨੁਕਤਾਚੀਨੀ ਕਰਦਾ ਹੈ, ਉਹਨਾਂ ਨੂੰ ਤਾਂ ਇਹ ਮੰਨਦਾ ਹੀ ਨਹੀਂ। ਇਹ ਤੇ ਗੁਰੂ ਰਾਮ ਸਿੰਘ ਦਾ ਚੇਲਾ ਹੈ। ਪੱਕਾ ਕੂਕਾ ਹੈ ਕਿਸੇ ਦਾਅ ਤੇ ਹੈ। ਸੰਤਾਂ ਨੂੰ ਪੁੱਛਿਆ ਜਾਏ ਕਿ 'ਸਤਿਗੁਰੂ ਰਾਮ ਸਿੰਘ' ਨੂੰ ਛੱਡ ਕੇ ਇਸਾਈ ਕਿਉਂ ਬਣਿਆ ? ਚੂਹੜਕਾਣੇ ਵਿਚ ਸੰਤਾਂ ਦੀ ਇਕ ਸੇਵਿਕਾ ਬੀਬੀ ਕੇਸਰੋ ਦੇ ਘਰ ਦੇ ਨਾਲ ਮੈਦਾਨ ਵਿਚ, ਮੁਨਾਦੀ ਕਰਵਾ ਕੇ ਜਲਸਾ ਰੱਖਿਆ ਗਿਆ ਕਿ ਅੱਜ ਸੰਤ ਦੱਸੇਗਾ ਕਿ ਉਹ ਸਤਿਗੁਰੂ ਰਾਮ ਸਿੰਘ ਨੂੰ ਛੱਡ ਕੇ ਇਸਾਈ ਕਿਉਂ ਬਣਿਆ ਹੈ ?

ਮਿਥੇ ਸਮੇਂ ਸਥਾਨ ਤੇ ਸੰਤਾਂ ਨੇ ਮੁੱਦੇ ਦੀ ਚੰਗੀ ਘੋਖ ਪੜਚੋਲ ਕੀਤੀ। ਆਪ ਨੇ ਬੋਲਦਿਆਂ ਕਿਹਾ ਕਿ ਸਿੱਖਾਂ ਦੇ ਧਰਮ ਗ੍ਰੰਥਾਂ ਵਿਚ ਨਾਮ ਜਪਣ ਤੇ ਜ਼ੋਰ ਦਿੱਤਾ ਗਿਆ ਹੈ। ਸਤਿਗੁਰੂ ਰਾਮ ਸਿੰਘ ਜੀ ਨੇ ਵੀ ਨਾਮ ਜਪਣ ਤੇ ਜ਼ੋਰ ਦਿੱਤਾ ਹੈ। ਯਸੂਹ ਮਸੀਹ ਨੇ ਕਿਹਾ ਹੈ, "ਬੇ ਫਾਇਦਾ ਖ਼ੁਦਾ ਦਾ ਨਾਮ ਨਾ ਲਵੋ। ਜ਼ਰੂਰਤ ਪੈਣ ਤੇ ਦਰਵਾਜ਼ਾ ਖਟਖਟਾਉ, ਤੁਹਾਡੇ ਵਾਸਤੇ ਖੋਹਲ ਦਿੱਤਾ ਜਾਏਗਾ।" ਆਪਨੇ ਕਿਹਾ ਸਤਿਗੁਰੂ ਰਾਮ ਸਿੰਘ ਬਹੁਤ ਸਵੇਰੇ ਉੱਠ ਕੇ, ਲੰਮਾ ਸਮਾਂ ਭਜਨ ਬਾਣੀ ਵਿਚ ਬਿਤਾਉਣ ਅਤੇ ਹਰ ਤਰ੍ਹਾਂ ਦੀ ਪਰਹੇਜ਼ਗਾਰੀ ਤੇ ਜ਼ੋਰ ਦਿੰਦੇ ਹਨ। ਖ਼ੁਦਾਵੰਦ ਯੱਸੂ ਮਸੀਹ ਸਾਰਿਆਂ ਗੁਨਾਹਾਂ ਨੂੰ ਬਿਨਾਂ ਨਾਮ ਜਪਣ, ਬਾਣੀ ਪੜ੍ਹਨ ਦੇ, ਆਪ ਦੇ ਬਾਪ ਕੋਲੋਂ ਮਾਫ ਕਰਵਾ ਸਕਦਾ ਹੈ। ਸਤਿਗੁਰੂ ਰਾਮ ਸਿੰਘ ਜੀ ਦੇ ਜੂਲੇ ਵਿਚ ਜੁਪੇ ਬੰਦੇ ਨੂੰ ਸਖਤ ਮਿਹਨਤ ਮੁਸ਼ੱਕਤ ਕਰਨੀ ਪੈਂਦੀ ਹੈ। ਮਸੀਹ ਦਾ ਜੂਲਾ ਬਹੁਤ ਹਲਕਾ ਹੈ। ਇਸ ਲਈ ਮੈਂ ਇਸਾਈ ਹੋ ਗਿਆ ਹਾਂ। ਲੈਕਚਰ ਤੋਂ

ਬਾਅਦ ਬੀਬੀ ਕੇਸਰੋ ਦੀ ਬੇਨਤੀ ਤੇ ਸੰਤ ਉਸਦੇ ਘਰ ਵੀ ਗਏ। ਜਲ ਪਾਣੀ ਛਕਿਆ। ਪਾਦਰੀ ਸਾਹਿਬ ਦੀ ਮੇਮ ਨੇ ਬੀਬੀ ਨੂੰ ਕਿਹਾ ਇਹ ਤਾਂ ਹੁਣ ਨਾਮਧਾਰੀ ਨਹੀਂ ਰਿਹਾ। ਬੀਬੀ ਕੇਸਰੋ ਨੇ ਕਿਹਾ—"ਖ਼ੁਸ਼ ਨਾ ਹੋ। ਜਿਸ ਦਿਨ ਸੰਤਾਂ ਤੁਹਾਡੇ ਖਿਲਾਫ ਮੂੰਹ ਖੋਹਲਿਆ ਤੁਸਾਂ ਇਹਨਾਂ ਨੂੰ ਨਹੀਂ ਰੱਖ ਸੱਕਣਾ।" ਸੰਤਾਂ ਦੇ ਈਸਾਈਅਤ ਦੇ ਗਿਆਨ ਤੋਂ ਉਹ ਲੋਕ ਕਾਫੀ ਪ੍ਰਭਾਵਿਤ ਹੁੰਦੇ ਸਨ। ਸੰਤਾਂ ਨੇ ਬੋਲਦਿਆਂ ਕਹਿਣਾ ਕਿ ਖ਼ੁਦਾਵੰਦ ਦਾ ਫ਼ਰਮਾਨ ਹੈ ਮੇਰੇ ਆਉਣ ਤੋਂ ਪਹਿਲਾਂ ਇਕ ਸ਼ਖਸ਼ ਆਏਗਾ ਜੋ ਸਾਰਿਆਂ ਤੇ ਮੋਹਰ ਛਾਪ ਲਾਏਗਾ। ਮੈਂ ਉਹ ਹੀ ਆਦਮੀ ਹਾਂ ਜਿਸ ਦਾ ਕੰਮ ਤੁਹਾਡੇ ਤੇ ਮੋਹਰ ਲਾਉਣਾ ਹੈ।

ਕਾਂਗਰਸ ਦਾ ਇਜਲਾਸ ਅੰਮ੍ਰਿਤਸਰ ਹੋਣ ਵਾਲਾ ਸੀ। ਸੰਤਾਂ ਦੀ ਪਾਬੰਦੀ ਦੀ ਮਿਆਦ ਵੀ ਮੁਕੱਣ ਵਾਲੀ ਸੀ। ਆਪਨੇ ਆਪਣੇ ਭਾਸ਼ਣਾਂ ਦੀ ਸੁਰ ਬਦਲ ਲਈ। ਅੰਗਰੇਜ਼ ਪਾਦਰੀ ਨੇ ਕਿਹਾ ਕਿ ਇੱਥੇ ਆਇਆ ਕੋਈ ਮੰਗਲ ਸਿੰਘ! ਵਾਪਸ ਨਹੀਂ ਮੁੜਦਾ। ਸੰਤ ਜੀ ਨੇ ਕਿਹਾ ਕਿ ਔਰਤ ਅਤੇ ਰੁਪੈ ਦੇ ਆਸ਼ਕ ਆਉਂਦੇ ਹਨ ਤੇ ਫਸ ਜਾਂਦੇ ਹਨ। ਮੈਂ ਇਹਨਾਂ ਦੋਹਾਂ ਚੀਜਾਂ ਦਾ ਤਿਆਗੀ ਹਾਂ ਤੁਸੀਂ ਮੈਨੂੰ ਕਿਵੇਂ ਰੱਖ ਲਵੋਗੇ ? ਸੰਤਾਂ ਨੂੰ ਚੂਹੜਕਾਣੇ ਦੇ ਚੰਗੇ ਚੰਗੇ ਇਸਾਈ ਘਰਾਂ ਦੀਆਂ ਲੜਕੀਆਂ ਪਸੰਦ ਕਰਨ ਅਤੇ ਘਰ ਵਸਾਉਣ ਲਈ ਵਾਰ ਵਾਰ ਕਿਹਾ ਗਿਆ। ਆਪਣੀ ਉੱਚੀ ਬਿਰਤੀ ਅਤੇ ਸਤਿਗੁਰੂ ਰਾਮ ਸਿੰਘ ਦੀ ਕ੍ਰਿਪਾ ਸਦਕਾ, ਸੰਤ ਜੀ ਕਿਸੇ ਜਾਲ ਵਿਚ ਨਾਂ ਫਸੈ।

ਈਸਾਈਆਂ ਬਾਰੇ ਚੂਹੜਕਾਣੇ ਵਿਚ ਆਪ ਦਾ ਆਖਰੀ ਭਾਸ਼ਣ ਉਹਨਾਂ ਦੀ ਬਰਦਾਸ਼ਤ ਤੋਂ ਬਾਹਰ ਹੋ ਗਿਆ। ਸੰਤ ਜੀ ਨੇ ਕਿਹਾ ਈਸਾ ਜੀ ਨੇ ਅੰਤਿਮ ਸਮੇਂ, ਸਲੀਬ ਤੇ ਟੰਗੇ ਜਾਣ ਤੋਂ ਪਹਿਲਾਂ, ਮਦਰਾ ਦੇ ਪਿਆਲੇ ਦੀ ਮੰਗ ਕੀਤੀ ਸੀ। ਵੇਖੋ ਮੇਰੇ ਸਤਿਗੁਰੂ ਰਾਮ ਸਿੰਘ ਜੀ ਦੇ ਨਾਮਧਾਰੀ ਸਿੰਘਾਂ ਨੂੰ, ਜਿਹਨਾਂ ਹੱਸਦਿਆਂ ਹੱਸਦਿਆਂ ਤਖਤੇ ਤੇ ਚੜ੍ਹ ਕੇ ਫਾਂਸੀ ਦੇ ਫੰਧੇ ਆਪਣੇ ਹੱਥੀਂ ਗਲ਼ਾਂ ਵਿਚ ਪਾਏ ਸਨ। ਧੰਨ ਸਤਿਗੁਰੂ ਰਾਮ ਸਿੰਘ, ਧੰਨ ਉਸਦੇ ਸਿੰਘ, ਜਿਹਨਾਂ ਗੋਰਾਸ਼ਾਹੀ ਦੀਆਂ ਜੜ੍ਹਾਂ ਹਿਲਾ ਦਿੱਤੀਆਂ ਸਨ। ਪਾਦਰੀ ਨੇ ਕਿਹਾ, "ਫੌਰਨ ਇੱਥੋਂ ਚਲੇ ਜਾਉ! ਵਰਨਾ ਗੋਲੀ ਮਾਰ ਦਿਆਂਗਾ।" ਸੰਤ ਛਾਲਾਂ ਮਾਰਦੇ ਬੀਬੀ ਕੇਸਰੋ ਦੇ ਘਰ ਜਾ ਬਿਰਾਜੇ। ਬੀਬੀ ਕੇਸਰੋ ਸੰਤਾਂ ਲਈ ਰਗੜੇ ਦੇ ਗੱਫੇ ਹਾਜਰ ਕਰਕੇ, ਪਾਦਰੀ ਦੀ ਮੇਮ ਕੋਲ ਜਾ ਕੇ, ਉਸਨੂੰ ਵਧਾਈ ਦੇ ਆਈ। ਉਹ ਕਹਿੰਦੀ—"ਸੰਤ ਬੜਾ ਬੇਈਮਾਨ ਏ।" ਬੀਬੀ ਨੇ ਆਖਿਆ ਕਿ ਅਜੇ ਤਾਂ ਸੰਤਾਂ ਨੇ ਇਕੋ ਲੈਕਚਰ ਹੀ ਦਿੱਤਾ ਹੈ। ਅੱਗੇ ਅੱਗੇ ਵੇਖੋ ਤੁਹਾਨੂੰ ਕਿਵੇਂ ਹਿੰਦੁਸਤਾਨ ਲੁੱਟਣ ਵਾਲਿਆਂ ਨੂੰ, ਖਰੀਆਂ ਖਰੀਆਂ ਸੁਣਾਉਂਦੇ ਹਨ।

ਸੰਤ ਮੰਗਲ ਸਿੰਘ ਦੀ ਬੇਨਤੀ ਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪਣੇ ਦੋਹਾਂ ਛੋਟੇ ਭਾਈਆਂ ਮਹਾਰਾਜ ਨਿਹਾਲ ਸਿੰਘ ਜੀ, ਮਹਾਰਾਜ ਗੁਰਦਿਆਲ ਸਿੰਘ ਜੀ, ਸੰਤ ਨਿਧਾਨ ਸਿੰਘ ਆਲਿਮ, ਸੰਤ ਅਣਖਾ ਸਿੰਘ ਦਾਤੇਵਾਲ, ਪੰਡਿਤ ਬਸੰਤ ਸਿੰਘ ਜੀ ਪਧਾਣਾ, ਪੰਡਿਤ ਮਨਸਾ ਸਿੰਘ ਕੌਮੀ ਭਰਥਲਾ, ਭਾਈ ਜੰਗ ਸਿੰਘ ਬਿਲਗਾ, ਬੁੱਢਾ ਸਿੰਘ ਖਾਨਪੁਰ ਆਦਿ ਉੱਘੇ ਕੂਕਾ ਆਗੂਆਂ ਨੂੰ ਕਾਂਗਰਸ ਅੰਦੋਲਨਾਂ ਅਤੇ ਪ੍ਰੋਗਰਾਮਾਂ ਵਿਚ ਭਾਗ ਲੈਣ ਲਈ ਹੱਲਾ ਸ਼ੇਰੀ ਦਿੱਤੀ। ਇਹਨਾਂ ਮਰਜੀਵੜਿਆਂ ਵਿਚ ਕੁਝ ਆਲ

ਇੰਡੀਆ ਕਾਂਗਰਸ ਕਮੇਟੀ ਦੇ ਸਾਲਾਨਾ ਕਲਕੱਤਾ ਇਜਲਾਸ (ਸਤੰਬਰ ੧੯੨੦) ਵਿਚ ਵੀ ਸ਼ਾਮਲ ਹੋਏ। ਅੱਧੀ ਸਦੀ ਤੋਂ ਵੱਧ ਸਮੇਂ ਤੋਂ ਸਰਕਾਰੀ ਫਾਇਲਾਂ ਵਿਚ ਦੱਬੇ, ਕੂਕਾ ਇਤਿਹਾਸ ਦੇ ਖ਼ੂਨੀ ਪੱਤਰੇ ਫਰੋਲ ਕੇ, ਜਦੋਂ ਕਾਂਗਰਸ ਦੇ ਇਸ ਇਜਲਾਸ ਵਿਚ ਮਹਾਰਾਜ ਗੁਰਦਿਆਲ ਸਿੰਘ ਹੋਰਾਂ ਨੇ ਪੇਸ਼ ਕੀਤੇ ਤਾਂ ਸਰੋਤੇ ਅਵਾਕ ਰਹਿ ਗਏ ਕਿ ਕੋਈ ਇਕ ਛੋਟਾ ਭਾਈਚਾਰਾ, ਆਜ਼ਾਦੀਦੀ ਜੰਗ ਵਿਚ ਇਤਨੀ ਭਾਰੀ ਕੀਮਤ ਤਾਰ ਸਕਦਾ ਹੈ।

ਸ੍ਰੀ ਭੈਣੀ ਸਾਹਿਬ ਗੁਰਦੁਆਰੇ ਦੇ ਬੂਹੇ ਅੱਗੇ ਬੈਠੀ ਪੁਲੀਸ ਚੌਂਕੀ ਉਠਾਉਣ ਲਈ ਸੰਤ ਮੰਗਲ ਸਿੰਘ ਜੀ ਅਤੇ ਹੋਰ ਸੰਗੀਆਂ ਨੇ ਪੰਜਾਬ ਭਰ ਵਿਚ ਵੱਡੇ ਦੀਵਾਨਾਂ/ ਕਾਨਫਰੰਸਾਂ ਦੀ ਲੜੀ ੧੯੨੧ ਤੋਂ ਅਰੰਭ ਦਿੱਤੀ। ਮੁਠੱਡਾ, ਸਿਆਹੜ, ਹੁਸ਼ਿਆਰਪੁਰ ਵਿਚ ਵੱਡੇ ਸੰਮੇਲਨ ਹੋਏ। ਪੰਜਾਬ ਦੇ ਹਿੰਦੂ, ਸਿੱਖ, ਮੁਸਲਿਮ ਕੌਮੀ ਆਗੂਆਂ ਨੇ ਸਰਕਾਰ ਨੂੰ ਸੁਚੇਤ ਕਰਦੀਆਂ ਤਕਰੀਰਾਂ ਕੀਤੀਆਂ। ਮਈ ੧੯੨੩ ਵਿਚ ਗੁਰਦੁਆਰੇ ਦੇ ਬੂਹੇ ਤੇ ਲੱਗਾ ਇਹ ਆਤੰਕ ਦਾ ਟਿੱਕਾ ਧੋ ਦਿੱਤਾ ਗਿਆ। ਸਰਕਾਰ ਨੂੰ ਚੌਂਕੀ ਚੁੱਕਣੀ ਪਈ। ਮਹਾਰਾਜ ਗੁਰਦਿਆਲ ਸਿੰਘ ਤਹਿਰੀਰੀ ਤੇ ਤਕਰੀਰੀ ਕੂਕਾ ਪ੍ਰਚਾਰ ਨੂੰ ਬੁਲੰਦੀਆਂ ਬਖਸ਼ ਕੇ ੧੯੨੯ ਈ. ਵਿਚ ਗੁਰਪੁਰੀ ਪਿਆਨਾ ਕਰ ਗਏ। ਮਹਾਰਾਜ ਜੀ ਨਾਲ ਰਾਇ ਕਰਕੇ ਪੰਜਾਬ ਕਾਂਗਰਸ ਦੇ ਆਗੂਆਂ ਨੇ ੧੯੨੯ ਈ. ਦਾ ਕਾਂਗਰਸ ਦਾ ਸਾਲਾਨਾ ਸਮਾਗਮ, ਦਿਸੰਬਰ ੧੯੨੯ ਈ. ਦੇ ਅਖੀਰਲੇ ਦਿਨਾਂ ਵਿਚ ਲਾਹੌਰ ਵਿਖੇ ਰੱਖਿਆ ਸੀ। ਇਸ ਸਮਾਗਮ ਦੀ ਸਫਲਤਾ ਲਈ ਮਹਾਰਾਜ ਜੀ ਤੋਂ ਬਾਅਦ ਸੰਤ ਮੰਗਲ ਸਿੰਘ ਹੋਰਾਂ ਸਾਰੇ ਪੰਜਾਬ ਵਿਚ ਘੁੰਮ ਫਿਰ ਕੇ ਪ੍ਰਚਾਰ ਕੀਤਾ। ਇਹ ਕਾਨਫਰੰਸ ਰਾਵੀ ਦੇ ਕਿਨਾਰੇ ਬੜੀ ਧੂਮ ਧਾਮ ਨਾਲ ਸੰਪੰਨ ਹੋਈ ਜਿਸ ਵਿਚ ਨਾਮਧਾਰੀ ਸਿੰਘਾਂ ਦਾ ਬਹੁਤ ਵੱਡਾ ਯੋਗਦਾਨ ਸੀ। ਇਸੇ ਕਾਨਫਰੰਸਾਂ ਵਿਚ ਪਹਿਲੀ ਵੇਰ ਮੁਕੰਮਲ ਆਜ਼ਾਦੀ ਦਾ ਮਤਾ ਪਾਸ ਹੋਇਆ ਸੀ। ਕੁਝ ਮੱਤ ਭੇਦਾਂ ਕਾਰਨ ਉਸ ਸਮੇਂ ਦੇ ਅਕਾਲੀ ਆਗੂ, ਬਾਬਾ ਖੜਕ ਸਿੰਘ "ਬੇਤਾਜ ਬਾਦਸ਼ਾਹ" ਨੇ ਇਹ ਫਤਵਾ ਜਾਰੀ ਕਰ ਦਿੱਤਾ ਕਿ ਜਿਹੜਾ ਕਾਂਗਰਸ ਦੇ ਇਜਲਾਸ ਵਿਚ ਸ਼ਾਮਲ ਹੋਵੇਗਾ, ਉਹ ਸਿੱਖ ਨਹੀਂ ਹੋ ਸਕਦਾ। ਉਹਦੇ ਮੁਕਾਬਲੇ ਵਿਚ ਬਾਬਾ ਗੁਰਦਿਤ ਸਿੰਘ 'ਕਾਮਾਗਾਟਾ ਮਾਰੂ' ਨੇ ਪੱਲੂ ਫੇਰ ਕੇ ਲਾਹੌਰ ਦੇ ਬਾਜ਼ਾਰਾਂ ਵਿਚ ਹੋਕਾ ਦਿੱਤਾ ਸੀ ਕਿ ਜਿਹੜਾ ਕਾਂਗਰਸ ਸਮਾਗਮ ਵਿਚ ਨਹੀਂ ਜਾਏਗਾ, ਉਹ ਸਿੱਖ ਨਹੀਂ ਹੋਏਗਾ। ਹੁਣ ਇਸ ਵੱਡੇ ਹਜ਼ਾਰਾਂ ਦੀ ਗਿਣਤੀ ਦੇ ਸਮਾਗਮ ਲਈ, ਕਾਂਗਰਸ ਆਗੂ ਲੰਗਰ ਬਾਰੇ ਚਿੰਤਤ ਹੋਏ ਕਿਉਂ ਜੁ ਪਹਿਲਾਂ ਅਜਿਹੇ ਸਮੇਂ ਗੁਰਦੁਆਰਿਆਂ ਵਿਚੋਂ ਲੰਗਰ ਲਈ ਪ੍ਰਬੰਧ ਹੋ ਜਾਂਦਾ ਸੀ। ਕਾਂਗਰਸ ਆਗੂਆਂ ਦੀ ਇਹ ਚਿੰਤਾ ਵੀ, ਸੰਤ ਮੰਗਲ ਸਿੰਘ ਨੇ ਇਹ ਕਹਿੰਦਿਆਂ ਦੂਰ ਕਰ ਦਿੱਤੀ-ਸ੍ਰੀ ਭੈਣੀ ਸਾਹਿਬ ਤੋਂ ਸਾਡੀਆਂ ਪੂਜ ਮਾਤਾਵਾਂ, ਮਾਤਾ ਜੀਵਨ ਕੌਰ ਜੀ ਤੇ ਮਾਤਾ ਫਤੇਹ ਕੌਰ ਜੀ ਉਚੇਚਾ ਇੱਥੇ ਦਰਸ਼ਨ ਦੇ ਰਹੀਆਂ ਹਨ। ਉਹਨਾਂ ਦੀ ਰਹਿਨੁਮਾਈ ਵਿਚ ਨਾਮਧਾਰੀ ਸੰਗਤ ਵਿਸ਼ਾਲ ਲੰਗਰ ਦਾ ਆਯੋਜਨ ਕਰੇਗੀ। ਮਹਾਰਾਜ ਨਿਹਾਲ ਸਿੰਘ, ਮਹਾਰਾਜ ਗੁਰਦਿਆਲ ਸਿੰਘ ਜੀ ਦੇ ਸੌਹਰਾ ਸਾਹਿਬ, ਬਾਬਾ ਧਿਆਨ ਸਿੰਘ ਜੀ ਪੱਥਰਾਂ ਵਾਲਿਆਂ ਦੇ ਭੰਡਾਰੇ ਦੇ

ਬੂਹੇ ਖੁੱਲ੍ਹ ਗਏ। ਭਿੰਨ ਭਿੰਨ ਪਦਾਰਥਾਂ ਵਾਲੇ ਲੰਗਰ ਦੀ ਤੋਟ ਨਾ ਆਈ। ਇਸੇ ਤਰ੍ਹਾਂ ਕਾਂਗਰਸ ਪ੍ਰਧਾਨ, ਪੰਡਿਤ ਜਵਾਹਰ ਲਾਲ ਨਹਿਰੂ ਦੇ ਸੁਆਗਤੀ ਜਲੂਸ ਲਈ ਘੋੜੇ ਸਰਕਾਰ ਇਕੱਠੇ ਨਹੀਂ ਹੋਣ ਦਿੰਦੀ ਸੀ। ਅਰਸ਼ੀ-ਫਰਿਸ਼ਤਾ ਜੀ ਨੇ ਲਾਹੌਰ ਦੇ ਆਸ ਪਾਸ ਦੇ ਨਾਮਧਾਰੀ ਸਿੰਘਾਂ ਨੂੰ ਵੰਗਾਰਿਆ ਕਿ ਆਮ ਜੱਟਾਂ ਦੇ ਭੇਸ ਵਿਚ ਦੋ ਦੋ, ਚਾਰ ਚਾਰ, ਹੋ ਕੇ ਸੱਜੇ ਖੱਬਿਉਂ ਮੌਕੇ ਤੇ ਪ੍ਰਗਟ ਹੋ ਜਾਇਉ। ਅੱਖ ਦੇ ਫੋਰ ਵਿਚ ਦੋ ਸੌ ਸਿੰਘ, ਘੋੜਿਆਂ ਸਮੇਤ ਹਾਜ਼ਰ ਹੋ ਗਏ। ਪੰਡਿਤ ਨਹਿਰੂ, ਹੋਰ ਕੌਮੀ ਆਗੂ, ਮਹਾਰਾਜ ਨਿਹਾਲ ਸਿੰਘ, ਸੰਤ ਨਿਧਾਨ ਸਿੰਘ ਆਲਿਮ, ਅਰਸ਼ੀ ਫਰਿਸ਼ਤਾ ਜੀ ਤੇ ਹੋਰ ਮੁਖੀ ਸਿੰਘ ਘੋੜਿਆਂ ਤੇ ਸਵਾਰ ਹੋਏ। ਸਫੈਦ ਖੱਦਰ ਦੇ ਬਸਤਰਾਂ ਵਿਚ ਨਾਮਧਾਰੀ ਸੰਗਤਾਂ ਦੀ ਸ਼ਮੂਲੀਅਤ ਨੇ ਕਾਨਫਰੰਸ ਨੂੰ ਚਾਰ ਚੰਨ ਲਾ ਦਿੱਤੇ। ਬਾਬਾ ਗੁਰਦਿਤ ਸਿੰਘ 'ਕਾਮਾਗਾਟਾ ਮਾਰੂ' ਵਾਲਿਆਂ ਨੇ ਇਸ ਕਾਨਫਰੰਸ ਵਿਚ ਬੋਲਦਿਆਂ ਕਿਹਾ ਕਿ ਨਾਮਧਾਰੀਆਂ ਕਰਕੇ, ਇੱਥੇ ਆਏ ਸਾਰੇ ਦੇਸ਼ ਦੇ ਪ੍ਰਤੀਨਿਧੀਆਂ ਸਾਂਹਵੇਂ, ਸਾਡਾ ਨੱਕ ਰਹਿ ਗਿਆ ਹੈ।

ਸੰਤ ਜੀ ਨੇ ਦੇਸ਼ ਆਜ਼ਾਦੀ ਲਈ ਕਾਂਗਰਸ ਦੇ ਵੱਖ ਵੱਖ ਅੰਦੋਲਨਾਂ ਸਮੇਂ ਕੋਈ ਸੱਤ ਵਾਰ, ਦਸਾਂ ਸਾਲਾਂ ਦੀ ਕੁੱਲ ਕੈਦ ਕੱਟੀ ਸੀ। ਸੰਨ ੧੯੫੪ ਈ ਦੇ ਹੁਨਾਲ ਸਮੇਂ ਸੰਤ ਮੰਗਲ ਸਿੰਘ ਜੀ, ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਵਸਾਈ ਨਵੀਂ ਨਗਰੀ ਜੀਵਨ ਨਗਰ (ਸਿਰਸਾ) ਵਿਖੇ ਟਿਕੇ ਹੋਏ ਸਨ। ਇੱਥੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਆਦੇਸ਼ ਮੁਤਾਬਿਕ ਸੰਤ ਤਰਨ ਸਿੰਘ ਵਹਿਮੀ ਨੇ ਉਹਨਾਂ ਦੀਆਂ ਜਿਹਲ ਯਾਤਰਾਵਾਂ ਦਾ ਸੰਖੇਪ ਵਰਣਨ ਨੋਟ ਕਰ ਲਿਆ ਸੀ। "ਪਹਿਲਾਂ ਦੋ ਸਾਲ ਡੋਗਰਾਂ ਵਾਲੇ ਆਪ ਦੇ ਨਾਨਕੇ ਰਿਹਾ ਨਜ਼ਰਬੰਦ, ਸਰਕਾਰ ਦੇ ਖਿਲਾਫ ਕਰੜਾ ਬੋਲਣ ਦੇ ਦੋਸ਼ੋਂ, ੧੯੧੪ ਈ. 'ਚ। ਦੋ ਸਾਲ ਸ਼ੇਖੂਪੁਰੇ ਦੀ ਜਿਹਲ ਵਿਚ ਰਿਹਾ। ਜ਼ਬਾਨਬੰਦੀ ਦੀ ਜਮਾਨਤ ਤੇ ਪਾਦਰੀ ਨੇ ਕਢਾਇਆ ਤੇ ਫਿਰ ਅਟਕ ਜੇਹਲ ਵਿਚ ੧੦ ਮਹੀਨੇ ਕੈਦ। ੧੯੩੦ ਵਿਚ ਤੀਜੀ ਵਾਰ ਲਾਹੌਰ ਕੈਦ ਹੋਇਆ। ਗਾਂਧੀ ਇਰਵਨ ਸਮਝੌਤੇ ਕਰ ਰਿਹਾ ਹੋਇਆ। ਇਕ ਸਾਲ ਮੁਲਤਾਨ ਜੇਹਲ ਵਿਚ ਰਿਹਾ ੧੯੩੨ 'ਚ। ਚੌਥੀ ਵਾਰ ੧੯੩੬ 'ਚ ਇਕ ਸਾਲ ਮੁਲਤਾਨ ਜੇਹਲ 'ਚ। ਪੰਜਵੀਂ ਵੇਰ ਸਰਗੋਧਿਉਂ ਕੈਦ ਹੋ ਫੀਰੋਜ਼ਪੁਰ ੪ ਮਹੀਨੇ ਜੇਹਲ ਕੱਟੀ। ਛੇਵੀਂ ਵਾਰ ੧੯੪੨ 'ਚ ਦਿੱਲੀਉਂ, ਫੜੇ ਗਏ। ਲਾਹੌਰ ਮੁਕਦਮਾ ਚੱਲਿਆ। ੬ ਮਹੀਨੇ ਮੁਲਤਾਨ ਰਹੇ। ਜਦ ਗਾਂਧੀ ਜੀ ਕਿਹਾ ਸੀ—ਕੁਇਟ ਇੰਡੀਆ। ਛੱਡ ਦਿਉ ਹਿੰਦੁਸਤਾਨ। ਸੰਤ ਜੀ ਕਿਹਾ ਗਾਂਧੀ ਜੀ ਤੇ ਟੈਗੋਰ ਜੱਲ੍ਹਿਆਂ ਵਾਲੇ ਬਾਗ ਦੇ ਸਾਕੇ ਤੋਂ ਬਾਅਦ ਸੁਦੇਸ਼ੀ ਰਾਜ ਦੀ ਮੰਗ ਵਲ ਮੁੜੇ ਸੀ। ਪਹਿਲੋਂ ਗਾਂਧੀ ਜੀ ਸੀਟਾਂ ਹੀ ਮੰਗਦੇ ਸੀ। ਤੇ ਮੈਂ ਗੁਰੂ ਹਰੀ ਸਿੰਘ ਜੀ ਦੀ ਕ੍ਰਿਪਾ ਸਦਕਾ ਬੋਲਦਾ ਹੀ ਅੰਗਰੇਜ਼ ਦੇ ਖਿਲਾਫ ਸਾਂ ਕੂਕਾ ਹੋਣ ਕਰ ਗਾਂਧੀ ਜੀ ਤੋਂ ਪਹਿਲਾਂ ਭੀ।"[9]

ਸੰਤ ਮੰਗਲ ਸਿੰਘ ਹੋਰਾਂ ਦੀ ਪਹਿਲੀ ਭੈਣੀ ਸਾਹਿਬ ਯਾਤਰਾ ਦਾ ਸੰਖੇਪ ਵਰਣਨ, ਗੁਰੂ ਹਰੀ ਸਿੰਘ ਜੀ ਦੇ ਆਖਰੀ ਸਾਲਾਂ ਵਿਚ, ਭਾਈ ਸੰਤੋਖ ਸਿੰਘ ਬਾਹੋਵਾਲ ਆਪਣੇ ਇਤਿਹਾਸਿਕ ਗ੍ਰੰਥ ਵਿਚ ਵੀ ਕਾਨੀਬੰਦ ਕਰ ਗਏ ਹਨ। "ਮੰਗਲ ਸਿੰਘ ਫਤੂਹੀ ਚੱਕੀਏ ਨੇ ਭਜਨ ਲਿਆ ਪਰ ਨਿਸਚਾ ਨਾ ਟਿਕਿਆ। ਜੰਗਲ ਮੈਂ ਭਜਨ ਅਰ ਦਲੀਲਾਂ ਕਰਦੇ

ਨੂੰ, ਗੁਰੂ ਜੀ ਆਵਾਜ਼ ਕੀਤਾ ਦਰਸ਼ਨ ਦੇ ਕੇ, ਏਹ ਮੰਤਰ ਗੁਰੂ ਕੀ ਚੀਜ਼ ਹੈ ਹੋਰ ਨਹੀਂ। ਤੂੰ ਭਰਮ ਨਾ ਕਰ। ਉਸੀ ਵਕਤ ਦਲੀਲਾਂ ਸਭ ਦੂਰ ਹੋਈਆਂ। ਫੇਰ ਰਾਮਦਾਸਪੁਰੇ ਸਾਹਿਬ ਆਇਆ। ਗੁਰੂ ਜੀ ਬਚਨ ਕੀਤਾ ਤੈਨੂੰ ਕੋਈ ਮਿਲਿਆ ਸੀ ? ਸਰਬ ਭੱਖੀ ਮਸਤਾਨੇ ਕਾ ਨਿਸਚਾ ਹੋਇਆ, ਧੰਨ ਗੁਰੂ ਅੰਤਰਜਾਮੀ ਹੈ।"[10]

ਇਕ ਸਮੇਂ ਜਦੋਂ ਆਪ ਕੈਦ ਕੱਟ ਕੇ ਜਿਹਲ ਵਿਚੋਂ ਜਾਣ ਲੱਗੇ ਤਾਂ ਜਿਹਲ ਵਿਚ ਰੋਟੀ ਖਾਣ ਵਾਲਾ ਬਾਟਾ ਹੱਥ ਵਿਚ ਫੜ ਲਿਆ ਅਤੇ ਜਿਹਲ ਵਾਲਾ ਕੰਬਲ ਮੋਢੇ ਤੇ ਸੁੱਟ ਲਿਆ। ਡਿਓਢੀ ਵਾਲੇ ਕਰਮਚਾਰੀਆਂ ਨੇ ਕਿਹਾ, "ਸੰਤ ਜੀ, ਇਹ ਜਿਹਲ ਦਾ ਸਾਮਾਨ ਕਿਧਰ ਲਈ ਜਾਂਦੇ ਹੋ ?" ਸੰਤਾਂ ਨੇ ਕਿਹਾ, "ਬਾਹਰ ਮੈਨੂੰ ਕਿਹਨੇ ਰਹਿਣ ਦੇਣਾ ਹੈ। ਮੈਂ ਸਰਕਾਰ ਦੇ ਖਿਲਾਫ ਬੋਲਣੋ ਰਹਿ ਨਹੀਂ ਸੱਕਣਾ। ਉਹਨਾਂ ਫੇਰ ਵੀ ਮੈਨੂੰ ਇੱਥੇ ਹੀ ਘੱਲ ਦੇਣਾ ਹੈ। ਫਿਰ ਆ ਕੇ ਬਾਟਾ ਕੰਬਲ ਲੱਭਦਾ ਫਿਰਾਂਗਾ।" ਉਹ ਆਜ਼ਾਦੀ ਤੋਂ ਪਹਿਲਾਂ ਦੀਆਂ ਪੰਜਾਬ ਦੀਆਂ ਕਈ ਜਿਹਲਾਂ ਦੇ ਵਾਕਿਫ ਹੋ ਚੁੱਕੇ ਸਨ। ਉਹ ਜਿਹਲ ਦੇ ਹੀ ਪੰਛੀ ਸਨ। ਜਿਹਲ ਵਿਚ ਕੈਦੀਆਂ ਨਾਲ ਹਮਦਰਦੀ ਭਰਿਆ ਰਵੱਈਆ ਰੱਖਦੇ। ਕਈ ਖੱਬੀ ਖਾਨ ਜਿਹਲ ਅਧਿਕਾਰੀਆਂ ਦੀ ਆਕੜ ਵੀ ਤੋੜੀ। ਆਮ ਕੈਦੀਆਂ ਦੀ ਭਲਾਈ ਲਈ ਜਿਹਲ ਦੇ ਕਠੋਰ ਜੀਵਨ ਨੂੰ ਸਾਜ਼ਗਾਰ ਬਨਾਉਣ ਦਾ ਵੱਲ, ਆਪ ਜਾਣਦੇ ਸਨ।

ਸੰਨ ੧੯੩੦ ਵਿਚ ਸੰਤ ਜੀ ਅਟਕ ਜਿਹਲ ਵਿਚ ਕੈਦ ਸਨ। ਕੈਦ ਬਾ ਮੁਸ਼ੱਕਤ ਦੀ ਸਜ਼ਾ ਸੀ। ਹਰ ਕੈਦੀ ਨੂੰ ਰੋਜ਼ਾਨਾ ਮੁੰਞ ਦਾ ੧੨ ਛਟਾਂਕ ਵਾਣ ਵੱਟਣਾ ਪੈਂਦਾ ਸੀ। ਸੰਤ ਜੀ ਨੇ ਵੱਟਣ ਤੋਂ ਇਨਕਾਰ ਕਰ ਦਿੱਤਾ। ਗੋਕਲ ਚੰਦ ਦਰੋਗੇ ਨੇ ਦੱਸਿਆ ਕਿ ਮੁਸ਼ੱਕਤ ਨਾ ਕਰਨ ਵਾਲੇ ਨੂੰ ਬੈਂਤ ਵੱਜਣਗੇ। ਸੰਤਾਂ ਨੂੰ ਆਪਣੀ ਗ੍ਰਿਫਤਾਰੀ ਦਾ ਪਹਿਲੋਂ ਹੀ ਅਭਾਸ ਹੋ ਗਿਆ ਸੀ। ਸੋ ਆਪਨੇ ਲਹੌਰ ਦੇ ਵੱਡੇ ਹਸਪਤਾਲ ਤੋਂ ਗੁੱਟਾਂ ਵਿਚ ਦਰਦ ਰਹਿਣ ਦੀ ਦੁਆਈ ਲੈਣੀ ਸ਼ੁਰੂ ਕਰ ਦਿੱਤੀ ਸੀ। ਆਪਨੇ ਦਰੋਗੇ ਨੂੰ ਉੱਥੋਂ ਰੀਕਾਰਡ ਮੰਗਵਾ ਲੈਣ ਲਈ ਕਿਹਾ ਕਿ ਗੁੱਟਾਂ ਵਿਚ ਦਰਦ ਵਾਲਾ, ਵਾਣ ਕਿਵੇਂ ਵੱਟ ਸਕਦਾ ਹੈ ? ਰੀਕਾਰਡ ਆ ਗਿਆ ਤੇ ਦੁਆਈ ਲੈਣਾ ਸਾਬਤ ਹੋਇਆ। ਸੰਤਾਂ ਦੀ ਮੁਸ਼ੱਕਤ ਮੁਆਫ ਹੋ ਗਈ। ਦੇਸੀ ਡਾਕਟਰ ਇਕ ਪਠਾਣ ਨੇ, ਜਿਹਲ ਸੁਪਰਿਨਡੈਂਟ ਹਬੀਬ-ਉੱਲਾ ਜੋ ਕਾਦੀਆਂ ਦਾ ਸੀ, ਉਸ ਦੇ ਅੱਗੇ ਹਿਕਮਤ ਦੀ ਕਿਤਾਬ ਰੱਖੀ ਕਿ ਦਰਦਾਂ ਵਾਲੇ ਗੁੱਟ ਸੁੱਜ ਜਾਂਦੇ ਹਨ। ਸੰਤਾਂ ਦਾ ਜੁਆਬ ਸੀ ਮੇਰੇ ਉਹ ਦਰਦ ਨਹੀਂ, ਹਵਾਈ ਦਰਦਾਂ ਹਨ ਕਦੇ ਗੋਡਿਆਂ ਤੇ ਕਦੇ ਮੋਢਿਆਂ ਤੇ ਕਦੇ ਗੁੱਟਾਂ ਤੇ। ਇਹ ਵੱਡਾ ਸਾਹਿਬ ਗੁਰਦਾਸਪੁਰ ਦਾ ਸੀ ਸੰਤਾਂ ਦੇ ਜ਼ਿਲ੍ਹੇ ਦਾ ਹੀ, ਉਸ ਸੰਤਾਂ ਦੀ ਹਾਜ਼ਰ ਜੁਆਬੀ ਦੀ ਦਾਦ ਦਿੰਦਿਆਂ ਮੁਸ਼ੱਕਤ ਮੁਆਫ ਕਰ ਦਿੱਤੀ। ਪਰੰਤੂ ਦਰੋਗਾ ਆਪ ਨਾਲ ਕਿੜ ਰੱਖਣ ਲੱਗਾ ਤੇ ਸੰਤਾਂ ਨੂੰ ਉਸ ਕਿਹਾ ਕਿ ਮੈਂ ਤੈਥੋਂ ਵਾਣ ਵਟਾਉਣਾ ਹੀ ਵਟਾਉਣਾ ਹੈ ਨਹੀਂ ਤਾਂ ਨੌਕਰੀ ਛੱਡ ਦਿਆਂਗਾ। "ਆਪਨੇ ਕਿਹਾ ਕਿ ਜੇ ਮੈਂ ਵਾਣ ਵੱਟਿਆ ਮੈਂ ਕਦੀ ਕੈਦ ਨਾ ਹੋਵਾਂਗਾ। ਦਰੋਗੇ ਨੇ ਕਿਹਾ ਕਿ ਇਸਦਾ ਕੀ ਮਤਲਬ ? ਆਪ ਨੇ ਕਿਹਾ ਕਿ

ਕਾਂਗਰਸ ਵਿਚ ਭਾਵੇਂ ਕਿਤਨੀ ਬਾਰੀ ਕੈਦ ਹੋਵੇ ਤਾਂ ਪਿਛਲੀ ਕੈਦ ਐਵੇਂ ਹੀ ਜਾਂਦੀ ਹੈ। ਇਸ ਲਈ ਮੈਂ ਵਕਤ ਆਉਣ ਤੇ ਬਾਹਰ ਰਹਿ ਹੀ ਨਹੀਂ ਸਕਦਾ।"

ਸੰਤਾਂ ਦੇ ਇਸ਼ਾਰੇ ਤੇ ਦਰੋਗੇ ਨੂੰ ਲਾਲ ਚਿੱਠੀ ਆ ਗਈ ਕਿ ਆਪਣਾ ਫਿਕਰ ਕਰ ਲਵੋ ਜਾਂ ਸੰਤਾਂ ਨੂੰ ਤੰਗ ਕਰਨੋਂ ਹਟ ਜਾ। ਉਸਨੇ ਆਪਨੂੰ ਬੁਲਾ ਕੇ ਚਿੱਠੀ ਵਖਾਈ। ਆਪ ਨੇ ਕਿਹਾ, "ਅਸੀਂ ਤਾਂ ਅਹਿੰਸਾਵਾਦੀ ਹਾਂ, ਵੈਸੇ ਸਾਡੇ ਕਈ ਆਦਮੀ ਗਰਮ ਦਲ ਵਿਚ ਵੀ ਹਨ ਉਹ ਕਤਲਾਂ ਦੇ ਜੁਰਮ ਵਿਚ ਪਹਿਲਾਂ ਹੀ ਮਫਰੂਰ ਹਨ। ਉਹਨਾਂ ਨੇ ਤੇਰੀ ਕਰਤੂਤ ਬਾਰੇ ਕਿਤੋਂ ਸੁਣ ਲਿਆ ਹੋਵੇਗਾ।" ਦਰੋਗੇ ਨੇ ਹੱਥ ਜੋੜ ਕੇ ਸੰਤਾਂ ਦੇ ਬਾਹਰਲੇ ਸੱਜਣਾਂ ਤੋਂ ਆਪਣੀ ਜਾਨ ਛੁਡਾਈ। ਉਂਜ ਆਪਣੀ ਖ਼ੁਸ਼ੀ ਨਾਲ ਸੰਤ ਜੀ ਸਾਥੀ ਕੈਦੀਆਂ ਦੇ ਹਿੱਸੇ ਦਾ ਵਾਣ ਵੱਟ ਦਿੰਦੇ ਸਨ। ਸੁਪਰਡੈਂਟ ਨੇ ਪੁੱਛਿਆ, "ਆਪਣਾ ਤਾਂ ਵੱਟਦੇ ਨਹੀਂ ਦੂਜਿਆਂ ਦਾ ਕਿਉਂ ਵੱਟਦੇ ਹੋ ?" ਆਪਦਾ ਜੁਆਬ ਸੀ, "ਸਾਹਿਬ ਮੈਂ ਗੁਰੂ ਦਾ ਸਿੱਖ ਹਾਂ, ਹਰਾਮ ਨਹੀਂ ਖਾਣਾ ਚਾਹੁੰਦਾ।" ਕੋਸ਼ਿਸ਼ ਕਰਦਾ ਰਹਿੰਦਾ ਹਾਂ ਜਿੰਨਾ ਕੁ ਵੱਟਿਆ ਜਾਵੇ। ਗੁਆਂਢੀ ਦੀ ਮਦਦ ਕਰ ਦਿੰਦਾ ਹਾਂ। ਵੱਟਿਆ ਜਾਵੇ ਤਾਂ ਆਪਣਾ ਵੀ ਵੱਟਾਂ।"[12] ਐਸੇ ਹਰਫਨ ਮੌਲਾ ਸਨ, ਸੰਤ ਮੰਗਲ ਸਿੰਘ।

ਸੰਤਾਂ ਦੀ ਹਰਮਨ ਪਿਆਰਤਾ, ਉਹਨਾਂ ਦੀ ਉੱਚੀ ਸੁੱਚੀ ਬਿਰਤੀ, ਵਿਅੰਗਮਈ ਭਾਸ਼ਣ ਕਲਾ ਸਦਕਾ, ਮਜ਼ਬਾਂ ਦੇ ਹੱਦਾਂ ਬੰਨ ਪਾਰ ਕਰ ਗਈ ਸੀ। ਇਕ ਦਿਨ ਲਾਹੌਰ ਦੇ ਮੋਚੀ ਦਰਵਾਜ਼ੇ ਤੋਂ ਬਾਹਰ ਮੁਸਲਮਾਨਾਂ ਦਾ ਜਲਸਾ ਸੀ। ਮੌਲਾਨਾ ਜਫਰ ਅਲੀ ਬੀ.ਏ., ਮਾਲਿਕ ਅਖਬਾਰ ਜ਼ਿਮੀਦਾਰ, ਇਸ ਦੇ ਸਦਰ ਸਨ। ਸੰਤ ਲਾਹੌਰ ਵਿਚ ਕਿਤੇ ਵੀ ਜਲਸਾ ਹੁੰਦਾ ਪੁੱਜ ਜਾਂਦੇ ਸਨ। ਆਪ ਦੇ ਜਾਣੂ ਮੁਸਲਮਾਨਾਂ ਨੇ ਸਦਰ ਨੂੰ, ਸੰਤਾਂ ਦਾ ਬੋਲਣ ਵਾਲਿਆਂ ਵਿਚ ਨਾ ਲਿਖਣ ਲਈ ਕਿਹਾ। ਸਦਰ ਨੇ ਪੁੱਛਿਆ—"ਕੀ ਬੋਲੋਗੇ।" ਸੰਤ ਜੀ ਦਾ ਜੁਆਬ ਸੀ—"ਮੈਂ ਕੋਈ ਬੀ.ਏ. ਬੇਵਕੂਫ ਤਾਂ ਹਾਂ ਨਹੀਂ ਜੋ ਘਰੋਂ ਹੀ ਮਜ਼ਮੂਨ ਬਣਾ ਕੇ ਲੈ ਆਵਾਂ। ਮੈਂ ਪਲੇਟਫਾਰਮ ਤੇ ਖੜ੍ਹਾ ਹੋਵਾਂਗਾ ਤੇ ਖ਼ੁਦਾ ਨੂੰ ਪੁੱਛਾਂਗਾ। ਜੋ ਖ਼ੁਦਾ ਕਹੇਗਾ ਮੈਂ ਮਖਲੂਕ ਨੂੰ ਸੁਣਾ ਦਿਆਂਗਾ।" ਮੌਲਾਨਾ ਨੇ ਆਪ ਨੂੰ ਸਮਾਂ ਦੇਣ ਤੋਂ ਸਿਰ ਫੇਰ ਦਿੱਤਾ। ਪਰੰਤੂ ਦੋ ਚਾਰ ਮੁਸਲਮਾਨ ਸੱਜਣਾਂ ਦੇ ਬਾਰ ਬਾਰ ਕਹਿਣ ਤੇ, ਮੌਲਾਨਾ ਨੇ ਆਪ ਨੂੰ ਜਲਸੇ ਤੋਂ ਬਾਦ ਬੁਲਾਉਣ ਲਈ ਕਹਿ ਦਿੱਤਾ। ਇਸ ਤੇ ਖਲੋਤੇ ਮੁਸਲਮਾਨਾਂ ਵੀ ਇਕ ਦੂਜੇ ਨੂੰ ਇਹ ਦੱਸ ਕੇ ਬੈਠਾ ਦਿੱਤਾ ਕਿ ਸੰਤ ਬੋਲਣਗੇ। ਜਲਸੇ ਵਿਚ ਆਪ ਨੇ ਮੁਹੰਮਦ ਸਾਹਿਬ ਦੀ ਸਹਿਨਸ਼ੀਲਤਾ ਅਤੇ ਹਜ਼ਰਤ ਉਮਰ ਦੇ ਇਨਸਾਫ ਦਾ ਸੁੰਦਰ ਵਰਣਨ ਕੀਤਾ। ਮੌਲਾਨਾ ਤੇ ਵੀ ਚੰਗਾ ਅਸਰ ਪਿਆ। ਉਸ ਕਿਹਾ ਕਿ ਸੰਤ ਜੀ ਸਾਡੇ ਵਾਰ ਵਾਰ ਕਹਿਣ ਤੇ ਵੀ ਲੋਕ ਨਹੀਂ ਬੈਠਦੇ ਤੁਹਾਡੇ ਬੋਲਣ ਦਾ ਐਲਾਨ ਸੁਣਦਿਆਂ ਹੀ ਬੈਠ ਗਏ ਸਨ। ਸਟੇਜ ਤੋਂ ਹੇਠਾਂ ਆਏ ਤਾਂ ਮੌਲਾਨਾ ਨੇ ਪੁੱਛਿਆ— "ਕਿੱਥੇ ਰਹਿੰਦੇ ਹੋ ?" "ਜਿੱਥੇ ਕੋਈ ਰੱਖ ਲਵੇ।" "ਮਤਲਬ ?" "ਮਤਲਬ ਇਹ ਕਿ ਜਲਸਾ ਸੁਣਨ ਵਾਲਿਆਂ ਵਲੋਂ ਕੋਈ ਤਾਂ ਕਹੇਗਾ ਹੀ ਆਉ ਮੇਰੇ ਘਰ ਚੱਲੋ।" ਮੌਲਾਨਾ ਦੇ ਕਹਿਣ ਤੇ ਆਪ ਉਸ ਦੇ ਨਾਲ ਚਲੇ ਗਏ ਅਤੇ ਇਕ ਹਫਤਾ ਉਸ ਦੇ ਘਰ ਰਹੇ। ਉਸ

ਦੇ ਇਹ ਕਹਿਣ ਤੇ ਕਿ ਤੁਸੀਂ ਮੁਸਲਮਾਨ ਬਣ ਜਾਵੋ ਸੰਤਾਂ ਨੇ ਹਾਂ ਕਰ ਦਿੱਤੀ। ਮੌਲਾਨਾ ਦੇ ਜਾਣਕਾਰਾਂ ਨੇ ਉਸਨੂੰ ਰਾਹੇ ਪਾਇਆ "ਮੌਲਾਨਾ! ਉਹ ਤਾਂ ਖ਼ੁਦਾ ਨੂੰ ਨਹੀਂ ਮੰਨਦਾ ਤੇ ਤੁਸੀਂ ਉਹਨੂੰ ਰਸੂਲ (ਹਜ਼ਰਤ ਮੁਹੰਮਦ ਸਾਹਿਬ) ਦਾ ਪੈਰੋਕਾਰ ਬਨਾਉਣਾ ਚਾਹੁੰਦੇ ਹੋ।" ਕੁਝ ਦੇਰ ਬਾਦ ਮੌਲਾਨਾ ਜ਼ਫਰ ਅਲੀ ਕਾਂਗਰਸ ਵਿਚ ਆ ਗਏ ਤੇ ਆਪ ਦੇ ਮਿੱਤਰ ਬਣ ਗਏ।[13]

ਸੰਤਾਂ ਦੀ ਹਾਜ਼ਰ ਜੁਆਬੀ ਵੀ ਕਮਾਲ ਦੀ ਸੀ। ਲੇਖ ਲੰਬਾ ਹੋਣ ਦੇ ਡਰ ਤੋਂ ਇਕ ਹੀ ਮਿਸਾਲ ਦਿਆਂਗਾ। ਲਾਹੌਰ ਸ਼ਹਿਰ ਸ਼ਾਹੀ ਕਿਲੇ ਦੇ ਲਾਗੇ, ਮਸਤੀ ਦਰਵਾਜ਼ੇ ਕੋਲ, ਨਾਮਧਾਰੀ ਧਰਮਸ਼ਾਲਾ ਸੀ। ਇੱਥੇ ਗੁਰੂ ਕਾ ਲੰਗਰ ਚੱਲਦਾ ਸੀ। ਮੌਸਮ ਮੁਤਾਬਿਕ ਚਾਹਟੇ, ਸ਼ਰਦਾਈਆਂ ਦੇ ਖੁੱਲ੍ਹੇ ਗੱਫੇ ਵਰਤਦੇ ਸਨ। ਨਾਮਧਾਰੀ ਅਤੇ ਗੈਰ ਨਾਮਧਾਰੀ ਆਉਂਦੇ। ਜਲ ਪ੍ਰਸ਼ਾਦ ਛਕਦੇ ਰਾਤ ਕੱਟਦੇ ਅਤੇ ਚਲੇ ਜਾਂਦੇ। ਇਕ ਸਮੇਂ ਕੁਝ ਵਿਅਕਤੀ ਛੋਟੇ ਮੋਟੇ ਅਪਰਾਧਾਂ ਵਿਚ ਪਕੜੇ ਗਏ। ਪੁਲਿਸ ਨੇ ਕੋਰਟ ਵਿਚ ਪੇਸ਼ ਕੀਤੇ। ਇਹ ਪੁੱਛਣ ਤੇ ਕਿ ਤੁਸੀਂ ਰਾਤ ਕਿੱਥੇ ਰਹੇ ਉਹਨਾਂ 'ਨਾਮਧਾਰੀ ਧਰਮਸ਼ਾਲਾ' ਦਾ ਨਾਮ ਲੈ ਦਿੱਤਾ। ਧਰਮਸ਼ਾਲਾ ਵਿਚ ਪੁਲਿਸ ਨੂੰ ਵੇਖ ਕੇ ਡੇਰੇਦਾਰ ਸਿੰਘ ਰਤਾ ਝਿਜਕਿਆ ? ਸੰਤ ਮੰਗਲ ਸਿੰਘ ਨੂੰ ਉਹਨਾਂ ਕਿਹਾ ਕਿ ਧਰਮਸ਼ਾਲਾ ਦੇ ਮੈਨੇਜਰ ਦੇ ਨਾਂ, ਪੇਸ਼ੀ ਦੇ ਸੰਮਣ ਹਨ। ਸੰਤਾਂ ਫੜਕੇ ਸੰਮਣ ਰੱਖ ਲਏ ਤੇ ਕਹਿ ਦਿੱਤਾ ਕਿ ਮੈਂ ਮੈਨੇਜਰ ਹਾਂ, ਦਸਤਖਤ ਕਰ ਦਿੱਤੇ। ਨੀਯਤ ਤਾਰੀਖ ਤੇ ਸੰਤ ਕੋਰਟ ਵਿਚ ਪੁੱਜ ਗਏ ਨਾਲ ਹੋਰ ਮੌਜ ਮੇਲਾ ਵੇਖਣ ਵਾਲੇ ਵੀ ਰਲ ਗਏ। "ਸਰਕਾਰੀ ਵਕੀਲ ਨੇ ਕਿਹਾ, "ਮੈਨੇਜਰ ਸਾਹਿਬ! ਜਿਹੜਾ ਬਦਮਾਸ਼ ਪਕੜਿਆ ਜਾਂਦਾ ਹੈ, ਉਹ ਕਹਿੰਦਾ ਹੈ, ਮੈਂ ਨਾਮਧਾਰੀ ਧਰਮਸ਼ਾਲਾ ਵਿਚ ਰਿਹਾ ਹਾਂ, ਉੱਥੋਂ ਹੀ ਰੋਟੀ ਖਾਧੀ ਸੀ, ਇਹ ਧਰਮਸ਼ਾਲਾ ਹੈ ਜਾਂ ਬਦਮਾਸ਼ਾਂ ਦਾ ਅੱਡਾ ?" ਤਾਂ ਸੰਤਾਂ ਬੜੇ ਧੀਰਜ ਨਾਲ ਕਿਹਾ, "ਨਹੀਂ ਸਾਹਿਬ! ਧਰਮਸ਼ਾਲਾ ਹੈ, ਆਏ ਗਏ ਨੂੰ ਲੰਗਰ ਮਿਲਦਾ ਹੈ, ਗੁਰੂ ਜੱਸ ਹੁੰਦਾ ਹੈ। ਦੇਸ਼ ਭਗਤੀ ਦੇ ਗੀਤ ਗਾਏ ਜਾਂਦੇ ਹਨ। ਹੋਰ ਕੋਈ ਗੱਲ ਨਹੀਂ।"

ਮੈਜਿਸਟਰੇਟ–'ਮੈਨੇਜਰ ਕਿਆ ਪ੍ਰਬੰਧ ਹੈ ?'

ਸੰਤ–ਜਨਾਬ ਲੰਗਰ ਪੱਕਦਾ ਹੈ, ਜਿਹੜਾ ਵੇਲੇ ਸਿਰ ਆਵੇ, ਉਸ ਨੂੰ ਦਾਲ ਪ੍ਰਸ਼ਾਦਾ, ਜਿਹੜਾ ਦੇਰ ਨਾਲ ਆਵੇ, ਉਸ ਨੂੰ ਜੋ ਬਚਿਆ ਖੁਚਿਆ ਹੈ, ਉਸਦੇ ਹਵਾਲੇ।

ਮੈਜਿਸਟਰੇਟ–ਔਰ ਸੋਨੇ ਕਾ ਕਿਆ ਪ੍ਰਬੰਧ ?

ਸੰਤ–ਜੀ ਉਹ ਵੀ ਏਵੇਂ ਹੀ, ਜਿਹੜਾ ਪਹਿਲਾਂ ਆਵੇ ਉਸਨੂੰ ਮੰਜਾ ਬਿਸਤਰਾ। ਜਿਹੜਾ ਦੇਰ ਨਾਲ ਆਵੇ ਉਸ ਨੂੰ ਮੰਜਾ ਜਾਂ ਸਫ ਤੇ ਭੋਇੰ ਤੇ ਬਿਸਤਰਾ।

ਮੈਜਿਸਟਰੇਟ–ਅੱਛਾ! ਧਰਮਸ਼ਾਲਾ ਕਬ ਬਣੀ ?

ਸੰਤ–ਹਜ਼ੂਰ ਜਦ ਦਾ ਲਾਹੌਰ।

ਮੈਜਿਸਟਰੇਟ–ਦਰਵਾਜਾ ਕਬ ਬੰਦ ਹੋਤਾ ਹੈ ?

ਸੰਤ–ਜੀ ਦਰਵਾਜਾ ਅਜੇ ਲੱਗਾ ਈ ਨਹੀਂ।

ਮੈਜਿਸਟਰੇਟ–ਧਰਮਸ਼ਾਲਾ, ਤਬ ਕੀ ਜਬ ਲਾਹੌਰ ਆਬਾਦ ਹੂਆ, ਔਰ ਦਰਵਾਜਾ ਅਭੀ ਤਕ ਲਗਾ ਨਹੀਂ। ਅਜਬ ਮਾਮਲਾ ਹੈ।

ਮੈਜਿਸਟਰੇਟ–ਮੈਨੇਜਰ ਸਾਹਿਬ! ਐਸਾ ਕਰੋ, ਏਕ ਰਜਿਸਟਰ ਬਨਾਉ। ਉਸ ਮੇਂ ਆਨੇ ਵਾਲੇ ਮੁਸਾਫਰੋਂ ਕਾ ਨਾਮ, ਪੂਰਾ ਪਤਾ ਔਰ ਜਗ੍ਹਾ ਲਿਖੋ, ਆਨੇ ਔਰ ਜਾਨੇ ਕਾ ਵਕਤ ਨੋਟ ਕਰੋ।

ਸੰਤ–ਹਜ਼ੂਰ! ਸਾਡੇ ਗੁਰੂ ਸਾਹਿਬ ਦਾ ਕਲਮ ਦਵਾਤ ਰੱਖਣ ਦਾ ਹੁਕਮ ਨਹੀਂ, ਤੁਸੀਂ ਆਪਣਾ ਮੁੰਨਸ਼ੀ ਬਿਠਾ ਦੇਵੋ। ਜਿਹੜਾ ਦਿਨ ਰਾਤ ਉੱਥੇ ਰਹੇ ਤੇ ਤਨਖਾਹ ਤੁਹਾਡੇ ਪੱਲਿਉਂ ਲਵੇ, ਰੋਟੀ ਅਸੀਂ ਦੇਵਾਂਗੇ, ਪਰ ਖਿਆਲ ਰੱਖਣਾ ਮੁੰਨਸ਼ੀ ਉਹ ਹੋਵੇ ਜਿਹੜਾ ਬੀੜੀ, ਸਿਗਰਟ, ਮਾਸ, ਸ਼ਰਾਬ ਦੀ ਵਰਤੋਂ ਨਾ ਕਰਦਾ ਹੋਵੇ।

ਥਾਣੇਦਾਰ ਸੋਚਨ ਲੱਗ ਪਿਆ, ਰੋਜ਼ੇ ਬਖਸ਼ਾਣ ਆਏ ਸਾਂ, ਨਮਾਜ ਗਲ ਆ ਪਈ। ਉਸ ਸੰਤਾਂ ਨੂੰ ਕੰਨ ਵਿਚ ਕਿਹਾ, "ਬਾਬਾ! ਤੂੰ ਹਾਂ ਹੂੰ ਕਰੀ ਜਾ। ਅੱਗੇ ਤੋਂ ਕੋਈ ਵੀ ਮੁਜਰਮ ਤੁਹਾਡੀ ਧਰਮਸ਼ਾਲਾ ਦਾ ਨਾਮ ਨਹੀਂ ਲਵੇਗਾ, ਭਾਵੇਂ ਉੱਥੋਂ ਹੀ ਫੜਿਆ ਜਾਵੇ।

ਸੰਤਾਂ ਨੇ ਉਵੇਂ ਹੀ ਕਹਿ ਦਿੱਤਾ, ਸੰਤਾਂ ਦੀ ਖਲਾਸੀ ਹੋ ਗਈ।"[14]

ਗ਼ਦਰ ਲਹਿਰ ਦੇ ਪ੍ਰਸਿੱਧ ਆਗੂ, ਭਾਈ ਪਰਮਾਨੰਦ ਜੀ ਸੰਤ ਜੀ ਦੇ ਪੁਰਾਣੇ ਮਿੱਤਰ ਸਨ। ਹਾਸਾ ਠੱਠਾ ਚੱਲਦਾ ਰਹਿੰਦਾ ਸੀ। ਇਕ ਦਿਨ ਉਹਨਾਂ ਸੰਤ ਜੀ ਤੋਂ ਨਾਮਧਾਰੀਆਂ ਦੀ ਗਿਣਤੀ ਪੁੱਛ ਲਈ। ਸੰਤ ਜੀ ਨੇ ਕਿਹਾ—"ਗਰਮੀਆਂ ਦੀ ਜਾਂ ਸਰਦੀਆਂ ਦੀ ?" ਭਾਈ ਜੀ ਨੇ ਇਸਦਾ ਮਤਲਬ ਪੁੱਛਿਆ ਤਾਂ ਸੰਤਾਂ ਨੇ ਦੱਸਿਆ ਕਿ ਗਰਮੀਆਂ ਵਿਚ ਸਭ ਸਨਕੇਸੀ ਇਸ਼ਨਾਨ ਕਰਦੇ ਹਨ, ਇਸ ਲਈ ਕੂਕਿਆਂ ਦੀ ਗਿਣਤੀ ਉਦੋਂ ਵਧ ਜਾਂਦੀ ਹੈ। ਗੁਰੂ ਕੇ ਸਿੱਖ ਲਈ ਸਨਕੇਸੀ ਇਸ਼ਨਾਨ ਜ਼ਰੂਰੀ ਹੈ। ਸਰਦੀਆਂ ਵਿਚ ਇਹ ਸਕੇਸ਼ ਇਸ਼ਨਾਨ ਨਾ ਹੋਣ ਕਾਰਨ ਗਿਣਤੀ ਕੁਝ ਘੱਟ ਜਾਂਦੀ ਹੈ। ਇਕ ਦਿਨ ਫਿਰ ਭਾਈ ਜੀ ਕਹਿਣ ਲੱਗੇ ਕਿ ਸੰਤ ਜੀ ਪਹਿਲੇ ਗੁਰੂ ਸਾਹਿਬਾਨ ਅਤੇ ਉਹਨਾਂ ਦੇ ਸਿੱਖਾਂ ਨੇ ਕਰਾਮਾਤਾਂ ਵਿਖਾਈਆਂ ਸਨ। ਤੁਸੀਂ ਵੀ ਵਿਖਾ ਸਕਦੇ ਹੋ ? ਸੰਤਾਂ ਦਾ ਜੁਆਬ ਸੀ, "ਭਾਈ ਜੀ! ਤੁਸੀਂ ਵੀ ਭੋਲੇ ਹੋ। ਪੋਹ ਮਾਘ ਦੀ ਰਾਤ ਵਿਚ ਕੂਕਾ ਤਿੰਨ ਵਜੇ ਤੜਕੇ ਉਠਦਾ ਹੈ। ਖੂਹ ਤੋਂ ਸਿਰ ਵਿਚ ਪਾਣੀ ਦੇ ਗੜਵੇ ਭਰ ਭਰ ਪਾਉਂਦਾ ਹੈ। ਖੂਹ ਨਾ ਹੋਵੇ ਤਾਂ ਨਹਿਰ ਟੋਭੇ ਦੇ ਕਕਰੀਲੇ ਪਾਣੀ ਵਿਚ ਛਾਲ ਜਾ ਮਾਰਦਾ ਹੈ। ਫਿਰ ਸਰਦਾਈ ਰਗੜਕੇ ਗੁੜ ਪਾ ਕੇ ਪੀ ਲੈਂਦਾ ਹੈ। ਇਹ ਕੋਈ ਘੱਟ ਕਰਾਮਾਤ ਹੈ, ਕਰਕੇ ਵਿਖਾ ਸਕਦੇ ਹੋ ?" ਭਾਈ ਜੀ ਦੀ ਤਸੱਲੀ ਹੋ ਗਈ।

ਸੰਤ ਜੀ ਦੀ ਹਾਜ਼ਰ ਜੁਆਬੀ ਅਤੇ ਖ਼ੁਸ਼ ਦਿਲ ਤਬੀਅਤ ਦੇ ਸਤਿਗੁਰੂ ਪ੍ਰਤਾਪ ਸਿੰਘ ਜੀ ਬੜੇ ਕਦਰਦਾਨ ਸਨ। ਇਕ ਵੇਰ ਕਿਸੇ ਸਿੱਖ ਦੇ ਬੱਜਰ ਗੁਨਾਹ ਤੋਂ ਸਤਿਗੁਰੂ ਜੀ ਨੇ ਉਸਨੂੰ ਆਪਣੀਆਂ ਅੱਖਾਂ ਤੋਂ ਦੂਰ ਹੋ ਜਾਣ ਦਾ ਹੁਕਮ ਦੇ ਦਿੱਤਾ। ਉਹ ਸਿੱਖ ਰੋਂਦਾ ਰੋਂਦਾ ਕਈ ਜ਼ਿੰਮੇਵਾਰ ਸਿੱਖਾਂ ਪਾਸ ਗਿਆ ਗੱਲ ਨਾ ਬਣੀ। ਓੜਕ ਉਹਨੇ ਸੰਤ ਜੀ ਦਾ ਪੱਲਾ ਜਾ ਫੜਿਆ। ਸੰਤ ਜੀ ਨੇ ਸਤਿਗੁਰੂ ਜੀ ਨੂੰ ਮੱਥਾ ਟੇਕ ਕੇ ਕਿਹਾ, "ਅਸੀਂ

ਸਿੱਖ ਕਿੰਨੇ ਕਿੰਨੇ ਕੰਮ ਕਰਦੇ ਹਾਂ। ਘਰ ਗ੍ਰਹਿਸਤੀ ਵੀ ਚਲਾਉਂਦੇ ਹਾਂ। ਸੰਗਤ ਵਿਚ ਵੀ ਸੁਬਹਾ ਸ਼ਾਮ ਜਾਂਦੇ ਹਾਂ। ਤੁਹਾਡੇ ਜ਼ਿੰਮੇ ਦੋ ਕੰਮ ਨੇ ਤੁਸੀਂ ਉਹ ਵੀ ਨਹੀਂ ਚੱਜ ਨਾਲ ਕਰ ਰਹੇ।" "ਕਿਹੜੇ ਕੰਮ ਤੇ ਮੈਂ ਕੀ ਨਹੀਂ ਕਰਦਾ ?" ਸਤਿਗੁਰੂ ਜੀ ਨੇ ਫਰਮਾਇਆ। ਸੰਤਾਂ ਕਿਹਾ ਕਿ ਆਏ ਸਿੱਖ ਸਾਧਾਂ ਨੂੰ ਖ਼ੁਸ਼ ਹੋ ਕੇ ਦਰਸ਼ਨ ਦੇਣੇ ਅਤੇ ਵੇਲੇ ਕੁਵੇਲੇ ਹੋਈਆਂ ਗ਼ਲਤੀਆਂ ਦੀ ਬਖਸ਼ਬੰਦੀ ਕਰਨੀ ਤੇ ਜੇ ਅਸੀਂ ਭੁੱਲਾਂ ਨਾ ਕਰਾਂਗੇ ਤੁਹਾਨੂੰ ਬਖਸ਼ਣਹਾਰ ਕੌਣ ਆਖੇਗਾ ? ਉਸ ਸਿੱਖ ਨੂੰ ਅੱਗੇ ਕਰ ਦਿੱਤਾ। ਖ਼ੁਸ਼ੀਆਂ ਮਿਲ ਗਈਆਂ।

ਆਜ਼ਾਦੀ ਤੋਂ ਬਾਅਦ ਬਟਾਲੇ ਨਸ਼ਾਮੁਕਤੀ ਬਾਰੇ ਗੋਸ਼ਟੀ ਸੀ। ਮੁੱਖ ਮੰਤਰੀ ਪੰਜਾਬ, ਸ੍ਰੀ ਭੀਮਸੈਨ ਸੱਚਰ ਆਏ ਸਨ। ਸਾਰੇ ਬੋਲ ਹਟੇ ਤਾਂ ਸੰਤ ਜੀ ਉੱਠੇ—ਮੈਂ ਸਾਰੀ ਉਮਰ ਸ਼ਰਾਬ ਅਫੀਮ ਨਹੀਂ ਵਰਤਿਆ। ਪਰ ਮੈਂ ਇਹ ਜ਼ਰੂਰ ਕਹਾਂਗਾ ਕਿ ਨਸ਼ਿਆਂ ਦਾ ਕਾਰੋਬਾਰ ਹਮੇਸ਼ਾਂ ਸਰਕਾਰੀ ਸ਼ਹਿ ਤੇ ਹੁੰਦਾ ਹੈ। ਸਰਕਾਰ ਸ਼ਰਾਬ ਦੇ ਕਾਰਖਾਨੇ ਬੰਦ ਕਰੇ। ਉਹ ਕਰੋੜਾਂ ਲਿਟਰ ਸ਼ਰਾਬ ਬਣਾ ਕੇ ਸੱਚੀ ਸੁੱਚੀ ਹੈ। ਗ਼ਰੀਬ ਜੱਟ ਕਿਕਰ ਦੇ ਸੱਕ ਤੇ ਸੇਰ ਗੁੜ ਪਾਣੀ ਵਿਚ ਪਾ ਕੇ ਮੁਜਰਿਮ ਬਣ ਜਾਂਦਾ ਹੈ। ਬੰਦ ਕਰੋ ਸ਼ਰਾਬ ਤੇ ਹੋਰ ਨਸ਼ਿਆਂ ਦੇ ਸਾਰੇ ਕਾਰੋਬਾਰ ਨਸ਼ਾਬੰਦੀ ਹੋ ਜਾਏਗੀ। ਸੱਚਰ ਸਾਹਿਬ ਜਾਣੂ ਤਾਂ ਪੁਰਾਣੇ ਸਨ। ਤਾਅ ਖਾ ਗਏ ਤੇ ਅਫਸਰਾਂ ਨੂੰ ਸੰਤਾਂ ਦੀ ਆਜ਼ਾਦੀ ਸੰਗਰਾਮੀਏ ਵਾਲੀ ਪੈਨਸ਼ਨ, ਕੱਟਣ ਦਾ ਆਦੇਸ਼ ਦੇ ਦਿੱਤਾ। ਸੰਤਾਂ ਮੁਸਕਰਾਉਂਦਿਆਂ ਕਿਹਾ-ਸੱਚਰ ਸਾਹਿਬ ਆਜ਼ਾਦੀ ਦੀ ਲੜਾਈ ਵਿਚ, ਪੈਨਸ਼ਨਾਂ ਲੈਣ ਲਈ ਨਹੀਂ, ਸਤਿਗੁਰੂ ਰਾਮ ਸਿੰਘ ਜੀ ਦਾ ਹੁਕਮ ਮੰਨਣ ਲਈ, ਕੁੱਦੇ ਸਾਂ ਕਿ ਵਿਦੇਸ਼ੀ ਸਰਕਾਰ ਨਹੀਂ ਰਹਿਣ ਦੇਣੀ। ਪੰਡਿਤ ਨਹਿਰੂ ਨੇ ਬਾਅਦ ਵਿਚ ਕਿਹਾ ਸੀ, "ਸੱਚਰ ਸਾਹਿਬ ! ਗਲਤ ਫਸ ਗਏ ਹੋ !"

ਇਕ ਵੇਰ ਸੰਤ ਨਿਸ਼ਾਨ ਸਿੰਘ ਕਥਾਵਾਚਕ ਦੇ ਵਿਦਿਆ ਗੁਰੂ ਪੰਡਿਤ ਗੁਰਚਰਨ ਸਿੰਘ ਹੋਰਾਂ ਨੂੰ ਸੰਤਾਂ ਨੇ ਪੁੱਛਿਆ ਜ਼ਿੰਦਗੀ ਵਿਚ ਤੇਰਾ ਕੀ ਏਮ (aim) (ਨਿਸ਼ਾਨਾ) ਹੈ ? ਉਹਨਾਂ ਕਿਹਾ—ਤੁਸੀਂ ਆਪਣਾ ਦੱਸੋ, ਸੰਤਾਂ ਦਾ ਜੁਆਬ ਸੀ ਕਿ ਮੇਰਾ ਨਿਸ਼ਾਨਾ ਪ੍ਰਚਾਰਕ ਬਣਨਾ ਸੀ ਤੇ ਮੈਂ ਸਾਰੀ ਉਮਰ ਪ੍ਰਚਾਰਕ ਵਜੋਂ ਕੱਟੀ ਹੈ। ਮੈਂ ਬਹਿਸ ਵਿਚ ਬੜਿਆਂ ਬੜਿਆਂ ਭੇਖਾਂ, ਵਿਅਕਤੀਆਂ, ਹਕੂਮਤਾਂ ਦੇ ਬਖੀਏ ਉਧੇੜ ਦਿੰਦਾ ਰਿਹਾ ਹਾਂ, ਗੁਰੂ ਹਰੀ ਸਿੰਘ ਤੋਂ ਮਿਲੀ ਮਿਹਰ ਨਜ਼ਰ ਸਦਕਾ। ਮੈਂ ਕੂਕਿਆਂ ਅਤੇ ਕਾਂਗਰਸ ਦੇ ਵਿਰੁੱਧ ਨਹੀਂ ਬੋਲ ਸਕਦਾ, ਹੋਰ ਕਿਸੇ ਦਾ ਲਿਹਾਜ਼ ਨਹੀਂ ਕਰਦਾ।

ਸੰਤ ਜੀ ਨੇ ਨਾਮਧਾਰੀ ਪੰਥ ਵਿਚ ਬਹੁਤ ਮਹੱਤਵਪੂਰਨ ਜ਼ਿੰਮੇਵਾਰੀਆਂ ਨਿਬਾਹੀਆਂ। ਐਸੇ ਅਲਬੇਲੇ, ਮਰਦੇ ਮੁਜਾਹਿਦ, ਸਦਾ ਰੰਗ ਵਿਚ ਰਹਿਣ ਵਾਲੇ, ਕਦੇ ਕਦੇ ਹੀ ਦੁਨੀਆਂ ਦੇ ਰੰਗ ਮੰਚ ਤੇ ਆਉਂਦੇ ਹਨ। ਪੰਜਾਬ ਦੇ ਵੀਹਵੀਂ ਸਦੀ ਦੇ ਕੌਮੀ ਅੰਦੋਲਨ ਵਿਚ ਵੀ ਆਪ ਦੀ ਪਰਮੁੱਖ ਭੂਮਿਕਾ ਨਿਸ਼ਚਿਤ ਹੁੰਦੀ ਹੈ। ਸੰਤਾਂ ਦਾ ਜਨਮ ਵੈਸਾਖੀ ਦਾ ਅਤੇ ਦਿਹਾਂਤ ਦੀਵਾਲੀ ਦੀ ਰਾਤ ਦਾ ਹੈ। ਮਾਸਟਰ ਨਿਹਾਲ ਸਿੰਘ ਜੀ ਦੇ ਸ਼ਬਦਾਂ ਨਾਲ ਸੰਤਾਂ ਦੀ ਇਹ ਸੰਖੇਪ ਜਹੀ ਗਾਥਾ ਸਮੇਟਦੇ ਹਾਂ, "ਸੰਤ ਆਪਣੇ ਸਮੇਂ ਦਾਨੇ ਸਨ, ਮਸਤਾਨੇ ਸਨ। ਮੱਥਾ ਖਿੜਿਆ ਖਿੜਿਆ, ਉਦਾਸੀ ਕਦੇ ਸੁਪਨੇ ਵਿਚ ਨਾ ਆਈ, ਮੁਸਕਾਨ ਨੂੰ ਹੱਥੋਂ ਕਦੇ ਜਾਣ ਨਹੀਂ ਦਿੱਤਾ। ਸਦਾ ਗੁਲਾਬ ਨਿਆਈਂ। ਅੰਤ

ਸਤਿਗੁਰੂ ਰਾਮ ਸਿੰਘ ਜੀ ਦੇ ਬਗੀਚੇ ਦਾ ਟਹਿਕਦਾ ਫੁੱਲ, ਝੱਖੜਾਂ, ਝਾਂਜਿਆਂ, ਵਾ, ਠੱਕਿਆਂ, ਗੜਿਆਂ, ਗੋਲਿਆਂ, ਕਹਿਰਾਂ ਦੇ ਤੁਫਾਨਾਂ ਨਾਲ ਟਕਰਾਂਦਾ, ਮੁਸੀਬਤਾਂ ਨੂੰ ਮਸ਼ਕਰੀਆਂ ਕਰਦਾ, ੧੯੫੭ ਦੀ ਦੀਵਾਲੀ ਵਾਲੇ ਦਿਨ ਪੰਜ-ਭੂਤਕੀ ਸਰੀਰ ਨੂੰ ਤਿਆਗ, ਪੌਣ ਨਾਲ ਪੌਣ, ਮਿੱਟੀ ਨਾਲ ਮਿੱਟੀ ਵਿਚ ਘੁਲ ਮਿਲ ਗਿਆ। ਵਾਹ! ਖੇੜਿਆਂ ਦੇ ਸੋਮਿਆਂ! ਤੂੰ ਢੋਲ ਢਮੱਕਿਆਂ ਵਾਲੀ ਵਿਸਾਖੀ ਦੇ ਦਿਨ ਇਸ ਮੰਡਲ ਤੇ ਆਇਉਂ ਤੇ ਅਨਾਰਾਂ, ਫੁੱਲ ਝੜੀਆਂ ਦੀ ਚਮਕਾਰੇ ਮਾਰਦੀ ਰੋਸ਼ਨੀ ਵਾਲੇ ਦਿਨ ਉਡਾਰੀ ਮਾਰ ਗਿਉ।"[15]

## ਹਵਾਲੇ ਅਤੇ ਟਿੱਪਣੀਆਂ

1. ਸਤਿਜੁਗ (ਮਾਸਿਕ) ਦਾ ਹਾੜ ਸੰਬਤ ੨੦੧੦ ਦਾ ਅੰਕ, ਕਈ ਕਿਸ਼ਤਾਂ ਵਿਚ ਛਪਣ ਵਾਲਾ ਮਾਸਟਰ ਦੁਆਰਕਾ ਸਿੰਘ "ਭੱਲਾ ਕੂਕਾ" ਦਾ ਸੰਤ ਮੰਗਲ ਸਿੰਘ ਬਾਰੇ ਲੇਖ, ਸ੍ਰੀ ਜੀਵਨ ਨਗਰ (ਤਦੋਂਕਾ ਜ਼ਿਲ੍ਹਾ ਹਿਸਾਰ), ਸਫਾ ੯-੧੦
2. ਦਾਨੇ ਤੇ ਮਸਤਾਨੇ, ਮਾਸਟਰ ਨਿਹਾਲ ਸਿੰਘ, ੧੯੮੯ ਈ., ਲੁਧਿਆਣਾ, ਸਫਾ ੩
3. ਸਤਿਜੁਗ, (ਮਾਸਿਕ), ਕੱਤਕ ੨੦੧੦ ਬਿ੦, ਸਫਾ ੧੬-੧੭
4. ਦਾਨੇ ਤੇ ਮਸਤਾਨੇ, ਸਫਾ ੧੮-੧੯
5. ਸਤਿਜੁਗ ਦਾ (ਸਾਲਾਨਾ) ਬਸੰਤ ਅੰਕ, ਮਾਘ ੨੦੧੦ ਬਿ੦, ਸ੍ਰੀ ਜੀਵਨ ਨਗਰ, ਸਫਾ ੧੬-੧੭
6. ਭੁੱਲੇ ਵਿੱਸਰੇ ਲੋਕ, ਸ਼ਿਵ ਨਾਥ, ੧੯੭੬, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, ਸਫਾ ੬੦
7. ਉਹੀ, ਸਫਾ ੬੬-੬੭
8. ਸਤਿਜੁਗ ਦਾ ਉਪਰੋਕਤ ਬਸੰਤ ਅੰਕ, ਸਫਾ ੮੮
9. ਜੱਸ ਜੀਵਨ ਭਾਗ-੬, ਸੰਤ ਤਰਨ ਸਿੰਘ ਵਹਿਮੀ, ਨਾਮਧਾਰੀ ਦਰਬਾਰ, ਸ੍ਰੀ ਭੈਣੀ ਸਾਹਿਬ, ਸਫਾ ੩੩
10. ਸਤਿਗੁਰੂ ਬਿਲਾਸ, ਭਾਗ ਦੂਜਾ, ਸੰਤ ਸੰਤੋਖ ਸਿੰਘ ਬਾਹੋਵਾਲ, ੨੦੦੫, ਸ੍ਰੀ ਭੈਣੀ ਸਾਹਿਬ, ਸਫਾ ੩੮੬
11. ਸਤਿਜੁਗ ਸਾਵਣ ੨੦੧੧ ਬਿ. ਸਫਾ ੨੭
12. ਉਹੀ, ਸਫਾ ੨੯-੩੧
13. ਸਤਿਜੁਗ, ਵੈਸਾਖ ੨੦੧੧ ਬਿ੦, ਸਫਾ ੨੭
14. ਦਾਨੇ ਤੇ ਮਸਤਾਨੇ, ਸਫਾ ੭੪-੭੬
15. ਉਹੀ ਸਫਾ ੮੮-੮੯

## ਮੁਰਸ਼ਦ ਨਾਲ ਇਕਸੁਰ, ਕਿਰਤੀ ਸਾਧੂ: ਸੰਤ ਆਲਾ ਸਿੰਘ 'ਵਰਨ'

" ਸਬਾਜਪੁਰ ਨੌਸ਼ਹਿਰਾ, ਆਦਿਕ ਸ਼ਹਿਰ ਗਿਰਾਂ
ਸਿੰਘ ਸਜਾਏ ਨਗਰ ਇਹ, ਕੰਢੇ ਐਨ ਝਨਾਂ
ਗੁਜਰਾਂਵਾਲੇ ਵੱਲ ਪਰਤ, ਦੌਰਾ ਕਰ ਅਪਾਰ
ਫਿਲੋਕੀ ਤੇ ਵਰਨ ਵਿਰਕ, ਸਹਾਰਨ ਕਿਲਾ ਮੁਦਾਰ
ਚੋਰੀ ਕਰਦੇ ਰੱਜ ਇਹ, ਵਿਰਕ ਤਪੇ ਦੇ ਲੋਕ
ਛੱਡਦੇ ਘਰ ਵਿਚ ਕੁਝ ਨਾ, ਮਹੀਆਂ ਗਾਂਈਂ ਬੋਕ
ਇਹ ਬਣਾਏ ਸੰਤ ਸਨ, ਦੇ ਚੋਰੀ ਦਾ ਮਾਲ
ਜਿੰਨਾ ਦਾ ਚੁਰਾਇਆ, ਦਿਤਾ ਉਨ੍ਹਾਂ ਸੰਭਾਲ
ਚੋਰ ਧਾੜਵੀ ਹੋ ਗਏ, ਦੇਵਤਿਆਂ ਦੇ ਵਾਂਗ
ਮਾਲਾ ਹੱਥ ਫੜਾਇ ਕੇ, ਸੁੱਟ ਪੁਆਈ ਡਾਂਗ"[1]

1862-63 ਈ. ਵਿਚ ਸਤਿਗੁਰੂ ਰਾਮ ਸਿੰਘ ਜੀ ਨੇ ਅੰਮ੍ਰਿਤਸਰ ਦੀ ਦੀਪਾਵਲੀ ਸਮੇਂ, ਗੁਰਧਾਮਾਂ ਦੀ ਯਾਤਰਾ ਤੋਂ ਬਾਅਦ, ਰਚਨਾ ਦੋਆਬ ਜੋ ਰਾਵੀ ਅਤੇ ਚਨਾਬ ਜਾਂ ਝਨਾਂ ਦਰਿਆਵਾਂ ਦੇ ਵਿਚਕਾਰਲਾ ਇਲਾਕਾ ਸੀ, ਇਸ ਦਾ ਵੀ ਦੌਰਾ ਕੀਤਾ ਅਤੇ ਗੁਰੂ ਨਾਨਕ ਦੇਵ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਅਲੋਪ ਹੋ ਰਹੀ ਸਿੱਖੀ ਨੂੰ ਮੁੜ ਪ੍ਰਗਟ ਕੀਤਾ। ਬੇਸ਼ਕ 1862 ਈ. ਦੀ ਦੀਵਾਲੀ ਸਮੇਂ ਗੁਰਧਾਮਾਂ ਦੇ ਅੰਗਰੇਜ਼ ਸਰਕਾਰ ਦੁਆਰਾ ਥਾਪੇ ਪੁਜਾਰੀਆਂ/ਸਰਬਰਾਹਾਂ ਨੇ ਸਤਿਗੁਰੂ ਜੀ ਦੀਆਂ ਭੇਟਾਵਾਂ ਪ੍ਰਵਾਨ ਨਾਂ ਕਰਕੇ ਉਨ੍ਹਾਂ ਦੀ ਅਰਦਾਸ ਨਾ ਕੀਤੀ, ਪਰ ਇਸ ਸਮੇਂ ਪੰਜਾਬ ਦੇ ਆਮ ਲੋਕ ਜੋ ਵਿਦੇਸ਼ੀ ਗੋਰਾਸ਼ਾਹੀ ਦੇ ਉਤਪੀੜਨ ਤੋਂ ਤੰਗ ਸਨ, ਉਹ ਸਤਿਗੁਰੂ ਰਾਮ ਸਿੰਘ ਜੀ ਨੂੰ ਇਕ ਵਿਸ਼ਾਲ ਲੋਕ ਲਹਿਰ ਦੇ ਕੇਂਦਰ ਵਜੋਂ ਵੇਖ ਕੇ, ਆਪ ਦੇ ਗਿਰਦ ਜੁੜਨ ਨੂੰ ਆਪਣਾ ਧੰਨ ਭਾਗ ਸਮਝਣ ਲੱਗੇ, ਜਿਸ ਨਾਲ ਗੁਆਚੇ ਖ਼ਾਲਸਈ ਗੌਰਵ ਦੀ ਮੁੜ ਬਹਾਲੀ ਦੇ, ਸਾਰਥਕ ਯਤਨ ਨਜ਼ਰ ਆ ਰਹੇ ਸਨ। ਸਤਿਗੁਰੂ ਜੀ ਪੱਛਮੀ ਪੰਜਾਬ ਦੇ ਗੁਜਰਾਂਵਾਲਾ, ਸਿਆਲਕੋਟ ਅਤੇ ਸਾਂਦਲ ਬਾਰ ਖਿੱਤੇ ਦੇ ਦੌਰੇ ਸਮੇਂ ਬਹੁਤ ਸਾਰੇ ਜੱਟ ਕਬੀਲਿਆਂ ਵਿਚ ਵੀ ਕੂਕਾ ਜੀਵਨ ਜਾਚ ਦੀ ਡਾਕ ਬੇਲ ਲਾਉਣ ਵਿਚ ਸਫ਼ਲ ਹੋਏ। ਇਹ ਖਿੱਤਾ ਮੁਸਲਮਾਨ ਜਾਂਗਲੀਆਂ ਦੀ ਸੰਘਣੀ ਵਸੋਂ ਵਾਲਾ ਸੀ ਜੋ ਸਿੱਖ ਜੱਟਾਂ ਦੇ ਪਿੰਡਾਂ ਦੇ ਆਸ ਪਾਸ ਹੀ ਵੱਸਦੇ ਸਨ। ਲੋਕਾਂ ਦਾ ਮੁੱਖ ਕਿੱਤਾ ਪਸ਼ੂ ਪਾਲਣ ਹੀ ਸੀ ਕਿਉਂ ਜੁ ਆਮ ਖੇਤੀ ਬਰਾਨੀ ਜਾਂ ਖੂਹਾਂ ਤੇ ਬਹੁਤ ਸੀਮਤ ਸੀ। ਪਾਣੀ ਡੂੰਘੇ ਸਨ। ਖੂਹਾਂ ਵਿਚ ਡੇਢ ਸੌ ਹੱਥ ਤੇ ਪਾਣੀ ਮਿਲਦਾ ਸੀ। ਮੀਂਹ ਪੈ ਜਾਂਦਾ ਤਾਂ ਪਸ਼ੂਆਂ ਲਈ ਘਾਹ ਹੋ ਜਾਂਦਾ। ਚਰਾਂਦਾਂ ਖੁੱਲ੍ਹੀਆਂ ਸਨ। ਅੱਗੇ ਪਿੱਛੇ ਪਸ਼ੂ ਦਰਿਆਵਾਂ 'ਤੇ ਲੈ ਜਾਂਦੇ ਜਿੱਥੇ ਪਾਣੀ ਅਤੇ ਚਰਗਾਹਾਂ ਹੁੰਦੀਆਂ। ਇਹੋ ਜਿਹੇ ਸਮੇਂ ਜਾਂਗਲੀ ਮੁਸਲਮਾਨ ਪਸ਼ੂ ਚੋਰੀ ਵੀ ਕਰਦੇ।

ਉਨ੍ਹਾਂ ਨਾਲ ਬਰ ਮੇਚਣ ਲਈ, ਸਿੱਖ ਜੱਟਾਂ ਵਿਸ਼ੇਸ਼ ਕਰ ਵਿਰਕ ਕਬੀਲੇ ਵਿਚ ਵੀ ਪਸ਼ੂ ਚੋਰੀ ਦਾ ਆਮ ਰਿਵਾਜ ਹੀ ਨਹੀਂ ਸੀ ਸਗੋਂ ਇਸ ਨੂੰ, ਆਦਰ ਯੋਗ ਪੁਸ਼ਤੈਨੀ ਕਿੱਤਾ ਸਮਝਿਆ ਜਾਂਦਾ ਸੀ। ਉਪਜੀਵਿਕਾ ਦਾ ਇਕ ਕਸਬ। ਕਿਹਾ ਜਾਂਦਾ ਹੈ ਕਿ ਜਿਤਨਾ ਚਿਰ ਕੋਈ ਵਿਰਕ ਗੱਭਰੂ ਪਸ਼ੂ ਚੁਰਾ ਕੇ ਨਹੀਂ ਸੀ ਲਿਆਉਂਦਾ, ਉਸ ਦੇ ਸਿਰ 'ਤੇ ਪੱਗ ਨਹੀਂ ਸੀ ਬੰਨ੍ਹੀ ਜਾਂਦੀ। ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਚਾਰ ਨਾਲ ਚੂਹੜ ਕਾਣਾ ਅਤੇ ਇਸ ਦੇ ਆਸ-ਪਾਸ ਦੇ ਪਿੰਡਾਂ ਵਿਚ, ਵਿਰਕਾਂ ਨੇ ਚੋਰੀ ਆਦਿ ਕੁਰਿਹਤਾਂ ਛੱਡ ਕੇ ਨਾਮਧਾਰੀ ਸੰਤ ਖਾਲਸੇ ਵਿਚ ਦਾਖਲਾ ਲੈ ਲਿਆ, ਜਿਸ ਦਾ ਹਵਾਲਾ ਚੱਕਰਵਰਤੀ ਜੀ ਦੀਆਂ ਉਪਰੋਕਤ ਤੁਕਾਂ ਵਿਚੋਂ ਵੀ ਮਿਲਦਾ ਹੈ ਅਤੇ ਗਿਆਨੀ ਗਿਆਨ ਸਿੰਘ ਜੀ ਦੇ ਕੂਕਿਆਂ ਵਾਲੇ ਪੰਥ ਪ੍ਰਕਾਸ਼ ਦੇ ਅਠਾਈ ਕਬਿੱਤਾਂ ਵਿਚੋਂ ਵੀ-

"ਫੀਮ ਭੰਗ ਪੋਸਤ ਸ਼ਰਾਬ ਮਾਸ ਚੋਰੀ ਯਾਰੀ, ਠੱਗੀ ਤਜਥੀਏ ਸੰਤ ਸਤਿਜੁਗ ਆ ਗਿਉ।"

ਪੁਸਤਕ 'ਪੰਜਾਬ ਕਾਸਟਸ' ਦੇ ਕਰਤਾ ਸਰ ਡੈਨਜ਼ਿਲ ਚਾਰਲਸ ਜੈਲਫ ਇਬੱਟਸਨ ਦੇ ਮੁਤਾਬਿਕ ਵਿਰਕਾਂ ਦਾ ਨਿਕਾਸ, ਮਿਨਹਾਸ ਰਾਜਪੂਤਾਂ ਵਿਚੋਂ ਹੋਇਆ ਜੋ ਜੰਮੂ ਦੇ ਹਾਕਮ ਸਨ। ਉਨ੍ਹਾਂ ਦਾ ਪਹਿਲਾ ਪਿੰਡ ਘੁਚਲੀ ਜ਼ਿਲ੍ਹਾ ਅੰਮ੍ਰਿਤਸਰ (ਕੁਝ ਥਾਵਾਂ ਤੇ ਸਿਆਲਕੋਟ ਵੀ ਲਿਖਿਆ ਹੈ) ਸੀ। ਉਨ੍ਹੀਵੀਂ ਸਦੀ ਦੇ ਅਖੀਰ ਤੱਕ ਗੁਜਰਾਂਵਾਲਾ ਜ਼ਿਲ੍ਹਾ (ਸ਼ੇਖੂਪੁਰਾ 1917 ਈ. ਵਿਚ ਇਸੇ ਵਿਚੋਂ ਜ਼ਿਲ੍ਹਾ ਬਣਿਆ ਸੀ) ਵਿਚ 132 ਪਿੰਡ ਵਿਰਕ ਵਸੋਂ ਵਾਲੇ ਸਨ। ਇਨ੍ਹਾਂ ਤੋਂ ਇਲਾਵਾ ਲਾਹੌਰ, ਅੰਮ੍ਰਿਤਸਰ, ਗੁਰਦਾਸਪੁਰ ਆਦਿ ਮਾਝੇ ਦੇ ਹੋਰ ਜ਼ਿਲ੍ਹਿਆਂ ਵਿਚ ਤੇ ਦੁਆਬੇ ਮਾਲਵੇ ਵਿਚ ਵੀ ਟਾਂਵੇਂ-ਟਾਂਵੇਂ ਵਿਰਕ ਜੱਟਾਂ ਦੇ ਪਿੰਡ ਸਨ। ਪਰ ਇਨ੍ਹਾਂ ਦਾ ਬਹੁਤਾ ਗਾਹੜ ਗੁਜਰਾਂਵਾਲਾ, ਸ਼ੇਖੂਪੁਰਾ ਵਿਚ ਹੀ ਸੀ ਜਿਸ ਖਿੱਤੇ ਨੂੰ, ਵਿਰਕ ਤੱਪਾ ਜਾਂ ਵਿਚਕੈਤ ਕਹਿੰਦੇ ਸਨ। ਰਵਾਇਤ ਮੁਤਾਬਕ ਵਰਨ, ਧਰੰਗੜ ਤੇ ਵਿਰਕ ਤਿੰਨ ਸਕੇ ਭਰਾ ਸਨ। ਵੱਡਾ ਵਰਨ ਸੀ ਜਿਸ ਦਾ ਪਿੰਡ ਚੂਹੜ ਕਾਣਾ ਦੇ ਪਾਸ ਹੀ ਸੀ ਉਸ ਦੀ ਔਲਾਦ ਇਕੋ ਪਿੰਡ ਅਤੇ ਕਈ ਡੇਰਿਆਂ ਖੂਹਾਂ ਉੱਤੇ ਹੀ ਫੈਲੀ ਸੀ ਜਿਨ੍ਹਾਂ ਦੇ ਨਾਂ ਸਨ "ਭਿੱਖੀਆਣਾ, ਸੁੱਖਣਆਣਾ, ਚੁਬੱਚੇਆਣਾ, ਨਾਟੋਆਣਾ, ਜੋਧਆਣਾ, ਪੰਮੇਆਣਾ, ਕੱਕਿਆਂ ਦਾ ਡੇਰਾ, ਮਹੰਤਾਂ ਦਾ ਡੇਰਾ, ਗੱਪੀਆਂ ਦਾ ਡੇਰਾ, ਪੱਕਾ ਖੂਹ, ਮਾਹਰਕਾ ਖੂਹ, ਲੰਬੜਾਂ ਦਾ ਖੂਹ, ਨਾਈ ਵਾਲੀ ਖੂਹੀ, ਧਰੇਕਾਂ ਵਾਲਾ, ਜਰਮਨੀਆਂ ਵਾਲਾ, ਡੱਡੀਆਂ ਵਾਲਾ। ਦੋ ਢਾਈ ਕੋਹ ਦੂਰ ਜੂਹ ਹੋਣ ਕਾਰਨ ਇਹ ਡੇਰੇ, ਜ਼ਿਮੀਂਦਾਰਾਂ ਪਾਏ ਹੋਏ ਸੀ। ਵੱਡਾ ਪਿੰਡ ਹੋਣ ਕਰਕੇ ਪੱਤੀਆਂ ਤੇ ਖਨਵਾਦਿਆ ਦੀਆਂ ਅੱਲਾਂ, ਉਪਨਾਮ ਪਏ ਹੋਏ ਸੀ।

"ਜਿਵੇਂ ਕਿ ਸ਼ਮੀਰ ਦੀ ਪੱਤੀ, ਭੀਮੇ ਕੀ, ਬੂੜੇ ਕੀ, ਹਸਨੇ ਕੀ, ਮਾਂਜਨਾਂ ਕੀ ਆਦਿ। ਤੇ ਟੱਬਰ ਥੰਮ੍ਹਣ ਕੇ, ਲਾਲੇਕੇ, ਜੁੱਲੀ ਚੁੱਕ, ਡਾਂਗਾਂ ਵਾਲੇ, ਮਹੰਤ, ਕੱਕੇ, ਗੱਪੀ, ਖਬੜ, ਬੰਗਸਰੀਏ, ਮਾਂਜੇ, ਵਖਤੇ, ਠੰਢੇ, ਭੋਖੜੇ, ਸ਼ਰਾਬੀ, ਮਸੂਰੀ ਆਦਿ।"[2]

ਵਰਨ ਪਿੰਡ ਦੇ ਜੱਟਾਂ ਵੀ ਛੋਟੇ ਭਰਾ ਵਿਰਕ ਦੇ ਨਾਂ ਤੇ ਉਸ ਦੀ ਗੋਤ ਹੀ ਅਪਣਾ ਲਈ, ਇਸ ਲਈ ਵਿਰਕ ਹੁਣ ਤਕ ਵਰਨਾਂ ਨੂੰ ਬਾਬੇ ਵਰਨ ਆਖ ਕੇ, ਸਤਿਕਾਰ ਦਿੰਦੇ

ਹਨ। ਧਰੰਗੜ ਦੀ ਔਲਾਦ ਵੀ ਵਿਰਕ ਹੀ ਅਖਵਾਉਂਦੀ ਹੈ ਉਨ੍ਹਾਂ ਨੇ ਇਸਲਾਮ ਅਪਣਾ ਲਿਆ ਤੇ ਉਨ੍ਹਾਂ ਦੇ ਪਿੰਡ ਝਨਾਂ ਦੇ ਕੰਢੇ 'ਤੇ ਹਨ। ਵਰਨ ਪਿੰਡ ਵਿਚ ਨਾਮਧਾਰੀ ਸਿੱਖੀ ਦਾ ਪ੍ਰਵੇਸ਼ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਹੀ ਹੋ ਗਿਆ ਸੀ। ਸਤਿਗੁਰੂ ਜੀ ਇਸ ਪਿੰਡ ਵਿਚ ਸਿੱਖੀ ਪ੍ਰਚਾਰ ਲਈ ਜਾਂਦੇ ਰਹੇ ਸਨ। ਪੰਥ ਸਾਜਣਾ ਤੋਂ ਪਹਿਲਾਂ ਲਾਹੌਰ ਦੇ ਲਾਗੇ ਚਾਗੇ ਹੋਣ ਕਾਰਨ, ਚੂਹੜਕਾਣੇ ਦੇ ਪਿੰਡਾਂ ਵਿਚ ਸੈਨਿਕ ਜੀਵਨ ਸਮੇਂ, ਸਤਿਗੁਰੂ ਰਾਮ ਸਿੰਘ ਜੀ ਦਰਸ਼ਨ ਦਿੰਦੇ ਰਹੇ ਸਨ ਜਿਸ ਦਾ ਜ਼ਿਕਰ ਬਾਹੋਵਾਲ ਜੀ ਕਰ ਚੁੱਕੇ ਹਨ। 1868 ਈ. ਦੀ ਦੀਵਾਲੀ ਅੰਮ੍ਰਿਤਸਰ ਮਨਾ ਕੇ, 1869 ਈ. ਦੀ ਮਾਘੀ ਗਿੱਲ (ਸਿਆਲਕੋਟ) ਬਾਬਾ ਜਮੀਅਤ ਸਿੰਘ ਪਾਸ ਦਰਸ਼ਨ ਦੇ ਕੇ, ਝਨਾਂ ਦੇ ਕੰਢੇ ਦੇ ਪਿੰਡਾਂ ਵਿਚੋਂ ਹੁੰਦੇ ਪਹਿਲਾਂ ਮਾਨਾਂ ਵਾਲੇ ਵਿਚੋਂ ਹੋ ਕੇ, ਫਿਰ ਆਪ ਜੀ ਵਰਨ ਪਿੰਡ ਪੁੱਜੇ ਸਨ। "ਵਰਨਾਂ ਮੈਂ ਏਕ ਰਾਗੀ ਦੋ ਤਾਰਾ ਵਜਾਂਵਦਾ ਸੀ। ਸ਼ਬਦ ਪੜ੍ਹਿਆ। ਮਾੜਾ ਜਿਹਾ ਸੀ। ਗੁਰੂ ਜੀ ਬਚਨ ਕੀਤਾ- ਸਾਹਿਬ ਸਿੰਘਾ ਏਸ ਨੂੰ ਦੋ ਰੁਪਈਏ ਦਿਓ। ਸੂਬਾ ਸਾਹਿਬ ਸਿੰਘ ਨੇ ਕਹਾ-ਚੁਆਨੀ ਅਠਿਆਨੀ ਦੇਣ ਦੇ ਲਾਇਕ ਹੈ। ਗੁਰੂ ਜੀ ਉਤੇ ਪਸ਼ਮੀਨੇ ਦੀ ਚਾਦਰ ਸੀ ਸੋ ਲਾਹ ਕੇ ਦੇ ਦਿੱਤੀ ਇੱਕੀ ਰੁਪਈਏ ਵਾਲੀ।

"ਸ੍ਰੀ ਸਤਿਗੁਰੂ ਜੀ ਬਚਨ ਕੀਤਾ ਜੋ ਰਾਮਦਾਸਪੁਰੇ (ਭੈਣੀ) ਸਾਹਿਬ ਮੇਂ ਲੰਗਰ ਮੈ ਪੈਂਦਾ ਹੈ ਸੋ ਮੇਰੇ ਮੁਖ ਮੇਂ ਪੈਂਦਾ ਹੈ।"[3]

ਪੰਜਾਬ ਸਰਕਾਰ ਦੀ 1881 ਈ. ਵਾਲੀ ਪੰਜਾਬ ਦੇ ਮਹੱਤਵਪੂਰਨ ਕੂਕਿਆਂ ਵਾਲੀ ਸੂਚੀ ਵਿਚ ਵਰਨ ਪਿੰਡ ਦੇ ਮਹੰਤ ਬੁਲਾਕਾ ਸਿੰਘ ਅਤੇ ਮਹੰਤ ਜਮੀਅਤ ਸਿੰਘ ਦਾ ਜ਼ਿਕਰ ਮਿਲਦਾ ਹੈ। ਦੋਹਾਂ ਨੂੰ ਸਤਿਗੁਰੂ ਰਾਮ ਸਿੰਘ ਜੀ ਨੇ ਮਹੰਤ ਥਾਪ ਕੇ ਭਜਨ ਦੱਸਣ ਦਾ ਅਧਿਕਾਰ ਦਿੱਤਾ ਸੀ। ਬੁਲਾਕਾ ਸਿੰਘ ਤਾਂ ਵਰਨ ਪਿੰਡ ਦੇ ਹੀ ਅਰੂੜ ਸਿੰਘ ਦਾ ਪੁੱਤਰ ਸੀ ਅਤੇ ਖੇਤੀਬਾੜੀ ਦੇ ਨਾਲ-ਨਾਲ ਵਣਜ ਵਪਾਰ ਕਰਦਾ ਸੀ। ਜਮੀਅਤ ਸਿੰਘ ਅੰਮ੍ਰਿਤਸਰ ਜ਼ਿਲ੍ਹੇ ਦੇ 'ਬੁੰਡਾਲਾ ਹੰਦਾਲ' ਤੋਂ ਆਇਆ ਸੀ, ਉਹ ਲਾਲ ਸਿੰਘ ਦਾ ਪੁੱਤਰ ਸੀ। ਉਹ ਵਰਨ ਪਿੰਡ ਦੀ ਨਾਮਧਾਰੀ ਧਰਮਸ਼ਾਲਾ ਦਾ ਪੁਜਾਰੀ ਸੀ। ਇਉਂ ਵਰਨ ਪਿੰਡ ਅਤੇ ਇਸ ਦੇ ਆਸ-ਪਾਸ ਦੇ ਪਿੰਡਾਂ ਚੂਹੜਕਾਣਾ, ਮੁਰੀਦਕੇ, ਈਸਰਕੇ, ਖਾਨਗਾਹ ਡੋਗਰਾਂ, ਬੱਦੋਕੇ, ਸਮਸਾ, ਝਾਮਕੇ, ਝੱਬਰ, ਮਦਾਰ, ਸੰਤਪੁਰਾ ਆਦਿ ਪਿੰਡ ਵੀ ਉਪਰੋਕਤ ਸੂਚੀ ਮੁਤਾਬਿਕ, ਗੁਰੂ ਰਾਮ ਸਿੰਘ ਜੀ ਦੀ ਚਲਾਈ ਕੂਕਾ ਲਹਿਰ ਵਿਚ ਸਰਗਰਮ ਭੂਮਿਕਾ ਨਿਭਾਅ ਰਹੇ ਸਨ।

ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਵਰਨਾਂ ਵਿਚ ਸੰਤ ਬੁੱਧ ਸਿੰਘ ਐਸੇ ਸਿੱਖ ਸਨ ਜੋ ਸੱਚ ਬੋਲਣ ਕਾਰਨ ਬਾਹਰੇ ਵਿਚ ਮੰਨੇ ਜਾਂਦੇ ਸਨ। ਆਪ ਸਤਿਕਾਰਤ ਪੰਚਾਇਤੀ ਵਿਅਕਤੀ ਸਨ। ਇਕ ਮੁਕੱਦਮੇ ਦੀ ਗਵਾਹੀ ਵਿਚ ਆਪ ਦਾ ਪੁੱਤਰ ਭੂਪਾ ਸਿੰਘ, ਰੂਪਾ ਸਿੰਘ ਛੋਟੇ ਭਰਾ ਦੀ ਥਾਂ ਭੁਗਤ ਗਿਆ। ਵਿਰੋਧੀਆਂ ਨੇ ਇਸ 'ਤੇ ਇਤਰਾਜ਼ ਕੀਤਾ ਅਤੇ ਫੈਸਲਾ ਬੁੱਧ ਸਿੰਘ 'ਤੇ ਪਾ ਦਿੱਤਾ। ਉਨ੍ਹਾਂ ਕਿਹਾ ਕਿ ਠੀਕ ਭੁਗਤਣ ਵਾਲਾ ਮੇਰਾ ਪੁੱਤਰ ਭੂਪਾ ਸਿੰਘ ਹੀ ਹੈ ਉਨ੍ਹਾਂ ਦੋਹਾਂ ਦਾ ਰੰਗ ਕੱਕਾ ਤੇ ਕੱਦ ਇਕੋ ਜਿੱਡਾ ਤੇ ਰਲਦੇ ਨੈਣ ਨਕਸ਼ ਹੋਣ ਕਾਰਨ, ਓਪਰੇ ਬੰਦੇ ਲਈ ਦੋਹਾਂ ਵਿਚ ਪਹਿਚਾਣ ਕਰਨੀ ਔਖੀ ਹੋ

ਜਾਂਦੀ ਹੈ। ਘਰਦੇ ਤਾਂ ਸੰਤਾਂ ਤੇ ਗੁੱਸੇ ਹੋਏ ਹੋਣਗੇ ਪਰ ਸਰਕਾਰੀ ਅਧਿਕਾਰੀਆਂ ਤੇ ਲੋਕਾਂ ਵਿਚ ਕੂਕਿਆਂ ਬਾਰੇ ਪ੍ਰਚੱਲਤ ਧਾਰਨਾ ਤੇ ਮੋਹਰ ਲੱਗ ਗਈ ਕਿ ਕੂਕਾ ਝੂਠ ਨਹੀਂ ਬੋਲਦਾ। ਰੰਗ ਕੱਕਾ ਹੋਣ ਕਾਰਨ ਪਰਿਵਾਰ ਦੀ ਅੱਲ ਕੱਕੇ ਪੈ ਗਈ। ਸੰਤ ਬੁੱਧ ਸਿੰਘ ਦਾ ਪੋਤਰਾ, ਲਾਭ ਸਿੰਘ ਕੱਕਾ ਵਿਰਕੈਤ ਦਾ ਪ੍ਰਸਿੱਧ ਕੂਕਾ ਸਿੱਖ ਹੋਇਆ ਹੈ। ਲਾਭ ਸਿੰਘ ਹੋਰਾਂ ਤੋਂ ਭਰਾਵਾਂ ਸਮੇਤ ਸਕਾ ਚਾਚਾ ਮਾਰਿਆ ਗਿਆ ਸੀ। ਇਨ੍ਹਾਂ ਦੇ ਪੱਖੀ ਕੁਝ ਕਹਿਣ ਇਕ ਭਰਾ ਵਿਚ ਨਹੀਂ। ਸੰਤ ਲਾਭ ਸਿੰਘ ਤੇ ਹੀ ਪਰ੍ਹੇ ਤੇ ਥਾਣੇਦਾਰ ਫੈਸਲਾ ਪਾ ਦਿੱਤਾ। ਲਾਭ ਸਿੰਘ ਹੋਰਾਂ ਕਿਹਾ ਕਿ ਅਸਾਂ ਤਿੰਨਾਂ ਭਰਾਵਾਂ ਲਾਭ ਸਿੰਘ, ਚੜ੍ਹਤ ਸਿੰਘ ਤੇ ਹਰਨਾਮ ਸਿੰਘ ਨੇ ਹੀ ਕ੍ਰੋਧ ਦੇ ਉਬਾਲ ਵਿਚ ਚਾਚਾ ਮਾਰਿਆ ਹੈ। ਥਾਣੇਦਾਰ ਨੇ ਸੰਤ ਜੀ ਦੀ ਸਾਫ਼ਗੋਈ ਦੀ ਕਦਰ ਕਰਦਿਆਂ ਕੁਝ ਪਰਚਾ ਇਸ ਤਰ੍ਹਾਂ ਲਿਖਿਆ ਤੇ ਕੁਝ ਪਰਿਵਾਰਕ ਮਸਲਾ ਹੋਣ ਕਾਰਨ ਸਹਿਮਤੀ ਬਣ ਗਈ ਤੇ ਤਿੰਨੇ ਭਰਾ ਬਰੀ ਹੋ ਗਏ। ਸੰਤ ਵਸਾਵਾ ਸਿੰਘ, ਸੰਤ ਦੇਸਾ ਸਿੰਘ ਘੁਮਿਆਰ ਸਿੱਖ, ਸੰਤ ਜਵਾਲਾ ਸਿੰਘ ਰਾਮਗੜ੍ਹੀਏ ਆਦਿ ਗੁਰੂ ਰਾਮ ਸਿੰਘ ਜੀ ਦੇ ਸਮੇਂ ਦੇ ਸਿੱਖ ਸਨ।[4]

ਸੰਤ ਸਉਲ ਸਿੰਘ ਗੁਰੂ ਹਰੀ ਸਿੰਘ ਜੀ ਦੇ ਸਮੇਂ ਨਾਮਧਾਰੀ ਬਣੇ। ਇਨ੍ਹਾਂ ਦੀ ਮਾਤਾ ਗੁਰ੍ਹਾਈ ਨੇ ਜਦੋਂ ਗੁਰੂ ਰਾਮ ਸਿੰਘ ਜੀ ਵਰਨਾਂ ਵਿਚ ਆਏ ਸਨ ਤਾਂ ਉਨ੍ਹਾਂ ਨੂੰ ਦੀਵਾਨ ਵਿਚ ਦੁੱਧ ਦਾ ਛੰਨਾ ਭੇਟ ਕੀਤਾ ਜੋ ਉਸਦੀ ਭਾਵਨਾ ਨੂੰ ਸਮਝਦਿਆਂ ਸਤਿਗੁਰੂ ਜੀ ਨੇ ਛਕ ਲਿਆ। ਸੰਤ ਸਉਲ ਸਿੰਘ ਦੀ ਧਰਮ ਪਤਨੀ ਮਾਈ ਇੰਦਾ ਨੂੰ ਘਰ ਆਈ ਸਾਧ ਸੰਗਤ ਦੀ ਸੇਵਾ ਕਰਨ ਦੀ ਲਗਨ ਸੀ ਪ੍ਰੰਤੂ ਸਉਲ ਸਿੰਘ ਦਾ ਪਿਤਾ ਨੱਥਾ ਸਿੰਘ ਇਸ ਤੋਂ ਔਖਾ ਹੁੰਦਾ ਸੀ। ਇਹ ਮਾਈ ਇੰਦ ਕੌਰ ਕੱਕੜ ਗਿੱਲ (ਅੰਮ੍ਰਿਤਸਰ) ਦੀ ਸੀ। ਜਦੋਂ ਸਉਲ ਸਿੰਘ ਦੇ ਪਿਤਾ ਨੱਥਾ ਸਿੰਘ ਨੇ ਉਸਦੇ ਕੂਕਪੁਣੇ ਤੋਂ ਘਰੋਂ ਕੱਢ ਦਿੱਤਾ ਤਾਂ ਇਹ ਜੋੜੀ ਕੱਕੜਾਂ ਵਿਚ 12-13 ਸਾਲ ਰਹਿ ਕੇ ਪੁੱਤਰ ਪਾਲ ਕੇ ਫਿਰ ਵਾਪਸ ਵਰਨਾਂ ਵਿਚ ਆਈ ਸੀ। ਗੁਰੂ ਹਰੀ ਸਿੰਘ ਜੀ ਦੀ ਹਜ਼ੂਰੀ ਵਿਚ ਵਰਨ ਪਿੰਡ ਵਿਖੇ ਭਾਈ ਹੀਰਾ ਸਿੰਘ ਰਾਗੀ ਮੁਹਾਵੀਏ ਤੇ ਉਸਦੀ ਪਤਨੀ ਨੇ ਦੀਵਾਨ ਲਾਇਆ। ਇੰਦਾਂ ਮਸਤਾਨੀ ਹੋਈ ਕੇਸਾਂ ਦਾ ਚਵਰ ਝੁਲਾਵੇ ਤੇ ਕਹੇ ਕਿ ਹੁਣ ਮੇਰਾ ਗੁਰੂ ਆਇਆ ਏ ਕੋਈ ਰੋਕੇ, ਮੈਂ ਹੁਣ ਜੱਗ ਤੇ ਆਈ ਹਾਂ। ਸਉਲ ਸਿੰਘ-ਇੰਦਾਂ ਦੰਪਤੀ ਦੇ ਸਪੁੱਤਰ ਹੀ ਸੰਤ ਆਲਾ ਸਿੰਘ ਜੀ ਹੋਏ ਹਨ। ਸੰਤ ਆਲਾ ਸਿੰਘ ਜੀ ਹੋਰੀਂ ਪੰਜ ਭਰਾ ਸਨ। ਉਨ੍ਹਾਂ ਦੇ ਭਾਈ ਜਵਾਲਾ ਸਿੰਘ ਦਾ ਪਰਿਵਾਰ ਹਾਰਨੀ (ਸਿਰਸਾ) ਵਿਖੇ, ਈਸ਼ਰ ਸਿੰਘ ਦਾ ਸੰਤ ਨਗਰ ਅਤੇ ਕਰੀਵਾਲਾ ਵਿਖੇ। ਇਕ ਭਤੀਜੇ ਸਰਦੂਲ ਸਿੰਘ ਦਾ ਪਰਿਵਾਰ ਅਸੰਧ ਕੋਲ ਹੈ। ਭਤੀਜਾ ਬਾਗਾ ਸਿੰਘ ਕਰੀਵਾਲੇ ਰਹਿੰਦਾ ਸੀ।

ਸੰਤ ਜੀ ਦਾ ਅਨੁਮਾਨਿਤ ਜਨਮ 1882 ਈ. ਹੈ। ਬੇਸ਼ਕ ਆਪ ਦੇ ਮਾਤਾ ਪਿਤਾ ਨਾਮਧਾਰੀ ਸਨ ਪਰ ਆਲੇ-ਦੁਆਲੇ ਦੇ ਪ੍ਰਭਾਵ ਕਾਰਨ, ਚੜ੍ਹਦੀ ਜੁਆਨੀ ਤੱਕ ਆਪ ਵਿਰਕ ਜੱਟਾਂ ਦੇ ਵਿਗੜੇ ਗੱਭਰੂਆਂ ਜਿਹਾ, ਸੁਭਾਉ ਧਾਰਨ ਕਰ ਗਏ। ਲਾਭ ਸਿੰਘ ਕੱਕਾ ਨਾਲ ਆਪ ਦੀ ਜੋਟੀ ਸੀ। ਦੋਹਾਂ ਨੇ ਸ਼ਿਕਾਰ ਵੀ ਖੇਡਣਾ ਅਤੇ ਚੋਰੀ ਚਕਾਰੀ ਦਾ ਝੱਸ ਵੀ ਪੂਰਾ ਕਰਨਾ। ਉਪਰ ਵਰਣਿਤ ਸੰਤ ਜਵਾਲਾ ਸਿੰਘ ਵਰਨਾਂ ਦੇ ਸਿਦਕੀ ਤੇ

ਸੰਤੋਖੀ ਸਿੱਖ ਸਨ। ਹਾੜ੍ਹੀ ਸਾਉਣੀ ਸੇਪੀ ਦੇ ਦਾਣੇ ਲੈਣ ਜ਼ਿੰਮੀਂਦਾਰਾਂ ਦੇ ਘਰਾਂ ਵਿਚ ਆਪ ਨਾ ਜਾਂਦੇ। ਜੋ ਜਿਤਨਾ ਦੇ ਜਾਂਦਾ ਪ੍ਰਵਾਨ ਕਰ ਲੈਂਦੇ। ਜਵਾਲਾ ਸਿੰਘ ਜੀ ਦੇ ਦੋ ਪੁੱਤਰ ਸਨ, ਸੁੰਦਰ ਸਿੰਘ ਅਤੇ ਮਤਾਬ ਸਿੰਘ। ਦੋਵੇਂ ਸੋਧੀ ਸਿੰਘ ਸਨ। ਉੱਚੀ ਕਰਨੀ ਵਾਲੇ ਸਨ। ਕਣਕ ਦੀ ਵਾਢੀ ਰੋਜ ਦੋਵੇਂ 4-5 ਕਨਾਲ ਦੀ ਕਰ ਲੈਂਦੇ, ਸੂਰਜ ਉੱਗੇ ਤੋਂ ਡੁੱਬੇ ਤੱਕ। ਤੇਹ ਲੱਗਣ ਤੇ ਦੁਪਹਿਰੇ ਖੂਹ ਵਿਚ ਉਤਰ ਕੇ ਜਲ ਛਕ ਲੈਂਦੇ।

"ਇਨ੍ਹਾਂ ਮਤਾਬ ਸਿੰਘ ਜੀ ਨਾਲ ਸੰਤ ਆਲਾ ਸਿੰਘ ਜੀ ਤੇ ਲਾਭ ਸਿੰਘ ਜੀ ਦਾ ਪਿਆਰ ਪੈ ਗਿਆ। ਮਤਾਬ ਸਿੰਘ ਖੂਹ ਭਿੱਖੀਆਂ ਵਾਲੇ ਤੇ ਅਰੇੜੀਆਂ ਬਨਾਉਣ ਗਿਆ। ਤਦੋਂ ਲੱਕੜ ਦੀਆਂ ਅਰੇੜੀਆਂ ਪੈਂਦੀਆਂ, ਮਾਲ੍ਹ ਮੁੰਜ ਦੀ ਹੁੰਦੀ ਸੀ। ਢੋਲ, ਬੈੜ, ਚਰਕਲੀ ਭੀ ਲੱਕੜ ਦੇ ਹੁੰਦੇ ਸੀ ਜੋ ਹੁਣ ਲੋਹੇ ਦੇ ਹਨ।

"ਮਤਾਬ ਸਿੰਘ ਕਿਹਾ, ਜਾਂ ਸਿਖ ਸਜੋ ਜਾਂ ਮੈਨੂੰ ਮਾਰ ਦਿਓ। ਤੁਹਾਡਾ ਪਿਆਰ ਤੇ ਵਿਚਾਰ ਮੈਨੂੰ ਦੁਖੀ ਕਰਦੇ ਹਨ। ਇਨ੍ਹਾਂ ਕਿਹਾ, ਮਾਰ ਦੇਂਦੇ ਹਾਂ। ਮਤਾਬ ਸਿੰਘ ਲੰਮਾ ਪੈ ਗਿਆ ਤੇ ਇਨ੍ਹਾਂ ਗੱਲ ਵਿਚ ਕੱਪੜਾ ਪਾ ਦੁਵੱਲੀ ਵੱਟ ਚਾੜ੍ਹਨਾ ਸ਼ੁਰੂ ਕੀਤਾ। ਉਸ ਦੇ ਆਨੇ ਨਿਕਲ ਲੱਤਾਂ ਕੱਠੀਆਂ ਹੋ ਗਈਆਂ, ਪਰ ਬੋਲਿਆ ਨਾ, ਇਹ ਡਰ ਗਏ ਤੇ ਛੱਡ ਦਿੱਤਾ। ਝੱਟ ਬਾਅਦ ਹੋਸ਼ ਆਈ ਤਾਂ ਥਾਪੀ ਮਾਰ ਉਸ ਕਿਹਾ, ਹੁਣ ਸਿੱਖ ਸਜੋ। ਇਨ੍ਹਾਂ ਮੰਨਿਆ ਤੇ ਸੰਤ ਆਲਾ ਸਿੰਘ ਜੀ, ਲਾਭ ਸਿੰਘ ਜੀ ਸਿਖ ਸਜੇ। ਇਹ ਸੰਤ ਆਲਾ ਸਿੰਘ ਜੀ ਮੈਨੂੰ ਆਪ ਦੱਸਿਆ ਹੈ।[5]

ਮਾਸਟਰ ਨਿਹਾਲ ਸਿੰਘ ਜੀ ਸੰਤ ਜੀ ਬਾਰੇ ਆਪਣੇ ਲੇਖ ਵਿਚ ਉਪਰਲੀ ਪਰਿਵਰਤਨਕਾਰੀ ਘਟਨਾ ਮਤਾਬ ਸਿੰਘ ਦੀ ਬਜਾਏ ਉਸ ਦੇ ਪਿਤਾ ਜੁਆਲਾ ਸਿੰਘ ਦੁਆਰਾ ਘਟਿਤ ਲਿਖਦੇ ਹਨ। ਜੁਆਲਾ ਸਿੰਘ ਦੋਹਾਂ ਨੂੰ ਲੈ ਕੇ ਵਰਨਾ ਵਿਚ ਨਾਮਧਾਰੀ ਸਿੱਖੀ ਦੇ ਪ੍ਰਚਾਰ ਕਰਨ ਵਾਲੇ, ਇਤਿਹਾਸਕਾਰ ਸੰਤ ਧਿਆਨ ਸਿੰਘ ਜੀ (ਜਨਮ ਸੁਨਿਆਰਿਆਂ ਦੇ ਘਰ ਦਾ) ਪਾਸ ਪੁੱਜ ਗਏ। ਸੰਤਾਂ ਨੇ ਕੋਲੋਂ ਕਛਹਿਰੇ ਦੇ ਕੇ ਮਰਿਆਦਾ ਸਮਝਾਈ। ਭਜਨ ਵੀ ਦੱਸ ਦਿੱਤਾ। ਬੱਸ ਕਪਾਟ ਖੁੱਲ੍ਹ ਗਏ-

ਕਬੀਰ ਸਤਿਗੁਰ ਸੂਰਮੇ ਬਾਹਿਆ ਬਾਨੁ ਜੁ ਏਕ ॥
ਲਾਗਤ ਹੀ ਭੁਇ ਗਿਰਿ ਪਰਿਆ ਪਰਾ ਕਰੇਜੇ ਛੇਕੁ ॥ (ਪੰਨਾ 1374)

"ਬੱਸ ਜੀਵਨ ਮਿਲ ਗਿਆ, ਕੁੱਤਿਆਂ ਦੇ ਰੱਸੇ ਖੋਲ੍ਹ ਦਿੱਤੇ। ਬੱਕਰੇ, ਛੱਤਰੇ ਆਜ਼ਾਦ, ਬੋਤਲਾਂ ਡੁੱਲ੍ਹ ਗਈਆਂ। ਨਾਮ ਦੇ ਜਾਮ ਲੱਗੇ ਗਟ ਗਟ ਲੱਗਣ। ਸੋਧ ਰੱਖ ਲਈ, ਅੰਮ੍ਰਿਤ ਵੇਲੇ ਜਾਗਣਾ, ਇਸ਼ਨਾਨ ਪਾਨ ਕਰ ਭਜਨ ਵਿਚ ਜੁਟ ਜਾਣਾ, ਦਿਨੇ ਕਾਰ ਵਿਹਾਰ, ਰਾਤ ਨੂੰ ਸ਼ਬਦ ਕੀਰਤਨ। ਉੱਠਦੀ ਜਵਾਨੀ, ਕੋਇਲ ਵਰਗਾ ਬੋਲ, ਨਾਮ ਦੀ ਰੰਗਣ, ਸ਼ਬਦ ਵਿੰਨ੍ਹਦਾ ਜਾਵੇ। ਹੁਣ ਪਿੰਡਾਂ ਵਿਚ ਜਥੇ ਲੈ ਕੇ ਲੱਗੇ ਫਿਰਨ, ਜ਼ਿਲ੍ਹਾ ਗੁਜਰਾਂਵਾਲਾ, ਸ਼ੇਖੂਪੁਰਾ ਦੇ ਇਲਾਕਿਆਂ ਵਿਚ ਲੱਗੇ ਦੌਰੇ ਲੱਗਣ। ਨਿਰਇੱਛਤ, ਮਾਇਆ ਨਾਲ ਪਿਆਰ ਨਹੀਂ, ਇਕੋ ਰੀਝ ਮੇਰਾ ਮੌਲਾ ਰਾਜੀ ਹੋਵੇ।...

"ਹੁਣ ਇਹ ਜਥਾ ਬਣਾ ਲੱਗੇ ਪਿੰਡ-ਪਿੰਡ ਦੌਰਾ ਕਰਨ। ਵਿਰਕ ਤੱਪਾ, ਗੁਜਰਾਂਵਾਲੇ ਦਾ ਇਲਾਕਾ ਤੇ ਮਾਨਾਂ ਵਾਲੇ ਦਾ ਇਲਾਕਾ। ਇਨ੍ਹਾਂ ਦੀ ਇਸ ਕਰਨੀ ਨੇ

ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਵੱਸ ਕਰ ਲਿਆ। ਇਸੇ ਵਾਸਤੇ ਇਨ੍ਹਾਂ ਦੀ ਰਸਨਾ ਤੋਂ ਨਿਕਲਿਆ ਸ਼ਬਦ, ਸਰੋਤਿਆਂ ਦੇ ਹਿਰਦਿਆਂ 'ਤੇ ਉਤਰਦਾ ਜਾਂਦਾ। ਇਨ੍ਹਾਂ ਸੈਂਕੜੇ ਰਾਹੋਂ ਘੁੱਥੇ ਪਾਂਧੀਆਂ ਤੋਂ ਮਾਸ, ਸ਼ਰਾਬ, ਚੋਰੀ, ਯਾਰੀ ਛੁਡਾ, ਗੁਰੂ ਰਾਮ ਸਿੰਘ ਦਾ ਪੱਲਾ ਫੜਾ, ਰਾਖਸ਼ਾਂ ਤੋਂ ਦੇਵਤੇ ਬਣਾਇਆ। ਪ੍ਰੇਮੀ ਵੀ ਰਾਹ ਵਿਚ ਅੱਖਾਂ ਵਿਛਾਈ ਰੱਖਦੇ।

"ਇਕ ਵੇਰ ਸੰਤ ਜੀ ਨਨਕਾਣੇ ਸਾਹਿਬ ਦੇ ਮੇਲੇ ਗਏ, ਰਾਤ ਨੂੰ ਕੀਰਤਨ ਅਰੰਭਿਆ, ਕੀਰਤਨ ਦੀ ਆਵਾਜ਼ ਤੇ ਦਿਲ ਖਿੱਚਵਾਂ ਬੋਲ ਸੁਣ, ਸੱਚੇ ਪਾਤਸ਼ਾਹ ਸਤਿਗੁਰੂ ਪ੍ਰਤਾਪ ਸਿੰਘ ਜੀ ਝੁੰਬਲ ਮਾਰ ਦੀਵਾਨ ਵਿਚ ਜਾ ਬੈਠੇ, ਸਾਰਾ ਦੀਵਾਨ ਸੁਣਿਆ। ਸਵੇਰੇ ਆਸਾ ਦੀ ਵਾਰ ਦੇ ਕੀਰਤਨ ਉਪਰੰਤ ਸੱਚੇ ਪਾਤਸ਼ਾਹ ਚੁਬਾਰੇ ਵਿਚ ਬੁਲਾਇਆ। ਇਹ ਚੁਬਾਰੇ ਤੇ ਗਏ, ਹੱਥ ਜੋੜ ਖਲੋ ਗਏ। ਸੱਚੇ ਪਾਤਸ਼ਾਹ ਬਚਨ ਕੀਤਾ, 'ਆਲਾ ਸਿੰਘ! ਤੂੰ ਤਾਂ ਵੱਡਾ ਸੰਤ ਏਂ।' ਸੰਤ ਸੁਣਦਿਆਂ ਸਾਰ ਚਰਨਾਂ 'ਤੇ ਢਹਿ ਪਏ ਤੇ ਅੱਖਾਂ ਵਿਚੋਂ ਅੱਥਰੂ ਕੇਰਦਿਆਂ ਕਿਹਾ, ਅਸੀਂ ਪਾਪੀ ਅਪਰਾਧੀ ਜੀਵ ਤੇਰੇ ਦੁਆਰੇ ਆ ਡਿੱਗੇ ਹਾਂ, ਕਿਰਪਾ ਕਰਕੇ ਬਖਸ਼ ਲਵੋ। ਇਹ ਬਚਨ ਸੁਣ ਸੰਗਤਾਂ ਵੀ ਰੰਗੀਆਂ ਗਈਆਂ ਤੇ ਸਭ ਛੋਟੇ ਵੱਡੇ, ਸੰਤ ਕਹਿ ਕੇ ਪੁਕਾਰਨ ਲੱਗੇ।"[6]

ਮਹੰਤ ਬੁਲਾਕਾ ਸਿੰਘ ਦਾ ਸਪੁੱਤਰ ਆਲਾ ਸਿੰਘ ਵੀ ਲੰਘਦੇ ਟੱਪਦੇ ਗੱਭਰੂ ਆਲਾ ਸਿੰਘ ਨੂੰ ਨਸੀਹਤਾਂ ਕਰਦਾ ਰਹਿੰਦਾ ਸੀ ਕਿ ਉਹ ਮਨੁੱਖਾ ਜਨਮ ਦੇ ਅਸਲ ਮੰਤਵ ਨੂੰ ਸਮਝਕੇ, ਵਿਸ਼ੇ ਵਿਕਾਰਾਂ ਦੇ ਜੀਵਨ ਨੂੰ ਤਿਲਾਂਜਲੀ ਦੇ ਕੇ, ਆਪਣੇ ਵਡੇਰਿਆਂ ਜਿਉਂ ਹੀ ਨਾਮਧਾਰੀ ਜੀਵਨ ਜਾਚ ਦੇ ਘੇਰੇ ਵਿਚ ਆ ਜਾਵੇ। ਇਕ ਵੇਰ ਕਾਲ ਦੇ ਸਮੇਂ ਇਹ ਆਪਣੇ ਪਸ਼ੂ ਮੁਸਲਮਾਨੀ ਪਿੰਡ ਵਿਚ ਲੈ ਗਏ ਪੰਜ ਕੋਹਾਂ 'ਤੇ। ਉੱਥੋਂ ਦੇ ਮੁਸਲਮਾਨਾਂ ਨੇ ਰਾਤ ਇਨ੍ਹਾਂ ਦਾ ਇਕ ਬੈਲ ਖੋਲ੍ਹ ਲਿਆ। ਆਲਾ ਸਿੰਘ ਦੇ ਹਮਦਰਦੀਆਂ ਨੇ ਪੰਚਾਇਤ ਸੱਦ ਕੇ ਕਿਹਾ ਕਿ ਇਹ ਤੁਹਾਥੋਂ ਡਾਢਾ ਹੈ ਇਹਦਾ ਬਲਦ ਮੋੜ ਦਿਓ। ਉਨ੍ਹਾਂ ਪੈਰਾਂ 'ਤੇ ਪਾਣੀ ਨਾ ਪੈਣ ਦਿੱਤਾ। ਆਲਾ ਸਿੰਘ ਨੇ ਚਿੱਟੇ ਦਿਨ ਜਾਂਗਲੀਆਂ ਦੀ ਘੋੜੀ ਭਜਾ ਲਈ। ਉਹ ਇਕੱਠੇ ਹੋ ਕੇ ਬਾਬਾ ਸਾਉਲ ਸਿੰਘ ਕੋਲ ਸ਼ਿਕਾਇਤ ਲਾਉਣ ਗਏ। ਬਾਬੇ ਕਿਹਾ– "ਤੁਸੀਂ ਉਹਦਾ ਪੁੱਤਰ ਲੈ ਗਏ ਹੋ, ਉਹ ਤੁਹਾਡੀ ਧੀ ਲੈ ਗਿਆ ਹੈ।" ਉਹ ਬੈਲ ਮੋੜ ਗਏ ਤੇ ਆਪਣੀ ਘੋੜੀ ਲੈ ਗਏ। ਇਹੋ ਜਿਹਾ ਸੰਤਾਂ ਦਾ ਕਾਰ ਵਿਹਾਰ ਸੀ ਕੂਕਾ ਬਣਨ ਤੋਂ ਪਹਿਲਾਂ।

ਸੰਤ ਆਲਾ ਸਿੰਘ ਦਾ ਕੂਕਾ ਬਣਨਾ 1910 ਈ. ਦੇ ਲਾਗੇ ਚਾਗੇ ਦਾ ਮਾਲੂਮ ਹੁੰਦਾ ਹੈ। ਪ੍ਰਸਿੱਧ ਵਿਦਵਾਨ ਸੰਤ ਧਿਆਨ ਸਿੰਘ ਜੀ ਵਰਨ ਪਿੰਡ ਵਿਚ ਰੋਜ ਕਥਾ ਕੀਰਤਨ ਦਾ ਪ੍ਰਵਾਹ ਚਲਾਈ ਰੱਖਦੇ ਸਨ। ਗੁਰਮੁਖੀ ਵੀ ਪੜ੍ਹਾਉਂਦੇ ਸਨ। ਵਿਦਵਾਨ ਖੋਜੀ ਸਨ ਗੁਰਮਤਿ ਸਾਹਿਤ ਦੇ। ਸਤਿਗੁਰੂ ਰਾਮ ਸਿੰਘ ਜੀ ਨੇ ਵਰਨ ਪਿੰਡ ਨੂੰ ਵੀ ਮਾਝੇ ਦੇ ਕੱਕੜ ਪਿੰਡ ਜਿਉਂ ਗੁਰੂ ਕੀ ਕਾਸ਼ੀ ਕਿਹਾ ਸੀ। ਮਾਤਾ ਜੀਵਨ ਕੌਰ ਜੀ, ਸੰਤ ਧਿਆਨ ਸਿੰਘ ਜੀ ਨੂੰ ਭਾਈ ਗੁਰਦਾਸ ਜੀ ਕਹਿੰਦੇ ਸਨ। ਬਾਅਦ ਵਿਚ ਇਹ ਸੰਤ ਜੀ ਸਿਆਮ ਦੇਸ ਵਿਚ ਚਲੇ ਗਏ ਤੇ ਉੱਥੇ ਨਾਮਧਾਰੀ ਸਿਖੀ ਦਾ ਪ੍ਰਚਾਰ ਕਰਦੇ ਰਹੇ। ਸੰਤ

ਆਲਾ ਸਿੰਘ ਜੀ ਇਨ੍ਹਾਂ ਸੰਤਾਂ ਤੋਂ ਗੁਰਬਾਣੀ ਕੀਰਤਨ ਆਦਿ ਦੀ ਜਾਗ ਲੁਆ ਕੇ ਪ੍ਰਚਾਰ ਵਿਚ ਜੁਟ ਗਏ। ਸੰਤ ਉੱਚੇ ਲੰਮੇ, ਸੁੰਦਰ ਸਰੂਪ, ਨਕਸ਼ ਤਿੱਖੇ, ਨੇਤਰ ਛੋਟੇ ਮਮੋਲਿਆਂ ਵਰਗੇ, ਬਦਨ ਛਰਹਰਾ, ਆਪਣੇ ਨਾਲ ਆਪਣੇ ਜਿਹੇ ਜਵਾਨਾਂ ਦਾ ਜਥਾ ਰੱਖ ਕੇ, ਰਹਿਤ ਮਰਿਆਦਾ ਅਤੇ ਸਾਦਗੀ ਵਿਚ ਪਰਪੱਕ ਰਹਿ ਕੇ, ਪ੍ਰਚਾਰ ਦੌਰੇ ਕਰਦੇ। ਢੋਲਕ ਸੁੰਦਰ ਸਿੰਘ ਫਰੀਦ ਵਜਾਉਂਦੇ ਸਨ। ਸੰਤ ਜੀ ਉਚੀ ਰਸੀਲੀ ਸੁਰ ਵਿਚ ਸ਼ਬਦ ਪੜ੍ਹਦੇ।[7]

ਸੰਤ ਜੀ ਦੀਆਂ ਦੋ ਭੈਣਾਂ ਸਨ ਇਕ ਚੱਬਾ ਤੇ ਦੂਸਰੀ ਜੱਲ੍ਹਣ ਪਿੰਡ ਵਿਚ ਵਿਆਹੀ ਸੀ। ਜੱਲ੍ਹਣ (ਗੁਜਰਾਂਵਾਲਾ) ਵਾਲੀ ਭੈਣ ਦੇ ਘਰ ਸੰਤ ਜੀ ਆਪਣਾ ਜਥਾ ਲੈ ਕੇ ਪੁੱਜੇ ਸਨ। ਉਨ੍ਹਾਂ ਨੇ ਦੋ ਅਖੰਡ ਪਾਠ ਕਰਵਾਉਣੇ ਸਨ। ਸੰਤ ਭਾਨ ਸਿੰਘ ਕੁੱਜਰ (ਗੁਜਰਾਂਵਾਲਾ) ਸੰਤ ਜੀ ਦੇ ਜਥੇ ਦਾ ਲਾਂਗਰੀ ਵੀ ਸੀ ਤੇ ਢੋਲਕੀ ਵੀ ਵਜਾਉਂਦਾ ਸੀ, ਕੀਰਤਨ ਸਮੇਂ। ਉਸਨੇ ਦੁਪਹਿਰੀਂ ਮੰਜੇ ਤੋਂ ਉੱਠ ਕੇ ਮਸਤੀ ਵਿਚ ਬੋਲਾ ਕੀਤਾ, "ਸੰਤ ਜੀ ਇਸ ਘਰ ਵਿਚ ਦੋ ਮੁਰਦੇ ਦੱਬੇ ਹੋਏ ਹਨ। ਆਪਾਂ ਇਥੋਂ ਚੱਲੀਏ।" ਸੰਤ ਜੀ ਨੇ ਆਪਣੀ ਭੈਣ ਨੂੰ ਕਿਹਾ-ਇਹ ਸਾਧੂ ਝੂਠ ਨਹੀਂ ਬੋਲਦਾ। ਭੈਣ ਜੀ ਸੱਚੋ ਸੱਚ ਦੱਸ ਦਿਓ, ਕੀ ਮਾਮਲਾ ਹੈ।" ਭੈਣ ਮੰਨ ਗਈ, ਦੋ ਬੱਚੇ ਇਕ ਕੁੜੀ ਇਕ ਮੁੰਡਾ ਮਾਰਕੇ ਦੱਬੇ ਹਨ। ਕੁੜੀ ਕੂਕੇ ਬਨਣ ਤੋਂ ਪਹਿਲਾਂ ਮਾਰੀ ਸੀ ਅਤੇ ਮੁੰਡਾ ਘਰ ਵਾਲੇ ਦੇ ਕਹਿਣ 'ਤੇ ਮਾਰਿਆ ਸੀ ਕਿ ਮੁੰਡੇ ਜ਼ਿਆਦਾ ਹੋ ਗਏ ਨੇ ਜ਼ਮੀਨ ਥੋੜ੍ਹੀ ਹੈ। ਪਰਿਵਾਰ ਨੇ ਭੁੱਲ ਮੰਨੀ ਅਤੇ ਕਿਹਾ ਕਿ ਉਹ ਸਤਿਗੁਰੂ ਪ੍ਰਤਾਪ ਸਿੰਘ ਜੀ ਅੱਗੇ ਗਲ ਵਿਚ ਪੱਲਾ ਪਾ ਕੇ ਖਲੋ ਜਾਣਗੇ ਤੇ ਜੋ ਡੰਨ ਲੱਗੇਗਾ ਭਰਨਗੇ। ਫਿਰ ਸੰਤ ਜੀ ਦੇ ਜਥੇ ਨੇ ਉਥੇ ਦੋ ਅਖੰਡ ਪਾਠਾਂ ਦੇ ਭੋਗ ਪਾਏ। ਸਾਰੇ ਟੱਬਰ ਨੇ ਅੰਮ੍ਰਿਤ ਛਕਿਆ। ਸਤਿਗੁਰੂ ਜੀ ਨੂੰ ਆਪਣਾ ਦੋਸ਼ ਦੱਸ ਕੇ, ਤਨਖਾਹ ਲੁਆ ਕੇ ਬਖਸ਼ਬੰਦੀ ਕਰਵਾਈ। ਨਾਮਧਾਰੀ ਪੰਥ ਵਿਚ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਤੋਂ ਕੀਤੇ ਗੁਨਾਹ ਦੀਵਾਨ ਵਿਚ ਸ਼ਰ੍ਹੇਆਮ ਇਕਬਾਲ ਕਰਨ ਅਤੇ ਅੱਗੇ ਤੋਂ ਸਜ਼ਾ ਭੁਗਤ ਕੇ, ਤੋਬਾ ਕਰਨ ਦੀ ਪ੍ਰੰਪਰਾ ਰਹੀ ਹੈ।[8]

ਮੇਰੇ ਪਿਤਾ ਜਥੇਦਾਰ ਗੁਰਮੁਖ ਸਿੰਘ ਝੱਬਰ ਆਪਣੇ ਸੰਸਮਰਣਾਂ ਵਿਚ ਬਿਆਨ ਕਰਦੇ ਹਨ-"ਸੰਤ ਜਿਊਣ ਸਿੰਘ ਜੀ ਸਿਰਹਾਲੀ ਵਾਲੇ, ਵਿਰਕ ਤਪੇ ਦੇ ਇਸ ਇਲਾਕੇ ਵਿਚ ਕਾਫੀ ਵਿਚਰਦੇ ਸਨ। ਉਨ੍ਹਾਂ ਦੀ ਰੂਹਾਨੀ ਸ਼ਖ਼ਸੀਅਤ ਦਾ ਸੰਤ ਆਲਾ ਸਿੰਘ ਜੀ ਤੇ ਲਾਭ ਸਿੰਘ ਕੱਕੇ 'ਤੇ ਬਹੁਤ ਪ੍ਰਭਾਵ ਸੀ। ਆਲਾ ਸਿੰਘ ਹੋਰਾਂ ਦੀ ਜ਼ਿੰਦਗੀ ਨੂੰ ਪਲਟਾਉਣ ਵਿਚ, ਮੇਰੇ ਪਿਤਾ ਸੰਤ ਜਿਊਣ ਸਿੰਘ ਝੱਬਰ ਦਾ ਵੀ ਕਾਫੀ ਹੱਥ ਸੀ। ਇਹ ਹਲ ਵਾਹੁੰਦੇ ਹੁੰਦੇ ਤੇ ਬਾਪੂ ਜੀ ਵੱਟ 'ਤੇ ਖਲੋ ਕੇ ਸ਼ਬਦ ਪੜ੍ਹਦੇ ਹੁੰਦੇ ਸਨ। ਅਖ਼ੀਰ ਆਲਾ ਸਿੰਘ ਹੋਰਾਂ ਕਿਹਾ, "ਤੂੰ ਝੱਬਰਾ, ਮੈਨੂੰ ਛੱਡਦਾ ਨਹੀਂ, ਇੱਥੋਂ ਪੁੱਟ ਕੇ ਹੀ ਛੱਡੇਂਗਾ। ਸ਼ਾਇਦ ਬਾਪੂ ਹੋਰਾਂ ਪ੍ਰਤੀ ਜਿਹੜਾ ਉਨ੍ਹਾਂ ਦੇ ਮਨ ਵਿਚ ਆਦਰ ਭਾਵ ਸੀ, ਉਸੇ ਕਾਰਨ ਸੰਤ ਆਲਾ ਸਿੰਘ ਜੀ ਸਾਰੀ ਉਮਰ ਮੇਰਾ ਬਹੁਤ ਧਿਆਨ ਰੱਖਿਆ ਕਰਦੇ ਸਨ।

"(1) ਸੰਤ ਆਲਾ ਸਿੰਘ ਦੇ ਜਥੇ ਵਿਚ ਇਹ ਸਰੀਰ ਸਨ

(2) ਸੰਤ ਦਿਆਲ ਸਿੰਘ ਆਦੋਕੇ

(3) ਸੰਤ ਸੁੰਦਰ ਸਿੰਘ ਜੀ ਫਰੀਦ (ਬਾਅਦ ਵਿਚ ਸੰਤ ਨਗਰ ਸਥਿਤ ਆਪ ਦੇ ਡੇਰੇ ਦੇ ਉੱਤਰ ਅਧਿਕਾਰੀ ਬਣੇ)

(4) ਰਤਨ ਸਿੰਘ

(5) ਕਰਤਾਰ ਸਿੰਘ

(6) ਵਰਿਆਮ ਸਿੰਘ ਮਸਤੇਕੋਟੀਆ

(7) ਗਿਆਨ ਸਿੰਘ ਸਮਸਾ

(8) ਕਰਤਾਰ ਸਿੰਘ

(9) ਪਾਲਾ ਸਿੰਘ ਜਾਲ੍ਹਣੀਏ

(10) ਫਤਹਿ ਸਿੰਘ ਮਾਛੀਕੇ

(11) ਸੰਤ ਭਾਨ ਸਿੰਘ ਕੁੱਝਰ, ਇਹ ਜਥੇ ਦਾ ਲਾਂਗਰੀ ਸੀ।

(12) ਕਰਮ ਸਿੰਘ ਢੋਲਕੀ ਵਾਲਾ, ਪਿੰਡ ਵਰਨਾਂ ਦੇ ਹੀ ਸੁੱਖਣਆਣੇ ਵਾਲੇ ਖੂਹ ਤੋਂ (ਬਾਬਾ ਜੋਗਿੰਦਰ ਸਿੰਘ ਦਾ ਤਾਇਆ)

(13) ਸੰਤ ਲਾਭ ਸਿੰਘ ਜੀ ਕੱਕਾ

(14) ਬਾਬਾ ਨਾਨਕ, ਜੀਉ ਬੱਗੀਆ

(15) ਨਿਹਾਲ ਸਿੰਘ ਕਾਲੋਕੇ

(16) ਹਾਕਮ ਸਿੰਘ ਕਾਲੋਕੇ

(17) ਰਿਖੀ ਸਿੰਘ ਵਰਨਾਂ ਦਾ

(18) ਭਗਤ ਸਿੰਘ ਸੁੱਖਣਆਣੀਆ

(19) ਭਗਵਾਨ ਸਿੰਘ ਦਰਜੀ

(20) ਸੰਤ ਬਹਾਦਰ ਸਿੰਘ ਜੀ ਨੱਤ, ਕੱਟਿਆਂ ਵਾਲੀ (ਸ਼ੇਖੂਪੁਰਾ)

(21) ਇਨ੍ਹਾਂ ਦਾ ਛੋਟਾ ਭਾਈ ਵਰਿਆਮ ਸਿੰਘ ਉਸਤਾਦ ਕੱਟਿਆਂ ਵਾਲੀ

(ਉਪਰੋਕਤ ਸਾਰੇ ਸਿੰਘ ਇਕ ਅੱਧ ਨੂੰ ਛੱਡ ਕੇ ਗੁਜਰਾਂਵਾਲਾ-ਸ਼ੇਖੂਪੁਰਾ ਇਲਾਕਿਆਂ ਦੇ ਹੀ ਸਨ।"

"ਇਸ ਪ੍ਰਕਾਰ ਇਨ੍ਹਾਂ ਸਿੰਘਾਂ ਸਮੇਤ ਕੋਈ ਪੰਜਾਹ, ਸੱਠ ਸਰੀਰ ਸੰਤ ਆਲਾ ਸਿੰਘ ਹੋਰਾਂ ਦੇ ਜਥੇ ਵਿਚ ਹੁੰਦੇ ਸਨ। ਇਹ ਸਾਰੇ ਸਾਧ ਇਕ ਦੂੰ ਇਕ ਚੜ੍ਹਦੇ ਸਨ। ਭਜਨ ਬਾਣੀ ਕਰਦੇ ਸਨ। ਜ਼ਿਲ੍ਹਾ ਸ਼ੇਖੂਪੁਰਾ ਤੇ ਗੁਜਰਾਂਵਾਲਾ ਵਿਚ ਇਨ੍ਹਾਂ ਦਾ ਸੰਗਤਾਂ ਨਾਲ ਬਹੁਤ ਪ੍ਰੇਮ ਸੀ। ਜਿੱਥੇ ਕੋਈ ਕਿਸੇ ਗਰੀਬ ਸਿੱਖ ਨੂੰ ਤੰਗ ਕਰਦਾ, ਸੰਤ ਆਲਾ ਸਿੰਘ ਜੀ ਆਪਣੇ ਜਥੇ ਸਮੇਤ ਪੁੱਜਦੇ। ਜੇ ਸੁਣਦੇ ਕਿ ਕੋਈ ਸਿੱਖ ਇਕੱਲਾ ਹੈ ਅਤੇ ਬੀਮਾਰ ਹੋ ਗਿਆ ਹੈ ਅਤੇ ਘਰ ਦੇ ਕੰਮ ਕਾਰ ਤੋਂ ਅਸਮਰੱਥ ਹੈ ਤਾਂ ਸੰਤ ਆਪਣੇ ਜਥੇ ਸਮੇਤ ਉਸ ਦੇ ਖੇਤੀਬਾੜੀ ਦੇ ਕੰਮ ਵਿਚ ਵੀ ਮਦਦ ਦਿੰਦੇ। ਕਿੰਨਿਆਂ ਹੀ ਅਜਿਹਿਆਂ ਸਿੱਖਾਂ ਦੀ ਕਣਕ ਆਪਣੇ ਜਥੇ ਸਮੇਤ ਵੱਢਦੇ, ਗਾਹ ਕੇ, ਤੂੜੀ ਦਾਣਾ ਉਸ ਦੇ ਘਰ ਸੁੱਟਦੇ। ਨਾਲੇ ਰੋਜ਼ ਸੁਬ੍ਹਾ ਸ਼ਾਮ ਪਿੰਡ ਵਿਚ ਦੀਵਾਨ ਲਾਉਂਦੇ। ਨਵੇਂ ਸਿੰਘ ਸਜਾਉਂਦੇ ਅਤੇ ਸ਼ਬਦ ਪੜ੍ਹਦੇ ਫਿਰ ਅਗਲੇ ਪਿੰਡ ਚਲੇ ਜਾਂਦੇ। ਲਾਗੇ ਚਾਗੇ ਜੇ ਕੋਈ ਗਰੀਬ ਸਿੱਖ ਪਾਠ ਦੀ

ਅਰਜ਼ ਕਰਦਾ ਤਾਂ ਸੰਤ ਆਪਣੇ ਡੇਰੇ, ਹਲ ਦਾ ਜੋਤਰਾ ਤੜਕੇ ਲਾ ਕੇ, ਘਰੋਂ ਪ੍ਰਸ਼ਾਦਾ ਛਕ ਕੇ, ਉਸ ਸਿੱਖ ਦੇ ਘਰ ਪਾਠ ਕਰਨ ਜਾਂਦੇ ਅਤੇ ਸਭ ਦੀਆਂ ਮੁਸ਼ਕਿਲਾਂ ਦੂਰ ਕਰਦੇ। ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਕ੍ਰਿਪਾ ਨਾਲ ਚਾਰ ਚੁਫੇਰੇ ਸੰਤਾਂ ਦੀ ਮਹਿਮਾ ਬਣੀ ਹੋਈ ਸੀ। ਸ਼ਰੀਕੇ ਭਾਈਚਾਰੇ ਵਿਚ ਵੀ ਇਨ੍ਹਾਂ ਦਾ ਪੂਰਾ ਮਾਨ ਸਨਮਾਨ ਸੀ। ਇਹ ਪੂਰਨ ਸੰਤ ਸਨ। ਇਨ੍ਹਾਂ ਦੀ ਮਹਿਮਾ ਕਹਿਣ ਸੁਣਨ ਤੋਂ ਬਾਹਰੀ ਹੈ।"[9]

ਪਰਚਾਰ ਕਾਰਜ ਵਿਚ ਦੁਸ਼ਵਾਰੀਆਂ ਵੀ ਆਉਂਦੀਆਂ ਸਨ। ਨਸ਼ਹਿਰੇ (ਗੁਜਰਾਂਵਾਲੇ) ਤੋਂ ਸੰਤ ਜੀ ਗਦਾਂ ਵਾਲੇ ਕੋਲੋਂ ਲੰਘ ਰਹੇ ਸਨ। ਆਪਣੇ ਸੁਭਾਅ ਮੁਤਾਬਿਕ ਪਿੰਡ ਵਿਚੋਂ ਲੰਘਦੇ ਸਮੇਂ ਢੋਲਕ ਵੱਜਦੀ ਨਾਲ ਸ਼ਬਦ ਪੜ੍ਹਦਾ ਜਥਾ ਲੰਘਿਆ ਕਰਦਾ ਸੀ। ਉਸ ਪਿੰਡ ਵਿਚੋਂ ਕੁਝ ਸਮਾਂ ਪਹਿਲਾਂ ਕੋਈ ਬਗਲਾ ਭਗਤ, ਇਕ ਬੀਬੀ ਖਿਸਕਾ ਕੇ ਲੈ ਗਿਆ ਸੀ। ਉਸ ਘਟਨਾ ਨੂੰ ਯਾਦ ਕਰਕੇ ਪਿੰਡ ਵਾਲਿਆਂ ਨੇ ਸੰਤ ਜੀ ਦੇ ਜਥੇ ਨੂੰ ਢੇਮਾਂ ਮਾਰੀਆਂ। ਪਿੰਡ ਵਿਚੋਂ ਕੋਈ ਹੋਰ ਸੱਜਣ ਆਇਆ ਉਸ ਕਿਹਾ, ਇਨ੍ਹਾਂ ਦਾ ਤੇ ਕੋਈ ਦੋਸ਼ ਨਹੀਂ, ਉਹ ਪਤਾ ਨਹੀਂ ਕਿੱਥੋਂ ਦੀ ਜੂਠ ਸੀ। ਉਸ ਸਿੰਘ ਨੇ ਜਥਾ ਆਪਣੇ ਘਰ ਠਹਿਰਾਇਆ ਤੇ ਰਾਤ ਆਪਣੇ ਕੋਠੇ ਤੇ ਦੀਵਾਨ ਲੁਆਇਆ। ਸੰਤ ਜੀ ਨੇ "ਲਾਗੀ ਪ੍ਰੀਤ ਸੁਜਾਨ ਸਿਉ" ਸ਼ਬਦ ਪੜ੍ਹਿਆ। ਬਹੁਤ ਲੋਕ ਤੇ ਸੰਗਤ ਮਸਤਾਨੇ ਹੋਏ। ਸਵੇਰੇ ਲਗਭਗ ਸਾਰੇ ਪਿੰਡ ਨੇ ਭਜਨ ਪੁੱਛਿਆ, ਅੰਮ੍ਰਿਤ ਛਕਿਆ ਤੇ ਕੂਕੇ ਸਿੰਘ ਸਜੇ। ਇਹ ਸੰਤਾਂ ਦੇ ਰਸੀਲੇ ਬੋਲਾਂ ਦੀ ਖਿੱਚ ਸੀ ਜੋ ਸਾਰੀ ਰਾਤ ਹੀ ਨਗਰ ਨਿਵਾਸੀ ਆਪ ਜੀ ਦਾ ਦੀਵਾਨ ਸੁਣਦੇ ਰਹੇ।[10]

ਇਸ ਸਮੇਂ ਸੰਤ ਬੁੱਢਾ ਸਿੰਘ ਵਾਂ, ਸੰਤ ਕੇਸਰ ਸਿੰਘ ਮੁਹਾਵਾ, ਸੰਤ ਕੇਸਰ ਸਿੰਘ ਚੁੱਪ, ਸੰਤ ਕੇਸਰ ਸਿੰਘ ਚਵਿੰਡਾ, ਸੰਤ ਜਵਹਾਰ ਸਿੰਘ ਮਿਰਜ਼ੇਵਾਲੀਏ ਅਤੇ ਸੰਤ ਜਿਊਣ ਸਿੰਘ ਸਰਹਾਲੀ ਜਹੇ, ਸਤਿਗੁਰੂ ਰਾਮ ਸਿੰਘ ਜੀ ਦੇ ਅਨੇਕ ਚਰਨ ਭੌਰੇ, ਆਪ ਦੇ ਦਰਦ ਫਰਾਕ ਦੀ ਸੱਦ ਲਾਉਂਦੇ, ਸੰਗਤਾਂ ਵਿਚ ਵਿਚਰਿਆ ਕਰਦੇ ਸਨ। ਸਤਿਗੁਰੂ ਰਾਮ ਸਿੰਘ ਜੀ ਦੇ ਵਿਛੋੜੇ ਦੇ ਜ਼ਖ਼ਮ, ਅਜੇ ਕੂਕਾ-ਕਲੇਜਿਆਂ ਵਿਚ ਅੱਲੇ ਹੀ ਸਨ। ਸਤਿਗੁਰੂ ਰਾਮ ਸਿੰਘ ਜੀ ਦੇ ਉੱਚੇ ਨਾਮ ਅਤੇ ਸੁੱਚੀ ਕਰਨੀ ਦੇ ਆਸ਼ਕ-ਸਾਦਕ, ਉਨ੍ਹਾਂ ਦੇ ਪ੍ਰੀਤਵਾਨ, ਅਜੇਹੇ ਪਹੁੰਚੇ ਹੋਏ ਰਾਮ-ਵਿਓਗੀਆਂ ਦੀ ਬੜੇ ਚਾਹ ਤੇ ਉਮਾਹ ਨਾਲ ਸੰਗਤ ਮਾਣਿਆ ਕਰਦੇ ਸਨ। ਉਸ ਵੇਲੇ ਦੇ ਸ਼ਿਰੋਮਣੀ ਰਾਮ-ਵਿਓਗੀ, ਸੰਤ ਜਿਊਣ ਸਿੰਘ ਸਰਹਾਲੀ ਦੀ ਬਿਰਧ ਅਵਸਥਾ ਵਿਚ ਸੰਗਤ, ਗੱਭਰੂ ਆਲਾ ਸਿੰਘ ਜੀ ਆਪ ਹੀ ਕਰਿਆ ਕਰਦੇ ਸਨ। ਇਸ ਤਰ੍ਹਾਂ ਉਹ ਵੀ ਰਾਮ ਵਿਛੋੜੇ ਦੇ ਰੰਗ ਵਿਚ ਰੰਗੇ ਗਏ ਸਨ। ਅਜੇਹੇ ਬਿਰਹੋਂ ਕੁੱਠੇ ਹਿਰਦਿਆਂ ਦੇ ਲੱਛਣਾਂ ਦਾ ਜ਼ਿਕਰ ਕਰਦਿਆਂ, ਸਤਿਗੁਰੂ ਪ੍ਰਤਾਪ ਸਿੰਘ ਜੀ ਆਪਣੇ ਉਪਦੇਸ਼ ਵਿਚ, ਸੰਤ ਆਲਾ ਸਿੰਘ ਹੋਰਾਂ ਦੀ ਸਰਹਾਲੀ ਵਾਲੇ ਸੰਤਾਂ ਦੀ ਸੰਗਤ ਕਰਨ ਦਾ ਜ਼ਿਕਰ ਬਿਆਨ ਕਰਦੇ ਹਨ-

ਕਮ ਖੁਰਦਨੀ- ਖਾਣਾ ਥੋੜ੍ਹਾ
ਕਮ ਗੁਫਤਨੀ- ਬੋਲਣਾ ਥੋੜ੍ਹਾ
ਖ਼ੁਆਬੇ ਹਰਾਮ- ਨੀਂਦ ਤਾਂ ਉਨ੍ਹਾਂ ਨੂੰ ਹਰਾਮ ਹੋ ਜਾਂਦੀ ਹੈ।

"ਸੰਤ ਜਿਉਣ ਸਿੰਘ ਹੁਰੀਂ-ਸੰਤ ਆਲਾ ਸਿੰਘ ਹੁਰੀਂ ਬਚਨ ਕਰਦੇ, ਨਾਲ ਰਹਿਣਾ-ਸਰਿਹਾਲੀ ਵਾਲਿਆਂ, ਰਾਤ ਨੂੰ ਕਦੇ ਐਸ ਪਾਵੇ ਤੇ ਕਲੇਜਾ, ਕਦੇ ਇਹਦੇ ਉਤੇ। ਇਸ ਤਰ੍ਹਾਂ ਹੀ ਰਾਤ ਲੰਘਦੀ।

"ਫੇਰ ਇੰਤਜ਼ਾਰੀ-ਹਰ ਵੇਲੇ ਯਾਦ ਰਹਿਣੀ, ਬਈ ਹੁਣ ਵੀ ਮਿਲੇ, ਹੁਣ ਵੀ ਆਏ, ਹੁਣ ਭੀ ਆਏ।[11]

ਸੰਨ 1914 ਈ. ਵਿਚ ਮਹਾਰਾਜ ਨਿਹਾਲ ਸਿੰਘ ਜੀ ਦੇ ਅਨੰਦ ਕਾਰਜ ਸਮੇਂ ਲਾਹੌਰ ਅਤੇ ਫਿਰ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਅਨੰਦ ਕਾਰਜ ਤੇ ਗੁਰੂ ਸਰ ਵਿਖੇ ਸੰਤ ਆਲਾ ਸਿੰਘ ਜੀ ਆਪਣੇ ਜਥੇ ਅਤੇ ਇਲਾਕੇ ਦੀ ਹੋਰ ਸੰਗਤ ਸਮੇਤ ਪੁੱਜੇ। ਤਿੰਨਾਂ ਜ਼ਿਲ੍ਹਿਆਂ ਲਾਇਲਪੁਰ, ਗੁਜਰਾਂਵਾਲਾ ਅਤੇ ਸਿਆਲਕੋਟ ਵਿਚ ਸੰਤ ਜੀ ਆਪਣਾ ਜਥਾ ਫੇਰਦੇ ਅਤੇ ਨਾਮਧਾਰੀ ਸਿੱਖੀ ਦੀ ਜਾਗ ਲਾਉਂਦੇ। ਸੰਨ 1917 ਈ. ਦੇ ਨਿਮਾਣੀ ਦੇ ਮੇਲੇ ਤੇ ਆਪ ਨੇ ਆਪਣੇ ਇਲਾਕੇ ਵਿਚੋਂ ਪੈਦਲ ਚੱਲ ਕੇ ਸਿੱਖੀ ਪ੍ਰਚਾਰ ਕਰਦਿਆਂ, ਸ੍ਰੀ ਭੈਣੀ ਸਾਹਿਬ ਪੁੱਜਣ ਦਾ ਸੰਕਲਪ ਕੀਤਾ।

ਜਦੋਂ ਸੰਤ ਜੀ ਜਥੇ ਸਮੇਤ ਭੋਏਵਾਲੀ (ਅੰਮ੍ਰਿਤਸਰ) ਪੁੱਜੇ ਤਾਂ ਇਕ ਕਿਸ਼ਨ ਸਿੰਘ ਨਾਮੇ ਕੂਕਾ ਸਿੰਘ ਸੰਤ ਜੀ ਨੂੰ ਮਿਲਿਆ। ਉਸ ਦੱਸਿਆ ਕਿ ਇਸ ਪਿੰਡ ਵਿਚ ਮੇਰੇ ਪੁੱਤਰ ਦੀ ਮੰਗੇਤਰ ਨੂੰ ਵਿਆਹੁਣ ਲਈ ਪੁਲੀਸ ਅਤੇ ਇਕ ਤਵਾਇਫ ਸਮੇਤ ਜੰਞ ਆਈ ਹੈ। ਮੈਂ ਵੀ ਕੁਝ ਸਿੰਘ ਲੈ ਕੇ ਆਇਆ ਹਾਂ ਆਪ ਮੇਰੀ ਮਦਦ ਕਰੋ। ਸੰਤ ਜੀ ਨੇ ਕਿਹਾ ਜੰਗ ਜੂਏ ਦੀ ਖੇਡ ਹੁੰਦੀ ਹੈ ਪਤਾ ਨਹੀਂ ਕਿਹੜਾ ਪਾਸਾ ਜਿੱਤੇ। ਤੂੰ ਧੀਰਜ ਕਰ ਆਪਾਂ ਕੋਈ ਹੋਰ ਬਿਧ ਬਣਾਵਾਂਗੇ। ਸੰਤ ਜੀ ਨੇ ਉਸ ਪਿੰਡ ਵਿਚ ਰਾਤ ਦੀਵਾਨ ਲਾਇਆ। ਸਮਾਪਤੀ ਬਾਅਦ ਸੰਗਤ ਨੂੰ ਸਾਰੀ ਗੱਲ ਦੱਸ ਕੇ ਬੇਨਤੀ ਕੀਤੀ ਕਿ ਕੋਈ ਇਸ ਸਿੱਖ ਦੇ ਪੁੱਤਰ ਨੂੰ ਆਪਣੀ ਕੰਨਿਆ ਵਿਆਹ ਦੇਵੇ ਤੇ ਗੁਰੂ ਕੇ ਬਾਣੇ ਦੀ ਲਾਜ ਰੱਖੇ। ਇਸ ਤੇ ਊਧਮ ਸਿੰਘ ਨਾਂ ਦਾ ਸਿੱਖ ਤਿਆਰ ਹੋ ਗਿਆ। ਪਾਲਾ ਸਿੰਘ ਭੋਏਵਾਲੀ ਦੇ ਨੇ ਪਾਲ ਸਿੰਘ ਪੁੱਤਰ ਕਿਸ਼ਨ ਸਿੰਘ ਵਣੀਏ ਕੇ ਵੱਲ ਆਪਣੀ ਧੀ ਮੰਗੀ ਸੀ। ਬਾਅਦ ਵਿਚ ਉਸ ਹੋਰ ਜੰਞ ਮੰਗਵਾ ਲਈ ਸੀ। ਸੋ ਊਧਮ ਸਿੰਘ ਨਾਮਧਾਰੀ ਨੇ ਸੰਤ ਜੀ ਦੇ ਕਹਿਣ ਤੇ ਉਸ ਨਾਮਧਾਰੀ ਸਿੱਖ ਦੇ ਲੜਕੇ ਨੂੰ ਆਪਣੀ ਪੁੱਤਰੀ ਦੇ ਦਿੱਤੀ ਸੀ। ਮਜਲੋ ਮਜਲੀ ਆਪਣੀ ਵਾਟ ਮੁਕਾਉਂਦੇ ਹੋਏ ਸੰਤਾਂ ਦਾ ਜਥਾ ਰਾਈਆਂ ਪੁੱਜ ਗਿਆ। ਰਾਈਆਂ ਤੋਂ ਸ਼ਬਦ ਕੀਰਤਨ ਕਰਦੇ ਸ੍ਰੀ ਭੈਣੀ ਸਾਹਿਬ ਪੁੱਜੇ। ਸਤਿਗੁਰੂ ਜੀ ਨੇ ਕੋਠੀ ਬਾਗ ਵਾਲੀ ਵਿਚ ਹੀ ਸ਼ਬਦ ਦੀ ਆਵਾਜ਼ ਪਹਿਚਾਣ ਕੇ ਫਰਮਾਇਆ ਕਿ ਸੰਤ ਆਲਾ ਸਿੰਘ ਜੀ ਦਾ ਜਥਾ ਆ ਗਿਆ ਹੈ, ਚੱਲੀਏ ਦਰਸ਼ਨ ਕਰੀਏ। ਸਤਿਗੁਰੂ ਜੀ ਦੇ ਤੇੜ ਕਛਹਿਰਾ ਸੀਸ ਤੇ ਪਰਨਾਂ ਅਤੇ ਇਕ ਪਰਨਾਂ ਮੋਢਿਆਂ ਦੇ ਉਪਰ ਸੀ। ਇਤਨੇ ਬਸਤਰਾਂ ਵਿਚ ਹੀ ਪਿੱਪਲਾਂ ਥੱਲੇ ਖਲੋ ਕੇ, ਡੇਢ ਦੋ ਘੰਟੇ, ਸੰਤਾਂ ਦੇ ਜਥੇ ਦਾ ਸ਼ਬਦ ਕੀਰਤਨ ਸੁਣਿਆ। ਇਸ ਸਮੇਂ ਬੜਾ ਇਲਾਹੀ ਰੰਗ ਬਣਿਆ। ਹਰ ਪਾਸੇ ਵਿਸਮਾਦ ਤਾਰੀ ਸੀ। ਓੜਕ "ਮੈ ਆਈ ਪਰਦੇਸਨ ਦੂਰ ਤੇ" ਸ਼ਬਦ ਨਾਲ ਕੀਰਤਨ ਦੀ ਸਮਾਪਤੀ

ਹੋਈ। ਸਤਿਗੁਰੂ ਜੀ ਅਤੇ ਹੋਰ ਹਜੂਰੀ ਸਿੰਘਾਂ, ਮਸਤਾਨ ਸਿੰਘ ਕਿਆਮਪੁਰ, ਸੰਤ ਇੰਦਰ ਸਿੰਘ ਚੱਕਰਵਰਤੀ ਆਦਿ ਨੇ ਸਾਰੇ ਜਥੇ ਨੂੰ ਸ਼ਰਦਾਈ ਛਕਾਈ ਤਾਂ ਇਹ ਸਭਾ ਬਰਖਾਸਤ ਹੋਈ।[12]

1974 ਬਿਕਰਮੀ ਮੁਤਾਬਿਕ 1918 ਈ. ਦਾ ਨਾਮਧਾਰੀ ਪੰਥ ਦਾ ਹੋਲਾ ਮਹੱਲਾ, ਚੂਹੇੜਾੜ, ਜ਼ਿਲ੍ਹਾ ਸ਼ੇਖ਼ੂਪੁਰਾ ਦੇ ਮਹੰਤ ਦਲ ਸਿੰਘ ਕੰਬੋ ਸਿੱਖ ਨੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪਹਿਰੇ ਵਿਚ ਕਰਵਾਇਆ ਸੀ। ਹੋਲਾ ਮੰਗਣ ਵਕਤ ਹੋਰ ਵੀ ਸਿੰਘ ਸਨ ਪਰ ਕਰਵਾਉਣ ਵੇਲੇ, ਇਹੋ ਸੂਰਮਾ ਇਕੱਲਾ ਹੀ ਨਿੱਤਰਿਆ ਸੀ। ਇਹ ਘੁਲਦਾ ਸੀ ਤੇ ਸੌਂਚੀ ਵੀ ਖੇਡਦਾ ਸੀ। ਇਸ ਸੰਤ ਆਲਾ ਸਿੰਘ ਜੀ ਨੂੰ ਸਾਰੀ ਵਿਥਿਆ ਜਾ ਸੁਣਾਈ। ਸੰਤ ਜੀ ਆਪਣਾ ਸਾਰਾ ਜਥਾ ਲੈ ਕੇ ਚੂਹੇੜਾੜ ਆ ਗਏ। ਖੂਹ ਲਵਾਇਆ, ਲੰਗਰ ਲਈ ਮਕਾਨ ਛਡਾਇਆ, ਜਿਹੜੇ ਵੀ ਕਰਨ ਵਾਲੇ ਕੰਮ ਸਨ ਕੀਤੇ। ਸੰਤ ਜੀ ਦੇ ਉਪਦੇਸ਼ ਸਦਕਾ ਹਰਨਾਮ ਸਿੰਘ, ਲਾਭ ਸਿੰਘ, ਹੁਕਮ ਸਿੰਘ ਆਦਿ ਉਨ੍ਹਾਂ ਦੇ ਪਿੰਡ ਦੇ ਹੋਰ ਸਿੱਖਾਂ ਵੀ ਹੋਲੇ ਸਮੇਂ ਸੇਵਾ ਕਰਨ ਵਿਚ ਪੂਰਾ ਹਿੱਸਾ ਪਾਇਆ। ਮਹੰਤ ਦਲ ਸਿੰਘ ਹੋਰਾਂ ਵੀ ਆਪਣਾ ਇਕ ਮੁਰੱਬਾ ਜ਼ਮੀਨ ਗਹਿਣੇ ਪਾ ਕੇ ਹੋਲਾ ਕਰਵਾ ਲਿਆ। ਬਾਅਦ ਵਿਚ ਉਹ ਮੁਰੱਬਾ ਛੁਡਵਾ ਲਿਆ। ਹੋਲੇ ਦੇ ਭੋਗ ਤੋਂ ਬਾਅਦ ਸਤਿਗੁਰੂ ਜੀ, ਸੰਤ ਆਲਾ ਸਿੰਘ ਜੀ ਨੂੰ ਉਨ੍ਹਾਂ ਦੇ ਜਥੇ ਸਮੇਤ ਨਾਲ ਹੀ ਭੈਣੀ ਸਾਹਿਬ ਲੈ ਆਏ ਸਨ ਕਿਉਂਕਿ 1975 ਬਿਕਰਮੀ ਦੀ ਪਹਿਲੀ ਵੈਸਾਖ (ਅਪ੍ਰੈਲ 1918) ਨੂੰ ਇਥੇ ਸਤਿਗੁਰੂ ਰਾਮ ਸਿੰਘ ਜੀ ਦੀ ਸਪੁੱਤਰੀ ਬੀਬੀ ਨੰਦਾਂ ਦੇ ਅਕਾਲ ਚਲਾਣਾ ਕਰ ਜਾਣ ਕਾਰਨ, ਉਨ੍ਹਾਂ ਨਮਿੱਤ ਪਾਠਾਂ ਦੇ ਭੋਗ ਪਾਏ ਗਏ ਸਨ।[13]

1918 ਈ. ਦੇ ਚਾਲੀ ਦਿਨਾਂ ਜਪ ਪ੍ਰਯੋਗ ਦੇ ਸਮੇਂ ਸਤਿਗੁਰੂ ਜੀ ਨੇ ਜੋ ਸ੍ਰੀ ਭੈਣੀ ਸਾਹਿਬ ਬਾਗ ਵਾਲੀ ਕੋਠੀ ਵਿਚ ਅਰੰਭਿਆ ਸੀ, ਸੰਤ ਆਲਾ ਸਿੰਘ ਜੀ ਨੂੰ ਵੀ ਜਥੇ ਸਮੇਤ ਇਸ ਵਿਚ ਸ਼ਾਮਲ ਕੀਤਾ। ਇਸੇ ਸਮੇਂ ਗੁਰੂ ਹਰੀ ਸਿੰਘ ਜੀ ਦੇ ਸਸਕਾਰ ਵਾਲੇ ਥੜ੍ਹੇ ਤੇ ਦੀਵਾ ਜਗਾਉਣ ਲਈ ਕਿਸੇ ਸਿੱਖ ਨੇ, ਸੰਤ ਆਲਾ ਸਿੰਘ ਜੀ ਦੇ ਸੇਵਕ ਕਰਤਾਰ ਸਿੰਘ ਜੱਲ੍ਹਣ ਵਾਲੇ ਤੋਂ ਘਿਓ ਮੰਗਿਆ। ਉਸ ਮਨਮੱਤ ਜਾਣ ਕੇ ਘਿਓ ਨਾ ਦਿੱਤਾ। ਗੱਲ ਵਧਦੀ ਹੋਈ ਸਤਿਗੁਰੂ ਜੀ ਤੱਕ ਪੁੱਜੀ ਉਨ੍ਹਾਂ ਕਿਹਾ ਕਿ ਕਰਤਾਰ ਸਿੰਘ ਨੇ ਘਿਓ ਨਾ ਦੇ ਕੇ ਤਾਂ ਠੀਕ ਕੀਤਾ ਹੈ, ਵੈਸੇ ਉਸਨੂੰ ਉਹ ਮੜ੍ਹੀ ਹੀ ਢਾਹ ਦੇਣੀ ਚਾਹੀਦੀ ਸੀ। ਗੁਰੂ ਹਰੀ ਸਿੰਘ ਜੀ ਦੀ ਮੜ੍ਹੀ ਅਤੇ ਉਸਦੇ ਨਾਲ ਹੀ ਬੀਬੀ ਨੰਦਾਂ ਦੀ ਮੜ੍ਹੀ, ਇਹ ਦੋਵੇਂ ਸਤਿਗੁਰੂ ਪ੍ਰਤਾਪ ਸਿੰਘ ਜੀ ਆਪ ਹੱਥੀਂ ਕਹੀ ਫੜ ਕੇ ਢਾਹ ਦਿੱਤੀਆਂ ਸਨ। ਇਸ ਘਟਨਾ ਤੋਂ ਸੰਤ ਆਲਾ ਸਿੰਘ ਜੀ ਦੇ ਜਥੇ ਦੇ ਸਿੰਘਾਂ ਦੇ ਗੁਰਮਤਿ ਗਿਆਨ ਦੀ ਸੋਝੀ ਹੁੰਦੀ ਹੈ–

ਨਿਰਜੀਉ ਪੂਜਹਿ ਮੜਾ ਸਰੇਵਹਿ ਸਭ ਬਿਰਥੀ ਘਾਲ ਗਵਾਵੈ ॥[14](੧੨੬੪)

ਸੰਤ ਜੀ ਆਪਣੇ ਜਥੇ ਦੇ ਸਿੰਘਾਂ ਨਾਲ ਸੁਬ੍ਹਾ ਸ਼ਾਮ ਦੀਵਾਨ ਸਜਾਉਂਦੇ, ਧਰਮ ਦੀ ਕਿਰਤ ਵਿਰਤ ਵੀ ਕਰਦੇ ਅਤੇ ਵਿਹਲੇ ਸਮੇਂ ਜਾਂ ਕਥਾ ਵਿਚਾਰ ਕਰਦਿਆਂ, ਗੁਰਮਤਿ ਗਿਆਨ ਵੀ ਸਾਧਾਂ ਨੂੰ, ਸਰੋਤਿਆਂ ਨੂੰ ਵੰਡਦੇ। ਸੰਤ ਆਲਾ ਸਿੰਘ ਜੀ ਦੀ

ਸੰਗਤ ਅਤੇ ਪ੍ਰੇਰਣਾ ਨਾਲ ਹੀ ਸਮਸੇ ਦੇ ਸੰਤ ਜੁਆਲਾ ਸਿੰਘ ਅਤੇ ਮਾਈ ਧਰਮ ਕੌਰ ਦਾ ਵੱਡਾ ਪੁੱਤਰ ਨਾਮਧਾਰੀ ਬਣ ਗਿਆ ਸੀ ਜੋ ਪਿਤਾ ਦੇ ਕਹਿਆਂ ਵੀ ਪਹਿਲਾਂ ਨਹੀਂ ਸੀ ਬਣਦਾ। ਸਮਾਂ ਪਾ ਕੇ ਇਸੇ ਵਰਿਆਮ ਸਿੰਘ ਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸੂਬਾ ਥਾਪ ਦਿੱਤਾ ਸੀ।

1920 ਈ. ਦਾ ਨਾਮਧਾਰੀ ਪੰਥ ਦਾ ਸਾਲਾਨਾ ਹੋਲਾ ਮਹੱਲਾ, ਕਈ ਪੱਖਾਂ ਤੋਂ ਇਤਿਹਾਸਕ ਹੋ ਨਿਬੜਿਆ ਸੀ। ਸੰਤ ਆਲਾ ਸਿੰਘ ਜੀ ਦਾ ਡੇਰਾ ਪਿੰਡ ਵਰਨਾਂ ਦੇ ਖੂਹ ਭਿੱਖੀਆਣੇ ਤੇ ਸੀ। ਕੁਝ ਸਿੰਘ ਹੋਲਾ ਪਿੰਡ ਵਿਚ ਕਰਨਾ ਚਾਹੁੰਦੇ ਸਨ ਪਰ ਫੈਸਲਾ ਸੰਤਾਂ ਦੇ ਡੇਰੇ ਵਾਲੇ ਖੂਹ ਤੇ ਹੀ ਹੋਇਆ। ਨਾਮਧਾਰੀ ਪੰਥ ਦੇ ਉੱਘੇ ਪ੍ਰਚਾਰਕ, ਜਥੇਦਾਰ, ਕੀਰਤਨੀਏ, ਰਾਗੀ ਬਹੁਤ ਜੁੜੇ। ਇਸੇ ਹੋਲੇ ਮਹੱਲੇ ਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸਭ ਵਿਧਵਾ ਬੀਬੀਆਂ ਦੇ ਦੁਬਾਰਾ ਅਨੰਦ ਕਾਰਜ ਕਰਨ ਦਾ ਹੁਕਮ ਦਿੱਤਾ ਸੀ। ਹੋਲੇ ਮਹੱਲੇ ਸਮੇਂ ਸੰਗਤ ਗੰਨਿਆਂ ਦੇ ਖੇਤਾਂ ਵੱਲ ਜਾਵੇ ਤਾਂ ਖੇਤਾਂ ਵਾਲੇ ਰੋਕਦੇ ਸਨ। ਸੰਤ ਆਲਾ ਸਿੰਘ ਜੀ ਨੇ ਖੇਤਾਂ ਵਾਲਿਆਂ ਨੂੰ ਕਿਹਾ ਕਿ ਗੰਨੇ ਸੰਗਤ ਨੂੰ ਚੂਪ ਲੈਣ ਦਿਓ ਅਸੀਂ ਪੂਰਾ ਮੁਆਵਜ਼ਾ ਦੇ ਦਿਆਂਗੇ। ਪੰਜ ਕਿੱਲੇ ਕਮਾਦ ਸੰਗਤ ਨੇ ਭੰਨ ਕੇ ਵਰਤ ਲਿਆ। ਇੰਦਰ ਸਿੰਘ ਅਤੇ ਤਖਤ ਸਿੰਘ ਦੋ ਨਾਮਧਾਰੀਆਂ ਤਾਂ ਮੁਆਵਜ਼ਾ ਨਾਂ ਲਿਆ, ਬਾਕੀ ਦਿਆਂ ਖੇਤਾਂ ਵਾਲਿਆਂ ਲੈ ਲਿਆ। ਸੰਤ ਆਲਾ ਸਿੰਘ ਜੀ ਨੇ ਹੋਲੇ ਦੇ ਸਭ ਖਰਚਿਆਂ ਦਾ ਸੰਗਤ ਦੇ ਸਾਥ ਭੁਗਤਾਨ ਕਰ ਦਿੱਤਾ ਪਰ ਤੰਬੂਆਂ ਦਾ ਕਿਰਾਇਆ ਦੇਣ ਸਮੇਂ ਦੋ ਸੌ ਰੁਪਏ ਥੁੜ੍ਹ ਗਏ। ਸੰਤ ਜੀ ਨੇ ਸਲਾਹ ਬਣਾਈ ਕਿ ਜਥੇ ਸਮੇਤ ਕਿਸੇ ਪਿੰਡ ਵਾਢੀ ਕਰੀਏ ਕਣਕ ਦੀ ਅਤੇ ਮਿਹਨਤਾਨੇ ਨਾਲ, ਹੋਲੇ ਦਾ ਬਕਾਇਆ ਭੁਗਤਾ ਦੇਈਏ। ਇਸ ਤਰ੍ਹਾਂ ਜਥਾ ਮੰਡੀ ਚੂਹੜਕਾਣੇ ਵੱਲ ਜਾ ਰਿਹਾ ਸੀ। ਉਥੇ ਵਰਨਾਂ ਦਾ ਇਕ ਸਿੱਖ ਸੁੰਦਰ ਸਿੰਘ ਮੰਡੀ ਵਿਚ ਮੱਝਾਂ ਰੱਖ ਕੇ ਦੁੱਧ ਦਾ ਕਾਰੋਬਾਰ ਕਰਦਾ ਸੀ। ਉਸ ਨੇ ਸੰਤਾਂ ਨੂੰ ਕਿਹਾ, ਦੋ ਸੌ ਮੈਥੋਂ ਲੈ ਲਵੋ ਅਤੇ ਦੋ ਮਹੀਨੇ ਛਕਣ ਲਈ ਰਸਦ ਵੀ ਮੈਥੋਂ ਲਵੋ। ਮੇਰੇ ਕਹੇ ਵਿਚ ਚੱਲੋ। ਦੋ ਮਹੀਨੇ ਲਈ ਮੰਡੀ ਚੂਹੜਕਾਣੇ ਦੇ ਬੁੱਧ ਸਿੰਘ ਬਜਾਜ ਦੇ ਚੁਬਾਰੇ ਤੇ ਡੇਰਾ ਲੁਆ ਦਿੱਤਾ। ਇਸ ਤਰ੍ਹਾਂ ਸੰਤਾਂ ਨੇ ਖੁਦ ਸਮੇਤ ਸਾਰਾ ਜਥਾ ਗਹਿਣੇ ਪਾ ਕੇ, ਹੋਲੇ ਦਾ ਬਕਾਇਆ ਤਾਰਿਆ।

"ਸੰਤ ਆਲਾ ਸਿੰਘ ਜੀ, ਤੇਜਾ ਸਿੰਘ ਲਾਲੇਪੁਰੀ, ਗਿਆਨ ਸਿੰਘ ਸਮਸੇ ਦਾ ਬਾਲਣ ਜੂਹ 'ਚੋਂ ਲਿਆਉਂਦੇ, ਖੇਤਾਂ 'ਚੋਂ ਖਰੀਦ ਹਰੇ ਛੋਲੇ। ਕਰਤਾਰ ਸਿੰਘ ਜੱਲ੍ਹਣ, ਦਿਆਲ ਸਿੰਘ ਆਦੋ ਤੇ ਵਰਿਆਮ ਸਿੰਘ ਕੱਟਿਆਂ ਵਾਲੀਏ, ਸੁੰਦਰ ਸਿੰਘ ਫਰੀਦ 'ਮੱਕੀ', ਭਗਵਾਨ ਸਿੰਘ ਜੋ ਕਿਲ੍ਹੇ ਵਾਲਿਆਂ (ਸੰਤ ਹਰਨਾਮ ਸਿੰਘ ਜੀ) ਨਾਲ ਰਹਿ ਹੁਣ ਮੰਡੀ ਰਹਿੰਦਾ ਹੈ, ਸਾਗੋ ਭਾਗੋ ਦਾ, ਬਜ਼ਾਰ ਵਿਚ ਵੇਚਦਾ ਹਰੇ ਭਰੇ ਛੋਲੇ, ਮੱਕੀ। ਲਾਂਗਰੀ ਰਤਨ ਸਿੰਘ ਝਨਾਂ ਕੰਢੇ ਦਾ, ਸੰਤਾ ਸਿੰਘ ਦੜਪ ਦਾ, ਮਸਤੇ ਦੇ ਕੋਟ ਦਾ, ਵਰਿਆਮ ਸਿੰਘ, ਉਜਾਗਰ ਸਿੰਘ ਗਰਮੂਲ੍ਹੇ ਦਾ, ਮੱਝਾਂ ਸਾਂਭ ਦੁੱਧ ਚੋਅ ਕੇ ਵੇਚਦਾ ਤੇ ਵਿਹਲ ਲੱਗੇ, ਸੁੰਦਰ ਸਿੰਘ ਦੇ ਕਹੇ ਅਨੁਸਾਰ ਕਥਾ ਕੀਰਤਨ ਭੀ ਕਰਦੇ। ਬੂੜ ਸਿੰਘ ਫਿਲੋਕਿਆਂ ਵਾਲੇ ਨਾਲ ਰਲ ਸੁੰਦਰ ਸਿੰਘ ਹੋਰ ਵਪਾਰ ਭੀ ਕਰ ਲੈਂਦਾ ਸੀ। ਵਰਨਾਂ ਦੇ

ਸਭ ਡੇਰਿਆਂ ਤੇ ਦੁਆਲੇ ਦੇ ਨਗਰਾਂ ਕੁੱਜਰ, ਮਦਾਰ, ਸਮਸੇ ਦੇ ਸਿੱਖ ਸੁਣ ਆਏ ਤੇ ਕਹਿਣ ਸੰਤ ਜੀ ਰਕਮ ਅਸੀਂ ਦੇਂਦੇ ਹਾਂ। ਸੰਤ ਕਹਿਣ ਅਸੀਂ ਦੋ ਮਹੀਨੇ ਗਹਿਣੇ ਪਏ ਹਾਂ ਸੁੰਦਰ ਸਿੰਘ ਨੂੰ ਪੁੱਛੋ।...

"ਬਚਨ ਵਿਚ ਬੱਧੇ ਸਾਧਾਂ ਨੂੰ ਮਜ਼ਦੂਰੀ ਕਰਦਿਆਂ ਵੇਖ ਕਈ ਕਹਿਣ, ਪਾਂਡਵਾਂ ਵਾਂਗ ਬਚਨ ਦੇ ਬੱਧੇ ਹੋਏ ਮਜ਼ਦੂਰੀਆਂ ਕਰਦੇ ਹਨ। ਕੋਈ ਕਹੇ ਪੁੰਨੂ ਵਾਂਗ ਪ੍ਰੀਤਮ ਪਿਛੇ ਇਹ ਕਾਰ ਚੁਕੀ ਨੇ ਤੇ ਇੱਜ਼ਤ ਬੇਗ (ਮਹੀਂਵਾਲ) ਜਿਵੇਂ ਮਹੀਂ ਚਾਰਦਾ ਸੀ, ਮਹੀਂ ਸਾਂਭਦੇ ਨੇ। ਜਿਵੇਂ ਰਾਂਝੇ ਹੀਰ ਦੇ ਦਰਸ਼ਨ ਲਈ ਕੰਨ ਪੜਵਾਏ ਸੀ। ਲਾਗੀ ਬਣ ਟਮਕ ਭੀ ਚੁੱਕਿਆ ਸੀ।

"ਅੰਤ ਸੰਤ ਵਰਿਆਮ ਸਿੰਘ ਜੀ ਸਮਸਾ ਤੇ ਸੰਤ ਮਿਸ਼ਰਾ ਸਿੰਘ ਜੀ ਮਦਾਰ ਆ ਬਹੁਤ ਵੈਰਾਗੀ ਹੋਏ ਤੇ ਸੁੰਦਰ ਸਿੰਘ ਨੂੰ ਕਿਹਾ, ਤੂੰ ਸੰਤਾਂ ਨੂੰ ਛੁੱਟੀ ਦੇਹ, ਰਕਮ ਅਸੀਂ ਦੇਂਦੇ ਹਾਂ। ਭਿੱਖੀ ਆਣੇ ਖੂਹ ਦੇ ਤੇ ਕੁੱਜਰਾਂ ਦੇ ਸਿਖ ਭੀ ਆਏ। ਸੁੰਦਰ ਸਿੰਘ ਕਹੇ ਇਹ ਜਥੀ ਮਸਾਂ ਮੇਰੇ ਕਾਬੂ ਆਈ ਏ। ਸਾਡੇ ਜਥੇ ਨੂੰ (ਜਿਸ ਵਿਚ ਅਨੋਖ ਸਿੰਘ ਰਿਖੀ, ਸੰਤ ਰਲਾ ਸਿੰਘ ਜੀ ਵਰਨ ਤੇ ਸੰਤਾ ਸਿੰਘ ਵਰਨ ਨੂੰ ਆਪਣੇ ਸਮੇਤ ਰਲ ਵਰਤਨ ਵਾਲਿਆਂ ਨੂੰ ਜਥਾ ਸਮਝਦਾ ਸੀ) ਇਹ ਕੁਝ ਨਾ ਸਮਝਦੇ ਸੀ। ਮੱਕੀ, ਮਦਾਰ, ਬੌਰਿਆਂ ਦੇ ਸਿੱਖਾਂ ਰਲ ਹੱਥ ਜੋੜੇ ਤਾਂ ਸੁੰਦਰ ਸਿੰਘ ਮੰਨਿਆ।

"ਡੇਢ ਸੌ ਰੁਪਏ ਫੇਰ ਭੀ ਸੁੰਦਰ ਸਿੰਘ ਆਪ ਪਾਏ ਤੇ ਬਾਕੀ ਸਾਧਾਂ ਪਾਏ ਤੇ ਤੰਬੂਆਂ ਦਾ ਕਿਰਾਇਆ ਤਾਰਿਆ ਤੇ ਦੋ ਮਹੀਨਿਆਂ ਤੋਂ ਕੁਝ ਦਿਨ ਘੱਟ ਕੱਟਣ ਤੇ ਸੰਤਾਂ ਦੇ ਜਥੇ ਨੂੰ ਛੁੱਟੀ ਦਿੱਤੀ ਸੂ।

"ਸੰਤ ਆਲਾ ਸਿੰਘ ਜੀ ਵੈਰਾਗ, ਤਿਆਗ ਬਿਰਤੀ ਵਿਚ ਰਹਿੰਦੇ। ਪੰਥ ਦਾ ਪ੍ਰਚਾਰ ਕਰਦੇ। 'ਰਾਜੇ' ਇਕ ਸਮੇਂ ਇਨ੍ਹਾਂ ਦੀਵਾਨ ਲਾਇਆ ਸੀ ਤੇ ਥਾਣੇਦਾਰ ਨਿਗਰਾਨੀ ਲਈ ਆਇਆ ਸੀ। ਸੰਤ ਜੀ ਦਾ ਗੁਰਬਾਣੀ ਦਾ ਅਖੰਡ ਕੀਰਤਨ ਸੁਣ ਥਾਣੇਦਾਰ ਰੋਂਦੇ ਦੀਆਂ ਅੱਖਾਂ ਸੁੱਜ ਗਈਆਂ। ਸਣੇ ਸਿਪਾਹੀਆਂ ਭਜਨ ਪੁੱਛ, ਮੰਨ ਗਿਆ ਕਿ ਕੂਕਿਆਂ ਵਿਚ ਰਾਮ ਸਿੰਘ ਵਰਤਦੈ। ਸੰਤ ਕਿਹਾ ਕਰਦੇ ਸੀ ਕਿ ਜਦ ਖਸਮ ਕੰਮ ਲੈਣਾ ਹੁੰਦੈ ਸਭ ਕਰਤਬਾਂ 'ਚੋਂ ਮਦਦ ਕਰਦੈ ਤੇ ਅਟਕਾ, ਔਕੜਾਂ ਹਟਾ ਦੇਂਦਾ ਏ। ਮੈਂ ਭੀ ਸੰਤ ਜੀ ਦੇ ਉਸ ਸਮੇਂ ਦੋ ਦੀਵਾਨ ਸੁਣੇ ਸੀ। ਤਪੀਆਂ ਦੇ ਬਾਣੇ, ਤਿਆਗ, ਵੈਰਾਗ ਦੀਆਂ ਮੂਰਤਾਂ, ਰਸ ਵਿਚ ਗੜੂੰਦ ਹੋਏ ਰਹਿੰਦੇ ਸੀ ਸਮੇਤ ਜਥੇ।"[15]

22 ਨਵੰਬਰ 1920 ਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਗ੍ਰਹਿ ਵਿਖੇ ਮਾਤਾ ਭੁਪਿੰਦਰ ਕੌਰ ਜੀ ਦੇ ਉਦਰ ਥੀਂ ਵੱਡੇ ਸਾਹਿਬਜ਼ਾਦੇ (ਸਤਿਗੁਰੂ ਜਗਜੀਤ ਸਿੰਘ) ਪ੍ਰਗਟ ਹੋਏ। ਪੰਝੀ ਦਿਨਾਂ ਬਾਅਦ ਸਾਹਿਬਜ਼ਾਦੇ ਨੂੰ ਮਾਤਾ ਜੀ ਸਮੇਤ ਅੰਮ੍ਰਿਤ, ਸੰਤ ਆਲਾ ਸਿੰਘ ਜੀ ਨੇ ਛਕਾਇਆ ਅਤੇ ਸਾਹਿਬਜ਼ਾਦੇ ਦੇ ਕੰਨ ਵਿਚ ਭਜਨ ਵੀ ਦਿੱਤਾ।[16]

1920 ਈ. ਦੇ ਅਖੀਰ ਵਿਚ ਸੰਤ ਆਲਾ ਸਿੰਘ ਜੀ ਨੇ ਆਪਣੇ ਜਥੇ ਵਾਲੇ ਸਿੰਘਾਂ ਨਾਲ ਰਾਇ ਮੇਲੀ ਕਿ ਆਪਾਂ ਅਨਚੋਪੜੇ ਪਰਸ਼ਾਦੇ ਵੀ ਛਕ ਲਵਾਂਗੇ ਪਰ ਜੇ ਕੋਈ ਸਿੰਘ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿੱਤ, ਅਖੰਡ ਪਾਠ ਕਰਵਾਏਗਾ

ਤਾਂ ਕਰ ਦਿਆਂਗੇ। ਸ਼ੇਖੂਪੁਰੇ, ਸੰਤ ਆਲਾ ਸਿੰਘ ਜੀ ਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਮਿਲੇ ਤੇ ਉਨ੍ਹਾਂ ਦੌਰੇ ਨਾਲ ਚਲਣ ਦਾ ਹੁਕਮ ਕੀਤਾ। ਸੰਤ ਜੀ ਨੇ ਕਿਹਾ ਕਿ ਉਹ ਤਾਂ ਹੁਣ ਗੁਰੂ ਦਰਸ਼ਨਾਂ ਨਮਿਤ ਅਖੰਡ ਪਾਠ ਜਿਥੇ ਹੋਏਗਾ, ਉਥੇ ਹੀ ਜਾਣਗੇ। ਇਸ ਤੇ ਸਤਿਗੁਰੂ ਜੀ ਨੇ ਕਿਹਾ ਕਿ ਫਿਰ ਤਾਂ ਆਪਾਂ ਨੂੰ ਸੁਹੇਵੇ ਸਾਹਿਬ (ਜ਼ਿਲ੍ਹਾ ਚੁਰੂ, ਰਿਆਸਤ ਬੀਕਾਨੇਰ, ਹੁਣ ਰਾਜਸਥਾਨ) ਪਾਠ ਕਰਨੇ ਚਾਹੀਦੇ ਹਨ ਜਿਸ ਬਾਰੇ ਸਤਿਗੁਰੂ ਜੀ ਦਾ ਹੁਕਮ ਹੈ। ਇਸ ਤੇ ਸੰਤਾਂ ਨੇ ਕਿਹਾ ਕਿ ਆਪ ਜੀ ਇਤਨਾ ਸਮਾਂ ਆਪਣਾ ਦੌਰਾ ਨਹੀਂ ਡੱਕ ਸੱਕੋਗੇ। ਸਤਿਗੁਰੂ ਜੀ ਨੇ ਫਰਮਾਇਆ ਕਿ ਇਸ ਕਾਰਜ ਲਈ ਮੈਂ ਦੌਰਾ ਛੱਡਣ ਲਈ ਵੀ ਤਿਆਰ ਹਾਂ। ਇਸ ਤਰ੍ਹਾਂ ਦੋ ਰਾਮਵਿਓਗੀਆਂ ਦੇ ਬਚਨ ਬਿਲਾਸ ਵਿਚੋਂ, ਸੁਹੇਵਾ ਸਾਹਿਬ ਅਖੰਡ ਪਾਠਾਂ ਦਾ ਮੁੱਢ ਬੱਝ ਗਿਆ।[17] ਦਸੰਬਰ ਸੰਨ 1920 ਈ. ਦੇ ਫਤੇਹਗੜ੍ਹ ਸਾਹਿਬ ਦੇ ਜੋੜ ਮੇਲੇ ਸਮੇਂ, ਸਤਿਗੁਰੂ ਜੀ ਨੇ ਸੰਗਤ ਵਿਚ ਐਲਾਨ ਕਰਵਾ ਦਿੱਤਾ ਕਿ ਸੁਹੇਵੇ ਸਾਹਿਬ ਅਖੰਡ ਪਾਠ ਹੋਣਗੇ, ਸੰਗਤ ਯਥਾ ਸ਼ਕਤ ਉਗਰਾਹੀ ਦੇਵੇ ਅਤੇ ਪਾਠੀ ਸਿੰਘ ਉੱਥੇ ਪੁੱਜ ਜਾਣ। ਫਿਰ ਜਨਵਰੀ 1921 ਦੀ ਮੁਕਤਸਰ ਮਾਘੀ ਸਮੇਂ ਸਤਿਗੁਰੂ ਜੀ ਨੇ ਉਹੋ ਐਲਾਨ ਦੁਹਰਾਇਆ। ਸਤਿਗੁਰੂ ਜੀ ਦੇ ਹੁਕਮ ਅਨੁਸਾਰ ਮੁਕਤਸਰ ਤੋਂ ਹੀ ਸੰਤ ਆਲਾ ਸਿੰਘ ਨੂੰ ਜਥੇ ਸਮੇਤ, ਸੁਹੇਵੇ ਸਾਹਿਬ ਵੱਲ ਕੂਚ ਕਰਨ ਲਈ ਕਿਹਾ, ਰਸਦ ਸਮੱਗਰੀ ਜਿਤਨੀ ਲਿਜਾ ਸਕਣ ਸਮੇਤ। ਇਸ ਤਰ੍ਹਾਂ ਸੰਤ ਜੀ ਅਗਵਾਨੂੰ ਜਥੇ ਜਿਉਂ ਮੁਕਤਸਰੋਂ ਰੇਲ ਤੇ ਸਿਰਸੇ ਉੱਤਰ ਕੇ, ਰਾਤ ਇੱਥੇ ਦਸਵੀਂ ਪਾਤਸ਼ਾਹੀ ਦੇ ਗੁਰਦੁਆਰੇ ਕੱਟ ਕੇ, ਅਗਲੇ ਦਿਨ ਊਠ ਕਿਰਾਏ ਤੇ ਕਰਕੇ, ਸੁਹੇਵੇ ਸਾਹਿਬ ਨੂੰ ਟੁਰੇ। ਰਾਤ ਤਾਂ ਸੁਹੇਵੇ ਸਾਹਿਬ ਦੇ ਮਹੰਤ ਜੈਮਲ ਸਿੰਘ ਨੇ ਸੰਤਾਂ ਨੂੰ ਗੁਰਦੁਆਰੇ ਅੰਦਰ ਨਾ ਟਿਕਣ ਦਿੱਤਾ। ਸਰਦੀਆਂ ਦੀ ਰਾਤ ਪਤਾ ਨਹੀਂ ਕਿਵੇਂ ਰੁੱਖਾਂ ਢਾਰਿਆਂ ਹੇਠ ਕੱਟੀ ਹੋਵੇ। ਦਿਨ ਚੜ੍ਹੇ ਜੈਮਲ ਸਿੰਘ ਦੇ ਪੁੱਤਰ ਹਰਨਾਮ ਸਿੰਘ ਨੇ ਕਿਹਾ ਕਿ ਇਹ ਤਾਂ ਨਾਮਧਾਰੀ ਸਿੰਘ ਹਨ ਅਤੇ ਆਪਣੇ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਨਮਿੱਤ, ਅਖੰਡ ਪਾਠ ਕਰਨ ਆਏ ਹਨ। ਸੋ ਉਸ ਗੁਰਦੁਆਰੇ ਦੇ ਬੂਹੇ ਖੁੱਲ੍ਹਵਾ ਦਿੱਤੇ। ਸ੍ਰੀ ਆਦਿ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਵੀ ਦੇ ਦਿੱਤੀਆਂ। ਇਕ ਭੂਮੀਏ ਮਾਲੀ ਨੂੰ ਸੰਤ ਆਲਾ ਸਿੰਘ ਜੀ ਨੇ ਭਜਨ ਦੱਸ ਕੇ ਨਾਲ ਰਲਾ ਲਿਆ ਸਥਾਨਕ ਵਿਅਕਤੀ ਜਾਣ ਕੇ। ਸੰਨ 1921 ਈ. ਦੇ ਪੰਜ ਮਾਘ ਨੂੰ ਅਖੰਡ ਪਾਠ ਤੋਰ ਦਿੱਤਾ। ਸਤਿਗੁਰੂ ਪ੍ਰਤਾਪ ਸਿੰਘ ਜੀ 9 ਮਾਘ ਨੂੰ ਹਜ਼ੂਰੀ ਜਥੇ ਸਮੇਤ ਇਥੇ ਪੁੱਜ ਗਏ ਸਨ। ਪਹਿਲਾਂ ਇਕ ਹੀ ਪਾਠ ਖੋਹਲ੍ਹਿਆ ਸੀ ਫਿਰ ਤਿੰਨ ਖੋਲ੍ਹ ਦਿੱਤੇ। ਸੰਤ ਕਾਹਲਾ ਸਿੰਘ ਨੰਗਲ ਦੀ ਲਿਖਤ ਮੁਤਾਬਕ, ਸੰਤ ਆਲਾ ਸਿੰਘ ਸਮੇਤ 64 ਸਰੀਰ ਇਥੇ ਪੁੱਜੇ ਸਨ। 3 ਚੇਤਰ 1977 ਈ. ਨੂੰ 111 ਅਖੰਡ ਪਾਠਾਂ ਦੇ ਭੋਗ ਪਾਏ ਗਏ ਸਨ। ਉਸ ਤਰ੍ਹਾਂ ਦੋ ਮਹੀਨੇ ਇਥੇ ਜੰਗਲ ਵਿਚ ਮੰਗਲ ਬਣਿਆ ਰਿਹਾ।[18]

1921 ਈ. ਦੇ ਜੇਠ ਮਹੀਨੇ ਰਾਜਾ ਨਾਭਾ ਵੱਲੋਂ ਭੇਟਾ ਕੀਤੇ ਬੀੜ ਵਿਚ ਫਿਰ ਅਖੰਡ ਪਾਠ ਹੋਏ ਜਿਨ੍ਹਾਂ ਵਿਚ ਸੰਤ ਜੀ ਜਥੇ ਸਮੇਤ ਸ਼ਾਮਲ ਹੋਏ। ਇਸ ਵਰ੍ਹੇ ਸਤਿਗੁਰੂ ਜੀ ਨੇ ਚਾਲ੍ਹੀਆ ਵੀ ਬੀੜ ਵਿਚ ਕੱਟਿਆ, ਜਿਸ ਦੇ ਭੋਗ ਤਕ ਸੰਤ ਜੀ ਇਥੇ ਹੀ ਟਿਕੇ

ਸਿੰਘਾਂ ਸਮੇਤ। ਇਸ ਬੀੜ ਦੇ ਸਿਮਰਨ ਸਮਾਗਮ ਵਿਚ ਸੰਤ ਹਰਨਾਮ ਸਿੰਘ ਜੀ ਕਿਲ੍ਹੇ ਵਾਲੇ ਵੀ ਆਏ ਸਨ। ਉਹ ਵੀ ਰਾਮ ਵਿਓਗੀ ਸਨ ਅਤੇ ਸੰਤ ਆਲਾ ਸਿੰਘ ਜੀ ਜਿਤਨਾ ਸਮਾਂ ਉਹ ਪੰਥ ਦੀ ਮੁੱਖ ਧਾਰਾ ਵਿਚ ਰਹੇ, ਉਨ੍ਹਾਂ ਤੇ ਬਹੁਤ ਸ਼ਰਧਾ ਰੱਖਦੇ ਸਨ। ਉਹ ਆਪਣੇ ਪਿੰਡ ਵਰਨ ਤੋਂ ਹੱਥੀਂ ਚੱਕੀ ਤੇ ਆਟਾ ਪੀਹ ਕੇ, ਊਠ ਲੱਦ ਕੇ ਸੰਤ ਜੀ ਦੇ ਡੇਰੇ ਕਿਲ੍ਹੇ ਜੋ 45 ਕੋਹ ਦਾ ਪੈਂਡਾ ਸੀ, ਉਥੇ ਚੱਲਦੇ ਲੰਗਰ ਵਿਚ ਪਾ ਆਉਂਦੇ ਸਨ। ਸੰਤ ਹਰਨਾਮ ਸਿੰਘ ਜੀ ਨੇ ਜੋ ਸ਼ਾਹੂਕਾਰਾ ਪਰਿਵਾਰ ਵਿਚੋਂ ਸਨ, ਮਸਤੀ ਦੇ ਆਲਮ ਵਿਚ ਸਭ ਵਹੀ ਖਾਤੇ ਪਾੜ ਕੇ, ਮਕਾਨ ਵੇਚ ਕੇ ਜਾਂ ਗਹਿਣੇ ਪਾ ਕੇ ਸਭ ਪਦਾਰਥ ਦਾ ਲੰਗਰ ਲਾਈ ਰੱਖਿਆ ਸੀ। ਮਸਤੀ ਦੇ ਆਲਮ ਵਿਚ ਸੰਤ ਆਲਾ ਸਿੰਘ ਜੀ ਸ਼ਬਦ ਤੇ ਸੁਰ ਦਾ ਅਦੁੱਤੀ ਸੰਗਮ, ਬੀੜ ਵਾਲੇ ਡੇਰੇ ਵਿਚ ਪੇਸ਼ ਕਰਦੇ ਸਨ।[19]

1922 ਈ. ਦੇ ਰਾਵਲਪਿੰਡੀ ਦੇ ਨਾਮਧਾਰੀ ਹੋਲੇ ਮਹੱਲੇ ਸਮੇਂ ਹੋਰ ਸ਼ਬਦੀ ਜਥਿਆਂ ਸਮੇਤ ਸੰਤ ਆਲਾ ਸਿੰਘ ਜੀ ਨੇ ਨਿਰੋਲ ਗੁਰਬਾਣੀ ਦਾ ਕੀਰਤਨ ਕੀਤਾ। ਸੰਤ ਜੀ ਉਨ੍ਹਾਂ ਸਿੱਖਾਂ ਦੇ ਵੀ ਸਹਾਈ ਹੁੰਦੇ ਜਿਨ੍ਹਾਂ ਤੋਂ ਕਿਸੇ ਅਵੱਗਿਆ ਕਾਰਨ ਸਤਿਗੁਰੂ ਜੀ ਕਰੋਪ ਹੋ ਜਾਂਦੇ। ਇੰਦਰ ਸਿੰਘ ਵਰਨਾਂ ਦੇ ਤੋ ਕੋਈ ਕਸੂਰ ਹੋਣ ਕਾਰਨ ਸਤਿਗੁਰੂ ਜੀ ਨੇ ਉਸ ਨੂੰ ਸੰਗਤ ਵਿਚ ਨਾ ਆਉਣ ਲਈ ਕਿਹਾ। ਉਸ ਦਾ ਮੇਲੀ ਮੰਨਾ ਸਿੰਘ ਮੱਕੀ ਪਿੰਡ ਦਾ ਸੀ। ਉਹ ਦੋਵੇਂ ਭੈਣੀ ਸਾਹਿਬ ਆਏ। ਇੰਦਰ ਸਿੰਘ ਨੇ ਮੰਨਾ ਸਿੰਘ ਨੂੰ ਕਿਹਾ ਮੈਂ ਦੀਵਾਨ ਸੰਗਤ ਤੋਂ ਬਾਹਰ ਬਹਿ ਕੇ ਸੁਣ ਲਵਾਂਗਾ, ਪਰਸ਼ਾਦਾ ਲੰਗਰ ਤੋਂ ਛਕ ਲਵਾਂਗਾ ਤੂੰ ਦੀਵਾਨ ਵਿਚ ਜਾ ਕੇ ਸੁਣ। ਮੰਨਾ ਸਿੰਘ ਦੀਵਾਨ ਵਿਚ ਗਿਆ ਤਾਂ ਬੈਠ ਨਾ ਸਕਿਆ ਤੇ ਉਠ ਕੇ ਸਤਿਗੁਰੂ ਜੀ ਤੋਂ ਇੰਦਰ ਸਿੰਘ ਲਈ ਬਖਸ਼ਿਸ਼ ਮੰਗੀ। ਉਸ ਦੇ ਵਾਰ-ਵਾਰ ਇਜ਼ਹਾਰ ਕਰਨ ਤੇ ਸਤਿਗੁਰੂ ਜੀ ਨੇ ਉਹਨੂੰ ਕਿਹਾ ਕਿ ਤੂੰ ਵੀ ਸੰਗਤ ਵਿਚੋਂ ਬਾਹਰ ਹੋ ਜਾ। ਇਸ ਤੋਂ ਵੱਡੀ ਸਿੱਖ ਲਈ ਸਜ਼ਾ ਕੀ ਹੋ ਸਕਦੀ ਹੈ ? ਮੰਨਾ ਸਿੰਘ ਰੋਂਦਾ ਹੋਇਆ ਦੀਵਾਨ ਵਿਚੋਂ ਬਾਹਰ ਜਾ ਰਿਹਾ ਸੀ। ਅੱਗੋਂ ਸੰਤ ਆਲਾ ਸਿੰਘ ਜੀ ਮਿਲ ਗਏ ਤਾਂ ਮੰਨਾ ਸਿੰਘ ਨੇ ਸਾਰੀ ਵਿਥਿਆ ਦੱਸੀ ਤੇ ਕਿਹਾ ਕਿ ਸਤਿਗੁਰੂ ਜੀ ਅੱਗੇ ਤੁਸੀਂ ਅਰਜ਼ ਕਰੋ ਕਿ ਕ੍ਰਿਪਾ ਕਰਨ। ਸੰਤ ਜੀ ਨੇ ਨਿਮਰਤਾ ਸਹਿਤ ਬੇਨਤੀ ਕਰਕੇ ਦੋਹਾਂ ਸਿੱਖਾਂ ਦੀ ਬਖਸ਼ਬੰਦੀ ਕਰਵਾ ਦਿੱਤੀ।[20]

ਸੰਤ ਆਲਾ ਸਿੰਘ ਤੇ ਸੰਤ ਹਾਕਮ ਸਿੰਘ ਕਾਲੋਕਿਆਂ ਵਾਲਿਆਂ ਦੀ ਆਪੋ ਵਿਚ ਬਹੁਤ ਪ੍ਰੀਤ ਸੀ। ਇਕ ਵੇਰ ਸੰਤ ਹਾਕਮ ਸਿੰਘ, ਆਲਾ ਸਿੰਘ ਹੋਰਾਂ ਨਾਲ ਰਿੰਜ ਹੋ ਗਏ। ਜਦੋਂ ਵਾਰ ਵਾਰ ਮਨਾਇਆ ਵੀ ਨਾ ਮੰਨੇ ਤਾਂ ਸੰਤ ਆਲਾ ਸਿੰਘ ਜੀ ਆਪਣੇ ਅੰਦਰ ਵੜ ਕੇ ਮੂੰਹ ਸਿਰ ਵਲ੍ਹੇਟ ਕੇ ਪੈ ਗਏ। ਖਾਣਾ ਪੀਣਾ ਛੱਡ ਦਿੱਤਾ। ਇਸ ਤੇ ਜਦੋਂ ਹਾਕਮ ਸਿੰਘ ਜੀ ਆਪ ਪਾਸ ਆਏ ਕਿ ਇੰਜ ਕਿਉਂ ਕੀਤਾ ਤਾਂ ਜੁਆਬ ਦਿੱਤਾ ਕਿ ਸੱਜਣ ਈ ਰੁੱਸ ਜਾਏ ਫਿਰ ਜੀਵਨ ਦਾ ਕੀ ਸੁਆਦ ਰਹਿ ਗਿਆ ? ਦੋਵੇਂ ਮਿੱਤਰ ਫਿਰ ਗੰਢੇ ਗਏ।[21] ਸੰਤ ਮਿਸ਼ਰਾ ਸਿੰਘ ਮਦਾਰ ਪਿੰਡ ਦੇ ਬ੍ਰਾਹਮਣ, ਪੰਜਾਂ ਬਾਣੀਆਂ ਦੇ ਨਿਤਨੇਮੀ, ਅੱਖਾਂ ਤੋਂ ਮੁਨਾਖੇ ਸਨ। ਸੰਤ ਆਲਾ ਸਿੰਘ ਜੀ ਇਨ੍ਹਾਂ ਨੂੰ ਕਈ ਵਾਰ ਆਪਣੀ ਘੋੜੀ 'ਤੇ ਬਿਠਾ ਕੇ ਦੂਰ ਨੇੜੇ ਮੇਲਿਆਂ 'ਤੇ ਲੈ ਜਾਂਦੇ ਸਨ। ਮਦਾਰ ਦੀ

ਨਾਮਧਾਰੀ ਧਰਮਸ਼ਾਲਾ ਵਿਚ ਰਹਿੰਦਿਆਂ ਹੀ ਇਨ੍ਹਾਂ ਸਰੀਰ ਤਿਆਗਿਆ ਸੀ। ਸਤਿਗੁਰੂ ਜੀ ਵੀ ਅਨੇਕ ਵਾਰ ਵਰਨਾਂ ਵਿਚ ਸੰਤਾਂ ਦੇ ਡੇਰੇ ਤੇ ਆ ਕੇ ਦਰਸ਼ਨ ਦਿੰਦੇ। ਦੀਵਾਨ ਸਜਦੇ। ਰੰਗ ਬਣ ਜਾਂਦਾ। ਇਲਾਕੇ ਦੀਆਂ ਸੰਗਤਾਂ ਹੁੰਮ ਹੁੰਮਾ ਕੇ ਪੁੱਜਦੀਆਂ।

1927 ਈ. ਦੇ ਜੱਪ ਪ੍ਰਯੋਗ ਦੇ ਸਮਾਗਮ ਵਿਚ ਜੋ ਸਤਿਗੁਰੂ ਜੀ ਨੇ ਸਰਹਿੰਦ ਨਹਿਰ ਦੇ ਕੰਢੇ ਆਪਣੇ ਡੇਰੇ ਵਿਚ ਕੀਤਾ, ਸੰਤ ਆਲਾ ਸਿੰਘ ਜੀ ਵਰਨਾਂ ਤੋਂ ਸ਼ਬਦ ਪੜ੍ਹਦੇ, ਮੰਜ਼ਲੋਂ ਮੰਜ਼ਲ ਪੈਦਲ ਹੀ ਪੁੱਜੇ ਸੀ, ਸ੍ਰੀ ਭੈਣੀ ਸਾਹਿਬ। ਸਥਾਨਕ ਭਾਸ਼ਾ ਕਈ ਵੇਰ ਕਿਵੇਂ ਵਿਗਾੜ ਪੈਦਾ ਕਰ ਦਿੰਦੀ ਹੈ, ਇਹ ਸੰਤਾਂ ਨਾਲ ਵਾਪਰਿਆ। ਇਕ ਪਿੰਡ ਦੇ ਬਾਹਰ ਖੂਹ ਤੇ ਡੇਰਾ ਲਾਇਆ ਤੇ ਦੋ ਸਿੰਘਾਂ ਨੂੰ ਪਿੰਡ ਵਿਚੋਂ ਗੁੜ ਲੈਣ ਭੇਜਿਆ। ਖੂਹ ਤੇ ਜਿਹੜਾ ਪਾਣੀ ਲਾਉਂਦਾ ਸੀ, ਪਣੀਆਲ ਉਸ ਪੁਛਿਆ ਕਿ ਤੁਸਾਂ ਕਿੱਥੇ ਜਾਣਾ ਹੈ ਤਾਂ ਇਕ ਸਿੱਖ ਨੇ ਕਿਹਾ ਕਿ ਹੁਣ ਤਾਂ ਤੁਹਾਡੇ ਹੀ ਪ੍ਰਾਹੁਣੇ ਹਾਂ ਭਾਵ ਮਹਿਮਾਨ, ਇਥੇ ਜੂ ਰਾਤ ਕੱਟਣੀ ਹੈ। ਉਨ੍ਹਾਂ ਦੀ ਬੋਲੀ ਵਿਚ ਪ੍ਰਾਹੁਣਾ ਜੁਆਈ ਨੂੰ ਕਹਿੰਦੇ ਸਨ। ਉਹ ਪਣੀਅਲ ਡਰ ਗਿਆ ਕਿਉਂ ਜੁ ਥੋੜ੍ਹਾ ਚਿਰ ਪਹਿਲਾਂ ਉਸ ਪਿੰਡ ਵਿਚ ਡਾਕਾ ਪੈ ਚੁੱਕਾ ਸੀ। ਉਹ ਬੰਦਾ ਪਿੰਡ ਜਾ ਕੇ ਰੌਲਾ ਪਾਉਣ ਲੱਗਾ ਕਿ ਖੂਹ 'ਤੇ ਡਾਕੂ ਆ ਗਏ ਹਨ। ਲੋਕਾਂ ਨੇ ਗੁੜ ਵਾਲੇ ਦੋਵੇਂ ਵੀ ਕਾਬੂ ਕਰ ਲਏ ਤੇ ਹਥਿਆਰਬੰਦ ਹੋ ਕੇ ਖੂਹ ਘੇਰ ਲਿਆ। ਸੰਤਾਂ ਪੁੱਛਿਆ ਕਿਵੇਂ ਆਏ ਹੋ ? ਉਨ੍ਹਾਂ ਕਿਹਾ, "ਤੁਹਾਨੂੰ ਮਾਰਨ!" "ਸਾਡਾ ਕਸੂਰ" "ਤੁਸੀਂ ਸਾਡੇ ਪ੍ਰਾਹੁਣੇ ਬਣਦੇ ਹੋ।" ਪ੍ਰਾਹੁਣੇ ਤਾਂ ਭਾਈ ਤੁਹਾਡੇ ਹੀ ਹਾਂ।" ਉਹ ਫਿਰ ਸਿਰ ਦਿਆਂ ਵਾਲਾਂ ਨੂੰ ਆਉਣ। ਇਕ ਮੁਸਲਮਾਨ ਪਚਾਧਾ ਖਾਨਗਾਹ ਡੋਗਰਾਂ ਦਾ ਵੀ ਉਥੇ ਆਪਣੀ ਸਾਕਾਗੀਰੀ ਵਿਚ ਆਇਆ ਸੀ। ਉਹਨੇ ਸੰਤਾਂ ਦਾ ਦੀਵਾਨ ਇਕ ਵੇਰ ਸੁਣਿਆ ਸੀ ਤੇ ਉਹ ਕਹਿੰਦਾ ਤੂੰ ਸੰਤ ਆਲਾ ਸਿੰਘ ਏ।" ਸੰਤਾਂ ਦੇ ਦੱਸਣ ਤੇ ਕਿ ਮੈਂ ਹੀ ਆਲਾ ਸਿੰਘ ਹਾਂ, ਉਸ ਆਪਣੀ ਡਾਂਗ ਖੜੀ ਕਰਕੇ ਭੀੜ ਨੂੰ ਰੋਕਿਆ ਤੇ ਕਿਹਾ ਕਿ ਵਿਗਾੜ ਸਾਰਾ ਤਾਂ ਬੋਲੀ ਦਾ ਏ। ਇਹ ਤਾਂ ਸਾਧੂਆਂ ਦਾ ਜਥਾ ਏ। ਲੜਨ ਤੁਹਾਨੂੰ ਇਨ੍ਹਾਂ ਨਾਲ ਮੈਂ ਨਹੀਂ ਦੇਣਾ। ਸ਼ੇਖੂਪੁਰੇ ਵੱਲ ਓਪਰੇ ਬੰਦੇ ਪਿੰਡ ਆਏ ਨੂੰ, ਪ੍ਰਾਹੁਣਾ ਕਹਿੰਦੇ ਨੇ ਅਤੇ ਮਾਲਵੇ ਵਿਚ ਜੁਆਈ ਨੂੰ। ਇਉਂ ਮਾਮਲਾ ਸ਼ਾਂਤ ਹੋਇਆ। ਪਿੰਡ ਗਏ ਸਿੱਖ ਵੀ ਗੁੜ ਲੈ ਕੇ ਆ ਗਏ।

ਇਸੇ ਤਰ੍ਹਾਂ ਇਕ ਹੋਰ ਪਿੰਡ ਕੋਲੋਂ ਜਦੋਂ ਜਥਾ ਲੰਘ ਰਿਹਾ ਸੀ ਤਾਂ ਦੁਪਹਿਰ ਲੱਗੀ ਸੀ, ਜਥਾ ਭੁੱਖਾ ਤੇ ਤਿਹਾਇਆ ਵੀ ਸੀ ਤਾਂ ਇਕ ਨਾਮਧਾਰੀ ਸਿੰਘ ਦੂਰੋਂ ਦੌੜਦਾ ਆਇਆ ਤੇ ਉਸ ਅਰਜ਼ ਕੀਤੀ ਕਿ ਮੈਨੂੰ ਸਤਿਗੁਰੂ ਰਾਮ ਸਿੰਘ ਜੀ ਨੇ ਜਣਾਇਆ ਹੈ ਕਿ ਤੇਰੇ ਖੂਹ ਕੋਲ ਸਿੱਖ, ਭੁੱਖੇ ਤਿਹਾਏ ਲੰਘ ਰਹੇ ਹਨ ਤਾਂ ਮੈਂ ਦੌੜਿਆ ਹਾਂ, ਹੁਣ ਮੇਰਾ ਘਰ ਪਵਿੱਤਰ ਕਰੋ। ਸੰਤ ਜੀ ਨੇ ਉਸਦੀ ਸੇਵਾ ਪ੍ਰਵਾਨ ਕੀਤੀ। ਜਦੋਂ ਆਪ ਜੀ ਨੇ ਇਹ ਦੋਵੇਂ ਬਚਨ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਸੁਣਾਏ ਤਾਂ ਆਪ ਨੇ ਫਰਮਾਇਆ ਕਿ ਜਦੋਂ ਸਤਿਗੁਰੂ ਨੇ ਰੱਖਿਆ ਕਰਨੀ ਹੋਵੇ ਤਾਂ ਆਪ ਹੀ ਐਸੇ ਸਬੱਬ ਲਾਉਂਦਾ ਹੈ। ਸਤਿਗੁਰੂ ਜੀ ਨੇ ਸਾਰੇ ਪ੍ਰਚਾਰਕਾਂ ਨੂੰ ਕਿਹਾ ਕਿ ਚੰਗਾ ਹੋਵੇ ਜੇ ਉਹ ਵੀ ਸੰਤ ਜੀ ਜਿਉਂ, ਪਿੰਡੋਂ ਪਿੰਡ ਪ੍ਰਚਾਰ ਕਰਦੇ ਜਾਣ। ਇਸ ਤਰ੍ਹਾਂ ਸਿੱਖੀ ਦਾ ਪ੍ਰਚਾਰ ਬਹੁਤ ਵਧਦਾ ਸੀ।[22]

1995 ਬਿਕਰਮੀ (1938 ਈ.) ਨੂੰ ਸੰਤ ਆਲਾ ਸਿੰਘ ਜੀ ਨੇ ਜਥੇ ਸਮੇਤ ਚੂਹੜਕਾਣਾ ਮੰਡੀ (ਜ਼ਿਲ੍ਹਾ ਸ਼ੇਖੂਪੁਰਾ) ਵਿਚ 29 ਵੈਸਾਖ ਤੋਂ 13 ਜੇਠ ਤੱਕ, ਦੋ ਸਾਤਿਆ ਤੋਂ ਵੱਧ ਸਮਾਂ, ਅਖੰਡ ਪਾਠ ਸ਼ੁਰੂ ਕਰ ਦਿੱਤੇ। ਇਥੋਂ ਦਾ ਬੁੱਧ ਸਿੰਘ ਬਜ਼ਾਜ ਅਤੇ ਉਸਦੀ ਧਰਮ ਪਤਨੀ ਬੀਬੀ ਸਾਹਿਬ ਕੌਰ ਸੰਤਾਂ ਦੇ ਸ਼ਰਧਾਲੂ ਸਨ। ਇਹ ਦੰਪਤੀ ਵੱਡੀ ਸਾਧ ਸੇਵੀ ਸੀ। ਦੇਵਨੇਤ ਬੁੱਧ ਸਿੰਘ ਚੜ੍ਹਾਈ ਕਰ ਗਏ। ਉਸਦੇ ਦੋਵੇਂ ਪੁੱਤਰ ਗੁਰਚਰਨ ਸਿੰਘ ਅਤੇ ਵਰਿਆਮ ਸਿੰਘ ਅਜੇ ਅਨਜਾਣ ਸਨ। ਪਰਿਵਾਰ ਦੀ ਪੁਸ਼ਤ ਪਨਾਹੀ ਅਤੇ ਸੁਰੱਖਿਆ ਲਈ, ਸੰਤ ਜੀ ਲੰਘਦੇ ਟੱਪਦੇ ਉਥੇ ਜਥੇ ਸਮੇਤ ਟਿਕਦੇ ਵੀ। ਉਨ੍ਹਾਂ ਦੇ ਜੀਆਂ ਦੇ ਡੋਲਦੇ ਮਨ ਨੂੰ ਗੁਰਮਤਿ ਗਿਆਨ ਦੀ ਥੰਮੀ ਵੀ ਦਿੰਦੇ ਅਤੇ ਬੀਬੀ ਨੂੰ ਹੱਲਾਸ਼ੇਰੀ ਦਿੰਦੇ ਕਿ ਤੇਰੇ ਸ਼ੇਰਾਂ ਵਰਗੇ ਦੋ ਪੁੱਤਰ, ਗੱਭਰੂ ਹੋਏ ਖੜੇ ਹਨ। ਇਹ ਅਖੰਡ ਪਾਠ ਸੰਤ ਜੀ ਨੇ ਸਤਿਗੁਰੂ ਜੀ ਦੀ ਮਨਜ਼ੂਰੀ ਲਈ ਤੋਂ ਬਿਨਾਂ ਸ਼ੁਰੂ ਕੀਤੇ ਸਨ, ਪਰ ਹੁਣ ਅੰਦਰੋਂ ਅਰਦਾਸਾਂ ਕਰਨ ਲੱਗੇ ਕਿ ਸਾਡੀ ਅਵੱਗਿਆ ਖ਼ਿਮਾ ਕਰੋ ਅਤੇ ਦਰਸ਼ਨ ਦਿਓ। ਤੇ ਫਿਰ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਸਰਗੋਧਾ ਜ਼ਿਲ੍ਹੇ ਦਾ ਦੌਰਾ ਹੋਣਾ ਸੀ। ਉਨ੍ਹਾਂ ਰਾਤ ਨੌਂ ਵਜੇ ਚੂਹੜਕਾਣੇ ਮੰਡੀ, ਸੰਤ ਸਮਾਗਮ ਵਿਚ ਆ ਦਰਸ਼ਨ ਦਿੱਤੇ। ਸਵੇਰੇ ਆਸਾ ਦੀ ਵਾਰ ਦਾ ਰੰਗ ਸੰਤ ਗਿਆਨਾ ਸਿੰਘ ਜੀ ਰਜਾਦੇ (ਸਿਆਲਕੋਟ) ਵਾਲਿਆਂ ਬੰਨ੍ਹ ਦਿੱਤਾ ਜੋ ਹੁਣ ਸ਼ੇਖੂਪੁਰੇ ਦੀ ਨਾਮਧਾਰੀ ਧਰਮਸ਼ਾਲਾ ਵਿਚ ਰਹਿੰਦੇ ਸਨ। ਕੀਰਤਨ ਦਾ ਰੰਗ ਵਾਹਵਾ ਦਿਨ ਚੜ੍ਹੇ ਤਕ ਬਣਿਆ ਰਿਹਾ। 30 ਵੈਸਾਖ ਨੂੰ ਜਦੋਂ ਬੀਬੀ ਸਹਿਬ ਕੌਰ ਨੇ ਅਖੰਡ ਪਾਠ ਹੁੰਦੇ ਨੂੰ ਨਮਸਕਾਰ ਕਰਕੇ ਟੁਰਦੇ, ਸਤਿਗੁਰੂ ਜੀ ਨੂੰ ਪਾਠਾਂ ਦੇ ਭੋਗ ਮੇਲੇ ਤੇ ਦਰਸ਼ਨ ਦੇਣ ਦੀ ਬੇਨਤੀ ਕੀਤੀ ਤਾਂ ਆਪ ਨੇ ਕਿਹਾ ਕਿ ਅਜੇ ਬੀਬੀ ਖੁੱਲ੍ਹਾ ਹੀ ਬਚਨ ਰਿਹਾ। ਸੰਤ ਆਲਾ ਸਿੰਘ ਜੀ ਨੇ ਕਿਹਾ ਕਿ ਮੇਰੀ ਭਾਵਨੀ ਤੇ ਪੂਰੀ ਕਰ ਚੱਲੇ ਹਨ। ਪਰ 13 ਜੇਠ ਨੂੰ ਫਿਰ ਜਦੋਂ ਭੋਗ ਵਾਲੇ ਦਿਨ ਸੰਤ ਜੀ ਅਤੇ ਸੰਗਤ ਨੇ ਸ਼ਬਦ ਲਿਆ–

"ਤੂੰ ਘਰ ਆ ਸੱਜਣਾ ਦਰਸ਼ਨ ਦੇਖਾ ਤੇਰਾ ਰਾਮ।" ਉਸੇ ਸ਼ਬਦ ਦੇ ਚੱਲਦਿਆਂ ਹੀ ਸਤਿਗੁਰੂ ਜੀ ਦਰਸ ਪ੍ਰੇਮੀਆਂ ਨੂੰ ਨਿਹਾਲ ਕਰਨ ਲਈ ਆ ਗਏ। ਹੁਣ ਸੰਤ ਗਿਆਨਾ ਸਿੰਘ ਜੀ ਦੇ ਕਹਿਣ ਤੇ ਸਤਿਗੁਰੂ ਜੀ ਨੇ ਇਹ ਸ਼ਬਦ ਬੜੇ ਸਵਾਦ ਤੇ ਰਸ ਵਿਚ ਪੜ੍ਹਿਆ–

"ਲੱਗੀ ਪੀਆ ਦੇ ਮਿਲਣ ਵਾਲੀ ਆਸ, ਅੱਖੀਆਂ ਮੇਰੀਆਂ ਨੂੰ"

ਅਖੰਡ ਪਾਠਾਂ ਦੇ ਇਸ ਮੇਲੇ ਵਿਚ, ਸਾਰੀ ਸੰਗਤ ਹੀ ਸੰਤ ਜੀ ਸਮੇਤ, ਸਤਿਗੁਰੂ ਰਾਮ ਸਿੰਘ ਜੀ ਦੇ ਵਿਓਗ ਵਿਚ ਮਾਨੋਂ ਵੈਰਾਗ ਮੂਰਤ ਹੀ ਬਣੀ ਰਹੀ।[23]

ਅਲਗੋਜਿਆਂ ਨਾਲ ਗਾਉਣ ਵਾਲੇ ਅਨਾਇਤ ਕੋਟ ਦੇ ਨਵਾਬ ਘੁਮਿਆਰ ਅਤੇ ਉਸਦੇ ਪੁੱਤਰ ਬੂਟੇ ਨਾਲ ਕੁਝ ਚਿਰ ਗਵੱਈਆਂ ਦੀ ਸੰਗਤ ਵਿਚ ਵਿਚਰਨ ਵਾਲਾ, ਇੱਬਣ (ਸਿਆਲਕੋਟ) ਪਿੰਡ ਦਾ ਸਰਦਾਰਾ ਸਿੰਘ ਜੋ ਪੂਨੂੰ ਸਨਿਆਸੀ ਤੋਂ ਹਿਕਮਤ ਵੀ ਸਿੱਖਿਆ ਸੀ, ਸੰਤ ਆਲਾ ਸਿੰਘ ਜੀ ਦੇ ਜਥੇ ਵਿਚ ਆ ਸ਼ਾਮਲ ਹੋਇਆ। ਪਰ ਸਮਾਂ ਪਾ ਕੇ ਸੰਤ ਬਹਾਦਰ ਸਿੰਘ ਕੱਟਿਆਂ ਵਾਲੀ ਅਤੇ ਸਰਦਾਰਾ ਸਿੰਘ ਹਕੀਮ

ਆਦਿ ਸੰਤਾਂ ਦੇ ਜਥੇ ਦੇ ਸਿੰਘਾਂ ਨੂੰ ਸਤਿਗੁਰੂ ਜੀ ਆਪਣੇ ਹਜ਼ੂਰੀ ਜਥੇ ਵਿਚ ਸ਼ਾਮਲ ਹੋਣ ਦਾ ਮਾਣ ਵੀ ਬਖਸ਼ ਦਿੰਦੇ ਸਨ। ਸੰਤ ਆਲਾ ਸਿੰਘ ਜੀ ਤੇ ਸੂਬਾ ਵਰਿਆਮ ਸਿੰਘ ਸਮਸੇ ਵਾਲਿਆਂ ਨੇ 1940ਈ. ਵਿਚ ਸ਼ੇਖ਼ੂਪੁਰਾ, ਗੁਜਰਾਂਵਾਲਾ ਅਤੇ ਲਾਇਲਪੁਰ ਜ਼ਿਲ੍ਹਿਆਂ ਵਿਚ ਪ੍ਰਚਾਰ ਦੌਰਾ ਕਰਕੇ ਭਾਈਆਂ ਅਤੇ ਮਾਈਆਂ ਬੀਬੀਆਂ ਨੂੰ ਨਾਮਧਾਰੀ ਗੁਰਮੁਖੀ ਬਾਣੇ ਅਤੇ ਲੰਗਰ ਪਾਣੀ ਦੀ ਸੋਧ ਮਰਿਆਦਾ ਨਾਲ ਜੋੜਿਆ। ਬੀਬੀਆਂ ਨੂੰ ਘੁੰਡ ਕੱਢਣ ਤੋਂ ਵੀ ਹਟਾਇਆ। ਸੰਤ ਜੀ ਦੇ ਪਿੰਡ ਵਰਨ ਵਿਚ ਬਾਬਾ ਸੱਤੋ ਪੀਰ, ਜੋ ਅਕਬਰ ਦੀਆਂ ਫੌਜਾਂ ਨਾਲ ਲੜਦਾ ਮਾਰਿਆ ਗਿਆ ਸੀ, ਉਹਦੀ ਕਬਰ 'ਤੇ ਸ਼ਰਾਬ ਅਤੇ ਬੱਕਰੇ ਚੜ੍ਹਾਏ ਜਾਂਦੇ ਸਨ। ਸ੍ਰ. ਕੰਧਾਰਾ ਸਿੰਘ ਦੇ ਪਿਤਾ ਸ੍ਰ. ਤੇਜਾ ਸਿੰਘ ਦੀ ਬੇਨਤੀ ਤੇ ਸੰਤ ਲਾਭ ਸਿੰਘ ਕੱਕਾ, ਸੰਤ ਤੇਜਾ ਸਿੰਘ ਸਮਸਾ, ਸੰਤ ਅਰੂੜ ਸਿੰਘ ਬਉਰਿਆਂ ਵਾਲੇ ਅਤੇ ਸੰਤ ਤਰਨ ਸਿੰਘ ਵਹਿਮੀ ਹਿੰਦੂ-ਚੱਕ (ਗੁਜਰਾਂਵਾਲਾ) ਆਏ। ਇਸ ਤੇ ਇਨ੍ਹਾਂ ਸਾਧੂਆਂ ਕਿਹਾ-

ਜਾਲਉ ਐਸੀ ਰੀਤਿ ਜਿਤੁ ਮੈ ਪਿਆਰਾ ਵੀਸਰੈ ॥ ਮ. 4 ਪੰਨਾ 590

ਸੰਤ ਆਲਾ ਸਿੰਘ ਜੀ ਦੇ ਹੋਰ ਮੇਲੀਆਂ ਵੀ ਇਸ ਬਾਬਤ ਅੱਗੇ ਲੱਗ ਪ੍ਰਚਾਰ ਕੀਤਾ ਅਤੇ ਕਈ ਪਰਿਵਾਰਾਂ ਨੂੰ ਇਸ ਕੁਚੱਜੀ ਰੀਤ ਤੋਂ ਮੁਕਤ ਕੀਤਾ।[24]

ਦੂਜੇ ਸੰਸਾਰ ਜੰਗ ਸਮੇਂ ਦੇਸ਼ ਵਿਚ ਅਫਰਾ ਤਫਰੀ ਦਾ ਮਾਹੌਲ ਸੀ। ਸਤਿਗੁਰੂ ਰਾਮ ਸਿੰਘ ਜੀ ਨੇ ਇਕ ਹੁਕਮਨਾਮੇ ਵਿਚ ਦੂੰਦ (ਭਾਵ ਰੌਲਾ ਗੌਲਾ) ਦਾ ਸਮਾਂ ਕੱਟਣ ਲਈ, ਜਾਂ ਰਵਾਲਸਰ (ਰਿਆਸਤ ਮੰਡੀ-ਹਿਮਾਚਲ) ਅਤੇ ਜਾਂ ਸੁਹੇਵਾ ਸਾਹਿਬ ਸੁਰੱਖਿਅਤ ਸਥਾਨ ਦੱਸੇ ਸਨ। ਇਸ ਸਮੇਂ 1939 ਈ. ਵਿਚ ਮਾਤਾ ਜੀਵਨ ਕੌਰ ਜੀ ਨੌਹਰ ਆ ਟਿਕੇ ਸਨ। ਨੌਹਰ ਤੋਂ ਹਨੂੰਮਾਨਗੜ੍ਹ ਨੂੰ ਜਾਂਦਿਆਂ ਘੱਗਰ ਨਾਲੀ ਦੇ ਕੰਢੇ, ਟਿੱਬੀ ਕਸਬੇ ਵਿਚ ਸ੍ਰ. ਤਾਰਾ ਸਿੰਘ ਨਾਮਧਾਰੀ ਦੀ ਢਾਣੀ ਸੀ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹੁਕਮ ਤੇ ਕੁਝ ਸਿੰਘ ਨੌਹਰ ਅਤੇ ਕੁਝ ਸਿੰਘ ਇਸ ਸਮੇਂ ਢਾਣੀ ਤਾਰਾ ਸਿੰਘ, ਟਿੱਬੀ ਵਿਖੇ ਟਿਕ ਗਏ ਸਨ। ਸ੍ਰ. ਤਾਰਾ ਸਿੰਘ, ਸੰਤ ਕਪੂਰ ਸਿੰਘ ਵਲਟੋਹੇ ਦਾ ਜੁਆਈ ਸੀ। ਇਸ ਤਰ੍ਹਾਂ ਦੋਹਾਂ ਪਰਿਵਾਰਾਂ ਦੇ ਜੀਆਂ ਦੇ ਕੋਲ ਖੇਤੀਬਾੜੀ, ਹਿੱਸੇ ਬਟਾਈ ਤੇ ਕਰਨ ਲਈ, ਸਤਿਗੁਰੂ ਜੀ ਨੇ ਸੰਤ ਬਹਾਦਰ ਸਿੰਘ ਕੱਟਿਆਂ ਵਾਲੀ ਦੇ ਭਰਾ, ਬਹਾਦਰ ਸਿੰਘ ਮਦਾਰ, ਸੰਤ ਆਲਾ ਸਿੰਘ ਜੀ ਦੇ ਭਤੀਜੇ ਕਰਤਾਰ ਸਿੰਘ ਵਰਨ ਅਤੇ ਖਾਰੇ ਦੇ ਕੁਝ ਸਿੱਖਾਂ ਨੂੰ ਭੇਜ ਦਿੱਤਾ। 1940ਈ. ਵਿਚ ਸੰਤ ਆਲਾ ਸਿੰਘ ਜੀ ਵੀ ਆਪਣਾ ਡੇਰਾ ਛੱਡ ਕੇ, ਟਿੱਬੀ ਆ ਟਿਕੇ। ਕਥਾ ਕੀਰਤਨ, ਨਾਮ ਸਿਮਰਨ ਹੁੰਦਾ, ਆਏ ਗਏ ਲਈ ਲੋਹ ਲੰਗਰ ਤਪਦਾ ਅਤੇ ਇਸ ਦਾ ਨਾਮ ਹੀ ਸਿੱਖਾਂ ਦੀ ਢਾਣੀ ਪੈ ਗਿਆ। ਨਵੇਂ ਆਏ ਸਿੱਖ ਲਈ ਕੋਠਾ ਮਠੜਾ ਵੀ ਸਾਰੇ ਰਲ ਕੇ ਛੱਤ ਦਿੰਦੇ। ਸੰਤ ਆਲਾ ਸਿੰਘ ਜੀ ਨੇ ਆ ਕੇ ਖੂਹ ਤੇ ਸਬਜ਼ੀਆਂ ਦੀ ਬਿਜਾਈ ਸ਼ੁਰੂ ਕਰ ਦਿੱਤੀ। ਟਿੱਬੀ ਚੌਂਕੀ ਤੋਂ ਸਿਪਾਹੀ ਆ ਕੇ ਸਬਜ਼ੀ ਤੋੜਨ ਲੱਗ ਪਏ। ਇਸ ਤੋਂ ਕੁਝ ਤਕਰਾਰ ਹੋ ਗਿਆ। ਇਕ ਪੁਲੀਸ ਅਫ਼ਸਰ ਇਨ੍ਹਾਂ ਨੂੰ ਧਮਕਾਉਣ ਲੱਗਾ ਕਿ ਇਥੋਂ ਉਠ ਜਾਓ ਨਹੀਂ ਤਾਂ ਸਾਰਾ ਡੇਰਾ ਫੂਕ ਦਿਆਂਗੇ। ਸਿੱਖਾਂ ਨੇ ਕਿਹਾ ਕਿ ਉਹ ਨੁਕਸਾਨ ਕਿਸੇ ਦਾ ਕਰਦੇ ਨਹੀਂ ਅਤੇ

ਧਮਕੀਆਂ ਤੋਂ ਵੀ ਡਰਦੇ ਨਹੀਂ। ਇਸ ਅਰਸੇ ਵਿਚ ਲਾਭ ਸਿੰਘ ਕੱਕਾ, ਸੰਤਾ ਸਿੰਘ, ਵਰਿਆਮ ਸਿੰਘ ਵਰਨ, ਸੰਤਾ ਸਿੰਘ ਮਾਂਗਾ, ਚਤਰ ਸਿੰਘ ਵਡਾਣਾ, ਕਰਮ ਸਿੰਘ ਜੰਡੂ, ਸੁੰਦਰ ਸਿੰਘ ਪਾਜੀ, ਸੋਹਣ ਸਿੰਘ ਫਿਲੋਕੇ, ਊਧਮ ਸਿੰਘ ਕੰਬੋਜ, ਹਜਾਰਾ ਸਿੰਘ ਚੰਦੋਵਾਲ, ਕਰਮ ਸਿੰਘ ਡੱਫਰਕੇ, ਬਿਕਰਮ ਸਿੰਘ ਜਨਜਾਤਾ ਅਤੇ ਬੀਬੀ ਸਾਹਿਬ ਕੌਰ ਚੂਹੜਕਾਣਾ ਆਦਿ ਮਾਈ ਭਾਈ ਵੀ ਇਸ ਢਾਣੀ ਵਿਚ ਆ ਵੱਸੇ। ਰੌਣਕਾਂ ਦੂਣ ਸਵਾਈਆਂ ਹੋ ਗਈਆਂ। ਸਿੰਘਾਂ ਨੇ ਪੁਲੀਸ ਦੇ ਆਏ ਉਚ ਅਧਿਕਾਰੀਆਂ ਨੂੰ ਸਾਰੀ ਵਿਥਿਆ ਦੱਸੀ। ਹਾਕਮਾਂ ਨੇ ਕਿਹਾ ਤੁਸੀਂ ਸਾਧ ਜਾਪਦੇ ਹੋ, ਸਥਾਨਕ ਪੁਲੀਸ ਤੁਹਾਡੇ ਖਿਲਾਫ਼ ਕਿਉਂ ਹੈ ? ਤੁਹਾਡੇ ਵਿਚੋਂ ਕੋਈ ਚੋਰੀ ਡਾਕਾ ਭੀ ਕਰਦਾ ਹੈ ? ਲਾਭ ਸਿੰਘ ਕੱਕੇ ਨੇ ਕਿਹਾ ਕਿ ਮੈ ਚੋਰੀ ਡਾਕਾ ਭੀ ਕਰਦਾ ਹਾਂ। ਤਾਂ ਸੰਤ ਆਲਾ ਸਿੰਘ ਜੀ ਨੇ ਲਾਭ ਸਿੰਘ ਨੂੰ ਚੁੱਪ ਕਰਾ ਕੇ ਦੱਸਿਆ, "ਇਹ ਨਾਮ ਦੀ ਚੋਰੀ ਕਰਦਾ ਏ, ਪਰਉਪਕਾਰ ਦਾ ਡਾਕਾ ਮਾਰਦਾ ਏ।" ਸੰਤਾਂ ਦੀਆਂ ਮਾਰਫਤ ਦੀਆਂ ਗੱਲਾਂ ਨਾਲ ਹਾਕਮ ਦੀ ਤਸੱਲੀ ਹੋ ਗਈ। ਉਸ ਨੇ ਸਬਜ਼ੀ ਚੋਰੀ ਖੋਹਣ ਵਾਲੇ ਪੁਲਸੀਆਂ ਨੂੰ ਵੀ ਝਿੜਕਿਆ। ਛੇਤੀ ਹੀ ਮੀਂਹ ਪੈ ਗਿਆ। ਫ਼ਸਲ ਚੰਗੀ ਲੱਗ ਗਈ। ਪਹਿਲਾਂ 15-16 ਸਨ ਫਿਰ ਸਿੱਖਾਂ ਦੇ ਘਰਾਂ ਦੀ ਗਿਣਤੀ ਇਥੇ 30-40 ਹੋ ਗਈ।[25]

ਜਦੋਂ ਸੰਤ ਆਲਾ ਸਿੰਘ ਜੀ ਟਿੱਬੀ ਰਹਿੰਦੇ ਸਨ ਤਾਂ ਆਪ ਨੂੰ ਦਰਸ਼ਨ ਦੇਣ ਇਥੇ ਸਤਿਗੁਰੂ ਪ੍ਰਤਾਪ ਸਿੰਘ ਜੀ ਵੀ ਪਧਾਰਦੇ ਰਹੇ ਸਨ। ਇਕ ਵੇਰ ਕਾਰ ਤੇ ਸਿਰਸਾ, ਓਟੂ ਵੱਲੋਂ ਉਤਰੀ ਘੱਗਰ ਨਹਿਰ ਦੀ ਪਟੜੀ 'ਤੇ ਜਾਂਦਿਆਂ ਜਿਥੇ ਹੁਣ ਜੀਵਨ ਨਗਰ ਨਹਿਰ ਦਾ ਪੁਲ ਹੈ, ਇਹਦੇ ਲਾਗੇ ਚਾਗੇ ਕਾਰ ਰੋਕ ਕੇ, ਆਪ ਨੇ ਜ਼ਮੀਨ ਵੱਲ ਨਿਗ੍ਹਾ ਕੀਤੀ ਤਾਂ ਫਰਮਾਇਆ ਕਿ ਇਹ ਜ਼ਮੀਨ ਬਹੁਤ ਵਧੀਆ ਹੈ ਤੇ ਸਾਡੇ ਸਿੱਖਾਂ ਦੇ ਵੱਸਣ ਵਾਲੀ ਹੈ। ਇਸੇ ਫੁਰਨੇ ਨੂੰ ਮੂਰਤਮਾਨ ਕਰਦਿਆਂ 1946-47 ਵਿਚ ਇਨ੍ਹਾਂ ਪਿੰਡਾਂ ਦੀ ਜ਼ਮੀਨ ਪਸੰਦ ਕਰਕੇ ਸੌਦਾ ਕੀਤਾ ਅਤੇ ਭੂਮੀ ਖਰੀਦੀ। ਇਸ ਤਰ੍ਹਾਂ ਇਲਾਕਾ ਜੀਵਨ ਨਗਰ ਦੇ ਵਸੇਬੇ ਵਿਚ ਸਤਿਗੁਰੂ ਜੀ ਅਤੇ ਉਨ੍ਹਾਂ ਦੇ ਅਨਿੰਨ ਸਿੱਖ, ਸੰਤ ਆਲਾ ਸਿੰਘ ਜੀ ਦੀ ਵੀ ਵੱਡੀ ਭੂਮਿਕਾ ਰਹੀ ਹੈ।

ਸੰਤ ਆਲਾ ਸਿੰਘ ਜੀ ਨਾਲ ਸਤਿਗੁਰੂ ਜੀ ਦਾ ਬਹੁਤ ਗਹਿਰਾ ਪ੍ਰੇਮ ਸੀ। ਉਨ੍ਹਾਂ ਨੂੰ ਹਮੇਸ਼ਾ ਅਦਬ ਸਤਿਕਾਰ ਦਿੰਦੇ। ਸਵੇਰੇ ਆਸਾ ਦੀ ਵਾਰ ਸਮੇਂ ਹਰੀ ਮੰਦਰ, ਭੈਣੀ ਸਾਹਿਬ ਦੇ ਬੂਹੇ ਬੰਦ ਕਰ ਦਿੱਤੇ ਜਾਂਦੇ ਸਨ ਸੁਬਹਾ ਪੰਜ ਵਜੇ। ਉਸ ਤੋਂ ਬਾਅਦ ਆਇਆਂ ਨੂੰ ਬਾਹਰ ਬੈਠਣਾ ਪੈਂਦਾ। ਇਕ ਦਿਨ ਸੰਤ ਰਤਾ ਲੇਟ ਹੋ ਗਏ ਉਨ੍ਹਾਂ ਦੇ ਸੇਵਕ ਨੇ ਆ ਦੱਸਿਆ ਕਿ ਸੰਤ ਜੀ ਆ ਰਹੇ ਹਨ। ਸਤਿਗੁਰੂ ਜੀ ਨੇ ਘੜਿਆਲ ਵਾਲੇ ਸਿੰਘ ਨੂੰ ਰੋਕ ਰੱਖਿਆ ਕਿ ਜਦੋਂ ਸੰਤ ਦਰਵਾਜ਼ਾ ਲੰਘ ਜਾਣ, ਪੰਜ ਉਦੋਂ ਹੀ ਵਜਾਉਣੇ ਹਨ। ਸਤਿਗੁਰੂ ਜੀ ਸੰਤ ਜੀ ਨੂੰ ਸੂਰਮੇ, ਅਣਖੀ ਤੇ ਪੰਥ ਪਿਆਰ ਦੇ ਪੁੰਜ, ਉਤਸ਼ਾਹੀ, ਦਰਦੀ ਤੇ ਉਦਾਰ ਰਿਦੇ ਵਾਲੇ ਸਮਝਦੇ ਸਨ।[26] 1943 ਈ. ਦੀ ਮਾਘੀ ਮੁਕਤਸਰ ਵਿਖੇ ਮਨਾਉਣ ਬਾਅਦ ਰੇਲ ਮਾਰਗ ਰਾਹੀਂ ਸਤਿਗੁਰੂ ਜੀ ਡੱਬਵਾਲੀ ਤੋਂ ਟਿੱਬੀ ਆਏ ਅਤੇ ਸੰਤ ਜੀ ਨੂੰ ਦਰਸ਼ਨ ਦੇ ਕੇ ਫਿਰ ਨੌਹਰ ਮਾਤਾ ਜੀਵਨ ਕੌਰ ਜੀ ਦੀ ਖ਼ਬਰ ਸਾਰ ਜਾ

ਪੁੱਛੀ। ਬਿਕਰਮੀ 2000 (ਮੁਤਾਬਕ, ਅਗਸਤ 1943) ਦੀ 2 ਭਾਦਰੋਂ ਨੂੰ ਸਤਿਗੁਰੂ ਜੀ ਦੁਆਬੇ ਅਤੇ ਮਾਲਵੇ ਵਿਚੋਂ ਹੁੰਦਿਆਂ, ਟਿੱਬੀ ਸੰਤ ਆਲਾ ਸਿੰਘ ਜੀ ਦੇ ਡੇਰੇ ਤੇ ਪੁੱਜੇ। ਦੋ ਦਿਨ ਇਥੇ ਮੇਲਾ ਬਣਿਆ ਰਿਹਾ। ਅਖੰਡ ਪਾਠ ਦਾ ਭੋਗ ਪਾਇਆ। ਸਤਿਗੁਰੂ ਜੀ ਨੇ ਸੰਤਾਂ ਨੂੰ ਪੁੱਛਿਆ ਕਿ ਤੁਸੀਂ ਅਖੰਡ ਪਾਠ ਵਿਚ ਬੀਬੀ ਸਾਹਿਬ ਕੌਰ ਨੂੰ ਕਿਉਂ ਲਾਇਆ ਹੈ ? ਸੰਤ ਜੀ ਉਤਰ ਦਿੱਤਾ, "ਜਦੋਂ ਜਿੰਮੀਂਦਾਰ ਦਾ ਵੱਤਰ ਜਾਂਦਾ ਹੋਵੇ ਉਹ ਮੰਗ ਪਾ ਕੇ ਆਪਣਾ ਕੰਮ ਚਲਾਉਂਦਾ ਹੈ। ਪਾਠੀ ਅਚਾਨਕ ਅਖੰਡ ਪਾਠ ਵਿਚਾਲੇ ਬੀਮਾਰ ਹੋ ਗਿਆ। ਬੀਬੀ ਨੂੰ ਸਾਰੀ ਮਰਿਆਦਾ ਸਮਝਾ ਕੇ, ਪਾਠ ਸਿਰੇ ਚਾੜ੍ਹਿਆ ਹੈ। ਸਤਿਗੁਰੂ ਜੀ ਹਦਾਇਤ ਕੀਤੀ ਕਿ ਜੇ ਬੀਬੀਆਂ ਨੂੰ ਅਖੰਡ ਪਾਠ ਵਿਚ ਲਾਉਣਾ ਹੈ ਤਾਂ ਸਾਰੇ ਪਾਠੀ, ਧੂਪੀਏ, ਪਹਿਰੂਏ, ਲਾਂਗਰੀ ਆਦਿ ਬੀਬੀਆਂ ਦਾ ਹੀ ਜਥਾ ਹੋਵੇ। ਸੰਤ ਜੀ ਨੇ ਨੌਹਰ ਤੋਂ ਖਰਾਸ ਦਾ ਸਾਰਾ ਸਮਾਨ ਮੰਗਵਾ ਕੇ, ਇਸ ਢਾਣੀ ਤੇ ਖਰਾਸ ਵੀ ਲੁਆਇਆ ਜਿਸ ਨੂੰ ਭਾਈ ਊਧਮ ਸਿੰਘ ਕੰਬੋਜ ਸੰਭਾਲਦਾ ਸੀ।[27]

1943 ਈ. ਦੇ ਨਨਕਾਣੇ ਸਾਹਿਬ ਦੇ ਕੱਤਕ ਪੁੰਨਿਆ ਦੇ ਪ੍ਰਕਾਸ਼ ਪੁਰਬ ਬਾਅਦ ਸਤਿਗੁਰੂ ਜੀ ਨੇ ਸ਼ੇਖੂਪੁਰਾ ਸ਼ਹਿਰ ਵਿਚ ਹੋਏ ਨਾਮਧਾਰੀ ਮੇਲੇ 'ਤੇ ਦਰਸ਼ਨ ਦਿੱਤੇ। "ਸਤਿਗੁਰੂ ਜੀ ਸੰਗਤ ਨੂੰ ਭੋਗ ਸਮੇਂ ਕਿਹਾ, ਸਮਾਂ ਡਾਵਾਂਡੋਲ ਜਿਹਾ ਹੈ। ਅਸੀਂ ਉਚੇਚਾ ਸੰਤ ਆਲਾ ਸਿੰਘ ਜੀ ਨੂੰ ਟਿੱਬੀਉਂ ਇਸੇ ਲਈ ਬੁਲਾਇਆ ਹੈ। ਸਭ ਨੇ ਭਜਨ ਬਾਣੀ ਤਕੜੇ ਹੋ ਕੇ ਕਰਨਾ। ਤੁਸੀਂ ਜਥੇਬੰਦ ਹੋ ਰਹਿਣਾ ਤੇ ਸੰਤਾਂ ਦਾ ਕਹਿਣਾ ਮੰਨਣਾ। ਸੰਤ ਆਲਾ ਸਿੰਘ ਜੀ ਨੂੰ ਕੁਝ ਦਿਨ ਸ਼ੇਖੂਪੁਰੇ ਦੇ ਜ਼ਿਲ੍ਹੇ ਵਿਚ ਇਸ ਪ੍ਰਚਾਰ ਲਈ, ਦੌਰਾ ਕਰਨ ਦਾ ਹੁਕਮ ਲਾਇਆ।"[28] ਸੰਤ ਜੀ ਸ਼ੇਖੂਪੁਰੇ ਅਤੇ ਗੁਜਰਾਂਵਾਲੇ ਦੋਹਾਂ ਜ਼ਿਲ੍ਹਿਆਂ ਵਿਚ ਪੰਥਕ ਪ੍ਰਚਾਰ ਲਈ ਸਰਗਰਮ ਰਹੇ। ਆਉਣ ਵਾਲੇ ਹੋਲੇ ਮਹੱਲੇ ਦੇ ਸਾਲਾਨਾ ਪੁਰਬ ਲਈ, ਸੰਤ ਜੀ ਨਾਲ ਵਿਚਾਰ ਵਟਾਂਦਰਾ ਕਰਨ ਲਈ, ਸਤਿਗੁਰੂ ਜੀ ਨਿਰਧਾਰਤ ਤਿਥੀ ਤੇ ਸ਼ੇਖੂਪੁਰੇ ਅਤੇ ਗੁਜਰਾਂਵਾਲਾ ਸ਼ਹਿਰ ਵਿਚ ਪੁੱਜ ਜਾਂਦੇ ਰਹੇ। ਇਹ 1944 ਈ. ਦਾ ਹੋਲਾ ਮਹੱਲਾ ਸ੍ਰੀ ਭੈਣੀ ਸਾਹਿਬ ਵਿਖੇ 24 ਤੋਂ 27 ਫੱਗਣ ਤੱਕ ਹੋਇਆ ਸੀ। ਹੋਲੇ ਤੋਂ ਬਾਅਦ 11 ਚੇਤਰ ਨੂੰ ਮੁਠੱਡਾ ਵਿਖੇ ਹੋਏ ਬਾਬਾ ਜਗਜੀਤ ਸਿੰਘ ਦੇ ਪਹਿਲੇ ਅਨੰਦ ਕਾਰਜ ਸਮੇਂ, ਸੰਤ ਆਲਾ ਸਿੰਘ ਜੀ ਵੀ ਨਾਮਧਾਰੀ ਪੰਥ ਦੇ ਮੁਖੀ ਸਾਧੂਆਂ ਸਮੇਤ ਪੁੱਜੇ ਸਨ ਅਤੇ ਅਨੰਦ ਕਾਰਜ ਦੀ ਵਿਉਂਤਬੰਦੀ ਵਿਚ ਭਾਗ ਲਿਆ।

ਇਕ ਸਮੇਂ ਸੰਤ ਆਲਾ ਸਿੰਘ ਜੀ ਕੁਲੰਜ ਦੀ ਦਰਦ ਨਾਲ ਪੀੜਤ ਸਨ। ਸਤਿਗੁਰੂ ਜੀ ਨੇ ਸੰਤ ਜੀ ਨੂੰ ਜਾ ਕੇ ਕਿਹਾ ਕਿ ਸੰਤ ਜੀ ਅਜੇ ਅਸਾਂ ਨਹੀਂ ਤੁਹਾਨੂੰ ਜਾਣ ਦੇਣਾ। ਸਤਿਗੁਰੂ ਜੀ ਦੇ ਤੀਮਾਰਦਾਰੀ ਦੇ ਬਚਨ ਬਿਲਾਸਾਂ ਨਾਲ ਸੰਤਾਂ ਦਾ ਕਸ਼ਟ ਦੂਰ ਹੋ ਗਿਆ। ਸੰਤਾਂ ਦਾ ਕਸ਼ਟ ਸਤਿਗੁਰੂ ਜੀ ਨੇ ਆਪਣੇ ਸਰੀਰ ਤੇ ਲੈ ਲਿਆ। ਸੰਤ ਠੀਕ ਹੋ ਗਏ, ਸਤਿਗੁਰੂ ਜੀ ਭੈਣੀ ਸਾਹਿਬ ਜਾ ਕੇ ਉਸੇ ਦਰਦ ਤੋਂ ਕਈ ਦਿਨ ਪੀੜਤ ਰਹੇ।[29]

1946 ਈ. ਵਿਚ ਪੰਜਾਬ ਅਸੈਂਬਲੀ ਦੀਆਂ ਵੋਟਾਂ ਸਮੇਂ ਨਾਮਧਾਰੀ ਸਿੱਖ ਆਮ ਤੌਰ ਤੇ ਕਾਂਗਰਸ ਦਾ ਸਾਥ ਦਿੰਦੇ ਸਨ। ਅਕਾਲੀ ਦਲ ਨਾਲ ਸਬੰਧਿਤ ਪਿੰਡਾਂ ਦੇ ਵੱਡੇ ਕਿਸਾਨਾਂ ਨੇ ਗੈਰ ਜੱਟ ਨਾਮਧਾਰੀ ਸਿੱਖਾਂ ਨੂੰ ਪਿੰਡਾਂ ਦਿਆਂ ਛੱਪੜਾਂ ਤੋਂ ਆਪਣੇ ਪਸ਼ੂਆਂ

ਨੂੰ ਪਾਣੀ ਨਾ ਪਿਲਾਉਣ ਦਿੱਤਾ। ਅਕਾਲੀਆਂ ਵੱਲੋਂ ਸ਼ੇਖੂਪੁਰੇ ਹਲਕੇ ਵਿਚ ਸ੍ਰ. ਨੌਨਿਹਾਲ ਸਿੰਘ ਮਾਨ ਨੂੰ ਖਲ੍ਹਾਰਿਆ ਗਿਆ ਸੀ। ਸੰਤ ਆਲਾ ਸਿੰਘ ਜੀ ਤੇ ਲਾਭ ਸਿੰਘ ਕੱਕਾ ਹੋਰਾਂ ਨੇ ਅੱਗੇ ਲੱਗ ਕੇ ਵਰਨ ਪਿੰਡ ਦੇ ਛੱਪੜਾਂ ਤੋਂ ਗੈਰ ਮਾਲਕ ਕੂਕਿਆਂ ਦੇ ਪਸ਼ੂਆਂ ਨੂੰ ਪਾਣੀ ਨਾ ਪੀਣ ਦੇਣ ਵਾਲਿਆਂ ਨੂੰ ਵੰਗਾਰਿਆ ਸੀ ਕਿ ਕੌਣ ਕੂਕਿਆਂ ਦੇ ਪਸ਼ੂਆਂ ਦਾ ਪਾਣੀ ਛੱਪੜਾਂ ਤੋਂ ਡੱਕ ਸਕਦਾ ਹੈ ?[30]

1946 ਇ. ਵਿਚ ਦੇਸ ਬਟਵਾਰੇ ਦੀ ਸੋਅ ਮਹਿਸੂਸ ਕਰਕੇ ਹੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸੰਤ ਆਲਾ ਸਿੰਘ, ਲਾਭ ਸਿੰਘ ਵਰਨ, ਚੰਨਣ ਸਿੰਘ, ਮੁਕੰਦ ਸਿੰਘ ਥਰਾਜ ਤੇ ਜ਼ਹੀਰੁਦੀਨ ਅੰਮ੍ਰਿਤਸਰ ਖੁਰਦ ਨਾਲ ਸਲਾਹ ਕਰਕੇ, ਇਲਾਕਾ ਜੀਵਨ ਨਗਰ ਦੇ ਤਦੋਕੇ ਚੁਚਾਲ ਕੋਟਲੀ, ਜਗ ਮਲੇਰਾ, ਅਲੀਪੁਰ, ਕੰਜਰਵਾਲ, ਅਹਿਲੀ ਮੀਖੂਵਾਲੀ ਆਦਿ ਘੱਗਰ ਨਾਲੀ ਦੇ ਕੰਢੇ ਦੇ ਪਿੰਡਾਂ ਦੀ ਜ਼ਮੀਨ ਖਰੀਦਣ ਲਈ ਪਸੰਦ ਕੀਤੀ ਸੀ। ਇਸ ਜ਼ਮੀਨ ਦੀ ਰਜਿਸਟਰੀ ਜਨਵਰੀ ਅਤੇ ਫਰਵਰੀ 1947 ਵਿਚ ਹੋ ਗਈ ਸੀ। ਖਰੀਦਣ ਵਾਲੇ ਪਰਿਵਾਰਾਂ ਵਿਚੋਂ ਇਕ ਇਕ ਜੀਅ ਚੁਚਾਲ ਕੋਠੀ ਪੁੱਜ ਗਏ ਸਨ। ਜ਼ਮੀਨ ਦੇ ਮੁਜਾਰੇ ਮੁਸਲਮਾਨ ਸਨ। ਉਨ੍ਹਾਂ ਤੋਂ ਮਾਲਕੀ ਹਿੱਸਾ ਲੈਣ ਲਈ ਸਤਿਗੁਰੂ ਜੀ ਨੇ ਭਾਈ ਘਸੀਟਾ ਸਿੰਘ ਮਦਾਰ (ਸ਼ੇਖੂਪੁਰਾ) ਨੂੰ ਮੁਖਤਿਆਰ ਥਾਪਿਆ ਸੀ। ਉਸਦੇ ਨਾਲ ਸੰਮਾ ਸਿੰਘ ਢੋਟੀਆਂ, ਚੰਨਣ ਸਿੰਘ ਥਰਾਜ, ਸੰਤ ਮੰਗਲ ਸਿੰਘ ਫਤੂਹੀ ਚੱਕੀਆ, ਤਰਨ ਸਿੰਘ ਵਹਿਮੀ ਵੀ ਸਲਾਹ ਮਸ਼ਵਰੇ ਲਈ ਸਨ। ਇਨ੍ਹਾਂ ਸਾਰਿਆਂ ਤੇ ਨਿਗਰਾਨ ਸੰਤ ਆਲਾ ਸਿੰਘ ਜੀ ਤੇ ਸੂਬਾ ਵਰਿਆਮ ਸਿੰਘ ਸਮਸਾ ਸਨ। ਮੁਸਲਮਾਨਾਂ ਦੇ ਅਤੇ ਸਿੱਖਾਂ ਦੇ ਸਬੰਧ ਸੁਖਾਵੇਂ ਨਹੀਂ ਸਨ। ਪ੍ਰਸ਼ਾਸਨ ਤੇ ਵੀ ਮੁਸਲਿਮ ਲੀਗ ਦਾ ਪ੍ਰਭਾਵ ਸੀ। ਸੰਤ ਆਲਾ ਸਿੰਘ ਜੀ ਭਾਈ ਘਸੀਟਾ ਸਿੰਘ ਨੂੰ ਇਸ ਸਮੇਂ ਸ਼ਾਂਤਗੀ ਨਾਲ ਚੱਲਣ ਬਾਰੇ ਕਹਿੰਦੇ ਪਰ ਉਹ ਤੇਜੀ ਵਰਤ ਜਾਂਦਾ ਸੀ, ਜਿਸ ਕਾਰਨ ਸੰਤ ਜੀ ਅਤੇ ਸੂਬਾ ਸਮਸਾ ਇਹ ਕਹਿ ਕੇ ਟਿੱਬੀ ਆਪਣੇ ਡੇਰੇ 'ਤੇ ਚਲੇ ਗਏ ਕਿ ਹੁਣ ਸਤਿਗੁਰੂ ਜੀ ਦੇ ਇਧਰ ਆਇਆਂ ਹੀ ਉਹ ਵੀ ਆਉਣਗੇ।[31]

ਨੌਹਰ ਰਹਿੰਦੇ ਸਿੱਖਾਂ ਲਈ, ਦੇਸ਼ ਵੰਡ ਤੋਂ ਰਤਾ ਕੁ ਪਹਿਲਾਂ ਸਤਿਗੁਰੂ ਜੀ ਨੇ ਕਿਸੇ ਮੁੱਲ ਵੀ ਮਿਲਦੀ ਕਣਕ ਲੈ ਕੇ ਉਥੇ ਪੁਚਾਉਣ ਲਈ ਕਿਹਾ। ਸੰਤ ਆਲਾ ਸਿੰਘ ਦੀ ਅਰਜ਼ ਤੇ ਪ੍ਰਸ਼ਾਦੇ ਚੋਪੜਨ ਲਈ ਦੇਸੀ ਘਿਓ ਦਾ ਪ੍ਰਬੰਧ ਵੀ ਕਰ ਦਿੱਤਾ। ਜਦੋਂ ਸਤਿਗੁਰੂ ਜੀ ਚਚਾਲ-ਜੀਵਨ ਨਗਰ ਆ ਜਾਂਦੇ ਤਾਂ ਸੰਤ ਆਲਾ ਸਿੰਘ ਜੀ ਵੀ ਇਥੇ ਹੀ ਰਹਿੰਦੇ। ਪਰਸਪਰ ਗੁਰਮਤਿ ਦੇ, ਪੁਰਾਣੇ ਸਿੰਘਾਂ ਦੇ ਬਚਨ ਕਰਦੇ। ਪੱਛਮੀ ਪੰਜਾਬ ਵਿਚ ਹੋ ਰਹੀ ਮਾਰਕਾਟ, ਸਾੜ ਫੂਕ ਤੇ ਦੁੱਖ ਪ੍ਰਗਟ ਕਰਦੇ ਤੇ ਆਪਣੇ ਸਿੱਖਾਂ ਨੂੰ ਇਥੇ ਅਮਨ ਸ਼ਾਂਤੀ ਬਣਾਈ ਰੱਖਣ ਅਤੇ ਪਾਕਿਸਤਾਨ ਜਾਣ ਵਾਲੇ ਕਿਸੇ ਵੀ ਮੁਸਲਮਾਨ ਇਕੱਲੇ ਜਾਂ ਕਾਫਲੇ ਦੇ ਰੂਪ ਵਾਲਿਆਂ ਦਾ ਕੋਈ ਵੀ ਜਾਨੀ ਮਾਲੀ ਨੁਕਸਾਨ ਨਾ ਕਰਨ ਦੀ ਸਖ਼ਤ ਤਾੜਨਾ ਕਰਦੇ। 24 ਵੈਸਾਖ 2004 ਬਿ. ਨੂੰ ਭੈਣੀ ਸਾਹਿਬ ਜਾਣ ਸਮੇਂ ਸਤਿਗੁਰੂ ਜੀ ਫਿਰ ਘਸੀਟਾ ਸਿੰਘ ਸਮੇਤ ਮੁਖੀ ਸਿੰਘਾਂ ਨੂੰ, ਸੰਤ ਆਲਾ ਸਿੰਘ ਤੇ ਸੂਬਾ ਵਰਿਆਮ ਸਿੰਘ ਸਮਸੇ ਦੇ ਕਹੇ ਵਿਚ ਚੱਲਣ ਲਈ ਕਹਿ ਗਏ।[32] ਇਕ ਰਾਤ ਸਿੱਖਾਂ ਦਾ

ਅਨਾਜ ਦਾ ਗੱਲਾ ਜੋ ਜੱਗਮਲੇਰੇ ਸੀ, ਮੁਸਲਮਾਨਾਂ ਨੇ ਉਸਦਾ ਜਿੰਦਰਾ ਤੋੜ ਕੇ ਲੁੱਟਣਾ ਚਾਹਿਆ ਤੇ ਹਵਾਈ ਫਾਇਰ ਵੀ ਬੰਦੂਕਾਂ ਦੇ ਕੀਤੇ ਕਿ ਜੇ ਸਿੱਖ ਆਉਣ ਤਾਂ ਰਾਤ ਮਾਰ ਦੇਈਏ। ਸੰਤ ਆਲਾ ਸਿੰਘ ਜੀ ਨੇ ਸਿੰਘਾਂ ਨੂੰ ਰਾਤ ਚੁਚਾਲ ਤੋਂ ਜੱਗ ਮਲੇਰੇ ਜਾਣੋਂ ਰੋਕ ਦਿੱਤਾ। ਸਵੇਰੇ ਜਾ ਕੇ ਦੇਖਿਆ ਤਾਂ ਗੱਲੇ ਦਾ ਜਿੰਦਰਾ ਹੀ ਟੁੱਟਾ ਸੀ, ਅਨਾਜ ਦਾ ਨੁਕਸਾਨ ਨਹੀਂ ਕੀਤਾ ਸੀ। ਦੇਸ਼ ਬਟਵਾਰੇ ਤੋਂ ਬਾਅਦ ਸੰਤ ਆਲਾ ਸਿੰਘ ਜੀ ਤੇ ਸੂਬਾ ਵਰਿਆਮ ਸਿੰਘ ਹੋਰਾਂ ਦਾ ਪੱਕਾ ਡੇਰਾ, ਜੱਗ ਮਲੇਰੇ ਲੱਗ ਗਿਆ। ਇੱਥੇ ਰਹਿੰਦਿਆਂ ਸੰਤ ਜੀ ਦੀ ਬਾਂਹ ਉੱਤਰ ਗਈ ਸੀ। ਟਿੱਬੀ ਰਹਿੰਦਿਆਂ ਆਪ ਨੂੰ ਬਿੱਛੂ ਲੜ ਗਿਆ ਸੀ। ਪਰ ਸਰੀਰਕ ਦੁਖ ਸੁਖ ਨੂੰ ਸੰਤ ਜੀ ਨੇ ਬਿਨਾ "ਹਾਏ ਉਚਾਰਿਆਂ" 'ਰਾਮ ਦੀ ਰਜ਼ਾ' ਸਮਝ ਕੇ ਬਰਦਾਸ਼ਤ ਕੀਤਾ ਸੀ। ਦੇਹ ਦੀ ਪੀੜ ਤੋਂ ਪਰੇ ਅਵਸਥਾ ਸੀ ਸੰਤ ਆਲਾ ਸਿੰਘ ਜੀ ਦੀ।"[33]

ਜਦੋਂ ਸੰਤ ਜੀ ਟਿੱਬੀ ਰਹਿੰਦੇ ਸਨ ਤਾਂ ਇਕ ਦਿਨ ਉਨ੍ਹਾਂ ਦੀ ਢਾਣੀ ਤੇ ਲੱਗੇ ਖਰਾਸ ਤੇ ਇਕ ਵਿਧਵਾ ਦਲਿਤ ਮਾਈ, ਬੈਠੀ ਰੋ ਰਹੀ ਸੀ। ਕਾਰਨ ਪੁੱਛਣ ਤੇ ਕਿਹਾ ਕਿ ਖਰਾਸੀਏ ਸਿੱਖ ਨੇ ਉਸ ਦੇ ਦਾਣੇ ਨਹੀਂ ਪੀਸੇ ਤੇ ਹੁਣ ਕੀ ਪਕਾਏ-ਖਾਏਗੀ। ਸੰਤ ਜੀ ਨੇ ਮਾਈ ਤੋਂ ਦਾਨਿਆਂ ਵਾਲਾ ਬਰਤਨ ਪਕੜ ਕੇ, ਆਪਣੇ ਡੇਰੇ ਤੋਂ ਉਤਨਾ ਆਟਾ ਮਾਈ ਦੇ ਘਰ ਪੁਚਾ ਦਿੱਤਾ ਅਤੇ ਉਸਨੂੰ ਕਿਹਾ ਕਿ ਅੱਠਾਂ ਦਿਨਾਂ ਦੇ ਖਾਣ ਜੋਗੇ ਦਾਣੇ ਮੈਨੂੰ ਦੇ ਜਾ। ਮੈਂ ਹੱਥ ਚੱਕੀ 'ਤੇ ਪੀਹ ਕੇ, ਦੂਜੇ ਤੀਜੇ ਦਿਨ ਤੇਰੇ ਘਰ ਪੁਚਾ ਦਿਆ ਕਰਾਂਗਾ। ਸੰਤ ਜੀ ਨੂੰ ਇੰਜ ਕਰਦਿਆਂ ਵੇਖ ਖਰਾਸੀਏ ਸਿੱਖ ਨੂੰ ਵੀ ਸੋਝੀ ਆ ਗਈ ਸੀ ਤੇ ਉਸ ਅੱਗੇ ਤੋਂ ਸੰਤਾਂ ਨੂੰ ਕਹਿ ਦਿੱਤਾ ਕਿ ਮੈਂ ਮਾਈ ਦੇ ਦਾਣੇ ਬਿਨਾ ਕਾਟ, ਪੈਸਿਆਂ ਤੋਂ, ਸਦਾ ਪੀਹ ਕੇ ਉਸਦੇ ਘਰ ਪੁਚਾਵਾਂਗਾ। ਸੰਤ ਜੀ ਨਿਰਧਨ ਦੀ ਸੇਵਾ ਨੂੰ ਬਹੁਤ ਉੱਤਮ ਦਰਜਾ ਦਿਆ ਕਰਦੇ ਸਨ।[34]

ਸੰਤ ਤਰਨ ਸਿੰਘ ਵਹਿਮੀ ਲਿਖਦੇ ਹਨ ਕਿ "ਨਾਨਕ, ਦਾਦਕ, ਸਾਹੁਰੇ, ਮੁੱਢ ਕਦੀਮੀ ਯਾਰ। ਗੁਰੂ ਪੀਰ ਸਿਖ ਸਾਧ ਨੂੰ ਨਾ ਮੰਨਣ ਇਹ ਚਾਰ।" ਸੰਤ ਆਲਾ ਸਿੰਘ ਜੀ ਪਹਿਲੇ ਜੀਵਨ ਵਿਚ ਚੋਰੀ ਚਕਾਰੀ, ਲੜਾਈ, ਝਗੜੇ ਆਦਿ ਕਰਦੇ ਰਹੇ ਹੋਣ ਕਾਰਨ ਉਨ੍ਹਾਂ ਦੇ ਦਸ ਨੰਬਰ ਦੇ ਕਾਗਜ਼ ਬਣੇ ਸਨ। ਜਦੋਂ ਸੰਤ ਜੀ ਸਾਧੂ ਬਣ ਗਏ ਤਾਂ ਪਿੰਡ ਵਿਚ ਆਏ ਥਾਣੇਦਾਰ ਨੂੰ, ਸਾਰੇ ਨਗਰ ਨਿਵਾਸੀਆਂ ਨੇ ਸੰਤਾਂ ਦੇ ਉੱਚੇ ਸੁੱਚੇ ਜੀਵਨ ਦੀ ਸ਼ਾਹਦੀ ਭਰੀ ਤਾਂ ਉਸਨੇ ਸੰਤ ਜੀ ਦੇ ਇਹ ਕਾਗਜ਼ ਪਾੜ ਦਿੱਤੇ ਸਨ। ਉਪਰੋਕਤ ਅਖਾਣ ਤੋਂ ਉਲਟ ਸੰਤ ਜੀ ਨੂੰ ਸਾਰੇ ਵਰਨਾਂ ਨੇ ਸੰਤ ਮੰਨ ਪੂਜਿਆ ਹੈ ਸਦਾ।[35] ਇਤਿਹਾਸ ਲੇਖਕ ਸੰਤ ਤਰਨ ਸਿੰਘ ਵਹਿਮੀ ਨੂੰ ਸਤਿਗੁਰੂ ਜੀ ਸਿੱਖੀ ਦੀਆਂ ਬਾਰੀਕੀਆਂ ਅਤੇ ਰਮਜਾਂ ਸਮਝਣ ਲਈ, ਸੰਤ ਆਲਾ ਸਿੰਘ ਜੀ ਦੀ ਸੰਗਤ ਕਰਨ ਦਾ ਆਦੇਸ਼ ਦਿਆ ਕਰਦੇ ਸਨ। ਸੰਤ ਆਲਾ ਸਿੰਘ ਆਪਣੇ ਸਤਿਗੁਰੂ ਨਾਲ ਅਭੇਦ ਅਵਸਥਾ ਵਿਚ ਵਿਚਰਦੇ ਸਨ। ਸਤਿਗੁਰੂ ਜੀ ਜਦੋਂ ਵੀ ਆਪਣੇ ਦੌਰੇ ਤੋਂ ਮੁੜਕੇ, ਜੀਵਨ ਨਗਰ (ਚੁਚਾਲ ਦਾ ਨਵਾਂ ਨਾਂ 1949 ਈ. ਵਿਚ ਰੱਖਿਆ) ਆਉਂਦੇ ਤਾਂ ਹੋਰ ਕਾਰ ਵਿਹਾਰ ਵੇਖਣ ਪੁੱਛਣ ਬਾਅਦ ਸੰਤ ਜੀ ਨੂੰ ਸੰਤ ਨਗਰ, ਉਨ੍ਹਾਂ ਦੇ ਡੇਰੇ ਜਾ ਦਰਸ਼ਨ ਦਿੰਦੇ (ਸੰਤ

ਨਗਰ ਨਾਮ ਜੱਗਮਲੇਰੇ ਦਾ ਸੰਤ ਜੀ ਦੇ ਨਾਮ ਤੇ ਹੀ ਸਤਿਗੁਰੂ ਜੀ ਨੇ ਰੱਖਿਆ। ਸੰਤ ਆਲਾ ਸਿੰਘ ਜੀ ਨਿਰਮਾਣ ਸਨ, ਉਹ ਬੇਨਤੀ ਕਰਦੇ ਰਹੇ ਕਿ ਇਸਦਾ ਨਾਮ 'ਰਾਮ ਸਰ' ਰੱਖਿਆ ਜਾਵੇ)। ਸੰਤ ਆਲਾ ਸਿੰਘ, ਸੰਤ ਤੇਜਾ ਸਿੰਘ ਸਮਸਾ ਤੇ ਸੂਬਾ ਵਰਿਆਮ ਸਿੰਘ ਸਮਸਾ ਨੂੰ ਇਸ ਪਿੰਡ ਵਿਚ ਲਾਗੇ-ਲਾਗੇ ਮਕਾਨ ਮਿਲੇ ਹੋਣ ਕਾਰਨ ਇਹ ਸੰਤਾਂ ਦਾ ਡੇਰਾ ਬਣ ਗਿਆ, ਜਿੱਥੇ ਸੁਬਹਾ, ਦੁਪਹਿਰ, ਸ਼ਾਮ, ਕਥਾ ਕੀਰਤਨ, ਭਜਨ ਬੰਦਗੀ ਦਾ ਪਰਵਾਹ ਚੱਲਦਾ। ਕਥਾ ਸੰਤ ਸੁੰਦਰ ਸਿੰਘ ਫਰੀਦ ਕਰਿਆ ਕਰਦੇ ਸਨ। 1949 ਦੀਆਂ ਬਰਸਾਤਾਂ ਵਿਚ ਘੱਗਰ ਨਾਲੀ ਵਿਚ ਕਾਫੀ ਹੜ੍ਹ ਆਇਆ। ਸੰਤ ਆਲਾ ਸਿੰਘ ਜੀ ਨੇ ਸਤਿਗੁਰੂ ਜੀ ਨੂੰ ਬੇਨਤੀ ਕੀਤੀ ਕਿ ਸਿੱਖਾਂ ਦੇ ਨਵੇਂ ਪਿੰਡ ਨਾਲੀ ਤੋਂ ਦੂਰ ਵਸਾਈਏ। ਸਤਿਗੁਰੂ ਜੀ ਬਚਨ ਕੀਤਾ ਭਾਣਾ ਵਰਤ ਗਿਆ ਤਾਂ ਬਹੁਤ ਚੰਗਾ ਨਹੀਂ ਤਾਂ ਨਾਲੀ ਨਹਿਰ ਤਰ੍ਹਾਂ ਬਣ ਜਾਵੇਗੀ। ਸਿਰਸਿਉਂ ਲੈ ਰਿਆਸਤ (ਬੀਕਾਨੇਰ ਦੀ ਹੱਦ) ਤੱਕ।"[36]

1950 ਈ. ਦੇ ਫਰਵਰੀ ਮਾਰਚ ਵਿਚ ਸਤਿਗੁਰੂ ਜੀ ਨੇ ਸੰਤ ਆਲਾ ਸਿੰਘ ਜੀ ਨੂੰ ਆਪਣੇ ਨਾਲ ਥਾਈਲੈਂਡ (ਸਿਆਮ ਦੇਸ) ਦੇ ਦੌਰੇ ਤੇ ਲੈ ਜਾਣ ਦਾ ਮਾਣ ਵੀ ਬਖਸ਼ਿਆ ਸੀ। ਇਸੇ ਸਾਲ 20 ਤੋਂ 22 ਫੱਗਣ ਤੱਕ ਇਕ ਹੋਲਾ ਮਹੱਲਾ ਬੰਕੌਕ ਵਿਖੇ ਵੀ ਮਨਾਇਆ ਗਿਆ। ਸੰਤ ਜੀ 1 ਚੇਤਰ ਨੂੰ ਸਤਿਗੁਰੂ ਜੀ ਨਾਲ ਵਾਪਸ ਦੇਸ ਪਰਤ ਆਏ ਸਨ। 5 ਸਾਵਣ ਨੂੰ ਦੁਪਹਿਰੇ ਕਥਾ ਵਿਚ ਸੰਤ ਆਲਾ ਸਿੰਘ ਤੇ ਸੂਬਾ ਵਰਿਆਮ ਸਿੰਘ ਨਾ ਆਏ ਕਿਉਂ ਜੁ ਉਹ ਆਪਣੇ ਖੇਤਾਂ ਵਿਚ ਵਿਹਾਰ ਕਰ ਰਹੇ ਸਨ। ਇਸ ਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਫੁਰਮਾਇਆ ਸੀ। "ਉਹ ਜੋ ਕਰਦੇ ਹਨ,

ਤਿਨ ਕੇ ਕਰਮ ਧਰਮ ਕਾਰਜ ਸਭਿ ਪਵਿਤੁ ਹਹਿ ਜੋ ਬੋਲਹਿ ਹਰਿ ਹਰਿ ਰਾਮ ਨਾਮੁ ਹਰਿ ਸਾਤੇ॥
ਤਿਨਾ ਕਾ ਖਾਧਾ ਪੈਧਾ ਹਰਿ ਮਾਇਆ ਸਭੁ ਪਵਿਤ੍ਰ ਹੈ ਜੋ ਨਾਮਿ ਹਰਿ ਰਾਤੇ॥
(ਮ.੫-੬੪੯) ਦੀ ਵਰਤੋਂ ਵਾਲੇ ਹਨ।"[37]

ਸੰਤ ਆਲਾ ਸਿੰਘ ਜੀ ਨੂੰ ਸਰੀਰਕ ਤਕਲੀਫ ਹੋਣ ਤੇ ਸਤਿਗੁਰੂ ਜੀ ਨੇ ਆਪਣੀ ਗੱਡੀ ਭੇਜ ਕੇ ਡਾ. ਸੋਹਣ ਲਾਲ ਸਿਰਸਾ ਦੇ ਹਸਪਤਾਲ ਵਿਚ ਦਾਖਲ ਕਰਵਾਇਆ। ਸੰਤ ਅਮਰ ਸਿੰਘ ਠਾਕੁਰ, ਸੰਤ ਉਤਮ ਸਿੰਘ ਗੁਰਪੀਰ, ਤੇਜਾ ਸਿੰਘ ਲਾਲੇਪੁਰ ਤੇ ਬੀਬੀ ਸਾਹਿਬ ਕੌਰ ਸੇਵਾ ਲਈ ਨਾਲ ਗਏ। ਸਿਰਸੇ ਸੰਤ ਜੀ ਦਾ ਇਕ ਪ੍ਰੇਮੀ, ਸੰਤ ਰੌਣਕ ਸਿੰਘ ਤੇ ਉਸਦੀ ਸੁਪਤਨੀ ਪ੍ਰੇਮੇਸਰੀ ਰਹਿੰਦੇ ਸਨ। ਉਨ੍ਹਾਂ ਦੀ ਭਾਵਨਾ ਸੀ ਕਿ ਸੰਤ ਉਨ੍ਹਾਂ ਦੀ ਗਊ ਦਾ ਦੁੱਧ ਛਕਣ ਕਿਉਂ ਜੁ ਜਦੋਂ ਉਹ ਮੰਡੀ ਲਾਧੂਕਾ ਰਹਿੰਦੇ ਸਨ ਤਾਂ ਸੰਤ ਜੀ ਨੇ ਇਕਰਾਰ ਕੀਤਾ ਸੀ ਕਿ ਤੁਹਾਡੀ ਗਊ ਸੂਏਗੀ ਤਾਂ ਉਸਦਾ ਦੁੱਧ ਪੀਆਂਗੇ। ਉਨ੍ਹਾਂ ਹਸਪਤਾਲ ਵਿਚ ਹੀ ਸੰਤ ਜੀ ਨੂੰ ਦੁੱਧ ਗਊ ਦਾ ਛਕਾਇਆ ਦੋ ਵੇਰ। ਅਖੀਰ ਇਹ ਮਹਾਂਤਪੱਸਵੀ, ਦਰਦਮੰਦਾਂ ਦੇ ਦਰਦੀ ਸਾਧੂ, ਸੰਤ ਆਲਾ ਸਿੰਘ 30 ਵੈਸਾਖ ਬਿ. 2016 ਨੂੰ ਦਿਨੇ 9 ਵਜੇ ਸਿਰਸਾ ਵਿਖੇ ਹੀ ਅਕਾਲ ਚਲਾਣਾ ਕਰ ਗਏ। ਸੰਤ ਨਗਰ ਵਿਖੇ ਸਸਕਾਰ ਹੋਇਆ। ਸਤਿਗੁਰੂ ਜੀ ਇਸ ਸਮੇਂ ਦੇਹ ਢਿੱਲੀ ਹੋਣ ਕਾਰਨ ਆ ਨਹੀਂ ਸਨ ਸਕਦੇ। ਬਾਬਾ ਜਗਜੀਤ ਸਿੰਘ ਜੀ ਸੰਤਾਂ ਦੇ ਡੇਰੇ ਤੇ ਪਰਚਾਵਣੀ ਲਈ

ਆਏ। ਉਨ੍ਹਾਂ ਦੱਸਿਆ ਕਿ ਜਦੋਂ ਉਹ ਸੰਤ ਜੀ ਦਾ ਚੜ੍ਹਨਾ ਸੁਣ ਕੇ ਭੈਣੀ ਸਾਹਿਬ ਪੁੱਜੇ, ਦਿੱਲੀ ਤੋਂ ਸਤਿਗੁਰੂ ਜੀ ਪਾਸ ਤਾਂ "ਸਤਿਗੁਰੂ ਜੀ ਸੰਤ ਜੀ ਨੂੰ ਯਾਦ ਕਰ ਹਉਕਾ ਭਰ ਕਿਹਾ ਸੀ, ਮੇਰਾ ਦਿਲ ਰਾਮ ਅੱਗੇ ਸੰਤਾਂ ਨੂੰ ਯਾਦ ਕਰ ਫਰਿਆਦ ਕਰਦਾ ਹੈ, ਫੇਰ ਕਦ ਮਿਲਣਗੇ ?" ਇਹ ਸਤਿਗੁਰੂ ਜੀ ਵੱਲੋਂ ਕੀਤੇ ਬਚਨ ਦੱਸਦਿਆਂ, ਬਾਬਾ ਜੀ ਦਾ ਆਪਣਾ ਭੀ ਗਲਾ ਰੁਕ ਗਿਆ ਤੇ ਅੱਖਾਂ 'ਚੋਂ ਅੱਥਰੂ ਬੇਬਹਾ ਕਿਰ ਪਏ ਤੇ ਬਾਬਾ ਜੀ ਕਿਹਾ-ਬੱਸ ਹੁਣ ਕੂਕਪੁਣੇ ਦੇ ਆਸ਼ਕਾਂ ਦੀ ਸਫ ਖਾਲੀ ਹੁੰਦੀ ਜਾ ਰਹੀ ਹੈ, ਪਤਾ ਨਹੀਂ ਨਵਾਂ ਪੋਚ ਕਿਹੋ ਜਿਹਾ ਹੋਵੇ।"[38] 11 ਜੇਠ ਨੂੰ ਸੰਤ ਨਗਰ ਵਿਖੇ ਭਾਰੀ ਸੰਗਤਾਂ ਦੇ ਇਕੱਠ ਵਿਚ ਬਾਬਾ ਜਗਜੀਤ ਸਿੰਘ ਜੀ ਦੀ ਹਾਜਰੀ ਵਿਚ ਸੰਤ ਜੀ ਨਮਿਤ 22 ਪਾਠਾਂ ਦੇ ਭੋਗ ਪਾ ਕੇ ਮੇਲਾ ਕੀਤਾ ਗਿਆ। ਸੰਤਾਂ ਦੇ ਸੇਵਕ ਹਰ ਸਾਲ ਸੰਤ ਨਗਰ ਵਿਚ 29-30 ਵੈਸਾਖ ਨੂੰ ਉਨ੍ਹਾਂ ਨਮਿਤ ਮੇਲਾ ਕਰਦੇ ਹਨ, ਜਿੱਥੇ ਜਿਹੇ ਸੰਤਾਂ ਦਾ ਡੇਰਾ ਸੀ ਉਹ ਅਸਥਾਨ ਅੱਜਕੱਲ੍ਹ ਸ੍ਰੀ ਪ੍ਰਤਾਪ ਮੰਦਰ, ਸੰਤ ਨਗਰ ਦੀ ਹੱਦ ਵਿਚ ਆ ਗਿਆ ਹੈ।

ਪ੍ਰਸਿੱਧ ਨਾਮਧਾਰੀ ਵਿਦਵਾਨ, ਨਾਮਧਾਰੀ ਦਰਬਾਰ ਦੇ ਪ੍ਰਧਾਨ ਰਹੇ ਮਾਸਟਰ ਨਿਹਾਲ ਸਿੰਘ ਜੀ ਵੀ ਦੇਸ ਬਟਵਾਰੇ ਤੋਂ ਬਾਅਦ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਸੰਤ ਨਗਰ/ਜੀਵਨ ਨਗਰ ਆ ਕੇ ਪਰਚੇ ਸਤਿਜੁਗ ਦੀ ਸੰਪਾਦਕੀ ਦੀ ਸੇਵਾ ਕਰਦੇ ਰਹੇ ਸਨ। ਉਹ ਰੋਜ਼ ਸੁਬਹਾ ਸ਼ਾਮ ਅਕਸਰ ਸੰਤਾਂ ਦੇ ਜਥੇ ਦੁਆਰਾ ਹੁੰਦੇ ਸ਼ਬਦ ਕੀਰਤਨ ਵਿਚ ਭਾਗ ਲੈਂਦੇ। ਉਹ ਆਪਣੇ ਸ਼ਬਦਾਂ ਵਿਚ ਸੰਤ ਜੀ ਦੇ ਇਸ ਜਥੇ ਦੀ ਇਕਜੁੱਟਤਾ ਅਤੇ ਸਮਰੂਪਤਾ ਦਾ ਵਰਣਨ ਸੁੰਦਰ ਸ਼ਬਦਾਂ ਵਿਚ ਕਰਦਿਆਂ, ਸੰਤ ਜੀ ਦੇ ਕਿਰਤੀ ਜੀਵਨ ਨੂੰ ਸਤਿਕਾਰਦਿਆਂ ਸੱਚੀ ਤੇ ਸੁੱਚੀ ਕਿਰਤ ਨੂੰ ਵਡਿਆਉਂਦੇ ਹਨ। ਸਤਿਗੁਰੂ ਰਾਮ ਸਿੰਘ ਜੀ ਵੀ ਆਪਣੇ ਹੁਕਮਨਾਮੇ ਵਿਚ ਲਿਖਦੇ ਹਨ ਕਿ (ਭੈਣੀ ਸਾਹਿਬ) ਡੇਰੇ ਵਿਚ ਕੋਈ ਵਿਹਲਾ ਨਾ ਰਹੇ।

"ਸੰਤਾਂ ਦੇ ਜਥੇ ਵਿਚ ਕਈ ਗੁਰਮੁਖ ਪਿਆਰੇ ਆਏ, ਕਈ ਗਏ ਪਰ ਬਾਬਾ ਫ਼ਰੀਦ ਜੀ, ਠਾਕੁਰ ਅਮਰ ਸਿੰਘ, ਬੀਬੀ ਸਾਹਿਬ ਕੌਰ ਇਕ ਪਰਵਾਰ ਵਾਂਗ ਦਿਨ ਬਤੀਤ ਕੀਤੇ। ਦੇਵ ਗਣਾਂ ਦਾ ਪਰਵਾਰ, ਨਿਰਕਪਟ, ਨਿਰਛਲ, ਸੁੱਚੇ ਮੋਤੀ ਭਾਵੇਂ ਦੁਨੀਆਂਦਾਰਾਂ ਦੀ ਨਿਗਾਹ ਵਿਚ ਇਹ ਭਗਤ ਟੋਲੀ ਜੱਟ, ਅਰੋੜੇ, ਘੁਮਾਰ ਅਤੇ ਸੁਨਿਆਰੇ ਨਜ਼ਰ ਆਉਂਦੇ ਸਨ ਪਰ ਪ੍ਰੇਮ ਵਿਚ ਰੰਗੇ, ਸਕਿਆਂ ਨਾਲੋਂ ਵੱਧ ਇਕ ਮਾਂ ਦੇ ਸ਼ੀਰ ਜਾਏ ਸਨ। ਘਰਾਂ ਵਿਚ ਕਈ ਵੇਰ ਉੱਨੀ ਇੱਕੀ ਹੋ ਜਾਂਦੀ ਹੈ, ਭਾਂਡੇ ਵੀ ਠਹਿਕ ਪੈਂਦੇ ਹਨ, ਪਰ ਇਸ ਘਰ ਵਿਚ ਕਲਯੁੱਗ ਨੂੰ ਪੈਰ ਧਰਨ ਦੀ ਜੁਰਅਤ ਨਾ ਪਈ। ਸਦਾ ਖੇੜਾ, ਚੜ੍ਹਦੀ ਕਲਾ, ਨਵੇਂ ਸੂਰਜ ਨਵੀਆਂ ਖੁਸ਼ੀਆਂ। ਸੰਤ ਖੇਤਾਂ ਵਿਚ ਕੰਮ ਕਰਦੇ, ਫਰੀਦ ਜੀ ਕਥਾ ਕੀਰਤਨ ਦਾ ਨਿਤਨੇਮ, ਸਾਹਿਬ ਕੌਰ ਲੰਗਰ ਵਿਚ ਸੇਵਾ ਕਰਦੇ, ਠਾਕੁਰ ਹਰ ਕੰਮ ਵਿਚ ਤਤਪਰ, ਪਰ ਨਾਮ ਬਾਣੀ ਸਭ ਦਾ ਕਿੱਤਾ, ਨੇਮ ਨਾਲ ਹਰ ਰੋਜ਼, ਬਾਰਾਂ ਮਹੀਨੇ, ਹਾੜ ਸਿਆਲ।

"ਮੇਰੀ ਸ਼ਰਧਾ ਸੰਤਾਂ ਤੇ ਉਸ ਸਮੇਂ ਵਧੀ, ਜਦ ਮੈਂ ਉਨ੍ਹਾਂ ਨੂੰ ਤੇੜ ਕਛਹਿਰਾ, ਸਿਰ ਤੇ ਪਰਨਾ, ਪੈਰੀਂ ਜੋੜਾ, ਮੋਢੇ ਤੇ ਕਹੀ, ਪੈਲੀਆਂ ਵਲੋਂ ਆਉਂਦਿਆਂ ਨੂੰ ਵੇਖਿਆ। ਮੇਰਾ

ਸਿਰ ਆਪੇ ਹੀ ਝੁਕ ਗਿਆ, ਕਿਉਂਕਿ ਮੇਰੇ ਵਿਚਾਰ ਮੁੱਢ ਤੋਂ ਇਹੋ ਰਹੇ ਹਨ ਕਿ ਦਸਾਂ ਨਹੁੰਆਂ ਦੀ ਕਿਰਤ ਦੇ ਨਾਲ ਨਾਲ, ਭਜਨ ਬਾਣੀ ਹੀ ਜੀਵਨ ਦਾ ਮਨੋਰਥ ਹੈ। ਵੈਸੇ ਭਜਨ, ਬੰਦਗੀ, ਸ਼ਬਦ ਕੀਰਤਨ ਚੰਗੇ ਗੁਣ ਹਨ ਪਰ ਜੇਕਰ ਗ੍ਰਹਿਸਤੀ ਜੀਵਨ ਬਿਤਾਉਂਦਿਆਂ, ਧਰਮ ਦਾ ਪਾਸਾ ਪਕੜੀ ਰੱਖੀਏ ਤਾਂ ਸੋਨੇ 'ਤੇ ਸੁਹਾਗੇ ਵਾਲਾ ਹਿਸਾਬ ਹੈ।"[39]

ਸੰਤ ਜੀ ਦੇ ਪਿੰਡ ਵਿਖੇ ਇਕ ਸੁਜਾਨ ਸਿੰਘ ਨਾਂ ਦਾ ਵਿਰਕਤ ਸਾਧੂ ਰਹਿੰਦਾ ਸੀ। ਲੰਗੋਟੀ ਰੱਖਦਾ ਸੀ ਅਤੇ ਪੈਰਾਂ ਵਿਚ ਪੁੱਠੇ ਪਊਏ ਪਾਉਂਦਾ ਸੀ। ਉਸਦੀ ਸੰਗਤ ਵਿਚੋਂ ਵੀ ਸੰਤ ਆਲਾ ਸਿੰਘ ਜੀ ਨੇ ਪ੍ਰਮਾਰਥ ਦੀਆਂ ਕਈ ਗੁੱਝੀਆਂ ਰਮਜਾਂ ਸਮਝੀਆਂ ਸਨ। ਸੰਤ ਜੀ ਦਾ ਪਿੰਡ ਵਰਨਾਂ ਦੇ ਇਕ ਮਿਸਤਰੀ ਸਿੰਘ ਦੇ ਲੜਕੇ ਦਾ ਹਲਕੇ ਕੁੱਤੇ ਦੇ ਕੱਟਣ ਤੋਂ ਉਹਨੂੰ ਰੋਗ ਮੁਕਤ ਕਰਨ ਦਾ ਪ੍ਰਸੰਗ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਉਪਦੇਸ਼ ਵਿਚ ਦਰਜ ਹੈ-

"ਇਕ ਰਾਮਗੜ੍ਹੀਆਂ ਦਾ ਲੜਕਾ ਵਰਨਾਂ ਵਿਚ ਸੰਤ ਆਲਾ ਸਿੰਘ ਜੀ ਉਨ੍ਹਾਂ ਦਿਨਾਂ 'ਚ ਕੀਰਤਨ ਕਰਦੇ ਹੁੰਦੇ ਸੀ, ਜਥੇ ਨਾਲ ਉਹਦੇ ਘਰ ਗਏ। ਉਹ ਘਰ ਲੈ ਗਿਆ। ਲੋਕਾਂ ਆਖਿਆ-ਤੇਰੇ ਪੁੱਤਰ ਨੂੰ ਵੱਢਿਆ ਹੈ ਹਲਕੇ ਕੁੱਤੇ ਨੇ, ਢੋਲਕ ਵਜਾਉਂਦੇ ਆਏ ਨੇ ਮੁੰਡਾ ਭਬਕ ਜਾਏਗਾ।

ਉਨ੍ਹਾਂ ਆਖਿਆ ਮੁੰਡਾ ਬੇਸ਼ਕ ਭਬਕ ਜਾਏ। ਲੱਗਾ ਦੀਵਾਨ। ਮੁੰਡਾ ਹਲਕ ਗਿਆ। ਓਹਨੇ ਚੁੱਕ ਕੇ ਮੁੰਡੇ ਨੂੰ ਪਾ ਕੇ ਜੱਫੀ ਦੀਵਾਨ ਦੇ ਵਿਚ ਲਿਜਾ ਕੇ ਸੁੱਟ ਦਿੱਤਾ। ਕੀਰਤਨ ਹੁੰਦਿਆਂ ਉਹਦਾ ਹਲਕ ਹਟ ਗਿਆ। ਇਹ ਕੋਈ ਪਿਛਲੀਆਂ ਗੱਲਾਂ ਨਹੀਂ ਜਿਹੜੀਆਂ ਸੌ ਵਰ੍ਹੇ ਦੀਆਂ ਹੋਣ। ਮਨ ਤਨ ਸਭ ਹੁੰਦਿਆਂ- ਮਨ ਦੇ ਰੋਗ ਵੀ, ਤਨ ਦੇ ਰੋਗ ਵੀ, ਸਭ ਟਾਲ ਦਿੰਦੇ ਹਨ ਸਤਿਗੁਰੂ, ਸਤਿਗੁਰੂ ਦੇ ਸਿੱਖ।[40]

ਇਸ ਤਰ੍ਹਾਂ ਸੰਤ ਜੀ ਆਪਣੇ ਸੰਪਰਕ ਵਿਚ ਆਉਣ ਵਾਲੇ ਦੀਨ ਦੁਖੀਆਂ ਦੇ ਦੁਖ ਵੀ ਦੂਰ ਕਰਦੇ ਸਨ। ਉਹ ਵਿਹਾਰਕ ਪੱਖ ਤੋਂ ਵੀ ਸਦਾ ਸਰਗਰਮ ਰਹਿੰਦੇ ਸਨ। ਰੋਜਾਨਾ ਖੇਤੀਬਾੜੀ ਦੀ ਕਿਰਤ, ਉਨ੍ਹਾਂ ਦੇ ਜੀਵਨ ਦਾ ਅੰਗ ਬਣ ਚੁੱਕੀ ਸੀ। ਉਨ੍ਹਾਂ ਨੇ 77 ਕੁ ਸਾਲ ਦੀ ਸਰਗਰਮ ਜ਼ਿੰਦਗੀ ਬਤੀਤ ਕੀਤੀ। ਸਤਿਗੁਰੂ ਰਾਮ ਸਿੰਘ ਜੀ ਦੀ ਦਿੱਤੀ ਸਿੱਖਿਆ ਸਵਦੇਸ਼ੀ ਦੇ ਪ੍ਰਚਾਰ ਪਰਸਾਰ ਨੂੰ, ਜੀਵਨ ਦਾ ਟੀਚਾ ਬਣਾਈ ਰੱਖਿਆ। ਉਨ੍ਹਾਂ ਦੇ ਦਰਸ਼ਨ ਅਤੇ ਬਚਨ ਬਿਲਾਸ, ਸੜਦੇ ਹਿਰਦਿਆਂ ਨੂੰ ਸ਼ਾਂਤ ਕਰਨ ਵਾਲੇ ਸਨ। ਉਹ ਇਕ ਕਿਰਤੀ ਸੰਤ ਦੇ ਤੌਰ ਤੇ ਜਾਣੇ ਜਾਂਦੇ ਰਹਿਣਗੇ। ਆਪਣੇ ਮੁਰਸ਼ਦ, ਸਤਿਗੁਰੂ ਪ੍ਰਤਾਪ ਸਿੰਘ ਨਾਲ ਉਨ੍ਹਾਂ ਦੀ ਇਕਸੁਰਤਾ ਮਿਸਾਲੀ ਹੋ ਨਿਬੜੀ।

## ਹਵਾਲੇ ਤੇ ਟਿੱਪਣੀਆਂ

1. ਮਾਲਵੇਂਦ੍ਰ-ਸੰਤ ਇੰਦਰ ਸਿੰਘ ਚੱਕਰਵਰਤੀ, ਸਫ਼ਾ 155
2. ਜੱਸ ਜੀਵਨ-ਭਾਗ ਪਹਿਲਾ, ਸੰਤ ਤਰਨ ਸਿੰਘ ਵਹਿਮੀ, ਪਹਿਲੀ ਛਾਪ, ਸਫ਼ਾ 249

3. ਸਤਿਗੁਰੂ ਬਿਲਾਸ-ਭਾਗ ਪਹਿਲਾ, ਸੰਤ ਸੰਤੋਖ ਸਿੰਘ ਬਾਹੋਵਾਲ, (ਸੰ. ਜਸਵਿੰਦਰ ਸਿੰਘ) ਸਫ਼ਾ 306
4. ਜੱਸ ਜੀਵਨ-ਭਾਗ ਪਹਿਲਾ, ਸਫ਼ਾ 249-51
5. ਉਹੀ, ਸਫ਼ਾ 251
6. ਰਤਨ ਮਾਲਾ, ਮਾਸਟਰ ਨਿਹਾਲ ਸਿੰਘ, ਸੰਤ ਆਲਾ ਸਿੰਘ ਬਾਰੇ ਲੇਖ, ਸਫਾ 72-73
7. ਜੱਸ ਜੀਵਨ-ਭਾਗ ਪਹਿਲਾ, ਸਫਾ 175
8. ਉਹੀ, ਸਫਾ 175-76
9. ਅੱਖੀਂ ਡਿੱਠਾ ਕਿੱਸਾ ਕੀਤਾ (ਜਥੇਦਾਰ ਗੁਰਮੁਖ ਸਿੰਘ ਝੱਬਰ ਦੀਆਂ ਯਾਦਾਂ ਦੇ ਝਰੋਖੇ ਚੋਂ) (ਸੰ. ਸੁਵਰਨ ਸਿੰਘ ਵਿਰਕ), ਸਫਾ 164-65
10. ਜੱਸ ਜੀਵਨ, ਭਾਗ ਪਹਿਲਾ ਸਫਾ 176
11. ਲਾਲ ਏਹਿ ਰਤਨ (ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪਵਿੱਤਰ ਉਪਦੇਸ਼)-ਭਾਗ 3, (ਸੰ. ਪ੍ਰਿੰ. ਬੇਅੰਤ ਕੌਰ) ਸਫਾ 348-49.
12. ਜੱਸ ਜੀਵਨ, ਭਾਗ ਪਹਿਲਾ, ਸਫਾ 177-78
13. ਉਹੀ, ਸਫ਼ਾ 195-97
14. ਉਹੀ, ਸਫ਼ਾ 201
15. ਉਹੀ, ਸਫ਼ਾ 245-46
16. ਉਹੀ, ਸਫ਼ਾ 273
17. ਅੱਖੀਂ ਡਿੱਠਾ ਕਿੱਸਾ, ਕੀਤਾ, ਸਫ਼ਾ 180
18. ਜੱਸ ਜੀਵਨ-ਭਾਗ ਪਹਿਲਾ, ਸਫਾ 277-84
19. ਜੱਸ ਜੀਵਨ-ਭਾਗ ਦੂਜਾ, ਸਫਾ 6-8
20. ਉਹੀ, ਸਫ਼ਾ 52-53
21. ਉਹੀ ਸਫ਼ਾ 63
22. ਉਹੀ, ਸਫਾ 179-81
23. ਜੱਸ ਜੀਵਨ-ਭਾਗ ਤੀਜਾ, ਸਫਾ 27-28
24. ਉਹੀ, ਸਫਾ 83
25. ਉਹੀ, ਸਫ਼ਾ 101-02
26. ਉਹੀ, ਸਫ਼ਾ 205-06
27. ਉਹੀ, ਸਫ਼ਾ 285-86
28. ਉਹੀ, ਸਫ਼ਾ 296
29. ਉਹੀ, ਸਫ਼ਾ 339
30. ਜੱਸ ਜੀਵਨ, ਭਾਗ ਚੌਥਾ, ਸਫਾ 21
31. ਉਹੀ, ਸਫਾ 34

32. ਉਹੀ, ਸਫਾ 87
33. ਉਹੀ, ਸਫਾ 187
34. ਉਹੀ, ਸਫ਼ਾ 224-25
35. ਉਹੀ, ਸਫ਼ਾ 227
36. ਜੱਸ ਜੀਵਨ, ਭਾਗ ਪੰਜਵਾਂ, ਸਫਾ 73
37. ਉਹੀ, ਸਫਾ 168-69
38. ਜੱਸ ਜੀਵਨ, ਭਾਗ ਛੇਵਾਂ, ਸਫਾ 340-43
39. ਰਤਨ ਮਾਲਾ, ਸਫਾ 76
40. ਲਾਲ ਏਹਿ ਰਤਨ, ਭਾਗ-3, ਸਫਾ 130-31

# ਸੂਰਮੇ ਸੁਭਾਅ ਵਾਲਾ ਜਥੇਦਾਰ ਬੰਤਾ ਸਿੰਘ ਬੂੜੇ ਡੱਲਾ

"ਚੇਤਰ ਚਾਲ ਹੈ ਨਿਆਰੀ ਇਕ ਪੰਥ ਨਾਮਧਾਰੀ,
ਸਿੰਘ ਹੋਇ ਬੇਸ਼ੁਮਾਰੀ, ਫਤੇ ਸਭ ਕੋ ਬੁਲਾਂਵਦੇ।
ਕੰਘਾ ਕੇਸ ਤੇ ਕ੍ਰਿਪਾਨ ਕੱਛ ਕੜਾ ਇਹ ਪਛਾਨ,
ਇਹੋ ਸਿੰਘਾਂ ਦੇ ਨਿਸ਼ਾਨ ਜੋ ਪਹਿਰਾਵਾ ਅੰਗ ਲਾਂਵਦੇ।
ਬੈਠ ਲਾਂਵਦੇ ਦੀਵਾਨ ਸਾਰਾ ਵੇਖਦਾ ਜਹਾਨ,
ਇਕ ਹੋਣ ਮਸਤਾਨੇ ਛੈਣੇ ਢੋਲਕੀ ਵਜਾਂਵਦੇ।
ਨਿਹਾਲ ਸਿੰਘ ਸਾਧ ਸੰਤ ਬੈਠ ਪੜ੍ਹਦੇ ਨੇ ਗ੍ਰੰਥ,
ਇਕ ਉੱਠ ਪਰਭਾਤੇ ਵਾਰ ਆਸਾ ਦੀ ਲਗਾਂਵਦੇ।"

—ਬਾਰਾਂਮਾਹ, ਸੰਤ ਨਿਹਾਲ ਸਿੰਘ ਜੀ

"ਵੱਜੇ ਢੋਲਕ ਛੈਣੇ ਖੜਕਣ,
ਹੱਲੇ ਦੇ ਸ਼ਬਦ ਕਲੇਜੇ ਰੜਕਣ,
ਬੀਬੀਆਂ ਵਾਂਗ ਕਬੂਤਰ ਫਟਕਣ,
ਕਰਦੀਆਂ ਨਿਰਤ ਪੈਰ ਨਹੀਂ ਅਟਕਣ,
ਖੁੱਲ੍ਹੇ ਕੇਸ ਗਲੇ ਵਿਚ ਲਟਕਣ, ਸੋਭਾ ਪਾਂਵਦੇ।"

—ਬਾਰਾਂਮਾਂਹਭਾਈ ਚੰਦਾ ਸਿੰਘ ਝੱਬਰਾਂ ਵਾਲੇ

ਕੂਕਾ ਲਹਿਰ ਦੇ ਪੰਜਾਬੀ ਸਾਹਿਤ ਵਿਚ ਉਨ੍ਹੀਵੀ ਸਦੀਂ ਦੇ ਨੌਵੇਂ ਦਹਾਕੇ ਵਿਚ ਰਚੇ ਗਏ, ਇਹਨਾਂ ਦੋਹਾਂ ਬਾਰਾਂ ਮਾਂਹਿਆਂ ਵਿਚ, ਕੂਕਾ ਜੀਵਨ ਜਾਚ ਅਤੇ ਨਾਮਧਾਰੀ ਸਤਿਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਅਤੇ ਉਹਨਾਂ ਤੋਂ ਵਰੋਸਾਏ, ਕੂਕੇ ਸਿੰਘਾਂ ਦੇ ਆਪਣੇ ਮੱਤ ਦੇ ਪਰਚਾਰ ਵਾਸਤੇ ਦੇਸ਼ਾ ਰਟਨ ਦਾ ਸਜੀਵ ਚਿਤਰਣ ਮਿਲਦਾ ਹੈ। ਬੇਸ਼ਕ ਸਤਿਗੁਰੂ ਰਾਮ ਸਿੰਘ ਜੀ ਤੋਂ ਹੀ ਨਾਮਧਾਰੀ ਪੰਥ ਵਿਚ, ਭਾਰਤੀ ਸ਼ਾਸਤਰੀ ਸੰਗੀਤ ਪਰੰਪਰਾ ਨਾਲ ਲੋਕ ਧੁਨਾਂ ਅਤੇ ਸ਼ੈਲੀ ਨੂੰ ਇਕ ਜੁਟ ਕਰਨ ਵਾਲੀ, ਗੁਰਮਤਿ ਸੰਗੀਤ ਪਰੰਪਰਾ ਦਾ ਵੀ ਉੱਚਾ ਸਥਾਨ ਹੈ ਪਰ ਲੋਕ ਸਾਜਾਂ ਛੈਣੇ, ਢੋਲਕੀ, ਖੜਤਾਲਾਂ ਅਤੇ ਬਾਅਦ ਵਿਚ ਆਏ ਹਾਰਮੋਨਿਅਮ ਵਾਜਿਆਂ ਨਾਲ, ਲੱਗਣ ਵਾਲੇ ਹੱਲੇ ਦੇ ਦੀਵਾਨਾਂ ਦਾ ਵੀ ਆਪਣਾ ਮਹੱਤਵ ਹੈ। ਨਾਮਧਾਰੀ ਦੀਵਾਨਾਂ ਵਿਚ ਹੱਲੇ ਦੇ ਦੀਵਾਨ ਆਪਣੀ ਮਿਸਾਲ ਆਪ ਗਿਣੇ ਜਾਂਦੇ ਹਨ। ਪਿੱਛਲੀ ਸਦੀ ਦਾ ਸਤਿਗੁਰੂ ਪਰਤਾਪ ਸਿੰਘ ਜੀ ਦਾ ਨਾਮਧਾਰੀ ਪੰਥ ਦਾ ਸਮਾਂ ਹੱਲੇ ਦੇ ਦੀਵਾਨ ਲਾਉਣ ਵਾਲੇ ਅਨੇਕਾਂ ਜਥੇਦਾਰਾਂ ਦੇ ਵੱਡੇ ਨਾਵਾਂ ਨਾਲ ਜੁੜਿਆ ਹੋਇਆ ਹੈ। ਉਸ ਸਮੇਂ ਦੀ ਇਕ ਵਿਸ਼ੇਸ਼ਤਾ ਇਹ ਵੀ ਸੀ ਕਿ ਪਿਛਲੀ ਸਦੀ ਦੇ ਪਹਿਲੇ ਅੱਧ ਵਿਚ ਕੌਮੀ ਮੁਕਤੀ ਅੰਦੋਲਨ ਦੇ ਜ਼ੋਰ ਫੜਨ ਤੇ ਇਸਦੀ ਕਾਟ ਕਰਨ ਲਈ, ਵੱਖ ਵੱਖ ਧਰਮਾਂ ਅਤੇ ਇਕੋ ਧਰਮ ਦੇ ਵੱਖ ਵੱਖ

ਫਿਰਕਿਆਂ ਵਿਚ, ਵਿੱਥਾਂ ਵਧਾਉਣ ਦਾ ਕੰਮ ਵੀ ਸਾਮਰਾਜੀ ਕੂਟ ਨੀਤੀ ਦੇ ਏਜੰਡੇ ਤੇ ਸੀ। ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਤੋਂ ਹੀ ਸਿੱਖ ਤਖਤਾਂ ਦੇ ਪੁਜਾਰੀਆਂ ਨੂੰ ਜੋ ਅੰਗਰੇਜ਼ਾਂ ਦੇ ਥਾਪੇ ਸਰਬਰਾਹ ਦੇ ਜ਼ੇਰ ਹੁੰਦੇ ਸਨ, ਨਾਮਧਾਰੀਆਂ ਵਿਰੁੱਧ ਫਤਵੇ ਜਾਰੀ ਕਰਵਾਕੇ ਵਰਤਿਆ। ਸਿੰਘ ਸਭਾ ਸੰਗਠਨਾਂ ਅਤੇ ਚੀਫ ਖਾਲਸਾ ਦੀਵਾਨ ਜਿਹੀਆਂ ਸਰਕਾਰ ਪ੍ਰਸਤ ਸੰਸਥਾਵਾਂ ਨੇ ਵੀ ਉਨੀਵੀਂ ਵੀਹਵੀਂ ਸਦੀ ਵਿਚ ਵਿਰਸੇ ਵਿਚ ਮਿਲੇ ਕੂਕਾ ਵਿਰੋਧ ਨੂੰ ਜਾਰੀ ਰੱਖਿਆ। ਇਸ ਲਈ ਪੰਜਾਬ ਦੇ ਕਈ ਇਲਾਕਿਆਂ ਵਿਚ, ਨਾਮਧਾਰੀ ਸਿੰਘਾਂ ਨੂੰ ਆਪਣੇ ਦੀਵਾਨ ਲਾਉਣ ਸਮੇਂ, ਵਿਘਨ ਪਾਉਣ ਵਾਲਿਆਂ ਨਾਲ ਡੰਡਾ ਸੋਟਾ ਵੀ ਕਰਨਾ ਪੈ ਜਾਂਦਾ ਸੀ। ਇਸ ਲਈ ਸਫਲ ਜਥੇਦਾਰ ਉਹੋ ਗਿਣਿਆਂ ਜਾਂਦਾ ਸੀ ਜਿਸ ਦੇ ਜੱਥੇ ਦੇ ਸ਼ਬਦੀ ਅਤੇ ਸਾਜੀ ਸਿੰਘ, ਲੋੜ ਪੈਣ ਤੇ ਡੰਗੋਰੀ ਵੀ ਫੇਰ ਸਕਦੇ ਸਨ। ਇਹੋ ਜਿਹਾ ਇਕ ਡਾਂਗ ਬਹਾਦਰ ਕੂਕਾ ਪਰਚਾਰਕ ਹੋਇਆ ਹੈ, ਜਥੇਦਾਰ ਬੰਤਾ ਸਿੰਘ ਬੂੜੇ ਡੱਲੀਆ। ਬੂੜਾ ਡੱਲਾ, ਵੰਡ ਤੋਂ ਪਹਿਲਾਂ ਦੇ ਕੋਟ ਨੈਣਾਂ ਥਾਣੇ ਦਾ ਜ਼ਿਲ੍ਹਾ ਗੁਰਦਾਸਪੁਰ ਦਾ ਪਿੰਡ ਸੀ ਜੋ ਬਟਵਾਰੇ ਬਾਦ ਪਾਕਿਸਤਾਨ ਵਿਚ ਚਲਾ ਗਿਆ ਸੀ ਕਿਉਂਕਿ ਇਹ ਵੀ ਗੁਰਦਾਸਪੁਰ ਦੀ ਸ਼ੱਕਰਗੜ੍ਹ ਤਹਿਸੀਲ ਦਾ ਪਿੰਡ ਸੀ ਜੋ ਸਾਰੀ ਤਹਿਸੀਲ ਪਾਕਿਸਤਾਨ ਵਿਚ ਚੱਲੀ ਗਈ ਸੀ।

ਸਾਡੇ ਬਹੁਤ ਸਾਰੇ ਹੋਰਨਾਂ ਮਹੱਤਵਪੂਰਨ ਨਾਮਧਾਰੀ ਸਿੰਘਾਂ ਜਿਉਂ ਜਥੇਦਾਰ ਬੰਤਾ ਸਿੰਘ ਦਾ ਜੀਵਨ ਵੀ ਕੁਝ ਸਮਾਂ ਲੋਕ ਸਿਮਰਤੀ ਵਿਚ ਜਿਊਂਕੇਂ ਚੇਤਿਆਂ 'ਚੋ ਔਝਲ ਹੋ ਜਾਂਦਾ ਜੇ ਜਥੇਦਾਰ ਸਾਹਿਬ ਦਾ ਇਕ ਚੇਲਾ, ਜਿਸ ਨੇ ਅਠਾਰਾਂ ਵਰ੍ਹੇ ਆਪ ਦੀ ਸੰਗਤ ਮਾਣੀ ਸੀ, ਸੰਤ ਅਮਰ ਸਿੰਘ ਵਾਸੀ ਵੇਰਕੇ ਵਾਲੇ, ਉਹਨਾਂ ਦੀਆਂ ਕੁਝ ਯਾਦਾਂ ਨੂੰ ਕਾਨੀਬੰਦ ਨਾਂ ਕਰ ਜਾਂਦੇ ਅਤੇ ਸੰਤ ਜੀ ਦੀ ਦੋਹਤੀ ਬੀਬੀ ਅਸਤਿੰਦਰ ਕੌਰ ਅਤੇ ਪਤੀ ਸ੍ਰ. ਹਰਦੇਵ ਸਿੰਘ ਸਪੁੱਤਰ ਸ੍ਰ. ਸੰਤ ਸਿੰਘ ਦਿੱਲੀ, ਇਸ ਨੂੰ ਦੋ ਭਾਗਾਂ ਵਿਚ ਪਰਕਾਸ਼ਿਤ ਨਾ ਕਰਵਾ ਦਿੰਦੇ। ਪਹਿਲੇ ਭਾਗ ਵਿਚ ਜਥੇਦਾਰ ਬੰਤਾ ਸਿੰਘ ਹੋਰਾਂ ਦੀ ਪੂਰੀ ਤੋਂ ਕੁਝ ਘੱਟ ਜੀਵਨੀ ਹੈ ਅਤੇ ਦੂਜੇ ਵਿਚ ਪਹਿਲਾ ਹਿੱਸਾ ਜਥੇਦਾਰ ਜੀ ਬਾਰੇ ਹੈ ਅਤੇ ਫਿਰ ਸੰਤ ਅਮਰ ਸਿੰਘ ਦਾ ਸਵੈ ਬਿਰਤਾਂਤ। ਮੈਂ ਪੁਸਤਕਾਂ ਦੇ ਮੂਲ ਲੇਖਕ ਅਤੇ ਛਪਵਾਉਣ ਵਾਲੇ ਦੰਪਤੀ ਪ੍ਰਤੀ ਕਿਰਤੱਗ ਹਾਂ ਜਿਸ ਕਾਰਨ ਅਜਿਹੇ ਸੂਰਬੀਰ, ਸੰਤ ਸਿਪਾਹੀ, ਕੂਕਾ ਪਰਚਾਰਕ ਬਾਰੇ ਸੰਖੇਪ ਜਾਣਕਾਰੀ ਦੇਣਾ ਸੰਭਵ ਹੋਇਆ ਹੈ।

ਜਥੇਦਾਰ ਜੀ ਦੇ ਪਿਤਾ ਸੁਚੇਤ ਸਿੰਘ ਦੇ ਦੋ ਵਿਆਹ ਸਨ। ਪਹਿਲੀ ਪਤਨੀ ਬੀਬੀ ਲੱਛਮੀ ਸੀ। ਇਸ ਵਿਚੋਂ ਆਸਾ ਸਿੰਘ ਅਤੇ ਮੂਲਾ ਸਿੰਘ ਦੋ ਪੁੱਤਰ ਹੋਏ। ਬੀਬੀ ਲੱਛਮੀ ਦੇ ਗੁਜ਼ਰਨ ਬਾਅਦ, ਦੂਜੀ ਸ਼ਾਦੀ ਡੇਹਰਾ ਬਾਬਾ ਨਾਨਕ ਦੇ ਲਾਗੇ ਹੀ ਪਿੰਡ ਸਾਧਾਂ ਵਾਲੀ ਦੀ ਬੀਬੀ, ਦੇਵੀ ਨਾਲ ਹੋਈ, ਇਸ ਮਾਤਾ ਵਿਚੋਂ ਤਿੰਨ ਪੁੱਤਰ ਹੋਏ। ਵੱਡਾ ਸੰਤਾ ਸਿੰਘ ਸੀ, ਇਹ ਪਹਿਲਵਾਨ ਸੀ। ਇਕ ਸੇਰ ਪੱਕਾ ਘਿਉ ਰੋਜ ਪੀਂਦਾ ਅਤੇ ਵੱਡੇ ਜੋੜਾਂ ਦੀਆਂ ਕੁਸ਼ਤੀਆਂ ਲੜਦਾ ਸੀ। ਇਹ ਮੱਲੋਕੇ (ਸਿਆਲਕੋਟ) ਵਿਚ ਵਿਆਹੇ ਗਏ ਜਿਸ ਪਿੰਡ ਦੇ ਸੂਬਾ ਹਰੀ ਸਿੰਘ ਸਨ। ਬੀਬੀ ਸ਼ਰੀਕੇ ਵਿਚੋਂ ਸੂਬਾ ਜੀ ਦੀ ਭੈਣ ਸੀ। ਸੰਤਾ ਸਿੰਘ ਦਾ ਪਰਿਵਾਰ ਓਟੂ ਹੈਡ ਦੇ ਨੇੜੇ ਪਿੰਡ ਕੋਟਲੀ (ਸਿਰਸਾ-ਹਰਿਆਣਾ) ਵਿਚ

ਆਬਾਦ ਹੈ। ਸੰਤਾ ਸਿੰਘ ਤੋਂ ਛੋਟੇ ਸਨ ਸੰਤ ਬੰਤਾ ਸਿੰਘ ਅਤੇ ਇਹਨਾਂ ਤੋਂ ਛੋਟਾ ਤੇਜਾ ਸਿੰਘ ਛੋਟੀ ਉਮਰ ਵਿਚ ਗੁਜਰ ਗਿਆ। ਸੰਤ ਬੰਤਾ ਸਿੰਘ ਦੀ ਸ਼ਾਦੀ ਚੀਮਾ (ਸਿਆਲਕੋਟ) ਪਿੰਡ ਦੀ ਬੀਬੀ ਤਾਰੋ ਨਾਲ ਹੋਈ। ਇਸ ਵਿਚੋਂ ਇਕੋ ਪੁੱਤਰੀ ਬਾਵੀ ਨਾਮ ਦੀ ਸੀ। ਬੀਬੀ ਬਾਵੀ ਦੀ ਸ਼ਾਦੀ ਚੰਦੋਵਾਲ (ਸਿਆਲਕੋਟ) ਦੇ ਸੰਤ ਗੰਗਾ ਸਿੰਘ ਜੋ ਸਰਦਾਰ ਤੇਜਾ ਸਿੰਘ ਮੈਂਬਰ, ਪੰਜਾਬ ਵਿਧਾਨ ਪਰਿਸ਼ਦ, ਸਿਰਸਾ ਸ਼ਹਿਰ ਵਿਖੇ ਵੰਡ ਬਾਦ ਰਹਿੰਦੇ ਸਨ, ਉਹਨਾਂ ਦੇ ਭਾਈ ਸਨ, ਦੇ ਪੁੱਤਰ ਊਧਮ ਸਿੰਘ ਨਾਲ ਹੋਈ। ਇਹ ਪਰਿਵਾਰ ਵੀ ਸਿਰਸਾ ਵਿਖੇ ਆ ਗਿਆ ਸੀ। ਜਥੇਦਾਰ ਜੀ ਦੇ ਪਿਤਾ, ਸੁਚੇਤ ਸਿੰਘ ਦਾ ਆਲੇ ਦੁਆਲੇ ਦੇ ਦਸ ਦਸ ਕੋਹ ਪਿੰਡਾਂ ਤਕ ਸ਼ਾਹੂਕਾਰਾ ਚਲਦਾ ਸੀ। ਪਿਤਾ ਮਰਨ ਬਾਦ ਸੰਤਾ ਸਿੰਘ ਤਾਂ ਚੀਨ ਚਲਾ ਗਿਆ। ਬੰਤਾ ਸਿੰਘ ਹੋਰੀਂ 'ਸਿਰ ਤੇ ਨਹੀਂ ਕੁੰਡਾ ਤੇ ਹਾਥੀ ਫਿਰੇ ਲੁੰਡਾ' ਵਾਲਾ ਸੁਭਾਉ ਵਰਤਣ ਲੱਗ ਪਏ। ਧਨ ਪਦਾਰਥ ਬਹੁਤ ਸੀ। ਦਸ ਬਾਰਾਂ ਯਾਰ ਬਾਸ਼, ਨਿੱਤ ਦਾ ਸ਼ਰਾਬੀ ਟੋਲਾ। ਰਾਤ ਨੂੰ ਹਲਵਾਈ ਦੀ ਦੁਕਾਨ ਤੋਂ ਦੁੱਧ ਜਲੇਬੀਆਂ ਸਭ ਨੇ ਛਕਣੀਆਂ। ਬਾਟੀਆਂ ਵਿਚ ਪਾ ਪਾ ਕੁੱਤਿਆਂ ਅੱਗੇ ਰੱਖ ਦੇਣੀਆਂ। ਲੋਕਾਂ ਕਹਿਣਾ—"ਬੰਤੂ ਦੀਆਂ ਜਲੇਬੀਆਂ ਤਾਂ ਕੁੱਤਿਆਂ ਕੋਲੋਂ ਨਹੀਂ ਮੁਕਦੀਆਂ।"

ਦੋ ਮੱਝਾਂ ਤੇ ਦੋ ਬਲਦ ਰੱਖ ਕੇ ਵਾਹੀ ਕਰਦੇ। ਗੁੜ ਘਰ ਦਾ ਹੁੰਦਾ। ਸ਼ਰਾਬ ਦੇ ਘੜੇ ਪਾਈ ਰੱਖਦੇ। ਸੰਤਾਂ ਦੀ ਮਾਤਾ ਦੇਵੀ ਇਸ ਚਾਲੇ ਤੋਂ ਬੜੀ ਤੰਗ ਹੋਈ। ਫੱਗਣ ਦੇ ਮਹੀਨੇ ਵਿਚ ਡੇਹਰਾ ਬਾਬਾ ਨਾਨਕ ਵਿਖੇ, ਚੋਲਾ ਸਾਹਿਬ ਦਾ ਮੇਲਾ ਲੱਗਦਾ ਸੀ। ਉੱਥੇ ਮਾਤਾ ਦੇਵੀ ਵੀ ਪਿੰਡ ਦੀਆਂ ਹੋਰ ਮਾਈਆਂ ਬੀਬੀਆਂ ਦੇ ਸੰਗ ਨਾਲ ਪੁੱਜੀ। ਰਾਵੀ ਦੇ ਕੰਢੇ ਤੇ ਕੂਕਿਆਂ ਦਾ ਪਰਸਿਧ ਪਿੰਡ ਠੇਠਰਕੇ (ਗੁਰਦਾਸਪੁਰ) ਸੀ। ਇਸ ਪਿੰਡ ਦੇ ਦੋ ਨਾਮਧਾਰੀ ਭਰਾ ਸਨ। ਵੱਡੇ ਖੇਮ ਸਿੰਘ ਜੋ ਢੋਲਕੀ ਛੈਣਿਆਂ ਨਾਲ, ਇਸ ਮੇਲੇ ਤੇ ਕੀਰਤਨ ਕਰ ਰਹੇ ਸਨ। ਉਹਨਾਂ ਤੋਂ ਛੋਟੇ ਕਰਮ ਸਿੰਘ ਪੈਰਾਂ ਨੂੰ ਘੁੰਗਰੂ ਬੰਨ੍ਹ ਕੇ ਨਿਰਤਕਾਰੀ ਕਰਦੇ ਸਨ। ਕੀਰਤਨ ਦੀ ਸਮਾਪਤੀ ਤੇ ਸੰਤਾਂ ਅੱਗੇ, ਮਾਈ ਦੇਵੀ ਨੇ ਵਿਗੜਦੇ ਜਾ ਰਹੇ ਪੁੱਤਰ ਬੰਤਾ ਸਿੰਘ ਨੂੰ ਕੋਈ ਮੋੜ ਪਾਉਣ ਲਈ ਬੇਨਤੀ ਕਰ ਦਿੱਤੀ। ਬੂੜੇ ਡੱਲੇ ਪਿੰਡ ਵਿਚ ਦਸ ਚੇਤਰ ਨੂੰ ਸਾਰੇ ਪਿੰਡ ਨੇ ਜੱਗ ਕਰਨਾ ਸੀ। ਮਾਈ ਦੀ ਅਰਜ਼ ਤੇ ਸੰਤ ਖੇਮ ਸਿੰਘ ਜੀ ਸ਼ਬਦ ਪੜ੍ਹਦੇ ਢੋਲਕੀ ਵਜਾਉਂਦੇ, ਮਾਈ ਦੇ ਘਰ ਆ ਗਏ ਨੌਂ ਚੇਤਰ ਦੀ ਸ਼ਾਮ ਨੂੰ। ਇਕ ਬੰਨੇ ਨਾਮਧਾਰੀ ਜਥੇ ਦਾ ਭਜਨ ਬਾਣੀ ਦੇ ਨਾਲ ਨਾਲ, ਲੰਗਰ ਸਜ ਰਿਹਾ ਸੀ। ਦੂਜੇ ਬੰਨੇ ਹਵੇਲੀ ਵਿਚ ਬੰਤਾ ਸਿੰਘ ਦੇ ਸੰਗੀ ਬੱਕਰੇ ਵੱਢ ਰਹੇ ਸਨ। ਦਾਰੂ ਚੱਲ ਰਿਹਾ ਸੀ। ਬੰਤਾ ਸਿੰਘ ਕੂਕੇ ਘਰ ਸੱਦਣ ਤੋਂ ਦੁਖੀ ਹੋਕੇ, ਘਰ ਨਾਂ ਆਇਆ। ਸਵੇਰੇ ਪਿੰਡ ਦੇ ਗੁਰਦੁਆਰੇ ਸੰਤਾਂ ਦਾ ਕੀਰਤਨ ਹੋਇਆ, ਨਿਰਤਕਾਰੀ ਹੋਈ। ਸਿੰਘ ਸਭੀਆਂ ਨੇ ਰੌਲਾ ਪਾ ਦਿੱਤਾ। ਮਾਤਾ ਦੇਵੀ ਦਲੇਰ ਬਣੀ। ਉਸਨੇ ਗਾਹਲਾਂ ਕੱਢਣ ਵਾਲੇ ਜੱਟ ਨੂੰ ਧੱਕਾ ਦੇ ਕੇ ਪਿਛਾਂਹ ਸੁੱਟ ਦਿੱਤਾ। ਜਦੋਂ ਉਸ ਨੇ ਉੱਠ ਕੇ ਮਾਈ ਨੂੰ ਧੱਕਾ ਮਾਰਨਾ ਚਾਹਿਆ ਤਾਂ ਬੰਤਾ ਸਿੰਘ ਦੀ ਪਾਰਟੀ ਦੇ ਕਾਦਰ ਬਖਸ਼ ਕਸ਼ਮੀਰੀ ਨੇ ਦੀਵਾਨ ਡੱਕਣ ਵਾਲਿਆਂ ਨੂੰ ਤਕੜੇ ਹੋ ਕੇ ਵਰਜਿਆ। ਫਿਰ ਸਿਆਣੇ ਲੋਕ ਪੈ ਗਏ। ਸੁਲਾਹ ਹੋ ਗਈ ਕਿ ਰਲ ਕੇ ਜੱਗ ਕਰੀਏ। ਸਿੰਘ ਸਭੀਏ ਗੁਰਦੁਆਰੇ ਦੇ ਅੰਦਰ ਕੀਰਤਨ ਕਰਨ। ਕੂਕੇ

ਬਾਹਰ ਕਰਨ। ਜਿਹਦਾ ਜੀ ਚਾਹੇ ਜਿਹਨੂੰ ਸੁਣੇ। ਸੰਤਾਂ ਦੇ ਦੀਵਾਨ ਦਾ ਐਸਾ ਰਸ ਬਣਿਆ ਸਾਰੀ ਸੰਗਤ ਉਹਨਾਂ ਵੱਲ ਆ ਗਈ। ਸੰਤਾਂ ਦਾ ਬਹੁਤ ਪ੍ਰਭਾਵ ਪਿਆ ਸਾਰੇ ਬੂੜੇ ਡੱਲੇ ਤੇ। ਚਾਰ ਦਿਨ ਦੀਵਾਨ ਸੰਤਾਂ ਲਾਏ। ਪੰਜਵੇਂ ਦਿਨ ਤੁਰਨ ਲੱਗੇ ਸੰਤਾਂ ਨੂੰ ਮਾਤਾ ਨੇ ਕਿਹਾ ਕਿ ਤੁਸਾਂ ਬੰਤੂ ਨੂੰ ਤੇ ਕੁਝ ਕਿਹਾ ਹੀ ਨਹੀਂ। ਉਸ ਤੇ ਅੱਜ ਵੀ ਦੋ ਬੱਕਰੇ ਵੱਢੇ ਹਨ। ਮਾਈ ਸੰਤਾਂ ਨੂੰ ਲੈ ਕੇ ਹਵੇਲੀ ਵਿਚ ਗਈ। ਸੰਤ ਜੀ ਨੇ ਕਿਹਾ, ਭਾਈ ਅਸੀਂ ਤੇ ਮਾਸ ਸ਼ਰਾਬ ਵਾਲੇ ਦੇ ਘਰੋਂ ਅੰਨ ਜਲ ਨਹੀਂ ਵਰਤਦੇ। ਸੋ ਜਾਂ ਸਾਡੀ ਗੱਲ ਮੰਨ ਜਾਂ ਅਸੀਂ ਹੁਣੇ ਨਿਕਲਦੇ ਹਾਂ ਬਿਨਾਂ ਲੰਗਰ ਛਕਿਆਂ।" ਬੰਤਾ ਸਿੰਘ ਨੇ ਕਿਹਾ 'ਜਿਵੇਂ ਮਰਜ਼ੀ ਕਰੋ। ਪਰ ਮਾਤਾ ਬਹੁਤ ਕਰੋਧਵਾਨ ਹੋਈ ਕਿ ਬੰਤੂ ਭੁੱਖੇ ਸਾਧੂਆਂ ਨੂੰ ਘਰੋਂ ਨਾਂ ਕੱਢ। ਸੰਤਾਂ ਦੀ ਗੱਲ ਮੰਨ ਲੈ ਤੇ ਛੱਡ ਦੇ ਇਹ ਨਰਕੀ ਜੀਵਨ। ਅਖੀਰ ਮਾਤਾ ਦੀ ਕਰੋਪੀ ਤੋਂ ਘਬਰਾ ਕੇ, ਬੰਤਾ ਸਿੰਘ ਹੋਰਾਂ ਇਕ ਮੀਲ ਤੋਂ ਸੰਤ ਖੇਮ ਸਿੰਘ ਦੀ ਘੋੜੀ ਦੀ ਵਾਗ ਜਾ ਫੜੀ। ਹੁਕਮ ਮੰਨਿਆ, ਭਜਨ ਲੈ ਲਿਆ। ਭਜਨ ਕਰਦਿਆਂ, ਕਰਦਿਆਂ, ਵਾਪਸ ਘਰ ਆਉਂਦਿਆਂ ਹੀ ਮਨ ਦੀ ਤਾਸੀਰ ਬਦਲ ਗਈ। ਸਾਧੂ ਦੀ ਸੰਗਤ ਆਪਣਾ ਕੰਮ ਕਰ ਗਈ ਸੀ। ਘਰ ਮੁੜਦਿਆਂ ਹਵੇਲੀ ਵਿਚ ਜਾ ਕੇ ਬੰਤਾ ਸਿੰਘ ਹੋਰਾਂ ਸ਼ਰਾਬੀ ਟੋਲੇ ਨੂੰ ਰੁਖਸਤ ਕਰ ਦਿੱਤਾ। ਹੁਣ ਉਹਨਾਂ ਦਾ ਨਿਤਕਰਮ ਅੰਮ੍ਰਿਤ ਵੇਲੇ ਦਾ ਇਸ਼ਨਾਨ, ਭਜਨ ਕਰਨਾ, ਬਾਣੀ ਪੜ੍ਹਨੀ, ਨਾਮਧਾਰੀ ਸੰਤਾਂ ਵਾਲਾ ਹੋ ਗਿਆ। ਲੋਕ ਵੀ ਹੁਣ ਬੰਤੂ ਬਦਮਾਸ਼ ਦੀ ਥਾਂ, ਸੰਤ ਬੰਤਾ ਸਿੰਘ ਕਹਿਣ ਲੱਗ ਪਏ।

ਪਿੰਡੋਂ ਬਾਹਰ ਦੋ ਸੌ ਏਕੜ ਰਕਬੇ ਵਿਚ, ਕਿੱਕਰਾਂ ਦਾ ਜੰਗਲ ਸੀ। ਆਮ ਲੋਕ ਉਧਰ ਨਹੀਂ ਸਨ ਆਉਂਦੇ। ਸੰਤ ਜੀ ਸਾਰਾ ਦਿਨ ਉੱਥੇ ਬਹਿਕੇ ਸਿਮਰਨ ਕਰਦੇ। ਬੈਲ ਵੇਚ ਦਿੱਤੇ। ਦੋ ਮੱਝਾਂ ਲਈ ਘਾਹ ਪੱਠਾ ਸ਼ਾਮ ਨੂੰ ਉਸ ਬੇਲੇ ਵਿਚੋਂ ਲੈ ਆਉਂਦੇ। ਹੁਣ ਐਸੀ ਬਿਰਤੀ ਹੋ ਗਈ ਕਿ ਮੰਜੇ ਤੇ ਸੌਣਾ ਛੱਡ ਕੇ, ਭੁੰਜੇ ਆਰਾਮ ਕਰ ਲਿਆ। ਦਿਨ ਰਾਤ ਬੰਦਗੀ ਕੀਤੀ। ਮਾਤਾ ਨੂੰ ਬੇਨਤੀ ਕਰਕੇ ਉਸਦੇ ਨਾਲ ਪਿੰਡੋਂ ਨਾਨਕੇ ਪਿੰਡ, ਸਾਧਾਂ ਵਾਲੀ, ਸੱਤ ਕੋਹ ਪੈਂਡਾ ਕਰਕੇ ਆਏ। ਅਗਲੇ ਦਿਨ ਡੇਹਰਾ ਬਾਬਾ ਨਾਨਕ ਤੋਂ ਟਾਂਗੇ ਤੇ ਬਟਾਲੇ, ਫਿਰ ਰੇਲ ਤੇ ਅੰਮ੍ਰਿਤਸਰ, ਲਾਹੌਰ, ਗੱਡੀਆਂ ਬਦਲਦੇ ਨਨਕਾਣੇ ਸਾਹਿਬ ਪੁੱਜੇ। ਗੁਰਧਾਮਾਂ ਦੀ ਯਾਤਰਾ ਕਰਕੇ, ਨਾਮਧਾਰੀ ਗੁਰਦੁਆਰੇ ਸੰਤ ਭਗਤ ਸਿੰਘ ਦਾਤੇ ਵਾਲੀਏ ਅਤੇ ਸੰਤ ਟਹਿਲ ਸਿੰਘ ਸੱਦੋਵਾਲੀਏ, ਗੁਰੂ ਹਰੀ ਸਿੰਘ ਜੀ ਤੋਂ ਵਰੋਸਾਏ, ਜਥੇਦਾਰਾਂ ਦਾ ਦੀਵਾਨ ਸੁਣਕੇ, ਨਿਹਾਲ ਹੋ ਗਏ। ਇਹ ਵਾਰੀ ਵਾਰੀ ਸ਼ਬਦ ਪੜ੍ਹਦੇ ਸੀ। ਬੰਤਾ ਸਿੰਘ ਹੋਰਾਂ ਨੂੰ ਇਹਨਾਂ ਦਾ ਕੀਰਤਨ ਸੁਣਕੇ ਹੀ ਕੀਰਤਨ ਕਰਨ ਦੀ ਚੇਟਕ ਲੱਗ ਗਈ। ਪਰ ਉਹ ਤਾਂ ਅਜੇ ਨਾ ਅਰਦਾਸ ਕਰਨਾ ਜਾਣਦੇ ਸਨ ਨਾ ਸਾਰੇ ਗੁਰੂਆਂ ਦੇ ਨਾਮ ਜਾਣਦੇ ਸਨ। ਸੋਨੇ ਤੇ ਸੁਹਾਗਾ ਉਦੋਂ ਹੋਇਆ ਜਦੋਂ ਰਾਤ ਨੂੰ ਸੰਤ ਸੁੰਦਰ ਸਿੰਘ ਜੀ ਪੂੰਗਾਂ ਵਾਲੇ, ਦੜਪ ਦੇ ਉੱਘੇ ਨਾਮਧਾਰੀ ਸੰਤ ਅਤੇ ਕੀਰਤਨੀਏ ਦਾ ਦੀਵਾਨ ਸੁਣਿਆ। ਬਹੁਤ ਸਿੰਘ ਸਿੰਘਣੀਆਂ ਇਸ ਦੀਵਾਨ ਵਿਚ ਮਸਤਾਨੇ ਹੋਏ।

ਆਦਿ ਗੁਰੂ ਨਾਨਕ ਦੇਵ ਜੀ ਦੇ ਪਰਕਾਸ਼ ਪੁਰਬ ਮੇਲੇ ਦਾ ਭੋਗ ਪੈ ਗਿਆ। ਮਾਤਾ

ਵਾਪਸ ਮੁੜਨ ਨੂੰ ਕਹਿੰਦੀ ਰਹੀ। ਬੰਤਾਂ ਸਿੰਘ ਕੱਲ ਚੱਲਾਂਗੇ ਕਹਿੰਦੇ, ਮਾਤਾ ਨੂੰ ਝਕਾਨੀ ਦੇ ਕੇ, ਅਣਡਿੱਠੇ ਰਾਹਾਂ ਤੇ ਚੱਲਦੇ ਚੱਲਦੇ, ਚੌਦਾਂ ਕੋਹ ਪੈਂਡਾ ਕਰਕੇ ਨਨਕਾਣਾ ਸਾਹਿਬ ਤੋਂ, ਪਾਣੀ ਦੇ ਵੱਡੇ ਵਗਦੇ ਖਾਲ ਦੇ ਨਾਲ, ਇਕ ਵੱਡੇ ਵਣ ਦੇ ਰੁੱਖ ਹੇਠ ਇਕਾਂਤ ਵਿਚ ਆਸਣ ਜਮਾਕੇ ਬੈਠ ਗਏ। ਇਹ ਜਾਂਗਲੀਆਂ ਮੁਸਲਮਾਨਾਂ ਦਾ ਪਿੰਡ ਸੀ ਜਿਸ ਦਾ ਨਾਂ ਕਾਵਾਂਵਾਲੀ ਸੀ। ਇਸਦੇ ਲਾਗੇ ਚਾਗੇ ਸ਼ੇਖੂਪੁਰਾ ਜ਼ਿਲ੍ਹਾ ਦੇ ਵਣੋਟਿਆਂ ਵਾਲੀ ਤੇ ਕੱਟਿਆਂ ਵਾਲੀ ਦੋ ਪਿੰਡ ਸਨ, ਜਿਹਨਾਂ ਵਿਚ ਨਾਮਧਾਰੀ ਸਿੱਖ ਵੀ ਵੱਸਦੇ ਸਨ। ਕੱਟਿਆਂ ਵਾਲੀ ਸਤਿਗੁਰੂ ਪਰਤਾਪ ਸਿੰਘ ਜੀ ਦੇ ਚੌਰ-ਬਰਦਾਰ, ਸੰਤ ਬਹਾਦਰ ਸਿੰਘ ਜੀ ਦਾ ਪਿੰਡ ਸੀ। ਇਸ ਵਣ ਹੇਠ ਬੈਠਿਆਂ ਤਿੰਨ ਮਹੀਨੇ ਖਾਲ ਵਿਚੋਂ ਜਲ ਛਕਕੇ ਕੱਢੇ ਤੇ ਬੰਦਗੀ ਕਰਨੀ। ਫਿਰ ਇਕ ਨਾਮਧਾਰੀ ਬਾਣੇ ਵਾਲਾ ਸਿੰਘ, ਦਾਲਾ ਤੇ ਦੋ ਪਰਸ਼ਾਦੇ ਛਕਾ ਕੇ ਅਲੋਪ ਹੋ ਗਿਆ ਤੇ ਪੌਣੇ ਤਿੰਨ ਸਾਲ ਹੋਰ ਇੱਥੇ ਬੈਠ ਕੇ ਬੰਦਗੀ ਕਰਨਾ ਕਹਿ ਗਿਆ। ਇਹ ਵੀ ਉਸ ਆਖਿਆ—"ਤੇਰੀ ਗੁੱਡੀ ਬੜੀ ਚੜ੍ਹੇਗੀ।" ਤਿੰਨ ਸਾਲ ਇਸੇ ਅਵਸਥਾ ਵਿਚ ਬਤੀਤ ਹੋਏ। ਫਿਰ ਵੱਡਾ ਭਰਾ ਚੀਨ ਵਿਚੋਂ ਮਾਤਾ ਦੀ ਚਿੱਠੀ ਪੜਕੇ ਆਇਆ ਕਿ ਬੰਤਾ ਸਿੰਘ ਨਹੀਂ ਲੱਭਦਾ। ਬਾਰ ਵਿਚ ਆਪਦੇ ਸ਼ਰੀਕੇ ਕਬੀਲੇ ਦੇ ਲੋਕ ਸਨ। ਇਕ ਦਿਨ ਉਹਨਾਂ ਦੀ ਨਜ਼ਰ ਪੈ ਗਈ। ਇਸ ਤਰ੍ਹਾਂ ਫਿਰ ਸੰਤਾ ਸਿੰਘ ਪਹਿਲਵਾਨ ਨਾਲ ਪੜਾਉ ਪੜਾਈ ਪਿੰਡ ਨੂੰ ਚੱਲ ਪਏ। ਰਸਤੇ ਵਿਚ ਉਹ ਇਕੋ ਰਾਗ ਜਪਦਾ ਜਾਏ ਕਿ ਸਾਡਾ ਪਿਉ ਸ਼ਾਹੂਕਾਰ ਤੇ ਤੂੰ ਸਾਧ ਬਣਕੇ ਕਿੱਡਾ ਮਾੜਾ ਕੰਮ ਕੀਤਾ ਹੈ। ਸੰਤ ਜੀ ਉਹ ਦੀਆਂ ਗੱਲਾਂ ਤੋਂ ਚਿੜ ਕੇ, ਉਹਨੂੰ ਝਕਾਨੀ ਦੇ ਕੇ, ਉਸ ਤੋਂ ਸਾਥ ਛੁਡਾ ਕੇ ਹੋਰ ਰਾਹੇ ਪੈ ਗਏ। ਰਾਹ ਵਿਚ ਨਾਮਧਾਰੀ ਸਿੰਘ ਮਿਲੇ ਤੇ ਉਹ ਆਪਣੇ ਡੇਰੇ ਲੈ ਗਏ। ਸੰਤਾਂ ਦਾ ਨਾਮ ਕਿਸ਼ਨ ਸਿੰਘ ਸੀ। ਉਹਨਾਂ ਦਾ ਪਿੰਡ ਤਤਲੇ ਸੀ, ਜ਼ਿਲ੍ਹਾ ਸਿਆਲਕੋਟ, ਬੜੇ ਭਜਨੀਕ ਅਤੇ ਗੁਰਬਾਣੀ ਦੇ ਵਿਦਵਾਨ ਸਨ। ਇੱਥੇ ਦਸ ਦਿਨ ਟਿਕੇ। ਸੰਤਾ ਨੇ ਕਿਹਾ ਹੁਣ ਤੁਸੀਂ ਮੰਜੇ ਤੇ ਸਉਂ ਸੱਕਦੇ ਹੋ। ਇਹ ਸੰਤ ਕਥਾ ਵੀ ਕਰਦੇ ਸਨ ਤੇ ਸ਼ਬਦ ਵੀ ਪੜ੍ਹਦੇ। ਸ਼ਬਦ ਦੀ ਵਿਆਖਿਆ ਵੀ ਕਰਦੇ। ਇਹਨਾਂ ਪਾਸੋ ਬੰਤਾ ਸਿੰਘ ਹੋਰਾਂ ਨੂੰ ਕੀਰਤਨ ਕਰਨ ਅਤੇ ਗੁਰਬਾਣੀ ਪਰਚਾਰ ਦੀ ਦਾਤ ਮਿਲ ਗਈ। ਮਾਨੋ ਹਨੇਰੀ ਕੋਠੜੀ ਵਿਚ ਦੀਵਾ ਜਗ ਪਿਆ। ਸੰਤਾਂ ਤੋਂ ਆਗਿਆ ਲੈ ਕੇ, ਬੂੜੇ ਡੱਲੇ ਆ ਕੇ ਤਿੰਨ ਸਾਲ ਬਾਦ ਮਾਤਾ ਦੇ ਦਰਸ਼ਨ ਕੀਤੇ ਪਰ ਹੁਣ ਦੁਨਿਆਵੀ ਕਾਰ ਵਿਹਾਰ ਵਾਲੀਆਂ ਨਾ ਮਾਤਾ ਤੇ ਨਾ ਭਾਈ ਦੀਆਂ ਗੱਲਾਂ, ਉਹਨਾਂ ਲਈ ਕੋਈ ਅਰਥ ਰੱਖਦੀਆਂ ਸਨ। ਪਿੰਡ ਦੇ ਲੋਕ, ਸ਼ਰਾਬੀ ਟੋਲੇ ਵੇਖਣ ਆਉਂਦੇ ਤੇ ਇਹ ਕਹਿੰਦੇ ਮੁੜ ਜਾਂਦੇ ਇਹ ਤੇ ਉਹ ਬੰਤਾ ਸਿੰਘ ਹੀ ਨਹੀਂ।

ਸੰਤ ਬੰਤਾ ਸਿੰਘ ਜੀ ਦਾ ਜਨਮ ਸੰਨ 1885-90 ਈ. ਅਨੁਮਾਨਿਤ ਹੈ ਅਤੇ ਆਪ 1910-11 ਈ. ਤੱਕ ਨਾਮਧਾਰੀ ਸਜ ਚੁੱਕੇ ਸਨ। ਸੰਨ 1913 ਈ. ਤੱਕ ਆਪ ਦੀਵਾਨ ਸਜਾਉਣ ਲੱਗ ਪਏ ਸਨ। ਜਦੋਂ ਤਤਲੇ ਵਾਲਿਆਂ ਪਾਸੋ ਹੋ ਕੇ ਆਪ ਪਿੰਡ ਆਏ ਹੀ ਸਨ ਤਾਂ ਆਪ ਨੂੰ ਪਤਾ ਲੱਗਾ ਕਿ ਇਕ ਨਗੁਰਾ ਬੰਦਾ, ਕੋਠੜੀ ਦਾ ਕੁੰਡਾ

ਮਾਰ ਕੇ, ਚਾਲੀ ਦਿਨ ਨਾ ਕੁਝ ਖਾਣ-ਪੀਣ, ਨਾਂ ਕਿਸੇ ਦੇ ਮੱਥੇ ਲੱਗਣ ਦਾ, ਛਿਲਾ ਕੱਟ ਰਿਹਾ ਹੈ। ਇਹ ਬੰਦਾ ਸੀ ਅਤਰ ਸਿੰਘ। ਇਸ ਦਾ ਪਿੰਡ ਸੰਭੜਿਆਲ (ਸਿਆਲ ਕੋਟ) ਸੀ, ਪਰ ਇਸ ਸਮੇਂ ਆਪਣੀ ਨਾਨੀ ਪਾਸ ਛੰਨੀਆਂ ਪਿੰਡ ਵਿਚ ਆਇਆ ਹੋਇਆ ਸੀ। ਇਹ ਤਿੰਨਾਂ ਵਿਚੋਂ ਵਿਚਕਾਰਲਾ ਭਰਾ ਸੀ। ਵੱਡਾ ਮਿੱਤ ਸਿੰਘ ਜੁਆਰੀਆ ਸੀ ਤੇ ਛੋਟਾ ਚਤਰ ਸਿੰਘ ਚੋਰ ਸੀ। ਇਸ ਅਤਰ ਸਿੰਘ ਤੇ ਸੰਤ ਬੰਤਾ ਸਿੰਘ ਦੀ ਕਿਰਪਾ ਹੋ ਗਈ। ਸੰਤ ਜੀ ਨੇ ਉਸਨੂੰ ਭਜਨ ਦੱਸਿਆ ਅਤੇ ਆਪਣੇ ਨਾਲ ਹੀ ਬੂੜੇ ਡੱਲੇ ਲੈ ਆਏ। ਸੰਤ ਬੰਤਾ ਸਿੰਘ ਦੇ ਚਾਚੇ ਦਾ ਪੁੱਤ ਚੰਦਾ ਸਿੰਘ, ਥੋੜੀ ਬਹੁਤ ਢੋਲਕੀ ਵਜਾਉਣੀ ਜਾਣਦਾ ਸੀ। ਰੋਜ਼ ਸ਼ਬਦ ਪੜ੍ਹਨ ਲੱਗੇ। ਹੌਲੇ ਹੌਲੇ ਕਥਾ ਵੀ ਕਰਨ ਲੱਗੇ। ਇਸ ਤਰ੍ਹਾਂ ਚਾਰ ਕੁ ਮੁੰਡੇ ਹੋਰ ਰਲੇ, ਫਿਰ ਹੋਰ ਰਲੇ ਤੇ ਸੰਤਾਂ ਦਾ ਜਥਾ ਬਣ ਗਿਆ। ਪਿੰਡੋਂ ਨਿਕਲੇ, ਇਕ ਢੋਲਕੀ ਤੇ ਤਿੰਨ ਛੈਣਿਆਂ ਵਾਲਿਆਂ ਦੀਆਂ ਜੋੜੀਆਂ ਸਨ। ਪਹਿਲਾ ਪੜਾਅ ਸਤਿਗੁਰੂ ਰਾਮ ਸਿੰਘ ਜੀ ਤੋਂ ਵਰੋਸਾਏ, ਬਾਬਾ ਬਲੀ ਸਿੰਘ ਕਿਆਮਪੁਰੀਏ ਦੇ ਘਰ ਕੀਤਾ। ਇੱਥੋਂ ਕੀਰਤਨ ਸ਼ੁਰੂ ਕੀਤਾ ਅਤੇ ਨਾਮਧਾਰੀ ਪੰਥ ਦਾ ਪਰਚਾਰ ਵੀ ਨਾਰੋਵਾਲ ਦੇ ਲਾਗੇ ਚੰਦੋਂਵਾਲ ਰਹੇ। ਪੱਖੋ ਦੇ ਵਿਚ ਟਿਕੇ। ਬਾਰਾ ਦਿਨ ਫਿਰ ਵਿਦਿਆ ਗੁਰੂ, ਸੰਤ ਕਿਸ਼ਨ ਸਿੰਘ ਪਾਸ, ਤਤਲੇ ਡੇਰਾ ਲਾਇਆ। ਸੰਤਾਂ ਨੇ ਅਰਥ ਬੋਧ ਕਰਵਾਇਆ ਅਤੇ ਭਗਤ ਮਾਲਾ ਤੇ ਸੁੰਦਰ ਗੁਟਕਾ ਬਖਸ਼ਿਆ। ਫਿਰ ਮੱਲੋਕੀ ਪਿੰਡ ਤੋਂ ਹਰੀ ਸਿੰਘ ਚਿਮਟੇ ਵਾਲਾ ਅਤੇ ਨਰਾਇਣ ਸਿੰਘ ਢੋਲਕੀ ਵਾਲਾ ਨਾਲ ਰਲ ਗਏ। ਹਰੀ ਸਿੰਘ ਜਥੇ ਦਾ ਲਾਂਗਰੀ ਬਣ ਗਿਆ।

45 ਚੱਕ ਸਰਗੋਧੇ ਵਿਚ ਚਾਰ ਘਰ ਅਰੋੜੇ ਸਿੰਘਾਂ ਦੇ ਸੀ। ਉਹਨਾਂ ਰਸਦ ਲਿਆ ਦਿੱਤੀ। ਲੰਗਰ ਕੀਤਾ। ਦੀਵਾਨ ਸਜਾਏ। ਇਸ ਪਿੰਡ ਦੇ ਸ੍ਰ. ਬੁੱਢਾ ਸਿੰਘ ਲੰਬੜਦਾਰ ਨੇ, ਪਰਿਵਾਰ ਸਮੇਤ ਅੰਮ੍ਰਿਤ ਛਕ ਕੇ, ਨਾਮਧਾਰੀ ਸੰਗਤ ਵਿਚ ਪਰਵੇਸ਼ ਕੀਤਾ। ਇਉਂ ਜਥੇਦਾਰ ਬੰਤਾ ਸਿੰਘ ਜੀ ਬੂੜੇ ਡੱਲੇ ਵਾਲੇ ਪੰਥਕ ਪਰਚਾਰ ਵਿਚ ਸਰਗਰਮ ਹੋ ਗਏ ਸਨ। ਇਕ ਮਹੀਨਾ 45 ਚੱਕ ਰਹਿ ਕੇ, ਮਾਝੇ ਵਿਚ ਭੋਲੇ ਵਾਲੀ ਪਿੰਡ ਦੇ ਸਿੰਘਾਂ ਨੂੰ ਕੂਕੇ ਬਣਾਇਆ। ਭਗਵਾਨ ਸਿੰਘ, ਕੇਸਰ ਸਿੰਘ ਭੋਲੇਵਾਲੀ ਦੇ ਦੋ ਸਿਖ ਆਪ ਦੇ ਜਥੇ ਵਿਚ ਸ਼ਾਮਲ ਹੋ ਗਏ। ਗੌਰੇ ਨੰਗਲ (ਅੰਮ੍ਰਿਤਸਰ) ਦੇ ਹਜਾਰਾ ਸਿੰਘ ਮਾਫ਼ੀ ਨੂੰ ਭਜਨ ਦੱਸਿਆ। ਉਹ ਦੋ ਸਾਲ ਆਪ ਦੇ ਜਥੇ ਵਿਚ ਢੋਲਕੀ ਵਜਾਉਂਦਾ ਰਿਹਾ। ਅਤਰ ਸਿੰਘ ਨੂੰ ਅੰਮ੍ਰਿਤਸਰੋਂ ਖੜਤਾਲਾਂ ਬਣਵਾ ਦਿਤੀਆਂ। ਕੇਸਰ ਸਿੰਘ ਭੋਲੇਵਾਲੀ ਜਥੇ ਵਿਚ ਢੋਲਕੀ ਵਜਾਉਣ ਲੱਗਾ ਅਤੇ ਭਗਵਾਨ ਸਿੰਘ ਨੇ ਸੰਤਾਂ ਦੇ ਕੋਲ ਸਾਰੀ ਉਮਰ ਲੰਗਰ ਜਾਂ ਘੋੜਿਆਂ ਦੀ ਸੇਵਾ ਵਿਚ ਬਿਤਾਈ। ਕਿਸ਼ਨ ਸਿੰਘ, ਸੰਤ ਬਹਾਦਰ ਸਿੰਘ ਦਾ ਛੋਟਾ ਭਰਾ ਲਾਲ ਸਿੰਘ ਕੱਟਿਆਂ ਵਾਲੀ ਤੇ ਬਹਾਦਰ ਸਿੰਘ ਕਾਲਮ ਨੰਗਲ ਦਾ ਮਿਹਰ ਸਿੰਘ ਕਾਰੀਗਰ ਬੂੜਾ ਜਰਮੀਆਂ ਵੀ ਸੰਤਾਂ ਦੇ ਜਥੇ ਵਿਚ ਆ ਰਲੇ ਤੇ ਜਥਾ ਦਿਨੋ ਦਿਨ ਸਵਾਇਆ ਹੁੰਦਾ ਗਿਆ। ਤਰਨਤਾਰਨ ਨਾਮਧਾਰੀ ਬੁੰਗੇ ਵਿਚ, ਸੰਤਾਂ ਦਾ ਦੀਵਾਨ ਸੁਣਦਾ ਸੁਣਦਾ ਵੇਰਕਾ ਪਿੰਡ ਦਾ ਯਤੀਮ ਬੱਚਾ, ਜੋ 9-10 ਸਾਲ ਦਾ ਹੀ ਸੀ ਕਾਕਾ ਅਮਰ ਸਿੰਘ, ਸੰਤਾਂ ਦੀ ਐਸੀ ਕੀਲ ਵਿਚ ਆਇਆ ਕਿ ਫਿਰ ਪੂਰੇ 19 ਸਾਲ ਉਸ ਆਪ ਦੇ ਜਥੇ

ਵਿਚ ਹੀ ਕੀਰਤਨ ਕਰਦਿਆਂ ਬਤੀਤ ਕੀਤੇ। ਇਹੋ ਅਮਰ ਸਿੰਘ ਬਾਅਦ ਵਿਚ ਸੰਤਾਂ ਦੀ ਜੀਵਨ ਕਥਾ ਨੂੰ ਲਿਖਤੀ ਰੂਪ ਦੇਣ ਦਾ ਵੱਡਾ ਕਾਰਜ ਕਰ ਗਿਆ। ਜਦੋਂ ਭੁਜੰਗੀ ਅਮਰ ਸਿੰਘ ਤੋਂ ਸੰਤਾਂ ਉਸ ਦਾ ਥਾਂ-ਥਿੱਤਾ, ਘਰ-ਘਾਟ, ਦਰਿਆਫਤ ਕੀਤਾ ਤਾਂ ਉਸਦਾ ਜੁਆਬ ਸੀ ਕਿ ਪਿੰਡ ਤਾਂ ਵੇਰਕਾ ਹੈ ਅੰਮ੍ਰਿਤਸਰ ਵਿਚ, ਮਾਪੇ ਮਰ ਚੁੱਕੇ ਹਨ ਅਤੇ ਹੁਣ ਤੁਸੀਂ ਹੀ ਮੇਰੇ ਮਾਈ ਬਾਪ ਹੋ। ਸੰਤਾਂ ਨੇ ਕਿਹਾ ਠੀਕ ਹੈ ਤੂੰ ਸਾਨੂੰ ਪੁੱਤਰ ਬਣ ਕੇ ਵਿਖਾਈਂ ਅਸੀਂ ਬਾਪ ਬਣਕੇ ਵਿਖਾਵਾਂਗੇ। ਤੇ ਦੋਹਾਂ ਧਿਰਾਂ ਵੱਲੋਂ ਵਧੀਆ ਨਿਭੀ। ਸੰਤ ਜੀ ਨੇ ਇਸ ਅਮਰ ਸਿੰਘ ਨੂੰ ਕਠਿਨ ਪ੍ਰੀਖਿਆ ਵਿਚੋਂ ਲੰਘਾਇਆ। ਆਉਂਦੇ ਦੀ ਸਰੀਰਕ ਸੇਵਾ ਕਰਵਾਕੇ, ਚੰਗੇ ਬਸਤਰ ਪੁਆਏ। ਫਿਰ ਇਕ ਸਿੰਘ ਨੂੰ ਇਸ ਦੀ ਸੰਭਾਲ ਸਉਂਪ ਦਿੱਤੀ ਕਿ ਰੋਜ਼ ਮਾਲਸ਼ ਵੀ ਇਸ ਨੂੰ ਕਰ ਅਤੇ ਬਦਾਮ, ਮੱਖਣ ਵੀ ਛਕਾਉ। ਇਉਂ ਦਿਨਾਂ ਵਿਚ ਹੀ ਗੱਭਰੂ ਹੋ ਗਿਆ। ਇਹ ਵੀ ਜਥੇ ਦਾ ਢੁਲਕਈਆ ਬਣ ਗਿਆ। ਅੜੇ ਥੁੜੇ ਵੇਲੇ ਜੋ ਕੰਮ ਜ਼ਿੰਮੇ ਲੱਗਦਾ ਉਹ ਨਿਬਾਹੁੰਦਾ। ਡਾਂਗ ਵਾਹੁਣ ਵਿਚ ਵੀ ਹੁਸ਼ਿਆਰ ਸੀ। ਇਹ ਉਦੋਂ ਰਲਿਆ ਹੀ ਸੀ ਜਦੋਂ 1913 ਈ. ਦੇ ਲਾਗੇ ਚਾਂਗੇ ਸੰਤਾਂ ਨੇ ਸ਼ੇਖੂਪੁਰੇ ਦੇ ਇਲਾਕੇ ਵਿਚ, ਜਗੀਰ ਪੁਰ ਤੋਂ ਹੋ ਕੇ, ਮਦਾਰ ਤਿੰਨ ਦਿਨ ਦੀਵਾਨ ਲਾਏ। ਪੰਡਿਤ ਮਿਸ਼ਰਾ ਸਿੰਘ ਮਦਾਰ ਇੱਥੇ ਪੁਰਾਤਨ ਨਾਮਧਾਰੀ ਸਾਧੂ ਸਨ, ਜਿਹਨਾਂ ਦੀ ਬਹੁਤ ਮਹਿਮਾ ਸੀ। ਸਤਿਗੁਰੂ ਰਾਮ ਸਿੰਘ ਜੀ, ਗੁਰੂ ਹਰੀ ਸਿੰਘ ਜੀ ਤੋਂ ਵਰੋਸਾਏ ਬਜ਼ੁਰਗਾਂ ਦੇ ਦਰਸ਼ਨ-ਦੀਦਾਰਿਆਂ ਨਾਲ, ਬੰਤਾ ਸਿੰਘ ਹੋਰਾਂ ਦਾ ਨਾਮਧਾਰੀ ਪੁਣਾ ਪੂਰੇ ਵਿਗਾਸ ਵਿਚ ਆ ਗਿਆ। ਸਾਰੀਆਂ ਗਰਮੀਆਂ ਸੰਤਾਂ ਨੇ ਗੁਜਰਾਂ ਵਾਲੇ ਜ਼ਿਲ੍ਹੇ ਅਤੇ ਆਸ ਪਾਸ ਦੌਰਾ ਕੀਤਾ। ਸਿਆਲ ਚੜ੍ਹਦੇ ਜਿਹਲਮ ਜ਼ਿਲ੍ਹੇ ਦੀਆਂ ਸੰਗਤਾਂ ਨੂੰ ਭਾਗ ਲਾਏ। ਫਿਰ ਆਪਣੇ ਜ਼ਿਲ੍ਹੇ ਗੁਰਦਾਸਪੁਰ ਵਿੱਚ ਮੱਦੋਤਾਲੇ ਪਿੰਡ ਵਿੱਚ ਕਈ ਦੀਵਾਨ ਲਾਏ। ਸਿੰਘਾਂ ਦੀਆਂ ਜਰਮੀਆਂ ਦੇ ਭਾਈ ਬਲੀ ਸਿੰਘ, ਚਾਨਣ ਸਿੰਘ ਦੀ ਬੇਨਤੀ ਤੇ ਉਹਨਾਂ ਦੇ ਪਿੰਡ ਪੁੱਜੇ। ਜਰਮੀਆਂ ਨਾਂ ਦੇ ਤਿੰਨ ਪਿੰਡ ਹਨ, ਸਿੰਘਾਂ ਜਰਮੀਆਂ ਵਿਚਲੀਆਂ ਜਰਮੀਆਂ ਤੇ ਝੰਡੇ ਜਰਮੀਆਂ। ਤਿੰਨਾਂ ਪਿੰਡਾਂ ਦੇ ਲਾਗੇ ਹੀ ਇਕ ਨਦੀ ਵਗਦੀ ਹੈ। ਇੱਥੋਂ ਬੂੜਾ ਡੱਲਾ ਸੰਤਾਂ ਦਾ ਪਿੰਡ ਦੋ ਕੋਹ ਹੈ। ਪੈਲੀਆਂ ਦੀਆਂ ਹੱਦਾਂ ਤਿੰਨਾਂ ਪਿੰਡਾਂ ਦੀਆਂ ਬੂੜੇ ਡੱਲੇ ਦੀ ਜੂਹ ਨਾਲ ਲੱਗ ਜਾਂਦੀਆਂ ਸਨ। ਤਿੰਨਾਂ ਜਰਮੀਆਂ ਦੀ ਜ਼ਮੀਨ ਵਿਚ ਬਾਬਾ ਜੈਮਲ ਸਿੰਘ ਚੂੜੀਆਂ ਵਾਲੇ ਦਾ ਗੁਰਦੁਆਰਾ ਸੀ। ਇਹ ਬਾਬਾ ਖੱਬੀ ਬਾਹ ਵਿਚ ਲੋਹੇ ਦੀਆਂ ਚੂੜੀਆਂ ਪਾਈ ਰੱਖਦਾ ਸੀ। ਜਦੋਂ ਬਾਬਾ ਇੱਥੇ ਆਇਆ ਉਸਦੇ ਪੰਦਰਾਂ ਚੇਲੇ, ਇਕ ਪੁੱਤਰੀ, ਪਤਨੀ ਤੇ 25-26 ਗਊਆਂ ਸਨ। ਸਾਂਝੀਆਂ ਜੂਹਾਂ ਹੋਣ ਕਾਰਨ ਅਕਸਰ ਗੁਆਂਢੀ ਪਿੰਡ ਲੜਦੇ ਰਹਿੰਦੇ ਸਨ। ਬਾਬੇ ਨੇ ਅੱਧੋ ਅੱਧ ਪੈਲੀ ਵਾਹੁਣ ਲਈ ਕਹਿ ਕੇ ਝਗੜਾ ਮੁਕਾ ਦਿੱਤਾ। ਇਸ ਤੇ ਤਿੰਨਾਂ ਪਿੰਡਾਂ ਨੇ ਵੀ ਬਾਬੇ ਨੂੰ ਸੰਕਟ ਮੋਚਕ ਸਮਝ ਕੇ, ਇੱਥੇ ਹੀ ਦੋ ਮੁਰੱਬੇ ਜ਼ਮੀਨ ਦੇ ਕੇ ਟਿਕਾ ਲਿਆ। ਜਿਸ ਵਿਚ ਉਹਨਾ ਗੁਰਦੁਆਰਾ ਪਾ ਲਿਆ। ਇਹ ਸਮਾਂ ਪੰਜਾਬ ਵਿਚ ਨਹਿਰਾਂ ਆਉਣ ਤੋਂ ਰਤਾ ਪਹਿਲਾਂ ਦਾ ਹੈ, ਜਦੋਂ ਕਿਸਾਨ ਭਾਈਚਾਰਾ, ਬੰਜਰ, ਕਲਰਾਠੀਆਂ ਜ਼ਮੀਨਾਂ ਦੀ ਬਹੁਤੀ ਕਦਰ ਨਹੀਂ ਸੀ ਕਰਦਾ। ਬਾਬਾ ਚੂੜੀਆਂ ਵਾਲਾ ਦਸ ਕੁ ਸਾਲ, ਗੁਰਦੁਆਰਾ ਬਣਨ ਬਾਦ

ਇੱਥੇ ਵੱਸਿਆ, ਫਿਰ ਉਹ ਤੇ ਪਰਿਵਾਰ ਦੇ ਬਾਕੀ ਦੋਵੇਂ ਜੀਅ ਤਿੰਨਾਂ ਸਾਲਾਂ ਵਿਚ ਹੀ ਪੂਰੇ ਹੋ ਗਏ। ਬਾਬੇ ਦੇ ਚੇਲੇ ਸ਼ਰਾਬੀ ਨਿਕਲੇ। ਫਿਰ ਡੇਰੇ ਦਾ ਕਬਜ਼ਾ, ਮਹੰਤ ਰਾਘੋਦਾਸ ਪਾਸ ਆ ਗਿਆ। ਰਾਘੋਦਾਸ, ਰਾਮਦਾਸ ਗੁਰਦੁਆਰੇ ਦਾ ਮਹੰਤ ਸੀ, ਇਸ ਪਾਸੋਂ ਕਿਸੇ ਵਲ ਫੇਰ ਵਿਚ, ਇਹ ਗੁਰਦੁਆਰਾ ਮਹੰਤ ਕਿਰਪਾ ਸਿੰਘ ਸਤਲਾਣੀ ਸਾਹਿਬ (ਅੰਮ੍ਰਿਤਸਰ) ਵਾਲੇ ਕੋਲ ਆ ਗਿਆ। ਮਹੰਤ ਕਿਰਪਾ ਸਿੰਘ ਪਾਸ 399 ਗੁਰਦੁਆਰੇ ਅਤੇ ਹੋਰ ਚੋਖਾ ਅਮਲਾ ਫੈਲਾ ਸੀ।

ਆਉਂਦਿਆਂ ਹੀ ਮਹੰਤ ਕਿਰਪਾ ਸਿੰਘ ਨੇ ਡੇਰੇ ਦੇ ਫਲਦਾਰ ਅਤੇ ਲੱਕੜੀ ਵਾਲੇ ਰੁੱਖ ਕਟਵਾ ਕੇ ਵੇਚ ਦਿੱਤੇ। ਮਲਾਹ ਮੁਸਲਮਾਨਾਂ ਨੂੰ ਡੇਰੇ ਦੀ ਜ਼ਮੀਨ ਹਿੱਸੇ ਤੇ ਦੇ ਦਿੱਤੀ। ਗੁਰਦੁਆਰਾ ਢਾਹ ਕੇ ਸਾਫ ਕਰ ਦਿੱਤਾ। ਸਿਰਫ਼ ਬਾਬੇ ਚੂੜੀਆਂ ਵਾਲੇ ਦੀ ਸਮਾਧ ਰੱਖੀ। ਖੂਹ ਵਿਚ ਡੰਗਰਾਂ ਦੇ ਹੱਡ ਸੁੱਟ ਦਿੱਤੇ ਤਾਂ ਕਿ ਲੋਕ ਪਾਣੀ ਨਾ ਪੀਣ। ਵਿਰੋਧ ਕਰਨ ਵਾਲੇ ਜੱਟਾਂ ਨੂੰ ਜਿਹਲ ਵਿਚ ਸੁਟਵਾ ਦਿੱਤਾ। ਅੰਗਰੇਜ਼ ਸਰਕਾਰ ਇੰਨੇ ਵੱਡੇ ਮਹੰਤ ਦੀ ਪਿੱਠ ਤੇ ਸੀ। ਦੋ ਹੋਰ ਗੁਰਦੁਆਰੇ ਸਨ। ਵੱਡੀਆਂ ਜਰਮੀਆਂ ਵਿਚ ਇਕ, ਜਿੱਥੇ ਇਕ ਮੁਰੱਬਾ ਪੈਲੀ ਗੁਰਦੁਆਰੇ ਦੇ ਨਾਮ ਸੀ। ਇਕ ਝੰਡੇ ਜਰਮੀਆਂ ਵਿਚ, ਜਿੱਥੇ ਅੱਧਾ ਮੁਰੱਬਾ ਜ਼ਮੀਨ ਸੀ। ਮਹੰਤ ਕਿਰਪਾ ਸਿੰਘ ਦੇ ਕਬਜ਼ੇ ਹੋਏ ਨੂੰ ਇਹਨਾਂ ਗੁਰਦੁਆਰਿਆਂ ਅਤੇ ਜ਼ਮੀਨ ਤੇ ਬਾਰਾਂ ਸਾਲ ਹੋ ਗਏ ਸਨ। ਤਿੰਨਾਂ ਪਿੰਡਾਂ ਦੇ ਲੋਕਾਂ ਨੇ ਇੱਕਠੇ ਹੋ ਕੇ ਸੰਤ ਬੰਤਾ ਸਿੰਘ ਨੂੰ ਬੇਨਤੀ ਕੀਤੀ ਕਿ ਪੈਲੀ ਅਸਾਂ ਦਿੱਤੀ, ਗੁਰਦੁਆਰੇ ਅਸਾਂ ਬਣਵਾਏ। ਸਾਥੋਂ ਵਿਹਰ ਕੇ ਮਹੰਤ ਕਬਜ਼ਾ ਕਰੀ ਬੈਠਾ ਹੈ। ਵਾਰ ਵਾਰ ਥਾਣੇ ਕਚਹਿਰੀ ਸਾਡੀ ਬੇਇਜ਼ਤੀ ਕਰਵਾਉਂਦਾ ਹੈ। ਤੁਸੀਂ ਕਿਰਪਾ ਕਰੋ, ਫਿਰ ਵੀ ਸਾਡੇ ਗੁਆਂਢੀ ਜ਼ਿੰਮੀਦਾਰ ਭਾਈ ਹੋ। ਤੁਹਾਡੀ ਸੰਗਤ ਨਾਲ ਸਾਡੇ ਪਿੰਡਾਂ ਦੇ ਵਿਗੜੇ ਮੁੰਡੇ ਵੀ ਸੁਧਰ ਜਾਣਗੇ। ਇਹ ਸਾਡੇ ਗੁਰਦੁਆਰੇ, ਜ਼ਮੀਨ ਸਾਂਭ ਲਉ। ਮਹੰਤ ਦਾ ਪਰਛਾਵਾਂ ਨਾ ਪਵੇ। ਸੰਤ ਪਹਿਲਾਂ ਤਾ ਨਾਂਹ ਕਰਦੇ ਰਹੇ ਪਰ ਤਿੰਨਾਂ ਪਿੰਡਾਂ ਨੇ ਦਸਤਖਤ, ਅੰਗੂਠੇ, ਅਸ਼ਟਾਮਾਂ ਤੇ ਕਰਕੇ ਕਿ ਅਸੀਂ ਆਪਣੇ ਗੁਰਦੁਆਰੇ, ਸੰਤ ਬੰਤਾ ਸਿੰਘ ਦੇ ਹਵਾਲੇ ਕਰ ਰਹੇ ਹਾਂ, ਆਪ ਨੂੰ ਰਜ਼ਾਮੰਦ ਕਰ ਲਿਆ।

ਸਭ ਤੋਂ ਪਹਿਲਾ ਸੰਤਾਂ ਨੇ ਸਾਰੇ ਪਿੰਡਾਂ ਵਾਲਿਆਂ ਨੂੰ ਨਾਲ ਲੈ ਕੇ ਆਪਣੇ ਜਥੇ ਸਮੇਤ ਜੰਗਲ ਵਿਚਲੇ, ਬਾਬੇ ਚੂੜੀਆਂ ਵਾਲੇ ਦੇ ਡੇਰੇ ਦਾ ਕਬਜ਼ਾ ਸਾਂਭਿਆ, ਘੋੜੀਆਂ ਤੇ ਬੋਤਾ ਬੰਨ੍ਹ ਦਿੱਤੇ। ਸਰਕੰਡੇ ਵੱਢ ਕੇ ਦੋ ਛੱਪਰ ਵੱਡੇ ਵੱਡੇ ਛੱਤ ਲਏ। ਖੂਹ ਵਿਚੋਂ ਹੱਡ ਕੱਢ ਕੇ ਜਲ ਸਾਫ ਕਰ ਲਿਆ। ਮਸਰ ਪੱਕੇ ਸਨ। ਵੱਢੇ ਅਤੇ ਲੰਗਰ ਚਾਲੂ ਕਰ ਲਿਆ। ਪਿੰਡਾਂ ਵਾਲਿਆ ਦੀ ਮੱਦਦ ਨਾਲ ਪੱਕੀ ਹੋਈ ਕਣਕ ਵੱਢ ਕੇ, ਗਾਹ ਕੇ ਤੂੜੀ ਦਾਣੇ ਸਾਂਭ ਲਏ। ਗੁਰਦਾਸਪੁਰ, ਮਹੰਤ ਕਿਰਪਾ ਸਿੰਘ ਨੇ ਮਲਾਹ ਨੂੰ ਨਾਲ ਲੈ ਕੇ, ਕਣਕ ਵੱਢਣ ਦਾ ਸੰਤ ਜੀ ਤੇ ਮੁਕਦਮਾ ਕਰ ਦਿੱਤਾ। ਇਕ ਤਾਰੀਖ ਤੇ ਗਏ ਸੰਤ ਬੰਤਾ ਸਿੰਘ, ਮਹੰਤ ਹੋਰਾਂ ਨੂੰ ਵੰਗਾਰ ਆਏ ਕਿ ਹੁਣ ਡੇਰੇ ਵਿਚ ਆਇਉ, ਉੱਥੇ ਆਪਣਾ ਟਾਕਰਾ ਹੋਏਗਾ। ਜੇ ਦੁਨਿਆਵੀ ਤੌਰ ਤੇ ਵੇਖੀਏ ਤਾਂ ਕਿੱਥੇ ਮਹੰਤ ਕਿਰਪਾ ਸਿੰਘ ਜੈਸੀ ਧਨੀ ਮਾਨੀ ਅਤੇ ਰਾਜ ਦਰਬਾਰੇ ਸਨਮਾਨਿਤ ਹਸਤੀ ਅਤੇ ਕਿੱਥੇ ਇਕ ਸਧਾਰਨ ਨਾਮਧਾਰੀ

ਸਿਖ, ਜਿਸ ਦੇ ਸੰਗੀ, ਸਾਥੀ ਵੀ ਕਿਰਤੀ, ਕਾਮੇ ਤੇ ਦਸਤਕਾਰ। ਸੰਤ ਜੀ ਨੇ ਆਪਣੇ ਹੱਕੀ ਮਿਸ਼ਨ ਸਦਕਾ, 'ਨਿਸ਼ਚੈ ਕਰ ਅਪਨੀ ਜੀਤ ਕਰੋਂ'। ਸਤਿਗੁਰੂ ਦੀਆਂ ਬਰਕਤਾਂ ਵਿਚ ਭਰੋਸਾ ਅਤੇ ਪੇਂਡੂ ਜਨਤਾ ਦੀ ਵਿਆਪਕ ਲਾਮਬੰਦੀ ਸਦਕਾ, ਇਹ ਅਸਾਵੀਂ ਜੰਗ ਜਿੱਤ ਲਈ। ਇਹ ਵਾਕਿਆ 1915-16 ਈ. ਦਾ ਹੈ।

ਸੰਨ 1917 ਈ. ਦਾ ਨਾਮਧਾਰੀ ਪੰਥ ਦਾ ਸਲਾਨਾ ਹੋਲਾ ਮਹੱਲਾ ਰੱਤੇ ਚੋਏ (ਲਾਇਲਪੁਰ) ਵਿਖੇ ਹੋਇਆ, ਇਸ ਵਿਚ ਸੰਤ ਬੰਤਾ ਸਿੰਘ ਜਥੇ ਸਮੇਤ ਗਏ। ਅਗਲੇ ਸਾਲ ਦਾ ਹੋਲਾ ਚੂਹੇੜਝਾੜ ਜ਼ਿਲ੍ਹਾ ਸ਼ੇਖੂਪੁਰਾ ਵਿਖੇ ਸੀ। ਸੰਨ 1920 ਦਾ ਹੋਲਾ ਵਰਨ (ਸ਼ੇਖਪੁਰਾ) ਵਿਖੇ ਸੀ। ਸੰਨ 1921 ਈ. ਵਿਚ ਮੁਕਤਸਰ ਵਿਖੇ ਹੋਇਆ। ਸੰਤ ਜੀ ਇਹਨਾਂ ਹੋਲਿਆਂ ਵਿਚ ਜਥੇ ਸਮੇਤ ਦੀਵਾਨ ਲਾਉਣ ਸਦਕਾ, ਸਾਰੇ ਪੰਜਾਬ ਵਿਚ ਪਰਸਿੱਧ ਹੋ ਗਏ। ਲੋੜ ਪੈਣ ਤੇ ਜਿੱਥੇ ਕਿਤੇ ਵਿਰੋਧੀਆਂ ਨਾਲ ਅੜ ਫਸ ਪਰਚਾਰ ਕਰਨ ਤੋਂ ਹੋ ਜਾਂਦੀ, ਜਥੇਦਾਰ 'ਬੂੜਾ ਡੱਲਾ' ਦਾ ਜਥਾ ਪੁੱਜ ਕੇ ਮੋਰਚਾ ਫ਼ਤਹਿ ਕਰ ਲੈਂਦਾ। ਮੁਕਤਸਰ ਦੇ ਹੋਲੇ ਸਮੇਂ, ਜਿਹੜੇ ਜਥੇਦਾਰਾਂ ਨੂੰ ਪੰਜਾਬ ਦੇ ਵੱਖ ਵੱਖ ਖਿਤਿਆਂ ਵਿਚ ਸਿੱਖੀ ਪਰਚਾਰ ਦਾ ਕਾਰਜ ਜ਼ਿੰਮੇ ਲਾਇਆ, ਉਹਨਾਂ ਵਿਚੋਂ ਕੁਝ ਨਾਂ ਸਨ ਸੰਤ ਭਗਤ ਸਿੰਘ ਦਾਤੇ ਵਾਲੀਏ, ਮੰਗਲ ਸਿੰਘ ਅਰਸ਼ੀ ਫਰਿਸ਼ਤਾ, ਆਲਾ ਸਿੰਘ ਵਰਨ, ਮੋਹਨ ਸਿੰਘ ਵਡਾਲਾ ਜੌਹਲਾਂ, ਟਹਿਲ ਸਿੰਘ ਸੱਦੋ ਵਾਲ, ਫਤਹਿ ਸਿੰਘ ਮਾਂਗਾ, ਬੰਤਾ ਸਿੰਘ ਬੂੜਾ ਡੱਲਾ ਅਤੇ ਅਤਰ ਸਿੰਘ ਸੰਭੜਿਆਲ। ਅਤਰ ਸਿੰਘ ਜੀ ਨੇ 1921 ਈ. ਦੇ ਲਾਗੇ ਚਾਗੇ ਹੀ ਆਪਣਾ ਵੱਖਰਾ ਜਥਾ ਬਣਾਇਆ ਸੀ। ਇਸ ਤੋਂ ਪਹਿਲਾ ਛੇ ਸੱਤ ਸਾਲ ਆਪ ਜਥੇਦਾਰ ਬੰਤਾ ਸਿੰਘ ਹੋਰਾਂ ਦੇ ਜਥੇ ਵਿਚ ਹੀ ਰਹੇ।[1] ਜੱਸ ਜੀਵਨ ਭਾਗ ਪਹਿਲੇ ਵਿਚ ਸੰਤ ਬੰਤਾ ਸਿੰਘ ਜੀ ਨੂੰ ਮਿੰਟਗੁਮਰੀ ਦਾ ਸੂਬਾ ਥਾਪਣਾ ਲਿਖਿਆ ਹੈ ਜੋ ਦਰੁਸਤ ਨਹੀਂ। ਮਿੰਟਗੁਮਰੀ ਦੇ ਸੂਬਾ ਲੱਧਾ ਸਿੰਘ ਮਹੰਤ ਖਿਆਲ੍ਹੀਏ ਥਾਪੇ ਸਨ।[2]

ਸੰਤ ਮੰਗਲ ਸਿੰਘ ਅਰਸ਼ੀ ਫਰਿਸ਼ਤਾ ਦਾ ਸਾਰਾ ਪਿੰਡ "ਫਤੂਹੀ ਚੱਕ" ਸਿੰਘ ਸਭੀਆਂ ਦੇ ਅਸਰ ਹੇਠ ਸੀ। ਇਕੱਲਾ ਸੰਤਾਂ ਦਾ ਘਰ ਕੂਕਾ ਸੀ। ਗਿਆਨੀ ਮਾਹਣ ਸਿੰਘ ਉਘੇ ਪਰਚਾਰਕ ਸਨ। ਉਹਨਾਂ ਦੇ ਮੁਕਾਬਲੇ ਵਿਚ ਜਥੇਦਾਰ ਬੰਤਾ ਸਿੰਘ ਨੇ ਨਾਮਧਾਰੀ ਦੀਵਾਨ ਵੀ ਲਾਏ ਅਤੇ ਆਪਣੇ ਜਥੇ ਦੇ ਜਵਾਨਾਂ ਦੇ ਸਰੀਰਕ ਬਲ ਦੀ ਪਰਦਰਸ਼ਨੀ ਵੀ ਲਾਈ। ਸੰਤ ਜੀ ਦੇ ਜਥੇ ਵਿਚ 18 ਸਿੰਘ ਕੀਰਤਨ ਕਰਨ ਵਾਲੇ ਅਤੇ 22 ਡਾਂਗਾਂ ਵਾਲੇ ਹੁੰਦੇ ਸਨ। ਇਸ ਪਿੰਡ ਵਿਖੇ ਹੀ ਕਿਹਰ ਸਿੰਘ ਨਾਂ ਦਾ ਇਕ ਲੜਕਾ ਘਰੋਂ ਭੱਜ ਕੇ ਸੰਤਾਂ ਦੀ ਸ਼ਰਨ ਆ ਗਿਆ। ਉਸ ਦੇ ਮਾਪੇ ਵਿਆਹ ਬੰਨ੍ਹੀ ਫਿਰਦੇ ਸਨ। ਉਹ ਸਾਧੂ ਬਿਰਤੀ ਸੀ। ਸੰਤਾਂ ਦੇ ਸਮਝਾਉਣ ਤੇ ਇਕ ਵਾਰ ਪਿਤਾ ਨਾਲ ਮੁੜ ਗਿਆ। ਅਗਲੇ ਦਿਨ ਫਿਰ ਆ ਗਿਆ। ਆਖਿਰ ਉਸਦੀ ਮੰਗੇਤਰ ਦੂਜੇ ਭਰਾ ਨੂੰ ਵਿਆਹੀ ਗਈ। ਉਹ ਮੋਹਣ ਸਿੰਘ ਨਾਂ ਰਖਵਾ ਕੇ ਸੰਤਾਂ ਦੇ ਜਥੇ ਵਿਚ ਸ਼ਾਮਲ ਹੋ ਕੇ ਬਹੁਤ ਸੇਵਾ ਕਰਦਾ ਰਿਹਾ।[3]

ਇਹ ਭਾਗੋਵਾਲ ਪਿੰਡ ਦੇ ਕੇਹਰ ਸਿੰਘ ਹੀ ਬਾਦ ਵਿਚ, ਨਾਮਧਾਰੀ ਪੰਥ ਵਿਚ

ਮਸ਼ਹੂਰ ਸੰਤ ਮੋਹਨ ਸਿੰਘ ਹੋਏ ਹਨ। ਇਸ ਤਰ੍ਹਾਂ ਇਸੇ ਜ਼ਿਲੇ ਦੇ ਆਦੋਕੇ ਪਿੰਡ ਵਿਚ ਵੀ ਇਕੋ ਨਾਮਧਾਰੀ ਘਰ ਸੀ। ਸੰਤ ਬੰਤਾ ਸਿੰਘ ਨੇ ਆਪਣੇ ਦੀਵਾਨ ਸਜਾ ਕੇ, ਇਸ ਪਿੰਡ ਦੇ ਕੂਕਿਆਂ ਨੂੰ ਆਪਣੇ ਢੰਗ ਨਾਲ ਜਿਊਣ ਦੀ ਪੱਕੀ ਖੁੱਲ੍ਹ ਲੈ ਦਿੱਤੀ।[4]

ਇਸੇ ਜ਼ਿਲ੍ਹੇ ਦੇ ਕਿਆਮਪੁਰ, ਸੀਓਵਾਲ, ਸਜਾਦੇ, ਚਵਿੰਡਾ, ਬਲੱਗਣ, ਗਿੱਲ, ਆਦਿ ਨਾਮਧਾਰੀ ਪਿੰਡਾਂ ਵਿਚ, ਸੰਤਾਂ ਦੇ ਦੀਵਾਨ ਅਕਸਰ ਲੱਗਦੇ ਹੀ ਰਹਿੰਦੇ। ਇਸ ਸਮੇਂ ਸਤਿਗੁਰੂ ਪਰਤਾਪ ਸਿੰਘ ਜੀ ਜੋ ਵੀ ਹੁਕਮ ਆਪ ਨੂੰ ਭੇਜਦੇ ਆਪ ਜਾਨ ਦੀ ਪ੍ਰਵਾਹ ਨਾ ਕਰਦਿਆ ਵੀ ਉਹ ਹੁਕਮ ਪੂਰਾ ਕਰਵਾਉਂਦੇ।[5]

ਇਸੇ ਸਮੇਂ 1924 ਈ. ਵਿਚ ਬਿਜਲੀਵਾਲ ਦੇ ਹੋਲੇ ਤੋਂ ਪਹਿਲਾਂ ਜਦੋਂ ਤਰਨਤਾਰਨ ਵਿਚ, ਨਾਮਧਾਰੀ ਸਿੰਘਾਂ ਦੀ ਵਿਰੋਧੀਆਂ ਨਾਲ ਲੜਾਈ ਹੋਈ ਸੀ. ਸੰਤ ਬੰਤਾ ਸਿੰਘ ਜਥੇ ਸਮੇਤ ਉੱਥੇ ਆਪਣੇ ਤੇਜ ਪਰਤਾਪ ਸਦਕਾ, ਮਾਝੇ ਦੀ ਸੰਗਤ ਦੇ ਸਹਿਯੋਗ ਨਾਲ, ਮੁਆਮਲਾ ਸ਼ਾਂਤ ਕਰਕੇ ਮੁੜੇ। ਇਸੇ ਸਮੇਂ ਆਪ ਦੇ ਡੇਰੇ ਤੇ ਮਹੰਤ ਕਿਰਪਾ ਸਿੰਘ ਦੇ ਬੰਦਿਆਂ ਨੇ ਫੌਜਦਾਰੀ ਕਰ ਦਿੱਤੀ। ਕੁਝ ਸਿੰਘ ਪਕੜੇ ਗਏ ਅਤੇ ਕੁਝ ਜਿਹਲ ਪੁੱਜੇ। ਬਾਅਦ ਵਿਚ ਇਹ ਕੇਸ ਵੀ ਸੰਤਾਂ ਦੀ ਸੂਝ ਬੂਝ ਨਾਲ ਨਿੱਬੜ ਗਿਆ।[6]

ਜਿਸ ਸਾਲ ਅੰਮ੍ਰਿਤਸਰ ਸ਼ਹਿਰ ਨਾਮਧਾਰੀ ਹੋਲਾ ਮਹੱਲਾ ਹੋਇਆ ਸੀ 1925 ਵਿਚ ਉਸ ਸਾਲ ਹੋਲੇ ਤੋਂ ਪਹਿਲਾਂ ਗੁਰਦਾਸਪੁਰ ਤਰੀਕ ਭੁਗਤਣ ਗਿਆਂ, ਡਿਪਟੀ ਨੇ ਸੰਤ ਜੀ ਨੂੰ ਬਦਮਾਸ਼ ਕਹਿ ਦਿੱਤਾ, ਸੰਤਾਂ ਨੇ ਸੋਟੀ ਮਾਰ ਕੇ ਉਹਦਾ ਸਿਰ ਪਾੜ ਦਿੱਤਾ, ਸਾਧੂਆਂ ਨੂੰ ਬਦਮਾਸ਼ ਦੱਸਣ ਵਾਲੇ ਦਾ। ਉਸਦੇ ਰਾਖੇ ਨੇ ਪਸਤੌਲ ਤਾਣਿਆ। ਸੰਤਾਂ ਨੇ ਉਹਦੇ ਗੁੱਟ ਤੇ ਖੂੰਡਾ ਮਾਰ ਕੇ ਪਸਤੌਲ ਡੇਗ ਦਿੱਤਾ ਅਤੇ ਆਪ ਹਰਨ ਹੋ ਗਏ। ਫਿਰ ਸੰਤ ਜੀ, ਅਮਰ ਸਿੰਘ ਵੇਰਕਾ, ਸੁਰੈਣ ਸਿੰਘ ਢੱਡ ਸਾਰੰਗੀ ਲੈ ਕੇ ਅਤੇ ਬਲੱਗਣ ਦਾ ਜਗਤ ਸਿੰਘ ਲਾਂਗਰੀ ਵਜੋਂ ਲੈ ਕੇ, ਢੱਡ ਸਾਰੰਗੀ ਦਾ ਜਥਾ ਬਣਾਕੇ, ਕਈ ਮਹੀਨੇ ਜਿਹਲਮ, ਅਲੀਬੇਗ, ਰਾਵਲਪਿੰਡੀ, ਪੰਜਾ ਸਾਹਿਬ, ਗੁੱਜਰ ਖਾਨ, ਨੌਸ਼ਹਿਰੇ ਛਾਉਣੀ, ਪਿਸ਼ਾਵਰ ਆਦਿ ਥਾਂਵਾਂ ਦੇ ਗੁਰੂਧਾਮਾਂ ਦੇ ਦਰਸ਼ਨ ਕੀਤੇ, ਅਤੇ ਦੀਵਾਨ ਲਾਏ। ਅੱਸੂ ਦੇ ਮਹੀਨੇ, ਦਸਵੀਂ ਸਰਾਧ ਦੇ ਦਿਨ, ਕਰਤਾਰਪੁਰ ਗੁਰਦੁਆਰੇ ਆ ਕੇ ਢੋਲਕੀ ਛੈਣਿਆਂ ਨਾਲ ਕੀਰਤਨ ਕੀਤਾ। ਪਤਾ ਲੱਗਾ ਕਿ ਡਿਪਟੀ ਨੇ ਆਪਣੀ ਨਮੋਸ਼ੀ ਤੋਂ ਡਰਦਿਆਂ ਸੰਤਾਂ ਤੇ ਕੋਈ ਪਰਚਾ ਨਹੀਂ ਦਰਜ ਕਰਵਾਇਆ ਸੀ।[7]

ਸੰਤ ਬੰਤਾ ਸਿੰਘ ਜੀ ਨੂੰ ਇੰਦਰ ਸਿੰਘ ਮਹੰਤ ਨੇ ਦੱਸਿਆ ਕਿ ਜਰਮੀਆਂ ਵਾਲੇ ਬਲੀ ਸਿੰਘ ਦੀ ਭੈਣ ਹੱਥ ਵੱਢੀ ਪਿੰਡ ਵਿਚ ਮੰਗੀ ਹੈ ਤੇ ਹੱਥ ਵੱਢੀ ਵਾਲਿਆਂ ਦੀ ਲੜਕੀ ਬਲੀ ਸਿੰਘ ਨਾਲ। ਸੰਤ ਜੀ ਨੇ ਤੁਰੰਤ ਦਖਲ ਦੇ ਕੇ ਬਲੀ ਸਿੰਘ ਨੂੰ ਇਸ ਕੁਰਹਿਤ ਤੋਂ ਵਰਜਿਆ ਕਿ ਸਤਿਗੁਰੂ ਜੀ ਦਾ ਹੁਕਮ ਹੈ ਵੱਟਾ ਨਹੀਂ ਕਰਨਾ। ਬਲੀ ਸਿੰਘ ਦਾ ਬਾਅਦ ਵਿਚ ਚੰਗੇ ਘਰ ਅਨੰਦ ਕਰਵਾਇਆ। ਉਸਦੀ ਭੈਣ ਨੂੰ ਨਾਮਧਾਰੀ ਧਰਮਸ਼ਾਲਾ ਅੰਮ੍ਰਿਤਸਰ ਮੰਗਵਾ ਕੇ, ਇਸ ਬੀਬੀ ਆਸ ਕੌਰ ਦਾ ਅਨੰਦ ਕਾਰਜ ਲਾਲ ਸਿੰਘ ਕੱਟਿਆਂ ਵਾਲੀ ਨਾਲ ਕਰ ਦਿੱਤਾ ਜੋ ਸੰਤਾਂ ਦੀ ਬੜੀ ਸੇਵਾ ਕਰਦਾ ਸੀ। ਇਹ

ਦੇਸ਼ ਬਟਵਾਰੇ ਬਾਅਦ ਸੰਤ ਨਗਰ ਪਿੰਡ ਦਾ ਲੰਬੜਦਾਰ ਸਤਿਗੁਰੂ ਪਰਤਾਪ ਸਿੰਘ ਜੀ ਨੇ ਬਣਵਾਇਆ ਸੀ।[8]

ਲਾਲ ਸਿੰਘ ਲੇਖਕ (ਸੁਵਰਨ ਸਿੰਘ ਵਿਰਕ) ਦੀ ਵੱਡੀ ਭਰਜਾਈ ਕਿਰਪਾਲ ਕੌਰ ਦਾ ਪਿਤਾ ਸੀ।

ਦਸੰਬਰ 1929 ਜਨਵਰੀ 1930 ਵਿਚ ਕੁੱਲ ਹਿੰਦ ਕਾਂਗਰਸ ਦਾ ਸਾਲਾਨਾ ਇਜਲਾਸ ਲਾਹੌਰ ਸ਼ਹਿਰ ਵਿਖੇ ਸੀ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਭ ਤੋਂ ਛੋਟੇ ਭਰਾਤਾ ਮਹਾਰਾਜ ਗੁਰਦਿਆਲ ਸਿੰਘ ਜੀ ਇਸ ਇਜਲਾਸ ਲਈ ਬਹੁਤ ਉਤਸ਼ਾਹਿਤ ਸਨ। ਪਰ ਉਹ ਕੋਈ ਤਿੰਨ ਕੁ ਮਹੀਨੇ ਪਹਿਲਾਂ ਹੀ ਅਕਾਲ ਚਲਾਣਾ ਕਰ ਗਏ ਸਨ। ਇਜਲਾਸ ਦੀ ਪਰਧਾਨਗੀ ਪੰਡਿਤ ਜਵਾਹਰ ਲਾਲ ਨਹਿਰੂ ਕਰ ਰਹੇ ਸਨ। ਇਸੇ ਸਮੇਂ ਮੁਕੰਮਲ ਆਜ਼ਾਦੀ ਦਾ ਮਤਾ ਪਾਸ ਹੋਇਆ ਸੀ। ਸੰਮੇਲਨ ਦੀ ਸਮਾਪਤੀ ਤੇ ਕਾਂਗਰਸ ਪਰਧਾਨ ਨਹਿਰੂ ਜੀ ਦਾ ਘੋੜਿਆਂ ਤੇ ਅਗਵਾਈ ਕਰਦਿਆਂ ਹੋਇਆਂ ਵਿਸ਼ਾਲ ਜਲੂਸ ਨਿਕਲਣਾ ਸੀ। ਸੰਤ ਜੀ ਪਾਸ ਇਸ ਆਸ਼ੇ ਦਾ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਕਿਰਪਾ ਪੱਤਰ ਆਇਆ। ਉਹਨਾਂ ਦੀ ਸਿਹਤ ਠੀਕ ਨਹੀਂ ਸੀ। ਸੰਤਾਂ ਦੇ ਹੁਕਮ ਤੇ ਉਹਨਾਂ ਦਾ ਸੇਵਕ ਅਮਰ ਸਿੰਘ ਵੇਰਕਾ ਪੰਜ ਸਿੰਘਾਂ ਸਣੇ, ਪੰਜਾਂ ਘੋੜੀਆਂ ਤੇ ਸੁਆਰ ਹੋ ਕੇ, ਉਸ ਪਰਦਰਸ਼ਨ ਦੇ ਅਗਵਾਨੂੰ ਦਸਤੇ ਦਾ ਭਾਗ ਬਣੇ। ਸਤਿਗੁਰੂ ਰਾਮ ਸਿੰਘ ਵੱਲੋਂ ਵਿਢੀ ਆਜ਼ਾਦੀ ਦੀ ਲੜਾਈ ਨੂੰ, ਇਸਦੇ ਨਵੇਂ ਪੜਾਅ ਵਿਚ ਦਾਖਿਲ ਕਰਨ ਵਿਚ ਹਿੱਸਾ ਪਾਇਆ।[9]

ਇਕ ਵੇਰ ਇਲਾਕੇ ਦੇ ਪਿੰਡ ਆਦੇ ਦੇ ਮਸ਼ਹੂਰ ਡਾਕੂ ਉਮਰ ਨੇ ਸੰਤਾਂ ਦੀ ਘੋੜੀ ਅਤੇ ਇਕ ਵਛੇਰਾ ਜੋ ਭੈਣੀ ਸਾਹਿਬੋਂ ਆਇਆ ਸੀ ਸਾਂਭਣ ਲਈ, ਉਹ ਡੇਰੇ ਦੇ ਨੇੜੇ ਖੁੱਲ੍ਹੇ ਚੁਗਦੇ ਚੁਗਦੇ, ਉਸਦੇ ਪਿੰਡ ਦੀ ਜੂਹ ਵਿਚ ਗਏ, ਫੜ ਕੇ ਬੰਨ੍ਹ ਲਏ। ਸੰਤ ਜਿਹਨਾਂ ਦੇ ਪੈਰ ਦੀ ਹੱਡੀ ਵੀ ਟੁੱਟੀ ਹੋਈ ਸੀ ਜੱਥੇ ਦੇ ਸੱਤ ਅੱਠ ਸਿੱਖਾਂ ਸਮੇਤ ਉਮਰ ਪਾਸ ਗਏ ਅਤੇ ਘੋੜੀ, ਵਛੇਰਾ ਮੋੜਨ ਲਈ ਕਿਹਾ। ਉਹ ਨਾ ਮੰਨਿਆ। ਸੰਤ ਜੀ ਨੇ ਕਿਹਾ ਘੋੜੀ ਰੱਖ ਲੈ, ਵਛੇਰਾ ਜ਼ਰੂਰ ਦੇ ਦੇ, ਇਹ ਸਾਡੇ ਸਤਿਗੁਰੂ ਜੀ ਦੀ ਅਮਾਨਤ ਹੈ, ਨਾਲ ਸੌ ਰੁਪੈਆ ਵੀ ਲੈ ਲੈ। ਉਸ ਸੰਤਾਂ ਨੂੰ ਹਵੇਲੀ ਵਿਚੋਂ ਬਾਹਰ ਨਿਕਲਣ ਦਾ ਹੁਕਮ ਸੁਣਾ ਦਿੱਤਾ। ਬਾਹਰ ਆ ਕੇ ਸੰਤਾਂ ਨੇ ਪਿੰਡ ਦੀ ਵਾਅ ਭਾਅ ਲਈ। ਮਾਲੂਮ ਹੋਇਆ ਕਿ ਲੋਕ ਉਮਰ ਦੀਆਂ ਵਧੀਕੀਆਂ ਤੋਂ ਤੰਗ ਹਨ ਪਰ ਡਰਦੇ ਕੁਸਕਦੇ ਨਹੀਂ। ਕੋਈ ਦਸ ਕੁ ਮਫਰੂਰ ਡਾਕੂ ਗੁੰਡੇ ਵੀ ਉਸ ਦੀ ਹਵੇਲੀ ਵਿਚ ਬੈਠੇ ਸਨ। ਸੰਤ ਜੀ ਨੇ ਅਮਰ ਸਿੰਘ ਨਾਗੀ ਨੂੰ ਵੰਗਾਰਿਆ ਕਿ ਇਹਦੀਆਂ ਮੱਝਾਂ ਖੋਹਲ ਲਵੋ। ਇਹਨਾਂ ਵਿਚੋਂ ਚਾਰ ਸਿੰਘ, ਸੰਤਾਂ ਨੂੰ ਘੇਰ ਕੇ ਖਲੋ ਗਏ। ਸੰਤਾ ਨੇ ਭਗਾਉਤੀ ਸੂਤ ਲਈ ਸੀ। ਅਮਰ ਸਿੰਘ ਤੇ ਬਹਾਦਰ ਸਿੰਘ ਤੱਤ ਫੱਟ ਉਸਦੀ ਹਵੇਲੀ ਵਿਚ ਤਿੰਨ ਸੱਜਰ ਮੱਝਾਂ ਕੱਟੀਆਂ ਸਮੇਤ ਖੋਹਲ ਕੇ ਲੈ ਆਏ ਤੇ ਸਿੱਧੇ ਕਣਕਾਂ ਵਿਚਦੀ ਵਾਹੋ ਦਾਹੀ ਨੱਸ ਤੁਰੇ। ਪਿੰਡ ਦੇ ਸਫੈਦਪੋਸ਼ ਨੇ ਜੁੜੀ ਭੀੜ ਨੂੰ ਕਿਹਾ, ਸੰਤ ਕੋਲ ਪਸਤੌਲ ਹੈ ਤੁਹਾਡਾ ਕੰਮ ਕਰ ਦਵੇਗਾ। ਇਸ ਤਰ੍ਹਾਂ

ਮਗਰ ਆਉਂਦੀਆਂ ਗਾਂਢਵੀਆਂ ਧਾੜਾਂ ਦਾ ਮੁਕਾਬਲਾ ਕਰਦੇ ਕਰਦੇ, ਸੰਤ ਮੱਝਾਂ ਸਣੇ, ਆਪਣੇ ਡੇਰੇ ਪੁੱਜ ਗਏ। ਫਿਰ ਅਮਰ ਸਿੰਘ ਸੰਤਾਂ ਦੇ ਹੁਕਮ ਤੇ ਸ਼ਾਹ ਗਰੀਬ ਦੇ ਥਾਣੇ ਜਾ ਕੇ ਸਾਰੀ ਵਾਰਤਾ ਦੱਸ ਆਇਆ। ਸ਼ੇਖ ਸ਼ਹਾਬਦੀਨ ਥਾਣੇਦਾਰ ਨੇ ਪੂਰੀ ਮੱਦਦ ਕੀਤੀ। ਉਮਰ ਨੇ ਡਾਕੇ ਦਾ ਪਰਚਾ ਦੇ ਦਿੱਤਾ। ਤਫਤੀਸ਼ਾਂ ਕਈ ਵੇਰ ਹੋਈਆਂ ਪਰ ਸੱਚ ਸੱਚ ਹੀ ਸੀ। ਉਮਰ ਦੇ ਇਮਦਾਦੀ ਪੁਲੀਸ ਵਾਲਿਆਂ ਨੇ ਸੰਤ ਜੀ ਨੂੰ ਝੂਠੇ ਕੇਸਾਂ ਵਿਚ ਵੀ ਫਸਾਉਣਾ ਚਾਹਿਆ ਪਰ ਕੁਝ ਨਾ ਬਣਿਆ। ਸਤਿਗੁਰੂ ਪਰਤਾਪ ਸਿੰਘ ਜੀ ਦੇ ਇਕ ਸਿੱਖ ਸ੍ਰ. ਆਤਮਾ ਸਿੰਘ ਰਾਵਲਪਿੰਡੀ ਦਾ ਨਾਮ, ਵੱਡੇ ਅਫਸਰਾਂ ਵਿਚ ਚੱਲਦਾ ਸੀ। ਉਹਨਾਂ ਬਾਰੇ ਜਾਣਕੇ ਕਿ ਸੰਤ ਜੀ ਦੇ ਫਿਰਕੇ ਦਾ ਉਹ ਇਕ ਵੱਡਾ ਆਗੂ ਹੈ, ਡੀ.ਐਸ. ਪੀ. ਨੇ ਸੰਤਾਂ ਤੋਂ ਮੁਕੱਦਮਾ ਵੀ ਲਾਹ ਦਿੱਤਾ ਅਤੇ ਖਰਾਬ ਕਰਨ ਵਾਲੇ ਉਮਰ ਪੱਖੀ ਥਾਣੇਦਾਰ ਤੋਂ ਮੁਆਫੀ ਵੀ ਮੰਗਵਾਈ।[10]

ਇਸ ਤੋਂ ਬਾਅਦ ਵੀ ਮਹੰਤ ਕਿਰਪਾ ਸਿੰਘ ਦੇ ਬੰਦਿਆਂ ਨੇ ਡੇਰੇ ਦਾ ਕਬਜ਼ਾ ਲੈਣ ਦੀ ਕੋਸ਼ਿਸ ਕੀਤੀ ਪਰ ਸੰਤ ਆਪਣੀ ਬਹਾਦਰੀ ਅਤੇ ਸੂਰਬੀਰਤਾ ਨਾਲ ਉਸ ਨੂੰ ਮਾਤ ਦੇ ਦਿੰਦੇ ਰਹੇ। ਸੰਤਾਂ ਦਾ ਜਥਾ ਅੰਮ੍ਰਿਤ ਵੇਲੇ ਦੇ ਇਸ਼ਨਾਨ, ਭਜਨ ਬਾਣੀ, ਕਥਾ ਕੀਰਤਨ ਵੀ ਹਮੇਸ਼ਾ ਕਰਦਾ। ਮਰਿਆਦਾ ਦਾ ਲੰਗਰ ਤਿਆਰ ਕਰਕੇ ਛਕਦਾ। ਘੋੜਿਆਂ ਪਸ਼ੂਆਂ ਦੀ ਸੇਵਾ ਵੀ ਮਿਲਜੁਲਕੇ ਕਰਦੇ ਅਤੇ ਆਪਣੇ ਨਿਰਬਾਹ ਲਈ, ਡੇਰੇ ਦੀ ਭੂਮੀ ਵਿਚ ਖੇਤੀਬਾੜੀ ਵੀ ਕਰਦੇ ਸਨ। ਸੰਤ ਆਪਣੇ ਜਥੇ ਨੂੰ ਦੋ ਹਿੱਸਿਆਂ ਵਿਚ ਵੰਡਕੇ, ਗੱਤਕੇ—ਬਾਜੀ ਦੇ ਜੌਹਰ ਵੀ ਵੇਖਦੇ ਵਿਖਾਉਂਦੇ ਸਨ।

1929 ਈ. ਦਾ ਹੋਲਾ ਮਹੱਲਾ ਸਿਆਹੜ (ਲੁਧਿਆਣਾ) ਵਿਚ ਸੀ। ਸਤਿਗੁਰੂ ਪਰਤਾਪ ਸਿੰਘ ਜੀ ਹੋਲੇ ਤੋਂ ਪਹਿਲਾਂ ਲਾਹੌਰ ਦੇ ਜ਼ਿਲ੍ਹੇ ਦਾ ਦੌਰਾ ਕਰ ਰਹੇ ਸਨ। ਸੰਤਾਂ ਦਾ ਜਥਾ ਜੀਉ ਬੱਗੇ ਸਤਿਗੁਰੂ ਜੀ ਨੂੰ ਜਾ ਮਿਲਿਆ। ਅਗਲੇ ਦਿਨ ਪਾਜੀ ਪਿੰਡ ਵਿਖੇ, ਸੰਤ ਸੁੰਦਰ ਸਿੰਘ ਦੇ ਘਰ ਦਿਨੇ ਹਜ਼ੂਰੀ ਦੀਵਾਨ ਲੱਗੇ। ਰਾਤ ਨੂੰ ਸੰਤ ਬੰਤਾ ਸਿੰਘ ਨੇ ਹੱਲੇ ਦਾ ਦੀਵਾਨ ਲਾਇਆ। ਅਗਲੇ ਦਿਨ ਰਾਇਵਿੰਡ ਦਾ ਦੌਰਾ ਕਰਕੇ ਬਿਆਸਾ ਦਰਿਆ ਦੇ ਕੰਢੇ ਮਾਝੇ ਵਿਚ ਹੀ ਚੰਬੇ ਪਿੰਡ ਪੁੱਜ ਗਏ। ਇੱਥੋਂ ਦੁਆਬੇ ਵਿਚ ਬਿੱਲੀਆਂ ਜਾਣਾ ਸੀ ਕੋਈ 50-55 ਕਿਲੋਮੀਟਰ ਤੇ। ਅੱਜ ਫਿਰ ਸਤਿਗੁਰੂ ਜੀ ਨੇ ਆਪਣੇ ਪਿਆਰੇ ਸਿੱਖ ਦੀ ਪਰਖ ਕਰਨੀ ਸੀ। ਸਤਿਗੁਰੂ ਜੀ ਨੇ ਕਿਹਾ ਕਿ ਜਿਹੜੇ ਜਥੇਦਾਰ ਤੁਰ ਨਹੀਂ ਸਕਦੇ ਉਹਨਾਂ ਨੂੰ ਦਸ ਘੋੜੀਆਂ ਦੇ ਦਿਤੀਆਂ ਹਨ। ਸੰਤ ਬੰਤਾ ਸਿੰਘ ਦੇ ਚੇਲੇ ਅਮਰ ਸਿੰਘ ਨੂੰ ਕਿਹਾ ਕਿ ਤੈਨੂੰ ਘੋੜੀ ਚਾਹੀਦੀ ਹੈ ਤਾਂ ਲੈ ਲੈ। ਉਸਨੇ ਕਿਹਾ ਜੀ ਸੰਤ ਪੈਦਲ ਤੁਰਨ ਤਾਂ ਮੈਂ ਘੋੜੀ ਤੇ ਕਿਵੇਂ ਚੜ੍ਹ ਸਕਦਾ ਹਾਂ। ਹਜ਼ੂਰ ਨੇ ਫਰਮਾਇਆ "ਬੰਤਾ ਸਿੰਘ ਨੂੰ ਤੇ ਘੋੜੀਆਂ ਨਹੀਂ ਮਿਲ ਸਕਦੀਆਂ। ਉਸ ਦਾ ਸਰੀਰ ਸਤਿਗੁਰੂ ਸੱਚੇ ਪਾਤਸ਼ਾਹ ਨੇ ਐਸਾ ਬਣਾਇਆ ਹੈ ਕਿ ਬੰਤਾ ਸਿੰਘ ਨੂੰ ਨਾ ਥਕੇਵਾਂ ਤੇ ਨਾ ਹੀ ਆਲਸ ਹੁੰਦਾ ਹੈ। ਤੇ ਨਾ ਕਿਸੇ ਤੋਂ ਡਰ। ਬਲਕਿ ਉਹ ਤਾਂ ਮੌਤ ਤੋਂ ਵੀ ਨਹੀਂ ਡਰਦਾ।" ਸਤਿਗੁਰੂ ਜੀ ਨੇ ਬਿਸ਼ਨ ਸਿੰਘ ਆਦਿ ਘੋੜਿਆਂ ਵਾਲਿਆਂ ਸਿੰਘਾਂ ਨੂੰ ਕਿਹਾ ਕਿ ਸਵੇਰੇ ਬੰਤਾ ਸਿੰਘ

ਨਾਲ ਤੁਰਕੇ ਵੇਖ ਲਿਓ। ਸੰਤ ਬੰਤਾ ਸਿੰਘ, ਸੰਤ ਮੋਹਨ ਸਿੰਘ ਆਦਿ ਅਰਦਾਸ ਕਰਕੇ ਤੁਰੇ। ਸਤਿਗੁਰੂ ਜੀ ਦੇ ਜਥੇ ਨਾਲ ਘੋੜਿਆਂ ਵਾਲੇ ਤੁਰਦੇ ਸਨ। ਉਹਨਾਂ ਤੋਂ ਸਵਾ ਘੰਟਾ ਪਹਿਲਾਂ ਪੁੱਜ ਗਏ। ਫਿਰ ਸੰਤਾਂ ਦੇ ਜਥੇ ਦੇ ਅਮਰ ਸਿੰਘ ਨੇ ਇਕ ਘੋੜਿਆਂ ਵਾਲੇ ਸਿੰਘ ਨੂੰ ਕਾਫੀ ਮੁਸ਼ੱਕਤ ਕਰਨ ਬਾਅਦ ਵੀ ਪੈਂਦੀ ਸੱਟੇ ਢਾਹ ਲਿਆ। ਜਿਹੜਾ ਇੱਥੇ ਕੱਲ੍ਹ ਦਾ ਆਇਆ ਸੀ। ਸਿਆਹੜ ਦਾ ਹੋਲਾ ਵੇਖ ਕੇ ਮੁੜਦਿਆਂ, ਸਤਿਗੁਰੂ ਜੀ ਨੇ ਸੰਤਾਂ ਨੂੰ ਕਾਠੀਆਂ ਸਮੇਤ, ਦੋ ਘੋੜੀਆਂ ਬਖਸ਼ ਕੇ ਸਨਮਾਨਿਤ ਕੀਤਾ।[11]

1931 ਈ. ਵਿਚ ਸੰਧਵਾਂ (ਜਲੰਧਰ) ਦੇ ਹੋਲੇ ਮਹੱਲੇ ਸਮੇਂ ਸੰਤ ਬੰਤਾ ਸਿੰਘ ਜੀ, ਆਪਣੇ ਜਥੇ ਸਮੇਤ ਉਸੇ ਰਾਹ ਵਿਚੋਂ ਕੀਰਤਨ ਕਰਦੇ ਨਿਕਲੇ, ਜਿਧਰੋਂ ਪਿੰਡ ਦੇ ਲੋਕ ਰੋਕਦੇ ਸੀ। ਜਦੋਂ ਸਤਿਗੁਰੂ ਜੀ ਨੂੰ ਪਤਾ ਲੱਗਾ ਕਿ ਲੜ ਕੇ ਰਾਹ ਬਣਾ ਆਇਆ ਹੈ, ਉਹਨਾਂ ਕਿਹਾ, "ਤੈਨੂੰ ਲੜਾਈ ਤੋਂ ਡਰ ਨਹੀਂ ਲੱਗਦਾ।" ਸੰਤ ਜੀ ਨੇ ਕਿਹਾ, "ਹਜ਼ੂਰ! ਮੇਰੀ ਮਾਂ ਨੇ ਗੁੜ੍ਹਤੀ ਹੀ ਮੈਨੂੰ ਲੜਾਈ ਦੀ ਦਿੱਤੀ ਸੀ ਤੇ ਬਾਕੀ ਤੁਹਾਡੀ ਕਿਰਪਾ ਹੈ। ਤੁਹਾਡਾ ਹੱਥ ਮੇਰੇ ਸਿਰ ਤੇ ਹੋਵੇ ਤੇ ਮੈਂ ਦੁਨੀਆਂ ਤੋਂ ਨਹੀਂ ਡਰਦਾ।"[12]

ਸੰਨ 1931-32 ਵਿਚ ਹੀ ਝੰਡੇ ਜਰਮੀਆਂ ਦੇ ਲੰਬੜਦਾਰ ਉਜਾਗਰ ਸਿੰਘ ਨੂੰ ਦਸ ਬਾਰਾਂ ਸਿੰਘਾਂ ਸਮੇਤ, ਅੰਮ੍ਰਿਤ ਛਕਾਇਆ ਗਿਆ। ਸੰਤ ਨਾਰੋਵਾਲ ਨੂੰ ਕਿਸੇ ਕੰਮ ਚਲੇ ਗਏ, ਅਮਰ ਸਿੰਘ ਨੂੰ ਅੰਮ੍ਰਿਤ ਛਕਾਉਣ ਬਾਰੇ ਕਹਿਕੇ। ਇਹ ਵੀ ਕਹਿ ਗਏ ਕਿ ਦੌਲਤ ਰਾਮ ਦੀਆਂ ਲੜਕੀਆਂ ਨੂੰ ਅੰਮ੍ਰਿਤ ਨਾਂ ਛਕਾਈਂ। ਇਹ ਦੌਲਤ ਰਾਮ ਵੀ ਝੰਡੇ ਜਰਮੀਆਂ ਦਾ ਬ੍ਰਾਹਮਣ ਸੀ। ਹੁਣ ਜਦੋਂ ਉਜਾਗਰ ਸਿੰਘ ਤੇ ਉਹਦੇ ਨਾਲ ਦਿਆਂ ਅੰਮ੍ਰਿਤ ਛਕ ਲਿਆ ਤਾਂ ਦੌਲਤ ਰਾਮ ਦੀਆਂ ਤਿੰਨੇ ਪੁੱਤਰੀਆਂ ਵੀ ਅੰਮ੍ਰਿਤ ਛਕਣ ਲਈ ਪੰਗਤ ਵਿਚ ਬਹਿ ਗਈਆਂ। ਅਮਰ ਸਿੰਘ ਸੰਤਾਂ ਦੇ ਹੁਕਮ ਕਾਰਨ ਛਕਾਉਂਦਾ ਨਹੀਂ ਸੀ ਪਰ ਲੰਬੜਦਾਰ ਉਜਾਗਰ ਸਿੰਘ ਦੇ ਇਹ ਕਹਿਣ ਤੇ ਵਿਚਾਰੀਆਂ ਨੂੰ ਨਿਰਾਸ਼ ਨਾ ਕਰ, ਛਕਾ ਦੇ ਅੰਮ੍ਰਿਤ। ਅੰਮ੍ਰਿਤ ਤਿੰਨਾਂ ਭੈਣਾਂ ਨੂੰ ਛਕਾ ਦਿੱਤਾ ਗਿਆ। ਭਜਨ ਦੱਸਕੇ ਰਹਿਤ ਮਰਿਆਦਾ ਸਮਝਾ ਦਿੱਤੀ। ਕੀਰਤਨ ਹੋਇਆ ਤਿੰਨ ਘੰਟੇ, ਫਿਰ ਪਰਸ਼ਾਦ ਵਰਤਿਆ। ਜਿਸ ਦਿਨ ਕੁੜੀਆਂ ਨੇ ਅੰਮ੍ਰਿਤ ਛਕਿਆ ਸੀ ਉਹਨਾਂ ਦਾ ਪਿਤਾ ਕਿਸੇ ਹੋਰਸ ਪਿੰਡ ਗਿਆ ਸੀ। ਆਉਂਦੇ ਨੂੰ ਪਤਾ ਲੱਗਾ। ਕੁੜੀਆਂ ਨੂੰ ਕੁੱਟਣ ਮਾਰਨ ਲੱਗ ਪਿਆ। ਦੋ ਕੁੜੀਆਂ ਉਸ ਦੀ ਗੱਲ ਮੰਨ ਲਈ ਕਿ ਅੱਗੋਂ ਤੋਂ ਨਾਮਧਾਰੀਆਂ ਦੇ ਦੀਵਾਨ ਵਿਚ ਨਹੀਂ ਜਾਂਦੀਆਂ। ਪਰ ਵਿਚਕਾਰਲੀ ਕੁੜੀ ਰਾਮੋ ਨੇ ਕਿਹਾ ਮੈਂ ਗੁਰੂ ਤੋਂ ਬੇਮੁੱਖ ਨਹੀਂ ਹੋਣਾ। ਦੌਲਤ ਰਾਮ ਉਸ ਦਾ ਇਕ ਭਾਈ ਤੇ ਪੁੱਤਰ ਹਰਬੰਸ, ਤਿੰਨੇ ਕੇਸਾਧਾਰੀ ਅਤੇ ਅਖੰਡ ਪਾਠੀ ਸਨ। ਪਰ ਉਹ ਜ਼ਿਆਦਾ ਹੀ ਜਿਦ ਫੜ ਗਿਆ। ਉਸ ਕੁੜੀ ਨੂੰ ਧਮਕਾਇਆ ਕਿ ਤੈਨੂੰ ਹੁੱਕਾ ਪੀਣ ਵਾਲਿਆਂ ਦੇ ਘਰ ਵਿਆਹਾਂਗਾ। ਕੁੜੀ ਨੇ ਕਿਹਾ ਕਿ ਵਿਆਹ ਤੋਂ ਪਹਿਲਾਂ ਕੁਝ ਖਾ ਕੇ ਮਰਾਂਗੀ। ਪਿਉ ਧੀ ਦਾ ਮੁਕਾਬਲਾ ਸ਼ੁਰੂ ਹੋ ਗਿਆ। ਕੁੜੀ ਕੋਠੇ ਤੇ ਬਹਿਕੇ ਭਜਨ ਕਰਦੀ ਰਹਿੰਦੀ। ਦੌਲਤ ਰਾਮ ਕੁੜੀ ਨੂੰ ਕੁੱਟਣ ਲਈ ਕੋਠੇ ਤੇ ਚੜ੍ਹ ਰਿਹਾ ਸੀ। ਪੌੜੀ ਦੇ ਆਖਰੀ ਡੰਡੇ ਤੋਂ ਤਿਲਕ ਕੇ, ਵਾਹਵਾ ਸੱਟਾਂ ਲੁਆ ਬੈਠਾ।

ਸੰਤ ਜਦੋਂ ਦੌਰਾ ਕਰਦੇ, ਅੱਸੂ ਦੇ ਮੇਲੇ ਤੇ ਕਰਤਾਪੁਰ ਸਾਹਿਬ ਪੁੱਜੇ ਤਾਂ ਉਹਨਾ, ਲੋਕਾਂ ਪਾਸੋਂ ਰਾਮੋ ਦੀ ਵਿਥਿਆ ਸੁਣੀ। ਰਾਮੋ ਨੇ ਪਿਉ ਦੀ ਕੁੱਟ ਤੇ ਤੰਗੀਆਂ ਬਾਰੇ, ਸੰਤਾਂ ਪਾਸ ਰੱਖਿਆ ਦੀ ਮੰਗ ਕਰਦਿਆਂ, ਪੱਤਰ ਲਿਖਿਆ। ਉਸ ਕਿਹਾ ਉਹ ਮਰ ਸਕਦੀ ਹੈ, ਪਰ ਹੁੱਕੇ ਵਾਲੇ ਘਰ ਨਹੀਂ ਜਾਏਗੀ। ਸੰਤ ਜਥੇ ਦੇ ਪੰਦਰਾਂ ਸਿੰਘਾਂ ਤੇ ਪਿੰਡ ਦੇ ਮੋਹਤਬਰਾਂ ਸਮੇਤ ਦੌਲਤ ਰਾਮ ਦੇ ਘਰ ਜਾ ਕੇ ਚਿੱਠੀ ਦੀ ਗੱਲ ਕਰਕੇ, ਉਹਨੂੰ ਸਮਝਾਉਣ ਲੱਗੇ। ਉਸ ਕਿਹਾ ਚਿੱਠੀ ਸੰਤ ਨੇ ਆਪੇ ਲਿਖੀ ਹੈ। ਰਾਮੋ ਨੇ ਕਿਹਾ ਮੈਂ ਲਿਖੀ ਹੈ ਤੇ ਦੀਪੇ ਹੱਥ ਸੰਤਾਂ ਨੂੰ ਪੁਚਾਈ ਹੈ। ਲੋਕ ਦੌਲਤ ਰਾਮ ਨੂੰ ਫਿੱਟ ਲਾਨ੍ਹਤ ਕਰਕੇ, ਘਰੋ ਘਰੀ ਚਲੇ ਗਏ।

ਅਗਲੇ ਚੇਤਰ ਦੇ ਮਹੀਨੇ ਰੋਜ਼ ਰੋਜ਼ ਦੀ ਅੱਕੀ ਬੀਬੀ ਰਾਮੀ, ਸੰਤਾਂ ਦੇ ਡੇਰੇ ਆ ਗਈ। ਸੰਤ ਜੀ ਨੇ ਉਸਨੂੰ ਆਪਣੇ ਜਥੇ ਦੇ ਸਿੰਘ, ਭਗਵਾਨ ਸਿੰਘ ਨਾਲ ਭੈਣੀ ਸਾਹਿਬ ਭੇਜ ਦਿੱਤਾ। ਸਤਿਗੁਰੂ ਜੀ ਨੇ ਕਿਹਾ ਕਿ ਬੀਬੀ ਤੂੰ ਮਨ ਦੀ ਗੱਲ ਦੱਸ ਤਾਂ ਕਿ ਅਸੀਂ ਤੇਰਾ ਕਿਸੇ ਸਿੱਖ ਨਾਲ ਅਨੰਦ ਪੜ੍ਹਾ ਦਈਏ। ਉਸ ਬੇਨਤੀ ਕੀਤੀ ਕਿਸੇ ਸਿੱਖ ਨਾਲ ਨਹੀਂ, ਮੇਰਾ ਅਨੰਦ ਸੰਤ ਬੰਤਾ ਸਿੰਘ ਨਾਲ ਹੀ ਕਰ ਦਿਉ। ਸਤਿਗੁਰਾਂ ਨੇ ਭਗਵਾਨ ਸਿੰਘ ਨੂੰ ਭੇਜ ਕੇ, ਸੰਤ ਬੰਤਾ ਸਿੰਘ ਹੋਰਾਂ ਨੂੰ ਮੰਗਵਾ ਕੇ, ਅਨੰਦ ਕਾਰਜ ਕਰ ਦਿੱਤਾ। ਲੁਧਿਆਣੇ ਲਿਜਾ ਕੇ ਰਾਮੋ ਦੇ ਬਿਆਨ ਵੀ ਡਿਪਟੀ ਕਮਿਸ਼ਨਰ ਦੀ ਕੋਰਟ ਵਿਚ ਕਰਵਾ ਦਿੱਤੇ। ਦੌਲਤ ਰਾਮ ਦਾ ਵੱਡਾ ਜੁਆਈ ਦੁਰਗਾ ਦਾਸ ਲਾਹੌਰ ਵਿਚ ਵੱਡਾ ਆਦਮੀ ਸੀ। ਉਸ ਦੀ ਮਾਰਫਤ ਦੌਲਤ ਰਾਮ ਨੇ ਪੁਲੀਸ ਲਈ ਅਤੇ ਸੰਤਾਂ ਦੇ ਡੇਰੇ ਵਿਚੋਂ ਰਾਮੋ ਤੇ ਚਾਰ ਸਾਧਾਂ ਨੂੰ ਲੈ ਜਾ ਕੇ, ਨਾਰੋਵਾਲ ਦੀ ਹਵਾਲਾਤ ਵਿਚ ਬੰਦ ਕਰ ਦਿੱਤਾ। ਰਾਮੋ ਨੂੰ ਕਈ ਦਿਨ ਪਰਿਵਾਰ ਵਾਲੇ, ਰਿਸ਼ਤੇਦਾਰ ਤੇ ਪੁਲੀਸ ਵਾਲੇ ਵੀ ਪਿਉ ਦੀ ਗੱਲ ਮੰਨਣ ਲਈ ਕਹਿੰਦੇ ਰਹੇ ਪਰ ਉਹ ਟੱਸ ਤੋਂ ਮੱਸ ਨਾ ਹੋਈ। ਓੜਕ ਉਸਨੂੰ ਲਿਦੋਕੇ ਦੇ ਬ੍ਰਾਹਮਣ ਪਰਿਵਾਰ ਜੋ ਚਾਰ ਪੰਜ ਭਾਈ ਅਤੇ ਮਾਲਦਾਰ ਸਨ, ਉਹਨਾਂ ਪਾਸ ਪੁਚਾ ਦਿੱਤਾ। ਉਹਨਾਂ ਕਿਹਾ ਕਿ ਇਹ ਹੁਣ ਬੰਤਾ ਸਿੰਘ ਦਾ ਨਾਂ ਵੀ ਨਹੀਂ ਲਵੇਗੀ। ਸੰਤਾਂ ਨੂੰ ਆਪਣੇ ਸੂਹੀਏ ਤੋ ਪਤਾ ਲੱਗਾ ਕਿ ਰਾਮੋ ਨੂੰ ਲਿੱਦੋਕੇ ਵਾਲਿਆਂ ਦੇ ਵੱਸ ਪਾ ਦਿੱਤਾ ਗਿਆ ਹੈ। ਸੰਤ ਜੀ ਲਈ ਹੁਣ ਸ਼ਰਨਪਾਲ ਬਣਨ ਦੀ ਕਠਿਨ ਪ੍ਰੀਖਿਆ ਆ ਗਈ। ਡੇਰੇ ਦੇ 28 ਕੁ ਸਿੰਘ, ਸੱਦੋਵਾਲ, ਚੰਦੋਵਾਲ ਤੇ ਕੱਕੇਕਿਆਂ ਤੋਂ ਵੀ ਸਿੰਘ ਰਲੇ। ਪੂਰਾ ਪੰਜਾਹ ਸਿੰਘਾਂ ਦਾ ਜਥਾ ਹੋ ਗਿਆ। ਅਰਦਾਸ ਸੋਧ ਕੇ ਲਿੱਦੋਕੇ ਵਾਲੇ ਬ੍ਰਾਹਮਣਾਂ ਦੀ ਕੰਧ ਡੇਗ ਕੇ ਜਾ ਪਏ। ਉੱਤੋਂ ਦੋ ਤਕੜੇ ਬ੍ਰਾਹਮਣ ਉੱਤਰੇ। ਉਹਨਾਂ ਪਾਸ ਡਾਂਗਾਂ ਸਨ। ਜਥੇ ਵਿਚ ਦੋ ਸਿੰਘ ਬਰਛਿਆਂ ਵਾਲੇ ਸਨ, ਉਹਨਾਂ ਦੋਵੇਂ ਪਰੋ ਦਿੱਤੇ। ਸੰਤ ਕੋਠੇ ਤੇ ਚੜ੍ਹ ਗਏ। "ਲੋਕੋ ਅਸੀਂ ਡਾਕੂ ਨਹੀਂ। ਆਪਣੇ ਧਿਰ ਵਾਸਤੇ ਆਏ ਹਾਂ। ਰਾਹ ਦੇ ਦਿਉ ਕੋਈ ਬੇਦੋਸ਼ਾ ਨਾ ਮਰੇ।" ਪਿੰਡ ਵਿਚ ਥਾਣਾ ਸੀ। ਪੁਲੀਸ ਨੇ ਹਵਾਈ ਫਾਇਰ ਕੀਤੇ। ਕਮਰਿਆਂ ਵਿਚ ਤਲਾਸ਼ੀ ਲਈ, ਕੋਈ ਜੀਅ ਨਾ ਲੱਭਾ। ਇਕ ਜ਼ਨਾਨੀ ਨੂੰ ਜਦੋ ਪੁੱਛਿਆ ਉਹ ਚੀਕਾਂ ਮਾਰਨ ਲੱਗ ਪਈ। ਸੰਤਾਂ ਨੇ ਆਪਣੇ ਸਿੰਘ ਨੂੰ ਵਰਜ ਦਿੱਤਾ ਕਿ ਜੇ ਉਹਨਾਂ ਦੀ ਧੀ ਹੈ ਤਾ ਸਾਡੀ ਵੀ ਧੀ ਹੈ। ਉਹ ਗੂੰਗੀ ਸੀ। ਬੋਲ ਨਹੀਂ ਸੀ ਸਕਦੀ। ਡੇਰੇ ਆ ਕੇ ਸੰਤਾਂ

ਨੇ ਜਥਾ ਖਿਲਾਰ ਦਿੱਤਾ। ਉੱਧਰ ਬ੍ਰਾਹਮਣ ਥਾਣੇ ਜਾ ਕੇ ਰੋਣ ਪਿੱਟਣ ਲੱਗੇ। ਪੁਲੀਸ ਗਈ ਤਾਂ ਸਭ ਤੋਂ ਪਹਿਲਾਂ ਉਹਨਾਂ ਰਾਮੋ ਨੂੰ ਪੁੱਛਿਆ ਕਿ ਇਹਨਾਂ ਨੂੰ ਕੌਣ ਮਾਰ ਗਿਆ ਹੈ। ਰਾਮੋ ਦਾ ਜੁਆਬ ਸੀ, ਇਹਨਾਂ ਨੂੰ ਕਿਸੇ ਨਹੀਂ ਮਾਰਿਆ। ਇਕ ਕਹਿੰਦਾ ਸੀ ਰਾਮੋ ਮੈਂ ਵਿਆਹੁਣੀ ਹੈ ਦੂਜਾ ਕਹਿੰਦਾ ਸੀ ਮੈਂ ਵਿਆਹੁਣੀ ਹੈ। ਦੋਹਾਂ ਨੇ ਬਰਛੇ ਫੜ ਲਏ ਤੇ ਇਕੱਠੇ ਹੀ ਇਕ ਦੂਜੇ ਦੇ ਪੇਟ ਵਿਚ ਖੋਭ ਦਿੱਤੇ। ਦੂਹਰੇ ਕਤਲ ਕੇਸ ਵਿਚ ਸੰਤ ਬੰਤਾ ਸਿੰਘ ਹੋਰਾਂ ਤੇ ਮੁਕਦਮਾ ਚੱਲਿਆ ਸਿਆਲਕੋਟ ਵਿਚ, ਜਿੱਥੇ ਉਹ ਜੇਲ੍ਹ ਵਿਚ ਸਨ। ਸਬੂਤਾਂ ਦੀ ਕਮੀ ਕਰਕੇ, ਬਰੀ ਹੋ ਗਏ। ਰਾਮੋ ਪਹਿਲਾਂ ਹੀ ਅਦਾਲਤ ਦੀ ਮਾਰਫਤ ਬਿਆਨ ਦੇ ਕੇ, ਸੰਤਾਂ ਦੇ ਡੇਰੇ ਆ ਚੁੱਕੀ ਸੀ। ਸੰਤਾਂ ਦੇ ਆਉਣ ਦੀ ਖ਼ੁਸ਼ੀ ਵਿਚ ਕੜਾਹ ਪਰਸ਼ਾਦ ਵਰਤਾਇਆ ਗਿਆ। ਫਿਰ ਬੀਬੀ ਰਾਮੋ ਜੀਵਨ ਪਰਯੰਤ ਹੀ ਸੰਤਾਂ ਦੇ ਗੁਜ਼ਰਨ ਤੋਂ ਬਾਅਦ ਵੀ ਉਹਨਾਂ ਦੀ ਯਾਦ ਵਿਚ ਸਾਰਾ ਸਮਾਂ ਕੱਟਿਆ।[13]

ਇਸ ਬੀਬੀ ਵਿਚੋਂ ਨਿਸ਼ਾਨ ਸਿੰਘ ਨਾਂ ਦਾ ਪੁੱਤਰ ਅਤੇ ਦੋ ਪੁੱਤਰੀਆਂ ਸਨ ਜੋ ਬਟਵਾਰੇ ਤੋਂ ਬਾਅਦ ਧਾਰੀਵਾਲ ਦੇ ਕੋਲ, ਪਿੰਡ ਬੜੋਏ ਰਹਿੰਦੇ ਰਹੇ। ਸੰਤਾਂ ਦੀਆਂ ਦੋਵੇਂ ਸਿੰਘਣੀਆਂ ਵੀ ਬੜੋਏ ਹੀ ਰਹੀਆਂ। ਦੌਲਤ ਰਾਮ ਹੋਰਾਂ ਦਾ ਪਰਿਵਾਰ ਵੀ ਵੰਡ ਬਾਅਦ ਪਕੇਵੇਂ ਜ਼ਿਲ੍ਹਾ ਗੁਰਦਾਸਪੁਰ ਆ ਗਿਆ ਸੀ। ਸੰਤ ਬੰਤਾ ਸਿੰਘ ਜੀ ਦੇ ਚਲਾਣੇ ਦਾ ਸਾਲ ਅਨੁਮਾਨਿਤ 1945 ਈ. ਹੈ। ਸਤਿਗੁਰੂ ਪ੍ਰਤਾਪ ਸਿੰਘ ਜੀ ਦੀਆਂ ਬੇਅੰਤ ਖੁਸ਼ੀਆਂ ਦੇ ਪਾਤਰ ਸੰਤ ਬੰਤਾ ਸਿੰਘ ਜੀ ਬਣੇ। ਸਮੇਂ ਸਮੇਂ ਸੋਨੀਆ, ਲਾਹੌਰਨ, ਕੁੱਲੀ ਅਤੇ ਬਿਜਲੀ ਘੋੜੀ ਆਪ ਨੇ ਸੰਤਾਂ ਨੂੰ ਦਿੱਤੀਆਂ ਸਨ, ਸਦਾ ਲਈ। ਵੀਹਵੀਂ ਸਦੀ ਦੇ ਪਹਿਲੇ ਅੱਧ ਵਿਚ ਸੰਤ ਬੰਤਾ ਸਿੰਘ ਬੂੜੇ ਡੱਲਾ, ਕੂਕਾ ਆਨ ਬਾਨ ਅਤੇ ਸ਼ਾਨ ਦੇ ਪ੍ਰਤੀਕ ਬਣੇ ਰਹੇ। ਹਜ਼ਾਰਾਂ ਪ੍ਰਾਣੀਆਂ ਨੂੰ ਉਹਨਾਂ ਸਤਿਗੁਰੂ ਰਾਮ ਸਿੰਘ ਜੀ ਦੇ ਪੰਥ ਵਿਚ ਸ਼ਾਮਲ ਕੀਤਾ ਸੀ।

ਸੰਤ ਇੰਦਰ ਸਿੰਘ ਜੀ ਚੱਕਰਵਰਤੀ 'ਕੂਕਿਆਂ ਬਾਰੇ' ਵਿਚ ਲਿਖਦੇ ਹਨ ਕਿ ਸੰਤ ਬੰਤਾ ਸਿੰਘ ਜੀ ਬੂੜੇ ਡੱਲਾ, ਕੀਰਤਨ ਦਾ ਪਰਵਾਹ ਇਸ ਤਰ੍ਹਾਂ ਚਲਾਇਆ ਕਰਦੇ ਸਨ ਜਿਵੇਂ ਪਹਿਰ ਛੱਲੇ (ਛਾਛੜੇ) ਦਾ ਮੀਂਹ ਵਰ੍ਹਿਆ ਕਰਦਾ ਹੈ। ਨਾਮਧਾਰੀ ਪੰਥ ਨੂੰ ਜਥੇਦਾਰ ਅਤਰ ਸਿੰਘ ਸੰਭੜਿਆਲ ਅਤੇ ਸੰਤ ਮੋਹਨ ਸਿੰਘ ਜੀ ਭਾਗੋਵਾਲੀਏ ਜਿਹੇ ਕੂਕਾ ਪਰਚਾਰਕ ਤੇ ਸਾਧੂ ਆਪ ਦੀ ਹੀ ਦੇਣ ਹਨ। ਇਕ ਵੇਰ ਆਪ ਪਾਸੋਂ ਕੁਝ ਅਵੱਗਿਆ ਹੋ ਗਈ। ਸਤਿਗੁਰੂ ਜੀ ਪਾਸੋਂ ਬਖਸ਼ਬੰਦੀ ਕਰਵਾਉਣ ਦਾ ਮੌਕਾ ਹੀ ਨਾ ਮਿਲ ਸੱਕਿਆ ਅਤੇ ਆਪ ਦਾ ਸਰੀਰ ਸ਼ਾਂਤ ਹੋ ਗਿਆ। ਸੰਤ ਜੀ ਨੇ 55 ਕੁ ਸਾਲ ਦੀ ਉਮਰ ਭੋਗੀ। ਦੂਸਰਾ ਅਨੰਦ ਕਾਰਜ 1932 ਵਿਚ ਹੋਇਆ ਮਾਲੂਮ ਹੁੰਦਾ ਹੈ। ਉਹਨਾਂ ਦਾ ਬਿਨਾਂ ਬਖਸ਼ਬੰਦੀ ਗੁਜ਼ਰ ਜਾਣ ਦਾ, ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਵੀ ਅਫ਼ਸੋਸ ਸੀ। 1945 ਈ. ਦੀ ਵੈਸਾਖੀ ਤੇ ਸਤਿਗੁਰੂ ਜੀ ਨੇ ਦਰਸ਼ਨ ਦਿੰਦਿਆਂ ਹੋਇਆਂ ਇਸ ਪ੍ਰਥਾਇ ਇਉਂ ਬਚਨ ਕਰਕੇ ਆਪਣੇ ਪਿਆਰੇ ਸਿੱਖ ਦੀਆਂ ਭੁੱਲਾਂ ਚੁੱਕਾਂ ਖਿਮਾ ਕਰ ਦਿੱਤੀਆਂ ਸਨ :

"ਸੰਤ ਜੀ ਤਨਖਾਹੀ ਹੋਏ ਹੀ ਚੜ੍ਹ ਗਏ ਸੀ ਤਾਂ ਸਤਿਗੁਰੂ ਜੀ ਹਉਕਾ ਲੈ ਕਿਹਾ,

ਉਸ ਬੰਤਾ ਸਿੰਘ ਦੀ ਕੱਛ ਧੋਣ ਵਾਲਾ ਅਤਰ ਸਿੰਘ ਪੂਜੀਦਾ ਏ ਤੇ ਸੂਜੋਵਾਲੀਆ ਬੇਲਾ ਸਿੰਘ ਬੜਾ ਪ੍ਰਸਿਧ ਹੋ ਗੁਜ਼ਰਿਆ ਹੈ ਤੇ ਸੂਬਾ ਹਰੀ ਸਿੰਘ ਕੈਸਾ ਚੰਗਾ ਏ ਪਰ ਸੰਗੀਆਂ ਦੀ ਤੇ ਸੁਭਾ ਦੀ ਸੰਗੋਂ ਲੰਘ, ਨਾਂ ਬਖਸ਼ਾਉਣ ਵਾਲੇ, ਸੂਰਮੇ ਸੁਭਾਅ ਵਾਲੇ ਬੰਤਾ ਸਿੰਘ ਨੂੰ ਮੇਰੇ ਵੱਲੋਂ ਬਖਸ਼ਿਸ਼ ਏਂ ਕਿਉਂਕਿ ਮੈਨੂੰ ਪਤਾ ਹੈ ਉਸ ਲੱਬ ਨਹੀਂ ਕੀਤਾ। ਸਬੱਬ ਹੀ ਐਸਾ ਬਣਿਆ ਸੀ ਕਿ ਉਸ ਨੂੰ ਨਿਰਮਾਣ ਹੋਣਾ ਹੀ ਪਿਆ।"[14]

## ਹਵਾਲੇ ਅਤੇ ਟਿੱਪਣੀਆਂ

1. ਅਖੀਂ ਡਿੱਠਾ ਕਿੱਸਾ ਕੀਤਾ (ਜਥੇਦਾਰ ਗੁਰਮੁਖ ਸਿੰਘ ਝੱਬਰ ਦੇ ਸੰਸਮਰਣ) ਸੰ. ਸੁਵਰਨ ਸਿੰਘ ਵਿਰਕ, ਸਫਾ 185.
2. ਉਹੀ, ਸਫਾ 284
3. ਨਿਰਭੈ ਯੋ. (ਭਾਗ ਪਹਿਲਾ) ਸੰਤ ਅਮਰ ਸਿੰਘ ਨਾਗੀ ਵੇਰਕਾ ਵਾਲੇ, (ਸੰ. ਹਰਦੇਵ ਸਿੰਘ ਅਸਤਿੰਦਰ ਕੌਰ) ਦਿੱਲੀ, ਸਫਾ 32-33
4. ਉਹੀ ਸਫਾ 33-34
5. ਉਹੀ ਸਫਾ 38-39
6. ਉਹੀ ਸਫਾ 39-44
7. ਉਹੀ ਸਫਾ 49
8. ਉਹੀ ਸਫਾ 49-50
9. ਉਹੀ ਸਫਾ 50
10. ਉਹੀ ਸਫਾ 52-61
11. ਉਹੀ ਸਫਾ 62-68
12. ਉਹੀ ਸਫਾ 75
13. ਉਹੀ ਸਫਾ 82-100
14. ਜੱਸ ਜੀਵਨ (ਭਾਗ ਤੀਜਾ), ਸੰਤ ਤਰਨ ਸਿੰਘ ਵਹਿਮੀ, ਸਫਾ 332-33

## ਹੱਲੇ ਦੇ ਦੀਵਾਨ ਦਾ ਸਿਖਰ-ਜਥੇਦਾਰ ਅਤਰ ਸਿੰਘ, "ਇੰਦਰ ਮੋਹਣੀਆਂ ਵਾਲੇ"

ਪੰਜਾਬੀ ਲੋਕ ਗੀਤਾਂ ਵਿਚ ਕਿਸੇ ਨਾਮਧਾਰੀ ਜਾਂ ਕੂਕੇ ਦੇ ਘਰ ਦੀ, ਪਹਿਚਾਣ ਪੁੱਛੇ ਜਾਣ ਤੇ ਇਉਂ ਜੁਆਬ ਦਿੱਤਾ ਮਿਲਦਾ ਹੈ :

"ਉਹ ਘਰ ਕੂਕਿਆਂ ਦਾ/ਜਿੱਥੇ ਛੈਣੇ ਢੋਲਕੀ ਖੜਕੇ"

ਛੈਣੇ ਕੈਂਹੇ ਦੇ ਹੁੰਦੇ ਹਨ ਅਤੇ ਪਹਿਲੇ ਵੇਲਿਆਂ ਵਿਚ ਘਰਾਂ ਵਿੱਚ ਥਾਲੀਆਂ ਕੌਲੀਆਂ ਆਦਿ ਬਰਤਨ ਵੀ ਕੈਂਹੇ ਦੇ ਹੀ ਹੁੰਦੇ ਸਨ। ਜਦੋਂ ਸਿੰਘ ਸਜ ਗਿਆ ਕੂਕਾ, ਅੰਦਰੋਂ ਪਰੇਮ ਦੀ ਤਾਰ ਖੜਕੀ ਤਾਂ ਫਿਰ ਪਿੰਡ ਦੇ ਠਠਿਆਰ ਪਾਸ ਥਾਲੀਆਂ ਲੈ ਕੇ ਪੁੱਜ ਗਿਆ ਕਿ ਇਹਨਾਂ ਨੂੰ ਭੰਨ ਕੇ ਛੈਣਿਆਂ ਵਿਚ ਬਦਲ ਦਿਉ। ਇਸ ਕ੍ਰਿਆ ਦੀ ਗਵਾਹੀ ਵੀ ਲੋਕ ਗੀਤਾਂ ਵਿਚੋਂ ਮਿਲਦੀ ਹੈ:

"ਥਾਲੀ ਭੰਨ ਕੇ ਬਣਾ ਲਏ ਛੈਣੇ/ ਬੱਲੇ ਬੱਲੇ ਕੂਕਿਆਂ ਦੇ"

ਢੋਲਕੀ ਛੈਣੇ ਕੂਕਾ ਲਹਿਰ ਵਿਚ, ਸਤਿਗੁਰੂ ਰਾਮ ਸਿੰਘ ਦੁਆਰਾ ਵਿੱਢੇ ਬਸਤੀਵਾਦ ਵਿਰੋਧੀ ਲੋਕ ਸੰਗਰਾਮ ਦੇ ਨਵੇਂ ਢੰਗ ਦੇ ਅਸਤਰ ਸ਼ਸਤਰ ਹੀ ਤਾਂ ਸਿੱਧ ਹੋਏ, ਜਦੋਂ ਨਾਮਧਾਰੀ ਪਰਚਾਰਕਾਂ ਦੇ ਹੱਲੇ ਦੇ ਦੀਵਾਨ ਦੀਆਂ ਸਿੱਧੀਆਂ ਸਾਦੀਆਂ ਲੋਕ ਧਾਰਨਾਵਾਂ ਦੇ ਕੀਲੇ ਲੱਖਾਂ ਲੋਕ, ਇਹਨਾਂ ਦੀਵਾਨਾਂ ਦੀ ਰੌਣਕ ਬਣਦੇ ਸਨ ਅਤੇ ਸੱਤ ਸਾਗਰੋਂ ਪਾਰੋਂ ਆਈ ਲੋਟੂ ਅਤੇ ਜ਼ਾਲਮ ਗੋਰਾ ਸ਼ਾਹੀ ਨੂੰ ਕੂਕਿਆਂ ਦੀ ਵਧਦੀ ਲੋਕ ਸ਼ਕਤੀ ਦੇ ਸਾਹਵੇਂ, ਆਪਣੇ ਪੈਰ ਉੱਖੜਦੇ ਨਜ਼ਰ ਆਉਣ ਲੱਗੇ। ਪੰਜਾਬੀ ਕਵਿਤਾ ਵਿਚ ਦੀਵਾਨਾਂ ਦੀ ਹਮਲਾਵਰ ਸ਼ਕਤੀ ਦਾ ਬਖਾਨ ਕੀਤਾ ਮਿਲਦਾ ਹੈ :

"ਸਿੰਘ ਮਾਘੀ ਮੇਲਾ ਕਰਨ ਨੂੰ ਚੱਲ ਭੈਣੀ ਆਏ।
ਹੋ ਹਾਜ਼ਰ ਸ੍ਰੀ ਹਜ਼ੂਰ ਦੇ, ਦੀਵਾਨ ਸਜਾਏ।
ਲੈ ਕੁੱਟੇ ਛੈਣੇ ਢੋਲਕੀ ਜੱਸ ਗੁਰ ਦੇ ਗਾਏ।
ਜੀ ਖੋਲ੍ਹ ਮਸਤਾਨਿਆਂ ਨੱਚ ਤਾਲ ਮਿਲਾਏ।
ਜੋ ਕੇਸਾਂ ਦਾ ਕਰ ਲਿਖਿਆ ਸੋ ਚਵਰ ਝੁਲਾਏ।
ਝੁਕ ਜਲਵਾ ਵੇਖੇ ਅਰਸ਼ ਤੋਂ, ਇੰਦਰ ਸ਼ਰਮਾਏ।"

(ਕੂਕਿਆਂ ਦੀ ਵਾਰ ਕ੍ਰਿਤ ਹਰਸਾ ਸਿੰਘ 'ਚਾਤਰ')

"ਗੋਰੇ ਹਿਲ ਗਏ ਹੱਲੇ ਦੇ ਸ਼ਬਦ ਸੁਣਕੇ,
ਐਸੇ ਵਾਰ ਕੀਤੇ ਢੋਲਕ ਛੈਣਿਆਂ ਨੇ।
ਗੋਲੇ ਤੋਪਾਂ ਦੇ ਨਰਕਾਂ ਦੀ ਅੱਗ ਵਰਗੇ,
ਠੰਢੇ ਠਾਰ ਕੀਤੇ ਢੋਲਕ ਛੈਣਿਆਂ ਨੇ।"

–ਸੰਤੋਖ ਸਿੰਘ 'ਸਫਰੀ'

ਹੱਲੇ ਦੇ ਦੀਵਾਨਾਂ ਦੀ ਪਰੰਪਰਾ ਨਾਮਧਾਰੀ ਸੰਗਤ ਵਿਚ ਡੇੜ ਸਦੀ ਤੋਂ ਚੱਲੀ ਆ ਰਹੀ ਹੈ। ਜਿਤਨਾ ਕੋਈ ਸਰੀਰ ਨਾਮ ਬਾਣੀ ਦੇ ਇਲਾਹੀ ਰੰਗ ਵਿਚ ਰੰਗਿਆ, ਆਪਣੇ ਸਤਿਗੁਰੂ ਦੇ ਦਰਬਾਰ ਵਿਚੋਂ, ਮਸਤੀ ਦੇ ਲਬਾ ਲਬ ਪਿਆਲਿਆਂ ਦਾ ਤਲਬਗਾਰ ਬਣਿਆ, ਉਤਨੀ ਹੀ ਸ਼ਿੱਦਤ ਨਾਲ ਉਹ ਹੋਰਨਾਂ ਦੀਆਂ, ਦਿਲਾਂ ਦੀਆਂ ਸੁੱਤੀਆਂ ਤਰਬਾਂ ਨੂੰ ਜਗਾਉਣ ਵਾਲਾ ਬਣ ਗਿਆ। ਮਸਤੀ ਕੂਕਾ ਦੀਵਾਨਾਂ ਦਾ ਅਭਿੰਨ ਅੰਗ ਹੁੰਦੀ ਸੀ। ਜਿਹੜੇ ਜਥੇਦਾਰ, ਪਰਚਾਰਕ, ਆਪਣੇ ਸਰੋਤਿਆਂ ਨੂੰ ਇਸ ਮਸਤੀ ਦੇ ਆਲਮ ਵਿਚ ਪੁਚਾਉਣ ਦੇ ਸਮਰੱਥ ਹੁੰਦੇ, ਉਹਨਾਂ ਦੇ ਦੀਵਾਨਾਂ ਦੀਆਂ ਰੀਕਾਰਡ ਤੋੜੂ ਭੀੜਾਂ, ਉਹਨਾਂ ਨੂੰ ਕੂਕਾ ਲਹਿਰ ਦੇ ਅਮਰ-ਨਾਇਕ ਬਣਾ ਦਿੰਦੀਆਂ ਸਨ। ਵੀਹਵੀਂ ਸਦੀ ਦੇ ਪਹਿਲੇ ਅੱਧ ਵਿਚ, ਇਸ ਤਰ੍ਹਾਂ ਦੇ ਵਿਲੱਖਣ ਅੰਦਾਜ਼ ਵਾਲੇ, ਹੱਲੇ ਦੇ ਦੀਵਾਨਾਂ ਦੇ ਸ਼ਿਰੋਮਣੀ ਜਥੇਦਾਰ ਹੋਏ ਹਨ, ਸਤਿਗੁਰੂ ਪਰਤਾਪ ਸਿੰਘ ਜੀ ਤੋਂ ਵਰੋਸਾਏ, ਜਥੇਦਾਰ ਅਤਰ ਸਿੰਘ ਜੀ, ਇੰਦਰ ਮੋਹਣੀਆਂ ਵਾਲੇ। ਉਹਨਾਂ ਦੇ ਅਕਾਲ ਚਲਾਣੇ ਨੂੰ ਅੱਧੀ ਸਦੀ ਤੋਂ ਉਪਰ ਸਮਾਂ ਹੋ ਚੁੱਕਾ ਹੈ, ਪਰ ਨਾਮਧਾਰੀ ਸੰਗਤ ਵਿਚ ਨਾਮਧਾਰੀ ਦੀਵਾਨਾਂ ਵਿਚ, ਉਹਨਾਂ ਦੀ ਕੀਰਤੀ ਦਾ ਬਖਾਨ ਅਕਸਰ ਸੁਣਨ ਨੂੰ ਮਿਲਦਾ ਰਹਿੰਦਾ ਹੈ। ਉਹਨਾਂ ਦੇ ਦਮਦਾਰ ਦੀਵਾਨਾਂ ਵਿਚ ਧੂਆਂ-ਧਾਰ ਵਖਿਆਨ, ਸੁਰੀਲੀਆਂ ਲੋਕ ਧੁਨਾਂ ਵਿੱਚ ਨਿਰਤਕਾਰੀ ਕਰਦਿਆਂ ਲਾਈਆਂ, ਵੈਰਾਗਮਈ ਸੱਦਾਂ, ਪੱਥਰ ਹਿਰਦਿਆਂ ਨੂੰ ਵੀ ਮੋਮ ਕਰ ਦਿੰਦੀਆਂ ਸਨ। ਸਤਿਗੁਰੂ ਰਾਮ ਸਿੰਘ ਦਾ ਵਿਦੇਸ਼ੀ ਸਰਕਾਰ ਦੁਆਰਾ ਪਰਦੇਸ ਗ਼ਮਨ ਅਤੇ ਉਹਨਾਂ ਦੇ ਦਰਸ਼ਨਾਂ ਲਈ ਦੇਸ ਵਾਪਸੀ ਦੀਆਂ ਮਿੰਨਤਾਂ ਤਰਲੇ, ਇਹਨਾਂ ਦੀਵਾਨਾਂ ਵਿਚ ਬਿਰਹਾ ਦਾ ਵਿਸਮਾਦੀ ਰੰਗ ਭਰ ਦਿੰਦੇ ਸਨ। ਨਾ ਸਿਰਫ ਨਾਮਧਾਰੀ ਸੰਗਤ ਸਗੋਂ ਗ਼ੈਰ ਨਾਮਧਾਰੀ ਸਿੱਖ, ਹਿੰਦੂ, ਮੁਸਲਮਾਨ, ਈਸਾਈ ਸੰਤਾਂ ਦੇ ਦੀਵਾਨ ਵਿਚ ਇਕੋ ਜਿਹੀ ਸ਼ਿੱਦਤ ਨਾਲ ਸ਼ਾਮਲ ਹੋਇਆ ਕਰਦੇ ਸਨ। ਉਹਨਾਂ ਵਿਚ ਸਿਖਰ ਦੀ ਮਸਤੀ ਦੇ ਦਰਸ਼ਨ ਹੁੰਦੇ ਸਨ ਅਤੇ ਦੀਵਾਨ ਨੂੰ ਉਹ ਇਸ ਕਦਰ ਸਮਰਪਿਤ ਸਨ ਕਿ ਸਰੀਰ ਦਾ ਅੰਤ ਸਮਾਂ ਵੀ ਦੇਸ਼ ਬਟਵਾਰੇ ਤੋਂ ਕੁਝ ਵਰ੍ਹੇ ਬਾਅਦ ਹੀ ਇਕ ਦੀਵਾਨ ਵਿਚ ਹੀ ਆਇਆ ਜਦੋਂ ਆਪ ਨੇ ਧਾਰਨਾਂ ਪੜ੍ਹਦਿਆਂ ਪੜ੍ਹਦਿਆਂ, ਸੰਗਤ ਨਾਲ ਇਹ ਬਚਨ ਸਾਂਝਾ ਕੀਤਾ "ਸਾਧ ਸੰਗਤ ਜੀ ਹੁਣ ਜੋ ਮੇਰੇ ਨਾਲ ਵਾਪਰ ਰਹੀ ਹੈ ਜਾਂ ਮੈਂ ਜਾਣਦਾ ਹਾਂ ਅਤੇ ਜਾਂ ਮੇਰਾ ਸਤਿਗੁਰੂ।" ਸਿਰ ਢੋਲਕੀ ਤੇ ਰੱਖ ਦਿੱਤਾ। ਮਾਨੋ ਆਪਣੇ ਦੀਵਾਨ ਨੂੰ ਗੁਰੂ ਘਰ ਦੇ ਕੀਰਤਨ ਨੂੰ ਅੰਤਿਮ ਫਤਹਿ ਬੁਲਾ ਦਿੱਤੀ। ਪਰਾਣ ਪੰਖੇਰੂ ਉਡਾਰੀ ਮਾਰ ਗਏ।

ਸੰਤ ਅਤਰ ਸਿੰਘ ਜੀ ਦਾ ਜਨਮ ਸਿਆਲਕੋਟ ਜ਼ਿਲ੍ਹੇ ਦੇ ਪਰਸਿੱਧ ਕਸਬੇ ਸੰਭੜਿਆਲ, ਵਿੱਚ ਪਿਤਾ ਸੁੰਦਰ ਸਿੰਘ ਤੇ ਮਾਤਾ ਕਿਸ਼ਨ ਕੌਰ ਦੇ ਘਰ ੧੯੫੫ ਬਿਕਰਮੀ ਮੁਤਾਬਿਕ ੧੮੯੮-੯੯ ਈ. ਵਿਚ ਹੋਇਆ।[1] ਆਪ ਦੇ ਪਿਤਾ ਜੀ ਉਹਨਾਂ ਦੇ ਨਾਨਕੇ ਪਿੰਡ ਛੰਨੀਆਂ ਗੁੱਜਰਾਂ, ਜ਼ਿਲ੍ਹਾ ਗੁਰਦਾਸਪੁਰ ਵਿਖੇ ਹੀ ਰਹਿੰਦੇ ਸਨ। ਮਾਤਾ-ਪਿਤਾ ਦਸਾਂ ਸਾਲਾਂ ਦੇ ਬਾਲ ਅਤਰ ਸਿੰਘ ਨੂੰ ਛੱਡ ਕੇ ਚਲਾਣਾ ਕਰ ਗਏ। ਪਾਲਣ ਪੋਸਣ ਦਾਦੀ ਜੀ ਦੁਆਰਾ ਪਿੰਡ ਜਰਮੀਆਂ ਵਿਖੇ ਹੋਇਆ। ਸੰਭੜਿਆਲ

ਵਿਚ ਨਾਮਧਾਰੀ ਸਿੱਖੀ ਗੁਰੂ ਹਰੀ ਸਿੰਘ, ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਵਿਚ ਹੀ ਆਈ ਸੀ ਭਾਵੇਂ ਸਿਆਲ ਕੋਟ ਜ਼ਿਲ੍ਹੇ ਵਿਚ ਕੂਕਿਆਂ ਦੇ ਪਿੰਡਾਂ ਦੀ ਗਿਣਤੀ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਵਿੱਚੋਂ ਵਧ ਸੀ। ਇਸ ਸਮੇਂ ਨਾਮਧਾਰੀ ਪੰਥ ਵਿਚ ਜਥੇਦਾਰ ਸੰਤ ਬੰਤਾ ਸਿੰਘ ਬੂੜੇ ਡੱਲਾ (ਗੁਰਦਾਸਪੁਰ, ਤਹਿਸੀਲ, ਸ਼ਕਰਗੜ੍ਹ) ਦੀ ਬੜੀ ਚੜ੍ਹਤ ਸੀ। ਉਹ ਗੁਆਂਢੀ ਪਿੰਡ ਜਰਮੀਆਂ ਦੇ ਸੰਤ ਚੰਨਣ ਸਿੰਘ ਦੇ ਘਰ ਆਏ ਹੋਏ ਸਨ। ਆਪ ਦੀ ਦਾਦੀ ਨੇ ਇਸ ਯਤੀਮ ਬੱਚੇ ਨੂੰ ਸੰਤਾਂ ਦੇ ਹਵਾਲੇ ਕਰ ਦਿੱਤਾ। ਸੰਤਾਂ ਨੇ ਭਜਨ ਦੱਸ ਕੇ ਨਾਮ ਬਾਣੀ ਦੇ ਰਾਹੇ ਪਾ ਦਿੱਤਾ ਅਤੇ ਗੁਰਮੁਖੀ ਪੜ੍ਹਨ ਦੀ ਤਾਕੀਦ ਕਰ ਦਿੱਤੀ। ਦਾਦੀ ਇਕ ਵੇਰ ਆਪਣੇ ਨਾਲ ਜਰਮੀਆਂ ਲੈ ਗਈ, ਪਰ ਆਪ ਵਿਚਾਲੇ ਪੈਂਦਾ ਨਾਲਾ ਲੰਘ ਕੇ ਬੂੜੇ ਡੱਲੇ ਸੰਤਾਂ ਪਾਸ ਪੁੱਜ ਜਾਂਦੇ। ਇੱਥੇ ਹੀ ਗੁਰਮੁੱਖੀ ਪੜ੍ਹੀ ਅਤੇ ਨਾਮਬਾਣੀ ਦਾ ਅਭਿਆਸ ਸ਼ੁਰੂ ਕਰ ਦਿੱਤਾ। ਸ਼ਬਦ ਕੰਠ ਕਰਨੇ ਅਤੇ ਢੋਲਕੀ ਵਜਾਉਣੀ ਇੱਥੇ ਹੀ ਸਿੱਖ ਲਈ। ਸੰਤਾਂ ਦੇ ਬਸਤਰ ਧੋਣ ਅਤੇ ਲੰਗਰ ਕਰਨ ਦੀ ਸੇਵਾ ਸੰਭਾਲ ਲਈ। ਜੇ ਸੰਤ ਸਿਆਲ ਰੁੱਤੇ ਬਾਹਰ ਬੈਠੇ, ਰਾਤ ਭਰ ਇੱਕ ਆਸਣ ਤੇ ਬੰਦਗੀ ਕਰਦੇ ਰਹੇ ਤਾਂ ਅਤਰ ਸਿੰਘ ਵੀ ਬਾਹਰ ਬੈਠੇ, ਪਾਲੇ ਨਾਲ ਸੁੰਨ ਹੋ ਗਏ। ਦਿਨ ਚੜ੍ਹੇ ਸੰਤਾਂ ਨੇ ਅੱਗ ਸਿਕਾ ਕੇ ਹੋਸ਼ ਵਿਚ ਲਿਆਂਦਾ ਅਤੇ ਬਹੁਤ ਖੁਸ਼ੀਆਂ ਬਖਸ਼ੀਆਂ। ਆਪ ਨੇ ਸੰਤਾਂ ਪਾਸੋਂ ਖ਼ਿਮਾ ਯਾਚਨਾ ਕੀਤੀ ਕਿ ਬੇਸੁੱਧ ਹੋਣ ਕਾਰਨ, ਆਪ ਦੀ ਸੇਵਾ ਵਿੱਚ ਵਿਘਨ ਪਿਆ ਹੈ। ਜਥੇਦਾਰ ਜੀ ਦੇ ਦੀਵਾਨ ਵਿਚ ਕਈ ਦਫਾ ਢੋਲਕੀ ਵਜਾਉਣੀ ਛੱਡਕੇ, ਖੜਤਾਲਾਂ ਫੜ ਲੈਂਦੇ ਅਤੇ ਬੜਾ ਰਸ ਬਣ ਜਾਂਦਾ।

ਹੁਣ ਜਥੇਦਾਰ ਬੰਤਾ ਸਿੰਘ ਨੇ ਆਪ ਨੂੰ ਕਿਹਾ ਕਿ ਢੋਲਕੀ ਵਜਾਉਣ ਵਾਲੇ ਨੂੰ ਗੁਣ ਦਾ, ਕਲਾ ਦਾ ਅਭਿਮਾਨ ਹੋ ਜਾਂਦਾ ਹੈ। ਇਹ ਨੂੰ ਛੱਡ ਦੇ ਅਤੇ ਸ਼ਬਦ ਪੜ੍ਹਿਆ ਕਰ ਕਿਉਂ ਜੁ ਗੁਰਬਾਣੀ ਦੇ ਸ਼ਬਦ, ਹਉਮੈ ਮਾਰਨ ਵਿਚ ਸਹਾਈ ਹੁੰਦੇ ਹਨ। ਆਪ ਨੇ ਸ਼ਬਦ ਪੜ੍ਹਨੇ ਸ਼ੁਰੂ ਕਰ ਦਿੱਤੇ ਅਤੇ ਨਾਲ-ਨਾਲ ਖੜਤਾਲਾਂ ਵੀ ਵਜਾਉਂਣੀਆਂ। ਸੰਨ ੧੯੧੩-੧੪ ਈਸਵੀ ਵਿਚ ਆਪ ਨੂੰ ਖੜਤਾਲਾਂ ਵਜਾ ਕੇ ਸ਼ਬਦ ਪੜ੍ਹਦਿਆਂ ਜਦੋਂ ਮਸਤਾਂ ਦੇ ਸਰਦਾਰ ਸੰਤ ਕੇਸਰ ਸਿੰਘ ਜੀ ਮੁਹਾਵੇ ਵਾਲਿਆਂ ਨੇ ਸੁਣਿਆ ਤਾਂ ਸ਼ਬਦ ਦੇ ਰੰਗ ਵਿਚ ਮਖਮੂਰ ਹੋ ਕੇ ਉਹਨਾਂ ਫੁਰਮਾਇਆ, "ਅਤਰ ਸਿੰਘ ਤੇਰੀਆਂ ਖੜਤਾਲਾਂ ਤਾਂ ਇੰਦਰ ਮੋਹਣੀਆਂ ਹਨ। ਇਹ ਸਭ ਨੂੰ ਮੋਹ ਲੈਣ ਵਾਲੀਆਂ ਹਨ। ਤੂੰ ਇਹ ਖਿਆਲ ਰੱਖੀਂ ਅੰਦਰਲੇ ਰਸ ਦੇ ਉਛਾਲੇ ਆਏ ਬਿਨਾਂ ਨਾਂ ਨਿਰਤ ਕਰੀਂ ਅਤੇ ਨਾ ਖੜਤਾਲਾਂ ਹੀ ਵਜਾਈਂ।[2] ਪਰਤੱਖ ਦਰਸ਼ੀਆਂ ਦਾ ਕਹਿਣਾ ਹੈ ਕਿ ਅਤਰ ਸਿੰਘ ਹੋਰਾਂ ਦੀ ਇਹ ਰੀਤ ਆਯੂ ਪਰਯੰਤ ਨਿਭੀ। ਉਹਨਾਂ ਲਗ ਪਗ ਚਾਰ ਦਹਾਕੇ ਨਾਮਧਾਰੀ ਪੰਥ ਦਾ ਪਰਚਾਰ ਇਸੇ ਰੰਗ ਵਿਚ ਕੀਤਾ ਸੀ। ਕੇਂਦਰੀ ਪੰਜਾਬ ਦੇ ਅੰਮ੍ਰਿਤਸਰ, ਗੁਰਦਾਸਪੁਰ, ਲਾਹੌਰ, ਸਿਆਲਕੋਟ, ਗੁਜਰਾਂਵਾਲਾ ਜ਼ਿਲ੍ਹਿਆਂ ਵਿਚ ਆਪ ਦੇ ਦੀਵਾਨਾਂ ਦੀ ਸੋਭਾ, ਦੂਰ-ਦੂਰ ਤਕ ਫੈਲ ਗਈ। ਸੰਤ ਬੰਤਾ ਸਿੰਘ ਹੋਰਾਂ ਦੀ ਨਾਮ ਬਾਣੀ ਦੀ ਲਾਈ ਲਗਨ ਵਿਚ ਵੀ ਆਪ ਪੂਰੇ ਉਤਰੇ। ਸਾਰੀ-ਸਾਰੀ ਰਾਤ ਕੀਰਤਨ ਨਿਰਤਕਾਰੀ ਕੀਤੀ ਅਤੇ ਅੰਮ੍ਰਿਤ ਵੇਲੇ ਇਸ਼ਨਾਨ ਭਜਨ ਬਾਣੀ ਦਾ ਨਿਤਨੇਮ ਅਵੱਸ਼ ਹੀ ਪੂਰਾ ਕਰ ਲੈਂਦੇ। ਆਪ ਦੀ

ਜਿਹਬਾ ਵਿਚ ਆਮ ਬੋਲ ਚਾਲ ਸਮੇਂ, ਕੁਝ ਥਥਲਾਹਟ ਭਾਵ ਤੋਤਲਾਪਣ ਸੀ। ਪਰ ਦੀਵਾਨ ਦੇ ਸਮੇਂ ਅਰੋਕ, ਸ਼ੁੱਧ ਤੇ ਸਪੱਸ਼ਟ ਉਚਾਰਨ ਵੇਖਣ, ਸੁਣਨ ਵਾਲਿਆਂ ਨੂੰ, ਅਲੌਕਾਰੀ ਘਟਨਾ ਮਾਲੂਮ ਹੁੰਦੀ ਸੀ। ਜੇ ਕਿਤੇ ਲਗਾਤਾਰ ਇਕ ਹਫਤਾ, ਸ੍ਰੀ ਭੈਣੀ ਸਾਹਿਬ ਬੁਖਾਰ ਨਾਲ ਪੀੜਤ ਰਹੇ, ਇਸ਼ਨਾਨ ਨਾਂ ਹੋ ਸੱਕਿਆ ਤਾਂ ਇਤਨੇ ਦਿਨ ਪਰਸ਼ਾਦਾ ਵੀ ਨਾ ਛਕਿਆ। ਪੰਜ ਇਸ਼ਨਾਨ ਕਰਕੇ ਨਿਤਨੇਮ ਕਰ ਲੈਂਦੇ ਰਹੇ।

ਪਹਿਲੀ ਅਵਸਥਾ ਵਿੱਚ ਜਦੋਂ ਨਾਮ ਦਾ ਰੰਗ ਅਤੇ ਸ਼ਬਦ ਦੀ ਮਸਤੀ ਪੂਰੇ ਜੋਬਨ ਤੇ ਹੁੰਦੀ ਤਾਂ ਕਈ-ਕਈ ਦਿਨ, ਕੱਕਰ, ਪਾਲੇ, ਮੀਂਹ, ਧੁੱਪ ਵਿਚ ਵੀ ਬਦੇਹ ਹੋ ਕੇ ਵਿਚਰਦੇ। ਇਸ ਸਮੇਂ ਕੇਸ ਵੀ ਬੌਰੀਆਂ ਦਾ ਰੂਪ ਹੋ ਕੇ ਲਿਟਾਂ ਬੱਝ ਜਾਂਦੀਆਂ ਸਨ। ਸ੍ਰੀ ਕਰਿਸ਼ਨ ਜੀ ਨੇ ਜਿਸ ਤਰ੍ਹਾਂ ਆਪਣੀ ਬਾਂਸੁਰੀ ਨਾਲ ਖਲਕਤ ਮੋਹੀ ਸੀ ਰੀਝ ਰਹੇ ਬਨ ਕੇ ਖਗ ਔ ਮ੍ਰਿਗ, ਜਉ ਮੁਰਲੀ ਨੰਦ ਲਾਲ ਬਜਾਈ' ਸਤਿਗੁਰੂ ਰਾਮ ਸਿੰਘ ਜੀ ਨੇ ਮੋਹਣ ਦੀ ਇਹ ਸ਼ਕਤੀ ਢੋਲਕੀ ਵਿਚ ਭਰ ਦਿੱਤੀ ਸੀ ਜਿਸ ਦਾ ਪਰਗਟਾਵਾ, ਸੰਤ ਅਤਰ ਸਿੰਘ ਜੀ ਦੁਆਰਾ ਮਸਤਾਨੀਆਂ ਹੋਈਆਂ ਸੰਗਤਾਂ ਦੁਆਰਾ ਹੁੰਦਾ ਸੀ। ਸੰਤ ਅਤਰ ਸਿੰਘ ਜੀ ਨੇ ਪੂਰੇ ਬਾਰਾਂ ਸਾਲ, ਜਥੇਦਾਰ ਬੰਤਾ ਸਿੰਘ ਜੀ ਬੂੜੇ ਡੱਲੇ ਵਾਲਿਆਂ ਦੇ ਜਥੇ ਵਿਚ ਰਹਿਕੇ, ਉਹਨਾਂ ਦੀ ਸੇਵਾ ਵੀ ਕੀਤੀ ਅਤੇ ਕੀਰਤਨ ਦੀ ਦਾਤ ਵੀ ਹਾਸਲ ਕੀਤੀ। ਸੰਨ ਉਨੀ ਸੌ ਤੀਹ ਈਸਵੀ ਦੇ ਆਸ ਪਾਸ ਆਪ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੇ ਦੌਰਿਆਂ ਵਿਚ ਵੀ ਹਜ਼ੂਰੀ ਜਥੇਦਾਰ ਦੇ ਤੌਰ ਤੇ ਜਾਣ ਲੱਗੇ ਅਤੇ ਕੋਈ ਦਸ ਵਰ੍ਹੇ ਇਹ ਸੇਵਾ ਵੀ ਨਿਬਾਹੀ।

ਜਥੇਦਾਰ ਅਤਰ ਸਿੰਘ ਜੀ ਦਾ ਸਰੀਰ ਬਹੁਤ ਸਾਧਿਆ ਹੋਇਆ, ਉੱਚਾ ਲੰਮਾ ਕੱਦ, ਰੰਗ ਗੋਰਾ, ਨੇਤਰ ਮੋਟੇ ਅਤੇ ਇਲਾਹੀ ਪਰੇਮ ਵਿਚ ਗੜੂੰਦ, ਬਹੁਤ ਪਰਭਾਵਸ਼ਾਲੀ ਦਰਸ਼ਨ ਹੁੰਦੇ ਸਨ। "ਸੰਤਾਂ ਦਾ ਤਿੱਖਾ ਨੱਕ, ਰੂਹਾਨੀ ਮੱਥਾ, ਰੱਬੀ ਰੰਗ ਵਿਚ ਰੰਗਿਆ ਬੋਲ, ਸੁਤੇ ਹੀ ਸ੍ਰੋਤਿਆਂ ਨੂੰ ਇਉਂ ਕੀਲੀ ਜਾਂਦਾ ਜਿਵੇਂ ਮਿਕਨਾਤੀਸ ਲੋਹੇ ਨੂੰ ਆਪਣੇ ਵੱਲ ਖਿਚ ਲੈਂਦਾ ਹੈ। ਇਨ੍ਹਾਂ ਦੀ ਢੋਲਕ ਵਿਚ ਰਸ, ਇਨ੍ਹਾਂ ਦੇ ਛੈਣਿਆਂ ਵਿਚ ਰਸ, ਇਨ੍ਹਾਂ ਦੀਆਂ ਇੰਦਰ ਮੋਹਣੀਆਂ ਵਿਚ ਜਾਦੂ, ਇਨ੍ਹਾਂ ਦੇ ਕੀਰਤਨ ਵਿੱਚ ਅੰਮ੍ਰਿਤ। ਢੋਲਕੀ ਤੇ ਧੱਪਾ ਵੱਜਿਆ ਨਹੀਂ ਕਿ ਕਲੇਜੇ 'ਚ ਧਰੂਹ ਪਈ ਨਹੀਂ, ਸਰੋਤੇ ਇਉਂ ਫੁਟਕ ਫੁਟਕ ਪੈਂਦੇ ਜਿਵੇਂ ਬੰਦੂਕ ਦੇ ਸ਼ਰਰੇ ਪੰਛੀਆਂ ਨੂੰ ਘਾਇਲ ਕਰ ਦੇਂਦੇ ਹਨ। ਇਨ੍ਹਾਂ ਦੇ ਦੀਵਾਨ ਵਿੱਚ ਮਸਤੀ ਦਾ ਆਕਾਸ਼ ਤਣ ਜਾਂਦਾ। ਇਨ੍ਹਾਂ ਦਾ ਕੀਰਤਨ ਕੋਈ ਲਫਾਫ਼ੇ ਦਾ ਕੀਰਤਨ ਨਹੀਂ ਸੀ, ਪੈਸੇ ਇਕੱਠੇ ਕਰਨ ਦਾ ਸਾਧਨ ਨਹੀਂ ਸੀ। ਇਨ੍ਹਾਂ ਦਾ ਕੀਰਤਨ ਸੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀਆਂ ਖੁਸ਼ੀਆਂ ਵਾਸਤੇ। ...... ਜਦ ਸੰਤਾਂ ਮਸਤੀ ਵਿਚ ਆ ਜਾਣਾ ਤਾਂ ਆਪਾ ਭੁੱਲ ਜਾਂਦੇ, ਤਨ ਦੇ ਕੱਪੜੇ ਲੀਰੋ ਲੀਰ ਕਰ ਦੇਂਦੇ। ਸੰਤਾਂ ਨੇ ਆਪਣੇ ਸਮੇਂ ਵਿੱਚ ਮਾਝਾ, ਮਾਲਵਾ, ਦੁਆਬਾ, ਪੋਠੋਹਾਰ, ਕਸ਼ਮੀਰ, ਲਖਨਊ, ਬੰਬਈ, ਕਾਨ੍ਹਪੁਰ, ਸਿੰਧ ਆਦਿ ਵਿੱਚ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਹੁਕਮ ਪਾਕੇ, ਸਤਿਗੁਰੂ ਰਾਮ ਸਿੰਘ ਦੇ ਨਾਉਂ ਦਾ ਡੰਕਾ ਵਜਾਇਆ। ਬਾਬੇ ਨਾਨਕ ਦੀ ਹੱਟੀ ਨੂੰ ਦੋਹੀਂ ਦੋਹੀਂ ਹੱਥੀ ਲੁਟਾਇਆ, ਹਜ਼ਾਰਾਂ ਨਰ ਨਾਰੀਆਂ ਅੰਮ੍ਰਿਤ ਦੇ ਜਾਮ ਭਰ-ਭਰ ਪੀਤੇ।

ਸ਼ਰਾਬ, ਮਾਸ ਚੋਰੀ ਯਾਰੀ ਤੋਂ, ਜਗਤ ਜੂਠ ਤੋਂ ਤੋਬਾ ਕੀਤੀ।..... ਇਸ ਸਭ ਕੁਝ ਦੇ ਬਾਵਜੂਦ ਮਾਣ ਨਹੀਂ ਹੋਇਆ, ਹੰਕਾਰ ਦੇ ਹਾਥੀ ਦੀ ਸਵਾਰੀ ਨਹੀਂ ਕੀਤੀ। ਸਦੈਵ ਨਿਮਰਤਾ ਦੇ ਕੋਮਲ ਫੁੱਲਾਂ ਦਾ ਅਨੰਦ ਮਾਣਿਆ। ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਚਰਨ ਧੂੜ ਨੂੰ, ਮਖਮਲੀ ਗਦੇਲਿਆਂ, ਨਾਲੋਂ ਵਿਸ਼ੇਸ਼ਤਾ ਦਿੱਤੀ। ਸ੍ਰੀ ਭੈਣੀ ਸਾਹਿਬ ਦੀਆਂ ਕੁੱਲੀਆਂ ਤੇ ਢਾਰਿਆਂ ਵਿਚ ਰਾਜ ਮਹਿਲਾਂ ਤੇ ਅਟਾਰੀਆਂ ਨਾਲੋਂ ਵਧੇਰੇ ਸੁਖ ਪਰਤੀਤ ਕੀਤਾ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਇਸ਼ਾਰੇ ਨੂੰ ਇਉਂ ਸਮਝਿਆ ਜਿਵੇਂ ਸ਼ਹਿਨਸ਼ਾਹ ਦੇ ਹੁਕਮ ਨੂੰ ਉਸਦਾ ਅਰਦਲੀਆ (ਸਮਝਦਾ ਹੈ)।[3]

ਬਹੁਤ ਸਾਰੇ ਥਾਵਾਂ ਦੀਆਂ ਨਾਮਧਾਰੀ ਤੇ ਗ਼ੈਰ ਨਾਮਧਾਰੀ ਸੰਗਤਾਂ ਆਪ ਦੇ ਦੀਵਾਨ ਦੇ ਸਿਰ ਚੜ੍ਹ ਕੇ ਬੋਲਣ ਵਾਲੇ ਜਾਦੂ ਦੀਆਂ, ਇਸ ਕਦਰ ਕਾਇਲ ਸਨ ਕਿ ਜਿੱਥੇ ਇਕ ਦਿਨ ਦੀਵਾਨ ਲਾਉਣ ਗਏ, ਉੱਥੇ ਹਫਤਾ-ਹਫਤਾ ਲਾ ਆਉਂਦੇ। ਮਹੀਨਿਆਂ ਬੱਧੀ ਕਿਸੇ ਇਲਾਕੇ ਵਿਚ ਆਪ ਦੇ ਦੀਵਾਨ ਲੱਗਦੇ ਤਾਂ ਭੀੜਾਂ ਦੂਣ ਸਵਾਈਆਂ, ਸੰਗਤ ਰੂਪ ਵਿੱਚ ਜੁੜਦੀਆਂ। ਜਿਊਂਦੇ ਜੀਅ ਜਿਹੜੇ ਲੋਕ ਕਿਵਦੰਤੀ ਬਣ ਜਾਂਦੇ ਸਨ, ਐਸੇ ਸਨ ਜਥੇਦਾਰ ਅਤਰ ਸਿੰਘ ਜੀ। ਉਹਨਾਂ ਦੇ ਬਾਰੇ ਤਰ੍ਹਾਂ-ਤਰ੍ਹਾਂ ਦੀਆਂ ਦੰਦ ਕਥਾਵਾਂ ਚੱਲ ਪੈਂਦੀਆਂ ਸਨ। ਉਹ ਆਪਣੇ ਸਤਿਗੁਰੂ ਵਿਚ ਅਸਾਧ ਭਰੋਸੇ ਕਾਰਨ ਉਸ ਦੇ ਓਟ ਆਸਰੇ ਨਾਲ, ਸੰਗਤਾਂ ਦੀਆਂ ਮਨੋਕਾਮਨਾਵਾਂ ਪੂਰੀਆਂ ਕਰਨ ਦੇ ਸਮਰੱਥ ਹੋ ਜਾਂਦੇ ਹਨ।

ਅਕਸਰ ਗੁਰੂ ਕੇ ਉਗਰਾਹੀਏ, ਸੰਗਤਾਂ ਦੀ ਮੰਗ ਤੇ ਦਿਨੇ ਪਿੰਡਾਂ ਵਿਚ ਸ੍ਰੀ ਭੈਣੀ ਸਾਹਿਬ ਦੇ ਲੰਗਰ ਲਈ ਉਗਰਾਹੀ ਕਰਦੇ ਅਤੇ ਰਾਤ ਨੂੰ ਉਹਨਾਂ ਨਾਲ ਗਿਆ ਕੋਈ ਜਥੇਦਾਰ, ਦੀਵਾਨ ਸਜਾ ਕੇ, ਕੂਕਾ ਪਰਚਾਰ ਦਾ ਕੰਮ ਵੀ ਤੋਰੀ ਰੱਖਦਾ। ਸ੍ਰੀ ਭੈਣੀ ਸਾਹਿਬ ਦੇ ਡੇਰੇ ਵਿਚ, ਮੈਣ ਦੁਆਬ ਦੇ ਪਿੰਡ ਮੌਲੀ ਦਰਾਲ਼ੀ ਦੇ ਮਹੰਤ ਕੌਲਾ ਸਿੰਘ ਜੀ, ਸ੍ਰੀ ਗੁਰੂ ਹਰੀ ਸਿੰਘ ਜੀ ਦੇ ਸਮੇਂ ਤੋਂ, ਡੇਰੇ ਵਿਚ ਗੱਡਿਆਂ ਵਾਲਿਆਂ ਉਗਰਾਹੀਆਂ ਦੇ ਮਹੰਤ ਚਲੇ ਆਉਂਦੇ ਸਨ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਵਿਚ ਵੀ ਆਪ ਉਗਰਾਹੀ ਕਰਦੇ ਰਹੇ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਗੱਦੀ ਨਸ਼ੀਨੀ ਦੇ ਮੁੱਢਲੇ ਸਾਲਾਂ ਵਿਚ ਉਹਨਾਂ ਸ੍ਰੀ ਭੈਣੀ ਸਾਹਿਬ ਵਿਖੇ ਹੀ ਅਕਾਲ ਚਲਾਣਾ ਕੀਤਾ ਸੀ। ਲੇਖਕ ਨੂੰ ਬਚਪਨ ਵਿਚ ਸ੍ਰੀ ਭੈਣੀ ਸਾਹਿਬ ਰਹਿੰਦਿਆਂ ਉਹਨਾਂ ਦੀ ਨਿੱਘੀ ਗੋਦ ਮਾਨਣ ਦਾ ਸੁਅਵਸਰ ਮਿਲਦਾ ਰਿਹਾ ਹੈ। ਇਕ ਵੇਰ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਮਾਲਵੇ ਦੀ ਉਗਰਾਹੀ ਵਾਸਤੇ, ਮਹੰਤ ਕੌਲਾ ਸਿੰਘ ਜੀ ਦੇ ਨਾਲ, ਜਥੇਦਾਰ ਅਤਰ ਸਿੰਘ ਹੋਰਾਂ ਨੂੰ ਜੱਥੇ ਸਮੇਤ ਜਾ ਕੇ ਉਗਰਾਹੀ ਕਰਨ ਦੀ ਸੇਵਾ ਲਾ ਦਿੱਤੀ। ਮਹੰਤ ਜੀ ਨੇ ਗੱਡਾ ਹਿਕਿਆ ਅਤੇ ਜਥੇਦਾਰ ਜੀ ਨੇ ਆਪਣਾ ਜੱਥਾ ਤੋਰ ਲਿਆ, ਜ਼ਿਲ੍ਹਾ ਲੁਧਿਆਣਾ ਦੇ ਨਾਮਧਾਰੀ ਇਤਿਹਾਸ ਦੇ ਉੱਘੇ ਪਿੰਡ ਸਿਆਹੜ ਵਿਚ ਪਹਿਲਾ ਪੜਾਅ ਕੀਤਾ। ਭਾਈ ਬਸੰਤ ਸਿੰਘ ਦੇ ਘਰ ਡੇਰਾ ਲੱਗਾ। ਉਗਰਾਹੀ ਪਹਿਲੇ ਦਿਨ ਹੋ ਗਈ। ਰਾਤ ਨੂੰ ਦੀਵਾਨ ਲਗਾ। ਜਦੋਂ ਜੱਥਾ ਅਗਲੇ ਪਿੰਡ ਟੁਰਨ ਲਈ ਕਮਰਕੱਸੇ ਕਰਨ ਲੱਗਾ ਤਾਂ ਸਿਆਹੜ ਵਾਲਿਆਂ ਨੇ ਕਿਹਾ ਕਿ ਜਿਹੜੀ ਉਗਰਾਹੀ ਅਗਲੇ ਪਿੰਡੋਂ ਕਰਨੀ ਹੈ

ਇਥੋਂ ਹੀ ਕਰਾ ਦਿੰਦੇ ਹਾਂ ਪਰ ਜਾਓ ਨਾ। ਜਥੇਦਾਰ ਅਤਰ ਸਿੰਘ ਹੋਰਾਂ..... ਕਿਹਾ ਕਿ ਸਾਡੀ ਇੱਕ ਦਿਹਾੜੀ ਦੀ ਉਗਰਾਹੀ ਅੰਦਾਜ਼ਨ ਪੰਜ ਬੋਰੀਆਂ ਹੈ। ਯਾਦ ਰਹੇ ਕਿ ਇਹ ਹਰੀ ਕ੍ਰਾਂਤੀ ਤੋਂ ਪਹਿਲਾ ਦਾ ਸਮਾਂ ਸੀ ਜਦੋਂ ਹੁਣ ਨਾਲੋਂ ਫਸਲਾਂ ਦੇ ਝਾੜ ਮਸਾਂ ਹੀ ਤੀਜਾ, ਚੌਥਾ ਹਿੱਸਾ ਹੁੰਦੇ ਸਨ। ਉਸ ਸਮੇਂ ਪੰਜ ਬੋਰੀਆਂ ਕਣਕ, ਅੰਦਾਜ਼ਨ ਤਿੰਨ ਮਣ ਦੀ ਬੋਰੀ, ਇਕ ਦਿਨ ਦੀ ਵਾਹਵਾ ਉਗਰਾਹੀ ਹੁੰਦੀ ਸੀ। ਫਿਰ ਸਾਰਾ ਪਿੰਡ ਤੇ ਕੂਕਾ ਨਹੀਂ ਹੁੰਦਾ ਸੀ, ਗਿਣਤੀ ਦੇ ਘਰ ਹੁੰਦੇ ਸਨ। ਸਿਆਹੜ ਦੀ ਸੰਗਤ ਨੇ ਕਈ ਦਿਨ ਰੋਜ਼ ਨਿਤਨੇਮ ਨਾਲ ਹੀ ਪੰਜ ਬੋਰੀਆਂ ਕਣਕ ਇੱਕਠੀ ਕਰਕੇ, ਮਹੰਤ ਜੀ ਨੂੰ ਸਉਂਪ ਦੇਣੀ ਅਤੇ ਰੋਜ਼ ਜਥੇਦਾਰ ਅਤਰ ਸਿੰਘ ਹੋਰਾਂ ਦੇ ਦੀਵਾਨ ਦਾ ਅਨੰਦ ਮਾਨਣਾ। ਮਹੰਤ ਕੌਲਾ ਸਿੰਘ ਜੀ ਨੇ ਸਾਰਾ ਬਿਰਤਾਂਤ ਚਿੱਠੀ ਵਿਚ ਲਿਖ ਕੇ ਇਕ ਸਿੰਘ ਸ੍ਰੀ ਭੈਣੀ ਸਾਹਿਬ ਭੇਜ ਦਿੱਤਾ। ਸਤਿਗੁਰੂ ਜੀ ਨੇ ਮਹੰਤ ਜੀ ਨੂੰ ਵਾਪਸੀ ਹੁਕਮ ਭੇਜਿਆ ਕਿ ਇਸ ਤਰ੍ਹਾਂ ਬਾਕੀ ਸੰਗਤ ਦਾ ਭਲਾ ਕਿਵੇਂ ਹੋਵੇਗਾ, ਸੋ ਅੱਗੇ ਚਾਲੇ ਪਾ ਦਿਉ। ਉਗਰਾਹੀ ਤਾਂ ਸਿਆਹੜ ਵਾਲੇ ਹਰ ਰੋਜ਼ ਇਤਨੀ ਦੇ ਦਿਆ ਕਰਨਗੇ ਸ਼ਬਦ ਕੀਰਤਨ ਦੇ ਰਸ ਦੇ ਪਿਆਰ ਵਿਚ ਗੜੂੰਦ ਹੋਏ। ਹੁਣ ਜਦੋਂ ਮਹੰਤ ਜੀ ਤੁਰਨ ਦਾ ਅਰਦਾਸਾ ਸੋਧਣ ਲੱਗੇ ਤਾਂ ਸਿਆਹੜ ਦੇ ਸਿੰਘਾਂ ਬਚਨ ਚੇਤੇ ਕਰਾਇਆ ਕਿ ਪੰਜ ਬੋਰੀਆਂ ਰੋਜ਼ ਲਈ ਜਾਵੋ ਤੇ ਜਾਵੋ ਨਾ। ਮਹੰਤ ਜੀ ਨੇ ਆਪਣੇ ਬਚਨ ਨਾਲੋਂ ਸਤਿਗੁਰੂ ਜੀ ਦਾ ਹੁਕਮ ਵੱਡਾ ਦੱਸਿਆ। ਸੇਵਾ ਸਿੰਘ ਮਸਤਾਨੇ ਨੇ ਕਿਹਾ ਅੱਜ ਦੀਵਾਨ ਲਾਉ, ਭਲਕੇ ਮੇਰੇ ਘਰ ਲੰਗਰ ਕਰਕੇ ਚਲੇ ਜਾਣਾ। ਜਥੇਦਾਰ ਜੀ ਨੇ ਕਿਹਾ ਕਿ ਭਲਕੇ ਕੋਈ ਹੋਰ ਗੁਰੂ ਪਿਆਰਾ ਨਿੱਤਰ ਆਏਗਾ। ਅੱਗੇ ਕਿਵੇਂ ਜਾਵਾਂਗੇ ? ਸੇਵਾ ਸਿੰਘ ਹੋਰਾਂ ਫਿਰ ਕਿਹਾ-ਜਿਵੇਂ ਵੀ ਰਹਿੰਦੇ ਹੋ ਰਹਿ ਜਾਉ। ਅਤਰ ਸਿੰਘ ਹੋਰਾਂ, ਹੋਰ ਵੱਡਾ ਸੁਆਲ ਮਸਤਾਨੇ ਅੱਗੇ ਪਾ ਦਿੱਤਾ ਕਿ ਸੌਦਾ ਨਾਂ ਮਿਲੇ ਤੇ ਜਾਈਏ, ਆਖਿਆ, ਜਿਹੜਾ ਪੰਜ ਸੌ ਰੁਪੈਆ ਗੁਰੂ ਕੇ ਲੰਗਰ ਵਿਚ ਪਾਵੇ, ਉਸ ਦਾ ਲੰਗਰ ਕਰਾਂਗੇ। ਮਸਤਾਨੇ ਨੇ ਪਲਾਂ ਛਿਣਾਂ ਵਿਚ ਹੀ ਪਤਾ ਨਹੀਂ ਕਿਵੇਂ ਪੰਜ ਸੌ ਜਥੇ ਨੂੰ ਲਿਆ ਮੱਥਾ ਟੇਕਿਆ ਅਗਲੇ ਦਿਨ ਉਹਨਾਂ ਦਾ ਲੰਗਰ ਹੋ ਰਿਹਾ ਸੀ ਤਾਂ ਭਾਈ ਕਿਸ਼ਨ ਸਿੰਘ ਜੀ ਨੇ, ਪੰਜ ਸੌ ਰੂਪੈਆ ਲਿਆ ਸੰਤਾਂ ਦੇ ਚਰਨਾਂ ਵਿਚ ਰੱਖਿਆ, ਅਗਲੇ ਦਿਨ ਦੇ ਲੰਗਰ ਦੀ ਪੇਸ਼ਗੀ ਉਗਰਾਹੀ। ਇਹ ਉਹ ਸਮਾਂ ਸੀ ਜਦੋਂ ਕਣਕ ਦਾ ਭਾਉ, ਚਾਰ ਪੰਜ ਰੁਪੈ ਮਣ ਤੋਂ ਜ਼ਿਆਦਾ ਨਹੀਂ ਸੀ। ਮਹੰਤ ਕੌਲਾ ਸਿੰਘ ਨੇ ਫਿਰ ਸਿੱਖ ਨੂੰ ਭੈਣੀ ਸਾਹਿਬ ਭੇਜਿਆ ਕਿ ਇੱਥੋਂ ਦੇ ਸਿੰਘ ਇਉਂ ਕਰ ਰਹੇ ਹਨ। ਸਤਿਗੁਰੂ ਜੀ ਨੇ ਉਚੇਚਾ ਸਿੰਘ ਸਿਆਹੜ ਭੇਜ ਕੇ ਜਥੇਦਾਰ ਅਤਰ ਸਿੰਘ ਹੋਰਾਂ ਨੂੰ ਉਗਰਾਹੀ ਛੱਡ ਕੇ, ਤੁਰੰਤ ਭੈਣੀ ਸਾਹਿਬ ਬੁਲਾ ਲਿਆ ਕਿ ਮਤੇ ਜਥੇਦਾਰ ਜੀ ਦੇ ਦੀਵਾਨ ਦੇ ਕੀਲੇ ਕੂਕੇ ਸਿੰਘ, ਜ਼ਮੀਨਾਂ ਜਾਇਦਾਦਾਂ ਹੀ ਗਹਿਣੇ ਪਾਉਣ ਲੱਗ ਪੈਣ। ਐਸੀ ਕੀਰਤੀ ਸੀ ਜਥੇਦਾਰ ਅਤਰ ਸਿੰਘ ਹੋਰਾਂ ਦੀ।[4]

ਸਿਆਹੜ ਵਾਂਗੂੰ ਹੀ ਮਾਝੇ ਵਿਚ ਵਲਟੋਹਾ ਅਤੇ ਚੁਗਾਵੇਂ ਦੀਆਂ ਸੰਗਤਾਂ ਵੀ ਆਪ ਦੇ ਦੀਵਾਨਾਂ ਦੀਆਂ ਬਹੁਤ ਉਪਾਸ਼ਕ ਸਨ। ਸੰਤ ਤਰਨ ਸਿੰਘ ਵਹਿਮੀ, ਆਪਣੇ ਨਿੱਜੀ ਤਜਰਬੇ ਦੇ ਆਧਾਰ ਤੇ ਲਿਖਦੇ ਹਨ ਕਿ ਇਹਨਾਂ ਪਿੰਡਾਂ ਵਿਚ ਸੰਤ ਜੀ ਦੀ

ਆਮਦ ਸਦਕਾ ਕਈ ਵੇਰ ਹੋਲਿਆਂ ਮੇਲਿਆਂ ਜਿੱਡੇ ਇੱਕਠ ਹੋ ਜਾਇਆ ਕਰਦੇ ਸਨ। ਸੰਨ ੧੯੪੮ ਈ. ਵਿਚ ਦੇਸ਼ ਬਟਵਾਰੇ ਤੋਂ ਬਾਅਦ, ਨਾਮਧਾਰੀ ਸੰਗਤ ਦਾ ਪਹਿਲਾ ਹੋਲਾ ਮਹੱਲਾ ਸੰਤ ਨਗਰ (ਸਿਰਸਾ) ਵਿਖੇ ਹੋਇਆ ਸੀ, ਜਿਸ ਦਾ ਪੁਰਾਣਾ ਨਾਮ ਜੱਗ ਮਲੇਰਾ, ਤਹਿਸੀਲ ਸਿਰਸਾ ਤੇ ਜ਼ਿਲ੍ਹਾ ਹਿਸਾਰ ਸੀ। ਦੂਰ ਦਰਾਜ਼ ਦਾ ਇਲਾਕਾ ਹੋਣ ਕਾਰਨ ਅਤੇ ਯਾਤਾ-ਯਾਤ ਦੇ ਸਾਧਨ ਵੀ ਅਜੇ ਘੱਟ ਵਿਕਸਿਤ ਸਨ, ਮਾਝੇ ਦੀ ਸੰਗਤ ਨੇ ਇਹਨਾਂ ਦਿਨਾਂ ਵਿਚ ਹੀ ਚੌਗਾਵਾਂ (ਅੰਮ੍ਰਿਤਸਰ) ਵਿਖੇ ਮੇਲਾ ਰੱਖ ਲਿਆ। ਸੰਗਤ ਦੇ ਪ੍ਰੇਮ ਪੂਰਵਕ ਆਗ੍ਰਹਿ ਨੂੰ ਸਵੀਕਾਰਦਿਆਂ ਜਥੇਦਾਰ ਅਤਰ ਸਿੰਘ ਹੋਰਾਂ ਵੀ ਉੱਥੇ ਹੀ ਰਹਿ ਕੇ ਦੀਵਾਨ ਸਜਾਏ। ਬਾਅਦ ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਮਿਲਣ ਤੇ ਆਪ ਦੀ ਹੋਲੇ ਤੇ ਨਾਂ ਪੁੱਜਣ ਸਦਕਾ, ਜੁਆਬ ਤਲਬੀ ਹੋਈ। ਸੰਤ ਜੀ ਇਸ ਕਦਰ ਨਿਰਮਾਣ ਸਨ ਕਿ ਉਹਨਾਂ ਸੰਗਤ ਦੇ ਪ੍ਰੇਮ ਕਾਰਨ ਕੀਤੀ ਅਵੱਗਿਆ ਨੂੰ ਫੌਰਨ ਕਬੂਲ ਕੇ ਖ਼ਿਮਾ ਯਾਚਨਾ ਕੀਤੀ ਸਤਿਗੁਰੂ ਜੀ ਨੇ ਪੁੱਛਿਆ, "ਸੁਣਾਉ! ਉੱਥੋਂ ਦੀ ਭੇਟਾ ਕਿਤਨੀ ਹੋਈ," ਆਪ ਦਾ ਕਹਿਣਾ ਸੀ, "ਜੀ ਸੱਤ ਸੌ ਰੁਪੈ। ਇਸ ਵਿਚੋਂ ੨੦੦ ਰੁਪਏ ਜਥੇ ਦੇ ਸਿੰਘਾਂ ਦਾ ਖਰਚਾ ਹੋ ਗਿਆ।" ਸਤਿਗੁਰੂ ਜੀ ਨੇ ਪੰਜ ਸੌ ਰੁਪੈ ਅਵੱਗਿਆ ਦੀ ਤਨਖਾਹ ਲਾਈ। ਸੰਤ ਜੀ ਨੇ ਫੌਰਨ ਮਾਇਆ ਹਾਜ਼ਰ ਕਰ ਦਿੱਤੀ। ਮਨ ਵਿੱਚ ਨਿਰਮਾਣਤਾ ਇਤਨੀ ਸੀ ਕਿ ਜਥੇਦਾਰ ਬੰਤਾ ਸਿੰਘ ਬੂੜੇ ਡੱਲੀਏ ਨੇ ਇਕ ਵੇਰ ਕਿਸੇ ਕਾਰਨ ਆਪ ਨੂੰ ਬੜੀ ਕਸੂਤੀ ਸਜ਼ਾ ਸੁਣਾਈ, ਜੋੜੇ ਵਿੱਚ ਦਾਲਾ ਪਾਕੇ ਪਰਸ਼ਾਦਾ ਛਕਣ ਦੀ। ਹੋਰ ਸਿੰਘਾਂ ਦੇ ਵਰਜਦਿਆਂ ਵੀ ਆਪ ਨੇ ਹੁਕਮ ਸੱਤ ਕਰਕੇ ਮੰਨਿਆ। ਅਗਲੇ ਵਰ੍ਹੇ ਫਿਰ ਹੋਲੇ ਦੇ ਦਿਨਾਂ ਵਿੱਚ ਚੌਗਾਵੇਂ ਦੀਆਂ ਸੰਗਤਾਂ ਨੇ ਆਪ ਨੂੰ ਆ ਕੇ, ਮੇਲਾ ਕਰਨ ਲਈ ਕਿਹਾ, ਨਾਲ ਹੀ ਉਹਨਾਂ ਕਿਹਾ ਕਿ ਪੰਜ ਸੌ ਰੁਪੈ ਤਨਖਾਹ ਲਾ ਦਿੱਤੀ ਤਾਂ ਮੈਂ ਕਿਵੇਂ ਭਰਾਂਗਾ ? ਸੰਗਤ ਦਾ ਜੁਆਬ ਸੀ ਕਿ ਮੇਲਾ ਕਰੋ ਤਨਖਾਹ ਅਸੀਂ ਹਜ਼ਾਰ ਕੀ ਜੇ ਵੱਧ ਵੀ ਲੱਗੀ ਤਾਂ ਭਰਾਂਗੇ। ਸੰਤਾਂ ਦਾ ਜੁਆਬ ਸੀ "ਕੂਕਿਉਂ! ਮੈਂ ਸਿਆਹੜ ਵਾਲੇ ਅੱਗੇ ਅਜ਼ਮਾਏ ਹਨ, ਤੁਸੀਂ ਤਾਂ ਕੋਈ ਵੀ ਬਾਜ਼ੀ ਲਾਉਣੋਂ ਨਹੀਂ ਹਟੋਗੇ, ਪਰ ਇਸ ਤਰ੍ਹਾਂ ਮੇਰੀ ਸਤਿਗੁਰੂ ਜੀ ਪ੍ਰਤੀ ਸਮਰਪਣ ਭਾਵਨਾ ਦੂਸ਼ਿਤ ਹੋ ਜਾਏਗੀ। ਮੈਂ ਹੋਲੇ ਦੇ ਸਮੇਂ ਗ਼ੈਰ ਹਾਜ਼ਰ ਰਹਿ ਕੇ ਇਕ ਜ਼ਿੰਮੇਵਾਰ ਨਾਮਧਾਰੀ ਪਰਚਾਰਕ ਨਹੀਂ ਕਹਾ ਸਕਦਾ। ਬਾਕੀ ਸਮੇਂ ਵਿੱਚ ਜਦੋਂ ਬੁਲਾਉਗੇ ਆ ਜਾਵਾਂਗਾ।"

ਸੰਤਾਂ ਦੇ ਦੀਵਾਨ ਸਮਾਜ ਦੇ ਅਧਮ ਸਮਝੇ ਜਾਂਦੇ ਪੇਸ਼ੇ ਵਾਲੇ ਲੋਕਾਂ ਦੇ ਜੀਵਨ ਵਿੱਚ ਵੀ ਸਾਰਥਿਕ ਪਰਿਣਾਮ ਲਿਆਉਣ ਵਾਲੇ, ਸਿੱਧ ਹੁੰਦੇ ਸਨ। ਇਹਨਾਂ ਦਿਨਾਂ ਵਿਚ ਮੁਜਰੇ ਕਰਨ ਵਾਲੀਆਂ ਬੀਬੀਆਂ ਵੀ ਪਿੰਡਾਂ ਵਿਚ ਅਖਾੜੇ ਲਾਇਆ ਕਰਦੀਆਂ ਸਨ। ਆਮ ਪੇਂਡੂ ਲੋਕਾਂ ਦੀ ਪਹਿਲੀ ਪਸੰਦ, ਮੌਜ ਮੇਲੇ ਦੀ ਵਜ੍ਹਾ ਕਰਕੇ ਇਹ ਅਖਾੜੇ ਬਣਦੇ ਸਨ। ਮਾਲਵੇ ਵਿਚ ਭਾਈ ਦੇ ਭਗਤੇ ਪਿੰਡ ਵਿਚ, ਸੰਤ ਜੀ ਦਾ ਦੀਵਾਨ ਤੇ ਨਾਚ ਗਾਣੇ ਵਾਲੀ ਬੀਬੀ ਦਾ ਅਖਾੜਾ, ਦੇਵ ਨੇਤ ਪਿੰਡ ਦੇ ਇੱਕ ਪਾਸੇ ਲੱਗ ਗਏ। ਸੰਤਾਂ ਦੇ ਪਹਿਲੇ ਸ਼ਬਦ ਦੀ ਧਾਰਨਾ ਨਾਲ ਜਦੋਂ ਢੋਲਕੀ ਛੈਣਿਆਂ ਦੀ ਗੜਗੂੰਜ ਪਈ ਤਾਂ ਉਹ ਬੀਬੀ ਅਤੇ ਕੁਝ ਉਸਦੇ ਸਾਥੀ ਭੰਡ, ਡੂੰਮ ਆਦਿ ਹੀ ਰਹਿ ਗਏ। ਅਖਾੜਾ

ਭੱਜ ਗਿਆ, ਲੋਕ ਸੰਤਾਂ ਦੇ ਦੀਵਾਨ ਵਿੱਚ ਸਾਹ ਰੋਕ ਕੇ ਬੈਠ ਗਏ। ਉਸ ਮੁਜਰੇ ਵਾਲੀ ਬੀਬੀ ਨੇ ਕਿਹਾ, "ਜੇ ਮੈਨੂੰ ਪਤਾ ਹੁੰਦਾ ਪਈ ਇੱਥੇ ਸੰਤ ਅਤਰ ਸਿੰਘ ਹੋਰੀਂ ਆਏ ਹਨ ਤਾਂ ਮੈਂ ਇੱਥੇ ਕਾਹਨੂੰ ਆਉਣਾ ਸੀ। ਸਿਆਲਕੋਟ ਜ਼ਿਲ੍ਹੇ ਦੇ ਪਿੰਡ ਖੰਡੂ ਢੀਹਾਂ ਵਾਲੀ ਦੀ ਇਕ ਇਸ ਤਰ੍ਹਾਂ ਨਾਚ ਗਾਣੇ ਦੀ ਮਾਹਰ ਬੀਬੀ ਖ਼ੁਰਸ਼ੈਂਦਾ ਦਾ ਅਖਾੜਾ, ਸੰਤਾਂ ਸਦਕਾ ਭੱਜਿਆ ਸੀ ਤੇ ਉਸ ਆਪ ਤੋਂ ਪਿਛਲੀ ਭੁੱਲ ਬਖਸ਼ਾ ਅੱਗੋਂ ਤੋਂ ਕੁਕਰਮ ਤੋਂ ਤੋਬਾ ਕਰਕੇ ਭਜਨ ਵੀ ਪੁੱਛ ਲਿਆ ਸੀ। ਨਾਚ ਗਾਣੇ ਦੀ ਕਸਬ ਵਜੋਂ ਸੰਤਾਂ ਤੋਂ ਛੋਟ ਲੈ ਲਈ ਸੀ, ਆਪਣੇ ਗੁਜ਼ਰਾਨ ਲਈ।[5]

ਬੱਦੋ ਕੀ ਗੁਸਾਈਆਂ (ਗੁਜਰਾਂਵਾਲਾ-ਪੱਛਮੀ ਪੰਜਾਬ) ਵਿਚ ਵੀ ਪੱਛਮੀ ਪੰਜਾਬ ਦਾ ਇਕ ਵੱਡਾ ਮੇਲਾ ਲੱਗਦਾ ਸੀ, ਗਰਮੀਆਂ ਦੀ ਸਿਖਰ ਰੁੱਤ ਸਮੇਂ, ਇਕ ਵੇਰ ਉਸ ਮੇਲੇ ਵਿਚ ਸੰਤ ਜੀ ਨੇ ਦੀਵਾਨ ਦੀ ਧਾਰਨਾ ਅਰੰਭ ਕੀਤੀ-

"ਮੇਰੇ ਗੁਰੂ ਜਿਹਾ ਨਹੀਂ ਕੋਈ,
ਸਾਰਾ ਜੱਗ ਢੂੰਡ ਵੇਖਿਆ।"

ਮੇਲਾ ਕਰਾਉਣ ਵਾਲਾ ਮਹੰਤ ਵੀ ਦੀਵਾਨ ਵਿਚ ਬੈਠਾ ਸੀ। ਉਸ ਕਿਹਾ "ਸੰਤ ਜੀ ਤੁਹਾਡੇ ਆਖਿਆ ਤਾਂ ਅਸੀਂ ਇਹ ਗੱਲ ਨਹੀਂ ਮੰਨਦੇ ਤੁਹਾਡੇ ਗੁਰੂ ਵਾਲੀ ਜੇਕਰ ਸਾਨੂੰ ਕੁਝ ਵਿਖਾ ਦਿਉਂ ਤਾਂ ਮੰਨ ਲਵਾਂਗੇ। ਜਿਵੇਂ ਤੇਰੇ ਦੀਵਾਨ ਕਾਰਨ ਬਾਕੀ ਪਿੜ ਗਾਉਣ ਵਾਲੀਆਂ ਦੇ ਵੀ ਭੱਜ ਗਏ ਹਨ ਇਵੇਂ ਇਸ ਸਮੇਂ ਸਖਤ ਔੜ ਹੈ, ਜੇ ਮੀਂਹ ਪੁਆ ਦਿਉ ਤਾਂ ਤੁਹਾਡੀ ਗੱਲ ਮੰਨ ਲਵਾਂਗੇ।" ਖੂਹਾਂ ਟੋਭਿਆਂ ਦੇ ਪਾਣੀ ਵੀ ਸੁੱਕ ਗਏ ਸਨ। ਸੰਤ ਜੀ ਨੇ ਕਿਹਾ ਕਿ ਦੀਵਾਨ ਵਿਚੋਂ ਹਿੱਲੇ ਕੋਈ ਨਾ, ਅਰਦਾਸ ਗੁਰੂ ਅੱਗੇ ਕਰਾਂਗੇ। ਸੰਤਾਂ ਨੇ ਇੰਦਰ ਮੋਹਣੀਆਂ ਫੜ ਲਈਆਂ। ਉਹੋ ਧਾਰਨ, "ਸਾਰਾ ਜੱਗ ਢੂੰਡ ਵੇਖਿਆ" ਪੜ੍ਹੀ ਜਾਂਦੇ ਹਨ। ਨਿਰਤਕਾਰੀ ਹੋ ਰਹੀ ਹੈ। ਦੀਵਾਨ ਪਿੰਡ ਦੇ ਇਕ ਪਾਸੇ ਹੈ, ਸੰਤ ਨੱਚਦੇ ਨੱਚਦੇ ਦੂਜੇ ਪਾਸੇ ਪੁੱਜ ਜਾਂਦੇ ਹਨ। ਕਦੇ ਮਾਰ ਕੇ ਛਾਲ ਬਾਰਾਂ ਚੌਦਾਂ ਫੁੱਟ ਉੱਚੇ ਕੋਠੇ ਤੇ ਸਣੇ ਖੜਤਾਲਾਂ ਜਾ ਚੜ੍ਹਦੇ ਹਨ। ਸ਼ਬਦ ਦੀ ਧਾਰਨਾ ਜਾਰੀ ਹੈ। ਸਾਜੀ ਜਥਾ ਮਸਤ ਹੈ। ਅਚਾਨਕ ਇਕ ਗੁਠੋਂ ਬੱਦਲੀ ਉਠਦੀ ਹੈ। ਛਿੱਟਾਂ ਆ ਗਈਆਂ। ਢੋਲਕੀ ਤੇ ਚਾਦਰ ਤਾਣ ਲਈ। ਚਾਦਰ ਵੀ ਭਿੱਜ ਗਈ। ਫਿਰ ਟੀਨ ਦੀ ਚਾਦਰ ਤਾਣੀ। ਜਦੋਂ ਤੱਕ ਪੂਰੀ ਜਲ ਥਲ ਨਾਂ ਹੋਈ ਸੰਤਾਂ ਨੇ ਦੀਵਾਨ ਦਾ ਭੋਗ ਨਾ ਪਾਇਆ। ਹਰਦੇ (ਸ਼ੇਖੂਪੁਰਾ), ਲੋਪੋਕੇ (ਅੰਮ੍ਰਿਤਸਰ) ਆਦਿ ਪਿੰਡਾਂ ਦੇ ਲੋਕ, ਔੜ ਸਮੇਂ ਸੰਤਾਂ ਦੇ ਦੀਵਾਨ ਵਿਚ ਮੀਂਹ ਪੈਣ ਦੀਆਂ ਸਾਖੀਆਂ ਸੁਣਾਇਆ ਕਰਦੇ ਸਨ। ਲਾਹੌਰ ਸ਼ਹਿਰ ਦੇ ਅਤੇ ਹੋਰ ਬਹੁਤ ਸਾਰੇ ਵੀਰੋਕੇ (ਸਿਆਲਕੋਟ) ਆਦਿ ਪਿੰਡਾਂ ਦੇ ਮੁਸਲਮਾਨ ਵੀਰ ਵੀ, ਸੰਤ ਜੀ ਦੇ ਦੀਵਾਨ ਦੀ ਉਡੀਕ ਰੱਖਦੇ ਸਨ। ਲੋਕਾਂ ਵਿਚ ਇਹ ਗੱਲ ਪਰਚੱਲਤ ਸੀ ਕਿ ਸੰਤ ਜੀ ਦੇ ਦੀਵਾਨ ਵਿਚ ਗ੍ਰਹਿਸਤੀਆਂ ਦੀਆਂ ਪੁੱਤਰਾਂ ਆਦਿ ਦੀਆਂ ਮਨੋਕਾਮਨਾਵਾਂ ਦੀ ਪੂਰਤੀ ਵੀ ਹੁੰਦੀ ਸੀ।

ਸੰਨ ੧੯੪੦ ਤੋਂ ਮਗਰਲੇ ਸਮੇਂ ਵਿਚ ਆਪਣੇ ਕਸਬੇ ਸੰਭੜਿਆਲ ਦੇ ਰੇਲਵੇ ਸਟੇਸ਼ਨ ਲਾਗੇ, ਸੰਤਾਂ ਨੇ ਆਪਣਾ ਮਕਾਨ ਬਣਾ ਕੇ ਰਿਹਾਇਸ਼ ਕਰ ਲਈ। ਇਸ ਸਮੇਂ

ਆਪ ਦੇ ਜਥੇ ਵਿਚ, ਝਿਰਮਲ ਸਿੰਘ, ਵੀਰ ਸਿੰਘ, ਪਿਆਰਾ ਸਿੰਘ, ਠਾਕਰ ਸਿੰਘ, ਲਾਭ ਸਿੰਘ, ਗਿਆਨ ਸਿੰਘ ਆਦਿ ਨਾਮਧਾਰੀ ਸਾਧੂ ਰਹਿੰਦੇ ਸਨ। ਨੇੜੇ ਹੀ ਕੂਕਿਆਂ ਦਾ ਮਸ਼ਹੂਰ ਨਗਰ ਚਵਿੰਡਾ ਵੀ ਸੀ। ਸੰਤ ਜੀ ਦੇ ਇਹਨਾਂ ਪਿੰਡਾਂ ਵਿਚ ਗੇੜਿਆਂ ਨਾਲ ਨਾਮ ਬਾਣੀ ਦਾ ਪਰਵਾਹ ਚੱਲ ਪਿਆ। ਚਵਿੰਡੇ ਦੇ ਸ. ਕੇਸਰ ਸਿੰਘ ਬਾਜਵਾ ਸਨ ਤਾਂ ਨਾਮਧਾਰੀ ਹੀ ਪਰ ਕੂਕਿਆਂ ਦੀ ਮਸਤੀ ਨੂੰ, ਅਕਸਰ ਸ਼ੱਕ ਦੀ ਨਿਗਾਹ ਨਾਲ ਵੇਖਿਆ ਕਰਦੇ ਸਨ। ਇਕ ਦਿਨ ਨਰਾਇਣ ਸਿੰਘ ਦੇ ਖੂਹ ਤੇ ਸ. ਕੇਸਰ ਸਿੰਘ, ਸੰਤ ਜੀ ਪਾਸ ਪੁੱਜਿਆ। ਸੰਤਾਂ ਨੇ ਬਚਨ ਬਿਲਾਸ ਕਰਦਿਆਂ ਮਸਤੀ ਭਰੇ, ਜਿਉਂ ਛੂਟ ਵੱਟੀ ਦਿਸਣੋਂ ਓਝਲ ਹੋ ਗਏ। ਕਈ ਪਿੱਛੇ ਨੱਸੇ ਪਰ ਨਾ ਮਿਲੇ। ਅਖੀਰ ਡੇਕ ਦੇ ਕੰਢੇ ਇਕ ਰੁੱਖ ਦੀ ਖੋਡ ਵਿਚ ਬੈਠੇ ਸੱਤੀਂ ਦਿਨੀਂ ਲੱਭੇ। ਸੰਗਤ ਬੇਬਹਾ ਉੱਥੇ ਪੁੱਜ ਗਈ। ਜਦੋਂ ਸੰਤ ਜੀ ਨੇ, ਕੇਸਰ ਸਿੰਘ ਵੱਲ ਨਿਗਾਹ ਭਰ ਕੇ ਤੱਕਿਆ, ਸਰਦਾਰ ਰੰਗ ਵਿਚ ਹੋ ਗਿਆ। ਕਈ ਚਿਰ ਉਹ ਵੀ ਮਸਤ ਰਿਹਾ ਅਤੇ ਉਸਨੂੰ ਸਾਂਭਣ ਵਾਲੇ ਵੀ। ਸਰਦਾਰ ਜੀ ਨੇ ਮੰਨ ਲਿਆ ਕਿ ਕੂਕਿਆਂ ਦੀ ਮਸਤੀ ਸੱਚੀ ਹੈ।

ਸੰਤ ਜੀ ਦਾ ਅਨੰਦ ਵੀ ਚਵਿੰਡੇ ਦੇ ਹੌਲਦਾਰ ਸ. ਖੜਕ ਸਿੰਘ ਬਾਜਵਾ ਦੀ ਪੁੱਤਰੀ ਬੀਬੀ ਬਲਵੰਤ ਕੌਰ ਨਾਲ ਹੋਇਆ ਸੀ। ਸੰਤ ਜੀ ਦੇ ਪਰਿਵਾਰ ਦਾ ਗੋਤ ਘੁੰਮਣ ਸੀ। ਸੰਨ ੧੯੩੪ ਈ. ਵਿਚ ਸ੍ਰੀ ਭੈਣੀ ਸਾਹਿਬ ਵਿਖੇ ਹੋਈ, ਸ੍ਰੀ ਗੁਰੂ ਨਾਨਕ ਸਰਬ ਸੰਪ੍ਰਦਾਇ ਕਾਨਫਰੰਸ ਸਮੇਂ, ਸਭ ਤੋਂ ਪਹਿਲਾ ਦੀਵਾਨ ਜਥੇਦਾਰ ਅਤਰ ਸਿੰਘ ਹੋਰਾਂ ਦਾ ਵਿਸ਼ਾਲ ਪੰਡਾਲ ਵਿਚ ਲੱਗਿਆ ਸੀ। ਸੰਤ ਜੀ ਦਾ ਉਸ ਸਮੇਂ ਪੜ੍ਹਿਆ ਸ਼ਬਦ, ਨਾਮਧਾਰੀ ਅਤੇ ਗ਼ੈਰ ਨਾਮਧਾਰੀ ਸ਼ਰੋਤਿਆਂ ਦੇ ਮਨਾਂ ਵਿਚ ਚਿਰਾਂ ਤਕ ਵੱਸਦਾ ਰਿਹਾ ਸੀ–

"ਨਿੰਹੁ ਲਾਇਆ ਸੀ ਜੀ ਮੈਂ ਕਾਰੀਗਰ ਜਾਣਕੇ
ਕਾਰੀਗਰ ਜਾਣਕੇ ਸੁੰਦਰ ਪਛਾਣਕੇ"

ਦੀਵਾਨ ਵਿਚ ਗੁਰਬਾਣੀ ਪਰਮਾਣਾਂ ਦੀ ਭਰਮਾਰ ਹੁੰਦੀ ਸੀ ਤੇ ਜਦੋਂ ਇਸੇ ਦੀਵਾਨ ਵਿਚ ਪਰਦੇਸੀ ਪ੍ਰੀਤਮ ਨੂੰ ਯਾਦ ਕਰਦਿਆਂ, ਆਪ ਨੇ ਟੇਕ ਲਈ–

"ਗਲ ਕਮਲੀ ਪਾ ਕੇ ਵੇ, ਟੁਰ ਪਰਦੇਸ ਗਿਆ।"

ਸਾਰੀ ਸੰਗਤ ਵੈਰਾਗੀ ਹੋ ਗਈ ਸੀ। ਗੁਰਬਾਣੀ ਦੇ ਵਾਕ ਅਨੁਸਾਰ, ਜਿਹਨਾਂ ਦੇ ਅੰਦਰ ਪ੍ਰੇਮ ਹੁੰਦਾ ਹੈ ਉਹ ਜਿਵੇਂ ਵੀ ਬੋਲਨ ਸੋਹਣੇ ਲੱਗਦੇ ਹਨ। ਵਹਿਮੀ ਜੀ ਲਿਖਦੇ ਹਨ, "ਆਪ ਥੋੜੀ ਵਿਦਿਆ ਦੇ ਹੁੰਦਿਆਂ (ਵੀ) ਸਭ ਵਿਦਵਾਨਾਂ ਨਾਲੋਂ ਵੱਧ ਰਸ (ਦੇਣ ਵਾਲਾ) ਕੀਰਤਨ ਕਰਦੇ ਸੀ। ਕਦੇ ਕਦੇ ਜੋ ਕੁਝ ਪੜ੍ਹਦੇ ਸਾਂਗ ਭੀ ਪੂਰਾ ਕਰ ਵਿਖਾਂਦੇ ਸੀ–

"ਸਿਰ ਤੇ ਮਟਕੀ ਜਾਵਾਂ ਲਟਕੀ,
ਸ਼ਾਮ ਮਿਲਿਆ ਮੈਨੂੰ ਖਿਲਦਾ ਨੀ।
ਸ਼ਾਮ ਕੋਲੋਂ ਦੋਏ ਨੈਣ ਛੁਪਾ ਲੈ,
ਡੇਰਾ ਮੱਲਿਆ ਦਿਲ ਦਾ ਨੀ।

ਸਾਂਵਲ ਮੇਰਾ ਮੈਂ ਸਾਂਵਲ ਦੀ,
ਫਰਕ ਨਾ ਰਹਿ ਗਿਆ ਤਿਲ ਦਾ ਨੀ।
ਲਾਖ ਗੁਆਰ ਪਈ ਝਖ ਮਾਰੇ,
ਦਿਲ ਦਿਤਿਆਂ ਦਿਲ ਮਿਲਦਾ ਨੀ।"
ਪੜ੍ਹਦੇ ਸਿਰ ਤੇ ਗੜਵਾ ਰੱਖ, ਗਵਾਰ
(ਗਵਾਲੀ) ਦਾ ਦੁੱਧ ਵੇਚਨਾ ਵਿਖਾ ਦੇਂਦੇ ਸੀ।"[6]

ਸ. ਤੇਜਾ ਸਿੰਘ ਚੰਦੋਵਾਲੀਏ ਸਰਕਾਰੀ ਨੌਕਰੀ ਕਾਰਨ ਜੈਕਬਾਬਾਦ (ਸਿੰਧ) ਵਿਖੇ ਰਹਿੰਦੇ ਸਨ। ਉਹਨਾਂ ਦੇ ਸੱਦੇ ਤੇ ਜਦੋਂ ਸੰਤ ਜੀ ਉੱਥੇ ਦੀਵਾਨ ਲਾਉਂਦੇ ਤਾਂ ਉਹ ਸਿੰਧੀ ਲੋਕ ਕਹਿੰਦੇ-ਇਹ ਦੀਵਾਨ ਕਾਹਦਾ ਹੈ ਓਥਰ ਆ ਗਿਆ ਹੈ। ਜਿਸ ਦਾ ਭਾਵ ਸੀ ਕਿ ਹੜ੍ਹ ਜਾਂ ਸਮੁੰਦਰ ਦਾ ਉਬਾਲਾ ਆ ਗਿਆ ਹੈ। ਤਪਿਆਂ ਦੇ ਕੋਟਲੇ ਜ਼ਿਲ੍ਹਾ ਸਿਆਲਕੋਟ ਵਿਚ ਸੰਤ ਜੀ ਦਾ ਮੇਲੀ ਬਾਵਾ ਹਰਬੰਸ ਸਿੰਘ ਸੀ। ਉਸ ਪਿੰਡ ਵਿਚ ਸੰਤਾਂ ਦੇ ਦੀਵਾਨ ਦੇ ਕੀਲੇ ਖੈਰਦੀਨ ਮਿਸਤਰੀ ਦੇ ਪੁੱਤਰ ਚਰਾਗਦੀਨ ਨੇ ਵੀ ਭਜਨ ਪੁੱਛ ਲਿਆ ਸੀ। ਉਸ ਮੁੰਡੇ ਦਾ ਛੁਹਾਰਾ ਲਾਉਣ ਵਾਲੇ ਸੰਬੰਧੀ ਘਰ ਆ ਗਏ ਤਾਂ ਉਹ ਆਪਣੇ ਪਿਤਾ ਨੂੰ ਕਹਿੰਦਾ ਕਿ ਜਦੋਂ ਤੱਕ ਮੇਰਾ ਪੀਰ ਨਾ ਆਇਆ, ਮੈਂ ਛੁਹਾਰਾ ਨਹੀਂ ਲੁਆਉਣਾ। ਇਹ ਪੁੱਛਣ ਤੇ ਕਿ ਪੀਰ ਕਿਹੜਾ ਹੈ ਉਸ ਕਿਹਾ ਕਿ ਉਹੀ ਖੜਤਾਲਾਂ ਵਜਾਉਣ ਵਾਲਾ ਤੇ ਮੀਂਹ ਪੁਆਉਣ ਵਾਲਾ ਰਿਸ਼ਤੇਦਾਰ ਘਰ ਆਏ ਬੈਠੇ, ਮੁੰਡਾ ਆਖੇ ਸੰਤ ਜੀ ਦੇ ਆਏ ਬਿਨਾਂ ਮੈਂ ਰੁਪਈਆ ਤਲੀ ਤੇ ਨਹੀਂ ਰਖਾਉਣਾ। ਅਖੀਰ ਬਾਵਾ ਹਰਬੰਸ ਸਿੰਘ ਗਿਆ। ਸੰਤਾਂ ਨੂੰ ਅਰਜ਼ ਕੀਤੀ। ਉਹ ਜਥੇ ਸਮੇਤ ਚੱਲ ਪਏ। ਜਦੋਂ ਕੋਟਲੇ ਦੀ ਜੂਹ ਵਿਚ ਸੰਤ ਸ਼ਬਦ ਪੜ੍ਹਦੇ ਦਾਖਿਲ ਹੋਏ, ਚਿਰਾਗਦਾਨ ਢੋਲਕੀ ਦੀ ਆਵਾਜ਼ ਸੁਣਕੇ ਉਠ ਦੌੜਿਆ। ਸੰਤਾਂ ਦੇ ਆਇਆ ਹੀ ਮੁੰਡੇ ਨੂੰ ਛੁਹਾਰਾ ਵੀ ਲੱਗਾ ਤੇ ਸੰਤਾਂ ਦਾ ਦੀਵਾਨ ਵੀ। ਚਿਰਾਗਦੀਨ ਦੀ ਰਿਸ਼ਤੇਦਾਰਾਂ ਵਿਚ ਗੱਲ ਰੱਖਣ ਲਈ ਸੰਤ ਜੀ ਨੇ, ਫਿਰ ਕਹਿੰਦੇ ਹਨ ਕਿ ਉਸ ਦੀਵਾਨ ਵਿਚ ਵੀ ਭਰਪੂਰ ਵਰਖਾ ਪੁਆਈ ਸੀ।[7]

ਕਾਦਰਾਬਾਦ (ਗੁਜਰਾਤ-ਪੱਛਮੀ ਪੰਜਾਬ) ਵਿਚ ਸੰਤ ਬੇਲਾ ਸਿੰਘ ਰਹਿੰਦਾ ਸੀ। ਉਸ ਦੇ ਘਰ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਰਾਵਲਪਿੰਡੀ ਤੋਂ ਆ ਕੇ ਮੇਲਾ ਕੀਤਾ। ਸੰਤ ਅਤਰ ਸਿੰਘ ਜੀ ਦਾ ਬੜਾ ਪ੍ਰਭਾਵਸ਼ਾਲੀ ਦੀਵਾਨ ਸਜਿਆ। ਸਤਿਗੁਰੂ ਜੀ ਨੇ ਸਰਗੋਧਿਉਂ ਹੋ ਕੇ ਹਾਫਜ਼ਾਬਾਦ ਪੁੱਜਣਾ ਸੀ। ਸੰਗਤਾਂ ਨੂੰ ਹੁਕਮ ਕੀਤਾ ਕਿ ਉਹ ਬੇੜੀ ਰਾਹੀਂ ਹਾਫਜ਼ਾਬਾਦ ਪੁੱਜ ਜਾਣ। ਸੰਤਾਂ ਨੇ ਆਪਣੇ ਜਥੇ ਸਮੇਤ ਇਕ ਨਾਲਾ ਤਾਂ, ਜੋ ਵਾਹਵਾ ਚੜ੍ਹਿਆ ਸੀ, ਪਾਰ ਕਰ ਲਿਆ। ਬਰਸਾਤਾਂ ਦੇ ਦਿਨ ਸਨ। ਅੱਗੇ ਝਨਾਂ ਦਰਿਆ ਸੀ ਪੂਰਾ ਕਾਂਗ ਵਿਚ। ਬੇੜਾ ਠਿੱਲਣ ਨੂੰ ਤਿਆਰ ਸੀ। ਸੰਤਾਂ ਵਾਹੋ ਦਾਹੀ ਸਾਰੇ ਜਥੇ ਨੂੰ ਵਿਚ ਸੁਆਰ ਕਰ ਲਿਆ। ਵਿਚਾਲੇ ਜਾ ਕੇ ਬੇੜਾ ਡੋਲਣ ਲੱਗ ਪਿਆ। ਕੁਝ ਪਾਣੀ ਤਲੇ ਤੋਂ ਛੇਕਾਂ ਵਿਚੋਂ ਪੈਂਦਾ ਸੀ। ਉਹ ਝੱਟਣ ਲੱਗ ਪਏ। ਸੰਤਾਂ ਨੇ ਵਜਦ ਵਿਚ ਆ ਕੇ ਧਾਰਨ ਚੁੱਕ ਲਈ-

"ਮੇਰਾ ਪਾਰ ਖੜ੍ਹਾ ਮਹੀਂਵਾਲ,
ਨਦੀਏ ਤੂੰ ਜ਼ੋਰ ਨਾ ਕਰੀਂ।"

ਮੁਸਲਮਾਨ ਬਿਰਧ ਮਲਾਹ ਬੋਲਿਆ "ਪੁੱਠਿਆਂ ਵਾਲਾਂ ਵਾਲਿਆਂ ਦੀ ਪੁੱਠੀ ਮੱਤ! ਬੇੜੀ ਡੁਬੇਂਦੀ ਏ ਇਹ ਕੂਕੇਂਦੇ ਨੇ। ਸੰਤ ਕਹਿਣ ਲੱਗੇ–"ਡਰ ਨਾ ਮੈਂ ਵੀ ਮਲਾਹ ਹਾਂ।" ਸਭ ਨੂੰ ਕਿਹਾ–ਆਪੋ ਆਪਣਾ ਇਸ਼ਟ ਸਿਮਰਦੇ ਰਹੋ। ਸੰਤਾਂ ਕੱਪੜੇ ਲਾਹ ਕੇ ਇਕ ਰੱਸਾ ਲੱਕ ਨਾਲ ਬੰਨ ਲਿਆ ਤੇ ਦੂਜਾ ਬੇੜੀ ਦੇ ਕੁੰਡੇ ਨਾਲ ਬੰਨ੍ਹ ਕੇ, ਝਨਾਂ ਵਿਚ ਛਾਲ ਮਾਰ ਦਿੱਤੀ। ਬੁੱਢਾ ਮਲਾਹ ਆਖੇ– "ਸਿੱਖੜਾ ਮਰੇਸੀ ਤੇ ਦੂਜਿਆਂ ਨੂੰ ਡੁਬੇਸੀ।" ਅਖੀਰ ਬੇੜੀ ਹਿੱਲਣ ਲੱਗੀ। ਲੋਕ ਪਾਣੀ ਝੱਟੀ ਗਏ। ਬੇੜੀ ਕਿਨਾਰੇ ਲਾ ਕੇ ਗਾਰੇ ਮਿਟੀ ਵਿਚ ਲਿੱਬੜੇ, ਸੰਤ ਬਾਹਰ ਨਿਕਲ ਆਏ। ਸਾਹਮਣੇ ਖੂਹ ਤੋਂ ਇਸ਼ਨਾਨ ਕਰਨ ਲੱਗੇ। ਖੂਹ ਮੁਸਲਮਾਨਾਂ ਦਾ ਸੀ ਉਹ ਡਾਂਗਾ ਲੈ ਆਏ ਕਿ ਸਾਡਾ ਖੂਹ ਪਲੀਤ ਨਾਂ ਕਰਿਉ। ਸਿੱਖਾਂ ਬਾਰੇ ਪ੍ਰਚਲਿਤ ਸੀ ਕਿ ਉਹ ਝਟਕਾ ਖਾਂਦੇ ਹਨ ਜੋ ਇਸਲਾਮੀ ਸ਼ਰ੍ਹਾ ਦੇ ਉਲਟ ਸੀ। ਸੰਤਾਂ ਕਿਹਾ ਸਾਡੇ ਲਈ ਤਾਂ ਝਟਕਾ ਹਲਾਲ ਦੋਵੇਂ ਪਲੀਤ ਹਨ। ਉਤਨੀ ਦੇਰ ਨੂੰ ਬੁੱਢਾ ਮਲਾਹ ਆ ਕੇ ਸੰਤਾਂ ਦੇ ਚਰਨੀ ਪਵੇ, ਆਖੇ, ਇਹ ਤਾਂ ਕੋਈ ਫਰਿਸ਼ਤੇ ਨੇ ਅੱਲਾ ਤਾਅਲਾ ਨੇ, ਸਾਡੀ ਬੇੜੀ ਬੰਨੇ ਲਾਉਣ ਲਈ ਭੇਜੇ ਨੇ।[8]

ਬਸੰਤ ਦੇ ਮੇਲੇ ਤੇ ਸੰਤਾਂ ਨੇ ਸ਼ੇਖੂਪੁਰੇ ਦੀ ਨਾਮਧਾਰੀ ਧਰਮਸ਼ਾਲਾ ਵਿਚ ਦੀਵਾਨ ਲਾਇਆ। ਸੰਤ ਗੁਰਬਖਸ਼ ਸਿੰਘ ਕੁੱਜਰ ਢੋਲਕੀ ਵਜਾਉਂਦੇ ਸਨ। ਗੁਰਦਿਆਲ ਸਿੰਘ, ਗਿਆਨ ਸਿੰਘ, ਧਿਆਨ ਸਿੰਘ, ਭਗਤ ਸਿੰਘ, ਕਿਰਪਾਲ ਸਿੰਘ ਜਗੀਰ ਸਿੰਘ ਤ੍ਰਿਗੜੀ ਤੇ ਇੰਦਰ ਸਿੰਘ ਸਮਸਾ ਛੈਣੇ ਵਜਾਉਂਦੇ ਸਨ। ਸੰਤਾਂ ਨੇ ਧਾਰਨਾ ਸ਼ੁਰੂ ਕੀਤਾ–

"ਗੁਰੂ ਰਾਮ ਸਿੰਘ ਜੱਗ ਵਿਚ ਆਇਆ,
ਪਾਪੀਆਂ ਦੇ ਤਾਰਨੇ ਨੂੰ"।

ਇਕ ਬੱਗਾ ਸਿੰਘ ਨਾਂ ਦਾ ਸੱਤ ਫੁੱਟਾ ਨਾਂਗਾ, ਜਟਾਧਾਰੀ, ਇਕ ਉੱਚੇ ਥੜੇ ਤੇ ਬੈਠਾ ਸੀ। ਸਿੰਘ ਉਸ ਨੂੰ ਕਹਿ ਰਹੇ ਸਨ ਕਿ ਕੀਰਤਨ ਦਾ ਅਦਬ ਕਰੀਦਾ ਹੈ, ਥੋਹੜਾ ਹੇਠਾਂ ਆ ਜਾਉ। ਉਹ ਨਾ ਮੰਨਿਆ। ਸੰਤਾਂ ਨੇ ਗੁਰੂ ਰਾਮ ਸਿੰਘ ਜੀ, ਗੁਰੂ ਗੋਬਿੰਦ ਸਿੰਘ ਜੀ ਦੇ ਵੱਡੇ ਵੱਡੇ ਖੱਬੀ ਖਾਨਾਂ ਦੇ ਵਲਵਿੰਗ ਕੱਢਣ ਦੇ, ਪਰਸੰਗ ਛੋਹ ਲਏ। ਜਦੋਂ ਦੀਵਾਨ ਜੰਮ ਗਿਆ ਸੰਤਾਂ ਨੇ ਇੰਦਰ ਮੋਹਣੀਆਂ ਫੜ ਲਈਆਂ। ਗੜਵਾ ਸਿਰ ਤੇ ਰੱਖ ਲਿਆ। ਕਦੇ ਚੜ੍ਹਦੇ, ਕਦੇ ਲਹਿੰਦੇ, ਕਦੇ ਉਤਰ, ਕਦੇ ਦੱਖਣ, ਨਿਰਤ ਕਰਦੇ ਜਾਣਾ ਗੜਵਾ ਸਿਰ ਤੇ ਅਡੋਲਾ, ਸੰਤਾਂ ਧਾਰਨਾ ਲਈ–

"ਮੇਰੇ ਸਿਰ ਤੇ ਮਟਕੀ ਵੇ, ਮੈਂ ਵੇਚਾਂ ਦੁੱਧ ਦਹੀਂ
ਮੇਰੇ ਸਿਰ ਤੇ ਮਟਕੀ ਵੇ, ਲੈ ਲਉ ਦੁੱਧ ਦਹੀਂ।"

ਕਦੇ ਸੰਤ ਕੋਠੇ ਤੇ ਕਦੇ ਨਾਂਗੇ ਦੇ ਸਿਰਹਾਣੇ। ਬੱਸ ਨਾਂਗਾ ਕੀਲਿਆ ਗਿਆ। ਸੰਤਾਂ ਦੇ ਚਰਨਾਂ ਵਿਚ ਲੋਟਣੀਆਂ ਖਾਂਦਾ ਆ ਪਿਆ। ਜਟਾਂ ਝਾੜ ਕੇ ਉੱਠਿਆ। ਸੰਤਾਂ ਨੇ ਕ੍ਰਿਪਾ ਕੀਤੀ। ਨਾਮ ਦੀ ਦਾਤ ਬਖਸ਼ ਦਿੱਤੀ। ਬਾਕੀ ਜੀਵਨ ਨਾਂਗੇ ਦਾ 'ਬੱਗਾ ਸਿੰਘ ਨਾਮਧਾਰੀ' ਦਾ ਜੀਵਨ ਰਿਹਾ। ਬੰਬਈ ਦੇ ਨਿਊ ਕਸਟਮ ਹਾਊਸ ਵਿਚ ਸਤਿਗੁਰੂ

ਪ੍ਰਤਾਪ ਸਿੰਘ ਜੀ ਨੇ ਸ. ਤੇਜਾ ਸਿੰਘ ਚੰਦੋਂਵਾਲੀਆ ਦੀ ਅਰਜ਼ ਤੇ ਦਰਸ਼ਨ ਦਿੱਤੇ, ਹਜ਼ੂਰੀ ਜਥੇ ਸਮੇਤ। ਸ. ਤੇਜਾ ਸਿੰਘ, ਮੁਬਾਰਕ ਸਿੰਘ, ਦਲੀਪ ਸਿੰਘ, ਕੇਸਰ ਸਿੰਘ ਆਦਿ ਨਾਮਧਾਰੀ ਸਿੱਖ ਉੱਥੇ ਰਹਿੰਦੇ ਸਨ। ਨਿਧਾਨ ਸਿੰਘ ਆਲਿਮ, ਇੰਦਰ ਸਿੰਘ ਚੱਕਰਵਰਤੀ, ਮੰਗਲ ਸਿੰਘ ਅਰਸ਼ੀ ਫਰਿਸ਼ਤਾ ਦੀਆਂ ਆਲਮਾਨਾਂ ਤਕਰੀਰਾਂ ਤੋਂ ਬਾਅਦ, ਸ਼ੁਰੂ ਹੋ ਗਿਆ ਸੰਤ ਅਤਰ ਸਿੰਘ ਜੀ ਦਾ ਦੀਵਾਨ। ਸੰਤ ਇਕ ਦੀਵਾਰ ਤੇ ਚੜ੍ਹ ਗਏ। ਲੋਕ ਡਰਨ ਕਿਤੇ ਹੱਡੀ ਪਸਲੀ ਨਾ ਤੁੜਾ ਲਵੇ। ਸੰਤਾਂ ਨਿਰਤ ਵੀ ਜਾਰੀ ਰੱਖਿਆ ਤੇ ਸ਼ਬਦ ਦੀ ਧਾਰਨਾ ਸ਼ੁਰੂ ਕੀਤੀ-

“ਤਪ ਹੋ ਗਿਆ ਤਪੱਸੀਆ ਪੂਰਾ,<br>
ਮੁੜ ਆ ਪੰਜਾਬ ਦੇਸ ਨੂੰ।”

ਜਦੋਂ ਇਸ ਦੇ ਪਰਮਾਣ ਵਜੋਂ ਸੰਤਾਂ ਨੇ ਬਾਰਹ ਮਾਂਹ ਰਾਗ ਤੁਖਾਰੀ ਦੀਆਂ ਬਿਰਹਾਵੰਤ ਬਾਰੇ, ਗੁਰੂ ਨਾਨਕ ਪਾਤਸ਼ਾਹ ਦੀਆਂ ਉਚਾਰੀਆਂ ਇਹ ਤੁਕਾਂ ਪੜ੍ਹੀਆਂ-

ਕਾਪੜੁ ਤਨਿ ਨ ਸੁਖਾਵਏ,<br>
ਮਰੀਐ ਹਾਵੈ ਦਾਮਨਿ ਚਮਕ ਡਰਾਏ<br>
‘ਫੇਰਾ ਪਾ ਪੰਜਾਬ ਦੇਸ਼ ਨੂੰ’,<br>
ਕਾਪੜ ਤਨਿ ਨ ਸੁਖਾਵਏ।

ਨਾਲ ਦੀ ਨਾਲ ਸੰਤਾਂ ਨੇ ਆਪਣੇ ਗਲਮੇ ਨੂੰ ਹੱਥ ਪਾ ਕੇ ਗਲ ਦਾ ਕੁੜਤਾ ਲੀਰੋ ਲੀਰ ਕਰ ਦਿੱਤਾ। ਸ. ਤੇਜਾ ਸਿੰਘ ਹੋਰਾਂ ਵੀ ਕੋਟ ਪੈਂਟ ਲਾਹ ਕੇ ਵਗਾਹ ਮਾਰੀ ਤੇ ਮਸਤਾਨੇ ਹੋ ਗਏ। ਚਿੱਟੀਆਂ ਪੱਗਾਂ ਵਾਲੇ ਸਿਰ ਤਾਂ ਸੰਤਾਂ ਦੇ ਦੀਵਾਨ ਵਿਚ ਹਿੱਲਦੇ ਹੀ ਹੁੰਦੇ ਸਨ ਇੱਥੇ ਨੀਲੀਆਂ ਪੀਲੀਆਂ, ਵਾਲੇ ਵੀ ਵਜਦ ਵਿਚ ਆ ਕੇ, ਹਿੱਲਣੋਂ ਨਾ ਰਹੇ। ਸ. ਤੇਜਾ ਸਿੰਘ ਜੀ ਦੇ ਗੁਆਂਢ ਇਕ ਪਾਰਸੀ ਦਾ ਬੰਗਲਾ ਸੀ, ਉਸਦੀ ਘਰਵਾਲੀ ਸ. ਤੇਜਾ ਸਿੰਘ ਜੀ ਦੀ ਧਰਮ ਪਤਨੀ ਬੀਬੀ ਲੱਛਮੀ ਨੂੰ ਕਹਿਣ ਲੱਗੀ ਕਿ ਢੋਲਕ ਬੰਦ ਕਰਾਉ, ਹਮਾਰੇ ਬੱਚੋਂ ਕੇ ਸਿਰ ਹਿਲਨੇ ਸ਼ੁਰੂ ਹੋ ਗਏ ਹੈਂ। ਐਸਾ ਸੀ ਰਸਭਿੰਨਾ ਦੀਵਾਨ ਜਥੇਦਾਰ ਅਤਰ ਸਿੰਘ ਹੋਰਾਂ ਦਾ।[10]

ਸੰਤ ਜੀ ਆਪਣੇ ਸਤਿਗੁਰੂ ਤੋਂ ਦੋ ਮੰਗਾਂ ਮੰਗਿਆ ਕਰਦੇ ਸਨ ਇਕ ਤਾਂ ਉਹ ਕਿਸੇ ਤੋਂ ਸੇਵਾ ਨਾ ਕਰਵਾਉਣ ਅਤੇ ਦੂਸਰੀ ਜਦੋਂ ਜਾਈਏ ਆਪਣੇ ਸਤਿਗੁਰੂ ਦੀ ਸਿਫਤ ਸਲਾਹ ਵਿਚ, ਉਸ ਦਾ ਜੱਸ ਕਰਦੇ ਹੀ ਜਾਈਏ। ਤੇ ਇਹ ਦੋਵੇਂ ਮੰਗਾਂ ਪੂਰੀਆਂ ਹੋਈਆਂ। ਅੰਤਿਮ ਦੀਵਾਨ ਘਸੀਟਪੁਰਾ (ਤਹਿਸੀਲ ਦਸੂਹਾ-ਹੁਸ਼ਿਆਰਪੁਰ) ਵਿਚ ਸਜਿਆ, ੨ ਹਾੜ ਸੰਬਤ ਬਿਕਰਮੀ ੨੦੦੮ ਮੁਤਾਬਿਕ ਜੂਨ ੧੯੫੧ ਈ. ਨੂੰ। ਦੀਵਾਨ ਵਿਚ ਹਮੇਸ਼ਾ ਜਿਉਂ ਰਸ ਬਣਿਆ ਹੋਇਆ ਸੀ। ਸੰਤ ਜੀ ਨੇ ਆਪਣੇ ਮਨ ਦੀ ਵੇਦਨ ਪਰਗਟ ਕਰਦੀ ਧਾਰਨਾ ਪੜ੍ਹੀ-

“ਲੱਗੀਆਂ ਵਾਲੇ ਜਾਣਦੇ, ਬੇਦਰਦਾਂ ਨੂੰ ਕੀ।”

ਇਹੋ ਦੀਵਾਨ ਤੋਂ ਇਹੋ ਧਾਰਨਾ ਸੰਤਾਂ ਦੁਆਰਾ ਪੜ੍ਹੇ ਕਿਸੇ ਸ਼ਬਦ ਦੀ ਆਖਰੀ ਧਾਰਨਾ ਹੋ ਨਿੱਬੜੀ। ਸੰਤ ਜਿਵੇਂ ਉਪਰ ਲਿਖਿਆ ਹੈ ਢੋਲਕ ਤੇ ਸਿਰ ਰੱਖ ਕੇ ਦੂਰ

ਉਡਾਰੀਆਂ ਮਾਰ ਗਏ, ਜਿਥੇ ਗਿਆ ਕੋਈ ਮੁੜਦਾ ਨਹੀਂ ਤੇ ਆਪਣੇ ਪਿਛੇ ਯਾਦਾਂ ਦਾ ਇਕ ਵੱਡਮੁੱਲਾ ਖਜ਼ਾਨਾ ਛੱਡ ਗਏ। ਦੇਸ਼ ਵੰਡ ਤੋਂ ਬਾਅਦ ਸੰਤ ਜੀ ਦਸੂਹਾ (ਹੁਸ਼ਿਆਰਪੁਰ) ਵਿਖੇ ਨਿਵਾਸ ਰੱਖਦੇ ਸਨ। ਆਪ ਦੇ ਚਲਾਣੇ ਦੀ ਖਬਰ ਸੁਣ ਕੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਫੁਰਮਾਇਆ ਸੀ– "ਅਤਰ ਸਿੰਘ ਠੀਕ ਅਤਰ ਹੀ ਸੀ। ਇਹੋ ਜਿਹਾ ਪੱਕਾ ਨਿਤਨੇਮੀ ਸ਼ਬਦ ਦਾ ਪ੍ਰੇਮੀ, ਸਰੂਪ ਦਾ ਸੋਹਣਾ ਅਤੇ ਸਰੋਤਿਆਂ ਨੂੰ ਮੋਹਣ ਵਾਲਾ ਵਿਰਲਾ ਹੀ ਅੱਗੋਂ ਹੋਏਗਾ। ਹੱਲੇ ਦਾ ਸ਼ਬਦ ਹੁਣ ਜਾਣੋ ਬੰਤਾ ਸਿੰਘ ਜੀ ਬੂੜੇ ਡਲੀਏ ਤੇ ਬੇਲਾ ਸਿੰਘ ਜੀ ਸੂਜੋਵਾਲੀਏ ਤੋਂ ਪਿੱਛੋਂ ਇਸ ਅਤਰ ਸਿੰਘ ਤੇ ਆ ਵੱਸਿਆ ਸੀ।...ਹੁਣ ਸੁਣਨ ਵਿਚ ਘੱਟ ਹੀ ਆਵੇਗਾ, ਅਤਰ ਸਿੰਘ ਵਾਂਗ ਸਭ ਨੂੰ ਮੋਹਣ ਵਾਲਾ।"[11] ਸੰਤ ਹੋਲਿਆਂ ਮੇਲਿਆਂ ਵਿਚ ਸਾਰੀ ਸਾਰੀ ਰਾਤ ਦੀਵਾਨ ਲਾਈ ਰੱਖਦੇ ਸਨ।

ਜਿਸ ਦਿਨ ਸੰਤ ਆਖਰੀ ਦੀਵਾਨ ਲਾਉਣ ਘਸੀਟਪੁਰੇ ਨੂੰ ਚੱਲੇ ਤਾਂ ਆਪ ਦੀ ਪਤਨੀ ਬੀਬੀ ਬਲਵੰਤ ਕੌਰ ਨੇ ਪੁੱਛਿਆ ਸੀ "ਕਦੋਂ ਆਵੋਗੇ?" "ਜਦੋਂ ਗੁਰੂ ਲਿਆਵੇਗਾ," ਸੰਤਾਂ ਦਾ ਜੁਆਬ ਸੀ। ਇਕ ਪੁੱਤਰ ਗੁਰਦਿਆਲ ਸਿੰਘ ਤੇ ਇਕ ਲੜਕੀ ਸੀ। ਲੜਕਾ ਤਾਂ ਸੰਤਾਂ ਦੇ ਅਕਾਲ ਚਲਾਣੇ ਬਾਅਦ ਛੇਤੀ ਹੀ ਚੱਲ ਵੱਸਿਆ ਸੀ। ਸੰਤਾਂ ਦੀ ਨਿਰਤਕਾਰੀ ਨੂੰ ਵੇਖ ਕੇ ਕੁਝ ਲੋਕ ਇਹਨਾਂ ਨੂੰ ਅਤਰ ਸਿੰਘ ਮੋਰ ਦੇ ਨਾਮ ਨਾਲ ਵੀ ਯਾਦ ਕਰਿਆ ਕਰਦੇ ਸਨ। ਆਪ ਦੁਆਰਾ ਦੀਵਾਨਾਂ ਵਿਚ ਪੜ੍ਹੀਆਂ ਜਾਣ ਵਾਲੀਆਂ ਧਾਰਨਾ ਨੂੰ ਹੋਰ ਨਵੇਂ ਜਥੇਦਾਰ ਵੀ ਪੜ੍ਹਿਆ ਕਰਦੇ ਸਨ। ਕੁਝ ਕੁ ਪ੍ਰਸਿੱਧ ਧਾਰਨਾਂ ਇਹ ਸਨ–

"ਗੋਕਲ ਕਰ ਗਿਉਂ ਖਾਲੀ,
ਕਾਹਨਾ ਦਗ਼ਾ ਕਮਾਇਓ ਈ"
"ਨਾਮ ਦਾ ਸ਼ਰਾਬੀ ਹੋ ਜਾ,
ਨਾਮ ਦਾ ਸ਼ਰਾਬੀ"
"ਸੱਚੇ ਨਾਮ ਦਾ ਸ਼ਰਾਬੀ ਹੋ ਜਾ,
ਝੂਠੇ ਮਦ ਦੁਨੀਆਂ ਦੇ।"
"ਤੈਨੂੰ ਕਿਸੇ ਨਹੀਂ ਛੁਡਾਉਣਾ,
ਬਾਝੋਂ ਸਤਿਗੁਰ ਦੇ।"
"ਸਾਂਝਾ ਹੈ ਉਪਦੇਸ਼ ਗੁਰਾਂ ਦਾ,
ਸਾਂਝਾ ਹੈ"
"ਬਾਬੇ ਬਾਣ ਬਾਣੀ ਦੇ ਮਾਰੇ,
ਰਾਜੇ ਜੋਗੀ ਹੋ ਗਏ ਨੇ।"

ਸੰਤਾਂ ਦੀ ਯਾਦ ਵਿਚ ਨਾਮਧਾਰੀ ਸੰਗਤਾਂ ਨੇ ਥਾਂ ਥਾਂ ਤੇ ਮੇਲੇ ਕੀਤੇ।

ਇੰਦਰ ਮੋਹਣੀਆਂ ਵਾਲੇ ਜਥੇਦਾਰ ਅਤਰ ਸਿੰਘ ਜੀ ਜਿਹਾ ਗੁਣੀ ਸੱਜਣ ਜੋ ਨਾਮਧਾਰੀ ਦੀਵਾਨਾਂ ਦੀ ਵਿਲੱਖਣ ਪਹਿਚਾਣ ਬਣ ਗਿਆ ਸੀ, ਆਪਣੀ ਮਹਾਨ

ਕੀਰਤੀ ਸਦਕਾ ਲੋਕ ਹਿਰਦਿਆਂ ਵਿਚ ਲੰਮੇ ਸਮੇਂ ਤੱਕ ਵੱਸਦਾ ਰਹਿੰਦਾ ਹੈ।

## ਹਵਾਲੇ ਤੇ ਟਿੱਪਣੀਆਂ


1. ਸਤਿਜੁਗ (ਮਾਸਿਕ), ਫੱਗਣ ੨੦੧੨ ਬਿ੦, ਸ੍ਰੀ ਜੀਵਨ ਨਗਰ, ਹਿਸਾਰ, ਸੰਤ ਅਤਰ ਸਿੰਘ ਬਾਰੇ ਲੇਖ ਕ੍ਰਿਤ ਸੰਤ ਤਰਨ ਸਿੰਘ ਵਹਿਮੀ, ਸਫਾ ੩੬, ਮਾਸਟਰ ਨਿਹਾਲ ਸਿੰਘ ਦੀ ਪੁਸਤਕ 'ਦਾਨੇ ਤੇ ਮਸਤਾਨੇ' ਵਿਚ ਸੰਤ ਅਤਰ ਸਿੰਘ ਜੀ ਬਾਰੇ ਲੇਖ ਵਿਚ ਮਾਤਾ ਦਾ ਨਾਮ ਅਮਰ ਕੌਰ ਲਿਖਿਆ ਹੈ, ਸਫਾ
2. ਉਹੀ, ਸਫਾ ੩੭
3. ਦਾਨੇ ਤੇ ਮਸਤਾਨੇ, ਸਫਾ ੯੬-੯੭
4. ਸਤਿਜੁਗ, ਫੱਗਣ ੨੦੧੨, ਸਫਾ ੩੯
5. ਉਹੀ, ਸਫਾ ੪੦
6. ਉਹੀ, ਸਫਾ ੪੩
7. ਦਾਨੇ ਤੇ ਮਸਤਾਨੇ, ਸਫਾ ੧੦੦-੦੧
8. ਉਹੀ, ਸਫਾ ੧੦੮-੧੨
9. ਉਹੀ, ਸਫਾ ੧੧੨-੧੪
10. ਉਹੀ, ਸਫਾ ੧੧੬-੧੮
11. ਜੱਸ ਜੀਵਨ, ਭਾਗ ਪੰਜਵਾਂ, ਸੰਤ ਤਰਨ ਸਿੰਘ ਵਹਿਮੀ, ਸਫਾ ੨੫੨

# ਬਹੁ ਆਯਾਮੀ ਪ੍ਰਤਿਭਾ, ਸੰਤ ਨਿਧਾਨ ਸਿੰਘ ਆਲਿਮ

ਸੰਤ ਨਿਧਾਨ ਸਿੰਘ ਆਲਿਮ ਬਹੁ ਪੱਖੀ ਪ੍ਰਤਿਭਾ ਦੇ ਸੁਆਮੀ ਸਨ। ਉਹ ਹਜਾਰਾਂ ਦੇ ਇੱਕਠ ਨੂੰ ਕੀਲ ਲੈਣ ਵਾਲੇ ਜਾਦੂ ਬਿਆਨ ਵਕਤਾ, ਨਿਰਤਕਾਰ ਅਤੇ ਮਨੋਹਰ ਸ਼ੈਲੀ ਦੇ ਕੀਰਤਨਕਾਰ, ਨਸਰ, ਨਜ਼ਮ ਦੋਹਾਂ ਤੇ ਸਮਾਨ ਅਧਿਕਾਰ ਨਾਲ ਕਲਮ ਚਲਾਉਣ ਵਾਲੇ ਪ੍ਰਮੁੱਖ ਨਾਮਧਾਰੀ ਸਿਧਾਂਤਕਾਰ, ਕਾਂਗਰਸ ਦੇ ਮੰਚ ਤੇ ਦੇਸ਼ ਅਜ਼ਾਦੀ ਲਈ ਚੱਲਣ ਵਾਲੇ ਘੋਲਾਂ ਦੇ ਪਰਵਕਤਾ, ਸਰਕਾਰ ਵਿਰੋਧੀ ਲਿਖਤਾਂ ਅਤੇ ਅੱਗ ਉਗਲਦੀਆਂ ਤਕਰੀਰਾਂ ਸਦਕਾ, ਅਨੇਕ ਵਾਰ ਜਿਹਲ ਯਾਤਰਾਵਾਂ ਵੀ ਕਰਦੇ ਰਹੇ। ਨਾਮਧਾਰੀ ਪੰਥ ਦਾ ਲਿਖਤੀ ਅਤੇ ਜ਼ੁਬਾਨੀ ਪਰਚਾਰ ਉਹਨਾਂ ਪੂਰੇ ਪੈਂਤੀ ਵਰ੍ਹੇ ਤੱਕ ਕੀਤਾ। ਉਹ 'ਕੂਕਾ', 'ਸਤਿਜੁਗ' ਆਦਿਕ ਰੋਜ਼ਾਨਾਂ ਅਤੇ ਸਪਤਾਹਿਕ ਪੱਤਰਾਂ ਦੇ ਸੰਪਾਦਕ ਵੀ ਰਹੇ। ਉਹ ਪਰਸਿੱਧ ਸੁਤੰਤਰਤਾ ਸੈਨਾਨੀ, ਦੇਸ਼ ਭਗਤ ਸਨ ਜਿਹਨਾਂ ਸਤਿਗੁਰੂ ਪਰਤਾਪ ਸਿੰਘ ਜੀ ਦੇ ਦੋਹਾਂ ਛੋਟੇ ਭਾਈਆਂ, ਸ੍ਰੀ ਮਹਾਰਾਜ ਗੁਰਦਿਆਲ ਸਿੰਘ ਅਤੇ ਮਹਾਰਾਜ ਨਿਹਾਲ ਸਿੰਘ ਜੀ ਦੇ ਨਾਲ ਮਿਲ ਕੇ, ਜੱਲ੍ਹਿਆਂ ਵਾਲੇ ਬਾਗ ਦੇ ਸਾਕੇ ਤੋਂ ਬਾਅਦ, ਕੌਮੀ ਤਹਿਰੀਕ ਵਿਚ ਭਰਪੂਰ ਦਖਲ ਅੰਦਾਜ਼ੀ ਕੀਤੀ। ਉਹਨਾਂ ਦਾ ਪਰਿਵਾਰਿਕ ਪਿਛੋਕੜ, ਅੰਮ੍ਰਿਤਸਰ ਜਿਲ੍ਹਾ ਦਾ ਪਿੰਡ ਲੋਪੋਕੇ ਸੀ। ਕਵਿਤਾ ਇਸ ਪਿੰਡ ਦੀ ਜ਼ਰਖੇਜ਼ ਮਿਟੀ ਦਾ ਵਰਦਾਨ ਸੀ। ਪੰਜਾਬੀ ਦਾ ਉਚ ਦੁਮਾਲੜਾ ਕਵੀ ਲਾਲਾ ਧਨੀ ਰਾਮ ਚਾਤ੍ਰਿਕ ਵੀ ਆਪਣਾ ਬਚਪਨ ਇਸੇ ਪਿੰਡ ਵਿਚ ਬਿਤਾ ਚੁੱਕਾ ਸੀ। ਲੋਪੋਕੇ 1871 ਈ. ਦੇ ਅੰਮ੍ਰਿਤਸਰ ਬੁੱਚੜ ਬੱਧ ਸਾਕੇ ਦੇ ਤਾਅ ਉਮਰ ਮਫ਼ਰੂਰ ਰਹੇ, ਮਿਹਰ ਸਿੰਘ ਉਰਫ ਸੰਤਾ ਸਿੰਘ ਦਾ ਵੀ ਪਿੰਡ ਸੀ ਅਤੇ ਗ਼ਦਰ ਲਹਿਰ ਦੇ ਪਰਦੇਸੀ ਧਰਤੀ ਤੇ ਹੋਏ ਪਹਿਲੇ ਸ਼ਹੀਦ ਭਾਈ ਮੇਵਾ ਸਿੰਘ ਹੋਰਾਂ ਦਾ ਵੀ। ਇਹਨਾਂ ਦੋ ਮਹਾਨ ਹਸਤੀਆਂ ਤੋਂ ਬਾਅਦ ਤੀਜਾ ਨਾਮ, ਇਸ ਪਿੰਡ ਦੀ ਪਰਸਿੱਧੀ ਫੈਲਾਉਣ ਵਾਲਾ ਆਲਿਮ ਜੀ ਦਾ ਹੈ।

ਆਲਿਮ ਜੀ ਦੇ ਪਿਤਾ ਦਾ ਨਾਮ ਸ. ਸੋਹਣ ਸਿੰਘ ਅਤੇ ਮਾਤਾ ਦਾ ਨਾਮ ਇੰਦ ਕੌਰ ਸੀ। 'ਪਿਤਾ ਬ੍ਰਿਟਿਸ਼ ਬਰਮਾ ਵਿਚ ਅੰਗਰੇਜ਼ੀ ਸੈਨਾ ਵਿਚ ਜ਼ਮਾਂਦਾਰ ਸਨ। ਆਪ ਦਾ ਜਨਮ 1889 ਈ. ਵਿਚ ਬਰਮਾਂ ਵਿਚ ਹੀ ਹੋਇਆ। ਆਪ ਦਾ ਦੇਹਾਂਤ ਲੁਧਿਆਣਾ ਵਿਖੇ ਹੋਇਆ, ਜਿੱਥੇ 1947 ਈ. ਤੋਂ ਬਾਅਦ ਆਪਨੂੰ ਗੁਜਰਾਂਵਾਲਾ ਸ਼ਹਿਰ ਵਿਖੇ ਨਿਵਾਸ ਬਦਲੇ, ਮਕਾਨ ਅਲਾਟ ਹੋਇਆ ਸੀ। ਪੌਣੇ ਸੱਤ ਦਹਾਕਿਆਂ ਤੇ ਫੈਲੇ ਜੀਵਨ ਦੇ ਆਪ ਦੇ ਕਾਰਜ ਬੜੇ ਨਿੱਗਰ ਅਤੇ ਰਾਹ ਰੁਸ਼ਨਾਊ ਹਨ। ਆਲਿਮ ਜੀ ਦੇ ਮੁੱਢਲੇ ਜੀਵਨ ਦੇ ਵੇਰਵੇ, ਵਿਸ਼ੇਸ਼ ਕਰਕੇ ਉਹਨਾਂ ਦਾ ਬਾਬਾ ਕੇਸਰ ਸਿੰਘ ਜੀ ਮੁਹਾਵੇ ਵਾਲਿਆਂ ਦੇ ਪ੍ਰਭਾ ਮੰਡਲ ਵੱਲ ਆਕਰਸ਼ਿਤ ਹੋਣ ਦਾ ਪਰਸੰਗ, ਆਪਣੀ ਕਹਾਣੀ, ਆਲਿਮ ਜੀ ਦੇ ਸ਼ਬਦਾਂ ਵਿਚ ਹੀ ਪੜ੍ਹਨਾਂ ਦਿਲਚਸਪ ਰਹੇਗਾ।

"ਮੇਰੇ ਖ਼ਿਆਲ ਉਹਨਾਂ ਸਿਖਾਂ ਵਰਗੇ ਹੀ ਸਨ, ਜੋ ਕਿ ਆਮ ਸਿੱਖਾਂ ਦੇ ਘਰ ਪੈਦਾ ਹੋਣ ਵਾਲੀ ਸੰਤਾਨ ਦੇ ਹੁੰਦੇ ਹਨ। ਮੈਂ ਆਪਣੇ ਆਪ ਨੂੰ ਸਿੰਘ ਸਭੀਆ ਮੰਨਦਾ ਸਾਂ ਅਤੇ ਨਾਮਧਾਰੀਆਂ ਨੂੰ ਉਹਨਾਂ ਅੱਖਾਂ ਨਾਲ ਹੀ ਵੇਖਦਾ ਸਾਂ, ਜਿਹਨਾਂ ਨਾਲ ਸਿੰਘ ਸਭੀਏ ਨਾਮਧਾਰੀਆਂ ਨੂੰ ਵੇਖਦੇ ਹਨ। ਮੇਰੇ ਪਿਤਾ ਜੀ ਦਾ ਨਾਮ ਸ੍ਰ. ਸੋਹਣ ਸਿੰਘ ਜਿਹਨਾਂ ਨੇ ਬਰਮਾਂ ਵਿਚ 30 ਸਾਲ ਫੌਜੀ ਨੌਕਰੀ ਕੀਤੀ ਸੀ। ਆਪ ਫਸਟ ਗ੍ਰੇਡ ਜਮਾਂਦਾਰ ਸਨ, ਅਤੇ ਸੂਬੇਦਾਰੀ ਦਾ ਨੰਬਰ ਸੀ, ਪਰ ਭਾਗਾਂ ਦੀ ਗੱਲ, ਆਪ ਸ਼ਰਾਬ ਪੀਕੇ ਕਮਾਨ ਅਫਸਰ ਨਾਲ ਵੱਧ ਘੱਟ ਹੋ ਪਏ, ਜਿਸ ਦੋਸ਼ ਵਿਚ ਆਪ ਦਾ ਕੋਰਟ ਮਾਰਸ਼ਲ ਹੋ ਗਿਆ। (ਜਿਸ ਦਾ ਮਤਲਬ ਇਹ ਹੈ ਕਿ ਆਪ ਦਾ ਕੇਸ ਫੌਜੀ ਅਦਾਲਤ ਦੇ ਸਪੁਰਦ ਕੀਤਾ ਗਿਆ) ਫੌਜੀ ਅਦਾਲਤ ਨੇ ਆਪ ਦਾ ਨਾਮ ਕੱਟ ਦਿਤਾ। ਇਹਨਾਂ ਦਿਨਾਂ ਵਿਚ ਮੈਂ ਵੀ ਆਪਦੇ ਪਾਸ ਫੌਜੀ ਸਿਪਾਹੀ ਸਾਂ ਅਤੇ ਦਫਤਰ ਵਿਚ ਬਤੌਰ ਕਲਰਕ ਦੇ ਕੰਮ ਕਰਦਾ ਸਾਂ। ਪਿਤਾ ਜੀ ਨੇ ਦਰਖਾਸਤ ਕਰਕੇ ਮੇਰਾ ਨਾਮ ਵੀ ਕਟਾ ਲਿਆ। ਇਹ 1914 ਈ. ਦੀ ਗੱਲ ਹੈ। ਪਿਤਾ ਜੀ ਨੇ ਪੈਨਸ਼ਨ ਵਾਸਤੇ ਰਹਿਮ ਦੀ ਦਰਖਾਸਤ ਕੀਤੀ ਪਰ ਉਹ ਵੀ ਨਾ ਮਨਜ਼ੂਰ ਹੋਈ। ਛੇਕੜ ਅਸੀਂ ਦੋਵੇਂ ਪਿਉ-ਪੁੱਤਰ ਆਪਣੇ ਪਿੰਡ" (ਲੋਪੋਕੀ-ਜ਼ਿਲਾ ਅੰਮ੍ਰਿਤਸਰ) ਵਿਚ ਆਪਣੇ ਘਰ ਆ ਗਏ।

"ਮੇਰੇ ਭਾਈ ਧਿਆਨ ਸਿੰਘ ਦੇ ਘਰ ਲੜਕਾ (ਜਰਨੈਲ ਸਿੰਘ) ਪੈਦਾ ਹੋਇਆ, ਜਿਸਦੇ ਪਾਠ ਦਾ ਭੋਗ ਪੈਣ ਸਮੇਂ, ਮੇਰੇ ਮਾਤਾ ਨੇ ਮੈਨੂੰ ਆਗਿਆ ਕੀਤੀ—'ਪੁੱਤਰ ਪਿੰਡ ਤੋਂ ਦੂਜੇ ਬੰਨੇ ਭਾਈ ਸੁੰਦਰ ਸਿੰਘ ਕਾਰੀਗਰ ਦੇ ਕਾਰਖਾਨੇ, ਬਾਬਾ ਕੇਸਰ ਜੀ ਮੁਹਾਵੇ ਵਾਲੇ ਆਏ ਹੋਏ ਹਨ, ਤੇ ਚੇਲੇਕਿਆਂ ਵਾਲੇ ਮਹੰਤ ਬਿਸ਼ਨ ਸਿੰਘ ਜੀ ਵੀ ਨਾਲ ਹਨ। ਉਹਨਾਂ ਨੂੰ ਜਾਕੇ ਅਰਜ਼ ਕਰਕੇ ਲੈ ਆ, ਮੈਂ ਗੁਸਤਾਖੀ ਭਰੇ ਲਹਿਜੇ ਵਿਚ ਆਖਿਆ ਤੇ ਭਲਾ ਬੇਬੇ ਜੀ! ਮੈਂ ਕੂਕਿਆਂ ਨੂੰ ਕਿਉਂ ਸੱਦ ਲਿਆਵਾਂ ? ਤੇ ਉਹ ਜਿਹੜਾ ਬਾਬਾ ਕੇਸਰ ਹੈ, ਉਹ ਤਾਂ ਕਮਲਾ ਜਿਹਾ ਸਾਧ ਹੈ। ਲੋਕੀਂ ਉਹਨੂੰ ਕੇਸਰ ਕਿੱਲੀ ਆਂਹਦੇ ਹੈਨ.... ਤੇ ਪਿੰਡੋਂ ਪਿੰਡੀ ਭੌਂਦਾ ਫਿਰਦਾ ਹੈ। ਮੈਂ ਇਕ ਦਿਨ ਟਪਿਆਲੇ, ਲੋਪੋਕਿਆਂ ਦੇ ਕੋਲ ਇਕ ਛੋਟਾ ਜਿਹਾ ਪਿੰਡ ਹੈ ਗਿਆ ਸਾਂ, ਉਥੇ ਕੂਕਿਆਂ ਦੇ ਦੀਵਾਨ ਵਿਚ ਮੈਂ ਬਾਬੇ ਨੂੰ ਵੀ ਵੇਖਿਆ ਸੀ, ਸਿਰ ਤੇ ਪੱਗ ਹੈ ਨਹੀਂ ਸੀ, ਕੇਸਾਂ ਦੀਆਂ ਛੋਟੀਆਂ ਛੋਟੀਆਂ ਬੌਰੀਆਂ ਸਨ। ਗਿੱਟਿਆਂ ਤਾਈਂ ਖੱਦਰ ਦਾ ਚੋਲਾ ਸੀ ਤੇ ਦੀਵਾਨ ਵਿਚ ਖਲੋਕੇ ਕਮਲ ਛਾਨਣ ਡਿਹਾ ਹੋਇਆ ਸੀ। ਗੱਲਾਂ ਤੇ ਉਹ ਅੱਲ ਵੱਲਲੀਆਂ ਹੀ ਕਰਦਾ ਸੀ, ਪਰ ਲੋਕੀਂ ਬੜੇ ਧਿਆਨ ਨਾਲ ਉਹਦੇ ਮੂੰਹ ਵੱਲ ਤੱਕ ਰਹੇ ਸਨ। ਉਹ ਆਖਦਾ ਸੀ ਮੂਸਾ ਆਇਆ... ਈਸਾ ਆਇਆ... ਰਹੀਮ ਆਇਆ... ਨਾਨਕ ਆਇਆ... ਗੁਰੂ ਗੋਬਿੰਦ ਸਿੰਘ ਜੀ ਦਾ ਵੀ ਅੱਧਾ ਨਾਂ ਲੈ ਕੇ ਆਖਦਾ ਸੀ ਆਇਆ। ਕਦੇ ਕਦੇ ਅੱਲਾ ਅੱਲਾ ਕਰਨ ਲੱਗ ਪੈਂਦਾ ਸੀ। ਮੈਨੂੰ ਤਾਂ ਉਹ ਚੰਗਾ ਨਹੀਂ ਸੀ ਲੱਗਦਾ। ਮਾਤਾ ਜੀ ਭਲਾ ਇਹੋ ਜਿਹੇ ਪਾਗਲਾਂ ਬਿਨ੍ਹਾਂ ਸਾਡਾ ਘਰ ਨਹੀਂ ਸੋਭਦਾ ? ਜੇ ਤੁਸੀਂ ਆਖੋ ਤਾਂ ਮੈਂ ਸਾਰੇ ਪਿੰਡ ਨੂੰ ਇੱਕਠਾ ਕਰ ਲਿਆਉਂਦਾ ਹਾ, ਪਰ ਕੂਕਿਆਂ ਨੂੰ ਮੈਂ ਨਹੀਂ ਜੇ ਸੱਦਣ ਜਾਣਾ। ਮੇਰੀ ਮਾਤਾ ਨੇ ਮੈਨੂੰ ਮਜ਼ਬੂਰ ਕੀਤਾ, ਜਿਸ ਕਰਕੇ ਮੈਨੂੰ ਜਾਣਾ ਪਿਆ। ਮੈਂ ਆਪਣੀ ਪਿਆਰੀ

ਮਾਤਾ ਦਾ ਕਿੰਨਾਂ ਕੁ ਜੱਸ ਗਾਵਾਂ, ਜਿਸਨੇ ਮੈਨੂੰ ਬਦੋ ਬਦੀ ਸਾਧ ਸੰਗਤ ਵੱਲ ਤੋਰਿਆ ?

"ਭਾਈ ਸੁੰਦਰ ਸਿੰਘ ਜੀ ਸਾਡੇ ਨਗਰ ਵਿਚ, ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਸਮੇਂ ਦੇ ਇਕ ਪ੍ਰੇਮੀ ਗੁਰਸਿਖ ਸਨ। ਆਪਦੇ ਪਿਤਾ ਬਾਬਾ ਦੇਵਾ ਸਿੰਘ ਜੀ ਵੀ ਅਚਰਜ ਸਾਧੂ ਸਨ। ਇਹ ਖਾਨਦਾਨ ਲੋਪੋਕਿਆਂ ਵਿਚ ਨਾਮਧਾਰੀਆਂ ਦਾ ਆਦੀ ਪਰਿਵਾਰ ਸੀ। ਭਾਈ ਸੁੰਦਰ ਸਿੰਘ ਜੀ ਐਸੇ ਸਿਦਕੀ ਸਨ ਕਿ ਪੰਜਾਂ ਛੇਆਂ ਸਾਲਾਂ ਦਾ ਪੁੱਤ ਰਾਤ ਨੂੰ ਚੜ੍ਹਾਈ ਕਰ ਗਿਆ, ਪਰ ਕਿਸੇ ਨੂੰ ਪਤਾ ਤੱਕ ਨਹੀਂ ਲੱਗਣ ਦਿਤਾ। ਸਵੇਰੇ ਪਿੰਡ ਵਿਚ ਇਕ ਸਿੱਖ ਦੀ ਲੜਕੀ ਦਾ ਅਨੰਦ ਕਾਰਜ ਕਰਾਉਣਾ ਸੀ। ਆਪ ਢੋਲਕੀ ਬੜੀ ਸੁੰਦਰ ਵਜਾਉਂਦੇ ਹੁੰਦੇ ਸਨ। ਭਾਈ ਸੁੰਦਰ ਸਿੰਘ ਜੀ ਵਾਰਾ ਵੀ ਸੋਹਣਾ ਲਾਇਆ ਕਰਦੇ ਸਨ। ਆਪਨੇ ਅੰਮ੍ਰਿਤ ਵੇਲੇ ਮੋਏ ਹੋਏ ਪੁੱਤ ਨੂੰ ਘਰ ਛੱਡਕੇ, ਅਨੰਦ ਕਾਰਜ ਦਾ ਕੰਮ ਭੁਗਤਾਇਆ। ਭੋਗ ਪੈਣ ਤੋਂ ਪਿਛੋਂ ਹੱਥ ਜੋੜ ਕੇ ਅਰਜ ਕੀਤੀ-ਸਾਧ ਸੰਗਤ ਜੀ ! ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਬਖ਼ਸ਼ਿਆ ਹੋਇਆ ਭੁਝੰਗੀ ਉਹਨਾਂ ਦੇ ਚਰਨਾਂ ਵਿਚ ਪਹੁੰਚ ਗਿਆ ਹੈ, ਆਪ ਸਭ ਦਰਸ਼ਨ ਦੇਵੋ, ਤੇ ਉਸਦਾ ਸਸਕਾਰ ਕਰ ਆਵੀਏ। ਸਭ ਸੰਗਤ ਹੈਰਾਨ ਹੋ ਗਈ। ਸਭ ਆਖਣ ਭਾਈ ਧੰਨ ਸਿਖ ਦਾ ਜੇਰਾ ਹੈ, ਘਰ ਪੁੱਤ ਮੋਇਆ ਪਿਆ ਹੈ ਤੇ ਆਪ ਅਨੰਦ ਕਰਾਉਂਦਾ ਫਿਰਦਾ ਹੈ। ਉੱਥੋਂ ਹੀ ਢੋਲਕੀ ਗਲ ਵਿਚ ਪਾ ਲਈ ਤੇ ਸ਼ਬਦ ਕੀਰਤਨ ਕਰਦੇ ਹੋਏ ਆਪਣੇ ਘਰ ਆਏ। ਲੜਕੇ ਦਾ ਪੂਰਨ ਗੁਰਮਤ ਅਨੁਸਾਰ ਦਾਹ ਸੰਸਕਾਰ ਕੀਤਾ। ਹੁਣ ਵੀ ਆਪਦੇ ਭਾਈ ਸਾਵਣ ਸਿੰਘ ਜੀ ਗੁਰੂ ਘਰ ਦੇ ਸ਼ਰਧਾਲੂ ਸੇਵਕਾਂ ਵਿੱਚੋਂ ਹਨ।"

"ਇਹਨਾਂ ਦੇ ਕਾਰਖਾਨੇ ਦੇ ਪਿਛਲੇ ਪਸਾਰ (ਸਬਾਤ) ਵਿਚ ਸੰਗਤ ਜੁੜੀ ਹੋਈ ਸੀ। ਬਾਬਾ ਕੇਸਰ ਜੀ ਮਹਾਰਾਜ ਮੰਜੇ ਤੇ ਸਿਰਹਾਣੇ ਵੱਲ ਬੈਠੇ ਹੋਏ ਸਨ, ਤੇ ਸ੍ਰੀ ਮਾਨ ਮਹੰਤ ਬਿਸ਼ਨ ਸਿੰਘ ਜੀ ਪਵਾਂਦੀ ਵੱਲ ਬੈਠੇ ਸਨ। ਮੰਜੇ ਦੇ ਅੱਗੇ ਸਫਾਂ ਤੇ ਸਾਧ ਸੰਗਤ ਬੈਠੀ ਸੀ, ਜੋ ਕਿ ਠਾਕੁਰ ਜੀ ਦੇ ਬਚਨ ਬੜੀ ਸ਼ਰਧਾ ਨਾਲ ਸੁਣ ਰਹੀ ਸੀ। ਮੈਂ ਅਜੇ ਨਵਾਂ ਨਵਾਂ ਬਰਮਾਂ ਤੋਂ ਆਇਆ ਸਾਂ, ਚੀਨੀ ਅਲਪਾਕੇ ਦਾ ਕੋਟ, ਦੋਹਰੀ ਫਿਫਟੀ ਵਾਲੀ ਪੱਗ, ਲੱਕ ਪਜਾਮਾ ਚੂੜੀਦਾਰ, ਬੂਟ ਕੱਸੇ ਹੋਏ, ਤੇ ਹੱਥ ਵਿੱਚ ਚਾਂਦੀ ਦੇ ਸੰਮ ਵਾਲੀ ਸੋਟੀ, ਮੈਂ, ਬੂਹੇ ਵਿਚ ਖਲੋ ਕੇ ਆਕੜ ਕੇ ਆਖਿਆ—ਵਾਹਿਗੁਰੂ ਜੀ ਕਾ ਖਾਲਸਾ, ਸ੍ਰੀ ਵਾਹਿਗੁਰੂ ਜੀ ਕੀ ਫਤੇ।" "ਇਸ ਸੰਤ ਮੰਡਲ ਵਿੱਚ ਇਸ ਤਰੀਕੇ ਦੀ ਫਤੇਹ ਅਸਚਰਜ ਦ੍ਰਿਸ਼ਟੀ ਨਾਲ ਤੱਕੀ ਗਈ। ਠਾਕੁਰ ਜੀ ਮਹਾਰਾਜ ਨੇ ਮੇਰੇ ਵੱਲ ਇਕ ਖ਼ਾਸ ਅੰਦਾਜ਼ ਨਾਲ ਤੱਕ ਕੇ, ਇਕ ਖ਼ਾਸ ਹੀ ਲਹਿਜੇ ਵਿਚ ਬਚਨ ਕੀਤਾ— "ਆ ਪੁੱਤਰ ਆ ਗਿਆ ਏਂ ?" ਆਪ ਦਾ ਇਹ ਪ੍ਰਸ਼ਨ ਕਿਸੇ ਕੋਮਲ ਭਾਵ ਦਾ ਨਮੂਨਾ, ਅਤੇ ਮੇਰੇ ਪਿਛਲੇ ਜੀਵਨ ਨੂੰ ਖਤਮ ਕਰਕੇ ਨਵੀਂ ਜ਼ਿੰਦਗੀ ਆਰੰਭ ਕਰਨ ਦਾ ਸ੍ਰੀ ਗਣੇਸ਼ ਸੀ। ਇਹਨਾਂ ਸ਼ਬਦਾਂ ਦੇ ਮੇਰੇ ਕੰਨਾਂ ਦੇ ਰਸਤੇ ਮਨ ਮੰਦਰ ਵਿਚ ਪਰਵੇਸ਼ ਕਰਦਿਆਂ ਹੀ ਮੇਰੇ ਅੰਦਰ ਝਰਨਾਹਟ ਜਿਹੀ ਛਿੜ ਪਈ, ਮੈਂ ਉਸੇ ਵੇਲੇ ਬੇਸੁੱਧ ਹੋ ਕੇ ਧਰਤੀ ਤੇ ਡਿੱਗ ਪਿਆ। ਦੋ ਢਾਈ ਘੰਟਿਆਂ ਪਿਛੋਂ ਮੈਨੂੰ ਹੋਸ਼ ਆਈ ਤੇ ਆਪਣੀ ਨਵੀਂ ਹਾਲਤ ਨੂੰ ਵੇਖਕੇ ਹੈਰਾਨ ਹੋ ਗਿਆ। ਪੱਗ ਲੱਥੀ ਹੋਈ, ਕੇਸ ਖਿੱਲਰੇ ਹੋਏ, ਦੰਦਾਂ 'ਚੋਂ ਲਹੂ

ਵਗੇ, ਗੋਡੇ ਗਿੱਟੇ ਤੇ ਅਰਕਾਂ ਛਿਲੀਆਂ ਹੋਈਆਂ, ਪਰ ਰਸਨਾਂ ਵਿੱਚੋਂ ਭਜਨ ਫਰਨ ਫਰਨ ਫੁਰੇ। ਮੈਨੂੰ ਇਉਂ ਜਾਪੇ ਜਿਵੇਂ ਮੈਂ ਪਹਿਲੋਂ ਵਾਲਾ ਨਹੀਂ ਬਲਕਿ ਮੇਰੀ ਕਾਇਆਂ ਪਲਟ ਗਈ ਹੈ। ਮੈਂ ਪੜ੍ਹਦਾ ਹੁੰਦਾ ਸੀ- ਪਰਾ ਕਲੇਜੇ ਛੇਕ" ਅਤੇ "ਆਕਲ ਬਿਕਲ ਭਈ", ਸੋ ਅੱਜ ਮੈਂ ਆਪਣੇ ਤੇ ਹੀ ਇਹ ਤੁਕਾਂ ਘਟਦੀਆਂ ਅਨੁਭਵ ਕੀਤੀਆਂ। ਸੁਖ! ਮੈਨੂੰ ਇਹ ਪੱਤਾ ਲੱਗ ਗਿਆ ਕਿ ਬਾਬੇ ਨੇ ਮੈਨੂੰ ਆਪਣੇ ਬਚਨ ਰੂਪੀ ਅਣੀਆਲੇ ਤੀਰ ਨਾਲ ਘਾਇਲ ਕੀਤਾ ਹੈ, ਬਿਨ੍ਹਾਂ ਤਲਵਾਰ ਤੇ ਤੀਰ ਤੋਂ ਕਿਸੇ ਦੀ ਅਜੇਹੀ ਦਸ਼ਾ ਹੋਈ, ਨਾਂ ਮੈਂ ਅੱਜ ਤੱਕ ਵੇਖੀ, ਤੇ ਨਾਂ ਹੀ ਸੁਣੀ ਸੀ। ਹੁਣ ਮੈਨੂੰ ਇਕ ਆਰਿਫ਼ ਦੇ ਇਹਨਾਂ ਮਿਸਰਿਆਂ ਦੀ ਸਮਝ ਪਈ ਕਿ—

ਸੈਫ ਹੋ ਜਿਸ ਕੀ ਜ਼ਬਾਂ ਸ਼ਮਸ਼ੀਰ ਕੀ ਹਾਜਤ ਨਹੀਂ,
ਸਾਫ ਹੋ ਜਿਸ ਕੀ ਨਿਗਾਹ ਉਸੇ ਤੀਰ ਕੀ ਹਾਜਤ ਨਹੀਂ।

"ਮੈਂ ਆਪਣੇ ਜੀਵਨ ਵਿਚ ਇਹ ਇਹ ਭਾਣਾ, ਪਹਿਲੀ ਵਾਰ ਆਪਣੇ ਤੇ ਹੀ ਵਰਤਦਾ ਡਿੱਠਾ। ਕੋਲਦਿਆਂ ਤੋਂ ਮੈਨੂੰ ਪਤਾ ਲੱਗਾ ਕਿ ਮੈਂ ਪਿਛਲੇ ਜਨਮਾਂ ਦੀਆਂ ਗੱਲਾਂ ਕਰਕੇ ਨਾਮ ਦੀ ਬਖ਼ਸ਼ਿਸ਼ ਮੰਗਦਾ ਸਾਂ। ਠਾਕੁਰ ਜੀ ਮਹਾਰਾਜ ਨੇ ਸ੍ਰੀ ਮਾਨ ਮਹੰਤ ਬਿਸ਼ਨ ਸਿੰਘ ਜੀ ਨੂੰ ਆਗਿਆ ਕਰਕੇ ਮੇਰੇ ਕੰਨ ਵਿਚ "ਨਾਮ ਮੰਤਰ ਦੀ ਫੂਕ ਮਰਵਾ ਦਿਤੀ। ਮੈਂ ਹੋਸ਼ ਵਿੱਚ ਹੁੰਦਾ ਤਾਂ ਸ਼ਾਇਦ ਇਸ ਫੂਕ ਦਾ ਸਖਤ ਵਿਰੋਧ ਕਰਦਾ ਅਤੇ ਇਸਨੂੰ "ਕੰਨਾ ਮੰਨਾ ਕੁਰਰ" ਹੀ ਆਖਦਾ ਪਰ ਜਾਣੀ ਜਾਣ ਬਾਬੇ ਨੇ ਪਹਿਲੋਂ ਹੀ ਅਜੇਹਾ ਕਲੋਰੋਫਾਰਮ ਸੁੰਘਾ ਦਿਤਾ, ਜਿਸ ਦੇ ਪਰਭਾਵ ਹੇਠ ਮੈਨੂੰ ਪਤਾ ਹੀ ਨਹੀਂ ਲੱਗ ਸੱਕਿਆ ਕਿ ਕਦੋਂ ਇਹ ਇਲਾਹੀ ਦਾਤ, ਮੇਰੇ ਕਰਨ ਛਿਦਰ ਦੀ ਰਾਹੀਂ ਮੇਰੇ ਮਨ ਮੰਦਰ ਵਿਚ ਪਰਵੇਸ਼ ਕਰ ਗਈ ਸੀ।

"ਮੈਂ ਹੋ ਗਈ ਹੋਰ ਦੀ ਹੋਰ, ਹੁਣ ਮੈਨੂੰ ਕੋਣ ਪਛਾਣੇ ?
ਮੁਰਸ਼ਦ ਮੈਨੂੰ ਸਬਕ ਪੜ੍ਹਾਇਆ, ਵਾਹਦਤ ਪਾਇਆ ਸ਼ੋਰ।"

ਹੋਰ ਕਿਸੇ ਦੀ ਗੱਲ ਤਾਂ ਰਹੀ ਵੱਖਰੀ ਮੈਂ ਖੁਦ ਹੀ ਆਪਣੇ ਆਪ ਨੂੰ ਪਛਾਨਣ ਦੇ ਅਯੋਗ ਸਾਂ। ਥੋੜੇ ਦਿਨਾਂ ਪਿਛੋਂ ਮੈਨੂੰ ਗੱਜ ਕੇ ਤਾਪ ਚੜ੍ਹ ਗਿਆ। ਬਥੇਰੇ ਹਕੀਮ ਲਿਆਂਦੇ ਗਏ। ਡਾਕਟਰ ਲਾਹੌਰੋ ਬੁਲਾਏ ਗਏ। ਸਭ ਨੇ ਕਿਹਾ ਕਿ ਮਰਜ਼ ਲਾ ਇਲਾਜ ਹੈ ਸਾਡੀ ਕੋਈ ਵਾਹ ਨਹੀਂ। ਸਾਰੇ ਅੰਗ ਸਾਕ ਮੇਰੇ ਅੰਤਿਮ ਦਰਸ਼ਨ ਕਰਨ ਵਾਸਤੇ ਇੱਕਠੇ ਹੋਏ ਹੋਏ ਸਨ। 29 ਦਿਨ ਬੀਤ ਗਏ, ਤੀਹਵਾਂ ਦਿਨ ਚੜ੍ਹਿਆ। ਮੇਰੀਆਂ ਅੱਖਾਂ ਬੰਦ ਸਨ ਪਰ ਸਬੰਧੀ ਦੱਸਦੇ ਹਨ ਕਿ ਤਾੜੇ ਲੱਗੀਆਂ ਹੋਈਆਂ ਸਨ। ਮੈਨੂੰ ਠਾਕੁਰ ਜੀ ਦਾ ਦਰਸ਼ਨ ਹੋਇਆ। ਸਰੀਰ ਦਾ ਅਕਾਰ ਏਨਾ ਵੱਡਾ ਸੀ ਕਿ ਮੈਂ ਅੱਜ ਤਕ ਕਿਸੇ ਮਨੁੱਖ ਦਾ ਅਕਾਰ ਏਨਾ ਵੱਡਾ ਨਹੀਂ ਡਿਠਾ। ਮੈਨੂੰ ਬਾਹੋਂ ਫੜਕੇ ਉਠਾ ਰਹੇ ਹਨ ਤੇ ਕਹਿ ਰਹੇ ਹਨ— ਉਠ ਬੱਚਾ! ਪਿਛਲਾ ਨਿਧਾਨ ਸਿੰਘ ਖ਼ਤਮ ਤੇ ਨਵਾਂ ਸ਼ੁਰੂ। ਪੁੱਤ ਰਾਰੇ (ਸਤਿਗੁਰੂ ਰਾਮ ਸਿੰਘ) ਦੀ ਕਾਰ ਵਿਚ ਉੱਠ! ਤੂੰ ਹੁਣ ਰਾਜੀ ਬਾਜੀ ਹੈਂ, ਤੈਥੋਂ ਬੜੀ ਕਾਰ ਲੈਣੀ ਹੈ। ਮੇਰੀਆਂ ਅੱਖਾਂ ਖੁੱਲ੍ਹ ਗਈਆਂ। ਤਾਕਤ ਮਹਿਸੂਸ ਹੋਈ। ਅੱਜ ਹੋਰ ਭਲਕੇ ਹੋਰ, ਮੈਂ ਨੌਂ ਬਰ ਨੌਂ ਹੋਇਆ।

ਬਾਬਾ ਕੇਸਰ ਜੀ ਦੇ ਨਿਧਾਨ ਸਿੰਘ ਹੋਰਾਂ ਪ੍ਰਥਾਇ ਉਚਰੇ ਪਹਿਲੇ ਹੀ ਸ਼ਬਦਾਂ ਦਾ ਪਰਿਵਰਤਨਕਾਰੀ ਅਸਰ ਉਹੋ ਜਿਹਾ ਹੀ ਸੀ ਜਿਹੋ ਜਿਹਾ ਬੇੜੀ ਵਿਚ ਸੁੱਤੇ ਰਾਂਝੇ ਦਾ ਹੀਰ ਦੀਆਂ ਛਮਕਾਂ ਖਾਕੇ, ਉਚਾਰਿਆ ਬੋਲ ਸੀ—

"ਰਾਂਝੇ ਉੱਠ ਕੇ ਆਖਿਆ–ਵਾਹ ਸੱਜਣ!
ਹੀਰ ਹੱਸ ਕੇ ਤੇ ਮਿਹਰਬਾਨ ਹੋਈ।"

–ਸੱਯਦ ਵਾਰਿਸ ਸ਼ਾਹ

ਆਲਿਮ ਜੀ ਦੀ ਉਮਰ ਦੇ ਪਹਿਲੇ 24–25 ਸਾਲ ਬਰਮਾ ਵਿਚ ਹੀ ਬਤੀਤ ਹੋਏ। ਉੱਥੋਂ ਹੀ ਉਹਨਾਂ ਨੇ ਮੁੱਢਲੀ ਸਕੂਲੀ ਵਿਦਿਆ ਪਰਾਪਤ ਕੀਤੀ। ਉਹਨਾਂ ਨੂੰ ਅੰਗਰੇਜ਼ੀ, ਹਿੰਦੀ, ਉਰਦੂ, ਪੰਜਾਬੀ ਆਦਿ ਦੇ ਨਾਲ–ਨਾਲ ਸੰਸਕ੍ਰਿਤ ਅਤੇ ਅਰਬੀ, ਫ਼ਾਰਸੀ ਆਦਿ ਭਾਸ਼ਾਵਾਂ ਦਾ ਵਾਹਵਾ ਗਿਆਨ ਸੀ। ਕੁਰਾਨ ਸ਼ਰੀਫ ਦਾ ਕਾਫੀ ਭਾਗ ਉਹਨਾਂ ਨੂੰ ਹਿਫਜ਼ ਸੀ। ਇਸੇ ਤਰ੍ਹਾਂ ਸ਼ੇਖ ਸਾਅਦੀ ਅਤੇ ਭਾਈ ਨੰਦ ਲਾਲ ਦੀਆਂ ਫਾਰਸੀ ਰਚਨਾਵਾਂ ਉਹਨਾਂ ਨੂੰ ਕੰਠਾਗਰ ਸਨ। ਪੰਜਾਬੀ ਦਾ ਗਿਆਨ ਘਰ ਵਿਚੋਂ ਪਰਾਪਤ ਕਰਕੇ,ਸਿੱਖ ਧਾਰਮਿਕ ਗਰੰਥਾਂ ਦਾ ਗੰਭੀਰ ਮੁਤਾਲਿਆ ਕੀਤਾ। ਵਾਪਸ ਪਿੰਡ ਲੋਪੋਕੇ ਪਰਤਣ ਬਾਅਦ ਅਤੇ ਕੂਕਾ ਸੰਸਾਰ ਵਿਚ ਪਰਵੇਸ਼ ਕਰਨ ਮਗਰੋਂ, ਉਹਨਾਂ ਇਸੇ ਪਿੰਡ ਦੇ ਸਤਿਗੁਰੂ ਪਰਤਾਪ ਸਿੰਘ ਜੀ ਦੇ ਸਮੇਂ ਦੇ ਮਸ਼ਹੂਰ ਜੱਥੇਦਾਰ ਸੰਤ ਨੱਥਾ ਸਿੰਘ ਲੋਪੋਕੇ ਦੇ ਜਥੇ ਵਿਚ ਸ਼ਾਮਲ ਹੋ ਕੇ, ਹਾਰਮੋਨੀਅਮ ਵਾਜਾ ਵਜਾਉਣ ਦੀ ਸੇਵਾ ਸੰਭਾਲ ਲਈ। ਸੰਨ 1921 ਈ. ਦੇ ਨਾਮਧਾਰੀ ਹੋਲੇ ਮੱਹਲੇ ਵਿਚ ਜੋ ਮੁਕਤਸਰ ਹੋਇਆ ਸੀ ਆਲਿਮ ਜੀ ਨੇ ਪਹਿਲੀ ਵੇਰ ਤਕਰੀਰ ਕਰਕੇ ਸੰਤ ਇੰਦਰ ਸਿੰਘ ਚੱਕਰਵਤੀ ਜਿਉਂ ਨਾਮਧਾਰੀ ਪੰਥ ਵਿਚ ਇਕ ਪਰਚਾਰਕ ਦੇ ਤੌਰ ਤੇ ਆਪਣੀ ਪਹਿਚਾਣ ਕਾਇਮ ਕਰ ਲਈ ਸੀ।[2]

ਸਤਿਗੁਰੂ ਪਰਤਾਪ ਸਿੰਘ ਜੀ ਦੇ ਸਭ ਤੋਂ ਛੋਟੇ ਭਰਾਤਾ ਮਹਾਰਾਜ ਗੁਰਦਿਆਲ ਸਿੰਘ ਜੀ ਨੇ ਨਾਮਧਾਰੀ ਪੰਥ ਦੀਆਂ ਦੋ ਆਗੂ ਹਸਤੀਆਂ ਆਲਿਮ ਜੀ ਅਤੇ ਚੱਕਰਵਰਤੀ ਜੀ ਨੂੰ ਸਾਹਿਤਕਾਰੀ, ਇਤਿਹਾਸਕਾਰੀ, ਪੱਤਰਕਾਰੀ ਅਤੇ ਭਾਸ਼ਣ ਕਲਾ ਦੇ ਮਾਰਗ ਤੇ ਅੱਗੇ ਵਧਾਉਣ ਵਿਚ ਵੱਡਾ ਯੋਗਦਾਨ ਪਾਇਆ ਸੀ। ਮਹਾਰਾਜ ਜੀ ਦਾ ਅਨੰਦ ਕਾਰਜ ਸ. ਧਿਆਨ ਸਿੰਘ ਪੱਥਰਾਂ ਵਾਲਿਆਂ ਦੀ ਸਪੁੱਤਰੀ ਬੀਬੀ ਕਰਤਾਰ ਕੋਰ ਨਾਲ ਅਕਤੂਬਰ 1921 ਈ. ਵਿਚ ਹੋਇਆ ਸੀ। ਇਸ ਤੋਂ ਪਹਿਲਾਂ ਮਹਾਰਾਜ ਨਿਹਾਲ ਸਿੰਘ ਜੀ 1914 ਈ. ਵਿਚ ਬੀਬੀ ਕਰਤਾਰ ਕੋਰ ਜੀ ਦੇ ਵੱਡੇ ਭੈਣ, ਬੀਬੀ ਸਤਵੰਤ ਕੌਰ ਜੀ ਨਾਲ ਪਰਣਾਏ ਗਏ ਸਨ। ਪੱਥਰਾਂ ਵਾਲਿਆਂ ਸੰਤ–ਸਰਦਾਰਾਂ ਦਾ ਇਹ ਘਰ, ਲਾਹੌਰ ਵਿੱਚ ਕੂਕਿਆਂ ਦੀ ਵੱਡੀ ਠਾਹਰ ਸੀ। ਮਹਾਰਾਜ ਗੁਰਦਿਆਲ ਸਿੰਘ ਜੀ ਅਨੰਦ ਕਾਰਜ ਤੋਂ ਬਾਅਦ ਤੇ ਪਹਿਲਾ ਵੀ ਕਾਫੀ ਸਮਾਂ ਲਾਹੌਰ ਹੀ ਬਿਤਾਉਂਦੇ ਸਨ। ਇੱਥੇ ਹੀ ਉਹਨਾਂ ਦੇ ਸੰਪਰਕ ਵਿਚ ਆਲਿਮ ਜੀ ਆਏ ਜਿਹਨਾਂ ਨੂੰ ਉਹਨਾਂ ਨੇ ਸਮੇਂ ਸਮੇਂ, ਕੂਕਾ ਰੋਜ਼ਾਨਾ, ਆਲਮ ਉਰਦੂ ਅਤੇ ਸਤਿਜੁਗ ਸਪਤਾਹਿਕ ਅਖਬਾਰ ਦੀ ਸੰਪਾਦਕੀ ਸੇਵਾ ਬਖਸ਼ੀ। ਸਤਿਗੁਰੂ ਜੀ ਦੇ ਦੋਵੇਂ ਛੋਟੇ ਭਰਾਤਾ, ਦੇਸ਼ ਆਜ਼ਾਦੀ ਲਈ

ਕਾਂਗਰਸ ਦੇ ਪਲੇਟਫਾਰਮ ਤੇ ਵੀ 1919 ਤੋਂ ਹੀ ਸਰਗਰਮ ਚੱਲੇ ਆ ਰਹੇ ਸਨ। ਇਸੇ ਕਾਰਨ ਆਲਿਮ ਜੀ ਨੇ ਵੀ ਬਰਤਾਨਵੀ ਸਰਕਾਰ ਵਿਰੋਧੀ, ਰਾਜਸੀ ਝੁਕਾਅ ਗ੍ਰਹਿਣ ਕਰ ਲਿਆ। ਜਿਵੇਂ ਜਿਵੇਂ ਆਲਿਮ ਜੀ ਨੇ ਨਾਮਧਾਰੀ ਇਤਿਹਾਸ ਦੀਆਂ ਕੁਝ ਕੁ ਉਪਲਬਧ ਸਰੋਤ ਪੁਸਤਕਾਂ ਜੋ ਭੈਣੀ ਸਾਹਿਬ ਪੁਸਤਕਾਲੇ ਵਿਚ ਸਨ ਦਾ ਮੁਤਾਲਿਆ ਕੀਤਾ ਤਾਂ ਉਹਨਾਂ ਦੇ ਅੰਦਰ ਸਾਮਰਾਜੀ ਸਰਕਾਰ ਵਿਰੁਧ ਰੋਹ ਦੀ ਜੁਆਲਾ, ਪਰਚੰਡ ਹੋ ਉਠੀ ਜਿਹਨਾਂ ਦਾ ਪ੍ਰਗਟਾਵਾ, ਉਹ ਆਪਣੀ ਤਕਰੀਰ ਤੇ ਤਹਿਰੀਰ ਵਿਚ ਬੇਖੌਫ਼ ਹੋ ਕੇ ਕਰਨ ਲੱਗੇ। ਇਸੇ ਵਜ੍ਹਾ ਕਰਕੇ ਲਾਹੌਰ ਤੋਂ ਛਪਣ ਵਾਲੇ ਕੂਕਾ ਅਤੇ ਸਤਿਜੁਗ ਆਦਿ ਪਰਚੇ, ਅਕਸਰ ਸਰਕਾਰੀ ਕਰੋਪੀ ਦਾ ਸ਼ਿਕਾਰ ਹੋਕੇ, ਬੰਦ ਹੋ ਜਾਂਦੇ ਸਨ ਤੇ ਪਰਬੰਧਕਾਂ ਨੂੰ ਇਹ ਅਖਬਾਰ ਲੰਗੋਂ ਡੰਗ ਕੱਢਣ ਤੇ ਹੀ ਮਜ਼ਬੂਰ ਹੋਣਾ ਪੈਂਦਾ ਸੀ। ਸੰਨ 1924 ਈ. ਵਿਚ ਆਲਿਮ ਜੀ ਨੇ ਇਕ ਵੱਡ ਅਕਾਰੀ ਲੇਖ "ਬਾਹ੍ਰਵਾਂ ਜਾਮਾ ਸਤਿਗੁਰੂ" ਲਿਖਿਆ, ਜਿਸ ਕਾਰਨ ਸਤਿਜੁਗ ਦੀ ਜ਼ਮਾਨਤ ਜ਼ਬਤ ਹੋ ਗਈ ਸੀ ਅਤੇ ਹੋਰ ਨਕਦ ਦੋ ਹਜਾਰ ਰੁਪੈ ਦੀ, ਨਵੀਂ ਜ਼ਮਾਨਤ ਦੇ ਕੇ ਹੀ ਪਰਚਾ ਮੁੜ ਛਪ ਸੱਕਿਆ ਸੀ।[3] ਆਜ਼ਾਦੀ ਤੋਂ ਬਾਅਦ ਆਲਿਮ ਜੀ ਨੇ ਲੁਧਿਆਣੇ ਤੋਂ "ਜੈ ਭਾਰਤ" ਨਾਮ ਦਾ ਹਿੰਦੀ ਅਤੇ ਪੰਜਾਬੀ ਪਰਚਾ ਵੀ ਕੁਝ ਸਮਾਂ ਕੱਢਿਆ ਸੀ। 'ਲਾਹੌਰ ਤੋਂ ਉਹ 'ਮਸਤਾਨਾ' ਪਰਚਾ ਵੀ ਕੱਢਦੇ ਰਹੇ। ਆਲਿਮ ਜੀ ਦੀ ਸੰਪਾਦਕੀ ਸਮੇਂ ਸਤਿਜੁਗ ਨੂੰ, ਕਾ. ਸੋਹਣ ਸਿੰਘ ਜੋਸ਼ ਅਨੁਸਾਰ, ਸਰਕਾਰ ਨੇ ਫੌਜੀਆਂ ਵਿਚ ਪੜ੍ਹਨ ਤੇ ਰੋਕ ਲਾਈ ਸੀ।

ਮਾਘੀ ਸੰਮਤ 1977 ਬਿ. ਮੁਤਾਬਿਕ ਜਨਵਰੀ 1921 ਈ. ਵਿਚ ਨਾਮਧਾਰੀ ਸੰਗਤ ਦੇ ਮੁਖੀ ਸਿੰਘਾਂ ਦੀ ਇਕ ਵਿਸ਼ੇਸ਼ ਇਕੱਤਰਤਾ ਸਤਿਗੁਰੂ ਪਰਤਾਪ ਸਿੰਘ ਜੀ ਦੀ ਹਜ਼ੂਰੀ ਵਿਖੇ ਮੁਕਤਸਰ ਵਿਖੇ ਹੋਈ। ਇਸ ਵਿਚ ਇਹ ਮਤਾ ਪਾਸ ਹੋਇਆ ਕਿ ਮਲੇਰਕੋਟਲੇ ਵਾਲੇ ਕੂਕੇ ਸ਼ਹੀਦਾਂ ਦੀ ਯਾਦ ਵਿਚ ਪਹਿਲਾ ਜਨਤਕ ਇੱਕਠ, ਮੁੱਠਡਾ (ਜਲੰਧਰ) ਵਿਖੇ 17-18-19 ਜਨਵਰੀ 1921 ਈ. ਨੂੰ ਕੀਤਾ ਜਾਣਾ ਹੈ। ਸੰਗਤ ਉੱਥੇ ਹੁੰਮ ਹੁੰਮਾ ਕੇ ਪੁੱਜੇ। ਸ੍ਰੀ ਭੈਣੀ ਸਾਹਿਬ ਗੁਰਦੁਆਰੇ ਦੇ ਬੂਹੇ ਅੱਗਿਉਂ ਪੁਲੀਸ ਚੌਂਕੀ ਉਠਾਉਣ ਦੀ ਮੰਗ ਕੀਤੀ ਜਾਏ ਅਤੇ ਫਿਰ ਇਸ ਤਰ੍ਹਾਂ ਦੀਆਂ ਸ਼ਹੀਦੀ ਕਾਨਫਰੰਸਾਂ ਹੋਰ ਥਾਵਾਂ ਤੇ ਵੀ ਕੀਤੀਆ ਜਾਣ। ਆਲਿਮ ਜੀ ਵੀ ਮਾਘੀ ਦੇ ਇਸ ਮੇਲੇ ਤੇ ਪੁੱਜੇ ਹੋਏ ਸਨ।[4]

17-18-19 ਜਨਵਰੀ 1921 ਨੂੰ ਮੁੱਠਡਾ ਕਲਾਂ ਵਿਖੇ ਪਹਿਲਾ ਸ਼ਹੀਦੀ ਸਮਾਰੋਹ, ਸਤਿਗੁਰੂ ਪਰਤਾਪ ਸਿੰਘ ਜੀ ਦੀ ਸਦਾਰਤ ਹੇਠ ਹੋਇਆ। ਇਸ ਵਿਚ ਪੰਜਾਬ ਦੇ ਉਸ ਸਮੇਂ ਦੇ ਉੱਘੇ ਸੁਤੰਤਰਤਾ ਸੰਗਰਾਮੀਆਂ, ਮਹਾਰਾਜ ਗੁਰਦਿਆਲ ਸਿੰਘ, ਮਹਾਰਾਜ ਨਿਹਾਲ ਸਿੰਘ, ਚੌਧਰੀ ਰਾਮ ਭਜ ਦੱਤ, ਮੌਲਾਨਾ ਸਈਅਦ ਹਬੀਬ, ਸੰਤ ਮੰਗਲ ਸਿੰਘ ਅਰਸ਼ੀ ਫਰਿਸ਼ਤਾ, ਚੌਧਰੀ ਗੁਲਾਮ ਹੈਦਰ (ਐਡੀਟਰ ਸਿਆਸਤ) ਲਾਲਾ ਕੇਦਾਰ ਨਾਥ ਸਹਿਗਲ (ਮੇਰਠ ਕਮਿਊਨਿਸਟ ਕਾਂਸਪ੍ਰੇਸੀ ਕੇਸ ਦਾ ਮੁਲਜ਼ਮ) "ਸ਼ਹੀਦੇ-ਆਜ਼ਮ ਯੁਵਕ ਸ੍ਰ. ਭਗਤ ਸਿੰਘ ਅਤੇ ਉਹਨਾਂ ਦੇ ਪਿਤਾ ਸ੍ਰ. ਕਿਸ਼ਨ ਸਿੰਘ, ਮਹਿਤਾ ਅਨੰਦ ਕਿਸ਼ੋਰ ਲਾਹੌਰ, ਸੰਤ ਇੰਦਰ ਸਿੰਘ ਚੱਕਰਵਰਤੀ ਆਦਿ ਸਮੇਤ ਸੰਤ

ਨਿਧਾਨ ਸਿੰਘ ਆਲਿਮ ਵੀ ਸ਼ਾਮਿਲ ਹੋਏ। ਦੂਜਾ ਇਜਲਾਸ ਇਸੇ ਤਰ੍ਹਾਂ ਦਾ ਸਿਆਹੜ (ਲੁਧਿਆਣਾ) ਵਿਖੇ ਹੋਇਆ ਜਿਸ ਦੀ ਪਰਧਾਨਗੀ ਆਲਿਮ ਜੀ ਨੇ ਕੀਤੀ। ਇਸ ਕਾਨਫਰੰਸ ਵਿਚ ਵੀ ਨਾਮੀ-ਗਰਾਮੀ ਆਗੂ ਸ਼ਾਮਿਲ ਹੋਏ ਅਤੇ ਸ੍ਰੀ ਭੈਣੀ ਸਾਹਿਬ ਤੋਂ ਪੁਲਿਸ ਚੌਂਕੀ ਤੁਰੰਤ ਚੁੱਕੇ ਜਾਣ ਦਾ ਮਤਾ ਵੀ ਪਾਸ ਕੀਤਾ ਗਿਆ। ਚੌਂਕੀ ਨਾਂ ਚੁੱਕੇ ਜਾਣ ਦੀ ਸੂਰਤ ਵਿਚ ਸੱਤਿਆ ਗ੍ਰਹਿ ਲਈ ਜਥੇ ਭਰਤੀ ਕਰਨ ਦਾ ਕਾਰਜ ਵੀ ਆਲਿਮ ਜੀ ਦੀ ਅਗੁਆਈ ਹੇਠ ਚੱਲ ਰਿਹਾ ਸੀ। ਫਿਰ ਇਸ ਤਰ੍ਹਾਂ ਦਾ ਚੌਥਾ ਦੀਵਾਨ ਹੁਸ਼ਿਆਰਪੁਰ ਵਿਖੇ ਹੋਇਆ। ਜਿਸ ਤੋਂ ਬਾਅਦ ਪੁਲਿਸ ਚੌਂਕੀ ਉਠਾ ਲਈ ਗਈ।[5]

ਹੁਸ਼ਿਆਰਪੁਰ ਵਾਲੇ ਦੀਵਾਨ ਨੇ ਆਲਿਮ ਜੀ ਦੀ ਭਾਸ਼ਣ ਕਲਾ, ਜੋ ਦੇਸ਼, ਕੌਮ, ਪੰਥ-ਪ੍ਰਸਤੀ ਦੇ ਜ਼ਜ਼ਬਿਆਂ ਵਿਚ ਗੁੱਧੀ ਹੋਈ ਸੀ, ਨੂੰ ਸਿਖਰ ਤੇ ਪੁਚਾਇਆ ਸੀ। ਹੁਣ ਤੱਕ ਉਹ ਨਾਮਧਾਰੀ ਸਾਧੂਆਂ, ਸਤਿਗੁਰੂ ਜੀ ਅਤੇ ਹੋਰ ਮਹਾਂ ਪੁਰਖਾਂ ਦੀ ਸੰਗਤ ਸਦਕਾ, ਸਤਿਗੁਰੂ ਰਾਮ ਸਿੰਘ ਜੀ ਦੇ ਕੌਮੀ ਮੁਕਤੀ ਅਤੇ ਸਰਬੱਤ ਦੀ ਬੰਦ ਖਲਾਸੀ ਦੇ ਮਿਸ਼ਨ ਨੂੰ ਪੂਰੀ ਤਰ੍ਹਾਂ ਸਮਰਪਿਤ ਹੋ ਚੁੱਕੇ ਸਨ। ਸੰਤ ਇੰਦਰ ਸਿੰਘ ਚੱਕਰਵਤੀ, ਉਮਰ ਵਿਚ ਬੇਸ਼ਕ ਆਪ ਤੋਂ ਦਸ ਬਾਰਾਂ ਵਰ੍ਹੇ ਛੋਟੇ ਸਨ ਪਰ ਨਾਮਧਾਰੀ ਸਟੇਜਾਂ ਤੇ ਇੱਕੇ ਸਮੇਂ ਪਰਗਟ ਹੋਣ ਸਦਕਾ, ਆਪ ਦੇ ਸਮਕਾਲੀਆਂ ਵਿਚ ਹੀ ਗਿਣੇ ਜਾਂਦੇ ਸਨ। ਚੱਕਰਵਰਤੀ ਜੀ ਆਲਿਮ ਜੀ ਦੇ ਚਲਾਣੇ ਤੋਂ ਕੁਝ ਸਮਾਂ ਬਾਅਦ, ਮੁੱਢਲੀਆਂ ਯਾਦਾਂ ਨੂੰ ਹੁਸ਼ਿਆਰਪੁਰ ਵਾਲੀ ਸ਼ਹੀਦੀ ਕਾਨਫਰੰਸ ਦੇ ਸਬੰਧ ਵਿਚ ਇਕ ਲਿਖਤ ਵਿਚ ਚੇਤੇ ਕਰਦੇ ਹਨ।

"ਸ੍ਰੀ ਸੰਤ ਨਿਧਾਨ ਸਿੰਘ ਜੀ ਆਲਿਮ ਦੀ ਪਹਿਲੀ ਜਾਣਕਾਰੀ ਮੈਨੂੰ ਤਦੋਂ ਹੋਈ ਸੀ ਜਦੋਂ ਆਪ ਪਰਚਾਰ ਕਾਰਜ ਨਹੀਂ ਸਗੋਂ ਰਾਗ ਭਾਵ ਕੀਰਤਨ ਕੀਤਾ ਕਰਦੇ ਸਨ। ਤਦੋਂ ਆਪ ਆਪਣੇ ਜਥੇਦਾਰ ਜੋ ਲੋਪੋਕਿਆਂ ਦੇ ਹੀ ਸਨ, ਸੰਤ ਨੱਥਾ ਸਿੰਘ ਜੀ ਦੇ ਕੀਰਤਨੀਏ ਜਥੇ ਨਾਲ ਹਾਰਮੋਨੀਅਮ ਬਜਾਇਆ ਕਰਦੇ ਸਨ। ਕਾਰਜ ਵੱਸ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਨੂੰ ਦੌਰਾ ਮਹਾਰਾਜ ਗੁਰਦਿਆਲ ਸਿੰਘ ਜੀ ਨੂੰ ਸੰਭਾਲ ਕੇ ਆਉਣਾ ਪਿਆ। ਸ੍ਰੀ ਮਹਾਰਾਜ ਜੀ ਦੌਰੇ ਨਾਲ ਰਹਿਕੇ ਸ੍ਰੀ ਸਤਿਗੁਰੂ ਜੀ ਦੇ ਪੁਨਹ ਪ੍ਰਵੇਸ਼ ਕਰਨ ਤੇ ਸ੍ਰੀ ਭੈਣੀ ਸਾਹਿਬ ਆ ਗਏ ਸਨ। ਏਥੇ ਆਉਂਦਿਆਂ ਹੀ ਮੈਨੂੰ ਉਹਨਾਂ ਪਿਛੋਂ ਬੁਲਾ ਲਿਆ ਸੀ। ਗੱਦੀ ਸਾਹਿਬ ਵਾਲਾ ਚੌਬਾਰਾ ਹੀ ਸਾਡਾ ਦਫਤਰ ਸੀ। ਇੱਥੇ ਹੀ ਭੁੰਜੇ ਜ਼ਮੀਨ ਉਤੇ ਸੌਂ ਜਾਇਆ ਕਰਦੇ ਸਾਂ। ਮਹਾਰਾਜ ਗੁਰਦਿਆਲ ਸਿੰਘ ਜੀ ਨੇ ਮੇਰੇ ਹੱਥ ਵਿਚ ਕਲਮ ਪਕੜਾ ਦਿਤੀ ਸੀ, ਇਸ ਖੁਸ਼ੀ ਵਿਚ ਮਾਤਾ (ਜੀਵਨ ਕੌਰ) ਜੀ ਨੇ ਪ੍ਰਸ਼ਾਦਿ ਵੰਡਿਆ ਸੀ। ਸਭ ਤੋਂ ਪਹਿਲਾ ਕੰਮ ਜੋ ਲਿਖਣ ਦਾ ਮੈਨੂੰ ਦਿਤਾ ਗਿਆ, ਉਹ ਆਪ ਜੀ ਦੀ ਲਿਖਤ ਦੌਰੇ ਦੀ ਪ੍ਰਤੀਲਿਪੀ (ਨਕਲ) ਕਰਨਾ ਸੀ। ਉਸ ਰਿਪੋਟ ਵਿਚ ਇਲਮ ਦੋਸਤ ਹੋਣ ਕਰਕੇ ਸ੍ਰੀ ਮਹਾਰਾਜ ਜੀ ਨੇ ਰਾਗੀ ਜਥੇ ਵਿਚੋਂ ਸ੍ਰੀ ਨਿਧਾਨ ਸਿੰਘ ਜੀ ਦੀ ਬੜੀ ਤਾਰੀਫ ਕੀਤੀ ਸੀ।.... ਤਦ ਤੋਂ ਮੈਨੂੰ ਸ੍ਰੀ ਨਿਧਾਨ ਸਿੰਘ ਜੀ ਨੂੰ ਮਿਲਣ ਦੀ ਚਾਹ ਪੈਦਾ ਹੋਈ ਸੀ। ਇਸ ਤੋਂ ਪਿਛੋਂ ਸੰਨ 1923 ਦੀ ਗੱਲ ਹੈ, ਹੁਸ਼ਿਆਰਪੁਰ ਵਿਚ ਨਾਮਧਾਰੀ ਸੇਵਕ ਜਥੇ ਵੱਲੋਂ, ਬਹੁਤ ਭਾਰੀ ਕਾਨਫਰੰਸ ਕੀਤੀ ਗਈ ਸੀ। ਇਸ ਕਾਨਫਰੰਸ ਦਾ ਮਕਸਦ ਗੁਰਦਵਾਰਾ ਭੈਣੀ ਸਾਹਿਬ ਦੇ ਬੂਹੇ ਤੇ ਬੈਠੀ ਪੁਲੀਸ ਦੀ ਚੌਂਕੀ

ਉਠਾਣ ਦਾ ਅੰਦੋਲਨ ਕਰਨਾ ਸੀ। ਨਾਮਧਾਰੀ ਸੇਵਕ ਜੱਥੇ ਦੇ ਪਰਧਾਨ ਸ. ਲਛਮਣ ਸਿੰਘ (ਗੰ੍ਥਗੜ੍ਹ) ਜੀ ਸਨ। ਪਰਧਾਨ ਮੰਤਰੀ ਸ੍ਰੀ ਮਹਾਰਾਜ (ਗੁਰਦਿਆਲ ਸਿੰਘ) ਜੀ ਤੇ ਮੰਤਰੀ (ਸਕੱਤਰ) ਮੈਂ ਸਾਂ। ਇਸ ਦੀਵਾਨ ਦੀ ਜ਼ਿੰਮੇਵਾਰੀ ਸਾਰੀ ਦੀ ਸਾਰੀ ਸੁਰਗਵਾਸੀ ਸੰਤ ਸੱਯਾ ਸਿੰਘ ਸੂਬਾ ਜੀ (ਮੁਠੱਡਾ) ਦੀ ਸੀ। ਇਸ ਲਈ ਮੈਂ ਦੀਵਾਨ ਦੀ ਕਾਮਯਾਬੀ ਲਈ ਅਤੇ ਇੰਤਜ਼ਾਮ ਲਈ, ਪੰਦਰਾਂ ਦਿਨ ਪਹਿਲਾਂ ਹੁਸ਼ਿਆਰਪੁਰ ਗਿਆ ਸਾਂ। ਸ੍ਰੀ ਮਹਾਰਾਜ ਗੁਰਦਿਆਲ ਸਿੰਘ ਜੀ ਭੈਣੀ ਸਾਹਿਬ ਸਨ ਤੇ ਮੈਨੂੰ ਹਰ ਰੋਜ਼ ਪੱਤਰ ਭੇਜ ਕੇ ਹੁਕਮ ਕਰਦੇ ਰਹਿੰਦੇ ਸਨ। ਸ੍ਰੀ ਮਹਾਰਾਜ ਜੀ ਨੇ ਹੁਕਮ ਕੀਤਾ ਕਿ ਮੈਂ ਲੋਪੋਕੀ ਨੂੰ ਚਿੱਠੀ ਲਿਖ ਕੇ ਸ੍ਰੀ ਨਿਧਾਨ ਸਿੰਘ ਜੀ ਨੂੰ ਇਸ ਕਾਨਫਰੰਸ ਵਿਚ ਨਿਮੰਤ੍ਰਿਤ ਕਰਾਂ। ਹੁਕਮ ਅਨੁਸਾਰ ਮੈਂ ਚਿਠੀ ਲਿਖੀ। ਇਕ ਸੁਬਕ ਜਿਹਾ ਨੌਜਵਾਨ ਜਿਸਦੇ ਦਿਲ ਵਿਚ ਪੰਥਕ ਦਰਦ ਸੀ, ਪਰ ਉਹ ਫ਼ੂਸ ਦੀ ਅੱਗ ਵਾਂਗ ਦੱਬਿਆ ਹੋਇਆ ਸੀ, ਜਿਸਨੂੰ ਸੁਲਗਣ ਦੀ ਲੋੜ ਸੀ। ਉਹ ਇਸ ਕਾਨਫਰੰਸ ਨੇ ਸੁਲਗਾ ਦਿਤੀ। ਪੁਲੀਸ ਦੀ ਚੋਕੀ ਉਠਾ ਲੈਣ ਅਤੇ ਨਾਂ ਉਠਾਉਣ ਦੀ ਹਾਲਤ ਵਿਚ ਸੱਤਿਆਗ੍ਰਹਿ ਕਰਨ ਦਾ ਗੁਰਮਤਾ ਪੇਸ਼ ਸੀ। ਧੂੰਆਂਧਾਰ ਤਕਰੀਰਾਂ ਹੋ ਰਹੀਆਂ ਸਨ। ਸ੍ਰੀ ਮਹਾਰਾਜ ਜੀ ਨੇ ਹੁਕਮ ਕੀਤਾ ਕਿ ਸ੍ਰੀ ਨਿਧਾਨ ਸਿੰਘ ਜੀ ਨੂੰ ਇਸ ਗੁਰਮਤੇ ਤੇ ਬੋਲਣ ਦਾ ਵਕਤ ਦਿਉ। ਮੈਂ ਸਟੇਜ ਸਕੱਤਰ ਸਾਂ, ਮੈਨੂੰ ਇਹਨਾਂ ਦੀ ਕੋਈ ਜ਼ਿਆਦਾ ਜਾਨਕਾਰੀ ਨਹੀਂ ਸੀ। ਮੈਂ ਇਹ ਆਖ ਵਕਤ ਦੇ ਦਿਤਾ ਕਿ ਹੁਣ ਇਸ ਮਤੇ ਤੇ ਭਾਈ ਨਿਧਾਨ ਸਿੰਘ ਜੀ ਬੋਲਣਗੇ, ਕੀ ਬੋਲਣਗੇ-ਇਹ ਮੈਂ ਨਹੀਂ ਜਾਣਦਾ। ਤਦੋਂ ਨਾਂ ਇਹ ਆਪਣੇ ਨਾਂ ਨਾਲ ਆਲਿਮ ਲਿਖਦੇ ਸਨ ਤੇ ਨਾ ਹੀ ਪ੍ਰਸਿਧ ਹੀ ਹੋਏ ਸਨ। ਆਪ ਬੋਲੇ ਤੇ ਪਹਿਲੀ ਵਾਰ ਹੀ ਲੋਕਾਂ ਦੇ ਦਿਲ ਜਿੱਤ ਲਏ। ਇਕ ਇਕ ਵਾਕ ਤੇ ਜੈਕਾਰੇ ਗੱਜਦੇ ਰਹੇ। ਬੱਸ ਇਹ ਪਹਿਲੀ ਤਕਰੀਰ ਸੀ। ਇਸ ਨੇ ਹੀ ਆਪ ਜੀ ਨੂੰ ਚਮਕਾ ਦਿਤਾ ਅਤੇ ਪਤਾ ਲੱਗ ਗਿਆ ਕਿ ਇਸ ਵਿਅਕਤੀ ਦਾ ਥਾਂ ਰਾਗੀਆਂ ਵਿਚ ਨਹੀਂ, ਸਗੋਂ ਆਗੂਆਂ ਵਿਚ ਹੈ। ਇਸ ਤੋਂ ਪਿਛੋਂ ਤਾਂ ਆਪ ਭਾਰਤੀ ਤੇ ਨਾਮਧਾਰੀ ਗਗਨ ਵਿਚ ਸੂਰਜ ਵਾਂਗ ਚਮਕੇ।"[6]

ਆਲਿਮ ਜੀ ਦੇ ਉਪਰ ਵਰਣਿਤ ਮਾਲਵੇਂਦ੍ਰ ਦੀ ਭੂਮਿਕਾ ਵਾਲੇ ਲੇਖ ਵਿਚ ਇਹ ਵੀ ਲਿਖਿਆ ਹੈ ਕਿ ਮੁੱਠਡਾ ਸ਼ਹੀਦੀ ਸਮਾਗਮ ਸਮੇਂ, ਉਹ ਸਤਿਜੁਗ ਲਾਹੌਰ ਦੇ ਸੰਪਾਦਕ ਅਤੇ ਆਲ ਇੰਡੀਆ ਕਾਂਗਰਸ ਕਮੇਟੀ ਦੇ ਮੈਂਬਰ ਸਨ। ਉਦੋਂ ਨਾਮਿਲਵਰਤਣ ਦੀ ਲਹਿਰ ਜੋਬਨ ਤੇ ਸੀ ਅਤੇ ਬੜੇ ਬੜੇ ਲੀਡਰ ਇਸ ਦੀਵਾਨ ਵਿਚ ਸ਼ਾਮਲ ਹੋਏ। ਨਾਮਧਾਰੀਆਂ ਦਾ ਇਕ ਤਕੜਾ ਗਰੁੱਪ ਮਹਾਰਾਜ ਗੁਰਦਿਆਲ ਸਿੰਘ ਜੀ ਦੀ ਅਗੁਆਈ ਹੇਠ ਕਾਂਗਰਸ ਦੇ ਮੋਢੇ ਨਾਲ ਮੋਢਾ ਜੋੜ ਕੇ ਚੱਲ ਰਿਹਾ ਸੀ। 31 ਦਸੰਬਰ 1929 ਨੂੰ ਅੱਧੀ ਰਾਤ ਰਾਵੀ ਦੇ ਕੰਢੇ ਲਾਹੌਰ ਵਿਖੇ, ਕੁੱਲ ਹਿੰਦ ਕਾਂਗਰਸ ਦੇ ਸਾਲਾਨਾ ਸਮਾਗਮ ਸਮੇਂ, ਦੇਸ਼ ਵਿਚ ਵਧ ਰਹੇ ਖੱਬੇ ਪ੍ਰਭਾਵ ਦੇ ਅਸਰ ਹੇਠ, ਪੰਡਿਤ ਜਵਾਹਰ ਲਾਲ ਨਹਿਰੂ ਨੂੰ ਕਾਂਗਰਸ ਸਦਰ ਦੇ ਤੌਰ ਤੇ ਪਹਿਲੀ ਵਾਰ, ਮੁਕੰਮਲ ਅਜ਼ਾਦੀ ਦਾ ਮਤਾ ਪਾਸ ਕਰਨਾ ਪਿਆ। ਇਸ ਕਾਨਫਰੰਸ ਨੂੰ ਸਫਲ ਬਨਾਉਣ ਵਿਚ ਸਤਿਗੁਰੂ ਪਰਤਾਪ ਸਿੰਘ ਜੀ ਦੇ ਹੁਕਮ ਤੇ ਮਹਾਰਾਜ ਨਿਹਾਲ ਸਿੰਘ ਜੀ, ਆਲਿਮ ਜੀ ਅਤੇ

ਲਾਹੌਰ ਜ਼ਿਲ੍ਹਾ ਦੀ ਨਾਮਧਾਰੀ ਸੰਗਤ ਦਾ ਬਹੁਮੁੱਲਾ ਯੋਗਦਾਨ ਸੀ। ਵੱਡੀ ਸਮੱਸਿਆ ਇਸ ਇਜਲਾਸ ਵਿਚ ਆਉਣ ਵਾਲੇ ਹਜਾਰਾਂ ਪੇਂਡੂ ਸਿੱਖਾਂ ਦੇ ਲੰਗਰ ਦੀ ਸੀ ਕਿਉਂ ਜੁ ਅਕਾਲੀ ਆਗੂ ਬਾਬਾ ਖੜਕ ਸਿੰਘ ਇਸ ਸਮਾਗਮ ਦਾ ਬਾਈਕਾਟ ਕਰ ਚੁੱਕੇ ਸਨ। ਬਾਬਾ ਗੁਰਦਿਤ ਸਿੰਘ ਕਾਮਾਗਾਟਾ ਮਾਰੂ ਦੇ ਨਿਵੇਦਨ ਤੇ ਪੰਜਾਹ ਹਜਾਰ ਤੋਂ ਵੱਧ ਦੀ ਸਿੱਖ ਸੰਗਤ ਤੇ ਹੋਰਨਾਂ ਨੇ ਨਾਮਧਾਰੀ ਲੰਗਰ ਵਿੱਚੋਂ ਪਰਸ਼ਾਦਾ ਛਕਿਆ। ਮਾਤਾ ਜੀਵਨ ਕੌਰ ਅਤੇ ਮਾਤਾ ਫਤੇਹ ਕੌਰ ਜੀ ਨੇ ਬਾਬਾ ਧਿਆਨ ਸਿੰਘ ਪੱਥਰਾਂ ਵਾਲਿਆਂ ਦੇ ਸਹਿਯੋਗ ਨਾਲ, ਅਤੁੱਟ ਲੰਗਰ ਦੀ ਸੇਵਾ ਨਿਬਾਹੀ। ਇਸ ਸਮਾਗਮ ਦੇ ਲਾਹੌਰ ਵਿਚ ਕਰਵਾਉਣ ਦੀ ਰੀਝ ਮਹਾਰਾਜ ਗੁਰਦਿਆਲ ਸਿੰਘ ਜੀ ਦੇ ਹਿਰਦੇ ਵਿਚ ਪ੍ਰਸਫੁਟਤ ਹੋਈ ਸੀ। ਪਰੰਤੂ ਆਪ ਸਮਾਗਮ ਤੋਂ ਤਿੰਨ ਮਹੀਨੇ ਪਹਿਲਾਂ ਹੀ ਗੁਰਪੁਰੀ ਪਿਆਨਾ ਕਰ ਗਏ। ਨਾਮਧਾਰੀ ਸੰਗਤ ਨੇ ਮਹਾਰਾਜ ਜੀ ਦੀ ਇਸ ਅਭਿਲਾਸ਼ਾ ਨੂੰ ਮੂਰਤਮਾਨ ਕਰਨ ਲਈ ਕੋਈ ਕਸਰ, ਬਾਕੀ ਨਾ ਛੱਡੀ। ਇਸ ਸਮਾਗਮ ਤੋਂ ਅਗਲੇ ਸਮਾਚਾਰ ਆਲਿਮ ਜੀ ਦੇ ਕਲਮਬੰਦ ਕੀਤੇ ਹੋਏ ਹਨ।

"ਕਾਂਗਰਸ ਸੈਸ਼ਨ ਲਾਹੌਰ ਦੇ ਪਿਛੋਂ ਪੰਜਾਬ ਕਾਂਗਰਸ ਨੂੰ ਗੈਰ ਕਾਨੂੰਨੀ ਜਮਾਤ ਕਰਾਰ ਦੇ ਦਿਤਾ ਗਿਆ। ਸ੍ਰੀ ਮਹਾਰਾਜ ਨਿਹਾਲ ਸਿੰਘ ਜੀ ਪੰਜਾਬ ਕਾਂਗਰਸ ਦੇ ਡਿਕਟੇਟਰ ਦੀ ਹੈਸੀਅਤ ਵਿਚ ਸ਼ਰਾਬ ਦੀ ਦੁਕਾਨ ਤੇ ਪਿਕਟਿੰਗ ਕਰਦੇ ਹੋਏ ਗ੍ਰਿਫਤਾਰ ਹੋ ਗਏ। 6 ਮਹੀਨਿਆਂ ਦੀ ਸਜ਼ਾ ਹੋਣ ਉਪਰੰਤ ਆਪ ਨੂੰ ਗੁਜਰਾਤ (ਪੰਜਾਬ) ਦੀ ਸਪੈਸ਼ਲ ਜੇਲ੍ਹ ਵਿਚ ਭੇਜ ਦਿਤਾ ਗਿਆ ਜਿਥੇ ਪੰਜਾਬ ਦੇ ਲਗਪਗ ਸਾਰੇ ਹੀ ਕਾਂਗਰਸ ਨੇਤਾ ਬੰਦ ਸਨ। ਆਪ ਤੋਂ ਪਿਛੋਂ ਸ੍ਰੀ ਪੰਡਿਤ ਮਨਸ਼ਾ ਸਿੰਘ ਜੀ ਕੌਮੀ ਡਿਕਟੇਟਰ ਬਣ ਕੇ ਗ੍ਰਿਫਤਾਰ ਹੋਏ। ਮਹਾਰਾਜ ਗੁਰਦਿਆਲ ਸਿੰਘ ਜੀ ਕਾਂਗਰਸ ਦਾ ਕੰਮ ਕਰਦੇ ਹੋਏ ਪਹਿਲੋਂ ਹੀ ਸੁਰਗਵਾਸ ਹੋ ਚੁੱਕੇ ਸਨ। ਲਾਹੌਰ ਵਿਚ ਕਾਂਗਰਸ ਦੀਆਂ ਸਰਗਰਮੀਆਂ ਸ਼ਾਂਤ ਹੋ ਚੁੱਕੀਆਂ ਸਨ। ਨਾ ਕੋਈ ਜਲੂਸ ਨਿਕਲਦਾ ਨਾ ਜਲਸਾ ਹੁੰਦਾ। ਪੰਜਾਬ ਸੂਬਾ ਕਾਂਗਰਸ ਕਮੇਟੀ ਦਾ ਦਫਤਰ ਬਰੈਡਲਾ ਹਾਲ ਖਾਲੀ ਪਿਆ ਸੀ। ਮੈਂ ਲਾਹੌਰ ਤੋਂ ਬਾਹਰ ਗੁਜਰਾਂਵਾਲੇ ਸਾਂ। ਮਹਾਰਾਜ ਨਿਹਾਲ ਸਿੰਘ ਜੀ ਨੇ ਜੇਲ੍ਹ ਵਿਚੋਂ ਮੈਨੂੰ ਲਿਖਿਆ ਸੀ ਕਿ ਐਸ ਵੇਲੇ ਬਰੈਡਲਾ ਹਾਲ ਵਿਖੇ ਡੇਰਾ ਲਾਕੇ, ਸੂਬਾ ਕਾਂਗਰਸ ਦਾ ਚਾਰਜ ਸੰਭਾਲਣ ਦੀ ਲੋੜ ਹੈ। ਲਾਹੌਰ ਪੁੱਜੋ ਤਾਂ ਕਿ ਕੁਝ ਨਾ ਕੁਝ ਕੰਮ ਹੁੰਦਾ ਰਹੇ।

ਕੂਕਾ ਕਾਂਗਰਸ ਦਲ

"ਮੈਂ ਆਪਣੇ ਚੰਦ ਸਾਥੀਆਂ ਸਮੇਤ ਇਕ ਦੋ ਦਿਨਾਂ ਵਿਚ ਲਾਹੌਰ ਪੁੱਜਾ ਅਤੇ ਬਰੈਡਲਾ ਹਾਲ ਵਿਚ ਡੇਰਾ ਲਾ ਦਿਤਾ। ਸ਼ਹਿਰ ਵਿਚ ਜਲਸਿਆਂ ਦਾ ਅਰੰਭ ਕਰਕੇ, ਕਾਂਗਰਸ ਦੀ ਰੁਕੀ ਹੋਈ ਗੱਡੀ ਚਾਲੂ ਕਰ ਦਿਤੀ ਅਤੇ ਨਾਲ ਹੀ "ਸੰਟਰਲ ਕੂਕਾ ਕਾਂਗਰਸ ਦਲ" ਦੇ ਨਾਉਂ ਤੇ ਇਕ ਨਵੀਂ ਸੰਸਥਾ ਜਥੇਬੰਦ ਕਰ ਦਿਤੀ। ਇਸ ਦਾ ਮਨੋਰਥ ਕਾਂਗਰਸ ਦੇ ਅਸੂਲਾਂ ਦਾ ਪਰਚਾਰ ਕਰਦਿਆਂ ਹਰ ਲੋੜੀਂਦੀ ਕੁਰਬਾਨੀ ਦਾ ਸੁਆਗਤ ਕਰਨਾ ਸੀ। ਸਾਡੀ ਪ੍ਰਸੰਨਤਾ ਦੀ ਕੋਈ ਹੱਦ ਨਹੀਂ ਰਹੀ, ਜਦ ਕਿ ਸਾਡੀ ਸਹਾਇਤਾ ਲਈ ਪਰਮ ਪੂਜਨੀਯ ਮਾਤਾ ਜੀਵਨ ਕੌਰ ਅਤੇ ਫ਼ਤੇਹ ਕੌਰ ਜੀ ਵੀ ਲਾਹੌਰ

ਆ ਗਏ। ਉਹਨਾਂ ਨੇ ਸਾਨੂੰ ਆਪਣਾ ਹਾਰਦਿਕ ਅਸ਼ੀਰਵਾਦ ਦਿਤਾ। ਮੋਰੀ ਦਰਵਾਜੇ ਦੇ ਇਕ ਜਲਸੇ ਵਿਚ ਜਿਸ ਵਿਚ 30-40 ਹਜ਼ਾਰ ਦੀ ਹਾਜ਼ਰੀ ਹੋਵੇਗੀ, ਪੂਜ ਮਾਤਾਵਾਂ ਸਟੇਜ ਤੇ ਸੁਸ਼ੋਭਿਤ ਸਨ। ਜਦੋਂ ਜਨਤਾ ਦੇ ਸਾਹਮਣੇ ਉਹਨਾਂ ਦੀ ਜਾਣ ਪਛਾਣ ਕਰਾਈ ਗਈ ਤਾਂ ਬੰਦੇ ਮਾਤਰਮ ਦੇ ਨਾਹਰਿਆਂ ਨਾਲ ਅਕਾਸ਼ ਗੂੰਜ ਉਠਿਆ। ਸਤਿਗੁਰੂ ਰਾਮ ਸਿੰਘ ਜੀ ਦੀ ਜਲਾਵਤਨੀ ਪਿਛੋਂ, ਸ੍ਰੀ ਸਤਿਗੁਰੂ ਹਰੀ ਸਿੰਘ ਜੀ ਸਮੇਤ ਉਹਨਾਂ ਦੇ ਭੈਣੀ ਸਾਹਿਬ ਵਿਚ ਸਾਲਾਂ ਬੱਧੀ ਨਜ਼ਰਬੰਦ ਰਹਿਣ ਅਤੇ ਕਰੜੀਆਂ ਪਾਬੰਦੀਆਂ ਸਹਾਰਨ ਦੀਆਂ ਲੂੰ ਕੰਡੇ ਕਰ ਦੇਣ ਵਾਲੀਆਂ ਘਟਨਾਵਾਂ ਸੁਣਕੇ, ਜਨਤਾ ਵਿਚ ਕਰੁਣਾ ਰਸ ਦਾ ਪ੍ਰਵਾਹ ਜਾਰੀ ਹੋ ਗਿਆ। ਜਦ ਦੱਸਿਆ ਗਿਆ ਕਿ ਸਾਡੀਆਂ ਪੂਜਯ ਮਾਂਵਾਂ ਨੇ ਸਾਰੀ ਉਮਰ ਸ਼ੁੱਧ ਖੱਦਰ ਪਹਿਨਿਆ ਹੈ ਅਤੇ ਬਦੇਸ਼ੀ ਤੰਦ ਨੂੰ ਅੰਗ ਨਾਲ ਨਹੀਂ ਲਾਇਆ ਤਾਂ ਲੋਕਾਂ ਨੇ ਪੁਰਜ਼ੋਰ ਤਾਲੀਆਂ ਨਾਲ "ਮਾਤਾ ਜੀਵਨ ਕੌਰ ਦੀ ਜੈ" ਦੇ ਨਾਹਰੇ ਲਾਏ। ਏਸੇ ਤਰ੍ਹਾਂ ਹੋਰ ਵੀ ਕਈ ਜਲਸੇ ਹੋਏ ਜਿਨ੍ਹਾਂ ਨੂੰ ਅੰਗਰੇਜ਼ ਹਾਕਮ ਸਹਾਰ ਨਾਂ ਸਕੇ ਅਤੇ ਇਕ ਵਾਰ ਫਿਰ ਸਰਕਾਰ ਦਾ ਲਾਹੌਰੀ ਸਿੰਘਾਸਨ ਡੋਲ ਉਠਿਆ।

"ਮੈਨੂੰ ਵੀ ਬਰੈਡਲਾ ਹਾਲ ਤੋਂ ਗਰਿਫਤਾਰ ਕਰਕੇ ਬੋਰਸਟਲ ਜੇਲ੍ਹ ਵਿਚ ਪੁਚਾ ਦਿਤਾ ਗਿਆ। ਇਕ ਸਾਲ ਮੁਕਦਮਾ ਚਲਦਾ ਰਿਹਾ ਅਤੇ ਜਦੋਂ ਮੁਕਦਮਾ ਮੁੱਕਣ ਤੇ ਆਇਆ ਤਾਂ "ਗਾਂਧੀ ਇਰਵਨ ਪੈਕਟ" (1931 ਈ.) ਹੋ ਗਿਆ। ਉਸ ਵਿਚ ਗਾਂਧੀ ਜੀ ਦੀ ਇਹ ਵੀ ਸ਼ਰਤ ਸੀ ਕਿ ਸਾਰੇ ਪੁਲੀਟੀਕਲ ਕੈਦੀ ਛੱਡ ਦਿਤੇ ਜਾਣ ਤੇ ਚਲ ਰਹੇ ਮੁਕੱਦਮੇ ਵਾਪਸ ਲੈ ਲਏ ਜਾਣ।" ਮੇਰਾ ਮੁਕਦਮਾ ਵੀ ਬਾਕੀਆਂ ਨਾਲ ਵਾਪਸ ਲੈ ਲਿਆ ਗਿਆ ਤੇ ਉਧਰ ਮਹਾਰਾਜ ਨਿਹਾਲ ਸਿੰਘ ਜੀ ਵੀ ਜੇਲ੍ਹ ਤੋਂ ਰਿਹਾ ਹੋ ਕੇ ਘਰ ਪੁੱਜ ਗਏ।

"ਇਹ ਘਟਨਾਵਾਂ ਪੰਥ ਦੀਆਂ ਉਹਨਾਂ ਕੁਰਬਾਨੀਆਂ ਨੂੰ ਪ੍ਰਗਟ ਕਰਦੀਆਂ ਹਨ, ਜੋ ਪੰਜਾਬ ਕਾਂਗਰਸ ਨੂੰ ਗੈਰ-ਕਾਨੂੰਨੀ ਜਮਾਤ ਕਰਾਰ ਦੇਣ ਸਮੇਂ 1937 ਵਿਚ ਕੀਤੀਆਂ ਗਈਆਂ। ਸ੍ਰੀ ਹਜ਼ੂਰ ਮਹਾਰਾਜ ਨਿਹਾਲ ਸਿੰਘ ਜੀ ਤੋਂ ਇਲਾਵਾ ਹੋਰ ਅਨੇਕ ਸੱਜਣਾਂ ਨੇ ਇਸ ਲਹਿਰ ਵਿਚ ਬੜੇ ਉਤਸ਼ਾਹ ਨਾਲ ਹਿੱਸਾ ਲਿਆ। ਉਹਨਾਂ ਵਿਚੋਂ ਸ੍ਰੀ ਮਾਨ ਸੰਤ ਅਣਖਾ ਸਿੰਘ ਜੀ ਦਾਤੇਵਾਲ, ਸੰਤ ਮੰਗਲ ਸਿੰਘ ਜੀ ਫਤੂਹੀ ਚੱਕ, ਸੰਤ ਮੁਨਸ਼ਾ ਸਿੰਘ ਜੀ ਥਪਨਾਲਾ ਜ਼ਿਲ੍ਹਾ ਗੁਜਾਰਾਂਵਾਲਾ, ਪੰਡਿਤ ਮਨਸਾ ਸਿੰਘ ਜੀ ਕੌਮੀ, ਸੰਤ ਦੀਵਾਨ ਸਿੰਘ ਜੀ ਦੜਪ, ਸੰਤ ਚਰਨ ਸਿੰਘ ਜੀ ਗਿੱਲ (ਬਾਰ) ਅਤੇ ਸੰਤ ਭਰੋਸਾ ਸਿੰਘ ਜੀ ਗਿਆਨੀ ਮਾਨਾਵਾਲਾ (ਬਾਰ) ਆਦਿਕ ਦੇ ਨਾਉਂ ਵਰਨਣ ਯੋਗ ਹਨ।"[7]

ਆਲਿਮ ਜੀ ਨੇ ਆਪਣੇ ਹੋਰ ਸਾਥੀ ਕੂਕੇ ਸੁਤੰਤਰਤਾ ਸੰਗਰਾਮੀਆਂ ਦੇ ਨਾਮ ਲਿਖ ਕੇ, ਉਹਨਾਂ ਦੀਆਂ ਯਾਦਾਂ ਨੂੰ ਚਿਰ ਕਾਲਿਕ ਕਰ ਦਿਤਾ ਹੈ। ਉਹਨਾਂ ਦੀ ਲਿਖਤ ਮੁਤਾਬਿਕ ਮਹਾਰਾਜ ਗੁਰਦਿਆਲ ਸਿੰਘ ਜੀ ਅਤੇ ਸ੍ਰੀ ਨਿਰੰਕਾਰ ਸਿੰਘ ਚੇਤਨ ਤੋਂ ਬਾਦ ਆਲਿਮ ਜੀ ਸਤਿਜੁਗ ਦੇ ਤੀਜੇ ਸੰਪਾਦਕ ਬਣੇ ਸਨ ਜਦੋਂ ਇਹ ਲਾਹੌਰ ਤੋਂ ਛਪਦਾ ਸੀ। ਕਾਂਗਰਸ ਜਥੇਬੰਦੀ ਵਿਚ ਆਲਮ ਜੀ ਦੀ ਆਪਣੀ ਵਿਸ਼ੇਸ਼ ਪਹਿਚਾਣ ਸੀ। ਲਾਲਾ ਲਾਜਪਤ ਰਾਇ ਜਿਹੇ ਉੱਘੇ ਕੌਮੀ ਆਗੂ ਆਪ ਦਾ ਪੂਰਾ ਮਾਣ ਤਾਣ

ਕਰਿਆ ਕਰਦੇ ਸਨ। ਇਸ ਦਾ ਉਲੇਖ ਵੀ ਆਲਿਮ ਜੀ ਦੀ ਇਕ ਹੋਰ ਲਿਖਤ ਵਿਚੋਂ ਮਿਲਦਾ ਹੈ ਕਿ ਕਿਵੇਂ ਲਾਲਾ ਜੀ ਨੇ ਮੁਕਤਸਰ ਵਿਖੇ, ਜਨਤਕ ਪਰਦਰਸ਼ਨ ਦੇ ਸੁਆਗਤ ਸਤਿਕਾਰ ਲਈ, ਆਪਣੀ ਥਾਂਵੇ ਆਲਿਮ ਜੀ ਨੂੰ ਭੇਜਕੇ, ਉਹਨਾਂ ਦਾ ਸਰਵਜਨਕ ਨਾਗਰਿਕ ਅਭਿਨੰਦਨ ਕਰਵਾਇਆ, ਭਾਵੇਂ ਆਲਿਮ ਜੀ ਇਸ ਘਟਨਾ ਨੂੰ ਆਪਣੇ ਪ੍ਰੇਰਣਾ ਸਰੋਤ, ਮੁੱਢਲੇ ਮੁਕਤੀ ਦਾਤੇ, ਬਾਬਾ ਕੇਸਰ ਸਿੰਘ ਜੀ ਮੁਹਾਵਾ ਦੀ ਅਪਾਰ ਬਖਸ਼ਿਸ਼ ਨਾਲ ਜੋੜ ਕੇ ਹੀ ਬਿਆਨ ਕਰਦੇ ਹਨ। ਇਸ ਤੋਂ ਪਹਿਲਾਂ ਆਪਣੇ ਪਿਤਾ ਜੀ ਦੀ ਨੌਕਰੀ ਤੋਂ ਆਉਣ ਸਮੇਂ ਰੁਕੀ ਹੋਈ ਪੈਨਸ਼ਨ ਦੇ ਦੁਬਾਰਾ ਚਾਲੂ ਹੋ ਜਾਣ ਨੂੰ ਵੀ ਆਲਿਮ ਜੀ ਬਾਬਾ ਕੇਸਰ ਜੀ ਦੀ ਕਿਰਪਾ ਦ੍ਰਿਸ਼ਟੀ ਦਾ ਪ੍ਰਗਟਾਵਾ ਦੱਸਦੇ ਸਨ। ਅਸੀਂ ਆਲਿਮ ਜੀ ਦੇ ਹੇਠਲੇ ਵਰਣਨ ਵਿਚ ਅੱਜ ਤੋਂ ਇਕ ਸਦੀ ਤੋਂ ਵੀ ਵੱਧ ਸਮਾਂ ਪਹਿਲਾਂ ਦੇ ਕੂਕਾ ਦੀਵਾਨਾਂ ਦਾ ਅਨੰਦ ਵੀ ਮਾਣਾਂਗੇ ਅਤੇ ਫੱਕਰਾਂ ਦੀ ਇਲਾਹੀ ਬਿਰਤੀ ਦੇ ਨਜ਼ਾਰੇ ਵੀ।

"ਪਰਮ ਪੂਜਨੀਕ ਸੰਤ ਮੰਗਲ ਸਿੰਘ ਜੀ ਰਾਮ ਟਾਲ੍ਹੀ (ਕੱਕੜਾਂ ਵਾਲੇ) ਨਾਮਧਾਰੀ ਪੰਥ ਦੇ ਮਹਾਂਪੁਰਖਾਂ ਵਿਚੋਂ ਇੱਕ ਉੱਚ ਕੋਟੀ ਦੇ ਮਹਾਤਮਾ ਹੋਏ ਹਨ, ਜਿਹੜੇ ਭਜਨੀਕ, ਤਪੱਸਵੀ, ਬਾਣੀ ਦੇ ਨੇਮੀ ਤੇ ਮਰਿਆਦਾ ਦੇ ਧਾਰਨੀ ਸਨ। ਆਪ ਦੇ ਤੇਜ ਅੱਗੇ ਅਮੀਰ, ਗਰੀਬ ਸਭ ਦਾ ਸਿਰ ਨਿਊ ਜਾਂਦਾ ਸੀ। ਰਸਾਲਦਾਰ ਸੰਤ ਸਿੰਘ ਜਿਹੇ ਸਰਦਾਰ ਅਤੇ ਪਰਤਾਪ ਸਿੰਘ ਜਿਹੇ ਡਿਪਟੀ (ਜੋ ਫਰੀਦਕੋਟ ਕੌਂਸਲ ਦੇ ਪ੍ਰੈਜ਼ੀਡੈਂਟ ਵੀ ਰਹੇ ਸਨ) ਆਪ ਦੇ ਚਰਨਾਂ ਤੇ ਢਹਿਕੇ, ਆਪ ਦੀ ਚਰਨ ਰਜ ਨੂੰ ਮੱਥੇ ਤੇ ਲਾਉਣਾ ਫਖਰ ਸਮਝਦੇ ਸਨ। ਆਪ ਦਾ ਜੀਵਨ ਅੱਦੁਤੀ ਸੀ। ਬਹਾਰ ਸ਼ਾਹ ਫ਼ਕੀਰ ਜੋ ਰਾਵੀ ਤੋਂ ਪਾਰ ਫੱਤੇ ਰਿਆਣ, ਸੋਲਾਂ ਸਾਲ ਤੋਂ ਖਾਮੋਸ਼ ਬੈਠਾ ਸੀ, ਸੰਤਾਂ ਨਾਲ ਹੀ ਬੋਲਿਆ ਸੀ। ..... ਆਪ ਆਪਣੇ ਡੇਰੇ ਰਾਮ ਟਾਲ੍ਹੀ ਜੋ ਕਿ ਨਗਰ ਤੋਂ ਬਾਹਰ ਵਾਰ ਇਕ ਮੀਲ ਦੇ ਫਾਸਲੇ ਤੇ ਹੈ, ਹਰ ਸਾਲ ਸਰਾਧਾਂ ਦੀ ਪੁੰਨਿਆ ਨੂੰ ਇਕ ਬੜਾ ਭਾਰੀ ਜੋੜ ਮੇਲਾ ਕਰਦੇ ਹੁੰਦੇ ਸਨ, ਜਿਸ ਤੇ ਮੈਂ ਆਪਣੇ ਜਥੇ ਨਾਲ ਹਰ ਸਾਲ ਜਾਇਆ ਕਰਦਾ ਸਾਂ। ਕਿਉਂਕਿ ਉਹਨਾਂ ਨੇ ਸਾਥੋਂ ਹਰ ਸਾਲ ਉਸ ਮੇਲੇ ਤੇ ਪੁੱਜਣ ਦਾ ਪ੍ਰਣ ਲਿਆ ਹੋਇਆ ਸੀ ਜੋ ਕਿ ਸਤਿਗੁਰ ਦੀ ਕਿਰਪਾ ਨਾਲ ਉਹਨਾਂ ਦੇ ਜੀਵਨ ਪਰਯੰਤ, ਅਸੀਂ ਨਿਬਾਹੁੰਦੇ ਰਹੇ। ਉਹਨਾਂ ਦਿਨਾਂ ਵਿਚ ਸਾਡੇ ਜਥੇਦਾਰ ਸ੍ਰੀ ਮਾਨ ਸੰਤ ਨੱਥਾ ਸਿੰਘ ਜੀ ਲੋਪੋਕੇ (ਪ੍ਰਲੋਕਵਾਸੀ) ਹੁੰਦੇ ਸਨ। ਜਿਹਨਾਂ ਦੇ ਸ਼ਬਦ ਵਿਚ ਕਮਾਲ ਦੀ ਤਾਸੀਰ ਸੀ ਅਤੇ ਸਾਰੀ ਸਾਰੀ ਰਾਤ ਦੀਵਾਨ ਲਾਂਉਂਦੇ ਥੱਕਦੇ ਨਹੀਂ ਸਨ। ਉਹਨਾਂ ਨੇ ਨਾਮਧਾਰੀ ਪੰਥ ਦਾ ਬਹੁਤ ਪਰਚਾਰ ਕੀਤਾ। ਸੈਂਕੜੇ ਸਿੱਖ ਸਜਾਏ। ਜੌਹਲਾਂ ਦੇ ਵਡਾਲੇ ਵਾਲੇ, ਠਾਕੁਰ ਕਰਤਾਰ ਸਿੰਘ ਜੀ, ਜਥੇਦਾਰ ਸੰਤ ਮੋਹਨ ਸਿੰਘ ਜੀ ਪਰਲੋਕ ਵਾਸੀ ਤੇ ਜਥੇਦਾਰ ਅਜੈਬ ਸਿੰਘ ਆਦਿ ਸਭ ਉਹਨਾਂ ਦੀ ਕਿਰਪਾ ਨਾਲ ਹੀ ਸਿੰਘ ਸਜੇ ਸਨ।"

ਉਹ ਹੱਲੇ ਦਾ ਦੀਵਾਨ ਬਹੁਤ ਸੁੰਦਰ ਲਗਾਉਂਦੇ ਸਨ। ਜੋ ਸੁਣਦਾ ਸੀ ਮੋਹਿਤ ਹੋ ਜਾਂਦਾ ਸੀ। ਉਹਨਾਂ ਦਿਨਾਂ ਵਿਚ ਉਹਨਾਂ ਦਾ ਵੈਰਾਗ, ਤਿਆਗ ਵੀ ਕਮਾਲ ਦਾ ਸੀ। ਸ੍ਰੀ ਬਾਬਾ ਜੋਤਾ ਸਿੰਘ ਜੀ ਲੋਪੋਕਿਆਂ ਵਾਲੇ ਉਹਨਾਂ ਨਾਲ ਲਾਂਗਰੀ ਹੁੰਦੇ ਸਨ।

ਉਹਨਾਂ ਤੇ ਵੀ ਗ਼ਜ਼ਬ ਦਾ ਰੰਗ ਸੀ। ਮੈਂ ਸੰਤਾਂ ਦੇ ਜਥੇ ਵਿਚ ਹਾਰਮੋਨੀਅਮ ਵਜਾਉਂਦਾ ਹੁੰਦਾ ਸਾਂ। ਸੰਤ ਮੰਗਲ ਸਿੰਘ ਜੀ ਕੱਕੜਾਂ ਵਾਲੇ ਮੇਰੀ ਸਿੱਧੀ ਦਸਤਾਰ ਵੇਖਕੇ ਤੇ ਕੀਰਤਨ ਵਿੱਚ ਦ੍ਰਿਸ਼ਟਾਂਤ, ਪਰਮਾਣ ਸੁਣਕੇ, ਬਹੁਤ ਖੁਸ਼ੀਆਂ ਦਿੰਦੇ ਹੁੰਦੇ ਸਨ। ਕਹਿੰਦੇ ਹੁੰਦੇ ਸਨ "ਨਿਧਾਨ ਸਿੰਘ ਤਾਂ ਮੈਨੂੰ ਰੱਬ ਦਾ ਰੂਪ ਨਜ਼ਰ ਆਉਂਦਾ ਹੈ।"

"ਉਹਨਾਂ ਮਹਾਂ ਪੁਰਖਾਂ ਦੇ ਡੇਰੇ ਦੀਵਾਨ ਸਜਿਆ ਹੋਇਆ ਹੈ। ਸਰਾਧਾਂ ਦੀ ਪੁੰਨਿਆ ਹੈ, ਭਾਦਰੋਂ ਦਾ ਮਹੀਨਾ ਹੈ। ਸੰਗਤ ਬੇਅੰਤ ਜੁੜੀ ਹੋਈ ਹੈ। ਸਾਡਾ ਜਥਾ ਆਸਾ ਦੀ ਵਾਰ ਦਾ ਕੀਰਤਨ ਕਰ ਰਿਹਾ ਹੈ। ਸੰਤ ਨੱਥਾ ਸਿੰਘ ਜੀ ਬੜੇ ਪ੍ਰੇਮ ਨਾਲ ਖਲੋਕੇ ਪੜ੍ਹ ਰਹੇ ਹਨ—

ਰਾਮ ਰਸੁ ਪੀਆ ਰੇ।
ਜਿਹ ਰਸ ਬਿਸਰਿ ਗਏ ਰਸ ਅਉਰ॥

(ਗਉੜੀ ਕਬੀਰ ਜੀ -੩੩੭)

ਠਾਕੁਰ ਜੀ (ਸੰਤ ਕੇਸਰ ਸਿੰਘ ਜੀ) ਮਹਾਰਾਜ ਵੀ ਇਕ ਬੰਨਿਉਂ ਰਾਰਾ ਰਾਰਾ ਕਰਦੇ ਆ ਜਾਂਦੇ ਹਨ। ਹੱਥਾਂ ਵਿਚ ਪਊਏ, ਖੜਤਾਲਾਂ ਵਾਂਗ ਵਜਾਂਦੇ ਹੋਏ, ਦੀਵਾਨ ਵਿਚ ਨਿਰਤਕਾਰੀ ਕਰ ਰਹੇ ਹਨ। ਹੋਰ ਵੀ ਕਈ ਸਾਧ ਮਸਤਾਨੇ ਹੋ ਜਾਂਦੇ ਹਨ। ਕਿਲਕਾਂ ਵੱਜਦੀਆਂ ਹਨ, ਬੋਲੇ ਹੋ ਰਹੇ ਹਨ, ਸੰਗਤ ਮਹਾਨ ਅਨੰਦ ਵਿੱਚ ਹੈ, ਲੋਕ ਅਸ਼ ਅਸ਼ ਕਰ ਰਹੇ ਹਨ। ਕਿਨ੍ਹਾਂ ਚਿਰ ਇਹ ਰੰਗ ਬੱਝਾ ਰਿਹਾ, ਦੀਵਾਨ ਦਾ ਭੋਗ ਪੈਂਦਾ ਹੈ। ਠਾਕਰ ਜੀ ਮੇਰੇ ਸਿਰ ਤੇ ਪਿਆਰ ਦੇ ਕੇ ਆਖਦੇ ਹਨ— ਬੱਚਾ ਤੇਰੀ ਚਾਰ ਚੱਕ ਵਿਚ ਉਜਾਗਰੀ ਹੋਊ। ਤੇਰੀਆ ਸੋਆਂ ਸੁਣਕੇ ਲੋਕ ਹਰੇ ਹੋਣਗੇ। ਲੋਕ ਤੇਰਾ ਰਾਹ ਤੱਕਿਆ ਕਰਨਗੇ। ਕਈ ਤੇਰਾ ਨਾਂ ਸੁਣਕੇ ਹੀ ਤਰਹਿ ਉਠਿਆ ਕਰਨਗੇ। ਬੱਚਾ! ਤੂੰ ਮੈਨੂੰ ਆਸਾ ਦੀ ਵਾਰ ਸੁਣਾਈ ਹੈ, ਤੇਰੇ ਸਿਰ ਤੇ ਛਤਰ ਝੁੱਲੇਗਾ। ਜਿੱਥੇ ਜਾਏਂਗਾ, ਲੋਕ ਇਕ ਦੂਜੇ ਨਾਲ ਗੱਲਾਂ ਕਰਿਆ ਕਰਨਗੇ, ਔਹ ਨਿਧਾਨ ਸਿੰਘ ਆ ਗਿਆ। ਮੈਨੂੰ ਕੋਈ ਇਹਨਾਂ ਗੱਲਾਂ ਤੇ ਪਰਤੀਤ ਨਾ ਆਈ ਕਿਉਂਕਿ ਮੈਨੂੰ ਆਪਣੀ ਯੋਗਤਾ ਦਾ ਪਤਾ ਸੀ। ਮੈਨੂੰ ਤਾਂ ਇਲਾਕੇ ਤੋਂ ਬਾਹਰ ਕੋਈ ਜਾਣਦਾ ਵੀ ਨਹੀਂ ਸੀ। ਹੈਰਾਨ ਸਾਂ ਕਿ ਮੈਂ ਏਡਾ ਵੱਡਾ ਆਦਮੀ ਜਿੰਨਾਂ ਕਿ ਬਾਬਾ ਆਖਦਾ ਹੈ ਕਿਵੇਂ ਬਣ ਜਾਵਾਂਗਾ।....

"ਮੁਕਤਸਰ (ਜ਼ਿਲ੍ਹਾ ਫੀਰੋਜ਼ਪੁਰ) ਦਾ ਸਟੇਸ਼ਨ ਹੈ। ਪਲੇਟਫਾਰਮ ਤੇ ਏਨੀ ਖਲਕਤ ਹੈ ਕਿ ਕਿਤੇ ਤਿਲ ਮਾਰਿਆਂ ਭੁੰਜੇ ਨਹੀਂ ਪੈਂਦਾ। ਮੁਕਤਸਰ ਵਿਖੇ ਕਾਂਗਰਸ ਵੱਲੋਂ ਇਕ ਜ਼ਿਲ੍ਹਾ ਕਾਨਫਰੰਸ ਰਖੀ ਹੋਈ ਸੀ, ਜਿਸ ਦੇ ਵਾਸਤੇ ਮੈਨੂੰ ਲਾਹੌਰ ਤੋਂ ਬੁਲਾਇਆ ਗਿਆ ਸੀ। ਮੈਂ ਲਾਲਾ ਲਾਜਪਤ ਰਾਇ, "ਫਿਦਾ-ਇ-ਵਤਨ" ਨਾਲ ਇਸੇ ਗੱਡੀ ਤੇ ਮੁਕਤਸਰ ਪੁੱਜਾ ਸਾਂ। ਲਾਲਾ ਜੀ ਆਲ ਇੰਡੀਆ ਲੀਡਰ ਅਤੇ ਪੰਜਾਬ ਕਾਂਗਰਸ ਦੇ ਮੁੱਖ ਨੇਤਾ ਸਨ, ਜਿਹਨਾਂ ਦੀ ਮਹਿਮਾ ਇੰਗਲੈਂਡ ਅਤੇ ਅਮਰੀਕਾ ਆਦਿ ਪਰਦੇਸਾਂ ਵਿਚ ਵੀ ਪਸਰੀ ਹੋਈ ਸੀ। ਦੁਨੀਆਂ ਭਰ ਦੇ ਰਾਜਨੀਤਿਕ ਆਲਿਮਾਂ ਵਿੱਚ ਆਪ ਦੀ ਯੋਗਤਾ ਮੰਨੀ ਪਰਮੰਨੀ ਸੀ। ਕਲਮ ਦੇ ਧਨੀ ਸਨ। ਤਕਰੀਰ ਏਡੀ ਜਬਰਦਸਤ ਹੁੰਦੀ ਸੀ ਕਿ ਮੁਰਦਾ ਰੂਹਾਂ ਫੜਕਣ ਲੱਗ ਪੈਂਦੀਆਂ ਸਨ। ਮੈਨੂੰ ਇਸ ਗੱਲ ਦੀ ਹਸਰਤ ਹੈ ਕਿ ਲਾਲਾ

ਜੀ ਤੋਂ ਬਾਦ ਪੰਜਾਬ ਅਜੇ ਤਕ ਦੂਸਰਾ ਲਾਜਪਤ ਰਾਇ ਪੈਦਾ ਨਹੀਂ ਕਰ ਸੱਕਿਆ। ਗੱਲ ਕੀ ਆਪ ਕੁਰਬਾਨੀਆਂ ਦੇ ਲਿਹਾਜ ਨਾਲ, ਯੋਗਤਾ ਦੇ ਲਿਹਾਜ ਨਾਲ ਅਤੇ ਹਰ ਪਹਿਲੂ ਦੇ ਲਿਹਾਜ ਨਾਲ ਮੇਰੇ ਅਤੇ ਦੇਸ਼ ਦੇ ਮਹਾਨ ਨੇਤਾ ਸਨ, ਜਿਹਨਾਂ ਦੀ ਮੇਰੇ ਦਿਲ ਵਿਚ ਅਪਾਰ ਸ਼ਰਧਾ ਸੀ। ਜਦ ਅਸੀਂ (ਮੈਂ ਤੇ ਲਾਲਾ ਜੀ ਦੋਵੇ ਮੁਕਤਸਰ ਸਟੇਸ਼ਨ ਦੇ) ਪਲੇਟ ਫਾਰਮ ਤੇ ਉਤਰੇ, ਤਾਂ ਲਾਲਾ ਜੀ ਨੂੰ ਤਾਂ ਪਤਾ ਨਹੀਂ ਕਿਹੜੇ ਵੇਲੇ ਡੇਰੇ ਪੁਚਾ ਦਿਤਾ ਗਿਆ, ਤੇ ਮੈਨੂੰ ਬਾਹਰ ਲਿਜਾਕੇ, ਇਕ ਬਹੁਤ ਖੁਬ ਸੂਰਤ ਫਿਟਨ (ਬੱਘੀ ਵਰਗੀ ਕੋਈ ਸੁਆਰੀ) ਤੇ ਬਿਠਾਇਆ ਗਿਆ ਜਿਸ ਅੱਗੇ ਘੋੜਿਆਂ ਦੀ ਥਾਂ ਜ਼ਿਲ੍ਹਾ ਫੀਰੋਜ਼ਪੁਰ ਦੇ ਵੱਡੇ ਤੋਂ ਵੱਡੇ ਪਤਵੰਤੇ ਸੇਠ ਤੇ ਸ਼ਾਹੂਕਾਰ, ਗੱਡੀ ਖਿਚਣ ਵਾਸਤੇਂ ਖੜ੍ਹੇ ਸਨ। ਮੈਨੂੰ ਇਸ ਗੱਲ ਦੀ ਪਹਿਲੋਂ ਪਹਿਲੋਂ ਸਮਝ ਨਾ ਆਈ ਕਿ ਲਾਲਾ ਜੀ ਦੇ ਹੁੰਦਿਆ ਹੋਇਆ ਮੇਰਾ ਜਲੂਸ ਕਿਉ ਕੱਢਿਆ ਜਾ ਰਿਹਾ ਹੈ। ਪਰ ਜਦੋਂ ਮੈਂ ਪਿਛੇ ਵੇਖਿਆ ਤਾਂ, ਇਕ ਸ਼ਰੀਫ ਆਦਮੀ ਮੇਰੇ ਸਿਰ ਤੇ ਛਤਰ ਝੁਲਾਈ ਖੜਾ ਸੀ। ਇਰਦ ਗਿਰਦ ਵੇਖਿਆ ਤਾਂ ਖਲਕਤ ਹੀ ਖਲਕਤ ਸੀ। ਬਜ਼ਾਰ ਚੰਗੀ ਤਰ੍ਹਾਂ ਸਜਾਇਆ ਹੋਇਆ ਸੀ। ਲੋਕ ਫੁੱਲਾਂ, ਬਦਾਮਾਂ ਤੇ ਪੈਸਿਆਂ ਦੀ ਸੋਟ ਕਰਦੇ ਸਨ। ਇਹ ਸਾਰਾ ਦਰਿਸ਼ ਤੱਕ ਕੇ, ਮੈਂ ਆਪਣੇ ਅੰਤਰ ਆਤਮਾ ਤੋਂ ਪੁੱਛਿਆ ਕਿ ਇਹ ਕੀ ਹੋ ਰਿਹਾ ਹੈ ? ਅੱਗੋਂ ਆਵਾਜ਼ ਆਈ ਕਿ ਐਸ ਵੇਲੇ ਠਾਕੁਰ ਜੀ ਦਾ ਉਹ ਵਾਕ ਸਫਲ ਹੋ ਰਿਹਾ ਹੈ ਜੋ ਉਹਨਾਂ ਨੇ ਕੱਕੜੀਂ, ਰਾਮ ਟਾਹਲੀ ਦੇ ਦੀਵਾਨ ਵਿਚ ਕੀਤਾ ਸੀ।... ਬੱਸ ਮੈਂ ਸਮਝ ਗਿਆ ਤੇ ਇਸ ਖਿਆਲ ਵਿਚ ਮੇਰਾ ਜੀ ਭਰ ਆਇਆ। ਅੱਖਾਂ ਵਿਚੋਂ ਮੋਟੇ-ਮੋਟੇ ਅੱਥਰੂ ਕਿਰਨ ਲੱਗੇ, ਮੈਂ ਬਥੇਰਾ ਸੰਭਲਣ ਦੀ ਕੋਸ਼ਿਸ਼ ਕੀਤੀ ਪਰ ਨਿਸ਼ਫਲ। ਖਲਕਤ ਤਾਂ ਮੇਰਾ ਜਲੂਸ ਕੱਢ ਰਹੀ ਸੀ, ਪਰ ਮੈਂ ਕਿਸੇ ਹੋਰ ਹੀ ਧੁਨ ਵਿਚ ਮਗਨ ਸਾਂ। ਫੇਰ ਪਤਾ ਨਹੀਂ ਕਿੱਥੋਂ ਕਿੱਥੋਂ ਜਲੂਸ ਗੁਜ਼ਰਿਆ ਤੇ ਕਿਵੇਂ ਗੁਜ਼ਰਿਆ। ਮੈਨੂੰ ਜਦ ਕੋਠੀ ਵਿਚ ਲੈ ਜਾ ਕੇ ਬਿਠਾਇਆ ਗਿਆ ਤਾਂ ਪ੍ਰਬੰਧਕਾਂ ਨੇ ਮੇਰੇ ਕਰੁਣਾ ਰਸ ਦਾ ਕਾਰਨ ਪੁੱਛਿਆ, ਜਿਸ ਦੇ ਉੱਤਰ ਵਿਚ ਮੈਂ ਸਾਰੀ ਕਥਾ ਜਿਉਂ ਕੀ ਤਿਉਂ ਸੁਣਾ ਦਿੱਤੀ।"[8]

ਕਾਂਗਰਸ ਦੀਆਂ ਸਟੇਜਾਂ ਤੋਂ ਇਲਾਵਾ ਆਪ ਦੇ ਭਾਸ਼ਣ ਨਾਮਧਾਰੀ ਪੰਥ ਦੇ ਵੱਡੇ ਮੇਲਿਆਂ, ਇਤਿਹਾਸਕ ਸੰਮੇਲਨਾਂ ਅਤੇ ਹੋਲੇ ਮਹੱਲਿਆਂ ਦਾ ਵਿਸ਼ੇਸ਼ ਆਕਰਸ਼ਣ ਹੋਇਆ ਕਰਦੇ ਸਨ। ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਆਪ ਵਿਸ਼ੇਸ਼ ਕ੍ਰਿਪਾ ਦਰਿਸ਼ਟੀ ਦੇ ਪਾਤਰ ਰਹੇ। ਸਤਿਗੁਰੂ ਜੀ ਨੇ ਆਪ ਨੂੰ ਪੰਜਾਬ, ਹਿੰਦੁਸਤਾਨ ਦੇ ਦੌਰਿਆਂ ਸਮੇਂ ਤਾਂ ਆਪਣੇ ਨਾਲ ਰੱਖਿਆ ਹੀ ਸਗੋਂ ਉਹ ਥਾਈਲੈਂਡ ਅਤੇ ਅਫਰੀਕਾ ਦੇ ਦੌਰਿਆਂ ਸਮੇਂ ਵੀ ਆਲਿਮ ਜੀ ਨੂੰ ਨਾਲ ਲੈ ਕੇ ਜਾਣ ਦਾ ਮਾਨ ਬਖ਼ਸ਼ ਕੇ ਨਿਵਾਜਿਆ ਕਰਦੇ ਸਨ। ਆਪਣੀ ਗੱਲ ਨੂੰ ਉਕਤੀਆਂ ਯੁਕਤੀਆਂ ਨਾਲ ਸਿੱਧ ਕਰਨ ਦੀ ਕਲਾ ਵਿਚ, ਉਹਨਾਂ ਨੂੰ ਵਿਸ਼ੇਸ਼ ਮੁਹਾਰਤ ਹਾਸਲ ਸੀ।

1919 ਈ. ਸਨਖਤਰਾ (ਸਿਆਲਕੋਟ) ਵਿਖੇ ਨਾਮਧਾਰੀ ਸਿੰਘਾਂ ਨੇ ਜੱਲ੍ਹਿਆਂ ਵਾਲੇ ਬਾਗ ਦੇ ਸਾਕੇ ਵਾਲੇ ਸਾਲ ਕੱਤਕ ਦੇ ਮਹੀਨੇ ਇਕ ਸਿਆਸੀ ਕਾਨਫਰੰਸ ਰੱਖੀ ਸੀ, ਜਿਸ ਦਾ ਮਨੋਰਥ ਦੇਸ਼ ਵਿਚੋਂ ਪਸਰੀ ਪਸਤ ਹਿੰਮਤੀ ਨੂੰ ਦੂਰ ਕਰਨਾ ਸੀ। ਸਤਿਗੁਰੂ

ਰਾਮ ਸਿੰਘ ਜੀ ਦੁਆਰਾ ਈਜਾਦ ਕੀਤੇ ਗਏ ਸੁਦੇਸ਼ੀ ਅਤੇ ਨਾਂ ਮਿਲਵਰਤਨ ਦੇ ਹਥਿਆਰਾਂ ਨੂੰ ਹੁਣ ਗਾਂਧੀ ਜੀ ਦੀ ਅਗੁਆਈ ਹੇਠ, ਕਾਂਗਰਸ ਨੇ ਵੀ ਅਪਣਾ ਲਿਆ ਸੀ। ਇਸੇ ਪਿੰਡ ਵਿਚ ਅਗਲੇ ਸਾਲ ਫਿਰ ਕਾਨਫਰੰਸ ਰੱਖੀ ਗਈ। ਉਦੋਂ ਕੁ ਜਹੇ ਵਿਦੇਸ਼ੀ ਕੱਪੜੇ ਸਾੜਨ ਦੀ ਲਹਿਰ ਵੀ ਵਾਹਵਾ ਫੈਲ ਰਹੀ ਸੀ। ਮਹੰਤ ਆਤਮਾ ਸਿੰਘ 'ਸਨਖਤਰਾ' ਲਿਖਦੇ ਹਨ ਕਿ ਪਾਂਧਿਆਂ ਦੀ ਤਲਾਈ ਵਿਚ ਬਿਦੇਸ਼ੀ ਕੱਪੜੇ ਸਾੜਨ ਦੀ ਤਜ਼ਵੀਜ਼ ਕੀਤੀ ਗਈ। ਮਹਾਰਾਜ ਨਿਹਾਲ ਸਿੰਘ ਜੀ ਤੋਂ ਇਲਾਵਾ ਕਾਂਗਰਸ ਤੇ ਹੋਰ ਰੁਝਾਨ ਵਾਲੇ ਸਿਆਸੀ ਲੀਡਰ ਵੀ ਆਏ। ਸਾਰੇ ਸਵਦੇਸ਼ੀ ਦੇ ਹੱਕ ਵਿਚ ਅਤੇ ਬਦੇਸ਼ੀ ਕੱਪੜੇ ਸਾੜਨ ਬਾਰੇ ਬੋਲ ਰਹੇ ਸਨ। ਪਰ ਲੋਕਾਂ ਤੇ ਇਸ ਤਜ਼ਵੀਜ਼ ਦਾ ਕੋਈ ਖ਼ਾਸ ਅਸਰ ਨਹੀਂ ਸੀ ਹੋ ਰਿਹਾ। ਪਾਣੀ ਸਿਰੋਂ ਲੰਘਦਾ ਵੇਖ ਕੇ ਪਰਬੰਧਕਾਂ ਨੇ ਆਲਿਮ ਜੀ ਨੂੰ ਸਟੇਜ ਤੇ ਆਉਣ ਦੀ ਬੇਨਤੀ ਕੀਤੀ। ਪਤਾ ਨਹੀਂ ਆਪ ਦੀ ਤਕਰੀਰ ਵਿਚ ਕੀ ਜਾਦੂ ਸੀ ਕਿ ਉਸ ਦੇ ਕੀਲੇ ਹੋਏ ਲੋਕਾਂ ਨੇ ਆਪੋ ਆਪਣੇ ਘਰਾਂ ਵਿੱਚੋਂ, ਵਿਦੇਸ਼ੀ ਕੱਪੜਿਆਂ ਦੀਆਂ ਗੰਢਾਂ ਬੰਨ੍ਹ ਲਿਆਂਦੀਆਂ ਅਤੇ ਇਕ ਥਾਂ ਸੁੱਟੀ ਗਏ। ਜਦੋਂ ਇਸ ਢੇਰ ਨੂੰ ਅਗਨ ਭੇਟ ਕੀਤਾ ਗਿਆ ਤਾਂ ਇਹ ਬਸਤਰ ਅੱਠ ਪਹਿਰ ਤੱਕ ਲਗਾਤਾਰ ਸੜਦੇ ਰਹੇ।[੧]

ਸੂਬਾ ਮੇਲਾ ਸਿੰਘ ਹੋਰਾਂ ਵੀ ਗੁਜਰਾਂ ਵਾਲੇ ਦੀ ਇਕ ਅਜੇਹੀ ਹੀ ਘਟਨਾ, ਆਲਿਮ ਜੀ ਬਾਰੇ ਇਕ ਪੁਸਤਿਕਾ ਦੇ ਲੇਖਕ ਨੂੰ ਸੁਣਾਈ, ਜਿਸ ਵਿਚ ਦਰਜ ਹੈ ਕਿ ਉਸ ਸ਼ਹਿਰ ਵਿਚ ਸੰਤਾਂ ਦੀ ਅਪੀਲ ਤੇ ਕੁਝ ਵੇਸਵਾਵਾਂ ਨੇ ਵੀ ਪਹਿਲਾਂ ਵਿਦੇਸ਼ੀ ਕੱਪੜੇ ਸੜਨ ਲਈ ਸੁੱਟ ਦਿੱਤੇ ਫਿਰ ਬਾਕੀ ਉਮਰ ਖੱਦਰ ਪਹਿਰਨ ਦਾ ਅਹਿਦ ਕਰਕੇ, ਪਹਿਲਾ ਮੰਦ ਕਰਮੀ ਜੀਵਨ ਛੱਡ ਕੇ, ਸਾਊ ਜੀਵਨ ਅਪਣਾ ਲਿਆ। ਅਤੇ ਅਜ਼ਾਦੀ ਦੀ ਜੰਗ ਵਿਚ ਵੀ ਸ਼ਾਮਲ ਹੋ ਗਈਆਂ।[10]

ਜਦੋਂ ਆਪ ਦੇ ਵਿਰੋਧੀ ਤਬਕੇ ਵਾਲੇ ਆਪਦੀਆਂ ਦਲੀਲਾਂ ਦਾ ਠੋਸ ਉੱਤਰ ਨਾਂ ਦੇ ਪਾਉਂਦੇ ਤਾਂ ਉਹ ਛਿੱਥੇ ਪੈ ਜਾਂਦੇ। ਸੰਨ 1922 ਈ. ਨੂੰ ਤਰਨਤਾਰਨ ਚੇਤ ਚੌਦੇ ਦੀ ਮੱਸਿਆ ਦੇ ਦੀਵਾਨ ਸਮੇਂ, ਜਦੋਂ ਨਾਮਧਾਰੀ ਬੁੰਗੇ ਵਿਚ ਆਪ ਦਾ ਦੀਵਾਨ ਲੱਗਾ ਹੋਇਆ ਸੀ ਤਾਂ ਵਿਰੋਧੀ ਹਿੰਸਕ ਭੀੜ ਹਥਿਆਰਬੰਦ ਹੋ ਕੇ ਆ ਪਈ। ਸੰਤ ਜਵੰਦ ਸਿੰਘ ਖਿਹਾਲੇ ਵਾਲੇ ਆਲਮ ਜੀ ਦੇ ਉਪਰ ਡਿੱਗ ਪਏ। ਫਿਰ ਵੀ ਆਲਿਮ ਜੀ ਦੀ ਸੱਜੀ ਬਾਂਹ ਟੁੱਟ ਗਈ। ਘਟਨਾ ਦੇ ਵਿਰੋਧ ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਅਗੁਆਈ ਹੇਠ, ਤੀਸਰੇ ਦਿਨ ਅੰਮ੍ਰਿਤਸਰ ਵਿਖੇ ਇਕ ਸ਼ਾਂਤੀ ਮਾਰਚ ਕੱਢਿਆ ਗਿਆ। ਇਸ ਵਿਸ਼ਾਲ ਮਾਰਚ ਵਿਚ, ਆਲਮ ਜੀ ਤੋਂ ਬਿਨਾਂ ਹੋਰ ਫੱਟੜ ਸਿੰਘ ਵੀ ਸਨ। "ਆਲਿਮ ਜੀ ਆਪਣੀ ਸੱਜੀ ਬਾਂਹ ਜਿਹੜੀ ਟੁੱਟੀ ਹੋਈ ਸੀ ਗਲ ਵਿਚ ਪਾ ਕੇ, ਆਪਣੇ ਅਕਾਲੀ ਭਰਾਵਾਂ ਦੀ ਭੁੱਲ ਦਾ ਜ਼ਿਕਰ ਕਰ ਰਹੇ ਸਨ। ਇਕ ਵਾਰੀ ਆਪ ਨੇ ਹੁਸ਼ਿਆਰਪੁਰ ਦੇ ਜਲਸੇ ਵਿਚ ਮਿਲਾਪ ਬਾਰੇ ਲੈਕਚਰ ਦੇਂਦਿਆਂ ਆਖਿਆ ਸੀ ਕਿ ਅਕਾਲੀ ਸਾਡੀ ਸੱਜੀ ਬਾਂਹ ਹਨ। ਅੱਜ ਅੰਮ੍ਰਿਤਸਰ ਦੇ ਜਲੂਸ ਵਿਚ ਆਪ ਨੇ ਹਾਸੇ ਵਿਚ ਬੋਲਦਿਆਂ ਆਖਿਆ ਕਿ ਅਕਾਲੀਆਂ ਨੇ ਮੇਰੀ ਸੱਜੀ ਬਾਂਹ ਭੰਨ ਦਿੱਤੀ ਹੈ।

ਅਕਾਲੀ ਸਾਡੇ ਦੁਸ਼ਮਨ ਨਹੀਂ ਅਸੀਂ ਇਹਨਾਂ ਨਾਲ ਪਿਆਰ ਹੀ ਰੱਖਣਾ ਹੈ।"[11]

ਆਲਿਮ ਜੀ ਨੇ ਬਹੁਤ ਸਾਰੇ ਸੰਭਾਵਨਾਵਾਂ ਭਰਪੂਰ ਨੌਜੁਆਨਾਂ ਨੂੰ ਸੁਤੰਤਰਤਾ ਸੰਗਰਾਮ ਦੀ ਚਿਣਗ ਲਾਕੇ, ਸਤਿਗੁਰੂ ਰਾਮ ਸਿੰਘ ਜੀ ਦੀ ਕੂਕਾ ਲਹਿਰ ਦੇ ਆਦਰਸ਼ਾਂ ਨਾਲ ਜੋੜਿਆ। ਜੀਆ ਬੱਗਾ ਜ਼ਿਲਾ ਲਾਹੌਰ ਦੇ ਸ੍ਰੀ ਗੁਰਬਖ਼ਸ਼ ਸਿੰਘ ਜੱਟ ਪੁਰਾਣੇ ਨਾਮਧਾਰੀ ਪਰਿਵਾਰ ਵਿੱਚੋਂ ਸਨ ਅਤੇ 1920 ਈ. ਦੇ ਲਗਪਗ ਉਹ ਵਰਨੈਕੂਲਰ ਮਿਡਲ ਪਾਸ ਕਰਕੇ, ਸਰਕਾਰੀ ਸਕੂਲ ਵਿਚ ਅਧਿਆਪਕ ਲੱਗ ਗਏ। ਆਲਿਮ ਜੀ ਨੇ ਉਹਨਾਂ ਦੀ ਕਾਵਿਕ ਪ੍ਰਤਿਭਾ ਨੂੰ ਪਹਿਚਾਣ ਕੇ, ਉਹਨਾਂ ਨੂੰ ਨੌਕਰੀ ਤੋਂ ਅਸਤੀਫਾ ਦੁਆ ਦਿੱਤਾ ਅਤੇ ਕੌਮੀ ਅੰਦੋਲਨ ਵਿਚ ਸਰਗਰਮ ਕਰ ਦਿੱਤਾ। ਉਹ ਬਾਅਦ ਵਿਚ ਕਿਰਤੀ ਕਿਸਾਨ ਸੰਗਠਨਾਂ ਵਿਚ ਵੀ ਕਾਰਜਸ਼ੀਲ ਰਹੇ। ਉਹੋ ਸੱਜਣ ਆਪਣੀਆਂ ਸੰਪ੍ਰਦਾਇਕਤਾ ਅਤੇ ਅੰਧ ਵਿਸ਼ਵਾਸ ਵਿਰੋਧੀ ਕੁੰਡਲੀਆਂ ਛੰਦ ਵਿਚ ਰਚਨਾਵਾਂ ਕਾਰਨ, ਗੋਧਾ ਸਿੰਘ 'ਜੱਟ' ਦੇ ਨਾਮ ਨਾਲ ਚਰਚਿਤ ਹੋਏ। ਉਹ ਵੰਡ ਤੋਂ ਪਹਿਲਾਂ ਸ਼ਿਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਵੀ ਚੁਣੇ ਗਏ ਸਨ। ਇਸੇ ਤਰ੍ਹਾਂ ਮੰਗਲ ਸਿੰਘ ਲਾਇਲਪੁਰੀ ਜੀ, ਜੋ ਆਪ ਦੇ ਪਿੰਡ ਲੋਪੋਕੀ ਦੇ ਹੀ ਮੂਲ ਵਾਸੀ ਸਨ, ਉਹਨਾਂ ਨੂੰ ਵੀ ਆਲਿਮ ਜੀ ਨੇ ਹੀ ਲੂਣ ਤੇਲ ਵੇਚਣ ਦੀ ਦੁਕਾਨ ਤੋਂ ਉਠਾਕੇ, ਪੰਥਕ ਪ੍ਰਚਾਰ ਦੇ ਉਚੇਰੇ ਸਾਹਿਤਕ ਪੱਤਰਕਾਰਿਤਾ ਦੇ ਪਿੜ ਵਿਚ ਉਤਾਰ ਦਿਤਾ। ਲਾਇਲਪੁਰੀ ਜੀ 'ਨਵਾਂ ਹਿੰਦੁਸਤਾਨ', ਨਵੀਂ ਦਿੱਲੀ, ਦੇ ਸੰਪਾਦਕ ਰਹੇ ਸਨ। ਉਹ ਆਲਿਮ ਜੀ ਦੀ ਪਹਿਲੀ ਬਰਸੀ ਤੇ ਉਹਨਾਂ ਨੂੰ ਆਪਣੇ ਪਰਚੇ ਵਿਚ ਵਿਲੱਖਣ, ਅੰਦਾਜ਼ ਵਿਚ ਯਾਦ ਕਰਦੇ ਹਨ।

"ਆਪਨੇ ਸਾਰੀ ਜ਼ਿੰਦਗੀ ਕੋਈ ਜ਼ਾਤੀ ਵਿਹਾਰ ਨਹੀਂ ਕੀਤਾ, ਕੇਵਲ ਪੰਥ ਤੇ ਦੇਸ਼ ਦੀ ਸੇਵਾ ਵਿਚ ਹੀ ਸਾਰਾ ਸਮਾਂ ਬਿਤਾਇਆ। ਆਪਣੀ ਸਾਰੀ ਆਯੂ ਵਿਚ ਕੋਈ ਜਾਇਦਾਦ ਨਹੀਂ ਬਣਾਈ। ਕਿਸੇ ਪਾਸੋਂ ਆਪਣੀ ਸ਼ਖਸ਼ੀਅਤ ਦਾ ਨਜਾਇਜ਼ ਫਾਇਦਾ ਨਹੀਂ ਉਠਾਇਆ, ਜੋ ਅਕਾਲ ਪੁਰਖ ਨੇ ਭੇਜ ਦਿੱਤਾ, ਉਸ ਉੱਤੇ ਹੀ ਸ਼ੁਕਰ ਤੇ ਸਬਰ ਕੀਤਾ। ਕਦੀ-ਕਦੀ ਤਾਂ ਆਪ ਨੂੰ ਬੇਅੰਤ ਗੱਫੇ ਪ੍ਰਾਪਤ ਹੋ ਜਾਂਦੇ ਤੇ ਕਈ ਵਾਰ ਆਪ ਅਜਿਹੇ ਫ਼ਾਕਾ ਮਸਤੀ ਦੇ ਸ਼ਿਕਾਰ ਹੁੰਦੇ ਕਿ ਪੁੱਛੋ ਕੁਝ ਨਾਂ। ਪੰਜਾਬ ਦੇ ਹੜਾਂ ਸਮੇਂ ਦਾ ਇਕ ਵਾਕਿਆ ਹੈ।

"ਕਈ ਦਿਨ ਲੁਧਿਆਣੇ ਵਿਚ ਪਾਣੀ ਦੀ ਕਰੋਪੀ ਰਹੀ। ਕੋਈ ਕਿਤੇ ਬਾਹਰ ਅੰਦਰ ਨਹੀਂ ਸੀ ਆ ਜਾ ਸੱਕਦਾ। ਕੋਠੇ ਧੜਾ ਧੜ ਡਿਗ ਰਹੇ ਸਨ। ਬਾਰਸ਼ ਨਾਲ ਆਪ ਦੇ ਇਕ ਕੋਠੇ ਦੀ ਛੱਤ ਦਾ ਕੁਝ ਹਿੱਸਾ ਵੀ ਡਿੱਗ ਪਿਆ। ਘਰ ਵਿਚ ਪੈਸੇ ਤੇ ਰਾਸ਼ਨ ਵਲੋਂ ਵੀ ਸਤਿਨਾਮ ਸੀ। ਤਿੰਨ ਦਿਨ ਸਾਰਾ ਟੱਬਰ ਭੁੱਖੇ ਭਾਣੇ ਬੈਠੇ ਰਹੇ। ਆਪ ਦੀ ਧਰਮ ਪਤਨੀ ਨੇ ਬਹੁਤ ਆਖਿਆ ਕਿ ਚਲੋ ਕਿਸੇ ਸੱਜਨ, ਸੇਵਕ ਜਾਂ ਸਿੱਖ ਦੇ ਘਰ ਚਲੇ ਚੱਲੀਏ। ਹੁਣ ਤਾਂ ਕੋਠੇ ਢੱਠਣ ਦਾ ਪੱਜ ਵੀ ਬਣ ਗਿਆ ਹੈ। ਆਪ ਨੇ ਆਖਿਆ, "ਸ੍ਰੀ ਮਤੀ ਜੀ, ਸਾਡਾ ਸ਼ਾਹ ਸਤਿਗੁਰੂ ਰਾਮ ਸਿੰਘ ਕੋਈ ਘੱਟ ਸੱਜਣ ਹੈ। ਸਬਰ ਤੇ ਸ਼ੁਕਰ ਕਰੋ। ਜੇ ਹੋਵੇਗਾ ਦਿਆਲ ਤਾਂ ਦੇਵੇਗਾ ਬੁਲਾਕੇ।"

"ਤਾਹੀਉਂ ਖ਼ਬਰ ਮੀਂਹ ਵ੍ਹਰਦੇ ਵਿਚ, ਸ. ਲਛਮਣ ਸਿੰਘ ਜੀ ਸਾਬਕਾ ਪ੍ਰਧਾਨ ਨਾਮਧਾਰੀ ਦਰਬਾਰ ਖ਼ੂੰਡੀ ਖੜਕਾਂਦੇ ਆ ਗਏ। ਘਰ ਵਿਚ ਰਾਸ਼ਨ ਤਾਂ ਅੱਗੇ ਹੀ ਨਹੀਂ ਸੀ ਹੁਣ ਪ੍ਰਾਹੁਣਚਾਰੀ ਦਾ ਫ਼ਿਕਰ ਪੈ ਗਿਆ। ਉਹਨਾਂ ਨੇ ਆਉਂਦਿਆਂ ਹੀ ਪੰਜਾਹ ਰੁਪੈ ਆਲਿਮ ਜੀ ਦੀ ਭੇਟਾ ਕਰ ਕੇ ਆਖਿਆ ਕਿ ਇਹ ਸਤਿਗੁਰੂ ਰਾਮ ਸਿੰਘ ਜੀ ਨੇ ਆਪ ਨੂੰ ਭੇਜੇ ਹਨ। ਇਸੇ ਕਾਰਨ ਮੈਂ ਪੰਜਾਹ ਮੀਲਾਂ ਤੋਂ ਆਪ ਪਾਸ ਪੁੱਜਾ ਹਾਂ।"

ਯਾਦ ਰਹੇ ਆਲਿਮ ਜੀ 16 ਅਕਤੂਬਰ 1956 ਈ. ਨੂੰ ਲੁਧਿਆਣਾ ਸ਼ੇਰ ਜੰਗ ਦੇ ਹਾਤੇ ਵਿਖੇ ਹੀ ਅਕਾਲ ਚਲਾਣਾ ਕਰ ਗਏ ਸਨ। 31 ਅਕਤੂਬਰ 1956 ਈ. ਨੂੰ ਆਪ ਦੀ ਯਾਦ ਵਿਚ ਨਾਮਧਾਰੀ ਸੰਗਤ ਨੇ ਲੁਧਿਆਣੇ ਬੜਾ ਵੱਡਾ ਮੇਲਾ ਕੀਤਾ ਜਿਸ ਵਿਚ ਸਤਿਗੁਰੂ ਪਰਤਾਪ ਸਿੰਘ ਜੀ ਨੇ ਦਰਸ਼ਨ ਦਿੱਤੇ ਅਤੇ ਮਹਾਰਾਜ ਨਿਹਾਲ ਸਿੰਘ ਜੀ ਵੀ ਆਏ ਸਨ। ਗਿਆਨੀ ਗੁਰਮੁਖ ਸਿੰਘ ਮੁਸਾਫਿਰ ਤੇ ਹੋਰ ਬਹੁਤ ਸਾਰਿਆਂ ਨੇਂ ਸ਼ਰਧਾ ਪੁਸ਼ਪ ਭੇਟ ਕੀਤੇ। ਉਹਨਾਂ ਦੇ ਬਾਅਦ ਉਹਨਾ ਦੇ ਇਕਲੌਤੇ ਸਪੁੱਤਰ ਟਿੱਕਾ ਤਿਰਲੋਚਨ ਸਿੰਘ, ਪੰਜਾਬੀ ਬਾਗ ਪਟਿਆਲਾ ਵਿਖੇ ਵੱਸ ਗਏ ਸਨ। ਉਹਨਾਂ ਦੀ ਸਪੁੱਤਰੀ ਤੇਜ ਕੌਰ ਦਾ ਪਰਿਵਾਰ ਵੀ ਗੁਜਰਾਂਵਾਲੇ ਤੋਂ ਚੱਲ ਕੇ ਪਟਿਆਲੇ ਕੋਲ ਢੈਂਠਲ ਨਾਮੀ ਪਿੰਡ ਵਿਚ ਆਬਾਦ ਹੋਇਆ ਸੀ। ਆਲਿਮ ਜੀ ਦੀਆਂ ਦੋ ਸੁਪਤਨੀਆਂ ਸਨ ਬੀਬੀ ਲਾਭ ਕੌਰ ਤੇ ਸੁਜਾਨ ਕੌਰ।

ਅੰਮ੍ਰਿਤਸਰ ਜ਼ਿਲ੍ਹਾ ਦੇ ਇਕ ਪੇਂਡੂ ਹਲਕੇ ਤੋਂ, ਕਾਂਗਰਸ ਟਿਕਟ ਤੇ ਆਲਿਮ ਜੀ ਨੇ 1952 ਵਾਲੀ ਪੰਜਾਬ ਵਿਧਾਨ ਸਭਾ ਲਈ ਹੋਈ ਪਹਿਲੀ ਚੋਣ ਵੀ ਲੜੀ ਸੀ। ਉਸ ਸਮੇਂ ਅਜਨਾਲੇ ਦਾ ਇਕ ਲਖਪਤੀ ਹਿੰਦੂ, ਦੇਵੀ ਦਿਆਲ ਵੀ ਕਾਂਗਰਸ ਟਿਕਟ ਦਾ ਉਮੀਦਵਾਰ ਸੀ। ਉਸ ਬਹੁਤ ਵੱਡੀ ਰਕਮ ਪੇਸ਼ ਕਰਕੇ ਕਿਹਾ ਕਿ ਜੇ ਤੁਸੀਂ ਚੋਣ ਨਾਂ ਲੜੋ ਤਾਂ ਇਸ ਮਾਇਆ ਨਾਲ ਰਹਿੰਦੀ ਉਮਰ ਠਾਠ ਨਾਲ ਕੱਟੋ। ਆਲਿਮ ਜੀ ਉਦੋਂ ਨਾਮਧਾਰੀ ਦਰਬਾਰ ਦੇ ਪ੍ਰਧਾਨ ਵੀ ਸਨ। ਉਸ ਚੋਣ ਸਮੇਂ "ਕੱਕੜ ਜ਼ਿਲ੍ਹਾ ਅੰਮ੍ਰਿਤਸਰ ਵਿਚ.. ਆਪ ਨੇ ਤਕਰੀਰ ਕਰਦਿਆਂ ਕਿਹਾ ਸੀ ਕਿ ਆਲਿਮ ਨੂੰ ਪੈਸਿਆਂ ਨਾਲ ਕੋਈ ਨਹੀਂ ਖਰੀਦ ਸਕਦਾ।.... ਜੇ ਮੈਂ ਮੈਦਾਨ ਛੱਡ ਦੇਵਾਂ ਤਾਂ ਕਿਸੇ ਇਹ ਨਹੀਂ ਆਖਣਾ ਨਿਧਾਨ ਸਿੰਘ ਭੱਜ ਗਿਆ ਹੈ। ਲੋਕੀਂ ਇਹ ਆਖਣਗੇ ਨਾਮਧਾਰੀ ਦਰਬਾਰ ਦਾ ਪ੍ਰਧਾਨ ਮੈਦਾਨ ਛੱਡ ਗਿਆ ਹੈ।" ਆਪ ਏਨੀ ਸ਼ਾਨ ਨਾਲ ਚੋਣ ਲੜੇ ਕਿ ਮੁਖਾਲਫਾਂ ਨੂੰ ਪਤਾ ਲੱਗ ਗਿਆ। ਸ. ਪ੍ਰਤਾਪ ਸਿੰਘ ਕੈਰੋਂ ਨੇ ਆਲਿਮ ਜੀ ਦੀ ਪਿੱਠ ਤੇ ਥਾਪੀ ਦੇ ਕੇ ਕਿਹਾ ਵਾਹ ਸੰਤ ਜੀ ! ਤੁਸੀਂ ਅੱਜ ਮੈਨੂੰ ਨਹੀਂ ਸਾਰੀ ਕਾਂਗਰਸ ਨੂੰ ਜਿੱਤ ਲਿਆ ਹੈ। ਆਪ ਦੀ ਦਿਆਨਤਦਾਰੀ ਤੋਂ ਕੁਰਬਾਨ ਹੋ ਕੇ ਬਦੋ ਬਦੀ ਪ੍ਰਤਾਪ ਸਿੰਘ ਕੈਰੋਂ ਨੇ ਆਪ ਨੂੰ ਟਿਕਟ ਦਿਤਾ। ਆਪ ਚੋਣ ਵਿਚੋਂ ਕਦੇ ਨੇ ਹਾਰਦੇ, ਜੇ ਕਾਂਗਰਸ ਟਿਕਟ ਦਾ ਇਛਕ ਦੇਵੀ ਦਿਆਲ, ਗੁਪਤ ਰੂਪ ਵਿਚ ਆਲਿਮ ਜੀ ਦੀ ਮੁਖਾਲਫਤ ਨਾ ਕਰਦਾ।

ਦਰਅਸਲ ਅੰਗ੍ਰੇਜ਼ ਸਰਕਾਰ ਅਤੇ ਨਾਮਧਾਰੀ ਪੰਥ ਦਾ ਸਿਧਾਂਤਕ ਵਿਰੋਧ ਕਰਨ ਵਾਲੇ ਕੁਝ ਅਦਾਰਿਆਂ ਨੇ ਵੀ ਆਲਿਮ ਜੀ ਦੀਆਂ ਸੇਵਾਵਾਂ ਨੂੰ ਆਪਣੇ ਹਿਤ ਵਾਸਤੇ ਵਰਤਣ ਲਈ, ਕੂਕਿਆਂ ਅਤੇ ਕਾਂਗਰਸ ਪ੍ਰਤੀ ਉਹਨਾਂ ਦੀ ਵਫਾਦਾਰੀ ਖਰੀਦਣ

ਲਈ, ਕਈ ਦਫਾ ਯਤਨ ਕੀਤੇ ਪਰ ਆਲਿਮ ਜੀ ਆਪਣੇ ਪੈਂਤੜੇ ਤੇ ਡਟੇ ਰਹੇ। ਇਸੇ ਲਈ ਉਹਨਾਂ ਨਮਿਤ ਹੋਏ ਲੁਧਿਆਣੇ ਵਾਲੇ ਮੇਲੇ ਵਿਖੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਫਰਮਾਇਆ ਸੀ—"ਆਲਿਮ ਜੀ ਪੂਰੇ ਸਿਦਕੀ ਸਿਖ ਸਨ, ਉਹ ਆਪਣਾ ਸਿਦਕ ਨਿਭਾਅ ਗਏ ਹਨ। ਉਹਨਾਂ ਸਿਦਕ ਨੂੰ ਆਂਚ ਨਹੀਂ ਲੱਗਣ ਦਿੱਤੀ। ਆਓ ਅਰਦਾਸ ਕਰੀਏ ਕਿ ਆਲਿਮ ਜੀ ਵਾਂਗ ਸਾਡੇ ਸਿਦਕ ਵਿਚ ਵੀ ਕਦੇ ਫ਼ਰਕ ਨਾਂ ਆਵੇ।[12]

ਆਲਿਮ ਜੀ ਨੇ ਅਨੇਕ ਲੇਖ ਲਿਖੇ ਜਿਹਨਾਂ ਦੀ ਗਿਣਤੀ ਸੈਂਕੜਿਆਂ ਵਿਚ ਹੈ। ਸਤਿਜੁਗ ਦੇ ਸੰਤ ਅੰਕ ਭਾਗ ਪਹਿਲਾ ਵਿਚ ਹੀ ਵੱਖ-ਵੱਖ ਸਾਧੂ ਸੰਤਾਂ ਬਾਰੇ ਆਪਦੇ 14 ਲੇਖ ਹਨ। ਨਾਮਧਾਰੀ ਇਤਿਹਾਸ ਦੀ ਪਹਿਲੀ ਪ੍ਰਕਾਸ਼ਿਤ ਸਿੱਕੇ ਬੰਦ ਰਚਨਾ ਆਪ ਦੁਆਰਾ ਲਿਖਤ "ਜੁੱਗ ਪਲਟਾਊ ਸਤਿਗੁਰੂ" ਹੈ ਜੋ ਜਨਵਰੀ 1947 ਵਿਚ ਪਹਿਲੀ ਵੇਰ ਛਪੀ ਸੀ। ਇਸ ਦੀ ਭੂਮਿਕਾ ਪ੍ਰਸਿੱਧ ਆਜ਼ਾਦੀ ਘੁਲਾਟੀਏ ਸਰਦੂਲ ਸਿੰਘ ਕਵੀਸ਼ਰ ਨੇ ਲਿਖੀ ਸੀ। ਗੁਰੂ ਪਦ ਪ੍ਰਕਾਸ਼ ਤਿੰਨ ਹਿੱਸੇ, ਨਾਮਧਾਰੀ ਪ੍ਰਚਾਰਕਾਂ ਲਈ ਵਡਮੁੱਲੀ ਰਚਨਾ ਹੈ। ਇਸੇ ਤਰ੍ਹਾਂ ਸਿੱਖ ਧਰਮ ਤੇ ਮਾਸ, ਸੂਤਰ ਦਰਸ਼ਨ, ਨਾਮਧਾਰੀ ਸਿਧਾਂਤ ਪਰਦਰਸ਼ਨ, 'ਗਊ ਰੱਖਿਆ ਪ੍ਰਬੋਧ' ਆਦਿ ਆਪ ਦੀਆਂ ਵੱਡੀਆਂ ਛੋਟੀਆਂ ਪ੍ਰਕਾਸ਼ਿਤ ਪੁਸਤਕਾਂ ਹਨ। 'ਰੁਹਾਨੀ ਟੈਲੀਫੋਨ' ਅਤੇ 'ਸਾਕਾ ਨਨਕਾਣਾ ਸਾਹਿਬ' ਉਹਨਾਂ ਦੀਆਂ ਕਾਵਿ ਪ੍ਰਸੰਗਾਂ ਵਾਲੀਆਂ ਕਿਤਾਬਾਂ ਹਨ। ਉਹਨਾਂ ਦੀਆਂ ਰਚਨਾਵਾਂ ਨਾਮਧਾਰੀ ਦਰਬਾਰ, ਹੁਣ ਤਕ ਬਰਾਬਰ ਛਪਵਾਉਂਦਾ ਆ ਰਿਹਾ ਹੈ।

ਆਲਿਮ ਜੀ ਇੱਕ ਉੱਚ ਦੁਮਾਲੜੀ ਸ਼ਖਸ਼ੀਅਤ ਸਨ ਜਿਹਨਾਂ ਦੀ ਪ੍ਰਤਿਭਾ ਅਨੇਕ ਰੰਗਾਂ ਤੇ ਦਿਸ਼ਾਵਾਂ ਵਿਚ ਆਪਣੀਆਂ ਰਿਸ਼ਮਾਂ ਬਖੇਰਦੀ ਰਹੀ। ਰਾਗ, ਸ਼ਬਦ-ਕੀਰਤਨ, ਵਿਆਖਿਆ ਤੇ ਖੋਜ, ਵਿਦਵਤਾ ਆਪ ਜੀ ਦੀ ਹਰ ਮਜ਼ਹਬ ਮੰਨਦਾ ਸੀ। ਸੰਤ ਜੀ ਸਭ ਧਰਮਾਂ ਉੱਤੇ ਚੋਖਾ ਚਿਰ ਬੋਲ, ਦਿਲ ਖੋਹਲ ਕੇ, ਰਸ ਬਣਾਈ ਰੱਖਦੇ ਸੀ। ਸਿੱਖ ਪੰਥ ਵਿਚ ਐਸਾ ਵਿਦਵਾਨ ਹੋਣਾਂ ਦੁਰਲਭ ਹੈ। ਸੰਤ ਜੀ ਨੇ ਗੁਜਰਾਂਵਾਲੇ ਭੀ ਚੰਗਾ ਮੰਦਰ-ਬਾਬੇ ਦੀ ਝੁੱਗੀ-ਨਾਮ ਧਰ ਕੇ ਪਾਇਆ ਹੋਇਆ ਸੀ।[13]

ਉਹਨਾਂ ਦੇ ਦੀਵਾਨਾਂ ਦਾ ਅਨੰਦ ਨਾਮਧਾਰੀ ਅਤੇ ਹੋਰ ਸਿੱਖ ਸੰਗਤ ਤੋਂ ਇਲਾਵਾ ਹਿੰਦੂ ਅਤੇ ਮੁਸਲਿਮ ਭਾਈਚਾਰੇ ਵੀ ਮਾਣਦੇ ਸਨ। ਉਹ ਇਸਲਾਮੀ ਅਤੇ ਹਿੰਦੂ ਪੌਰਾਣਿਕ ਗ੍ਰੰਥਾਂ ਦੇ ਵੀ ਗਹਿਰੇ ਵਾਕਫਕਾਰ ਸਨ। ਉਹਨਾਂ ਦੇ ਹੱਲੇ ਦੇ ਦੀਵਾਨ ਦੀਆਂ ਧਾਰਨਾਵਾਂ ਅਤੇ ਗਾਇਨ ਲੋਕ ਧੁਨਾਂ ਅਤੇ ਲੋਕ ਸ਼ੈਲੀ ਵਰਗਾ ਹੁੰਦਾ ਸੀ। ਉਹ ਪੜ੍ਹਿਆ ਕਰਦੇ ਸਨ—

> "ਰਾਧੇ ਭੁੱਲ ਗਈ ਗਗਰੀਆ ਉਠਾਣੀ,
> ਕਾਹਨ ਤਾਈ ਗਊਆਂ ਭੁੱਲੀਆ।"

ਦੇਸ਼ ਦੀ ਵੰਡ, ਬਾਅਦ ਉਹਨਾਂ ਨੇ ਉੱਜੜ ਕੇ ਆਉਣ ਵਾਲਿਆਂ ਦੇ ਮੁੜ ਵਸੇਬੇ ਵਿਚ ਵੀ ਆਪਣੇ ਜਾਣਕਾਰ ਸਿਆਸੀ ਲੋਕਾਂ ਤੋਂ ਮਦਦ ਲੈ ਕੇ, ਭਾਰੀ ਯੋਗਦਾਨ ਪਾਇਆ। ਨਾਮਧਾਰੀ ਸਾਹਿਤ, ਇਤਿਹਾਸ ਅਤੇ ਸੰਗਠਨ ਦੇ ਖੇਤਰ ਵਿਚ ਵੀਹਵੀਂ ਸਦੀ ਦਾ ਪਹਿਲਾ ਅੱਧ, 'ਆਲਿਮ ਚੱਕਰਵਰਤੀ ਜੁੱਗ' ਨਾਲ ਹੀ ਜਾਣਿਆ ਜਾਏਗਾ।

# ਹਵਾਲੇ ਤੇ ਟਿੱਪਣੀਆਂ


1. ਸੰਤ ਨਿਧਾਨ ਸਿੰਘ ਆਲਿਮ ਕ੍ਰਿਤ 'ਸ੍ਰੀ ਬਾਬਾ ਠਾਕੁਰ ਜੀ ਮਹਾਰਾਜ' ਸਤਿਜੁਗ ਸ੍ਰੀ ਭੈਣੀ ਸਾਹਿਬ ਦਾ ਸੰਤ ਅੰਕ, 9 ਚੇਤਰ ਸੰਮਤ 1996 ਬਿ., ਸਫਾ 103-106
2. ਅੱਖੀਂ ਡਿਠਾ ਕਿੱਸਾ ਕੀਤਾ ਸ. ਸੁਵਰਨ ਸਿੰਘ ਵਿਰਕ ਸਫਾ 185 ਅਤੇ ਜੱਸ ਜੀਵਨ ਭਾਗ ਪਹਿਲਾ ਸੰਤ ਤਰਨ ਸਿੰਘ ਵਹਿਮੀ, ਸਫਾ 242 ਮੁਤਾਬਿਕ ਇਸ ਤੋਂ ਇਕ ਵਰ੍ਹਾ ਪਹਿਲਾਂ ਵਰਨਾਂ ਦੇ ਹੋਲੇ ਤੇ ਥੋੜਾ-ਥੋੜਾ ਬੋਲੇ ਸਨ ਉਹ ਤੇ ਚੱਕਰਵਰਤੀ ਜੀ।
3. ਜੱਸ ਜੀਵਨ ਭਾਗ ਦੂਜਾ, ਸਫਾ 41
4. ਜੱਸ ਜੀਵਨ ਭਾਗ ਪਹਿਲਾ, ਸਫਾ 273
5. ਮਾਲਵੇਂਦ੍ਰ ਸੰਤ ਇੰਦਰ ਸਿੰਘ ਚੱਕਰਵਰਤੀ, 1957 ਈ. ਦੀ ਸੰਤ ਨਿਧਾਨ ਸਿੰਘ ਆਲਿਮ ਦੁਆਰਾ ਲਿਖੀ ਭੂਮਿਕਾ, ਸਫਾ—ਜ, ਝ, ਞ
6. ਸੰਤ ਇੰਦਰ ਸਿੰਘ ਚੱਕਰਵਰਤੀ, "ਆਲਿਮ ਜੀ ਦੀ ਪਹਿਲੀ ਤਕਰੀਰ", ਨਵਾਂ ਹਿੰਦੁਸਤਾਨ (ਸਪਤਾਹਿਕ), 28 ਅਕਤੂਬਰ 1957, ਰਮੇਸ਼ ਨਗਰ, ਨਵੀਂ ਦਿੱਲੀ, ਸਫਾ 1-2
7. ਮਾਲਵੇਂਦ੍ਰ—ਆਲਿਮ ਜੀ ਵਾਲੀ ਭੂਮਿਕਾ ਵਿੱਚੋਂ ਹੀ।
8. ਸਤਿਜੁਗ ਦ ਸੰਤ ਅੰਕ, ਸਫਾ 107-110
9. ਸੰਤ ਆਤਮਾ ਸਿੰਘ ਸਨਖਤਰਾ—ਮੇਰੀ ਜ਼ਿੰਦਗੀ ਦਾ ਸਫਰਨਾਮਾ, ਸਫਾ 32
10. ਦੇਵਿੰਦਰ ਸਿੰਘ ਗਿੱਲ, (ਜੀਆ ਨੱਥਾ)—ਸੰਤ ਨਿਧਾਨ ਸਿੰਘ ਆਲਿਮ (ਜੀਵਨ ਅਤੇ ਸਾਹਿਤ ਰਚਨਾ), 1998, ਨਾਮਧਾਰੀ ਦਰਬਾਰ, ਸ੍ਰੀ ਭੈਣੀ ਸਾਹਿਬ, ਸਫਾ 20
11. ਸੰਤ ਸੁੰਦਰ ਸਿੰਘ ਸੇਵਕ 'ਬੰਗਕੋਕ', ਦਾ ਲੇਖ 'ਤਰਨ ਤਾਰਨ ਦੀ ਅਭੁੱਲ ਘਟਨਾ', ਸਪਤਾਹਿਕ, ਨਵਾਂ ਹਿੰਦੁਸਤਾਨ, ਮਿਤੀ 14 ਅਕਤੂਬਰ 1957, ਸਫਾ 3-4
12. ਸਪਤਾਹਿਕ ਨਵਾਂ ਹਿੰਦੁਸਤਾਨ 26 ਨਵੰਬਰ 1956 ਮੰਗਲ ਸਿੰਘ ਲਾਇਲਪੁਰੀ ਦਾ ਲੇਖ ਸੰਤ ਨਿਧਾਨ ਸਿੰਘ ਆਲਿਮ, ਸਫਾ 1-2
13. ਜੱਸ ਜੀਵਨ, ਭਾਗ-6, ਸੰਤ ਤਰਨ ਸਿੰਘ ਵਹਿਮੀ, ਸਫਾ 175

# ਨਾਮਧਾਰੀ ਇਤਿਹਾਸ ਵਿੱਚ ਪਿੰਡ ਸਿਆਹੜ ਅਤੇ ਜਥੇਦਾਰ ਮਿਹਰ ਸਿੰਘ

ਕੂਕਾ ਕੇਂਦਰ ਸ੍ਰੀ ਭੈਣੀ ਸਾਹਿਬ ਦਾ ਜ਼ਿਲ੍ਹਾ ਲੁਧਿਆਣਾ ਸੀ। ਸੰਨ ੧੮੮੧ ਵਾਲੀ ਪੰਜਾਬ ਸਰਕਾਰ ਦੀ ਖਤਰਨਾਕ ਕੂਕਿਆਂ ਅਤੇ ਉਹਨਾਂ ਦੇ ਪਿੰਡਾਂ ਵਾਲੀ ਸੂਚੀ ਵਿੱਚ ਸਿਆਲਕੋਟ ਤੋਂ ਬਾਅਦ ਲੁਧਿਆਣਾ ਜ਼ਿਲ੍ਹੇ ਦਾ ਨਾਂ ਬੋਲਦਾ ਸੀ, ਜਿੱਥੇ ਕੂਕਿਆਂ ਦੀ ਵੱਸੋਂ ਵਾਲੇ ੧੧੫ ਪਿੰਡ ਸਨ, ਸਿਆਲਕੋਟ ਨਾਲੋਂ ੯ ਪਿੰਡ ਹੀ ਘੱਟ ਸਨ। ਤਦੋਕਾ ਡੇਹਲੋਂ ਥਾਣਾ ਵੀ ਕੂਕਿਆਂ ਦਾ ਗੜ੍ਹ ਸੀ ਜ਼ਿਲ੍ਹਾ ਲੁਧਿਆਣਾ ਵਿੱਚ ਅਤੇ ਇਸ ਥਾਣੇ ਦਾ ਪਿੰਡ ਸਿਆਹੜ ਕੂਕਾ ਇਤਿਹਾਸ ਵਿੱਚ ਬਹੁਤ ਉੱਘਾ ਪਿੰਡ ਹੈ।ਮਾਈਆਂ ਬੀਬੀਆਂ ਨੂੰ ਖੰਡੇ ਬਾਟੇ ਦੇ ਅੰਮ੍ਰਿਤ ਦੀ ਦਾਤ, ੧ ਜੂਨ ੧੮੬੩ ਈ. ਨੂੰ ਦੇ ਕੇ, ਸਤਿਗੁਰੂ ਰਾਮ ਸਿੰਘ ਜੀ ਨੇ ਨਾਰੀ ਪੁਰਖ ਸਮਾਨਤਾ ਦਾ ਸੰਦੇਸ਼ ਦੇ ਕੇ, ਵੱਸੋਂ ਦੇ ਅੱਧ ਨੂੰ ਵੀ ਬਸਤੀਵਾਦੀ ਹਾਕਮਾਂ ਵਿਰੁੱਧ ਰਾਸਸੀ ਚੇਤਨਾ ਪਰਚੰਡ ਕਰਨ ਲਈ ਵਰਤਿਆ ਸੀ। ਇਸ ਯੁਗਾਂਤਰਕਾਰੀ ਘਟਨਾ ਦਾ ਵਰਣਨ ਮਹਾਂ ਕਵੀ ਸੰਤ ਇੰਦਰ ਸਿੰਘ ਚੱਕਰਵਰਤੀ ਇਉਂ ਕਰਦੇ ਹਨ–

“ਸਭ ਤੋਂ ਪਹਿਲਾਂ ਸਿਆਹੜ ਪਿੰਡ, ਸ੍ਰੀ ਗੁਰੂ ਦਾਤਾਰ
ਤੀਵੀਂ ਤਾਈਂ ਛਕਾਇਆ, ਅੰਮ੍ਰਿਤ ਖੰਡੇ ਧਾਰ
ਗੁਤਨੀ ਖੋਲ੍ਹ ਪਰਾਂਦੀਆਂ, ਜੂੜੇ ਸੀਸ ਸਜਾਇ
ਚੂੰਡੇ ਦਿਤੇ ਦੂਰ ਕਰ, ਪੰਜ ਕਕਾਰ ਫਬਾਇ
ਹੰਸਾਂ ਜੇਹਾ ਉਜਲਾ, ਸੋਹਣਾ ਚਿਟਾ ਵੇਸ਼
ਕਰਨ ਸਕੇਸ਼ ‘ਸਨਾਨ ਸਭ, ਖੁੱਲ੍ਹੇ ਰਹਿਣ ਹਮੇਸ਼
ਨਕ ਕੰਨ ਨਹੀਂ ਛੇਦਣਾ, ਸਾਬਤ ਸੂਰਤ ਧਾਰ
ਨੀਲਾ ਸੂਹਾ ਪਹਿਨ ਕੇ, ਲੈਣੀ ਨਾ ਨਸਵਾਰ
ਰੋਣਾ ਸਿਆਪਾ ਪਿਟਣਾ, ਜਾਣਾ ਕਾਣ ਮੁਕਾਣ
ਭਾਣਾਂ ਗੁਰ ਦਾ ਮੰਨਣਾ, ਮਿਠਾ ਕਰ ਕੇ ਜਾਣ
ਬਾਝੋਂ ਬਾਣੀ ਨਾਮ ਦੇ, ਹੋਰ ਨਾ ਕਰਨਾ ਹੇਤ
ਮੜ੍ਹੀ ਮਸਾਣੀ ਗੌਰ ਮੱਟ, ਗੁੱਗਾ ਭੂਤ ਪ੍ਰੇਤ
ਪੂਜਾ ਕਰਨੀ ਪਤੀ ਦੀ, ਸਮਝ ਇਸ਼ਟ ਤੇ ਪੀਰ
ਬਿਨਾਂ ਪਤੀ ਦੇ ਜਾਨਣੇ, ਸਾਰੇ ਭਾਈ ਵੀਰ
ਨਿਗੁਰੇ ਬੇਮੁਖ ਹਥ ਦਾ, ਸੁਕਾ ਸੀਧਾ ਤੀਕ
ਕਰ ਕੇ ਅੰਗੀ ਕਾਰ ਨਾ, ਗੁਰਮਤ ਲਾਣੀ ਲੀਕ

"ਜਾਂ ਕੀ ਰਹਿਤ ਨਾ ਜਾਣੀਐ, ਗੁਰੁ ਮੰਤ੍ਰ ਨਹੀ ਚੀਤ
ਤਾਂ ਕਾ ਭੋਜਨ ਖਾਇ ਕੈ, ਵਿਸਰੈ ਹਰਿ ਸਿਉਂ ਪ੍ਰੀਤ"
ਨਗਰ ਸਿਆੜੋਂ ਸਤਿਗੁਰੂ ਤੋਰੀ ਸੀ ਮਰਿਆਦ
ਇਸ ਤੋਂ ਪਹਿਲਾਂ ਇਹ ਸੀ ਨਹੀਂ ਕਿਸੇ ਨੂੰ ਯਾਦ
ਦਏ ਬਰਾਬਰ ਮਰਦ ਦੇ, ਤੀਵੀਂ ਨੂੰ ਅਧਿਕਾਰ
ਦੋਹਾਂ ਦੇ ਹਕੂਕ ਸਭ, ਕਰ ਦਿਤੇ ਇਕ ਸਾਰ
ਉਚਾ ਨੀਵਾਂ ਸਾਫ ਕਰ, ਪਧਰ ਕਰੇ ਮਿਲਾਇ
ਦੋਹਾਂ ਨੂੰ ਇਕ ਸਾਰ ਕਰ, ਦਿਤਾ ਇਕ ਬਣਾਇ
ਪਹੀਏ ਹੋਣ ਨਾ ਜਦੋਂ ਤੀਕ, ਗੱਡੀ ਦੇ ਇਕ ਸਾਰ
*ਚਲ ਨ ਸਕੇ ਲੀਹ ਵਿਚ, ਖਿਚ ਨਾ ਸੱਕੇ ਭਾਰ"*[1]

ਸਤਿਗੁਰੂ ਬਿਲਾਸ ਦਾ ਕਰਤਾ ਭਾਈ ਸੰਤੋਖ ਸਿੰਘ ਬਾਹੋਵਾਲ ਲਿਖਦਾ ਹੈ ਕਿ ਸਤਿਗੁਰੂ ਜੀ ਨਾਇਬ ਸੂਬਾ ਜੋਗਾ ਸਿੰਘ ਧੂੜਕੋਟ (ਮੋਗਾ) ਦੀ ਪੁੱਤਰੀ ਦਾ ਅਨੰਦ ਪੜ੍ਹਾਉਣ, ਸ੍ਰੀ ਭੈਣੀ ਸਾਹਿਬ ਤੋਂ ਚੱਲੇ ਸਨ ਤਾਂ ਰਸਤੇ ਵਿੱਚ ਸਿਆਹੜ ਪਿੰਡ ਵਿੱਚ ਰੁਕੇ ਸਨ। ਇੱਥੇ ਹੀ ਮਾਈਆਂ ਬੀਬੀਆਂ ਨੂੰ ਅੰਮ੍ਰਿਤ ਛਕਾਉਣ ਦੀ ਰੀਤੀ ਬਾਰੇ ਸਿਆਹੜ ਪਿੰਡ ਵਾਲੀ ਰਾਤ, ੩੧ ਮਈ ੧੮੬੩ ਨੂੰ ਇਸ ਬਾਰੇ ਮੁਖੀ ਸੂਬਿਆਂ ਲੱਖਾ ਸਿੰਘ, ਜਵਾਹਰ ਸਿੰਘ, ਗਿਆਨੀ ਰਤਨ ਸਿੰਘ, ਖੁਸ਼ਹਾਲ ਸਿੰਘ, ਸਾਹਿਬ ਸਿੰਘ ਆਦਿਕ ਨਾਲ ਮਸ਼ਵਰਾ ਕਰਕੇ, ਅਗਲੇ ਦਿਨ ਇਸ ਇਤਿਹਾਸਕ ਘਟਨਾ ਨੂੰ ਮੂਰਤੀਮਾਨ ਕੀਤਾ। ਸਤਿਗੁਰੂ ਜੀ ਪਰਿਵਾਰ ਸਮੇਤ ਇਸ ਦੌਰੇ ਤੇ ਜਾ ਰਹੇ ਸਨ। ਗੁਰੂ ਪਰਿਵਾਰ ਦੀਆਂ ਸੱਤ ਬੀਬੀਆਂ, ਮਾਈਆਂ ਨੇ ਇੱਥੇ ਹੀ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਸੀ। ਇਹਨਾਂ ਦੇ ਨਾਮ ਸਨ ਕ੍ਰਮਵਾਰ ਸਤਿਗੁਰੂ ਜੀ ਦੀ ਮਾਤਾ ਸਦਾ ਕੌਰ, ਮਹਿਲ ਮਾਤਾ ਜੱਸਾਂ ਜੀ ਦੋਵੇਂ ਪੁੱਤਰੀਆਂ ਬੀਬੀ ਨੰਦਾਂ ਅਤੇ ਬੀਬੀ ਦੈਆ ਕੌਰ, ਭਾਈ ਬੁੱਧ ਸਿੰਘ (ਗੁਰੂ ਹਰੀ ਸਿੰਘ ਜੀ) ਦੇ ਪਹਿਲੇ ਮਹਿਲ ਬੀਬੀ ਸਾਹਿਬ ਕੌਰ, ਸਤਿਗੁਰੂ ਜੀ ਦੀ ਮਾਮੀ ਰਾਮ ਕੌਰ, ਵਿਧਵਾ ਮਿਸਤਰੀ ਹਰੀ ਸਿੰਘ ਲੁਧਿਆਣਾ ਅਤੇ ਮਾਮੀ ਦੀ ਨੂੰਹ ਬੀਬੀ ਭੋਲੀ, ਵਿਧਵਾ ਖਜ਼ਾਨ ਸਿੰਘ ਠੇਕੇਦਾਰ। ਸਿਆਹੜ ਪਿੰਡ ਦੇ ਸ੍ਰ. ਰਣ ਸਿੰਘ ਦੀ ਧਰਮ ਪਤਨੀ ਬੀਬੀ ਖੇਮ ਕੌਰ ਨੇ ਵੀ ਇਸ ਇਤਿਹਾਸਕ ਸਮੇਂ ਅੰਮ੍ਰਿਤ ਛਕਿਆ ਸੀ।[2] ਇਸ ਸਮੇਂ ਬ ੀਬੀ ਕਰਮ ਕੌਰ ਗੁੱਜਰਵਾਲ, ਕੂਕਾ ਮਸਤਾਨਾ ਦਲ ਦੀਆਂ ਵੀਰਾਂਗਣਾਂ ਬੀਬੀ ਇੰਦ ਕੌਰ ਪਤਨੀ ਨੰਦ ਸਿੰਘ ਹੰਡਿਆਇਆ ਅਤੇ ਬੀਬੀ ਖੇਮ ਕੌਰ ਦਿੱਤੂਪੁਰਾ, ਮਾਈ ਬਚਿੱਤਰ ਕੌਰ ਪਤਨੀ ਸ੍ਰ. ਪਰਤਾਪ ਸਿੰਘ ਖਮਾਣੋਂ ਆਦਿ ਨੇ ਵੀ ਇੱਥੇ ਹੀ ਉਹਨਾਂ ਪੰਜੀ ਬੀਬੀਆਂ ਨਾਲ ਅੰਮ੍ਰਿਤ ਛਕਿਆ ਸੀ, ਜਿਹਨਾਂ ਨੂੰ ਸਤਿਗੁਰੂ ਜੀ ਨੇ ਪਹਿਲੀ ਵੇਰ ਅੰਮ੍ਰਿਤ ਪਾਨ ਕਰਵਾਇਆ ਸੀ। ਹੁਣ ਇਸ ਜਗ੍ਹਾ ਤੇ ਜਿੱਥੇ ਮਾਈਆਂ ਬੀਬੀਆਂ ਨੂੰ ਅੰਮ੍ਰਿਤ ਛਕਾਇਆ ਸੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪਹਿਰੇ ਵਿੱਚ ਇੱਕ ਸੁੰਦਰ ਯਾਦਗਾਰ ਦਾ ਨਿਰਮਾਣ ਹੋ ਚੁੱਕਾ ਹੈ। ਸਿਆਹੜ ਦੀ ਨਾਮਧਾਰੀ ਧਰਮਸ਼ਾਲਾ ਵਿੱਚ

ਹਰ ਵਰ੍ਹੇ ੧ ਜੂਨ ਨੂੰ ਇਤਿਹਾਸਕ ਮੇਲਾ ਵੀ ਮਨਾਇਆ ਜਾਂਦਾ ਹੈ।

ਵੈਸੇ ਤਾਂ ਸਿਆਹੜ ਪਿੰਡ ਨੂੰ ਸਤਿਗੁਰੂ ਜੀ ਆਪਣੇ ਪਰਚਾਰ ਦੌਰਿਆਂ ਸਮੇਂ ਅਨੇਕ ਵਾਰ ਨਿਵਾਜਦੇ ਰਹੇ, ਪਰ ਨਾਮਧਾਰੀ ਇਤਿਹਾਸ ਦੇ ਸਾਕਾ ਮਲੇਰਕੋਟਲਾ ਨਾਲ ਸੰਬੰਧਿਤ ੧੬ ਅਤੇ ੧੭ ਜਨਵਰੀ ੧੮੭੨ ਦੇ ਦੋ ਦਿਨਾਂ ਨੂੰ ਸਤਿਗੁਰੂ ਜੀ ਦੀ ਇਸ ਪਿੰਡ ਤੇ ਨਿਵਾਜਸ਼, ਨਾ ਸਿਰਫ ਕੂਕਾ ਇਤਿਹਾਸ, ਸਗੋਂ ਪੰਜਾਬ ਦੇ ਸੁਤੰਤਰਤਾ ਸੰਗਰਮ ਦੀ ਇੱਕ ਇਤਿਹਾਸਕ ਘਟਨਾ ਵਜੋਂ ਹਮੇਸ਼ਾਂ ਜਾਣੀ ਜਾਂਦੀ ਰਹੇਗੀ। ੧੩ ਜਨਵਰੀ ੧੮੭੨ ਈ. ਨੂੰ ਬਾਦ ਦੋਪਹਿਰ ਭਾਈ ਹੀਰਾ ਸਿੰਘ, ਲਹਿਣਾ ਸਿੰਘ ਸਕਰੌਦੀ ਵਾਲਿਆਂ ਦੀ ਜਥੇਦਾਰੀ ਹੇਠ, ਭੈਣੀ ਸਾਹਿਬ ਤੋਂ ਕੂਕੇ ਮਰਜੀਵੜਿਆਂ ਦਾ ਜਥਾ ਆਪਣੇ ਠੀਕਰੇ, ਫਰੰਗੀ ਹਾਕਮਾਂ ਦੇ ਸਿਰ ਤੇ ਭੰਨਣ ਲਈ ਚੱਲ ਪਏ। ਪਹਿਲੀ ਰਾਤ ਰੱਬੋਂ ਦੇ ਇੱਕ ਨਾਮਧਾਰੀ ਸਿੰਘ ਦੇ ਖੂਹ ਤੇ ਕੱਟ ਕੇ ਅਗਲੇ ਦਿਨ ੧੪ ਜਨਵਰੀ ਦੀ ਸ਼ਾਮ ਨੂੰ ਮਲੌਦ ਦੇ ਸਰਦਾਰ ਬਦਨ ਸਿੰਘ ਪੁੱਤਰ ਸ੍ਰ. ਮਿੱਤ ਸਿੰਘ ਦੇ ਕਿਲੇ ਤੇ ਸ਼ਸ਼ਤਰ ਘੋੜੇ ਪ੍ਰਾਪਤ ਕਰਨ ਲਈ ਪੁੱਜੇ। ਇੱਥੇ ਝੜਪ ਹੋਈ। ਦੋਹੀਂ ਪਾਸੀਂ ਦੋ ਦੋ ਬੰਦੇ ਖੇਤ ਰਹੇ, ਕੁਝ ਫੱਟੜ ਹੋਏ। ਚਾਰ ਫੱਟੜ ਕੂਕੇ ਮਲੌਦ ਵਾਲਿਆਂ ਦੇ ਕਬਜ਼ੇ ਵਿੱਚ ਸਨ। ਅਗਲੇ ਦਿਨ ਲੁਧਿਆਣੇ ਦਾ ਡਿਪਟੀ ਕਮਿਸ਼ਨਰ ਮਿ. ਐਲ. ਕਾਵਨ ਮਲੌਦ ਪੁੱਜਿਆ ਅਤੇ ਇਹ ਜਾਣ ਕੇ ਕਿ ਹਮਲਾ ਕੂਕਿਆਂ ਨੇ ਕੀਤਾ ਹੈ, ਉਸ ਨੇ ਸਤਿਗੁਰੂ ਰਾਮ ਸਿੰਘ ਜੀ ਨੂੰ ੧੬ ਜਨਵਰੀ ਨੂੰ ਮਲੌਦ ਸੱਦ ਭੇਜਿਆ।

ਸਤਿਗੁਰੂ ਜੀ ੧੬ ਜਨਵਰੀ ਨੂੰ ਸੂਬਾ ਜਵਾਹਰ ਸਿੰਘ, ਸੂਬਾ ਕਾਹਨ ਸਿੰਘ, ਸੂਬਾ ਸਾਹਿਬ ਸਿੰਘ, ਸੂਬਾ ਖਜ਼ਾਨ ਸਿੰਘ ਅਤੇ ਨਾਇਬ ਸੂਬਾ ਜੋਗਾ ਸਿੰਘ ਸਮੇਤ ਮਲੌਦ ਨੂੰ ਚੱਲੇ। ਮੀਂਹ ਕਣੀ ਦੀ ਰੁੱਤ ਸੀ। ਨਾਲ ਇੱਕ ਬੈਲ ਗੱਡੀ ਵੀ ਸੀ। ਪਹਿਲਾਂ ਸੁਰਖੀ ਘੋੜੀ ਤੇ ਸਨ ਫਿਰ ਆਪ ਜੀ ਗੱਡੇ ਤੇ ਬੈਠ ਗਏ। ਜਦੋਂ ਸਤਿਗੁਰੂ ਜੀ ਡੀ. ਸੀ. ਕਾਵਨ ਪਾਸ ਪੁੱਜੇ ਤਾਂ ਉਸ ਸਮੇਂ ਤੱਕ ਮਲੇਰਕੋਟਲੇ ਦਾ ਸਾਕਾ ਪਹਿਲੇ ਦਿਨ ਹੀ ਵਾਪਰ ਚੁੱਕਾ ਸੀ ਅਤੇ ੧੬ ਜਨਵਰੀ ਦੀ ਸ਼ਾਮ ਨੂੰ ਇਨਕਲਾਬੀ, ਸ਼ੇਰਪੁਰ ਦੇ ਕਿਲ੍ਹੇ ਵਿੱਚ ਪੁੱਜ ਗਏ ਸਨ। ਸੋ ਕਾਵਨ ਨੇ ਸਤਿਗੁਰੂ ਜੀ ਨੂੰ ਕਿਹਾ ਕਿ ਉਹ ਇਕ ਵੇਰ ਭੈਣੀ ਸਾਹਿਬ ਮੁੜ ਜਾਣ ਫਿਰ ਉਹਨਾਂ ਨੂੰ ਲੁਧਿਆਣੇ ਸੱਦ ਲਿਆ ਜਾਏਗਾ। ਮਲੌਦ ਪੁੱਜਣ ਤੱਕ ਸ੍ਰੀ ਸਤਿਗੁਰੂ ਜੀ ਨੂੰ ਵੀ ਮਲੇਰਕੋਟਲੇ ਸਾਕੇ ਦੀ ਸੂਹ ਲੱਗ ਚੁੱਕੀ ਸੀ। ਇਸ ਲਈ ਆਪ ਜੀ ਆਪਣੀਆਂ ਲਾਡਲੀਆਂ ਮਸਤਾਨੀਆਂ ਫੌਜਾਂ ਦੀ ਸੰਭਾਵਿਤ ਹੋਣੀ ਨੂੰ ਵੇਖਦਿਆਂ, ਉਹਨਾਂ ਬਾਰੇ ਕੋਈ ਪੱਕੀ ਖ਼ਬਰ ਮਿਲਣ ਤੱਕ, ਲਾਗੇ ਚਾਗੇ ਹੀ ਰਹਿਣਾ ਚਾਹੁੰਦੇ ਸਨ। ਇਸ ਲਈ ੧੬ ਜਨਵਰੀ ਬਾਦ ਦੁਪਹਿਰ, ਸਤਿਗੁਰੂ ਜੀ ਨੇ ਮਲੌਦ ਤੋਂ ਵਾਪਸ ਭੈਣੀ ਸਾਹਿਬ ਪਰਤਣ ਦੀ ਬਜਾਏ ਲੱਗੇ ਦੇ ਪਿੰਡ ਸਿਆਹੜ ਦਾ ਰੁਖ ਕੀਤਾ। ਸਰਕਾਰੀ ਰੀਕਾਰਡ ਦੇ ਮੁਤਾਬਿਕ, ਸਤਿਗੁਰੂ ਜੀ ਦਾ ਉਤਾਰਾ ਬੇਲਾ ਸਿੰਘ ਦੇ ਘਰ ਹੋਇਆ। ਬੇਲਾ ਸਿੰਘ, ਉਮਰ ੫੫ ਸਾਲ, ਵਾਹੀਵਾਨ, ਕੌਲੇ ਦਾ ਪੁੱਤਰ ਸੀ। ਇਸ ਦਾ ਰੰਗ ਪੱਕਾ, ਲੰਬੂਤਰਾ ਚਿਹਰਾ, ਲੰਬਾ ਨੱਕ, ਛੋਟੀਆਂ ਅੱਖਾਂ, ਵੱਡੇ ਦੰਦ, ਦਾਹੜਾ ਭਰਵਾਂ ਜਿਹੜਾ ਉਹ ਠੋਡੀ ਹੇਠਾਂ ਬੰਨ੍ਹ ਕੇ ਰੱਖਦਾ, ਉੱਚਾ ਅਤੇ ਦਰਮਿਆਨੀ ਕਾਠੀ ਦਾ ਸੀ। ਇਹ ਗੁਰੂ ਰਾਮ ਸਿੰਘ

ਜੀ ਦਾ ਵਿਸ਼ਵਾਸਪਾਤਰ ਸੀ ਅਤੇ ਉਹ ਜਦੋਂ ਸਿਆਹੜ ਆਉਂਦੇ ਇਸ ਦੇ ਘਰ ਅਕਸਰ ਠਹਿਰਦੇ ਸਨ। ਇਹ ਛੇਤੀ ਭੜਕ ਉੱਠਣ ਵਾਲਾ ਵਿਅਕਤੀ ਹੈ।[3] ਅੰਮ੍ਰਿਤ ਛਕਣ ਵਾਲੀ ਸਿਆਹੜ ਦੀ ਮਾਈ ਖੇਮ ਕੌਰ ਦਾ ਪਤੀ ਰਣ ਸਿੰਘ, ਲੰਬੜਦਾਰ, ਉਪਰੋਕਤ ਬੇਲਾ ਸਿੰਘ ਦਾ ਭਾਈ ਸੀ। ਉਸ ਦਾ ਰੰਗ ਕਣਕ ਵੰਨਾ, ਅੱਖਾਂ ਭੂਰੀਆਂ, ਲੰਬਾ ਕੱਦ ਅਤੇ ਦਰਮਿਆਨਾ ਸਰੀਰ ਸੀ। ਟਿੱਪਣੀ ਵਾਲੇ ਖਾਨੇ ਵਿੱਚ ਉਸ ਨੂੰ ਖਤਰਨਾਕ ਚੱਲਣ ਵਾਲਾ ਅਤੇ ਪੇਸ਼ੇਵਾਰ ਡਾਕੂ ਲਿਖਿਆ ਹੈ।[4] ਇਹ ਅਜੀਬ ਗੱਲ ਹੈ ਕਿ ਜੇ ਉਹ ਡਾਕੂ ਹੈ ਤਾਂ ਲੰਬੜਦਾਰੀ ਸਰਕਾਰੀ ਕਿਉਂ ਦਿੱਤੀ ਹੈ ? ਦਰਅਸਲ ਕੂਕਿਆਂ ਵਿਰੁੱਧ ਅਜੇਹੀਆਂ ਟਿੱਪਣੀਆਂ, ਉਹਨਾਂ ਦੇ ਸਰਕਾਰ ਵਿਰੋਧੀ ਹੋਣ ਕਾਰਨ ਲਿਖੀਆਂ ਹਨ। ਪੈਂਤੀ ਕੁ ਵਰ੍ਹਿਆਂ ਦੇ ਅਤਰ ਸਿੰਘ ਪੁੱਤਰ ਭੂਪ ਸਿੰਘ ਵਾਹੀਵਾਨ ਬਾਰੇ ਲਿਖਿਆ ਹੈ, ਪਤਲਾ ਸਰੀਰ, ਦਰਮਿਆਨਾ ਕੱਦ, ਵਿਰਲੀ ਖਿਚੜੀ ਦਾੜ੍ਹੀ, ਪੱਕਾ ਰੰਗ, ਮਾਤਾ ਦੇ ਦਾਗਾਂ ਵਾਲਾ ਚਿਹਰਾ ਅਤੇ ਉਹ ਇੱਕ ਮਸ਼ਹੂਰ ਵਿਅਕਤੀ ਹੈ।[4]

੧੬-੧੭ ਜਨਵਰੀ, ਜਿਸ ਤਰ੍ਹਾਂ ਸਿਆਲੀ ਮੀਂਹ ਹੁੰਦਾ ਹੈ, ਕਿਣ ਮਿਣ ਦੇ ਦਿਨ ਸਨ। ਸ੍ਰੀ ਸਤਿਗੁਰੂ ਜੀ ਚਾਰ ਸੂਬੇ ਤੇ ਪੰਜਵੇਂ ਨਾਇਬ ਸੂਬੇ ਸਮੇਤ ਦੋਵੇਂ ਦਿਨ ਸਿਆਹੜ ਹੀ ਰਹੇ। ਪੰਜਾਬ ਵਿੱਚ ਸਤਿਗੁਰੂ ਜੀ ਦੀ ਸੁਤੰਤਰਤਾ ਪੂਰਵਕ ਕੱਟੀ ਗਈ ਆਖਰੀ ਰਾਤ, ਭਾਈ ਬੇਲਾ ਸਿੰਘ ਹੋਰਾਂ ਦੇ ਚੌਬਾਰੇ ਵਿੱਚ ਹੀ ਬਤੀਤ ਹੋਈ। ੧੭ ਜਨਵਰੀ ਨੂੰ ਸਿਆਹੜ ਹੀ ਮਲੇਰਕੋਟਲੇ ਦੇ ਰੱਕੜ ਵਿੱਚ ਚੱਲਦੀਆਂ ਭਰਮਾਰ ਤੋਪਾਂ ਦੀ ਆਵਾਜ਼ ਸੁਣੀ। ਸਿਆਹੜ ਹੀ ਭਿੱਖੀ ਦੇ ਬਾਣੀਏ, ਭਾਈ ਸੌਣ ਸਿੰਘ ਨੇ ਜੋ ਮਸਤਾਨਾ ਜਥੇ ਨਾਲ ਹੀ ਸੀ, ਸ੍ਰੀ ਸਤਿਗੁਰੂ ਜੀ ਨੂੰ ਸ਼ਹੀਦੀ ਜਥੇ ਦੇ ਸਮਾਚਾਰ ਸੁਣਾਏ। ਸਾਡੇ ਸਮਕਾਲੀ ਲੇਖਕ ਦੀ ਅਗਵਾਹੀ ਇਸ ਪ੍ਰਕਾਰ ਮਿਲਦੀ ਹੈ।

"ਸ੍ਰੀ ਸਤਿਗੁਰੂ ਜੀ ਸਿਆੜ੍ਹ ਉਤਰੇ ਹੋਏ ਸੇ। ਕਾਹਨ ਸਿੰਘ ਨੂੰ ਬਚਨ ਕੀਤਾ ਸਤਿਗੁਰੂ ਜੀ ਦੇਖ ਤਾਂ ਤੋਪ ਭਰਮਾਰ ਹੈ ? ਜਾਂ ਆਵਾਜਾ ਸੁਣਿਆ ਤਾਂ ਕਹਿਣੇ ਲਗਾ ਤੋਪ ਭਰਮਾਰ ਹੈ। ਸਤਿਗੁਰੂ ਜੀ ਬਚਨ ਕੀਤਾ- ਸਿੰਘ ਚੜ੍ਹ ਗਏ ਹੈਂ ਨਹੀਂ ਤਾਂ ਬੇਸਿਦਕ ਹੋਣਾ ਪੈਂਦਾ, ਹੁਣ ਚੰਗਾ ਹੋਇਆ। ਬਚਨ ਹੋਇਆ ਦੋਇ ਸ਼ਸਤਰ ਹੈਂ। ਇਕ ਤਾਂ ਨੀਵਾਂ ਹੋਇ ਜਾਣਾ, ਦੂਜਾ ਏਹੁ ਹੈ ਜੋ ਹਾਥ ਮੈ ਆਇ ਜਾਏ ਭਾਵੇਂ ਛਿਤਰ ਹੀ, ਤਾਂ ਅੱਗੇ ਨੂੰ ਜਾਏ ਨਾ ਮੁੜੇ। ਅੱਗੇ ਨੂੰ ਜਾਣਾ ਸੂਰਮੇ ਦਾ ਧਰਮ ਹੈ ਪਰ ਨਿਮਖੀ ਕਾ ਸ਼ਸਤਰ ਬਡਾ ਹੈ।

"ਸੌਣ ਸਿੰਘ ਨੇ ਸ੍ਰੀ ਸਤਿਗੁਰੂ ਜੀ ਦਾ ਸਿਆੜ੍ਹ ਜਾਇ ਦਰਸ਼ਨ ਕੀਤਾ। ਸਾਰਾ ਹਾਲ ਸੁਣਾਇਆ ਕੇ ਏਤਨਾ ਕੂ ਤਾਂ ਭਾਣਾ ਵਰਤਾਇਆ ਹੈ ਸਿੰਘਾਂ ਨੇ। ਸ੍ਰੀ ਸਤਿਗੁਰੂ ਜੀ ਬਚਨ ਕੀਤਾ- ਭਾਈ ਬੁਰੀ ਕੀਤੀ ਸਲੋਤਰਾਂ ਵਾਲਿਆਂ ਨੇ ਤੁਰਕਾਂ ਦੇ ਨਾਲ। ਬਚਨ ਕੀਤਾ ਸੌਣ ਸਿੰਘ ਤੈਨੇਂ ਪੁੱਤ ਕਾ ਮੋਹ ਕੀਤਾ ਹੈ। (ਜੋ ਇਹ ਸਿੰਘ ਜਥੇਦਾਰ ਦੇ ਕਹਿਣ ਤੇ ਜਥੇ ਵਿੱਚੋਂ ਆ ਗਿਆ)। ਉਨ੍ਹਾਂ ਕੀ ਭਾਈ ਏਹ ਮੰਗ ਸੀ, ਓਨਾਂ ਨੇ ਅੱਗੇ ਭੀ ਸੀਸ ਦੀਏ ਹੈਂ।

"ਸਿਆੜ੍ਹ ਮੈਂ ਸ੍ਰੀ ਸਤਿਗੁਰੂ ਜੀ ਬਚਨ ਕੀਤਾ ਅਸੀਂ ਦੇਖ ਆਏ ਹੈਂ ਛਪੜੀ। ਉਸ ਪਰ ਚੱਲ ਇਸ਼ਨਾਨ ਕਰਾਂਗੇ। ਚੰਗਾ ਸੋਹਣਾ ਜਲ ਹੈ। ਸਿਆੜ੍ਹੋਂ ਤੁਰੇ ਉਸੀ ਛਪੜੀ ਪਰ

ਇਸਨਾਨ ਕੀਤਾ ਤੇ ਬਚਨ ਕੀਤਾ ਜੋ ਕੋਈ ਏਸ ਛਪੜੀ ਵਿਚ ਇਸ਼ਨਾਨ ਕਰੇਗਾ ਸੋ ਮੁਕਤ ਹੋਵੇਗਾ। ਸਿੰਘਾਂ ਨੇ ਉਸ ਛਪੜੀ ਕਾ ਨਾਉਂ ਅਕਾਲ ਸਰ ਧਰ ਲਿਆ।"[5]

੧ ਮਾਘ ੧੯੩੧ ਬਿਕਰਮੀ ਮੁਤਾਬਿਕ ੧੪ ਜਨਵਰੀ ੧੮੭੫ ਈ. ਨੂੰ ਭਾਈ ਅਤਰ ਸਿੰਘ ਲੋਹਗੜ੍ਹ ਨੇ ਲੜਕਾ ਜਨਮੇ ਦੀ ਖੁਸ਼ੀ ਵਿੱਚ, ਸਰਕਾਰ ਤੋਂ ਮਨਜ਼ੂਰੀ ਲੈ ਕੇ ਅਖੰਡ ਪਾਠਾਂ ਦੇ ਭੋਗ ਪੁਆਉਣੇ ਸਨ। ਪੁਲੀਸ ਨੂੰ ਅਤੇ ਪਰਸ਼ਾਸ਼ਨ ਨੂੰ ਨਾਮਧਾਰੀ ਸਿੰਘਾਂ ਦਾ ਲੋਹਗੜ੍ਹ (ਥਾਣਾ ਡੇਹਲੋਂ) ਵਿਖੇ ਇਕੱਠਿਆਂ ਹੋਣਾ ਭਾਵੇਂ ਮਨਜ਼ੂਰੀ ਨਾਲ ਹੀ ਸੀ, ਚੰਗਾ ਨਾ ਲੱਗਾ। ਪਾਠੀ, ਧੂਪੀਏ, ਲਾਂਗਰੀ, ਪਹਿਰੂ ਅਤੇ ਹੋਰ ਕਥਾ ਕਰਨ, ਸੁਣਨ ਵਾਲੇ ਸਿੰਘਾਂ ਨੂੰ ਵੀ ਗ਼ੈਰ ਕਾਨੂੰਨੀ ਸਭਾ ਵਿੱਚ ਸ਼ਾਮਲ ਹੋਣ ਦਾ ਦੋਸ਼ ਲਾ ਕੇ, ਗ੍ਰਿਫਤਾਰ ਕਰ ਲਿਆ ਅਤੇ ਸਜ਼ਾਵਾਂ ਦਿੱਤੀਆਂ। ਇਸ ਅਖੰਡ ਪਾਠ ਦੇ ਬਹਾਨੇ ਜਿਹਨਾਂ ਨੂੰ ਸਜ਼ਾਵਾਂ ਦਿੱਤੀਆਂ, ਉਹਨਾਂ ਵਿੱਚ ਸਿਆਹੜ ਦੇ ਵਸਾਵਾ ਸਿੰਘ, ਲਾਲ ਸਿੰਘ ਅਤੇ ਅਮਰ ਸਿੰਘ ਸ਼ਾਮਲ ਸਨ। ਸੰਤ ਵਸਾਵਾ ਸਿੰਘ ਜਾ ਬਸਾਵਾ ਸਿੰਘ ਦਾ ਪਿਤਾ ਦਸੌਂਧਾ ਸਿੰਘ ਸੀ। ਵਾਹੀ ਕਰਦਾ ਸੀ। ਰੰਗ ਸਾਫ, ਗੋਲ ਚਿਹਰਾ, ਵੱਡੀਆਂ ਅੱਖਾਂ, ਚਪਟਾ ਨੱਕ, ਦਾਹੜਾ ਤੇ ਮੁਛਹਿਰੇ ਭਰਵੇਂ, ਸਰੀਰ ਤੇ ਕੱਦ ਦਰਮਿਆਨਾ, ਉਮਰ ੪੨ ਸਾਲ ਸੀ। ਉਸਨੂੰ ੧੫ ਜਨਵਰੀ ੧੮੭੫ ਨੂੰ ਇੱਕ ਗ਼ੈਰ ਕਾਨੂੰਨੀ ਸਭਾ ਦਾ ਮੈਂਬਰ ਹੋਣ ਕਾਰਨ ਗ੍ਰਿਫਤਾਰ ਕੀਤਾ ਗਿਆ। ਸੰਨ ੧੮੭੨ ਦੇ ਐਕਟ ਦਸ ਦੀ ਦਫਾ ੫੦੫ ਤਹਿਤ ਉਸ ਤੇ ਮੁਕੱਦਮਾ ਚਲਾ ਕੇ ਦੋਸ਼ੀ ਠਹਿਰਾਇਆ। ਉਸ ਤੋਂ ਦੋ ਸੌ ਰੁਪੈ ਦੀ ਜ਼ਮਾਨਤ ਨਾ ਮਿਲਣ ਸਦਕਾ ਹੀ ੯ ਮਹੀਨੇ ਕੈਦ ਕੀਤੀ ਗਈ, ੨ ਮਾਰਚ ੧੮੭੫ ਈ. ਨੂੰ। ਉਹ ਕੋਈ ਕਾਰ ਵਿਹਾਰ ਨਹੀਂ ਕਰਦਾ ਸਗੋਂ ਕੂਕਿਆਂ ਦੀਆਂ ਸਭਾਵਾਂ ਵਿੱਚ ਸ਼ਾਮਲ ਹੋਣ ਲਈ ਘੁੰਮਦਾ ਰਹਿੰਦਾ ਹੈ। ਉਸ ਬਾਰੇ ਕਿਹਾ ਜਾਂਦਾ ਹੈ ਕਿ ਉਹ ਭਲਾ ਪੁਰਖ ਨਹੀਂ।[6] ਸਰਕਾਰੀ ਟਿੱਪਣੀ ਦੱਸਦੀ ਹੈ ਕਿ ਸੰਤ ਵਸਾਵਾ ਸਿੰਘ ਸਿਆਹੜ, ਸਰਕਾਰ ਦੀਆਂ ਨਜ਼ਰਾਂ ਵਿੱਚ ਕਿਤਨੇ ਖ਼ਤਰਨਾਕ ਕੂਕੇ ਸਨ।

ਉਪਰੋਕਤ ਢੰਗ ਨਾਲ ਹੀ ਇਸੇ ਪਿੰਡ ਦੇ ਲਾਲ ਸਿੰਘ ਜਮਾਂਦਾਰ ਨੂੰ ਵੀ ਲੋਹਗੜ੍ਹ ਅਖੰਡ ਪਾਠ ਕੇਸ ਵਿੱਚ ੯ ਮਹੀਨੇ ਕੈਦ ਅਤੇ ੨੦੦ ਰੁਪੈ ਜੁਰਮਾਨੇ ਦੀ ਸਜ਼ਾ ਕੱਟਣੀ ਪਈ। ਉਹਨਾਂ ਬਾਰੇ ਵੀ ਲਿਖਿਆ ਹੈ ਕਿ ਘੁਮੱਕੜ ਹੈ ਅਤੇ ਕੂਕਾ ਸਭਾਵਾਂ ਵਿੱਚ ਭਾਗ ਲੈਂਦਾ ਹੈ। ਇਹ ਗੋਪਾਲ ਸਿੰਘ ਲੰਬੜਦਾਰ ਦਾ ਪੁੱਤਰ ਹੈ। ਕੋਈ ਕੰਮ ਧੰਦਾ ਨਹੀਂ ਕਰਦਾ। ਕਣਕ ਵੰਨਾ ਰੰਗ। ਛੋਟੀਆਂ ਅੱਖਾਂ, ਲੰਬਾ ਨੱਕ, ਭਰਵਾਂ ਦਾਹੜਾ, ਕੱਦ ਅਤੇ ਸਰੀਰ ਦਰਮਿਆਨਾ ਹੈ, ਉਮਰ ੩੮ ਸਾਲ ਹੈ। ਲਾਲ ਸਿੰਘ ਬਾਰੇ ਇਹ ਵੀ ਕਿਹਾ ਜਾਂਦਾ ਹੈ ਕਿ ਆਪਣੀ ਅੰਤਿਮ ਸਿਆਹੜ ਫੇਰੀ ਸਮੇਂ ਸਤਿਗੁਰੂ ਰਾਮ ਸਿੰਘ ਜੀ ਉਸ ਦੇ ਘਰ ਵੀ ਰੁਕੇ ਸਨ।[7]

ਇਸੇ ਤਰ੍ਹਾਂ ਰਣ ਸਿੰਘ ਦਾ ਪੁੱਤਰ ਲਾਲ ਸਿੰਘ ਵਾਹੀਵਾਨ, ਉਮਰ ੩੫ ਸਾਲ ਵੀ ਸਿਆਹੜ ਦਾ ਜ਼ੇਰ ਨਿਗਰਾਨੀ ਕੂਕਾ ਸੀ। ਹੁਲੀਏ ਦੇ ਖਾਨੇ ਵਿੱਚ ਲਿਖਿਆ ਸੀ, ਰੰਗ ਸਾਫ, ਚਿਹਰਾ ਗੋਲ, ਛੋਟੀਆਂ ਬਿੱਲੀਆਂ ਅੱਖਾਂ, ਹੇਠਲੇ ਜਬਾੜੇ ਦਾ ਇੱਕ ਦੰਦ ਟੁੱਟਾ ਹੋਇਆ, ਭਰਵਾਂ ਦਾਹੜਾ, ਕੱਦ ਅਤੇ ਸਰੀਰ ਦਰਮਿਆਨਾ। ਉਹ ਗੁਰੂ ਰਾਮ ਸਿੰਘ

ਅਤੇ ਬਾਬਾ ਬੁੱਧ ਸਿੰਘ (ਗੁਰੂ ਹਰੀ ਸਿੰਘ) ਦਾ ਕੱਟੜ ਪੈਰੋਕਾਰ ਹੈ।[8] ਪੰਜਾਬ ਦੇ ਮਹੱਤਵਪੂਰਨ ਕੂਕਾ ਕਾਰਕੁੰਨਾਂ ਵਾਲੀ ਸੂਚੀ ਵਿੱਚ ਸਿਆਹੜ ਪਿੰਡ ਦੇ ਉੱਪਰ ਵਰਣਿਤ ੬ ਕੂਕਿਆਂ ਦਾ ਨਾਮ ਆਉਣਾ ਹੀ ਇਸ ਪਿੰਡ ਦੀ ਕੂਕਾ ਲਹਿਰ ਵਿੱਚ ਉੱਭਰਵੀਂ ਭੂਮਿਕਾ ਦਾ ਪ੍ਰਤੀਕ ਬਣ ਜਾਂਦਾ ਹੈ।

ਸੱਤ ਪੱਤੀਆਂ ਵਾਲਾ ਸਿਆਹੜ ਪਿੰਡ ਪੰਧੇਰ ਗੋਤ ਦੇ ਬੱਤੀ ਪਿੰਡਾਂ ਵਿੱਚੋਂ ਇੱਕ ਪਿੰਡ ਹੈ। ਸਤਿਗੁਰੂ ਰਾਮ ਸਿੰਘ ਜੀ ਨਾਲ ਦੇਸ ਬਦਰ ਕੀਤਾ ਗਿਆ ਮਲੌਦ ਦਾ ਸੂਬਾ ਪਹਾੜਾ ਸਿੰਘ ਵੀ ਪੰਧੇਰ ਗੋਤੀ ਹੀ ਸੀ। ਇਸ ਪਿੰਡ ਦੀ ਜੂਹ ਨੂੰ ਕਦੇ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀ ਚਰਨ ਛੋਹ ਪ੍ਰਾਪਤ ਹੋਈ ਸੀ। ਸਿਆਹੜ ਦਾ ਉੱਪਰ ਵਰਣਿਤ ਭਾਈ ਬੇਲਾ ਸਿੰਘ, ਸਤਿਗੁਰੂ ਰਾਮ ਸਿੰਘ ਜੀ ਦੀ ਸੈਨਿਕ ਨੌਕਰੀ ਸਮੇਂ ਨੌਨਿਹਾਲ ਸਿੰਘ ਰੈਜੀਮੈਂਟ ਵਿੱਚ ਹੀ ਸੀ ਜੋ ਕਿ ਪਿੰਡ ਦੇ ਮੌਖਿਕ ਇਤਿਹਾਸ ਤੋਂ ਗਿਆਤ ਹੁੰਦਾ ਹੈ, ਜਿਸਨੂੰ "ਭੁੱਲੇ ਵਿਸਰੇ ਇਤਿਹਾਸ ਦੇ ਪੰਨੇ" ਪੁਸਤਕ ਦੇ ਰੂਪ ਵਿੱਚ ਬਖਸ਼ੀਸ਼ ਸਿੰਘ ਪੱਤੀ ਲੋਦੀ ਪਿੰਡ ਸਿਆਹੜ ਨੇ ਕਲਮ ਬੰਦ ਕਰਕੇ, ਸੀਨਾ-ਬ-ਸੀਨਾ ਤੁਰੀਆਂ ਆਉਂਦੀਆਂ ਬਹੁਤ ਸਾਰੀਆਂ ਵਾਰਦਾਤਾਂ ਨੂੰ ਸੰਭਾਲ ਲਿਆ ਹੈ। ਇਹਨਾਂ ਦੇ ਮੁਤਾਬਿਕ ਲਾਲ ਸਿੰਘ ਜਮਾਂਦਾਰ (ਜਾਂ ਲੰਬੜਦਾਰ) ਕੂਕਾ ਪੰਥ ਦੀ ਸਾਜਨਾ ਤੋਂ ਛੇਤੀ ਬਾਅਦ ਹੀ ਭੈਣੀ ਸਾਹਿਬ ਜਾ ਕੇ ਨਾਮ ਦੀ ਦਾਤ ਲੈ ਕੇ ਪਰਤਿਆ ਸੀ ਅਤੇ ਸਤਿਗੁਰੂ ਜੀ ਨੂੰ ਸਿਆਹੜ ਆਉਣ ਦਾ ਨਿਮੰਤਰਣ ਵੀ ਦੇ ਆਇਆ ਸੀ। ਫਿਰ ਉਸਨੇ ਆਪਣੇ ਹਮਜੋਲੀਆਂ ਵਸਾਵਾ ਸਿੰਘ ਤੇ ਬੇਲਾ ਸਿੰਘ ਪੱਤੀ ਆਲੋ, ਭਾਈ ਸੁੱਧ ਸਿੰਘ ਪੱਤੀ ਰਾਜੋ ਨੂੰ ਨਾਲ ਲੈ ਕੇ ਕੱਤਕ ਪੁੰਨਿਆ ਸਮੇਂ, ਸ੍ਰੀ ਭੈਣੀ ਸਾਹਿਬ ਗੁਰ ਦਰਸ਼ਨ ਜਾ ਕੀਤੇ ਅਤੇ ਇੱਕ ਵੇਰ ਫਿਰ ਗੁਰੂ ਜੀ ਨੂੰ ਨਵੇਂ ਸਜੇ ਸਿੰਘਾਂ ਨੇ ਪਿੰਡ ਆਉਣ ਦੀ ਬੇਨਤੀ ਕੀਤੀ। ਇਸੇ ਸਾਲ ੧੧ ਮੱਘਰ ਨੂੰ ਲੋਦੀ ਦੀ ਪੱਤੀ ਸਤਿਗੁਰੂ ਜੀ ਨੇ ਦਰਸ਼ਨ ਦਿੱਤੇ। ਹਿੰਦੂ ਮੁਸਲਮਾਨ ਵੀ ਆਏ ਸਿੱਖਾਂ ਤਾਂ ਆਉਣਾ ਹੀ ਸੀ। ਘਰੋ ਘਰੀ ਚਰਨ ਪਾ ਕੇ ਸ਼ਾਮ ਨੂੰ ਸਤਿਗੁਰੂ ਜੀ ਘੋੜੀਆਂ ਤੇ ਅਸਵਾਰ ਹੋ ਕੇ ਵਾਪਸ ਪਰਤ ਗਏ। ਇਹ ਦਰਸ਼ਨ ਪੰਥ ਸਾਜਨਾ ਵਾਲੇ ਸਾਲ ਦੇ ਹੀ ਹਨ। ਸੰਨ ੧੮੫੮ ਈ. ਵਿੱਚ ਇੱਕ ਦਿਨ ਸ਼ਾਮ ਦੇ ਦੀਵਾਨ ਸਮੇਂ ਦਰਸ਼ਨ ਦਿੱਤੇ। ਬਾਅਦ ਵਿੱਚ ਸਤਿਗੁਰੂ ਜੀ ਸਿੰਘਾਂ ਨਾਲ ਸੈਰ ਕਰਦੇ ਬਾਹਰ ਨਿਕਲ ਗਏ। ਆਪ ਜੀ ਦੇ ਪੁੱਛਣ ਤੇ ਕਿ ਇੱਥੇ ਝਾੜੀਆਂ ਵਿੱਚ ਕੀ ਹੈ ? ਸਿੰਘਾਂ ਨੇ ਕਿਹਾ ਕਿ ਇੱਥੇ ਛੇਵੇਂ ਪਾਤਸ਼ਾਹ ਕੁਝ ਦਿਨ ਬਿਰਾਜੇ ਸਨ। ਇੱਥੇ ਹੀ ਉਹਨਾਂ ਦਾ ਪਿਆਰਾ ਘੋੜਾ ਦਿਲਬਾਗ ਚਾਲੇ ਪਾ ਗਿਆ ਸੀ। ਆਪ ਜੀ ਨੇ ਸਿੰਘਾਂ ਨੂੰ ਗੁਰੂ ਕੇ ਅਸਥਾਨ ਦੀ ਸੰਭਾਲ ਕਰਨ ਅਤੇ ਯਾਦਗਾਰ ਬਨਾਉਣ ਦੀ ਤਾਕੀਦ ਕੀਤੀ। ਪਿੰਡੋਂ ਬਾਹਰ ਝੱਮਟ ਰੋਡ ਤੇ ਸੰਤ ਬਾਬਾ ਮੀਹਾ ਸਿੰਘ ਜੀ ਸਿਆਹੜ ਵਾਲਿਆਂ ਦੀ ਨਿਗਰਾਨੀ ਹੇਠ, ਇੱਥੇ ਛੇਵੇਂ ਪਾਤਸ਼ਾਹ ਜੀ ਦੀ ਯਾਦ ਵਿੱਚ ਗੁਰੂ ਘਰ ਉੱਸਰਿਆ ਹੈ। ਇਸ ਤੋਂ ਪਹਿਲਾਂ ਸੰਨ ੧੯੦੭ ਈ. ਵਿੱਚ ਸਿਆਹੜ ਦੇ ਕੂਕਿਆਂ ਨੇ ਇੱਥੇ ਇੱਕ ਗੁਰਦੁਆਰਾ ਉਸਾਰ ਦਿੱਤਾ ਸੀ ਜੋ ਫਿਰ ਸ਼ਿਰੋਮਣੀ ਕਮੇਟੀ ਨੇ ਲੈ ਲਿਆ ਸੀ।[9]

ਸਤਿਗੁਰੂ ਜੀ ਆਪਣੀ ਇਸ ਪਿੰਡ ਦੀ ਫੇਰੀ ਸਮੇਂ, ਸਭ ਮਾਈ ਭਾਈ ਨੂੰ ਗੁਰਮੁਖੀ

ਅੱਖਰ ਪੜ੍ਹ ਕੇ, ਗੁਰਬਾਣੀ ਦੇ ਪਾਠੀ ਬਣਨ ਦੀ ਆਗਿਆ ਕਰਦੇ ਸਨ। ਪੰਜ ਸਿੰਘ ਜੋ ਚੰਗੇ ਪਾਠੀ ਬਣ ਗਏ ਉਹ ਇਹ ਸਨ– ਲਾਲ ਸਿੰਘ ਪੁੱਤਰ ਕਾਹਨਾ ਸਿੰਘ ਪੱਤੀ ਲੋਦੀ, ਵਸਾਵਾ ਸਿੰਘ ਪੁੱਤਰ ਦਸੌਂਧਾ ਸਿੰਘ ਪੱਤੀ ਆਲੋ, ਭਗਵਾਨ ਸਿੰਘ ਪੁੱਤਰ ਸੇਢਾ ਸਿੰਘ ਪੱਤੀ ਮਾਈਆਂ, ਸੁੱਧ ਸਿੰਘ ਪੁੱਤਰ ਖੜਕਾ ਪੱਤੀ ਰਾਜੂ ਅਤੇ ਅਮਰ ਸਿੰਘ। ਲਾਲ ਸਿੰਘ ਤੇ ਵਸਾਵਾ ਸਿੰਘ ਦਾ ਆਪੋ ਵਿੱਚ ਬਹੁਤ ਪ੍ਰੇਮ ਹੋ ਗਿਆ। ਬਾਬਾ ਲਾਲ ਸਿੰਘ, ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕਰਨ ਖਟੜੇ ਜਾਣਾ ਚਾਹੁੰਦਾ ਸੀ, ਘਰਦਿਆਂ ਨੇ ਰੋਕ ਦਿੱਤਾ ਕਿ ਕੰਮ ਦਾ ਹਰਜ਼ਾ ਹੁੰਦਾ ਹੈ। ਲਾਲ ਸਿੰਘ ਨੇ ਨੀਵੇਂ ਖੂਹ ਵਿੱਚ ਛਾਲ ਮਾਰ ਦਿੱਤੀ। ਘਰਦਿਆਂ ਤੇ ਹੋਰ ਲੋਕਾਂ ਨੇ ਬਾਹਰ ਕੱਢ ਕੇ, ਕਿਹਾ, 'ਜਾਓ ਕਰੋ ਆਪਣੇ ਸਤਿਗੁਰੂ ਦੇ ਦਰਸ਼ਨ ਹੁਣ ਨਾ ਅਸੀਂ ਕਦੇ ਰੋਕੀਏ।'[10]

ਇਸ ਪੁਸਤਕ ਦੇ ਮੁਤਾਬਿਕ ਅਤੇ ਸੰਤ ਇੰਦਰ ਸਿੰਘ ਦੇ ੧੯੩੯ ਈ. ਦੇ ਜ਼ਬਤ ਸ਼ੁਦਾ ਬਸੰਤ ਅੰਕ (ਸਤਿਜੁਗ ਦਾ ਸਾਲਾਨਾ ਅੰਕ) ਵਿੱਚ ਛਪੇ ਲੇਖ "ਅਪੂਰਵ ਬਲੀਦਾਨ" ਦੇ ਮੁਤਾਬਿਕ, ਸਤਿਗੁਰੂ ਜੀ ਦਾ ਅੰਤਿਮ ਵਿਸ਼ਰਾਮ ਸਿਆਹੜ ਭਾਈ ਲਾਲ ਸਿੰਘ ਦੇ ਘਰ ਹੋਇਆ। ਘੋੜੀਆਂ ਸੁੱਧ ਸਿੰਘ ਵੱਲ ਇੱਕ ਖੇਤ–ਕਾਮੇ ਲੜਕੇ ਬਖਸ਼ੀ ਨੇ ਸੰਭਾਲੀਆਂ। ਸੁੱਧ ਸਿੰਘ ਨੇ ਕੱਚੀ ਕਣਕ ਵਢਾ ਕੇ ਚਾਰ ਦਿੱਤੀ। ਸਵੇਰੇ ਆਪ ਨੇ ਲਾਲ ਸਿੰਘ ਨੂੰ ਕਿਹਾ ਕਿ ਚਾਦਰਾ ਬੰਨ੍ਹ ਕੇ ਜੱਟ ਦੇ ਭੇਸ ਵਿੱਚ ਮਲੇਰਕੋਟਲੇ ਜਾ ਕੇ ਉੱਥੋਂ ਦੇ ਸਮਾਚਾਰ ਲਿਆਉ। ਦੁਪਹਿਰ ਦਾ ਪਰਸ਼ਾਦ ਬਾਬਾ ਵਸਾਵਾ ਸਿੰਘ ਰਿਖੀ ਦੇ ਘਰ ਛਕਣ ਬਾਅਦ ਬਚਨ ਕੀਤਾ–"ਤੁਹਾਡੇ ਲੰਗਰ ਬਾਅਦ ਰਿਖੀ ਜੀ ਪਤਾ ਨਹੀਂ ਕਦੋਂ ਤੇ ਕਿੱਥੇ ਦਾ ਲੰਗਰ ਛਕਣਾ ਮਿਲਣਾ ਹੈ?" ਇੱਕ ਕਿਸਮ ਦਾ ਪੰਜਾਬ ਦੀ ਧਰਤੀ ਤੇ ਉਸ ਸਮੇਂ ਸਤਿਗੁਰੂ ਜੀ ਤੇ ਚਾਰ ਸੂਬਿਆਂ ਦਾ ਇਹ ਆਖਰੀ ਲੰਗਰ ਸੀ। ਬਾਬੇ ਲਾਲ ਸਿੰਘ ਦੇ ਮੁੜਦਿਆਂ ਨੂੰ ਸਤਿਗੁਰੂ ਜੀ ਸਿਆਹੜ ਤੋਂ ਚਾਲੇ ਪਾ ਚੁੱਕੇ ਸਨ ਸੋ ਉਸ ਹਨੇਰੇ ਹੋਏ ਸ੍ਰੀ ਭੈਣੀ ਸਾਹਿਬ ਪੁੱਜ ਕੇ, ਸਤਿਗੁਰੂ ਜੀ ਨੂੰ ਕੋਟਲੇ ਦੇ ਹਿਰਦੇ ਵੇਧਕ ਸਮਾਚਾਰ ੪੯+੧=੫੦ ਸਿੰਘਾਂ ਦੀ ਸ਼ਹੀਦੀ ਦੇ ਸੁਣਾਏ। ਸੁਣਦਿਆਂ ਸੁਣਾਉਂਦਿਆਂ, ਸਤਿਗੁਰੂ ਜੀ ਅਤੇ ਸਿੰਘਾਂ ਦੇ ਨੇਤਰ ਤਰ ਹੋ ਗਏ। ਸਤਿਗੁਰੂ ਜੀ ਨੇ ਲਾਲ ਸਿੰਘ ਹੋਰਾਂ ਨੂੰ ਕਿਹਾ ਕਿ ਤੋਪਾਂ ਚੱਲਦੀਆਂ, ਉਹਨਾਂ ਦੁਪਹਿਰ ਤੋਂ ਬਾਅਦ ਵਸਾਵਾ ਸਿੰਘ ਹੋਰਾਂ ਦੇ ਘਰੇ, ਸਿਆਹੜ ਸੁਣ ਲਈਆਂ ਸਨ। ਅੱਗੇ ਹੋਰ ਕਰੜਾ ਭਾਣਾ ਵਰਤਣਾ ਹੈ। ਤੁਸੀਂ ਕਮਾਲ ਕਰ ਦਿੱਤੀ। ਤੀਹ ਕੋਹ ਵਾਟ ਕਰਕੇ ਇੱਥੇ ਪੁੱਜੇ ਹੋ। ਪਹਿਲਾਂ ਸਵੇਰੇ ਸਿਆਹੜੋਂ ਤੁਰੇ ਵੀ ਕੋਟਲੇ ਨੂੰ ਫਿਰ ਉੱਥੋਂ ਸਿਆਹੜ ਤੇ ਹੁਣ ਭੈਣੀ ਸਾਹਿਬ। ਬਾਬੇ ਲਾਲ ਸਿੰਘ ਨੇ ਉਸ ਅੰਤਾਂ ਦੇ ਸਰਦ, ਕਿਣਮਿਣ ਵਾਲੇ ਦਿਨ, ਪੰਜਾਹ ਕੋਹ ਪੈਂਡਾ ਪੈਰੀਂ ਤੁਰ ਕੇ ਕੀਤਾ। ਬਾਬਾ ਲਾਲ ਸਿੰਘ ਬਚਨ ਮੰਨ ਕੇ ਮੁੜ ਪਏ। ਥਕੇਵਾਂ ਲਾਹੁਣ ਲਈ ਲਾਟੋਂ ਦੇ ਲਾਗੇ ਇੱਕ ਟਿੱਬੇ ਤੇ ਰਤਾ ਟੇਢੇ ਹੋ ਗਏ ਧੁੱਸਾ ਉੱਤੇ ਲੈ ਕੇ। ਕੁਝ ਸਮੇਂ ਬਾਅਦ ਅੱਗੇ ਪਿੱਛੇ ਪੁਲੀਸ ਦੀ ਗਾਰਦ, ਵਿਚਾਲੇ ਗੱਡਾ। ਕਾਲੀ ਕੰਬਲੀ ਦੀ ਬੁੱਕਲ ਮਾਰੀ "ਪਰਦੇਸੀ ਪ੍ਰੀਤਮ" ਲੰਮੇ ਪੰਧ ਤੇ ਪੈ ਚੁੱਕੇ ਸਨ। ਇਹ ਰਾਤ ਬਾਬਾ ਲਾਲ ਸਿੰਘ ਨੇ ਛੰਦੜੀਂ ਜਾ ਕੱਟੀ। ੧੯ ਜਨਵਰੀ ਨੂੰ ਉਸ ਸਿਆਹੜ ਪੁੱਜ ਕੇ ਪਰਦੇਸ ਗਮਨ ਸਾਕਾ ਸੁਣਾ ਦਿੱਤਾ।[11]

ਇਸ ਲਿਖਤ ਮੁਤਾਬਿਕ ਲੋਹਗੜ੍ਹ ਅਖੰਡ ਪਾਠਾਂ ਦੀ ਸਜ਼ਾ ਵਜੋਂ ਜ਼ਿਲ੍ਹਾ ਪਰਸ਼ਾਸ਼ਨ ਲੁਧਿਆਣਾ ਨੇ ਬਾਬਾ ਲਾਲ ਸਿੰਘ ਦੀ ਲੰਬੜਦਾਰੀ ਕੱਟ ਕੇ, ਉਸ ਦੇ ਭਤੀਜੇ ਬੀਰ ਸਿੰਘ ਨੂੰ ਲਿਖ ਦਿੱਤੀ। ਐਸ. ਪੀ. ਬਾਰਬਟਨ ਕਹਿਣ ਲੱਗਾ, 'ਕਿਉਂ ਲਾਲ ਸਿੰਘ-ਹਮਨੇ ਠੀਕ ਕੀਆ।'

"ਬਾਬੇ ਲਾਲ ਸਿੰਘ ਹੱਸ ਕੇ ਕਿਹਾ ਬਹੁਤ ਠੀਕ ਸਾਹਿਬ! ਯਾਦ ਰੱਖਿਉ, ਐਸੀਆਂ ਕਿਤਾਬਾਂ ਜ਼ਬਤ ਕਰਕੇ ਪਾੜੀਆਂ ਜਾ ਸੱਕਦੀਆਂ ਹਨ, ਸਾੜੀਆਂ ਜਾ ਸੱਕਦੀਆਂ ਹਨ, ਕਿਤਾਬਾਂ ਵਿੱਚ ਅਦਲਾ ਬਦਲੀ ਕੀਤੀ ਜਾ ਸਕਦੀ ਹੈ, ਪਰ ਕਿਤਾਬਾਂ ਵਿੱਚ ਲਿਖੇ ਮਹਾਂ ਪੁਰਖਾਂ ਦੇ ਅਗੰਮੀ ਵਾਕ ਨਹੀਂ ਮਿਟ ਸੱਕਦੇ, ਕਿਸੇ ਦਿਨ ਪੂਰੇ ਹੋ ਕੇ ਰਹਿਣਗੇ (ਆਪ ਕੇ ਡੇਰੇ ਕੂਚ)।" ਇਹ ਖਰੀਆਂ ਖਰੀਆਂ ਸੁਣਨ ਕਰਕੇ ਬਾਬਿਆਂ ਨੂੰ ਹੋਰ ਦੋ ਸਾਲ ਲਈ ਜਿਹਲ ਭੇਜ ਦਿੱਤਾ। ਰਿਹਾ ਹੋ ਕੇ ਬਾਬੇ ਭੈਣੀ ਸਾਹਿਬ ਗੁਰੂ ਹਰੀ ਸਿੰਘ ਜੀ ਦਾ ਦਰਸ਼ਨ ਕਰਕੇ, ਅੰਮ੍ਰਿਤ ਛਕ ਕੇ, ਫਿਰ ਸੋਧ ਮਰਿਆਦਾ ਧਾਰਨ ਕਰ ਆਏ।[12] ਸੌ ਸਾਖੀ ਵਿੱਚ ਅੰਗ੍ਰੇਜ਼ੀ ਰਾਜ ਦੇ ਕਾਇਮ ਹੋਣ, ਸਤਿਗੁਰੂ ਰਾਮ ਸਿੰਘ ਜੀ ਪ੍ਰਗਟ ਹੋਣ ਅਤੇ ਅੰਗਰੇਜ਼ੀ ਰਾਜ ਦੇ ਖਾਤਮੇ ਦੇ ਭੌਵਿੱਖਤ ਬਚਨ ਮਿਲਦੇ ਸਨ। ਲੋਹਗੜ੍ਹ ਵਿਖੇ ਇਹ ਸਿੰਘ ਸੌ ਸਾਖੀ ਪੜ੍ਹਦੇ ਸਨ ਜਿਸ ਕਾਰਨ ਉਹਨਾਂ ਨੂੰ ਬਾਗੀ ਪਰਚਾਰ ਦੀ ਸੰਗਿਆ ਹੇਠ ਵਾਧੂ ਸਜ਼ਾ ਕੱਟਣੀ ਪਈ। ਉਸ ਸਮੇਂ ਕੂਕੇ ਸਿੰਘ ਹੀ ਲੁਕ ਛਿਪ ਕੇ ਦਸਵੇਂ ਪਾਤਸ਼ਾਹ ਦੀਆਂ ਸਾਖੀਆਂ ਦੀ ਇਹ ਪੁਸਤਕ, ਬੜੇ ਚਾਅ ਨਾਲ ਪੜ੍ਹਿਆ ਕਰਦੇ ਸਨ। ਸਿਆਹੜ ਪਿੰਡ ਵਿੱਚ ਸੰਤ ਭਗਵਾਨ ਸਿੰਘ ਅੜਬੰਗੀ ਜਿਹੇ ਖਾੜਕੂ ਕੂਕੇ ਵੀ ਵੇਲੇ ਕੁਵੇਲੇ ਆ ਕੇ, ਆਪਣਾ ਸਮਾਂ ਕੱਟ ਜਾਇਆ ਕਰਦੇ ਸਨ। ਸੰਤ ਭਗਵਾਨ ਸਿੰਘ ਅੜਬੰਗੀ ਦੇ ਕਿਰਦਾਰ ਤੋਂ ਇਸ ਪਿੰਡ ਦੇ ਕੂਕੇ ਪ੍ਰਭਾਵਿਤ ਸਨ।

ਸਿਆਹੜ ਪਿੰਡ ਦੀ ਜ਼ਿਆਦਾ ਜ਼ਮੀਨ ਰਾਮਗੜ੍ਹ ਦੇ ਸਰਦਾਰਾਂ ਦੀ ਸੀ। ਉਹਨਾਂ ਨੇ ਵੰਡ ਵੰਡਾਈ ਲਈ ਨੰਦੂ ਪੰਡਿਤ ਨੂੰ ਕਾਰਦਾਰ ਨਿਯੁਕਤ ਕੀਤਾ ਸੀ। ਜਗੀਰਦਾਰੀ ਪ੍ਰਥਾ ਦੇ ਭੈੜੇ ਰਿਵਾਜ ਸਨ। ਕੋਈ ਵੀ ਨਵਾਂ ਵਿਆਹਿਆ ਜੋੜਾ ਪਿੰਡ ਵਿੱਚ ਆਏ ਤਾਂ ਸਭ ਤੋਂ ਪਹਿਲਾਂ ਉਹਨਾਂ ਨੂੰ ਨੰਦੂ ਦੇ ਪਸ਼ੂਆਂ ਲਈ ਪੱਠੇ ਵੱਢ ਕੇ ਲਿਆਉਣੇ ਪੈਂਦੇ। ਹਸਨਾ ਪੱਤੀ ਦੇ ਹਰਨਾਮ ਸਿੰਘ ਦਾ ਨਵਾਂ ਨਵਾਂ ਵਿਆਹ ਹੋਇਆ ਸੀ। ਉਹ ਸਿੰਘਣੀ ਸਮੇਤ ਪੱਠੇ ਲੈਣ ਗਿਆ। ਨੰਦੂ ਪੰਡਾਂ ਚੁਕਾਉਂਦਾ ਸੀ। ਹਰਨਾਮ ਸਿੰਘ ਨੇ ਸਿਰ ਵਿੱਚ ਕਹੀ ਮਾਰ ਕੇ ਪਾਰ ਬੁਲਾ ਦਿੱਤਾ ਅਤੇ ਆਪ ਪਰਿਵਾਰ ਸਮੇਤ ਬਹਾਵਲਪੁਰ ਰਿਆਸਤ ਦੇ ਘੁੱਦਾਂ ਪਿੰਡ ਵਿੱਚ ਖੁੱਲ੍ਹੀ ਜ਼ਮੀਨ ਬਣਾ ਕੇ ਵੱਸ ਗਿਆ। ਉਹ ਇੱਕ ਦੋ ਵੇਰ ਪਿੰਡ ਆਇਆ ਤਾਂ ਮੁੜਦੇ ਨਾਲ, ਬਾਬਾ ਲਾਲ ਸਿੰਘ ਨੇ ਭਗਵਾਨ ਸਿੰਘ ਅੜਬੰਗੀ ਨੂੰ ਤੋਰ ਦਿੱਤਾ ਕਿ ਕੁਝ ਸਮਾਂ ਉਧਰ ਕੱਟ ਲਵੋ। ਅੜਬੰਗੀ ਗੇਂਦਾ ਕਤਲ ਕੇਸ ਵਿੱਚ ਵੀ ਅਤੇ ਬੁੱਚੜ ਬੱਧ ਸਾਕਿਆਂ ਵਿਚ ਵੀ ਮਫਰੂਰ ਸੀ। ਇਹ ਹਰਨਾਮ ਸਿੰਘ ਗੁਰੂ ਹਰੀ ਸਿੰਘ, ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਅਨਿੰਨ ਸਿੱਖ ਸੀ। ਨੀਲਿਆਂ ਵਾਲੀ ਦਾ ਜ਼ੈਲਦਾਰ ਗੁਰਮੁਖ ਸਿੰਘ ਜਦੋਂ ਰਿਆਸਤ ਬਹਾਵਲਪੁਰ ਵਿੱਚ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਦੌਰਾ ਡੱਕਦਾ ਸੀ ਤਾਂ ਇਸੇ ਹਰਨਾਮ ਸਿੰਘ ਨੇ ਅੱਗੇ ਲੱਗ ਕੇ ਦੌਰਾ ਵੀ ਕਰਵਾਇਆ

ਸੀ, ਸੰਨ ੧੯੧੫ ਵਿੱਚ ਅਤੇ ਇਹ ਵੀ ਕਿਹਾ ਸੀ ਕਿ ਜ਼ੈਲਦਾਰ ਦੀ ਕੀ ਤਾਕਤ ਏ ਪਾਤਸ਼ਾਹ ਦਾ ਦੌਰਾ ਡੱਕਣ ਦੀ ? ਪਿੰਡ ਫੂਕ ਦੇਈਏ ਹੁਣੇ ਉਹਦਾ ਸਾਰਾ ਦਾ ਸਾਰਾ।" ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਉਸ ਨੂੰ ਸ਼ਾਂਤ ਕੀਤਾ ਸੀ।[13] ਹਰਨਾਮ ਸਿੰਘ ਬਹੁਤ ਮਸ਼ਹੂਰ ਵਿਅਕਤੀ ਸੀ। ਹੁਣ ਉਸਦਾ ਪਰਿਵਾਰ ਹਰਿਆਣੇ ਦੇ ਸਿਰਸਾ ਜ਼ਿਲ੍ਹੇ ਵਿੱਚ ਭੜੋਲਿਆਂ ਵਾਲੀ, ਮੱਤੂ ਵਾਲਾ ਆਦਿ ਪਿੰਡਾਂ ਵਿੱਚ ਵੱਸਦਾ ਹੈ।

ਭਾਈ ਬਖਸ਼ੀਸ਼ ਸਿੰਘ ਦੀ ਲਿਖਤ ਦੇ ਮੁਤਾਬਿਕ ਸਿਆਹੜ ਦੇ ਦੋ ਸਿੰਘ ਬਾਬਾ ਵਸਾਵਾ ਸਿੰਘ ਅਤੇ ਸੁੱਧ ਸਿੰਘ ਰੰਗੂਨ ਵਿਖੇ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕਰਕੇ ਆਏ ਸਨ। ਸੁੱਧ ਸਿੰਘ ਤਾਂ ਰੰਗੂਨ ਵਿੱਚ ਗੁਆਲੇ ਦੇ ਰੂਪ ਵਿੱਚ ਰਹਿੰਦਾ ਰਿਹਾ, ਸਤਿਗੁਰੂ ਜੀ ਨੂੰ ਦੁੱਧ ਪੁਚਾਉਂਦਾ ਸੀ। ਉਹ ਬਰਮੀ ਵੀ ਬੋਲ ਲੈਂਦਾ ਸੀ। ਲੇਖਕ ਮੁਤਾਬਿਕ ਉਹ ਮਰਗੋਈ ਦਰਸ਼ਨ ਕਰਨ ਜਾਣ ਤੋਂ ਪਹਿਲਾਂ ੮ ਮਾਰਚ ੧੮੮੦ ਈ. ਨੂੰ ਆਪਣੀ ਸਾਰੀ ਜ਼ਮੀਨ ਵੀ ਬੈਅ ਕਰ ਗਿਆ ਸੀ ਜਿਸ ਦੀ ਰਜਿਸਟਰੀ ਦੀ ਨਕਲ ਲੇਖਕ ਨੇ ਪੁਸਤਕ ਦੇ ਅੰਤ ਵਿੱਚ ਦਿੱਤੀ ਹੈ। ਇਹਨਾਂ ਘਟਨਾਵਾਂ ਦੀ ਪੁਸ਼ਟੀ ਹੋਰ ਹਵਾਲਿਆਂ ਤੋਂ ਬੇਸ਼ੱਕ ਨਹੀਂ ਹੁੰਦੀ ਪਰ ਇਸ ਗੱਲ ਦਾ ਪੱਕਾ ਸਬੂਤ ਮਿਲਦਾ ਹੈ ਕਿ ਸਿਆਹੜ ਦੇ ਕੂਕਿਆਂ ਵਿੱਚ, ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਦੀ ਸਿੱਕ, ਪੰਜਾਬ ਦੇ ਬਾਕੀ ਕੂਕਿਆਂ ਤੋਂ ਘੱਟ ਨਹੀਂ ਸੀ।

ਸਿਆਹੜ ਪਿੰਡ ਦਾ ਹੀ ਇੱਕ ਜੱਟਾਂ ਦਾ ਮੁੰਡਾ, ਉਦਾਸੀ ਸਾਧੂ ਬਣਿਆ, ਗਿਆਨ ਦਾਸ ਨਾਮ ਸੀ, ੧੯੯੩ ਈ. ਵਿੱਚ ਗੁਰਦੁਆਰੇ ਭੈਣੀ ਸਾਹਿਬ ਪੁੱਜਿਆ। ਗੁਰੂ ਹਰੀ ਸਿੰਘ ਜੀ ਨੇ ਮਾਤਾ ਜਿਊਣ ਕੌਰ ਜੀ ਨੂੰ ਉਹਦਾ ਧਿਆਨ ਰੱਖਣ ਦਾ ਹੁਕਮ ਕੀਤਾ ਅਤੇ ਦੁੱਧ ਵਿੱਚ ਘਿਉ ਪਾ ਕੇ ਛਕਾਉਣ ਲਈ ਆਦੇਸ਼ ਦਿੱਤਾ। ਸੋਨੇ ਤੇ ਸੁਹਾਗਾ ਇਹ ਹੋਇਆ ਕਿ "ਸਤਿਗੁਰੂ ਬਿਲਾਸ ਪਾਤਸ਼ਾਹੀ ਬਾਰ੍ਹਵੀਂ" ਬ੍ਰਜ ਭਾਸ਼ਾ ਵਿੱਚ ਛੰਦਾ ਬੰਦੀ ਗਰੰਥ ਦੇ ਕਰਤਾ, ਭਾਈ ਧਿਆਨ ਸਿੰਘ ਜੀ ਕਾਦਰਾਬਾਦ (ਜ਼ਿਲ੍ਹਾ ਮਿੰਟਗੁਮਰੀ, ਹੁਣ ਸਾਹੀਵਾਲ, ਪਾਕਿਸਤਾਨ) ਵਾਲੇ ਗੁਣੀਜਨ ਪਾਸੋਂ, ਬਾਵਾ ਗਿਆਨ ਦਾਸ ਨੂੰ ਭੈਣੀ ਸਾਹਿਬ ਰੱਖ ਕੇ, ਵਿੱਦਿਆ ਦੁਆ ਕੇ ਵਿੱਦਵਾਨ ਬਣਾ ਦਿੱਤਾ। ਵਿੱਦਿਆ ਲੈ ਕੇ ਬਾਵਾ ਜੀ ਪਿੰਡ ਆ ਗਏ ਅਤੇ ਸਿਆਹੜ ਵਾਸੀ ਨਾਮਧਾਰੀ, ਗ਼ੈਰ ਨਾਮਧਾਰੀਆਂ ਨੂੰ ਇਕੱਠੇ ਕਰਵਾ ਕੇ ੧੯੯੬ ਈ. ਵਿੱਚ ਗੁਰੂ ਹਰੀ ਸਿੰਘ ਜੀ ਦੀ ਹਜ਼ੂਰੀ ਵਿੱਚ ਜੋੜ ਮੇਲਾ ਸਿਆਹੜ ਵਿੱਚ ਕਰਵਾਇਆ। ਇਸ ਜੋੜ ਮੇਲੇ ਵਿੱਚ ਰਾਮਗੜ੍ਹ ਸਰਦਾਰਾਂ ਦੇ ਸ੍ਰ. ਉੱਤਮ ਸਿੰਘ ਨੇ ਵੀ ਗੁਰੂ ਹਰੀ ਸਿੰਘ ਜੀ ਦੇ ਚਰਨ ਪਰਸੇ। ਉਸ ਇਹ ਵੀ ਆਖਿਆ ਕਿ ਮੈਨੂੰ ਮੇਰੇ ਇਕ ਰਿਸ਼ਤੇਦਾਰ ਸ੍ਰ.ਅਤਰ ਸਿੰਘ ਭਦੌੜ ਤੋਂ ਕੂਕਿਆਂ ਨੂੰ ਦਬਾਉਣ ਲਈ ਸਰਕਾਰ ਦੀ ਸਖਤ ਨੀਤੀ ਦੀ ਸੂਹ ਮਿਲਦੀ ਰਹਿੰਦੀ ਹੈ, ਸ੍ਰ. ਅਤਰ ਸਿੰਘ ਵੀ ਸਰਕਾਰ ਅੰਗਰੇਜ਼ੀ ਦਾ ਹੱਥ ਠੋਕਾ ਬਣਕੇ ਕੂਕਿਆਂ ਵਿਰੁੱਧ ਪੰਜਾਬ, ਹਿੰਦ ਤੇ ਇੰਗਲੈਂਡ ਸਰਕਾਰ ਨੂੰ ਸੂਚਨਾਵਾਂ ਦੇਣ ਲਈ, ਲੁਧਿਆਣੇ ਇਕ "ਭਦੌੜ ਹਾਊਸ" ਬਣਾ ਕੇ ਬੈਠਾ ਹੈ, ਪਰ ਕੂਕਿਆਂ ਦੇ ਸੱਚ ਦੇ ਸੂਰਜ ਨੂੰ ਲੰਮਾ ਸਮਾਂ, ਸਰਕਾਰ ਛੁਪਾ ਕੇ ਨਹੀਂ ਰੱਖ ਸੱਕੇਗੀ। ਇਸ ਨੇ ਪ੍ਰਗਟ ਹੋਣਾ ਹੀ ਹੈ। ਗੁਰੂ ਹਰੀ ਸਿੰਘ ਜੀ ਸੰਗਤ ਨੂੰ ਦੀਵਾਨ ਵਿਚ

ਹੀ ਦਰਸ਼ਨ ਦਿੰਦੇ ਸਨ, ਘਰੋ ਘਰੀ ਚਰਨ ਨਹੀਂ ਸਨ ਪਾਉਂਦੇ, ਤਾਂ ਕਿ ਸਰਕਾਰ ਚਰਨ ਪੁਆਉਣ ਵਾਲਿਆਂ ਤੇ ਸਖਤੀ ਨਾ ਕਰੇ। ਸਤਿਗੁਰੂ ਜੀ ਰਾਤ ਪਿੰਡ ਦੀ ਧਰਮਸ਼ਾਲਾ ਵਿਚ ਹੀ ਬਿਰਾਜੇ ਸਨ।

੧੪ ਮਾਰਚ ੧੮੯੯ ਈ: ਨੂੰ ਸੰਤ ਗਿਆਨ ਦਾਸ ਜੀ ਨੇ ਗੁਰੂ ਹਰੀ ਸਿੰਘ ਦੀ ਹਜ਼ੂਰੀ ਵਿੱਚ ਸਿਆਹੜ ਵਿਖੇ ਦੂਜਾ ਮੇਲਾ ਕਰਵਾਇਆ। ਬਾਬਾ ਲਾਲ ਸਿੰਘ ਦੀ ਸਿੰਘਣੀ ਬੀਬੀ ਇੰਦੋ ਦੇ ਗੁਜ਼ਰਨ ਬਾਅਦ, ਆਏ ਗਏ ਸਿੰਘਾਂ ਦੀ ਪਰਸ਼ਾਦ ਪਾਣੀ ਦੀ ਸੇਵਾ ਬਾਬਾ ਵਸਾਵਾ ਸਿੰਘ ਕਰਦੇ। ਮਹੀਨੇ ਵਿਚ ਦੋਵੇਂ ਬਾਬੇ ਇਕ ਦੋ ਵਾਰ ਭੈਣੀ ਸਾਹਿਬ ਗੁਰੂ ਦਰਸ਼ਨਾਂ ਨੂੰ ਜਾਂਦੇ। ਲੰਢਾ ਪਿੰਡ ਲੰਘ ਕੇ ਖੂਹ ਸੀ, ਪਿੰਡ ਸਿਆਹੜ ਤੇ ਭੈਣੀ ਸਾਹਿਬ ਦੇ, ਅੱਧ ਵਿਚਾਲੇ। ਇੱਥੇ ਪੁੱਜਦਿਆਂ ਦੋਹਾਂ ਬਾਬਿਆਂ ਦਾ ਨਿਤਨੇਮ, ਪੰਜ ਬਾਣੀਆਂ ਅਤੇ ਭਜਨ ਦੀ ਮਾਲਾ ਦਾ ਪੂਰਾ ਹੋ ਜਾਂਦਾ। ਇਹ ਫਾਸਲਾ ੨੫ ਕੁ ਕਿਲੋਮੀਟਰ ਸੀ, ਸਿਆਹੜ ਅਤੇ ਭੈਣੀ ਸਾਹਿਬ ਦਾ।[14]

੩ ਮਾਰਚ ੧੯੦੧ ਈ. ਨੂੰ ਗੁਰੂ ਹਰੀ ਸਿੰਘ ਜੀ ਨੇ ਤੀਜੀ ਵੇਰ ਲੋਦੀ ਕੀ ਧਰਮਸ਼ਾਲਾ ਵਿਚ ਬੈਲ ਗੱਡੀ ਤੇ ਆ ਕੇ ਦਰਸ਼ਨ ਦਿੱਤੇ। ਬਾਲ ਅਵਸਥਾ ਵਿੱਚ ਸਤਿਗੁਰੂ ਪਰਤਾਪ ਸਿੰਘ ਜੀ ਦੇ ਸਿਆਹੜ ਵਾਸੀਆਂ ਨੇ ਪਹਿਲੇ ਦਰਸ਼ਨ ਕੀਤੇ। ਮੇਲੇ ਦਾ ਪ੍ਰਬੰਧ ਬਾਵਾ ਜੀ, ਲਾਲ ਸਿੰਘ ਪੁੱਤਰ ਰਣ ਸਿੰਘ, ਮੀਹਾਂ ਸਿੰਘ ਪੁੱਤਰ ਮਲੂਕ ਸਿੰਘ ਪੱਤੀ ਆਲੋ, ਬਿਸ਼ਨ ਸਿੰਘ ਪੁੱਤਰ ਨੰਦ ਸਿੰਘ ਪੱਤੀ ਹਸਨਾ, ਨਰੈਣ ਸਿੰਘ ਪੁੱਤਰ ਸੁੰਦਰ ਸਿੰਘ ਪੱਤੀ ਲੋਦੀ, ਬੁੱਧ ਸਿੰਘ ਪੁੱਤਰ ਖੜਕਾ ਸਿੰਘ ਪੱਤੀ ਰਾਜੂ, ਭਗਵਾਨ ਸਿੰਘ ਪੁੱਤਰ ਸੇਢਾ ਸਿੰਘ ਪੱਤੀ ਮਾਈਆ ਆਦਿ ਨੇ ਕੀਤਾ ਸੀ।

੨ ਮਾਰਚ ੧੯੦੪ ਈ. ਨੂੰ ਲੱਤ ਦੇ ਜ਼ਖਮ ਤੋਂ ਪੀੜਿਤ ਬਾਬਾ ਲਾਲ ਸਿੰਘ ਜੀ ਦੀ ਖਬਰ ਲੈਣ ਗੁਰੂ ਹਰੀ ਸਿੰਘ ਜੀ ਸਿਆਹੜ ਆਏ ਸਨ। ਗੁਰੂ ਹਰੀ ਸਿੰਘ ਜੀ ਦੇ ਦੱਸੇ ਨੁਸਖੇ, ਦਸ ਗਿਰੀਆਂ ਬਦਾਮਾਂ ਵਿੱਚ ਦਸ ਪੱਤੇ ਨਿੰਮ ਦੇ ਰਗੜਕੇ ਪੁਣਕੇ, ਸੱਤ ਦਿਨ ਨਿਰਨੇ ਕਾਲਜੇ ਪੀਤੇ। ਬਾਬਾ ਜੀ ਦੀ ਲੱਤ ਠੀਕ ਹੋ ਗਈ। ਬਾਬਾ ਲਾਲ ਸਿੰਘ ਦਾ ਕੋਈ ਬੱਚਾ ਨਹੀਂ ਸੀ। ਜ਼ਮੀਨ ਭੈਣੀ ਸਾਹਿਬ ਲੰਗਰ ਦੇ ਨਾਂ ਲੁਆ ਦਿੱਤੀ। ਬਾਬੇ ਦੇ ਭਰਾ ਦੀ ਨੂੰਹ, ਗੁਰੂ ਹਰੀ ਸਿੰਘ ਜੀ ਪਾਸ ਫਰਿਆਦੀ ਹੋਈ। ਗੁਰੂ ਜੀ ਨੇ ਉਹਨਾਂ ਤੋਂ ਲੰਗਰ ਵਾਸਤੇ ਕੁਝ ਮਾਇਆ ਲੈ ਕੇ ਜ਼ਮੀਨ ਮੋੜ ਦਿੱਤੀ। ਇਵੇਂ ਹੀ ਬਾਬਾ ਵਸਾਵਾ ਸਿੰਘ ਨੇ ਵੀ ਜ਼ਮੀਨ ਲੰਗਰ ਨੂੰ ਅਰਦਾਸ ਕਰਾ ਦਿੱਤੀ। ਗੁਰੂ ਹਰੀ ਸਿੰਘ ਜੀ ਨੇ ਫਿਰ ਕੁਝ ਮਾਇਆ ਲੰਗਰ ਵਿੱਚ ਪੁਆ ਕੇ, ਜ਼ਮੀਨ ਬਾਬੇ ਦੇ ਪੁੱਤਰ ਬਿਸ਼ਨ ਸਿੰਘ ਨੂੰ ਮੋੜ ਦਿੱਤੀ। ਬਾਬਾ ਵਸਾਵਾ ਸਿੰਘ ਦਾ ਅੰਤ ਸਮਾਂ ਭੈਣੀ ਸਾਹਿਬ ਹੀ ਬਤੀਤ ਹੋਇਆ।[15] ਬਾਬਾ ਲਾਲ ਸਿੰਘ ਸਿਆਹੜ ਹੀ ਚੜ੍ਹਿਆ।

ਬਾਵਾ ਗਿਆਨ ਦਾਸ ਨੇ ਪਿੰਡ ਦੇ ਸੈਂਕੜੇ ਬੱਚੇ ਨਿਤਨੇਮੀ, ਪਾਠੀ ਅਤੇ ਕਥਾਵਾਚਕ ਬਣਾ ਦਿੱਤੇ ਸਨ। ੧੩ ਮਈ ੧੯੧੦ ਨੂੰ ਸਤਿਗੁਰੂ ਪਰਤਾਪ ਸਿੰਘ ਜੀ ਦਾ ਪਹਿਲਾ ਜੋੜ ਮੇਲਾ ਸਿਆਹੜ ਪਿੰਡ ਵਿਖੇ ਹੋਇਆ। ਇਸ ਮੇਲੇ ਵਿੱਚ ਸਤਿਗੁਰੂ ਜੀ ਦੇ ਦੋਵੇਂ ਭਰਾਤਾ, ਮਹਾਰਾਜ ਨਿਹਾਲਸਿੰਘ ਅਤੇ ਮਹਾਰਾਜ ਗੁਰਦਿਆਲ ਸਿੰਘ ਵੀ ਹਾਜ਼ਰ

ਸਨ। ਇਸ ਮੇਲੇ ਤੇ ਸਾਧ ਸੰਗਤ ਵਲੋਂ ਇੱਕ ਪਾਠ ਦਾ ਭੋਗ ਗੁਰੂ ਹਰੀ ਸਿੰਘ ਜੀ ਦੇ ਨਮਿੱਤ ਪਾਇਆ ਗਿਆ। ਅਰਦਾਸ ਬਾਅਦ ਬਾਵਾ ਜੀ ਨੇ ਕਿਹਾ ਕਿ ਹਰ ਵਰ੍ਹੇ ਇਸ ਤਰ੍ਹਾਂ ਦਾ ਮੇਲਾ ਸਿਆਹੜ ਵਿੱਚ ਹੋਵੇ। ਬਾਵਾ ਜੀ ਨੇ ਕਿਹਾ, "ਮੈਂ ਗੁਰੂ ਹਰੀ ਸਿੰਘ ਦਾ ਬਹੁਤ ਰਿਣੀ ਹਾਂ ਫਿਰ ਗਲੇਡੂ ਭਰ ਆਏ, ਕੁਝ ਵੀ ਬੋਲਿਆ ਨਾ ਗਿਆ। ਬਾਵਾ ਜੀ ਹਰ ਸਾਲ ਸੰਗਤ ਨਾਲ ਮਿਲ ਕੇ ਇਹ ਮੇਲਾ ਮਨਾਉਂਦੇ ਰਹੇ।

ਸਤਿਗੁਰੂ ਪਰਤਾਪ ਸਿੰਘ ਜੀ ੧੯੧੫ ਦੇ ਕਿਸੇ ਦਿਨ ਸਿਆਹੜ ਦਰਸ਼ਨ ਦੇ ਰਹੇ ਸਨ। ਪੰਦਰਾਂ ਕੁ ਸਾਲਾਂ ਦਾ ਇੱਕ ਮੁੰਡਾ ਆਪ ਜੀ ਨੂੰ ਵੇਖ ਕੇ ਕਿਸੇ ਦੇ ਘਰ ਅੰਦਰ ਲੰਘ ਚੱਲਿਆ। ਸਤਿਗੁਰੂ ਜੀ ਨੇ ਗਲਮੇ ਤੋਂ ਫੜਕੇ ਘੇਰ ਲਿਆ ਤੇ ਕਿਹਾ ਕਿਸਦਾ ਲੜਕਾ ਹੈਂ ? ਬਾਬਾ ਬਿਸ਼ਨ ਸਿੰਘ ਜੀ ਨੇ ਕਿਹਾ, ਪਾਤਸ਼ਾਹੋ ਇਹ ਤੁਸਾਂ ਹੀ ਮੈਨੂੰ ਬਖਸ਼ਿਆ ਹੈ। ਸਤਿਗੁਰੂ ਜੀ ਨੇ ਕਛਹਿਰਾ ਪੁਆ ਕੇ, ਪੰਡਿਤ ਬਸੰਤ ਸਿੰਘ ਜੀ ਗੜ੍ਹਪਧਾਣੇ ਵਾਲਿਆਂ ਤੋਂ ਕੰਨ ਵਿੱਚ ਗੁਰਮੰਤਰ ਦੁਆ ਦਿੱਤਾ। ਇਸ ਤਰ੍ਹਾਂ ਉਹ ਲੜਕਾ ਬਣ ਗਿਆ ਮਿਹਰ ਸਿੰਘ ਜਥੇਦਾਰ।[16] ਪੰਡਿਤ ਬਸੰਤ ਸਿੰਘ ਜੀ ਵਿਦਵਾਨ ਵੀ ਸਨ ਅਤੇ ਸੁਤੰਤਰਤਾ ਸੈਨਾਨੀ ਵੀ। ਆਪ ਪਾਸੋਂ ਇਹ ਦੋਵੇਂ ਗੁਣ ਜਥੇਦਾਰ ਮਿਹਰ ਸਿੰਘ ਹੋਰਾਂ ਨੂੰ ਪਰਾਪਤ ਹੋ ਗਏ।

ਸਤਿਗੁਰੂ ਪਰਤਾਪ ਸਿੰਘ ਜੀ ਦੇ ਵਾਰੇ ਪਹਿਰੇ ਵਿੱਚ ੧੯੨੧ ਈ. ਵਿੱਚ ਮਲੇਰਕੋਟਲੇ ਦੇ ਕੂਕੇ ਸ਼ਹੀਦਾਂ ਦੀ ਯਾਦ ਵਿੱਚ ਮੁਠੱਡਾ (ਜਲੰਧਰ) ਵਿਖੇ ਪਹਿਲੀ ਵਿਸ਼ਾਲ ਸ਼ਹੀਦੀ ਕਾਨਫਰੰਸ ਜਾਂ ਜੋੜ ਮੇਲੇ ਦਾ ਆਯੋਜਨ ਹੋਇਆ। ਇਸ ਵਿੱਚ ਗੁਰਦੁਆਰਾ ਭੈਣੀ ਸਾਹਿਬ ਦੇ ਬੂਹੇ ਅੱਗੋਂ ਪੁਲੀਸ ਚੌਂਕੀ ਚੁੱਕੇ ਜਾਣ ਦਾ ਮਤਾ ਪਾਸ ਕੀਤਾ ਗਿਆ। ਇਸੇ ਆਸ਼ੇ ਦੀ ਦੂਜੀ ਵੱਡੀ ਕਾਨਫਰੰਸ ਸਿਆਹੜ ਵਿਖੇ ੧੬-੧੭-੧੮ ਜਨਵਰੀ ੧੯੨੨ ਈ. ਨੂੰ ਹੋਈ। ਸੰਤ ਨਿਧਾਨ ਸਿੰਘ ਆਲਿਮ, ਐਡੀਟਰ ਸਤਿਜੁਗ (ਸਪਤਾਹਿਕ) ਲਾਹੌਰ ਨੇ ਇਸਦੀ ਪਰਧਾਨਗੀ ਕੀਤੀ। ਸ੍ਰੀ ਮਹਾਰਾਜ ਨਿਹਾਲ ਸਿੰਘ, ਮਹਾਰਾਜ ਗੁਰਦਿਆਲ ਸਿੰਘ, ਸ੍ਰ. ਭਗਤ ਸਿੰਘ (ਸ਼ਹੀਦੇ ਆਜ਼ਮ), ਉਹਨਾਂ ਦੇ ਪਿਤਾ ਸ੍ਰ. ਕਿਸ਼ਨ ਸਿੰਘ, ਮਾਤਾ ਵਿੱਦਿਆਵਤੀ ਜੀ, ਮੌਲਾਨਾ ਹਬੀਬੁਲ ਰਹਿਮਾਨ ਲੁਧਿਆਣਾ, ਮੌਲਾਨਾ ਅਬਦੁਲ ਕਲਾਮ ਕਸੂਰੀ, ਸੁਆਮੀ ਅਰਜਨ ਦੇਵ ਜੀ, ਮੁਨੀ ਰਾਮ ਕਾਲੀਆ, ਹਰਬੰਸ ਲਾਲ ਡੋਗਰਾ, ਡਾ. ਸੈਫੂਦੀਨ ਕਿਚਲੂ, ਡਾ. ਸੱਤਪਾਲ, ਡਾ. ਕੌਲ ਕ੍ਰਿਸ਼ਨ ਲਾਹੌਰ ਆਦਿ ਮੁੱਖ ਵਕਤੇ ਸਨ। ਕਾਨਫਰੰਸ ਦੇ ਸਟੇਜ ਸੈਕਟਰੀ ਸੰਤ ਇੰਦਰ ਸਿੰਘ ਚੱਕਰਵਰਤੀ ਲੱਲ ਕਲਾਂ ਅਤੇ ਖਜ਼ਾਨਚੀ, ਸੰਤ ਗਿਆਨ ਦਾਸ ਸਿਆਹੜ ਸਨ। ਸੁਆਮੀ ਗਜਾ ਨੰਦ (ਗਣੇਸ਼ ਗਿਰ) ਅਤੇ ਲੰਬੜਦਾਰ ਨੰਦ ਸਿੰਘ ਆਦਿਕ ਵੀ ਮੁਖੀਆਂ ਵਿੱਚੋਂ ਸਨ। ਮਹਾਰਾਜ ਗੁਰਦਿਆਲ ਸਿੰਘ ਅਤੇ ਆਲਿਮ ਜੀ ਦੇ ਭਾਸ਼ਣਾਂ ਨੇ ਸਰੋਤਿਆਂ ਨੂੰ ਕੌਮੀ ਮੁਕਤੀ ਸੰਗਰਾਮ ਵਿੱਚ ਕੁੱਦਣ ਲਈ ਤਿਆਰ ਕਰ ਦਿੱਤਾ। ਉਹਨਾਂ ਨੇ ਕਿਹਾ ਕਿ ਸਰਕਾਰੀ ਸਖਤੀਆਂ ਨਾਲ ਨਾਮਧਾਰੀ ਪੰਥ ਖ਼ਤਮ ਨਹੀਂ ਸਗੋਂ ਦੂਣ ਸਵਾਇਆ ਹੋਇਆ ਹੈ। ਕਾਨਫਰੰਸ ਦੇ ਜਨ ਸੇਵਾ ਦਲ ਵਾਲੇ, ਥਾਣੇਦਾਰ ਮੰਗਲ ਮੀਰ, ਹੌਲਦਾਰ ਹਜ਼ੂਰਾ ਸਿੰਘ ਪੁੱਤਰ ਬੀਰ ਸਿੰਘ ਪੱਤੀ ਆਲੋ, ਜਿਊਣ ਸਿੰਘ ਪੁੱਤਰ ਵਜ਼ੀਰ ਸਿੰਘ,

ਮਹਾਂਬਲੀ ਸਿੰਘ ਪੁੱਤਰ ਜਿਊਣਾ ਪੱਤੀ ਬੂੜਾ, ਵਗੈਰਾ ਨੇ ਮੌਕੇ ਤੇ ਆਏ ਸੀ. ਆਈ. ਡੀ. ਦੇ ਕਰਮਚਾਰੀਆਂ ਅਤੇ ਪੁਲੀਸ ਵਾਲਿਆਂ ਨੂੰ ਜਬਰਨ ਪਕੜ ਕੇ, ਇੱਕ ਵੱਖਰੀ ਥਾਂ ਤੇ ਜਦੋਂ ਤੱਕ ਕਾਨਫਰੰਸ ਮੁੱਕ ਨਹੀਂ ਗਈ, ਕੈਦ ਰੱਖਿਆ।

ਸੁਆਮੀ ਗਜਾਨੰਦ ਨੇ ਆਪਣੀ ਅੱਗ ਉਗਲਦੀ ਤਕਰੀਰ ਰਾਹੀਂ ਅੰਗਰੇਜ਼ਾਂ ਦੇ ਰਾਜ ਦੇ ਖਾਤਮੇ ਦੀ ਭਵਿੱਖਬਾਣੀ ਕੀਤੀ। ਸੁਆਮੀ ਜੀ ਨੂੰ ਸੱਤ ਸਾਲ ਕੈਦ ਦੀ ਸਜ਼ਾ ਹੋਈ। ਪਿੰਡ ਦੇ ਦਰਜਨ ਤੋਂ ਵੱਧ ਕਾਰਕੁੰਨਾਂ ਦੇ ਗ੍ਰਿਫਤਾਰੀ ਵਾਰੰਟ ਨਿਕਲੇ। ਪਰ ਇਹ ਸੋਚ ਕੇ ਕਿ ਜੇ ਇਹਨਾਂ ਪੰਧੇਰ ਗੋਤੀ ਸਿਆਹੜ ਵਾਲਿਆਂ ਨੂੰ ਗਰਿਫ਼ਤਾਰ ਕੀਤਾ ਤਾਂ ਪੰਧੇਰਾਂ ਦੇ ਬੱਤੀ ਪਿੰਡ, ਕੂਕਿਆਂ ਦੀ ਮੱਦਦ ਵਿੱਚ ਆ ਜਾਣਗੇ, ਗਰਿਫ਼ਤਾਰੀਆਂ ਟਾਲ ਦਿੱਤੀਆਂ ਪ੍ਰੰਤੂ ਪਿੰਡ ਨੂੰ ਸਮੂਹਿਕ ਤੌਰ ਤੇ (ਕੁਝ ਅੰਗਰੇਜ਼ ਭਗਤਾਂ ਨੂੰ ਛੱਡ ਕੇ) ੭੫੦੦ ਰੁਪੈ ਜ਼ੁਰਮਾਨਾ ਕਰ ਦਿੱਤਾ, ਜੋ ਉਹਨਾਂ ਲੋਕਾਂ ਤੋਂ ਮਾਮਲੇ ਦੀਆਂ ਪਰਚੀਆਂ ਨਾਲ ਲਾ ਕੇ ਉਗਰਾਹਿਆ ਗਿਆ।

ਸਰਕਾਰੀ ਰੀਕਾਰਡ ਮੁਤਾਬਿਕ ੧੬ ਜਨਵਰੀ ੧੯੨੨ ਨੂੰ ਰਾਤ ਨੌਂ ਵਜੇ ਮੀਹਾਂ ਸਿੰਘ ਪੁੱਤਰ ਮਲੂਕ ਸਿੰਘ ਦੇ ਘਰ ਅੰਦਰ ਅੰਤਰਿੰਗ ਕਮੇਟੀ ਦੀ ੩੫ ਕੁ ਬੰਦਿਆਂ ਦੀ ਮੀਟਿੰਗ, ਉਸ ਜਗ੍ਹਾ ਤੇ ਹੋਈ ਜਿੱਥੇ ਗੁਰੂ ਰਾਮ ਸਿੰਘ ਜੀ ਨੇ ਤੋਪਾਂ ਚੱਲਦੀਆਂ ਸੁਣੀਆਂ ਸਨ। ਹੁਣ ਇਹ ਥਾਂ ਵਟਾ ਕੇ ਮੀਹਾਂ ਸਿੰਘ ਹੋਰਾਂ ਪਾਸ ਆ ਗਈ ਸੀ। ਇਸ ਮੀਟਿੰਗ ਵਿੱਚ ਮਹਾਰਾਜ ਗੁਰਦਿਆਲ ਸਿੰਘ ਜੀ ਨੇ ਲਾਹੌਰ ਲਾਰਡ ਰੀਡਿੰਗ ਨੂੰ ਮਿਲ ਕੇ ਭੈਣੀ ਸਾਹਿਬ ਦੀ ਪੁਲੀਸ ਚੌਂਕੀ ਉਠਵਾਏ ਜਾਣ ਦਾ ਮਤਾ ਪਾਸ ਕਰਵਾਇਆ। ਜੇ ਉਹ ਨਾ ਮੰਨਣਗੇ ਤਾਂ ਦਸ ਦਸ ਸਿੰਘਾਂ ਦਾ ਜਥਾ ਸਤਿਆਗ੍ਰਹਿ ਕਰਨ ਵਾਸਤੇ ਗਰਿਫ਼ਤਾਰੀਆਂ ਰੋਜ਼ਾਨਾ ਦੇਣ ਲਈ ਤਿਆਰ ਰੱਖਿਆ ਜਾਏ। ਓੜਕ ਹੁਸ਼ਿਆਰਪੁਰ ਵਿੱਚ ਇਸ ਤਰ੍ਹਾਂ ਦੇ ਇੱਕ ਇਕੱਠ ਬਾਅਦ ਮਈ ੧੯੨੩ ਵਿੱਚ ਇਹ ਚੌਂਕੀ ਉਠਾ ਲਈ ਗਈ।[17]

੨ ਫਰਵਰੀ ੧੯੨੭ ਨੂੰ ਸਤਿਗੁਰੂ ਪਰਤਾਪ ਸਿੰਘ ਜੀ ਦੌਰਾ ਕਰਦੇ ਹੋਏ ਕੱਕੜਵਾਲ, (ਜ਼ਿਲ੍ਹਾ ਸੰਗਰੂਰ) ਵਿੱਚ ਗਏ। ਇੱਥੇ ਸਤਿਗੁਰਾਂ ਕਿਸੇ ਪਰਚਾਰਕ ਬਾਰੇ ਪੁੱਛਿਆ ਤਾਂ ਮਿਹਰ ਸਿੰਘ ਸਿਆਹੜ ਦਾ ਨਾਂ ਦੱਸਿਆ ਗਿਆ। ਉਸ ਸਤਿਗੁਰੂ ਜੀ ਤੋਂ ਕ੍ਰਿਪਾ ਜਾਚਨਾ ਕੀਤੀ। ਆਪ ਜੀ ਨੇ ਕਿਹਾ- ਝਕਣਾ ਨਹੀਂ ਨਸ਼ੰਗ ਹੋ ਕੇ ਬੋਲਣਾ। ਇਸ ਇਲਾਕੇ ਵਿੱਚ ਪੰਚ ਖੰਡ ਭਸੌੜ ਦਾ ਕਾਫੀ ਜੋਰ ਸੀ, ਜਿਸਦਾ ਮੁਖੀ ਬਾਬੂ ਤੇਜਾ ਸਿੰਘ ਸੀ। ਅਗਲੇ ਦਿਨ ਪਿੰਡ ਵਹਿੜਵਾਲ, ਗੁਰੂ ਕੇ ਹਜ਼ੂਰੀ ਦੀਵਾਨ ਵਿੱਚ, ਜਥੇਦਾਰ ਮਿਹਰ ਸਿੰਘ ਪਹਿਲੀ ਵੇਰ ਦੇਹਧਾਰੀ ਗੁਰੂ ਦੇ ਪਰਕਰਣ ਤੇ ਬੋਲੇ। ਸਤਿਗੁਰੂ ਜੀ ਨੇ ਖੁਸ਼ ਹੋ ਕੇ ਵਰ ਦਿੱਤੇ- "ਤੇਰੀ ਹਰ ਥਾਂ ਫਤੇਹ ਹੋਏਗੀ। ਕਿਸੇ ਵਿਰੋਧੀ ਅੱਗੇ ਹਰੇਂਗਾ ਨਾ। ਅੱਜ ਤੈਨੂੰ ਜਥੇਦਾਰੀ ਵੀ ਦਿੱਤੀ।"[18]

ਵਹਿੜਵਾਲੋਂ ਮੁੜਦਿਆਂ ਆਪ ਜੀ ਨੂੰ ਕੋਈ ਜਾਣਕਾਰ, ਬਾਬੂ ਤੇਜਾ ਸਿੰਘ ਦੇ ਘਰ ਭਸੌੜ ਵੀ ਲੈ ਗਿਆ। ਆਪ ਦੀ ਸਪਸ਼ਟਵਾਦਿਤਾ, ਨਿਸ਼ਚੇ ਦੀ ਅਡੋਲਤਾ ਅਤੇ ਸੁੰਦਰ ਬੇਝਿਜਕ ਗੱਲ-ਕੱਥ ਨੇ ਬਾਬੂ ਜੀ ਤੋਂ ਵੀ ਆਪ ਨੂੰ ਪਰਸੰਸਾ ਦੁਆਈ। ਬਾਬੂ ਜੀ

ਆਪ ਜੀ ਨੂੰ ਕਾਫੀ ਦੂਰ ਤੱਕ ਵਿਦਾ ਕਰਨ ਆਏ। ਸਤਿਗੁਰੂ ਪਰਤਾਪ ਸਿੰਘ ਜੀ ਆਪਣਾ ਸਾਲਾਨਾ ਜਪ ਪ੍ਰਯੋਗ ਸਰਹਿੰਦ ਨਹਿਰ ਵਾਲੇ ਡੇਰੇ ਤੇ ਕਰਦੇ ਸਨ। ਮਹੀਨਾ, ਸਵਾ ਮਹੀਨੇ ਦਾ ਇਹ ਸਮਾਂ ਸਤਿਗੁਰੂ ਜੀ ਆਪਣੀ ਨਿਗਰਾਨੀ ਹੇਠ ਮਿਹਰ ਸਿੰਘ ਨੂੰ ਲੋੜੀਂਦੇ ਗਰੰਥਾਂ ਦਾ ਅਧਿਅਨ ਕਰਵਾ ਕੇ, ਕੂਕਾ ਪੰਥ ਦੇ ਵਿਰੋਧੀਆਂ, ਅੰਗਰੇਜ਼ ਸਰਕਾਰ ਪ੍ਰਸਤਾਂ ਨਾਲ, ਹਰ ਤਰ੍ਹਾਂ ਦੀ ਬਹਿਸ ਵਿੱਚ, ਅਜਿੱਤ ਜੋਧੇ ਵਿੱਚ ਬਦਲ ਦਿੱਤਾ। ਸਤਿਗੁਰੂ ਪਰਤਾਪ ਸਿੰਘ ਜੀ ਨੇ ਸਿਆਹੜ ਦੇ ਪਹਿਲੇ ਕੂਕਾ ਪਰਚਾਰਕ ਆਪਣੇ ਸਮੇਂ ਜਥੇਦਾਰ ਸਰਮੁਖ ਸਿੰਘ ਪੁੱਤਰ ਮੀਹਾਂ ਸਿੰਘ ਪੱਤੀ ਆਲੋ ਨੂੰ ਥਾਪਿਆ ਸੀ ਅਤੇ ਫਿਰ ਇਹ ਦਾਤ ਮਿਹਰ ਸਿੰਘ ਨੂੰ ਮਿਲੀ। ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਅੰਮ੍ਰਿਤ ਛਕਾਉਣ ਅਤੇ ਨਾਮ ਦਾਨ ਦੇਣ ਦਾ ਅਧਿਕਾਰ, ਇਸ ਪਿੰਡ ਵਿੱਚ ਬਾਬਾ ਵਸਾਵਾ ਸਿੰਘ, ਬਾਬਾ ਲਾਲ ਸਿੰਘ ਅਤੇ ਬਾਬਾ ਸੁੱਧ ਸਿੰਘ ਪਾਸ ਸੀ। ਹੁਣ ਸਤਿਗੁਰੂ ਪਰਤਾਪ ਸਿੰਘ ਜੀ ਦੇ ਸਮੇਂ ਇਹ ਅਧਿਕਾਰ, ਮਹੰਤ ਈਸ਼ਰ ਸਿੰਘ, ਮਹੰਤ ਰਲਾ ਸਿੰਘ ਅਤੇ ਜਥੇਦਾਰ ਮਿਹਰ ਸਿੰਘ ਹੋਰਾਂ ਨੂੰ ਸਿਆਹੜ ਵਿੱਚ ਮਿਲਿਆ।[19]

ਜਥੇਦਾਰ ਮਿਹਰ ਸਿੰਘ ਜੀ ਦਾ ਜਨਮ ਕੱਤਕ ਸੁਦੀ ਦਸਵੀਂ ੧੯ ਕੱਤਕ ੧੯੫੭ ਬਿਕ੍ਰਮੀ ਮੁਤਾਬਿਕ ੨ ਨਵੰਬਰ ੧੯੦੦ ਈ, ਨੂੰ ਪਿੰਡ ਸਿਆਹੜ ਦੇ ਬਿਸ਼ਨ ਸਿੰਘ ਜੱਟ ਸਿੱਖ ਅਤੇ ਮਾਤਾ ਸੰਤ ਕੌਰ ਦੇ ਘਰ ਹੋਇਆ। ਮੁਢਲੀ ਵਿੱਦਿਆ ਪਿੰਡ ਵਿੱਚੋਂ ਹੀ ਸੰਤ ਗਿਆਨ ਦਾਸ ਜੀ ਪਾਸੋਂ ਗੁਰਮੁਖੀ ਅੱਖਰਾਂ ਵਿੱਚ ਹਾਸਲ ਕੀਤੀ। ਪੰਡਿਤ ਮਨਸਾ ਸਿੰਘ ਜੀ ਕੌਮੀ ਪਾਸੋਂ ਹਿੰਦੀ ਅਤੇ ਸੰਸਕ੍ਰਿਤ ਆਦਿ ਪੁਸਤਕਾਂ ਦਾ ਅਧਿਐਨ ਕੀਤਾ। ਇੱਕ ਚੌਂਕੜੇ ਵਿੱਚ ਅੱਠੀ ਪਹਿਰੀਂ ਅਖੰਡ ਪਾਠ ਦਾ ਭੋਗ ਪਾਉਣ ਵਾਲੇ ਪਾਠੀ ਬਣ ਗਏ। ਸਿਆਹੜ ਦੇ ਸਾਧ ਨੰਦ ਲਾਲ ਤੋਂ ਢੋਲਕ ਵਜਾਉਣੀ ਸਿੱਖੀ। ਮਹੰਤ ਈਸ਼ਰ ਸਿੰਘ ਜੀ ਨਾਲ ਦੀਵਾਨ ਵਿੱਚ ਢੋਲਕ ਵਜਾਉਂਦੇ ਵਜਾਉਂਦੇ ਚੜ੍ਹਦੀ ਜੁਆਨੀ, ਚੰਗੇ ਕੀਰਤਨੀਏ ਅਤੇ ਗੁਰਬਾਣੀ ਦੇ ਵਿਆਖਿਆਕਾਰ ਬਣ ਗਏ। ਸੁਰਤਾਲ, ਸ਼ਬਦ ਗਾਇਨ ਦੇ ਪੂਰੇ ਮਾਹਿਰ ਹੋ ਗਏ। ਮਹਾਰਾਜ ਗੁਰਦਿਆਲ ਸਿੰਘ, ਮਹਾਰਾਜ ਨਿਹਾਲ ਸਿੰਘ, ਪੰਡਿਤ ਬਸੰਤ ਸਿੰਘ ਪਧਾਨਾ ਅਤੇ ਪੰਡਿਤ ਮਨਸ਼ਾ ਸਿੰਘ ਕੌਮੀ ਆਦਿ ਦੇਸ਼ ਭਗਤਾਂ ਦੀ ਪਰੇਰਨਾ ਨਾਲ ਕਾਂਗਰਸ ਦੇ ਸਰਗਰਮ ਕਾਰਕੁੰਨ ਬਣ ਗਏ। ਸੰਨ ੧੯੩੬ ਈ. ਵਿੱਚ ਭਾਰਤ ਵਿੱਚ ਖੱਬੀ ਲਹਿਰ ਵੀ ਆਪਣੇ ਜਨ ਸੰਗਠਨ ਕਾਇਮ ਕਰ ਰਹੀ ਸੀ। ਬਰਤਾਨਵੀ ਸਰਕਾਰ ਵਿਰੁੱਧ ਕੌਮੀ ਉਭਾਰ ਸਿਖਰ ਤੇ ਸੀ। ਅਗਲੇ ਵਰ੍ਹੇ ੧੯੩੭ ਵਿੱਚ ਆਲ ਇੰਡੀਆ ਕਾਂਗਰਸ ਦਾ ਇਤਿਹਾਸਕ ਸਾਲਾਨਾ ਮਹਾਂ ਸੰਮੇਲਨ, ਤਿਰੂਪਤੀ (ਉੜੀਸਾ) ਵਿਖੇ ਹੋਇਆ ਸੀ ਜਿਸ ਨੇ ਕਾਂਗਰਸ ਦੇ ਖੱਬੇ ਪੱਖ ਦੀ ਅਗੁਆਈ ਕਰਦੇ, ਸੁਭਾਸ਼ ਬਾਬੂ (ਨੇਤਾ ਜੀ) ਨੂੰ ਮਹਾਤਮਾ ਗਾਂਧੀ ਦੇ ਉਮੀਦਵਾਰ ਪਟਾਭੀ ਸੀਤਾ ਰਮੱਈਆ ਦੇ ਮੁਕਾਬਲੇ ਜਿਤਾਉਣਾ ਸੀ। ਇਸ ਆਲ ਇੰਡੀਆਂ ਕਾਂਗਰਸ ਵਿੱਚ ਡੈਲੀਗੇਟ ਵਜੋਂ ਸ਼ਾਮਲ ਹੋਣ ਦੀ ਚੋਣ ਵਿੱਚ ਜਥੇਦਾਰ ਮਿਹਰ ਸਿੰਘ ਨੇ ਮਾ. ਚਰਨਜੀਤ ਸਿੰਘ ਧਾਂਦਰਾਂ ਅਤੇ ਉੱਘੇ ਕਾਂਗਰਸੀ ਸ਼ਿਵ ਰਾਮ ਖੰਨਾ ਨੂੰ ਹਰਾ ਕੇ, ਇਹ ਚੋਣ ਜਿੱਤੀ ਸੀ। ਜਥੇਦਾਰ ਜੀ ਨੇ ਪਰਦੇਸ਼ ਕਾਂਗਰਸ ਲਈ ਆਪਣੀ ਵੋਟ ਡਾ. ਸਤਪਾਲ ਦੇ ਮੁਕਾਬਲੇ ਡਾ. ਸੈਫ-

ਉਦ-ਦੀਨ ਕਿਚਲੂ ਨੂੰ ਅਤੇ ਆਲ ਇੰਡੀਆ ਸਮਾਗਮ ਵਿੱਚ ਨੇਤਾ ਜੀ ਸੁਭਾਸ਼ ਚੰਦਰ ਬੋਸ ਨੂੰ ਪਾਈ ਸੀ। ਸੁਭਾਸ਼ ਬਾਬੂ ੧੯੪੩ ਵਿੱਚ ਆਪਣੇ ਘਰ ਦੀ ਨਜ਼ਰਬੰਦੀ ਵਿੱਚੋਂ ਚੋਰੀ ਨਿਕਲ ਕੇ, ਵਿਦੇਸ਼ ਜਾਣ ਲਈ, ਪੰਜਾਬ ਆਏ ਅਤੇ ਇੱਕ ਰਾਤ ਨੌਂ ਵਜੇ ਪਿੰਡ ਸਿਆਹੜ ਸੁਆਮੀ ਗਜਾਨੰਦ ਪਾਸ ਪੁੱਜੇ ਕਿਉਂ ਜੁ ਨੇਤਾ ਜੀ ਤੇ ਸੁਆਮੀ ਜੀ ਲਾਹੌਰ ਜਿਹਲ ਵਿੱਚ ਇਕੱਠੀ ਕੈਦ ਕੱਟ ਚੁੱਕੇ ਸਨ। ਨੇਤਾ ਜੀ ਨੇ ਕੁਝ ਮਾਇਆ ਦੀ ਲੋੜ ਦੱਸੀ। ਸੁਆਮੀ ਜੀ ਨੇ ਉਦੋਂ ਹੀ ਜਥੇਦਾਰ ਜੀ ਨੂੰ ਜਾ ਜਗਾਇਆ ਅਤੇ ਉਹਨਾਂ ਨੇ ਤੁਰੰਤ ਇਧਰੋਂ ਉਧਰੋਂ, ਪੰਜ ਸੌ ਰੁਪੈ ਦਾ ਪਰਬੰਧ ਕਰਕੇ, ਸੁਆਮੀ ਜੀ ਨੂੰ ਦਿੱਤਾ। ਇਹ ਰਕਮ ਜਿਹਨਾਂ ਤੋਂ ਫੜੀ ਸੀ ਉਹਨਾਂ ਨੂੰ ਕਈ ਸਾਲਾਂ ਵਿੱਚ ਥੋਹੜੀ ਥੋਹੜੀ ਕਰਕੇ, ਸਮੇਤ ਵਿਆਜ ਜਥੇਦਾਰ ਜੀ ਨੇ ਮੋੜੀ ਸੀ। ਇੱਥੋਂ ਨੇਤਾ ਜੀ ਨੂੰ ਰਾਤੋ ਰਾਤ ਜੱਸੋਵਾਲ, ਸਾਧੂ ਰਾਮ ਸੂਦ, ਕਾਂਗਰਸ ਪਰਧਾਨ, ਕੋਲ ਪੁਚਾਇਆ ਜਿੱਥੋਂ ਉਹਨਾਂ ਨੂੰ ਹੋਰ ਮਾਇਆ ਵੀ ਮਿਲ ਗਈ।[20]

ਸਿਆਹੜ ਪਿੰਡ ਦੇ ਇਤਿਹਾਸ ਵਿੱਚ ਇੱਕ ਹੋਰ ਵੱਡੀ ਘਟਨਾ, ੧੯੯੫ ਬਿਕਰਮੀ ਜਾਂ ੧੯੨੯ ਈ. ਦੇ ਮਾਰਚ ਮਹੀਨੇ ਹੋਣ ਵਾਲਾ ਨਾਮਧਾਰੀ ਸੰਗਤ ਦਾ ਸਾਲਾਨਾ ਹੋਲਾ ਮਹੱਲਾ ਹੈ। ਹੋਲੇ ਤੋਂ ਛੇ ਕੁ ਮਹੀਨੇ ਪਹਿਲਾਂਸੰਤ ਕਰਮ ਸਿੰਘ ਜੀ ਹਿੰਮਤਪੁਰੇ ਵਾਲੇ, ਗੁਰੂ ਕੀਆਂ ਗਊਆਂ ਅਤੇ ਵੱਛੇ ਵੱਛੜੀਆਂ ਵੇਚਣ ਲਈ ਸਿਆਹੜ ਆ ਗਏ ਸਨ। ਇਸੇ ਸਮੇਂ ਨਾਮਧਾਰੀ ਪੰਥ ਵਿੱਚ ਹੱਲੇ ਦੇ ਦੀਵਾਨਾਂ ਦਾ ਸਿਖਰ, ਜਥੇਦਾਰ ਅਤਰ ਸਿੰਘ ਜੀ ਸੰਭੜਿਆਲ ਵਾਲੇ ਵੀ ਆ ਗਏ ਜਥੇ ਸਮੇਤ। ਪਿੰਡ ਦੇ ਚਾਰੇ ਪਾਸੇ ਹਰ ਰੋਜ ਜਥੇਦਾਰ ਜੀ ਦੇ ਦੀਵਾਨਾਂ ਤੋਂ ਪ੍ਰਭਾਵਿਤ ਹੋ ਕੇ, ਤਕਰੀਬਨ ਸਾਰੇ ਪਿੰਡ ਨੇ ਹੀ ਭਜਨ ਪੁੱਛ ਕੇ ਅੰਮ੍ਰਿਤ ਛਕ ਲਿਆ ਅਤੇ ਹੋਲੇ ਮਹੱਲੇ ਦੀ ਤਿਆਰੀ ਵਿੱਚ ਰੁੱਝ ਗਏ। ਪੱਤੀ ਲੋਦੀ ਦੀ ਨਿਆਂਈ ਵਿੱਚ ਦੋ ਕੁ ਮਹੀਨੇ ਪਹਿਲਾਂ ਸ਼ਲਗਮ ਬੀਜ ਦਿੱਤੇ। ਇਹਨਾਂ ਸ਼ਲਗਮਾਂ ਦੀ ਸਬਜ਼ੀ ਨੇ ਇਸ ਹੋਲੇ ਦੀ ਪ੍ਰਸਿੱਧੀ ਵਿੱਚ ਵਾਧਾ ਕੀਤਾ ਸੀ। ਸੰਤ ਹਰਨਾਮ ਸਿੰਘ ਨਥਾਣਾ ਦੀ ਅਗੁਆਈ ਵਿੱਚ ਲਾਂਗਰੀਆਂ ਦਾ ਜਥਾ ਪੁੱਜ ਗਿਆ। ਗਿਆਰਾਂ ਲੋਹਾਂ ਤੇ ਪਰਸ਼ਾਦੇ ਪੱਕਦੇ ਸਨ।

ਇਸ ਹੋਲੇ ਦੇ ਪਰਬੰਧਕਾਂ ਵਿੱਚ ਸ਼ਾਮਲ ਸਨ, ਪੱਤੀ ਆਲੋ ਦੇ ਲੰਬੜਦਾਰ ਨੰਦ ਸਿੰਘ, ਮਹੰਤ ਈਸ਼ਰ ਸਿੰਘ, ਬਿਸ਼ਨ ਸਿੰਘ ਤੇ ਬਸੰਤ ਸਿੰਘ, ਪੱਤੀ ਮਾਈਆਂ ਦੇ ਪਰਤਾਪ ਸਿੰਘ, ਦਲੀਪ ਸਿੰਘ ਤੇ ਨੰਦ ਸਿੰਘ, ਪੱਤੀ ਰਾਜੂ ਦੇ ਸੁੰਦਰ ਸਿੰਘ, ਪੱਤੀ ਲੋਦੀ ਦੇ ਮਹੰਤ ਰਲਾ ਸਿੰਘ ਤੇ ਸਰਦਾਰ ਸਿੰਘ, ਪੱਤੀ ਹਸਨਾ ਦੇ ਜਥੇਦਾਰ ਮਿਹਰ ਸਿੰਘ ਤੇ ਗੁਰਬਖਸ਼ ਸਿੰਘ ਝਾਬਾ, ਪੱਤੀ ਬੂੜਾ ਦੇ ਬਾਵਾ ਗਿਆਨ ਦਾਸ ਅਤੇ ਵਜ਼ੀਰ ਸਿੰਘ, ਚੰਨਣ ਸਿੰਘ। ਇਸੇ ਪੱਤੀ ਦੇ ਵਰਿਆਮ ਸਿੰਘ ਦਰਜੀ ਹੋਲੇ ਦੇ ਖਜ਼ਾਨਚੀ ਸਨ। ਖਮਾਣੋਂ ਦੇ ਮਸਤਾਨਾ ਕਰਤਾਰ ਸਿੰਘ ਗਲਾਸ ਤੇ ਕੜਾ ਵਜਾ ਕੇ ਹੀ ਸ਼ਬਦ ਪੜ੍ਹਦੇ, ਰੰਗ ਲਾਈ ਰੱਖਦੇ। ਜਥੇਦਾਰ ਬੰਤਾ ਸਿੰਘ ਬੂੜੇ ਡੱਲਾ, ਫਤੇਹ ਸਿੰਘ ਮਾਂਗਾ, ਫੌਜਾ ਸਿੰਘ ਬੁੰਡਾਲਾ, ਮੰਗਲ ਸਿੰਘ ਅਰਸ਼ੀ ਫਰਿਸ਼ਤਾ, ਭਗਤ ਸਿੰਘ ਦਾਤੇਵਾਲੀਆ, ਅਜੈਬ ਸਿੰਘ ਵਡਾਲਾ ਜੌਹਲ, ਫੌਜਾ ਸਿੰਘ ਬੁੰਡਾਲਾ, ਆਲਿਮ ਜੀ, ਅਤਰ ਸਿੰਘ ਹੋਰਾਂ ਦੇ ਦੀਵਾਨ ਲੱਗੇ। ਸਤਿਗੁਰੂ

ਪਰਤਾਪ ਸਿੰਘ ਜੀ ਦੇ ਉਪਦੇਸ਼ , ਦਰਸ਼ਨ, ਹੋਲੇ ਦਾ ਮੁੱਖ ਆਕਰਸ਼ਨ ਸਨ। ਸਤਿਗੁਰੂ ਜੀ ਦਾ ਡੇਰਾ ਹੋਲਾ ਅਸਥਾਨ ਤੋਂ ਨੌਂ ਕੁ ਕਿੱਲੇ ਹਟਵੇਂ, ਜਿਉਣ ਸਿੰਘ ਪੁੱਤਰ ਵਜ਼ੀਰ ਸਿੰਘ ਪੱਤੀ ਆਲੋ ਦੇ ਬੜੇ ਸਾਫ ਸੁੰਦਰ, ਗੁੰਦਵੇਂ, ਛੱਪਰ ਵਿੱਚ ਸੀ। ਆਪ ਜੀ ਦੇ ਦੋਵੇਂ ਸਾਹਿਬਜ਼ਾਦੇ ਵੀ ਨਾਲ ਸਨ। ੧੫ ਮਾਰਚ ੧੯੨੯ ਨੂੰ ਰਾਗੀ ਹਰਨਾਮ ਸਿੰਘ ਚਵਿੰਡਾ ਵਾਲਿਆਂ ਵੱਲੋਂ ਲਾਏ ਆਸਾ ਦੀ ਵਾਰ ਦੇ ਕੀਰਤਨ ਅਤੇ ਉਪਰੰਤ ਪਿੰਡ ਦੀ ਸੰਗਤ ਵੱਲੋਂ ਕੀਤੇ ਪੰਜ ਆਦਿ ਸ੍ਰੀ ਗੁਰੂ ਗਰੰਥ ਸਾਹਿਬ ਅਤੇ ਦੋ ਦਸਮ ਗਰੰਥ ਸਾਹਿਬ ਦੇ ਪਾਠਾਂ ਦੇ ਭੋਗਾਂ ਨਾਲ ਹੋਲੇ ਦੀ ਸਮਾਪਤੀ ਹੋਈ।[21] ਪੰਡਿਤ ਬਸੰਤ ਸਿੰਘ ਹੋਰਾਂ ਸਿਆਹੜ ਪਿੰਡ ਦੀ ਨਾਮਧਾਰੀ ਇਤਿਹਾਸ ਨੂੰ ਦੇਣ ਤੇ ਪਰਕਾਸ਼ ਪਾਇਆ ਸੀ।[22]

੧੬ ਅਗਸਤ ੧੯੩੫ ਈ. ਨੂੰ ਸਿਆਹੜ ਪਿੰਡ ਇੱਕ ਮੇਲੇ ਸਮੇਂ ਦਰਸ਼ਨ ਦੇਣ ਸਤਿਗੁਰੂ ਪਰਤਾਪ ਸਿੰਘ ਜੀ ਆਏ ਤਾਂ ਬਾਵਾ ਜੀ ਨੇ ਡੇਰਾ ਇੱਕ ਉਹਨਾਂ ਦੇ ਵਿਦਿਆਰਥੀ ਦੇ ਨਵੇਂ ਬਣੇ ਚੌਬਾਰੇ ਤੇ ਕਰਵਾਇਆ। ਘਰ ਵਾਲਿਆਂ ਵਲੋਂ, ਗਊ ਦਾ ਦੁੱਧ ਛਕਣ ਦੀ ਬੇਨਤੀ ਤੇ ਸਤਿਗੁਰੂ ਜੀ ਨੇ ਕਿਹਾ ਭਾਈ ਪਹਿਲਾਂ ਭਜਨ ਲੈ ਲਵੋ ਫਿਰ ਦੁੱਧ ਛਕ ਲਵਾਂਗੇ। ਸੰਤ ਬਹਾਦਰ ਸਿੰਘ ਜੀ (ਕੱਟਿਆਂ ਵਾਲੀ-ਸ਼ੇਖੂਪਰਾ) ਨੇ (ਬਾਬਾ) ਮੀਹਾਂ ਸਿੰਘ ਸਮੇਤ ਸਾਰੇ ਪਰਿਵਾਰ ਨੂੰ ਭਜਨ ਦੇ ਦਿੱਤਾ। ਜਥੇਦਾਰ ਮਿਹਰ ਸਿੰਘ ਹੋਰਾਂ ਦੀ ਸੰਗਤ ਵਿੱਚ ਇਹ ਮੀਹਾਂ ਸਿੰਘ ਜੀ ੧੯੨੭ ਈ. ਨੂੰ ਲੁਧਿਆਣੇ ਇੱਕ ਮੇਲੇ ਤੇ ਵੀ ਗਏ ਸਨ। ਉਦੋਂ ਇਹਨਾਂ ਨੂੰ ਰੇਲਵੇ ਲਾਇਨ ਤੇ ਤੁਰੇ ਜਾਂਦਿਆਂ ਸੱਪ ਡੱਸ ਗਿਆ ਸੀ, ਤਾਂ ਸਤਿਗੁਰੂ ਪਰਤਾਪ ਸਿੰਘ ਜੀ ਨੇ ਰੀਠਿਆਂ ਦਾ ਛਿਲਕਾ ਚਬਾ ਕੇ ਘਿਉ ਪੀਣ ਨੂੰ ਦਿੱਤਾ। ਠੀਕ ਹੋ ਗਏ ਸਨ। ਇਹ ਸੰਤ ਮੀਹਾਂ ਸਿੰਘ ਜੀ ਸਤਿਗੁਰੂ ਪਰਤਾਪ ਸਿੰਘ ਜੀ ਤੋਂ ਵਰੋਸਾਏ, ਸੰਤ ਨੰਦ ਸਿੰਘ ਕਲੇਰਾਂ ਵਾਲਿਆਂ ਤੋਂ ਜਾਗ ਲੱਗਣ ਬਾਅਦ ਬਹੁਤ ਪਰਸਿੱਧ ਸਾਧੂ ਹੋਏ ਹਨ। ਉਪਰੋਕਤ ਮੇਲੇ ਵਿੱਚ ਜਦੋਂ ਸਤਿਗੁਰੂ ਜੀ ਇਹਨਾਂ ਦੇ ਚੋਬਾਰੇ ਵਿੱਚ ਬਿਰਾਜੇ ਸਨ, ਇਹ ਸਾਰੀ ਰਾਤ ਪਹਿਰਾ ਦਿੰਦੇ ਰਹੇ ਸਨ ਖੜ੍ਹੇ ਹੋ ਕੇ। ਬਾਅਦ ਵਿੱਚ ੧੯੫੩ ਈ. ਵਿੱਚ ਸਤਿਗੁਰੂ ਪਰਤਾਪ ਸਿੰਘ ਜੀ ਇੱਕ ਵਾਰ ਇਹਨਾਂ ਦੇ ਭੋਰੇ ਵਿੱਚ ਦਰਸ਼ਨ ਦੇਣ ਵੀ ਗਏ ਸਨ। ਸਤਿਗੁਰੂ ਪਰਤਾਪ ਸਿੰਘ ਜੀ ਨੇ ਸਿਆਹੜ ਦੇ ਉਪਰੋਕਤ ਮੇਲੇ ਵਿੱਚ ਹੀ ਇਹ ਬਚਨ ਕੀਤਾ ਸੀ- ਉਹ ਨਾਮਧਾਰੀ ਹੀ ਨਹੀਂ ਹੋ ਸਕਦਾ ਜੋ ਅੱਠਾ ਪਹਿਰਾਂ ਵਿੱਚ ਇੱਕ ਵੇਰ ਵੀ ਸਤਿਗੁਰੂ ਰਾਮ ਸਿੰਘ ਜੀ ਦਾ ਨਾਮ ਨਹੀਂ ਲੈਂਦਾ।[23]

ਸਿਆਹੜ ਪਿੰਡ ਦੀ ਵੱਡੀ ਹਸਤੀ ਬਾਵਾ ਗਿਆਨ ਦਾਸ ੧ ਮਾਰਚ ੧੯੩੭ ਨੂੰ ਦੇਹ ਤਿਆਗ ਗਏ ਸਨ। ਸੰਤ ਗਿਆਨ ਦਾਸ ਦੀ ਕਿਰਪਾ ਸਿਆਹੜ ਦੇ ਹੀ ਮਹੰਤ ਭੀਮ ਗਿਰ ਸੰਨਿਆਸੀ, ਬਾਵਾ ਬਖਸ਼ੀ ਰਾਮ, ਸੰਤ ਖਜ਼ਾਨ ਦਾਸ, ਭਾਗਪੁਰੀ ਜੀ, ਸੰਤ ਬਾਬਾ ਮੀਹਾਂ ਸਿੰਘ, ਸੰਤ ਬ੍ਰਹਮ ਮੁਨੀ ਜੀ ਆਦਿ ਤੇ ਹੋਈ। ਇਉਂ ਗੁਰੂ ਹਰੀ ਸਿੰਘ ਜੀ ਨੇ ਜਿਸ ਗਿਆਨ ਰੂਪੀ ਜੋਤ ਨਾਲ ਉਹਨਾਂ ਨੂੰ ਪ੍ਰਜਵਲਿਤ ਕੀਤਾ, ਉਸ ਦੀ ਲੋਅ ਉਹ ਚੌਂਫੇਰੇ ਵੰਡਦੇ ਰਹੇ। ਗੁਰੂ ਜੀ ਦੀ ਇਹ ਵੀ ਕੋਈ ਖੇਡ ਹੀ ਸੀ ਜੋ ਉਹਨਾਂ ਨੇ ਗਿਆਨ ਦਾਸ ਹੋਰਾਂ ਨੂੰ ਕੂਕਾ ਭੇਖ ਵਿੱਚ ਨਹੀਂ ਲਿਆਂਦਾ ਸੀ।

ਸਤਿਗੁਰੂ ਪਰਤਾਪ ਸਿੰਘ ਜੀ ਆਪਣੇ ਜਪ ਪ੍ਰਯੋਗ ਦੇ ਸਵਾ ਕੁ ਮਹੀਨੇ ਨੂੰ ਛੱਡ ਕੇ, ਬਾਕੀ ਸਮਾਂ ਵੰਡ ਤੋਂ ਪਹਿਲਾਂ ਵਾਲੇ ਪੰਜਾਬ, ਹਿੰਦੁਸਤਾਨ ਦੇ ਹੋਰ ਹਿੱਸਿਆਂ ਵਿੱਚ ਪਰਚਾਰ ਦੌਰੇ ਕਰਿਆ ਕਰਦੇ ਸਨ। ਪੰਜਾਬ ਦੇ ਇਹਨਾਂ ਦੌਰਿਆਂ ਵਿੱਚ ਜਥੇਦਾਰ ਮਿਹਰ ਸਿੰਘ ਹੋਰੀਂ ਇੱਕ ਘੋੜੀ ਤੇ ਸੁਆਰ ਹੋ ਕੇ ਆਪ ਜੀ ਦੇ ਸਾਥ ਵਿਚਰਦੇ। ਇਸ ਕਾਰਨ ਪੱਛਮੀ ਪੰਜਾਬ ਦੇ ਜੜ੍ਹਾਂ ਵਾਲਾ, ਮੀਆਂ ਵਾਲੀ, ਮਿੰਟਗੁਮਰੀ, ਲਾਇਲਪੁਰ, ਮੁਲਤਾਨ, ਗੋਜਰਾ, ਸਰਗੋਧਾ, ਝੰਗ, ਸਿੰਧ, ਸ਼ੇਖ਼ੂਪੁਰਾ ਆਦਿ ਜ਼ਿਲ੍ਹਿਆਂ ਵਿੱਚ ਉੱਥੋਂ ਦੀਆਂ ਸੰਗਤਾਂ ਨਾਲ ਜਥੇਦਾਰ ਜੀ ਦਾ ਚੰਗਾ ਪ੍ਰੇਮ ਪਿਆਰ ਬਣ ਗਿਆ। ਸ੍ਰ. ਆਤਮਾ ਸਿੰਘ ਰਾਵਲਪਿੰਡੀ ਵਾਲਿਆਂ ਨਾਲ ਆਪ ਦਾ ਵਿਸ਼ੇਸ਼ ਸਨੇਹ ਸੀ। ਪੂਰਬੀ ਪੰਜਾਬ ਵਿੱਚ ਮਾਲਵਾ, ਮਾਝਾ, ਦੋਆਬਾ ਅਤੇ ਮੈਣ ਦੁਆਬ ਵਿੱਚ ਦੀਵਾਨ ਸਜਾਉਂਦੇ। ਅੰਬਾਲੇ ਜ਼ਿਲ੍ਹੇ ਦੇ ਇੱਕ ਦੀਵਾਨ ਸਮੇਂ ਵਿਚਾਰ ਚਰਚਾ ਵਿੱਚ ਜਥੇਦਾਰ ਜੀ ਤੋਂ ਮਾਤ ਖਾ ਕੇ, ਇੱਕ ਸਕੂਲ ਅਧਿਆਪਕ, ਗਿਆਨੀ ਨੱਥਾ ਸਿੰਘ ਦਾਊ, ਕੂਕਾ ਬਣ ਗਿਆ ਸੀ। ਉਸ ਸਮੇਂ ਕਿਉਂਕਿ ਨਾਮਧਾਰੀ ਸਿੰਘ ਸਰਕਾਰ ਅੰਗਰੇਜ਼ੀ ਦੇ ਵਿਰੋਧ ਵਿੱਚ, ਕੌਮੀ ਲਹਿਰ ਦਾ ਸਾਥ ਦਿੰਦੇ ਸਨ, ਕੁਝ ਫਿਰਕਾਪ੍ਰਸਤ ਧਿਰਾਂ ਵੱਲੋਂ ਕਿੜ ਕੱਢਣ ਲਈ, ਨਾਮਧਾਰੀਆਂ ਦੇ ਦੇਹਧਾਰੀ ਗੁਰੂ ਵਾਲੇ ਸਿਧਾਂਤਕ ਪੈਂਤੜੇ ਦਾ ਬਹੁਤ ਤਿੱਖਾ ਵਿਰੋਧ ਕੀਤਾ ਜਾਂਦਾ ਸੀ। ਪਿਛਲੀ ਸਦੀ ਦੇ ਪੰਜਵੇਂ ਦਹਾਕੇ ਵਿੱਚ, ਜਥੇਦਾਰ ਮਿਹਰ ਸਿੰਘ ਜੀ ਆਪਣੇ ਨਾਲ ੨੫-੩੦ ਸਾਜੀ ਸਿੰਘਾਂ, ਛੈਣਿਆਂ ਵਾਲਿਆਂ ਆਦਿ ਦਾ ਜਥਾ ਲੈ ਕੇ, ਕੂਕਾ ਪਰਚਾਰ ਵਾਸਤੇ ਦਿਨ ਰਾਤ ਇੱਕ ਕਰ ਰਹੇ ਸਨ। ਉਹ ਹਰ ਵੰਗਾਰ ਨੂੰ ਕਬੂਲਦੇ ਅਤੇ ਵਿਰੋਧੀ ਸੱਜਣਾਂ ਨੂੰ ਆਪਣੀਆਂ ਦਲੀਲਾਂ ਨਾਲ ਸ਼ਾਂਤ ਕਰਕੇ, ਅੰਗਰੇਜ਼ ਸਰਕਾਰ ਵਿਰੋਧੀ ਵਾਤਾਵਰਣ ਬਣਾਈ ਰੱਖਣ ਵਿੱਚ ਸਹਾਈ ਹੁੰਦੇ। ੨੯ ਜੂਨ ੧੯੪੧ ਨੂੰ ਰੋਡੇ ਪਿੰਡ ਦੇ ਹੀ ਇੱਕ ਅਜਿਹੇ ਸਮਾਗਮ ਸਮੇਂ, ਮੋਢੀ ਅਕਾਲੀ ਆਗੂ, ਪੰਥਕ 'ਬੇਤਾਜ ਬਾਦਸ਼ਾਹ', ਬਾਬਾ ਖੜਕ ਸਿੰਘ ਜੀ, ਜਥੇਦਾਰ ਜੀ ਦੀਆਂ ਸੁਲਾਹਕੁਲ ਦਲੀਲਾਂ ਤੋਂ ਪ੍ਰਭਾਵਿਤ ਹੋ ਕੇ, ਨਾਮਧਾਰੀਆਂ ਦਾ ਜਥੇਬੰਦਕ ਵਿਰੋਧ ਕਰਨ ਦੀ ਕਾਰਵਾਈ ਤੋਂ ਪਿੱਛੇ ਹਟ ਗਏ ਸਨ।[24]

ਜਥੇਦਾਰ ਮਿਹਰ ਸਿੰਘ ਹੋਰਾਂ ਦਾ ਸਾਜੀ ਜਥਾ ਇਸ ਪਰਕਾਰ ਸੀ- "ਪਰਤਾਪ ਸਿੰਘ ਪੁੱਤਰ ਕਿਸ਼ਨ ਸਿੰਘ ਜੱਟ ਢੋਲਕ ਵਜੰਤਰ, ਨਾਹਰ ਸਿੰਘ ਪੁੱਤਰ ਜਮੀਤ ਸਿੰਘ ਜੱਟ, ਸਾਧੂ ਸਿੰਘ ਪੁੱਤਰ ਵਰਿਆਮ ਸਿੰਘ, ਕਪੂਰ ਸਿੰਘ ਪੁੱਤਰ ਰਾਮ ਸਿੰਘ, ਬਾਬਾ ਦਲੀਪ ਸਿੰਘ ਪੁੱਤਰ ਰੂੜਾ, ਮਹੰਤ ਰਲਾ ਸਿੰਘ ਪੁੱਤਰ ਝਾਬਾ ਇਹ ਸਾਰੇ ਜੱਟ ਸਿੱਖ ਸਨ ਅਤੇ ਛੈਣੇ ਵਜਾਉਂਦੇ ਸਨ। ਕੇਹਰ ਸਿੰਘ ਪੁੱਤਰ ਸੁੰਦਰ ਸਿੰਘ ਦਰਜੀ ਛੈਣੇ ਵਜਾਉਂਦੇ ਸਨ। ਦੂਜੇ ਜਥੇ ਦੇ ਨਾਮ ਸਨ- ਸਿਆਮ ਸਿੰਘ ਅਤੇ ਦਿਆ ਸਿੰਘ ਸੂਰਮਾ ਪੁੱਤਰ ਮਾਨ ਸਿੰਘ ਜੱਟ ਅਤੇ ਸੇਵਾ ਸਿੰਘ ਪੁੱਤਰ ਨੰਦ ਸਿੰਘ ਲੰਬੜਦਾਰ ਛੈਣੇ ਵਜਾਉਂਦੇ ਸਨ। ਕਰਮ ਸਿੰਘ ਪੁੱਤਰ ਭਗਤ ਸਿੰਘ, ਗੱਜਣ ਸਿੰਘ ਪੁੱਤਰ ਮਹਿਮਾ ਸਿੰਘ ਦੋਵੇਂ ਰਵਿਦਾਸੀਏ ਢੋਲਕ ਵਜੰਤਰ ਸਨ। ਭਾਗ ਸਿੰਘ ਪੁੱਤਰ ਹਰਨਾਮ ਸਿੰਘ ਰਵਿਦਾਸੀਆ ਛੈਣੇ ਅਤੇ ਸ਼ਰਧਾ ਸਿੰਘ ਪੁੱਤਰ ਸੰਤ ਸਿੰਘ ਰਵਿਦਾਸੀਆ ਹਾਰਮੋਨੀਅਮ ਵਜਉਂਦੇ, ਮੇਲਾ ਸਿੰਘ

ਪੁੱਤਰ ਇੰਦਰ ਸਿੰਘ ਜੱਟ, ਪਿੰਡ ਰਛੀਨ ਹਾਰਮੋਨੀਅਮ ਵਜਾਉਂਦੇ, ਦਰਸ਼ਨ ਸਿੰਘ ਪੁੱਤਰ ਅਰਜਨ ਸਿੰਘ ਮਿਸਤਰੀ ਅਤੇ (ਇਹ ਪੁਸਤਕ ਲੇਖਕ) ਬਖਸ਼ੀਸ਼ ਸਿੰਘ ਸ਼ਬਦੀ ਜਥੇ ਵਿੱਚ ਹੁੰਦੇ ਸਨ।[25]

ਇੱਕ ਵੇਰ ਵਿਰੋਧੀ ਭਾਈਚਾਰੇ ਨੇ ਜਦੋਂ ਮੁੱਲਾਂਪੁਰ ਤੋਂ ਆਪ ਲੁਧਿਆਣੇ ਨੂੰ ਜਾ ਰਹੇ ਸਨ, ਇਕੱਲਿਆਂ ਨੂੰ ਤਾਂਗੇ ਤੇ ਬੈਠਿਆਂ ਵੇਖ ਕੇ, ਕਿਉਂਕਿ ਨਾਲ ਦੀਆਂ ਸੁਆਰੀਆਂ ਦੂਜੇ ਤਾਂਗੇ ਵਿੱਚ ਭਰ ਕੇ ਤੋਰ ਦਿੱਤੀਆਂ ਸਨ, ਤਾਂਗੇ ਤੋਂ ਲਾਹ ਕੇ, ਇੱਕ ਅੰਦਰ ਲੈ ਗਏ ਅਤੇ ਕਿਹਾ ਕਿ ਲਿਖ ਕੇ ਦੇਹ ਕਿ ਮੈਂ ਹੁਣ ਤੱਕ ਗ਼ਲਤ ਪਰਚਾਰ ਕਰਦਾ ਹਾਂ, ਜਾਂ ਮਰਨ ਲਈ ਤਿਆਰ ਹੋ ਜਾ ਅਤੇ ਕਿਰਪਾਨਾਂ ਖਿੱਚ ਲਈਆਂ। ਆਪ ਨੇ ਕਿਹਾ ਜੋ ਹੁਣ ਤੱਕ ਕੀਤਾ ਹੈ, ਠੀਕ ਕੀਤਾ ਹੈ ਅਤੇ ਜੇ ਸਰੀਰ ਗੁਰੂ ਕੇ ਲੇਖੇ ਲੱਗ ਜਾਏ ਹੋਰ ਕੀ ਚਾਹੀਦਾ ਹੈ ? ਰੌਲਾ ਗੌਲਾ ਸੁਣ ਕੇ ਪ੍ਰਸਿੱਧ ਪੰਜਾਬੀ ਸਾਹਿਤਕਾਰ ਅਤੇ ਅਕਾਲੀ ਆਗੂ, ਸ੍ਰ. ਲਾਲ ਸਿੰਘ 'ਕਮਲਾ-ਅਕਾਲੀ' ਉੱਥੇ ਆ ਗਏ ਤੇ ਉਹਨਾਂ ਜਥੇਦਾਰ ਜੀ ਨੂੰ ਹਮਲਾਵਰਾਂ ਨੂੰ ਤਾੜਨਾ ਕਰਕੇ, ਉਸ ਘੇਰੇ ਵਿੱਚੋਂ ਕੱਢਿਆ।[26] ਜਥੇਦਾਰ ਜੀ ਆਪਣੀਆਂ ਦਲੀਲਾਂ ਦੀ ਪੁਸ਼ਟੀ ਵਿੱਚ ਲਗਾਤਾਰ ਸਾਢੇ ਸੱਤ ਘੰਟਿਆਂ ਤੱਕ, ਗੁਰਬਾਣੀ ਦੇ ਅਧਾਰ ਤੇ ਗੂੜ੍ਹ ਗਿਆਨ ਵਾਲੀ ਗੱਲ ਕਰ ਸੱਕਦੇ ਸਨ। ਵਿਰੋਧੀ ਉਹਨਾਂ ਨੂੰ ਲੋਹੇ ਦਾ ਬੰਦਾ ਸਮਝਦੇ ਸਨ, ਜਿਸ ਦੀ ਜ਼ਿੰਦਗੀ ਵਿੱਚ ਅਕੇਵੇਂ, ਥਕੇਵੇਂ ਲਈ ਕੋਈ ਥਾਂ ਨਹੀਂ ਸੀ। ਲਲਤੋਂ ਕਲਾਂ ਅਤੇ ਘੁਮਾਣ ਪਿੰਡ ਦੇ ਦੀਵਾਨ ਵਿੱਚ, ਜਥੇਦਾਰ ਜੀ ਤੇ ਗੋਲੀਆਂ ਵੀ ਚੱਲੀਆਂ ਪਰ ਉਹ ਅੰਗ੍ਰੇਜ਼ ਪ੍ਰਸਤ ਲੋਕਾਂ ਅੱਗੇ ਲਿਫੇ ਨਹੀਂ ਸਨ।

ਆਪ ਜੀ ਦੇ ਸਿਰ ਤੋੜ ਯਤਨਾਂ ਨਾਲ ਦੇਸ਼ ਸੇਵਾ ਅਤੇ ਕੂਕਾ ਪੰਥਕ ਪਰਚਾਰ ਕਰਨ ਸਦਕਾ, ੧੪ ਮਾਰਚ ੧੯੪੩ ਨੂੰ ਸ੍ਰੀ ਭੈਣੀ ਸਾਹਿਬ ਵਿਖੇ, ਸਤਿਗੁਰੂ ਪਰਤਾਪ ਸਿੰਘ ਜੀ ਦੇ ਕਰ ਕਮਲਾਂ ਦੁਆਰਾ, ਇੱਕ ਦਸਤਾਰ ਅਤੇ ਇੱਕ ਸੌ ਪੱਚੀ ਦਮੜਿਆਂ ਨਾਲ, ਆਪ ਜੀ ਨੂੰ ਸਨਮਾਨਿਤ ਕੀਤਾ ਗਿਆ। ਸੂਬਾ ਕਿਰਪਾਲ ਸਿੰਘ ਚੱਕ ਦੇ ਗੰਭੀਰ ਸੱਟਾਂ ਲੱਗ ਜਾਣ ਕਾਰਨ, ਉਹਨਾਂ ਦੀ ਥਾਂ ਜਥੇਦਾਰ ਮਿਹਰ ਸਿੰਘ ਜੀ ਨੂੰ ਇਸ ਇਲਾਕੇ ਦਾ ਕੂਕਿਆਂ ਦਾ ਸੂਬਾ ਥਾਪ ਦਿੱਤਾ। ਸੰਨ ੧੯੪੪ ਵਿੱਚ ਹੀ ਸ੍ਰ. ਨਿਰੰਜਨ ਸਿੰਘ ਗਿੱਲ ਦੀ ਪਰਧਾਨਗੀ ਹੇਠ, ਪੰਥਕ ਪ੍ਰਤੀਨਿਧ ਬੋਰਡ ਬਣਿਆ। ਨਾਮਧਾਰੀਆਂ ਵੱਲੋਂ ਇਹਨਾਂ ੧੪ ਮੈਂਬਰਾਂ ਵਿੱਚ ਆਲਿਮ ਜੀ ਅਤੇ ਜਥੇਦਾਰ ਮਿਹਰ ਸਿੰਘ ਸ਼ਾਮਲ ਸਨ। ਜਥੇਦਾਰ ਜੀ ਸਾਦਗੀ ਅਤੇ ਜ਼ਿੰਦਾਦਿਲੀ, ਨੇਕਨੀਅਤੀ, ਸੱਚਾਈ ਦੀ ਮੂੰਹ ਬੋਲਦੀ ਤਸਵੀਰ ਸਨ। ਖੱਦਰ ਦੇ ਮੋਟੇ ਠੁੱਲ੍ਹੇ ਬਸਤਰ ਪਹਿਰਿਆ ਕਰਦੇ ਸਨ। ਸਤਿਗੁਰੂ ਜੀ ਦੇ ਹੁਕਮ ਅਨੁਸਾਰ, ਸੱਤ ਸਾਲ ਪੂਰਨ ਸੋਧ ਮਰਿਆਦਾ ਵਿੱਚ ਅਤੇ ਇੱਕੀ ਸਾਲ ਗੜਵੇ ਦੀ ਸੋਧ ਰੱਖੀ। ਛੱਤੀ ਸਾਲ ਆਪਣੇ ਪੰਥ ਦੀ ਨਿਸ਼ਕਾਮ ਪਰਚਾਰ ਸੇਵਾ ਕੀਤੀ। ਸੰਗਤਾਂ ਵਿੱਚ ਵਿਚਰਦਿਆਂ ਜੋ ਮਾਇਆ ਪ੍ਰਾਪਤ ਹੁੰਦੀ, ਉਹ ਹੱਥੀਂ ਜਾਂ ਡਾਕ ਰਾਹੀਂ ਸ੍ਰੀ ਭੈਣੀ ਸਾਹਿਬ ਪੁਚਾ ਦਿੰਦੇ ਸਨ। ਕੁਰੁਕਸ਼ੇਤਰ ਵਿਖੇ ਆਪ ਦੇ ਦੀਵਾਨਾਂ ਤੋਂ ਪ੍ਰਭਾਵਿਤ ਹੋਏ ਸ਼ਹਿਰੀ ਭਾਈਚਾਰੇ ਵਿੱਚੋਂ, ਲਾਲਾ ਨਾਨਕ ਚੰਦ ਨੇ ੧੬ ਵਿੱਘੇ ਜ਼ਮੀਨ ਭੇਟਾ

ਕੀਤਾ। ਜਥੇਦਾਰ ਜੀ ਨੇ ਉੱਥੋਂ ਦੇ ਗੁਰਦੁਆਰੇ, ਪਾਉਂਟਾ ਸਾਹਿਬ ਨੂੰ ਅਰਦਾਸ ਕਰਾਈ ਅਤੇ ੬੨੫ ਰੁਪੈ ਗੁਰਦੁਆਰੇ ਦੇ ਪਰਧਾਨ ਹਰਬੰਸ ਸਿੰਘ ਨੇ ਅੰਮ੍ਰਿਤਸਰ ਵੈਸਾਖੀ ਤੇ ਸਤਿਗੁਰੂ ਜੀ ਨੂੰ ਜਾ ਮੱਥਾ ਟੇਕੇ ਕਿ ਇਹ ਜਥੇਦਾਰ ਜੀ ਨੂੰ ਦੀਵਾਨ ਭੇਟ ਹੋਈ ਮਾਇਆ ਹੈ। ਉਸ ਸਮੇਂ ਸੋਨਾ ਪੈਂਤੀ ਰੁਪੈ ਦਾ ਤੋਲਾ ਆ ਜਾਂਦਾ ਸੀ।[27]

੧੫ ਅਗਸਤ ੧੯੪੭ ਨੂੰ ਦੇਸ਼ ਆਜ਼ਾਦ ਹੋ ਗਿਆ। ਪੱਛਮੀ ਪੰਜਾਬ ਵਿੱਚੋਂ ਆਉਣ ਵਾਲੀ ਸੰਗਤ ਲਈ ਲੁਧਿਆਣੇ ਸਤਿਗੁਰੂ ਪਰਤਾਪ ਸਿੰਘ ਜੀ ਨੇ ਲੰਗਰ ਚਾਲੂ ਕਰਵਾ ਦਿੱਤਾ। ਸਤਿਗੁਰੂ ਜੀ ਨੇ ਇੱਧਰੋਂ ਜਾਣ ਵਾਲੇ ਮੁਸਲਮਾਨਾਂ ਦੀ ਹਰ ਤਰ੍ਹਾਂ ਹਿਫ਼ਾਜ਼ਤ ਕਰਨ ਦੀ ਵੀ ਤਾਕੀਦ ਕੂਕਿਆਂ ਨੂੰ ਕੀਤੀ। ਲੁਧਿਆਣੇ ਲੰਗਰ ਦਾ ਪ੍ਰਬੰਧਕ ਸਤਿਗੁਰੂ ਜੀ ਨੇ ਜਥੇਦਾਰ ਮਿਹਰ ਸਿੰਘ ਹੋਰਾਂ ਨੂੰ ਥਾਪਿਆ, ਜਿਸ ਕਾਰਨ ਲੰਗਰ ਬੜੇ ਸੁਚਾਰੂ ਢੰਗ ਨਾਲ ਚੱਲ ਰਿਹਾ ਸੀ। ਇੱਕ ਦਿਨ ਬਾਰਸ਼ ਜ਼ਿਆਦਾ ਹੋ ਗਈ। ਛਕਣ ਵਾਲਿਆਂ ਦੀ ਭੀੜ ਵਧ ਗਈ। ਆਟਾ, ਦਾਲ, ਬਾਲਣ ਕਿਤੋਂ ਨਾ ਪੁੱਜਾ। ਜਥੇਦਾਰ ਜੀ ਨੇ ਇੱਕ ਰੁੱਕਾ ਦੇ ਕੇ ਸਾਈਕਲ ਸਵਾਰ ਲਾਂਗਰੀ, ਭੈਣੀ ਸਾਹਿਬ ਨੂੰ ਤੋਰਿਆ ਜੋ ਅੱਧੀ ਰਾਤ ਨੂੰ ਪੁਜਿਆ। ਉਸ ਸਤਿਗੁਰੂ ਜੀ ਨੂੰ ਰੁੱਕਾ ਤੁਰੰਤ ਦੇਣ ਲਈ ਕਿਹਾ। ਪਹਿਰੇਦਾਰ ਕਹਿਣ ਸਤਿਗੁਰੂ ਜੀ ਬਿਰਾਜੇ ਹਨ। ਦੋ ਕੁ ਵਜੇ ਉੱਠ ਪੈਣਗੇ, ਫਿਰ ਦੇ ਦਿਆਂਗੇ। ਉਹ ਸਿੰਘ ਤਕਰਾਰ ਕਰੇ। ਰੌਲਾ ਸੁਣਕੇ ਸਤਿਗੁਰੂ ਜੀ ਬਾਹਰ ਆ ਗਏ। ਰੁੱਕਾ ਪੜ੍ਹਿਆ। ਆਪਵੀ ਇਸ਼ਨਾਨ ਕਰਕੇ ਲੰਗਰ ਵਿੱਚ ਆ ਗਏ। ਉਸੇ ਸਮੇਂ ਲਾਂਗਰੀਆਂ ਨੂੰ ਨਾਲ ਲੈ ਕੇ ਲੰਗਰ ਤਿਆਰ ਕਰਵਾਕੇ, ਜੀਪ ਤੇ ਲੈ ਕੇ ਸਤਿਗੁਰੂ ਜੀ ਲੁਧਿਆਣੇ ਪੁੱਜੇ। ਸਤਿਗੁਰੂ ਜੀ ਨੇ ਦੁੱਧ ਪਰਸ਼ਾਦਾ ਸਭ ਨੂੰ ਆਪ ਵਰਤਾਇਆ। ਲੀੜੇ ਕੱਪੜੇ ਵੀ ਦਿੱਤੇ। ਸੰਤ ਰਤਨ ਸਿੰਘ ਹਜ਼ੂਰੀ ਲਾਂਗਰੀ, ਇਸ ਸਮੇਂ ਹੈਜੇ ਦੀਆਂ ਗੋਲੀਆਂ ਬਣਾ ਕੇ ਲੁਧਿਆਣੇ ਭੇਜਦੇ ਸਨ ਜੋ ਜਥੇਦਾਰ ਜੀ ਲੋੜਵੰਦਾਂ ਨੂੰ ਵੰਡ ਦਿੰਦੇ ਸਨ।[28]

੧੬ ਜੂਨ ੧੯੫੪ ਨੂੰ ਲਗਾਤਾਰ ਤਿੰਨ ਦਿਨ ਸਿਆਹੜ ਵਿਖੇ ਹੋਏ ਮੇਲੇ ਵਿੱਚ ਸਤਿਗੁਰੂ ਪਰਤਾਪ ਸਿੰਘ ਜੀ ਨੇ ਦਰਸ਼ਨ ਦਿੱਤੇ। ਸੰਤ ਕਿਹਰ ਸਿੰਘ ਦੀ ਕੱਚੀ ਕੁਟੀਆ ਵਿੱਚ ਗੁਰੂ ਜੀ ਦਾ ਡੇਰਾ ਸੀ। ੧੭ ਜਨਵਰੀ ੧੯੫੫ ਨੂੰ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਮਲੇਰਕੋਟਲੇ ਸ਼ਹੀਦਾਂ ਦੀ ਯਾਦ ਵਿੱਚ ਪਹਿਲਾ ਮੇਲਾ ਸੀ। ੧੯ ਨੂੰ ਆਸਾ ਦੀ ਵਾਰ ਦੇ ਭੋਗ ਬਾਅਦ ਮੇਲੇ ਦੀ ਸਮਾਪਤੀ ਤੇ ਸਤਿਗੁਰੂ ਜੀ ਨੇ ਕਿਹਾ- ਜਥੇਦਾਰਾ ਅੱਜ ਕੱਕੜਵਾਲ ਮੇਲੇ ਤੇ ਜਾਣਾ ਹੈ। ਜਥੇਦਾਰ ਜੀ ਨੇ ਕਿਹਾ, 'ਜੀ ਮੇਲਾ ਕੱਲ੍ਹ ਦੇਖਾਂਗੇ ਅੱਜ ਸੰਗਰੂਰ ਕੰਮ ਜਾਣਾ ਹੈ'। ਅਗਲੇ ਦਿਨ ਆਪ ਬਖਸ਼ੀਸ਼ ਸਿੰਘ ਲੋਦੀ ਪੱਤੀ ਸਮੇਤ ਸੰਗਰੂਰੋਂ ਰੇਲ ਤੇ ਧੂਰੀ ਹੁੰਦੇ, ਆਸਾ ਦੀ ਵਾਰ ਵਿੱਚ ਕੱਕੜਵਾਲ ਪੁੱਜ ਗਏ। ਇਸ ਸਮੇਂ ਜਥੇਦਾਰ ਜੀ ਨੇ ੧੯੪੦ ਈ. ਦੀ ਇੱਕ ਘਟਨਾ ਸੁਣਾਈ ਜਦੋਂ ਪਟਿਆਲਾ ਰਿਆਸਤ ਦੇ ਦੌਰੇ ਸਮੇਂ, ਇੱਕ ਰੀਟਾਇਰਡ ਥਾਣੇਦਾਰ ਨਰਾਇਣ ਸਿੰਘ, ਦੀਵਾਨ ਵਿੱਚ ਖ਼ਲਲ ਪਾਉਂਦਾ ਸੀ। ਸਿਆਹੜ ਦੇ ਕੂਕੇ ਕਪੂਰ ਸਿੰਘ ਜੱਟ ਦੇ ਇੱਕੋ ਖੂੰਡੇ ਨਾਲ "ਮਰ ਗਿਆ, ਮਰ ਗਿਆ" ਕਰ ਉੱਠਿਆ। ਬਾਅਦ ਵਿੱਚ ਥਾਣੇਦਾਰ ਜਗਜੀਤ ਸਿੰਘ ਫੱਤੇਵਾਲ

(ਭਰਾਤਾ ਸ੍ਰ. ਲਛਮਣ ਸਿੰਘ ਗਰੰਥ ਗੜ੍ਹ, ਅੰਮ੍ਰਿਤਸਰ, ਪਰਧਾਨ ਨਾਮਧਾਰੀ ਦਰਬਾਰ) ਨੇ ਨਾਲੇ ਆ ਕੇ ਸਤਿਗੁਰੂ ਜੀ ਦੇ ਦਰਸ਼ਨ ਕੀਤੇ ਨਾਲੇ ਦੋਹਾਂ ਧਿਰਾਂ ਦੀ ਸੁਲਾਹ ਕਰਵਾਈ।

੧੪ ਜੁਲਾਈ ੧੯੫੫ ਨੂੰ ਸਤਿਗੁਰੂ ਜੀ ਦੇ ਹੁਕਮ ਤੇ ਜਥੇਦਾਰ ਜੀ ਤੇ ਉਹਨਾਂ ਦਾ ਸੇਵਕ ਬਖਸ਼ੀਸ਼ ਸਿੰਘ ਪੱਤੀ ਲੋਦੀ, ਮੰਡੀ ਪਹਾੜ ਵਿੱਚ ਪੁੱਜੇ। ਇੱਥੇ ਨਾਮਧਾਰੀ ਇਤਿਹਾਸ ਬਾਰੇ ਚਰਚਾ ਹੁੰਦੀ ਸੀ। ਜਿਸ ਵਿੱਚ ਸਤਿਗੁਰੂ ਜੀ ਤੋਂ ਇਲਾਵਾ ਆਲਿਮ ਜੀ, ਪੰਡਿਤ ਗੋਪਾਲ ਸਿੰਘ , ਸੰਤ ਤਰਨ ਸਿੰਘ ਵਹਿਮੀ, ਚੰਦਰਹਾਂਸ, ਭਾਈ ਵਜ਼ੀਰ ਸਿੰਘ ਅਤੇ ਸੰਤ ਰਤਨ ਸਿੰਘ ਲਾਂਗਰੀ ਆਦਿ ਹਾਜ਼ਰ ਹੁੰਦੇ । ਜਥੇਦਾਰ ਮਿਹਰ ਸਿੰਘ ਦੇ ਤੇ ਆਲਿਮ ਜੀ ਦੇ ਬਸਤਰ ਧੋਣ ਵਾਲੇ, ਬਖਸ਼ੀਸ਼ ਸਿੰਘ ਨੂੰ ਭਾਈ ਮੋਹਕਮ ਸਿੰਘ ਗਿਆਨੀ ਜੀ ਕਹਿੰਦੇ। ਉਹਨਾਂ ਦੀ ਰੀਸੇ ਦੂਜੇ ਸਿੰਘ ਵੀ ਅਤੇ ਸਤਿਗੁਰੂ ਜੀ ਵੀ ਗਿਆਨੀ ਜੀ ਕਹਿਣ ਲੱਗ ਪਏ। ਬਖਸ਼ੀਸ਼ ਸਿੰਘ ਨੇ ਸਤਿਗੁਰੂ ਜੀ ਨੂੰ ਕਿਹਾ– "ਗਰੀਬ ਨਿਵਾਜ਼ ਜੀ, ਮੈਂ ਅਨਪੜ੍ਹ ਗਿਆਨੀ ਕਿਵੇਂ ਹੋਇਆ"। ਆਪ ਨੇ ਮੁਸਕਰਾ ਕੇ ਕਿਹਾ, "ਐਨੇ ਵਿਦਵਾਨਾਂ ਦਾ ਸੇਵਕ ਹੋ ਕੇ ਗਿਆਨ ਤੋਂ ਦੂਰ ਕਿਵੇ ?" ਬਖਸ਼ੀਸ਼ ਸਿੰਘ ਭਾਈ ਰਤਨ ਸਿੰਘ ਨਾਲ ਮਿਲ ਕੇ ਸਤਿਗੁਰੂ ਜੀ ਦੇ ਬਸਤਰਾਂ ਦੀ ਸੇਵਾ ਵੀ ਕਰਦਾ ਸੀ।

ਜਥੇਦਾਰ ਜੀ ਨੇ ਹੋਰ ਬਹੁਤ ਸਾਰੇ ਛੋਟੇ ਵੱਡੇ ਸਿਆਸਤਦਾਨਾਂ ਜਿਉਂ ਦੇਸ ਸੇਵਾ ਦਾ ਮੁੱਲ ਨਾ ਵੱਟਿਆ। ਆਜ਼ਾਦੀ ਤੋਂ ਬਾਅਦ ਸ੍ਰ. ਪਰਤਾਪ ਸਿੰਘ ਕੈਰੋਂ ਟਰਾਂਸਪੋਰਟ ਦਾ ਵਜ਼ੀਰ ਬਣਕੇ, ਮੰਡੀ ਅਹਿਮਦਗੜ੍ਹ ਆਇਆ। ਜਾਤੀ ਰਾਮ ਦੇ ਚੌਬਾਰੇ ਵਿੱਚ ਮੀਟਿੰਗ ਸੀ। ਕੈਰੋਂ ਨੇ ਕਿਹਾ– "ਜਥੇਦਾਰਾ, ਤੂੰ ਪਾਰਟੀ ਦੇ ਬੜੇ ਕੰਮ ਸੁਆਰੇ ਹਨ, ਇਸ ਲਈ ਹੁਣ ਤੈਨੂੰ ਖੀਰ ਖੁਆਉਂਦੇ ਹਾਂ, ਬੱਸਾਂ ਦੇ ਰੂਟ ਪਰਮਿਟ ਲੈ ਲੈ, ਮੌਜਾਂ ਕਰੀ"। ਆਪ ਨੇ ਜੁਆਬ ਦਿੱਤਾ, "ਸਰਦਾਰਾ ਖੀਰ ਤਾਂ ਠੀਕ ਖੁਆਂਦਾ ਹੈ, ਪਰ ਮੈਂ ਸਤਿਗੁਰੂ ਪਰਤਾਪ ਸਿੰਘ ਜੀ ਦੇ ਅੱਗੇ ਇੱਕ ਸਮੇਂ ਪ੍ਰਣ ਕਰ ਚੁੱਕਾ ਹਾਂ ਕਿ ਆਪ ਜੋ ਵੀ ਦੇਸ਼ ਕੌਮ ਦੀ ਸੇਵਾ ਮੈਥੋਂ ਲਵੋਗੇ, ਮੈਂ ਇਸ ਦਾ ਕੋਈ ਮੁਅਵਜਾ ਨਹੀਂ ਲਵਾਂਗਾ।"

ਇਸੇ ਤਰ੍ਹਾਂ ੧੯੪੯ ਈ. ਵਿੱਚ ਸ੍ਰ. ਆਤਮਾ ਸਿੰਘ ਰਾਵਲਪਿੰਡੀ ਆਪ ਨੂੰ ਭੁਪਾਲ ਲੈ ਗਿਆ। ਇੱਥੇ ਉਸਨੂੰ ੫੫ ਮੁਰੱਬੇ ਜ਼ਮੀਨ ਅਤੇ ਇੱਕ ਕੋਠੀ ਅਲਾਟ ਹੋਈ ਸੀ। ਉਸ ਨੇ ਬਾਈ ਮੁਰੱਬੇ ਜ਼ਮੀਨ ਅਤੇ ਅੱਧੀ ਕੋਠੀ ਆਪ ਨੂੰ ਸਦਾ ਲਈ ਦੇ ਦਿੱਤੀ। ਜਥੇਦਾਰ ਜੀ ਨੇ ਛੇ ਹਜ਼ਾਰ ਰੁਪੈ ਦਾ ਫਰਗੂਸਨ ਟਰੈਕਟਰ ਲਿਆ ਅਤੇ ਜ਼ਮੀਨ ਵਾਹ ਸੁਆਰ ਕੇ ਬਿਜਾਈ ਲਈ ਤਿਆਰ ਕਰ ਲਈ। ਕਿਸੇ ਕੰਮ ਦਿੱਲੀ ਜਾਣ ਤੇ ਸਤਿਗੁਰੂ ਜੀ ਮਿਲ ਪਏ, ਕਹਿਣ ਲੱਗੇ, "ਜਥੇਦਾਰਾ ਤੂੰ ਮੁਰੱਬਿਆਂ ਵਿੱਚ ਫਸ ਗਿਆ ਹੈਂ, ਪਰਚਾਰ ਦਾ ਕੰਮ ਠੱਪ ਹੁੰਦਾ ਜਾਂਦੈ।" ਜਥੇਦਾਰ ਜੀ ਨੇ ਭੁਪਾਲ ਜਾ ਕੇ ਕਿਹਾ– "ਸਰਦਾਰ ਜੀ ਆਪਣੀ ਜ਼ਮੀਨ ਸਾਂਭੋ, ਗੁਰੂ ਕੇ ਨਰਾਜ਼ ਹੋ ਗਏ, ਮੇਰਾ ਇੱਥੇ ਰਹਿਣਾ ਮੁਸ਼ਕਿਲ ਹੈ।" ਸਰਦਾਰ ਜੀ ਨੇ ਕਿਹਾ, "ਮੈਂ ਜ਼ਮੀਨ ਤੁਹਾਨੂੰ ਸਦਾ ਲਈ ਦੇ ਬੈਠਾ ਹਾਂ। ਆਪਣੇ ਬੱਚਿਆਂ ਜਾਂ ਭਰਾ ਨੂੰ ਸੰਭਾਲ ਦਿਉ। ਮੈਂ ਕਦੇ ਕਿਸੇ ਨੂੰ ਕੁਝ ਦੇ ਕੇ ਵਾਪਸ ਨਹੀਂ ਲੈਂਦਾ।

ਰਜਿਸਟਰੀ ਕਰਵਾ ਲਉ ਪਰ ਜਾਉ ਨਾ।” ਜਥੇਦਾਰ ਜੀ ਨੇ ਕਿਹਾ, “ਬੱਚੇ ਅਜੇ ਛੋਟੇ ਨੇ। ਚਿੱਠੀ ਪਾਈ ਸੀ, ਭਰਾ ਆਉਣਾ ਨਹੀਂ ਮੰਨਦਾ, ਸੋ ਗੁਰੂ ਕਾ ਹੁਕਮ ਮੋੜਿਆ ਨਹੀਂ ਜਾਂਦਾ।” ਟਰੈਕਟਰ ਵਾਲਿਆਂ ਨੇ ਸਾਰੀ ਵਾਰਤਾ ਸੁਣ ਕੇ ਲਾਗਤ ਮੁੱਲ ਤੇ ਟਰੈਕਟਰ ਰੱਖ ਲਿਆ। ਐਸੇ ਮਹਾਂ ਤਿਆਗੀ, ਵਿਰਕਤ, ਗ੍ਰਹਿਸਤੀ ਸਾਧੂ ਸਨ, ਜਥੇਦਾਰ ਮਿਹਰ ਸਿੰਘ ਜੀ।

ਬਖਸ਼ੀਸ਼ ਸਿੰਘ ਲੋਦੀ ਪੱਤੀ ਮੁਤਾਬਿਕ, ਜਥੇਦਾਰ ਜੀ “ਚਮੜੇ ਤੇ ਦਮੜੇ” ਦੋਹਾਂ ਦੇ ਤਿਆਗੀ ਸਨ। ਆਲੇ ਦੁਆਲੇ ਜਾਣ ਲਈ ੫੦-੬੦ ਕਿਲੋਮੀਟਰ ਤੱਕ ਦਾ ਸਫਰ ਸਾਈਕਲ ਤੇ ਵੀ ਕਰ ਲੈਂਦੇ ਸਨ।

੨੮ ਮਈ ੧੯੮੭ ਨੂੰ ਜਥੇਦਾਰ ਮਿਹਰ ਸਿੰਘ ਨੇ ਅੰਤਿਮ ਸਵਾਸ ਲਏ। ੧੧ ਜੂਨ ੧੯੮੭ ਨੂੰ ਉਹਨਾਂ ਨਮਿੱਤ ਸਹਿਜ ਪਾਠ ਦੇ ਭੋਗ ਤੇ ਪੰਜਾਬ ਕਾਂਗਰਸ ਦੇ ਪਰਧਾਨ ਸ੍. ਬੇਅੰਤ ਸਿੰਘ ਸਮੇਤ ਕਾਫੀ ਸੰਗਤ ਪਹੁੰਚੀ। ਇਸ ਸਮੇਂ ਬੋਲਦਿਆਂ ਆਪ ਜੀ ਦੇ ਚੇਲੇ ਸੂਬਾ ਮੇਲਾ ਸਿੰਘ ਨੇ ਕਿਹਾ ਕਿ ਅੱਜ ਭਾਵੇਂ ਕੋਈ ਕੁਝ ਆਖੀ ਜਾਵੇ ਪਰੰਤੂ ਜਿਸ ਦੌਰ ਵਿੱਚ ਕੂਕਿਆਂ ਦਾ ਥਾਂ ਥਾਂ ਵਿਰੋਧ ਹੋ ਰਿਹਾ ਸੀ, ਉਸ ਸਮੇਂ ਜਥੇਦਾਰ ਜੀ ਦੀ ਦਲੀਲ ਦੀ ਤਾਕਤ ਅਤੇ ਹਾਜ਼ਰ ਜੁਆਬੀ ਅੱਗੇ ਕੋਈ ਅੜ ਨਹੀਂ ਸੀ ਸੱਕਦਾ।[30]

੬ ਅਪਰੈਲ ੧੯੬੧ ਈ. ਨੂੰ ਗੁਰੂ ਰੂਪ ਵਿੱਚ ਸਤਿਗੁਰੂ ਜਗਜੀਤ ਸਿੰਘ ਜੀ ਨੇ ਪਹਿਲੀ ਵੇਰ ਸਿਆਹੜ ਪਿੰਡ ਦੇ ਇੱਕ ਸਮੇਂ ਦਰਸ਼ਨ ਦਿੱਤੇ। ਜਥੇਦਾਰ ਮਿਹਰ ਸਿੰਘ ਨੇ ਸਿਆਹੜ ਪਿੰਡ ਦੇ ਕੂਕਿਆਂ ਦੀ ਇਨਕਲਾਬੀ ਵਿਰਾਸਤ ਨੂੰ ਨਾ ਕੇਵਲ ਸੰਭਾਲਿਆ ਸਗੋਂ ਆਪਣੇ ਸਮੇਂ ਦੀਆਂ ਅੱਗੇ ਵਧੂ ਸਰਗਰਮੀਆਂ ਵਿੱਚ ਚੇਤੰਨ ਤੌਰ ਤੇ ਭਾਗ ਲੈ ਕੇ, ਇਸਨੂੰ ਹੋਰ ਵਿਸਥਾਰਿਤ ਕੀਤਾ। ਆਜ਼ਾਦੀ ਸੰਗਰਾਮ ਅਤੇ ਨਾਮਧਾਰੀ ਪੰਥ ਦੀ ਗੌਰਵਮਈ ਅਲੱਗ ਪਹਿਚਾਣ ਨੂੰ ਕਾਇਮ ਰੱਖਣ ਲਈ ਵੱਡੇ ਜ਼ੱਫਰ ਜਾਲੇ ਅਤੇ ਬਦਲੇ ਵਿੱਚ ਸਿਦਕੀ ਸਿੱਖ ਜਿਉਂ ਸਬਰ, ਸ਼ੁਕਰ ਅਤੇ ਭਰੋਸਾ ਹੀ ਮੰਗਿਆ। ਆਪ ਦੀ ਸਿੰਘਣੀ ਬੀਬੀ ਚੰਦ ਕੌਰ, ਰਾੜਾ ਸਾਹਿਬ ਲਾਗੇ ਕਟਾਹਰੀ ਪਿੰਡ ਤੋਂ ਸੀ। ਤਿੰਨ ਸਪੁੱਤਰ ਸਨ, ਵੱਡਾ ਗਿਆਨੀ ਚਰਨ ਸਿੰਘ ਸਕੂਲ ਅਧਿਆਪਕ ਅਤੇ ਛੋਟਾ ਬਲਦੇਵ ਸਿੰਘ ਕਿਸਾਨ ਸਨ। ਹਰਿਭਜਨ ਸਿੰਘ ਸੈਕਟਰੀ ਇਸ ਸਮੇਂ ਜੀਵਿਤ ਹਨ। ਇੱਕੋ ਸਪੁੱਤਰੀ ਬੀਬੀ ਚਰਨ ਕੌਰ ਲਖਣਪੁਰ ਦੇ ਸੂਬਾ ਸੇਵਾ ਸਿੰਘ ਦੀ ਨੂੰਹ ਸੀ। ਹੁਣ ਉਹਨਾਂ ਦਾ ਪਰਿਵਾਰ ਰਾਣੀਆਂ (ਹਰਿਆਣਾ) ਵਿਖੇ ਹੈ।

ਸ੍ਰੀ ਪ੍ਰੀਤਮ ਪੰਧੇਰ ਉੱਘੇ ਗਜ਼ਲਗੋ ਅਤੇ ਸਾਹਿਤਕਾਰ, ਸਿਆਹੜ ਦੇ ਭਾਈ ਬੇਲਾ ਸਿੰਘ ਦੇ ਵੰਸ਼ਿਜ਼ ਸਨ। ਉਹ ਸਿਆਹੜ ਦੇ ਕੂਕਾ ਇਤਿਹਾਸ ਬਾਰੇ ਖੋਜ ਵਿੱਚ ਜੁੱਟੇ ਰਹਿੰਦੇ ਸਨ। ਜਥੇਦਾਰ ਮਿਹਰ ਸਿੰਘ ਹੋਰਾਂ ਦੇ ਇੱਕ ਸਾਥੀ ਸ੍. ਚੰਦਾ ਸਿੰਘ ਦੇ ਸਪੁੱਤਰ ਡਾ. ਗੁਲਜ਼ਾਰ ਸਿੰਘ ਪੰਧੇਰ, ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਮੀਤ ਪਰਧਾਨ ਹਨ ਅਤੇ ਸਮੇਂ ਸਮੇਂ ਕੂਕਾ ਇਤਿਹਾਸ ਬਾਰੇ ਕਈ ਸੈਮੀਨਾਰ, ਸਮਾਗਮ ਆਯੋਜਿਤ ਕਰਾਉਂਦੇ ਰਹਿੰਦੇ ਹਨ। ਅੱਜ ਦੇ ਇੱਕ ਧਰੁਵੀ ਵਿਸ਼ਵ ਵਿੱਚ, ਖੇਤਰੀ

ਪਹਿਚਾਣ ਕਾਇਮ ਰੱਖਣ ਲਈ, ਸਿਆਹੜ ਦੇ ਕੂਕਿਆਂ ਵਲੋਂ ਕੀਤਾ ਸੰਘਰਸ਼, ਰਾਹ ਦਸੇਰਾ ਬਣਦਾ ਹੈ।

## ਹਵਾਲੇ ਤੇ ਟਿੱਪਣੀਆਂ


1. ਮਾਲਵੇਂਦ੍ਰ - ਸੰਤ ਇੰਦਰ ਸਿੰਘ ਚੱਕਰਵਰਤੀ, ਸਫਾ ੧੨੪-੨੫
2. ਆਜ਼ਾਦੀ ਦੀ ਲਹਿਰ ਤੇ ਨਾਮਧਾਰੀ ਦੇਵੀਆਂ ਦਾ ਇਤਿਹਾਸ, ਸੰਤ ਬਿਸ਼ਨ ਸਿੰਘ ਨੰਗਲ, ਸਫਾ ੧੭
3. ਕੂਕਾਜ਼ ਆਫ ਨੋਟ ਇਨ ਦਾ ਪੰਜਾਬ-੧੮੭੧ (ਸੰ. ਜਸਵਿੰਦਰ ਸਿੰਘ), ਸਫਾ ੪੦-੪੧
4. ਉਹੀ, ਸਫਾ ੩੬-੩੭
5. ਸਤਿਗੁਰੂ ਬਿਲਾਸ ਭਾਗ ਪਹਿਲਾ, ਸੰਤ ਸੰਤੋਖ ਸਿੰਘ ਬਾਹੋਵਾਲ (ਸੰ. ਜਸਵਿੰਦਰ ਸਿੰਘ) ਸਫਾ ੪੭੬
6. ਕੂਕਾਜ਼ ਆਫ ਨੋਟ ਇਨ ਦਾ ਪੰਜਾਬ, ਸਫਾ ੩੮-੩੯
7. ਸਤਿਜੁਗ ਦਾ ਬਸੰਤ ਅੰਕ (ਪਾਠ ਅੰਕ) ਮਾਘ ਫੱਗਣ ੨੦੧੦ ਬਿਕ੍ਰਮੀ, ਸੰਤ ਨਿਧਾਨ ਸਿੰਘ ਆਲਿਮ ਦਾ ਲੇਖ-ਕੂਕਾ ਇਤਿਹਾਸ ਦਾ ਇੱਕ ਸ਼ਾਨਦਾਰ ਵਰਕਾ, ਸਫਾ ੧੫੭
8. ਕੂਕਾਜ਼ ਆਫ ਨੋਟ ਇਨ ਦਾ ਪੰਜਾਬ, ਸਫਾ ੩੪-੩੫
9. ਭੁੱਲੇ ਵਿਸਰੇ ਇਤਿਹਾਸ ਦੇ ਪੰਨੇ-ਬਖਸ਼ੀਸ਼ ਸਿੰਘ, ੨੦੦੦ ਈ., ਸਫਾ ੫-੯
10. ਉਹੀ, ਸਫਾ ੧੨
11. ਉਹੀ, ਸਫਾ ੧੯-੨੪
12. ਉਹੀ, ਸਫਾ ੨੮-੨੯
13. ਅੱਖੀਂ ਡਿੱਠਾ ਕਿੱਸਾ ਕੀਤਾ, (ਸੰ. ਸੁਵਰਨ ਸਿੰਘ ਵਿਰਕ) ਸਫ਼ਾ ੧੨੦
14. ਭੁੱਲੇ ਵਿਸਰੇ ਇਤਿਹਾਸ ਦੇ ਪੰਨੇ, ਸਫਾ ੪੧-੪੫
15. ਉਹੀ, ਸਫਾ ੪੯-੫੦
16. ਉਹੀ, ਸਫਾ ੫੧
17. ਉਹੀ, ਸਫਾ ੫੮-੬੩
18. ਉਹੀ, ਸਫਾ ੬੫
19. ਉਹੀਂ, ਸਫਾ ੬੭
20. ਉਹੀ, ਸਫਾ ੧੨੫-੨੬
21. ਉਹੀ, ਸਫਾ ੬੯-੭੨
22. ਜੱਸ ਜੀਵਨ ਭਾਗ ਦੂਜਾ, ਸੰਤ ਤਰਨ ਸਿੰਘ ਵਹਿਮੀ, ਸਫਾ ੨੧੦
23. ਭੁੱਲੇ ਵਿਸਰੇ ਇਤਿਹਾਸ ਦੇ ਪੰਨੇ, ਸਫਾ ੭੫

24. ਉਹੀ, ਸਫ਼ਾ ੧੦੭
25. ਉਹੀ, ਸਫ਼ਾ ੧੦੫-੦੬
26. ਉਹੀ, ਸਫ਼ਾ ੧੦੪
27. ਉਹੀ, ਸਫ਼ਾ ੧੨੭-੨੮
28. ਉਹੀ, ਸਫ਼ਾ ੧੧੨-੧੩
29. ਉਹੀ, ਸਫ਼ਾ ੧੧੮-੧੯
30. ਉਹੀ, ਸਫ਼ਾ ੧੨੯-੩੦

# ਸੰਘਰਸ਼ਸ਼ੀਲ-ਕਲਮਕਾਰ ਸੰਤ ਇੰਦਰ ਸਿੰਘ 'ਚੱਕਰਵਰਤੀ'

ਸਾਲ 1960 ਜਾਂ 61 ਸੀ। ਮੈਂ ਆਪਣੇ ਪਿੰਡ ਕਰੀਵਾਲਾ (ਉਦੋਂ ਜ਼ਿਲ੍ਹਾ ਹਿਸਾਰ ਹੁਣ ਸਿਰਸਾ) ਸਰਕਾਰੀ ਮਿਡਲ ਸਕੂਲ ਵਿਚ ਛੇਵੀਂ ਜਾਂ ਸਤਵੀਂ ਦਾ ਵਿਦਿਆਰਥੀ ਸਾਂ। ਕਿਤਾਬਾਂ ਨਾਲ ਮੇਰਾ ਪਹਿਲਾ ਚੇਟਕ ਤਾਂ ਵੱਡੇ ਭਾਈ ਗੁਰਚਰਨ ਸਿੰਘ ਹੋਰਾਂ ਦੀ ਇਕ ਸੰਦੂਕੜੀ ਵਿਚ ਪਏ, ਕੁਝ ਕਿੱਸਿਆਂ ਦੇ ਪੜ੍ਹਨ ਨਾਲ ਸ਼ੁਰੂ ਹੋਇਆ। ਘਰ ਵਿਚ ਕੁਝ ਸਤਿਜੁਗ ਦੇ ਪੁਰਾਣੇ ਬਸੰਤ ਅੰਕ ਵੀ ਸਨ ਜਿਨ੍ਹਾਂ ਨੂੰ ਮੈਂ ਸਕੂਲੋਂ ਛੁੱਟੀ ਬਾਅਦ ਜਾਂ ਹੋਰ ਵਿਹਲੇ ਸਮੇਂ ਪੜ੍ਹਦਾ ਰਹਿੰਦਾ ਸਾਂ। ਇਹ ਬਸੰਤ ਅੰਕ 1929ਈ: ਤੋਂ 1941 ਈ. ਤੱਕ ਦੇ ਸਨ ਜਦੋਂ ਸਤਿਜੁਗ ਸ੍ਰੀ ਭੈਣੀ ਸਾਹਿਬ ਤੋਂ ਹਫਤਾਵਾਰ ਪੱਤਰ ਦੇ ਤੌਰ ਤੇ ਛਪਦਾ ਸੀ ਅਤੇ ਇਸ ਦੇ ਵਿਸ਼ੇਸ਼ "ਬਸੰਤ ਅੰਕ" ਵਰ੍ਹੇ ਬਾਅਦ ਸਤਿਗੁਰੂ ਰਾਮ ਸਿੰਘ ਜੀ ਦੇ ਪਰਕਾਸ਼ ਪੁਰਬ ਨੂੰ ਸਮਰਪਿਤ ਹੁੰਦੇ ਸਨ। ਇਨ੍ਹਾਂ ਵਿਚ ਉਸ ਸਮੇਂ ਦੇ ਚੋਟੀ ਦੇ ਪੰਜਾਬੀ ਲੇਖਕਾਂ, ਕਵੀਆਂ ਅਤੇ ਦੇਸ਼ ਭਗਤਾਂ ਦੀਆਂ ਰਚਨਾਵਾਂ ਅਕਸਰ ਛਪਦੀਆਂ ਸਨ ਜਿਨ੍ਹਾਂ ਵਿਚੋਂ ਕੁਝ ਕੁ ਉੱਘੇ ਨਾਮ ਸਨ, ਭਾਈ ਸਾਹਿਬ ਭਾਈ ਕਾਹਨ ਸਿੰਘ ਜੀ ਨਾਭਾ, ਭਾਈ ਵੀਰ ਸਿੰਘ, ਗਿਆਨੀ ਕਰਤਾਰ ਸਿੰਘ ਕਲਾਸਵਾਲੀਆ, ਗਿਆਨੀ ਹੀਰਾ ਸਿੰਘ ਦਰਦ, ਲਾਲਾ ਧਨੀ ਰਾਮ ਚਾਤ੍ਰਿਕ, ਪ੍ਰੋ. ਗੰਡਾ ਸਿੰਘ, ਮਾਸਟਰ ਸੁੰਦਰ ਸਿੰਘ ਲਾਇਲਪੁਰੀ, ਬਾਵਾ ਬੁੱਧ ਸਿੰਘ, ਡਾ. ਗੋਕਲ ਚੰਦ ਨਾਰੰਗ, ਭਾਈ ਪਰਮਾਨੰਦ, ਮਹਾਸ਼ਾ ਕ੍ਰਿਸ਼ਨ ਜੀ, ਪ੍ਰੋ. ਛਬੀਲ ਦਾਸ, ਡਾਕਟਰ ਗੋਪੀ ਚੰਦ ਭਾਰਗੋ, ਮਾਸਟਰ ਤਾਰਾ ਸਿੰਘ, ਵਿਧਾਤਾ ਸਿੰਘ ਤੀਰ, ਲਾਲ ਸਿੰਘ ਕੰਵਰ, ਲਾਲ ਸਿੰਘ ਕਮਲਾ ਅਕਾਲੀ, ਅਵਤਾਰ ਸਿੰਘ ਆਜ਼ਾਦ, ਸ੍ਰੀ ਰਣਬੀਰ, ਐਸ.ਐਸ. ਚਰਨ ਸਿੰਘ ਸ਼ਹੀਦ, ਪ੍ਰੋ. ਗੰਗਾ ਸਿੰਘ, ਅਰੂੜ ਸਿੰਘ ਤਾਇਬ, ਪ੍ਰੋ. ਤੇਜਾ ਸਿੰਘ, ਮਹਿਤਾਬ ਸਿੰਘ ਬੀਰ, ਗਿਆਨੀ ਗੁਰਮੁਖ ਸਿੰਘ ਮੁਸਾਫਿਰ, ਭਾਈ ਮੋਹਨ ਸਿੰਘ ਵੈਦ, ਸ੍ਰ. ਗੁਰਬਖਸ਼ ਸਿੰਘ ਪ੍ਰੀਤਲੜੀ ਆਦਿਕ। ਕਦੇ-ਕਦੇ ਉਸ ਸਮੇਂ ਦੇ ਕੌਮੀ ਆਗੂਆਂ ਸੁਭਾਸ਼ ਚੰਦਰ ਬੋਸ, ਪੰ. ਜਵਾਹਰ ਲਾਲ ਨਹਿਰੂ, ਪੰ. ਰਾਜਿੰਦਰ ਪ੍ਰਸਾਦ, ਮਾਸਟਰ ਮੋਤਾ ਸਿੰਘ, ਮਾਸਟਰ ਕਾਬਲ ਸਿੰਘ ਆਦਿਕ ਦੇ ਸੰਦੇਸ਼ ਵੀ ਇਨ੍ਹਾਂ ਪੁਰਾਣੇ ਅੰਕਾਂ ਦੇ ਪੰਨੇ ਫੋਲਦਿਆਂ ਨਜ਼ਰ ਪੈਂਦੇ। ਮੇਰੇ ਬਾਲਮਨ ਤੇ ਉਸ ਸਮੇਂ ਦੇ ਸਤਿਜੁਗ ਦੇ ਸੰਪਾਦਕ, ਸੰਤ ਇੰਦਰ ਸਿੰਘ ਚੱਕਰਵਰਤੀ ਦਾ ਇਕ ਆਕਰਸ਼ਕ ਬਿੰਬ ਬਣ ਚੁੱਕਾ ਸੀ, ਜਿਸਨੇ ਅਜਿਹੇ ਸ਼ਾਨਦਾਰ ਅੰਕਾਂ ਦੀ ਸੰਪਾਦਨਾ ਕਰਨ ਦਾ ਸ਼ਰਫ ਹਾਸਿਲ ਕੀਤਾ ਸੀ। ਹੋਰ ਲੇਖਾਂ ਤੋਂ ਇਲਾਵਾ ਚੱਕਰਵਰਤੀ ਜੀ ਦੇ ਲਿਖੇ ਮੁੱਖ ਲੇਖ ਜੋ ਇਨ੍ਹਾਂ ਅੰਕਾਂ ਦੇ ਆਰੰਭ ਵਿਚ ਹੁੰਦੇ ਸਨ, ਆਪਣੇ ਆਪ ਵਿਚ ਨਾਮਧਾਰੀ ਸਾਹਿਤ ਅਤੇ ਇਤਿਹਾਸ ਨੂੰ ਕਥਾ ਕਹਾਣੀ ਦੀ ਸ਼ੈਲੀ ਵਿਚ ਪੇਸ਼ ਕਰਦੇ, ਰਸ ਭਰੀ ਪੰਜਾਬੀ ਵਾਰਤਕ ਦੇ ਅਨੂਠੇ ਨਮੂਨੇ ਹੁੰਦੇ ਸਨ ਜਿਨ੍ਹਾਂ ਵਿਚ ਗੁਰਬਾਣੀ ਜਾਂ

ਹੋਰ ਕਾਵਿ ਟੁਕੜੀਆਂ, ਸੋਨੇ ਦੀ ਮੁੰਦਰੀ ਵਿਚ ਨਗਾਂ ਵਾਂਗੂੰ ਜੜੀਆਂ ਹੁੰਦੀਆਂ ਸਨ। ਪਰ ਫਿਰ ਇਕ ਦਿਨ ਮੇਰੇ ਹੱਥ 1941 ਈ. ਵਿਚ ਛਪਿਆ ਸਤਿਜੁਗ ਦਾ ਸੰਤ ਅੰਕ (ਭਾਗ ਦੂਜਾ) ਆ ਗਿਆ। ਇਸ ਵਿਚ ਚੱਕਰਵਰਤੀ ਜੀ ਦੀ ਇਕ ਰਚਨਾ ਛਪੀ ਸੀ "ਬੌਰੀਆਂ ਵਾਲਾ"।

ਸੱਚ ਜਾਣਿਉਂ ਚੱਕਰਵਰਤੀ ਜੀ ਦੀ ਇਸ ਰਚਨਾ ਦੇ ਪਾਠ ਨੇ ਮੈਨੂੰ ਉਨ੍ਹਾਂ ਦਾ ਸ਼ੈਦਾਈ ਬਣਾ ਦਿੱਤਾ। ਇਹ ਇਕ ਟਹਿਲ ਸਿੰਘ ਨਾਮੇ, ਮਜ਼ਬੀ ਸਿੱਖ ਨਾਮਧਾਰੀ ਮਸਤਾਨੇ ਦੀ ਕਰੁਣਾਮਈ ਅੰਦਾਜ਼ ਵਿਚ ਲਿਖੀ ਗਾਥਾ ਸੀ, ਜਿਹੜਾ ਚੱਕਰਵਰਤੀ ਜੀ ਦੇ ਪਿੰਡ ਲੱਲ ਕਲਾਂ ਵਿਚ ਉਨ੍ਹਾਂ ਦੇ ਕੋਠੇ ਤੇ ਬੈਠਾ, ਸਾਰੀ ਸਾਰੀ ਰਾਤ ਪਰਦੇਸੀ ਪ੍ਰੀਤਮ, ਸਤਿਗੁਰੂ ਰਾਮ ਸਿੰਘ ਜੀ ਦੇ ਵਿਛੋੜੇ ਦੇ ਸ਼ਬਦ, ਸਿੱਧੀਆਂ ਸਾਦੀਆਂ ਪੇਂਡੂ ਧਾਰਨਾਵਾਂ ਵਿਚ ਪੜ੍ਹਦਾ ਰਹਿੰਦਾ ਸੀ ਤੇ ਲੋਕੀ ਵੀ ਆਪੋ ਆਪਣੇ ਕੋਠਿਆਂ 'ਤੇ ਬੈਠੇ, ਉਸ ਬਿਰਹੋਂ ਵਿਛੁੰਨੇ ਸਾਧੂ ਦੇ ਅਗੰਮੀ ਬੋਲਾਂ ਦਾ ਰਸ ਮਾਣਦੇ ਰਹਿੰਦੇ। ਮੈਨੂੰ ਲੱਗਦਾ ਹੈ ਕਿ ਚੱਕਰਵਰਤੀ ਜੀ ਅੰਦਰ ਸੁਰੱਸਤੀ ਦਾ ਵਾਸਾ, ਉਸ ਮਸਤਾਨੇ ਦੇ ਕੀਲਣ ਵਾਲੇ ਬੋਲਾਂ ਨਾਲ ਹੀ ਹੋ ਗਿਆ ਅਤੇ ਮੈਂ ਵੀ ਨਾਮਧਾਰੀ ਪੰਥ ਦੇ ਸਾਹਿਤ ਇਤਿਹਾਸ ਦੀ ਪਗਡੰਡੀ 'ਤੇ ਤੁਰਨ ਦਾ ਵੱਲ, ਉਪਰੋਕਤ ਰਚਨਾ ਦੀ ਕੀਲ ਵਿਚ ਆ ਕੇ ਹੀ ਸਿੱਖ ਲਿਆ। ਮੈਂ ਅੱਜ ਵੀ "ਬੌਰੀਆਂ ਵਾਲਾ" ਨੂੰ ਚੱਕਰਵਰਤੀ ਹੋਰਾਂ ਦੀਆਂ ਸ਼ਾਹਕਾਰ ਰਚਨਾਵਾਂ ਵਿਚੋਂ ਇਕ ਸਮਝਦਾ ਹਾਂ, ਜੋ ਉਨ੍ਹਾਂ ਪੂਰੇ ਦਿਲ ਦੇ ਦਰਦ ਨਾਲ ਕਾਗਜ਼ ਦੀ ਹਿੱਕੜੀ ਤੇ ਉਲੀਕੀ ਸੀ। ਇਸ ਰਚਨਾ ਦੇ ਅਮਰ ਪਾਤਰ ਭਾਈ ਟਹਿਲ ਸਿੰਘ ਬੌਰੀਆਂ ਵਾਲੇ ਦੇ ਬਚਪਨ ਵਿਚ ਸੁਣੇ ਉਹ ਬੋਲ ਹੀ ਸਨ ਜੋ ਸਾਰੀ ਉਮਰ ਇੰਦਰ ਸਿੰਘ ਨਾਮੀ ਇਸ ਸੰਭਾਵਨਾਵਾਂ ਭਰਪੂਰ ਬਾਲ ਦੇ ਕੰਨਾਂ ਵਿਚ ਗੂੰਜਦੇ ਰਹੇ–

"ਤੂੰ ਮੈਨੂੰ ਭੁੱਲਦਾ ਨਹੀਂ ਸੁਣ ਮੀਤ ਵੇ, ਤੈਂ ਕੀ ਸਿਰ ਪਾ ਲਿਆ ਮੇਰੇ"

ਕੂਕੇ ਮਸਤਾਨਿਆਂ ਦੇ ਇਨ੍ਹਾਂ ਬੋਲਾਂ ਨੇ ਹੀ ਬਾਲਕ ਇੰਦਰ ਸਿੰਘ ਨੂੰ ਕਾਲਾਂਤਰ ਵਿਚ ਇੰਦਰ ਸਿੰਘ 'ਚੱਕਰਵਰਤੀ' ਬਣਾ ਕੇ, ਉਸਨੂੰ ਨਾਮਧਾਰੀ ਜਗਤ ਵਿਚ ਤਾਂ ਵਖਿਆਤ ਕੀਤਾ ਹੀ ਸਗੋਂ ਆਪਣੀ ਲਗਾਤਾਰ ਚੱਲਦੀ ਬਹੁ ਵਿਧਾਈ ਕਲਮ ਦੁਆਰਾ, ਉਸਨੂੰ ਪੰਜਾਬੀ ਸਾਹਿਤ ਗਗਨ ਦੇ ਤਾਰਾ ਮੰਡਲ ਵਿਚ ਵੀ ਸੁਸ਼ੋਭਿਤ ਕਰ ਦਿੱਤਾ। ਦਿਲ ਦੀਆਂ ਗਹਿਰਾਈਆਂ ਵਿਚੋਂ ਉਪਜੀ ਵੇਦਨਾ, ਬਿਰਹੋਂ ਕੁੱਠੇ ਹਿਰਦਿਆਂ ਦੀ ਹੂਕ, ਪੱਥਰਾਂ ਨੂੰ ਮੋਮ ਕਰ ਦਿੰਦੀ ਹੈ। ਚੱਕਰਵਰਤੀ ਜੀ ਨੇ ਜਦੋਂ ਜਿਹੇ ਰਿਆਸਤ ਪਟਿਆਲਾ ਦੇ ਭੈਣੀ ਸਾਹਿਬ ਤੋਂ ਮਸਾਂ ਹੀ ਅੱਠ ਕੁ ਕਿਲੋਮੀਟਰ ਦੂਰ ਪਿੰਡ ਲੱਲ ਕਲਾਂ ਵਿਚ ਆਪਣੀਆਂ ਅੱਖਾਂ ਖੋਹਲੀਆਂ ਤਾਂ ਉਦੋਂ ਕੂਕਿਆਂ ਤੋਂ ਉਨ੍ਹਾਂ ਦੇ ਮਾਹੀ ਦੇ ਵਿਛੋੜੇ ਨੂੰ, ਸਿਰਫ ਤਿੰਨ ਦਹਾਕੇ ਹੀ ਤਾਂ ਬੀਤੇ ਸਨ। ਉਹ ਬਜ਼ੁਰਗ ਮਾਈ, ਭਾਈ, ਵੱਡੀ ਗਿਣਤੀ ਵਿਚ ਅਜੇ ਮੌਜੂਦ ਸਨ, ਜਿਨ੍ਹਾਂ ਉਸ ਚੋਜੀ ਪ੍ਰੀਤਮ ਦੇ ਅਨੇਕ ਚੋਜ ਆਪਣੇ ਨੇਤਰਾਂ ਨਾਲ ਨਿਹਾਰੇ ਸਨ। ਚੱਕਰਵਰਤੀ ਜੀ ਦਾ ਪਿਤਾ ਮੋਦਨ ਸਿੰਘ ਅਤੇ ਦਾਦਾ ਜੈ ਸਿੰਘ ਕੱਟੜ ਕੂਕੇ ਸਨ, ਜਿਨ੍ਹਾਂ ਨੂੰ ਕੂਕਾ ਹੋਣ ਦੇ ਅਪਰਾਧ ਵਿਚ ਕਦੇ ਪਟਿਆਲਾ ਰਿਆਸਤ ਦੀ ਜੇਲ੍ਹ ਕੱਟਣੀ ਪਈ ਅਤੇ ਕਦੇ ਗੁਰਦੁਆਰਾ ਭੈਣੀ ਸਾਹਿਬ ਦੀ ਗਊਸ਼ਾਲਾ

ਵਿਚ, ਆਪਣੇ ਖੇਤਾਂ ਵਿਚੋਂ ਕੱਟ ਕੇ ਹਰਾ ਘਾਹ ਪਹੁੰਚਾਉਣ ਲਈ, ਅੰਗਰੇਜ਼ੀ ਪੁਲੀਸ ਤੋਂ ਪਰਤਾੜਿਤ ਹੋਣਾ ਪਿਆ।[1] ਇਨ੍ਹਾਂ ਸਖਤੀਆਂ ਵਿਚੋਂ ਕੂਕਾ ਹੋਰ ਕੁੰਦਨ ਹੋ ਕੇ ਨਿਕਲਿਆ। ਸਤਿਗੁਰੂ ਦਰਸ਼ਨਾਂ ਦੀ ਸਿੱਕ ਵਿਚ ਉਨ੍ਹਾਂ ਨੇ ਆਪਣੀਆਂ ਅਨੇਕ ਪੀੜ੍ਹੀਆਂ ਹੌਕਿਆਂ ਹਾਵਿਆਂ ਨਾਲ ਲੰਘਾਈਆਂ। ਅਣਿਆਲੇ ਨੈਣਾਂ ਦੀ ਤੱਕਣੀ ਦੀ ਲਟਕ ਨੇ ਹੀ ਤਾਂ ਕਦੇ ਸੱਯਦਾਂ ਦੇ ਪੁੱਤਰ ਨੂੰ, ਪੰਜਾਬੀ ਦਾ ਮਕਬੂਲ ਸ਼ਾਇਰ ਬਣਾ ਦਿੱਤਾ–

"ਵਾਰਿਸ ਸ਼ਾਹ ਨੂੰ ਹੀਰ ਖਵਾਰ ਕੀਤਾ, ਨਹੀਂ ਰੱਬ ਸੀ ਸਾਹਿਬ ਸਰਦਾਰ ਕੀਤਾ।"

ਛੇਵੇਂ ਅਤੇ ਦਸਵੇਂ ਗੁਰੂ ਸਾਹਿਬਾਨ ਦੀ ਚਰਨ ਛੋਹ ਨਾਲ ਪਵਿੱਤਰ, ਲੱਲ ਕਲਾਂ ਅੱਜ ਕੱਲ੍ਹ ਤਾਂ ਜ਼ਿਲ੍ਹਾ ਲੁਧਿਆਣਾ ਵਿਚ ਹੈ ਪਰ ਪੈਪਸੂ ਦੇ ਪੰਜਾਬ ਵਿਚ ਮਿਲਣ ਤੋਂ ਪਹਿਲਾਂ ਇਸਦੀ ਰਿਆਸਤ ਪਟਿਆਲਾ ਸੀ। ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਾਛੀਵਾੜੇ ਤੋਂ ਚੱਲ ਕੇ, ਇਸ ਪਿੰਡ ਆਏ ਸਨ, ਜਿੱਥੇ ਛੇਵੇਂ ਪਾਤਸ਼ਾਹ ਅਤੇ ਉਨ੍ਹਾਂ ਦੀ ਯਾਦ ਵਿਚ ਗੁਰਦੁਆਰਾ ਸੁਸ਼ੋਭਿਤ ਹੈ। ਬਹੁਤ ਦਹਾਕਿਆਂ ਤੱਕ ਨਾਮਧਾਰੀ ਸਿੰਘ ਇਸ ਗੁਰਦੁਆਰੇ ਦੀ ਸੇਵਾ ਨਿਭਾਉਂਦੇ ਰਹੇ ਸਨ। ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਇਸ ਗੁਰਦੁਆਰੇ ਦੇ ਮਹੰਤ ਬਾਬਾ ਮਾਘਾ ਸਿੰਘ ਜੀ ਸਨ। ਸਤਿਗੁਰੂ ਜੀ ਦਾ ਇਕ ਹੁਕਮਨਾਮਾ ਗੁਰਦਿਤ ਸਿੰਘ, ਅਤਰ ਸਿੰਘ, ਮਾਘਾ ਸਿੰਘ ਆਦਿਕ ਲੱਲਾਂ ਦੇ ਸਿੰਘਾਂ ਨੂੰ ਸੰਬੋਧਿਤ ਹੈ;

੧ੴ ਸਤਿਗੁਰ ਪ੍ਰਸਾਦਿ।

ਲਿਖਤੋ ਦਿਆਲ ਸਿੰਘ ਤੇ ਕ੍ਰਿਪਾਲ ਸਿੰਘ ਜੋਗ ਉਪਮਾ ਭਾਈ ਗੁਰਦਿਤ ਸਿੰਘ, ਅਤ੍ਰ ਸਿੰਘ ਤੇ ਮਾਘਾ ਸਿੰਘ ਮਹੰਤ ਹੋਰ ਸੰਬੂਹ ਸੰਗਤ ਲਲਾ ਦੀ ਕੋ ਸਿਰੀ ਵਾਹਿਗੁਰੂ ਜੀ ਕੀ ਫਤੇ ਬੁਲਾਈ ਬਾਚਨੀ।

ਹੋਰੁ ਅਸੀ ਅਨੰਦ ਹੈ, ਤੁਮਾਰੀ ਸੁਖ ਸਾਦ ਦੀ ਖਵਰ ਪਾਈ। ਹੋਰ ਤਾਂ ਸਾਨੂ ਕੋਈ ਦੁਖ ਨਹੀਂ, ਇਕ ਸੰਗਤ ਦੇ ਵਿਛੋੜੇ ਦਾ ਦੁਖ ਹੈ। ਸੋ ਗੁਰੂ ਸਾਹਿਬ ਦੇ ਮੇਟਣ ਦਾ ਹੈ। ਜਬ ਗੁਰੂ ਸਾਹਿਬ ਚਾਹੇਗਾ ਤਾ ਤੁਰੰਤ ਹੀ ਮੇਟ ਦੇਊਗਾ। ਹੋਰ ਤੁਸੀਂ ਭਾਈ ਨਰੈਣ ਸਿੰਘ ਬਿਜਲੀਪੁਰੀਏ ਨੂੰ ਸਭੇ ਸਿੰਘ ਮਿਲਕੇ ਲਲੀ ਲੈ ਆਵੋ, ਜਾਗਾ ਬਨਾ ਦਿਓ ਬਹੁਤ ਚੰਗੀ ਬਾਤ ਹੈ। ਜੋ ਬਨਿ ਆਵੈ ਸੇਵਾ ਟਹਿਲ ਕਰਨੀ। ਅਰੁ ਲਟਕੇ ਲਟਕੀਆ ਨੂ ਅਖਰ ਪੜਾ ਦੇਓ। ਸਭੇ ਸਿੰਘ ਰਾਤ ਨੂੰ ਇਕਠੇ ਹੋ ਕੇ ਬਾਨੀ ਕੰਠ ਕਰੋ ਹਮੇਸਾ। ਮਾਈ ਬੀਬੀ ਸਭ ਨੇ ਬਾਨੀ ਕੰਠ ਜਰੂਰ ਕਰਨੀ।

... ਮਾਘਾ ਸਿੰਘ ਤੈ ਬੀ ਬਾਨੀ ਕੰਠ ਕਰਨੀ ਕਰਾਉਣੀ। ਬਾਨੀ ਕੰਠ ਕਰਨ ਨੂ ਸਭ ਕੋ ਤਾਕੀਦ ਕਰਨੀ। ਤੇਰਾ ਬੀ ਭਲਾ ਹੋਵੇਗਾ। ਸਤਿ ਕਰਕੇ ਮੰਨਣਾ ਏਹੁ ਬਾਤ। ਸਭਨਾ ਸਿੰਘਾ ਨੇ ਹਛੀ ਤਰਾ ਮਿਲਕੇ ਰਹਿਣਾ। ਬਖੇਪਤਾ ਕੋਈ ਦਿਨ ਹੈ। ਹਮੇਸਾ ਬਖੇਪਤਾ ਨਹੀ ਰਹਿਣੀ।

ਜੋ ਭਜਨ ਬਾਨੀ ਕਰਨਗੇ ਤਿਨਾ ਕੋ ਸੁਖ ਬਹੁਤ ਹੋਊਗਾ ਹਰਿ ਤਰਾ ਸੇ। ਅਰੁ ਭੋਗ ਗਰੰਥ ਸਾਹਿਬ ਦੇ ਪਾਉਣੇ ਸਭਨਾ ਸਿੰਘਾਂ ਨੇ ਸਾਡੇ ਵਾਸਤੇ ਜੋ ਸਾਨੂ ਭੀ ਗੁਰੂ ਸਾਹਿਬ ਸੰਗਤ ਕਾ ਦੀਦਾਰ ਕਰਾਵੇ। ਦੇਖੋ ਕਰਤਾਰ ਦੇ ਰੰਗ ਤਮਾਸ਼ੇ, ਕਰਤਾਰ ਕੀ ਰੰਗ

ਦਿਖਾਲਦਾ ਹੈ। ਸਦਾ ਲੈ ਲੈ ਨਾਮਧਾਰੀਆ ਨੂ ਨਹੀ ਰਹਿਣੀ। ਸਾਡੇ ਮਗਰ ਤਾ ਬਥੇਰੀ ਭੰਡੀ ਲਾਈ ਹੈ ਸਭਨਾ ਨੇ, ਸਿਖਾਂ ਸਾਧਾਂ ਨੇ ਰਾਜਿਆਂ ਪੁਜਾਰੀਆਂ ਨੇ। ਬਹੁਤਾ ਕੀ ਆਖਣਾ ਹੈ ਦੇਖੋ ਕਰਤਾਰ ਦੇ ਰੰਗ ਤਮਾਸੇ ਕੀ ਰੰਗ ਖੁਲਦਾ ਹੈ। ਸਮਾ ਤਾ ਆਇ ਪਹੁੰਚਾ ਹੈ, ਅਗੇ ਗੁਰੂ ਬੇਅੰਤ ਹੈ।

ਅਸੀ ਬੀ ਗੁਰੂ ਸਾਹਿਬ ਦੇ ਬਚਨ ਸੁਨਕੇ ਆਖਦੇ ਹੈ ਸਭਨੇ ਭਜਨੁ ਬਾਣੀ ਤਕੜੇ ਹੋ ਕੇ ਕਰਨਾ, ਢਿਲੇ ਨਹੀ ਪੈ ਜਾਣਾ। ਮੇਰਾ ਕਹਿਣਾ ਸਤਿ ਕਰਕੇ ਮੰਨਣਾ। ਇਉ ਨਹੀਂ ਜਾਨਣਾ ਆਪ ਬੈਠਾ ਲੀਕਾ ਕਾਲੇ ਪਾਨੀ ਦੀਆ ਕਢੀ ਜਾਦਾ ਹੈ। ਅਰੁ ਪਿਛਾ ਰਾਤ ਉਠਕੇ ਜਰੂਰ ਨਾਉਣਾ।

ਹੋਰੁ ਮਿਸਰ ਗਣਪਤ ਨੂੰ ਮੇਰੀ ਨਮਸਕਾਰ ਕਰਨੀ। ਹੋਰ ਕੰਮ ਕਾਰ ਭੀ ਕਰਨਾ, ਪਰਮੇਸਰ ਕਾ ਭਜਨੁ ਬੀ ਕਰਨਾ। ਰਿਜਕਾ ਕਾ ਦਾਤਾ ਪ੍ਰਮੇਸਰ ਹੈ। ਸਤਿ ਕਰਕੇ ਜਾਨਣਾ।

(ਹੁਕਮਨਾਮਾ ਨੰ: 34)

ਉਪਰੋਕਤ ਹੁਕਮਨਾਮੇ ਵਿਚੋਂ ਲੱਲ ਪਿੰਡ ਦੇ ਕੂਕਾ ਅੰਦੋਲਨ ਦੀ ਤਸਵੀਰ ਸਪਸ਼ਟ ਹੁੰਦੀ ਹੈ। ਉਥੋਂ ਦੇ ਇਤਿਹਾਸਕ ਗੁਰਦੁਆਰੇ ਦੇ ਗਰੰਥੀ ਦੀ ਸੇਵਾ ਨਿਬਾਹੁਣ ਲਈ, ਸਤਿਗੁਰੂ ਜੀ ਮਾਛੀਵਾੜਾ ਥਾਣਾ ਦੇ ਪਿੰਡ, ਬਿਜਲੀਪੁਰ ਦੇ ਭਾਈ ਭਗਵਾਨ ਸਿੰਘ ਦੇ ਪੁੱਤਰ ਨਰਾਇਣ ਸਿੰਘ ਨੂੰ ਇੱਥੇ ਲਿਆਉਣ ਦੀ ਤਾਕੀਦ ਕਰਦੇ ਹਨ। ਉਹ ਗੁਰਬਾਣੀ ਦਾ ਚੰਗਾ ਪਾਠੀ ਅਤੇ ਖੜਕੇ ਦੜਕੇ ਵਾਲਾ ਸਿੰਘ ਸੀ ਜਿਸ ਤੇ ਅੰਗਰੇਜ਼ ਸਰਕਾਰ, ਉਨ੍ਹਾਂ ਦਿਨਾ ਵਿਚ ਨਿਗਰਾਨੀ ਰੱਖ ਰਹੀ ਸੀ।[2] ਚੱਕਰਵਰਤੀ ਜੀ ਦੀ ਰਚਨਾ "ਬੌਰੀਆਂ ਵਾਲਾ" ਵਿਚਲੀ ਬੀਬੀ ਪਾਰਬਤੀ ਬ੍ਰਾਹਮਣੀ, ਇਸੇ ਮਿਸਰ ਗਣਪਤ ਦੇ ਵੰਸ਼ਿਜਾਂ ਵਿਚੋਂ ਹੋ ਸਕਦੀ ਹੈ। ਇਹੋ ਜਿਹੇ ਪਰਿਵੇਸ਼ ਵਿਚ ਜਨਮ ਲੈਣ ਵਾਲੇ ਸੰਤ ਇੰਦਰ ਸਿੰਘ ਚੱਕਰਵਰਤੀ ਨੂੰ ਇਕ ਟਕਸਾਲੀ ਕੂਕੇ ਦੀ ਸੰਗਿਆ ਦਿੱਤੀ ਜਾ ਸਕਦੀ ਹੈ। ਨਾਨਕਿਆਂ ਵੱਲੋਂ ਵੇਖੀਏ ਤਾਂ ਆਪ ਜੀ ਦੀ ਮਾਤਾ ਮਾਨ ਕੌਰ, ਉਸ ਮੁਠੱਡਾ (ਜਲੰਧਰ) ਪਿੰਡ ਨਾਲ ਸਬੰਧਿਤ ਸਨ, ਜਿਸਨੂੰ ਸਤਿਗੁਰੂ ਰਾਮ ਸਿੰਘ ਜੀ ਨੇ ਸ੍ਰੀ ਭੈਣੀ ਸਾਹਿਬ ਦੀ ਡਿਓਢੀ ਹੋਣ ਦਾ ਮਾਣ ਬਖਸ਼ਿਆ ਸੀ। ਇਸ ਤੋਂ ਵੀ ਵੱਡਾ ਵਾਧਾ ਇਹ ਹੈ ਕਿ ਬਚਪਨ 'ਚ, ਜੁਆਨੀ ਦੀਆਂ ਦਹਿਲੀਜਾਂ ਤੇ ਪੈਰ ਧਰਨ ਸਮੇਂ ਹੀ ਸੰਤ ਜੀ ਸ੍ਰੀ ਭੈਣੀ ਸਾਹਿਬ ਵਿਖੇ ਸਤਿਗੁਰੂ ਪਰਤਾਪ ਸਿੰਘ ਜੀ ਦੀ ਸੇਵਾ ਵਿਚ ਆ ਗਏ ਸਨ। ਇਸ ਸਮੇਂ ਸੰਨ 1916 ਈ. ਦੀਆਂ ਗਰਮੀਆਂ ਵਿਚ ਸਤਿਗੁਰੂ ਪਰਤਾਪ ਸਿੰਘ ਜੀ ਸਰਹੰਦ ਨਹਿਰ ਵਾਲੇ ਡੇਰੇ ਤੇ, ਨੀਲੋਂ ਪੁਲ ਤੋਂ ਉੱਪਰਲੇ ਪਾਸੇ, ਡੇਰਾ ਰੱਖਦੇ ਸਨ। ਭਾਈ ਸੁਹੇਲ ਸਿੰਘ ਬਿਲਗਾ ਤੇ ਹੋਰ ਵਿਦਵਾਨ ਸਿੰਘ, ਸਤਿਗੁਰੂ ਜੀ ਨਾਲ ਮਿਲਕੇ ਆਦਿ ਗੁਰੂ ਗਰੰਥ ਸਾਹਿਬ ਅਤੇ ਦਸਮ ਗੁਰੂ ਗਰੰਥ ਸਾਹਿਬ ਦੇ ਪਾਠ ਤੋਰੀ ਰੱਖਦੇ ਸਨ। ਇਨ੍ਹਾਂ ਪਾਠਾਂ ਦੀ ਸੋਅ ਸੁਣ ਕੇ ਹੀ ਗੁਆਂਢੀ ਪਿੰਡ ਲੱਲਾਂ ਤੋਂ 13-14 ਕੁ ਸਾਲ ਦੀ ਉਮਰ ਵਿਚ ਸੰਤ ਚੱਕਰਵਰਤੀ ਜੋ ਉਦੋਂ ਅਜੇ ਨਿਰੇ ਇੰਦਰ ਸਿੰਘ ਸਨ ਉੱਥੇ ਪੁੱਜ ਗਏ।[3] ਸਤਿਗੁਰੂ ਪਰਤਾਪ ਸਿੰਘ ਜੀ ਦੇ ਸਨੇਹ ਪਾਸ਼ ਵਿਚ ਐਸੇ ਬੱਝੇ ਕਿ ਫਿਰ ਸਾਰੀ ਉਮਰ ਆਪ ਉਨ੍ਹਾਂ ਜੋਗੇ ਹੀ ਹੋ ਕੇ ਰਹਿ ਗਏ। ਬੇਸ਼ਕ ਆਪ ਬਾਅਦ ਵਿਚ ਪ੍ਰੀਤ ਨਗਰ ਵੀ ਪ੍ਰੀਤ ਸੈਨਿਕ ਦੇ ਤੌਰ 'ਤੇ ਗੁਰਬਖਸ਼

ਸਿੰਘ ਹੋਰਾਂ ਦੇ ਸੰਗ ਸਾਥ ਵਿਚ ਪਿਛਲੀ ਸਦੀ ਦੇ ਪੰਜਵੇਂ ਦਹਾਕੇ ਦੇ ਪਹਿਲੇ ਅੱਧ ਵਿਚ ਰਹੇ ਸਨ। ਉਸ ਤੋਂ ਬਾਅਦ ਉਹ ਦੇਸ਼ ਅਜ਼ਾਦੀ ਦੇ ਲਾਗੇ ਚਾਗੇ, ਪਟਿਆਲੇ ਵਿਚ ਜਾ ਇਸਥਿੱਤ ਹੋਏ, ਜਿੱਥੇ ਉਨ੍ਹਾਂ ਨੇ ਪੈਪਸੂ ਦੇ ਭਾਸ਼ਾ ਵਿਭਾਗ ਵਿਚ ਬਿਨਾ ਕਿਸੇ ਅਕਾਦਮਿਕ ਯੋਗਤਾ ਦੇ, ਆਪਣੇ ਸਾਹਿਤਕ ਸਫ਼ਰ ਦੇ ਅਨੁਭਵ ਸਦਕਾ, ਕੋਸ਼ਕਾਰੀ ਵਿਭਾਗ ਵਿਚ ਨੌਕਰੀ ਹਾਸਲ ਕਰ ਲਈ ਸੀ। ਉਨ੍ਹਾਂ ਦੀ ਸ਼ਖ਼ਸੀਅਤ ਵਿਚ ਨਿਖਾਰ ਤੇ ਵਿਕਾਸ, 1916 ਤੋਂ 1942 ਈ. ਤੱਕ ਲਗਾਤਾਰ ਸ੍ਰੀ ਭੈਣੀ ਸਾਹਿਬ, ਸਤਿਗੁਰੂ ਜੀ ਦੀ ਹਜ਼ੂਰੀ ਵਿਚ ਰਹਿੰਦਿਆਂ ਅਤੇ ਦੇਸਾਂ ਪਰਦੇਸਾਂ ਵਿਚ ਵਿਚਰਦਿਆਂ ਹੀ ਆਇਆ। ਉਨ੍ਹਾਂ ਨੂੰ ਲਿਖਣ ਪੜ੍ਹਣ ਦੀ ਮੁੱਢਲੀ ਜਾਗ ਤਾਂ ਪਿੰਡ ਦੇ ਗੁਰਦੁਆਰੇ ਵਿਚੋਂ ਹੀ ਲੱਗੀ ਸੀ। ਰੰਗੂਨ ਜਾ ਕੇ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕਰਨ ਵਾਲੇ, ਬਾਬਾ ਹਰਨਾਮ ਸਿੰਘ ਜੀ ਨਥਾਣਾ (ਬਠਿੰਡਾ) ਆਪ ਦੇ ਅੱਖਰ ਅਤੇ ਗੁਰਮਤਿ ਗਿਆਨ ਦੇ ਮੁੱਢਲੇ ਵਿੱਦਿਆ ਦਾਤੇ ਸਨ। ਬਾਬਾ ਨਥਾਣੀਆਂ ਤੋਂ ਬਿਨਾ ਪੰਡਿਤ ਬਸੰਤ ਸਿੰਘ ਜੀ ਗੜ੍ਹ ਪਧਾਣਾ ਪਾਸੋਂ ਵੀ ਚੱਕਰਵਰਤੀ ਜੀ, ਹਿੰਦੀ, ਸੰਸਕ੍ਰਿਤ, ਗੁਰਮਤਿ ਗਿਆਨ ਅਤੇ ਵਿਆਕਰਣ ਦੀਆਂ ਬਾਰੀਕੀਆਂ ਵਿਚ ਪਾਰੰਗਤ ਹੋ ਗਏ। ਬਚਪਨ ਵਿਚ ਮਾਤਾ ਮਾਨ ਕੌਰ, ਬਾਬਾ ਮਾਘਾ ਸਿੰਘ ਜੀ, ਅਤਰ ਸਿੰਘ ਜੀ ਆਪਣੇ ਦਾਦੇ ਸੰਤ ਜੈ ਸਿੰਘ ਆਦਿ ਤੋਂ ਨਾਮਧਾਰੀ ਇਤਿਹਾਸ ਦੀਆਂ ਹਿਰਦੇ ਵੇਧਕ ਗਾਥਾਵਾਂ ਸੁਣਦੇ ਰਹੇ ਅਤੇ ਗਭਰੇਟ ਉਮਰੇ ਸਤਿਗੁਰੂ ਪਰਤਾਪ ਸਿੰਘ ਜੀ ਦੀ ਸੰਗਤ ਵਿਚ, ਇਹ ਹੀਰਾ ਇਸ ਤਰ੍ਹਾਂ ਤਰਾਸ਼ਿਆ ਗਿਆ ਕਿ ਇਸ ਦੀ ਰੋਸ਼ਨੀ ਚਹੁੰ ਕੂੰਟਾਂ ਵਿਚ ਦਮਕਾਂ ਮਾਰਨ ਲੱਗ ਪਈ। ਇਹ ਸਮਾਂ ਉਹ ਸੀ ਜਦੋਂ ਗ਼ਦਰ ਲਹਿਰ ਦੇ ਸਿਰਲੱਥ ਸੂਰਮੇ ਸਿਰ ਤਲੀ 'ਤੇ ਰੱਖ ਕੇ, ਪਰਦੇਸਾਂ ਤੋਂ ਪੰਜਾਬ ਤੇ ਹਿੰਦ ਵੱਲ ਹਥਿਆਰਬੰਦ ਇਨਕਲਾਬ ਲਈ ਵਹੀਰਾਂ ਘੱਤ ਆਏ ਸਨ। ਜਦੋਂ ਸ਼ਹੀਦ ਕਰਤਾਰ ਸਿੰਘ ਸਰਾਭਾ ਤੇ ਉਸਦੇ ਸਾਥੀ, ਫਾਂਸੀਆਂ ਤੇ ਟੰਗੇ ਜਾ ਰਹੇ ਸਨ। ਕਾਲੇਪਾਣੀ ਦੇ ਕੁੰਭੀ ਨਰਕਾਂ ਵਿਚ ਸੁੱਟੇ ਜਾ ਰਹੇ ਸਨ। ਜਲ੍ਹਿਆਂਵਾਲੇ ਬਾਗ਼ ਵਿਚ ਹਜ਼ਾਰਾਂ ਪੰਜਾਬੀਆਂ ਨੂੰ ਗੋਰਾ ਸ਼ਾਹੀ ਦੀਆਂ ਗੋਲੀਆਂ ਦਾ ਨਿਸ਼ਾਨਾ ਬਣਾਇਆ ਜਾ ਰਿਹਾ ਸੀ। ਨਨਕਾਣਾ ਸਾਹਿਬ ਵਿਖੇ ਸੈਂਕੜੇ ਸਿੱਖ ਅੰਗਰੇਜ਼ ਅਧਿਕਾਰੀਆਂ ਦੀ ਸ਼ਹਿ ਤੇ ਵਹਿਸ਼ੀ ਮਹੰਤ ਦੀਆਂ ਗੋਲੀਆਂ ਨਾਲ ਭੁੰਨੇ ਜਾ ਰਹੇ ਸਨ। ਗੁਰੂ ਕਾ ਬਾਗ਼ ਅਤੇ ਜੈਤੋ ਦਾ ਮੋਰਚਾ, ਸਿੱਖਾਂ ਤੇ ਵਿਸ਼ੇਸ਼ ਕਰ ਪੰਜਾਬੀਆਂ ਵਿਚ ਬਸਤੀਵਾਦ ਵਿਰੋਧੀ ਭਾਵਨਾ ਭਰ ਰਿਹਾ ਸੀ। ਭੈਣੀ ਸਾਹਿਬ ਦੇ ਗੁਰੂ ਧਾਮ ਦੇ ਬੂਹੇ ਅੱਗੇ ਅਜੇ ਵੀ ਪੁਲੀਸ ਚੌਂਕੀ ਤਾਇਨਾਤ ਸੀ। ਅਜਿਹੇ ਮਾਹੌਲ ਵਿਚ ਸੰਤ ਇੰਦਰ ਸਿੰਘ ਚੱਕਰਵਰਤੀ ਜਿੱਥੇ ਇੱਕ ਪਾਸੇ ਗੁਰਮਤਿ ਗਿਆਨ ਅਤੇ ਨਾਮਧਾਰੀ ਇਤਿਹਾਸ, ਸਿਧਾਂਤਾਂ ਦੀ ਮੁੱਢਲੀ ਜਾਣਕਾਰੀ ਵਿਚ ਪਰਪੱਕ ਹੋਏ ਉਥੇ ਨਾਲ-ਨਾਲ ਆਪ ਅੰਦਰ ਕੂਕਾ ਲਹਿਰ ਦੇ ਇਕ ਮੰਤਕੀ ਨਤੀਜੇ ਵਜੋਂ ਸਾਮਰਾਜ ਵਿਰੋਧ ਦੀ ਭਾਵਨਾ ਵੀ ਪਰਚੰਡ ਹੋ ਗਈ। ਜਿਸ ਦਾ ਪ੍ਰਗਟਾਵਾ ਅਗਲੇ ਸਮੇਂ ਵਿਚ ਸਤਿਜੁਗ ਵਿਚ ਛਪਦੇ ਆਪਦੇ ਲੇਖਾਂ ਵਿਚੋਂ ਹੁੰਦਾ ਰਹਿੰਦਾ ਸੀ। ਆਲਿਮ ਜੀ ਜਿਉਂ ਆਪ ਨੂੰ ਵੀ 1821 ਈ. ਵਿਚ ਮੁਕਤਸਰ ਦੇ ਹੋਲੇ ਮਹੱਲੇ ਸਮੇਂ, ਇਕ ਨਾਮਧਾਰੀ ਪਰਚਾਰਕ ਦੇ ਤੌਰ ਤੇ ਉਭਰਨ ਦਾ ਮੌਕਾ ਮਿਲਿਆ।

ਆਪ ਦੀ ਲੇਖਣ ਕਲਾ ਦੇ ਮੁੱਖ ਪਰੇਰਕ ਜਾਂ ਉਸਤਾਦ ਸ੍ਰੀ ਮਹਾਰਾਜ ਗੁਰਦਿਆਲ ਸਿੰਘ ਜੀ ਹੀ ਬਣੇ ਸਨ। ਮਹਾਰਾਜ ਜੀ ਆਯੂ ਵਿਚ ਆਪ ਤੋਂ ਕੋਈ 5 ਸਾਲ ਵੱਡੇ ਸਨ। ਆਪ ਦਾ ਜਨਮ ਵਰ੍ਹਾ ਕੁਝ ਲਿਖਤਾਂ ਵਿਚ ਮਾਘ ਸੁਦੀ ਨੌਮੀ, ਸੰਬਤ 1960 ਬਿ. ਮੁਤਾਬਿਕ 1904 ਈਸਵੀ ਲਿਖਿਆ ਮਿਲਦਾ ਹੈ।[4] ਮੈਂ ਆਪਣੇ ਪਿਤਾ ਜੀ ਦੇ ਸੰਸਮਰਣਾਂ ਵਾਲੀ ਕਿਤਾਬ "ਅੱਖੀਂ ਡਿੱਠਾ ਕਿੱਸਾ ਕੀਤਾ" ਦੀ ਬਿਨਾ ਤੇ ਜਿਸ ਵਿਚ ਉਹ ਚੱਕਰਵਰਤੀ ਜੀ ਦੀ ਨਹਿਰ ਦੇ ਡੇਰੇ ਤੇ 1916 ਵਿਚ ਆਉਣ ਦੀ ਉਮਰ 13-14 ਸਾਲ ਲਿਖਦੇ ਹਨ, ਕਹਿ ਸਕਦਾ ਹਾਂ ਕਿ ਉਨ੍ਹਾਂ ਦਾ ਜਨਮ ਵਰ੍ਹਾ 1902 ਹੀ ਸੀ। ਕਿਉਂ ਜੁ ਸੀਤਲ ਜੀ ਅਤੇ ਜੀਆ ਨੱਥਾ ਜੀ ਵਾਲੀ ਉਮਰ ਸੰਤ ਜੀ ਦੀ ਲਿਖਾਈ ਦਫਤਰੀ ਉਮਰ ਹੈ, ਜਿਸ ਵਿਚ ਕੁਝ ਵਾਧਾ ਘਾਟਾ ਹੋ ਸਕਦਾ ਹੈ। ਬਾਪੂ ਜੀ ਸੰਤ ਜੀ ਨੂੰ ਆਪਣੇ ਹਾਣੀ ਦੱਸਦੇ ਸਨ। ਪਰੰਤੂ ਉਪਲੱਬਧ ਫੋਟੋਆਂ ਵਿਚ ਉਹ ਵੇਖਣ ਨੂੰ ਬਾਪੂ ਜੀ, ਜਥੇਦਾਰ ਗੁਰਮੁਖ ਸਿੰਘ ਝੱਬਰ ਤੋਂ ਵੱਡੇ ਜਾਪਦੇ ਹਨ। ਇਸ ਅਧਾਰ ਤੇ ਮੈਂ ਉਪਰੋਕਤ ਵਰ੍ਹਾ ਲਿਖਦਾ ਹਾਂ।

ਚੱਕਰਵਰਤੀ ਜੀ ਨੇ ਆਪਣੇ ਅਗਲੇ ਜੀਵਨ ਦਾ ਵੱਡਾ ਕਾਰਜ, ਗੁਰਦੁਆਰਾ ਭੈਣੀ ਸਾਹਿਬ ਦੇ ਬੂਹੇ ਅੱਗਿਉਂ ਬੈਠੀ ਪੁਲੀਸ ਚੌਂਕੀ ਉਠਵਾਉਣ ਦਾ ਕੀਤਾ। ਇਸ ਵਿਚ ਉਸ ਸਮੇਂ ਭੈਣੀ ਸਾਹਿਬ ਰਹਿਣ ਵਾਲੇ ਖਤਰਾ (ਅੰਮ੍ਰਿਤਸਰ) ਦੇ ਸੂਰਤ ਸਿੰਘ 'ਭਿਖਸ਼ੂ' ਵੀ ਆਪ ਦੇ ਸਹਿਯੋਗੀ ਸਨ। ਚੱਕਰਵਰਤੀ ਜੀ ਦਾ ਪਿਤਾ, ਆਪ ਨੂੰ ਡੇਢ ਸਾਲ ਦੀ ਉਮਰ ਵਿਚ ਛੱਡ ਕੇ, ਪਰਲੋਕ ਸਿਧਾਰ ਗਿਆ। ਭਿਖਸ਼ੂ ਜੀ ਮਾਂ ਮਹਿੱਟਰ ਸਨ। ਇੰਜ ਉਨ੍ਹਾਂ ਨੂੰ ਮਾਂ ਦਾ ਪਿਆਰ ਵੀ ਚੱਕਰਵਰਤੀ ਹੋਰਾਂ ਦੀ ਮਾਤਾ ਤੋਂ ਮਿਲਿਆ। ਆਪ ਲਿਖਦੇ ਹਨ-

"ਸ੍ਰੀ ਮਹਾਰਾਜ ਗੁਰਦਿਆਲ ਸਿੰਘ ਜੀ ਦੀ ਛਤਰ ਛਾਇਆ ਹੇਠ 'ਨਾਮਧਾਰੀ ਸੇਵਕ ਜਥਾ' ਪੁਲੀਟੀਕਲ ਕੰਮ ਕਰਨ ਲਈ ਬਣਾਇਆ ਗਿਆ ਸੀ! ਜਿਸਦਾ ਮੈਂ ਕਈ ਵਰ੍ਹੇ ਸ੍ਰੀ ਮਹਾਰਾਜ ਜੀ ਦੇ ਹੁਕਮ ਅਨੁਸਾਰ ਸਕੱਤਰ ਰਿਹਾ। ਇਸਦਾ ਕੰਮ ਸੰਨ 1872 ਤੋਂ ਚੱਲੀ ਆ ਰਹੀ ਗੁਰਦੁਆਰਾ ਸ੍ਰੀ ਭੈਣੀ ਸਾਹਿਬ ਦੀ ਡਿਉੜੀ ਵਿਚ ਬੈਠੀ ਆ ਰਹੀ ਪੁਲਸ ਦੀ ਚੌਂਕੀ ਚੁਕਵਾਉਣਾ ਸੀ। ਭਿਖਸ਼ੂ ਜੀ ਇਸ ਕੰਮ ਦੇ ਮੋਹਰੀ ਸਨ। ਅੰਦੋਲਨ ਕਾਫੀ ਤੇਜ਼ ਸੀ। ਥਾਂ-ਥਾਂ ਦੀਵਾਨ ਕੀਤੇ ਜਾ ਰਹੇ ਸਨ। ਅੰਤ ਗੌਰਮਿੰਟ ਨੂੰ ਨੋਟਿਸ ਦਿੱਤਾ ਗਿਆ ਸੀ ਕਿ ਜੇ ਇਸ ਮਿਆਦ ਦੇ ਅੰਦਰ ਚੌਂਕੀ ਨਾ ਉਠਾਈ ਤਾਂ ਸਤਿਆਗ੍ਰਹਿ ਸ਼ੁਰੂ ਕਰ ਦਿੱਤਾ ਜਾਵੇਗਾ। ਇਸ ਤੋਂ ਅੰਗਰੇਜ਼ ਬੁਖਲਾ ਗਿਆ ਸੀ। ਉਸ ਆਪਣਾ ਇਕ ਕੂਟਨੀਤੱਗ, ਮਿः ਬੌਰਿੰਗ ਸੁਪਰੀਨਟੈਂਡੈਂਟ ਸੀ.ਆਈ.ਡੀ. ਪੰਜਾਬ, ਸ੍ਰੀ ਭੈਣੀ ਸਾਹਿਬ ਭੇਜਿਆ, ਜਿਸ ਨੇ ਬਿਨਾਂ ਕਿਸੇ ਨੂੰ ਕੁਝ ਦੱਸੇ ਪੁੱਛੇ, ਸ੍ਰੀ ਭੈਣੀ ਸਾਹਿਬ ਆ ਫੇਰੀ ਪਾਈ। ਸਬੱਬ ਨਾਲ ਸ੍ਰੀ ਮਹਾਰਾਜ ਗੁਰਦਿਆਲ ਸਿੰਘ ਜੀ ਵੀ ਬਾਹਰ ਹੀ ਸਨ। ਮੈਂ ਵੀ ਉਸ ਦਿਨ ਗ਼ੈਰ ਹਾਜ਼ਰ ਸਾਂ। ਇਕੱਲੇ ਭਿਖਸ਼ੂ ਹੀ ਸਨ। ਬੈਰਿੰਗ ਥੜ੍ਹੇ ਸਾਹਿਬ ਵਾਲੇ ਮੰਦਰ (ਹੁਣ ਰਾਮ ਮੰਦਰ) ਵਿਚ ਜਾਣ ਲੱਗਾ, ਤਦ ਭਿਖਸ਼ੂ ਜੀ ਕਿਹਾ, "ਸਾਹਿਬ ਬੂਟ ਬਾਹਰ ਖੋਹਲ ਕੇ ਜਾਓ ?" ਉਸ ਘੂਰ ਕੇ ਉਨ੍ਹਾਂ ਵੱਲ ਤੱਕਿਆ, ਪਰ ਉਹ ਨਿਰਭੈ ਖਲੋਤੇ ਰਹੇ।

ਫਿਰ ਉਸ ਬਿਰਧ ਬਾਬੇ ਇਕੱਠੇ ਕਰ ਕੇ ਕਿਹਾ, "ਬਾਬਾ ਜੀ! ਆਪ ਨੂੰ ਕੋਈ ਪੁਲਸ ਦੀ ਤਕਲੀਫ ਹੈ ?" ਬਾਬਿਆਂ ਦੇ ਬੋਲਣ ਤੋਂ ਪਹਿਲਾਂ ਹੀ ਭਿਖਸ਼ੂ ਜੀ ਕਿਹਾ– "ਮੈਨੂੰ ਪੁੱਛੋ, ਮੈਂ ਦੱਸਦਾ ਹਾਂ ਜਿਵੇਂ ਇਸ ਜ਼ਾਲਮ ਨੌਕਰਸ਼ਾਹੀ ਦੀ ਇਸ ਬਦਨਾਮ ਤੇ ਜ਼ਾਲਮ ਪੁਲਸ ਨੇ ਅੱਧੀ ਸਦੀ ਤੋਂ ਸਾਡਾ ਨੱਕ ਵਿਚ ਦਮ ਕਰ ਰੱਖਿਆ ਹੈ। ਹੁਣ ਅਸੀਂ ਫੈਸਲਾ ਕਰ ਲਿਆ ਹੈ, ਜਾਂ ਇਹ ਪੁਲਸ ਏਥੇ ਰਹੇਗੀ ਜਾਂ ਅਸੀਂ ਰਹਾਂਗੇ।" ਇਹ ਸੁਣਕੇ ਬੌਰਿੰਗ ਜਲ ਭੁੰਨ ਗਿਆ। ਆਪਣਾ ਪੁਲਸੀ ਰੋਅਬ ਤੇ ਵਕਾਰ ਕਾਇਮ ਰੱਖਣ ਲਈ ਭਿਖਸ਼ੂ ਸਾਹਿਬ ਨੂੰ ਬੜਾ ਧਮਕਾਇਆ। ਉਮਰ ਕੈਦ ਕਰਨ ਤੇ ਮਾਰ ਦੇਣ ਤੀਕ ਦੀਆਂ ਧਮਕੀਆਂ ਦਿੱਤੀਆਂ। ਨਾਂ ਪਤਾ ਨੋਟ ਕੀਤਾ, ਪਰ ਭਿਖਸ਼ੂ ਜੀ ਨਾ ਡਰੇ ਤੇ ਨਾ ਘਾਬਰੇ ਸਗੋਂ ਨਿਰਭੈਤਾ ਨਾਲ ਆਖਦੇ ਰਹੇ– "ਨਹੀਂ ਰੱਖਣੀ ਸਰਕਾਰ ਜ਼ਾਲਮ ਨਹੀਂ ਰੱਖਣੀ।"

ਨਾਮਧਾਰੀ ਪੰਥ ਦੇ ਲਿਖਤੀ ਪਰਚਾਰ ਲਈ "ਨਾਮਧਾਰੀ ਟਰੈਕਟ ਸੁਸਾਇਟੀ" ਸ੍ਰੀ ਭੈਣੀ ਸਾਹਿਬ ਦੀ ਰਚਨਾ ਕੀਤੀ, ਜਿਸ ਦਾ ਪ੍ਰਧਾਨ ਮੈਂ ਤੇ ਸਕੱਤਰ ਆਪ ਸਨ। ਸਭ ਤੋਂ ਪਹਿਲਾਂ "ਨਾਮਧਾਰੀ ਨਿੱਤਨੇਮ" ਪ੍ਰਕਾਸ਼ਿਤ ਕੀਤਾ, ਜਿਸ ਵਿਚ ਭੂਮਿਕਾ ਲਿਖ ਕੇ ਨਾਮਧਾਰੀ ਪੰਥ ਦੀ ਮੋਟੀ-ਮੋਟੀ ਜਾਣ ਪਛਾਣ ਕਰਾਈ ਗਈ। ਇਹ ਮੇਰਾ ਸਭ ਤੋਂ ਪਹਿਲਾ ਲੇਖ ਹੈ, ਜਿਸ ਦਾ ਅੱਜ ਵੀ ਪੰਥ ਵਿਚ ਕਾਫ਼ੀ ਸਤਿਕਾਰ ਹੈ। ਅਗਲੇ ਸਾਲ ਮੈਂ ਨਾਮਧਾਰੀ ਇਤਿਹਾਸਕ ਉਪਨਿਆਸ "ਬੀਤ ਰਾਗ", ਬਿਰਧਾਂ ਦੇ ਬਿਆਨਾਂ ਦੇ ਸਹੀ ਵਾਕਿਆਤ ਦੇ ਆਧਾਰ ਤੇ ਰਚਨਾ ਕੀਤੀ...। ਇਸ ਨੂੰ ਵੀ ਸ੍ਰੀ ਭਿਖਸ਼ੂ ਨੇ ਸੁਸਾਇਟੀ ਵਲੋਂ ਹੀ ਛਾਪਿਆ ਸੀ।

"ਨਾਮਧਾਰੀ ਸੇਵਕ ਜਥਾ ਸ੍ਰੀ ਭੈਣੀ ਸਾਹਿਬ ਦੀ ਸ਼ਾਖਾ ਦੇ ਆਪ ਜੀ ਪ੍ਰਧਾਨ ਸਨ। ਸਿੱਧਾ ਦਸਤਾਰਾ ਤੇ ਪੁਰਾਤਨ ਸਿੰਘਾਂ ਵਾਂਗ ਜੂੜੇ ਅੱਗੇ ਸਰਬਲੋਹ ਦਾ ਖੰਡਾ, ਇਸ ਜਥੇ ਦੀ ਕੌਮੀ ਪੌਸ਼ਾਕ ਦਾ ਜ਼ਰੂਰੀ ਅੰਗ ਸੀ, ਜਿਸਨੂੰ ਭਿਖਸ਼ੂ ਜੀ ਵੀ ਧਾਰਨ ਕਰਦੇ ਸਨ ਤੇ ਮੈਂ ਵੀ।... ਪੂਰੀ-ਪੂਰੀ ਮਰਿਆਦਾ ਸੀ ਮੇਰੀ ਵੀ। ਆਪ ਪਕਾ ਕੇ ਖਾਂਦੇ ਸਾਂ।"[5]

ਇਸ ਤੋਂ ਚੱਕਰਵਰਤੀ ਜੀ ਦੀਆਂ ਮੁੱਢਲੀਆਂ ਲਿਖਤਾਂ ਦੀ ਜਾਣਕਾਰੀ ਮਿਲਦੀ ਹੈ। ਸਤਿਜੁਗ ਜਦੋਂ ਲਾਹੌਰ ਤੋਂ ਸ੍ਰੀ ਭੈਣੀ ਸਾਹਿਬ ਲਿਆਂਦਾ ਗਿਆ 1928-29 ਈ: ਵਿਚ ਤਾਂ ਇਸਦੀ ਸੰਪਾਦਨਾ ਆਪ ਨੂੰ ਸੌਂਪੀ ਗਈ ਸੀ। ਇਸ ਤੋਂ ਪਹਿਲਾਂ ਆਪ ਨੂੰ ਗੁਰਦੁਆਰਾ ਸ੍ਰੀ ਭੈਣੀ ਸਾਹਿਬ ਦਾ ਆਮ ਪ੍ਰਬੰਧਕ ਵੀ ਬਣਾਇਆ ਗਿਆ। ਇਨ੍ਹਾਂ ਤੋਂ ਪਹਿਲਾਂ ਜਾਂ ਬਾਅਦ ਸੰਤ ਮਸਤਾਨ ਸਿੰਘ ਜੀ ਕਿਆਮਪੁਰ ਡੇਰਾ ਪ੍ਰਬੰਧਕ ਰਹੇ ਸਨ। ਚੱਕਰਵਰਤੀ ਜੀ ਆਪਣੀ ਮੁਖਤਿਆਰੀ ਜਾਂ ਮੈਨੇਜਰੀ ਦਾ ਆਪਣੀ ਲਿਖਤ ਵਿਚ ਜ਼ਿਕਰ ਕਰਦੇ ਹਨ ਜਦੋਂ ਉਹ ਭਿਖਸ਼ੂ ਜੀ ਦੇ ਅੰਮ੍ਰਿਤਸਰੋਂ ਮੁੜ ਪਰਤ ਆਉਣ ਬਾਰੇ ਲਿਖਦੇ ਹਨ, ਜਿੱਥੇ ਉਹ ਪੜ੍ਹਨ ਦੇ ਵਿਚਾਰ ਨਾਲ ਗਏ ਸਨ। ਮੈਂ ਉਨ੍ਹਾਂ ਦਿਨਾਂ ਵਿਚ ਸ੍ਰੀ ਭੈਣੀ ਸਾਹਿਬ ਦਾ ਸੇਵਾਦਾਰ ਅਰਥਾਤ ਮੈਨੇਜਰ ਸਾਂ, ਮੇਰੇ ਨਾਲ ਸੇਵਾ ਵਿਚ ਇਮਾਨਦਾਰੀ ਤੇ ਸਿਆਣਪ ਨਾਲ ਹੱਥ ਵਟਾਇਆ।

"ਉਦੋਂ ਮੇਰੇ ਨਾਲ ਮੇਰੀ ਸਹਾਇਤਾ ਕਰਨ ਵਾਲੇ ਸਨ, ਸ੍ਰੀਮਾਨ ਸੂਬਾ ਗੁਰਬਖਸ਼

ਸਿੰਘ ਜੀ ਚੱਕ ਵਾਲੇ (ਰਿ. ਮਲੇਰਕੋਟਲਾ), ਜਿਨ੍ਹਾਂ ਵਿਚ ਜਿੰਨਾ ਸਰੀਰਕ ਬਲ ਹੈ ਉਸ ਤੋਂ ਕਿਤੇ ਵਧੇਰੇ ਜੇਰਾ ਜਰਨ ਸ਼ਕਤੀ, ਇਮਾਨਦਾਰੀ ਹੈ। ਆਪ ਜੀ ਵਫ਼ਾਦਾਰ ਮਿੱਤਰ ਕਹਿ ਕੇ ਪਾਲਣਾ ਕਰਨੀ ਬਹੁਤ ਚੰਗੀ ਤਰ੍ਹਾਂ ਜਾਣਦੇ ਹਨ। ਦੂਜੇ ਸਨ ਸ੍ਰੀ ਹਜ਼ਾਰਾ ਸਿੰਘ ਜੀ ਮਾਫੀ, ਤੀਜੇ ਸਨ ਭਈਆ ਤੁਲਸਾ ਸਿੰਘ ਜੀ ਪਰ ਭਿਖਸ਼ੂ ਜੀ ਸਾਡੇ ਸਭਨਾਂ ਦੇ ਹੀ ਮੁਹਿਰੈਲੀ ਹੁੰਦੇ ਸਨ। ਬਹੁਤ ਆਹਲਾ ਸਨ, ਉਦੋਂ ਮੇਰੇ ਨਾਲ ਕੰਮ ਕਰਨ ਵਾਲੇ ਮੇਰੇ ਇਹ ਸਾਰੇ ਮਿੱਤਰ।"[6]

ਇਹ ਚੱਕਰਵਰਤੀ ਜੀ ਅਤੇ ਉਨ੍ਹਾਂ ਜਿਹੇ ਹੋਰ ਕੌਮੀ ਪਰਵਾਨਿਆਂ ਦੀਆਂ ਅਣਥੱਕ ਕਾਰਵਾਈਆਂ ਦਾ ਹੀ ਸਿੱਟਾ ਸੀ ਕਿ ਮਈ 1923 ਈ. ਵਿਚ ਪੁਲੀਸ ਚੌਂਕੀ ਰੂਪੀ ਇਹ ਆਤੰਕ, ਗੁਰਦੁਆਰਾ ਸ੍ਰੀ ਭੈਣੀ ਸਾਹਿਬ ਦੇ ਮੱਥੇ ਤੋਂ ਪੂੰਝ ਦਿੱਤਾ ਗਿਆ ਸੀ। ਅਗਲਾ ਸਮਾਂ ਚੱਕਰਵਰਤੀ ਜੀ ਦਾ ਗਹਿਨ ਅਧਿਅਨ ਅਤੇ ਪਠਨ ਪਾਠਨ ਦਾ ਸਮਾਂ ਸੀ। ਸ੍ਰੀ ਭੈਣੀ ਸਾਹਿਬ ਵਿਚ ਸਤਿਗੁਰੂ ਪਰਤਾਪ ਸਿੰਘ ਜੀ ਦੇ ਸਮੇਂ ਤੋਂ ਹੀ ਇਕ ਅਦੁੱਤੀ ਪੁਸਤਕਾਲਾ ਕਾਇਮ ਕਰ ਦਿੱਤਾ ਗਿਆ ਸੀ, ਜਿਸ ਵਿਚ ਪੰਜਾਬੀ, ਹਿੰਦੀ, ਅੰਗਰੇਜ਼ੀ ਆਦਿ ਭਾਸ਼ਾਵਾਂ ਦੀਆਂ ਉਸ ਸਮੇਂ ਤਕ ਛਪਦੀਆਂ ਪੁਸਤਕਾਂ ਸੰਗ੍ਰਹਿਤ ਸਨ। ਹੋਰ ਪੰਜਾਬੀ ਹਿੰਦੀ ਦੇ ਰੋਜ਼ਾਨਾ ਅਖ਼ਬਾਰ, ਪੱਤਰ ਪੱਤਰਕਾਵਾਂ ਵੀ ਇੱਥੇ ਪਹੁੰਚਦੇ। ਇਸ ਵਿਦਿਆਲੇ ਦੀ ਸਥਾਪਨਾ ਵਿਚ ਵੀ ਚੱਕਰਵਰਤੀ ਜੀ ਦਾ ਯੋਗਦਾਨ ਸੀ ਅਤੇ ਇੱਥੇ ਮੌਜੂਦ ਸਮੱਗਰੀ ਤੋਂ ਉਨ੍ਹਾਂ ਭਰਪੂਰ ਲਾਭ ਉਠਾਇਆ। ਉਦੋਂ ਤੱਕ ਪੰਜਾਬੀ ਵਿਚ ਭਾਈ ਵੀਰ ਸਿੰਘ ਅਤੇ ਹਿੰਦੀ ਵਿਚ ਰਾਹੁਲ ਸੰਕਰਤਾਇਨ ਸਮੇਤ ਹੋਰ ਲੇਖਕ ਕਥਾ ਸ਼ੈਲੀ ਵਿਚ ਇਤਿਹਾਸ ਪ੍ਰਸਤੁਤ ਕਰ ਰਹੇ ਸਨ। ਚੱਕਰਵਰਤੀ ਜੀ ਇਸੇ ਮਾਰਗ ਤੇ ਚੱਲਦਿਆਂ, ਅਗਲੇ 8-10 ਸਾਲਾਂ ਵਿਚ ਸਤਿਜੁਗ ਦੇ ਬਸੰਤ ਅੰਕਾਂ ਲਈ ਸਤਿਗੁਰੂ ਰਾਮ ਸਿੰਘ ਜੀ ਤੇ ਹੋਰ ਕੂਕਾ ਨਾਇਕਾਂ ਬਾਰੇ ਲੰਮੀਆਂ ਕਥਾਵਾਂ, ਰੌਚਕ ਸ਼ੈਲੀ ਵਿਚ ਪ੍ਰਸਤੁਤ ਕੀਤੀਆਂ। ਇਨ੍ਹਾਂ ਵਿਚੋਂ ਪਹਿਲਾ ਲੇਖ ਜੋ 1930 ਦੇ ਬਸੰਤ ਅੰਕ ਵਿਚ ਛਪਿਆ ਉਹ "ਗੁਰ ਅਵਤਾਰ" ਦੇ ਅਨੁਵਾਨ ਹੇਠ, ਸਤਿਗੁਰੂ ਰਾਮ ਸਿੰਘ ਜੀ ਦਾ ਵਿਸਤਰਿਤ ਜੀਵਨ ਚਰਿੱਤਰ ਅਤੇ ਸਿਖਿਆਵਾਂ ਬਾਰੇ ਛਪਣ ਵਾਲਾ ਕਿਸੇ ਲੇਖਕ ਦਾ ਬੇਸ਼ਕ ਪਹਿਲਾ ਯਤਨ ਤਾਂ ਨਹੀਂ ਸੀ ਫਿਰ ਵੀ ਬਹੁਤ ਸਾਰੇ ਦੌਰਿਆਂ, ਘਟਨਾਵਾਂ, ਸ਼ਹੀਦੀ ਸਾਕਿਆਂ, ਹੋਰ ਘਟਨਾਵਾਂ ਦਾ ਪਹਿਲੀ ਵੇਰ ਇਤਨਾ ਵੇਰਵਾ ਮਿਲਦਾ ਸੀ। ਇਸ ਲੇਖ ਅਤੇ ਚੋਟੀ ਦੇ ਪੰਜਾਬੀ ਲਿਖਾਰੀਆਂ ਦੀ ਸ਼ਮੂਲੀਅਤ ਨਾਲ ਸਤਿਜੁਗ ਦੇ ਇਸ ਵਿਸ਼ੇਸ਼ ਅੰਕ ਦੀ ਧਾਂਕ ਪੰਜਾਬੀ ਸਾਹਿਤਕ ਪੱਤਰਕਾਰਤਾ ਦੇ ਜਗਤ ਵਿਚ ਪੈ ਗਈ। ਅਗਲੇ ਵਿਸ਼ੇਸ਼ ਅੰਕਾਂ ਵਿਚ ਆਪ ਦੇ ਕੁਝ ਕੁ ਆਲੇਖ ਸਨ, ਚੀਨੀ ਅਸਵਾਰ (1931ਈ.), ਜੀ ਵਾਲਨਹਾਰ ਸਤਿਗੁਰੂ (1932ਈ.), ਚੋਜੀ ਪ੍ਰੀਤਮ (1933ਈ.), ਪ੍ਰੀਤ ਦੀ ਪਰਖ (1935ਈ.) ਅਤੇ 'ਅਪੂਰਵ ਬਲੀਦਾਨ' (1936 ਈ.) ਇਤਿਆਦਿਕ। ਆਪ ਦੀ ਰਚਨਾ 'ਪ੍ਰੀਤ ਦੀ ਪਰਖ' ਜੋ ਮਲੇਰਕੋਟਲੇ ਸਾਕੇ ਵਿਚ ਸ਼ਹੀਦ ਹੋਣ ਵਾਲੇ ਭਾਈ ਹੀਰਾ ਸਿੰਘ ਲਹਿਣਾ ਸਿੰਘ ਹੋਰਾਂ ਦੇ ਮਸਤਾਨੇ ਜਥੇ ਦੀ ਗੁਰੂ ਕੇ ਭਾਣੇ ਵਿਚ ਚੱਲਣ ਦੀ ਅਦੁੱਤੀ ਗਾਥਾ ਸੀ, ਉਸ ਤੋਂ ਪ੍ਰਭਾਵਿਤ ਹੋ ਕੇ, ਇਸ ਸਾਖੀ ਬਾਰੇ, ਵਿਧਾਤਾ ਸਿੰਘ ਤੀਰ

ਹੋਰਾਂ "ਸਿੱਖੀ ਸਿਦਕ" ਨਾਂ ਦੀ ਕਵਿਤਾ ਲਿਖੀ ਜੋ ਇਸ ਵਿਸ਼ੇ ਤੇ ਬੇਜੋੜ ਰਚਨਾ ਸੀ, ਇਹ ਵੀ 1936ਈ. ਦੇ ਬਸੰਤ ਅੰਕ ਵਿਚ ਛਪੀ ਸੀ। ਇਹ ਅੰਕ ਚੱਕਰਵਰਤੀ ਜੀ ਦੇ ਮੁੱਖ ਲੇਖ "ਅਪੂਰਵ ਬਲੀਦਾਨ" ਅਤੇ ਹੋਰ ਸਰਕਾਰ ਵਿਰੋਧੀ ਸਮੱਗਰੀ ਕਾਰਨ, ਅੰਗਰੇਜ਼ ਸਰਕਾਰ ਨੇ ਜ਼ਬਤ ਕਰ ਲਿਆ ਸੀ ਅਤੇ ਸਤਿਜੁਗ ਸਪਤਾਹਿਕ ਅਖ਼ਬਾਰ ਦੀ ਪੰਜ ਹਜ਼ਾਰ ਦੀ ਜ਼ਮਾਨਤ ਮੰਗ ਲਈ ਸੀ। ਆਪਣੇ "ਅਪੂਰਵ ਬਲੀਦਾਨ" ਲੇਖ ਵਿਚ, ਨਾਮਧਾਰੀ ਸ਼ਹੀਦੀ ਸਾਕਿਆਂ, ਸਤਿਗੁਰੂ ਰਾਮ ਸਿੰਘ ਜੀ ਅਤੇ ਸੂਬਿਆਂ ਦੇ ਦੇਸ਼ ਨਿਕਾਲੇ ਦਾ ਹਿਰਦੇ ਵੇਦਕ ਪ੍ਰਸੰਗ ਬਿਆਨ ਕਰਦਿਆਂ, ਸਤਿਗੁਰੂ ਰਾਮ ਸਿੰਘ ਜੀ ਦੇ ਮੁਖਾਰਬਿੰਦ ਤੋਂ ਇਹ ਬੋਲ ਕਢਵਾ ਰਹੇ ਹਨ, ਜਦੋਂ ਆਪ ਕਲਕੱਤੇ ਬੰਦਰਗਾਹ ਤੋਂ ਰੰਗੂਨ ਲਈ ਜਹਾਜ਼ ਤੇ ਚੜ੍ਹ ਰਹੇ ਹਨ–

"ਗੱਲਾਂ ਦਿਲ ਦੀਆਂ ਦਿਲ ਦੇ ਵਿਚ ਰਹੀਆਂ, ਸਭੇ ਪੂਰੀਆਂ ਕਰ ਵਖਾਣੀਆਂ ਨੇ।

ਤੁਸਾਂ ਸਾਨੂੰ ਸਿਆਲ ਵਿਚ ਕਢਿਆ ਏ, ਅਸਾਂ ਹਾੜ ਮੁਸੀਬਤਾਂ ਪਾਣੀਆਂ ਨੇ।"

ਚੱਕਰਵਰਤੀ ਜੀ ਦੀ ਇਸ ਰਚਨਾ ਵਿਚ ਅੰਗਰੇਜ਼ਾਂ ਦੇ ਭਾਰਤ 'ਚੋਂ ਬਿਸਤਰਾ ਗੋਲ ਹੋਣ ਦੀ ਉਹ ਵੀ ਭਰ ਗਰਮੀਆਂ ਦੇ ਮੌਸਮ ਵਿਚ, ਕੀਤੀ ਭਵਿੱਖਬਾਣੀ ਨੇ, ਅੰਗਰੇਜ਼ ਸਰਕਾਰ ਦੇ ਥੰਮ੍ਹ ਥਿੜਕਾ ਦਿੱਤੇ ਸਨ।

ਆਪਣੀ ਬੇਵਸੀ ਦਾ ਜ਼ਿਕਰ ਕਰਦੇ ਹੋਏ ਚੱਕਰਵਰਤੀ ਜੀ ਕਿਹਾ ਕਰਦੇ ਸਨ– "ਕਰੀਏ ਕੀ ?" ਸਾਡਾ ਇਤਿਹਾਸ ਹੀ ਅਜਿਹਾ ਹੈ ਕਿ ਇਸਨੂੰ ਕਿਤੋਂ ਵੀ ਛੋਹ ਲਈਏ ਤਾਂ ਡੀਫੈਂਸ ਆਫ ਇੰਡੀਆ ਰੂਲ ਦੀ ਕੋਈ ਨਾ ਕੋਈ ਧਾਰਾ, ਇਹਦੇ 'ਤੇ ਲਾਗੂ ਹੋ ਜਾਂਦੀ ਹੈ। ਉਨ੍ਹਾਂ ਨੇ ਸਤਿਜੁਗ ਦੇ ਵਿਸ਼ੇਸ਼ ਅੰਕਾਂ ਤੋਂ ਬਿਨਾਂ ਵੀ ਕੌਮੀ ਅਜ਼ਾਦੀ, ਸਮਾਨਤਾ, ਭਾਈਚਾਰਾ, ਮਜ਼ਦੂਰਾਂ ਕਿਸਾਨਾਂ ਦੇ ਮਸਲਿਆਂ ਬਾਰੇ, ਸਤਿਜੁਗ ਦੇ ਸਪਤਾਹਿਕ ਅੰਕਾਂ ਵਿਚ ਵੀ ਮੁੱਲਵਾਨ ਸਮੱਗਰੀ ਪੇਸ਼ ਕੀਤੀ। ਸ਼ਹੀਦ ਭਗਤ ਸਿੰਘ ਹੋਰਾਂ ਦੀ ਫਾਂਸੀ ਤੇ ਪ੍ਰਤੀਕਰਮ ਕਰਦਿਆਂ ਉਨ੍ਹਾਂ ਨੇ ਇਸਨੂੰ "ਨੌਕਰਸ਼ਾਹੀ ਦਾ ਇਕ ਨੀਚ ਕਾਰਾ" ਲਿਖਿਆ ਸੀ। ਉਨ੍ਹਾਂ ਨੇ ਕਾਂਗਰਸ ਦੇ ਹੋਣ ਵਾਲੇ ਕਰਾਚੀ ਸੈਸ਼ਨ 1931 ਸਮੇਂ, ਦੇਸ਼ ਦੇ ਨਵਯੁਵਕਾਂ ਨੂੰ ਇਸ ਸਮਝੌਤੇ ਵਿਰੁੱਧ ਪਿੜ ਮੱਲਣ ਦਾ ਸੱਦਾ ਦਿੱਤਾ ਸੀ। ਉਨ੍ਹਾਂ ਇਹ ਵੀ ਆਗਾਹ ਕਰਾਇਆ ਸੀ ਕਿ ਜੇ ਅਜਿਹਾ ਨਾਂ ਹੋਇਆ ਤਾਂ ਸਾਮਰਾਜ ਦੇ ਚਾਟੜੇ, ਫਿਰਕੂ ਭੂਤਨੇ, ਦੇਸ਼ ਦਾ ਮਾਹੌਲ ਵਿਗਾੜ ਕੇ ਚੱਲ ਰਹੀ ਆਜ਼ਾਦੀ ਦੀ ਲੜਾਈ ਨੂੰ ਸੱਟ ਮਾਰਨਗੇ। ਅਸੀਂ ਆਪਣੇ ਪਾਠਕਾਂ ਦੀ ਦਿਲਚਸਪੀ ਲਈ ਸਤਿਜੁਗ ਦੀ ਉਸ ਸੰਪਾਦਕੀ ਦਾ ਅੰਸ਼ ਦੇਣਾ ਚਾਹਾਂਗੇ।

"ਸ੍ਰ. ਭਗਤ ਸਿੰਘ ਜ਼ਿੰਦਾਬਾਦ

ਨੌਕਰਸ਼ਾਹੀ ਮੁਰਦਾਬਾਦ"

ਆਖਿਰ ਨੌਕਰਸ਼ਾਹੀ ਨੇ ਆਪਣੀ ਨੀਚਤਾ ਦਾ ਸਬੂਤ ਦੇ ਹੀ ਦਿੱਤਾ।

ਇਕ ਬੰਨੇ ਤਾਂ ਲਾਰਡ ਇਰਵਨ ਮਹਾਤਮਾ ਜੀ ਨਾਲ ਸੁਲਾਹ ਕਰਕੇ ਸ਼ਾਂਤ ਵਾਯੂ ਮੰਡਲ ਪੈਦਾ ਕਰਨ ਦੇ ਸੁਪਨੇ ਲੈ ਰਿਹਾ ਏ। ਦੂਜੇ ਬੰਨੇ ਓਹੀ ਲਾਰਡ ਇਰਵਨ 32

ਕਰੋੜ ਭਾਰਤੀਆਂ ਦੀ ਰੂਹੇ ਰਵਾਂ, ਸਰਦਾਰ ਭਗਤ ਸਿੰਘ ਜੀ ਨੂੰ ਫਾਂਸੀ ਦੇ ਤਖਤੇ ਤੇ ਲਟਕਾਣ ਦੀ ਇਜਾਜ਼ਤ ਦੇ ਕੇ, ਆਪਣੀ ਦੋਸਤੀ ਦਾ ਸਬੂਤ ਦੇ ਰਿਹਾ ਏ। ਸੱਚੀਂ ਮੁੱਚੀਂ ਵਿਨਾਸ਼ ਸਮੇਂ ਬੁੱਧੀ ਭ੍ਰਿਸ਼ਟ ਹੋ ਜਾਇਆ ਕਰਦੀ ਏ। ਇਸ ਸਮੇਂ ਨੌਕਰਸ਼ਾਹੀ ਆਪਣੇ ਅਖੀਰਲੇ ਸਵਾਸ ਪੂਰੇ ਕਰ ਰਹੀ ਏ, ਓਹ ਦਿਨ ਹੁਣ ਬਹੁਤ ਹੀ ਨਜ਼ਦੀਕ ਏ, ਜਦੋਂ ਆਪਣਾ ਬਿਸਤਰਾ ਬੋਰੀਆ ਬੰਨ੍ਹ ਕੇ ਇੰਗਲੈਂਡ ਜਾ ਕੇ ਹੀ ਦਮ ਲਵੇਗੀ। ਇਹ ਆਪਣੇ ਨਾਸ ਦੇ ਸਮਾਨ ਆਪੇ ਹੀ ਪੈਦਾ ਕਰ ਚੁੱਕੀ ਏ। ਆਪਣੇ ਸੜਨ ਲਈ ਇਹ ਕਾਫੀ ਭਾਂਬੜ ਬਾਲ ਚੁੱਕੀ ਏ। ਪਤਾ ਨਹੀਂ ਅੱਜ ਕਿੱਥੇ ਗਈ ਇਸ ਦੀ ਸੱਭਿਅਤਾ ਅਤੇ ਤਹਿਜ਼ੀਬ, ਇਸ ਤਰ੍ਹਾਂ ਤਾਂ ਕੋਈ ਕਾਇਰ ਤੋਂ ਕਾਇਰ ਮਨੁੱਖ ਵੀ ਨਹੀਂ ਕਰਦਾ, ਜਦਕਿ ਓਸ ਦੇ ਦੁਸ਼ਮਨ ਨੇ ਆਪਣੇ ਅਸਤ੍ਰ ਸ਼ਾਸਤਰ ਇਕ ਪਾਸੇ ਰੱਖ ਕੇ ਸੁਲਾਹ ਦਾ ਹੱਥ ਵਧਾਇਆ ਹੋਵੇ। ਐਨ ਓਸ ਸਮੇਂ ਮੌਕਾ ਦੇਖ ਕੇ ਵਾਰ ਕਰਨਾ ਸੂਰਮਤਾ ਨਹੀਂ, ਕਾਇਰਤਾ ਹੈ, ਮਹਾਂ ਨੀਚਤਾ ਹੈ।

"ਸਾਡੇ ਇਸ ਲੇਖ ਦੇ ਪ੍ਰਕਾਸ਼ਿਤ ਹੋਣ ਤੋਂ ਪਹਿਲਾਂ ਹੀ ਜੇ ਭਾਰਤੀ ਗੱਭਰੂਆਂ ਅੰਦਰ ਕੁਝ ਅਣਖ ਦਾ ਮਾਦਾ ਹੋਇਆ, ਕੁਝ ਗੈਰਤ ਦੀ ਕਣੀ ਬਾਕੀ ਹੋਈ ਤਾਂ ਓਹ ਕਰਾਚੀ ਕਾਂਗਰਸ ਵਿਚ ਇਸ ਸੁਲਾਹ ਨੂੰ ਜੁੱਤੀ ਦੀ ਨੋਕ ਨਾਲ ਠੁਕਰਾ ਕੇ, ਮੁੜ ਸ਼ਾਂਤਮਈ ਜੰਗ ਦਾ ਬਿਗਲ ਵਜਾ ਦੇਣਗੇ। ਸਾਨੂੰ ਤਾਂ ਉਦੋਂ ਹੀ ਆਸ ਸੀ ਕਿ ਸੁਲਾਹ ਕਰਕੇ ਪੂਜਯ ਮਹਾਤਮਾ ਜੀ ਨੇ ਸਖ਼ਤ ਗਲਤੀ ਕੀਤੀ ਏ, ਨੌਕਰਸ਼ਾਹੀ ਦਾ ਦਿਲ ਸਾਫ਼ ਨਹੀਂ ਫਿਰ ਜੇ ਅਜੇ ਵੀ ਕਾਂਗਰਸ ਨੇ ਸੁਲਾਹ ਨੂੰ ਪ੍ਰਵਾਨ ਕਰ ਲਿਆ ਤਾਂ ਸਖਤ ਗਲਤੀ ਕਰੇਗੀ। ਨੌਕਰਸ਼ਾਹੀ ਨੂੰ ਹੋਰ ਵੀ ਅਜੇਹੇ ਪਾਪ ਕਰਨ ਦਾ ਸਮਾਂ ਮਿਲ ਜਾਏਗਾ ਅਤੇ ਇਹ ਮੁੜ ਇਥੇ ਫਿਰਕੂ ਭੂਤ ਨੂੰ ਭੂਹੇ ਕਰਕੇ ਤਮਾਸ਼ਾ ਦੇਖੇਗੀ। ਇਸ ਲਈ ਅਸੀਂ ਮਹਾਂ-ਕਵੀ ਅਕਬਰ ਅਲਾਹਾਬਾਦੀ ਦੇ ਏਸ ਕਥਨ ਅਨੁਸਾਰ ਏਹੀ ਰਾਇ ਦਿਆਂਗੇ ਕਿ-ਕਦਮੇ ਸ਼ੌਕ ਬੜ੍ਹੇਂ ਕਿਆ ਉਨਕੀ ਤਰਫ ਅਕਬਰ, ਦਿਲ ਸੇ ਮਿਲਤੇ ਨਹੀਂ, ਯੇਹ ਹਾਥ ਮਿਲਾਨੇ ਵਾਲੇ।"[7]

1936 ਈ. ਜਿਸ ਵਰ੍ਹੇ ਦੇਸ਼ ਦੀ ਸਿਆਸਤ ਵਿਚ, ਮਜ਼ਦੂਰਾਂ, ਕਿਸਾਨਾਂ, ਲੇਖਕਾਂ ਦੇ ਸੰਗਠਨ ਖੱਬੇ ਪ੍ਰਭਾਵ ਹੇਠ, ਆਪਣਾ ਆਕਾਰ ਗ੍ਰਹਿਣ ਕਰ ਰਹੇ ਸਨ, ਨਾਮਧਾਰੀ ਪਰਚੇ 'ਸਤਿਜੁਗ' ਦੇ ਵਿਸ਼ੇਸ਼ ਅੰਕ ਦਾ ਉਸੇ ਸਾਲ ਜ਼ਬਤ ਹੋਣਾ, ਇਸ ਗੱਲ ਦਾ ਲਖਾਇਕ ਹੈ ਕਿ 'ਕੂਕਾ ਲਹਿਰ' ਆਪਣੀ ਬਸਤੀਵਾਦ, ਸਾਮੰਤ ਵਿਰੋਧੀ, ਸਮਤਾ ਮੂਲਕ ਪਰੰਪਰਾ ਤੇ ਚੱਕਰਵਰਤੀ ਜੀ ਜਿਹੇ ਆਗੂਆਂ ਦੀ ਅਗਵਾਈ ਹੇਠ ਪੂਰੀ ਤਰ੍ਹਾਂ ਡਟੀ ਹੋਈ ਸੀ।

ਚੱਕਰਵਰਤੀ ਜੀ ਨੇ ਨਾਮਧਾਰੀ ਸਾਹਿਤ, ਇਤਿਹਾਸ ਦਾ ਜੋ ਵਡਮੁੱਲਾ ਕਾਰਜ ਕੀਤਾ ਹੈ, ਇਸ ਪਿੱਛੇ ਉਹ ਪ੍ਰੇਰਣਾ ਸਰੋਤ ਦੇ ਤੌਰ ਤੇ, ਸ੍ਰੀ ਗੁਰੂ ਹਰੀ ਸਿੰਘ ਜੀ ਦੇ ਛੋਟੇ ਸਾਹਿਬਜ਼ਾਦੇ ਮਹਾਰਾਜ ਗੁਰਦਿਆਲ ਸਿੰਘ ਜੀ ਦਾ ਜ਼ਿਕਰ ਕਰਦੇ ਹਨ। ਉਹ ਚੱਕਰਵਰਤੀ ਹੋਰਾਂ ਦੇ ਬਾਲ ਸਖਾਈ ਮਿੱਤਰ ਵੀ ਸਨ। ਸੰਨ 1929 ਈ. ਵਿਚ ਉਹ ਤਪਦਿਕ ਰੋਗ ਨਾਲ ਪੀੜਤ, ਕਸ਼ਮੀਰ ਵਾਦੀ ਦੇ ਬਟੋਟ ਨਾਮੇ ਸਥਾਨ ਤੇ ਸਨ, ਜਿੱਥੇ

ਚੱਕਰਵਰਤੀ ਜੀ ਉਨ੍ਹਾਂ ਪਾਸ ਗਏ ਹੋਏ ਸਨ। ਮਹਾਰਾਜ ਜੀ ਨੇ ਚੱਕਰਵਰਤੀ ਹੋਰਾਂ ਨੂੰ ਕਿਹਾ ਸੀ ਕਿ ਉਨ੍ਹਾਂ ਦਾ ਸਮਾਂ ਤਾਂ ਹੁਣ ਸੀਮਿਤ ਹੈ ਪਰ ਸਤਿਗੁਰੂ ਰਾਮ ਸਿੰਘ ਜੀ ਅਤੇ ਉਨ੍ਹਾਂ ਦੇ ਮਹਾਨ ਸਿੰਘਾਂ ਦੇ ਕੌਮੀ ਆਜ਼ਾਦੀ ਵਾਸਤੇ ਕੀਤੇ ਵੱਡੇ ਕਾਰਨਾਮਿਆਂ ਦਾ ਇਤਿਹਾਸ ਲਿਖੇ ਜਾਣ ਦਾ ਸਾਡਾ ਸੰਕਲਪ ਸੀ, ਵਕਤ ਇਸ ਨੂੰ ਪੂਰਾ ਹੋਣ ਨਹੀਂ ਦੇ ਰਿਹਾ, ਸੋ ਇਹ ਕੰਮ ਚੱਕਰਵਰਤੀ ਜੀ ਅਸੀਂ ਤੁਹਾਡੇ ਜ਼ਿੰਮੇ ਲਾ ਰਹੇ ਹਾਂ, ਇਹ ਤੁਸਾਂ ਪੂਰਾ ਕਰਨਾ ਹੈ। ਚੱਕਰਵਰਤੀ ਜੀ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਜੀਵਨ ਵੇਰਵਿਆਂ ਅਤੇ ਹੋਰ ਕਾਰਜਾਂ ਦੇ ਸਬੰਧ ਵਿਚ "ਮਾਲਵੇਂਦ੍ਰ" ਮਹਾਂ ਕਾਵਿ 1957 ਈ. ਵਿਚ ਪ੍ਰਕਾਸ਼ਿਤ ਕੀਤਾ ਤਾਂ ਆਪ ਨੇ ਉਸ ਦੀ ਭੂਮਿਕਾ ਵਿਚ ਮਹਾਰਾਜ ਜੀ ਨਾਲ ਬਟੋਟ ਵਿਖੇ ਹੋਈ ਮਾਰਮਿਕ ਗੱਲਬਾਤ ਦਾ ਵਰਣਨ ਕਰਕੇ, ਆਪਣੇ ਵੱਲੋਂ ਉਹ ਬਚਨ ਪੂਰਾ ਕਰਨ ਦਾ ਜ਼ਿਕਰ ਕੀਤਾ ਸੀ।[8] ਉਸ ਸਮੇਂ ਦੇ ਪੰਜਾਬੀ ਸਾਹਿਤ ਦੇ ਮਹਾਂਰਥੀਆਂ ਡਾਕਟਰ ਮੋਹਨ ਸਿੰਘ ਦੀਵਾਨਾ, ਪ੍ਰਿੰਸੀਪਲ ਤੇਜਾ ਸਿੰਘ, ਡਾਕਟਰ ਗੋਪਾਲ ਸਿੰਘ, ਅਵਤਾਰ ਸਿੰਘ ਆਜ਼ਾਦ, ਦੇਵਿੰਦਰ ਸਤਿਆਰਥੀ, ਵਿਧਾਤਾ ਸਿੰਘ ਤੀਰ, ਕਰਤਾਰ ਸਿੰਘ ਬਲੱਗਣ, ਪ੍ਰੋ. ਜੀਤ ਸਿੰਘ ਸੀਤਲ, ਸੰਤ ਨਿਧਾਨ ਸਿੰਘ ਆਲਿਮ ਦੀਆਂ ਪੁਸਤਕ ਦੇ ਆਰੰਭ ਵਿਚ ਕੀਤੀਆਂ ਪਰਸੰਸਾਤਮਕ ਟਿੱਪਣੀਆਂ, ਇਸ ਦੀ ਵਸਤੂ ਅਤੇ ਰੂਪ ਬਾਰੇ ਵੀ ਕੀਮਤੀ ਮਸਾਲਾ ਸਮੇਟੀ ਬੈਠੀਆਂ ਹਨ। ਚੱਕਰਵਰਤੀ ਜੀ ਦੇ ਇਸ਼ਟ ਸਤਿਗੁਰੂ ਰਾਮ ਸਿੰਘ ਜੀ ਸਨ ਅਤੇ ਸਾਰੇ ਹੀ ਵਿਦਵਾਨਾਂ ਨੇ ਉਸ ਗਹਿਰੇ ਭਗਤੀ ਭਾਵ ਦਾ ਉੱਚ ਮੁਲੰਕਣ ਕੀਤਾ ਸੀ ਜਿਸ ਨਾਲ ਇਹ ਰਚਨਾ ਲਬਰੇਜ਼ ਸੀ। ਚੱਕਰਵਰਤੀ ਜੀ ਸਤਿਗੁਰੂ ਪਰਤਾਪ ਸਿੰਘ ਜੀ ਦੇ ਦੌਰਿਆਂ ਵਿਚ ਸਾਰਾ ਪੰਜਾਬ, ਪੁਆਧ ਤੋਂ ਪੋਠੋਹਾਰ ਤੱਕ ਘੁੰਮਦੇ ਰਹੇ ਸਨ, ਇਸ ਲਈ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਚਾਰ ਦੌਰਿਆਂ ਸਮੇਂ, ਪਿੰਡਾਂ ਸ਼ਹਿਰਾਂ ਦੇ ਨਾਵਾਂ ਥਾਂਵਾਂ ਦੀ ਉਨ੍ਹਾਂ ਨੂੰ ਡਾਢੀ ਪਹਿਚਾਣ ਸੀ। ਫਿਰ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਦੇ ਸਿੱਖਾਂ, ਜਿਹਾ ਕਿ ਉਨ੍ਹਾਂ ਦੇ ਬਾਬਾ ਜੈ ਸਿੰਘ, ਬਿਸ਼ਨ ਸਿੰਘ, ਗੁਰਦਿਤ ਸਿੰਘ 'ਮਹੰਤ' ਮੋਰੋਂ, ਉਨ੍ਹਾਂ ਦੇ ਮਾਮਾ ਮੰਗਲ ਸਿੰਘ ਅਤੇ ਮੁਠੱਡਿਆਂ ਦੇ ਹੀ ਘਨੱਈਆ ਸਿੰਘ, ਮੱਈਆ ਸਿੰਘ, ਬਾਬਾ ਹਰਨਾਮ ਸਿੰਘ ਨਥਾਣੀਆਂ, ਬਾਬਾ ਲਾਲ ਸਿੰਘ ਲਤਾਲਾ, ਸਾਹਿਬ ਸਿੰਘ ਭੰਮਾ ਬੱਧੀ, ਸੁਆਮੀ ਤਖਤ ਸਿੰਘ ਜੀ ਗੁੱਜਰਪੁਰਾ (ਹੁਸ਼ਿਆਰਪੁਰ), ਭਗਵਾਨ ਸਿੰਘ ਅੜਬੰਗੀ, ਮਿਹਰ ਸਿੰਘ ਲੋਪੋਕੀ, ਬਾਬਾ ਕਿਸ਼ਨ ਸਿੰਘ, ਹਰਨਾਮ ਸਿੰਘ ਦੋਵੇਂ ਛੂਤੀਏ ਭਰਾ, ਮਿਰਜ਼ੇ ਵਾਲੀਆ ਸੰਤ ਜਵਾਹਰ ਸਿੰਘ, ਬਾਬਾ ਸੋਭਾ ਸਿੰਘ ਖੁਦਪੁਰ, ਮਾਤਾ ਜੀਵਨ ਕੌਰ ਅਤੇ ਸਤਿਗੁਰੂ ਪਰਤਾਪ ਸਿੰਘ ਜੀ ਉਨ੍ਹਾਂ ਦੀ ਇਸ ਇਤਿਹਾਸਕ ਸਮੱਗਰੀ ਦੇ ਸੋਮੇ ਸਨ। ਭਾਈ ਸੰਤੋਖ ਸਿੰਘ ਬਾਹੋਵਾਲ ਦਾ ਅਣਛਪਿਆ 'ਸਤਿਗੁਰੂ ਬਿਲਾਸ', ਗਿਆਨੀ ਕਾਹਲਾ ਸਿੰਘ ਨੰਗਲ ਦੇ ਪੁਸਤਕ, ਉਨ੍ਹਾਂ ਦੀ ਮਾਤਾ ਮਾਨ ਕੌਰ, 'ਮਹੰਤ' ਸੇਵਾ ਸਿੰਘ ਜੀ, ਮਹਾਰਾਜ ਨਿਹਾਲ ਸਿੰਘ ਤੇ ਮਹਾਰਾਜ ਗੁਰਦਿਆਲ ਸਿੰਘ ਜੀ ਤੋਂ ਇਲਾਵਾ ਸੰਤ ਕੇਸਰ ਸਿੰਘ ਮੁਹਾਵਾ, ਕੇਸਰ ਸਿੰਘ ਚਵਿੰਡਾ ਅਤੇ ਕੇਸਰ ਸਿੰਘ ਜੀ ਸੇਖਵਾਂ ਵਾਲਿਆਂ ਪ੍ਰਥਾਇ ਵੀ ਉਹ ਕਿਰਤੱਗ ਹਨ।[9]

ਇਹ ਠੀਕ ਹੈ ਕਿ ਕੁਝ ਇਤਿਹਾਸਕ ਤੱਥਾਂ ਦੀਆਂ ਉਕਾਈਆਂ ਕਾਰਨ ਇਸਦੇ ਛਪਣ ਤੇ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਨੇ 'ਮਾਲਵੇਂਦ੍ਰ' ਤੇ ਆਪਣੀ ਪਰਵਾਨਗੀ ਦੀ ਮੋਹਰ ਨਾ ਲਾਈ। ਇਸ ਦਾ ਇਕ ਕਾਰਨ ਬਹੁਤ ਸਾਰੇ ਅੰਗਰੇਜ਼ੀ ਵਿਚ ਛਪੇ ਦਸਤਾਵੇਜ਼ੀ ਰਿਕਾਰਡ ਤੋਂ ਚੱਕਰਵਰਤੀ ਜੀ ਦਾ ਅੰਗਰੇਜ਼ੀ ਗਿਆਨ ਤੋਂ ਵਿਰਵੇ ਹੋਣਾ ਵੀ ਸੀ ਅਤੇ ਉਨ੍ਹਾਂ ਦੇ ਸਮੇਂ ਇਹ ਰਿਕਾਰਡ ਬਾਅਦ ਜਿਉਂ ਉਪਲੱਬਧ ਵੀ ਨਹੀਂ ਸੀ। ਲੇਖਕ ਅਤੇ ਹੋਰ ਸਾਹਿਤ ਪ੍ਰੇਮੀਆਂ ਦੀ ਬੇਨਤੀ ਕਰਨ ਤੇ, ਸਤਿਗੁਰੂ ਜਗਜੀਤ ਸਿੰਘ ਜੀ ਨੇ ਉਕਾਈਆਂ ਦਰੁਸਤ ਕਰਕੇ, "ਮਾਲਵੇਂਦ੍ਰ" ਨੂੰ ਦੁਬਾਰਾ ਛਾਪਣ ਦਾ ਹੁਕਮ ਦੇ ਦਿੱਤਾ ਸੀ। ਚੱਕਰਵਰਤੀ ਜੀ ਦੀ ਯਾਦ ਵਿਚ 13-10-1998 ਨੂੰ ਸ੍ਰੀ ਭੈਣੀ ਸਾਹਿਬ ਵਿਖੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਹੋਏ ਸਮਾਗਮ ਸਮੇਂ, ਚੱਕਰਵਰਤੀ ਜੀ ਦੇ ਪਰਿਵਾਰ ਨੇ ਉਨ੍ਹਾਂ ਦੀਆਂ ਸਾਰੀਆਂ ਛਪੀਆਂ ਪੁਸਤਕਾਂ ਨੂੰ, ਦੁਬਾਰਾ ਛਾਪਣ ਦੇ ਅਧਿਕਾਰ ਸਤਿਗੁਰੂ ਜੀ (ਨਾਮਧਾਰੀ ਦਰਬਾਰ) ਨੂੰ ਦੇ ਦਿੱਤੇ ਸਨ।

ਚੱਕਰਵਰਤੀ ਜੀ ਦੀ ਰਚਨਾ ਪ੍ਰਕਿਰਿਆ ਨੂੰ ਸਮਝਣ ਲਈ, ਉਨ੍ਹਾਂ ਦਾ ਸ੍ਵੈ-ਕਥਨ ਬੜਾ ਮਹੱਤਵਪੂਰਨ ਹੈ ਜਿਸ ਵਿਚ ਉਹ ਨਾਮਧਾਰੀ ਮਸਤਾਨਿਆਂ, ਸਾਧੂਆਂ ਸੰਤਾਂ ਦੀ ਸੰਗਤ ਵਿਚ ਬੜੇ ਸਹਿਜਭਾਵੀ ਹੋ ਕੇ ਵਿਚਰਦੇ ਮਹਿਸੂਸ ਹੁੰਦੇ ਹਨ। ਉਨ੍ਹਾਂ ਦੀ ਰਸਭਰੀ ਪੰਜਾਬੀ ਵਾਰਤਕ, ਬਿਰਹੋਂ ਗੁੱਧੀ ਕਵਿਤਾ, ਇਨ੍ਹਾਂ ਸਾਧੂਆਂ ਦੇ ਉੱਚ ਆਤਮਕ ਮੰਡਲ ਵਾਲੇ ਜੀਵਨ ਦੇ ਹੁਲਾਰੇ ਵਿਚੋਂ ਹੀ ਉਨ੍ਹਾਂ ਨੂੰ ਪ੍ਰਾਪਤ ਹੋਈ। ਉਹ ਇਸ ਕੂਕਾ-ਕਾਰ ਵਿਚ ਕਿਵੇਂ ਰੰਗੇ ਗਏ, ਉਨ੍ਹਾਂ ਦੇ ਸ਼ਬਦਾਂ ਵਿਚ ਹੀ ਪੜ੍ਹੀਏ।

"ਨਾਮਧਾਰੀ ਸੰਪ੍ਰਦਾ, ਸੰਤ ਸਿਪਾਹੀ, ਸੂਫੀ ਜਹੇ ਮਸਤਾਂ ਦੀ ਇਕ ਆਮਿਲ ਜਮਾਤ ਹੈ। ਉਹ ਆਪਣੇ ਪ੍ਰਦੇਸੀ ਪ੍ਰੀਤਮ ਦੇ ਦੀਦਾਰ ਦੀ ਚਾਹਵਾਨ ਹੈ, ਉਸ ਨੂੰ ਹੋਰ ਸਭੋ ਕੁਝ ਭੁੱਲ ਸਕਦਾ ਹੈ, ਪਰ ਮਿੱਤਰ ਵਿਛੋੜਾ ਨਹੀਂ ਭੁੱਲ ਸਕਦਾ। ਉਸ ਨੂੰ ਉਹੀ ਚੀਜ਼ ਚੰਗੀ ਲੱਗਦੀ ਹੈ ਜਿਸ ਵਿਚ ਦਰਦ ਫ਼ਿਰਾਕ ਦੀਆਂ ਆਹੀਂ ਹੋਣ, ਜਿਸ ਵਿਚ ਸੋਜ਼ ਤੇ ਵਲਵਲਾ ਹੋਵੇ, ਜਿਸ ਵਿਚ ਮਸਤੀ ਹੋਵੇ। ਉਹ ਕੂਕੇ ਦਾਰਸ਼ਨਿਕਤਾ ਦੇ ਦੀਵਾਨੇ ਨਹੀਂ, ਉਹ ਫਲਸਫ਼ੇ ਦੀਆਂ ਲੱਛੇਦਾਰ ਗੁੰਝਲਾਂ ਵਿਚ ਦਿਮਾਗ ਨਹੀਂ ਲੜਾਂਦੇ...।"

"ਕੂਕੇ ਦੀ ਵਿੱਥਿਆ ਵਿਦਿਆ ਦੇ ਅਧੀਨ ਨਹੀਂ, ਕਿਉਂਕਿ ਇਹ ਕੋਈ ਦਾਰਸ਼ਨਿਕ ਫਲਸਫ਼ਾ ਨਹੀਂ। ਇਹ ਤੇ ਅਮਲ ਹੈ, ਮਸਤੀ ਹੈ, ਸਰੂਰ ਹੈ। ਇਸ ਨੂੰ ਕੋਈ ਉਹੀ ਬਿਆਨ ਕਰ ਸਕਦਾ ਹੈ, ਜਿਸ ਇਨ੍ਹਾਂ ਮਸਤਾਂ ਦੀ ਧੂਣੀ ਲਈ ਗੋਹੇ ਢੋਏ ਹੋਣ, ਜਿਸ ਇਨ੍ਹਾਂ ਦੇ ਕਾਸੇ ਸਾਫ਼ ਕੀਤੇ ਹੋਣ...। ਜਿੰਨਾ ਚਿਰ ਕੋਈ ਇਸ ਕੂਕਾ-ਕਾਰ ਦਾ ਜਾਣੂ ਨਾ ਹੋਵੇ, ਜੋ ਕਦੀ "ਨਾਚੁ ਰੇ ਮਨ ਗੁਰ ਕੈ ਆਗੈ" ਪੜ੍ਹਦਾ ਆਪਣੇ ਗੁਰਦੇਵ ਨੂੰ ਰਿਝਾਉਣ ਖ਼ਾਤਰ ਥਈਆ ਥਈਆ ਕਰਕੇ ਨੱਚਿਆ ਨਾ ਹੋਵੇ, ਓਨਾ ਚਿਰ ਉਸ ਤੇ ਕਿਵੇਂ ਮਸਤੀ ਦੀ ਇਨਾਇਤ ਹੋ ਸਕਦੀ ਹੈ।"[10]

ਭਾਸ਼ਾ ਵਿਭਾਗ ਦੀ ਨੌਕਰੀ ਦੀ ਗੁਲਾਮੀ ਨਾਲ ਤੁਲਨਾ ਕਰਦਿਆਂ, ਸੰਤ ਜੀ, ਸਤਿਗੁਰੂ ਪਰਤਾਪ ਸਿੰਘ ਜੀ ਤੋਂ ਆਪਣੀ ਦੂਰੀ ਦੇ ਦੁੱਖ ਨੂੰ ਇਉਂ ਬਿਆਨਦੇ ਹਨ-

"ਮੈਂ ਮਸਤ ਨਹੀਂ ਆਮ ਦੁਨੀਆਂਦਾਰ ਹਾਂ। ਦੁਨੀਆਂਦਾਰਾਂ ਨਾਲੋਂ ਵੀ ਕੁਝ ਨੀਵਾਂ ਹਾਂ ਕਿਉਂਕਿ ਗੁਲਾਮ ਹਾਂ। ਜਦ ਦੇਸ਼ ਗੁਲਾਮ ਹੁੰਦਾ ਸੀ ਅਸੀਂ ਆਜ਼ਾਦ ਸਾਂ, ਪਰ ਆਪਣੇ ਮਹਿਬੂਬ ਦੇ ਗੁਲਾਮ ਸਾਂ, ਜਦ ਦੇਸ਼ ਆਜ਼ਾਦ ਹੋ ਗਿਆ, ਅਸੀਂ ਗੁਲਾਮ ਹੋ ਗਏ ਅਤੇ ਮਹਿਬੂਬ ਦੇ ਪ੍ਰੱਖ ਦੀਦਾਰ ਤੋਂ ਵਾਂਝੇ ਗਏ। ਭਾਵੇਂ ਮਨ ਮੰਦਰ ਅੰਦਰ ਪ੍ਰਿਤਮਾ ਉਸੇ ਦੀ ਸਥਾਪਤ ਹੈ, ਜਦ ਜੀਅ ਕਰਦਾ ਹੈ ਦਰਸ਼ਨ ਕਰ ਲਈਦੇ ਹਨ।

ਦਿਲ ਕੇ ਆਈਨੇ ਮੇਂ ਹੈ ਤਸਵੀਰੇ ਯਾਰ, ਜਬ ਜ਼ਰਾ ਗਰਦਨ ਝੁਕਾਈ ਦੇਖ ਲੀ।

"ਪਰ ਪਿੰਜਰਾ ਪਿੰਜਰਾ ਹੀ ਹੈ, ਉਹ ਲੋਹੇ ਦਾ ਹੋਵੇ ਤਾਂ ਕੀ, ਜੇ ਸੋਨੇ ਦਾ ਹੋਵੇ ਤਾਂ ਕੀ, ਪੰਛੀ ਪਰਵਾਜ਼ ਤੇ ਨਹੀਂ ਨਾਂ ਕਰ ਸਕਦਾ।"

"ਹਾਂ, ਮੈਂ ਇਹ ਗੱਲ ਮਾਣ ਨਾਲ ਆਖ ਸਕਦਾ ਹਾਂ ਕਿ ਮੈਂ ਮਸਤਾਂ ਦੀ ਸੰਗਤ ਦਾ ਸੁਆਦ, ਨਿੱਕਿਆ ਹੁੰਦਿਆਂ ਤੋਂ ਹੀ ਮਾਣਦਾ ਰਿਹਾ ਹਾਂ...

"ਉਹ ਕਿਹੜਾ ਮਸਤਾਂ ਦਾ ਸਰਦਾਰ ਹੈ, ਜਿਸ ਦੀ ਚਰਨ ਰਜ ਨਾਲ ਇਹ ਮੱਥਾ ਪਾਕ ਨਹੀਂ ਹੋਇਆ। ਹਾਂ... ਹਾਂ ਮੈਂ ਮਸਤੀ ਵਿਚ ਆਪ ਵੀ ਨਿਰਤਕਾਰੀ ਕੀਤੀ ਹੈ। ਲੋਟ ਪੋਟ ਹੋ ਪਈਆਂ" ਵਾਲੀ ਹਾਲਤ ਵਿਚ ਸੁਆਦ ਲਿਆ ਹੈ। ਆਹਾ! ਕਿੱਥੇ ਗਏ ਮੇਰੇ ਉਹ ਦਿਨ! ਕਦੇ ਮੁੜ ਨਹੀਂ ਪਰਤਣਗੇ!!...

"ਅੰਤ ਉਨ੍ਹਾਂ ਮੇਰੇ ਕੋਲੋਂ ਲਿਖਵਾ ਹੀ ਲਿਆ। ਉਹ ਵੀ ਕਵਿਤਾ ਵਿਚ। ਪੰਜ ਸੌ ਪੰਨੇ ਕਵਿਤਾ ਦੇ। ਇਹ ਕੋਈ ਮੇਰੀ ਲਿਆਕਤ ਜਾਂ ਵਿਦਿਆ ਦੀ ਗੱਲ ਨਹੀਂ, ਇਹ ਤੇ ਸਾਰੀ ਕੂਕਾ ਕਾਰ ਦੀ ਕਰਾਮਾਤ ਹੀ ਹੈ। ਨਾ ਹੀ ਇਹ ਕੋਈ ਕਵਿਤਾ ਹੈ, ਇਹ ਤੇ ਦੁੱਖਾਂ ਦਰਦਾਂ ਦੇ ਝੋਰੇ ਨੇ। ਪ੍ਰੀਤਮ ਵਿਛੋੜੇ ਦੀ ਯਾਦ ਦੇ ਹਾਅਵੇ ਨੇ। ਹੋ ਸਕਦਾ ਹੈ ਕਾਵਿ ਪਾਰਖੂ ਆਲੋਚਕ ਨੂੰ, ਇਸ ਵਿਚ ਤੋਲ ਤੁਕਾਂਤ ਕਾਫੀਆ ਰਦੀਫ਼ ਦੀ ਘਾਟ ਮਹਿਸੂਸ ਹੋਵੇ? ਅਜਿਹਾ ਹੋਣਾ ਸੁਭਾਵਿਕ ਹੈ, ਪਰ ਮੈਂ ਉਸ ਨੂੰ ਵੀ ਇਹੀ ਕਹਾਂਗਾ ਕਿ ਉਹ ਇਸ ਨੂੰ ਕਾਵਿ ਕਸਵੱਟੀ ਤੇ ਲਾ ਕੇ ਨਾਂ ਦੇਖੇ, ਸਗੋਂ ਪਿਆਰ ਤਰਾਜ਼ੂ ਦੇ ਪੱਲੜੇ ਪਾ ਕੇ ਤੋਲੇ, ਫਿਰ ਸ਼ਾਇਦ ਉਹ ਮੈਨੂੰ ਮਾਫ ਕਰ ਦਏ ਅਤੇ ਉਸ ਨੂੰ ਵੀ ਐਬ ਜਾਂ ਦੋਸ਼ ਦੇ ਥਾਂ ਗੁਣ ਤੇ ਨਿਰਦੋਸ਼ਤਾ ਨਜ਼ਰ ਆ ਜਾਏ। ਖ਼ੈਰ ਮੈਨੂੰ ਮਾਣ ਹੈ ਕਿ ਕੂਕਾ ਮੈਨੂੰ ਪਿਆਰਦਾ ਹੈ। ਉਸ ਨੂੰ ਮੇਰੇ ਕਮਲੇ ਰਮਲੇ ਦੀਆਂ ਗੱਲਾਂ, ਐਮ.ਏ., ਗਿਆਨੀਆਂ ਨਾਲੋਂ ਚੰਗੇਰੀਆਂ ਲੱਗਦੀਆਂ ਨੇ।"[11]

ਚੱਕਰਵਰਤੀ ਜੀ ਸਤਿਗੁਰੂ ਪਰਤਾਪ ਸਿੰਘ ਜੀ ਦੇ ਸਮੇਂ ਸ੍ਰੀ ਭੈਣੀ ਸਾਹਿਬ ਵਿਖੇ ਹੋਣ ਵਾਲੀਆਂ ਸ੍ਰੀ ਗੁਰੂ ਨਾਨਕ ਸਰਬ ਸੰਪ੍ਰਦਾਇ ਕਾਨਫਰੰਸ (1934), ਪੰਡਿਤ ਜਵਾਹਰ ਲਾਲ ਨਹਿਰੂ ਦੇ 18 ਫਰਵਰੀ 1939 ਨੂੰ ਹੋਰ ਕਾਂਗਰਸੀ ਆਗੂਆਂ ਨਾਲ ਭੈਣੀ ਸਾਹਿਬ ਆਗਮਨ, ਹਿੰਦੂ-ਸਿੱਖ-ਮੁਸਲਮਾਨ-ਮਿਲਾਪ ਕਾਨਫਰੰਸ (1943) ਪੰਜਾਬੀ ਭਾਸ਼ਾ ਦੀ ਉੱਨਤੀ ਲਈ ਬਹੁਮੰਤਵੀ ਵਿਸ਼ਾਲ ਸਮਾਗਮ (1942), ਆਦਿ ਸਮਾਗਮਾਂ ਸਮੇਂ ਸੰਚਾਲਕ ਦੀ ਜ਼ਿੰਮੇਵਾਰੀ ਨਿਭਾਈ। ਸ੍ਰੀ ਭੈਣੀ ਸਾਹਿਬ ਦੇ ਹੋਲੇ ਮੇਲਿਆਂ ਅਤੇ ਹੋਰ ਇਤਿਹਾਸਕ ਇਕੱਠਾਂ ਸਮੇਂ ਵੀ ਮੰਚ ਨੂੰ ਉਹੋ ਸੰਭਾਲਦੇ ਸਨ। ਆਪਣੇ ਮਹਿਬੂਬ, ਸਤਿਗੁਰੂ ਪਰਤਾਪ ਸਿੰਘ ਜੀ ਦੇ ਭੋਗ ਮੇਲੇ ਸਮੇਂ, 10 ਸਤੰਬਰ 1959 ਨੂੰ

ਡੇਢ ਲੱਖੀ ਪੰਡਾਲ ਦਾ ਮੰਚ ਸੰਭਾਲਦਿਆਂ, ਜਦੋਂ ਉਨ੍ਹਾਂ ਵਿਓਗੀ ਸੁਰ ਵਿਚ ਇਹ ਟੱਪਾ ਬੋਲਿਆ–

"ਸੋਨੇ ਦਾ ਕਿੱਲ ਮਾਹੀਆ!
ਲੋਕਾਂ ਦੀਆਂ ਰੋਣ ਅੱਖੀਆਂ, ਸਾਡਾ ਰੋਂਦਾ ਈ ਦਿਲ ਮਾਹੀਆ"

ਤਾਂ ਹਰ ਅੱਖ ਅਟੱਲ ਪਰਤਾਪੀ ਜੀ ਦੀ ਯਾਦ ਵਿਚ ਨਮ ਹੋ ਚੁੱਕੀ ਸੀ।

ਆਜ਼ਾਦੀ ਤੋਂ ਬਾਅਦ 1953 ਈ. ਵਿਚ ਪੰਡਿਤ ਜਵਾਹਰ ਲਾਲ ਨਹਿਰੂ ਪ੍ਰਧਾਨ ਮੰਤਰੀ ਦੇ ਰੂਪ ਵਿਚ ਸ੍ਰੀ ਭੈਣੀ ਸਾਹਿਬ ਆਏ ਤਾਂ ਉਸ ਨੂੰ ਪੇਸ਼ ਕੀਤਾ ਗਿਆ ਮਾਨ ਪੱਤਰ ਵੀ ਚੱਕਰਵਰਤੀ ਜੀ ਦਾ ਹੀ ਲਿਖਿਆ ਸੀ ਤੇ ਉਨ੍ਹਾਂ ਹੀ ਪੜ੍ਹਿਆ ਸੀ। ਗੱਲ ਕੀ ਨਾਮਧਾਰੀ ਪੰਥ ਦਾ ਉਸ ਸਮੇਂ ਕੋਈ ਵੀ ਵੱਡਾ ਇਕੱਠ, ਚੱਕਰਵਰਤੀ ਜੀ ਦੀ ਹਾਜ਼ਰੀ ਯਕੀਨੀ ਬਣਾਉਂਦਾ ਸੀ। ਜਦੋਂ 1936 ਵਿਚ ਆਪ ਦੁਆਰਾ ਸੰਪਾਦਿਤ ਪਰਚਾ ਜ਼ਬਤ ਹੋਇਆ ਤਾਂ ਕੋਈ ਛੇ ਮਹੀਨੇ ਦੇ ਲਗਭਗ ਸੰਤ ਜੀ ਨੂੰ ਪੰਜਾਬ ਪੁਲਿਸ ਦੇ ਆਤੰਕ ਕਾਰਨ, ਰੂਪੋਸ਼ ਵੀ ਰਹਿਣਾ ਪਿਆ ਸੀ। ਪਰ ਸੰਤ ਜੀ ਨੇ ਸਤਿਜੁਗ ਦੇ ਕੰਮ ਲਈ, ਨਾਮਧਾਰੀ ਵਿਦਿਆਲਾ ਸ੍ਰੀ ਭੈਣੀ ਸਾਹਿਬ ਵਿਚ ਪੜ੍ਹਦੇ ਬੱਚਿਆਂ ਵਿਚੋਂ ਪ੍ਰੀਤਮ ਸਿੰਘ ਕਵੀ, ਪ੍ਰੀਤਮ ਸਿੰਘ ਪੰਛੀ ਤੇ ਪੰਡਿਤ ਰਾਜਿੰਦਰ ਸਿੰਘ ਗੁਰੂ ਸਰ ਨੂੰ ਇਸ ਯੋਗ ਕਰ ਦਿੱਤਾ ਸੀ ਕਿ ਉਹ ਹੁਣ ਸਤਿਜੁਗ ਲਈ ਲੇਖ ਕਵਿਤਾਵਾਂ ਲਿਖ ਸਕਦੇ ਸਨ। ਇਸ ਦੀ ਸੰਪਾਦਕੀ ਸੇਵਾ ਵੀ ਸੰਭਾਲ ਸਕਦੇ ਸਨ। ਆਪਣੇ ਰੂਪੋਸ਼ ਸਮੇਂ ਵਿਚ ਸੰਤ ਜੀ ਸੰਯੁਕਤ ਪਰਾਂਤ ਆਦਿ ਦੂਰ ਦੁਰਾਡੇ ਨਿਕਲ ਜਾਂਦੇ ਅਤੇ ਗੁਪਤਵਾਸ ਵਿਚ ਰਹਿ ਕੇ ਪਠਨ ਪਾਠਨ ਜਾਰੀ ਰੱਖਦੇ। ਜਦੋਂ ਉਹ ਉਹ ਪਟਿਆਲਾ ਆ ਗਏ ਤਾਂ ਰਿਆਸਤੀ ਪਰਜਾ ਮੰਡਲ ਦੇ ਕੰਮਾਂ ਵਿਚ ਵੀ ਦਿਲਚਸਪੀ ਲੈਣ ਲੱਗ ਪਏ। 30 ਜਨਵਰੀ 1948 ਨੂੰ ਜਦੋਂ ਮਹਾਤਮਾ ਗਾਂਧੀ ਦੀ ਫਿਰਕੂ ਤਾਕਤਾਂ ਨੇ ਹੱਤਿਆ ਕਰ ਦਿੱਤੀ ਤਾਂ ਉਸੇ ਦਿਨ ਸ਼ਾਮ ਨੂੰ ਪਰਜਾ ਮੰਡਲ ਵੱਲੋਂ ਇਕ ਜਲਸਾ ਪਟਿਆਲਾ ਵਿਖੇ ਹੋਇਆ ਜਿਸ ਵਿਚ ਗਾਂਧੀ ਜੀ ਦੀ ਹੱਤਿਆ ਦੀ ਪੁਰਜ਼ੋਰ ਸ਼ਬਦਾਂ ਵਿਚ ਨਿਖੇਧੀ ਕੀਤੀ ਗਈ। ਇਸ ਜਲਸੇ ਦਾ ਮੰਚ ਸੰਚਾਲਨ ਵੀ ਚੱਕਰਵਰਤੀ ਜੀ ਨੇ ਕੀਤਾ ਸੀ।

ਹੁਣ ਅਸੀਂ ਸੰਤ ਜੀ ਦੀਆਂ ਰਚਨਾਵਾਂ ਦੀ ਚਰਚਾ ਕਰਾਂਗੇ। ਸਤਿਜੁਗ ਦੇ ਵਿਸ਼ੇਸ਼ ਅਤੇ ਆਮ ਅੰਕਾਂ ਵਿਚ ਆਪ ਜੀ ਨੇ ਸੈਂਕੜੇ ਲੇਖ ਲਿਖੇ। ਜਿਨ੍ਹਾਂ ਵਿਚ ਨਾਮਧਾਰੀ ਇਤਿਹਾਸ, ਸਤਿਗੁਰੂ ਪਰਤਾਪ ਸਿੰਘ ਜੀ ਦੇ ਦੌਰਿਆਂ, ਹੋਲਿਆਂ, ਮੇਲਿਆਂ ਅਤੇ ਹੋਰ ਵਿਸ਼ੇਸ਼ ਸਮਾਗਮਾਂ ਦੀਆਂ ਰਿਪੋਰਟਾਂ ਤੋਂ ਇਲਾਵਾ ਸਮਕਾਲੀ ਦੇਸੀ ਵਿਦੇਸ਼ੀ ਘਟਨਾਵਾਂ ਤੇ ਵੀ ਸਟੀਕ ਟਿੱਪਣੀਆਂ ਹੁੰਦੀਆਂ ਸਨ। ਸਤਿਜੁਗ ਦੇ ਸੰਤ ਅੰਕ ਵਿਚ ਉਨ੍ਹਾਂ ਬਹੁਤ ਸਾਰੇ ਨਾਮਧਾਰੀ ਸਾਧੂ ਸੰਤਾਂ ਬਾਰੇ ਲੇਖ, ਕਹਾਣੀਆਂ ਅਤੇ ਇਕਾਂਗੀ ਨਾਟਕ ਵੀ ਲਿਖੇ। ਨਾਮਧਾਰੀ ਇਤਿਹਾਸ (1934) ਗੁਰੂ ਬਾਲਕ ਸਿੰਘ ਜੀ ਦੀਆਂ ਜੀਵਨ ਸਾਖੀਆਂ ਨਾਲ ਸਬੰਧਿਤ ਰਚਨਾ ਹੈ। ਗੁਰੂ ਹਰੀ ਸਿੰਘ ਜੀ ਦੇ ਜੀਵਨ ਬਾਰੇ ਉਨ੍ਹਾਂ "ਜੋਤ ਕਾ ਜਾਮਾ" ਵਾਰਤਕ ਰਚਨਾ ਕੀਤੀ ਪਰ ਇਸ ਦਾ ਖਰੜਾ ਛਪਣ ਤੋਂ ਪਹਿਲਾਂ ਹੀ ਕਿਤੇ ਰੁਲ ਗਿਆ। 'ਸਿੱਖ ਧਰਮ ਤੇ ਜੀਵ ਹਿੰਸਾ' (1943) "ਖੰਡੇ ਦਾ

ਅੰਮ੍ਰਿਤ ਕਿਸਨੇ ਬਣਾਇਆ" (1967), 'ਭੌਂਦੂ ਪ੍ਰਬੋਧ' (1950), 'ਅਟੱਲ ਪ੍ਰਤਾਪੀ' (1959) ਉਨ੍ਹਾਂ ਦੇ ਸਮੇਂ-ਸਮੇਂ ਛਪੇ ਟਰੈਕਟ ਸਨ। "ਅਟੱਲ ਪ੍ਰਤਾਪੀ" ਸਤਿਗੁਰੂ ਪਰਤਾਪ ਸਿੰਘ ਜੀ ਦੇ ਜੀਵਨ ਤੇ ਪੰਛੀ ਝਾਤ ਪਾਉਂਦੀ ਸੰਖੇਪ ਪਰ ਮਹੱਤਵਪੂਰਨ ਰਚਨਾ ਹੈ ਜੋ ਸਤਿਗੁਰੂ ਜੀ ਦੀ ਮਹਾਨ ਸ਼ਖ਼ਸੀਅਤ ਨੂੰ ਕਈ ਕੋਣਾਂ ਤੋਂ ਨਿਹਾਰਦੀ ਹੈ। ਉਨ੍ਹਾਂ ਨੇ ਪੈਂਤੀਸ ਅੱਖਰੀ ਕ੍ਰਿਤ ਕਵੀ ਬਾਬਾ ਕਾਹਲਾ ਸਿੰਘ, ਸਤਿਗੁਰੂ ਬਿਲਾਸ ਕ੍ਰਿਤ ਭਾਈ ਧਿਆਨ ਸਿੰਘ ਕਾਦਰਾਬਾਦੀ, ਮਸਲੇ ਸ਼ੇਖ ਫਰੀਦ ਕੇ, ਨਿਰਮਲ ਪੰਥ ਪ੍ਰਦੀਪਿਕਾ ਕ੍ਰਿਤ ਗਿਆਨੀ ਗਿਆਨ ਸਿੰਘ, ਗੋਸ਼ਟਾਂ, ਦਸਮ ਗ੍ਰੰਥ ਵਿਚ ਰਾਮ ਅਵਤਾਰ, ਦਸਮ ਗ੍ਰੰਥ ਵਿਚ ਕ੍ਰਿਸ਼ਨ ਅਵਤਾਰ ਆਦਿਕ ਦੀ ਸੰਪਾਦਨਾ ਕੀਤੀ। ਭਾਸ਼ਾ ਵਿਭਾਗ ਵਿਚ ਰਹਿੰਦਿਆਂ ਬਹੁਤ ਮਿਹਨਤ ਕਰਕੇ ਹਿੰਦੀ ਪੰਜਾਬੀ ਕੋਸ਼ ਅਤੇ ਪੁਆਧੀ ਸ਼ਬਦ ਕੋਸ਼ ਤਿਆਰ ਕੀਤੇ। ਸਤਨਾਜਾ (ਕਹਾਣੀ ਸੰਗ੍ਰਹਿ) 1944 ਵਿਚ ਛਪਿਆ। ਮਾਲਵੇਂਦਰ ਤੋਂ ਬਿਨਾਂ, ਗੁਰੂ ਤੇਗ ਬਹਾਦਰ ਜੀ ਬਾਰੇ 'ਹਿੰਦ ਦੀ ਚਾਦਰ' ਅਤੇ ਵਿਗਿਆਨਕ ਸਮਾਜਵਾਦ ਦੇ ਪਿਤਾਮਾ ਕਾਰਲ ਮਾਰਕਸ ਬਾਰੇ 'ਮਹਾਂ ਮਾਨਵ', ਉਨ੍ਹਾਂ ਦੇ ਹੋਰ ਮਹਾਂ ਕਾਵਿ ਹਨ। "ਮਹਾਂ ਮਾਨਵ" ਨਵਾਂ ਜ਼ਮਾਨਾ, ਜਲੰਧਰ ਵਿਚ ਲੜੀ ਵਾਰ ਛਪਿਆ ਸੀ। ਰਾਸ਼ਟਰ ਬਾਣੀ, ਉਨ੍ਹਾਂ ਦੁਆਰਾ ਸਿਰਜਿਤ ਲੋਕ ਬੋਲੀਆਂ ਦੀ ਰਚਨਾ ਸੀ ਜਿਸ ਵਿਚ ਦੇਸ਼ ਦੇ ਗੌਰਵ, ਇਤਿਹਾਸ ਅਤੇ ਸਮਕਾਲ ਨੂੰ ਚਿਤਰਿਆ ਸੀ ਜਿਹਾ ਕਿ-

"ਮੱਤਾਂ ਮਿਸਰ ਯੂਨਾਨੀਆਂ ਨੇ ਸਿੱਖੀਆਂ, ਛਾਵੇਂ ਬਹਿਕੇ ਸਾਡੇ ਬੋਹੜਾਂ ਦੀ"
"ਏਥੋਂ ਉੱਡੀਆਂ ਅਮਨ ਦੀਆਂ ਘੁੱਗੀਆਂ, 'ਕਿਚਲੂ' ਦੇ ਸੁੱਚੇ ਹੱਥਾਂ ਚੋਂ"
"ਕੈਰੋਂ" ਪੰਜਾਬ ਦੇ ਤਾਜ ਦਾ ਹੀਰਾ, ਸੱਜੀ ਬਾਂਹ 'ਨਹਿਰੂ' ਦੀ।"

ਸੰਤ ਜੀ ਬਹੁ ਵਿਧਾਈ ਲੇਖਕ ਸਨ। ਉਨ੍ਹਾਂ ਨੇ ਨਾਟਕ, ਇਕਾਂਗੀ ਵੀ ਲਿਖੇ ਜਿਹੜੇ ਮਨੁੱਖੀ ਆਜ਼ਾਦੀ, ਪਰਉਪਕਾਰ, ਸਮਾਨਤਾ, ਵਿਸ਼ਵ ਸ਼ਾਂਤੀ ਅਤੇ ਭਾਈਚਾਰਕ ਸਾਂਝ ਜਿਹੇ ਉਦਾਤ ਜੀਵਨ ਮੁੱਲਾਂ ਦੀ ਪੇਸ਼ਕਾਰੀ ਕਰਦੇ ਸਨ। ਇਸ ਸਬੰਧ ਵਿਚ ਉਨ੍ਹਾਂ ਦੀਆਂ ਪੁਸਤਕਾਂ ਹਨ- ਮੇਰੇ ਚੋਣਵੇਂ ਇਕਾਂਗੀ (1951) ਪੰਥ ਕੀ ਜੀਤ (1953), ਪੂਰਬ ਪੱਛਮ (1940), ਸ਼ੂਦਰ ਦਾ ਬਲੀਦਾਨ (1941), ਪ੍ਰੀਤ ਪੈਗੰਬਰ (1941), ਪਟਨਾ ਸ਼ਹਿਰ ਵਿਖੇ (1951), ਰਾਸ਼ਟਰ ਭਾਸ਼ਾ, ਇਤਿਆਦਿਕ। ਉਨ੍ਹਾਂ ਦਾ ਪਹਿਲਾ ਨਾਵਲ "ਬੀਤਰਾਗ" ਨਾਮਧਾਰੀ ਮੁਖੀ ਸੂਬਾ ਜਵਾਹਰ ਸਿੰਘ ਹੋਰਾਂ ਦੇ ਤਪ ਤਿਆਗ ਬਾਰੇ ਸੀ। "ਜੈ ਨੰਦ", ਸਿੱਖ ਰਾਜ ਦੇ ਖਾਤਮੇ ਸਮੇਂ ਲਾਹੌਰ ਦਰਬਾਰ ਵਿਚੋਂ ਕਿਸੇ ਵੱਡੇ ਸਰਦਾਰ ਦੀ ਪੁੱਤਰੀ ਜੈ, ਜੋ ਅੰਗਰੇਜ਼ ਵਿਰੋਧੀ ਰਵੱਈਏ ਕਾਰਨ ਪਰਤਾੜਿਤ ਕੀਤੀ ਗਈ ਸੀ ਉਸ ਦੇ ਭੈਣੀ ਸਾਹਿਬ ਆ ਕੇ ਨਵਾਂ ਜੀਵਨ ਜਿਊਣ ਦੀ ਕਥਾ ਹੈ ਅਤੇ ਤੀਜਾ ਨਾਵਲ ਖਾੜਕੂ-ਕੂਕੇ, ਸੰਤ ਭਗਵਾਨ ਸਿੰਘ ਅੜਬੰਗੀ ਦੀ ਸ਼ੌਰਿਆ ਗਾਥਾ ਬਿਆਨ ਕਰਦਾ ਹੈ-"ਅੜਬੰਗੀ"। "ਪਹਿਲਾਂ ਮਰਣ ਕਬੂਲ ਕਰਿ" ਦੇ ਅਨੁਵਾਨ ਹੇਠ ਇਹ ਤਿੰਨੇ ਨਾਵਲ 1967 ਵਿਚ ਜਲੰਧਰੋਂ ਛਪੇ ਸਨ। ਪਰਦੇਸੀ ਪ੍ਰੀਤਮ, 'ਦਿੱਲੀ', ਪੰਜਾਬੀ ਦੁਨੀਆਂ (ਪਟਿਆਲਾ) ਅਤੇ 'ਮਹਾਤਮਾ', 'ਨਵਾਂ ਹਿੰਦੁਸਤਾਨ' ਆਦਿ ਅਖ਼ਬਾਰਾਂ ਵਿਚ ਵੀ ਆਪ ਦੀਆਂ ਰਚਨਾਵਾਂ ਦਰਜਨਾਂ ਦੀ ਗਿਣਤੀ ਵਿਚ ਛਪੀਆਂ।[12]

ਸੰਤ ਜੀ 'ਸਤਿਜੁਗ' ਤੋਂ ਇਲਾਵਾ, 'ਪਰਜਾ ਮਿੱਤਰ (ਸਪਤਾਹਿਕ), 'ਵਿਹਾਰ ਸੁਧਾਰ' ਮਾਸਿਕ, 'ਪ੍ਰੀਤ ਸੈਨਿਕ' (ਸਪਤਾਹਿਕ), 'ਲੋਕ-ਰਾਇ' (ਸਪਤਾਹਿਕ) ਅਤੇ 'ਪਹੁ ਫੁੱਟੀ' (ਮਾਸਿਕ), 'ਜੀਵਨ ਪ੍ਰੀਤੀ' (ਮਾਸਿਕ) ਦੇ ਉਤੋੜੱਤੀ ਸੰਪਾਦਕ ਰਹੇ। ਇਨ੍ਹਾਂ ਪੱਤਰਾਂ ਵਿਚ ਸਾਹਿਤਕ ਸਮੱਗਰੀ ਕਾਫੀ ਹੁੰਦੀ ਤੇ ਬਹੁਤ ਦੇਰ ਇਹ ਸੰਤ ਜੀ ਦੀਆਂ ਨਿਜੀ ਤੇ ਤਾਜ਼ੀਆਂ ਰਚਨਾਵਾਂ ਨਾਲ ਅਲੰਕਰਿਤ ਰਹੇ। ਪੱਤਰਕਾਰੀ ਨੇ ਚਕਰਵਰਤੀ ਨੂੰ ਸਾਹਿਤਕ ਸੂਝ, ਨਿਰਪੱਖ ਆਲੋਚਨਾ, ਸੰਤੁਲਤ ਨਿਰਖ ਪਰਖ ਤੇ ਮੌਲਿਕ ਰਚਨਾਤਮਕ ਸ਼ਕਤੀ ਪ੍ਰਦਾਨ ਕੀਤੀ। ਪੰਜਾਬੀ ਸਾਹਿਤ ਗਗਨ ਦਾ ਮੱਥਾ ਲਿਸ਼ਕ ਪਿਆ। ਆਪ ਦਾ ਨਾਮ ਪੰਜਾਬੀ ਜਗਤ ਵਿਚ ਸਤਿਕਾਰ ਤੇ ਸ਼ਰਧਾ ਨਾਲ ਲਿਆ ਜਾਣ ਲੱਗਾ। ਚੱਕਰਵਰਤੀ ਹੁਣ ਸੰਤ ਇੰਦਰ ਸਿੰਘ ਚੱਕਰਵਰਤੀ ਬਣ ਚੁੱਕਾ ਸੀ।"[13]

ਸੰਤ ਜੀ ਹਿੰਦੀ ਪੰਜਾਬੀ ਤੇ ਇਕ ਸਮਾਨ ਅਧਿਕਾਰ ਰੱਖਦੇ ਸਨ। ਉਨ੍ਹਾਂ ਨੇ ਸਤਿਗੁਰੂ ਰਾਮ ਸਿੰਘ ਜੀ ਦੀ ਕੀਰਤੀ ਨੂੰ ਉਨ੍ਹਾਂ ਬਾਰੇ ਹਿੰਦੀ ਵਿਚ ਅਨੁਵਾਦਿਤ ਨਾਟਕ, "ਸ਼ਾਹੀ ਕੈਦੀ" ਦੁਆਰਾ ਹਿੰਦੀ ਭਾਸ਼ੀ ਖੇਤਰਾਂ ਵਿਚ ਵੀ ਪੁਚਾਇਆ। ਮੈਥਿਲੀ ਸ਼ਰਣ ਗੁਪਤ ਜਿਨ੍ਹਾਂ ਨੇ ਸਿੱਖ ਗੁਰੂਆਂ ਬਾਰੇ ਹਿੰਦੀ ਵਿਚ "ਗੁਰੂ ਕੁਲ" ਆਦਿ ਕਾਵਿ ਪੁਸਤਕ ਲਿਖੇ ਸਨ, 1936 ਈ. ਵਿਚ ਝਾਂਸੀ ਦੇ ਪਾਸ 'ਚਿਰਗਾਂਉਂ' ਵਿਖੇ ਸਤਿਗੁਰੂ ਪਰਤਾਪ ਸਿੰਘ ਜੀ ਦੇ ਨਾਲ ਚੱਕਰਵਰਤੀ ਜੀ ਗੁਪਤ ਜੀ ਨੂੰ ਉਨ੍ਹਾਂ ਦੇ ਘਰ ਜਾ ਕੇ ਮਿਲੇ। ਸਤਿਗੁਰੂ ਜੀ ਦੇ ਹੁਕਮ ਕਰਨ ਤੇ ਚੱਕਰਵਰਤੀ ਜੀ ਨੇ ਉਨ੍ਹਾਂ ਨੂੰ ਨਾਮਧਾਰੀ ਇਤਿਹਾਸ, ਹਿੰਦੀ ਵਿਚ ਸੁਣਾਇਆ। 'ਗੁਰੂ ਕੁਲ' ਦੇ ਅਗਲੇ ਸੰਸਕਰਣਾਂ ਵਿਚ ਆਪ ਨੇ ਇਹ ਵੀ ਸ਼ਾਮਲ ਕਰ ਲਿਆ ਸੀ।[14] ਉਨ੍ਹਾਂ ਦਾ ਇਕ ਸ਼ਾਗਿਰਦ ਜੋ ਉਨ੍ਹਾਂ ਨੂੰ "ਨਾਮਧਾਰੀ ਚਾਣਕੀਆ" ਜਿਹਾ ਨੀਤੀ ਨਿਪੁੰਨ ਕਹਿ ਕੇ ਯਾਦ ਕਰਦਾ ਹੈ, ਪ੍ਰੀਤਮ ਸਿੰਘ ਪੰਛੀ ਲਿਖਦਾ ਹੈ- "... ਨਾਮਧਾਰੀ ਦਾਇਰੇ ਤੋਂ ਬਾਹਰ ਜਾ ਕੇ ਜਦੋਂ ਉਹ ਨਾਮਧਾਰੀ ਇਤਿਹਾਸ ਬਾਰੇ ਜਾਣਕਾਰੀ ਦਿੰਦੇ ਸਨ ਤਾਂ ਵੱਡੇ-ਵੱਡੇ ਨੇਤਾ ਅਤੇ ਵਿਦਵਾਨ ਨਾਮਧਾਰੀਆਂ ਬਾਰੇ ਆਪਣੀ ਅਗਿਆਨਤਾ ਨੂੰ ਕੋਸਣ ਲੱਗਦੇ ਸਨ। ਉਨ੍ਹਾਂ ਦੇ ਮੂੰਹੋਂ ਆਪ ਮੁਹਾਰੇ ਨਿਕਲ ਜਾਂਦਾ ਸੀ-ਦੇਸ਼ ਦੀ ਆਜ਼ਾਦੀ ਲਈ ਮਰ ਮਿਟਣ ਵਾਲੇ ਮਰਜੀਵੜਿਆਂ ਦਾ ਵੰਸ਼, ਗੌਰਵਮਈ ਇਤਿਹਾਸ ਅਤੇ ਦੇਸ਼ ਉਸ ਤੋਂ ਅਨਜਾਣ, ਕਿੰਨੀ ਦੁਰਭਾਗ ਪੂਰਨ ਗੱਲ ਹੈ।

"ਇਸਦੀ ਇਕ ਮਿਸਾਲ ਪੇਸ਼ ਕਰਨੀ ਚਾਹਾਂਗਾ ? ਮੈਂ ਜਦੋਂ ਥੋੜ੍ਹਾ ਉਡਾਰ ਹੋਇਆ ਤਾਂ ਚੱਕਰਵਰਤੀ ਜੀ ਮੈਨੂੰ ਆਪਣੇ ਨਾਲ, ਬਾਹਰ ਦੂਰ-ਦੂਰ ਤਕ, ਸਭਾ ਸਮਾਗਮਾਂ ਅਤੇ ਨਾਮਧਾਰੀ ਪੰਥ ਦੇ ਕੰਮ ਲਿਜਾਣ ਲੱਗੇ।"

"1943 ਦੇ ਆਸ ਪਾਸ ਚੱਕਰਵਰਤੀ ਜੀ ਦੀਆਂ ਕੋਸ਼ਿਸ਼ਾਂ ਅਤੇ ਸਤਿਗੁਰੂ ਪਰਤਾਪ ਸਿੰਘ ਜੀ ਦੇ ਆਸ਼ੀਰਵਾਦ ਨਾਲ, ਹਿੰਦੀ ਸਾਹਿਤ ਸੰਮੇਲਨ ਦੀਆਂ ਬੈਠਕਾਂ ਵਿਚ ਜਾਣਾ ਪੈਂਦਾ ਸੀ। ਇਕ ਵਾਰ ਸੰਮੇਲਨ ਦੀ ਸਥਾਈ ਸੰਮਤੀ ਦੀ ਬੈਠਕ ਵਿਚ, ਚੱਕਰਵਰਤੀ ਜੀ ਮੈਨੂੰ ਵੀ ਆਪਣੇ ਨਾਲ ਲੈ ਗਏ। ਅਸੀਂ ਕਈ ਦਿਨ ਇਲਾਹਾਬਾਦ ਰਹੇ। ਬਹੁਤ ਸਾਰੇ ਦੇਸ਼ ਭਗਤਾਂ ਅਤੇ ਲੇਖਕਾਂ ਨੂੰ ਮਿਲੇ। ਪੰਡਿਤ ਮਦਨ ਮੋਹਨ ਮਾਲਵੀਆ,

ਹਿੰਦੀ ਸਾਹਿਤ ਸੰਮੇਲਨ ਦੇ ਰੂਹੇ ਰਵਾਂ, ਬਾਬੂ ਪ੍ਰਸ਼ੋਤਮ ਦਾਸ ਟੰਡਨ ਅਤੇ ਪ੍ਰਸਿੱਧ ਦੇਸ਼ ਭਗਤ, ਪੰਡਿਤ ਸੁੰਦਰ ਲਾਲ ਉਨ੍ਹਾਂ ਵਿਚ ਸ਼ਾਮਿਲ ਸਨ।

"ਪੰਡਿਤ ਸੁੰਦਰ ਲਾਲ ਦੀ ਪ੍ਰਸਿੱਧ ਪੁਸਤਕ "ਭਾਰਤ ਮੇਂ ਅੰਗਰੇਜ਼ੀ ਰਾਜ" ਅੰਗਰੇਜ਼ ਸਰਕਾਰ ਨੇ ਜ਼ਬਤ ਕਰ ਲਈ ਸੀ। ਉਸ ਸਮੇਂ ਇਹ ਇਲਾਹਾਬਾਦ ਤੋਂ ਇਕ ਮਾਸਿਕ ਪੱਤਰ ਪ੍ਰਕਾਸ਼ਿਤ ਕਰ ਰਹੇ ਸਨ। ਚੱਕਰਵਰਤੀ ਜੀ ਨੇ ਜਦੋਂ ਨਾਮਧਾਰੀ ਇਤਿਹਾਸ ਦੇ ਵਰਕੇ ਪਲਟਣੇ ਸ਼ੁਰੂ ਕੀਤੇ ਤਾਂ ਪੰਡਿਤ ਸੁੰਦਰ ਲਾਲ ਦੀ ਜਗਿਆਸਾ ਟੁੰਬੀ ਗਈ ਅਤੇ ਦੋ ਦਿਨ ਦੀਆਂ ਲੰਬੀਆਂ ਬੈਠਕਾਂ ਤੋਂ ਬਾਅਦ ਉਹ ਆਪਣੇ ਆਪ ਨੂੰ ਇਸ ਯੋਗ ਸਮਝਣ ਲੱਗ ਪਏ ਕਿ ਨਾਮਧਾਰੀ ਇਤਿਹਾਸ ਨੂੰ ਲੈ ਕੇ ਇਕ ਲੇਖ ਲਿਖ ਸਕਣ।

"ਲੇਖ ਲਿਖਿਆ ਗਿਆ। ਲੇਖ ਦੀ ਬੜੀ ਚਰਚਾ ਹੋਈ। ਉਹ ਲੇਖ ਸੀ–"ਇਤਿਹਾਸ ਦਾ ਇਕ ਭੁੱਲਿਆ ਵਿਸਰਿਆ ਪੰਨਾ" ਇਸ ਲੇਖ ਨੂੰ ਬਹੁਤ ਸਾਰੀਆਂ ਪੱਤਰਕਾਵਾਂ ਨੇ 'ਵਿਸ਼ਵ ਭਾਰਤੀ' ਤੋਂ ਲੈ ਕੇ ਛਾਪਿਆ। ਇਸ ਦਾ ਸਾਰਾ ਕਰੈਡਿਟ ਚੱਕਰਵਰਤੀ ਜੀ ਨੂੰ ਜਾਂਦਾ ਹੈ।...

"ਸੰਤ ਇੰਦਰ ਸਿੰਘ ਚੱਕਰਵਰਤੀ ਆਪ ਕਦੇ ਇਕ ਸੰਸਥਾ ਨਹੀਂ ਬਣੇ ਸਗੋਂ ਆਪ ਨਾਮਧਾਰੀ ਸੰਸਥਾ ਨਾਲ ਜੁੜੇ ਰਹੇ।...

"ਇਹੋ ਜਿਹੇ ਬਹੁਮੁਖੀ ਪ੍ਰਤਿਭਾ ਦੇ ਧਨੀ, ਨਾਮਧਾਰੀ ਮਿਸ਼ਨ ਦੇ ਸਤੰਭ, ਲੇਖਕ ਅਤੇ ਵਕਤਾ ਨੂੰ ਯਾਦ ਕਰਦਿਆਂ, ਇਕ ਪੂਰਾ ਦੌਰ ਅੱਖਾਂ ਅੱਗੇ ਉਜਾਗਰ ਹੋ ਉੱਠਦਾ ਹੈ।"[15]

ਪੰਜਾਬੀ ਸਾਹਿਤ ਦੀਆਂ ਜਿਨ੍ਹਾਂ ਵੱਡੀਆਂ ਹਸਤੀਆਂ ਨਾਲ ਚੱਕਰਵਰਤੀ ਜੀ ਦਾ ਨੇੜ ਰਿਹਾ ਸੀ, ਉਨ੍ਹਾਂ ਵਿਚੋਂ ਸ੍ਰ. ਗੁਰਬਖਸ਼ ਸਿੰਘ 'ਪ੍ਰੀਤ ਲੜੀ' ਵੀ ਇਕ ਸਨ। ਚੱਕਰਵਰਤੀ ਜੀ ਨਾਮਧਾਰੀ ਦਰਬਾਰ ਦੇ ਜਨਰਲ ਸਕੱਤਰ ਹੋਣ ਤੋਂ ਇਲਾਵਾ ਸਤਿਗੁਰੂ ਜੀ ਦੇ ਇਕ ਕਿਸਮ ਦੇ ਸਾਹਿਤ ਸਕੱਤਰ ਵੀ ਸਨ। ਇਸ ਲਈ ਉਨ੍ਹਾਂ ਦਾ ਵਿਦਵਾਨਾਂ ਨਾਲ ਵਾਹ ਪੈਣਾ ਆਮ ਗੱਲ ਸੀ। ਕੁਝ ਦੇਸ਼ ਦੇ ਵਿਚ ਚੱਲ ਰਹੇ ਜਨ ਅੰਦੋਲਨਾਂ ਦਾ ਪ੍ਰਭਾਵ ਸੀ ਕਿ ਚੱਕਰਵਰਤੀ ਜੀ, ਸਾਹਿਤ ਵਿਚ ਵੀ ਯਥਾਰਥ ਬੋਧ ਨੂੰ ਪ੍ਰਣਾਏ ਗਏ। ਪ੍ਰੀਤ ਲੜੀ ਪਰਚੇ ਤੇ ਉਸ ਦੇ ਸੰਪਾਦਕ ਦੇ ਵਿਚਾਰਾਂ ਨੇ ਉਨ੍ਹਾਂ ਨੂੰ ਇਤਨਾ ਪ੍ਰਭਾਵਿਤ ਕੀਤਾ ਕਿ ਉਨ੍ਹਾਂ ਨੇ ਸ੍ਰੀ ਭੈਣੀ ਸਾਹਿਬ ਤੋਂ ਚੱਲ ਕੇ, ਆਪਣਾ ਕਿਆਮ ਹੀ ਪ੍ਰੀਤ ਨਗਰ ਕਰ ਲਿਆ ਜਿਥੇ ਪੰਜਾਬੀ, ਹਿੰਦੀ, ਉਰਦੂ ਦੇ ਉੱਘੇ ਪੰਜਾਬੀ ਸਾਹਿਤਕਾਰ ਆ ਵੱਸੇ ਸਨ। ਸੰਤ ਜੀ ਦੇ ਉਨ੍ਹਾਂ ਦਿਨਾਂ ਦੀਆਂ ਯਾਦਾਂ ਨੂੰ ਸ੍ਰ. ਗੁਰਬਖਸ਼ ਸਿੰਘ ਹੋਰੀ ਕਾਨੀਬੰਦ ਕਰ ਗਏ ਹਨ।

"ਸੰਤ ਇੰਦਰ ਸਿੰਘ ਚੱਕਰਵਰਤੀ, ਉਨ੍ਹਾਂ ਵਿਸ਼ਾਲ ਚਿੱਤ ਵਿਦਵਾਨਾਂ ਵਿਚੋਂ ਹਨ, ਜਿਨ੍ਹਾਂ ਦਾ ਮੈਂ ਉਚੇਚਾ ਦੇਣਹਾਰ ਏਸ ਲਈ ਵੀ ਹਾਂ ਕਿ ਉਨ੍ਹਾਂ ਨੇ 'ਪ੍ਰੀਤ ਲੜੀ' ਦੇ ਆਰੰਭ ਵਿਚ ਇਹਨੂੰ ਕਿਸੇ ਉਚੇਚੇ ਮੰਤਵ ਲਈ ਪ੍ਰੇਰਨਾ ਦਿੱਤੀ ਸੀ।

"ਪ੍ਰੀਤ ਲੜੀ" 1933 ਵਿਚ ਜਦੋਂ ਮੈਂ ਪ੍ਰਕਾਸ਼ਿਤ ਕੀਤੀ ਉਦੋਂ ਮੇਰਾ ਮਨੋਰਥ ਸਿਰਫ਼ ਅੰਗਰੇਜ਼ੀ ਵਿਚ ਆਪਣੇ ਲੇਖਾਂ ਤੇ ਕਹਾਣੀਆਂ ਨੂੰ ਪੰਜਾਬੀ ਵਿਚ ਉਲਥਾ ਕੇ

ਸਾਂਭਣਾ ਸੀ, ਉਦੋਂ ਨਾ ਕਿਸੇ ਪੰਜਾਬੀ ਸਾਹਿਤਕਾਰ ਨੂੰ ਹੀ ਮੈਂ ਜਾਣਦਾ ਸਾਂ ਤੇ ਨਾ ਹੀ ਕਿਸੇ ਦੀ ਰਚਨਾ ਹੀ ਸਿਵਾਏ ਭਾਈ ਸਾਹਿਬ ਭਾਈ ਵੀਰ ਸਿੰਘ ਦੇ "ਸੁੰਦਰੀ", ਬਿਜੈ ਸਿੰਘ" ਨਾਵਲ ਪੜ੍ਹੇ ਹੋਏ ਸਨ। ਏਸ ਲਈ ਏਡੀ ਆਸ ਕਰਨ ਦਾ ਹੀਆ ਉਦੋਂ ਮੈਂ ਕਰ ਹੀ ਨਹੀਂ ਸਾਂ ਸਕਦਾ ਕਿ 'ਪ੍ਰੀਤ ਲੜੀ' ਕਦੇ ਲੋਕ-ਪ੍ਰਵਾਨ ਮਾਸਕ ਪੱਤਰ ਬਣ ਜਾਏਗਾ। ਪਰ ਇਕ ਦੋ ਅੰਕ ਹੀ ਨਿਕਲੇ ਸਨ ਕਿ ਮਹਾਰਾਜ ਪਰਤਾਪ ਸਿੰਘ ਜੀ ਦੇ ਨਾਲ ਇੰਦਰ ਸਿੰਘ ਚੱਕਰਵਰਤੀ ਆਪ ਚੱਲ ਕੇ, ਅਕਾਲੀ ਫੂਲਾ ਸਿੰਘ ਦੀ ਸਮਾਧ ਉੱਤੇ ਆਪਣੀ ਪ੍ਰਸੰਸਾ ਦਾ ਮਾਨ ਮੈਨੂੰ ਦੇਣ ਲਈ ਆਏ। ਸ਼ੁਭ ਇਛਾਵਾਂ ਭਰੀ ਪ੍ਰਸੰਸਾ ਵਿਚ ਤਕਦੀਰਾਂ ਲਿਖਣ ਵਾਲਾ ਤਲਿੱਸਮ ਹੁੰਦਾ ਹੈ ਤੇ ਇਨ੍ਹਾਂ ਦੀ ਪ੍ਰਸੰਸਾ ਜੀਕਰ ਕੋਈ ਸ਼ੁਭ ਬੋਹਣੀ ਸੀ।

"ਮਹਾਰਾਜ ਪ੍ਰਤਾਪ ਸਿੰਘ ਜੀ ਨੇ ਇਕ ਕਾਨਫਰੰਸ ਉੱਤੇ ਮੈਨੂੰ ਭੈਣੀ ਸਾਹਿਬ ਆਉਣ ਲਈ ਸੱਦਾ ਭੇਜਿਆ। ਉੱਥੇ ਅਨੇਕਾਂ ਪਰਮ ਸਤਿਕਾਰੇ ਨੇਤਾਵਾਂ ਤੇ ਸਾਹਿਤਕਾਰਾਂ ਦੇ ਦਰਸ਼ਨ, ਮੈਨੂੰ ਪਹਿਲੀ ਵਾਰੀ ਹੋਏ ਤੇ ਚੱਕਰਵਰਤੀ ਜੀ ਨੂੰ ਮਿਲਕੇ ਤੇ ਇਨ੍ਹਾਂ ਦੇ ਖੁੱਲ੍ਹੇ ਡੁੱਲ੍ਹੇ ਬੋਲ ਸੁਣਕੇ, ਮੈਨੂੰ ਖਾਸ ਖੁਸ਼ੀ ਹੋਈ। ਇਨ੍ਹਾਂ ਦੇ ਹਸਾਉਣੇ ਸੁਭਾਅ, ਧਰਮਾਂ ਦੇ ਗਿਆਨ, ਸਾਹਿਤ ਦੇ ਅਧਿਐਨ ਤੇ ਤਬੀਅਤ ਦੀ ਮਿਲਣਸਾਰੀ ਨੇ ਮੈਨੂੰ ਬੜਾ ਪ੍ਰਭਾਵਿਤ ਕੀਤਾ ਤੇ ਇਨ੍ਹਾਂ ਦੀ ਰਾਹੀਂ ਧਾਰਮਿਕ ਤੇ ਸਾਹਿਤ-ਦੁਨੀਆਂ ਨਾਲ, ਉਸ ਸਮੇਂ ਏਡੀ ਕੀਮਤੀ ਛੁਹ ਮਿਲਣ ਲਈ ਮੈਂ ਹਮੇਸ਼ਾ ਇਨ੍ਹਾਂ ਦਾ ਰਿਣੀ ਹੋਣਾ, ਮਹਿਸੂਸ ਕਰਦਾ ਰਿਹਾ ਹਾਂ।

"ਜਥੇਬੰਦ ਧਾਰਮਿਕ ਸੰਸਥਾਵਾਂ ਦੇ ਖਿਲਾਫ਼ ਉਸ ਸਮੇਂ ਮੇਰੇ ਅੰਦਰ, ਇਕ ਤਅਸਬ ਜਿਹਾ ਰੜਕਦਾ ਰਹਿੰਦਾ ਸੀ। ਪਰ ਮਹਾਰਾਜ ਪ੍ਰਤਾਪ ਸਿੰਘ ਜੀ ਤੇ ਚੱਕਰਵਰਤੀ ਜੀ ਵਰਗੇ ਉਨ੍ਹਾਂ ਦੇ ਨਿਕਟੀ ਸੇਵਕਾਂ ਅਤੇ ਧਰਮ ਪ੍ਰਚਾਰ ਵਿਚ ਕੋਈ ਸ਼ਰਧਾ ਨਾਂ ਵੀ ਰੱਖਦਿਆਂ, ਮੈਂ ਹਮੇਸ਼ਾਂ ਉਨ੍ਹਾਂ ਦਾ ਦਿਲੋਂ ਸਤਿਕਾਰ ਕਰਦਾ ਰਿਹਾ ਹਾਂ। ਚੱਕਰਵਰਤੀ ਜੀ ਦੇ ਗੁਰਦੇਵ ਮਹਾਰਾਜ ਹੀ ਇਕੋ ਧਾਰਮਿਕ ਨੇਤਾ ਹਨ ਜਿਨ੍ਹਾਂ ਨਾਂ ਸਿਰਫ ਮੈਨੂੰ ਨਾਸਤਕ ਨਹੀਂ ਆਖਿਆ, ਸਗੋਂ ਆਪਣੀ ਸੰਤਤਾਈ ਤੇ ਗੁਰਦੇਵਤਾ ਦਾ ਉੱਚਾ ਸਿੰਘਾਸਨ ਛੱਡ ਕੇ, ਮੈਨੂੰ ਮੇਰੇ ਮਨੁੱਖੀ ਪੱਧਰ ਉੱਤੇ ਜੱਫੀ ਪਾ ਕੇ, ਹੱਥ ਮਿਲਾ ਕੇ ਮਿਲਦੇ ਰਹੇ।

"ਸੰਤ ਇੰਦਰ ਸਿੰਘ ਜੀ ਮਹਾਰਾਜ ਦੇ ਅਤਿ ਨਿਕਟੀ ਤੇ ਲੋੜੀਂਦੇ ਸੇਵਕਾਂ ਵਿਚੋਂ ਸਨ ਤੇ ਜਦੋਂ ਉਨ੍ਹਾਂ ਮੇਰੇ ਕੋਲ ਪ੍ਰੀਤ ਨਗਰ ਆ ਕੇ ਪ੍ਰੀਤ ਸੈਨਿਕ ਬਨਣ ਦੀ ਇੱਛਾ ਪ੍ਰਗਟ ਕੀਤੀ ਤਾਂ ਮਹਾਰਾਜ ਜੀ ਨੇ ਨਰਾਜ਼ ਹੋਣ ਦੀ ਥਾਂ ਉਨ੍ਹਾਂ ਨੂੰ ਅਸੀਸ ਦੇ ਦਿੱਤੀ।

"ਚੱਕਰਵਰਤੀ ਜੀ ਸਣੇ ਪਰਵਾਰ ਮੇਰੇ ਕੋਲ ਪ੍ਰੀਤ ਨਗਰ ਆ ਗਏ, ਕਈ ਵਾਰੀ ਮਹਾਰਾਜ ਪ੍ਰਤਾਪ ਸਿੰਘ ਉਨ੍ਹਾਂ ਨੂੰ ਤੇ ਮੈਨੂੰ ਮਿਲਣ ਲਈ ਪ੍ਰੀਤ ਨਗਰ ਆਏ।

"ਚੱਕਰਵਰਤੀ ਜੀ ਦੇ ਪ੍ਰੀਤ ਨਗਰ ਆਉਣ ਨਾਲ ਪ੍ਰੀਤ ਨਗਰ ਦੀ ਜ਼ਿੰਦਗੀ ਵਿਚ ਵਾਧਾ ਹੋਇਆ। ਚੱਕਰਵਰਤੀ ਜੀ ਦੇ ਹਾਸਰਸ ਦੀ ਅੱਜ ਤੱਕ ਮੈਨੂੰ ਖਿੜਾਵੀਂ ਯਾਦ ਹੈ। ਪ੍ਰੀਤ-ਮਿਲਣੀਆਂ ਉਤੇ ਉਨ੍ਹਾਂ ਦੇ ਭਾਸ਼ਨ, ਸਰੋਤਿਆਂ ਦਾ ਨਿਰਾ ਗਿਆਨ ਹੀ ਨਹੀਂ ਸਨ ਵਧਾਉਂਦੇ, ਉਨ੍ਹਾਂ ਦਾ ਥਕੇਵਾਂ ਤੇ ਅਕੇਵਾਂ ਵੀ ਘਟਾਉਂਦੇ ਸਨ। "ਚੱਕਰਵਰਤੀ" ਜੀ ਸਾਡੇ ਹਫਤਾਵਾਰ "ਪ੍ਰੀਤ-ਸੈਨਕ" ਦੇ ਸੰਪਾਦਕ ਰਹੇ। ਇਹ ਕੰਮ

ਆਪ ਨੇ ਬੜੀ ਯੋਗਤਾ ਨਾਲ ਕੀਤਾ। ਲੰਗਰ ਪ੍ਰਬੰਧ ਦਾ ਤਜਰਬਾ ਵੀ ਇਨ੍ਹਾਂ ਨੂੰ ਖਾਸ ਹੋਣ ਕਰਕੇ, ਪ੍ਰੀਤ ਨਗਰ ਦੇ ਲੰਗਰ ਵਿਚ ਇਨ੍ਹਾਂ ਦੀ ਸੇਵਾ ਯਾਦ ਯੋਗ ਹੈ।

"ਪਰ ਕੁਝ ਸਮੇਂ ਬਾਅਦ ਮਹਾਰਾਜ ਪ੍ਰਤਾਪ ਸਿੰਘ ਜੀ ਦਾ ਇਹ ਖਿਆਲ ਹੋ ਗਿਆ ਕਿ ਭੈਣੀ ਸਾਹਿਬ ਦੇ ਕੰਮਾਂ ਵਿਚ ਜਿਹੜੀ ਥਾਂ, ਚੱਕਰਵਰਤੀ ਹੋਰਾਂ ਦੀ ਸੀ, ਉਹ ਚੰਗੀ ਤਰ੍ਹਾਂ ਭਰੀ ਨਹੀਂ ਜਾ ਸੱਕੀ। ਜਿਸ ਕਰਕੇ ਉਨ੍ਹਾਂ ਚਾਹਿਆ ਕਿ ਚੱਕਰਵਰਤੀ ਜੀ ਉਨ੍ਹਾਂ ਕੋਲ ਮੁੜ ਆਉਣ।

"ਚੱਕਰਵਰਤੀ ਜੀ ਚਲੇ ਗਏ ਪਰ ਉਨ੍ਹਾਂ ਦੀਆਂ ਸ਼ੁਭ ਇਛਾਵਾਂ ਹਮੇਸ਼ਾਂ ਪ੍ਰੀਤ ਨਗਰ ਦੇ ਨਾਲ ਰਹੀਆਂ ਹਨ।... ਆਪ ਦੇ ਸ਼ਬਦਾਂ ਵਿਚ ਵਿਦਵਤਾ ਹੁੰਦੀ ਹੈ ਆਪ ਦੀ ਅਦਾਇਗੀ ਵਿਚ ਹਾਸਰਸ ਹੁੰਦਾ ਹੈ।"[16]

ਹਿੰਦੀ ਦੇ ਉੱਚ ਦੁਮਾਲੜੇ ਲੇਖਕ ਬਨਾਰਸੀ ਦਾਸ ਚਤੁਰ ਵੇਦੀ ਸੰਤ ਜੀ ਨੂੰ ਹਿੰਦੀ ਅਤੇ ਪੰਜਾਬੀ ਭਾਸ਼ਾਵਾਂ ਦੇ ਵਿਚਾਲੇ ਇਕ ਪੁਲ ਦੇ ਤੌਰ ਤੇ ਵੇਖਦੇ ਹਨ। "ਸੰਤ ਇੰਦਰ ਸਿੰਘ ਜੀ ਨੇ ਘੱਟ ਤੋਂ ਘੱਟ ਤਿੰਨ ਸੌ ਪੰਜਾਬੀਆਂ ਨੂੰ ਹਿੰਦੀ ਪੜ੍ਹਾਈ ਹੈ। ਜਿਹੜੇ ਲੋਕੀਂ ਸਮਝਦੇ ਹਨ ਕਿ ਪੰਜਾਬੀ ਅਤੇ ਹਿੰਦੀ ਵਿਚ ਕਿਸੇ ਵੀ ਤਰ੍ਹਾਂ ਦੀ ਪ੍ਰਤੀਦਵੰਤਾ ਅਤੇ ਵਿਰੋਧ ਹੈ, ਉਨ੍ਹਾਂ ਨੂੰ ਸੰਤ ਜੀ ਦੇ ਜੀਵਨ ਤੋਂ ਬੋਹੜੀ ਸਿੱਖਿਆ ਲੈਣੀ ਚਾਹੀਦੀ ਹੈ। ਇਕ ਮਹਾਂਪੁਰਖ ਨੇ ਸਾਹਿਤਕਾਰਾਂ ਨੂੰ 'ਆਤਮਾ ਦਾ ਇੰਜੀਨੀਅਰ' ਦੱਸਿਆ ਹੈ। ਸੰਤ ਇੰਦਰ ਸਿੰਘ ਅਜਿਹੇ ਇੰਜੀਨੀਅਰ ਹਨ ਜਿਹੜੇ ਹਿੰਦੂਆਂ ਅਤੇ ਸਿੱਖਾਂ ਵਿਚਲੇ ਖੱਪੇ ਨੂੰ ਪੂਰਨ ਲਈ ਦਿਨ ਰਾਤ ਲੱਗੇ ਹੋਏ ਹਨ।

"ਉਂਜ ਤਾਂ ਇੰਦਰ ਸਿੰਘ ਜੀ ਸੰਨ 1928 ਤੋਂ ਹੀ ਲਿਖ ਰਹੇ ਹਨ ਪਰ ਉਨ੍ਹਾਂ ਦਾ ਸਭ ਤੋਂ ਮਹੱਤਵਪੂਰਨ ਕਾਰਜ ਹੈ, ਹਿੰਦੀ ਪੰਜਾਬੀ ਕੋਸ਼, ਜਿਸ ਵਿਚ 60,000 ਹਿੰਦੀ ਸ਼ਬਦਾਂ ਦੇ ਸਰਲ ਸੁਬੋਧ ਅਰਥ ਪੰਜਾਬੀ ਭਾਸ਼ਾ ਵਿਚ ਦਿੱਤੇ ਗਏ ਹਨ। ਅਚਰਜ ਦੀ ਗੱਲ ਹੈ ਇਸ ਮਹੱਤਵਪੂਰਨ ਕਾਰਜ ਲਈ ਉਨ੍ਹਾਂ ਨੂੰ ਕੇਵਲ ਇਕੋ ਹੀ ਸਹਾਇਕ ਮਿਲੇ ਹਨ। ਭਾਵ ਅਮਰ ਨਾਥ ਸ਼ਾਸਤਰੀ, ਨਿਯਮ ਅਨੁਸਾਰ ਪ੍ਰਤੀ ਦਿਨ ਸੱਤ-ਸੱਤ ਘੰਟੇ ਬੈਠ ਕੇ, ਉਨ੍ਹਾਂ ਨੇ ਤਿੰਨ-ਤਿੰਨ ਸੌ ਸ਼ਬਦ ਪ੍ਰਤੀ ਦਿਨ ਨਿਬੇੜੇ ਅਤੇ ਕਦੇ ਕਦਾਈਂ ਚਾਰ ਸੌ ਤਕ ਵੀ। ਉਨ੍ਹਾਂ ਦੀ ਇਸ ਸਾਧਨਾਂ ਦਾ ਪ੍ਰਨਾਮ ਸਰੂਪ ਪੰਜਾਬੀ ਭਾਈਆਂ ਲਈ ਹਿੰਦੀ ਦਾ ਅਧਿਐਨ ਸੁਗਮ ਹੋ ਗਿਆ ਹੈ। ਪਰੰਤੂ ਨਾਲ ਹੀ ਇਕ ਲਾਭ ਹੋਰ ਵੀ ਹੋਇਆ ਹੈ। ਇੱਕ ਲੱਖ ਪੰਜਾਬੀ ਸ਼ਬਦ ਇਕੱਠੇ ਹੋ ਗਏ ਹਨ। ਇਸੇ ਤਰ੍ਹਾਂ ਇਹ ਯੱਗ ਦੋਹਾਂ ਭਾਸ਼ਾਵਾਂ ਲਈ ਕਲਿਆਣਕਾਰੀ ਸਿੱਧ ਹੋਇਆ ਹੈ। ਘਾਟੇ ਵਿਚ ਰਹੇ ਵਿਚਾਰੇ ਇੰਦਰ ਸਿੰਘ ਜਿਹੜੇ ਬਹੁਤੀ ਮਿਹਨਤ ਕਾਰਨ ਆਪਣੀ ਸਿਹਤ ਗੁਆ ਬੈਠੇ। ਡਾਕਟਰ ਗੰਡਾ ਸਿੰਘ ਜੀ ਨੇ ਕੋਸ਼ ਦੀ ਭੂਮਿਕਾ ਵਿਚ ਲਿਖਿਆ ਹੈ- "ਇਸ ਕੋਸ਼ ਦੀ ਤਿਆਰੀ ਦਾ ਸਿਹਰਾ ਸੰਤ ਇੰਦਰ ਸਿੰਘ ਚੱਕਰਵਰਤੀ ਉਪ ਬੋਲੀ ਮਾਹਰ, ਮਹਿਕਮਾ ਪੰਜਾਬੀ ਦੇ ਸਿਰ ਹੈ, ਜਿਨ੍ਹਾਂ ਨੇ ਇਸ ਕੰਮ ਨੂੰ ਕੇਵਲ ਸਰਕਾਰੀ ਡਿਊਟੀ ਹੀ ਨਹੀਂ ਸਮਝਿਆ ਬਲਕਿ ਦਿਨ ਰਾਤ ਇਕ ਕਰਕੇ ਇਸਨੂੰ ਛੇਤੀ ਤੋਂ ਛੇਤੀ ਸਿਰੇ ਚੜ੍ਹਾਉਣ ਦਾ ਯਤਨ ਕੀਤਾ ਹੈ। ਇਨ੍ਹਾਂ ਦੀ ਇਹ ਲਗਨ ਤੇ ਮਿਹਨਤ ਬੜੀ ਸ਼ਲਾਘਾਯੋਗ ਹੈ।"...

"ਸੰਤ ਜੀ ਨਾਂ ਤੋਂ ਹੀ ਨਹੀਂ ਗੁਣਾ ਤੋਂ ਵੀ ਸੰਤ ਸੁਭਾਅ ਦੇ ਹਨ– ਸੁਭਾਅ ਵਿਚ ਸਦਾ ਸਰਲ ਤੇ ਨਿਸ਼ਕਪਟ। ਸਭ ਤੋਂ ਵੱਡੀ ਖ਼ੂਬੀ ਉਨ੍ਹਾਂ ਵਿਚ ਇਹ ਹੈ ਕਿ ਉਹ ਦੂਜਿਆਂ ਤੇ ਵਿਸ਼ਵਾਸ ਕਰਦੇ ਹਨ ਅਤੇ ਧੋਖਾ ਵੀ ਖ਼ੂਬ ਖਾਂਦੇ ਹਨ। ਸੰਤ ਜੀ ਨੂੰ ਜੱਸ ਦੀ ਲਾਲਸਾ ਨਹੀਂ। ਰੁੱਖੀ, ਸੁੱਕੀ ਖਾਣ ਨੂੰ ਮਿਲ ਜਾਵੇ, ਸਾਦੇ ਗਰੰਥ ਅਧਿਐਨ ਲਈ ਅਤੇ ਕਦੇ-ਕਦੇ ਸਾਹਿਤ ਸੇਵੀਆਂ ਦਾ ਸਤਸੰਗ ਵੀ ਬੱਸ ਇਸੇ ਤੇ ਉਹ ਸੰਤੁਸ਼ਟ ਰਹਿੰਦੇ ਹਨ।"[17]

ਸੰਤ ਜੀ ਦੀ ਲਿਖਤ ਵਿਚ ਵੀ ਬੋਲਚਾਲ ਜਿਉਂ ਵਿਅੰਗ ਦੀ ਪੁੱਟ ਮੌਜੂਦਾ ਰਹਿੰਦੀ ਸੀ, ਰੇਲ, ਬੱਸ ਦੇ ਸਫ਼ਰ ਵਿਚ ਜੇ ਕੋਈ ਉਨ੍ਹਾਂ ਨੂੰ ਪੁੱਛ ਲੈਂਦਾ ਕਿ ਸੰਤ ਜੀ ਤੁਸੀਂ ਕੀ ਕੰਮ ਕਰਦੇ ਹੋ ਤਾਂ ਫੌਰਨ ਜੁਅਬ ਦਿੰਦੇ– ਜੀ ਮੈਂ ਲੌਂਢੂਵਾਲ' ਦੇ ਮਹਿਕਮੇ ਵਿਚ ਹੁੰਦਾ ਹਾਂ। ਉਨ੍ਹਾਂ ਨੇ ਲੈਂਗੁਏਜ਼ ਡੀਪਾਰਟਮੈਂਟ (ਭਾਸ਼ਾ ਵਿਭਾਗ) ਦਾ ਹੇਠ ਪੰਜਾਬੀ ਅਨੁਵਾਦ ਇਉਂ ਕਰ ਲਿਆ ਸੀ।

ਆਪ ਦਾ ਅਨੰਦ ਕਾਰਜ 1924 ਈ. ਵਿਚ ਮਹਿਲ ਕਲਾਂ (ਬਰਨਾਲਾ) ਇਲਾਕੇ ਦੇ ਪਿੰਡ ਗਹਿਲਾਂ ਦੇ ਨਾਮਧਾਰੀ ਪਰਿਵਾਰ ਦੀ ਬੀਬੀ ਪਰਤਾਪ ਕੌਰ ਨਾਲ ਸਤਿਗੁਰੂ ਪਰਤਾਪ ਸਿੰਘ ਜੀ ਦੀ ਹਜ਼ੂਰੀ ਵਿਚ ਹੋਇਆ। ਆਪ ਦੇ ਰਵਿੰਦਰ ਸਿੰਘ ਅਤੇ ਗੁਰਦੇਵ ਸਿੰਘ ਦੋ ਸਪੁੱਤਰ ਸਨ। ਮਾਲਵਿੰਦਰ ਕੌਰ ਮਾਲਤੀ ਨਾਂ ਦੀ ਪੁੱਤਰੀ ਵੀ ਹੋਈ। ਭੈਣਾਂ ਭਰਾਵਾਂ ਦੇ ਤੌਰ ਤੇ ਆਪ ਦਾ ਇਕੋ ਭਾਈ ਦੀਦਾਰ ਸਿੰਘ ਅਤੇ ਤਿੰਨ ਭੈਣਾਂ ਬੀਬੀ ਇੰਦ ਕੌਰ, ਹਰਨਾਮ ਕੌਰ ਤੇ ਦੀਪ ਕੌਰ ਸਨ। ਆਪ ਦਾ ਚਲਾਣਾ 8 ਮਾਰਚ 1971 ਈ. ਨੂੰ ਪਟਿਆਲਾ ਵਿਖੇ ਹੋਇਆ। ਪਟਿਆਲੇ ਅੰਤਿਮ ਸਸਕਾਰ ਸਮੇਂ ਸਤਿਗੁਰੂ ਜਗਜੀਤ ਸਿੰਘ ਜੀ ਨੇ ਨਾ ਸਿਰਫ਼ ਦਰਸ਼ਨ ਹੀ ਦਿੱਤੇ ਸਗੋਂ ਬਕੌਲ ਪ੍ਰੋ. ਕਿਰਪਾਲ ਸਿੰਘ ਆਪਣੇ ਗੁਰੂ ਪਿਤਾ ਦੇ ਪਿਆਰੇ ਸਿੱਖ ਦਾ ਅੰਤਿਮ ਇਸ਼ਨਾਨ ਵੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਕਰਵਾਇਆ ਸੀ। ਉਨ੍ਹਾਂ ਦੀ ਹਜ਼ੂਰੀ ਵਿਚ ਆਪ ਦਾ ਭੋਗ ਮੇਲਾ ਬਹੁਤ ਸਾਰੇ ਸਾਹਿਤਕਾਰਾਂ, ਸਾਹਿਤ ਕਾਮਿਆਂ ਦੀ ਮੌਜੂਦਗੀ ਵਿਚ ਮਨਾਇਆ ਗਿਆ। ਸੰਨ 1984 ਈ. ਵਿਚ ਆਪਣੇ ਚਲਾਣੇ ਤੱਕ ਬੀਬੀ ਪਰਤਾਪ ਕੌਰ ਹਰ ਸਾਲ ਉਨ੍ਹਾਂ ਦੀ ਬਰਸੀ ਮਨਾਉਂਦੇ ਰਹੇ। "ਚੱਕਰਵਰਤੀ ਪਰਤਾਪ ਹਾਲ" ਜੋ ਲੱਲ ਕਲਾਂ ਵਿਚ ਸੀ ਉੱਥੇ ਵੀ ਤੇਰ੍ਹਵੀਂ ਬਰਸੀ ਤੇ ਸਤਿਗੁਰੂ ਜੀ ਨੇ ਦਰਸ਼ਨ ਦਿੱਤੇ ਸਨ। ਸ੍ਰੀ ਭੈਣੀ ਸਾਹਿਬ ਅੱਸੂ ਦੇ ਮੇਲੇ ਸਮੇਂ ਸੰਤ ਇੰਦਰ ਸਿੰਘ ਚੱਕਰਵਰਤੀ ਸਮੇਤ, ਹਾਜ਼ਰਾ ਹਜ਼ੂਰ ਸਤਿਗੁਰੂ ਉਦੇ ਸਿੰਘ ਜੀ ਦੀ ਹਜ਼ੂਰੀ ਵਿਚ, ਨਾਮਧਾਰੀ ਲੇਖਕਾਂ ਦੇ ਯਾਦ ਸਮਾਗਮ ਕੀਤੇ ਜਾਂਦੇ ਹਨ।

ਤਿਰਲੋਕ ਸਿੰਘ ਚਿੱਤਰਕਾਰ ਹੋਰਾਂ ਨੇ ਬੜੀ ਸਟੀਕ ਟਿੱਪਣੀ ਕੀਤੀ ਕਿ ਸੰਤ ਚੱਕਰਵਰਤੀ ਵਰਗੀਆਂ ਹਸਤੀਆਂ ਜੀਵਨ ਦੇ ਵਿਰਾਟ ਰੂਪ ਨੂੰ ਛੋਟੇ ਜਿਹੇ ਸਰੀਰ ਵਿਚ ਸਾਂਭੀ ਬੈਠੀਆਂ ਹਨ।[18] ਚੱਕਰਵਰਤੀ ਜੀ ਬੇਗਰਜ਼ ਭਾਵ ਨਾਲ, ਦੇਸ਼, ਕੌਮ ਅਤੇ ਅਵਾਮ ਦੇ ਲੇਖੇ ਸਾਰਾ ਜੀਵਨ ਲਾਉਣ ਵਾਲੇ ਸਨ। ਉਹ ਸਤਿਗੁਰੂ ਰਾਮ ਸਿੰਘ ਜੀ ਦੇ ਪੰਥ ਦੇ ਤਪ ਤੇਜ਼, ਗੁਰੂ ਹਰੀ ਸਿੰਘ ਦੇ ਸ਼ਾਂਤ ਸਰੂਪ, ਖਿਮਾਂ ਅਤੇ ਸ਼ਹਿਣਸ਼ੀਲਤਾ, ਸਤਿਗੁਰੂ ਪਰਤਾਪ ਸਿੰਘ ਜੀ ਦੇ ਸੁਲਾਹਕੁੱਲ ਸੁਭਾਉ ਅਤੇ ਸਤਿਗੁਰੂ ਜਗਜੀਤ ਸਿੰਘ

ਜੀ ਦੀ ਉਦਾਰਤਾ ਆਦਿਕ ਗੁਣਾਂ ਨੂੰ ਨਾ ਸਿਰਫ਼ ਆਪਣੀਆਂ ਰਚਨਾਵਾਂ ਵਿਚ ਬਿਆਨ ਕਰਦੇ, ਸਗੋਂ ਆਪਣੇ ਜੀਵਨ ਵਿਚ ਵੀ ਉਤਾਰਦੇ ਸਨ। ਉਨ੍ਹਾਂ ਦੀ ਕੀਰਤੀ ਪੰਜਾਬੀ ਸਾਹਿਤ ਅਤੇ ਨਾਮਧਾਰੀ ਜਗਤ ਵਿਚ ਚਿਰ ਸਥਾਈ ਰਹੇਗੀ। ਚਤੁਰਵੇਦੀ ਜੀ ਦੇ ਸ਼ਬਦਾਂ ਵਿਚ ਉਨ੍ਹਾਂ ਦਾ ਜਨਮ ਸੰਘਰਸ਼ਾਂ ਵਿਚ ਹੋਇਆ, ਸੰਘਰਸ਼ਾਂ ਵਿਚ ਪਲੇ ਅਤੇ ਕਲਮ ਦੇ ਇਸ ਮਜ਼ਦੂਰ ਦਾ ਸੰਘਰਸ਼, ਆਜ਼ਾਦੀ ਬਾਅਦ ਵੀ ਨਹੀਂ ਮੁੱਕਿਆ।

## ਹਵਾਲੇ ਤੇ ਟਿੱਪਣੀਆਂ

1. ਕੂਕਿਆਂ ਬਾਰੇ, ਸੰਤ ਇੰਦਰ ਸਿੰਘ ਚੱਕਰਵਰਤੀ, ਦਸੰਬਰ 1956, ਪਟਿਆਲਾ, ਸਫਾ 183
2. ਕੂਕਾਜ਼ ਆਫ ਨੋਟ ਇਨ ਦਾ ਪੰਜਾਬ, (ਸੰ. ਜਸਵਿੰਦਰ ਸਿੰਘ), ਸਫਾ 52-53
3. ਅੱਖੀਂ ਡਿਠਾ ਕਿੱਸਾ ਕੀਤਾ, (ਸੰ. ਸੁਵਰਨ ਸਿੰਘ ਵਿਰਕ) ਸਫਾ 161
4. ਕਲਮ ਦੇ ਧਨੀ ਸੰਤ ਇੰਦਰ ਸਿੰਘ ਚੱਕਰਵਰਤੀ, ਦੇਵਿੰਦਰ ਸਿੰਘ ਗਿੱਲ ਜੀਆ ਨੱਥਾ, ਸਫਾ 8 ਅਤੇ "ਚੱਕਰਵਰਤੀ ਅਭਿਨੰਦਨ ਗ੍ਰੰਥ", ਸੰ. ਬਲਕਾਰ ਸਿੰਘ ਐਮ.ਏ. ਲਿਖਾਰੀ ਸਭਾ ਬਰਨਾਲਾ, ਅਕਤੂਬਰ 1963 ਵਿਚ ਡਾ. ਜੀਤ ਸਿੰਘ ਸੀਤਲ, ਨਿਰਦੇਸ਼ਕ ਪੰਜਾਬੀ ਵਿਭਾਗ, ਪਟਿਆਲਾ ਦਾ ਲੇਖ, 'ਸਾਹਿਤ-ਸੰਤ' ਸਫ਼ਾ 23
5. ਕੂਕਿਆਂ ਬਾਰੇ, ਸਫਾ 257-58
6. ਉਹੀ, ਸਫਾ 256
7. ਸਤਿਜੁਗ, ਸ੍ਰੀ ਭੈਣੀ ਸਾਹਿਬ, ਬੁੱਧਵਾਰ 19 ਚੇਤਰ, 1987 ਬਿਕਰਮੀ ਦੀ ਸੰਤ ਇੰਦਰ ਸਿੰਘ ਚੱਕਰਵਰਤੀ ਲਿਖਤ, ਸੰਪਾਦਕੀ ਵਿਚੋਂ
8. ਮਾਲਵੇਂਦ੍ਰ, 1957, ਸੰਤ ਇੰਦਰ ਸਿੰਘ 'ਚੱਕਰਵਰਤੀ'- ਕੁਝ ਮੇਰੇ ਵੱਲੋਂ, ਸਫਾ 6-7
9. ਉਹੀ, ਸਫਾ 464-65
10. ਕੂਕਿਆਂ ਬਾਰੇ, ਸਫਾ 299
11. ਉਹੀ, ਸਫਾ 300
12. ਕਲਮ ਦੇ ਧਨੀ- ਸਫ਼ਾ 27 ਤੋਂ 33
13. ਚੱਕਰਵਰਤੀ ਅਭਿਨੰਦਨ ਗ੍ਰੰਥ, ਡਾ. ਜੀਤ ਸਿੰਘ ਸੀਤਲ ਦਾ ਲੇਖ, ਸਫ਼ਾ 24-25
14. ਜੱਸ ਜੀਵਨ (ਭਾਗ ਦੂਜਾ) ਸੰਤ ਤਰਨ ਸਿੰਘ ਵਹਿਮੀ, ਸਫ਼ਾ 401-02
15. ਸਤਿਜੁਗ ਦਾ ਨਾਮਧਾਰੀ ਸਾਹਿਤਕਾਰ ਵਿਸ਼ੇਸ਼ ਅੰਕ 2059 ਬਿ. ਪ੍ਰੀਤਮ ਸਿੰਘ ਪੰਛੀ ਦਾ ਲੇਖ-ਬਹੁਮੁਖੀ ਪ੍ਰਤਿਭਾ ਦੇ ਧਨੀ-ਸੰਤ ਇੰਦਰ ਸਿੰਘ ਚੱਕਰਵਰਤੀ, ਸਫ਼ਾ 43-44

16. ਚੱਕਰਵਰਤੀ ਅਭਿਨੰਦਨ ਗ੍ਰੰਥ, ਸ੍ਰ. ਗੁਰਬਖਸ਼ ਸਿੰਘ ਪ੍ਰੀਤ ਲੜੀ ਦਾ ਲੇਖ– ਸੰਤ ਇੰਦਰ ਸਿੰਘ ਚੱਕਰਵਰਤੀ, ਸਫ਼ਾ 30–33

17. ਉਹੀ, ਇਕ ਮਿਸ਼ਨਰੀ ਸਾਹਿਤ ਸੇਵੀ, ਸ੍ਰੀ ਬਨਾਰਸੀ ਦਾਸ ਚਤੁਰਵੇਦੀ ਦਾ ਲੇਖ, ਸਫਾ 35–39, ਇਹ ਲੇਖ ਪਹਿਲਾਂ ਹਿੰਦੀ ਦੇ ਕਿਸੇ ਪਰਚੇ ਵਿਚ ਛਪਿਆ ਸੀ। ਇਸ ਤੋਂ ਪਰੇਰਿਤ ਹੋ ਕੇ ਹੀ ਲਿਖਾਰੀ ਸਭਾ ਬਰਨਾਲਾ ਨੇ ਸੰਤ ਜੀ ਬਾਰੇ ਅਭਿਨੰਦਨ ਗ੍ਰੰਥ ਛਾਪ ਕੇ ਉਨ੍ਹਾਂ ਨੂੰ ਸਨਮਾਨਿਤ ਕੀਤਾ ਸੀ। ਇਸ ਵਿਚ ਹੋਰ ਵੀ ਉੱਘੀਆਂ ਹਸਤੀਆਂ, ਲੇਖਕਾਂ, ਸਾਹਿਤ ਕਾਮਿਆਂ ਦੇ ਸੰਤ ਜੀ ਬਾਰੇ ਸੰਦੇਸ਼ ਅਤੇ ਲੇਖ ਹਨ।

18. ਉਹੀ, ਸਫ਼ਾ 132

# ਕੂਕਾ ਪ੍ਰਚਾਰ ਅਤੇ ਪੱਤਰਕਾਰਤਾ ਦੇ ਪਿੜ ਦਾ 'ਜਿੰਦਾ ਸ਼ਹੀਦ'
# ਸੰਤ ਮੰਗਲ ਸਿੰਘ ਲਾਇਲਪੁਰੀ

ਸੰਤ ਮੰਗਲ ਸਿੰਘ ਲਾਇਲਪੁਰੀ ਨੇ ਆਪਣਾ ਸਾਰਾ ਜੀਵਨ, ਸਤਿਗੁਰੂ ਰਾਮ ਸਿੰਘ ਜੀ ਦੇ ਮਿਸ਼ਨ ਦੇ ਪਰਚਾਰ ਅਤੇ ਪਰਸਾਰ ਨੂੰ ਸਮਰਪਿਤ ਕਰ ਦਿੱਤਾ ਸੀ। ਉਹ ਬਹੁ ਵਿਧਾਈ ਲੇਖਕ ਸਨ। ਕਵੀ, ਕਹਾਣੀਕਾਰ, ਵਾਰਤਕ ਲੇਖਕ ਅਤੇ ਪੱਤਰਕਾਰ ਹੋਣ ਦੇ ਨਾਲ-ਨਾਲ, ਚਲੰਤ ਘਟਨਾਵਾਂ ਤੇ ਸਟੀਕ ਟਿੱਪਣੀਆਂ ਕਰਨ ਦੇ ਸਮਰੱਥ ਵੀ ਸਨ। ਉਹ ਸੰਗਤ ਵਿਚ ਖਲੋ ਕੇ, ਕੀਰਤਨ ਵੀ ਕਰ ਲੈਂਦੇ ਸਨ ਅਤੇ ਹੱਲੇ ਦੇ ਦੀਵਾਨਾਂ ਵਿਚ ਸ੍ਵੈ ਰਚਿਤ ਗੀਤ, ਕਵਿਤਾਵਾਂ ਸੁਣਾ ਕੇ, ਚੰਗਾ ਰੰਗ ਬੰਨ੍ਹ ਲੈਂਦੇ ਸਨ। ਉਹ ਇਕ ਵੱਡੇ ਪਰਿਵਾਰ ਦੇ ਮੁਖੀ ਵੀ ਸਨ ਅਤੇ ਆਪਣੀ ਗ੍ਰਹਿਸਤ ਗੱਡੀ ਨੂੰ ਰੇਹੜਣ ਲਈ ਉਨ੍ਹਾਂ ਨੂੰ ਸਮੇਂ-ਸਮੇਂ, ਕਈ ਛੋਟੇ-ਵੱਡੇ ਕਿੱਤੇ, ਕਾਰੋਬਾਰ ਵੀ ਕਰਨੇ ਪਏ। ਪਰ ਉਨ੍ਹਾਂ ਦਾ ਮੁੱਢਲਾ ਸ਼ੌਂਕ ਪੱਤਰਕਾਰੀ ਸੀ। ਦੇਸ਼ ਦੀ ਰਾਜਧਾਨੀ ਦਿੱਲੀ ਵਿਚ ਨਿਵਾਸ ਰੱਖਦਿਆਂ ਉਨ੍ਹਾਂ ਨੇ 1956 ਈ. ਵਿਚ ਪੰਜਾਬੀ ਵਿਚ ਇਕ ਸਪਤਾਹਿਕ "ਨਵਾਂ ਹਿੰਦੁਸਤਾਨ" ਨਾਂ ਦਾ ਪਰਚਾ ਕੱਢਣਾ ਸ਼ੁਰੂ ਕੀਤਾ ਸੀ। ਇਸ ਪਰਚੇ ਦੁਆਰਾ ਉਹ ਨਾਮਧਾਰੀ ਸਾਹਿਤ, ਇਤਿਹਾਸ ਨੂੰ ਆਮ ਲੋਕਾਂ ਤੱਕ ਪਹੁੰਚਾਉਣ ਦੇ ਖ਼ਾਹਿਸ਼ਮੰਦ ਤਾਂ ਸਨ ਹੀ ਨਾਲ-ਨਾਲ ਸ਼ਹੀਦਾਂ ਦੇ ਸੁਪਨਿਆਂ ਦੇ ਮੁਤਾਬਕ ਦੇਸ਼ ਸਿਰਜਣ ਲਈ, ਸਮਕਾਲੀ ਘਟਨਾਵਾਂ ਦੀ ਆਪਣੇ ਨਜ਼ਰੀਏ ਤੋਂ ਵਿਆਖਿਆ ਵੀ ਕਰਿਆ ਕਰਦੇ ਸਨ। ਉਹ ਸਤਿਗੁਰੂ ਰਾਮ ਸਿੰਘ ਜੀ ਦੇ ਬਣਾਏ ਹੋਏ ਸੰਤ ਸਿਪਾਹੀਆਂ ਅਤੇ ਅਣਖੀ ਮਸਤਾਨਿਆਂ ਦੇ ਪਾਏ ਪੂਰਨਿਆਂ ਦੇ ਅਨੁਰੂਪ, ਸਮਕਾਲ ਵਿਚ ਨਾਮਧਾਰੀ ਸੰਗਤ ਵੱਲੋਂ ਨਿਭਾਈ ਜਾਣ ਵਾਲੀ ਮਹੱਤਵਪੂਰਨ ਭੂਮਿਕਾ ਦੇ ਖਾਹਿਸ਼ਮੰਦ ਸਨ। ਆਪਣੇ ਇਸ ਅਗੰਮੀ ਸ਼ੌਂਕ ਨੂੰ ਅੱਖਰਾਂ ਦਾ ਜਾਮਾ ਪੁਆਉਣ ਲਈ ਕੋਈ ਵੀ ਮੁਸ਼ਕਿਲ, ਸੰਤ ਜੀ ਦੇ ਰਾਹ ਦਾ ਰੋੜਾ ਨਹੀਂ ਸੀ ਬਣ ਸਕਦੀ। ਅਖ਼ਬਾਰ ਉਹ ਵੀ ਪੰਜਾਬੀ ਵਿਚ ਕੱਢਣੀ ਤੇ ਫਿਰ ਵਰ੍ਹਿਆਂ ਬੱਧੀ ਤੰਗੀਆਂ ਤੁਰਸ਼ੀਆਂ ਨਾਲ ਦੋ-ਚਾਰ ਹੁੰਦਿਆਂ ਵੀ ਕੱਢਦੇ ਜਾਣਾ, ਲਾਇਲਪੁਰੀ ਜੀ ਦੇ ਸਿਰੜ ਦੀ ਮੂੰਹ ਬੋਲਦੀ ਤਸਵੀਰ ਹੈ। ਉਨ੍ਹਾਂ ਦੀ ਅਦੁੱਤੀ ਘਾਲਣਾ ਤੇ ਉਸਤਾਦ ਦਾਮਨ ਦੀਆਂ ਇਹ ਤੁੱਕਾਂ ਢੁੱਕਦੀਆਂ ਹਨ-

"ਬੰਦਾ ਕਰੇ ਤਾਂ ਕੀ ਨਹੀਂ ਕਰ ਸਕਦਾ, ਮੰਨਿਆ ਵਕਤ ਹੈ ਤੰਗ ਤੋਂ ਤੰਗ ਆਉਂਦਾ।

ਰਾਂਝਾ ਤਖਤ ਹਜ਼ਾਰਿਉਂ ਤੁਰੇ ਤਾਂ ਸਹੀ, ਪੈਰਾਂ ਹੇਠ ਸਿਆਲਾਂ ਦਾ ਝੰਗ ਆਉਂਦਾ।"

ਲਾਇਲਪੁਰੀ ਜੀ ਦੇ ਜੀਵਨ ਸੰਗਰਾਮ ਅਤੇ ਕਾਰਜਾਂ ਦੀ ਚਰਚਾ ਕਰਨ ਤੋਂ ਪਹਿਲਾਂ, ਸਾਨੂੰ ਉਨ੍ਹਾਂ ਦੇ ਪਰਿਵਾਰਕ ਪਿਛੋਕੜ ਅਤੇ ਉਸ ਪਿੱਠ ਭੂਮੀ ਦੀ ਕੁਝ ਗੱਲਬਾਤ

ਕਰਨੀ ਪਵੇਗੀ, ਜਿਸ ਵਿਚ ਉਨ੍ਹਾਂ ਨੇ ਅੱਖਾਂ ਖੋਹਲੀਆਂ ਸਨ। ਆਪ ਦਾ ਦਾਦਕਾ ਪਿੰਡ ਅੰਮ੍ਰਿਤਸਰ ਜ਼ਿਲ੍ਹਾ ਦੀ ਅਜਨਾਲਾ ਤਹਿਸੀਲ ਦਾ ਪਿੰਡ ਲੋਪੋਕੀ ਸੀ। ਇਸ ਪਿੰਡ ਵਿਚ ਨਾਮਧਾਰੀ ਸਿੱਖੀ ਦੀ ਨੀਂਹ ਸਤਿਗੁਰੂ ਰਾਮ ਸਿੰਘ ਜੀ ਦੇ ਵੇਲੇ ਹੀ ਰੱਖੀ ਗਈ ਸੀ। ਸੰਨ 1871 ਈ. ਦੇ ਅੰਮ੍ਰਿਤਸਰ ਬੁੱਚੜ ਬੱਧ ਸਾਕੇ ਵਿਚ ਭਾਗ ਲੈਣ ਵਾਲੇ ਜਿਹੜੇ ਇਕ ਦਰਜਨ ਕੂਕੇ ਸਿੰਘ ਸਨ, ਉਨ੍ਹਾਂ ਵਿਚ ਲੋਪੋਕਿਆ ਦੇ ਸੰਤਾ ਸਿੰਘ ਉਰਫ਼ ਮਿਹਰ ਸਿੰਘ ਅਤੇ ਲਹਿਣਾ ਸਿੰਘ ਜ਼ਿੰਮੀਦਾਰ ਦਾ ਵੀ ਨਾਮ ਬੋਲਦਾ ਸੀ। ਅਮਰੀਕਾ ਮਹਾਂਦੀਪ ਵਿਚ ਗ਼ਦਰ ਲਹਿਰ ਦਾ ਪਹਿਲਾ ਸ਼ਹੀਦ ਭਾਈ ਮੇਵਾ ਸਿੰਘ ਵੀ ਇਸੇ ਪਿੰਡ ਦਾ ਸੀ। ਪ੍ਰਸਿੱਧ ਕੂਕਾ ਪਰਚਾਰਕ, ਸੁਤੰਤਰਤਾ ਸੰਗਰਾਮੀ ਅਤੇ ਬਹੁ ਵਿਧਾਈ ਲੇਖਕ, ਸੰਤ ਨਿਧਾਨ ਸਿੰਘ ਆਲਿਮ ਵੀ ਇਸੇ ਪਿੰਡ ਦੇ ਸਨ। ਆਲਿਮ ਜੀ ਦਾ ਸ਼ੁਮਾਰ ਪੰਜਾਬ ਕਾਂਗਰਸ ਦੇ ਚੋਟੀ ਦੇ ਬੁਲਾਰਿਆਂ ਵਿਚ ਹੁੰਦਾ ਸੀ। ਇਉਂ ਕੌਮੀ ਮੁਕਤੀ ਸੰਗਰਾਮ ਦੀ ਇਕ ਤੋਂ ਬਾਅਦ ਦੂਜੀ ਅਤੇ ਫਿਰ ਤੀਜੀ ਕੜੀ ਦੀ ਛਣਕਾਰ, ਲੋਪੋਕਿਆਂ ਦੀਆਂ ਫਿਜ਼ਾਵਾਂ ਵਿਚ ਗੂੰਜਦੀ ਸੁਣੀ ਗਈ, ਜਿਸ ਦਾ ਅਸਰ ਬਾਲ ਮੰਗਲ ਸਿੰਘ ਦੇ ਮਨ ਮਸਤਕ ਤੇ ਮੂਰਤਮਾਨ ਹੋਣਾ ਹੀ ਸੀ। ਸੰਤ ਜੀ ਦਾ ਦਾਦਕਾ ਪਰਿਵਾਰ ਪਹਿਲਾਂ ਮੋਨਾ, ਹਿੰਦੂ ਪਰਿਵਾਰ ਸੀ। ਉਨ੍ਹਾਂ ਦੇ ਪਰਿਵਾਰ ਵਿਚ ਕੂਕਪੁਣਾ, ਨਾਨਕਾ ਪਰਿਵਾਰ ਦੀ ਮਾਰਫ਼ਤ ਆਇਆ। ਪਰ ਸਿੱਖੀ ਮੰਡਲ ਘਰ ਵਿਚ ਇਕ ਅਲੌਕਿਕ ਘਟਨਾ ਕਾਰਨ ਬਣ ਚੁੱਕਾ ਸੀ। ਸੰਤ ਜੀ ਦੇ ਦਾਦਾ ਜੀ ਲਾਲਾ ਗੰਡਾ ਮੱਲ ਲੋਪੋਕਿਆਂ ਵਿਚ ਦੁਕਾਨਦਾਰ ਸਨ। ਹੋਇਆ ਇੰਜ ਕਿ ਗੰਡਾ ਮੱਲ ਅਤੇ ਉਸਦੀ ਪਤਨੀ ਉੱਤਮ ਦੇਈ ਦੇ ਘਰ, ਲਗਾਤਾਰ ਸੱਤ ਬੱਚਿਆਂ ਨੇ ਜਨਮ ਲਿਆ ਪ੍ਰੰਤੂ ਇਹ ਸੱਤੇ ਹੀ ਥੋੜ੍ਹੀ-ਥੋੜ੍ਹੀ ਅਉਧ ਹੰਡਾ ਕੇ ਕਾਲਵੱਸ ਹੋ ਜਾਂਦੇ ਰਹੇ। ਸੰਸਕਾਰਾਂ ਵੱਸ ਉਨ੍ਹਾਂ ਨੇ ਮਨਾਉਂਤ ਮੰਨ ਲਈ ਕਿ ਜੇ ਅੱਠਵਾਂ ਬਾਲ ਰਹੇ ਤਾਂ ਉਹ ਉਸਨੂੰ ਗੁਰੂ ਦੇ ਲੜ ਲਾਕੇ, ਸਿੱਖ ਬਣਾ ਦੇਣਗੇ। ਤੇ ਹੋਇਆ ਇੰਜ ਕਿ ਮੁਲਖਾ ਮੱਲ ਜੋ ਅੱਠਵੇਂ ਨੰਬਰ 'ਤੇ ਆਇਆ ਸੀ ਬਚ ਰਿਹਾ ਤਾਂ ਮਾਪਿਆਂ ਨੇ ਉਸ ਦਾ ਨਾਮ ਮੁਲਖਾ ਸਿੰਘ ਕਰ ਦਿੱਤਾ। ਮਾਤਾ ਉਤਮ ਦੇਈ, ਕਿਸੇ ਅਦਿੱਖ ਭੈਅ ਹੇਠ, ਇਸ ਪੁੱਤਰ ਨਾਲ ਜਾਣਬੁੱਝ ਕੇ ਆਪਣਾ ਮੋਹ ਨਹੀਂ ਸੀ ਪਾ ਰਹੀ ਸਗੋਂ ਵੇਲੇ ਕੁਵੇਲੇ ਉਸਨੂੰ ਦੁਰਵਾਕ ਅਤੇ ਬੋਲ ਕੁਬੋਲ ਕਰਕੇ, ਮੂੰਹ ਫਿਟਕਾਰਦੀ ਰਹਿੰਦੀ। ਉਹ ਸੋਚਦੀ ਸੀ ਕਿ ਇਉਂ ਮੁੰਡਾ ਉਸ ਨਾਲੋਂ ਮੁਕੰਮਲ ਤੌਰ ਤੇ ਟੁੱਟ ਕੇ, ਗੁਰੂ ਜੋਗਾ ਹੋ ਜਾਏਗਾ। ਇਸ ਤਰ੍ਹਾਂ ਆਪਣੀ ਬੋਲ ਬਾਣੀ ਦੁਆਰਾ ਮਾਤਾ ਉੱਤਮ ਦੇਈ, ਮੁਲਖਾ ਸਿੰਘ ਪ੍ਰਤੀ ਇਕ ਸੁਰੱਖਿਆ ਕਵਚ ਸਿਰਜਦੀ ਰਹਿੰਦੀ। ਮਾਤਾ ਨੇ ਆਪਣਾ ਸਾਰਾ ਪੁੱਤਰ ਮੋਹ ਜੋ ਇਧਰੋਂ ਸਮੇਟਿਆ ਹੋਇਆ ਸੀ ਆਪਣੀ ਸਕੀ ਭੈਣ ਦੇ ਪੁੱਤਰ ਤੋਂ ਨਿਉਛਾਵਰ ਕਰ ਦਿੱਤਾ। ਮਾਤਾ ਦੀ ਇਸ ਭੈਣ ਦੇ ਸਹੁਰੇ ਤੇ ਪੱਸੀਆਂ ਵਾਲਾ, ਜ਼ਿਲ੍ਹਾ ਸਿਆਲਕੋਟ (ਪੱਛਮੀ ਪੰਜਾਬ) ਵਿਚ ਸਨ। ਘਰ ਵਿਚ ਗਰੀਬੀ ਹੋਣ ਕਾਰਨ ਇਹ ਪਰਿਵਾਰ ਪੱਸੀਆਂ ਵਾਲੇ ਤੋਂ ਰਿਸ਼ਤੇਦਾਰਾਂ ਪਾਸ ਲੋਪੋਕੀ ਆ ਗਏ, 1880 ਈ. ਦੇ ਲਾਗੇ ਚਾਗੇ। ਮਾਤਾ ਦੇ ਇਸ ਭਣੇਵੇਂ ਦਾ ਨਾਂ ਸੀ ਧਨੀ ਰਾਮ ਜੋ ਵੱਡਾ ਹੋ ਕੇ ਮਸ਼ਹੂਰ

ਪੰਜਾਬੀ ਕਵੀ ਲਾਲਾ ਧਨੀ ਰਾਮ 'ਚਾਤ੍ਰਿਕ' ਦੇ ਨਾਮ ਨਾਲ ਪ੍ਰਸਿੱਧ ਹੋਇਆ। ਇਉਂ ਮਾਤਾ ਉਤਮ ਦੇਈ ਵੱਲੋਂ ਸਾਰਾ ਪੁੱਤਰ ਮੋਹ ਮੁਲਖਾ ਸਿੰਘ ਦੇ ਬਜਾਏ ਧਨੀ ਰਾਮ ਤੋਂ ਨਿਉਛਾਵਰ ਕਰ ਦਿੱਤਾ ਗਿਆ।

ਘਰ ਵਿਚ ਇਕ ਪਰਿਵਰਤਨ ਮੁਲਖਾ ਸਿੰਘ ਦੇ ਵਿਆਹ ਸਮੇਂ ਵੀ ਵਾਪਰਿਆ। ਮੁਲਖਾ ਸਿੰਘ ਦਾ ਵਿਆਹ ਦਾਤੇਵਾਲ (ਸਿਆਲਕੋਟ) ਦੇ ਸੰਤ ਗੁਲਾਬ ਸਿੰਘ ਅਤੇ ਮਾਤਾ ਆਤਮਾ ਦੇਈ ਦੀ ਪੁੱਤਰੀ ਰਾਜ ਕੌਰ ਨਾਲ ਹੋ ਗਿਆ। ਦਾਤੇਵਾਲ ਨਾਮਧਾਰੀਆਂ ਦਾ ਟਕਸਾਲੀ ਪਿੰਡ ਸੀ। ਇਸ ਸਮੇਂ ਤੱਕ ਸੰਤ ਭਗਤ ਸਿੰਘ ਦਾਤੇਵਾਲ ਆਪਣੇ ਦੀਵਾਨਾਂ ਸਦਕਾ ਸਾਰੇ ਪੰਜਾਬ ਦੇ ਨਾਮਧਾਰੀਆਂ ਵਿਚ ਜਾਣੇ ਜਾਂਦੇ ਸਨ। ਗੁਲਾਬ ਸਿੰਘ ਦੇ ਪੁੱਤਰ ਚੰਦ ਸਿੰਘ ਅਤੇ ਟੇਕ ਸਿੰਘ ਵੀ ਕੱਟੜ ਕੂਕੇ ਸਨ। ਇਉਂ ਬੀਬੀ ਰਾਜ ਕੌਰ ਨੇ ਜੋ ਗਾਲਬਨ 1904-05 ਈ. ਵਿਚ ਲੋਪੋਕੇ ਵਿਆਹੀ ਆਈ ਸੀ ਨੇ ਇਹ ਸਾਰਾ ਪਰਿਵਾਰ ਵੀ ਨਾਮਧਾਰੀ ਅਸਰ ਹੇਠ ਜੇ ਨਹੀਂ ਲਿਆਂਦਾ ਤਾਂ ਉਸਦਾ ਪਤੀ ਮੁਲਖਾ ਸਿੰਘ ਅਵੱਸ਼ ਹੀ ਨਾਮਧਾਰੀ ਮਰਿਆਦਾ ਦਾ ਧਾਰਨੀ ਬਣ ਗਿਆ। ਆਪਣੇ ਵਿਆਹੁਤਾ ਜੀਵਨ ਸਮੇਂ ਆਪਣੇ ਕੂਕ ਪੁਣੇ ਦੀ ਰਾਖੀ ਲਈ, ਬੀਬੀ ਰਾਜ ਕੌਰ ਨੂੰ ਸਿਰ 'ਤੇ ਮੁੰਡਾਸਾ ਬੰਨ੍ਹ ਕੇ, ਹੱਥ ਵਿਚ ਡਾਂਗ ਫੜ ਕੇ, ਵਿਰੋਧੀਆਂ ਨੂੰ ਵੰਗਾਰਨਾ ਵੀ ਪਿਆ। ਮਾਤਾ ਉਤਮ ਦੇਈ ਦਾ ਪੁੱਤਰ ਨਾਲ ਕੁਝ ਦੂਰ ਦਾ ਸਿਰਜਿਆ ਨਾਤਾ ਹੋਣ ਕਾਰਨ ਮਾਂ ਪੁੱਤਰ ਕਦੇ ਸਹਿਜ ਨਾਲ ਨਾ ਵਿਚਰ ਸਕੇ। ਲੋਪੋਕੀ ਅੰਮ੍ਰਿਤਸਰ ਤੋਂ ਲਾਇਲਪੁਰ ਦੀ ਬਾਰ ਵਿਚ ਵੀ ਇਥੋਂ ਦੇ ਵਾਹੀਵਾਨਾਂ ਨੇ ਇਸੇ ਨਾਂ ਦਾ ਇਕ ਚੱਕ ਲੋਪੋਕੀ, ਉੱਥੇ ਵੀ ਆਬਾਦ ਕਰ ਲਿਆ ਸੀ। ਮੁਲਖਾ ਸਿੰਘ ਅਤੇ ਬੀਬੀ ਰਾਜ ਕੌਰ ਨੇ ਵਿਆਹ ਤੋਂ ਮਗਰੋਂ ਹੀ ਉਸ ਚੱਕ ਵਿਚ ਜਾ ਡੇਰਾ ਲਾਇਆ, ਜਿਥੇ 1908 ਈ. ਵਿਚ ਸੰਤ ਮੰਗਲ ਸਿੰਘ ਦਾ ਜਨਮ ਹੋਇਆ। ਆਪ ਤੋਂ ਛੋਟੇ ਦੋ ਭਾਈ ਹੋਰ ਸਨ। ਸੇਠ ਪਰਤਾਪ ਸਿੰਘ ਜੀ ਜੋ ਛਿਹਰਟੇ ਸਾਹਿਬ ਦੇ ਨੇੜੇ ਖਾਪੜ ਖੇੜੀ (ਅੰਮ੍ਰਿਤਸਰ) ਪਿੰਡ ਵਿਚ ਰਹਿੰਦੇ ਸਨ ਆਪ ਤੋਂ ਚਾਰ ਸਾਲ ਛੋਟੇ ਸਨ ਅਤੇ ਅਮਰ ਭਾਰਤੀ ਜੀ ਜੋ ਦਿੱਲੀ ਹੀ ਰਹਿੰਦੇ ਰਹੇ, ਪ੍ਰਸਿੱਧ ਸਾਹਿਤਕਾਰ ਸਨ। ਉਹ ਅਠਾਰਾਂ ਸਾਲ ਛੋਟੇ ਸਨ। ਇਹਨਾਂ ਭਾਈਆਂ ਦੇ ਵਿਚਾਲੇ ਤਿੰਨ ਭੈਣਾਂ ਵੀ ਆਉਂਦੀਆਂ ਸਨ। ਲੋਪੋਕੀ (ਅੰਮ੍ਰਿਤਸਰ) ਵਿਚ ਲਾਇਲਪੁਰੀ ਜੀ ਦੀ ਮਾਤਾ ਨੇ ਆਉਂਦਿਆਂ ਪਹਿਲਾ ਕੰਮ ਇਹ ਕੀਤਾ ਕਿ ਵਿੱਕਰੀ ਲਈ ਦੁਕਾਨ ਵਿਚ ਰੱਖੀ ਤੰਬਾਕੂ ਦੀ ਬੋਰੀ ਚੁਕਾ ਦਿੱਤੀ। ਮਾਤਾ ਰਾਜ ਕੌਰ ਦਾ ਪਰਿਵਾਰ ਗੁਰੂ ਹਰੀ ਸਿੰਘ ਜੀ ਦੇ ਸਮੇਂ ਤੋਂ ਨਾਮਧਾਰੀ ਸੀ। ਮਾਤਾ ਦਾ ਇਹੋ ਪ੍ਰਭਾਵ ਮੰਗਲ ਸਿੰਘ ਤੇ ਉਨ੍ਹਾਂ ਦੇ ਸਾਰੇ ਭੈਣਾਂ ਭਰਾਵਾਂ ਨੂੰ, ਕੂਕਾ ਕਾਰ ਵਿਚ ਜਕੜਣ ਦਾ ਕਾਰਨ ਬਣਿਆ ਸੀ।

ਜਿਸ ਮਾਹੌਲ ਵਿਚ ਮੰਗਲ ਸਿੰਘ ਨੇ ਅੱਖਾਂ ਖੋਹਲੀਆਂ ਉਹ ਵੀਹਵੀਂ ਸਦੀ ਦੇ ਪਹਿਲੇ ਦਹਾਕੇ ਦੇ ਆਖਰੀ ਦੋ ਸਾਲ ਸਨ। ਨਾਮਧਾਰੀ ਪੰਥ ਦੀ ਗੁਰਗੱਦੀ ਤੇ ਸਤਿਗੁਰੂ ਪਰਤਾਪ ਸਿੰਘ ਜੀ ਕੁਝ ਸਾਲ ਪਹਿਲਾਂ ਹੀ ਸੁਸ਼ੋਭਿਤ ਹੋਏ ਸਨ। ਲਾਇਲਪੁਰ ਅਤੇ ਹੋਰ ਨਹਿਰੀ ਕਾਲੋਨੀਆਂ ਵਿਚ ਬਸਤੀਵਾਦੀ ਹਾਕਮਾਂ ਵਿਰੁੱਧ, ਕਿਸਾਨਾਂ ਅਤੇ ਹੋਰ ਤਬਕਿਆਂ ਦਾ ਜਨ ਉਭਾਰ ਸਿਖਰਾਂ ਤੇ ਸੀ। ਸ਼ਹੀਦ ਭਗਤ ਸਿੰਘ ਦੇ ਚਾਚਾ ਸ.

ਅਜੀਤ ਸਿੰਘ ਅਤੇ ਲਾਲਾ ਲਾਜਪਤ ਰਾਇ ਨੂੰ ਨਿਰਵਾਸਤ ਕਰਕੇ, ਬ੍ਰਿਟਿਸ਼ ਬਰਮਾ ਦੀ ਉਸੇ ਮਾਂਡਲੇ ਜੇਲ੍ਹ ਵਿਚ ਭੇਜ ਦਿੱਤਾ ਗਿਆ ਸੀ ਜਿਸ ਸ਼ਹਿਰ ਵਿਚ ਆਪਣੀ ਜਲਾਵਤਨੀ ਦੌਰਾਨ 1872 ਈ. ਦੇ ਸਿਆਸੀ ਕੈਦੀ ਸੂਬਾ ਲੱਖਾ ਸਿੰਘ ਹੋਰਾਂ ਨੇ ਚਾਰ ਕੁ ਵਰ੍ਹੇ ਪਹਿਲਾਂ ਹੀ ਕੌਮੀ ਮੁਕਤੀ ਯੁੱਧ ਵਿਚ ਆਪਣੇ ਪ੍ਰਾਣਾਂ ਦੀ ਆਹੂਤੀ ਪਾਈ ਸੀ। ਸੰਨ 1914 ਈ. ਵਿਚ ਗ਼ਦਰ ਪਾਰਟੀ ਦੇ ਸੂਰਬੀਰਾਂ ਨੇ ਵਿਦੇਸ਼ਾਂ ਤੋਂ ਆ ਕੇ ਦੇਸ਼ ਵਿਚ ਹਥਿਆਰਬੰਦ ਰਾਜ ਪਲਟੇ ਦੀ ਯੋਜਨਾ ਬਣਾਈ। ਫਾਂਸੀਆਂ, ਉਮਰ ਕੈਦਾਂ, ਜਾਇਦਾਦ ਜ਼ਬਤੀਆਂ ਤੇ ਕਾਲੇ ਪਾਣੀਆਂ ਦੇ ਕੁੰਭੀ ਨਰਕ ਦੀਆਂ, ਦਿਲ ਕੰਬਾਊ ਸਖਤੀਆਂ ਭੁਗਤੀਆਂ। ਰੌਲਟ ਐਕਟ ਦੇ ਵਿਰੋਧ ਵਿਚ ਜਲ੍ਹਿਆਂ ਵਾਲੇ ਬਾਗ ਦਾ ਸਾਕਾ ਵਾਪਰਿਆ। ਹਜ਼ਾਰਾਂ ਦੇਸ਼ ਭਗਤ ਸ਼ਹੀਦ ਹੋਏ। ਸਾਰਾ ਪੰਜਾਬ ਵਿਦਰੋਹ ਦੀ ਅੱਗ ਵਿਚ ਸੁਲਗ ਰਿਹਾ ਸੀ। ਇਸ ਸਮੇਂ ਨਾਮਧਾਰੀ ਪੰਥ ਦੀਆਂ ਸਾਮਰਾਜ ਵਿਰੋਧੀ ਰਵਾਇਤਾਂ ਨੂੰ ਅੱਗੇ ਤੋਰਦੇ ਹੋਏ, ਸਤਿਗੁਰੂ ਪਰਤਾਪ ਸਿੰਘ ਜੀ ਦੇ ਦੋਵੇਂ ਛੋਟੇ ਭਰਾਤਾ, ਮਹਾਰਾਜ ਨਿਹਾਲ ਸਿੰਘ ਅਤੇ ਮਹਾਰਾਜ ਗੁਰਦਿਆਲ ਸਿੰਘ ਹੋਰਾਂ ਨੇ ਕਾਂਗਰਸ ਦੇ ਝੰਡੇ ਹੇਠ ਚੱਲ ਰਹੇ, ਰਾਜਸੀ ਅੰਦੋਲਨ ਵਿਚ ਭਾਗ ਲੈਣਾ ਆਰੰਭ ਕੀਤਾ। ਬਹੁਤ ਸਾਰੇ ਬੁੱਧੀਜੀਵੀ ਨਾਮਧਾਰੀ ਸਿੱਖ ਵੀ ਇਸ ਅੰਦੋਲਨ ਦੇ ਸਰਗਰਮ ਭਾਗੀਦਾਰ ਬਣ ਗਏ। ਕਿਉਂਕਿ 1919 ਤੋਂ ਹੀ ਸੰਤ ਨਿਧਾਨ ਸਿੰਘ ਆਲਿਮ ਵੀ ਕਾਂਗਰਸ ਵਿਚ ਸ਼ਾਮਲ ਹੋ ਗਏ। ਉਨ੍ਹਾਂ ਦੇ ਪ੍ਰਭਾਵ ਹੇਠ 11 ਸਾਲ ਦੀ ਉਮਰ ਦੇ ਮੰਗਲ ਸਿੰਘ ਦੀ ਹਮਦਰਦੀ ਵੀ ਇਨ੍ਹਾਂ ਅੰਗਰੇਜ਼ ਸਰਕਾਰ ਵਿਰੋਧੀ ਗਤੀਵਿਧੀਆਂ ਨਾਲ ਜੁੜ ਗਈ। ਸਤਿਗੁਰੂ ਪਰਤਾਪ ਸਿੰਘ ਜੀ ਦੇ ਅਸ਼ੀਰਵਾਦ ਨਾਲ ਸੰਨ 1920 ਈ. ਦੇ ਵਰਨ (ਸ਼ੇਖੂਪੁਰਾ) ਦੇ ਹੋਲੇ ਮੁਹੱਲੇ ਸਮੇਂ, ਲਾਹੌਰ ਤੋਂ ਛਪ ਕੇ ਆਏ ਹਫਤਾਵਾਰੀ ਸਤਿਜੁਗ ਅਖ਼ਬਾਰ ਦਾ ਪਰਕਾਸ਼ਨ, ਇਕ ਵੱਡੀ ਘਟਨਾ ਸੀ। ਇਸ ਵਿਚ ਨਾਮਧਾਰੀ ਦ੍ਰਿਸ਼ਟੀਕੋਣ ਦੇ ਲੇਖ, ਕਵਿਤਾਵਾਂ ਅਤੇ ਅੰਗਰੇਜ਼ ਸਰਕਾਰ ਵਿਰੋਧੀ ਕਾਫੀ ਸਮੱਗਰੀ ਪੜ੍ਹਨ ਨੂੰ ਮਿਲਦੀ। ਆਪਣੇ ਸਰਕਾਰ ਵਿਰੋਧੀ ਰੁਝਾਨ ਕਾਰਨ ਅੰਗਰੇਜ਼ ਸਰਕਾਰ ਨੇ ਸਤਿਜੁਗ ਨੂੰ ਉਸ ਕਾਲੀ ਸੂਚੀ ਵਿਚ ਸ਼ਾਮਲ ਕੀਤਾ, ਜਿਸ ਵਿਚਲੇ ਅਖ਼ਬਾਰ ਪੱਤਰਕਾਵਾਂ ਨੂੰ, ਫੌਜੀਆਂ ਦੇ ਪੜ੍ਹਨ ਤੇ ਮਨਾਹੀ ਸੀ। ਇਸ ਲਈ ਕਈ ਥਾਵਾਂ ਤੇ ਕੁਝ ਸਰਕਾਰੀ ਚਾਟੜੇ ਅਤੇ ਕੂਕਾ ਵਿਰੋਧੀ ਅਨਸਰ, 'ਸਤਿਜੁਗ' ਅਖ਼ਬਾਰ ਨੂੰ ਵੰਡਣ ਵਾਲਿਆਂ ਨਾਲ ਹੱਥੋਂ ਪਾਈ ਵੀ ਹੋ ਜਾਂਦੇ। ਕੁਝ ਅਤੀ ਉਤਸ਼ਾਹੀ ਨਾਮਧਾਰੀ ਯੁਵਾ ਅਤੇ ਮਸਤਾਨੇ, ਵਿਰੋਧੀਆਂ ਦੀ ਵੰਗਾਰ ਦੇ ਸਾਹਵੇਂ ਲਾਹੋਰ, ਅੰਮ੍ਰਿਤਸਰ ਆਦਿ ਸ਼ਹਿਰਾਂ ਤੇ ਹੋਰ ਕਸਬਿਆਂ ਵਿਚ ਸਤਿਜੁਗ ਵੰਡਿਆ ਕਰਦੇ ਸਨ। ਇਸ ਸਬੰਧ ਵਿਚ ਲਾਹੌਰ ਤੋਂ ਛਪਣ ਵਾਲੇ ਸਤਿਜੁਗ, ਕੂਕਾ ਅਤੇ ਆਲਿਮ ਦੋਵੇਂ ਰੋਜ਼ਾਨਾ ਪਰਚਿਆਂ ਨੇ ਯੁਵਾ ਮੰਗਲ ਸਿੰਘ ਨੂੰ ਕਿਵੇਂ ਪ੍ਰਭਾਵਿਤ ਕੀਤਾ, ਉਨ੍ਹਾਂ ਦੇ ਸ਼ਬਦਾਂ ਵਿਚ ਹੀ ਪੜ੍ਹਿਆ ਜਾਏ।

"ਮੈਨੂੰ 11 ਸਾਲ ਦੀ ਉਮਰ ਵਿਚ ਪਹਿਲੀ ਸੰਗਤ ਆਲਿਮ ਜੀ ਦੀ ਹੋਈ। ਉਨ੍ਹਾਂ ਨੇ ਮੇਰੇ ਵਿਚ ਸਾਹਿਤਕ ਜੋਤ ਵੀ ਜਗਾਈ ਤੇ ਸਟੇਜ 'ਤੇ ਵੀ ਲਿਆਂਦਾ। ਵੱਡੀਆਂ-

ਵੱਡੀਆਂ ਬਹਿਸਾਂ ਵਿਚ ਜਿਵੇਂ ਉਨ੍ਹਾਂ ਦਾ ਸਾਨੀ ਕੋਈ ਨਹੀਂ ਸੀ ਤਿਵੇਂ ਉਨ੍ਹਾਂ ਨੇ ਮੇਰੇ ਤੇ ਵੀ ਇਹ ਕਿਰਪਾ ਕੀਤੀ।

............ਅਖਬਾਰ ਕਿਉਂ ?

"ਗੱਲ ਸ਼ੁਰੂ ਹੋਈ ਸੀ ਕਿ ਏਨੀਆਂ ਮੁਸੀਬਤਾਂ ਦੇ ਬਾਵਜੂਦ ਅਖ਼ਬਾਰ ਕਿਉਂ ਜ਼ਰੂਰੀ ਸੀ ? ਇਸ ਦੀ ਭੂਮਿਕਾ ਦੱਸਦਿਆਂ ਮੈਂ ਕਿਹਾ ਹੈ ਕਿ ਮੇਰੀ ਜਾਣ ਪਛਾਣ ਦੇ ਪਹਿਲੇ ਮਹਾਂਪੁਰਖ ਸਨ, ਸੰਤ ਨਿਧਾਨ ਸਿੰਘ ਆਲਿਮ ਤੇ ਸੰਤ ਮੰਗਲ ਸਿੰਘ ਜੀ 'ਅਰਸ਼ੀ ਫਰਿਸ਼ਤਾ'। ਬਚਪਨ ਵਿਚ ਜਿਹੋ ਜਿਹੇ ਸੰਸਕਾਰ ਪੈਦਾ ਹੋ ਜਾਣ ਉਹ ਹਿਰਦੇ-ਪਟ ਉਤੇ ਪੱਥਰ ਦੀ ਲਕੀਰ ਵਾਂਗ ਉੱਕਰੇ ਜਾਂਦੇ ਹਨ। ਜਦੋਂ ਸਤਿਜੁਗ ਅਖਬਾਰ ਭਰ ਜੋਬਨ ਵਿਚ ਸੀ ਤੇ ਉਸਦੇ ਐਡੀਟਰ ਸ੍ਰੀ ਆਲਿਮ ਜੀ ਤੇ ਨਿਰੰਕਾਰ ਸਿੰਘ ਚੇਤਨ ਸੀ ਉਦੋਂ ਮੈਨੂੰ ਸਤਿਜੁਗ ਅਖ਼ਬਾਰ ਪੜ੍ਹਨ ਦਾ ਡਾਢਾ ਝੱਸ ਪੈ ਗਿਆ ਸੀ। ਉਦੋਂ ਬਹੁਤ ਸਾਰੇ ਨਾਮਧਾਰੀ ਨੌਜੁਆਨ ਸ਼ਹਿਰਾਂ ਵਿਚ ਅਖ਼ਬਾਰ ਵੇਚਣ ਵਿਚ ਵੀ ਦਿਲਚਸਪੀ ਰੱਖਦੇ ਸਨ। ਬਚਪਨ ਵਿਚ ਸਾਹਿਤਕਾਰਾਂ ਦੀ ਸੰਗਤ ਤੋਂ ਪ੍ਰਭਾਵਿਤ ਹੋ ਕੇ ਮੈਂ ਵੀ ਸ਼ੇਖੂਪੁਰਾ, ਕਿਲ੍ਹਾ ਤੇ ਚੂਹੜਕਾਣੇ ਵਿਚ ਸਤਿਜੁਗ ਵੇਚਣੇ ਆਰੰਭ ਕਰ ਦਿੱਤੇ।

"ਉਦੋਂ ਮੇਰੀ ਸੂਝ ਬੂਝ ਤਾਂ ਏਡੀ ਨਹੀਂ ਸੀ ਪਰ ਪੜ੍ਹਨ ਦੀ ਲਗਨ ਚੋਟੀ ਤੇ ਸੀ। ਅਖ਼ਬਾਰ ਸੱਤਾਂ ਦਿਨਾਂ ਪਿਛੋਂ ਛਪਦਾ ਸੀ, ਲਾਹੌਰ ਅਤੇ ਆਲੇ-ਦੁਆਲੇ ਦੇ ਸ਼ਹਿਰਾਂ ਦੇ ਹਿੰਦੂ ਸਿੱਖ, ਅਖ਼ਬਾਰ ਨੂੰ ਸੱਤ ਦਿਨ ਉਡੀਕਦੇ ਤੇ ਆਲਿਮ ਜੀ ਦੀ ਕਲਮ ਦੀ ਚਰਚਾ ਕਰਦੇ ਰਹਿੰਦੇ ਸਨ। ਮੇਰੀ ਛੋਟੀ ਜਿਹੀ ਬੁੱਧੀ ਬੜੀ ਬੇਚੈਨ ਜਿਹੀ ਹੋ ਕੇ ਆਖਦੀ, ਕਿਹਾ ਚੰਗਾ ਹੋਵੇ ਜੇ ਅਕਾਲੀ ਅਖ਼ਬਾਰ ਵਾਂਗ ਸਾਡਾ ਵੀ ਅਖ਼ਬਾਰ ਰੋਜ਼ ਹੀ ਛਪੇ। ਪਾਠਕਾਂ ਨੂੰ ਸ਼ਾਇਦ ਪਤਾ ਨਹੀਂ ਹੋਵੇਗਾ ਕਿ ਉਦੋਂ ਅਕਾਲੀ ਅਖ਼ਬਾਰ, ਸਾਡੇ ਹੀ ਪ੍ਰੈਸ ਵਿਚ ਲਾਹੌਰ ਮੋਤੀ ਬਾਜ਼ਾਰ ਵਿਚ ਛਪਦਾ ਸੀ। ਮੈਂ ਆਪਣੀ ਰੋਜ਼ਾਨਾ ਅਖ਼ਬਾਰ ਵਾਲੀ ਭਾਵਨਾ ਦਾ ਜ਼ਿਕਰ ਇਕ ਦਿਨ ਸੰਤ ਨਿਧਾਨ ਸਿੰਘ ਜੀ ਆਲਿਮ ਹੋਰਾਂ ਅੱਗੇ ਪ੍ਰਗਟ ਕੀਤਾ। ਪਤਾ ਨਹੀਂ ਉਨ੍ਹਾਂ ਦੇ ਮਨ ਵਿਚ ਕੀ ਸਮਾ ਗਈ ਕਿ ਉਨ੍ਹਾਂ ਨੇ ਇਕ ਨਹੀਂ ਦੋ ਅਖ਼ਬਾਰ, ਰੋਜ਼ਾਨਾ 'ਕੂਕਾ' ਪੰਜਾਬੀ ਤੇ 'ਆਲਿਮ' ਰੋਜ਼ਾਨਾ, ਉਰਦੂ ਵਿਚ ਕੱਢ ਮਾਰੇ।

"ਮੈਂ ਪਿਛਲੇ ਸਫ਼ਿਆਂ ਵਿਚ ਦੱਸ ਆਇਆ ਹਾਂ ਕਿ ਦੁਨੀਆਂ ਵਿਚ ਜੇ ਕੋਈ ਸਭ ਤੋਂ ਮੁਸ਼ਕਿਲ ਕੰਮ ਹੈ ਤਾਂ ਉਸ ਨੂੰ ਕਹਿ ਲਵੋ, ਅਖ਼ਬਾਰ ਦਾ ਧੰਦਾ। ਇਹਨਾਂ ਦੋਹਾਂ ਅਖ਼ਬਾਰਾਂ ਦੀ ਧਾਂਕ ਬੜੀ ਸੀ, ਇਹ ਦੋਵੇਂ ਅਖ਼ਬਾਰ ਲਾਹੌਰ ਦੇ ਵੱਡੇ ਵੱਡੇ ਅਖ਼ਬਾਰਾਂ ਦੇ ਮੁਕਾਬਲੇ ਵਿਚ ਜ਼ਰੂਰ ਵਿਕਦੇ ਸਨ ਪਰ ਇਨ੍ਹਾਂ ਅਖ਼ਬਾਰਾਂ ਦੀ ਪਿਸ਼ਟ ਭੂਮੀ ਬਹੁਤ ਕਮਜ਼ੋਰ ਹੋਣ ਸਦਕਾ ਤੇ ਅਖ਼ਬਾਰ ਕੱਢਣ ਅਤੇ ਚਲਾਉਣ ਦੀ ਸੂਝ ਬਹੁਤੀ ਨਾ ਹੋਣ ਸਦਕਾ ਇਹ ਅਖ਼ਬਾਰ ਬਹੁਤਾ ਚਿਰ ਨਾ ਚੱਲ ਸਕੇ। ਅਖੀਰ ਵਿਚ ਸਤਿਜੁਗ ਵੀ ਡਾਵਾਂ ਡੋਲ ਹੋਣ ਲੱਗ ਪਿਆ।"[1]

ਸੰਤ ਜੀ ਲਿਖਦੇ ਹਨ ਕਿ ਉਸ ਸਮੇਂ ਜਦੋਂ ਉਹ 12-13 ਸਾਲਾਂ ਦੇ ਅਬੋਧ ਬਾਲਕ ਸਨ, ਨਾਮਧਾਰੀ ਭਾਈਚਾਰੇ ਦੇ ਪਰਚੇ ਉਨ੍ਹਾਂ ਦੇ ਹਿਰਦੇ ਨੂੰ ਬੜੀ ਧੂਹ ਪਾਉਂਦੇ ਸਨ। ਇਨ੍ਹਾਂ ਪਰਚਿਆਂ ਨੂੰ ਰੋਜ਼ਾਨਾ ਪੜ੍ਹਨ ਵਾਸਤੇ ਸੰਤ ਜੀ ਬੜਾ ਜਫ਼ਰ ਜਾਲਦੇ ਰਹੇ।

ਘਰ ਪਰਿਵਾਰ ਵਲੋਂ ਉਨ੍ਹਾਂ ਦੀ ਫਿਰਤੂ ਆਦਤ ਸਦਕਾ ਅਖ਼ਬਾਰ ਦਾ ਚੰਦਾ ਨਹੀਂ ਸੀ ਦਿੱਤਾ ਜਾਂਦਾ ਪਰ ਉਹ ਆਪਣਾ ਪੰਥਕ ਅਖ਼ਬਾਰ ਪੜ੍ਹਨ ਲਈ, ਚਾਰ ਮੀਲ ਦਾ ਪੈਂਡਾ ਤਹਿ ਕਰਕੇ ਜਾਣਾ ਆਉਣਾ ਵੀ ਔਖਾ ਨਾ ਸਮਝਦੇ। ਉਹ ਆਪਣੇ ਇਕ ਮਿੱਤਰ ਬਾਵਾ ਸਿੰਘ ਦੇ ਪਿੰਡ ਜਗਦੇਅ (ਲਾਇਲਪੁਰ) ਤੋਂ ਜਾ ਕੇ ਇਹ ਅਖ਼ਬਾਰ ਲੈ ਆਉਂਦੇ ਜਦੋਂ ਉਹ ਗੁਆਂਢੀ ਪਿੰਡ ਲੋਪੋਕੀ ਵਿਚ ਰਹਿੰਦੇ ਸਨ। ਲਾਹੌਰ ਛਾਉਣੀ ਵਿਚ ਰਹਿਣ ਸਮੇਂ ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਦੀ ਲਾਇਬਰੇਰੀ ਵਿਚ ਜਾ ਕੇ ਇਹ ਅਖ਼ਬਾਰ ਪੜ੍ਹਦੇ। ਅੰਮ੍ਰਿਤਸਰ ਨਿਵਾਸ ਸਮੇਂ ਆਪਣੇ ਟਿਕਾਣੇ ਬਾਬਾ ਸਾਹਿਬ ਦੇ ਚੌਂਕ ਤੋਂ ਤੁਰ ਕੇ, ਹਾਲ ਬਾਜ਼ਾਰ ਸ੍ਰੀ ਲਾਲਾ ਧਨੀ ਰਾਮ ਚਾਤ੍ਰਿਕ ਦੇ ਪ੍ਰੈਸ ਤੋਂ ਇਹ ਅਖ਼ਬਾਰ ਲਿਆ ਕੇ ਪੜ੍ਹਦੇ। ਸਤਿਜੁਗ, ਆਲਿਮ ਜਾਂ ਕੂਕਾ ਲਾਹੌਰ ਤੋਂ ਛਪਣ ਵਾਲੇ ਤਾਂ ਹੌਲੀ-ਹੌਲੀ ਕੁਝ ਸਾਲਾਂ ਵਿਚ ਦਮ ਤੋੜ ਗਏ। ਸਤਿਜੁਗ 1929 ਈ. ਤੱਕ ਸ੍ਰੀ ਭੈਣੀ ਸਾਹਿਬ ਆ ਗਿਆ ਤੇ ਬਾਕੀ ਦੋਵੇਂ ਪਰਚੇ ਬੰਦ ਹੋ ਗਏ, ਪਰ ਮੰਗਲ ਸਿੰਘ ਦੇ ਹਿਰਦੇ ਵਿਚ ਪੰਥਕ ਪਿਆਰ, ਦੇਸ਼ ਕੌਮ ਲਈ ਜੱਦੋ ਜਹਿਦ ਕਰਨ ਅਤੇ ਸਤਿਗੁਰੂ ਰਾਮ ਸਿੰਘ ਜੀ ਦੇ ਸਮਤਾ ਮੂਲਕ ਮਨੁੱਖੀ ਭਾਈਚਾਰਾ ਸਿਰਜਣ ਦੇ, ਉੱਚੇ ਸੁੱਚੇ ਵਿਚਾਰਾਂ ਦੀ ਅਜੇਹੀ ਚਿਣਗ ਚੁਆਤੀ ਬਾਲ ਗਏ ਕਿ ਇਕ ਸਦੀਵੀ ਭਟਕਣ, ਸਦੀਵੀ ਤਲਾਸ਼ ਉਨ੍ਹਾਂ ਦੀ ਜ਼ਿੰਦਗੀ ਦਾ ਨਸੀਬਾ ਬਣ ਗਏ। ਉਹ ਸਾਰੀ ਉਮਰ ਸ਼ੁਭ ਕਰਨੀ ਰੂਪੀ ਹਰਫ਼ਾਂ ਦੀ ਜੋਤ ਬਾਲ ਬਾਲ ਕੇ, ਸਤਿਗੁਰੂ ਦੇ ਮਾਰਗ ਤੇ ਗੁਰਮਤਿ ਗਾਡੀ ਰਾਹ ਤੇ ਤੁਰਨ ਵਾਲੇ ਪਾਂਧੀਆਂ ਦੇ ਰਾਹ ਰੋਸ਼ਨ ਕਰਦੇ ਰਹੇ। ਅੱਖਰਾਂ ਦਾ ਇਹ ਮੋਹ ਖਾਸ ਕਰ ਕੇ ਅੱਖਰਾਂ ਨੂੰ ਛਾਪੇ ਦਾ ਜਾਮਾ ਪੁਆ ਕੇ, ਰੋਜ਼ ਆਪਣੇ ਪਾਠਕਾਂ ਦੇ ਹਵਾਲੇ ਕਰਨ ਦਾ ਇਹ ਅਵੱਲਾ ਸ਼ੌਂਕ, ਲਾਇਲਪੁਰੀ ਹੋਰਾਂ ਨੂੰ ਉਮਰ ਦੇ ਆਖਰੀ ਦਹਾਕੇ ਵਿਚ ਬਹੁਤ ਪਰੇਸ਼ਾਨ ਕਰਦਾ ਰਿਹਾ ਅਤੇ ਉਨ੍ਹਾਂ ਪਾਸੋਂ ਵੱਡੀਆਂ ਕੁਰਬਾਨੀਆਂ ਦੀ ਮੰਗ ਕਰਦਾ ਰਿਹਾ, ਜਿਸ ਦਾ ਭੁਗਤ ਭੋਗੀ ਸਾਰਾ ਲਾਇਲਪੁਰੀ ਪਰਿਵਾਰ ਰਿਹਾ ਹੈ। ਜੇ ਦੋ ਲਫਜ਼ਾਂ ਵਿਚ ਗੱਲ ਮੁਕਾਉਣੀ ਹੋਵੇ ਤਾਂ ਅਸੀਂ ਕਹਿ ਸਕਦੇ ਹਾਂ ਨਾਮਧਾਰੀ ਪੰਥ ਦੀ ਚੜ੍ਹਦੀ ਕਲਾ ਦਾ ਸੰਕਲਪ, ਸੰਤ ਜੀ ਦੇ ਸਾਰੇ ਜੀਵਨ ਦਾ ਪ੍ਰੇਰਨਾ ਸਰੋਤ ਰਿਹਾ ਹੈ ਤੇ ਇਹੋ ਸੰਕਲਪ ਉਨ੍ਹਾਂ ਨੂੰ ਸਾਰੀ ਉਮਰ, ਅਉਝੜ ਰਾਹਾਂ ਦਾ ਪਾਂਧੀ ਬਨਾਉਣ ਦਾ ਜ਼ਿੰਮੇਵਾਰ ਸੀ। ਕਵੀ ਦੇ ਇਹ ਸ਼ਬਦ ਜਿਵੇਂ ਉਨ੍ਹਾਂ ਲਈ ਹੀ ਲਿਖੇ ਗਏ ਸਨ-

"ਸੀਨੇ ਖਿਚ ਜਿਹਨਾਂ ਨੇ ਖਾਧੀ ਉਹ ਕਰ ਆਰਾਮ ਨਾ ਬਹਿੰਦੇ।
ਨਿਹੁੰ ਵਾਲੇ ਨੈਣਾਂ ਕੀ ਨੀਂਦਰ ? ਉਹ ਦਿਨੇ ਰਾਤ ਪਏ ਵਹਿੰਦੇ।
ਇਕੋ ਲਗਨ ਲੱਗੀ ਲਈ ਜਾਂਦੀ, ਹੈ ਟੋਰ ਅਨੰਤ ਉਨ੍ਹਾਂ ਦੀ
ਵਸਲੋਂ ਉਰੇ ਮੁਕਾਮ ਨ ਕੋਈ, ਸੋ ਚਾਲ ਪਏ ਨਿਤ ਰਹਿੰਦੇ।"

... (ਭਾਈ ਵੀਰ ਸਿੰਘ)

ਉਨ੍ਹਾਂ ਦੇ ਸੁਯੋਗ ਸਪੁੱਤਰ, ਕਲਮੀ ਵਾਰਿਸ ਸਵਰਗੀ ਐਸ.ਐਸ. ਮਨਧੀਰ ਹੋਰਾਂ ਨੇ ਉਨ੍ਹਾਂ ਦੇ ਜੀਵਨ ਮਨੋਰਥ ਨੂੰ ਬੜੇ ਸੁੰਦਰ ਸ਼ਬਦਾਂ ਵਿਚ ਇਉਂ ਪਰੋਇਆ ਹੈ-

"ਸੰਤ ਮੰਗਲ ਸਿੰਘ ਲਾਇਲਪੁਰੀ ਸਵਾਸ ਸਵਾਸ ਨਾਮ ਜਪਦੇ ਸਨ ਕਿ ਨਹੀਂ,

ਇਸ ਬਾਰੇ ਦਾਵੇ ਨਾਲ ਕੁਝ ਆਖਣਾ ਔਖਾ ਹੈ, ਪਰ ਇਹ ਗੱਲ ਨਿਸ਼ਚਿਤ ਰੂਪ ਵਿਚ ਆਖੀ ਜਾ ਸਕਦੀ ਹੈ ਕਿ ਆਪ ਦੇ ਹਰ ਸਵਾਸ ਵਿਚੋਂ 'ਨਾਮਧਾਰੀ' ਸ਼ਬਦ ਦੀ ਧੁਨੀ ਨਿਕਲਦੀ ਸੀ। ਉਨ੍ਹਾਂ ਦਾ ਆਪਣੇ ਆਪ ਲਈ ਨਾਮਧਾਰੀ ਹੋਣ ਦਾ ਅਰਥ ਸੀ, ਉਸ ਸਾਰੀ ਪਰੰਪਰਾ, ਉਨ੍ਹਾਂ ਸਾਰੇ ਚੜ੍ਹਾਵਾਂ ਉਤਰਾਵਾਂ ਨਾਲ ਆਪਣੇ ਮਨ-ਪ੍ਰਾਣ ਦੀ ਸਾਂਝ ਜੋ ਨਾਮਧਾਰੀ ਜਾਂ ਕੂਕਾ ਸ਼ਬਦ ਨਾਲ ਕਿਸੇ ਵੀ ਵੇਲੇ ਜੁੜੇ ਸਨ। ਉਹ ਨਾਮਧਾਰੀ ਪੰਥ ਨੂੰ ਇਸ ਢੰਗ ਨਾਲ ਆਪਣਾ ਪੰਥ ਮੰਨਦੇ ਸਨ ਜਿਵੇਂ ਉਹ ਹੀ ਨਾਮਧਾਰੀ ਸਿੱਖਾਂ ਦੀ ਹਰੇਕ ਗੱਲ ਲਈ ਜ਼ਿੰਮੇਵਾਰ ਹੋਣ। ਉਹ ਆਪਣੇ ਆਪ ਨੂੰ ਪੂਰੇ ਕੂਕਾ ਅੰਦੋਲਨ ਦਾ ਵਾਰਸ ਮੰਨਦੇ, ਸ਼ਹੀਦਾਂ ਦਾ ਵਾਰਸ ਵੀ, ਚੜ੍ਹਦੀ ਕਲਾ ਦਾ ਵਾਰਿਸ ਵੀ ਤੇ ਢਹਿੰਦੀ ਕਲਾ ਦਾ ਜ਼ਿੰਮੇਵਾਰ ਵੀ।"[2]

ਆਪਣੇ ਮਿਥੇ ਟੀਚੇ ਨੂੰ ਪੂਰਾ ਕਰਨ ਦੀ ਲਗਨ ਨੇ ਉਨ੍ਹਾਂ ਨੂੰ ਸਾਰੀ ਉਮਰ ਲੰਮੇ ਪੈਂਡਿਆਂ ਦਾ ਪਾਂਧੀ ਬਣਾਈ ਰੱਖਿਆ। ਇਸ ਬੇਚੈਨੀ ਇਸ ਤੜਪ ਕਾਰਨ ਉਹ ਵਾਰ-ਵਾਰ ਆਪਣੇ ਟਿਕਾਣੇ ਵੀ ਬਦਲਦੇ ਰਹੇ ਅਤੇ ਕਿੱਤੇ ਵੀ। ਕਦੇ ਛੋਟੀ ਮੋਟੀ ਦੁਕਾਨਦਾਰੀ, ਕਦੇ ਵੈਦਗੀ, ਕਦੇ ਕੀਰਤਨੀਏ, ਕਦੇ ਕੱਪੜਿਆਂ ਦੀ ਸਿਲਾਈ ਪਰ ਉਨ੍ਹਾਂ ਦਾ ਅਸਲ ਕਿੱਤਾ ਉਹੋ ਸੀ ਜਿਹੜਾ ਉਨ੍ਹਾਂ ਨੂੰ ਦੇਸ਼ ਵੰਡ ਤੋਂ ਬਾਅਦ ਪ੍ਰਾਪਤ ਹੋਇਆ। ਬੇਸ਼ਕ ਉਹ ਨਾਮਧਾਰੀ ਪੰਥ ਦੇ ਹਫਤਾਵਾਰੀ ਅਖ਼ਬਾਰ ਸਤਿਜੁਗ ਵਿਚ ਲੇਖ, ਕਵਿਤਾਵਾਂ ਆਦਿ ਤੀਹ ਕੁ ਸਾਲ ਦੀ ਉਮਰ ਤੋਂ ਹੀ ਲਿਖਣ ਲੱਗ ਪਏ ਸਨ, ਪਰ ਸੰਨ 1953 ਤੋਂ 56 ਤੱਕ ਸਤਿਗੁਰੂ ਪਰਤਾਪ ਸਿੰਘ ਜੀ ਦੇ ਸਮੇਂ, ਉਹ ਜੀਵਨ ਨਗਰ ਤੋਂ ਛਪਣ ਵਾਲੇ ਸਤਿਜੁਗ ਦੇ ਮੁੱਖ ਸੰਪਾਦਕ ਬਣਾਏ ਗਏ। ਆਪ ਨੇ ਇਸ ਪਰਚੇ ਨੂੰ ਹਫਤਾਵਾਰੀ ਦੀ ਥਾਂ ਮਾਸਿਕ ਰਸਾਲੇ ਦੇ ਤੌਰ ਤੇ ਬਹੁਤ ਮਕਬੂਲਤਾ ਦੁਆਈ। ਸਤਿਜੁਗ ਤੋਂ ਆਪ, ਨੂੰ ਜਦੋਂ ਪਾਸੇ ਕਰ ਦਿੱਤਾ ਗਿਆ ਤਾਂ ਫਿਰ ਆਪ ਨੇ ਨਵੀਂ ਦਿੱਲੀ ਤੋਂ ਸਪਤਾਹਿਕ ਨਵਾਂ ਹਿੰਦੁਸਤਾਨ, 1956 ਈ. ਵਿਚ ਸ਼ੁਰੂ ਕੀਤਾ। ਇਸ ਪਰਚੇ ਨੂੰ ਚਲਾਉਣ, ਜਾਰੀ ਰੱਖਣ, ਇਸਦਾ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ ਉਨ੍ਹਾਂ ਦੇ ਅਖ਼ਤਿਆਰ ਵਿਚ ਆ ਕੇ ਰੋਜ਼ਾਨਾ ਛਪਣਾ, ਆਪਣੀ ਵਿਸ਼ੇਸ਼ ਥਾਂ ਬਨਾਉਣੀ ਤੇ ਫਿਰ ਅਚਾਨਕ ਇਕ ਦਿਨ ਬੰਦ ਹੋ ਜਾਣਾ, ਇਨ੍ਹਾਂ ਘਟਨਾਵਾਂ ਨੂੰ ਉਨ੍ਹਾਂ ਨੇ ਬੜੀ ਹਿਰਦੇਵੇਧਕ ਸ਼ੈਲੀ ਵਿਚ, "ਆਪਣੀ ਗੱਲ" ਵਿਚ ਦਰਜ ਕੀਤਾ ਹੈ। ਅਸੀਂ ਸੰਤਾਂ ਦੇ ਟਿਕਾਣੇ ਬਦਲਣ ਦੀ ਵੀ ਉਪਰ ਚਰਚਾ ਕਰ ਆਏ ਹਾਂ। ਸੰਨ 1947 ਦੀ ਦੇਸ਼ ਵੰਡ ਤੋਂ ਪਹਿਲਾਂ ਉਹ ਕਦੇ ਲੋਪੋਕੀ ਜ਼ਿਲ੍ਹਾ ਲਾਇਲਪੁਰ, ਲਾਹੌਰ, ਸ਼ੇਖੂਪੁਰਾ, ਅੰਮ੍ਰਿਤਸਰ, ਲਾਇਲਪੁਰ ਤੇ ਗੰਗਾ ਸਿੰਘ ਵਾਲਾ (ਲਾਇਲਪੁਰ) ਆਦਿ ਅਸਥਾਨਾਂ ਵਿਚ ਬਦਲ ਬਦਲ ਕੇ ਅਤੇ ਬਟਵਾਰੇ ਤੋਂ ਬਾਅਦ ਕਦੇ ਅੰਮ੍ਰਿਤਸਰ, ਕਦੇ ਕਾਨਪੁਰ, ਕਦੇ ਖਾਪੜ ਖੇੜੀ (ਅੰਮ੍ਰਿਤਸਰ) ਤੇ ਕਦੇ ਦਿੱਲੀ ਵਿਚ ਜਾ ਡੇਰਾ ਲਾਉਂਦੇ ਰਹੇ।

"ਬੇਚੈਨੀ ਕਿਸ ਗੱਲ ਦੀ ਸੀ-ਚਾਹਨਾ ਕੀ ਸੀ, ਇਸਦਾ ਬਹੁਤ ਸਪਸ਼ਟ ਅੰਦਾਜ਼ਾ ਉਨ੍ਹਾਂ ਨੂੰ ਖੁਦ ਨੂੰ ਵੀ ਨਹੀਂ ਸੀ। ਪਰ ਉਨ੍ਹਾਂ ਨੂੰ ਲੱਗਦਾ ਸੀ ਕਿ ਕੁਝ ਇਹੋ ਜਿਹਾ ਹੈ,

ਜਿਹੜਾ ਉਨ੍ਹਾਂ ਦੁਆਰਾ ਹੋਣਾ ਮੰਗਦਾ ਹੈ ਤੇ ਉਸੇ ਵਿਚ ਉਨ੍ਹਾਂ ਦੇ ਜੀਵਨ ਦੀ ਸਾਰਥਿਕਤਾ ਹੈ।"

"ਇਸੇ ਬੇਚੈਨੀ, ਭਟਕਣ ਤੇ ਯਾਤਰਾਮਈ ਜੀਵਨ ਵਿਚੋਂ ਉਨ੍ਹਾਂ ਦੀ ਸ਼ਖ਼ਸੀਅਤ ਉਸਰਦੀ ਰਹੀ ਤੇ ਵੇਲੇ-ਵੇਲੇ ਉਹ ਬਾਹਰਲੀ ਦੁਨੀਆ ਵਿਚ ਪਰਗਟ ਵੀ ਹੁੰਦੀ ਰਹੀ। ਲਾਇਲਪੁਰੀ ਜੀ ਨੇ ਕਿਸ਼ੋਰ ਅਵਸਥਾ ਵਿਚ ਆਪਣੇ ਪਿਤਾ ਦੀ ਸੰਗਤ ਵਿਚ ਬਾਣੀ ਪੜ੍ਹਨੀ ਤੇ ਕੀਰਤਨ, ਦੀਵਾਨ ਲਗਾਉਣੇ ਸਿੱਖ ਲਏ ਸਨ। ਪਿਤਾ ਸ੍ਰੀ ਆਦਿ ਗੁਰੂ ਗਰੰਥ ਸਾਹਿਬ ਦੀ ਬਾਣੀ ਦੇ ਚੰਗੇ ਅਖੰਡ ਪਾਠੀ ਤੇ ਸੂਰਜ ਪ੍ਰਕਾਸ਼ ਗ੍ਰੰਥ ਦੇ ਕਥਾ ਵਾਚਕ ਸਨ। ਸੰਤ ਭਗਤ ਸਿੰਘ ਦਾਤੇਵਾਲ ਦੇ ਅਸਰ ਹੇਠ, ਉਨ੍ਹਾਂ ਨੇ ਦੀਵਾਨ ਲਗਾਉਣਾ ਸਿੱਖ ਲਿਆ। ਆਲਿਮ ਜੀ 'ਸਤਿਜੁਗ' ਸਪਤਾਹਿਕ ਨਾਲ ਜੁੜੇ ਹੋਏ ਸਨ ਤੇ ਭਾਈ ਸੇਵਾ ਸਿੰਘ ਖਾਲਸਾ ਸਮਾਚਾਰ ਵਾਲਿਆਂ ਨਾਲ ਦੇਹਧਾਰੀ ਗੁਰੂ ਤੇ ਗ੍ਰੰਥ ਸਾਹਿਬ ਗੁਰੂ ਦੇ ਸਿਧਾਂਤ ਬਾਰੇ ਬਹਿਸ ਮੁਬਾਸੇ ਵਿਚ ਮਸ਼ਗੂਲ ਸਨ। ਜਿਸ ਕਰਕੇ ਆਲਿਮ ਜੀ ਦੇ ਅਸਰ ਹੇਠ ਲਾਇਲਪੁਰੀ ਜੀ ਨੇ ਇਸ ਤਰਕ-ਯੁੱਧ ਵਿਚ ਵੀ ਮੁਹਾਰਤ ਹਾਸਲ ਕਰ ਲਈ। ਸੋਲਾਂ-ਸਤਾਰਾਂ ਸਾਲ ਦੀ ਉਮਰ ਵਿਚ ਹੀ ਆਪ ਨੇ ਇਸ ਖੇਤਰ ਵਿਚ ਪ੍ਰਵੇਸ਼ ਕਰ ਲਿਆ ਤੇ ਹੌਲੀ-ਹੌਲੀ ਤਗੜੀਆਂ ਕਾਨਫਰੰਸਾਂ ਵਿਚ ਮਿਥ ਕੇ ਬਹਿਸਾਂ ਕੀਤੀਆਂ ਤੇ ਜਿੱਤ ਕੇ ਨਿਕਲੇ। ਆਲਿਮ ਜੀ ਬਹੁਤ ਪ੍ਰਭਾਵਸ਼ਾਲੀ ਵਕਤਾ ਵੀ ਸਨ।ਅੰਗਰੇਜ਼ਾਂ ਕੋਲੋਂ ਆਜ਼ਾਦੀ ਹਾਸਿਲ ਕਰਨ ਲਈ ਉਨ੍ਹਾਂ ਦਿਨਾਂ ਵਿਚ ਜਲਸਿਆਂ ਸਭਾਵਾਂ ਦੀ ਜਬਰਦਸਤ ਲਹਿਰ ਸੀ, ਜਿਨ੍ਹਾਂ ਵਿਚ ਆਲਿਮ ਜੀ ਦੇ ਭਾਸ਼ਣ ਤਗੜਾ ਅਸਰ ਪਾਉਂਦੇ ਸਨ। ਲਾਇਲਪੁਰੀ ਜੀ ਆਲਿਮ ਜੀ ਦੀ ਭਾਸ਼ਣ ਕਲਾ ਤੇ ਤਰਕ ਪੂਰਨ ਲੇਖਨ ਕਲਾ ਵਿਚ ਉਨ੍ਹਾਂ ਤੋਂ ਪ੍ਰਭਾਵਤ ਹੋਏ। ਕਾਵਿ ਖੇਤਰ ਵਿਚ ਉਤਰਨ ਲਈ ਲਾਇਲਪੁਰੀ ਜੀ ਨੂੰ ਤਾਇਆ ਧਨੀ ਰਾਮ ਚਾਤ੍ਰਿਕ ਦੀ ਕਾਵਿ-ਸੰਗਤ ਮਿਲੀ।"[3]

ਇਕ ਹੋਰ ਸੱਜਣ ਜਿਸ ਦੀ ਸ਼ਖ਼ਸੀਅਤ ਦਾ ਲਾਇਲਪੁਰੀ ਹੋਰਾਂ ਨੇੜਿਉਂ ਪ੍ਰਭਾਵ ਕਬੂਲਿਆ, ਉਹ ਸਨ ਸ. ਗੁਰਬਖਸ਼ ਸਿੰਘ ਪ੍ਰੀਤਲੜੀ। ਲਾਇਲਪੁਰੀ ਜੀ ਦੀ ਭਰ ਜਵਾਨੀ ਸਮੇਂ ਗੁਰਬਖਸ਼ ਸਿੰਘ ਦੇ ਪੱਛਮੀ ਵਿਚਾਰਾਂ ਦੀ ਚਾਸ਼ਨੀ ਵਿਚ ਡੁੱਬੇ ਸਾਂਵੀ ਪੱਧਰੀ ਜ਼ਿੰਦਗੀ ਦੀ ਤੋਰ ਵਾਲੇ ਆਦਰਸ਼ਵਾਦ ਦੇ, ਪੰਜਾਬ ਦੇ ਮੱਧ ਵਰਗੀ ਘਰਾਂ ਵਿਚ ਕਾਫੀ ਚਰਚੇ ਸਨ। ਪੰਜਾਬੀ ਪਾਠਕਾਂ ਵਿਚ ਉਨ੍ਹਾਂ ਦੇ ਪਰਚੇ 'ਪ੍ਰੀਤਲੜੀ' ਦੀ ਅਸ਼ਾਇਤ ਲਗਾਤਾਰ ਵਧ ਰਹੀ ਸੀ। ਦੂਜੀ ਸੰਸਾਰ ਜੰਗ ਸਮੇਂ ਜਦੋਂ ਹਿਟਲਰ ਨੇ ਸੋਵੀਅਤ ਸੰਘ 'ਤੇ ਹਮਲਾ ਕੀਤਾ, ਪੰਜਾਬ ਵਿਚ ਬੁੱਧੀਜੀਵੀ ਤਬਕਾ ਫਾਸ਼ੀ ਜੰਗ ਬਾਜ਼ਾਂ ਦੇ ਵਿਰੋਧ ਵਿਚ ਸੀ। ਉਸ ਸਮੇਂ ਲਾਹੌਰ ਦਾ ਵਿਦਿਆਰਥੀ ਅੰਦੋਲਨ ਕਮਿਊਨਿਸਟ ਪਾਰਟੀ ਦੀ ਅਗਵਾਈ ਹੇਠ ਚੱਲਦਾ ਸੀ। ਨਤੀਜੇ ਵਜੋਂ ਪ੍ਰੀਤਲੜੀ ਦਾ ਆਦਰਸ਼ਵਾਦ, ਸੋਵੀਅਤ ਸਮਾਜਵਾਦੀ ਪ੍ਰਣਾਲੀ ਦੇ ਪਰਸੰਸਕ ਵਿਚ ਬਦਲ ਗਿਆ। ਜਿਵੇਂ ਗੁਰਬਖਸ਼ ਸਿੰਘ ਆਪ ਤਾਂ ਕਦੇ ਵੀ ਖੱਬੀ ਸੋਚ ਦਾ ਖੁੱਲ੍ਹਮ ਖੁੱਲ੍ਹਾ ਧਾਰਨੀ ਨਹੀਂ ਸੀ, ਉਸ ਦਾ ਪੁੱਤਰ ਨਵਤੇਜ ਸਿੰਘ ਸੀ ਇਵੇਂ ਹੀ ਲਾਇਲਪੁਰੀ ਜੀ ਦੇ ਪੁਰਾਣੇ ਪਿੰਡ ਲੋਪੋਕੇ ਵਿਚ ਹੀ ਪ੍ਰੀਤ ਨਗਰ ਵਸਿਆ ਹੋਣ ਕਾਰਨ, ਉਹ ਆਪ ਤਾਂ ਗੁਰਬਖਸ਼ ਸਿੰਘ ਦੀ ਭਖ਼ਦੀ ਜੀਵਨ

ਚੰਗਿਆੜੀ ਨਾਲ ਕਿਸੇ ਸਾਂਝੇ ਦਿਲ ਦੀ ਧੜਕਣ ਬਣਨ ਦੇ ਆਹਰ ਵਿਚ ਰਹੇ, ਉਨ੍ਹਾਂ ਦਾ ਛੋਟਾ ਵੀਰ ਅਮਰ ਭਾਰਤੀ ਅਤੇ ਵੱਡਾ ਸਪੁੱਤਰ, ਸ਼ਰਮ ਸਿੰਘ ਉਰਫ਼ ਐਸ.ਐਸ. ਮਨਧੀਰ ਸਰਗਰਮ ਕਮਿਊਨਿਸਟ ਵਰਕਰ ਬਣ ਗਏ ਸਨ।

"ਲਾਇਲਪੁਰੀ ਜੀ ਨੂੰ ਨਾਮਧਾਰੀ ਵਿਰਸੇ ਵਿਚੋਂ 'ਸੁਦੇਸ਼ੀ' ਦੀ ਸੋਚ ਮਿਲੀ ਸੀ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਬਦੇਸ਼ੀ ਦਾ ਬਾਈਕਾਟ ਤੇ 'ਸੁਦੇਸ਼ੀ' ਨੂੰ ਅਪਨਾਉਣ ਦੀ ਲਹਿਰ ਚਲਾਈ ਸੀ। ਮਹਾਤਮਾ ਗਾਂਧੀ ਜੀ ਦੇ ਚਰਖੇ ਤੇ ਖੱਦਰ ਦੀ ਧੁੰਮ ਸੀ। ਖੱਦਰ ਦੀ ਮੁਹਿੰਮ ਵਿਚ ਲਾਇਲਪੁਰੀ ਜੀ ਹਮੇਸ਼ਾਂ ਮੂਹਰੇ ਮੂਹਰੇ ਰਹੇ।

"ਉਹ ਲਹਿਰ ਇਹ ਲਹਿਰ ਤੇ ਗੁਰਬਖਸ਼ ਸਿੰਘ ਜੀ ਦਾ ਆਦਰਸ਼ ਪ੍ਰੀਤ ਨਗਰ ਸਭ ਨੇ ਮਿਲ ਕੇ ਲਾਇਲਪੁਰੀ ਜੀ ਦੇ ਮਨ ਵਿਚ ਇਕ ਸੁਪਨੇ ਦਾ ਰੂਪ ਧਾਰਿਆ। ਉਨ੍ਹਾਂ ਨੇ ਗੰਗਾ ਸਿੰਘ ਵਾਲਾ ਵਿਚ ਰਹਿੰਦਿਆਂ ਪੇਂਡੂ ਮਿੱਤਰ ਸਭਾ ਬਣਾਈ। ਬੱਚਿਆਂ ਤੇ ਵੱਡਿਆਂ ਨੂੰ ਵਿਦਿਆ ਦੇਣ ਲਈ ਆਪਣੇ ਪੇਂਡੂ ਮਿੱਤਰਾਂ ਦੇ ਪਿੰਡਾਂ ਵਿਚ ਸਿਖਸ਼ਾ ਕੇਂਦਰ ਖੋਲ੍ਹੇ। ਪਿੰਡਾਂ ਦੇ ਸੁਧਾਰ ਲਈ ਯੋਜਨਾ ਬਣਾਈ ਤੇ ਪ੍ਰਚਾਰ ਅਭਿਆਨ ਚਲਾਏ। ਗੰਗਾ ਸਿੰਘ ਵਾਲਾ ਪਿੰਡ ਵਿਚ ਸਾਰੇ ਪਿੰਡ ਦੇ ਸਾਂਝੇ ਲੰਗਰ ਦੀ ਯੋਜਨਾ ਚਲਾਈ। ਅੰਗਰੇਜ਼ਾਂ ਦੇ ਖਿਲਾਫ਼ ਸਿਆਸੀ ਮੁਹਿੰਮ ਦੇ ਹਿੱਸੇ ਵਜੋਂ ਸਿਆਸੀ ਕਾਨਫਰੰਸਾਂ ਸ਼ੁਰੂ ਕੀਤੀਆਂ। ਇਹਨਾਂ ਸਾਰੇ ਕਾਰਜਾਂ ਵਿਚ ਸੀਮਤ ਸਫ਼ਲਤਾ ਹੀ ਮਿਲੀ–ਪਰ ਇਰਾਦੇ ਦੀ ਦ੍ਰਿੜਤਾ ਹੋਰ ਪੱਕੀ ਹੋ ਗਈ।

"ਸਤਿਜੁਗ ਵਿਚ ਲੇਖ ਤੇ ਕਵਿਤਾਵਾਂ ਲਿਖਦਿਆਂ–ਲਾਇਲਪੁਰੀ ਜੀ ਦੀ ਪਹੁੰਚ ਨਾਮਧਾਰੀ ਸਮਾਜ ਦੇ ਕੁਝ ਉਤਸ਼ਾਹੀ ਤੇ ਕੁਝ ਸੁਪਨੇ ਸਾਜ ਸਿਆਣਿਆਂ ਤੱਕ ਹੋ ਗਈ ਸੀ। ਜਿੱਥੇ ਜਿਸ ਸੰਸਥਾ ਵਿਚ ਕੁਝ ਚੰਗਾ ਚੰਗਾ, ਕੁਝ ਪ੍ਰੇਰਨਾਦਾਇਕ ਦਿਸਦਾ–ਲਾਇਲਪੁਰੀ ਜੀ ਦਾ ਜੀਅ ਕਰਦਾ ਕਿ ਉਹੋ ਜਿਹਾ ਜਾਂ ਉਸ ਤੋਂ ਕੁਝ ਵੱਧ ਚੰਗਾ ਨਾਮਧਾਰੀ ਸਮਾਜ ਵਿਚ ਹੋਵੇ। ਉਦੋਂ ਤੱਕ ਅਜੇ ਨਾਮਧਾਰੀਆਂ ਵਿਚ ਅੰਗਰੇਜ਼ੀ ਸਕੂਲਾਂ, ਅੰਗਰੇਜ਼ੀ ਵਿੱਦਿਆ ਤੇ ਵਿਦੇਸ਼ੀ ਮਾਲ ਦੇ ਬਾਈਕਾਟ ਦਾ ਪ੍ਰਭਾਵ ਕਾਇਮ ਸੀ। ਪਰ ਦੇਸੀ ਸਕੂਲਾਂ, ਦੇਸੀ ਵਿਦਿਆ, ਸੁਦੇਸ਼ੀ ਘਰੇਲੂ ਉਦਯੋਗਾਂ ਬਾਰੇ ਕੋਈ ਇਹੋ ਜਿਹੀ ਸੋਚ ਨਹੀਂ ਸੀ–ਜਿਸ ਨੂੰ ਨਾਮਧਾਰੀ ਕੇਂਦਰ ਵੱਲੋਂ ਜਥੇਬੰਦਕ ਰੂਪ ਵਿਚ ਰੂਪਮਾਨ ਕਰਨ ਦਾ ਉਪਰਾਲਾ ਹੋ ਰਿਹਾ ਹੋਵੇ।

"ਲਾਇਲਪੁਰੀ ਜੀ ਦੀ ਸੋਚ ਵਿਚੋਂ "ਕੂਕਾ ਕਲਾ ਕੌਸ਼ਲ" ਨਾਮ ਦੀ ਇਕ ਸਕੀਮ ਨਿਕਲੀ ਤੇ ਉਹ ਸਕੀਮ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਸੇਵਾ ਵਿਚ ਹਾਜ਼ਰ ਹੋ ਗਈ। ਥੋੜ੍ਹੀ ਜਿਹੀ ਹਿਲਜੁਲ ਹੋਈ ਤੇ ਉਹ ਸਕੀਮ ਬਸਤੇ ਵਿਚ ਬੱਝ ਗਈ। ਪਰ ਲਾਇਲਪੁਰੀ ਜੀ ਦਾ ਇਰਾਦਾ ਨਹੀਂ ਬਦਲਿਆ। ਕੇਂਦਰ ਵੱਲੋਂ ਨਹੀਂ ਤਾਂ ਇਕ ਗਰੁੱਪ ਵੱਲੋਂ ਹੀ ਸਹੀ। ਪ੍ਰੀਤਮ ਸਿੰਘ ਕਵੀ, ਹਰਬੰਸ ਸਿੰਘ ਪ੍ਰਵਾਨਾ ਤੇ ਕੁਝ ਹੋਰ ਮਿੱਤਰਾਂ ਨਾਲ ਰਲਕੇ ਲਾਇਲਪੁਰ ਆਪਣੇ ਗੁਬਿੰਦਪੁਰੇ ਮਹੱਲੇ ਵਿਚ ਹੀ "ਕੂਕਾ ਕਲਾ ਕੌਸ਼ਲ" ਨੂੰ ਰੂਪਮਾਨ ਕਰਨ ਦਾ ਹੀਲਾ ਕਰ ਲਿਆ। ਖੱਡੀਆਂ ਲਾ ਲਈਆਂ, ਕੋਹਲੂ ਗੱਡ ਲਿਆ–ਤੇ ਕੰਮ ਚਾਲੂ ਕਰ ਦਿੱਤਾ। ਪਰ ਸਾਧਨਾਂ ਦੀ ਕਮੀ ਕਾਰਨ ਉਹ ਯੋਜਨਾ ਵੀ

ਛੇਤੀ ਹੀ ਠੱਪ ਹੋ ਗਈ। ਕੁਝ ਹੋਣਾ ਚਾਹੀਦਾ ਹੈ–ਕੂਕਿਆਂ ਵੱਲੋਂ ਕੁਝ ਹੁੰਦਾ ਦਿਸਣਾ ਚਾਹੀਦਾ ਹੈ। ਕੂਕਿਆਂ ਦੀ ਤਰੱਕੀ, ਉੱਨਤੀ ਹੋਣੀ ਚਾਹੀਦੀ ਹੈ–ਇਹ ਜਪ ਬਣ ਚੁੱਕਿਆ ਸੀ ਲਾਇਲਪੁਰੀ ਜੀ ਦਾ ਸਵਾਸ, ਸਵਾਸ।

"ਇਕ ਹੋਰ ਹੀਲਾ, ਇਕ ਹੋਰ ਹੱਲਾ–ਨਾਮਧਾਰੀ ਸਮਾਜ ਦੇ ਉਤਸ਼ਾਹੀ ਬੁੱਧਵਾਨਾਂ ਵੱਲ ਪਹੁੰਚ ਕੀਤੀ ਗਈ, ਭਾਵ ਰਲ ਕੇ ਬੈਠੇ, ਵਿਚਾਰਾਂ ਕੀਤੀਆਂ ਤੇ "ਨਾਮਧਾਰੀ ਪ੍ਰੋਗ੍ਰੈਸਿਵ ਪਾਰਟੀ" ਹੋਂਦ ਵਿਚ ਆ ਗਈ। ਲਾਇਲਪੁਰੀ ਜੀ ਦੇ ਸਾਥੀ ਬਣੇ ਪ੍ਰੀਤਮ ਸਿੰਘ ਕਵੀ, ਗੰਗਾ ਸਿੰਘ ਵਾਲੇ ਦੇ ਮੁਖਤਾਰ ਸਿੰਘ, ਲਾਹੌਰ ਤੋਂ ਬੂਟਾ ਸਿੰਘ ਐਮ.ਏ. ਜੋ ਬਾਅਦ ਵਿਚ ਚੋਟੀ ਦੇ ਕਹਾਣੀਕਾਰ ਵਜੋਂ ਜਾਣੇ ਗਏ, ਗੁਜਰਾਂਵਾਲੇ ਤੋਂ ਗਿਆਨੀ ਸੰਤੋਖ ਸਿੰਘ, ਸੇਵਾ ਸਿੰਘ ਸਚਦੇਵ ਤੇ ਗਿਆਨੀ ਹਰਬੰਸ ਸਿੰਘ ਜੋ ਅੱਜਕੱਲ੍ਹ ਥਾਈਲੈਂਡ ਵਿਚ ਹਨ, ਨਿਰੰਜਨ ਸਿੰਘ ਜਯੋਤੀ, ਸ਼ੇਖ਼ੂਪੁਰੇ ਤੋਂ ਬੁੱਧ ਸਿੰਘ ਲੋਹੇ ਵਾਲਿਆਂ ਦੇ ਸਪੁੱਤਰ ਸ੍ਰ. ਦਰਸ਼ਨ ਸਿੰਘ ਜੀ, ਸ੍ਰ. ਹਰਨਾਮ ਸਿੰਘ ਚਾਹਲ ਪੱਧਰੀ, ਸੰਤ ਸਿੰਘ ਕਾਮੋਕੇ, ਗੁਰਬਖਸ਼ ਸਿੰਘ ਬਰੇਲੀ, ਹਰਬੰਸ ਸਿੰਘ ਪ੍ਰਵਾਨਾ ਆਦਿ। ਸੋਚਣ ਸਮਝਣ ਵਾਲੇ ਬਹੁਤੇ ਨਾਮਧਾਰੀ ਸਿੱਖਾਂ ਦਾ ਸਾਥ ਲਾਇਲਪੁਰੀ ਜੀ ਨੂੰ ਮਿਲ ਗਿਆ। ਲੱਗਦਾ ਸੀ ਕਿ ਨਾਮਧਾਰੀ ਬੁੱਧਵਾਨਾਂ ਵਿਚ ਕੁਝ ਇਹੋ ਜਿਹਾ ਕਰ ਗੁਜ਼ਰਨ ਦੀ ਚਾਹ ਹੈ, ਜਿਸ ਨਾਲ ਨਾਮਧਾਰੀ ਸਮਾਜ ਦੀ ਪਛਾਣ ਦੂਰ ਨੇੜੇ, ਦੇਸ ਪਰਦੇਸ ਤਕ ਹੋਣੀ ਚਾਹੀਦੀ ਹੈ।

"ਪਰ ਕੁਝ ਮਹੀਨਿਆਂ ਦੀ ਕਸਰਤ ਤੇ ਫਿਰ ਹੁਕਮ ਦੀ ਕਾਰ। ਸਮਰੱਥ ਸਤਿਗੁਰੂ ਦੇ ਹੁਕਮ ਕਾਰਨ ਇਹ ਸੰਸਥਾ ਵੀ ਬੰਦ ਹੋ ਗਈ।"[4]

ਇਸ ਤੋਂ ਛੇਤੀ ਬਾਅਦ ਦੇਸ਼ ਦੀ ਵੰਡ ਹੋ ਗਈ। ਫਿਰ ਕੁਝ ਸਾਲਾਂ ਬਾਅਦ, ਸਤਿਗੁਰੂ ਜੀ ਨੇ ਲਾਇਲਪੁਰੀ ਜੀ ਦੀ ਸਿਰਜਨਾਤਮਕ ਪ੍ਰਤਿਭਾ ਨੂੰ ਸਤਿਜੁਗ ਦੇ ਲੇਖੇ ਲਾਉਣਾ ਚਾਹਿਆ। ਉਨ੍ਹਾਂ ਨੇ ਹਰ ਸਾਲ ਛਪਣ ਵਾਲੇ ਬਸੰਤ ਅੰਕ ਤਾਂ ਰੀਝ ਨਾਲ ਕੱਢੇ ਹੀ ਲਗਦੇ ਹੱਥ ਸਤਿਜੁਗ ਦੇ 'ਅਫਰੀਕਾ ਅੰਕ' "ਸਿਆਮ ਅੰਕ" 'ਗੁਰੂ ਨਾਨਕ ਅੰਕ' ਅਤੇ 'ਗੁਰੂ ਗੋਬਿੰਦ ਸਿੰਘ ਅੰਕ' ਆਦਿ ਵੀ ਪ੍ਰਕਾਸ਼ਿਤ ਕੀਤੇ। ਇਸੇ ਸਮੇਂ ਦੌਰਾਨ ਜੀਵਨ ਨਗਰ ਨਿਵਾਸ ਸਮੇਂ, ਜਿੱਥੇ ਉਹ ਇਕ ਮਹੀਨੇ ਵਿਚ ਪੰਦਰਾਂ ਦਿਨ ਦਿੱਲੀ ਤੋਂ ਆ ਕੇ ਰਹਿੰਦੇ ਸਨ, ਸਤਿਗੁਰੂ ਪਰਤਾਪ ਸਿੰਘ ਜੀ ਨੇ ਇਕ ਦਿਨ ਬਚਨ ਬਿਲਾਸ ਕਰਦਿਆਂ ਇਹ ਇੱਛਾ ਪ੍ਰਗਟ ਕੀਤੀ ਕਿ ਸਾਡਾ ਵੀ ਕੋਈ ਰੋਜ਼ਾਨਾ ਅਖ਼ਬਾਰ ਹੋਣਾ ਚਾਹੀਦਾ ਹੈ। ਪਰ ਇਸ ਤੋਂ ਛੇਤੀ ਬਾਅਦ 1955 ਈ. ਵਿਚ ਉਨ੍ਹਾਂ ਨੂੰ ਸਤਿਜੁਗ ਦੀ ਸੇਵਾ ਤੋਂ ਮੁਕਤ ਕਰਕੇ ਇਸਨੂੰ ਪੰਡਿਤ ਰਜਿੰਦਰ ਸਿੰਘ ਗੁਰੂ ਸਰ ਦੀ ਸੰਪਾਦਕੀ ਵਿਚ ਦੇ ਦਿੱਤਾ ਗਿਆ। ਲਾਇਲਪੁਰੀ ਜੀ ਦਿੱਲੀ ਤਾਂ ਆ ਗਏ ਪਰ ਆਪਣਾ ਰੋਜ਼ਾਨਾ ਅਖ਼ਬਾਰ ਹੋਣਾ ਚਾਹੀਦਾ ਹੈ, ਸਤਿਗੁਰੂ ਜੀ ਦਾ ਇਹ ਫੁਰਨਾ ਵੀ ਅੱਠੇ ਪਹਿਰ ਉਨ੍ਹਾਂ ਦੇ ਅੰਗ ਸੰਗ ਹੀ ਰਹਿਣ ਲੱਗ ਪਿਆ। ਸੰਤ ਜੀ ਆਪਣੀ ਸ੍ਵੈ ਜੀਵਨੀ ਵਿਚ ਅਖ਼ਬਾਰ ਕੱਢਣ ਦੀ ਲਲਕ ਲੱਗਣ ਦਾ ਪਿਛੋਕੜ ਬਿਆਨਦੇ ਹਨ–

"ਪੁੱਛਿਆ ਜਾ ਸਕਦਾ ਹੈ ਕਿ ਏਨੀਆਂ ਤਕਲੀਫਾਂ ਤੇ ਝੰਜਟਾਂ ਦੇ ਬਾਵਜੂਦ ਅਖ਼ਬਾਰ ਦੇ ਮਗਰ ਪੈਣ ਦਾ ਕੀ ਮਤਲਬ ਸੀ ?

"ਕਈ ਸਾਲ ਹੋਏ ਜਦੋਂ ਇਕ ਮੇਲਾ ਗੰਗਾ ਸਿੰਘ ਵਾਲਾ ਜ਼ਿਲ੍ਹਾ ਲਾਇਲਪੁਰ ਵਿਚ ਹੋਣਾ ਨੀਯਤ ਹੋਇਆ ਸੀ, ਸਤਿਗੁਰਾਂ ਦਾ ਦੌਰਾ ਨਨਕਾਣੇ ਸਾਹਿਬ ਦੇ ਮੇਲੇ ਤੋਂ ਆਰੰਭ ਹੋ ਕੇ ਜਦੋਂ ਲਾਇਲਪੁਰ ਦੇ ਇਲਾਕੇ ਵਿਚ ਪੁੱਜਾ ਤਾਂ ਮੈਂ ਪਿੰਡ ਵਾਲਿਆਂ ਦੀ ਸਲਾਹ ਨਾਲ ਦੌਰੇ ਦੇ ਪ੍ਰੋਗਰਾਮ ਬਾਰੇ, ਇਸ਼ਤਿਹਾਰ ਛਪਵਾ ਕੇ ਦੂਰ ਨੇੜੇ ਵੰਡ ਦਿੱਤੇ। ਉਸ ਵੇਲੇ ਮਾਸਟਰ ਤਾਰਾ ਸਿੰਘ ਜੀ ਦਾ ਪੰਜਾਬੀ ਸੂਬਾ, ਆਜ਼ਾਦ ਪੰਜਾਬ ਦੇ ਨਾਮ ਨਾਲ ਅਜੇ ਨਵੇਂ ਰੂਪ ਵਿਚ ਹੀ ਆਰੰਭ ਹੋਇਆ ਸੀ। ਇਸ਼ਤਿਹਾਰ ਵਿਚ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ਤੋਂ ਬਿਨਾਂ, ਸੰਤ ਨਿਧਾਨ ਸਿੰਘ ਜੀ ਆਲਿਮ, ਸੰਤ ਮੰਗਲ ਸਿੰਘ ਜੀ ਅਰਸ਼ੀ ਫਰਿਸ਼ਤਾ, ਸ੍ਰ. ਆਤਮਾ ਸਿੰਘ ਜੀ ਰਾਵਲਪਿੰਡੀ, ਸ੍ਰ. ਸੰਤ ਸਿੰਘ ਜੀ ਐਡਵੋਕੇਟ ਲਾਇਲਪੁਰੀ, ਕੁਝ ਹਿੰਦੂ ਤੇ ਮੁਸਲਮਾਨ ਲੀਡਰ, ਕਈ ਸੰਗੀਤਕਾਰ ਤੇ ਆਰੀਆ ਸਮਾਜ ਦੇ ਲੈਕਚਰਾਰਾਂ ਦੇ ਨਾਮ ਵੀ ਛਾਪੇ ਗਏ।

"ਅਸਲ ਵਿਚ ਸਤਿਗੁਰਾਂ ਦੇ ਦੌਰਿਆਂ ਦਾ ਪ੍ਰੋਗਰਾਮ ਆਮ ਕਰਕੇ ਧਾਰਮਿਕ ਹੀ ਹੁੰਦਾ ਹੈ, ਜਦੋਂ ਆਪ ਨੇ ਇਹ ਇਸ਼ਤਿਹਾਰ ਪੜ੍ਹਿਆ ਤਾਂ ਇਹ ਮੇਲਾ ਉਨ੍ਹਾਂ ਨੂੰ ਸਿਆਸੀ ਕਿਸਮ ਦਾ ਲੱਗਾ, ਮੇਲੇ ਦਾ ਪ੍ਰੋਗਰਾਮ ਸ਼ਾਮ ਦਾ ਸੀ। ਇਸ ਇਕੱਠ ਵਿਚ ਇਲਾਕੇ ਦੇ ਦੋ ਕੁ ਹਜ਼ਾਰ ਨਰ ਨਾਰੀ ਪੁੱਜੇ। ਇਹ ਮੇਲਾ ਮੇਲਾ ਨਾ ਰਹਿ ਕੇ ਇਕ ਸਿਆਸੀ ਕਾਨਫਰੰਸ ਬਣ ਗਿਆ, ਜਿਸ ਵਿਚ ਤਕਰੀਰਾਂ ਦਾ ਵਿਸ਼ਾ ਬਣ ਗਿਆ–ਆਜ਼ਾਦ ਪੰਜਾਬ। ਇਹ ਸਿੱਖਾਂ ਅਤੇ ਪੰਜਾਬੀਆਂ ਨੂੰ ਲਾਭ ਪੁਚਾਵੇਗਾ ਜਾਂ ਹਾਨੀ? ਆਲਿਮ ਜੀ ਨੇ ਆਪਣੀ ਤਕਰੀਰ ਵਿਚ ਆਜ਼ਾਦ ਪੰਜਾਬ ਦੇ ਵਜੂਦ ਵਿਚ ਆਉਣ ਦੀਆਂ ਖ਼ਾਮੀਆਂ ਦੱਸ ਕੇ, ਲੋਕਾਂ ਦੇ ਦਿਮਾਗ ਵਿਚ ਇਹ ਗੱਲ ਭਰ ਦਿੱਤੀ ਕਿ ਆਜ਼ਾਦ ਪੰਜਾਬ, ਪੰਜਾਬ ਲਈ ਤਾਂ ਹਾਨੀਕਾਰਕ ਹੋਵੇਗਾ ਹੀ, ਸਿੱਖਾਂ ਵਾਸਤੇ ਵੀ ਮੌਤ ਦਾ ਕਾਰਨ ਸਿੱਧ ਹੋਵੇਗਾ।

"ਜਿੰਨੇ ਲੀਡਰ ਆਏ ਹੋਏ ਸਨ ਸਭ ਨੇ ਆਜ਼ਾਦ ਪੰਜਾਬ ਦੀਆਂ ਬੁਰਾਈਆਂ ਦਾ ਹੀ ਵਰਣਨ ਕੀਤਾ। ਸ. ਸੰਤ ਸਿੰਘ ਐਡਵੋਕੇਟ ਮੈਂਬਰ ਕੇਂਦਰੀ ਵਿਧਾਨ ਪਰਿਸ਼ਦ ਦੀ ਤਕਰੀਰ ਵੀ ਬਹੁਤ ਵਿਸ਼ੇਸ਼ ਸੀ, ਸ. ਆਤਮਾ ਸਿੰਘ ਤੇ ਸੰਤ ਮੰਗਲ ਸਿੰਘ ਅਰਸ਼ੀ ਫਰਿਸ਼ਤਾ ਦੇ ਭਾਸ਼ਣ ਵੀ ਇਸੇ ਆਧਾਰ ਤੇ ਹੋਏ।

"ਸ਼ਾਮ ਦੇ ਇਸ ਇਕੱਠ ਵਿਚ ਸਤਿਗੁਰੂ ਜੀ ਨਾ ਪਹੁੰਚ ਸਕੇ। ਆਪ ਨੇ ਰਾਤ ਨੂੰ ਦਰਸ਼ਨ ਦਿੱਤੇ ਤੇ ਜਲਸੇ ਦੀ ਕਾਰਵਾਈ ਨੂੰ ਬੜੇ ਧਿਆਨ ਨਾਲ ਸੁਣਿਆ। ਆਲਿਮ ਜੀ ਤੇ ਸ੍ਰ. ਆਤਮਾ ਸਿੰਘ ਜੀ ਨੇ ਜਦੋਂ ਕਾਨਫਰੰਸ ਦਾ ਵਰਣਨ ਕੀਤਾ ਤਾਂ ਪਾਤਸ਼ਾਹ ਬਹੁਤ ਹੀ ਪਰਸੰਨ ਹੋਏ। ਅਗਲਾ ਦਿਨ ਧਾਰਮਿਕ ਮੇਲੇ ਦਾ ਸੀ, ਆਸਾ ਦੀ ਵਾਰ ਤੋਂ ਪਿਛੋਂ ਸਾਰਾ ਦਿਨ ਦੀਵਾਨ ਲੱਗਦੇ ਰਹੇ।

"ਸੰਤ ਮੰਗਲ ਸਿੰਘ ਜੀ ਦਾ ਨਾਮਧਾਰੀ ਪੰਥ ਵਿਚ ਖਾਸ ਥਾਂ ਸੀ। ਉਨ੍ਹਾਂ ਨੇ ਜਦੋਂ ਮੇਲੇ ਵਿਚ ਮੇਰਾ ਪਾਰਟ ਵੇਖਿਆ ਤਾਂ ਉਨ੍ਹਾਂ ਮੇਰੇ ਨਿਰਬਾਹ ਤੇ ਕੰਮ ਬਾਰੇ ਪੁੱਛਗਿੱਛ ਕੀਤੀ। ਉਨ੍ਹੀਂ ਦਿਨੀਂ ਸਾਡਾ ਪੇਸ਼ਾ ਪੇਂਡੂ ਦੁਕਾਨਦਾਰੀ ਸੀ। ਆਪ ਨੇ ਮੈਨੂੰ ਕਿਹਾ, "ਦੇਖ ਮੰਗਲ ਸਿੰਘ, ਨਾਮਧਾਰੀ ਪੰਥ ਵਿਚ ਤੈਨੂੰ ਹਜ਼ਾਰਾਂ ਦੁਕਾਨਦਾਰ ਮਿਲਣਗੇ, ਸੈਂਕੜੇ ਪਕੌੜੇ ਕੱਢਣ ਵਾਲੇ ਨਜ਼ਰ ਆਉਣਗੇ, ਕਈ ਸਬਜ਼ੀ ਵੇਚਣ ਤੇ ਕੱਪੜੇ ਦਾ ਧੰਦਾ

ਕਰਨ ਵਾਲੇ ਮਿਲਣਗੇ, ਪਰ ਕਵੀ, ਲੇਖਕ, ਪਰਚਾਰਕ ਦਸ ਵੀ ਨਹੀਂ ਲੱਭਣਗੇ। ਉਨ੍ਹਾਂ ਕਿਹਾ ਕਿ ਪੰਥ ਵਿਚ ਅਜਿਹੇ ਆਦਮੀਆਂ ਦੀ ਅਤਿਅੰਤ ਲੋੜ ਹੈ, ਜਿਹੜੇ ਪੰਥ ਦੀ ਸਾਹਿਤਕ ਸੇਵਾ ਵਿਚ ਆਪਣਾ ਯੋਗਦਾਨ ਦੇ ਸਕਣ। ਉਨ੍ਹਾਂ ਕਿਹਾ ਕਿ ਮੈਂ ਚਾਹੁੰਦਾ ਹਾਂ ਤੂੰ ਪੰਥ ਦੀ ਸੇਵਾ ਵਿਚ ਜੁੱਟ ਜਾਵੇਂ। ਤੇਰੀ ਯੋਗਤਾ ਤੇ ਕੰਮ ਕਰਨ ਦੇ ਢੰਗ ਵਿਚੋਂ, ਮੈਨੂੰ ਤੇਰਾ ਪੰਥ ਸੇਵਾ ਦਾ ਭਵਿੱਖ ਬਹੁਤ ਹੀ ਉੱਜਲਾ ਭਾਸਦਾ ਹੈ।

"ਇਸ ਗੱਲ ਨੂੰ ਭਾਵੇਂ 20-25 ਸਾਲ ਹੋ ਗਏ ਹਨ, ਪਰ ਮੈਨੂੰ ਅਜੇ ਤੱਕ ਆਪ ਦੇ ਕਹੇ ਬਚਨ ਯਾਦ ਹਨ। ਬੱਸ ਉਸੇ ਦਿਨ ਤੋਂ ਹੀ ਮੈਂ ਆਪਣੇ ਜੀਵਨ ਦਾ ਮੁੱਖ ਵਿਸ਼ਾ, ਪੰਥ ਸੇਵਾ ਤੇ ਜੀਵਨ ਨਿਰਬਾਹ ਵਾਸਤੇ ਥੋੜ੍ਹਾ ਕੁ ਵਿਹਾਰ ਬਣਾ ਲਿਆ।

"ਸੰਤ ਮੰਗਲ ਸਿੰਘ ਅਰਸ਼ੀ ਫਰਿਸ਼ਤਾ ਵਿਚ ਇਹ ਖਾਸ ਵਿਸ਼ੇਸ਼ਤਾ ਸੀ ਕਿ ਉਹ ਹੋਣਹਾਰ ਬੰਦਿਆਂ ਨੂੰ ਹਰ ਕੀਮਤ ਤੇ ਪੰਥ ਵਿਚ ਲੈ ਆਉਂਦੇ ਸਨ। ਉਨ੍ਹਾਂ ਦੇ ਸਾਹਮਣੇ ਨਾਮਧਾਰੀ ਜਾਂ ਗ਼ੈਰ ਨਾਮਧਾਰੀ ਦਾ ਕਦੀ ਸਵਾਲ ਹੀ ਪੈਦਾ ਨਹੀਂ ਸੀ ਹੋਇਆ। ਸਤਿਜੁਗ ਅਖ਼ਬਾਰ ਦੇ ਬੜੇ ਯੋਗ ਐਡੀਟਰ, ਨਿਰੰਕਾਰ ਸਿੰਘ ਜੀ ਚੇਤਨ ਦੀਆਂ ਕਵਿਤਾਵਾਂ ਜਾਂ ਲੇਖ ਜਿਨ੍ਹਾਂ ਨੇ ਪੜ੍ਹੇ ਹਨ ਉਹ ਭਲੀ ਭਾਂਤ ਜਾਣਦੇ ਹਨ ਕਿ ਉਨ੍ਹਾਂ ਦੇ ਸਮੇਂ ਸਤਿਜੁਗ ਦੀ ਕਿਵੇਂ ਧਾਂਕ ਸੀ। ਇਸ ਸੱਜਣ ਨੂੰ ਪੰਥ ਵਿਚ ਲਿਆਉਣ ਵਾਲੇ ਫਰਿਸ਼ਤਾ ਜੀ ਹੀ ਸਨ। ਭਗਵਾਨ ਸਿੰਘ 'ਦਾਸ', 'ਚੇਤਨ' ਜੀ ਤੋਂ ਪਿਛੋਂ ਸਤਿਜੁਗ ਦੇ ਐਡੀਟਰ ਬਣੇ, ਉਹ ਵੀ ਸੰਤਾਂ ਦੀ ਕਿਰਪਾ ਸੀ। ਘੜੇ ਜਿੱਡਾ ਮੋਤੀ, ਜਿਸਨੇ ਅਕਾਲੀਆਂ ਦੇ ਬਹਿਸ ਮੁਬਾਹਸਿਆਂ ਵਿਚ ਥੰਮ ਹਿਲਾ ਦਿੱਤੇ ਸਨ, ਪ੍ਰੋਫੈਸਰ ਕਰਤਾਰ ਸਿੰਘ ਜੀ ਲਾਸਾਨੀ 'ਫਿਲਾਸਫਰ', ਇਨ੍ਹਾਂ ਨੂੰ ਨਾਮਧਾਰੀ ਪੰਥ ਵਿਚ ਲਿਆਉਣ ਵਾਲੇ ਵੀ ਸੰਤ ਜੀ ਸਨ। ਆਪ ਦੇ ਬਚਨਾਂ ਵਿਚ ਤੇ ਲੈਕਚਰਾਂ ਵਿਚ ਏਨਾ ਰਸ ਹੁੰਦਾ ਸੀ ਕਿ ਛੋਟੇ ਤੋਂ ਲੈ ਕੇ ਦੇਸ਼ ਦੇ ਵੱਡੇ-ਵੱਡੇ ਨੇਤਾ, ਆਪ ਦੇ ਲੈਕਚਰਾਂ ਨੂੰ ਸੁਣਨ ਵਿਚ ਬੇਹੱਦ ਦਿਲਚਸਪੀ ਰੱਖਦੇ ਸਨ। ਗੁਰੂ ਘਰ ਤੇ ਆਪ ਦੀ ਅਨੰਤ ਸ਼ਰਧਾ ਸੀ। ਸ੍ਰੀ ਮਹਾਰਾਜ ਨਿਹਾਲ ਸਿੰਘ ਜੀ ਤੇ ਸ੍ਰੀ ਮਹਾਰਾਜ ਗੁਰਦਿਆਲ ਸਿੰਘ ਜੀ ਆਪ ਦਾ ਬਹੁਤ ਸਤਿਕਾਰ ਕਰਦੇ ਸੀ।

"ਉਨ੍ਹਾਂ ਦੀ ਸ਼ਕਲ ਸੂਰਤ ਅੰਗਰੇਜ਼ਾਂ ਜਿਹੀ ਸੀ, ਉਹ ਵੇਖਣ ਨੂੰ ਇਸਾਈਆਂ ਦੇ ਵੱਡੇ ਪਾਦਰੀ ਜਾਪਦੇ ਹੁੰਦੇ ਸਨ, ਉਹ ਆਪਣੇ ਲੈਕਚਰਾਂ ਵਿਚ ਲੋਕਾਂ ਨੂੰ "ਫਿੱਟੇ ਮੂੰਹ ਲੋਕੋ ਤੁਹਾਡਾ" ਤੋਂ ਆਪਣੇ ਭਾਸ਼ਣ ਦਾ ਮੁੱਢ ਬੰਨ੍ਹਦੇ ਸਨ, ਪਤਾ ਨਹੀਂ ਮੇਰੇ ਵਿਚ ਕੀ ਚੰਗਿਆਈ ਭਾਸੀ, ਉਨ੍ਹਾਂ ਮੇਰੇ ਜੀਵਨ ਦਾ ਪਾਸਾ ਹੀ ਪਲਟ ਦਿੱਤਾ। ਅਸਲ ਵਿਚ ਉਨ੍ਹਾਂ ਠੀਕ ਅੰਦਾਜ਼ਾ ਲਾਇਆ ਸੀ ਕਿ ਮੈਂ ਹੋਰ ਕਿਸੇ ਕੰਮ ਦੇ ਯੋਗ ਨਹੀਂ।"[5]

ਓੜਕ ਆਪਣੇ ਚਿਰੋਕਣੇ ਸੁਪਨੇ ਦੀ ਪੂਰਤੀ ਹਿਤ ਸੰਤ ਮੰਗਲ ਸਿੰਘ ਜੀ ਨੰਗੇ ਧੜ ਅਖ਼ਬਾਰੀ ਪਿੜ ਵਿਚ ਉਤਰੇ। 14 ਨਵੰਬਰ ਸੰਨ 1956 ਈ. ਨੂੰ 'ਨਵਾਂ ਹਿੰਦੁਸਤਾਨ' ਸਪਤਾਹਿਕ ਦਾ ਪਰਕਾਸ਼ਨ ਸ਼ੁਰੂ ਕੀਤਾ। ਇਸ ਪਰਚੇ ਲਈ ਸੰਤ ਜੀ ਤਿਲ-ਤਿਲ ਕਰਕੇ ਆਪਣੇ ਪ੍ਰਾਣਾਂ ਦੀ ਆਹੂਤੀ ਪਾਉਂਦੇ ਰਹੇ। ਪੰਜਾਬੀ ਦੇ ਨਾਮਵਰ ਕਵੀ, ਉੱਘੇ ਲੇਖਕ, ਸੰਤਾਂ ਦੇ ਇਸ ਪਰਚੇ ਲਈ ਸਹਿਯੋਗ ਦਿੰਦੇ ਰਹੇ। ਉਨ੍ਹਾਂ ਨੇ 'ਕਵਿਤਾ ਅੰਕ' ਅਤੇ 'ਸਤਿਗੁਰੂ ਰਾਮ ਸਿੰਘ ਅੰਕ' ਆਦਿ ਉੱਚ ਪਾਏ ਦੇ ਅੰਕ ਕੱਢ ਕੇ ਨਾਮਧਾਰੀ

ਭਾਈਚਾਰੇ ਵਿਚ ਵੀ ਅਤੇ ਹੋਰ ਪੰਜਾਬੀ ਪਿਆਰਿਆਂ ਵਿਚ ਵੀ ਆਪਣੀ ਵਿਸ਼ੇਸ਼ ਪਹਿਚਾਣ ਬਣਾ ਲਈ। ਪਰਚੇ ਵਿਚ ਦੇਸ਼ ਦੁਨੀਆ ਬਾਰੇ ਵਾਕਫ਼ੀ ਭਰਪੂਰ ਰਚਨਾਵਾਂ, ਸਾਰ ਗ੍ਰਭਿਤ ਸੰਪਾਦਕੀ ਟਿੱਪਣੀਆਂ ਤੋਂ ਬਿਨਾਂ ਨਾਮਧਾਰੀ ਸਤਿਗੁਰੂ ਸਾਹਿਬਾਨ ਅਤੇ ਹੋਰਨਾਂ ਮਹਾਂਪੁਰਖਾਂ, ਸਾਧੂਆਂ ਸੰਤਾਂ ਬਾਰੇ ਵੀ ਵੱਡ ਮੁੱਲੀ ਜਾਣਕਾਰੀ ਛਪਦੀ ਰਹੀ। ਅਖ਼ਬਾਰੀ ਮਜ਼ਬੂਰੀਆਂ ਕਾਰਨ ਜੇ ਗੁਰੂ ਘਰ ਵਾਲੀ ਆਪਣੀ ਪਹੁੰਚ ਵਿਚ, ਸੰਤ ਜੀ ਨੂੰ ਕੋਈ ਭਟਕਾਅ ਨਜ਼ਰ ਆਇਆ ਤਾਂ ਇਨ੍ਹਾਂ ਛੇਤੀ ਹੀ ਇਹ ਤਸਲੀਮ ਕਰ ਲਿਆ ਕਿ ਤੇਰਾ ਘਰ ਤਾਂ ਨਾਮਧਾਰੀ ਪੰਥ ਹੀ ਹੈ, ਜਿਸ ਪੰਥ ਦਾ ਸਰਬ ਪੱਖੀ ਵਿਕਾਸ ਉਨ੍ਹਾਂ ਦਾ ਸੁਪਨਾ ਸੀ। 1959 ਈ. ਵਿਚ ਸਤਿਗੁਰੂ ਪਰਤਾਪ ਸਿੰਘ ਜੀ ਦੇ ਜੋਤੀ ਜੋਤਿ ਸਮਾਉਣ ਬਾਅਦ, ਸਤਿਗੁਰੂ ਜਗਜੀਤ ਸਿੰਘ ਜੀ ਉਨ੍ਹਾਂ ਦੀ ਗੁਰਗੱਦੀ 'ਤੇ ਬਿਰਾਜਮਾਨ ਹੋਏ।

ਸਤਿਗੁਰੂ ਜੀ ਨੇ ਗੁਰਗੱਦੀ ਤੇ ਬਿਰਾਜਮਾਨ ਹੁੰਦਿਆਂ– "ਸਭ ਤੋਂ ਪਹਿਲਾਂ ਜਿਹੜੇ ਕੰਮ ਕੀਤੇ ਉਹ ਸਨ– ਸ੍ਰੀ ਜੀਵਨ ਨਗਰ ਇਲਾਕੇ ਵਿਚ ਨਾਮਧਾਰੀਆਂ ਅੰਦਰ ਆਪਸੀ ਝਗੜਿਆਂ ਨੂੰ ਸ਼ਾਂਤ ਕਰਨਾ, ਬਹੁਤ ਸਾਰੇ ਮੁਕੱਦਮਿਆਂ ਦਾ ਸੁਲਹ ਸਫ਼ਾਈ ਨਾਲ ਨਿਪਟਾਰਾ ਕਰਨਾ ਤੇ 'ਨਵਾਂ ਹਿੰਦੁਸਤਾਨ' ਸਪਤਾਹਿਕ ਦੀ ਸਰਪ੍ਰਸਤੀ ਸਵੀਕਾਰ ਕਰਨਾ। ਸਤਿਗੁਰੂ ਜਗਜੀਤ ਸਿੰਘ ਜੀ ਨੇ ਨਾਮਧਾਰੀ ਸਮਾਜ ਦੀ ਉੱਨਤੀ ਬਾਰੇ ਬਹੁਤ ਕੁਝ ਸੋਚ ਰੱਖਿਆ ਸੀ। ਆਪ ਦੀ ਸੋਚ ਨੇ ਲਾਇਲਪੁਰ ਜੀ ਦੀ ਸੋਚ ਨੂੰ ਹੁੰਗਾਰਾ ਦਿੱਤਾ, ਤਾਕਤ ਦਿੱਤੀ ਤੇ ਉਤਸ਼ਾਹ ਦਿੱਤਾ।

"ਲਾਇਲਪੁਰੀ ਜੀ ਨੇ ਸਤਿਗੁਰੂ ਜੀ ਦੀ ਵਿਕਾਸ ਦੀ ਭਾਵਨਾ ਨੂੰ ਧਿਆਨ ਵਿਚ ਰੱਖਦਿਆਂ, "ਨਵਾਂ ਹਿੰਦੁਸਤਾਨ" ਸਪਤਾਹਿਕ ਦੀ ਥਾਂ 'ਰੋਜ਼ਾਨਾ' ਕਰਨ ਦਾ ਫੈਸਲਾ ਕਰ ਲਿਆ ਤੇ ਸਤਿਗੁਰੂ ਜੀ ਵੱਲੋਂ ਉਨ੍ਹਾਂ ਦੇ ਇਸ ਉਦਮ ਨੂੰ ਪੂਰਾ ਅਸ਼ੀਰਵਾਦ ਤੇ ਸਰਪ੍ਰਸਤੀ ਹਾਸਲ ਹੋ ਗਈ।

'ਨਵਾਂ ਹਿੰਦੁਸਤਾਨ' ਨੇ ਨਾਮਧਾਰੀ ਸਮਾਜ, ਭਾਰਤ ਤੇ ਦੁਨੀਆ ਦੇ ਮਸਲਿਆਂ ਬਾਰੇ ਨਾਮਧਾਰੀ ਦ੍ਰਿਸ਼ਟੀਕੋਣ ਤੋਂ ਆਪਣੀ ਗੱਲ ਕੀਤੀ। ਪੰਜਾਬ, ਭਾਰਤ ਤੇ ਸੰਸਾਰ ਵਿਚ ਨਾਮਧਾਰੀਆਂ ਦੀ ਜੋ ਇਤਿਹਾਸਕ, ਰਾਜਨੀਤਕ, ਧਾਰਮਿਕ ਤੇ ਸਮਾਜਕ ਹੈਸੀਅਤ ਹੈ ਉਸਨੂੰ 'ਨਵਾਂ ਹਿੰਦੁਸਤਾਨ' ਨੇ ਉਜਾਗਰ ਕਰਨ ਦਾ ਬੀੜਾ ਉਠਾ ਲਿਆ। ਇਸ ਨਾਲ ਨਾਮਧਾਰੀ ਕੇਂਦਰ ਤੇ ਨਾਮਧਾਰੀ ਸਿੱਖਾਂ ਦੀਆਂ ਜਿੰਮੇਵਾਰੀਆਂ ਵੀ ਵਧ ਗਈਆਂ। ਸੰਸਾਰ ਦੀ ਅਮਨ ਲਹਿਰ, ਏਸ਼ੀਆ ਅਫਰੀਕਾ ਦੀਆਂ ਆਜ਼ਾਦੀ ਦੀਆਂ ਲਹਿਰਾਂ, ਵਿਸ਼ਵ ਦੇ ਧਰਮਾਂ ਵਿਚ ਏਕਤਾ ਦਾ ਮਸਲਾ, ਭਾਰਤ ਵਿਚ ਗਊ ਰਖਸ਼ਾ ਦਾ ਮਸਲਾ, ਪੰਜਾਬ ਦੀ ਦੁਬਾਰਾ 'ਪੰਜਾਬੀ ਸੂਬੇ' ਦੇ ਨਾਮ ਉਪਰ ਵੰਡ–ਇਨ੍ਹਾਂ ਸਭਨਾਂ ਮਸਲਿਆਂ ਬਾਰੇ ਨਾਮਧਾਰੀ ਸਮਾਜ ਦੀ ਵੀ ਕੋਈ ਰਾਏ ਹੈ, ਉਸ ਦਾ ਵੀ ਕੋਈ ਹਿੱਸਾ ਹੈ–ਉਸ ਸਭ ਦਾ ਬੁਲਾਰਾ 'ਨਵਾਂ ਹਿੰਦੁਸਤਾਨ' ਬਣਿਆ। ਇਸ ਨਾਲ ਸਤਿਗੁਰੂ ਜਗਜੀਤ ਸਿੰਘ ਜੀ ਦੀ ਇਕ ਵਿਸ਼ੇਸ਼ ਤਰ੍ਹਾਂ ਦੀ ਪਛਾਣ ਪੰਜਾਬ, ਭਾਰਤ ਤੇ ਬਾਕੀ ਦੇ ਸੰਸਾਰ ਨੂੰ ਮਿਲੀ।"[6]

ਵੰਡ ਤੋਂ ਬਾਅਦ, ਖਾਪੜ ਖੇੜੀ (ਅੰਮ੍ਰਿਤਸਰ) ਰਹਿੰਦਿਆਂ, ਸੰਤ ਜੀ ਨੇ ਆਸ

ਪਾਸ ਦੇ ਪਿੰਡਾਂ ਵਿਚ ਆਪਣੇ ਸ਼ਬਦ ਕੀਰਤਨ ਦੁਆਰਾ ਕੂਕਾ ਪਰਚਾਰ ਦਾ ਜਿਵੇਂ ਹੜ੍ਹ ਹੀ ਲੈ ਆਂਦਾ। ਬਹੁਤ ਸਾਰੇ ਸਰੀਰਾਂ ਨੇ ਮਾਸ ਸ਼ਰਾਬ ਛੱਡ ਕੇ, ਨਾਮਧਾਰੀ ਜਗਤ ਨਾਲ ਸਾਂਝ ਪਾ ਲਈ। ਇਨ੍ਹਾਂ ਵਿਚੋਂ ਹੀ ਖਾਪੜ ਖੇੜੀ ਦਾ ਸ੍ਰੀ ਗੁਰਬਚਨ ਸਿੰਘ ਹੋਰਾਂ ਦਾ ਪਰਿਵਾਰ ਹੈ। ਪ੍ਰਸਿੱਧ ਨਾਮਧਾਰੀ ਗੁਰਮਤਿ ਸੰਗੀਤਕਾਰ, ਭਾਈ ਬਲਜੀਤ ਸਿੰਘ ਗੁਰਮੀਤ ਸਿੰਘ ਇਸੇ ਗੁਰਬਚਨ ਸਿੰਘ ਦੇ ਸਪੁੱਤਰ ਹਨ। ਇਸ ਸਮੇਂ ਆਪ ਨੇ ਮਾਝੇ ਦੇ ਇਨ੍ਹਾਂ ਅਨੇਕ ਪਿੰਡਾਂ ਵਿਚ ਸਤਿਗੁਰੂ ਪਰਤਾਪ ਸਿੰਘ ਜੀ ਦੇ ਦੌਰੇ ਵੀ ਕਰਵਾਏ ਸਨ। "ਆਪ ਨਾਮਧਾਰੀ ਦਰਬਾਰਾਂ ਵਿਚ ਹੱਲੇ ਦਾ ਦੀਵਾਨ ਲਗਾਉਂਦੇ। ਦੀਵਾਨਾਂ ਵਿਚ ਕ੍ਰਿਸ਼ਨ ਲੀਲ੍ਹਾ ਜਾਂ ਧਰੂ ਪ੍ਰਹਿਲਾਦ ਦੇ ਪਸਰੰਗ ਨਾ ਸੁਣਾ ਕੇ, ਨਾਮਧਾਰੀ ਸਿੰਘਾਂ ਦੀਆਂ ਲਾਸਾਨੀ ਕੁਰਬਾਨੀਆਂ ਤੇ ਸ਼ਹਾਦਤਾਂ ਦੇ ਪ੍ਰਸੰਗ ਸੁਣਾ ਕੇ, ਸੰਗਤਾਂ ਨੂੰ ਨਿਹਾਲ ਕਰਦੇ ਅਤੇ ਉਨ੍ਹਾਂ ਅੰਦਰ ਸਿਆਸੀ ਜਜ਼ਬੇ ਨੂੰ ਨਿਰੰਤਰ ਮਘਾਈ ਰੱਖਦੇ- "ਉਠ ਆਪਣੀ ਤੋਪ ਚਲਾ ਕਾਵਨ, ਹੁਣ ਹੁਕਮ ਇਲਾਹੀ ਆਇਆ ਏ..." ਗੀਤ ਦੀਆਂ ਪੰਗਤੀਆਂ ਵਜੋਂ ਢੋਲਕੀਆਂ ਛੈਣਿਆਂ ਦੀ ਗੂੰਜ ਵਿਚ ਗਾਈਆਂ ਜਾਂ ਬਾਰ-ਬਾਰ ਦੁਹਰਾਈਆਂ ਜਾਂਦੀਆਂ ਤਾਂ ਸੰਗਤਾਂ ਦਾ ਜੋਸ਼ ਕਈ ਗੁਣਾ ਵੱਧ ਜਾਂਦਾ। ਇਉਂ ਕੀਰਤਨ, ਹੱਲੇ ਦੇ ਦੀਵਾਨ ਤੇ ਗੁਰਬਾਣੀ ਸੰਗੀਤ ਨਾਲ ਉਹ ਨਿਰੰਤਰ ਜੁੜੇ ਰਹੇ। ਨਾਮਧਾਰੀ ਪੰਥ ਦੇ ਅਜਿਹੇ ਸੰਜੀਦਾ, ਅਜ਼ੀਮ ਤੇ ਜ਼ਹੀਨ ਸੇਵਕ ਨੂੰ ਯਾਦ ਕਰਦਿਆਂ ਸਿਰ ਫ਼ਖਰ ਨਾਲ ਉੱਚਾ ਹੋ ਜਾਂਦਾ ਹੈ।"[7]

'ਨਾਮਧਾਰੀ ਕਿਰਨਾਂ' ਨਾਮ ਦੀ ਕਹਾਣੀਆਂ ਦੀ ਇਕ ਪੁਸਤਕ ਵੀ ਸੰਤ ਜੀ ਨੇ ਪ੍ਰਕਾਸ਼ਿਤ ਕੀਤੀ। ਇਨ੍ਹਾਂ ਕਹਾਣੀਆਂ ਦਾ ਵਿਸ਼ਾ ਵਸਤੂ ਨਾਮਧਾਰੀ ਜੀਵਨ ਜਾਚ ਅਤੇ ਅਕੀਦੇ ਨੂੰ ਸਰਵਉੱਚਤਾ ਪ੍ਰਦਾਨ ਕਰਨਾ ਹੈ। ਜਦੋਂ ਆਪ ਸਤਿਜੁਗ ਦੇ ਸੰਪਾਦਕ ਸਨ ਤਾਂ 1954 ਈ. ਦੇ ਬਸੰਤ ਅੰਕ ਵਿਚ ਆਪ ਦਾ ਇਕ ਲੇਖ ਛਪਿਆ ਸੀ- "ਸਤਿਗੁਰੂ ਰਾਮ ਸਿੰਘ ਜੀ ਦੇ ਪਵਿੱਤਰ ਮਿਸ਼ਨ ਨੂੰ ਕਿਵੇਂ ਪਰਚਾਰੀਏ" ਉਸ ਵਿਚ ਉਨ੍ਹਾਂ ਲਿਖਿਆ ਸੀ ਕਿ ਪੰਜਾਬੀ, ਹਿੰਦੀ ਤੇ ਜੇ ਹੋ ਸਕੇ ਤਾਂ ਅੰਗਰੇਜ਼ੀ ਭਾਸ਼ਾ ਵਿਚ ਦਸ ਪ੍ਰਚਾਰਕ ਤਿਆਰ ਕਰੀਏ ਜਿਹੜੇ ਭਾਰਤ ਦੇ ਹਰ ਸੂਬੇ ਤੇ ਦੇਸ਼ ਤੋਂ ਬਾਹਰ ਵੀ ਜਿੱਥੇ ਨਾਮਧਾਰੀ ਵੱਸਦੇ ਹੋਣ ਪਹੁੰਚ ਕੇ, ਧਾਰਮਿਕ ਤੇ ਵਿਗਿਆਨਕ ਨਜ਼ਰੀਏ ਤੋਂ ਆਪਣਾ ਮਿਸ਼ਨ ਲੋਕਾਂ ਅੱਗੇ ਰੱਖਣ। ਇਸ ਤੋਂ ਇਲਾਵਾ ਕੂਕਾ ਪ੍ਰਚਾਰਕਾਂ ਦੇ ਹੋਰ ਗੁਣਾਂ ਬਾਰੇ ਉਨ੍ਹਾਂ ਲਿਖਿਆ ਕਿ ਉਹ ਆਪਣੇ ਧਰਮ, ਚਲੰਤ ਰਾਜਸੀ ਮਾਮਲਿਆਂ ਅਤੇ ਹੋਰ ਧਰਮਾਂ ਦੀ ਵਾਕਫ਼ੀ ਵੀ ਰੱਖਣ। ਸਾਲ ਵਿਚ ਪ੍ਰਚਾਰਕਾਂ ਲਈ ਇਕ ਮਹੀਨਾ ਅਧਿਐਨ ਕੈਂਪ ਲਾਏ ਜਾਣ, ਜਿਸ ਵਿਚ ਵਿਦਵਾਨਾਂ ਦੇ ਭਾਸ਼ਣ ਹੋਣ, ਨੋਟਿਸ ਲੈਣ ਅਤੇ ਸਾਲ ਭਰ ਜਿਨ੍ਹਾਂ ਵਿਸ਼ਿਆਂ ਤੇ ਪ੍ਰਚਾਰ ਕਰਨਾ ਹੈ ਉਸਦੇ ਨੁਕਤੇ ਕਾਇਮ ਕਰਨ। ਉਹ 'ਨਾਮਧਾਰੀ ਮਿਸ਼ਨ ਪ੍ਰਚਾਰਨੀ ਸਭਾ' ਕਾਇਮ ਕਰਕੇ, ਇਸੇ ਕੋਲ ਗੁਜ਼ਾਰੇ ਜੋਗੇ ਫੰਡ ਇਕੱਤਰ ਕਰਕੇ, ਪ੍ਰਚਾਰਕਾਂ ਦੀ ਪਰਿਵਾਰਕ ਲੋੜ, ਬੱਚਿਆਂ ਦੀ ਵਿੱਦਿਆ ਤੇ ਉਨ੍ਹਾਂ ਦੇ ਬੁਢਾਪੇ ਦਾ ਯੋਗ ਪ੍ਰਬੰਧ ਕਰਨ ਦੀ ਕਾਮਨਾ ਕਰਦੇ ਸਨ, ਪ੍ਰਚਾਰ ਲਈ ਵੀ ਉਹ ਇਕ ਪੰਜ ਸਾਲਾ ਯੋਜਨਾ ਬਨਾਉਣ ਦਾ ਵਿਚਾਰ ਦਿੰਦੇ ਸਨ। ਆਪਣੇ ਪਰਚੇ ਹਿੰਦੀ ਤੇ ਪੰਜਾਬੀ

ਵਿਚ ਨਿਯਮਤ ਕੱਢਣ ਲਈ ਉਹ ਪ੍ਰੈਸ ਦੀ ਲੋੜ 'ਤੇ ਜ਼ੋਰ ਦਿੰਦੇ ਸਨ। "ਜੇ ਹੋਰ ਬਹੁਤ ਸਾਰੇ ਖਰਚਾਂ ਨੂੰ ਸੰਕੋਚ ਕੇ, ਪ੍ਰੈਸ ਤੇ ਪਲੇਟਫਾਰਮ ਵੱਲ ਅਸੀਂ ਬਹੁਤ ਧਿਆਨ ਦੇ ਸਕੀਏ ਤਾਂ ਸਮਝ ਲਓ ਅਸਾਂ ਸਤਿਗੁਰਾਂ ਦੀਆਂ ਅਨੇਕ ਕੁਰਬਾਨੀਆਂ ਦੀ ਕਦਰ ਕੀਤੀ ਹੈ।' ਅੰਤ ਵਿਚ ਸੰਤ ਜੀ ਤੋੜਾ ਇਥੇ ਝਾੜਦੇ ਹਨ ਕਿ ਜੇ ਅਸੀਂ ਚੀਨੀ ਵਾਲੇ ਪਾਤਸ਼ਾਹ ਦਾ ਪ੍ਰਕਾਸ਼ ਪੁਰਬ ਬਸੰਤ ਮਨਾਉਣੀ ਹੈ ਤਾਂ ਸਾਨੂੰ ਵੀ ਬਸੰਤੀ ਰੀਝਾਂ ਵਾਲੇ ਪਾਤਸ਼ਾਹ ਦੇ ਮਿਸ਼ਨ ਦੇ ਪ੍ਰਚਾਰ ਲਈ, ਤੁਰੰਤ ਪਿੜ ਮੱਲਣਾ ਚਾਹੀਦਾ ਹੈ, ਜਿਸ ਪਿੜ ਦੇ ਸੰਤ ਜੀ ਜ਼ਿੰਦਾ ਸ਼ਹੀਦ ਸਾਬਤ ਹੋਏ।

ਇਸੇ ਤਰ੍ਹਾਂ ਜਦੋਂ ਸੰਤ ਜੀ ਨੇ 8 ਅਪ੍ਰੈਲ 1957 ਨੂੰ ਨਵਾਂ ਹਿੰਦੁਸਤਾਨ ਦਾ ਕਵਿਤਾ ਅੰਕ ਛਾਪਿਆ ਤਾਂ ਕਿਤਾਬੀ ਸਾਈਜ਼ ਦੇ 84 ਪੰਨਿਆਂ ਤੇ ਫੈਲਿਆ ਇਹ ਇਕ ਯਾਦਗਾਰੀ ਅੰਕ ਸੀ ਜਿਸ ਵਿਚ ਉਸ ਸਮੇਂ ਦੇ ਚੋਟੀ ਦੇ ਪੰਜਾਬੀ ਕਵੀਆਂ, ਮਹਾਂ ਕਵੀ ਬਰਕਤ, ਬਿਸ਼ਨ ਸਿੰਘ ਉਪਾਸ਼ਕ, ਮੋਹਨ ਸਿੰਘ ਮਤਵਾਲਾ, ਚੰਨ ਨਨਕਾਨਵੀ, ਕਰਮ ਸਿੰਘ ਬਾਲਮ, ਸੰਤ ਤਰਨ ਸਿੰਘ ਵਹਿਮੀ, ਗੁਰਬਖਸ਼ ਸਿੰਘ ਸ਼ੌਕ, ਦਾਨ ਸਿੰਘ ਤਾਂਘੀ ਆਦਿ ਦੀਆਂ ਨਾਮਧਾਰੀ ਇਤਿਹਾਸ ਦੇ ਖੂਨੀ ਪੱਤਰਿਆਂ ਬਾਰੇ ਬੜੀਆਂ ਜ਼ਜਬਿਆਂ ਗੁੱਧੀਆਂ ਕਵਿਤਾਵਾਂ ਛਪੀਆਂ ਸਨ। ਉਸ ਅਦੁੱਤੀ ਅੰਕ ਵਿਚੋਂ ਨਮੂਨੇ ਮਾਤਰ ਤੁਕਾਂ ਪਾਠਕਾਂ ਦੀ ਸੇਵਾ ਵਿਚ ਪੇਸ਼ ਹਨ-

"ਇਹਦੇ ਉੱਤੇ ਸ਼ਹਾਦਤ ਦੀ ਮੋਹਰ ਲੱਗੀ, ਇਹਨੂੰ ਖੁਦ ਆਜ਼ਾਦੀ ਤਸਦੀਕ ਕੀਤਾ।

ਇਹਨੂੰ ਤੋਪਾਂ ਦੇ ਮੂੰਹ 'ਚੋਂ ਛਾਨਿਆ ਏ, ਜਾਨ ਦੇ ਦੇ ਕੇ ਬੜਾ ਬਾਰੀਕ ਕੀਤਾ।

ਬੜਾ ਨਾਜ਼ਕ ਏ ਰੇਸ਼ਮ ਦੀ ਤੰਦ ਕੋਲੋਂ, ਰੱਸੇ ਰੇਸ਼ਮੀ ਪਾ ਪਾ ਕੇ ਠੀਕ ਕੀਤਾ।

ਘੁਲ ਘੁਲ ਘੋਲ ਮਸਤਾਨਿਆਂ ਮੌਤ ਦੇ ਨਾਲ, ਗਾਂਧੀ ਨਹਿਰੂ ਦੇ ਬੜਾ ਨਜ਼ਦੀਕ ਕੀਤਾ।

ਇਕ ਇਕ ਨੁਕਤਾ ਇਹ ਖੂਨ ਦਾ ਹੈ ਟੇਪਾ, ਲੱਖਾਂ ਅੱਥਰਾਂ ਪੜ੍ਹ ਪੜ੍ਹ ਕੇ ਕਿਰਦੀਆਂ ਨੇ।

ਦੂਰਬੀਨੀ ਨਾਲ ਤਕੀਏ ਨੁਕਤੇ ਨੂੰ ਜਦ, ਸਾਹਵੇਂ ਨਜ਼ਰਾਂ ਦੇ ਫ਼ਿਲਮਾਂ ਫਿਰ ਫਿਰਦੀਆਂ ਨੇ।"

**-ਕੂਕਿਆਂ ਦੀ ਕੂਕ, ਮਹਾਂ ਕਵੀ 'ਬਰਕਤ'**

"ਪਾ ਗਿਉਂ ਲਕੀਰਾਂ ਜੋ ਸਿਆਸਤਾਂ ਦੇ ਸੀਨਿਆਂ ਤੇ, ਵੈਰੀ ਨੂੰ ਵੀ ਤੇਰੇ ਉਹ ਕਮਾਲ ਨਹੀਂਉਂ ਭੁੱਲਣੇ।

ਭੁੱਲਣੇ ਨਹੀਂ ਸਾਕੇ ਮਜ਼ਲੂਮਾਂ ਨੂੰ ਉਦਾਰਤਾ ਦੇ, ਜ਼ੁਲਮ ਤਾਈ ਤੇਰੇ ਉਹ ਉਬਾਲ ਨਹੀਂਉਂ ਭੁੱਲਣੇ।

ਰੇਲ, ਡਾਕ, ਕੱਪੜਾ, ਵਲੈਤ ਸਾਰਾ ਬਾਈਕਾਟ, ਤੇਰੇ ਇਤਿਹਾਸਾਂ ਨੂੰ ਖਿਆਲ ਨਹੀਂਉਂ ਭੁੱਲਣੇ।

ਆਉਂਦੀਆਂ ਬਸੰਤਾਂ ਰਹੀਆਂ, ਆਉਣਗੀਆਂ, ਜਾਣਗੀਆਂ, ਤੂੰ ਕਦੋਂ ਆਉਣੈ ? ਇਹ ਸਵਾਲ ਨਹੀਂਉਂ ਭੁੱਲਣੇ।

ਅੱਜ ਵੀ ਪਏ ਗ਼ੈਰ ਤੇਰੇ ਹਿੰਦ ਤਾਂਈ ਘੂਰਦੇ ਨੇ, ਕਰੇ ਬੈਠੀ ਲੀਡਰੀ ਖਿਆਲੀ ਜੋੜ ਤੋੜ ਹੈ।

ਪੱਤਾ ਪੱਤਾ, ਜ਼ਰਾ ਜ਼ਰਾ, ਚੱਪਾ ਚੱਪਾ ਕੂਕੇ ਪਿਆ, ਸਤਿਗੁਰੂ ਰਾਮ ਸਿੰਘ ਤੇਰੀ ਅੱਜ ਲੋੜ ਹੈ।"

**'ਤੇਰੀ ਅੱਜ ਲੋੜ ਹੈ'-ਬਿਸ਼ਨ ਸਿੰਘ ਉਪਾਸ਼ਕ**

"ਨਾ ਕਲੀ ਟਹਿਕਦੀ, ਨ ਫੁੱਲ ਮੁਸਕਰਾਉਂਦਾ।
ਨਾਂ ਬੁਲਬੁਲ ਨੂੰ, ਮਸਤੀ ਮਈ ਗੀਤ ਆਉਂਦਾ।
ਜੇ ਪ੍ਰਗਟ ਇਹ ਭੈਣੀ ਪਿਆਰਾ ਨਾ ਹੁੰਦਾ।
ਜੇ ਚੜ੍ਹਿਆ ਇਹ ਨੂਰੀ ਸਿਤਾਰਾ ਨਾ ਹੁੰਦਾ।
ਨਾ ਮੰਦਰ ਕੋਈ ਗੁਰਦੁਆਰਾ ਨਾ ਹੁੰਦਾ।
ਤੇ ਭਾਰਤ ਦਾ ਅੱਜ ਇਹ ਨਜ਼ਾਰਾ ਨਾ ਹੁੰਦਾ।
ਬਸੰਤਾਂ ਇਹ ਹਰ ਸਾਲ ਕਿਹੜਾ ਮਨਾਉਂਦਾ ?
ਜੇ ਮਾਲਾ ਪਕੜ ਚੀਨੀ ਵਾਲਾ ਨਾ ਆਉਂਦਾ।
ਨਾ ਜਾਂਦੀ ਕਾਇਰਤਾ, ਬੇ-ਸਮਝੀ ਤੇ ਤੰਗੀ।
ਬੱਸ ਹੁੰਦੇ ਸ਼ਰਾਬੀ, ਅਫ਼ੀਮੀ ਜਾਂ ਭੰਗੀ।
ਨਾ ਮਿਲਦਾ ਕਿਸੇ ਨੂੰ ਕੋਈ ਸਤਿਸੰਗੀ।
ਨਾ ਕਰਦਾ ਕਦੇ ਗੋਲ ਬਿਸਤਰ ਫਰੰਗੀ।
ਤੇ ਗਾਂਧੀ ਨੂੰ ਕਿਹੜਾ ਅਹਿੰਸਾ ਪੜ੍ਹਾਉਂਦਾ ?
ਜੇ ਮਾਲਾ ਪਕੜ ਚੀਨੀ ਵਾਲਾ ਨਾ ਆਉਂਦਾ।

**(ਜੇ ਮਾਲਾ ਪਕੜ ਚੀਨੀ ਵਾਲਾ ਨਾ ਆਉਂਦਾ-ਗੁਰਬਖਸ਼ ਸਿੰਘ 'ਸ਼ੌਂਕ')**

ਉਸ ਸਮੇਂ 'ਨਵਾਂ ਹਿੰਦੁਸਤਾਨ' ਪਰਚਾ ਜਾਰੀ ਰੱਖਣ ਲਈ ਸੰਤ ਜੀ ਨੂੰ ਜੋ ਜੋ ਜ਼ਫਰ ਜਾਲਣੇ ਪਏ ਉਹ 'ਆਪਣੀ ਗੱਲ' ਵਿਚ ਦਰਜ ਕਰ ਗਏ ਹਨ। ਉਨ੍ਹਾਂ ਨੇ ਅਖ਼ਬਾਰ ਨੂੰ ਚੱਲਦਾ ਰੱਖਣ ਲਈ ਵੱਡੇ ਲੜਕੇ ਮਨਧੀਰ ਨੂੰ ਨਾਲ ਲੈ ਕੇ ਤਿੰਨਾਂ ਨੂੰਹਾਂ ਦੇ ਲੁਕਾ ਛਿਪ ਕੇ ਰੱਖੇ ਗਹਿਣੇ ਗੱਟੇ ਵੀ ਵੇਚ ਕੇ, ਪੈਸੇ ਅਖ਼ਬਾਰ 'ਤੇ ਲਾ ਦਿੱਤੇ। ਪਰ 'ਸੋਨੇ ਵਾਲੇ' ਪੈਸੇ ਖਤਮ ਹੁੰਦਿਆਂ ਬਹੁਤਾ ਚਿਰ ਨਾ ਲੱਗਾ ਕਿਉਂਕਿ ਸਾਡੇ ਘਰ ਵਿਚ ਇਸ ਮੌਕੇ 22 ਮੈਂਬਰਾਂ ਵਾਸਤੇ ਆਟਾ ਗੁੱਝਦਾ ਤੇ ਰੋਟੀਆਂ ਪੱਕਦੀਆਂ ਸਨ। ਪੰਜ ਪੁੱਤਰ, ਪੰਜ ਧੀਆਂ, ਤਿੰਨ ਨੂੰਹਾਂ, ਤਿੰਨ ਪੋਤਰੇ ਪੋਤਰੀਆਂ, ਇਕ ਮਾਤਾ, ਦੋ ਜੀ ਅਸੀਂ, ਇਕ ਅੱਧ ਵਰਕਰ ਤੇ ਇਕ ਦੋ ਆਏ ਗਏ।

"ਪਾਠਕ ਅਨੁਭਵ ਕਰ ਸਕਦੇ ਹਨ ਕਿ ਏਡੇ ਪਰਿਵਾਰ ਉੱਤੇ ਜਦੋਂ ਕੋਈ ਸੰਕਟ ਆ ਜਾਵੇ ਉਸਦਾ ਜੀਵਨ ਨਿਰਬਾਹ ਕਿਵੇਂ ਹੋ ਸਕਦਾ ਹੈ। ਰਮੇਸ਼ ਨਗਰ ਵਿਚ ਸਾਡੀਆਂ ਦੋ ਦੁਕਾਨਾਂ ਕਰਿਆਨੇ ਤੇ ਬਜ਼ਾਜੀ ਦੀਆਂ ਬੜੀ ਕਾਮਯਾਬੀ ਨਾਲ ਚੱਲ ਰਹੀਆਂ ਸਨ,

ਜਿਨ੍ਹਾਂ ਦੀ ਮਾਸਿਕ ਆਮਦਨ ਪੰਜ ਛੇ ਸੌ ਰੁਪਏ ਤੋਂ ਘੱਟ ਨਹੀਂ ਸੀ। ਜਦੋਂ ਅਖ਼ਬਾਰ ਸੰਕਟ ਵਿਚ ਫਸ ਗਿਆ ਤਾਂ ਅਸਾਂ ਦੁਕਾਨਾਂ ਵਿਚੋਂ ਵੀ ਕੁਝ ਰਕਮ ਕੱਢਣੀ ਆਰੰਭ ਕਰ ਦਿੱਤੀ।"[8]

ਸੰਤ ਜੀ ਆਰਥਿਕ ਸੰਕਟ ਵਿਚ ਵੀ ਜੂਝ ਰਹੇ ਸਨ। ਇਸੇ ਸਮੇਂ ਉਨ੍ਹਾਂ ਦੇ ਪ੍ਰੈਸ ਅੱਗੇ ਇਕ ਨਾਲਾ ਪੁੱਟਿਆ ਜਾ ਰਿਹਾ ਸੀ। ਸਾਲ ਭਰ ਉਸ ਦੀ ਮਿੱਟੀ ਬੂਹੇ ਅੱਗੇ ਪਈ ਰਹੀ। ਪ੍ਰੈਸ ਦਾ ਛੋਟਾ ਮੋਟਾ ਕੰਮ ਵੀ ਰੁਕ ਗਿਆ। ਜਦੋਂ ਘਰ ਵਿਚ ਅਖ਼ਬਾਰ ਬੰਦ ਕਰਨ ਦੀ ਚਰਚਾ ਹੁੰਦੀ ਤਾਂ ਸੰਤ ਜੀ ਵੀਟੋ ਕਰ ਦਿੰਦੇ। ਉਹ ਲਿਖਦੇ ਹਨ ਕਿ ਸਤਿਗੁਰੂ ਪਰਤਾਪ ਸਿੰਘ ਜੀ ਫਰਮਾਇਆ ਕਰਦੇ ਸਨ ਕਿ ਆਲਿਮ ਜੀ ਵਰਗੀ ਦਿਓ ਕੱਦ ਸ਼ਖ਼ਸੀਅਤ ਵੀ ਲੁਧਿਆਣੇ ਤੋਂ ਹਿੰਦੀ, ਪੰਜਾਬੀ ਵਿਚ ਦੋ ਪਰਚੇ ਕੱਢ ਕੇ, ਛੇਤੀ ਹੀ ਬੰਦ ਕਰ ਬੈਠੇ ਸਨ। ਇਸ ਹਿਸਾਬ ਮੰਗਲ ਸਿੰਘ ਤਕੜਾ ਨਿਕਲਿਆ ਸੀ। ਸੋ ਹੁਣ ਸੰਤ ਜੀ ਸੋਚਦੇ ਸਨ ਕਿ ਜੇ ਮੈਂ ਅਖ਼ਬਾਰ ਬੰਦ ਕਰ ਦਿੱਤੀ ਤਾਂ ਅਗਲੇ ਸੌ ਸਾਲਾਂ ਵਿਚ ਵੀ ਕੋਈ ਨਾਮਧਾਰੀ, ਪੰਥਕ ਪ੍ਰਚਾਰ ਦੀ ਲਗਨ ਨਾਲ, ਅਖ਼ਬਾਰ ਨਹੀਂ ਕੱਢ ਸਕੇਗਾ। ਇਸ ਲਈ ਅਖ਼ਬਾਰ ਜਾਰੀ ਰੱਖਣ ਲਈ ਉਨ੍ਹਾਂ ਆਪਣੇ ਵੱਡੇ ਪਰਿਵਾਰ ਨੂੰ, ਖਿੱਲਰ ਪੁੱਲਰ ਜਾਣ ਦੇ ਹੁਕਮ ਸੁਣਾਏ ਕਿ ਜਿੱਥੇ ਕਿਸੇ ਦੇ ਸਿੰਗ ਸਮਾਉਂਦੇ ਹਨ, ਉਥੇ ਜਾ ਕੇ ਰੋਟੀ ਕਮਾਉ। ਸੰਤ ਜੀ ਦੀ ਇਕ ਬੜੀ ਹੀ ਸੁਸ਼ੀਲ ਵਿਚਾਰਾਂ ਦੀ ਕੰਨਿਆਂ 'ਸਤਿਨਾਮ ਕੌਰ', ਅੰਮ੍ਰਿਤਸਰ ਕਲਾਂ (ਸਿਰਸਾ) ਵਿਖੇ ਮੰਗੀ ਹੋਈ ਸੀ। ਪਰਿਵਾਰਕ ਹਾਲਾਤ ਵੇਖ ਕੇ ਉਸ ਕੁੜੀ ਨੇ ਸੋਚਿਆ ਕਿ ਮੇਰੀ ਸ਼ਾਦੀ ਦਾ ਮਸਲਾ, ਬੇਸ਼ਕ ਅਤਿ ਸਾਦਾ ਵਿਆਹ ਹੋਵੇ, ਕੁਝ ਮਹਿਮਾਨ ਤਾਂ ਆਉਣਗੇ ਹੀ, ਪਰਿਵਾਰ ਰੋਟੀ ਤੋਂ ਆਤੁਰ ਬੈਠਾ ਹੈ, ਉਹ ਭਲੀ ਲੋਕ ਆਪਣੇ ਆਪ ਨੂੰ ਅੱਗ ਲਾ ਕੇ, ਚਲਾਣਾ ਕਰ ਗਈ। ਪਰ ਲਾਇਲਪੁਰੀ ਜੀ ਉਸ ਦਿਲ ਕੰਬਾਊ ਘਟਨਾ ਤੋਂ ਬਾਅਦ ਵੀ ਅਖ਼ਬਾਰ ਕੱਢਣ ਦੇ ਜੋਸ਼ ਤੋਂ ਮੁਕਤ ਨਾ ਹੋਏ।

ਸੰਤ ਜੀ ਜਦੋਂ ਪਿੰਡ ਗੰਗਾ ਸਿੰਘ ਵਾਲਾ ਵਿਚ ਰਹਿੰਦੇ ਸਨ, ਤਾਂ ਪੁਸਤਕਾਂ ਆਪ ਪੜ੍ਹਨ ਤੇ ਹੋਰਨਾਂ ਨੂੰ ਪੜ੍ਹਾਉਣ ਦਾ ਇਨ੍ਹਾਂ ਦਾ ਸ਼ੌਕ ਬੜਾ ਪ੍ਰਬਲ ਸੀ। ਉਸ ਪਿੰਡ ਦੇ ਮਹੰਤ ਬਖਸ਼ੀਸ਼ ਸਿੰਘ ਜੀ ਦੇ ਸਪੁੱਤਰ, ਮੁਖਤਾਰ ਸਿੰਘ ਨਾਂ ਦੇ ਨੌਜੁਆਨ ਨੇ ਸੰਤ ਜੀ ਦੇ ਪ੍ਰਭਾਵ ਹੇਠ, ਲਿਖਣ ਪੜ੍ਹਨ ਵੱਲ ਵੱਡੀਆਂ ਪੁਲਾਂਘਾ ਪੁੱਟੀਆਂ। ਵੰਡ ਬਾਅਦ ਇਹੋ ਮੁਖਤਾਰ ਸਿੰਘ ਗੱਗੜ ਭਾਣਾ (ਅੰਮ੍ਰਿਤਸਰ) ਵਿਖੇ ਆਬਾਦ ਹੋ ਗਏ। ਉਹ ਸੰਤ ਜੀ ਬਾਰੇ ਆਪਣੇ ਸੰਸਮਰਣ ਇਉਂ ਸਾਂਝੇ ਕਰਦੇ ਹਨ: "ਮੈਨੂੰ ਜੀਵਨ ਦਿਸ਼ਾ ਪ੍ਰਦਾਨ ਕਰਨ ਵਾਲੇ ਪਹਿਲੇ ਵਿਅਕਤੀ ਸੰਤ ਮੰਗਲ ਸਿੰਘ ਲਾਇਲਪੁਰੀ ਸਨ। ਮੇਰਾ ਪਿਛਲਾ ਪਿੰਡ ਗੰਗਾ ਸਿੰਘ ਵਾਲਾ ਜ਼ਿਲ੍ਹਾ ਲਾਇਲਪੁਰ ਹੈ। ਇਸ ਪਿੰਡ ਦਾ ਨਾਂ ਮੇਰੇ ਪਿਤਾ ਜੀ ਦੇ ਨਾਨੇ ਦੇ ਨਾਮ ਉਪਰ ਰੱਖਿਆ ਗਿਆ। ਸੰਯੋਗ ਵੱਸ ਲਾਇਲਪੁਰੀ ਪਰਿਵਾਰ ਏਥੇ ਆ ਵੱਸਿਆ। ਇਹ ਪਿੰਡ ਕਰੀਬ-ਕਰੀਬ ਸਾਰਾ ਨਾਮਧਾਰੀ ਸੀ। ਸਾਡਾ ਪਰਿਵਾਰ ਵੀ ਬ੍ਰਿਟਿਸ਼ ਰਾਜ ਸਮੇਂ, ਅੰਗਰੇਜ਼ੀ ਸਕੂਲਾਂ, ਕਾਲਜਾਂ ਦਾ ਬਾਈਕਾਟ ਕਰਨ ਕਰਕੇ ਕੋਈ ਸਕੂਲੀ ਤਾਲੀਮ ਹਾਸਲ ਨਾ ਕਰ ਸੱਕਿਆ। ਲਾਇਲਪੁਰੀ ਜੀ ਰੁਜ਼ਗਾਰ ਪੱਖੋਂ ਕਰਦੇ

ਤਾਂ ਦੁਕਾਨਦਾਰੀ ਸਨ ਪਰ ਨਾਮਧਾਰੀ ਪ੍ਰਚਾਰ ਇਨ੍ਹਾਂ ਦੇ ਦਿਲੋ ਦਿਮਾਗ ਵਿਚ ਹਰ ਸਮੇਂ ਸਮਾਇਆ ਰਹਿੰਦਾ ਸੀ। ਇਨ੍ਹਾਂ ਦੇ ਦੀਵਾਨਾਂ ਤੇ ਭਾਸ਼ਣਾਂ ਨੇ ਸਾਡੇ ਪਿੰਡ ਉਪਰ ਬੜਾ ਗਹਿਰਾ ਪ੍ਰਭਾਵ ਪਾਇਆ ਹੋਇਆ ਸੀ। ਸਾਰੇ ਪਿੰਡ ਵਾਸੀ ਇਨ੍ਹਾਂ ਦਾ ਬੜਾ ਆਦਰ ਤੇ ਸਤਿਕਾਰ ਕਰਦੇ ਸਨ। ਬੱਚਿਆਂ ਨੂੰ ਪੜ੍ਹਾਉਣ ਦਾ ਬੜਾ ਸ਼ੌਂਕ ਰੱਖਦੇ ਸਨ। ਜਦੋਂ ਮੈਂ ਇਨ੍ਹਾਂ ਦੇ ਘਰ ਗਿਆ ਤਾਂ ਬਹੁਤ ਸਾਰੀਆਂ ਪੁਸਤਕਾਂ ਤੇ ਰਸਾਲੇ, ਲਾਇਬਰੇਰੀ ਦੇ ਰੂਪ ਵਿਚ ਵੇਖਣ ਨੂੰ ਮਿਲੇ। ਨਾਮਧਾਰੀ ਇਤਿਹਾਸਕ ਪੁਸਤਕਾਂ ਤੋਂ ਬਿਨਾਂ, ਸ੍ਰ. ਗੁਰਬਖਸ਼ ਸਿੰਘ ਪ੍ਰੀਤਲੜੀ ਤੇ ਸ੍ਰ. ਨਾਨਕ ਸਿੰਘ ਦੀਆਂ ਪੁਸਤਕਾਂ, ਲਾਇਬਰੇਰੀ ਦਾ ਸ਼ਿੰਗਾਰ ਸਨ। ਅਮਰੀਕਨ ਲੇਖਕ ਡੇਲ ਕਾਰਨੇਗੀ ਦੀ ਹਿੰਦੀ ਤਰਜਮਾ ਪੁਸਤਕ ਲੋਕ ਵਿਵਹਾਰ ਤੇ ਹਿੰਦੀ ਦੇ ਉੱਚ ਕੋਟੀ ਦੇ ਲੇਖਕ ਰਾਹੁਲ ਸੰਕਰਾਤਾਈਨ ਦੀ 'ਬਾਈਸਵੀਂ ਸਦੀ' ਪੁਸਤਕਾਂ ਦੇ ਦਰਸ਼ਨ ਹੋਏ। ਸੰਤਾਂ ਦੀ ਇਸ ਲਾਇਬਰੇਰੀ ਨੇ ਮੇਰੇ ਅੰਦਰ ਇਕ ਪੜ੍ਹਨ ਦੀ ਲਾਲਸਾ ਤੇ ਖਿੱਚ ਪੈਦਾ ਕਰ ਦਿੱਤੀ। ਇੱਕ ਇੱਕ ਕਰਕੇ ਪੁਸਤਕਾਂ ਨੂੰ ਵਾਚਣਾ ਸ਼ੁਰੂ ਕੀਤਾ। ਸੰਤਾਂ ਨਾਲ ਕਈ ਇਕ ਵਿਸ਼ਿਆਂ 'ਤੇ ਚਰਚਾ ਚਲਦੀ ਰਹਿੰਦੀ।... ਸੰਤ ਲਾਇਲਪੁਰੀ ਜੀ ਬਹੁਤ ਵੱਡੇ ਆਦਰਸ਼ਵਾਦੀ ਸਨ। ਸਾਂਝੀਵਾਲਤਾ ਦੇ ਹਿਮਾਇਤੀ... ਸੰਤਾਂ ਦੀ ਪ੍ਰਬਲ ਇੱਛਾ ਸੀ ਕਿ ਨਾਮਧਾਰੀ ਸਮਾਜ ਦਾ ਕੋਈ ਬਸ਼ਰ ਅਨਪੜ੍ਹ ਨਾ ਹੋਵੇ, ਕੋਈ ਨੌਜਵਾਨ ਬੇਕਾਰ ਨਾ ਹੋਵੇ।"[9]

ਪੰਜਾਬੀ ਸੂਬੇ ਦੇ ਮੋਰਚੇ ਤੋਂ ਕੁਝ ਪਹਿਲੇ ਸਮੇਂ ਵਿਚ ਇਕ ਵੇਰ ਅਕਾਲੀ ਆਗੂ ਮਾਸਟਰ ਤਾਰਾ ਸਿੰਘ ਹੋਰਾਂ ਨੇ ਸਭ ਪੰਜਾਬੀ ਦੁਕਾਨਦਾਰਾਂ ਨੂੰ ਆਪਣੀਆਂ ਦੁਕਾਨਾਂ ਦੇ ਸਾਈਨ ਬੋਰਡ ਪੰਜਾਬੀ ਵਿਚ ਲਿਖਣ ਦੀ ਅਪੀਲ ਕੀਤੀ ਸੀ ਇਸ ਤੇ ਟਿੱਪਣੀ ਕਰਦਿਆਂ ਲਾਇਲਪੁਰੀ ਜੀ ਨੇ ਲਿਖਿਆ ਸੀਃ "ਮੇਰੇ ਖਿਆਲ ਵਿਚ ਪੰਜਾਬੀ ਦੇ ਸਾਈਨ ਬੋਰਡ ਵੀ ਬੇਸ਼ਕ ਸਭ ਦੁਕਾਨਦਾਰ ਲਟਕਾ ਲੈਣ ਪਰ ਸਭ ਤੋਂ ਜ਼ਰੂਰੀ ਤੇ ਫੌਰੀ ਕੰਮ ਜੋ ਪੰਜਾਬੀ ਰਖਸ਼ਕਾਂ ਨੂੰ ਕਰਨਾ ਲੋੜੀਂਦਾ ਹੈ ਉਹ ਇਹ ਹੈ ਕਿ ਸਭ ਪੰਜਾਬੀਆਂ ਦੇ ਹੱਥਾਂ ਵਿਚ ਰੋਜ਼ ਸਵੇਰੇ ਪੰਜਾਬੀ ਦੇ ਅਖ਼ਬਾਰ ਹੋਣੇ ਚਾਹੀਦੇ ਹਨ। ਇਹ ਜ਼ਰੂਰੀ ਨਹੀਂ ਕਿ ਉਹ ਸਿੱਖਾਂ ਵੱਲੋਂ ਛਪਦੇ ਹੋਣ ਜਾਂ ਹਿੰਦੂਆਂ, ਮੁਸਲਮਾਨਾਂ ਵੱਲੋਂ ਕਿਉਂ ਨਾ ਪ੍ਰਕਾਸ਼ਿਤ ਹੁੰਦੇ ਹੋਣ।"[10]

ਜਦੋਂ ਦੇ ਸੰਤ ਜੀ 'ਨਵਾਂ ਹਿੰਦੁਸਤਾਨ' ਅਖ਼ਬਾਰ ਤੋਂ ਵੱਖ ਹੋਏ ਸਨ ਉਨ੍ਹਾਂ ਨੂੰ ਆਪਣੀ ਦੇਹ ਵਿਚੋਂ ਕੁਝ ਕੁਝ ਖੁਰਦਾ, ਖੁੱਸਦਾ ਮਹਿਸੂਸ ਹੁੰਦਾ ਸੀ। ਜਿਸ ਅਖ਼ਬਾਰ ਦੀ ਜੋਤ ਜਗਦੀ ਰੱਖਣ ਲਈ ਉਸ ਦੇ ਦੀਪਕ ਵਿਚ ਉਨ੍ਹਾਂ ਤੇਲ ਦੀ ਥਾਂ ਜਿਗਰ ਦਾ ਖ਼ੂਨ ਚੋਇਆ ਸੀ ਉਸਦਾ ਵਿਛੋੜਾ ਉਨ੍ਹਾਂ ਲਈ ਬੜਾ ਘਾਤਕ ਸਿੱਧ ਹੋਇਆ। ਸਿਰਫ਼ 58 ਕੁ ਸਾਲ ਦੀ ਉਮਰ ਵਿਚ ਸੰਤ ਜੀ ਕੁਝ ਚਿਰ ਬੀਮਾਰ ਰਹਿ ਕੇ ਦਿੱਲੀ ਦੇ ਵਲਿੰਗਡਨ ਹਸਪਤਾਲ ਵਿਚ, 10 ਅਪ੍ਰੈਲ 1966 ਨੂੰ ਅਕਾਲ ਚਲਾਣਾ ਕਰ ਗਏ। ਉਨ੍ਹਾਂ ਨਮਿਤ 19, ਬਾਲੀ ਨਗਰ, ਉਨ੍ਹਾਂ ਦੇ ਗ੍ਰਹਿ ਵਿਖੇ, ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਅੰਤਿਮ ਅਰਦਾਸ ਹੋਈ। ਸੰਤਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਯੁਵਾ ਪੱਤਰਕਾਰ

ਹਰਚਰਨ ਸਿੰਘ ਨਿਰਮਾਣ ਨੇ ਲਿਖਿਆ ਸੀ: "ਸੰਤ ਜੀ ਸਾਰੀ ਉਮਰ ਪੱਤਰਕਾਰੀ ਨੂੰ ਸਮਰਪਿਤ ਰਹੇ ਤੇ ਬੁਢੇਪਾ ਆਪ ਦੇ ਉਤਸ਼ਾਹ ਨੂੰ ਜ਼ਰਾ ਵੀ ਮੱਠਾ ਨਾ ਪਾ ਸਕਿਆ। ਆਪ ਯੂਨਾਨੀ ਦੁਖਾਂਤ ਨਾਟਕਾਂ ਦੇ ਨਾਇਕ ਵਾਂਗ ਆਦਰਸ਼ ਤੇ ਅਭਿਵਿਅਕਤੀਆਂ ਦੀ ਪੂਰਤੀ ਲਈ ਜੂਝਦੇ ਰਹੇ ਅਤੇ ਇਸੇ ਕਮਜ਼ੋਰੀ ਦੀ ਸਾਧਨਾਂ ਵਿਚ ਬਹੁਤ ਸਾਰੀਆਂ ਸਹੂਲਤਾਂ ਤੇ ਜ਼ਿੰਮੇਵਾਰੀਆਂ ਦੀ ਕੁਰਬਾਨੀ ਵੀ ਦਿੰਦੇ ਰਹੇ।"

ਸੰਤ ਜੀ ਦਾ ਅਨੰਦ ਕਾਰਜ ਬੀਬੀ ਭਾਗਵੰਤੀ ਨਾਲ ਹੋਇਆ ਸੀ। ਸਮੇਂ-ਸਮੇਂ ਆਪ ਜੀ ਦੇ ਘਰ ਪੰਜ ਪੁੱਤਰਾਂ ਨੇ ਜਨਮ ਲਿਆ ਜਿਨ੍ਹਾਂ ਦੇ ਨਾਮ ਹਨ; ਸ਼ਰਮ ਸਿੰਘ ਉਰਫ਼ ਐਸ.ਐਸ. ਮਨਧੀਰ, ਕਾ. ਹਰਭਜਨ ਸਿੰਘ, ਬਖਸ਼ੀਸ਼ ਸਿੰਘ, ਕਰਤਾਰ ਸਿੰਘ ਅਤੇ ਸਰਬ ਸ਼ਕਤੀਮਾਨ। ਪੰਜ ਹੀ ਪੁੱਤਰੀਆਂ ਹੋਈਆਂ ਬਲਬੀਰ ਕੌਰ, ਰਮੇਸ਼ ਕੌਰ, ਸਰਬ ਸੁਖ, ਪ੍ਰਿਤਪਾਲ ਕੌਰ ਅਤੇ ਸਤਿਨਾਮ ਕੌਰ। ਆਪ ਜੀ ਦਾ ਪਰਿਵਾਰ ਕਾਫੀ ਫਲਿਆ ਫੁਲਿਆ ਹੈ। ਆਪ ਦੀ ਸਾਹਿਤਕ ਪੱਤਰਕਾਰਤਾ ਦੀ ਵਿਰਾਸਤ ਸੁਰਗਵਾਸੀ ਐਸ.ਐਸ. ਮਨਧੀਰ ਅਤੇ ਹੁਣ ਸਰਬ ਸ਼ਕਤੀਮਾਨ ਹੋਰਾਂ ਨੇ ਸੰਭਾਲੀ ਹੋਈ ਹੈ। ਸੰਤ ਜੀ ਦੀ ਰੀਝ ਸੀ ਕਿ ਉਨ੍ਹਾਂ ਦੇ ਪਰਿਵਾਰ ਵਿਚੋਂ ਕੋਈ ਇਕ ਪੰਜਾਬੀ ਪਰਚਾ ਜ਼ਰੂਰ ਨਿਕਲਣਾ ਚਾਹੀਦਾ ਹੈ। ਸਰਬ ਸ਼ਕਤੀਮਾਨ ਹੋਰੀਂ ਉਨ੍ਹਾਂ ਦੀ ਇਸੇ ਇੱਛਾ ਅੱਗੇ ਸਿਰ ਝੁਕਾਉਂਦਿਆਂ, "ਵਰਤਮਾਨ ਹਿੰਦੁਸਤਾਨ' ਨਾਂ ਦਾ ਮਾਸਿਕ ਪੱਤਰ ਅਨੇਕ ਵਰ੍ਹਿਆ ਤੋਂ ਨਿਰੰਤਰ ਛਾਪ ਰਹੇ ਹਨ।

ਸੰਤ ਮੰਗਲ ਸਿੰਘ ਲਾਇਲਪੁਰੀ ਇਕ ਲਟ-ਲਟ ਬਲਦੀ ਜਵਾਲਾ ਜਹੀ ਸ਼ਖਸੀਅਤ ਸਨ ਜਿਨ੍ਹਾਂ ਨੇ ਨਾਮਧਾਰੀ ਪੰਥ ਦਾ ਤਕਰੀਰੀ ਅਤੇ ਤਹਿਰੀਰੀ ਪ੍ਰਚਾਰ ਵੱਡੀਆਂ ਹਸਤੀਆਂ ਦੁਆਰਾ ਹੁੰਦਾ ਅੱਖੀਂ ਡਿੱਠਾ ਤੇ ਕੰਨੀਂ ਸੁਣਿਆ ਸੀ। ਉਨ੍ਹਾਂ ਨੇ ਉੱਚ ਕੋਟੀ ਦੇ ਨਾਮਧਾਰੀ ਸਾਧੂਆਂ, ਸਤਿਗੁਰੂ ਪਰਤਾਪ ਸਿੰਘ ਜੀ, ਸਤਿਗੁਰੂ ਜਗਜੀਤ ਸਿੰਘ ਜੀ ਤੇ ਹੋਰ ਪੰਥਕ ਹਸਤੀਆਂ ਦੀ ਸੰਗਤ ਵੀ ਮਾਣੀ ਸੀ। ਉਹ ਸਤਿਗੁਰੂ ਰਾਮ ਸਿੰਘ ਦੇ ਲੁੱਟ ਚੋਂਘ ਤੋਂ ਮੁਕਤ, ਧਰਤੀ ਨੂੰ ਇਕ ਰਸ ਕਰਨ ਵਾਲੇ ਵਿਚਾਰ ਦੇ ਸ਼ੈਦਾਈ ਸਨ। ਇਹੋ ਵਿਚਾਰ ਉਨ੍ਹਾਂ ਨੂੰ ਸਾਰੀ ਉਮਰ ਬਿਖੜੇ ਪੈਂਡਿਆਂ ਦਾ ਰਾਹੀ ਬਣਨ ਦੇ ਬਾਵਜੂਦ ਡੋਲਣ ਤੋਂ ਬਚਾਉਂਦਾ ਰਿਹਾ। ਆਪਣੇ ਮਿਥੇ ਟੀਚੇ ਲਈ ਇਕ ਸਧਾਰਨ ਮਨੁੱਖ, ਕਿੰਨੇ ਜ਼ਫ਼ਰ ਜਾਲ ਸਕਦਾ ਹੈ, ਉਹ ਇਸਦੀ ਮਿਸਾਲ ਸਨ।

## ਹਵਾਲੇ ਤੇ ਟਿੱਪਣੀਆਂ

1. ਆਪਣੀ ਗੱਲ- ਸ੍ਵੈ ਜੀਵਨੀ ਸੰਤ ਮੰਗਲ ਸਿੰਘ ਲਾਇਲਪੁਰੀ, ਸਫ਼ਾ 58-60, ਪਹਿਲਾਂ ਇਹ ਸ੍ਵੈ ਜੀਵਨੀ, ਸੰਤ ਮੰਗਲ ਸਿੰਘ ਲਾਇਲਪੁਰੀ ਦੁਆਰਾ 18, ਬਾਲੀ ਨਗਰ, ਦਿੱਲੀ ਤੋਂ ਸੰਪਾਦਿਤ ਅਤੇ ਪ੍ਰਕਾਸ਼ਿਤ ਰੋਜ਼ਾਨਾ 'ਆਜ਼ਾਦ ਹਿੰਦੁਸਤਾਨ' ਨਾਮ ਦੇ ਇਕ ਪਰਚੇ ਵਿਚ 1965 ਈ. ਵਿਚ ਲੜੀ ਵਾਰ ਛਪੀ ਸੀ।
2. ਸਤਿਜੁਗ, ਨਾਮਧਾਰੀ ਸਾਹਿਤਕਾਰ ਵਿਸ਼ੇਸ਼ ਅੰਕ 2059 ਬਿ. ਐਸ.ਐਸ.

ਮਨਧੀਰ ਦਾ ਲੇਖ: ਸੰਘਰਸ਼ਮਈ ਸ਼ਖ਼ਸੀਅਤ–ਸੰਤ ਮੰਗਲ ਸਿੰਘ ਲਾਇਲਪੁਰੀ, ਸਫ਼ਾ 81

3. ਉਹੀ, ਸਫ਼ਾ 82
4. ਉਹੀ, ਸਫ਼ਾ 82–83
5. ਆਪਣੀ ਗੱਲ, ਸਫਾ 54–57
6. ਸਤਿਜੁਗ ਉਪਰੋਕਤ ਅੰਕ, ਸਫਾ 84
7. ਵਰਤਮਾਨ ਹਿੰਦੁਸਤਾਨ (ਮਾਸਿਕ) ਨਵੀਂ ਦਿੱਲੀ–15 ਅਪ੍ਰੈਲ, 2008, ਡਾ. ਮਨਜੀਤ ਸਿੰਘ ਹੋਰਾਂ ਦਾ ਲੇਖ "ਸੰਤ ਮੰਗਲ ਸਿੰਘ ਲਾਇਲਪੁਰੀ: ਇਕ ਸੰਸਥਾ, ਇਕ ਰੂਹਾਨੀ ਸ਼ਖ਼ਸੀਅਤ, ਸਫਾ 5
8. ਆਪਣੀ ਗੱਲ, ਸਫ਼ਾ 33–35
9. ਵਰਤਮਾਨ ਹਿੰਦੁਤਸਾਨ (ਪੰਜਾਬੀ ਮਾਸਿਕ) ਨਵੀਂ ਦਿੱਲੀ, ਅਪਰੈਲ 2009, ਮੁਖਤਾਰ ਸਿੰਘ ਗੱਗੜ ਭਾਣਾ ਦਾ ਲੇਖ: "ਸੰਤ ਮੰਗਲ ਸਿੰਘ ਲਾਇਲਪੁਰੀ ਮੇਰੇ ਗੁਰੂ ਰੂਪ ਸਨ", ਸਫ਼ਾ 13–14
10. ਸਪਤਾਹਿਕ 'ਨਵਾਂ ਹਿੰਦੁਸਤਾਨ', ਨਵੀਂ ਦਿੱਲੀ, 15 ਜੁਲਾਈ, 1957, 'ਮਾ: ਜੀ ਦਾ ਪੰਜਾਬੀ ਲਈ ਸੁਝਾਉ", ਸੰਪਾਦਕੀ ਟਿੱਪਣੀ, ਸਫਾ 6

# ਸਮਰਪਿਤ ਸਿੱਖ-ਸਫਲ ਡੇਰਾ ਪ੍ਰਬੰਧਕ, ਜਥੇਦਾਰ ਗੁਰਮੁਖ ਸਿੰਘ ਝੱਬਰ

ਚੇਤੇ ਦੇ ਘੁਸਮੁਸੇ ਹਨੇਰਿਆਂ ਵਿਚੋਂ ਜਿਹੜਾ ਬਿੰਬ ਉਭਰਦਾ ਹੈ ਉਹ ਬਾਪੂ ਜੀ ਦਾ ਹੈ ਜਦੋਂ ਉਹ ਆਪਣੀ ਉਮਰ ਦੇ ਸੱਠਵਿਆਂ ਦੇ ਤੀਜੇ ਚੌਥੇ ਵਰ੍ਹੇ ਵਿਚ ਸਨ ਕਰੜ ਬਰੜੀ ਭਰਵੀਂ ਦਾੜ੍ਹੀ, ਗੋਰਾ ਨਿਛੋਹ ਰੰਗ, ਛੇ ਫੁੱਟ ਤੋਂ ਪੋਟਾ ਅੱਧਾ ਉੱਚਾ ਕੱਦ, ਸਰੀਰ ਛਾਂਟਿਆ ਹੋਇਆ ਅਤੇ ਫੁਰਤੀਲਾ। ਅੱਖਾਂ ਛੋਟੀਆਂ ਵੀ ਨਹੀਂ ਅਤੇ ਜ਼ਿਆਦਾ ਵੱਡੀਆਂ ਵੀ ਨਹੀਂ। ਤੱਕਣੀ ਇਹੋ ਜਹੀ ਕਿ ਅਗਲੇ ਦੇ ਧੁਰ ਅੰਦਰਲੇ ਤੱਕ ਡੂੰਘੀ ਲਹਿ ਜਾਣ ਵਾਲੀ। ਨੱਕ ਦੀ ਘੋੜੀ ਰਤਾ ਕੁ ਸੱਜੇ ਪਾਸੇ ਨੂੰ ਮੁੜੀ ਹੋਈ। ਮੱਥਾ ਚੌੜਾ। ਸਿਰ ਤੇ ਨਾਮਮਾਤਰ ਕੇਸਾਂ ਦਾ ਜੂੜਾ ਜਿਹਨਾਂ ਦਾ ਰੰਗ ਅੰਤ ਸਮੇਂ ਤੱਕ ਵੀ ਅੱਧਿਆਂ ਦਾ ਕਾਲਾ ਹੀ ਰਿਹਾ। ਜਦੋਂ ਉਹ ਚੌਂਕੀ ਤੇ ਬੈਠ ਕੇ ਇਸ਼ਨਾਨ ਕਰਦੇ ਸਨ ਤਾਂ ਉਸ ਸਮੇਂ ਉਹਨਾਂ ਦੀ ਸ਼ਕਲ, ਅੰਮ੍ਰਿਤਸਰ ਦੇ ਕੇਂਦਰੀ ਸਿੱਖ ਅਜਾਇਬ ਘਰ ਵਿਚ ਲੱਗੇ ਬੰਦ-ਬੰਦ ਕਟਵਾਉਣ ਵਾਲੇ ਭਾਈ ਮਨੀ ਸਿੰਘ ਦੇ ਚਿੱਤਰ ਨਾਲ ਮਿਲਣ ਦਾ ਭੁਲੇਖਾ ਪਾਉਂਦੀ ਸੀ। ਬਸਤਰਾਂ ਦੇ ਤੌਰ ਤੇ ਗਰਮੀਆਂ ਵਿਚ ਨਾਮਧਾਰੀ ਕਾਟ ਦਾ ਕੁੜਤਾ, ਸ਼ੁੱਧ ਖੱਦਰ ਦਾ ਅਤੇ ਕਛੈਹਰਾ। ਸਿਆਲ ਵਿਚ ਜਾਂ ਕਿਤੇ ਆਉਣ ਜਾਣ ਸਮੇਂ ਰੇਬ ਪਜਾਮਾ। ਦਸਤਾਰ ਸਮੇਤ ਬਾਕੀ ਬਸਤਰ ਸਦਾ ਹੀ ਚਿੱਟੇ ਰੰਗ ਦੇ ਹੁੰਦੇ ਸਿਵਾਏ ਕਿਸੇ ਇਕ ਅੱਧ ਗਰਮ ਸਿਆਲੂ ਪਹਿਰਾਵੇ ਦੇ। ਅੱਤ ਸਾਦਾ ਪਹਿਰਾਵੇ ਵਿਚ ਉਹਨਾਂ ਨੂੰ ਵੇਖਿਆ ਹੈ। ਪੈਰੀਂ ਸਦਾ ਹੀ ਚਮੜੇ ਦੀ ਦੇਸੀ ਜੁੱਤੀ ਹੁੰਦੀ। ਪਹਿਰਾਵੇ ਜਿਉਂ ਉਹਨਾਂ ਦੀ ਖੁਰਾਕ ਵੀ ਅੰਤ ਸਮੇਂ ਤੱਕ ਸ਼ੁੱਧ ਸ਼ਾਤਵਿਕ ਅਤੇ ਮੋਟੀ ਠੁਲ੍ਹੀ ਹੀ ਰਹੀ। ਵਿਅਸਨਾਂ ਅਤੇ ਵਿਅੰਜਨਾਂ ਤੋਂ ਉਮਰ ਭਰ ਦੂਰ ਰਹਿਣ ਵਾਲੇ ਸਾਡੇ ਬਾਪੂ ਜੀ ਨੂੰ ਨਾਮਧਾਰੀ ਜਗਤ ਵਿਚ, ਜਥੇਦਾਰ ਗੁਰਮੁਖ ਸਿੰਘ "ਝੱਬਰ" ਦੇ ਨਾਉਂ ਨਾਲ ਜਾਣਿਆ ਜਾਂਦਾ ਹੈ।

ਪੁਸਤਕ 'ਸਾਂਦਲ ਬਾਰ ਦਾ ਇਤਿਹਾਸ—ਵਿਰਕ ਅਤੇ ਹੋਰ" ਮੁਤਾਬਿਕ ਜੰਮੂ ਦੇ ਰਾਜੇ ਉਧਰ ਸੈਨ ਦੀ ਗੈਰ ਰਾਜਪੂਤ ਰਾਣੀ ਵਿਚੋਂ ਜੋ ਵਰਨ, ਧਰੰਗੜ ਅਤੇ ਵਿਰਕ ਤਿੰਨ ਪੁੱਤਰ ਥਾਰ੍ਹਵੀਂ ਸਦੀ ਈਸਵੀ ਵਿਚ ਹੋਏ ਉਹ ਜੰਮੂ ਤੋਂ ਹੇਠਾਂ ਉਤਰਕੇ ਗਜਰਾਂਵਾਲਾ, ਸ਼ੇਖੂਪੁਰਾ ਆਦਿ ਦੇ ਇਲਾਕੇ ਵਿਚ ਕੋਈ ਡੇਢ੍ਹ ਸੌ ਪਿੰਡਾਂ ਵਿਚ ਸਮਾਂ ਪਾ ਕੇ ਆਬਾਦ ਹੋ ਗਏ। ਇਹ ਇਲਾਕਾ ਆਪਣੀ ਰਾਜਪੂਤ ਬਰਾਦਰੀ ਦੀ ਤਾਕਤ ਨਾਲ ਉਹਨਾਂ ਭੱਟੀਆਂ ਤੋਂ ਖੋਹ ਲਿਆ ਸੀ। ਸਾਂਦਲ, ਲੋਕ ਨਾਇਕ, ਦੁੱਲੇ ਭੱਟੀ ਦਾ ਦਾਦਾ ਸੀ ਜਿਸ ਦੇ ਨਾਂ ਤੇ ਇਸ ਬਾਰ ਦਾ ਨਾਂ ਸਾਂਦਲ ਬਾਰ ਪਿਆ ਸੀ। ਕਾਲਾਂਤਰ ਵਿਚ ਤਿੰਨਾਂ ਭਰਾਵਾਂ ਵਿਚੋਂ ਪਰਾਕਰਮੀ ਵਿਰਕ ਦੀ ਉਲਾਦ ਹੀ ਕੌੜੀ ਵੇਲ ਜਿਉਂ ਵਧੀ। ਪੰਦਰ੍ਹਵੀਂ ਸਦੀ ਵਿਚ ਪਿੰਡ ਝੱਬਰ, ਇਸੇ ਨਾਉਂ ਦੇ ਇਕ ਵਿਅਕਤੀ ਦੇ ਨਾਂ ਤੇ ਜੰਡਿਆਲਾ ਸ਼ੇਰ ਖਾਂ, ਵਰਨ,

ਮਦਾਰ, ਸਮਸਾ ਆਦਿ ਪਿੰਡਾਂ ਦੇ ਕੋਲ ਆਬਾਦ ਹੋਇਆ। ਇਸ ਦੇ ਵੰਸ਼ਿਜ਼ ਸਾਗਰ ਨੂੰ ਭੱਟੀਆਂ ਵਿਰੁਧ ਲੜਦਿਆਂ ਵੀਰਗਤੀ ਪ੍ਰਾਪਤ ਹੋਈ। ਸਾਗਰ ਤੋਂ ਉਸਦੇ ਨਾਂ ਦੀ ਪੱਤੀ ਝੱਬਰ ਪਿੰਡ ਵਿਚ ਚੱਲੀ। ਸਾਗਰ ਦੀ ਪੱਤੀ ਵਿਚੋਂ ਤਿੰਨ ਕੁ ਸਦੀਆਂ ਪਹਿਲਾਂ, ਅਲੀ ਸ਼ੇਰ ਅਤੇ ਦਿਆਲ ਜਾਂ ਲਾਲ ਚੰਦ ਨਾਂ ਦੇ ਦੋ ਭਾਈ ਸਨ। ਮਗਰਲਾ ਜੋ ਕੁਆਰਾ ਸੀ ਉਸ ਤੋਂ ਕਤਲ ਹੋ ਗਿਆ ਤਾਂ ਵੱਡੇ ਭਾਈ ਅਲੀ ਸ਼ੇਰ ਨੇ (ਵਿਰਕਾਂ ਵਿਚ ਵੱਡੇ ਪੁੱਤਰ ਦਾ ਨਾਂ ਅਲੀ ਸ਼ੇਰ ਰੱਖਣ ਦਾ ਰਿਵਾਜ ਸੀ।) ਛੋਟੇ ਦੀ ਜੜ੍ਹ ਤੋਰਨ ਲਈ ਇਕਬਾਲੀ ਹੋ ਕੇ ਫਾਂਸੀ ਕਬੂਲ ਲਈ। ਦਿਆਲ ਦੀ ਛੇਵੀਂ ਪੀੜ੍ਹੀ ਨਨਕਾਣਾ ਸਾਹਿਬ ਦੇ ਸਾਕੇ ਦਾ ਹੀਰੋ ਕਰਤਾਰ ਸਿੰਘ ਝੱਬਰ ਸੀ। ਅਲੀ ਸ਼ੇਰ ਦੀ ਸੱਤਵੀਂ ਪੀੜ੍ਹੀ ਮੇਰਾ ਦਾਦਾ ਸੰਤ ਜਿਊਣ ਸਿੰਘ 'ਝੱਬਰ' ਸੀ। ਨਾਮਧਾਰੀਪੁਣਾ ਤਾਂ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਮੇਰੇ ਪੜਦਾਦੇ ਸਾਊਲ ਸਿੰਘ (ਸਰਕਾਰੀ ਕਾਗਜ਼ਾਂ ਵਿਚ ਸਾਵਣ ਸਿੰਘ) ਦੇ ਸਮੇਂ ਤੋਂ ਸਾਡੇ ਘਰ ਵਿਚ ਸੀ। ਦਾਦੇ ਜਿਊਣ ਸਿੰਘ ਨੇ ਅੱਧਾ ਮੁਰੱਬਾ ਉਪਜਾਊ ਭੋਇੰ ਵੇਚ ਕੇ, ਘਰ ਦਾ ਭਾਂਡਾ ਟੀਂਡਾ, ਲੀੜਾ ਕੱਪੜਾ ਅਤੇ ਹੋਰ ਸਾਜ਼ ਸਮਾਨ ਵੀ ਉਗਰਾਹੀਆਂ ਦੇ ਗੱਡਿਆਂ ਤੇ ਲਦਵਾ ਕੇ ਭੈਣੀ ਸਾਹਿਬ ਭੇਜ ਦਿਤਾ ਅਤੇ ਆਪ ਵੀ ਆਪਣੀ ਉਮਰ ਦਾ ਜ਼ਿਆਦਾ ਹਿੱਸਾ ਉਸ ਸਮੇਂ ਦੀਆਂ ਨਾਮਧਾਰੀ ਸੰਤ ਮੰਡਲੀਆਂ ਨਾਲ ਭਰਮਣ ਕਰਦਿਆਂ ਜਾਂ ਸ੍ਰੀ ਭੈਣੀ ਸਾਹਿਬ ਵਿਖੇ, ਗੁਰੂ ਹਰੀ ਸਿੰਘ ਜੀ ਦੀ ਸੰਗਤ ਵਿਚ ਬਤੀਤ ਕੀਤਾ। ਗੁਰੂ ਹਰੀ ਸਿੰਘ ਜੀ ਸ਼ਾਮ ਨੂੰ ਸਾਧਾਂ ਵਿਚ ਬਹਿ ਕੇ ਜੋਟੀਆਂ ਦੇ ਸ਼ਬਦ ਸੁਣਿਆ ਕਰਦੇ ਸਨ ਅਤੇ ਅਜਿਹੇ ਸਮੇਂ ਜਿਉਣ ਸਿੰਘ ਦੀ ਹਾਜ਼ਰੀ ਲਾਜ਼ਮੀ ਹੁੰਦੀ ਸੀ ਜੋ ਬਾਕੀ ਸਮਾਂ ਗੁਰਬਾਣੀ ਦੇ ਅਧਿਐਨ ਵਿਚ ਬਤੀਤ ਕਰਦੇ।

ਬਾਪੂ ਜੀ ਉਮਰ ਕਰਕੇ ਵੀਹਵੀਂ ਸਦੀ ਦੇ ਹਾਣੀ ਸਨ। ਉਹਨਾਂ ਦਾ ਜਨਮ ੨੦ ਹਾੜ ੧੯੫੭ ਬਿਕ੍ਰਮੀ, ਮੁਤਾਬਿਕ 3 ਜੁਲਾਈ 1900 ਈ. ਮੰਗਲਵਾਰ ਨੂੰ ਪਿੰਡ ਬੁੱਢਾ ਥੇਹ ਦੇ ਨਜ਼ਦੀਕ ਉਮਰ ਪੁਰਾ, ਜ਼ਿਲਾ ਅੰਮ੍ਰਿਤਸਰ ਵਿਖੇ ਮਾਤਾ ਹਰ ਕੌਰ ਦੀ ਕੁੱਖੋਂ ਹੋਇਆ। ਮਾਤਾ ਦਾ ਪਿੰਡ ਸ਼ੇਖਮ ਘੁਮਾਣ ਅਤੇ ਜ਼ਿਲਾ ਗੁਜਰਾਂਵਾਲਾ ਜਾਂ ਸਿਆਲਕੋਟ ਸੀ। ਬਾਪੂ ਜੀ ਨੇ ਗੁਰੂ ਹਰੀ ਸਿੰਘ ਜੀ ਦੇ ਦਰਸ਼ਨ ਆਪ ਵੀ ਬਾਲ ਅਵਸਥਾ ਵਿਚ ਕੀਤੇ ਸਨ ਤੇ ਦੱਸਿਆ ਕਰਦੇ ਸਨ ਕਿ ਉਹ ਕਾਹਲੇ ਕਾਹਲੇ ਬਚਨ ਕਰਿਆ ਕਰਦੇ ਸਨ ਅਤੇ ਡੇਰੇ ਵਿਚ ਰਹਿਣ ਵਾਲੇ ਬਹਿੰਗਮਾਂ ਦੇ ਬੱਚਿਆਂ ਨਾਲ ਵਿਸ਼ੇਸ਼ ਸਨੇਹ ਪ੍ਰਗਟ ਕਰਿਆ ਕਰਦੇ ਸਨ। ਗੁਰੂ ਹਰੀ ਸਿੰਘ ਜੀ ਨਾਮਧਾਰੀ ਪੰਥ ਦੀ ਵਾਗਡੋਰ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਸੌਂਪ ਕੇ ੧੯੦੬ ਈਸਵੀ ਵਿਚ ਦੇਹ ਦਾ ਓਹਲਾ ਕਰ ਗਏ ਸਨ ਅਤੇ ਉਸੇ ਸਾਲ ਹੀ ਛੇ ਕੁ ਵਰ੍ਹਿਆਂ ਦੇ ਬਾਲ ਗੁਰਮੁਖ ਨੂੰ ਛੱਡ ਕੇ, ਦਾਦੀ ਜੀ ਵੀ ਅਕਾਲ ਚਲਾਣਾ ਕਰ ਗਏ ਸਨ।

ਦਾਦਾ ਜੀ ਦੇ ਤਿੰਨ ਅੰਤਰੰਗ ਮਿੱਤਰ ਸਨ। ਸ੍ਰੀ ਭੈਣੀ ਸਾਹਿਬ ਡੇਰੇ ਵਿਖੇ ਰਹਿਣ ਵਾਲੇ, ਗੁਰੂ ਹਰੀ ਸਿੰਘ ਜੀ ਦੇ ਉਗਰਾਹੀਏ ਅਤੇ ਊਠਾਂ ਦੇ ਮਹੰਤ ਬਾਬਾ ਸੁਰਜਨ ਸਿੰਘ ਅਤੇ ਵੀਰ ਸਿੰਘ ਦੋਵੇਂ ਭੋਮਾ ਵਡਾਲਾ, ਬਾਬਾ ਸੰਤਾ ਸਿੰਘ ਪਿੰਡ ਘੁੱਕੇ ਵਾਲਾ। ਤਿੰਨਾਂ ਦਾ ਹੀ ਜ਼ਿਲ੍ਹਾ ਅੰਮ੍ਰਿਤਸਰ ਸੀ। ਇਹਨਾਂ ਬਾਬਿਆਂ ਦੇ ਸਾਥ ਵਿਚ ਹੀ ਸਤਿਗੁਰੂ ਪ੍ਰਤਾਪ

ਸਿੰਘ ਜੀ ਦਾ ਬਚਪਨ ਬਤੀਤ ਹੋਇਆ ਸੀ ਅਤੇ ਹੁਣ ਇਹਨਾਂ ਨੇ ਦਾਦਾ ਜੀ ਨੂੰ ਕਿਹਾ "ਜਿਉਣ ਸਿੰਘ ਜੀ ! ਤੁਸੀਂ ਜ਼ਿਆਦਾ ਬਿਹੰਗਮ ਅਵਸਥਾ ਵਿਚ ਵਿਚਰੇ ਹੋ। ਜੇ ਬੀਬੀ ਹਰ ਕੌਰ ਜਿਊਂਦੀ ਰਹਿੰਦੀ ਤਾਂ ਹੋਰ ਗੱਲ ਸੀ। ਅਸੀਂ ਸਮਝਦੇ ਹਾਂ ਕਿ ਗੁਰਮੁਖ ਸਿੰਘ ਨੂੰ ਤੁਸੀਂ ਸਾਨੂੰ ਸੌਂਪ ਦਿਓ। ਸਾਡੀਆਂ ਨਜ਼ਰਾਂ ਸਾਹਵੇਂ ਇਹਦੀ ਸਾਂਭ ਸੰਭਾਲ ਦੀ ਕੋਈ ਦਿੱਕਤ ਨਹੀਂ ਆਏਗੀ।" ਦਾਦਾ ਜੀ ਮੰਨ ਗਏ।

ਇਉਂ ਇਸ ਮਾਂ ਮਹਿੱਟਰ ਬਾਲ ਨੂੰ, ਤਿੰਨਾਂ ਬਾਬਿਆਂ ਨੇ ਕੁਕੜੀ ਜਿਉਂ ਆਪਣੇ ਖੰਭਾਂ ਹੇਠ ਲੈ ਲਿਆ। ਮਗਰਲੀ ਉਮਰ ਵਿਚ ਬਾਪੂ ਜੀ ਜਦੋਂ ਵੀ ਸਾਨੂੰ ਆਪਣੇ ਬਚਪਨ ਦੀਆਂ ਘਟਨਾਵਾਂ ਬਾਰੇ ਦੱਸਿਆ ਕਰਦੇ ਸਨ ਤਾਂ ਉਹਨਾਂ ਤਿੰਨਾਂ ਬਾਬਿਆਂ ਦੀ ਯਾਦ ਦੇ ਸਾਹਵੇਂ, ਉਹਨਾਂ ਦਾ ਸਿਰ ਝੁਕ ਜਾਂਦਾ ਅਤੇ ਨੇਤਰ ਨਮ ਹੋ ਜਾਂਦੇ ਸਨ। ਉਹਨਾਂ ਨੂੰ ਤਿੰਨਾਂ ਬਾਬਿਆਂ ਦੇ ਰੂਪ ਵਿਚ ਇਕ ਟਕਸਾਲ ਪ੍ਰਾਪਤ ਹੋ ਗਈ ਸੀ, ਜਿਸ ਵਿਚੋਂ ਇਕ ਭਾਵੀ ਜੀਵਨ ਦੇ ਨੈਣ ਨਕਸ਼ ਘੜੇ ਜਾਣੇ ਸਨ, ਇਕ ਸ਼ਖ਼ਸੀਅਤ ਦੀ ਸਿਰਜਣਾ ਹੋਣੀ ਸੀ ਅਤੇ ਸੇਵਾ, ਤਿਆਗ ਅਤੇ ਸਤਿਗੁਰੂ ਜੀ ਪ੍ਰਤੀ ਸਮਰਪਣ ਭਾਵ ਸਦਕਾ, ਇਕ ਚਰਿੱਤਰ ਦਾ ਨਿਰਮਾਣ ਹੋਣਾ ਸੀ।

ਬਾਪੂ ਜੀ ਦੱਸਦੇ ਸਨ ਕਿ ਜਦੋਂ ਕਦੇ ਅੰਮ੍ਰਿਤਸਰ ਜਾਂ ਹੋਰ ਸ਼ਹਿਰਾਂ ਵਿਚੋਂ ਲੰਘਦੇ ਹੋਣਾ ਤਾਂ ਮੈਂ ਜੇ ਕਹਿਣਾ ਕਿ ਬਾਬਾ ਜੀ ਗੰਨਾ ਲੈਣਾ ਹੈ ਤਾਂ ਉਹਨਾਂ ਆਖਣਾ ਕਿ ਆਪਾਂ ਸ਼ਾਮ ਤੱਕ ਫਲਾਣੇ ਪਿੰਡ ਪੁੱਜ ਜਾਣਾ ਹੈ, ਜਿੰਨੇ ਮਰਜ਼ੀ ਗੰਨੇ ਚੂਪਣੇ। ਉਹਨਾਂ ਕਹਿਣਾ ਕਿ ਆਪਾਂ ਗੁਰੂ ਕੇ ਲੰਗਰ ਦੀ ਮਾਇਆ ਵਿਚੋਂ ਪੈਸਾ ਜਾਂ ਟਕਾ ਕਿਉਂ ਖਰਚੀਏ ? ਇਸ ਗੱਲ ਦਾ ਐਨਾ ਲਾਭ ਹੋਇਆ ਕਿ ਸਾਰੀ ਉਮਰ ਬਿਨਾਂ ਅੱਤ ਲੋੜ ਤੋਂ ਉਹਨਾਂ ਪੈਸਾ ਨਹੀਂ ਖਰਚਿਆ ਸਗੋਂ ਕੁਝ ਨਾ ਕੁਝ ਹਿੱਸੇ, ਠੇਕੇ, ਜ਼ਮੀਨ ਦੀ ਮਾਇਆ ਨੂੰ ਔਖੇ ਸਮੇਂ ਲਈ ਬਚਾ ਕੇ ਰੱਖਿਆ। ਮਾਇਆ ਨੂੰ ਉਹ ਸੰਤਾਂ ਦੀ ਵੈਰਨ ਸਮਝਕੇ, ਆਪਣੇ ਆਪ ਨੂੰ ਵੀ ਤਿੰਨ ਲੋਕਾਂ ਤੋਂ ਨਿਆਰਾ ਸਮਝਕੇ, ਸਿਰਫ ਗੁਰੂ ਕ੍ਰਿਪਾ ਦੀ ਪਰਾਪਤੀ ਨੂੰ ਹੀ ਜੀਵਨ ਮਨੋਰਥ ਸਮਝਦੇ ਸਨ।

ਦਾਦਾ ਜੀ ਦੀ ਰੁਚੀ ਸੀ ਕਿ ਗੁਰਮੁਖ ਸਿੰਘ ਨੂੰ ਪਰੰਪਰਾਗਤ ਸਿੱਖ ਧਾਰਮਿਕ ਵਿਦਿਆ ਵਿਚ ਪਾਰੰਗਤ ਕੀਤਾ ਜਾਵੇ। ਇਸ ਲਈ ਉਹਨਾਂ ਨੂੰ ੧੦-੧੨ ਸਾਲਾਂ ਦੀ ਉਮਰ ਵਿਚ ਕਈ ਥਾਂਵਾਂ ਤੇ ਭੇਜਿਆ ਗਿਆ। ਸਿਆਲਕੋਟ ਜ਼ਿਲੇ ਵਿਚ ਦਾਤੇਵਾਲ ਸੰਤ ਮਤਾਬ ਸਿੰਘ ਹੋਰਾਂ ਪਾਸ ਛੱਡਿਆ ਗਿਆ, ਜਿਹਨਾਂ ਦੀ ਤੂਤ ਦੀ ਛਿਟੀ ਪ੍ਰਸਿੱਧ ਸੀ। ਬ੍ਰਹਮ ਬੂਟੇ ਅਤੇ ਸੰਗਲ ਵਾਲ ਅਖਾੜੇ ਵਿਚ ਸ੍ਰੀ ਅੰਮ੍ਰਿਤਸਰ ਰਹੇ। ਇੱਥੇ ਉਦਾਸੀ ਸਾਧਾਂ ਨੇ ਉਹਨਾਂ ਦੀ ਪ੍ਰਤਿਭਾ ਨੂੰ ਪਛਾਣ ਕੇ, ਕੋਠਾਰੀ ਬਨਾਉਣ ਦਾ ਪ੍ਰਲੋਭਨ ਵੀ ਦਿਤਾ ਸੀ। ਨਾਮਧਾਰੀ ਧਰਮਸਾਲਾ ਅੰਮ੍ਰਿਤਸਰ ਦੇ ਮਹੰਤ ਜਿਊਣ ਸਿੰਘ ਜੀ ਦਾਦਾ ਜੀ ਦੇ ਬੜੇ ਪਰਮ ਮਿੱਤਰ ਸਨ। ਉਹਨਾਂ ਵੀ ਚਾਰਾ ਕੀਤਾ ਕਿ ਕਿਵੇਂ ਜਿਊਣ ਸਿੰਘ ਝੱਬਰ ਦੀ ਰੀਝ ਪੂਰੀ ਹੋਵੇ। ਕਈ ਥਾਵਾਂ ਤੋਂ ਨਿਰਾਸ਼ ਹੋ ਕੇ ਦਾਦਾ ਜੀ ਨੇ ਇਹਨਾਂ ਨੂੰ ਗੁਰੂ ਕਾਸ਼ੀ, ਦਮਦਮਾ ਸਾਹਿਬ ਵਿਖੇ ਛੱਡਿਆ ਕਿ ਇੱਥੇ ਤਾਂ ਬੈਲ ਪੜ੍ਹਨ ਦਾ ਵੀ ਗੁਰੂ ਕਿਆਂ ਦਾ ਬਚਨ ਹੈ। ਪਹਿਲੇ ਦਿਨ ਹੀ ਇਕ ਨਿਹੰਗ ਸਿੰਘ ਨਾਲ, ਸਤਿਗੁਰੂ ਪ੍ਰਤਾਪ

ਸਿੰਘ ਦੀ ਸ਼ਾਨ ਦੇ ਖਿਲਾਫ ਕੋਈ ਸ਼ਬਦ ਸੁਣਕੇ, ਜੁੰਡਿਉ ਜੁੰਡੀ ਹੋ ਗਏ। ਸਾਡੇ ਕੋੜਮੇ ਵਿਚੋਂ ਇਕ ਬਾਵਾ ਨਿਹਾਲ ਦਾਸ ਪ੍ਰਸਿੱਧ ਹਕੀਮ ਸੀ, ਜਿਸਨੂੰ ਲਾਟ ਸਾਹਿਬ ਦੀ ਘਰ ਵਾਲੀ ਦਾ ਕੋਈ ਅਸਾਧ ਰੋਗ ਦੂਰ ਕਰਨ ਸਦਕਾ, ਬਾਰ ਵਿਚ ਦੋ ਮੁਰੱਬੇ ਭੋਇੰ ਸਰਕਾਰ ਤੋਂ ਮਿਲੀ ਸੀ। ਉਹ ਚਾਹੁੰਦਾ ਸੀ ਕਿ ਗੁਰਮੁਖ ਸਿੰਘ ਮੇਰੇ ਕੋਲ ਰਹਿ ਕੇ ਵਿਦਿਆ ਪੜ੍ਹੇ, ਹਕੀਮੀ ਸਿੱਖੇ ਅਤੇ ਭੋਇੰ ਵੀ ਸਾਂਭੇ। ਪਰ ਉੱਥੋਂ ਵੀ ਥੋਹੜੇ ਚਿਰ ਬਾਦ ਆ ਗਏ। ਦਾਦਾ ਜੀ ਦੀ ਨਿਰਾਸਤਾ ਨੂੰ ਭਾਂਪਦਿਆਂ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਬਚਨ ਕੀਤਾ, "ਸੰਤ ਜਿਊਣ ਸਿੰਘ ਜੀ, ਗੁਰਮੁਖ ਦੇ ਪੜ੍ਹਨ ਵਿਚ ਰੁਚੀ ਨਾ ਲੈਣ ਸਦਕਾ ਪ੍ਰੇਸ਼ਾਨ ਨਾ ਹੋਵੇ। ਇਹਨੇ ਜਿਹੜੀ ਪੜ੍ਹਾਈ ਪੜ੍ਹਨੀ ਹੈ, ਉਹ ਮੈਂ ਜਾਣਦਾ ਹਾਂ, ਇਹਦੀ ਪੜ੍ਹਾਈ ਗੁਰੂ ਘਰ ਦੀ ਸੇਵਾ ਹੈ ਅਤੇ ਇਸ ਪੜ੍ਹਾਈ ਵਿਚ ਇਹ ਸਭ ਨੂੰ ਪਿੱਛੇ ਛੱਡ ਜਾਏਗਾ।"

ਹੁਣ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪਣੀ ਛਤਰ-ਛਾਇਆ ਹੇਠ ਲੈ ਕੇ ਅਗਲੇ ਜੀਵਨ ਨੂੰ ਤਰਤੀਬ ਦੇਣੀ ਸ਼ੁਰੂ ਕਰ ਦਿੱਤੀ। ਉਹਨਾਂ ਨੂੰ ਅੰਤ ਸਮੇਂ ਜਦੋਂ ਦਾਦਾ ਜੀ ਨੇ ਬਾਪੂ ਜੀ ਦੀ ਬਾਂਹ ਫੜਾਈ ਸੀ ਜਦੋਂ ਇਹ ੧੬-੧੭ ਸਾਲਾਂ ਦੇ ਸਨ, ਇਹੋ ਅਰਜ਼ ਕੀਤੀ ਸੀ ਕਿ ਜਾਂ ਤਾਂ ਇਹ ਆਪ ਦੇ ਪਾਸ ਰਹੇ, ਤੁਹਾਡੀ ਨਿਗਰਾਨੀ ਹੇਠ, ਨਹੀਂ ਜਾਂ ਫਿਰ ਆਪਣੇ ਪਿੰਡ ਝੱਬਰੀਂ ਚਲਿਆ ਜਾਵੇ। ਇਕ ਗੱਲ ਜੋ ਦਾਦਾ ਜੀ ਦੇ ਮਨ ਵਿਚ ਸੀ ਪਰ ਕਹਿਣ ਤੋਂ ਝਿਜਕ ਰਹੇ ਸਨ, ਉਹਨੂੰ ਭਾਂਪਦਿਆਂ ਸਤਿਗੁਰੂ ਜੀ ਨੇ ਕਿਹਾ ਸੀ ਕਿ ਇਹਦੇ ਵਿਆਹ ਦੀ ਚਿੰਤਾ ਨਾ ਰੱਖਿਓ ਮਨ ਵਿਚ; ਇਕ ਛੱਡ ਕੇ ਦੋ ਕਰ ਦਿਆਂਗਾ। ਸਾਡੀ ਪਹਿਲੀ ਮਾਤਾ ਹਰਬੰਸ ਕੌਰ ਪੁੱਤਰੀ ਸੰਤ ਗੰਡਾ ਸਿੰਘ ਖਿਆਲ੍ਹਾ ਦੇ ਸੁਰਗਵਾਸ ਹੋਣ ਬਾਦ ਦੂਜਾ ਅਨੰਦ ਵੀ ਸ੍ਰ. ਸ਼ਾਮ ਸਿੰਘ ਸਰਹਾਲੀ ਵਾਲੇ ਦੀ ਪੜੋਤਰੀ ਅਤੇ ਸੰਤ ਆਤਮਾ ਸਿੰਘ ਬੁਰਜ ਰਾਇਕੇ ਦੀ ਪੁੱਤਰੀ, ਪ੍ਰੀਤਮ ਕੌਰ ਨਾਲ ਸ੍ਰੀ ਸਤਿਗੁਰੂ ਜੀ ਨੇ ਹੀ ਕਰਵਾਇਆ।

ਬਾਪੂ ਜੀ ਦੱਸਿਆ ਕਰਦੇ ਸਨ ਕਿ ਉਹ ਸਿਪਾਹੀ ਤੋਂ ਤੁਰ ਕੇ, ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਕ੍ਰਿਪਾ ਨਾਲ, ਜਰਨੈਲ ਬਣੇ ਸਨ। ਇਸ ਲਈ ਉਹਨਾਂ ਨੂੰ ਕਿਸੇ ਵੀ ਸਟੇਜ ਤੇ ਆਪਣੇ ਕੰਮ ਵਿਚ ਕੋਈ ਦਿੱਕਤ ਨਹੀਂ ਸੀ ਆਈ। ਸਭ ਤੋਂ ਪਹਿਲਾਂ ਮਹਾਰਾਜ ਗੁਰਦਿਆਲ ਸਿੰਘ ਜੀ ਦੇ ਦੋ ਕੁੱਤੇ ਸਨ, ਉਹ ਸਾਂਭਣ ਦੀ ਸੇਵਾ ਇਹਨਾਂ ਨੂੰ ਮਿਲੀ। ਫਿਰ ਭੇਡਾਂ ਬੱਕਰੀਆਂ ਦੀ ਜ਼ਿੰਮੇਵਾਰੀ ਸੌਂਪੀ ਗਈ, ਜਿਸ ਕੰਮ ਨੂੰ ਸੱਯਦ ਵਾਰਿਸ ਸ਼ਾਹ ਹੋਰਾਂ ਬਹੁਤ ਵਡਿਆਇਆ ਹੈ :

"ਅੱਜੜ ਚਾਰਨਾ ਕੰਮ ਪੈਗੰਬਰਾਂ ਦਾ,
ਕੇਹਾ ਅਮਲ ਸ਼ੈਤਾਨ ਦਾ ਟੋਲਿਓ ਈ।
ਭੇਡਾਂ ਚਾਰਕੇ ਤੁਹਮਤਾਂ ਜੋੜਨਾ ਏਂ,
ਕਿਉਂ ਗਜ਼ਬ ਫ਼ਕੀਰ ਤੇ ਤੋਲਿਓ ਈ।"

ਇਸ ਤੋਂ ਬਾਦ ਮੱਝਾਂ ਗਾਈਆਂ ਦੀ ਸੇਵਾ ਲਾਈ ਗਈ। ਫਿਰ ਊਠਾਂ ਦਾ ਮਹੰਤ ਥਾਪ ਦਿੱਤਾ ਅਤੇ ਗੁਰੂ ਕੇ ਲੰਗਰ ਲਈ ਉਗਰਾਹੀ ਕਰਦੇ ਰਹੇ। ਇਸ ਤੋਂ ਅਗਲਾ ਪੜਾਅ ਘੋੜਿਆਂ ਦਾ ਦਰੋਗਾ ਬਣਾਇਆ ਜਾਣਾ ਸੀ। ਉਮਰ ਦੇ ਤੀਂਹਵੇਂ ਵਰ੍ਹੇ ਵਿਚ

ਸਨ, ਜਦੋਂ ਮਾਤਾ ਜੀਊਣ ਕੌਰ ਜੀ ਨਾਲ ਸਲਾਹ ਕਰਕੇ, ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਉਹਨਾਂ ਨੂੰ ਡੇਰਾ ਸ਼੍ਰੀ ਭੈਣੀ ਸਾਹਿਬ ਦੀ ਜਥੇਦਾਰੀ ਸੌਂਪ ਦਿੱਤੀ।

ਉਹ ਅਜੇ ਜਥੇਦਾਰ ਨਹੀਂ ਬਣੇ ਸਨ, ਜਦੋਂ ਸਤਿਗੁਰੂ ਰਾਮ ਸਿੰਘ ਜੀ ਦੇ ਵੇਲੇ ਦੇ ਪ੍ਰਸਿੱਧ ਸਿੱਖ ਲਾਲ ਸਿੰਘ ਲਤਾਲੀਏ ਦੀ ਪਾਰਖੂ ਅੱਖ ਨੇ ਇਸ ਉਤਸ਼ਾਹੀ ਨੌਜੁਆਨ ਦੇ ਭਵਿੱਖ ਨੂੰ ਤਾੜ ਲਿਆ ਸੀ ਅਤੇ ਬਾਬੇ ਲਾਲ ਸਿੰਘ ਹੋਰਾਂ ਇਹ ਰਹੱਸ ਯੁਵਾ ਝੱਬਰ ਨਾਲ ਸਾਂਝਾ ਕਰਦਿਆਂ ਕਿਹਾ ਸੀ, "ਕਾਕਾ, ਸਮਾਂ ਆਏਗਾ, ਜਦੋਂ ਇਸ ਡੇਰੇ ਦੀ ਮੁਖਤਿਆਰੀ ਤੈਨੂੰ ਸੌਂਪੀ ਜਾਏਗੀ। ਇਕ ਗੱਲ ਮੇਰੀ ਹੁਣੇ ਪੱਲੇ ਬੰਨ੍ਹ ਲਵੀਂ, ਜਦੋਂ ਇਸ ਜ਼ਿੰਮੇਵਾਰੀ ਤੇ ਪੁੱਜ ਜਾਵੇ ਤਾਂ ਕਿਸੇ ਵੀ ਸਿੱਖ ਨੂੰ ਗੁਰੂ ਘਰ ਨਾਲੋਂ ਤੋੜਨ ਵਿਚ ਹਿੱਸਾ ਨਾ ਪਾਵੀਂ। ਜੋੜਨ ਦੀ ਕੋਸ਼ਿਸ਼ ਕਰੀਂ।"

ਮੈਨੂੰ ਓਟੂ, ਜ਼ਿਲ੍ਹਾ ਸਿਰਸਾ, ਵਿਖੇ ਰਹਿਣ ਵਾਲੇ ਭਾਈ ਸੁਵਰਨ ਸਿੰਘ ਹੋਰਾਂ ਨੇ ਇਹ ਬਚਨ ਬੜੀ ਵੇਰ ਸੁਣਾਇਆ ਹੈ। ਉਹਨਾਂ ਦਾ ਪਿੱਛਾ ਪਿੰਡ ਸੁਰ ਸਿੰਘ ਦਾ ਹੈ ਪਰ ਉਹਨਾਂ ਦੇ ਪਿਤਾ ਭਾਈ ਮਹਿਲ ਸਿੰਘ ਜਮਸ਼ੇਰ ਜ਼ਿਲਾ ਲਾਹੌਰ ਵਿਖੇ ਰਹਿੰਦੇ ਰਹੇ। ਇਕ ਅਨੰਦ ਸਮੇਂ ਲੱਗੀ ਤਨਖਾਹ ਦੇ ਸੁਆਲ ਤੇ ਭਾਈ ਤੇਜਾ ਸਿੰਘ ਜਮਸ਼ੇਰੀਏ ਦੀ ਸੱਸ ਨੂੰ ਕੁਝ ਇਤਰਾਜ਼ ਸੀ। ਇਲਾਕੇ ਦੇ ਸੂਬੇ ਵਲੋਂ ਘਟਨਾ ਨੂੰ ਕੁਝ ਇਸ ਤਰ੍ਹਾਂ ਪੇਸ਼ ਕੀਤਾ ਗਿਆ ਕਿ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸ਼ਿਕਾਇਤ ਕਰਨ ਵਾਲੇ ਸਿੰਘਾਂ ਨੂੰ ਸਮੇਤ ਮਹਿਲ ਸਿੰਘ ਸੰਗਤ ਵਿਚੋਂ, ਸ੍ਰੀ ਭੈਣੀ ਸਾਹਿਬੋਂ, ਨਿਕਲ ਜਾਣ ਦਾ ਹੁਕਮ ਦੇ ਦਿੱਤਾ। ਬਾਪੂ ਜੀ ਓਦੋਂ ਪਹਿਲੀ ਵੇਰ ਹੀ ਮਹਿਲ ਸਿੰਘ ਹੋਰਾਂ ਨੂੰ ਮਿਲੇ ਸਨ। ਆਖਿਆ ਕਿ ਸਿੰਘੋ ਇਕ ਵੇਰ ਤੁਸੀਂ ਬਚਨ ਮੰਨੋ ਪਰ ਵੇਖਿਆ ਜੇ ਕਿਤੇ ਗੁਸੇ ਵਿਚ ਆ ਕੇ ਕਛਹਿਰੇ ਨਾ ਲਾਹ ਦਿਆ ਜੇ। ਤੁਹਾਡੀ ਹੱਕ ਰਸਾਈ ਕਰਵਾ ਦਿੱਤੀ ਜਾਵੇਗੀ। ਕੁਝ ਸਮੇਂ ਬਾਦ ਸਤਿਗੁਰੂ ਜੀ ਲਾਹੌਰ ਪੁੱਜੇ। ਜਮਸ਼ੇਰੀਆਂ ਸਿੰਘਾਂ ਨੂੰ ਸੱਦਿਆ ਗਿਆ। ਗਲਤ ਫ਼ਹਿਮੀਆਂ ਦੂਰ ਹੋ ਗਈਆਂ। ਇਸੇ ਭਾਈ ਮਹਿਲ ਸਿੰਘ ਜੀ ਦਾ ਅਨੰਦ ਫਿਰ ਸਤਿਗੁਰੂ ਜੀ ਨੇ ਸ੍ਰੀ ਭੈਣੀ ਸਾਹਿਬ, ਡੇਰੇ ਦੇ ਭੂਮੀ ਦਾਤਾ ਬਾਬਾ ਲਹਿਣਾ ਸਿੰਘ ਦੇ ਪਰਿਵਾਰ ਵਿਚ ਲਾਲ ਸਿੰਘ ਡਰਾਈਵਰ ਅਤੇ ਗੱਜਣ ਸਿੰਘ ਹੋਰਾਂ ਦੀ ਭੈਣ ਨਾਲ ਕਰਕੇ, ਮਹਿਲ ਸਿੰਘ ਦੀ ਭੈਣੀ ਸਾਹਿਬ ਨਾਲ ਸਾਂਝ ਪੀਡੀ ਕੀਤੀ। ਉਹ ਲੰਮਾ ਸਮਾਂ ਸੰਤ ਫਤੇਹ ਸਿੰਘ ਮਾਂਗਾ ਦੇ ਜਥੇ ਵਿਚ ਰਹੇ ਅਤੇ ਦੱਸਿਆ ਕਰਦੇ ਸਨ ਕਿ ਜੇ ਉਸ ਦਿਨ ਝੱਬਰ ਸਾਨੂੰ ਸ਼ਾਂਤ ਨਾ ਕਰਦਾ ਤਾਂ ਸ਼ਾਇਦ ਉਹਨਾਂ ਦਾ ਭਾਵੀ ਜੀਵਨ, ਹੋਰ ਦਿਸ਼ਾ ਵਿਚ ਪ੍ਰਵਾਨ ਚੜ੍ਹਦਾ।

ਡੇਰੇ ਦਾ ਪ੍ਰਬੰਧ ਸੌਂਪੇ ਜਾਣ ਸਮੇਂ ਬਾਪੂ ਜੀ ਨੇ ਸਤਿਗੁਰੂ ਜੀ ਨੂੰ ਬੇਨਤੀ ਕੀਤੀ ਸੀ ਕਿ ਇਹ ਸੇਵਾ ਬਹੁਤ ਵੱਡੀ ਹੈ। ਮੈਂ ਇਹ ਸੇਵਾ ਆਪ ਜੀ ਦੀ ਪੂਰੀ ਕ੍ਰਿਪਾ ਨਾਲ ਹੀ ਨਿਭਾ ਸਕਾਂਗਾਂ। ਇਕ ਇਹ ਵੀ ਮੰਗ ਸੀ ਕਿ ਮੇਰੇ ਕੰਮਕਾਰ ਦੇ ਸਮੇਂ ਵਿਚ ਮੈਥੋਂ ਜਿਸ ਤਰ੍ਹਾਂ ਵੀ ਅਪੇਖਿਤ ਕੀਤਾ ਜਾਏਗਾ, ਹਜ਼ੂਰ ਮੈਨੂੰ ਬਿਨਾਂ ਕਿਸੇ ਵਿਚੋਲੇ ਦੇ ਸਿੱਧਾ ਸੰਪਰਕ ਬਣਾਈ ਰੱਖਣਗੇ ਅਤੇ ਜਿਸ ਤਰ੍ਹਾਂ ਦੀ ਅਵਸਥਾ ਪ੍ਰਬੰਧ ਸੌਂਪਣ ਵੇਲੇ ਹੈ, ਪੂਰਨ ਪ੍ਰਤੀਤ ਭਰੋਸੇ ਦੀ, ਇਹ ਬਣਾਈ ਰੱਖਣ ਦਾ ਵਰਦਾਨ ਦੇਣਗੇ। ਇਕ ਵੇਰ ਗੱਲ ਉਹ ਨਾ ਰਹੀ। ਬਾਪੂ ਜੀ ਨੇ ਕਛਿਹਰਾ ਪਰਨਾ ਚੁੱਕ ਲਿਆ ਅਤੇ ਘਰ ਜਾਣ ਦੀ ਆਗਿਆ

ਮੰਗੀ। ਸਤਿਗੁਰੂ ਜੀ ਦੇ ਕਾਰਨ ਪੁੱਛਣ ਤੇ ਪਹਿਲੀ ਗੱਲ ਨਾ ਰਹਿਣੀ ਦੱਸਿਆ। ਹਜ਼ੂਰ ਨੇ ਕਿਹਾ ਕਿ ਮੈਂ ਗੱਲ ਵਿਚ ਫ਼ਰਕ ਆ ਜਾਣ ਤੇ ਵੀ ਵਰ੍ਹਿਆਂ-ਬੱਧੀ ਸਬੰਧਿਤ ਵਿਅਕਤੀ ਨੂੰ ਪਤਾ ਨਹੀਂ ਲੱਗਣ ਦਿੰਦਾ, ਤੈਨੂੰ ਕਿਵੇਂ ਪਤਾ ਲੱਗ ਗਿਆ ਹੈ। ਬਾਪੂ ਜੀ ਦੇ ਇਹ ਕਹਿਣ ਤੇ ਕਿ ਇਹ ਵੀ ਆਪ ਦੀ ਕ੍ਰਿਪਾ ਨਾਲ ਹੀ ਪਤਾ ਲੱਗ ਜਾਂਦਾ ਹੈ, ਪਹਿਲੀ ਗੱਲ ਫੇਰ ਬਰਕਰਾਰ ਹੋ ਗਈ।

ਦੁਪਾਸੀਂ ਪ੍ਰੇਮ ਦਾ ਸਬੰਧ ਗੁਰੂ ਸਿੱਖ ਵਾਲਾ ਵੀ ਸੀ ਅਤੇ ਪਿਓ ਪੁੱਤਰ ਵਾਲਾ ਵੀ। ਓਦੋਂ ਬਾਪੂ ਜੀ ਮੱਝਾਂ ਗਾਈਆਂ ਸਾਂਭਦੇ ਸਨ। ਨਹਿਰ ਵਾਲੇ ਡੇਰੇ ਤੋਂ ਸਾਰੇ ਸਿਖ ਸਾਧ ਗੁਆਂਢੀ ਪਿੰਡ ਤੱਖਰਾਂ ਮੇਲਾ ਵੇਖਣ ਚਲੇ ਗਏ। ਸਤਿਗੁਰੂ ਪ੍ਰਤਾਪ ਸਿੰਘ ਜੀ ਖੂੰਡਾ ਫੜ ਕੇ ਆ ਗਏ ਅਤੇ ਕਹਿਣ ਲੱਗੇ, "ਗੁਰਮੁਖਾ! ਪਸ਼ੂਆਂ ਨੂੰ ਮੋੜੇ ਮੈਂ ਲਾਵਾਂਗਾ ਜਦੋਂ ਤੱਕ ਤੂੰ ਨਹੀਂ ਆਉਂਦਾ। ਜਾਹ ਸਾਰੇ ਗਏ ਹਨ ਤੂੰ ਵੀ ਮੇਲਾ ਵੇਖ ਆ।" "ਸੱਚੇ ਪਾਤਸ਼ਾਹ! ਤੁਹਾਡੇ ਚਰਨਾਂ ਵਿਚ ਰਹਿਣ ਨਾਲੋਂ ਦੁਨੀਆਂ ਦਾ ਕਿਹੜਾ ਮੇਲਾ ਜ਼ਿਆਦਾ ਅਨੰਦ ਦੇ ਸਕਦਾ ਹੈ।" ਮੁੱਛ ਫੁਟ ਉਮਰ ਵਾਲੇ ਬਾਲ ਦੇ ਮੂੰਹੋਂ ਨਿਕਲੇ ਇਸ ਤਰ੍ਹਾਂ ਦੇ ਬਚਨ, ਉਹਦੇ ਭਾਵੀ ਜੀਵਨ ਦੀ ਨਿਸ਼ਾਨਦੇਹੀ ਕਰ ਰਹੇ ਸਨ।

ਪਹਿਲੀ ਸੰਸਾਰ ਜੰਗ ਸਮੇਂ ਅੰਮ੍ਰਿਤਸਰ ਵਿਖੇ ਦੋ ਤਿੰਨ ਹੋਰ ਨਾਮਧਾਰੀ ਯੁਵਕਾਂ ਨਾਲ, ਫੌਜੀ ਵਾਜਿਆਂ ਦੀ ਧੁਨ ਦੇ ਖਿੱਚੇ, ਭਰਤੀ ਹੋਣ ਵਾਸਤੇ ਬੱਚਾ ਕੰਪਨੀ ਵਿਚ ਪੁੱਜ ਗਏ। ਭਰਤੀ ਕਰਨ ਵਾਲੇ ਅੰਗਰੇਜ਼ ਫੌਜੀ ਅਫ਼ਸਰ ਨੇ ਖੁੱਚਾਂ ਤੋਂ ਸਿਰ ਤਕ ਵੇਖ ਕੇ, ਮਜ਼ਬੂਤ, ਫੁਰਤੀਲੇ ਅਤੇ ਸਡੌਲ ਸਰੀਰ ਦੇ ਦਰਸ਼ਨ ਕਰਕੇ, ਭਰਪੂਰ ਤਸੱਲੀ ਪ੍ਰਗਟ ਕੀਤੀ। ਖੁੱਚ ਅਤੇ ਲੱਤਾਂ ਦੀ ਬਨਾਵਟ ਨੂੰ ਵੇਖ ਕੇ ਉਸ ਕਿਹਾ ਸੀ, "ਜੁਆਨ ਖੂਬ ਦੌੜੇਗਾ।" ਦੋਹਾਂ ਸੂਰਜਾਂ ਦੇ ਵਿਚਾਲੇ ਸੱਠ ਕੋਹ ਪੈਂਡਾ ਕਰ ਲੈਣਾ ਉਹਨਾਂ ਲਈ ਸਾਧਾਰਨ ਗੱਲ ਸੀ। ਕੁਝ ਸ਼ੌਂਕ ਅਤੇ ਆਪਣੇ ਮਨ ਚਿੰਦੇ ਕਾਰਜ ਵਿਚ ਰੁੱਝੇ ਹੋਣ ਦੀ ਗੱਲ ਵੀ ਹੁੰਦੀ ਹੈ। ਜੋਗੀ ਬਣਨ ਵੇਲੇ ਰਾਂਝੇ ਦੁਆਰਾ ਫੁਰਤੀ ਨਾਲ ਕੀਤੇ ਲੰਮੇ ਪੈਂਡੇ ਦਾ ਜ਼ਿਕਰ, ਵਾਰਿਸ ਸ਼ਾਹ ਹੋਰੀਂ ਇਸੇ ਸ਼ੌਂਕ ਦੇ ਸਬੰਧ ਵਿਚ ਹੀ ਕਰਦੇ ਹਨ :

"ਇਕੇ ਰਾਤ ਵਿਚ ਪੰਧ ਕਰ ਗਿਆ ਸਾਰਾ,
ਏਨਾ ਚਾਉ ਸੀ ਭੇਖ ਵਟਾਵਣੇ ਦਾ।"

ਮਹਾਰਾਜ ਨਿਹਾਲ ਸਿੰਘ ਜੀ ਉਸ ਦਿਨ ਅੰਮ੍ਰਿਤਸਰ ਸਨ। ਪਤਾ ਲੱਗਣ ਤੇ ਉਹਨਾਂ ਜਾ ਕੇ ਫ਼ੌਜੀ ਅਫਸਰਾਂ ਨੂੰ ਏਨਾ ਹੀ ਕਿਹਾ ਕਿ ਇਹ ਮੁੰਡੇ ਤਾਂ ਸਾਡੇ ਹਨ, ਕੂਕਿਆਂ ਦੇ। ਫੇਰ ਜਨਮ ਜਾਤ ਬਾਗੀਆਂ ਦੀ ਸੰਤਾਨ ਨੂੰ ਕਿਹੜੀ ਰਾਜਸੱਤਾ, ਆਪਣੀ ਅਰਥੀ ਵਿਚ ਕਿੱਲ ਠੋਕਣ ਲਈ ਭਰਤੀ ਕਰਦੀ ਸੀ।

ਇਹ ਸਮਾਂ ਰਾਮਵਿਯੋਗੀ ਨਾਮਧਾਰੀਆਂ ਜਾਂ ਕੂਕਿਆਂ ਦੀ ਗੰਭੀਰ ਪ੍ਰੀਖਿਆ ਦਾ ਸਮਾਂ ਸੀ। ਜਦੋਂ ਭੈਣੀ ਸਾਹਿਬ ਡੇਰੇ 'ਚ ਹੁੰਦੇ ਤਾਂ ਅੱਠੀਂ ਪਹਿਰੀਂ ਪੁਲੀਸ ਦੇ ਰਜਿਸਟਰਾਂ ਵਿਚ ਹਾਜ਼ਰੀ ਲੱਗਦੀ, ਜੇ ਅੰਮ੍ਰਿਤਸਰ ਦੀ ਨਾਮਧਾਰੀ ਧਰਮਸ਼ਾਲਾ ਵਿਚ ਅੱਪੜਦੇ ਤਾਂ ਇੱਥੇ ਵੀ ਅੱਠੀਂ ਪਹਿਰੀਂ ਸਰਕਾਰੀ ਹਾਜਰੀ। ਅੰਮ੍ਰਿਤਸਰ ਚੁੰਗੀ ਦੇ ਪਾਸ, ਬੌਰੀਆਂ ਵਾਲੇ ਮਸਤਾਨੇ ਨੂੰ ਗੁਰੂ ਕੇ ਲੰਗਰ ਦੀ ਉਗਰਾਹੀ ਵਾਲੀ ਸਮੱਗਰੀ ਤੇ ਚੁੰਗੀ ਨਾ ਕਟਾਉਂਦਿਆਂ,

ਸਰਕਾਰੀ ਮੁਲਾਜ਼ਮਾਂ ਨਾਲ ਭਿੜਦਿਆਂ ਵੇਖ ਕੇ ਬੀਰ-ਰਸ ਦਾ ਸੰਚਾਰ, ਯੁਵਾ ਝੱਬਰ ਦੇ ਹਿਰਦੇ ਤੇ ਐਸਾ ਹੋਇਆ ਕਿ ਆਯੂ ਪ੍ਰਯੰਤ ਉਹ ਇਸੇ "ਧਰਮ ਜੁੱਧ ਕੇ ਚਾਉ" ਵਿਚ ਹੀ ਰਹੇ। ਦੱਸਦੇ ਹੁੰਦੇ ਸਨ ਕਿ ਛੋਟਿਆਂ ਹੁੰਦਿਆਂ ਜਦੋਂ ਕਿਤੇ ਮਲੇਰਕੋਟਲੇ ਦੇ ਰੱਕੜ ਵਿਚ ਦੀ ਲੰਘਣਾ ਤਾਂ ਬਦੋਬਦੀ ਡੌਲੇ ਫਰਕਣੇ, ਨੇਤਰਾਂ ਵਿਚ ਖ਼ੂਨ ਆ ਜਾਣਾ ਅਤੇ ਇਸੇ ਸ਼ਹੀਦੀ ਪਹਿਰੇ ਹੇਠ ਉੱਥੇ ਜੈਕਾਰੇ ਤੇ ਜੈਕਾਰਾ ਗਜਾਈ ਜਾਣਾ। ਕੁਲ ਚਾਰ ਦਹਾਕੇ ਤਾਂ ਹੋਏ ਸਨ ਜਦੋਂ ਗਊ-ਗਰੀਬ ਦੀ ਰੱਖਿਆ ਹਿਤ, ਸਤਿਗੁਰੂ ਦੇ ਭਾਣੇ ਵਿਚ ਤੋਪਾਂ ਦੇ ਗੋਲੇ ਆਪਣੀਆਂ ਹਿੱਕਾਂ ਤੇ ਝੱਲਕੇ, ਸਿੰਘਾਂ ਨੇ ਰੱਖ ਵਖਾਈ ਸੀ।

ਫ਼ਰੰਗੀ ਸਰਕਾਰ ਦੇ ਛੋਟੇ ਤੋਂ ਵੱਡੇ ਪੁਰਜੇ ਦੇ ਵਿਰੁਧ ਨਫ਼ਰਤ ਹਰ ਕੂਕੇ ਜਿਉਂ ਇਨ੍ਹਾਂ ਵਿਚ ਕੁਟ-ਕੁਟ ਕੇ ਭਰੀ ਹੋਈ ਸੀ। ਪਹਾੜ ਨੂੰ ਜਾਂਦਿਆਂ ਇਕ ਤਸੀਲਦਾਰ ਨੇ ਇਨ੍ਹਾਂ ਤੋਂ ਅੱਗੇ ਲੰਘਣ ਲਈ ਰਾਹ ਲੈਣਾ ਚਾਹਿਆ। ਇਹਨਾਂ ਰਾਹ ਤਾਂ ਕੀ ਦੇਣਾ ਸੀ, ਉਹਦੇ ਫੂੰ-ਫਾਂ ਕਰਨ ਤੇ ਅੱਗੋਂ ਕੁਝ ਕਰੜੀਆਂ ਸੁਣਾ ਵੀ ਦਿਤੀਆਂ। ਰਾਤ ਦੇ ਪੜਾਅ ਸਮੇਂ ਸਤਿਗੁਰੂ ਪ੍ਰਤਾਪ ਸਿੰਘ ਜੀ ਪਾਸ ਉਸ ਤਸੀਲਦਾਰ ਨੇ ਆ ਕੇ ਇਹਨਾਂ ਦੀ ਸ਼ਕਾਇਤ ਲਾ ਦਿੱਤੀ। ਸਤਿਗੁਰੂ ਜੀ ਨੇ ਫੁਰਮਾਇਆ, "ਤਸੀਲਦਾਰ ਸਾਹਿਬ, ਇਹ ਮੁੰਡਾ ਤੁਸੀਂ ਜਾਣਦੇ ਨਹੀਂ ਕੌਣ ?... ਇਕ ਤੇ ਗੁਰੂ ਕਾ ਸਿੰਘ ਨਾਮਧਾਰੀ, ਖੰਡੇ ਬਾਟੇ ਦਾ ਅੰਮ੍ਰਿਤ ਛਕਕੇ ਤਿਆਰ-ਬਰ-ਤਿਆਰ.... ਤੇ ਦੂਜਾ ਮੇਰਾ ਹੱਥ ਇਸ ਦੇ ਸਿਰ ਤੇ।...ਭਾਗਾਂ ਵਾਲੇ ਹੋ, ਤਿੱਖੜ ਦੁਪੈਹਰੇ ਇਸ ਭੁਝੰਗੀ ਨਾਲ ਉਲਝਕੇ ਬਚ ਗਏ ਓ। ਇਹ ਤੁਹਾਨੂੰ ਸੋਧ ਵੀ ਸਕਦਾ ਸੀ।" ਇਸ ਤਰ੍ਹਾਂ ਸ਼ਕਾਇਤ ਕਰਤਾ ਦੀ ਤਸੱਲੀ ਕਰਵਾਉਣ ਦੇ ਨਾਲ ਨਾਲ ਝੱਬਰ ਵਾਸਤੇ ਲੁਕਵਾਂ ਸੰਦੇਸ਼ ਸੀ ਕਿ—ਵਧਿਆ ਚੱਲ ਏਸੇ ਰਫ਼ਤਾਰ ਦੇ ਨਾਲ। ਬੜਾ ਚਿਰ ਸ਼ਾਂਤਮਈ ਲੜਾਈ ਲੜੀ ਹੈ ਦੁਸ਼ਮਣਾਂ ਨਾਲ, ਹੁਣ ਤੇਰੇ ਵਰਗੇ ਸੂਰਬੀਰਾਂ ਦੀ ਗੁਰੂ-ਘਰ ਨੂੰ ਲੋੜ ਹੈ।

ਝੱਬਰ ਪੰਜਾਂ ਕੁ ਸਾਲਾਂ ਦਾ ਸੀ, ਜਦੋਂ ਸੰਤ ਹਰਨਾਮ ਸਿੰਘ ਜੀ (ਜੋ ਸਤਿਗੁਰੂ ਰਾਮ ਸਿੰਘ ਜੀ ਨੇ ਸਿੰਘ ਸਾਜੇ ਸਨ, ਨਿਹੰਗ ਸਿੰਘ ਦੇ ਬਾਣੇ ਵਿਚ ਗੜ੍ਹਦੀ ਵਾਲੇ ਰਹੇ) ਨੇ ਸੰਤ ਜਿਊਣ ਸਿੰਘ ਝੱਬਰ ਨੂੰ ਪੁੱਛਿਆ, "ਛੋਟੇ ਝੱਬਰ ਨੂੰ ਭਜਨ ਕਿਸ ਤੋਂ ਦੁਆਇਆ ਹੈ ?" "...ਉਹ ਸਿੰਘ ਜਿਸ ਭਜਨ ਦਿੱਤਾ ਸੀ ਲੱਖ ਨੇਤਰਾ ਸੀ।" ਬਾਬੇ ਹੋਰੀਂ ਗਰਜਕੇ ਬੋਲੇ, "ਕਾਣਾ ਭਜਨ ਨਹੀਂ ਦੁਆਉਣਾ।" ਆਪ ਭਜਨ ਦੱਸ ਕੇ ਬਾਲ ਨੂੰ ਖੁਸ਼ੀਆਂ ਦੇ ਗੱਫੇ ਬਖਸ਼ੇ ਅਤੇ ਬੀਰ-ਬਲੀ ਸਿੰਘ ਹੋਣ ਦਾ ਵਰਦਾਨ ਦਿੱਤਾ। ਸਮਾਂ ਪਾ ਕੇ, ਜਦੋਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸ੍ਰੀ ਮਹਿਲ, ਮਾਤਾ ਭੂਪਿੰਦਰ ਕੌਰ ਜੀ ਅਕਾਲ ਚਲਾਣਾ ਕਰ ਗਏ, ਬਾਲ ਸਤਿਗੁਰੂ ਜਗਜੀਤ ਸਿੰਘ ਜੀ ਦੀ ਸੇਵਾ ਝੱਬਰ ਹੋਰਾਂ ਨੂੰ ਸੌਂਪੀ ਗਈ, ਜਿਨ੍ਹਾਂ ਨੂੰ ਉਦੋਂ ਬੇਅੰਤ ਜੀ ਕਿਹਾ ਜਾਂਦਾ ਸੀ। ਬੇਅੰਤ ਜੀ ਨੂੰ ਲੈ ਕੇ ਜਦੋਂ ਆਪ ਗੜ੍ਹਦੀਵਾਲੇ ਦੇ ਨਾਮਧਾਰੀ ਡੇਰੇ, ਸੰਤ ਹਰਨਾਮ ਸਿੰਘ ਹੋਰਾਂ ਵਾਲੇ ਰਹੇ ਤਾਂ ਇੱਥੇ ਇਕ ਬਸੰਤ ਸਿੰਘ ਅਕਾਲੀ ਨਾਲ ਡੰਗਰਾਂ ਦੇ ਉਜਾੜੇ ਤੋਂ ਖੜਕ ਗਈ। ਇਹ ਬਸੰਤ ਸਿੰਘ ਬਹੁਤ ਚਾਮਲ੍ਹਿਆ ਸੀ। ਇਹਦੀ ਡਾਂਗ ਨਾਲ ਹੀ ਦੁਕਾਨਦਾਰ ਰਸਦਾਂ ਬੰਨ੍ਹ ਕੇ ਇਹਦੇ ਕਰਿੰਦੇ ਨੂੰ ਤੋਰ ਦਿੰਦੇ ਸਨ। ਉਹ ਜਬਰੀ ਵਸੂਲੀ ਇਉਂ ਕਰਿਆ ਕਰਦਾ ਸੀ। ਜਦੋਂ

ਝੱਬਰ ਨੇ ਇਸ ਨੂੰ ਇਕ ਰੁੱਖ ਨਾਲ ਬੰਨ੍ਹਕੇ ਚਾਹਟਾ ਛਕਾਇਆ ਤਾਂ ਸਾਰਾ ਸ਼ਹਿਰ ਵੇਖਣ ਆਇਆ ਕਿ ਉਹ ਕਿਹੜੇ ਗੁਰੂ ਦਾ ਚੇਲਾ ਹੈ, ਜਿਹਨੇ ਬਸੰਤੇ ਦੇ ਭੁਕਾਨੇ ਵਿਚੋਂ ਹਵਾ ਕੱਢ ਕੇ ਉਹਨਾਂ ਨੂੰ ਅਭੈਦਾਨ ਦਿਵਾਇਆ ਹੈ ?

ਸ਼ਾਂਤਮਈ ਅੰਦੋਲਨ ਦੇ ਨਾਲ ਹੀ, ਕੂਕਿਆਂ ਵਿਚ ਇਕ ਖਾੜਕੂ ਧਾਰਾ ਵੀ ਆਰੰਭ ਤੋਂ ਹੀ ਰਹੀ ਹੈ, ਜਿਹੜੀ ਸਿੰਘਾਂ ਨੂੰ ਕਸ਼ਟ ਪੁਚਾਉਣ ਵਾਲੇ ਗੁਰੂ ਦੋਖੀਆਂ ਨਾਲ ਆਪਣੇ ਢੰਗ ਨਾਲ ਸਿੱਝਦੀ ਰਹੀ ਹੈ। ਸ੍ਰੀ ਭੈਣੀ ਸਾਹਿਬ ਵਿਖੇ ਮਫ਼ਰੂਰੀ ਦੀ ਹਾਲਤ ਵਿਚ ਖਰਾਸ ਵਾਲੇ ਕੋਠੇ ਵਿਚ ਆਪਣਾ ਅੰਤ ਸਮਾਂ ਬਿਤਾਉਣ ਵਾਲਾ ਭਗਵਾਨ ਸਿੰਘ ਅੜਬੰਗੀ ਇਸੇ ਧਾਰਾ ਦਾ ਜਰਨੈਲ ਸੀ। ਉਹ ਭੈਣੀ ਸਾਹਿਬ ਪੁਲਿਸ ਚੌਕੀ ਦੇ ਬੜੇ ਫਿੱਟੇ ਸਿਪਾਹੀ ਗੇਂਦੇ ਸਮੇਤ, ਬੁੱਚੜ ਬੱਧ, ਕਤਲ ਕੇਸਾਂ ਵਿਚ ਪੰਜਾਬ ਪੁਲੀਸ ਨੂੰ ਲੋੜੀਂਦਾ ਸੀ। ਅੜਬੰਗੀ, ਸੰਤ ਜਿਊਣ ਸਿੰਘ ਝੱਬਰ ਦਾ ਬੜਾ ਪ੍ਰੇਮੀ-ਮਿੱਤਰ ਸੀ। ਛੋਟੇ ਝੱਬਰ ਨੂੰ ਆਪਣੀ ਬੁੱਕਲ ਵਿਚ ਬੈਠਾ ਕੇ "ਅੜਬੰਗੀ" ਅੰਮ੍ਰਿਤਸਰ ਬੁੱਚੜਬੱਧ, ਰਾਇਕੋਟ ਮਲੇਰਕੋਟਲੇ ਦੇ ਸਾਕੇ, ਗੇਂਦਾਬੱਧ ਅਤੇ ਹੋਰ ਬਹੁਤ ਸਾਰੇ ਵਾਕਿਆਤਾਂ ਦਾ ਪ੍ਰਤੱਖ-ਦਰਸ਼ੀ ਅਤੇ ਮੁੱਖ ਪਾਤਰ ਹੋਣ ਸਦਕਾ, ਵਰਣਨ ਕਰਿਆ ਕਰਦਾ ਸੀ। ਉਹ ਗੇਂਦੇ ਵਾਲੇ ਕੇਸ ਵਿਚੋਂ ਇਸੇ ਕਰਕੇ ਬਰੀ ਹੋਏ ਸਨ ਕਿ ਉਹਨਾਂ ਪੁਲੀਸ ਨੂੰ ਇਹ ਸਿੱਧ ਹੀ ਨਹੀਂ ਸੀ ਹੋਣ ਦਿੱਤਾ ਕਿ ਉਹ ਮਰਹਾਣੇ ਪਿੰਡ ਦਾ ਭਗਵਾਨ ਸਿੰਘ ਹੈ। ਅੜਬੰਗੀ ਜੀ ਦੀ ਸੰਗਤ ਨਾਲ ਜਿੱਥੇ ਸਿਰ ਤੇ ਖੇਡ ਜਾਣ ਦੀ ਦਲੇਰੀ ਆਈ ਉੱਥੇ ਉਹਨਾਂ ਨੇ ਤਰਕ ਵਿਤਰਕ ਅਤੇ ਕਈ ਉਕਤੀਆਂ ਯੁਕਤੀਆਂ ਦੀ ਵੀ ਸੋਝੀ ਕਰਾਈ ਜਿਸ ਸਦਕਾ, ਔਖੇ ਤੋਂ ਔਖੇ ਸਮੇਂ ਵਿਚ ਵੀ ਅਡੋਲ ਰਹਿ ਕੇ, ਕੋਈ ਨਾ ਕੋਈ ਰਸਤਾ ਲੱਭ ਲੈਣ ਦਾ ਸਾਹਸ ਪੈਦਾ ਹੋਇਆ।

ਰਾਈਆਂ ਵਾਲੇ ਡੇਰੇ ਦੇ ਉਦਾਸੀ ਸਾਧੂ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਤਾਂ ਡੇਰਾ ਸ੍ਰੀ ਭੈਣੀਸਾਹਿਬ ਨਾਲ ਸੁਖਾਵੇਂ ਸਬੰਧ ਬਣਾਈ ਰੱਖਦੇ ਸੀ। ਬਾਬਾ ਜੱਸਾ ਸਿੰਘ (ਪਿਤਾ ਸਤਿਗੁਰੂ ਰਾਮ ਸਿੰਘ) ਦਾ ਸਸਕਾਰ ਵੀ ਇਸੇ ਡੇਰੇ ਦੇ ਇਕ ਸਾਧੂ ਮਨਸਾ ਰਾਮ ਦੀ ਸਮਾਧ ਪਾਸ ਹੋਇਆ। ਕੁਝ ਉਸ ਸਾਧ ਨਾਲ ਪ੍ਰੇਮ ਕਰਕੇ ਤੇ ਕੁਝ ਪਿੰਡ ਦੇ ਜੱਟਾਂ ਵੱਲੋਂ ਇਹ ਕਹਿਣ ਕਿ ਤੁਸੀਂ ਇਸ ਪਿੰਡ ਦੇ ਨਹੀਂ ਰਾਈਆਂ ਦੇ ਮੂਲ ਨਿਵਾਸੀ ਹੋ, ਓਥੇ ਸਸਕਾਰ ਕਰੋ। ਇਸ ਗੱਲ ਤੋਂ ਅੰਦਾਜ਼ਾ ਲੱਗ ਸਕਦਾ ਹੈ ਕਿ ਬਦੇਸ਼ੀ ਸਰਕਾਰ ਦੇ ਚਮ੍ਹਲਾਏ ਆਂਢੀ-ਗੁਆਂਢੀ ਪਿੰਡ ਦੇ ਵੀ ਅਤੇ ਬਾਹਰਲੇ ਪਿੰਡਾਂ ਦੇ ਵੀ ਕਿਸੇ ਨਾ ਕਿਸੇ ਬਹਾਨੇ, ਕੂਕਿਆਂ ਨੂੰ ਦਬਾਈ ਰੱਖਣਾ ਚਾਹੁੰਦੇ ਸਨ। ਗੁਰੂ ਹਰੀ ਸਿੰਘ ਜੀ ਨੇ ਇਹਨਾਂ ਲੋਕਾਂ ਬਾਰੇ ਹੀ ਕਿਹਾ ਸੀ ਕਿ ਇਹਨਾਂ ਦੀਆਂ ਗਰਦਨਾਂ ਵਿਚ ਕੀਲੇ ਗੱਡੇ ਹੋਏ ਹੈਂ। ਇਹ ਵੀ ਉਹਨਾਂ ਕਿਹਾ ਸੀ ਕਿ ਹੰਕਾਰ ਦੇ ਇਹਨਾਂ ਕਿੱਲਿਆਂ ਨੂੰ ਛੇਤੀ ਹੀ ਪੁੱਟਣ ਵਾਲੇ ਸਾਡੇ ਸਿੰਘ ਆ ਰਹੇ ਹਨ। ਇਸ 'ਕਿੱਲੇ ਪੁੱਟਣ' ਵਾਲੇ ਕੰਮ ਦੀ ਅਗਵਾਈ ਵੀ ਗੁਰਮੁਖ ਸਿੰਘ ਝੱਬਰ ਨੇ ਕੀਤੀ।

ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਮਾਤਾ ਜੀ, ਮਾਈ ਜਿਊਣ ਕੌਰ ਜੀ, ਹਰ ਦੋਸਤ

ਦੁਸ਼ਮਣ ਨਾਲ ਸਮ ਹੀ ਵਰਤਦੇ। ਉਹ ਸੋਚਦੇ ਸਨ ਕਿ ਜੇ ਕੋਈ ਗੁੜ ਦਿਤਿਆਂ ਮਰ ਜਾਏ ਤਾਂ ਮਹੁਰਾ ਕਿਉਂ ਦੇਵਾਂ। ਗੁਰੂ ਨਿੰਦਕਾਂ ਤੇ ਡੇਰੇ ਦੇ ਵਿਰੋਧੀਆਂ ਲਈ ਵੀ ਇਧਰੋਂ ਖੁਲ੍ਹੇ ਗੱਫੇ ਵਰਤਦੇ ਸਨ। ਰਾਈਆਂ ਡੇਰੇ ਦਾ ਉਦਾਸੀ ਸਾਧ ਮਹੰਤ ਮੋਤੀ ਦਾਸ ਬਹੁਤ ਵਧ ਚੁੱਕਿਆ ਸੀ। ਉਹ ਡੇਰਾ ਸ੍ਰੀ ਭੈਣੀ ਸਾਹਿਬ ਦੀਆਂ ਐਨ ਬਰੂਹਾਂ ਤੇ ਆ ਕੇ, ਡਿਊੜੀ ਸਾਂਹਵੇ ਮਾਈ ਜੀ ਦੀ ਸ਼ਾਨ ਦੇ ਖਿਲਾਫ ਅਬਾ ਤਬਾ ਬੋਲਣ ਲੱਗ ਪਿਆ। ਝੱਬਰ ਓਦੋਂ ਨਹਿਰ ਵਾਲੇ ਡੇਰੇ ਤੇ ਸੀ। ਸ਼ਾਮੀਂ ਆਇਆਂ ਸੁਣੀ ਹਕੀਕਤ ਸਾਰੀ ਤਾਂ ਪਿੰਡ ਦੇ ਇਕ ਲਾਗੀ ਘੱਕੂ ਨੂੰ ਸੱਦ ਕੇ ਕਿਹਾ ਕਿ ਸਾਧ ਮੋਤੀ ਦਾਸ ਨੂੰ ਮੇਰਾ ਸੁਨੇਹਾ ਦੇ ਆ "ਹੁਣ ਤੱਕ ਜੋ ਹੋ ਗਈ, ਹੋ ਗਈ। ਹੁਣ ਮਾਈ ਦੇ ਪੁੱਤਰ ਪੋਤਰੇ ਜੁਆਨ ਹੋ ਗਏ ਨੇ। ਹੁਣ ਉਹਨਾਂ ਦੀ ਪੰਥ ਮਾਤਾ ਨੂੰ ਜੇ ਕਿਸੇ ਹਮਕੀ ਤੁਮਕੀ ਕੀਤੀ, ਤਾਂ ਸਾਨੂੰ ਮਾਂ ਨਹੀਂ ਕੋਈ ਕੁੱਤੀ ਚੁੱਕੀ ਫਿਰਦੀ ਰਹੀ ਹੋਏਗੀ। ਸਮਾਂ ਸਥਾਨ ਤੈਅ ਕਰਕੇ ਜਿੱਥੇ ਮਰਜ਼ੀ ਹੋਵੇ ਸਾਧਾ ਭੇੜਾ ਕਰ ਲੈ। ਖਾਲਸੇ ਤਿਆਰ-ਬਰ-ਤਿਆਰ ਨੇ।" ਸਾਧ ਨੇ ਕੀਹ ਦਿਨ ਬੰਨ੍ਹਣਾ ਸੀ। ਇਕ ਹਫਤੇ ਬਾਦ ਬੇਗੋਵਾਲ ਦੇ ਅਖਾੜੇ ਵਿਚ ਮੋਤੀ ਦਾਸ ਦਾ ਸਿਰ, ਧੜ ਤੋਂ ਵੱਖਰਾ ਹੋਇਆ ਰਿੜ੍ਹ ਰਿਹਾ ਸੀ।

ਪਿੰਡ ਭੈਣੀ ਸਾਹਿਬ ਦਾ ਹੀ ਨਿਵਾਸੀ ਦੁਸੰਧੀ, ਡੇਰੇ ਦਾ ਕੁਝ ਸਮਾਂ ਇਸ ਹਾਲਤ ਵਿਚ ਵੀ ਮੁਖਤਿਆਰ ਰਿਹਾ ਸੀ। ਉਹ ਰਾਈਆਂ ਵਾਲਿਆਂ ਨਾਲ ਵੀ ਮਿਲ ਜਾਂਦਾ ਅਤੇ ਉਹਨਾਂ ਨੂੰ ਸੂਹ ਵੀ ਦਿੰਦਾ। ਡੇਰੇ ਦੇ ਖਿਲਾਫ ਗਵਾਹ ਪਿੰਡ ਵਿਚੋਂ ਹੀ ਭੁਗਤਾ ਕੇ ਫਿਰ ਉਹਨਾਂ ਦੇ ਘਰ ਕੜਾਹ ਪ੍ਰਸਾਦ ਦੇ ਗੱਫੇ ਅਤੇ ਸਰਦਾਈਆਂ ਦੇ ਗੜਵੇ ਵੀ ਭੇਜਦਾ। ਝੱਬਰ ਨੇ ਉਹਦੀ ਰਸਦ ਬੰਦ ਕਰ ਦਿੱਤੀ। ਔਖਾ ਸੌਖਾ ਹੋਣ ਲੱਗਾ ਤਾਂ ਚਾਹਟਾ ਛਕਾ ਦਿੱਤਾ। ਮਾਈ ਜੀ ਵੱਡਿਆਂ ਨੇ ਕਿਹਾ "ਮਾੜਾ ਮੋਟਾ ਹੱਥ ਠੋਕਾ ਸੀ। ਪਿੰਡ ਨਾਲ ਵਗਾੜਨੀ ਚੰਗੀ ਨਹੀਂ।" ਝੱਬਰ ਨੇ ਉਤਰ ਦਿੱਤਾ—"ਮਾਤਾ ਜੀ, ਇਹ ਲੱਤਾਂ ਦੇ ਭੂਤ ਬਾਤਾਂ ਨਾਲ ਨਹੀਂ ਮੰਨਣਗੇ। ਤੰਗੀਆਂ ਤੁਰਸ਼ੀਆਂ ਦਾ ਦੌਰ ਆਪਣਾ ਹੁਣ ਲੰਘਣ ਵਾਲਾ ਹੈ। ਇਹਨਾਂ ਦੀ ਜਿਹੜੀ ਦੁਆਈ ਹੈ ਓਹੋ ਹੁਣ ਕਰਾਂਗੇ। ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਕ੍ਰਿਪਾ ਨਾਲ ਹੁਣ ਕਿਸੇ ਨੂੰ ਖੰਘਣ ਨਹੀਂ ਦਿਆਂਗੇ। ਨਾਲੇ ਇਹ ਸਾਨੂੰ ਖਾਣ ਤੇ ਨਾਲੇ ਸਾਨੂੰ ਘੂਰਨ, ਦੋ ਦੋ ਕੰਮ ਹੁਣ ਨਹੀਂ ਹੋਣ ਦੇਣੇ।"

ਸਤਿਗੁਰੂ ਪ੍ਰਤਾਪ ਸਿੰਘ ਜੀ ਇਸ਼ਨਾਨ ਕਰ ਰਹੇ ਸਨ। ਬਸਤਰ ਤਬੇਲੇ ਵੱਲੋਂ ਲੈ ਕੇ ਇਕ ਦੋ ਹੋਰ ਸਿੰਘਾਂ ਨਾਲ ਝੱਬਰ ਆ ਰਿਹਾ ਸੀ। ਪੁਲੀਸ ਚੌਕੀ ਦੇ ਸਿਪਾਹੀਆਂ ਰੋਕ ਲਿਆ। ਸੱਚੇ ਪਾਤਸ਼ਾਹ ਜੀ ਖੂਹ ਦੀ ਮਣ ਤੇ ਖਲੋਤੇ ਬਸਤਰ ਉਡੀਕ ਰਹੇ ਸਨ। ਬਾਲਕ ਝੱਬਰ ਉਹਨਾਂ ਸਿਪਾਹੀਆਂ ਨਾਲ ਭਿੜ ਪਿਆ। ਰੌਲਾ ਸੁਣ ਕੇ ਸਤਿਗੁਰੂ ਜੀ ਆ ਗਏ ਤੇ ਕਹਿਣ ਲੱਗੇ ਕਿ ਬਹੁਤ ਹੋ ਗਈਆਂ ਸਾਡੇ ਨਾਲ। ਮੈਂ ਅੱਜ ਹੀ ਲਾਹੌਰ ਜਾ ਕੇ ਤੁਹਾਡਾ ਬਿਸਤਰਾ ਬੋਰੀਆ ਗੋਲ ਕਰਵਾਉਂਦਾ ਹਾਂ। ਇਸ ਤਰ੍ਹਾਂ ਡੇਰੇ ਦੇ ਬੂਹੇ ਤੋਂ ਅੱਧੀ ਸਦੀ ਤੋਂ ਪਈ ਪੁਲੀਸ ਚੌਂਕੀ ਉਠਾਉਣ ਦਾ ਮੁੱਢ ਬੱਝਿਆ।

ਰਾਈਆਂ ਦੇ ਗੁੱਜਰ ਵੀ ਬੜੇ ਖਾੜਕੂ ਸਨ। ੧੯੪੭ ਤੋਂ ਪਹਿਲਾਂ ਉਹਨਾਂ ਦੀ ਸੱਠ

ਡਾਂਗ ਸੀ। ਜਿੱਥੇ ਮਰਜ਼ੀ ਪਸ਼ੂ ਚਾਰਦੇ ਅਤੇ ਉਜਾੜੇ ਕਰਦੇ ਫਿਰਦੇ। ਸਰਕਾਰ, ਪਿੰਡਾਂ ਦੇ ਪ੍ਰਭਾਵਸ਼ਾਲੀ ਲੋਕ, ਕੂਕਿਆਂ ਦੇ ਵਿਰੁੱਧ ਸਨ ਹੀ, ਗੁੱਜਰਾਂ ਨੇ ਸੋਚਿਆ ਕਿ ਅਸੀਂ ਪਿੱਛੇ ਕਿਉਂ ਰਹੀਏ। ਵਗਦੀ ਗੰਗਾ ਵਿਚ ਅਸੀਂ ਵੀ ਹੱਥ ਧੋ ਲਈਏ। "ਗੁੱਜਰ ਰੋਸ਼ਨ, ਡੇਰੇ ਦੇ ਅਨੁਸ਼ਾਸ਼ਨ ਦੀ ਅਵੱਗਿਆ ਕਰਕੇ ਗਿਆ ਹੈ", ਬਿਅੰਤ ਜੀ ਤੋਂ ਝੱਬਰ ਨੂੰ ਇਹ ਪਤਾ ਲੱਗ ਗਿਆ। ਅਜੇ ਉਹ ਕੋਠੀ ਵਾਲੇ ਬਾਗ ਦੀ ਗੁੱਠ ਟੱਪ ਹੀ ਰਿਹਾ ਸੀ, ਘੇਰ ਲਿਆ। ਰੋਸ਼ਨ ਬੜਾ ਸੂਰਮਾ ਤੇ ਬਲੀ ਜੁਆਨ ਸੀ। ਸਾਰੇ ਗੁੱਜਰਾਂ ਦਾ ਆਗੂ ਸਭ ਤੋਂ ਸਿਰ ਕਢਵਾਂ। ਬਾਪੂ ਜੀ ਦੱਸਿਆ ਕਰਦੇ ਸਨ ਕਿ ਇਕ ਵੇਰ ਤੇ ਉਹਨੇ ਮੈਨੂੰ ਥੱਲੇ ਸੁੱਟ ਲਿਆ। ਉਹ ਹਲ ਦਾ ਜੋਤਰਾ ਛੱਡ ਕੇ ਆਇਆ ਸੀ ਤੇ ਪਰਾਣੀ ਉਹਦੇ ਹੱਥ ਵਿਚ ਸੀ। ਮੈਂ ਫੁਰਤੀ ਨਾਲ ਥੱਲੇ ਪਏ ਨੇ ਪਰਾਣੀ ਉਹਦੇ ਹੱਥੋਂ ਖੋਹ ਲਈ ਤੇ ਉਹਦੀ ਪੁੜਪੁੜੀ ਤੇ ਛੱਡੀ। ਉਸ ਸਿਰ ਝਟਕਿਆ, ਏਨੇ ਨੂੰ ਹੋਰ ਮਾਰ ਕੇ ਬੌਂਦਲਾ ਦਿੱਤਾ। ਕੋਠੀ ਦੇ ਥਮਲੇ ਨਾਲ ਬੰਨ੍ਹ ਕੇ ਮਾਂਜਿਆ। ਚੀਕਾਂ ਰੋਸ਼ਨ ਦੀਆਂ ਪਿੰਡ ਤੱਕ ਜਾਣ ਪਰ ਝੱਬਰ ਦੇ ਹੁੰਦਿਆਂ ਛੁਡਾਉਣ ਕਿਹੜਾ ਆਵੇ। ਅਖੀਰ ਮਾਈ ਜੀ ਵੱਡੇ ਆਏ। ਉਹਨਾਂ ਛੁਡਾਇਆ। ਰਾਤ ਨੂੰ ਇਹੋ ਰੋਸ਼ਨ ੧੦੦ ਬੰਦਾ ਨਾਲ ਲੈ ਕੇ ਆ ਗਿਆ ਕਿ ਝੱਬਰ ਦੀ ਮੰਜੀ ਤਬੇਲੇ ਵਿੱਚੋਂ ਚੁੱਕ ਲਿਆਉਣੀ ਹੈ। ਪੌੜੀ ਲਾ ਕੇ ਤਬੇਲੇ ਵਿਚ ਉਤਰ ਰਹੇ ਨੂੰ ਚਾਚਾ ਲਾਭ ਸਿੰਘ ਫੱਤਾ (ਬਾਪੂ ਜੀ ਨਾਲ ਇਹਨਾਂ ਦਾ ਬਹੁਤ ਪ੍ਰੇਮ ਸੀ) ਅਤੇ ਹੋਰ ਸਿੰਘਾਂ ਨੇ ਘੇਰ ਲਿਆ। ਗੜਵਿਆਂ ਨਾਲ ਹੀ ਪਾਰ ਬੁਲਾ ਦਿੱਤਾ। ਝੱਬਰ ਹੋਰਾਂ ਦੇ ਆਉਣ ਤੋਂ ਪਹਿਲਾਂ ਸਹਿਕ ਰਿਹਾ ਸੀ। ਉਹਨਾਂ ਸਿੰਘ ਨਾਲ ਲੈ ਕੇ ਰਾਈਆਂ ਦੇ ਬਾਹਰ ਲਿਟਾ ਦਿੱਤਾ ਰੇਤੇ ਤੇ। ਦਿਨੇ ਹਨੇਰੀ ਆਈ। ਪੈੜ ਮਿਟ ਗਈ। ਪਰਚਾ ਹੋ ਗਿਆ। ਪੁਲੀਸ ਕਪਤਾਨ ਅੰਗਰੇਜ਼ ਮੌਕੇ ਤੇ ਆਇਆ। ਪਰਚਾ ਕਤਲ ਦਾ ਨਾਮਧਾਰੀ ਦਰਬਾਰ ਦੇ ਪ੍ਰਧਾਨ ਸ੍ਰ. ਦਯਾ ਸਿੰਘ ਕੱਕੜ, ਝੱਬਰ ਅਤੇ ਦੋ ਹੋਰ ਡੇਰੇ ਦੇ ਸਿੰਘਾਂ ਦੇ ਖਿਲਾਫ਼ ਸੀ। ਪਹਿਲਾਂ ਕੁਝ ਤਾਂ ਲੋਕਾਂ ਦੀ ਯੋਜਨਾ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਨਾਂ ਵੀ ਵਿਚ ਪਾਉਣ ਤੇ ਸੀ। ਪਰ ਜਦੋਂ ਉਹਨਾਂ ਇਹ ਸੁਣਿਆ ਕਿ ਝੱਬਰ ਕਹਿੰਦਾ ਹੈ ਜੇ ਸਤਿਗੁਰੂ ਜੀ ਦਾ ਝੂਠਾ ਨਾਂ ਲਿਆ ਤਾਂ ਮੈਂ ਇਕਬਾਲੀ ਹੋ ਜਾਵਾਂਗਾ, ਉਹ ਬਦਲ ਗਏ। ਪੁਲੀਸ ਕਪਤਾਨ ਮੌਕੇ ਤੇ ਆਇਆ, ਮੌਕੇ ਦੇ ਗਵਾਹਾਂ ਨੂੰ ਸੱਦਿਆ। ਦੋ ਗਵਾਹ ਪਿੰਡ ਭੈਣੀ ਸਾਹਿਬ ਦੇ ਨਿਵਾਸੀ ਕੂਕਿਆਂ ਦੇ ਕੱਟੜ ਵਿਰੋਧੀ ਸਮਝੇ ਜਾਣ ਵਾਲੇ ਧੜੇ ਵਿਚੋਂ ਸਨ। ਪ੍ਰੰਤੂ ਕਿਸੇ ਸਮੇਂ ਝੱਬਰ ਹੋਰਾਂ ਨੇ ਉਹਨਾਂ ਦੋਹਾਂ ਤੇ ਕੁਝ ਨਾ ਭੁਲਾਉਣ ਯੋਗ ਗੁਣ ਕੀਤੇ ਸਨ, ਜਿਸ ਕਰਕੇ ਦੋਵੇਂ ਗਵਾਹ ਐਸ.ਪੀ. ਦੇ ਸਾਹਮਣੇ ਸਾਫ ਮੁੱਕਰ ਗਏ ਕਿ ਉਹਨਾਂ ਨੂੰ ਇਸ ਕੇਸ ਸਬੰਧੀ ਕੋਈ ਪਤਾ ਹੈ। ਅਫਸਰ ਨੇ ਪਰਚਾ ਝੂਠ ਜਾਣ ਕੇ ਮੌਕੇ ਤੇ ਹੀ ਪਾੜ ਦਿੱਤਾ ਅਤੇ ਨਵੇਂ ਸਿਰਿਉਂ ਜਾਂਚ ਦੇ ਹੁਕਮ ਦੇ ਕੇ ਮੁੜ ਆਇਆ।

ਬਹੁਤ ਸਾਰੇ ਦੇਸ਼ ਭਗਤਾਂ ਦਾ, ਜੋ ਅੰਗਰੇਜ਼ ਸਰਕਾਰ ਦੇ ਖਿਲਾਫ ਲੜ ਰਹੇ ਸਨ, ਡੇਰਾ ਸ੍ਰੀ ਭੈਣੀ ਸਾਹਿਬ ਇਕ ਵੱਡਾ ਗੁਪਤ ਟਿਕਾਣਾ ਸੀ। ਅੜਬੰਗੀ ਜੀ ਅਤੇ ਅੰਮ੍ਰਿਤਸਰ ਬੁਚੜ ਬੱਧ ਦੇ ਇਕ ਹੋਰ ਮਫਰੂਰ ਨੇ ਆਪਣੀ ਸਾਰੀ ਉਮਰ ਇੱਥੇ ਹੀ ਬਿਤਾਈ ਸੀ। ਬੱਬਰ ਅਕਾਲੀ ਲਹਿਰ ਦੇ ਉੱਘੇ ਰੁਕਨ ਰਤਨ ਸਿੰਘ ਪਿੰਡ ਰੱਕੜਾਂ ਨੇ ਕਈ ਵੇਰ ਇੱਥੇ

ਟਿਕਾਣਾ ਕੀਤਾ। ਜਿਸ ਦਿਨ ਰਤਨ ਸਿੰਘ ਦੇ ਪਿੱਛੇ ਪੁਲੀਸ ਦੀ ਬਹੁਤ ਵੱਡੀ ਧਾੜ ਸੀ ਉਸ ਦਿਨ ਵੀ ਉਹਨੂੰ ਲੰਘਾਉਣ ਵਿਚ ਝੱਬਰ ਹੋਰਾਂ ਦੀ ਇਮਦਾਦ ਜ਼ਿਕਰ ਯੋਗ ਹੈ। ਗੁਆਂਢੀ ਪਿੰਡ ਦੇ ਜ਼ੈਲਦਾਰ ਦੇ ਭਤੀਜੇ ਨੇ ਰਤਨ ਸਿੰਘ ਦਾ ਪਿੱਛਾ ਬਹੁਤ ਤੇਜ਼ੀ ਨਾਲ ਕੀਤਾ। ਜਦੋਂ ਉਹ ਭੈਣੀ ਸਾਹਿਬ ਬਾਗ ਵਾਲੀ ਕੋਠੀ ਵੱਲੋਂ ਲੰਘ ਰਿਹਾ ਸੀ ਤਾਂ ਝੱਬਰ ਹੋਰਾਂ ਉਹ ਨੂੰ ਜੱਫਾ ਮਾਰ ਲਿਆ ਕਿ ਰਤਨ ਸਿੰਘ ਤਕ ਪੁੱਜ ਨਾ ਜਾਏ। ਪੂਰੇ ੧੦-੧੫ ਮਿੰਟ ਉਹਦੇ ਨਾਲ ਘੁਲਦੇ ਰਹੇ। ਜਦੋਂ ਥਾਣੇਦਾਰ ਆਇਆ ਤਾਂ ਉਸਨੇ ਕਿਹਾ ਜੇ ਝੱਬਰ ਮੈਨੂੰ ਨਾ ਫੜਦਾ ਤਾਂ ਮੈਂ ਰਤਨ ਸਿੰਘ ਨੂੰ ਫੜ ਲੈਣਾ ਸੀ। ਬਾਪੂ ਜੀ ਨੇ ਕਿਹਾ "ਵਾਹ ਭਾਈ ਵਾਹ, ਤੂੰ ਨਹੀਂ ਰਤਨ ਸਿੰਘ, ਅਸੀਂ ਤਾਂ ਤੈਨੂੰ ਰਤਨ ਸਿੰਘ ਸਮਝ ਕੇ ਰੋਕਿਆ ਸੀ। ਥਾਣੇਦਾਰ ਸਾਹਿਬ ਕਹਿ ਗਏ ਸਨ ਕਿ ਇਸ ਤਰ੍ਹਾਂ ਦੇ ਹੁਲੀਏ ਦਾ ਬੰਦਾ ਆਇਆ ਤਾਂ ਉਹਨੂੰ ਰੋਕਿਓ। ਤੂੰ ਮੂੰਹੋਂ ਫੁੱਟਿਆ ਹੀ ਨਹੀਂ ਪਈ ਮੈਂ ਰਤਨ ਸਿੰਘ ਨਹੀਂ। ਉਸ 'ਅਤੀ ਉਤਸ਼ਾਹੀ' ਯੁਵਕ ਨੇ ਫਿਰ ਬੱਬਰ ਅਕਾਲੀ ਦਾ ਪਿੱਛਾ ਕੀਤਾ ਅਤੇ ਸਤਿਲੁਜ ਦੀ ਬੇਟ ਵਿਚ ਪੱਥਰ ਪਿੱਛੇ ਲੁਕੇ, ਰਤਨ ਸਿੰਘ ਦੀ ਬੰਦੂਕ ਦੀ ਗੋਲੀ ਦਾ ਨਿਸ਼ਾਨਾ ਓਦਣ ਹੀ ਬਣ ਗਿਆ। ਬਾਦ ਵਿਚ ਰਤਨ ਸਿੰਘ ਹੋਰਾਂ ਦੇ ਸੁਨੇਹੇ ਆਉਂਦੇ ਰਹੇ ਕਿ "ਝੱਬਰ ਸਾਹਿਬ ਜੇ ਸਮਾਂ ਮਿਲਿਆ ਤਾਂ ਖੁਲ੍ਹੇ ਦਰਸ਼ਨ ਦੀਦਾਰ ਤੇ ਬਚਨ ਬਲਾਸ ਕਰਾਂਗੇ।" ਪਰ ਉਹ ਇਕ ਪਿੰਡ ਵਿਚ ਘਿਰ ਗਏ ਸਨ ਅਤੇ ਫਿਰ ਆਪਣੀ ਹੀ ਬੰਦੂਕ ਦਾ ਘੋੜਾ ਪੈਰ ਦੀ ਉਂਗਲੀ ਨਾਲ ਦਬਾਅ ਕੇ, ਜਿਊਂਦੇ ਜੀ ਚੰਦਰ ਸ਼ੇਖਰ ਜਿਉਂ ਵੈਰੀ ਦੇ ਹੱਥੀਂ ਨਾ ਆਉਣ ਦਾ ਕੀਤਾ ਪ੍ਰਣ ਨਿਭਾ ਗਏ ਸਨ।

ਦੇਸ਼ ਭਗਤਾਂ ਦੇ ਨਾਲ ਨਾਲ ਸਾਧੂ ਸਿੰਘ 'ਕਕਰਾਲਾ' (ਲੁਧਿਆਣਾ), ਵਸਾਖਾ ਸਿੰਘ 'ਸਹਾਰੀ' (ਜ਼ਿਲਾ ਲਾਹੌਰ) ਜਹੇ ਕੁਝ ਉੱਘੇ ਡਾਕੂ ਵੀ ਕਦੇ ਕਦੇ ਡੇਰੇ ਵਿਚ ਆ ਜਾਇਆ ਕਰਦੇ ਸਨ। ਬਾਪੂ ਜੀ ਨੇ ਉਹਨਾਂ ਨੂੰ ਕਹਿ ਰਖਿਆ ਸੀ ਕਿ ਜਿੱਥੋਂ ਤਕ ਪ੍ਰਸ਼ਾਦੇ ਦਾ ਸੁਆਲ ਹੈ ਸਾਨੂੰ ਸਤਿਗੁਰੂ ਰਾਮ ਸਿੰਘ ਜੀ ਦਾ ਹੁਕਮ ਹੈ ਕਿ ਗਊ ਦੀ ਰੱਤ ਵਿਚ ਲਿੱਬੜੀ ਛੁਰੀ ਲੈ ਕੇ ਜੇ ਕੋਈ ਬੁੱਚੜ ਵੀ ਇੱਥੇ ਮੇਰੇ ਹੱਥੀਂ ਲਾਏ ਲੰਗਰ ਵਿਚ ਆ ਜਾਵੇ ਤਾਂ ਉਹਨੂੰ ਭੁੱਖਾ ਨਹੀਂ ਮੋੜਨਾ। ਪ੍ਰਸ਼ਾਦ ਪਾਣੀ ਮਿਲੇਗਾ ਪਰ ਤਿੰਨ ਕੰਮ ਜੇ ਤੁਸਾਂ ਕੀਤੇ ਤਾਂ ਫਿਰ ਤੁਹਾਡਾ ਦਾਖਲਾ ਰੋਕਿਆ ਜਾਏਗਾ। ਇਹ ਕੰਮ ਸਨ ਡੇਰੇ ਵਿਚ ਸ਼ਰਾਬ ਪੀ ਕੇ ਆਉਣਾ, ਡੇਰੇ ਵਿਚ ਔਰਤ ਲੈ ਕੇ ਆਉਣਾ ਅਤੇ ਡੇਰੇ ਦੇ ਕਿਸੇ ਬੰਦੇ ਨੂੰ ਪੈਸਾ ਟਕਾ (ਭਾਵੇਂ ਲੰਗਰ ਦੇ ਨਾਂ ਤੇ ਵੀ ਕਿਉਂ ਨਾ ਹੋਵੇ) ਦੇ ਕੇ ਜਾਣਾ। ਜਦੋਂ ਸਾਧੂ ਸਿੰਘ ਫੜਿਆ ਗਿਆ ਤਾਂ ਲੁਧਿਆਣੇ ਤੋਂ ਲੈ ਕੇ ਲਹੌਰ ਤਕ ਪੁਲੀਸ ਨੇ ਉਸ ਤੇ ਅੰਨ੍ਹਾ ਤਸ਼ਦਦ ਕੀਤਾ ਕਿ ਤੂੰ ਕਹਿ ਦੇ ਝੱਬਰ ਨੂੰ ਅਸੀਂ ਮਾਲ ਦਿੰਦੇ ਸਾਂ। ਉਸ ਕਿਹਾ, ਉਹ ਕਾਣੀ ਕੌਡੀ ਦਾ ਵੀ ਰਵਾਦਾਰ ਨਹੀਂ ਸੀ, ਝੂਠ ਬੋਲ ਕੇ ਬੇਦੀਨ ਕਿਉਂ ਹੋਵਾਂ। ਸਾਧੂ ਸਿੰਘ ਫਾਹੇ ਲੱਗਾ ਸੀ, ਬੜੀ ਉੱਚੀ ਬਿਰਤੀ ਅਤੇ ਚੜ੍ਹਦੀ ਕਲਾ ਵਿਚ ਰਿਹਾ ਸੀ। ਸੱਚ ਜੂ ਪੱਲੇ ਸੀ। ਡਾਕੂ ਤਾਂ ਸਮਾਜਿਕ ਹਾਲਤਾਂ ਬਣਾ ਦਿੰਦੀਆਂ ਹਨ। ਵਸਾਖਾ ਸਿੰਘ ਸਹਾਰੀ ਵੀ ਚਾਹੁੰਦਾ ਤਾਂ ਆਪਣਾ ਬਾਕੀ ਜੀਵਨ ਇੱਥੇ ਮਫਰੂਰੀ ਦੀ ਹਾਲਤ ਵਿਚ ਵਧੀਆ ਬਿਤਾ ਸਕਦਾ ਸੀ ਪਰ ਜਦੋਂ ਉਸ ਵੇਖਿਆ ਕਿ ਨਾਲ ਦੇ ਫੜੇ ਗਏ ਹਨ ਤਾਂ

ਇਹ ਸੋਚਕੇ ਕਿ ਤੰਦੀ ਦਾ ਝੂਟਾ ਉਹ ਇਕੱਲੇ ਹੀ ਕਿਉਂ ਲੈਣ ਉਹ ਵੀ ਜਾ ਪੇਸ਼ ਹੋਇਆ ਸੀ। ਆਜ਼ਾਦੀ ਤੋਂ ਬਾਦ ਬਾਬਾ ਗੁਰਮੁਖ ਸਿੰਘ ਲਲਤੋਂ ਸਮੇਤ ਬਹੁਤ ਸਾਰੇ ਕਮਿਊਨਿਸਟ ਸੰਗਰਾਮੀਏ ਵੀ ਝੱਬਰ ਹੋਰਾਂ ਪਾਸ, ਡੇਰੇ ਵਿਚ ਗੁਪਤਵਾਸ ਵਜੋਂ ਰਹਿੰਦੇ ਰਹੇ। ਸਤਿਗੁਰੂ ਰਾਮ ਸਿੰਘ ਜੀ ਦੇ ਘਰ ਦਾ ਦਰਵਾਜ਼ਾ ਸਭ ਲਈ ਖੁਲ੍ਹਾ ਸੀ।

ਅਕਾਲ ਬੁੰਗਾ, ਜੋ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਤਪ ਅਸਥਾਨ ਹੈ ਅਤੇ ਇੱਥੋਂ ਹੀ ਸ਼ਹੀਦੀ ਜਥੇ ਦੇ ਮਸਤਾਨਿਆਂ ਨੂੰ ਹੀਰਾ ਸਿੰਘ ਲਹਿਣਾ ਸਿੰਘ ਹੋਰਾਂ ਸਮੇਤ ਅੰਤਿਮ ਪ੍ਰਸ਼ਾਦ ਹੱਥੀਂ ਛਕਾ ਕੇ, ਸਤਿਗੁਰੂ ਜੀ ਨੇ ਵਿਦਾ ਕੀਤਾ ਸੀ। ਇਹਦੇ ਆਲੇ-ਦੁਆਲੇ ਦੇ ਖੇਤਾਂ ਵਿਚ ਪਿੰਡ ਦੇ ਜੱਟ, ਤਮਾਕੂ ਬੀਜਿਆ ਕਰਦੇ ਸਨ। ਮੇਲੇ ਤੇ ਆਈ ਸੰਗਤ ਅਤੇ ਡੇਰੇ ਵਿਚ ਰਹਿਣ ਵਾਲੇ ਤਮਾਕੂ ਦੀ ਬੜੀ ਕੁਰਹਿਤ ਮੰਨਦੇ ਸਨ। ਕਾਸ਼ਤਕਾਰਾਂ ਨੂੰ ਕਈ ਵੇਰ ਜ਼ੁਬਾਨੀ ਬੇਨਤੀਆਂ ਕੀਤੀਆਂ ਜਾ ਚੁੱਕੀਆਂ ਸਨ ਕਿ ਹੋਰ ਫਸਲ ਬੀਜ ਲਵੋ ਸਾਡੇ ਜਜ਼ਬਿਆਂ ਦੀ ਕਦਰ ਕੁਸ਼ਾਈ ਨਾ ਕਰੋ। ਪਰ ਜਦੋਂ ਕੋਈ ਹੀਲਾ ਕਾਮਯਾਬ ਨਾ ਹੋਇਆ ਤਾਂ ਝੱਬਰ ਜੀ ਨੇ ਆਪਣੇ ਸਿੰਘਾਂ ਦਾ ਜਥਾ ਸਮੇਤ ਦਰਸ਼ਨ ਸਿੰਘ ਕੱਕੜ (ਪ੍ਰੀਤਮ ਸਿੰਘ ਕਵੀਸ਼ਰ ਕਰੀਵਾਲਾ ਦਾ ਪਿਤਾ) ਜੋ ਉਸ ਸਮੇਂ ਕਿਸੇ ਪੁਲਸ ਕੇਸ ਵਿਚ ਮਫਰੂਰ ਸੀ ਨੂੰ ਲੈ ਕੇ, ਗਾਤਰੇ ਕਿਰਪਾਨ ਪਾ ਕੇ ਤਮਾਕੂ ਦੀ ਖਲੋਤੀ ਫਸਲ ਵਿਚ ਹਲ ਜੋ ਦਿੱਤਾ। ਮੁੜ ਕੇ ਭੈਣੀਸਾਹਿਬ ਵਿਚ ਕਿਸੇ ਤਮਾਕੂ ਨਹੀਂ ਬੀਜਿਆ। ਸੰਤ ਤਰਨ ਸਿੰਘ ਵਹਿਮੀ 'ਜੱਸ ਜੀਵਨ' ਭਾਗ ਦੂਜਾ ਵਿਚ ਲਿਖਦੇ ਹਨ ਕਿ ਸਤਿਗੁਰੂ ਪ੍ਰਤਾਪ ਸਿੰਘ ਜੀ ਸ਼ਾਮ ਦੇ ਦੀਵਾਨ ਵਿਚ ਬਚਨ ਕੀਤਾ ਕਿ ਗੁਰਮੁਖ ਸਿੰਘ ਦਾ ਸੰਗਤ ਦੀਸੌਖ ਲਈ ਕੀਤਾ ਇਹ ਕੰਮ ਵੀ, ਸਾਡੇ ਸਮੇਂ ਦੇ ਸ੍ਰੀ ਭੈਣੀ ਸਾਹਿਬ ਦੇ ਹਾਲ ਵਿਚ ਸਦਾ ਯਾਦ ਰਹੇਗਾ।

ਜ਼ਿੰਮੇਵਾਰੀਆਂ ਤਾਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਜਿਹੜੀਆਂ ਵੀ ਆਪ ਨੂੰ ਸੌਂਪੀਆਂ ਉਹ ਉਹਨਾਂ ਬੜੀ ਲਗਨ, ਸ਼ਰਧਾ ਅਤੇ ਤਨਦੇਹੀ ਨਾਲ ਨਿਭਾਈਆਂ ਪਰ ਇਹਨਾਂ ਵਿਚੋਂ ਸਭ ਤੋਂ ਵੱਡੀ ਜ਼ਿੰਮੇਵਾਰੀ ਆਪਣੇ ਵੱਡੇ ਸਾਹਿਬਜ਼ਾਦੇ ਬੇਅੰਤ ਜੀ ਦੀ ਪਾਲਣਾ, ਪੋਸਣਾ ਅਤੇ ਸਾਂਭ ਸੰਭਾਲ ਦੀ ਪੂਰੇ ਚੌਦਾਂ ਵਰ੍ਹੇ ਝੱਬਰ ਹੋਰਾਂ ਨੂੰ ਸੌਂਪੀ ਗਈ। ਇਹ ਹੁਕਮ ਕੀਤਾ ਕਿ ਇਹ ਕਾਕਾ ਤੂੰ ਮੈਥੋਂ ਬਿਨਾਂ ਕਿਸੇ ਨੂੰ ਦੇਣਾ ਨਹੀਂ। ਪਹਿਲੀ ਸਿੰਘਣੀ ਗੁਜ਼ਰ ਜਾਣ ਤੋਂ ਬਾਦ ਦੂਜਾ ਅਨੰਦ ਵੀ ਆਪ ਨੇ ੫-੬ ਸਾਲ ਮਗਰੋਂ ਕਰਵਾਇਆ ਤਾਂ ਜੁ ਬੇਅੰਤ ਜੀ ਦੀ ਸੇਵਾ ਸੰਭਾਲ ਵਿਚ ਕਿਸੇ ਤਰ੍ਹਾਂ ਦੀ ਕੁਤਾਹੀ ਨਾ ਹੋਵੇ। ਉਸ ਵੇਲੇ ਵੀ ਬਹੁਤ ਸਾਰੇ ਸਰੀਰ, ਕਰੜੇ ਜ਼ਾਬਤੇ ਦਾ ਬਹਾਨਾ ਬਣਾਕੇ, ਕਿ ਸਾਹਿਬਜ਼ਾਦੇ ਨੂੰ ਤੰਗ ਕਰਦਾ ਹੈ, ਆਪ ਦੇ ਖਿਲਾਫ਼ ਗਾਹੇ ਬਗਾਹੇ ਸ਼ਕਾਇਤਾਂ ਲਾਉਂਦੇ ਰਹਿੰਦੇ। ਪਰ ਸਤਿਗੁਰੂ ਜੀ ਸਭ ਦੀਆਂ ਗੱਲਾਂ ਅਣਸੁਣੀਆਂ ਕਰ ਦਿੰਦੇ। ਉਹਨਾਂ ਨੂੰ ਪਤਾ ਸੀ ਕਿ ਭਾਵੀ ਪੰਥ ਪਤੀ ਦੇ ਜੀਵਨ ਨੂੰ ਇਸ ਤਰ੍ਹਾਂ ਦੀ ਕੁਠਾਲੀ ਵਿਚੋਂ ਲੰਘਾਉਣਾ ਸਭ ਦੇ ਭਲੇ ਵਿਚ ਹੀ ਸੀ। ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਸੁਭਾਉ ਸੀ ਕਿ ਥੋਹੜਾ ਗੁਣ ਵੀ ਕਿਸੇ ਜੋ ਤੁਹਾਡੇ ਤੋਂ ਕੀਤਾ ਹੈ ਸਦਾ ਯਾਦ ਰਖੋ।

ਇਕ ਵੇਰ ਬਿਅੰਤ ਜੀ ਦੀ ਕਿਸੇ ਬਾਲ ਸੁਲਭ ਕਾਰਵਾਈ ਤੋਂ ਸ੍ਰੀ ਸਤਿਗੁਰੂ ਜੀ ਨੇ ਰੌਦਰ ਰੂਪ ਧਾਰਨ ਕਰ ਲਿਆ। ਕੋਠੀ ਬਾਗ ਵਾਲੀ ਵਿਚ ਜੋ ਕਰੂੰਡੇ ਦਾ ਰੁੱਖ ਸੀ ਉਸ ਨਾਲ ਬਾਲਾ ਪ੍ਰੀਤਮ ਨੂੰ ਬੰਨ੍ਹ ਦਿੱਤਾ ਗਿਆ ਅਤੇ ਉੱਤੋਂ ਇਹ ਕਰੜਾ ਹੁਕਮ ਸਾਦਰ ਕਰ ਦਿੱਤਾ ਕਿ ਮੈਥੋਂ ਬਿਨਾਂ ਜਿਹੜਾ ਇਹਨੂੰ ਖੋਹਲੇਗਾ, ਮੇਰਾ ਖੂੰਡਾ ਹੋਵੇਗਾ ਤੇ ਉਹਦਾ ਸਰੀਰ ਹਿਸਾਬ ਲਾ ਲਵੇ। ਝੱਬਰ ਹੋਰੀਂ ਸ਼ਾਇਦ ਨਹਿਰ ਵਾਲੇ ਡੇਰੇ ਤੇ ਗਏ ਹੋਏ ਸਨ। ਜਦੋਂ ਆਏ ਤਾਂ ਵੇਖਿਆ ਕਿ ਰੱਸੇ ਵਿਚ ਜਕੜੇ ਹੋਏ ਹਨ। ਦਬਾ ਦਬ ਖੋਹਲ ਦਿਤੇ। ਸਣਕੇਸੀਂ ਇਸ਼ਨਾਨ ਕਰਵਾਇਆ ਅਤੇ ਸਫ ਵਿਛਾ ਕੇ ਨਾਲ ਬਰਾਜ ਗਏ। ਇਸ ਤੋਂ ਪਹਿਲਾਂ ਸਮੇਤ ਭਾਈ ਵਜੀਰ ਸਿੰਘ ਜਿਹੜਾ ਵੀ ਖੋਹਲਦਿਆਂ ਨੂੰ ਵੇਖੇ ਉਹ ਆਖੇ ਕਿ ਅੱਜ ਝੱਬਰ ਦੀ ਖੈਰ ਨਹੀਂ। ਬੜੀ ਅਵੱਗਿਆ ਕੀਤੀ ਸੂ। ਦਿਨ ਢਲੇ ਸਤਿਗੁਰੂ ਜੀ ਕੋਠੀ ਵਿਚੋਂ ਬਾਹਰ ਨਿਕਲੇ ਵੇਖ ਕੇ ਕਹਿਣ ਲੱਗੇ, "ਆ ਗਿਆ ਏ ਪਤੰਦਰ। ਸਾਂਭ ਲਿਆ ਸੂ ਭਰਾ ਆਪਣੇ ਨੂੰ। ਹੁਣ ਮੇਰਾ ਫ਼ਿਕਰ ਮੁਕਾ।"

ਇਸ ਤਰ੍ਹਾਂ ਦੇ ਅੰਤਰੰਗ ਸਬੰਧ ਇਕੇ ਦਿਨ ਵਿਚ ਤਾਂ ਨਹੀਂ ਬਣਦੇ। ਇਹਨਾਂ ਲਈ ਪੀੜ੍ਹੀਆਂ ਲੱਗ ਜਾਂਦੀਆਂ ਹਨ। ਜਦੋਂ ਬਾਪੂ ਜੀ ਦਾ ਦੂਸਰਾ ਅਨੰਦ ਕਾਰਜ ਹੋਇਆ ਤਾਂ ਸਾਡੇ ਨਾਨਕੇ ਸਰਗੋਧੇ ਦੀ ਬਾਰ ਵਿਚ ਸਨ। ਬਾਪੂ ਜੀ ਨੇ ਮੁਕਲਾਵਾ ਲੈਣ ਜਾਣਾ ਸੀ। ਉਹ ਸਾਹਨੇਵਾਲ ਦੇ ਰੇਲਵੇ ਸਟੇਸ਼ਨ ਨੂੰ ਚੱਲ ਪਏ। ਪਿੱਛੋਂ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਵਿਚਾਰ ਆਇਆ ਕਿ ਝੱਬਰ ਕਹਿੰਦਾ ਸੀ ਕਿ ਮੈਂ ਮੁਕਲਾਵਾ ਲੈਣ ਜਾਣਾ ਹੈ ਅਤੇ ਉਸ ਦੇ ਗਲ ਵਿਚ ਤਾਂ ਕੁੜਤਾ ਵੀ ਨਹੀਂ ਸੀ। ਲੰਗਰ ਵਿਚੋਂ ਗਿਲਤੀ ਚਾਦਰ ਦੀ ਮਾਰੀ ਹੋਈ ਨਿਕਲਦਿਆਂ, ਸਤਿਗੁਰੂ ਜੀ ਨੇ ਵੇਖਿਆ ਸੀ। ਦੱਸਣ ਵਾਲਿਆਂ ਨੇ ਕਿਹਾ ਕਿ ਉਹ ਤਾਂ ਇਸ ਤਰ੍ਹਾਂ ਹੀ ਜਾਂਦਾ ਵੇਖਿਆ ਹੈ। ਭਾਈ ਵਜੀਰ ਸਿੰਘ ਜੀ ਤੋਂ ਸਤਿਗੁਰੂ ਜੀ ਨੇ ਕਾਹਲੀ ਵਿਚ ਆਪਣਾ ਕੋਈ ਕੁੜਤਾ ਮੰਗਿਆ। ਉਹ ਲੈ ਕੇ ਆਪ ਘੋੜ ਸਵਾਰ ਹੋ ਸਾਹਨੇਵਾਲ ਪੁੱਜੇ। ਅਜੇ ਗੱਡੀ ਚੱਲੀ ਨਹੀਂ ਸੀ ਕੁੜਤਾ ਦੇ ਦਿੱਤਾ। ਅਗਲੇ ਦਿਨ ਜਦੋਂ ਤਹਿ ਕੀਤਾ ਕੁੜਤਾ ਖੋਹਲ ਕੇ ਸਹੁਰਿਆਂ ਦੇ ਘਰ ਜਾ ਕੇ ਪਾਇਆ ਤਾਂ ਇਹ ਮੌਰਾਂ ਤੋਂ ਪਾਟਾ ਹੋਇਆ ਸੀ। ਭਾਈ ਹੋਰਾਂ ਜਲਦੀ ਕਾਰਨ ਤਹਿ ਖੋਹਲੀ ਨਹੀਂ ਸੀ। ਮੇਰੇ ਨਾਨਾ ਜੀ ਦੇ ਛੋਟੇ ਭਾਈ, ਬਾਪੂ ਸੁਰੈਣ ਸਿੰਘ ਬਹੁਤ ਜ਼ੋਰ ਲਾਉਂਦੇ ਰਹੇ ਕਿ ਚੱਲ ਮੰਡੀ, ਤੇਰੇ ਮੇਚ ਦੇ ਬਸਤਰ ਸੁਆ ਕੇ ਲਿਆਉਂਦੇ ਹਾਂ। ਬਾਪੂ ਜੀ ਦਾ ਇਕੋ ਜੁਆਬ ਸੀ ਕਿ ਤੁਸੀਂ ਪਾਟੇ ਕੁੜਤੇ ਵੱਲ ਨਾ ਵੇਖੋ। ਇਸ ਕੁੜਤੇ ਦੇ ਪਿੱਛੇ ਜਿਹੜਾ ਮੇਰੇ ਸਤਿਗੁਰੂ ਦਾ ਮੇਰੇ ਨਾਲ, ਅਥਾਹ ਪ੍ਰੇਮ ਲੁਕਿਆ ਹੋਇਆ ਹੈ, ਉਹ ਵੇਖੋ।

ਬਾਪੂ ਜੀ ਦੱਸਿਆ ਕਰਦੇ ਸਨ ਕਿ ਡੇਰਾ ਸ੍ਰੀ ਭੈਣੀ ਸਾਹਿਬ ਜਦੋਂ ਉਹਨਾਂ ਨੇ ਸਾਂਭਿਆ ਸੀ ਤਾਂ ਇਹ ਸੱਠ ਹਜ਼ਾਰ ਰੁਪੈ ਦਾ ਸੇਠਾਂ ਦਾ ਕਰਜ਼ਾਈ ਸੀ। ਚਾਰ ਕੁ ਸਾਲਾਂ ਦੇ ਥੋਹੜੇ ਸਮੇਂ ਵਿਚ ਹੀ ਕਰਜ਼ਾ ਉੱਤਰ ਗਿਆ। ਹੁਣ ਡੇਰਾ ਆਤਮ ਨਿਰਭਰ ਸੀ। ਖਰਚ ਛੋਟੇ ਤੋਂ ਵੱਡੇ ਤਕ ਸਭ ਨੂੰ ਸੰਜਮ ਨਾਲ ਕਰਨ ਲਈ ਕਿਹਾ ਜਾਂਦਾ। ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਪਹਿਲੀ ਸਿਆਮ ਫੇਰੀ ਤੋਂ ਬਾਦ ਰੇਸ਼ਮੀ ਸੁੱਚੇ ਬੱਸਤਰ ਡੇਰੇ ਦੀ ਸਾਧ ਸੰਗਤ ਲਈ ਆਏ। ਸਭ ਮਾਈ ਭਾਈ ਨੂੰ ਇਕ ਇਕ ਸੂਟ ਵੰਡ ਕੇ ਦਿੱਤਾ ਜਾ

ਰਿਹਾ ਸੀ। ਮੇਰੀ ਮਾਤਾ ਨੇ, ਮੁੱਖ ਪ੍ਰਬੰਧਕ ਦੀ ਸਿੰਘਣੀ ਹੋਣ ਸਦਕਾ, ਕੱਪੜੇ ਵਰਤਾ ਰਹੇ ਸਿੰਘ ਤੋਂ ਇਕ ਚਾਦਰ ਦੀ ਮੰਗ ਵੀ ਕਰ ਲਈ। ਉਹ ਸ਼ਾਇਦ ਕੱਢਣ ਲੱਗਾ ਸੀ ਕਿ ਬਾਪੂ ਜੀ, ਜੋ ਪਾਸ ਖੜ੍ਹੇ ਵੇਖ ਰਹੇ ਸਨ (ਮਾਤਾ ਜੇ ਉਹਨਾਂ ਨੂੰ ਵੇਖ ਲੈਂਦੀ ਤਾਂ ਸ਼ਾਇਦ ਮੰਗਦੀ ਹੀ ਨਾ) ਨੇ ਖ਼ਬਰਦਾਰ ਕਹਿ ਕੇ ਰੋਕ ਦਿੱਤਾ ਕਿ ਡੇਰੇ ਵਿਚ ਇਸ ਤਰ੍ਹਾਂ ਦੀ ਕਾਣੀ ਵੰਡ ਬਰਦਾਸ਼ਤ ਨਹੀਂ ਕੀਤੀ ਜਾਏਗੀ। ਜਦੋਂ ਪਾਠਾਂ ਦੇ ਭੋਗ ਪੈਂਦੇ ਸਨ ਤਾਂ ਗੱਡਿਆਂ ਵਾਲਿਆਂ, ਉਗਰਾਹੀਆਂ ਅਤੇ ਭਾਰਾ ਕੰਮ ਕਰਨ ਵਾਲਿਆਂ ਦਾ ਧਿਆਨ ਘੱਟ ਰੱਖਿਆ ਜਾਂਦਾ ਸੀ। ਇਕ ਦਿਨ ਬਾਪੂ ਜੀ ਨੇ ਕਿਹਾ ਕਿ ਜਦੋਂ "ਤੈਨੂੰ ਭੋਗ ਲੱਗੇ" ਆਖਣ ਓਦੋਂ ਪਰਾਤਾਂ ਇਕ ਦੋਂਹ ਨੂੰ ਹੱਥ ਲਾ ਦੇਣਾ। ਉਹ ਖੁੱਲ੍ਹੀਆਂ ਹੋ ਗਈਆਂ। ਤਬੇਲੇ ਵਿਚ ਲਿਆ ਕੇ ਵੰਡ ਦਿਤੀਆਂ। ਸ਼ਿਕਾਇਤ ਸਤਿਗੁਰੂ ਜੀ ਪਾਸ ਗਈ। ਅੱਗੋਂ ਤੋਂ ਹੁਕਮ ਹੋ ਗਿਆ ਕਿ ਗੱਡਿਆਂ ਵਾਲੇ ਜਾਂ ਹੋਰ ਬਾਹਰ ਲੱਕੜ ਬਾਲਣ ਨੀਰੇ ਪੱਠੇ ਦੀ ਸੇਵਾ ਕਰਨ ਵਾਲੇ ਭਾਵੇਂ ਅੱਧੀ ਰਾਤ ਬਾਹਰੋਂ ਆਉਣ, ਉਹਨਾਂ ਦਾ ਵਰਤਾਰਾ ਸੰਭਾਲ ਕੇ ਰੱਖਿਆ ਹੋਏਗਾ ਤੇ ਉਹਨਾਂ ਨੂੰ ਮਿਲ ਜਾਏਗਾ। ਆਪਣੇ ਨਾਲਦਿਆਂ ਨਾਲ ਹਰ ਸ਼ੈ ਵੰਡ ਕੇ ਛਕਣ ਦਾ ਉਹਨਾਂ ਦਾ ਸੁਭਾਉ ਪੁਰਾਣਾ ਸੀ। ਜਦੋਂ ਅਜੇ ਨਹੀਂ ਵੀ ਜਥੇਦਾਰ ਬਣੇ ਸਨ, ਓਦੋਂ ਵੀ ਪਿੰਡ ਦੀ ਪੈਲੀ ਦਾ ਜੋ ਠੇਕਾ ਮਿਲਦਾ, ਉਸ ਦੀ ਘਿਓ, ਬਦਾਮ ਆਦਿ ਰਸਦ ਲਿਆ ਕੇ, ਨਾਲ ਦੇ ਸਿੰਘਾਂ ਨਾਲ ਵੰਡ ਕੇ ਛਕ ਲੈਂਦੇ।

ਡੇਰਾ ਕਰਜਾ ਮੁਕਤ ਹੋਣ ਤੋਂ ਬਾਦ ਸਤਿਗੁਰੂ ਪ੍ਰਤਾਪ ਸਿੰਘ ਜੀ ਬਚਨ ਕੀਤਾ ਕਿ ਅੱਜ ਮੈਨੂੰ ਰਾਤ ਰੱਜ ਕੇ ਨੀਂਦ ਆਈ ਹੈ। ਫਿਰ ਉਹ ਮਾਸਟਰ ਬਲਵੰਤ ਸਿੰਘ, ਜੋ ਕਿ ਖਜ਼ਾਨਚੀ ਸੀ ਗੁਰੂ ਕਾ ਅਤੇ ਬਾਪੂ ਜੀ ਨੂੰ ਖਜ਼ਾਨੇ ਵਾਲੀ ਕੋਠੜੀ ਵਿਚ ਲੈ ਗਏ ਅਤੇ ਕਹਿਣ ਲੱਗੇ ਕਿ ਜੋ ਚੁੱਕਣਾ ਹੈ ਜਿੰਨਾ ਮਰਜ਼ੀ ਚੁੱਕ ਲਵੋ ਮੈਂ ਤੁਹਾਡੇ ਤੇ ਬਹੁਤ ਖ਼ੁਸ਼ ਹਾਂ। ਬਾਪੂ ਜੀ ਨੇ ਆਖਿਆ, "ਇਹ ਧਨ ਨਹੀਂ, ਸਾਨੂੰ ਸੱਚੇ ਪਾਤਸ਼ਾਹ, ਉਹ ਧਨ ਬਖਸ਼ੋ, ਆਪਣੀ ਨਜ਼ਰ ਕਰਕੇ ਜੋ ਕਦੇ ਮੁੱਕਦਾ ਨਹੀਂ।" ਚੰਗਾ ਬਈ ਮੈਂ ਸਤਿਗੁਰੂ ਰਾਮ ਸਿੰਘ ਜੀ ਪਾਸ ਇਸ ਪ੍ਰਥਾਇ ਅਰਦਾਸ ਕਰਾਂਗਾ।" ਸਤਿਗੁਰੂ ਜੀ ਨੇ ਖੁਸ਼ੀਆਂ ਬਖ਼ਸ਼ੀਆਂ।

ਰਾਈਆਂ ਵਾਲੇ ਮੁਕਦਮੇ ਦੇ ਸਬੰਧ ਵਿਚ ਵੀ ਝੱਬਰ ਹੋਰਾਂ ਦਾ ਭਰਪੂਰ ਯੋਗਦਾਨ ਸੀ। ਲੜਾਈਆਂ ਵਿਚ ਵੀ ਮੋਹਰੇ ਹੋ ਹੋ ਕੇ ਸੋਟੇ ਮਾਰੇ। ਦੁਸ਼ਮਣਾਂ ਨੂੰ ਭਜਾਉਣ ਲਈ ਹਰ ਤਰ੍ਹਾਂ ਦੀ ਵਿਊਹ ਰਚਨਾ ਕੀਤੀ ਅਤੇ ਜਦੋਂ ਅਦਾਲਤੀ ਕਾਰਵਾਈ ਆਪਣੇ ਪੱਖ ਵਿਚ ਨਾ ਰਹੀ, ਓਦੋਂ ਸਾਧ ਗੋਪਾਲ ਦਾਸ ਨੂੰ ਡੇਰੇ ਰਾਈਆਂ ਦੀਆਂ ਕੁੰਜੀਆਂ ਸਮੇਤ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਵਿਚ ਲਿਆ ਖਲ੍ਹਾਰਿਆ। ਸਤਿਗੁਰੂ ਜੀ ਨੇ ਪੂਰੇ ਮਾਣ ਸਤਿਕਾਰ ਨਾਲ ਸਾਧ ਨੂੰ ਵਿਦਾ ਕੀਤਾ ਅਤੇ ਇਉਂ ਇਕ ਕਸ਼ਟ ਪੂਰਵ ਅਧਿਆਏ ਡੇਰਾ ਭੈਣੀ ਸਾਹਿਬ ਦੇ ਸ਼ਾਨਾਂਮੱਤੇ ਇਤਿਹਾਸ ਦਾ, ਝੱਬਰ ਜੀ ਦੀ ਸੂਝਬੂਝ ਨਾਲ ਸਮਾਪਤ ਹੋ ਗਿਆ।

ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਵਿਚ ਬਹੁਤ ਸਾਰੀਆਂ ਇਤਿਹਾਸਕ ਕਾਨਫ਼ਰੰਸਾਂ, ਹਵਨ ਯੱਗ, ਪਾਠ, ਮੇਲੇ, ਹੋਲੇ ਸ੍ਰੀ ਭੈਣੀ ਸਾਹਿਬ ਦੀ ਪਾਵਨ ਧਰਤੀ ਤੇ ਹੁੰਦੇ ਰਹਿੰਦੇ। ਜਿਸ ਵਿਚ ਝੱਬਰ ਹੋਰੀਂ ਮੁਖ ਪ੍ਰਬੰਧਕ ਦੀ ਜ਼ਿੰਮੇਵਾਰੀ ਬਾਖੂਬੀ ਨਿਭਾਉਂਦੇ।

"ਸ੍ਰੀ ਗੁਰੂ ਨਾਨਕ ਸਰਬ ਸੰਪ੍ਰਦਾਇ ਕਾਨਫਰੰਸ" ਇਹਨਾਂ ਕਾਨਫਰੰਸਾਂ ਵਿਚ ਇਕ ਮੀਲ ਪੱਥਰ ਸੀ, ਜੋ ਹਿੰਦੂ ਸਿਖ ਵਿਵਾਦ, ਜੋ ੧੯੩੫ ਦੇ ਗੌਰਮਿੰਟ ਆਫ ਇੰਡੀਆ ਐਕਟ ਰਾਹੀਂ ਜਿਸ ਵਿਚ ਵੱਖੋ ਵੱਖ ਮਜ਼੍ਹਬਾਂ ਦੀਆਂ ਸੀਟਾਂ ਅਸੈਂਬਲੀਆਂ ਵਿਚ ਰਾਖਵੀਆਂ ਰੱਖੀਆਂ ਸੀ, ਕਾਰਨ ਉਭਰਿਆ ਸੀ ਕੁਝ ਗੁਰਦੁਆਰਾ ਸੁਧਾਰ ਲਹਿਰ ਕਾਰਨ, ਉਦਾਸੀ ਨਿਰਮਲੇ ਸਿਖੀ ਦੀ ਮੁੱਖ ਧਾਰਾ ਤੋਂ ਦੂਰ ਹੋ ਰਹੇ ਸਨ,ਇਸ ਝਗੜੇ ਦਾ ਹੱਲ ਗੁਰੂ ਨਾਨਕ ਜੀ ਦੇ ਉਪਦੇਸ਼ਾਂ ਦੀ ਅਤੇ ਗੁਰਬਾਣੀ ਦੀ ਵਿਆਖਿਆ ਮੁਤਾਬਕ ਢੂੰਡਣ ਦਾ ਸਤਿਗੁਰੂ ਜੀ ਨੇ ਉਪਰਾਲਾ ਕੀਤਾ ਸੀ। ਜਿਹੜੇ ਲੋਕ ਬਾਹਰ ਗੱਡੀ ਦੇ ਇਕ ਡੱਬੇ ਵਿਚ ਬੈਠ ਕੇ ਕੁਝ ਸਮੇਂ ਲਈ ਇਕੱਠੇ ਸਫਰ ਨਹੀਂ ਸਨ ਕਰ ਸਕਦੇ, ਉਹਨਾਂ ਨੂੰ ਕਈ ਦਿਨ ਸਤਿਗੁਰੂ ਜੀ ਨੇ ਇਕ ਪਲੇਟਫਾਰਮ ਤੇ ਇਕੱਠਿਆਂ ਕੀਤੀ ਰਖਿਆ। ਹਰ ਰੰਗ ਦੇ ਜ਼ਿਕਰਯੋਗ ਸਿੱਖ ਇਸ ਕਾਨਫਰੰਸ ਵਿਚ ਵਧ ਚੜ੍ਹਕੇ ਸ਼ਾਮਲ ਹੋਏ ਸਨ। ਕਾਨਫ਼ਰੰਸ ਦੀ ਸਫਲਤਾ ਪੂਰਵਕ ਸਮਾਪਤੀ ਬਾਦ, ਏਡੇ ਵੱਡੇ ਆਯੋਜਨ ਦੀ ਨਿਰਵਿਘਨਤਾ-ਪੂਰਬਕ ਸਮਾਪਤੀ ਪਿੱਛੇ ਕੰਮ ਕਰ ਰਹੀ ਕਿਸੇ ਇਕ ਸ਼ਖਸੀਅਤ ਨੂੰ ਮਿਲਣ ਲਈ ਉਤਸੁਕਤਾ ਪ੍ਰਗਟ ਕੀਤੀ—ਕਾਮਾਗਾਟਾਮਾਰੂ ਸਾਕੇ ਦੇ ਹੀਰੋ, ਬਾਬਾ ਗੁਰਦਿੱਤ ਸਿੰਘ ਜੀ ਸਰਹਾਲੀ ਨੇ। 'ਹੁਣੇ ਮਿਲਾ ਦਿੰਦੇ ਹਾਂ' ਕਹਿਕੇ ਸਤਿਗੁਰੂ ਜੀ ਨੇ ਝੱਬਰ ਨੂੰ ਬਾਬਾ ਜੀ ਦੇ ਚਰਨਾਂ ਵਿਚ ਲਿਆ ਖਲ੍ਹਾਰਿਆ ਅਤੇ ਜਾਣਕਾਰੀ ਦਿੱਤੀ ਕਿ ਇਹ ਤੁਹਾਡਾ ਜੁਆਤਰਾ ਹੀ ਲੱਗਦਾ ਹੈ (ਬੁਰਜ ਰਾਇ ਕੇ ਸਰਹਾਲੀ ਵਿਚੋਂ ਹੀ ਨਿਕਲਿਆ ਪਿੰਡ ਹੈ—ਭਾਈ ਆਤਮਾ ਸਿੰਘ ਬਾਬਾ ਜੀ ਦਾ ਸ਼ਰੀਕੇ ਵਿਚੋਂ ਭਾਈ ਹੀ ਸੀ)। ਬਾਬਾ ਸਰਹਾਲੀ ਪ੍ਰਸੰਨਤਾਪੂਰਬਕ ਮਿਲੇ। ਸਤਿਗੁਰੂ ਜੀ ਨੇ ਆਪਣੇ ਸੇਵਕ ਦੀ ਪ੍ਰਤਿਸ਼ਠਾ ਹੋਰ ਵੀ ਸਾਕਾਂ ਦੀਆਂ ਨਜ਼ਰਾਂ ਵਿਚ ਵਧਾਉਣ ਲਈ ਬਚਨ ਕੀਤਾ, "ਬਾਬਾ ਜੀ, ਸਾਡਾ ਡੇਰਾ ਤਾਂ ਖ਼ੈਰ ਛੋਟਾ ਜਿਹਾ ਈ ਏ....ਝੱਬਰ ਵਧੀਆ ਸੰਭਾਲ ਰਿਹਾ ਏ। ਵੈਸੇ ਇਹ ਨੌਜੁਆਨ ਜੇ ਸਉਂਪਿਆ ਜਾਵੇ ਤਾਂ ਸਾਰੇ ਪੰਜਾਬ ਦਾ ਰਾਜ-ਭਾਗ ਵੀ ਚਲਾ ਸੱਕਦਾ ਹੈ।" ਪਰ ਵਾਹ ਗੁਰੂ ! ਤੇ ਵਾਹ ਗੁਰੂ ਦੇ ਸਿੱਖ !, ਜਿਨ੍ਹਾਂ ਲਈ ਪੰਜਾਬ ਜਾਂ ਹੋਰ ਕਿਸੇ ਟੁਕੜੇ ਦੇ ਰਾਜ ਨਾਲੋਂ ਆਪਣੇ ਗੁਰੂ ਦੇ ਚਰਨ ਕੰਵਲਾਂ ਦੀ ਮੌਜ ਵਿਚ ਹੀ ਬਣੇ ਰਹਿਣ ਦੀਆਂ ਬੇਨਤੀਆਂ, ਸੁਬ੍ਹਾ ਸ਼ਾਮ ਦੁਹਰਾਈਆਂ ਜਾਂਦੀਆਂ ਸਨ।

ਤਕਰੀਬਨ ੧੧-੧੨ ਵਰ੍ਹੇ ਡੇਰੇ ਦਾ ਪ੍ਰਬੰਧ ਸਫਲਤਾਪੂਰਬਕ ਚਲਾਉਣ ਬਾਅਦ ੧੯੩੯ ਈ. ਵਿਚ ਉਹ ਥੋੜ੍ਹਾ ਜਿਹਾ ਫੁਰਨਾ ਬਦਲਣ, ਕਰਕੇ, ਸ੍ਰੀ ਸਤਿਗੁਰੂ ਜੀ ਦੇ ਨਾ ਚਾਹੁੰਦਿਆਂ ਵੀ ਆਪਣੇ ਪਿੰਡ ਝੱਬਰ ਚਲੇ ਗਏ। ਇੱਥੇ ਉਹਨਾਂ ਦੀ ਪੈਤ੍ਰਿਕ ਭੂਮੀ ਹੁਣ ਤਕ ਉਹਨਾਂ ਦਾ ਚਾਚਾ ਘਸੀਟਾ ਸਿੰਘ ਹੀ ਹਿੱਸੇ ਠੇਕੇ ਤੇ ਰਾਹਕਾਂ ਨੂੰ ਦੇਂਦਾ ਹੁੰਦਾ ਸੀ। ਬਾਪੂ ਜੀ ਕਈ ਵਾਰ ਦੱਸਿਆ ਕਰਦੇ ਸਨ ਕਿ ੧੯੧੭ ਈ. ਵਿਚ ਜਦੋਂ ਮੈਂ ਪਿੰਡ ਆਪਣੇ ਪਿਤਾ ਨਮਿਤ ਪਾਠ ਦਾ ਭੋਗ ਪੁਆਉਣ ਆਇਆਸਾਂ (ਇਕ ਪਾਠ ਦਾ ਭੋਗ ਅੰਮ੍ਰਿਤਸਰ ਨਾਮਧਾਰੀ ਧਰਮਸਾਲਾ ਵਿਚ, ਦਾਦਾ ਜੀ ਦੇ ਮਿੱਤਰ ਮਹੰਤ ਜਿਊਣ ਸਿੰਘ ਹੋਰਾਂ ਪਾਇਆ ਸੀ, ਜਿੱਥੇ ਉਹ ਚੜ੍ਹੇ ਸਨ) ਤਾਂ ਮੈਨੂੰ ਗੁਆਂਢੀ ਪਿੰਡ ਵਰਨ ਦੇ ਸੰਤ ਆਲਾ ਸਿੰਘ ਹੋਰਾਂ ਇਹ ਸਿਖਿਆ ਦਿੱਤੀ ਸੀ ਕਿ ਇਹ ਚਾਚਾ ਤੇਰਾ, ਕੁਝ ਅੜਬ

ਸੁਭਾਅ ਦਾ ਹੈ। ਇਹ ਤੇਰੀ ਪੈਲੀ ਦੇ ਹਿੱਸੇ ਠੇਕੇ ਬਦਲੇ ਤੈਨੂੰ ਮਿੱਟੀ ਦੀ ਮੁੱਠ ਵੀ ਦੇਵੇ ਤਾਂ ਲੈ ਲਵੀਂ, ਇਸ ਨਾਲ ਝਗੜਾ ਨਾ ਕਰੀਂ। ਸਮਾਂ ਪਾ ਕੇ ਇਹ ਚਾਚਾ ਝੱਬਰਾਂ ਤੋਂ ਜਦੋਂ ਏਧਰ ਆਇਆ ਤਾਂ ਉਸ ਦੀ ਵੀਹ ਕਿੱਲੇ ਭੋਇੰ ਵੀ ਸਾਨੂੰ ਮਿਲੀ। ਸਾਡੇ ਪਾਸ ਹੀ ਉਹ ਰਹਿੰਦੇ ਸਨ। ਭਾਵੇਂ ਉਹਨਾਂ ਦਾ ਭਣੇਵਾਂ ਪੁਲੀਸ ਦੀ ਮਦਦ ਨਾਲ ਦਫਾ ਇਕ ਸੌ. ਸੀ. ਆਰ ਪੀ. ਸੀ. ਦੇ ਵਰੰਟ ਵੀ ਲਿਆਇਆ ਸੀ ਪਰ ਉਹਨਾਂ ਕਿਹਾ ਅਦਾਲਤ ਵਿਚ, ਮੈਂ ਆਪਣੇ ਭਤੀਜੇ ਗੁਰਮੁਖ ਸਿੰਘ ਨਾਲ ਹੀ ਜਾਵਾਂਗਾ। ਸੰਤਾਂ ਦੀ ਇਸ ਸਿਖਿਆ ਨੇ ਬਾਅਦ ਵਿਚ ਸੁਖ ਦਿੱਤਾ।

ਲਾਭ ਸਿੰਘ ਕੱਕੇ ਤੋਂ ਐਲਾਨ ਕਰਵਾਇਆ ਗਿਆ ਕਿ ਝੱਬਰ ਨੂੰ ਪੰਥ ਵਿਚੋਂ ਕੱਢ ਦਿੱਤਾ ਗਿਆ ਹੈ। ਇਕ ਸਾਲ ਬਾਦ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਫਿਰ ਸ਼ੇਖੂਪੁਰੇ ਦੇ ਦੌਰੇ ਸਮੇਂ, ਉਸੇ ਲਾਭ ਸਿੰਘ ਕੱਕੇ ਨੂੰ ਆਪਣੀ ਮੌਜ ਵਿਚ ਆ ਕੇ ਕਿਹਾ ਕਿ ਝੱਬਰ ਨੂੰ ਪੰਥ ਵਿਚ ਦਾਖਲਾ ਦੇਣ ਦਾ ਐਲਾਨ ਕਰੇ। ਹੁਣ ਕੋਈ ਵੀ ਸਿੰਘ ਉਹਦੇ ਨਾਲ ਮਿਲਗਿਲ ਵਰਤੋਂ ਵਿਹਾਰ ਕਰ ਸਕਦਾ ਹੈ। ਅਸੀਂ ਪੁਰਾਣੇ ਝੱਬਰਾਂ ਵਿਚ ਰਹਿੰਦੇ ਸਾਂ। ਜ਼ਿਆਦਾ ਨਾਮਧਾਰੀ ਪਰਿਵਾਰ ਬਾਬਾ ਜੈਮਲ ਸਿੰਘ, ਬਾਬਾ ਕੇਸਰ ਸਿੰਘ ਆਦਿ ੯ ਚੱਕ ਝੱਬਰਾਂ ਵਿਖੇ ਸਨ ਜੋ ਨਨਕਾਣੇ ਪਾਸ ਸੀ। ਸੋ ਵਰਨਾਂ ਵਿਸ਼ੇਸ਼ ਕਰਕੇ ਭਿੱਖੀਆਣੇ ਖੂਹ ਦੇ ਨਾਮਧਾਰੀਆਂ ਪਾਸ ਹੀ ਬਾਪੂ ਜੀ ਦਾ ਜ਼ਿਆਦਾ ਸਮਾਂ ਬਤੀਤ ਹੁੰਦਾ। ਸਾਡੇ ਪਿੰਡ ਵਿਚ ਨਾਮਧਾਰੀ ਇਕਾ ਦੁੱਕਾ ਮਿਸਤਰੀ ਸਿੰਘ ਹੀ ਸਨ। ਸ਼ਾਇਦ ਇਹ ਬਾਰਾਂ ਮਾਂਹ ਦੇ ਪ੍ਰਸਿੱਧ ਰਚੇਤਾ ਭਾਈ ਚੰਦਾ ਸਿੰਘ ਦੇ ਖਾਨਦਾਨ ਵਿਚੋਂ ਹੋਣ।

ਹੁਣ ਸ਼ਰੀਕੇ ਬਰਾਦਰੀ ਵਿਚੋਂ ਬਾਬਾ ਲੱਗਦੇ, ਜਥੇਦਾਰ ਕਰਤਾਰ ਸਿੰਘ ਝੱਬਰ ਨੇ ਬੜੀ ਕੋਸ਼ਿਸ਼ ਕੀਤੀ ਕਿ ਗੁਰਮੁਖ ਸਿੰਘ ਨੂੰ ਅਕਾਲੀ ਪ੍ਰਭਾਵ ਵਿਚ ਲਿਆਂਦਾ ਜਾਏ। ਕਿਹਾ ਗਿਆ ਕਿ ਨਨਕਾਣਾ ਸਾਹਿਬ ਗੁਰਦੁਆਰੇ ਜਾਂ ਸੱਚਾ ਸੌਦਾ (ਚੂਹੜਕਾਣਾ) ਜਿਸਦਾ ਕਹੇਂ, ਪ੍ਰਬੰਧ ਤੇਰੇ ਜ਼ਿੰਮੇ ਕਰ ਦਿਆਂਗੇ। ਬਾਪੂ ਜੀ ਨੇ ਕਿਹਾ ਕਿ ਬਾਬਾ ਜੇ ਤੁਹਾਨੂੰ ਕੋਈ ਕਹੇ ਕਿ ਤੁਸੀਂ ਦਿਆਲ ਕੇ ਨਾ ਅਖਵਾਓ ਤਾਂ ਮੰਨੋਗੇ ? ਬਾਬੇ ਕਿਹਾ ਉਹ ਸਾਡਾ ਵੱਡਾ ਸੀ ਇਹ ਕਿਵੇਂ ਮੰਨੀਏ। "ਇਸ ਤਰ੍ਹਾਂ ਹੀ ਹੁਣ ਸਾਡਾ ਵੱਡਾ ਸਤਿਗੁਰੂ ਰਾਮ ਸਿੰਘ ਬਣ ਚੁੱਕਾ ਹੈ। ਉਹਦੇ ਤੋਂ ਬੇਮੁਖ ਹੋ ਕੇ ਅਸੀਂ ਜੱਗ ਤੋਂ ਕਿਹੜਾ ਮੂੰਹ ਲੈ ਕੇ ਜਾਵਾਂਗੇ" ਝੱਬਰ ਹੋਰਾਂ ਜਵਾਬ ਦਿੱਤਾ। ਬਾਬੇ ਹੋਰਾਂ ਦਾ ਵਾਰ ਖਾਲੀ ਗਿਆ।

ਫਿਰ ਇਕ ਵੇਰ ਆਪ ਨੇ ਸੁਣਿਆ ਕਿ ਨਨਕਾਣਾ ਸਾਹਿਬ ਗੁਰਦੁਆਰੇ ਵਿਚ ਮੱਸਿਆ ਦੇ ਦੀਵਾਨ ਵਿਚ ਕਰਤਾਰ ਸਿੰਘ ਝੱਬਰ ਨੇ ਕਿਹਾ ਹੈ ਕਿ ਜਿਹੜਾ ਕੂਕਾ ਪੱਤਰਾ ਪਾਠ ਕਰਦਾ ਅਸੀਂ ਵੇਖ ਲਿਆ ਉਹਦਾ ਸਿਰ ਵੱਢ ਦਿਆਂਗੇ। ਓਦੋਂ ਨਾਮਧਾਰੀਆਂ ਅਤੇ ਅਕਾਲੀਆਂ ਵਿਚਾਲੇ ਪੱਤਰਾ ਪਾਠ ਦੇ ਮੁੱਦੇ ਤੇ ਵਿਵਾਦ ਭਖ ਰਿਹਾ ਸੀ। ਬਾਪੂ ਜੀ ਨੇ ਵਰਨਾਂ ਦੇ ਕਿਸੇ ਸਿੰਘ ਤੋਂ ਬਾਣੀ ਦਾ ਪੱਤਰਾ ਲਿਆਂਦਾ। ਡਿਓੜੀ ਸਾਂਝੀ ਸੀ। ਤਖਤਪੋਸ਼ ਤੇ ਬਹਿ ਗਏ। ਚੌਂਕੜਾ ਮਾਰ ਕੇ ਪਾਠ ਕਰਨ ਲੱਗ ਪਏ। ਕੋਲ ਸ੍ਰੀ ਸਾਹਿਬ ਰਖ ਲਈ। ਜਦੋਂ ਬਾਬਾ ਕਰਤਾਰ ਸਿੰਘ ਝੱਬਰ ਕੋਲੋਂ ਲੰਘਣ ਲੱਗਾ ਤਾਂ ਵੇਖ ਕੇ ਉਹਨੂੰ ਵੀ ਠੁਣਕ ਗਈ ਕਿ ਪੋਤਰਾ ਮੇਰੇ ਲਈ ਹੀ ਬੈਠਾ ਹੈ ? ਕਹਿਣ ਲੱਗਾ, "ਪੁੱਤਰ ਇਹ ਤੇ

ਹੋਇਆ ਨਾ ਬਾਣੀ ਦਾ ਅਦਬ ਜਿਵੇਂ ਤੂੰ ਪੜ੍ਹ ਰਿਹਾ ਹੈਂ। ਮੈਂ ਤਾਂ ਉਹਨਾਂ ਬਾਰੇ ਗੱਲ ਆਖੀ ਸੀ, ਜਿਹੜੇ ਖੋਤਿਆਂ ਦੀਆਂ ਛੱਟਾਂ ਲੱਦੀਆਂ ਮਗਰ, ਹੱਥ ਵਿਚ ਪੱਤਰੇ ਫੜੀ ਪੜ੍ਹਦੇ ਜਾਂਦੇ ਹਨ।" ਵੱਡਾ ਝੱਬਰ ਗੱਲ ਵਲਾ ਗਿਆ ਸੀ।

ਪਿੰਡ ਜਾ ਕੇ ਪੁਰਾਣੇ ਕੱਚੇ ਮਕਾਨ ਢਾਹ ਕੇ, ਪੱਕੇ ਨਵੇਂ ਛੱਤੇ। ਇਸ ਕਾਰਜ ਵਿਚ ਪਿੰਡ ਦੇ ਨਾਮਧਾਰੀ ਮਿਸਤਰੀਆਂ ਨੇ ਬਹੁਤ ਮੱਦਦ ਕੀਤੀ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਵੀ ਇਕ ਦੋ ਸਿੰਘ ਭੇਜੇ ਸਨ ਕਿ ਜਾਓ ਉਹਨੂੰ ਪੁਛੋ ਜੇ ਕੋਈ ਤੰਗੀ ਤੁਰਸ਼ੀ ਹੋਵੇ ਤਾਂ ਪ੍ਰਬੰਧ ਕਰੀਏ। ਕਿਉਂਕਿ ਉਹ ਡੇਰੇ ਤੋਂ ਦੋ ਵੇਰ ਆਏ ਹਨ। ਇਕ ਵੇਰ ੧੯੩੯ ਵਿਚ ਝੱਬਰੀਂ ਅਤੇ ੧੯੫੫ ਈ. ਵਿਚ ਕਰੀ ਵਾਲੇ। ਦੋਵੇਂ ਵੇਰ ਉਹ ਕਛਿਹਰਾ ਪਰਨਾ ਹੀ ਡੇਰੇ ਵਿਚੋਂ ਚੁਕਦੇ ਰਹੇ ਸਨ। ਸੋ ਹਾਲਤ ਦਾ ਸਤਿਗੁਰੂ ਜੀ ਨੂੰ ਪਤਾ ਸੀ ਪਰ ਉਸ ਸਿਰੜੀ ਸਿੰਘ ਨੇ ਗੁਰੂ ਕ੍ਰਿਪਾ ਹੀ ਮੰਗੀ ਜਦੋਂ ਵੀ ਕੋਈ ਸਮਾਂ ਆਇਆ। ਦੇਸ਼ ਦੇ ਬਟਵਾਰੇ ਤੱਕ ਉਹ ਬੀਕਾਨੇਰ ਰਿਆਸਤ ਅਤੇ ਸਿੰਧ ਦੇ ਇਲਾਕੇ ਵਿਚ ਵੀ ਜਿਥੇ ਜਿਥੇ ਸਾਡੇ ਨਾਨਕੇ ਰਹਿੰਦੇ ਸਨ, ਉਹਨਾਂ ਪਾਸ ਕੁਝ ਸਮਾਂ ਰਹਿ ਕੇ ਖੇਤੀ ਬਾੜੀ ਕਰਦੇ ਰਹੇ।

੧੯੪੭ ਦੀ ਦੇਸ਼ ਵੰਡ ਸਮੇਂ, ਜਦੋਂ ਅੰਮ੍ਰਿਤਸਰ ਪਹੁੰਚੇ ਤਾਂ ਉੱਥੇ ਸਟੇਸ਼ਨ ਤੇ ਹੀ ਇਕ ਨਾਮਧਾਰੀ ਸਿੰਘ ਮਿਲਿਆ ਜਿਸ ਕਿਹਾ, ਜੀ ਮੈਂ ਕਈ ਦਿਨਾਂ ਤੋਂ ਤੁਹਾਨੂੰ ਉਡੀਕ ਰਿਹਾ ਹਾਂ, ਮੇਰੀ ਡਿਊਟੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਇਹ ਲਾਈ ਹੈ ਕਿ ਝੱਬਰ ਜਦੋਂ ਵੀ ਹੱਦ ਲੰਘ ਆਵੇ, ਉਹਨੂੰ ਸ੍ਰੀ ਭੈਣੀ ਸਾਹਿਬ ਭੇਜ ਦੇਣਾ। ਅੱਪੜ ਗਏ। ਸ਼ਾਮ ਦੇ ਦੀਵਾਨ ਵਿਚ ਮੱਥਾ ਟੇਕਿਆ। ਉਸ ਸਮੇਂ ਬਾਰੇ ਬਾਬਾ ਤੇਜਾ ਸਿੰਘ ਜਮਸ਼ੇਰੀਆ ਇਉਂ ਦੱਸਿਆ ਕਰਦੇ ਸਨ, "ਜਦੋਂ ਝੱਬਰ ਆਇਆ ਸਰੀਰ ਕਈ ਦਿਨਾਂ ਦਾ ਸਫਰ, ਥਕਾਵਟ, ਬੁਖਾਰ ਕਾਰਨ ਮਾਂਦਾ ਪਿਆ ਸੀ। ਮੈਂ ਆਪਣੇ ਚਾਚੇ ਸੰਤ ਮੁਹਕਮ ਸਿੰਘ ਜੀ (ਜੋ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਬਸਤਰਾਂ ਦੀ ਸੇਵਾ ਕਰਦੇ ਸਨ) ਨੂੰ ਪੁੱਛਿਆ ਕਿ ਝੱਬਰ ਆ ਗਿਆ ਹੈ। ਇਹ ਰੁੱਸ ਕੇ ਗਿਆ ਸੀ। ਹੁਣ ਇਹਦੇ ਨਾਲ ਕੀ ਸਲੂਕ ਹੋਵੇਗਾ ? ਸੰਤਾਂ ਨੇ ਆਖਿਆ, "ਭਾਈ ਤੇਜਾ ਸਿੰਘ, 'ਝੱਬਰ' ਨੇ ਗੁਰੂ ਘਰ ਦੀ ਸੇਵਾ ਬੜੀ ਕੀਤੀ ਹੈ, ਇਹਦਾ ਥਾਂ ਇੱਥੇ ਉਹ ਹੀ ਬਣ ਜਾਣਾ ਹੈ ਪਹਿਲਾਂ ਵਾਲਾ ਹੀ। ਉਹੋ ਗੱਲ ਹੋਈ। ਅਗਲੇ ਦਿਨ ਜਦੋਂ ਸਤਿਗੁਰੂ ਜੀ ਦੌਰੇ ਤੇ ਜਾਣ ਲਗੇ ਤਾਂ ਵੇਲੇ ਦੇ ਮੁਖਤਿਆਰਾਂ ਨੇ ਕੰਮਕਾਰ ਬਾਰੇ ਪੁੱਛਿਆ। ਹੁਕਮ ਹੋਇਆ, "ਹੁਣ ਮੈਨੂੰ ਕੀ ਪੁੱਛਦੇ ਹੋ ? ਹੁਣ ਦੱਸਣ ਵਾਲਾ ਆ ਗਿਆ ਹੈ। ਉਸਨੂੰ ਪੁੱਛੋ।" ਤੇ ਇਸ ਤਰ੍ਹਾਂ ਉਹਨਾਂ ਦਾ ਗੁਰਦੁਆਰਾ ਸ੍ਰੀ ਭੈਣੀ ਸਾਹਿਬ ਦੀ, ਪੂਰਵੱਕਾਰ ਜਥੇਦਾਰੀ ਵਾਲਾ, ਪਹਿਲਾ ਸਥਾਨ, ਮੁੜ ਸੁਨਿਸਚਿਤ ਹੋ ਗਿਆ ਸੀ।

ਹੁਣ ੧੯੫੫ ਈ. ਦੇ ਮਾਰਚ ਮਹੀਨੇ ਤਕ ਆਪ ਨੇ ਫਿਰ ਇਸ ਸੇਵਾ ਨੂੰ ਨਿਸ਼ਠਾਪੂਰਵਕ ਨਿਭਾਇਆ। ਪਾਕਿਸਤਾਨੋਂ ਆਉਣ ਤੋਂ ਫੌਰਨ ਬਾਦ ਇੱਥੇ ਹੀ ਮੇਰੀਆਂ ਤਿੰਨ ਭੈਣਾਂ ਥੋਹੜੇ ਥੋਹੜੇ ਵਕਫੇ ਬਾਦ ਚੇਚਕ ਨਿਕਲਣ ਸਦਕਾ ਮਰ ਗਈਆਂ। ਮੈਥੋਂ ਵੱਡਾ ਗੁਰਚਰਨ ਸਿੰਘ ਮਸਾਂ ਬਚਿਆ। ਇੱਥੇ ਹੀ ੧੯੪੮ ਈ. ਵਿਚ ਮੇਰੀ ਵੱਡੀ ਭੈਣ ਦਾ ਅਨੰਦ ਹੋਇਆ। ਮੈਂ ਅਤੇ ਮੈਥੋਂ ਛੋਟੀਆਂ ਦੋ ਭੈਣਾਂ ਇੱਥੇ ਹੀ ੧੯੪੮, ੫੦ ਅਤੇ

੫੨ ਵਿਚ ਪੈਦਾ ਹੋਈਆਂ। ਉਹਨਾਂ ਛੋਟੀਆਂ ਵਿਚੋਂ ਵੀ ਇਕ ੧੫ ਕੁ ਸਾਲਾਂ ਦੀ ਹੋ ਕੇ ਗੁਜ਼ਰ ਗਈ। ਹੁਣ ਦਸਾਂ ਭੈਣ ਭਰਾਵਾਂ ਵਿਚੋਂ ਮੈਂ ਇਕੱਲਾ ਜੀਵਿਤ ਹਾਂ। ਮੈਥੋਂ ਵੱਡੇ ਦੋ ਭਾਈ ਬਾਲ ਉਮਰੇ ਝੱਬਰਾਂ ਵਿਚ ਪੂਰੇ ਹੋ ਗਏ।

ਮੈਂ ਛੋਟਾ ਜਿਹਾ ਸੀ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਸ਼ਾਇਦ ਸਿਆਮ ਤੋਂ ਆਏ ਸਨ। ਮਾਤਾ ਦੱਸਦੀ ਹੈ ਕਿ ਉਹ ਮੇਰੇ ਪੰਘੂੜੇ ਨਾਲ ਉੱਥੋਂ ਲਿਆਂਦਾ ਇਕ ਖਿਡੌਣਾ ਬੰਨ੍ਹ ਗਏ ਸਨ ਕਿਉਂਕਿ ਮੈਂ ਸੁੱਤਾ ਹੋਇਆ ਸਾਂ। ਜਦੋਂ ਮੈਂ ਰਤਾ ਵੱਡਾ ਹੋਇਆ ਤਾਂ ਮੈਥੋਂ ਇਕ ਦੋ ਵੇਰ ਬਾਲ ਉਪਦੇਸ਼ ਸੁਣਨ ਦੀ ਕ੍ਰਿਪਾ ਵੀ ਕੀਤੀ। ਭੈਣੀ ਸਾਹਿਬ ਪ੍ਰਾਇਮਰੀ ਸਕੂਲ ਦੇ ਮੁਖ ਅਧਿਆਪਕ ਸ੍ਰ. ਜੀਵਣ ਸਿੰਘ ਨੇ ਮੈਨੂੰ ਸਕੂਲੇ ਪੜ੍ਹਨੇ ਪਾਉਣ ਲਈ ਬਾਪੂ ਜੀ ਨੂੰ ਕਿਹਾ। ਉਹਨਾਂ ਕਿਹਾ ਸਾਨੂੰ ਸਰਕਾਰੀ ਸਕੂਲੇ ਪੜ੍ਹਾਉਣ ਦਾ ਹੁਕਮ ਨਹੀਂ। ਹੈਡਮਾਸਟਰ ਸਾਹਿਬ ਨੇ ਸਤਿਗੁਰੂ ਜੀ ਨੂੰ ਬੇਨਤੀ ਕੀਤੀ। ਪ੍ਰਵਾਨ ਹੋਣ ਤੇ ਮੈਂ ਸਕੂਲੇ ਦਾਖਲ ਹੋ ਕੇ ਇਕੋ ਸਾਲ ਵਿਚ ਦੋ ਜਮਾਤਾਂ ਉੱਥੇ ਪੜ੍ਹ ਲਈਆਂ। ਫਿਰ ਕਰੀਵਾਲੇ ਆ ਕੇ ਮਿਡਲ, ਸਿਰਸੇ ਤੋਂ ਬੀ.ਏ., ਵਕਾਲਤ ਚੰਡੀਗੜ੍ਹ ਤੋਂ, ਐਮ.ਏ. ਪੰਜਾਬੀ ਪ੍ਰਾਈਵੇਟ ਪਟਿਆਲੇ ਤੋਂ ਪਾਸ ਕੀਤੇ। ਮੇਰੀ ਮਾਤਾ ਮੈਨੂੰ ਕਈ ਵੇਰ ਆਖਦੀ ਕਿ ਤੂੰ ਐਨਾ ਪੜ੍ਹ ਕੇ ਹੁਣ ਜਮਾਤਾਂ ਵਾਹਣਾਂ ਵਿਚ ਰੋਲਦਾ ਫਿਰਦਾ ਹੈਂ ਪਰ ਬਾਪੂ ਜੀ ਸਦਾ ਇਹੋ ਕਹਿੰਦੇ ਸਨ, "ਪੜ੍ਹਾਈ ਦਾ ਮਤਲਬ ਪੈਸੇ ਕਮਾਉਣੇ ਜਾਂ ਨੌਕਰੀ ਕਰਨਾ ਨਹੀਂ। ਮੈਂ ਜਿਸ ਮਕਸਦ ਲਈ ਸੁਵਰਨ ਨੂੰ ਪੜ੍ਹਾਇਆ ਸੀ, ਉਹ ਪੂਰਾ ਹੋ ਗਿਆ ਹੈ। ਮੈਂ ਇਹਦੀ ਪੜ੍ਹਾਈ ਤੋਂ ਅਤੇ ਪੜ੍ਹਾਈ ਨੂੰ ਵੀ ਆਮ ਲੋਕਾਂ ਦੀ ਸੇਵਾ ਵਿਚ ਲਾਉਣ ਤੋਂ (ਭਾਵ ਮੇਰੇ ਕਮਿਉਨਿਸਟ ਕਾਰਕੁੰਨ ਬਣਨ ਤੋਂ) ਪੂਰਾ ਸੰਤੁਸ਼ਟ ਹਾਂ।

ਜਦੋਂ ਮੈਂ ਸ੍ਰ. ਨਾਹਰ ਸਿੰਘ ਹੋਰਾਂ ਦੇ ਸਰਕਾਰੀ ਦਸਤਾਵੇਜ਼ਾਂ ਅੰਗਰੇਜ਼ੀ ਦੀਆਂ ਛਪੀਆਂ ਵਿਚੋਂ (ਜਸਵਿੰਦਰ ਸਿੰਘ ਹੋਰਾਂ ਦੀਆਂ ਪੁਸਤਕਾਂ ਬਾਪੂ ਜੀ ਦੇ ਦੇਹਾਂਤ ਬਾਦ ਮੇਰੇ ਪਾਸ ਆਈਆਂ) ਨਾਮਧਾਰੀ ਇਤਿਹਾਸ ਉਹਨਾਂ ਨੂੰ ਸੁਣਾਉਂਦਾ ਤਾਂ ਉਹ ਵੈਰਾਗੀ ਹੋ ਜਾਂਦੇ। ਉਹਨਾਂ ਕਹਿਣਾ ਜੇ ਸੁਵਰਨ ਨੂੰ ਅੰਗਰੇਜ਼ੀ ਨਾ ਪੜ੍ਹਾਉਂਦੇ ਤਾਂ ਇਹਨਾਂ ਗੱਲਾਂ ਦਾ ਪਤਾ ਕਿਵੇਂ ਲੱਗਦਾ।

ਨਾਭੇ ਵਾਲੇ ਬੀੜ ਨੂੰ ਆਬਾਦ ਕਰਨ ਵਿਚ ਵੀ ਆਪਦੀ ਬੜੀ ਮਹੱਤਵ ਪੂਰਨ ਭੂਮਿਕਾ ਰਹੀ ਹੈ। ਕਈ ਸਾਲ ਤਰੀਕਾਂ ਭੁਗਤਦੇ ਰਹੇ। ਇਕ ਵੇਰ ਸਿਰ ਤੇ ਦਸਤਾਰ ਦੀ ਥਾਂ ਲੱਜ ਵਲਕੇ ਹੀ ਕਚਿਹਰੀ ਵਿਚ ਚਲੇ ਗਏ ਸਨ ਤਾਂ ਜੁ ਸਰਕਾਰੀ ਮਸ਼ੀਨਰੀ ਦੇ ਪੁਰਜਿਆਂ ਨੂੰ ਇਹ ਅਹਿਸਾਸ ਕਰਵਾਇਆ ਜਾ ਸਕੇ ਕਿ ਤੁਸੀਂ ਕਿਸ ਤਰ੍ਹਾਂ ਦੇ ਸਾਈਂ ਲੋਕਾਂ ਨੂੰ ਪ੍ਰੇਸ਼ਾਨ ਕਰਨ ਡਹੇ ਹੋ।

ਦੁਸ਼ਮਣ ਨੂੰ ਸਦਾ ਆਪਣੀ ਨਜ਼ਰ ਵਿਚ ਰੱਖਦੇ ਸਨ। ਬੁਰਿਆਈ ਜੰਮਦੀ ਨੂੰ ਹੀ ਨੱਪ ਲੈਂਦੇ ਸਨ। ਨਾਲ ਦੇ ਸਾਥੀਆਂ ਦਾ ਪੂਰਾ ਧਿਆਨ ਰੱਖਦੇ। ਉਹ ਵੀ ਹਰ ਮੈਦਾਨ ਨਾਲ ਹੋ ਕੇ ਜੂਝਦੇ। ਆਪ ਦੀ ਯਾਦਦਾਸ਼ਤ ਕਮਾਲ ਦੀ ਸੀ। ਜਿਹੜੇ ਦੌਰੇ ੭-੮ ਸਾਲ ਦੀ ਉਮਰ ਵਿਚ ਆਪ ਸਤਿਗੁਰੂ ਜੀ ਦੇ ਨਾਲ ਗਏ ਸਨ ਉਸਦੇ ਪਿੰਡਾਂ, ਸ਼ਹਿਰਾਂ ਅਤੇ ਹੋਰ ਸਿੱਖਾਂ, ਸਾਧਾਂ ਦੇ ਨਾਵਾਂ ਥਾਵਾਂ ਦੀ ਪੂਰੀ ਜਾਣਕਾਰੀ ਉਹ ੬੦ ਸਾਲ ਬਾਦ ਵੀ

ਉਸੇ ਚੇਤੇ ਨਾਲ ਦੱਸ ਸਕਦੇ ਸਨ। ਸੰਤ ਤਰਨ ਸਿੰਘ 'ਵਹਿਮੀਂ ਜੀ ਨੇ ਜੱਸ ਜੀਵਨ ਦੀਆਂ ਪਹਿਲੀਆਂ ਦੋ ਜਿਲਦਾਂ ਦੇ ਮਸਾਲੇ ਦਾ ਵੱਡਾ ਭਾਗ, ਬਾਪੂ ਜੀ ਦੇ ਚੇਤੇ ਵਿਚੋਂ ਹੀ ਨੋਟ ਕੀਤਾ ਸੀ। ਉਹ ਮੈਨੂੰ ਵੀ ਪ੍ਰੇਰਦੇ ਸਨ ਕਿ ਮੈਂ ਵੀ ਨਾਮਧਾਰੀ ਇਤਿਹਾਸ ਉੱਤੇ ਕੋਈ ਕੰਮ ਕਰਾਂ। ਨਾਮਧਾਰੀ ਇਤਿਹਾਸ ਦੀ ਗੁੜ੍ਹਤੀ ਮੈਨੂੰ ਦੇਣ ਵਾਲੇ ਉਹ ਹੀ ਸਨ। ਹੋਰ ਵੀ ਬਹਾਦਰ ਸਿੰਘ ਸਿੰਘਣੀਆਂ ਦੇ ਪ੍ਰਸੰਗ, ਉਹ ਛੋਟੇ ਬੱਚਿਆਂ ਨੂੰ ਸੁਨਾਉਣ ਦੇ ਹੱਕ ਵਿਚ ਸਨ।

ਸਤਿਗੁਰੂ ਪ੍ਰਤਾਪ ਸਿੰਘ ਜੀ ਨਾਲ ਉਹ ਵਿਸ਼ਵਾਸ ਦੀ ਇਸ ਹੱਦ ਤਕ ਜੁੜੇ ਹੋਏ ਸਨ ਕਿ ਉਹਨਾਂ ਦੇ ਜੋਤੀ ਜੋਤ ਸਮਾਉਣ ਬਾਦ ਕਈ ਦਿਨ ਵੈਰਾਗੀ ਰਹੇ। ਫਿਰ ਇਕ ਦਿਨ ਕਹਿਣ ਲੱਗੇ ਕਿ ਅੱਜ ਦ੍ਰਿਸ਼ਟਾਂਤ ਹੋਇਆ ਹੈ : ਉਹ ਕਹਿੰਦੇ ਹਨ, ਘਬਰਾਉਂਦਾ ਕਿਉਂ ਹੈ—ਮੇਰੀ ਤਾਂ ਸ਼ਬਦ ਦੀ ਦੇਹ ਹੈ ਮੈਂ ਸਦਾ ਤੇਰੇ ਅੰਗ ਸੰਗ ਹਾਂ।....

ਸਤਿਗੁਰੂ ਜਗਜੀਤ ਸਿੰਘ ਜੀ ਨੇ ਵੀ ਝੱਬਰ ਹੋਰਾਂ ਦੀ ਉਮਰ ਦੇ ਪਿੱਛਲੇ ਹਿਸੇ ਵਿਚ, ਜਦੋਂ ਉਹ ਢਾਈ ਕੁ ਵਰ੍ਹੇ ਇਕ ਲੱਤ ਖਰਾਬ ਹੋਣ ਕਾਰਨ ਮੰਜੇ ਤੇ ਹੀ ਰਹੇ, ਉਹਨਾਂ ਨੂੰ ਦਰਸ਼ਨ ਦੇਣ ਅਤੇ ਭੈਣੀ ਸਾਹਿਬ ਦੀ ਨਵੀਂ ਨੁਹਾਰ ਦੇ ਦਰਸ਼ਨ ਕਰਵਾਉਣ ਵਿਚ ਢਿੱਲ ਨਹੀਂ ਕੀਤੀ।

ਉਹਨਾਂ ਕਰੀਵਾਲਾ ਵਿਖੇ, ਆਪਣੇ ਅੰਤਰੰਗ ਮਿੱਤਰਾਂ ਸੰਤ ਕਰਮ ਸਿੰਘ ਅਤੇ ਜਿਉਣ ਸਿੰਘ (ਲਸਾੜੀਏ ਭਰਾਵਾਂ) ਦੇ ਧਰਮਪੁਰਾ ਤੋਂ ਪਹੁੰਚਣ ਤੋਂ ਪੰਜ ਕੁ ਮਿੰਟ ਪਹਿਲਾਂ ਹੀ ੪-੮-੮੩ ਨੂੰ ਸ਼ਾਮ ਚਾਰ ਵੱਜ ਕੇ ਵੀਹ ਮਿੰਟਾਂ ਤੇ ਸਰੀਰ ਤਿਆਗ ਦਿੱਤਾ। ਜ਼ਿੰਦਗੀ ਦੇ ਬਿਖੜੇ ਪੈਂਡਿਆਂ ਤੇ ਉਹਨਾਂ ਦੀ ਯਾਦ ਸਾਡੇ ਲਈ ਰਾਹ ਵਿਖਾਊ ਅਤੇ ਪ੍ਰੇਰਨਾਮਈ ਹੈ। ਉਹਨਾਂ ਦੇ ਅਨੇਕ ਸਦਗੁਣਾਂ ਵਿਚੋਂ ਜੇ ਥੋਹੜੇ ਵੀ ਅੰਦਰ ਵਸਾ ਲਏ ਜਾਣ ਤਾਂ ਜੀਵਨ ਸਾਰਥਕ ਹੋ ਜਾਂਦਾ ਹੈ।

❑ ❑ ❑

# ਲੇਖਕ ਬਾਰੇ ਜਾਣਕਾਰੀ


ਨਾਮ : ਸੁਵਰਨ ਸਿੰਘ ਵਿਰਕ

ਮਾਤਾ : ਸ੍ਰੀ ਮਤੀ ਪਰੀਤਮ ਕੌਰ

ਪਿਤਾ : ਜਥੇਦਾਰ ਗੁਰਮੁਖ ਸਿੰਘ ਝੱਬਰ, ਧਰਮ

ਪਤਨੀ : ਸ੍ਰੀ ਮਤੀ ਅੰਮਰਿਤ ਕੌਰ

ਜਨਮ ਸਥਾਨ : ਸ੍ਰੀ ਭੈਣੀ ਸਾਹਿਬ (ਲੁਧਿਆਣਾ)

ਜਨਮਮਿਤੀ : 9-12-1948

ਸਿੱਖਿਆ : ਐਮ. ਏ. ਐਲ. ਐਲ. ਬੀ.

ਕਿੱਤਾ : ਖੇਤੀ ਬਾੜੀ। ਵਿਦਿਆਰਥੀ ਜੀਵਨ ਤੋਂ ਖੱਬੇ ਪੱਖੀ ਰਾਜਨੀਤੀ ਵੱਲ ਝੁਕਾਅ। 1972 ਈ. ਤੋਂ ਸੀ.ਪੀ.ਆਈ ਦਾ ਸਰਗਰਮ ਕਾਰਕੁੰਨ। ਕੂਕਾ ਲਹਿਰ ਦੇ ਸਾਹਿਤ ਅਤੇ ਇਤਿਹਾਸ ਬਾਰੇ ਵਿਸ਼ੇਸ਼ ਖੋਜ ਕਾਰਜ। ਕਈ ਸਮਾਜਕ, ਸਾਹਿਤਕ ਅਤੇ ਲੇਖਕ ਸਥੇਬੰਦੀਆਂ ਵਿਚ ਸਰਗਰਮੀ।

ਰਿਹਾਇਸ਼ : ਪਿੰਡ ਕਰੀਵਾਲਾ ਜ਼ਿਲ੍ਹਾ : ਸਿਰਸਾ (ਹਰਿਆਣ)-125075

ਸਪੰਰਕ : 99963-71716